
# ੴ ਸਤਿਨਾਮੁ

## ਨਾਨਕ-ਬਾਣੀ



ਦਿਖਣ ਨੂੰ ਦੁਸਟ ਦਾ, ਸੋਚ ਸਮਝ ਕਦਮ ਚੁੱਕ

ਚੱਲੇ

# ੴ ਸਤਿਨਾਮੁ

## ਨਾਨਕ ਬਾਣੀ

ਓਸ਼ੋ ਨੇ ਨਾਨਕ ਬਾਣੀ-ਜਪੁਜੀ ਸਾਹਿਬ ਉਤੇ ਹਿੰਦੀ ਭਾਸ਼ਾ ਵਿੱਚ 20 ਪ੍ਰਵਚਨ ਦਿੱਤੇ ਸਨ। ਉਸ ਕਿਤਾਬ ਦਾ ਨਾਮ —ੴ ਸਤਿਨਾਮੁ ਹੈ। ਇਹ ਪੰਜਾਬੀ ਅਨੁਵਾਦ ਉਨ੍ਹਾਂ ਹੀ 20 ਪ੍ਰਵਚਨਾ ਦੀ ਲਫ਼ਜ਼-ਬ-ਲਫ਼ਜ਼ ਰਚਨਾ ਹੈ।




# ੴ
# ਸਤਿਨਾਮੁ

ਨਾਨਕ-ਬਾਣੀ

ਇਧਰ ਸੇ ਗੁਜ਼ਰਾ ਥਾ, ਸੋਚਾ ਸਲਾਮ ਕਰਤਾ ਚਲੂੰ

# ਓਸ਼ੋ

Punjabi Translation © 1989 Osho International Foundation
All rights reserved.

Originally published in Hindi under the title Ek Omkar Satnam
Copyright © 1976 Osho International Foundation. All rights reserved.

ISBN : 81-7601-497-4

ਪਹਿਲਾ ਐਡੀਸ਼ਨ : ਜੁਲਾਈ 2002

ਮੁੱਲ : 180-00

ਸਹਿਯੋਗੀ : ਸਵਾਮੀ ਅਮਾਨੋ ਮਨੀਸ਼

ਪ੍ਰਕਾਸ਼ਕ :

ਭਾ. ਚਤਰ ਸਿੰਘ ਜੀਵਨ ਸਿੰਘ
ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ (ਇੰਡੀਆ)
ਫ਼ੋਨ : (0183) 542346, 547974, 557973
ਫੈਕਸ : 91-183-547974
E.mail : csjs@jla.vsnl.net.in
Website : www.csjs.com

Osho is a registered trademark of Osho International Foundation, used under license.
For more information : www.osho.com
A comprehensive multilingual web site featuring Osho's meditations, books and tapes and an online tour of the meditation resort at Osho Commune International.
"For sale in India, Sri Lanka, Nepal, Bangladesh, Bhutan and Maldives only"
No part of this book may be reproduced or transmitted in any form or by any means electronic or mechanical including photocopying or recording or by any information storage and retrieval system without permission in writing from Osho International Foundation.

Printed in India ( Copies 1000)

ਪ੍ਰਿੰਟਰ : ਜੀਵਨ ਪ੍ਰਿੰਟਰਜ਼, 312, ਵੀਸਟ ਮੋਹਨ ਨਗਰ, ਅੰਮ੍ਰਿਤਸਰ। ਫ਼ੋਨ : 705003, 395774

# ਸੂਚੀ


| ਪ੍ਰਵਚਨ | | ਪੰਨਾ |
|---|---|---|
| 1 | ਆਦਿ ਸਚੁ ਜੁਗਾਦਿ ਸਚੁ | 6 |
| 2 | ਹੁਕਮੀ ਹੁਕਮੁ ਚਲਾਏ ਰਾਹੁ | 42 |
| 3 | ਸਾਚਾ ਸਾਹਿਬੁ ਸਾਚੁ ਨਾਇ | 74 |
| 4 | ਜੇ ਇਕ ਗੁਰ ਕੀ ਸਿਖ ਸੁਣੀ | 108 |
| 5 | ਨਾਨਕ ਭਗਤਾ ਸਦਾ ਵਿਗਾਸੁ | 142 |
| 6 | ਐਸਾ ਨਾਮੁ ਨਿਰੰਜਨੁ ਹੋਇ | 172 |
| 7 | ਪੰਚਾ ਕਾ ਗੁਰੁ ਏਕੁ ਧਿਆਨੁ | 204 |
| 8 | ਜੋ ਤੁਧੁ ਭਾਵੈ ਸਾਈ ਭਲੀ ਕਾਰ | 234 |
| 9 | ਆਪੇ ਬੀਜਿ ਆਪੇ ਹੀ ਖਾਹੁ | 260 |
| 10 | ਆਪੇ ਜਾਣੈ ਆਪੁ | 292 |
| 11 | ਊਚੇ ਊਪਰਿ ਊਚਾ ਨਾਉ | 322 |
| 12 | ਆਖਿ ਆਖਿ ਰਹੇ ਲਿਵ ਲਾਇ | 362 |
| 13 | ਸੋਈ ਸੋਈ ਸਦਾ ਸਚੁ ਸਾਹਿਬੁ | 392 |
| 14 | ਆਦੇਸੁ ਤਿਸੈ ਆਦੇਸੁ | 418 |
| 15 | ਜੁਗੁ ਜੁਗੁ ਏਕੋ ਵੇਸੁ | 450 |
| 16 | ਨਾਨਕ ਉਤਮੁ ਨੀਚੁ ਨ ਕੋਇ | 480 |
| 17 | ਕਰਮੀ ਕਰਮੀ ਹੋਇ ਵੀਚਾਰੁ | 514 |
| 18 | ਨਾਨਕ ਅੰਤੁ ਨ ਅੰਤੁ | 550 |
| 19 | ਸਚ ਖੰਡਿ ਵਸੈ ਨਿਰੰਕਾਰੁ | 588 |
| 20 | ਨਾਨਕ ਨਦਰੀ ਨਦਰਿ ਨਿਹਾਲ | 622 |
| 21 | ਓਸ਼ੋ—ਇੱਕ ਪਰਿਚਯ | 661 |

# ਆਦਿ ਸਚੁ ਜੁਗਾਦਿ ਸਚੁ ॥

੧ੴ

ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ
ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ ॥

॥ ਜਪੁ ॥

ਆਦਿ ਸਚੁ ਜੁਗਾਦਿ ਸਚੁ ॥
ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥ ੧ ॥
ਸੋਚੈ ਸੋਚਿ ਨ ਹੋਵਈ ਜੇ ਸੋਚੀ ਲਖ ਵਾਰ ॥
ਚੁਪੈ ਚੁਪ ਨ ਹੋਵਈ ਜੇ ਲਾਇ ਰਹਾ ਲਿਵ ਤਾਰ ॥
ਭੁਖਿਆ ਭੁਖ ਨ ਉਤਰੀ ਜੇ ਬੰਨਾ ਪੁਰੀਆ ਭਾਰ ॥
ਸਹਸ ਸਿਆਣਪਾ ਲਖ ਹੋਹਿ ਤ ਇਕ ਨ ਚਲੈ ਨਾਲਿ ॥
ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ ॥
ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ ॥ ੧ ॥

ਇੱਕ ਹਨੇਰੀ ਰਾਤ, ਭਾਦੋਂ ਦੀ ਮੌਸਿਆ, ਬੱਦਲਾਂ ਦੀ ਗੜਗੜਾਹਟ। ਵਿੱਚ-ਵਿੱਚ ਬਿਜਲੀ ਦਾ ਚਮਕਣਾ, ਮੀਂਹ ਦੇ ਛਰਾਟੇ। ਪਿੰਡ ਪੂਰਾ ਸੁੱਤਾ ਹੋਇਆ, ਬੱਸ ਨਾਨਕ ਦੇ ਗੀਤ ਦੀ ਗੂੰਜ।

ਰਾਤ ਦੇਰ ਤੱਕ ਉਹ ਗਾਉਂਦੇ ਰਹੇ। ਨਾਨਕ ਦੀ ਮਾਂ ਡਰੀ, ਅੱਧੀ ਤੋਂ ਵੱਧ ਰਾਤ ਬੀਤ ਗਈ। ਕੋਈ ਤਿੰਨ ਵੱਜਣ ਵਾਲੇ ਨੇ। ਨਾਨਕ ਦੇ ਕਮਰੇ ਦਾ ਦੀਵਾ ਬਲ ਰਿਹਾ ਹੈ। ਵਿੱਚ-ਵਿੱਚ ਗੀਤ ਦੀ ਆਵਾਜ਼ ਆਉਂਦੀ ਹੈ। ਨਾਨਕ ਦੇ ਦਰਵਾਜ਼ੇ ਤੇ ਨਾਨਕ ਦੀ ਮਾਂ ਨੇ ਦਸਤਕ ਦਿੱਤੀ ਤੇ ਕਿਹਾ, ਪੁੱਤਰ ਹੁਣ ਸੌਂ ਵੀ ਜਾਓ, ਰਾਤ ਲਗ-ਭਗ ਮੁੱਕਣ ਵਾਲੀ ਹੈ। ਨਾਨਕ ਚੁੱਪ ਹੋਏ, ਤੇ ਉਸੇ ਰਾਤ ਦੇ ਹਨੇਰੇ ਵਿੱਚ ਇੱਕ ਪਪੀਹੇ ਨੇ ਜ਼ੋਰ ਨਾਲ ਕਿਹਾ, "ਪੀਉ ਪੀਉ"। ਨਾਨਕ ਨੇ ਕਿਹਾ, ਸੁਣੋ ਮਾਂ। ਅਜੇ ਪਪੀਹਾ ਵੀ ਚੁੱਪ ਨਹੀਂ ਹੋਇਆ, ਆਪਣੇ ਪਿਆਰੇ ਨੂੰ ਪੁਕਾਰ ਰਿਹਾ ਹੈ, ਤਾਂ ਮੈਂ ਕਿਵੇਂ ਚੁੱਪ ਹੋ ਜਾਵਾਂ, ਇਸ ਪਪੀਹੇ ਨਾਲ ਮੇਰੀ ਹੋੜ ਲੱਗੀ ਹੈ। ਜਦ ਤੱਕ ਇਹ ਗਾਉਂਦਾ ਰਹੇਗਾ, ਪੁਕਾਰਦਾ ਰਹੇਗਾ, ਮੈਂ ਵੀ ਪੁਕਾਰਦਾ ਰਹਾਂਗਾ। ਇਸ ਦਾ ਪਿਆਰਾ ਤਾਂ ਬਹੁਤ ਕੋਲ ਹੈ, ਮੇਰਾ ਪਿਆਰਾ ਤਾਂ ਬਹੁਤ ਦੂਰ ਹੈ। ਜਨਮ-ਜਨਮ ਗਾਉਂਦਾ ਰਹਾਂ ਤਾਂ ਹੀ ਉਸ ਤੱਕ ਪੁੱਜ ਸਕਾਂਗਾ। ਰਾਤ ਅਤੇ ਦਿਨ ਦਾ ਹਿਸਾਬ ਨਹੀਂ ਰੱਖਿਆ ਜਾ ਸਕਦਾ ਹੈ, ਨਾਨਕ ਨੇ ਫਿਰ ਗਾਉਣਾ ਸ਼ੁਰੂ ਕਰ ਦਿੱਤਾ।

ਨਾਨਕ ਨੇ ਪਰਮਾਤਮਾ ਨੂੰ ਗਾ-ਗਾ ਕੇ ਪਾਇਆ। ਗੀਤਾਂ ਨਾਲ ਔਂਟਿਆ ਪਿਆ ਹੈ ਨਾਨਕ ਦਾ ਰਾਹ, ਇਸ ਲਈ ਨਾਨਕ ਦੀ ਭਾਲ ਬੜੀ ਵੱਖਰੀ ਹੈ।

ਪਹਿਲੀ ਗੱਲ ਸਮਝ ਲੈਣੀ ਜ਼ਰੂਰੀ ਹੈ ਕਿ ਨਾਨਕ ਨੇ ਯੋਗ ਨਹੀਂ ਕੀਤਾ, ਤਪ ਨਹੀਂ ਕੀਤਾ, ਧਿਆਨ ਨਹੀਂ ਕੀਤਾ। ਨਾਨਕ ਨੇ ਸਿਰਫ ਗਾਇਆ ਅਤੇ ਗਾ ਕੇ ਹੀ ਪਾ ਲਿਆ। ਪਰ ਗਾਇਆ ਉਨ੍ਹਾਂ ਨੇ ਪੂਰੇ ਪ੍ਰਾਣਾ ਨਾਲ ਕਿ ਗੀਤ ਹੀ ਧਿਆਨ ਹੋ ਗਿਆ। ਗੀਤ ਹੀ ਯੋਗ ਬਣ ਗਿਆ, ਗੀਤ ਹੀ ਤਪ ਹੋ ਗਿਆ।

ਜਦ ਵੀ ਕੋਈ ਸਮਗਰ (ਪੂਰੇ) ਪ੍ਰਾਣਾਂ ਨਾਲ ਕਿਸੇ ਵੀ ਕ੍ਰਿਤਯ ਨੂੰ ਕਰਦਾ ਹੈ ਉਹੀ ਕ੍ਰਿਤਯ (ਕਰਮ) ਮਾਰਗ ਬਣ ਜਾਂਦਾ ਹੈ। ਤੁਸੀਂ ਧਿਆਨ ਵੀ ਕਰੋ, ਅਧੂਰਾ-ਅਧੂਰਾ ਤਾਂ ਵੀ ਪੁੱਜ ਨਹੀਂ ਸਕੋਗੇ। ਤੁਸੀਂ ਪੂਰਾ-ਪੂਰਾ, ਪੂਰੇ ਹਿਰਦੇ ਨਾਲ, ਆਪਣੀ ਸਮਗਰਤਾ ਨਾਲ, ਇੱਕ ਗੀਤ ਵੀ ਗਾ ਦਿਓ, ਇੱਕ ਨਾਚ ਵੀ ਨੱਚ ਲਵੋ, ਤਾਂ ਵੀ ਤੁਸੀਂ ਪੁੱਜ ਜਾਓਗੇ। ਤੁਸੀਂ ਕੀ ਕਰਦੇ ਹੋ, ਇਹ ਸਵਾਲ ਨਹੀਂ। ਪੂਰੀ ਸਮਗਰਤਾ ਨਾਲ ਕਰਦੇ ਹੋ ਜਾਂ ਅਧੂਰੇ-ਅਧੂਰੇ ਇਹ ਸਵਾਲ ਹੈ।

ਪਰਮਾਤਮਾ ਦੇ ਰਾਹ ਤੇ ਨਾਨਕ ਲਈ ਗੀਤ ਅਤੇ ਫੁੱਲ ਹੀ ਵਿਛੇ ਹਨ। ਇਸ ਲਈ

ਉਨ੍ਹਾਂ ਨੇ ਜੋ ਵੀ ਕਿਹਾ ਹੈ, ਗਾ ਕੇ ਕਿਹਾ ਹੈ। ਉਨ੍ਹਾਂ ਦਾ ਰਾਹ ਬਹੁਤ ਮਧੁਰ ਹੈ, ਰਸ ਭਰਿਆ। ਕੱਲ੍ਹ ਅਸੀਂ ਕਬੀਰ ਦੀ ਗੱਲ ਕਰ ਰਹੇ ਸਾਂ।

*"ਸੁਰਤ ਕਲਾਰੀ ਭਈ ਮਤਵਾਰੀ, ਮਧਵਾ ਪੀ ਗਈ ਬਿਨ ਤੋਲੇ।"*

ਨਾਨਕ ਉਹ ਹੀ ਹਨ, ਜੋ ਮਧਵਾ (ਸ਼ਰਾਬ) ਨੂੰ ਬਿਨਾਂ ਤੋਲੇ ਪੀ ਗਏ। ਫ਼ਿਰ ਜੀਵਨ ਭਰ ਗਾਉਂਦੇ ਰਹੇ। ਇਹ ਗ਼ੀਤ ਸਾਧਾਰਣ ਗਾਇਕ ਦੇ ਨਹੀਂ ਹਨ। ਇਹ ਗੀਤ ਉਸਦੇ ਹਨ ਜਿਹਨੇ ਜਾਣਿਆ ਹੈ। ਇਨ੍ਹਾਂ ਗੀਤਾਂ 'ਚ ਸਤਯ ਦੀ ਭਣਕ, ਇਨ੍ਹਾਂ ਗੀਤਾਂ 'ਚ ਪਰਮਾਤਮਾ ਦੀ ਝਲਕ ਹੈ।

ਦੂਜੀ ਗੱਲ ਜਪੁਜੀ ਦੇ ਜਨਮ ਦੇ ਸੰਬੰਧ ਵਿੱਚ। ਜਿਸ ਭਾਦੋਂ ਦੀ ਰਾਤ ਦੀ ਮੈਂ ਗੱਲ ਕੀਤੀ-ਤਦ ਨਾਨਕ ਦੀ ਉਮਰ ਰਹੀ ਹੋਣੀ ਹੈ ਕੋਈ ਸੋਲ੍ਹਾਂ-ਸਤਾਰਾਂ। ਜਪੁਜੀ ਦਾ ਜਨਮ ਹੋਇਆ ਤਦ ਉਨ੍ਹਾਂ ਦੀ ਉਮਰ ਸੀ ਕੋਈ ਛਤੀਸ ਵਰ੍ਹੇ, ਛੇ ਮਹੀਨੇ, ਪੰਦਰਾਂ ਦਿਨ।

ਜਿਸ ਘਟਨਾ ਦਾ ਮੈਂ ਜ਼ਿਕਰ ਕੀਤਾ, ਉਸ ਭਾਦੋਂ ਦੀ ਰਾਤ, ਉਹ ਸਾਧਕ ਸਨ, ਭਾਲ 'ਚ ਸਨ। ਪਿਆਰੇ ਦੀ ਪੁਕਾਰ ਚੱਲ ਰਹੀ ਸੀ "ਪੀਉ ਪੀਉ", ਅਜੇ ਪਪੀਹਾ ਰਟ ਲਗਾ ਰਿਹਾ ਸੀ, ਅਜੇ ਮਿਲਣ ਨਹੀਂ ਸੀ ਹੋਇਆ।

ਜਪੁਜੀ ਦਾ ਜਦ ਜਨਮ ਹੋਇਆ—'ਉਸ' ਮਿਲਣ ਦੇ ਪਿਛੋਂ ਉਨ੍ਹਾਂ ਦਾ ਪਹਿਲਾ ਫਰਮਾਨ ਸੀ। ਪਪੀਹੇ ਨੇ ਪਾ ਲਿਆ ਆਪਣੇ ਪਿਆਰੇ ਨੂੰ। "ਪੀਉ ਪੀਉ" ਦੀ ਰਟਨ ਪੂਰੀ ਹੋਈ, ਮਿਲਣ ਹੋ ਗਿਆ।

ਉਸ ਮਿਲਣ ਤੋਂ ਜਿਹੜਾ ਪਹਿਲਾ ਫਰਮਾਨ ਹੋਇਆ ਉਹ "ਜਪੁਜੀ" ਹੈ। ਇਸ ਲਈ ਨਾਨਕ ਦੀ ਬਾਣੀ 'ਚ ਜੋ ਮੁੱਲ "ਜਪੁਜੀ" ਦਾ ਹੈ, ਉਹ ਕਿਸੇ ਹੋਰ ਗੱਲ ਦਾ ਨਹੀਂ। "ਜਪੁਜੀ" ਤਾਜ਼ੀ ਤੋਂ ਤਾਜ਼ੀ ਖ਼ਬਰ ਹੈ ਉਸ ਲੋਕ ਦੀ, ਜਿਥੋਂ ਮੁੜ ਕੇ ਉਨ੍ਹਾਂ ਨੇ ਜੋ ਪਹਿਲੀ ਗੱਲ ਕਹੀ ਉਹ ਇਹ ਹੀ ਹੈ। ਉਸ ਜਗਤ ਤੋਂ ਇਸ ਜਗਤ ਵਿੱਚ ਆ ਕੇ ਜੋ ਪਹਿਲੇ ਸ਼ਬਦ ਪੁੰਗਰੇ ਉਹੀ "ਜਪੁਜੀ" ਹੈ। ਉਸ ਘਟਨਾ ਨੂੰ ਵੀ ਸਮਝ ਲੈਣਾ ਹੈ।

ਨਦੀ ਦੇ ਕੰਢੇ ਰਾਤ ਦੇ ਹਨੇਰੇ 'ਚ, ਆਪਣੇ ਸਾਥੀ ਤੇ ਸੇਵਕ ਮਰਦਾਨੇ ਦੇ ਨਾਲ ਉਹ ਨਦੀ ਦੇ ਕੰਢੇ ਤੇ ਬੈਠੇ ਸਨ। ਅਚਾਨਕ ਉਨ੍ਹਾਂ ਨੇ ਕਪੜੇ ਲਾਹ ਦਿੱਤੇ। ਬਿਨਾਂ ਕੁਝ ਕਹੇ ਉਹ ਨਦੀ 'ਚ ਉਤਰ ਗਏ। ਮਰਦਾਨਾ ਪੁੱਛਦਾ ਹੀ ਰਿਹਾ, "ਕੀ ਕਰਦੇ ਹੋ?" ਰਾਤ ਠੰਡੀ ਹੈ, ਹਨੇਰੀ ਹੈ। ਦੂਰ ਨਦੀ 'ਚ ਉਹ ਚਲੇ ਗਏ। ਮਰਦਾਨਾ ਪਿੱਛੇ-ਪਿੱਛੇ ਗਿਆ, ਨਾਨਕ ਨੇ ਟੁਭੀ ਮਾਰੀ। ਮਰਦਾਨਾ ਸੋਚਦਾ ਸੀ, ਪਲ ਦੋ ਪਲ 'ਚ ਬਾਹਰ ਆ ਜਾਣਗੇ, ਫ਼ਿਰ ਉਹ ਬਾਹਰ ਨਹੀਂ ਆਏ।

ਪੰਜ-ਦਸ ਮਿੰਟ ਤਾਂ ਮਰਦਾਨੇ ਨੇ ਰਾਹ ਵੇਖੀ, ਫ਼ਿਰ ਉਹ ਲੱਭਣ ਲੱਗਾ ਕਿ ਉਹ

ਕਿੱਥੇ ਗੁਆਚ ਗਏ? ਫਿਰ ਉਹ ਪੁਕਾਰਨ ਲੱਗ ਪਿਆ ਅਤੇ ਕੰਢੇ-ਕੰਢੇ ਨੱਠਣ ਲੱਗਾ। 'ਕਿੱਥੇ ਹੋ, ਬੋਲੋ, ਆਵਾਜ਼ ਦਿਓ,' ਉਸਨੂੰ ਇਵੇਂ ਜਾਪਿਆ ਜਿਵੇਂ ਨਦੀ ਦੀ ਲਹਿਰ-ਲਹਿਰ 'ਚੋਂ ਆਵਾਜ਼ ਆਉਂਦੀ ਹੋਵੇ, ''ਧੀਰਜ ਰੱਖੋ, ਧੀਰਜ ਰੱਖੋ,'' ਪਰ ਨਾਨਕ ਦੀ ਕੋਈ ਸੁਧ ਨਹੀਂ। ਉਹ ਨੱਠਦਾ-ਨੱਠਦਾ ਪਿੰਡ ਗਿਆ, ਅੱਧੀ ਰਾਤੀਂ ਲੋਕਾਂ ਨੂੰ ਜਗਾ ਦਿੱਤਾ, ਭੀੜ ਇਕੱਠੀ ਹੋ ਗਈ।

ਨਾਨਕ ਨੂੰ ਸਾਰੇ ਲੋਕ ਪਿਆਰ ਕਰਦੇ ਸਨ। ਸਾਰਿਆਂ ਨੂੰ ਨਾਨਕ ਵਿੱਚ ਕੁਝ ਹੋਂਦ ਵਿਖਾਈ ਦੇਂਦੀ ਸੀ। ਨਾਨਕ ਦੀ ਮੌਜੂਦਗੀ 'ਚ ਸਾਰਿਆਂ ਨੂੰ ਖੁਸ਼ਬੂ ਮਹਿਸੂਸ ਹੁੰਦੀ ਸੀ।' ਫੁੱਲ ਅਜੇ ਖਿੜਿਆ ਨਹੀਂ ਸੀ, ਪਰ ਕਲੀ ਵੀ ਤਾਂ ਖੁਸ਼ਬੂ ਦਿੰਦੀ ਹੈ। ਸਾਰਾ ਪਿੰਡ ਰੋਣ ਲੱਗਾ। ਭੀੜ ਇਕੱਠੀ ਹੋ ਗਈ। ਸਾਰੀ ਨਦੀ ਛਾਣ ਮਾਰੀ। ਇਸ ਕੋਨੇ ਤੋਂ ਉਸ ਕੋਨੇ ਤੱਕ ਲੋਕੀਂ ਨੱਠਣ-ਭੱਜਣ ਲੱਗੇ, ਪਰ ਕੋਈ ਪਤਾ ਨਾ ਲੱਗਿਆ।

ਤਿੰਨ ਦਿਨ ਬੀਤ ਗਏ, ਲੋਕਾਂ ਨੇ ਮੰਨ ਹੀ ਲਿਆ ਕਿ ਨਾਨਕ ਨੂੰ ਕੋਈ ਜਾਨਵਰ ਖਾ ਗਿਆ। ਡੁੱਬ ਗਏ, ਬਹਿ ਗਏ, ਕਿਸੇ ਖਾਈ ਖੱਡ 'ਚ ਫ਼ਸ ਗਏ, ਮੰਨ ਹੀ ਲਿਆ ਕੀ ਮਰ ਗਏ।

ਰੋਣਾ-ਪਿਟਣਾ ਪੈ ਗਿਆ, ਘਰ ਦੇ ਲੋਕਾਂ ਨੇ ਵੀ ਸਮਝ ਲਿਆ ਕਿ ਹੁਣ ਮੁੜਣ ਦਾ ਕੋਈ ਉਪਾਅ ਨਹੀਂ ਰਿਹਾ।

ਅਤੇ ਤੀਜੇ ਦਿਨ ਰਾਤ ਅਚਾਨਕ ਨਾਨਕ ਨਦੀ 'ਚੋਂ ਪ੍ਰਗਟ ਹੋ ਗਏ। ਜਦ ਉਹ ਨਦੀ 'ਚੋਂ ਪ੍ਰਗਟ ਹੋਏ ਤਾਂ ''ਜਪੁਜੀ'' ਉਨ੍ਹਾਂ ਦਾ ਪਹਿਲਾ ਵਚਨ ਸੀ। ਇਹ ਉਚਾਰਣ ਉਨ੍ਹਾਂ ਨੇ ਕੀਤਾ।

ਕਹਾਣੀ ਇਵੇਂ ਹੈ—ਕਹਿੰਦਾ ਹਾਂ ''ਕਹਾਣੀ''। ਕਹਾਣੀ ਦਾ ਮਤਲਬ ਹੁੰਦਾ ਹੈ-ਜੋ ਸੱਚ ਵੀ ਹੈ ਤੇ ਨਹੀਂ ਵੀ। ਸੱਚ ਇਸ ਲਈ ਹੈ ਕਿ ਉਹ ਸਚਾਈ ਦੀ ਖਬਰ ਦਿੰਦੀ ਹੈ, ਤੇ ਸੱਚ ਇਸ ਲਈ ਨਹੀਂ ਕਿ ਹੈ ਤਾਂ ਕਹਾਣੀ ਹੀ, ਤੇ ਪਰਤੀਕਾਂ 'ਚ ਖ਼ਬਰ ਦਿੰਦੀ ਹੈ। ਸੋ ਜਿੰਨੀ ਗਹਿਰੀ ਗੱਲ ਕਰਨੀ ਹੋਵੇ ਓਨੇ ਹੀ ਪਰਤੀਕਾਂ ਦੀ ਭਾਲ ਕਰਨੀ ਪੈਂਦੀ ਹੈ।

ਨਾਨਕ ਜਦ ਤਿੰਨ ਦਿਨਾਂ ਲਈ ਨਦੀ 'ਚ ਗੁਆਚ ਗਏ ਤਾਂ ਕਹਾਣੀ ਹੈ ਕਿ ਉਹ ਪਰਮਾਤਮਾ ਦੇ ਦੁਆਰ ਤੋਂ ਪ੍ਰਗਟ ਹੋਏ। ਰੱਬ ਦਾ ਉਨ੍ਹਾਂ ਨੂੰ ਅਨੁਭਵ ਹੋਇਆ, ਜਾਣਿਆ, ਉਸ ਪਿਆਰੇ ਨੂੰ ਅੱਖੀਆਂ ਦੇ ਸਾਹਮਣੇ ਡਿੱਠਾ, ਜਿਸ ਨੂੰ ਉਹ ਪੁਕਾਰਦੇ ਸਨ। ਜਿਹੜਾ ਉਨ੍ਹਾਂ ਦੇ ਹਿਰਦੇ ਦੀ ਧੜਕਨ-ਧੜਕਨ 'ਚ ਪਿਆਸ ਬਣਿਆ ਸੀ। ਉਸ ਨੂੰ ਸਾਹਮਣੇ ਵੇਖਿਆ ਤ੍ਰਿਪਤ ਹੋ ਗਏ, ਤਾਂ ਪਰਮਾਤਮਾ ਨੇ ਕਿਹਾ, ''ਹੁਣ ਤੂੰ ਜਾ, ਤੇ

ਜੋ ਮੈਂ ਤੈਨੂੰ ਦਿੱਤਾ ਹੈ, ਉਹ ਲੋਕਾਂ 'ਚ ਵੰਡ। "ਜਪੁਜੀ" ਉਨ੍ਹਾਂ ਦੀ ਪਹਿਲੀ ਭੇਟਾ ਹੈ ਪਰਮਾਤਮਾ ਕੋਲੋਂ ਪਰਤ ਕੇ।

ਇਹ ਕਹਾਣੀ ਹੈ, ਇਸ ਦੇ ਪਰਤੀਕਾਂ ਨੂੰ ਸਮਝ ਲਵੋ। ਇੱਕ, ਜਦ ਤੱਕ ਤੁਸੀਂ ਗੁਆਚ ਨਾ ਜਾਓ, ਜਦ ਤੱਕ ਤੁਸੀਂ ਮਰ ਨਾ ਜਾਓ, ਉਦੋਂ ਤੱਕ ਪਰਮਾਤਮਾ ਨਾਲ ਕੋਈ ਮਿਲਾਪ ਨਹੀਂ ਹੁੰਦਾ। ਨਦੀ 'ਚ ਗੁੰਮ ਹੋ ਜਾਓ ਕਿ ਪਹਾੜ 'ਚ, ਇਸ ਨਾਲ ਕੋਈ ਫ਼ਰਕ ਨਹੀਂ ਪੈਂਦਾ। ਪਰ ਤੁਸੀਂ ਨਹੀਂ ਬਚਣੇ ਚਾਹੀਦੇ। ਤੁਹਾਡਾ ਗੁੰਮ ਹੋ ਜਾਣਾ ਹੀ ਉਸਦਾ ਹੋਣਾ ਹੈ। ਜਦ ਤੀਕਰ ਤੁਸੀਂ ਹੋ, ਉਹ ਨਹੀਂ ਹੋ ਪਾਏਗਾ। ਤੁਸੀਂ ਹੀ ਰੁਕਾਵਟ ਹੋ, ਤੁਸੀਂ ਹੀ ਦੀਵਾਰ ਹੋ। ਤਾਂ ਇਹ ਜੋ ਨਦੀ 'ਚ ਗੁਆਚ ਜਾਣ ਦੀ ਕਹਾਣੀ ਹੈ....ਤੁਹਾਨੂੰ ਵੀ ਗੁਆਚ ਜਾਣਾ ਪਵੇਗਾ। ਤੁਹਾਨੂੰ ਵੀ ਡੁੱਬ ਜਾਣਾ ਪਵੇਗਾ। ਤਿੰਨ ਦਿਨ ਲੱਗਦੇ ਹਨ, ਇਸ ਲਈ ਤਾਂ ਅਸੀਂ ਜਦ ਆਦਮੀ ਮਰ ਜਾਂਦਾ ਹੈ ਤਾਂ ਤੀਜਾ ਮਨਾਉਂਦੇ ਹਾਂ। ਤੀਜਾ ਅਸੀਂ ਇਸ ਲਈ ਮਨਾਉਂਦੇ ਹਾਂ ਕਿ ਮਰਨ ਦੀ ਘਟਨਾ ਪੂਰੀ ਹੋਣ 'ਚ ਤਿੰਨ ਦਿਨ ਲੱਗ ਜਾਂਦੇ ਹਨ। ਓਨਾਂ ਸਮਾਂ ਜ਼ਰੂਰੀ ਹੈ। ਹੰਕਾਰ ਮਰਦਾ ਹੈ, ਇੱਕ ਦਮ ਨਹੀਂ। ਘੱਟੋ-ਘੱਟ ਤਿੰਨ ਦਿਨ ਲੈਂਦਾ ਹੈ। ਇਸ ਲਈ ਕਹਾਣੀ 'ਚ ਤਿੰਨ ਦਿਨ ਹਨ ਕਿ ਨਾਨਕ ਤਿੰਨ ਦਿਨ ਨਦੀ 'ਚ ਗੁਆਚੇ ਰਹੇ। ਹੰਕਾਰ ਪੂਰਾ ਗਲ ਗਿਆ, ਮਰ ਗਿਆ, ਤੇ ਨੇੜੇ ਗੁਆਂਢੀਆਂ, ਮਿੱਤਰਾਂ, ਪਿਆਰਿਆਂ ਤੇ ਪਰਿਵਾਰ ਦੇ ਲੋਕਾਂ ਨੂੰ ਤਾਂ ਹੰਕਾਰ ਹੀ ਵਿਖਾਈ ਦਿੰਦਾ ਹੈ। ਤੁਹਾਡੀ ਆਤਮਾ ਤਾਂ ਵਿਖਾਈ ਦਿੰਦੀ ਨਹੀਂ, ਇਸ ਲਈ ਉਨ੍ਹਾਂ ਨੇ ਤਾਂ ਸਮਝਿਆ ਨਾਨਕ ਮਰ ਗਏ।

ਜਦੋਂ ਵੀ ਕੋਈ ਸੰਨਿਆਸੀ ਹੁੰਦਾ ਹੈ, ਘਰ ਦੇ ਲੋਕ ਸਮਝ ਲੈਂਦੇ ਹਨ ਕਿ ਮਰ ਗਿਆ।

ਜਦ ਵੀ ਕੋਈ "ਉਸ" ਦੀ ਭਾਲ 'ਚ ਜਾਂਦਾ ਹੈ, ਘਰ ਦੇ ਲੋਕ ਮੰਨ ਲੈਂਦੇ ਹਨ ਮੁੱਕ ਗਿਆ। ਕਿਉਂਕਿ ਹੁਣ ਇਹ ਉਹ ਤੇ ਰਿਹਾ ਨਹੀਂ। ਪੁਰਾਣੀ ਜ਼ੰਜੀਰ ਟੁੱਟ ਗਈ, ਅਤੀਤ ਮਿਟਿਆ ਹੁਣ ਨਵਾਂ ਹੋਇਆ। ਇਸ ਵਿਚਕਾਰ ਤਿੰਨ ਦਿਨ ਦੀ ਖਾਈ ਹੈ। ਇਸ ਲਈ ਤਿੰਨ ਦਿਨ ਪ੍ਰਤੀਕ ਹਨ। ਤਿੰਨਾਂ ਦਿਨਾਂ ਪਿਛੋਂ ਨਾਨਕ ਪਰਤ ਆਏ।

ਜੋ ਵੀ ਗੁਆਚਦਾ ਹੈ ਉਹ ਮੁੜ ਆਉਂਦਾ ਹੈ ਅਤੇ ਨਵਾਂ ਹੋ ਕੇ ਮੁੜਦਾ ਹੈ। ਜਿਹੜਾ ਵੀ ਜਾਂਦਾ ਹੈ ਉਸ ਰਸਤੇ ਉਤੇ, ਮੁੜ ਆਉਂਦਾ ਹੈ। ਪਰ ਜਾ ਰਿਹਾ ਸੀ, ਤਦ ਪਿਆਸਾ ਸੀ। ਆਉਂਦਾ ਹੈ ਜਦੋਂ, ਸ਼ਹਿਨਸ਼ਾਹ ਹੋ ਕੇ ਆਉਂਦਾ ਹੈ। ਜਿਹੜਾ ਵੀ ਪਰਮਾਤਮਾ 'ਚ ਲੀਨ ਹੁੰਦਾ ਹੈ, ਜਾਣ ਵੇਲੇ ਮੰਗਣ ਵਾਲਾ ਕਟੋਰਾ ਹੁੰਦਾ ਹੈ। ਆਉਣ ਵੇਲੇ ਵੰਡਣ ਲਈ ਅਥਾਹ ਧਨ ਹੁੰਦਾ ਹੈ।

ਜਪੁਜੀ ਪਹਿਲੀ ਭੇਂਟ ਹੈ। ਪਰਮਾਤਮਾ ਦੇ ਸਾਹਮਣੇ ਪ੍ਰਗਟ ਹੋਣਾ, ਪਿਆਰੇ ਨੂੰ ਪਾ

ਲੈਣਾ, ਇਨ੍ਹਾਂ ਪ੍ਰਤੀਕਾਂ ਨੂੰ ਤੁਸੀਂ ਭਾਸ਼ਾਈ ਰੂਪ 'ਚ ਬਿਲਕੁਲ ਸੱਚ ਨਾ ਸਮਝ ਲੈਣਾ। ਕਿਉਂਕਿ ਕਿਤੇ ਕੋਈ ਪਰਮਾਤਮਾ ਬੈਠਾ ਹੋਇਆ ਨਹੀਂ ਹੈ। ਜਿਸਦੇ ਅੱਗੇ ਤੁਸੀਂ ਪ੍ਰਗਟ ਹੋ ਜਾਓਗੇ। ਜੇਕਰ ਗੱਲ ਕਹਿਣੀ ਹੋਵੇ, ਤਾਂ ਹੋਰ ਕੁਝ ਕਹਿਣ ਦਾ ਉਪਾਅ ਵੀ ਨਹੀਂ ਹੈ। ਜਦ ਤੁਸੀਂ ਮਿਟਦੇ ਹੋ ਤਾਂ ਜੋ ਵੀ ਅੱਖ ਦੇ ਸਾਹਮਣੇ ਹੁੰਦਾ ਹੈ ਉਹ ਹੀ ਪਰਮਾਤਮਾ। ਪਰਮਾਤਮਾ ਕੋਈ ਮਨੁੱਖ ਨਹੀਂ ਹੈ, ਪਰਮਾਤਮਾ ਨਿਰਾਕਾਰ ਸ਼ਕਤੀ ਹੈ।

ਤੁਸੀਂ ਉਸਦੇ ਸਾਹਮਣੇ ਕਿਵੇਂ ਹੋ ਸਕੋਗੇ। ਜਿਥੇ ਤੁਸੀਂ ਵੇਖੋਗੇ, ਉਥੇ ਉਹ ਹੀ ਹੈ। ਜੋ ਤੁਸੀਂ ਵੇਖੋਗੇ ਉਹੀ ਉਹ ਹੈ। ਜਿਸ ਦਿਨ ਅੱਖ ਖੁਲ੍ਹੇਗੀ, ਸਭ ਉਹ ਹੀ ਹੈ। ਬੱਸ, ਤੁਸੀਂ ਮਿਟ ਜਾਓ, ਅੱਖ ਖੁੱਲ੍ਹ ਜਾਏ।

ਹੰਕਾਰ ਤੁਹਾਡੀ ਅੱਖ 'ਚ ਪਿਆ ਹੋਇਆ ਕੱਖ ਹੈ। ਉਸਦੇ ਹਟਦੇ ਹੀ ਪਰਮਾਤਮਾ ਪ੍ਰਗਟ ਹੋ ਜਾਂਦਾ ਹੈ। ਪਰਮਾਤਮਾ ਪ੍ਰਗਟ ਹੀ ਸੀ, ਤੁਸੀਂ ਹਾਜ਼ਰ ਨਹੀਂ ਸੀ। ਨਾਨਕ ਮਿਟੇ ਪਰਮਾਤਮਾ ਪ੍ਰਗਟ ਹੋ ਗਿਆ। ਜਿਵੇਂ ਹੀ ਪਰਮਾਤਮਾ ਪ੍ਰਗਟ ਹੁੰਦਾ ਹੈ ਤੁਸੀਂ ਵੀ ਪਰਮਾਤਮਾ ਹੋ ਜਾਂਦੇ ਹੋ, ਕਿਉਂਕਿ ਉਸਦੇ ਸਿਵਾ ਹੋਰ ਕੁਝ ਵੀ ਨਹੀਂ ਹੈ।

ਨਾਨਕ ਪਰਤੇ ਪਰਮਾਤਮਾ ਹੋ ਕੇ ਪਰਤੇ। ਫ਼ਿਰ ਉਨ੍ਹਾਂ ਨੇ ਜੋ ਵੀ ਕਿਹਾ, ਇੱਕ ਇੱਕ ਸ਼ਬਦ ਬਹੁਮੁੱਲਾ ਹੈ। ਫ਼ਿਰ ਇੱਕ-ਇੱਕ ਸ਼ਬਦ ਨੂੰ ਅਸੀਂ ਕੋਈ ਵੀ ਕੀਮਤ ਦੇਈਏ ਤਾਂ ਵੀ ਕੀਮਤ ਛੋਟੀ ਹੋਵੇਗੀ। ਫ਼ਿਰ ਇੱਕ ਇੱਕ ਸ਼ਬਦ ਵੇਦ ਵਚਨ ਹੈ।

ਹੁਣ ਅਸੀਂ 'ਜਪੁਜੀ' ਨੂੰ ਸਮਝਣ ਦੀ ਕੋਸ਼ਿਸ਼ ਕਰੀਏ।

*"ੴ ਸਤਿਨਾਮੁ"*

*ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ*

*ਅਜੂਨੀ ਸੈਭੰ ਗੁਰ ਪ੍ਰਸਾਦਿ॥*

ਉਹ ਇੱਕ ਹੈ, ਓਂਕਾਰ ਸਰੂਪ ਹੈ, ਸਤਨਾਮ ਹੈ, ਕਰਤਾ ਪੁਰਖੁ ਹੈ, ਭੈਅ ਤੋਂ ਰਹਿਤ ਹੈ, ਵੈਰ ਤੋਂ ਰਹਿਤ ਹੈ, ਕਾਲਾਤੀਤ ਮੂਰਤੀ ਹੈ, ਅਯੋਨੀ ਹੈ, ਆਪੇ ਆਪ ਹੈ, ਗੁਰੂ ਦੀ ਕਿਰਪਾ ਨਾਲ ਪ੍ਰਾਪਤ ਹੁੰਦਾ ਹੈ।

*ਇੱਕ ਹੈ ੴ ਸਤਿਨਾਮੁ।*

ਜੋ ਵੀ ਸਾਨੂੰ ਵਿਖਾਈ ਦਿੰਦਾ ਹੈ, ਉਹੀ ਅਨੇਕ ਹੈ। ਜਿੱਥੇ ਵੀ ਤੁਸੀਂ ਵੇਖਦੇ ਹੋ, ਭੇਦ ਵਿਖਾਈ ਦਿੰਦਾ ਹੈ। ਜਿੱਥੇ ਤੱਕ ਤੁਹਾਡੀ ਨਜ਼ਰ ਜਾਂਦੀ ਹੈ ਅਨੇਕ ਵਿਖਾਈ ਦਿੰਦਾ ਹੈ। ਸਮੁੰਦਰ ਦੇ ਕੰਢੇ ਜਾਂਦੇ ਹੋ, ਲਹਿਰਾਂ ਵਿਖਾਈ ਦੇਂਦੀਆਂ ਹਨ। ਸਮੁੰਦਰ ਵਿਖਾਈ ਨਹੀਂ ਦੇਂਦਾ। ਹਲਾਂਕਿ ਸਮੁੰਦਰ ਹੀ ਹੈ। ਲਹਿਰਾਂ ਤਾਂ ਉੱਪਰ-ਉੱਪਰ ਹਨ, ਪਰ ਜੋ ਉੱਪਰ-ਉੱਪਰ ਹੈ ਉਹ ਹੀ ਦਿਖਾਈ ਦਿੰਦਾ ਹੈ, ਕਿਉਂਕਿ ਉੱਪਰਲੀ ਹੀ ਅੱਖ ਸਾਡੇ

ਕੋਲ ਹੈ। ਅੰਦਰਲੇ ਨੂੰ ਵੇਖਣ ਲਈ ਤਾਂ ਅੰਦਰਲੀ ਅੱਖ ਚਾਹੀਦੀ ਹੈ। ਜਿਹੋ ਜਿਹੀ ਅੱਖ ਹੋਵੇਗੀ ਉਹੋ ਜਿਹਾ ਹੀ ਹੋਵੇਗਾ ਦਰਸ਼ਨ। ਅੱਖ ਤੋਂ ਗਹਿਰਾ ਤਾਂ ਦਰਸ਼ਨ ਨਹੀਂ ਹੋ ਸਕਦਾ। ਤੁਹਾਡੇ ਕੋਲ ਅੱਖ ਹੀ ਉੱਪਰਲੀ ਹੈ। ਤੁਸੀਂ ਲਹਿਰਾਂ ਨੂੰ ਵੇਖ ਕੇ ਮੁੜ ਆਓਗੇ। ਫ਼ਿਰ ਲੋਕਾਂ ਨੂੰ ਕਹੋਗੇ ਕਿ ਸਮੁੰਦਰ ਹੋ ਆਇਆ। ਸਮੁੰਦਰ ਵਿੱਚ ਜਾਣ ਦਾ ਇਹ ਢੰਗ ਨਹੀਂ ਹੈ। ਕੰਢੇ ਤੋਂ ਤਾਂ ਦਿੱਸਣਹੀਆਂ ਲਹਿਰਾਂ, ਸਮੁੰਦਰ ਵਿੱਚ ਹੋ ਕੇ ਡੁੱਬਣਾ ਹੀ ਪੈਂਦਾ ਹੈ। ਇਸ ਲਈ ਤਾਂ ਕਹਾਂਣੀ ਹੈ ਕਿ ਨਾਨਕ ਨਦੀ ਵਿੱਚ ਡੁੱਬ ਗਏ। ਲਹਿਰਾਂ ਵਿੱਚ ਨਹੀਂ ਹਨ ਉਹ, ਨਦੀ ਵਿੱਚ ਹਨ। ਲਹਿਰਾਂ ਵਿੱਚ ਨਹੀਂ ਹਨ ਸਮੁੰਦਰ 'ਚ ਹਨ। ਉੱਤੇ ਉੱਤੇ ਤਾਂ ਲਹਿਰਾਂ ਹੋਣਹੀਆਂ। ਕੰਢੇ ਤੋਂ ਵੇਖ ਕੇ ਤੁਸੀਂ ਮੁੜ ਆਓਗੇ, ਤੇ ਤੁਸੀਂ ਜੋ ਖ਼ਬਰ ਦਿਓਗੇ ਉਹ ਗ਼ਲਤ ਹੋਵੇਗੀ, ਤੁਸੀਂ ਕਹੋਗੇ ਸਮੁੰਦਰ ਹੋ ਆਇਆਂ। ਸਮੁੰਦਰ ਤੱਕ ਤੁਸੀਂ ਗਏ ਨਹੀਂ। ਕੰਢੇ ਉੱਤੇ ਤਾਂ ਸਮੁੰਦਰ ਨਹੀਂ ਹੈ। ਉਥੋਂ ਤਾਂ ਲਹਿਰਾਂ ਹੀ ਵਿਖਾਈ ਦੇ ਸਕਦੀਆਂ ਹਨ। ਲਹਿਰਾਂ ਦਾ ਜੋੜ ਵੀ ਸਾਗਰ ਨਹੀਂ ਹੈ। ਜੋੜ ਤੋਂ ਵੀ ਵਧੇਰਾ ਹੈ ਸਮੁੰਦਰ।

ਅਤੇ ਜੋ ਮੂਲ ਭੇਦ ਹੈ ਉਹ ਇਹ ਹੈ ਕਿ ਲਹਿਰਾਂ ਹੁਣੇ ਹਨ, ਪਲ ਕੁ ਪਿਛੋਂ ਨਹੀਂ ਹੋਣਗੀਆਂ। ਪਲ ਕੁ ਪਹਿਲਾਂ ਨਹੀਂ ਸਨ।

ਇੱਕ ਸੂਫ਼ੀ ਫ਼ਕੀਰ ਹੋਇਆ ਜੁਨੈਦ। ਬਹੁਤ ਪਿਆਰ ਕਰਦਾ ਸੀ ਆਪਣੇ ਪੁੱਤਰ ਨੂੰ। ਫ਼ਿਰ ਪੁੱਤਰ ਅਚਾਨਕ ਮਰ ਗਿਆ ਕਿਸੇ ਦੁਰਘਟਨਾ 'ਚ, ਤਾਂ ਦਫ਼ਨਾ ਆਇਆ। ਪਤਨੀ ਥੋੜ੍ਹੀ ਹੈਰਾਨ ਹੋਈ, ਪਤਨੀ ਸੋਚਦੀ ਸੀ ਕਿ ਪੁੱਤਰ ਮਰੇਗਾ ਤਾਂ ਜੁਨੈਦ ਪਾਗਲ ਹੋ ਜਾਏਗਾ, ਪੁੱਤਰ ਨੂੰ ਏਨਾ ਪਿਆਰ ਕਰਦਾ ਸੀ। ਪਰ ਜੁਨੈਦ ਨੂੰ ਜਿਵੇਂ ਕੁਝ ਹੋਇਆ ਹੀ ਨਹੀਂ, ਜਿਵੇਂ ਪੁੱਤਰ ਮਰਿਆ ਹੀ ਨਹੀਂ, ਜਿਵੇਂ ਕੋਈ ਗੱਲ ਹੀ ਨਹੀਂ ਹੋਈ, ਜੁਨੈਦ ਉਵੇਂ ਹੀ ਰਿਹਾ।

ਆਖ਼ਰ ਸ਼ਾਮ ਹੁੰਦੇ-ਹੁੰਦੇ ਜਦ ਲੋਕ ਵਿਦਾ ਹੋ ਗਏ ਹਮਦਰਦੀ ਵਿਖਾ ਕੇ, ਤਾਂ ਪਤਨੀ ਨੇ ਪੁੱਛਿਆ ਕਿ ਕੁਝ ਦੁੱਖ ਨਹੀਂ ਹੋਇਆ ਤੁਹਾਨੂੰ? ਮੈਂ ਤਾਂ ਸੋਚਦੀ ਸੀ ਤੁਸੀਂ ਟੁੱਟ ਜਾਓਗੇ। ਇਸ ਪੁੱਤਰ ਨਾਲ ਤੁਹਾਨੂੰ ਕਿਨਾਂ ਪ੍ਰੇਮ ਸੀ।

ਜੁਨੈਦ ਨੇ ਕਿਹਾ, "ਇੱਕ ਪਲ ਲਈ ਧੱਕਾ ਲੱਗਾ ਸੀ, ਫ਼ਿਰ ਮੈਨੂੰ ਯਾਦ ਆਇਆ, ਜਦ ਇਹ ਪੁੱਤਰ ਨਹੀਂ ਸੀ ਤਦ ਵੀ ਮੈਂ ਸੀ ਅਤੇ ਖ਼ੁਸ਼ ਸੀ। ਹੁਣ ਉਹ ਪੁੱਤਰ ਨਹੀਂ ਹੈ ਤਾਂ ਦੁੱਖ ਹੋਣ ਦਾ ਕੀ ਕਾਰਣ?"

ਫ਼ਿਰ ਉਹੋ ਜਿਹਾ ਹੀ ਹੋ ਗਿਆ, ਜਿਹੋ ਜਿਹਾ ਪਹਿਲਾਂ ਸੀ। ਪੁੱਤਰ ਵਿਚਕਾਰ ਆਇਆ ਅਤੇ ਗਿਆ। ਨਾ ਪਹਿਲਾਂ ਦੁਖੀ ਸੀ ਤਾਂ ਹੁਣ ਦੁਖੀ ਹੋਣ ਦਾ ਕੀ ਕਾਰਣ? ਬਿਨਾਂ ਪੁੱਤਰ ਤੋਂ ਮਜ਼ੇ ਵਿੱਚ ਸੀ। ਹੁਣ ਫ਼ਿਰ ਬਿਨਾ ਪੁੱਤਰ ਤੋਂ ਹਾਂ। ਫ਼ਰਕ ਕੀ ਹੈ।

ਵਿਚਕਾਰ ਦਾ ਇੱਕ ਸੁਫ਼ਨਾ ਟੁੱਟ ਗਿਆ।

ਜੋ ਬਣਦਾ ਹੈ ਅਤੇ ਮਿਟ ਜਾਂਦਾ ਹੈ ਉਹ ਸੁਫ਼ਨਾ ਹੈ। ਜੋ ਆਉਂਦਾ ਹੈ ਅਤੇ ਚਲਾ ਜਾਂਦਾ ਹੈ ਉਹ ਸੁਫ਼ਨਾ ਹੈ। ਲਹਿਰਾਂ ਸੁਫ਼ਨਾ ਹਨ, ਸਮੁੰਦਰ ਸੱਚ ਹੈ। ਅਨਗਿਣਤ ਲਹਿਰਾਂ ਹਨ, ਸਮੁੰਦਰ ਇੱਕ ਹੈ। ਸਾਨੂੰ ਅਨਗਿਣਤ ਵਿਖਾਈ ਦਿੰਦਾ ਹੈ। ਜਦ ਤੱਕ ਇੱਕ ਨਾ ਵਿਖਾਈ ਦੇਵੇ ਤਦ ਤੀਕਰ ਅਸੀਂ ਭਟਕਦੇ ਰਹਾਂਗੇ।

ਕਿਉਂਕਿ ਇੱਕ ਹੀ ਸੱਚ ਹੈ। "ੴ ਸਤਿਨਾਮੁ"

ਅਤੇ ਨਾਨਕ ਕਹਿੰਦੇ ਹਨ ਉਸ ਇੱਕ ਦਾ ਜੋ ਨਾਉਂ ਹੈ ਉਹੀ ੧ਓ ਹੈ, ਹੋਰ ਸਾਰੇ ਨਾਮ ਤਾਂ ਆਦਮੀ ਦੇ ਦਿੱਤੇ ਹੋਏ ਹਨ। ਰਾਮ ਕਹੋ, ਕ੍ਰਿਸ਼ਨ ਕਹੋ, ਅਲਾਹ ਕਹੋ, ਇਹ ਨਾਮ ਆਦਮੀ ਦੇ ਦਿੱਤੇ ਹਨ। ਇਹ ਅਸੀਂ ਬਣਾਏ ਹਨ, ਸੰਕੇਤਕ ਹਨ। ਪਰ ਇੱਕ ਉਸ ਦਾ ਨਾਉਂ ਹੈ ਜਿਹੜਾ ਅਸੀਂ ਨਹੀਂ ਦਿੱਤਾ ਉਹ ੧ਓ ਹੈ, ਉਹ ਓਮ ਹੈ।

ਕਿਉਂ ੧ਓ ਉਸਦਾ ਨਾਉਂ ਹੈ? ਕਿਉਂਕਿ ਜਦ ਸਾਰੇ ਸ਼ਬਦ ਗੁਆਚ ਜਾਂਦੇ ਹਨ ਅਤੇ ਮਨ ਖਾਲੀ ਹੋ ਜਾਂਦਾ ਹੈ ਅਤੇ ਜਦ ਲਹਿਰਾਂ ਪਿੱਛੇ ਛੁੱਟ ਜਾਂਦੀਆਂ ਹਨ ਅਤੇ ਸਾਗਰ 'ਚ ਆਦਮੀ ਲੀਨ ਹੋ ਜਾਂਦਾ ਹੈ। ਤਦ ਵੀ ੧ਓ ਦੀ ਧੁਨ ਸੁਣਾਈ ਦੇਂਦੀ ਰਹਿੰਦੀ ਹੈ। ਉਹ ਸਾਡੀ ਕੀਤੀ ਹੋਈ ਧੁਨ ਨਹੀਂ ਹੈ, ਕੁਦਰਤ ਦੀ ਧੁਨ ਹੈ। ਉਹ ਕੁਦਰਤ ਦੀ ਹੀ ਲੈਅ ਹੈ, ਕੁਦਰਤ ਦੇ ਹੋਣ ਦਾ ਢੰਗ ੧ਓ ਹੈ! ਉਹ ਕਿਸੇ ਆਦਮੀ ਦਾ ਦਿੱਤਾ ਹੋਇਆ ਨਾਉਂ ਨਹੀਂ ਹੈ। ਇਸ ਲਈ "ਓਮ" ਦਾ ਕੋਈ ਵੀ ਅਰਥ ਨਹੀਂ ਹੁੰਦਾ। "ਓਮ" ਕੋਈ ਸ਼ਬਦ ਨਹੀਂ ਹੈ "ਓਮ" ਧੁਨੀ ਹੈ ਅਤੇ ਧੁਨੀ ਵੀ ਅਨੂਠੀ ਹੈ। ਕੋਈ ਉਸਦਾ ਨਿਕਾਸ ਨਹੀਂ ਹੈ। ਕੋਈ ਉਸ ਨੂੰ ਪੈਦਾ ਨਹੀਂ ਕਰਦਾ। ਕੁਦਰਤ ਦੇ ਹੋਣ ਵਿੱਚ ਹੀ ਲੁਕੀ ਹੋਈ ਹੈ। ਕੁਦਰਤ ਦੇ ਹੋਣ ਦੀ ਧੁਨੀ ਹੈ।

ਜਿਵੇਂ ਕਿ ਝਰਨਾ ਹੈ! ਤੁਸੀਂ ਉਸ ਦੇ ਕੋਲ ਬੈਠੋ ਤਾਂ ਝਰਨੇ ਦੀ ਇੱਕ ਧੁਨ ਹੈ। ਪਰ ਉਹ ਧੁਨੀ ਪਾਣੀ ਅਤੇ ਚਟਾਨ ਦੀ ਟੱਕਰ ਨਾਲ ਪੈਦਾ ਹੁੰਦੀ ਹੈ। ਨਦੀ ਦੇ ਕੋਲ ਬੈਠੋ, ਕਲ-ਕਲ ਦਾ ਨਾਦ ਹੁੰਦਾ ਹੈ। ਪਰ ਉਹ ਕਲ-ਕਲ ਦਾ ਨਾਦ ਨਦੀ ਅਤੇ ਕੰਢੇ ਦੀ ਟੱਕਰ ਨਾਲ ਹੁੰਦਾ ਹੈ। ਹਵਾ ਦਾ ਬੁੱਲਾ ਲੰਘਦਾ ਹੈ। ਰੁੱਖ 'ਚ ਸਰਸਰਾਹਟ ਹੁੰਦੀ ਹੈ, ਪਰ ਉਹ ਸਰਸਰਾਹਟ ਰੁੱਖ ਅਤੇ ਹਵਾ ਦੀ ਟੱਕਰ ਨਾਲ ਹੁੰਦੀ ਹੈ। ਅਸੀਂ ਬੋਲਦੇ ਹਾਂ, ਸੰਗੀਤਕਾਰ ਗੀਤ ਗਾਉਂਦਾ ਹੈ, ਵੀਣਾ ਦਾ ਕੋਈ ਤਾਰ ਛੇੜਦਾ ਹੈ, ਪਰ ਸਾਰੀਆਂ ਚੀਜ਼ਾਂ ਸੰਘਰਸ਼ ਤੋਂ ਪੈਦਾ ਹੁੰਦੀਆਂ ਹਨ। ਸੰਘਰਸ਼ ਦੇ ਲਈ ਦੋ ਦਾ ਹੋਣਾ ਜ਼ਰੂਰੀ ਹੈ। ਵੀਣਾ ਦੀ ਤਾਰ ਚਾਹੀਦੀ ਹੈ, ਛੇੜਣ ਵਾਲੇ ਦਾ ਹੱਥ ਚਾਹੀਦਾ ਹੈ। ਜਿੰਨੀਆਂ ਧੁਨੀਆਂ ਦਵੈਤ ਤੋਂ ਪੈਦਾ ਹੁੰਦੀਆਂ ਹਨ, ਉਹ ਉਸਦੇ ਨਾਉਂ ਨਹੀਂ ਹਨ। ਉਸਦਾ ਨਾਉਂ ਤਾਂ

ਉਹੀ ਹੈ, ਜਦੋਂ ਸਾਰਾ ਦਵੈਤ ਮੁੱਕ ਜਾਂਦਾ ਹੈ, ਫ਼ਿਰ ਵੀ ਇੱਕ ਧੁਨੀ ਗੂੰਜਦੀ ਰਹਿੰਦੀ ਹੈ।

ਇਸ ਸੰਬੰਧ 'ਚ ਕੁਝ ਗੱਲਾਂ ਸਮਝ ਲੈਣੀਆਂ ਜ਼ਰੂਰੀ ਹਨ। ਵਿਗਿਆਨ ਕਹਿੰਦਾ ਹੈ ਕਿ ਜੇਕਰ ਅਸੀਂ ਸਾਰੀ ਕੁਦਰਤ ਨੂੰ ਤੋੜਦੇ ਚਲੇ ਜਾਈਏ ਅਤੇ ਗਹਿਰਾਈ 'ਚ ਵਿਸ਼ਲੇਸ਼ਣ ਕਰੀਏ ਤਾਂ ਅੰਤ ਵਿੱਚ ਸਾਨੂੰ ਵਿਦੁੱਤ-ਸ਼ਕਤੀ 'ਇਲੈਕਟ੍ਰਿਸਿਟੀ' ਮਿਲਦੀ ਹੈ। ਇਸ ਲਈ ਜੋ ਆਖ਼ਰੀ ਖੋਜ ਹੈ ਵਿਗਿਆਨ ਦੀ, ਉਹ ਇਲੈਕਟ੍ਰਾਨ ਹੈ—ਵਿਦੁੱਤ ਕਣ। ਸਾਰਾ ਅਸਤਿਤਵ ਵਿਦੁੱਤ ਤੋਂ ਬਣਿਆ ਹੈ। ਜੇਕਰ ਅਸੀਂ ਵਿਗਿਆਨ ਤੋਂ ਪੁੱਛੀਏ ਕਿ ਧੁਨੀ ਕਿਸ ਤੋਂ ਬਣੀ ਹੈ? ਤਾਂ ਵਿਗਿਆਨ ਕਹਿੰਦਾ ਹੈ ਉਹ ਵੀ ਵਿਦੁੱਤ ਤੋਂ ਬਣੀ ਹੈ। ਧੁਨੀ ਵੀ ਵਿਦੁੱਤ ਦਾ ਇੱਕ ਆਕਾਰ ਹੈ, ਇੱਕ ਰੂਪ ਹੈ, ਪਰ ਮੂਲ ਵਿਦੁੱਤ ਹੈ।

ਇਸ ਸੰਬੰਧ 'ਚ ਸਾਰੇ ਗਿਆਨੀਆਂ ਦੀ ਵਿਗਿਆਨ ਨਾਲ ਸਹਿਮਤੀ ਹੈ, ਥੋੜ੍ਹੇ ਜਿਹੇ ਭੇਦ ਨਾਲ। ਉਹ ਭੇਦ ਵੱਡਾ ਨਹੀਂ, ਉਹ ਭੇਦ ਭਾਸ਼ਾ ਦਾ ਹੈ। ਸਾਰੇ ਗਿਆਨੀਆਂ ਨੇ ਪਾਇਆ ਕਿ ਕੁਦਰਤ ਬਣੀ ਹੈ ਧੁਨੀ ਨਾਲ ਅਤੇ ਧੁਨੀ ਦਾ ਹੀ ਇੱਕ ਰੂਪ ਵਿਦੁੱਤ ਹੈ। ਵਿਗਿਆਨ ਕਹਿੰਦਾ ਹੈ, ਵਿਦੁੱਤ ਦਾ ਇੱਕ ਰੂਪ ਧੁਨੀ ਹੈ ਤੇ ਧਰਮ ਕਹਿੰਦਾ ਹੈ ਕਿ ਵਿਦੁੱਤ ਧੁਨੀ ਦਾ ਇੱਕ ਰੂਪ ਹੈ। ਏਨਾ ਹੀ ਫ਼ਾਸਲਾ ਹੈ, ਪਰ ਇਹ ਫ਼ਾਸਲਾ ਇਵੇਂ ਹੀ ਵਿਖਾਈ ਦਿੰਦਾ ਹੈ ਜਿਵੇਂ ਗਲਾਸ ਅੱਧਾ ਭਰਿਆ ਹੋਵੇ, ਕੋਈ ਕਹੇ ਅੱਧਾ ਭਰਿਆ ਹੈ, ਕੋਈ ਕਹੇ ਅੱਧਾ ਖ਼ਾਲੀ ਹੈ।

ਵਿਗਿਆਨ ਦੀ ਪਹੁੰਚ ਦਾ ਰਸਤਾ ਵੱਖਰਾ ਹੈ, ਵਿਗਿਆਨ ਨੇ ਚੀਜ਼ਾਂ ਨੂੰ ਤੋੜ-ਤੋੜ ਕੇ ਵਿਦੁੱਤ ਨੂੰ ਲੱਭਿਆ ਹੈ। ਗਿਆਨੀਆਂ ਦੀ ਪਹੁੰਚ ਦਾ ਰਸਤਾ ਵੱਖਰਾ ਹੈ। ਉਨ੍ਹਾਂ ਨੇ ਆਪਣੇ ਨੂੰ ਜੋੜ-ਜੋੜ ਕੇ ਤੋੜ ਕੇ ਨਹੀਂ ਆਪਣੇ ਨੂੰ ਜੋੜ-ਜੋੜ ਕੇ ਅਖੰਡ ਨੂੰ ਪਾਇਆ ਹੈ ਅਤੇ ਉਸ ਅਖੰਡ 'ਚ ਇੱਕ ਧੁਨੀ ਪਾਈ ਹੈ। ਜਦ ਕੋਈ ਮਨੁੱਖ ਸਮਾਧੀ ਨੂੰ ਪ੍ਰਾਪਤ ਹੋ ਜਾਂਦਾ ਹੈ, ਤਾਂ ੧ਓ ਦੀ ਧੁਨੀ ਗੂੰਜਦੀ ਹੈ, ਉਹ ਆਪਣੇ ਅੰਦਰ ਉਸ ਨੂੰ ਗੂੰਜਦਾ ਪਾਉਂਦਾ ਹੈ। ਆਪਣੇ ਬਾਹਰ ਗੂੰਜਦਾ ਪਾਉਂਦਾ ਹੈ। ਸਾਰੇ ਲੋਕ ਉਸੇ ਨਾਲ ਭਰਪੂਰ ਜਾਪਦੇ ਹਨ। ਹੈਰਾਨ ਹੋ ਜਾਂਦਾ ਹੈ ਪਹਿਲੀ ਵਾਰ, ਜਦ ਘਟਨਾ ਵਾਪਰਦੀ ਹੈ। ਕਿਉਂਕਿ ਉਹ ਵੇਖਦਾ ਹੈ ਮੈਂ ਤਾਂ ਬੋਲ ਨਹੀਂ ਰਿਹਾ, ਇਹ ਧੁਨੀ ਕਿਥੋਂ ਆ ਰਹੀ ਹੈ। ਤਦ ਉਹ ਅਨੁਭਵ ਕਰਦਾ ਹੈ ਕਿ ਇਹ "ਹੋਣ' ਦੀ ਧੁਨੀ ਹੈ। ਇਹ ਕਿਸੇ ਵੀ ਟੱਕਰ ਨਾਲ ਪੈਦਾ ਨਹੀਂ ਹੋਈ ਹੈ। ਇਹ ਆਹਤ ਧੁਨੀ ਨਹੀਂ ਹੈ, ਇਹ ਅਨਾਹਤ ਨਾਦ ਹੈ।

ਨਾਨਕ ਕਹਿੰਦੇ ਹਨ ਉਹੀ ਇੱਕ ਉਸ ਦਾ ਨਾਉਂ ਹੈ—੧ਓ। ਨਾਨਕ ਬਹੁਤ ਵਾਰ ਨਾਮ ਸ਼ਬਦ ਦੀ ਵਰਤੋਂ ਕਰਨਗੇ।

ਇਸ ਨੂੰ ਯਾਦ ਰੱਖਣਾ ਕਿ ਜਦ ਵੀ ਉਹ ਕਹਿੰਦੇ ਹਨ, "ਉਸਦਾ ਨਾਉਂ" ਤਾਂ ਉਸਦਾ ਨਾਉਂ ਹੀ ਰਾਹ ਹੈ, ਤੇ ਉਸਦੇ ਨਾਉਂ ਦੀ ਰਟਨ 'ਚ ਜੋ ਡੁੱਬ ਜਾਏਗਾ, ਉਸਦੇ ਨਾਉਂ 'ਚ ਜੋ ਡੁੱਬ ਜਾਏਗਾ, ਉਹ ਉਸ ਨੂੰ ਪਾ ਲਵੇਗਾ, ਧਿਆਨ ਰੱਖਣਾ, ਨਾਉਂ ਜਦ ਵੀ ਨਾਨਕ ਕਹਿੰਦੇ ਨੇ ਉਦੋਂ ਉਨ੍ਹਾਂ ਦਾ ਇਸ਼ਾਰਾ ੧ਓ ਵੱਲ ਹੈ। ਕਿਉਂਕਿ ਉਹ ਹੀ ਉਸਦਾ ਇੱਕ ਨਾਉਂ ਹੈ, ਜਿਹੜਾ ਅਸੀਂ ਨਹੀਂ ਦਿੱਤਾ, ਜਿਹੜਾ ਉਸੇ ਦਾ ਹੀ ਹੈ। ਸਾਡੇ ਦਿੱਤੇ ਨਾਉਂ ਬਹੁਤੀ ਦੂਰ ਨਹੀਂ ਜਾ ਸਕਣਗੇ, ਤੇ ਜੇਕਰ ਥੋੜ੍ਹੇ ਬਹੁਤ ਜਾਂਦੇ ਵੀ ਹਨ, ਤਾਂ ਇਸ ਲਈ ਜਾਂਦੇ ਹਨ ਕਿ ਸਾਡੇ ਨਾਵਾਂ 'ਚ ਵੀ ਉਸਦੇ ਨਾਉਂ ਦੀ ਥੋੜ੍ਹੀ ਜਿਹੀ ਝਲਕ ਹੁੰਦੀ ਹੈ।

ਜਿਵੇਂ ਸਮਝੋ, ਕਿ ਰਾਮ। ਜੇਕਰ ਕੋਈ "ਰਾਮ, ਰਾਮ, ਰਾਮ, ਰਾਮ" ਦੀ ਰਟਨ ਲਾ ਦੇਵੇ ਅੰਦਰ, ਤਾਂ ਉਸ 'ਚ ੧ਓ ਦੀ ਥੋੜ੍ਹੀ ਜਿਹੀ ਝਲਕ ਹੈ। ਇਹ ਜਿਹੜਾ "ਮ" ਹੈ ਉਹ ਓਮ ਦਾ ਹੈ। ਇਸ ਲਈ ਰਾਮ ਸ਼ਬਦ ਨਾਲ ਵੀ ਅਸੀਂ ਥੋੜ੍ਹੀ ਦੂਰ ਤੱਕ ਜਾ ਸਕਾਂਗੇ, ਪਰ ਜੇਕਰ ਧੁਨ ਨੂੰ ਤੁਸੀਂ ਜਪਦੇ ਹੀ ਰਹੇ, ਤਾਂ ਇੱਕ ਦਿਨ ਅਚਾਨਕ ਤੁਸੀਂ ਪਾਓਗੇ ਕਿ ਰਾਮ ਦੀ ਧੁਨ ੧ਓ 'ਚ ਬਦਲ ਗਈ। ਜੇਕਰ ਤੁਸੀਂ ਜਪਦੇ ਹੀ ਜਾਓਗੇ ਤਾਂ ਜਿਵੇਂ ਹੀ ਮਨ ਸ਼ਾਂਤ ਹੋਵੇਗਾ ਤਿਵੇਂ ਹੀ 'ਓਮ' ਤੁਹਾਡੇ "ਰਾਮ" 'ਚ ਪ੍ਰਵੇਸ਼ ਕਰ ਜਾਏਗਾ ਅਤੇ ਤੁਸੀਂ ਹੌਲੀ-ਹੌਲੀ ਪਾਓਗੇ, ਰਾਮ ਤਾਂ ਗੁਆਚ ਗਿਆ, 'ਓਮ' ਆ ਗਿਆ। ਸਾਰੇ ਗਿਆਨੀਆਂ ਦਾ ਇਹ ਅਨੁਭਵ ਹੈ ਕਿ ਉਨ੍ਹਾਂ ਨੇ ਕਿਸੇ ਵੀ ਨਾਉਂ ਤੋਂ ਸ਼ੁਰੂ ਕੀਤਾ ਹੋਵੇ, ਆਖੀਰ 'ਚ ਓਮ ਆ ਜਾਂਦਾ ਹੈ। ਜਿਵੇਂ ਹੀ ਤੁਸੀਂ ਸ਼ਾਂਤ ਹੋਣ ਲੱਗਦੇ ਹੋ ਤਿਵੇਂ ਹੀ 'ਓਮ' ਆਣ ਲੱਗਦਾ ਹੈ। ਓਮ ਸਦਾ ਮੌਜੂਦ ਹੈ। ਬੱਸ, ਤੁਹਾਡੇ ਸ਼ਾਂਤ ਹੋਣ ਦੀ ਜ਼ਰੂਰਤ ਹੈ।

### *ਨਾਨਕ ਕਹਿੰਦੇ ਹਨ "੧ਓ ਸਤਿਨਾਮੁ"*

ਸਤ ਸ਼ਬਦ ਵੀ ਸਮਝ ਲੈਣ ਵਰਗਾ ਹੈ। ਸੰਸਕ੍ਰਿਤ 'ਚ ਦੋ ਸ਼ਬਦ ਹਨ, ਇੱਕ ਸਤ ਅਤੇ ਸਤਯ। ਸਤ ਦਾ ਅਰਥ ਹੁੰਦਾ ਹੈ—ਐਗਜ਼ਿਸਟੈਂਸ, ਕੁਦਰਤ। ਤੇ ਸਤਯ ਦਾ ਅਰਥ ਹੁੰਦਾ ਹੈ ਟਰੁੱਥ (ਸਚਾਈ)। ਦੋਹਾਂ 'ਚ ਬਹੁਤ ਫ਼ਰਕ ਹੈ। ਦੋਹਾਂ ਦਾ ਮੂਲ ਰੂਪ ਤਾਂ ਇੱਕ ਹੈ ਸਤ, ਸੱਚ, ਸਤਯ ਸਾਰੇ ਮੂਲ ਰੂਪ ਇੱਕ ਹਨ। ਪਰ ਥੋੜ੍ਹਾ ਜਿਹਾ ਫ਼ਰਕ ਹੈ, ਉਹ ਸਮਝ ਲੈਣਾ ਜ਼ਰੂਰੀ ਹੈ।

ਸਤਯ ਤਾਂ ਦਾਰਸ਼ਨਿਕ ਦੀ ਭਾਲ ਹੈ। ਉਹ ਲੱਭਦਾ ਹੈ ਕਿ ਸਤਯ ਕੀ ਹੈ? **What is truth?** ਜਿਵੇਂ ਦੋ ਅਤੇ ਦੋ ਮਿਲ ਕੇ ਚਾਰ ਹੁੰਦੇ ਹਨ। ਇਹ ਸਤਯ ਹੈ, ਕਿ ਦੋ ਅਤੇ ਦੋ ਮਿਲ ਕੇ ਪੰਜ ਨਹੀਂ ਹੁੰਦੇ, ਦੋ ਅਤੇ ਦੋ ਮਿਲ ਕੇ ਤਿੰਨ ਨਹੀਂ ਹੁੰਦੇ, ਦੋ ਅਤੇ ਦੋ ਮਿਲ ਕੇ ਚਾਰ ਹੁੰਦੇ ਹਨ। ਇਹ ਹਿਸਾਬ ਦਾ ਫਾਰਮੂਲਾ ਸਤਯ ਹੈ, ਪਰ ਸਤ ਨਹੀਂ

ਹੈ, ਕਿਉਂਕਿ ਇਹ ਮਨੁੱਖ ਦਾ ਹਿਸਾਬ ਹੈ। This is true but not existantial.. ਦੋ ਅਤੇ ਦੋ ਮਿਲ ਕੇ ਚਾਰ ਹੁੰਦੇ ਹਨ, ਇਹ ਆਦਮੀ ਦੀ ਹੀ ਕਾਢ ਹੈ। ਇਹ ਸਤਯ ਤਾਂ ਹੈ ਸੱਚ ਨਹੀਂ, ਸਤ ਨਹੀਂ ਹੈ।

ਤੁਸੀਂ ਰਾਤ ਸੁਫ਼ਨਾ ਵੇਖਦੇ ਹੋ, ਸੁਫ਼ਨਾ ਸਤ ਤਾਂ ਹੈ, ਸਤਯ ਨਹੀਂ ਹੈ। ਸੁਫ਼ਨਾ ਹੈ ਤਾਂ। ਨਹੀਂ ਵੇਖੋਗੇ ਕਿਵੇਂ? ਹੋਣਾ ਤਾਂ ਹੈ ਪਰ ਤੁਸੀਂ ਇਹ ਨਹੀਂ ਕਹਿ ਸਕਦੇ ਕਿ ਸਤਯ ਹੈ। ਕਿਉਂਕਿ ਸਵੇਰੇ ਤੁਸੀਂ ਪਾਉਂਦੇ ਹੋ ਨਾ ਹੋਣ ਦੇ ਬਰਾਬਰ ਹੈ, ਪਰ ਹੋਇਆ ਜ਼ਰੂਰ! ਸੁਫ਼ਨਾ ਆਇਆ।

ਤਾਂ ਦੁਨੀਆਂ 'ਚ ਅਜਿਹੀਆਂ ਘਟਨਾਵਾਂ ਹਨ, ਜਿਹੜੀਆਂ ਸਤਯ ਹਨ, ਪਰ ਸਤ ਨਹੀਂ। ਹੋਰ ਅਜਿਹੀਆਂ ਵੀ ਘਟਨਾਵਾਂ ਹਨ ਜਿਹੜੀਆਂ ਸਤ ਹਨ ਪਰ ਸਤਯ ਨਹੀਂ। ਹਿਸਾਬ ਸਤਯ ਹੈ ਸਤ ਨਹੀਂ। ਹਿਸਾਬ ਦਾ ਇੱਕ ਨਤੀਜਾ ਸਤਯ ਹੋ ਸਕਦਾ ਹੈ, ਸਤ ਨਹੀਂ। ਸੁਫ਼ਨਾ ਹੈ: ਸੁਫ਼ਨਾ ਸਤ ਹੈ, ਸਤਯ ਨਹੀਂ।

ਪਰਮਾਤਮਾ ਦੋਨੋਂ ਹੈ, ਸਤ ਵੀ ਤੇ ਸਤਯ ਵੀ, ਅਤੇ ਇਸੇ ਲਈ ਨਾ ਤਾਂ ਉਸ ਨੂੰ ਹਿਸਾਬ ਨਾਲ ਪਾਇਆ ਜਾ ਸਕਦਾ ਹੈ ਨਾ ਹੀ ਵਿਗਿਆਨ ਨਾਲ ਉਸਨੂੰ ਪਾਇਆ ਜਾ ਸਕਦਾ ਹੈ। ਕਿਉਂਕਿ ਵਿਗਿਆਨ ਲੱਭਦਾ ਹੈ ਸਤਯ ਨੂੰ ਅਤੇ ਨਾ ਉਸ ਨੂੰ ਕਵਿਤਾ, ਕਲਾ ਨਾਲ ਪਾਇਆ ਜਾ ਸਕਦਾ ਹੈ। ਕਿਉਂਕਿ ਕਲਾ ਲੱਭਦੀ ਹੈ ਸਤ ਨੂੰ। ਪਰਮਾਤਮਾ ਦੋਨੋਂ ਹੈ ਸਤ+ਸਤਯ। ਇਸ ਲਈ ਨਾ ਤਾਂ ਕਲਾ ਉਸ ਨੂੰ ਪੂਰਾ ਲੱਭ ਸਕਦੀ ਹੈ ਅਤੇ ਨਾ ਵਿਗਿਆਨ, ਦੋਨੋਂ ਅਧੂਰੇ ਹਨ ਅਤੇ ਇਸ ਲਈ ਧਰਮ ਦੀ ਖੋਜ ਦੋਹਾਂ ਤੋਂ ਵੱਖਰੀ ਹੈ। ਧਰਮ ਉਸ ਦੀ ਖੋਜ ਹੈ ਜਿਹੜਾ ਦੋਨੋਂ ਹੈ, ਇਕੱਠਾ। ਜਿਹੜਾ ਏਨਾ ਸਤਯ ਹੈ, ਜਿੰਨਾ ਕਿ ਹਿਸਾਬ ਦਾ ਕੋਈ ਵੀ ਫਾਰਮੂਲਾ ਅਤੇ ਜੋ ਏਨਾ ਸਤ ਹੈ ਜਿੰਨੀ ਕਵਿਤਾ ਦੀ ਕੋਈ ਵੀ ਧਾਰਣਾ। ਉਹ ਦੋਨੋਂ ਹੈ ਅਤੇ ਦੋਨੋਂ ਨਹੀਂ ਹੈ। ਜੇਕਰ ਤੁਸੀਂ ਅਧੂਰੇ ਜਿਹੇ ਵੇਖੋਗੇ ਤਾਂ ਭੁਲੇਖੇ ਵਿੱਚ ਰਹੋਗੇ। ਫ਼ਿਰ ਤੁਸੀਂ ਦੋਹਾਂ ਨੂੰ ਮਿਲਾ ਕੇ ਵੇਖੋਗੇ ਤਦ ਹੀ ਉਸਨੂੰ ਪਾ ਸਕੋਗੇ।

ਤਾਂ ਜਦ ਨਾਨਕ ਕਹਿੰਦੇ ਹਨ "੧ਓ ਸਤਿਨਾਮੁ" ਤਾਂ ਇਸ ਸਤ ਵਿੱਚ ਦੋਨੋਂ ਹਨ—ਸਤ ਅਤੇ ਸਤਯ। ਉਸ ਪਰਮ ਹੋਂਦ ਦਾ ਨਾਉਂ—ਜਿਹੜਾ ਗਣਿਤ ਵਾਂਗ ਸੱਚ ਹੈ ਅਤੇ ਜਿਹੜਾ ਕਵਿਤਾ ਦੀ ਤਰ੍ਹਾਂ ਵੀ ਸਤ ਹੈ: ਜਿਹੜਾ ਸੁਫ਼ਨੇ ਦੀ ਤਰ੍ਹਾਂ ਮਿੱਠਾ ਹੈ ਅਤੇ ਗਣਿਤ ਦੀ ਤਰ੍ਹਾਂ ਬਿਲਕੁਲ ਸਹੀ ਹੈ: ਜੋ ਹਿਰਦੇ ਦੀ ਭਾਵਨਾ ਵਾਂਗ ਵੀ ਹੈ ਅਤੇ ਮਸਤਕ ਦੀ ਸਮਝ ਵਾਂਗ ਵੀ ਹੈ।

ਜਿੱਥੇ ਦਿਲ ਅਤੇ ਦਿਮਾਗ ਮਿਲਦੇ ਹਨ, ਉਥੋਂ ਧਰਮ ਸ਼ੁਰੂ ਹੁੰਦਾ ਹੈ। ਜੇਕਰ

ਦਿਮਾਗ ਇਕੱਲਾ ਰਹੇ, ਹਿਰਦੇ ਨੂੰ ਦਬਾ ਦੇਵੇ, ਤਾਂ ਵਿਗਿਆਨ ਉਪਜਦਾ ਹੈ। ਜੇਕਰ ਹਿਰਦਾ ਇਕੱਲਾ ਰਹੇ ਦਿਮਾਗ ਨੂੰ ਹਟਾ ਦੇਵੇ, ਤਾਂ ਕਲਪਨਾ ਦੇ ਜਗਤ ਵਿੱਚ ਕਵਿਤਾ, ਸੰਗੀਤ, ਚਿੱਤ੍ਰਕਲਾ, ਉਪਜਦੀ ਹੈ। ਔਰ ਜੇਕਰ ਦਿਮਾਗ ਅਤੇ ਹਿਰਦਾ ਦੋਵੇਂ ਮਿਲ ਜਾਣ, ਦੋਹਾਂ ਦਾ ਸੰਜੋਗ ਹੋ ਜਾਏ ਤਾਂ ਅਸੀਂ ੧ੴ ਵਿੱਚ ਪਰਵੇਸ਼ ਕਰਦੇ ਹਾਂ।

ਧਾਰਮਿਕ ਆਦਮੀ ਵਿਗਿਆਨਕ ਤੋਂ ਵੱਡਾ ਵਿਗਿਆਨਕ, ਕਲਾਕਾਰ ਤੋਂ ਵੱਡਾ ਕਲਾਕਾਰ ਹੈ, ਕਿਉਂਕਿ ਉਸਦੀ ਖੋਜ ਇਕੱਠੀ ਹੈ। ਵਿਗਿਆਨ ਅਤੇ ਕਲਾ ਦਵੰਦ ਹੈ, ਧਰਮ ਜੋੜ ਹੈ, ਸਿਨਥੈਸਿਸ ਹੈ।

ਨਾਨਕ ਕਹਿੰਦੇ ਹਨ "੧ੴ ਸਤਿਨਾਮੁ" ਉਹ ੧ੴ ਸਰੂਪ, ਉਹ ਸਤਿਨਾਮੁ ਕਰਤਾ ਪੁਰਖੁ.....।

ਇਹ ਜਿਹੜੇ ਸ਼ਬਦ ਹਨ, ਇਨ੍ਹਾਂ ਨੂੰ ਉਪਰੋਂ ਸਮਝੋਗੇ ਤਾਂ ਭਰਮ ਹੋਣਗੇ।

ਗਿਆਨੀਆਂ ਦੀ ਇੱਕ ਔਕੜ ਹੈ ਕਿ ਸ਼ਬਦ ਤਾਂ ਉਨ੍ਹਾਂ ਨੂੰ ਤੁਹਾਡੇ ਹੀ ਵਰਤਨੇ ਪੈਂਦੇ ਹਨ। ਤੁਹਾਡੇ ਨਾਲ ਗੱਲ ਕਰਨੀ ਹੈ, ਤਾਂ ਤੁਹਾਡੀ ਹੀ ਭਾਸ਼ਾ ਬੋਲਣੀ ਪਵੇਗੀ ਅਤੇ ਜੋ ਉਹ ਕਹਿਣਾ ਚਾਹੁੰਦੇ ਹਨ, ਉਹ ਤੁਹਾਡੀ ਭਾਸ਼ਾ ਵਿੱਚ ਆ ਨਹੀਂ ਸਕਦਾ। ਤੁਹਾਡੀ ਭਾਸ਼ਾ ਬਹੁਤ ਤੰਗ ਹੈ, ਉਹ ਬਹੁਤ ਵੱਡਾ ਹੈ। ਜਿਵੇਂ ਕੋਈ ਆਪਣੇ ਘਰ 'ਚ ਸਾਰੇ ਆਕਾਸ਼ ਨੂੰ ਸਮਾ ਲੈਣਾ ਚਾਹੇ। ਜਿਵੇਂ ਕੋਈ ਆਪਣੀ ਮੁੱਠੀ 'ਚ ਸਾਰੇ ਪ੍ਰਕਾਸ਼ ਨੂੰ ਬੰਨ੍ਹ ਲੈਣਾ ਚਾਹੇ, ਇਹੋ ਜਿਹੀ ਮਜ਼ਬੂਰੀ ਹੈ। ਤਾਂ ਤੁਹਾਡੇ ਹੀ ਸ਼ਬਦ ਵਰਤਨੇ ਪੈਂਦੇ ਹਨ।

ਅਤੇ ਤੁਹਾਡੇ ਸ਼ਬਦਾਂ ਦੇ ਕਾਰਣ ਹੀ ਏਨੇ ਸੰਪਰਦਾਯ ਪੈਦਾ ਹੋ ਜਾਂਦੇ ਹਨ, ਕਿਉਂਕਿ ਬੁੱਧ ਨਾਨਕ ਤੋਂ ਦੋ ਹਜ਼ਾਰ ਸਾਲ ਪਹਿਲਾਂ ਹੋਏ, ਤਾਂ ਬੁੱਧ ਦੂਜੀ ਬੋਲੀ ਦੀ ਵਰਤੋਂ ਕਰਦੇ ਹਨ, ਜਿਹੜੀ ਪ੍ਰਚੱਲਤ ਸੀ। ਜਿਹੜੀ ਲੋਕ ਸਮਝਦੇ ਸਨ। ਕ੍ਰਿਸ਼ਨ ਹੋਰ ਦੋ ਹਜ਼ਾਰ ਸਾਲ ਪਹਿਲਾਂ ਬੁੱਧ ਤੋਂ ਹੋਏ। ਉਹ ਹੋਰ ਦੂਜੀ ਭਾਸ਼ਾ ਦੀ ਵਰਤੋਂ ਕਰਦੇ ਨੇ, ਜਿਹੜੀ ਲੋਕ ਸਮਝਦੇ ਸਨ। ਮੁਹੰਮਦ ਹੋਰ ਬੋਲੀ ਦੀ ਵਰਤੋਂ ਕਰਦੇ ਨੇ, ਕਿਉਂਕਿ ਦੂਜੀ ਹਵਾ, ਦੂਜਾ ਦੇਸ਼, ਦੂਜੇ ਢੰਗ ਦੇ ਲੋਕ। ਮਹਾਂਵੀਰ ਵੱਖਰੇ, ਜੀਸਸ ਵੱਖਰੇ।

ਬੋਲੀਆਂ ਦੇ ਭੇਦ ਹਨ, ਬੋਲੀ ਤੁਹਾਡੇ ਕਾਰਣ ਵੱਖਰੀ ਹੈ। ਹਾਲਾਂ ਕਿ ਗਿਆਨੀਆਂ 'ਚ ਕੋਈ ਵੀ ਭੇਦ ਨਹੀਂ। ਨਾਨਕ ਜਿਹੜੀ ਬੋਲੀ ਦੀ ਵਰਤੋਂ ਕਰ ਰਹੇ ਨੇ, ਉਹ ਨਾਨਕ ਦੇ ਵੇਲੇ ਸਮਝੀ ਜਾ ਸਕਦੀ ਸੀ।

ਤਾਂ ਨਾਨਕ ਕਹਿੰਦੇ ਹਨ, "ਕਰਤਾ ਪੁਰਖੁ"।

ਉਹੀ ਬਨਾਉਣ ਵਾਲਾ। ਲੇਕਿਨ ਉਸੇ ਘੜੀ ਖਿਆਲ 'ਚ ਆਉਂਦਾ ਹੈ ਕਿ ਜੇਕਰ

ਉਹ ਹੀ ਬਨਾਉਣ ਵਾਲਾ ਹੈ, ਅਤੇ ਅਸੀਂ ਬਣਾਏ ਗਏ ਹਾਂ, ਤਾਂ ਦਵੈਤ ਹੋ ਗਿਆ। ਨਾਨਕ ਤਾਂ ਸ਼ੁਰੂ ਵਿੱਚ ਹੀ ਨਾਂਹ ਕਰ ਦਿੰਦੇ ਹਨ: ਕਿ ਉਹ ਇੱਕ ਹੈ। ਜੇਕਰ ਉਹ ਬਨਾਉਣ ਵਾਲਾ ਸਿਰਜਨਹਾਰ ਹੈ ਅਤੇ ਸ੍ਰਿਸ਼ਟੀ ਵੱਖਰੀ ਹੈ, ਜਿਸ ਨੂੰ ਉਸਨੇ ਬਣਾਇਆ ਤਾਂ ਦਵੈਤ ਸ਼ੁਰੂ ਹੋ ਗਿਆ।

ਸਾਡੀ ਭਾਸ਼ਾ ਤੋਂ ਅੜਚਨ ਸ਼ੁਰੂ ਹੁੰਦੀ ਹੈ ਜਿਵੇਂ ਜਿਵੇਂ ਨਾਨਕ ਅੱਗੇ ਵਧਣਗੇ, ਤਿਵੇਂ ਤਿਵੇਂ ਅੜਚਨ ਸ਼ੁਰੂ ਹੋਵੇਗੀ। ਜਿਹੜਾ ਉਨ੍ਹਾਂ ਨੇ ਪਹਿਲਾ ਸ਼ਬਦ ਬੋਲਿਆ ਹੈ, ਸਮਾਧੀ ਦੇ ਬਾਦ, ਉਹ ਹੈ—"੧ਓ ਸਤਿਨਾਮੁ"

ਸੱਚ ਤਾਂ ਇਹ ਹੈ ਕਿ ਪੂਰਾ ਸਿੱਖ ਧਰਮ ਇਨ੍ਹਾਂ ਤਿੰਨਾਂ ਸ਼ਬਦਾਂ 'ਚ ਸਮਾਪਤ ਹੋ ਜਾਂਦਾ ਹੈ। ਇਸ ਦੇ ਅੱਗੇ ਤਾਂ ਤੁਹਾਨੂੰ ਸਮਝਾਉਣ ਦੀ ਕੋਸ਼ਿਸ਼ ਹੈ, ਵਰਨਾ ਗੱਲ ਪੂਰੀ ਹੋ ਗਈ। ਤੁਸੀਂ ਨਹੀਂ ਸਮਝੋਗੇ ਇਸ ਨਾਲ, ਇਸ ਲਈ ਅੱਗੇ ਫ਼ਿਰ ਫੈਲਾਓ ਕਰਨਾ ਪੈਂਦਾ ਹੈ, ਵਰਨਾ ਮੰਤ੍ਰ ਤਾਂ ਪੂਰਾ ਹੋ ਗਿਆ। ਗੱਲ ਤਾਂ ਪੂਰੀ ਹੋ ਗਈ। "੧ਓ ਸਤਿਨਾਮੁ" ਸਭ ਕਹਿ ਦਿੱਤਾ। ਪਰ ਤੁਹਾਡੇ ਲਈ ਤਾਂ ਅਜੇ ਕੁਝ ਵੀ ਨਹੀਂ ਕਿਹਾ ਗਿਆ। ਇਨ੍ਹਾਂ ਤਿੰਨਾਂ ਸ਼ਬਦਾਂ ਨਾਲ ਕੀ ਹੱਲ ਹੋਵੇਗਾ? ਕੁਝ ਨਹੀਂ ਹੱਲ ਹੁੰਦਾ ਤਦ ਤੁਹਾਡੀ ਭਾਸ਼ਾ ਸ਼ੁਰੂ ਹੁੰਦੀ ਹੈ।

"ਕਰਤਾ ਪੁਰਖੁ"—ਉਹ ਬਨਾਉਣ ਵਾਲਾ ਹੈ, ਪਰ ਧਿਆਨ ਰੱਖਣਾ ਜੋ ਉਸ ਨੇ ਬਣਾਇਆ ਹੈ ਉਹ ਉਸ ਕੋਲੋਂ ਵੱਖਰਾ ਨਹੀਂ ਹੈ। ਬਨਾਉਣ ਵਾਲਾ ਬਣਾਈ ਹੋਈ ਸ੍ਰਿਸ਼ਟੀ ਵਿੱਚ ਲੁਕਿਆ ਹੈ। ਕਰਤਾ, ਕ੍ਰਿਤਯ ਵਿੱਚ ਲੁਕਿਆ ਹੈ। ਬਨਾਉਣ ਵਾਲਾ ਸ੍ਰਿਸ਼ਟੀ ਵਿੱਚ ਲੀਨ ਹੈ। ਇਸ ਲਈ ਨਾਨਕ ਨੇ ਗ੍ਰਹਿਸਤ ਅਤੇ ਸੰਨਿਆਸੀ ਨੂੰ ਵੱਖਰਾ ਨਹੀਂ ਕੀਤਾ। ਕਿਉਂਕਿ ਜੇਕਰ ਕਰਤਾ ਪਰਮੇਸ਼ਵਰ ਵੱਖਰਾ ਹੈ ਸ੍ਰਿਸ਼ਟੀ ਤੋਂ, ਤਾਂ ਫ਼ਿਰ ਤੁਹਾਨੂੰ ਸ੍ਰਿਸ਼ਟੀ ਦੇ ਕੰਮ-ਧੰਦੇ ਤੋਂ ਹਟ ਜਾਣਾ ਚਾਹੀਦਾ ਹੈ। ਜਦ ਤੁਸੀਂ ਕਰਤਾ ਪੁਰਖੁ ਨੂੰ ਲੱਭਣਾ ਹੈ, ਤਾਂ ਕ੍ਰਿਤਯ ਤੋਂ ਦੂਰ ਹੋ ਜਾਣਾ ਚਾਹੀਦਾ ਹੈ, ਕਰਮ ਤੋਂ ਦੂਰ ਹੋ ਜਾਣਾ ਚਾਹੀਦਾ ਹੈ ਫ਼ਿਰ ਬਾਜ਼ਾਰ ਹੈ, ਦੁਕਾਨ ਹੈ, ਕੰਮ-ਧੰਦਾ ਹੈ, ਉਸ ਤੋਂ ਵੱਖਰਾ ਹੋ ਜਾਣਾ ਚਾਹੀਦਾ ਹੈ।

ਨਾਨਕ ਆਖ਼ੀਰ ਤੱਕ ਵੱਖਰੇ ਨਹੀਂ ਹੋਏ। ਯਾਤ੍ਰਾਵਾਂ ਤੇ ਜਾਂਦੇ ਰਹੇ ਅਤੇ ਜਦ ਵੀ ਮੁੜ ਕੇ ਆਉਂਦੇ ਤਾਂ ਫ਼ਿਰ ਆਪਣੀ ਖੇਤੀ-ਬਾੜੀ ਵਿੱਚ ਲੱਗ ਜਾਂਦੇ, ਫ਼ਿਰ ਚੁੱਕ ਲੈਂਦੇ ਹਲ-ਪੰਜਾਲੀ। ਪੂਰੇ ਜੀਵਨ ਜਦ ਵੀ ਮੁੜ ਕੇ ਘਰ ਆਉਂਦੇ, ਤਦ ਆਪਣਾ ਕੰਮ-ਧੰਦਾ ਸ਼ੁਰੂ ਕਰ ਦਿੰਦੇ।

ਜਿਸ ਪਿੰਡ ਵਿੱਚ ਉਹ ਅਖ਼ੀਰ 'ਚ ਵੱਸ ਗਏ ਸੀ, ਉਸਦਾ ਨਾਮ ਉਨ੍ਹਾਂ ਨੇ

"ਕਰਤਾਰਪੁਰ" ਰੱਖ ਲਿਆ ਸੀ—ਕਰਤੇ ਦਾ ਪਿੰਡ।

ਜੇਕਰ ਪਰਮਾਤਮਾ ਕਰਤਾ ਹੈ, ਤਾਂ ਤੁਸੀਂ ਇਹ ਨਾ ਸਮਝਣਾ ਕਿ ਉਹ ਦੂਰ ਹੋ ਗਿਆ ਹੈ ਕ੍ਰਿਤਯ ਤੋਂ। ਇੱਕ ਆਦਮੀ ਮੂਰਤੀ ਬਣਾਉਂਦਾ ਹੈ, ਜਦ ਮੂਰਤੀ ਬਣ ਜਾਂਦੀ ਹੈ ਤਾਂ ਮੂਰਤੀਕਾਰ ਵੱਖਰਾ ਹੋ ਜਾਂਦਾ ਹੈ, ਮੂਰਤੀ ਵੱਖਰੀ ਹੋ ਜਾਂਦੀ ਹੈ, ਦੋ ਹੋ ਗਏ। ਮੂਰਤੀਕਾਰ ਦੇ ਮਰਨ ਨਾਲ ਮੂਰਤੀ ਨਹੀਂ ਮਰੇਗੀ। ਮੂਰਤੀਕਾਰ ਮਰ ਜਾਏ, ਮੂਰਤੀ ਰਹੇ ਗੀ। ਮੂਰਤੀ ਦੇ ਟੁੱਟਣ ਤੇ ਮੂਰਤੀਕਾਰ ਨਹੀਂ ਮਰੇਗਾ। ਮੂਰਤੀ ਟੁੱਟ ਜਾਏ, ਮੂਰਤੀਕਾਰ ਬਚੇਗਾ। ਦੋਨੋਂ ਵੱਖਰੇ ਹੋ ਗਏ, ਪਰਮਾਤਮਾ ਅਤੇ ਉਸ ਦੀ ਸ੍ਰਿਸ਼ਟੀ 'ਚ ਅਜਿਹਾ ਫਾਸਲਾ ਨਹੀਂ ਹੈ।

ਫ਼ਿਰ ਪਰਮਾਤਮਾ ਅਤੇ ਉਸਦੀ ਸ੍ਰਿਸ਼ਟੀ 'ਚ ਕਿਹੋ ਜਿਹਾ ਸੰਬੰਧ ਹੈ? ਉਹ ਅਜਿਹਾ ਹੈ, ਜਿਵੇਂ ਨਚਾਰ (ਨੱਚਣ ਵਾਲਾ) ਦਾ। ਇੱਕ ਆਦਮੀ ਨੱਚ ਰਿਹਾ ਹੈ, ਤਾਂ ਨਾਚ ਹੈ, ਪਰ ਕੀ ਤੁਸੀਂ ਨਾਚ ਨੂੰ ਅਤੇ ਨੱਚਣ ਵਾਲੇ ਨੂੰ ਅਲੱਗ ਕਰ ਸਕਦੇ ਹੋ? ਨੱਚਣ ਵਾਲਾ ਘਰ ਚਲਾ ਜਾਏ, ਨਾਚ ਤੁਹਾਡੇ ਕੋਲ ਛੱਡ ਸਕੇਗਾ? ਨੱਚਣ ਵਾਲਾ ਮਰੇਗਾ, ਨਾਚ ਮਰ ਜਾਏਗਾ। ਨਾਚ ਰੁਕੇਗਾ, ਫ਼ਿਰ ਉਹ ਨੱਚਣ ਵਾਲਾ ਆਦਮੀ ਨਾ ਰਿਹਾ। ਦੋਵੇਂ ਜੁੜੇ ਹੋਏ ਹਨ। ਇਸ ਲਈ ਹਿੰਦੂਆਂ ਨੇ ਬੜੇ ਪ੍ਰਾਚੀਨ ਸਮੇਂ ਤੋਂ ਪਰਮਾਤਮਾ ਨੂੰ ਨੱਚਣ ਵਾਲੇ ਦੇ ਰੂਪ ਵਿੱਚ ਵੇਖਿਆ—'ਨਟਰਾਜ'। ਕਿਉਂਕਿ 'ਨਟਰਾਜ' ਦੇ ਪ੍ਰਤੀਕ 'ਚ ਨੱਚਣ ਵਾਲਾ ਤੇ ਨਾਚ ਵੱਖਰੇ ਨਹੀਂ ਹੁੰਦੇ।

ਕਵੀ ਵੀ ਕਵਿਤਾ ਬਣਾਏ ਤਾਂ ਕਵਿਤਾ ਤੋਂ ਵੱਖਰਾ ਹੋ ਜਾਂਦਾ ਹੈ। ਮੂਰਤੀਕਾਰ ਮੂਰਤੀ ਬਣਾਏ, ਮੂਰਤੀ ਤੋਂ ਵੱਖਰਾ ਹੋ ਜਾਂਦਾ ਹੈ। ਮਾਂ ਪੁੱਤਰ ਨੂੰ ਜਨਮ ਦੇਂਦੀ ਹੈ, ਜਨਮ ਦਿੰਦੇ ਹੀ ਵੱਖਰੀ ਹੋ ਜਾਂਦੀ ਹੈ। ਪਿਤਾ ਪੁੱਤਰ ਤੋਂ ਵੱਖਰਾ ਹੈ, ਲੇਕਿਨ ਪਰਮਾਤਮਾ ਸ੍ਰਿਸ਼ਟੀ ਤੋਂ ਵੱਖਰਾ ਨਹੀਂ ਹੈ, ਸ੍ਰਿਸ਼ਟੀ ਵਿੱਚ ਸਮਾਇਆ ਹੋਇਆ ਹੈ। ਜੇਕਰ ਠੀਕ-ਠੀਕ ਤੁਹਾਡੀ ਭਾਸ਼ਾ ਦੀ ਵਰਤੋਂ ਨਾ ਕੀਤੀ ਜਾਏ, ਤਾਂ ਕਹਿਣਾ ਪਵੇਗਾ **The creater is the creation** ਉਹ ਜਿਹੜਾ ਸਿਰਜਨਹਾਰ ਹੈ, ਉਹੀ ਸ੍ਰਿਸ਼ਟੀ ਹੈ। ਹੋਰ ਵੀ ਜੇਕਰ ਠੀਕ ਕਹਿਣਾ ਹੋਵੇ ਤਾਂ, **The creater is nothing but the creativity.** ਬਨਾਉਣ ਵਾਲਾ ਸਿਰਜਨ ਦੀ ਪ੍ਰਕ੍ਰਿਆ ਹੈ, ਉਹ ਆਪ ਬਨਾਉਣ ਵਾਲਾ ਹੈ।

ਇਸ ਲਈ ਨਾਨਕ ਕਹਿੰਦੇ ਹਨ, ਕੁਝ ਛੱਡ ਕੇ ਭੱਜਣਾ ਨਹੀਂ ਹੈ। ਜਿੱਥੇ ਹੋ ਤੁਸੀਂ, ਉਥੇ ਹੀ ਉਹ ਲੁਕਿਆ ਹੈ। ਨਾਨਕ ਨੇ ਇੱਕ ਅਨੋਖੇ ਧਰਮ ਨੂੰ ਜਨਮ ਦਿੱਤਾ ਹੈ ਜਿਸਦੇ ਵਿੱਚ ਗ੍ਰਹਿਸਤ ਅਤੇ ਸੰਨਿਆਸੀ ਇੱਕ ਹਨ ਅਤੇ ਉਹ ਹੀ ਆਦਮੀ ਆਪਣੇ ਨੂੰ ਸਿੱਖ

ਕਹਿਣ ਦਾ ਹੱਕਦਾਰ ਹੈ, ਜਿਹੜਾ ਗ੍ਰਿਹਸਤ ਹੁੰਦੇ ਹੋਏ ਸੰਨਿਆਸੀ ਹੋਵੇ। ਸੰਨਿਆਸੀ ਹੁੰਦੇ ਹੋਏ ਗ੍ਰਿਹਸਤ ਹੋਵੇ।

ਸਿਰ ਦੇ ਵਾਲ ਵਧਾ ਲੈਣ ਨਾਲ, ਪਗੜੀ ਬੰਨ੍ਹ ਲੈਣ ਨਾਲ ਕੋਈ ਸਿੱਖ ਨਹੀਂ ਹੁੰਦਾ। ਸਿੱਖ ਹੋਣਾ ਬੜਾ ਔਖਾ ਹੈ, ਗ੍ਰਿਹਸਤ ਹੋਣਾ ਆਸਾਨ ਹੈ। ਸੰਨਿਆਸੀ ਹੋਣਾ ਆਸਾਨ: ਛੱਡ ਕੇ ਭੱਜ ਜਾਓ ਜੰਗਲ 'ਚ। ਸਿੱਖ ਹੋਣਾ ਔਖਾ ਹੈ, ਕਿਉਂਕਿ ਸਿੱਖ ਦਾ ਅਰਥ ਹੈ—ਸੰਨਿਆਸੀ ਗ੍ਰਿਹਸਤ ਇਕੱਠੇ। ਰਹਿਣਾ ਘਰ ਵਿੱਚ ਅਤੇ ਇਵੇਂ ਰਹਿਣਾ ਜਿਵੇਂ ਨਾ ਹੋਵੇ, ਰਹਿਣਾ ਘਰ 'ਚ ਤੇ ਇੰਜ ਰਹਿਣਾ ਜਿਵੇਂ ਹਿਮਾਲੀਆ ਤੇ ਹੋਵੇ। ਕਰਨੀ ਦੁਕਾਨ, ਲੇਕਿਨ ਯਾਦ ਪਰਮਾਤਮਾ ਨੂੰ ਰੱਖਣਾ। ਗਿਣਨੇ ਰੁਪਈਏ ਨਾਉਂ ਉਸ ਦਾ ਲੈਣਾ।

ਨਾਨਕ ਨੂੰ ਜੋ ਪਹਿਲੀ ਝਲਕ ਮਿਲੀ, ਪਰਮਾਤਮਾ ਦੀ, ਜਿਸ ਨੂੰ ਸਤੋਰੀ ਕਹਿ ਲਵੋ—ਇਸ ਨਦੀ 'ਚ ਤਿੰਨ ਦਿਨ ਡੁੱਬ ਕੇ ਜਿਹੜੀ ਘਟਨਾ ਵਾਪਰੀ ਉਹ ਸਮਾਧੀ ਦੀ ਹੈ। ਉਸ ਪਿੱਛੋਂ ਤਾਂ ਉਹ ਪਰਮ ਪੁਰਖ ਹੋ ਗਏ, ਪਰ ਉਸ ਤੋਂ ਪਹਿਲਾਂ ਕਈ ਛੋਟੀਆਂ-ਛੋਟੀਆਂ ਝਲਕਾਂ ਮਿਲੀਆਂ।

ਜਿਹੜੀ ਪਹਿਲੀ ਝਲਕ ਨਾਨਕ ਨੂੰ ਮਿਲੀ, ਉਹ ਮਿਲੀ ਇੱਕ ਦੁਕਾਨ ਤੇ, ਜਿੱਥੇ ਉਹ ਤੱਕੜੀ ਨਾਲ ਕਣਕ ਅਤੇ ਹੋਰ ਅਨਾਜ ਤੋਲ ਰਹੇ ਸੀ। ਅਨਾਜ ਤੋਲ ਕੇ ਕਿਸੇ ਨੂੰ ਦੇ ਰਹੇ ਸੀ। ਤੱਕੜੀ 'ਚ ਭਰਦੇ ਅਤੇ ਪਾਉਂਦੇ ਕਹਿੰਦੇ ਇੱਕ, ਦੋ, ਤਿੰਨ....ਦਸ, ਗਿਆਰਾਂ, ਬਾਰਾਂ ਫ਼ਿਰ ਪੁੱਜੇ ਉਹ 'ਤੇਰਾਂ' ਪੰਜਾਬੀ 'ਚ ਤੇਰਾਂ ਦਾ ਜੋ ਰੂਪ ਹੈ ਉਹ 'ਤੇਰਾ'। ਉਨ੍ਹਾਂ ਨੂੰ ਯਾਦ ਆ ਗਈ ਪਰਮਾਤਮਾ ਦੀ। ਤੇਰਾ, ਦਾਈਨ (Thine) ਦਾਓ (Thou) ਧੁਨ ਬਣ ਗਈ। ਫ਼ਿਰ ਉਹ ਤੋਲਦੇ ਗਏ ਪਰ ਗਿਣਤੀ ਤੇਰਾਂ ਤੋਂ ਅੱਗੇ ਨਾ ਵਧੀ। ਭਰਦੇ, ਤੱਕੜੀ 'ਚ ਪਾਉਂਦੇ ਅਤੇ ਕਹਿੰਦੇ 'ਤੇਰਾ' ਕਿਉਂਕਿ ਅਖ਼ੀਰਲਾ ਪੜਾਓ ਆ ਗਿਆ। ਤੇਰਾਂ ਤੋਂ ਅੱਗੇ ਕੋਈ ਗਿਣਤੀ ਹੈ? ਮੰਜ਼ਿਲ ਆ ਗਈ। 'ਤੇਰਾਂ' ਤੇ ਸਭ ਸਮਾਪਤ ਹੋ ਗਿਆ। ਲੋਕ ਸਮਝੇ ਕਿ ਪਾਗਲ ਹੋ ਗਏ। ਲੋਕਾਂ ਨੇ ਰੋਕਣਾ ਵੀ ਚਾਹਿਆ, ਪਰ ਉਹ ਤਾਂ ਕਿਸੇ ਹੋਰ ਹੀ ਦੁਨੀਆਂ ਵਿੱਚ ਸਨ। ਉਹ ਤਾਂ ਕਹੀ ਜਾਂਦੇ ਸਨ "ਤੇਰਾ" ਪਾਈ ਜਾਂਦੇ ਹਨ, ਤੱਕੜੀ ਨਾਲ, ਤੋਲੀ ਜਾਂਦੇ ਸਨ ਅਤੇ ਤੇਰਾਂ ਤੋਂ ਅੱਗੇ ਨਹੀਂ ਵਧੇ। ਤੇਰਾਂ ਤੋਂ ਅੱਗੇ ਵਧਣ ਦੀ ਥਾਂ ਹੀ ਕਿੱਥੇ ਹੈ?

ਦੋ ਹੀ ਤਾਂ ਪੜਾਓ ਹਨ ਜਾਂ ਤਾਂ "ਮੈਂ" ਜਾਂ "ਤੂੰ" ਮੈਂ ਤੋਂ ਸ਼ੁਰੂਆਤ ਹੈ ਤੂੰ ਤੇ ਸਮਾਪਤੀ ਹੈ।

ਨਾਨਕ ਸੰਸਾਰ ਦੇ ਵਿਰੋਧ 'ਚ ਨਹੀਂ ਹਨ, ਨਾਨਕ ਸੰਸਾਰ ਦੇ ਪ੍ਰੇਮ 'ਚ ਹਨ।

ਕਿਉਂਕਿ ਉਹ ਕਹਿੰਦੇ ਹਨ ਕਿ ਸੰਸਾਰ ਅਤੇ ਸੰਸਾਰ ਦੇ ਬਨਾਉਣ ਵਾਲਾ ਦੋ ਨਹੀਂ। ਤੁਸੀਂ ਇਸ ਨੂੰ ਵੀ ਪ੍ਰੇਮ ਕਰੋ, ਇਸਦੇ 'ਚੋਂ ਉਸ ਨੂੰ ਵੀ ਪ੍ਰੇਮ ਕਰੋ, ਤੁਸੀਂ ਇਹਦੇ 'ਚੋਂ ਉਸ ਨੂੰ ਲਭੋ।

ਨਾਨਕ ਜਦ ਜੁਆਨ ਹੋਏ, ਤਦ ਘਰ ਦੇ ਲੋਕਾਂ ਨੇ ਕਿਹਾ ਵਿਆਹ ਕਰ ਲਵੋ, ਉਨ੍ਹਾਂ ਨੇ ਨਾਂਹ ਨਹੀਂ ਕੀਤੀ। ਸੋਚਦੇ ਤਾਂ ਰਹੇ ਹੋਣਗੇ ਘਰ ਦੇ ਲੋਕੀ ਕਿ ਇਹ ਨਾਂਹ ਕਰੇਗਾ। ਬਾਲਪਨ ਤੋਂ ਹੀ ਇਸਦੇ ਰੰਗ-ਢੰਗ ਠੀਕ ਨਹੀਂ ਸੀ, ਨਾਨਕ ਦੇ ਪਿਤਾ ਤਾਂ ਪਰੇਸ਼ਾਨ ਹੀ ਰਹੇ। ਉਨ੍ਹਾਂ ਨੂੰ ਕਦੇ ਸਮਝ ਨਹੀਂ ਆਈ ਕਿ ਕੀ ਮਾਮਲਾ ਹੈ, ਭਜਨ 'ਚ, ਕੀਰਤਨ 'ਚ, ਸਾਧ-ਸੰਗਤ 'ਚ.....।

ਪੁੱਤਰ ਨੂੰ ਸਾਮਾਨ ਖਰੀਦਣ ਦੂਜੇ ਪਿੰਡ ਟੋਰਿਆ। ਵੀਹ ਰੁਪਈਏ ਦਿੱਤੇ ਸਨ। ਸਾਮਾਨ ਤਾਂ ਖਰੀਦਿਆ, ਰਾਹ ਵਿੱਚ ਸਾਧੂ ਮਿਲ ਗਏ, ਉਹ ਭੁੱਖੇ ਸਨ। ਪਿਤਾ ਨੇ ਟੁਰਦੇ ਵੇਲੇ ਕਿਹਾ ਸੀ, ਸਸਤੀ ਚੀਜ਼ ਖਰੀਦ ਲਿਆਉਣਾ, ਤੇ ਇਸ ਪਿੰਡ 'ਚ ਆ ਕੇ ਮਹਿੰਗੇ ਭਾਅ ਵੇਚ ਦੇਣਾ, ਇਹ ਹੀ ਧੰਦੇ ਦਾ ਗੁਰ ਹੈ। ਦੂਜੇ ਪਿੰਡ, ਚੋਂ ਸਸਤੇ 'ਚ ਖਰੀਦਣਾ, ਇਥੇ ਆ ਕੇ ਮਹਿੰਗੇ 'ਚ ਵੇਚ ਦੇਣਾ। ਇਥੇ ਜਿਹੜੀ ਚੀਜ਼ ਸਸਤੀ ਹੋਵੇ ਖਰੀਦਣਾ, ਦੂਜੇ ਪਿੰਡ ਮਹਿੰਗੀ ਕਰਕੇ ਵੇਚਣਾ, ਉਹ ਹੀ ਲਾਭ ਦਾ ਰਾਹ ਹੈ। ਤਾਂ ਕੋਈ ਇਹੋ ਜਿਹੀ ਚੀਜ਼ ਖਰੀਦ ਕੇ ਲਿਆਉਣਾ ਜਿਸ 'ਚ ਲਾਭ ਹੋਵੇ। ਨਾਨਕ ਖਰੀਦ-ਦਾਰੀ ਕਰਕੇ ਮੁੜ ਰਹੇ ਸੀ, ਉਨ੍ਹਾਂ ਨੂੰ ਸਾਧੂਆਂ ਦੀ ਇੱਕ ਟੋਲੀ ਮਿਲ ਗਈ, ਉਹ ਪੰਜ ਦਿਨਾਂ ਤੋਂ ਭੁੱਖੇ ਸਨ। ਨਾਨਕ ਨੇ ਪੁੱਛਿਆ, ਭੁੱਖੇ ਬੈਠੇ ਹੋ, ਉਠੋ ਕੁਝ ਕਰੋ, ਪਿੰਡ ਵਿੱਚ ਕਿਉਂ ਨਹੀਂ ਜਾਂਦੇ?

ਉਨ੍ਹਾਂ ਨੇ ਕਿਹਾ, ਇਹ ਹੀ ਸਾਡਾ ਵਰਤ ਹੈ। ਜਦ ਉਸਦੀ ਮਰਜ਼ੀ ਹੋਵੇਗੀ, ਉਹ ਦੇਵੇਗਾ। ਅਸੀਂ ਆਨੰਦ 'ਚ ਹਾਂ। ਭੁੱਖ ਨਾਲ ਕੋਈ ਫ਼ਰਕ ਨਹੀਂ ਪੈਂਦਾ।

ਤਦ ਨਾਨਕ ਨੇ ਸੋਚਿਆ, ਇਸ ਤੋਂ ਬਹੁਤੀ ਲਾਭ ਦੀ ਗੱਲ ਹੋਰ ਕੀ ਹੋਵੇਗੀ। ਕਿਉਂ ਨਾ ਇਨ੍ਹਾਂ ਪਰਮ ਸਾਧੂਆਂ ਨੂੰ ਇਹ ਭੋਜਨ ਵੰਡ ਦਿੱਤਾ ਜਾਏ ਜਿਹੜਾ ਮੈਂ ਬਾਹਰਲੇ ਪਿੰਡ ਤੋਂ ਖਰੀਦ ਕੇ ਲਿਆਇਆ ਹਾਂ। ਪਿਤਾ ਨੇ ਇਹ ਹੀ ਤਾਂ ਕਿਹਾ ਸੀ, ਕਿ ਕੁਝ ਕੰਮ ਲਾਭ ਦਾ ਕਰੀਂ।

ਭੋਜਨ ਵੰਡ ਦਿੱਤਾ, ਨਾਲ ਜੋੜੀਦਾਰ ਸੀ, ਮਿੱਤਰ ਸੀ, ਉਸਦਾ ਨਾਉਂ ਬਾਲਾ ਸੀ। ਉਸਨੇ ਕਿਹਾ ਕੀ ਕਰਦੇ ਹੋ, ਦਿਮਾਗ ਖਰਾਬ ਹੋ ਗਿਆ ਹੈ? ਨਾਨਕ ਨੇ ਕਿਹਾ, ਇਹੋ ਹੀ ਤਾਂ ਕਿਹਾ ਸੀ ਪਿਤਾ ਨੇ ਕਿ ਕੁਝ ਲਾਭ ਦਾ ਕੰਮ ਕਰਨਾ, ਇਸ ਤੋਂ ਵੱਧ ਲਾਭ ਕੀ ਹੋਵੇਗਾ? ਵੰਡ ਕੇ ਬੜੇ ਖੁਸ਼ ਘਰ ਪਰਤੇ।

ਇਸ ਲਈ ਕਹਿੰਦਾ ਹਾਂ ਢੰਗ ਦੇ ਨਹੀਂ ਸਨ। ਪਿਤਾ ਨੇ ਕਿਹਾ, "ਮੂਰਖਾ! ਇਵੇਂ ਕਦੇ ਧੰਦਾ ਹੋਇਆ ਹੈ? ਤੂੰ ਬਰਬਾਦ ਕਰਕੇ ਛੱਡੇਂਗਾ।"

ਅਤੇ ਨਾਨਕ ਨੇ ਆਖਿਆ, "ਤੁਸੀਂ ਨਹੀਂ ਸੋਚਦੇ ਕਿ ਇਸ ਤੋਂ ਵੱਧ ਲਾਭ ਦੀ ਹੋਰ ਕੀ ਗੱਲ ਹੋਵੇਗੀ? ਲਾਭ ਕਮਾ ਕੇ ਪਰਤਿਆ ਹਾਂ।"

ਲੇਕਿਨ ਇਹ ਲਾਭ ਕਿਸੇ ਨੂੰ ਵਿਖਾਈ ਨਹੀਂ ਦਿੰਦਾ ਸੀ। ਨਾਨਕ ਦੇ ਪਿਤਾ ਕਾਲੂ ਮਹਿਤਾ ਨੂੰ ਤਾਂ ਬਿਲਕੁਲ ਵਿਖਾਈ ਨਹੀਂ ਸੀ ਦਿੰਦਾ। ਉਨ੍ਹਾਂ ਨੂੰ ਤਾਂ ਲੱਗਦਾ ਸੀ ਮੁੰਡਾ ਵਿਗੜ ਗਿਆ, ਸਾਧ-ਸੰਗਤ 'ਚ ਵਿਗੜਿਆ, ਹੋਸ਼ 'ਚ ਨਹੀਂ ਹੈ। ਸੋਚਿਆ ਕਿ ਸ਼ਾਇਦ ਇਸਤ੍ਰੀ ਨਾਲ ਬੰਨ੍ਹਣ ਨਾਲ ਰਾਹਤ ਮਿਲੀ ਜਾਏਗੀ।

ਅਕਸਰ ਲੋਕ ਅਜਿਹਾ ਸੋਚਦੇ ਹਨ। ਸੋਚਣ ਦਾ ਕਾਰਣ ਹੈ, ਕਿਉਂਕਿ ਸੰਨਿਆਸੀ ਇਸਤ੍ਰੀ ਨੂੰ ਛੱਡ ਕੇ ਭੱਜ ਜਾਂਦੇ ਹਨ, ਤੇ ਜੇਕਰ ਕਿਸੇ ਨੂੰ ਗ੍ਰਹਿਸਤ ਬਨਾਉਣਾ ਹੋਵੇ ਤਾਂ ਇਸਤ੍ਰੀ ਨਾਲ ਬੰਨ੍ਹ ਦਿਓ, ਪਰ ਨਾਨਕ ਉਤੇ ਇਹ ਤਰਕੀਬ ਕੰਮ ਨਾ ਆਈ। ਕਿਉਂਕਿ ਇਹ ਆਦਮੀ ਕਿਸੇ ਚੀਜ਼ ਦੇ ਵਿਰੁੱਧ ਨਹੀਂ ਸੀ।

ਪਿਤਾ ਨੇ ਕਿਹਾ, "ਵਿਆਹ ਕਰ ਲੈ।" ਨਾਨਕ ਨੇ ਕਿਹਾ, "ਚੰਗਾ"। ਵਿਆਹ ਹੋ ਗਿਆ। ਪਰ ਉਨ੍ਹਾਂ ਦੇ ਵਰਤਾਓ ਵਿੱਚ ਕੋਈ ਫ਼ਰਕ ਨਾ ਪਿਆ। ਬੱਚੇ ਹੋ ਗਏ, ਪਰ ਉਨ੍ਹਾਂ ਦੇ ਵਰਤਾਓ 'ਚ ਫ਼ਿਰ ਵੀ ਕੋਈ ਫ਼ਰਕ ਨਾ ਪਿਆ।

ਇਸ ਆਦਮੀ ਨੂੰ ਵਿਗਾੜਣ ਦਾ ਕੋਈ ਉਪਾਅ ਹੀ ਨਹੀਂ ਸੀ, ਕਿਉਂਕਿ ਸੰਸਾਰ ਅਤੇ ਪਰਮਾਤਮਾ 'ਚ ਉਸਨੂੰ ਕੋਈ ਭੇਦ ਹੀ ਨਹੀਂ ਸੀ। ਤੁਸੀਂ ਵਿਗਾੜੋਗੇ ਕਿਵੇਂ? ਜਿਹੜਾ ਆਦਮੀ ਧਨ ਛੱਡ ਕੇ ਸੰਨਿਆਸੀ ਹੋ ਜਾਏ, ਵਿਗਾੜ ਸਕਦੇ ਹੋ, ਧਨ ਦੇ ਦਿਓ। ਜਿਹੜਾ ਆਦਮੀ ਇਸਤ੍ਰੀ ਛੱਡ ਕੇ ਸੰਨਿਆਸੀ ਹੋ ਜਾਏ, ਇੱਕ ਸੋਹਣੀ ਇਸਤ੍ਰੀ ਉਸਦੇ ਕੋਲ ਪਹੁੰਚਾ ਦਿਓ, ਵਿਗਾੜ ਸਕਦੇ ਹੋ। ਪਰ ਜਿਹੜਾ ਕੁਝ ਛੱਡ ਕੇ ਹੀ ਨਹੀਂ ਗਿਆ, ਉਸ ਨੂੰ ਤੁਸੀਂ ਕਿਵੇਂ ਵਿਗਾੜੋਗੇ? ਉਸਦੇ ਪਤਨ ਦਾ ਕੋਈ ਰਾਹ ਨਹੀਂ ਹੈ। ਨਾਨਕ ਨੂੰ ਵਿਗਾੜਿਆ ਨਹੀਂ ਜਾ ਸਕਦਾ।

ਮੈਂ ਵੀ ਪੱਖ 'ਚ ਹਾਂ ਕਿ ਸੰਨਿਆਸੀ ਤਾਂ ਨਾਨਕ ਦੇ ਹੀ ਹੋਣੇ ਚਾਹੀਦੇ ਹਨ। ਕਿਉਂਕਿ ਸੰਨਿਆਸੀ ਉਹ ਹੀ ਪਰਮ ਹੈ, ਜਿਸ ਨੂੰ ਭ੍ਰਿਸ਼ਟ ਨਾ ਕੀਤਾ ਜਾ ਸਕੇ। ਭ੍ਰਿਸ਼ਟ ਤੁਸੀਂ ਉਸੇ ਨੂੰ ਨਹੀਂ ਕਰ ਸਕੋਗੇ, ਜਿਹੜਾ ਠੀਕ ਤੁਹਾਡੇ ਸੰਸਾਰ 'ਚ ਬੈਠਾ ਹੈ, ਫ਼ਿਰ ਵੀ ਉਥੇ ਨਹੀਂ ਹੈ। ਤੁਸੀਂ ਉਸ ਨੂੰ ਕਿਵੇਂ ਭ੍ਰਿਸ਼ਟ ਕਰੋਗੇ? ਉਸਨੇ ਸਾਰੇ ਉਪਾਅ ਤੋੜ ਦਿੱਤੇ ਹਨ।

ਉਹ ਪਰਮਾਤਮਾ ਜਿਸ ਨੂੰ ਨਾਨਕ ਕਹਿੰਦੇ ਹਨ, "ਕਰਤਾ ਪੁਰਖੁ" ਭੈਅ ਤੋਂ

ਰਹਿਤ, ਕਿਉਂਕਿ ਡਰ ਤਾਂ ਉਥੇ ਹੁੰਦਾ ਹੈ ਜਿਥੇ ਦੂਜਾ ਹੋਵੇ।

ਪੱਛਮ ਵਿੱਚ ਜਿਆਂਪਾਲਸਾਤਰ ਦਾ ਇੱਕ ਵਚਨ ਬਹੁਤ ਪ੍ਰਸਿੱਧ ਹੋ ਗਿਆ। ਉਹ ਵਚਨ ਹੈ—"**The other is hell,** ਦੂਜਾ ਨਰਕ ਹੈ।" ਤੁਹਾਡਾ ਵੀ ਅਨੁਭਵ ਇਹ ਹੀ ਹੈ। ਕਿੰਨੀ ਵਾਰ ਤੁਸੀਂ ਨਹੀਂ ਚਾਹੁੰਦੇ ਕਿ ਇਕੱਲਾ ਛੁੱਟ ਜਾਵਾਂ! ਦੂਜਾ ਉਪੱਦਰ ਹੈ ਮਿੱਤਰ ਹੋਵੇ ਤਾਂ ਥੋੜ੍ਹਾ ਘੱਟ ਉਪੱਦਰ ਹੈ, ਦੁਸ਼ਮਣ ਹੋਵੇ ਤਾਂ ਥੋੜ੍ਹਾ ਜ਼ਿਆਦਾ ਉਪੱਦਰ ਹੈ। ਆਪਣਾ ਹੋਵੇ ਤਾਂ ਥੋੜ੍ਹਾ ਘੱਟ, ਪਰਾਇਆ ਹੋਵੇ ਤਾਂ ਥੋੜ੍ਹਾ ਜ਼ਿਆਦਾ ਉਪੱਦਰ ਹੈ। ਲੇਕਿਨ ਦੂਜਾ ਉਪੱਦਰ ਹੈ।

ਭੈਅ ਕੀ ਹੈ? ਦੂਜੇ ਦਾ ਭੈਅ ਹੈ। ਕੋਈ ਖੋਹ ਨਾ ਲਵੇ, ਕੋਈ ਸੁਰੱਖਿਆ ਤੋੜ ਨਾ ਦੇਵੇ। ਫ਼ਿਰ ਮੌਤ ਆ ਰਹੀ ਹੈ, ਉਹ ਵੀ ਦੂਜੀ ਹੈ। ਡਰ ਕੀ ਹੈ? ਤੁਸੀਂ ਦੂਜੇ ਨਾਲ ਘਿਰੇ ਹੋਏ ਹੋ। ਇਹ ਹੀ ਤੁਹਾਡਾ ਨਰਕ ਹੈ। **The other is hell,** ਦੂਜਾ ਨਰਕ ਹੈ।

ਲੇਕਿਨ ਤੁਸੀਂ ਦੂਜੇ ਕੋਲੋਂ ਬਚੋਗੇ ਕਿਵੇਂ? ਹਿਮਾਲਯ ਉਤੇ ਵੀ ਜਾ ਕੇ ਬਹਿ ਜਾਓ ਤਾਂ ਵੀ ਤੁਸੀਂ ਇਕੱਲੇ ਨਾ ਹੋ ਸਕੋਗੇ, ਬਹਿ ਗਏ ਰੁੱਖ ਦੇ ਹੇਠਾਂ, ਕਾਂ ਵਿੱਠ ਕਰ ਦੇਵੇਗਾ। ਗੁੱਸਾ ਕਾਂ ਤੇ ਆ ਜਾਵੇਗਾ। ਬੈਠੋਗੇ, ਮੀਂਹ ਆ ਜਾਵੇਗਾ, ਧੁੱਪ ਆ ਜਾਵੇਗੀ। ਦੂਜੇ ਤੋਂ ਤੁਸੀਂ ਨੱਠੋਗੇ ਕਿੱਥੇ? ਤੁਸੀਂ ਜਿੱਥੇ ਵੀ ਜਾਓਗੇ ਦੂਜੇ ਨੂੰ ਪਾਓਗੇ। ਕਿਉਂਕਿ ਦੂਜੇ ਤੋਂ ਬਚਣ ਦਾ ਇੱਕ ਹੀ ਉਪਾਅ ਹੈ। ਤੁਸੀਂ ਉਸ ਇੱਕ ਨੂੰ ਲੱਭ ਲਵੋ, ਜਿੱਥੇ ਕੋਈ ਦੂਜਾ ਨਹੀਂ ਰਹਿ ਜਾਂਦਾ। ਫ਼ਿਰ ਸਾਰੇ ਭੈਅ ਡਿਗ ਪੈਂਦੇ ਹਨ, ਫ਼ਿਰ ਮੌਤ ਹੈ ਹੀ ਨਹੀਂ, ਫ਼ਿਰ ਬੀਮਾਰੀ ਹੈ ਹੀ ਨਹੀਂ। ਫ਼ਿਰ ਤੰਗੀ ਹੈ ਹੀ ਨਹੀਂ, ਕਿਉਂਕਿ ਦੂਜਾ ਨਾ ਰਿਹਾ, ਤੁਸੀਂ ਹੀ ਹੋ, ਕੋਈ ਫ਼ਰਕ ਨਹੀਂ ਹੈ। ਭੈਅ ਤਦ ਤੱਕ ਰਹੇਗਾ ਜਦ ਤੱਕ ਤੁਹਾਨੂੰ ਦੂਜੇ, ਦੂਜੇ ਦਿਖਾਈ ਦਿੰਦੇ ਹਨ।

"ੴ ਸਤਿਨਾਮੁ"..... ਜਿਸਦੇ ਮਨ 'ਚ ਇਹ ਛਾ ਗਿਆ, ਉਸਨੂੰ ਕਾਹਦਾ ਭੈਅ? ਪਰਮਾਤਮਾ ਨੂੰ ਭੈਅ ਨਹੀਂ ਹੋ ਸਕਦਾ। ਕਾਹਦਾ ਭੈਅ ਹੋਵੇਗਾ? ਉਹ ਹੀ ਹੈ ਇਕੱਲਾ, ਉਸ ਤੋਂ ਇਲਾਵਾ ਕੋਈ ਵੀ ਨਹੀਂ।

"ਅਕਾਲ ਭੈਅ ਤੋਂ ਰਹਿਤ" ਵੈਰ ਤੋਂ ਰਹਿਤ, ਕਾਲਾਤੀਤ, "ਅਕਾਲ ਮੂਰਤਿ" ਕਾਲਾਤੀਤ ਮੂਰਤੀ ਹੈ, ਸਮੇਂ ਦੇ ਪਾਰ ਹੈ—**Beyond it me!**

ਇਸ ਨੂੰ ਥੋੜ੍ਹਾ ਸਮਝ ਲਵੋ, ਸਮੇਂ ਦਾ ਅਰਥ ਹੀ ਹੁੰਦਾ ਹੈ ਬਦਲਾਓ। ਜੇਕਰ ਕਿਸੇ ਚੀਜ਼ 'ਚ ਬਦਲਾਓ ਨਾ ਹੋਵੇ ਤਾਂ ਤੁਹਾਨੂੰ ਸਮੇਂ ਦਾ ਪਤਾ ਹੀ ਨਹੀਂ ਲੱਗੇਗਾ। ਘੜੀ 'ਚ ਵੀ ਸਮੇਂ ਦਾ ਪਤਾ ਲੱਗਦਾ ਹੈ, ਕਿਉਂਕਿ ਸੂਈ ਘੁੰਮਦੀ ਹੈ। ਜੇਕਰ ਸੂਈ ਨਾ ਘੁੰਮੇ ਤਾਂ ਸਮੇਂ ਦਾ ਪਤਾ ਹੀ ਨਾ ਲੱਗੇ। ਚੀਜ਼ਾਂ ਬਦਲ ਰਹੀਆਂ ਹਨ। ਸੂਰਜ ਚੜ੍ਹਿਆ, ਦੁਪਹਿਰ

ਹੋ ਗਈ, ਤਰਕਾਲਾ ਪੈ ਗਈਆਂ ਬੱਚਾ ਸੀ, ਜਵਾਨ ਹੋ ਗਿਆ, ਜਵਾਨ ਸੀ, ਬੁੱਢਾ ਹੋ ਗਿਆ। ਤੰਦਰੁਸਤ ਬੀਮਾਰ ਹੋ ਗਿਆ, ਬੀਮਾਰ ਤੰਦਰੁਸਤ ਹੋ ਗਿਆ। ਗਰੀਬ ਅਮੀਰ ਹੋ ਗਿਆ, ਅਮੀਰ ਦਾ ਦਿਵਾਲਾ ਨਿਕਲ ਗਿਆ.....ਬਦਲਾਓ ਹੈ। ਸਭ ਚੀਜ਼ਾਂ ਬਦਲ ਰਹੀਆਂ ਹਨ। ਨਦੀ ਵਗੀ ਜਾਂਦੀ ਹੈ। ਇਸ ਬਦਲਾਓ 'ਚ ਹੀ ਸਮਾਂ ਹੈ। ਸਮੇਂ ਦਾ ਅਰਥ ਹੀ ਹੁੰਦਾ ਹੈ, ਦੋ ਤਬਦੀਲੀਆਂ ਦੇ ਵਿਚਕਾਰ ਦਾ ਫਾਸਲਾ।

ਥੋੜ੍ਹਾ ਸੋਚੋ, ਜੇਕਰ ਅੱਜ ਸਵੇਰੇ ਤੁਸੀਂ ਉਠੋ ਅਤੇ ਤਰਕਾਲਾਂ ਤੀਕਰ ਕੁਝ ਵੀ ਘਟਨਾ ਨਾ ਘਟੇ, ਕੋਈ ਤਬਦੀਲੀ ਨਾ ਹੋਵੇ। ਸੂਰਜ ਰੁਕਿਆ ਰਹੇ, ਜਿੱਥੇ ਸੀ। ਤੁਹਾਡੀ ਉਮਰ ਓਨੀ ਹੀ ਬਣੀ ਰਹੇ, ਜਿੰਨੀ ਸੀ। ਘੜੀ ਦੀ ਸੂਈ ਨਾ ਹਿਲੇ। ਰੁੱਖ ਬੁੱਢੇ ਨਾ ਹੋਣ, ਪੱਤੇ ਕੁਮਲਾਉਣ ਨਾ। ਸਭ ਠਹਿਰ ਜਾਏ ਤਾਂ ਤੁਹਾਨੂੰ ਸਮੇਂ ਦਾ ਕਿਵੇਂ ਪਤਾ ਚਲੇਗਾ? ਸਮਾਂ ਹੋਏਗਾ ਹੀ ਨਹੀਂ।

ਤੁਹਾਡੇ ਲਈ ਸਮੇਂ ਦਾ ਪਤਾ ਲੱਗਦਾ ਹੈ, ਕਿਉਂਕਿ ਤੁਸੀਂ ਤਬਦੀਲੀ ਨਾਲ ਘਿਰੇ ਹੋਏ ਹੋ। ਪਰਮਾਤਮਾ ਲਈ ਕੋਈ ਸਮਾਂ ਨਹੀਂ, ਕਿਉਂਕਿ ਉਹ ਸਨਾਤਨ ਹੈ, ਸ਼ਾਸ਼ਵਤ ਹੈ, ਸਦਾ ਹੈ। ਉਸਦੇ ਲਈ ਕੁਝ ਵੀ ਤਬਦੀਲੀ ਨਹੀਂ ਹੋ ਰਹੀ ਹੈ। ਉਸਦੇ ਲਈ ਸਭ ਠਹਿਰਿਆ ਹੋਇਆ ਹੈ। ਤਬਦੀਲੀ ਅੰਨ੍ਹੀ ਅੱਖ ਦਾ ਅਨੁਭਵ ਹੈ। ਬਦਲਾਓ ਇਵੇਂ ਹੈ, ਕਿਉਂਕਿ ਸਾਨੂੰ ਪੂਰਾ ਵਿਖਾਈ ਨਹੀਂ ਪੈ ਰਿਹਾ ਹੈ। ਜੇਕਰ ਸਾਨੂੰ ਪੂਰਾ ਵਿਖਾਈ ਪੈ ਜਾਏ ਤਾਂ ਬਦਲਾਓ ਸਮਾਪਤ ਹੋ ਜਾਏ। ਬਦਲਾਓ ਦੇ ਸਮਾਪਤ ਹੁੰਦੇ ਹੀ ਸਮਾਂ ਗੁਆਚ ਜਾਂਦਾ ਹੈ। ਸਮਾਂ ਤਬਦੀਲੀ ਨੂੰ ਨਾਪਣ ਦਾ ਸਾਧਨ ਹੈ। ਪਰਮਾਤਮਾ ਲਈ ਸਭ ਜਿਉਂ ਦਾ ਤਿਉਂ ਹੈ। ਕੁਝ ਬਦਲਦਾ ਨਹੀਂ, ਸਭ ਠਹਿਰਿਆ ਹੋਇਆ ਹੈ।

*"ਕਾਲਾਤੀਤ, ਅਕਾਲ ਮੂਰਤਿ ਅਯੋਨੀ ਸੈਭੂੰ"*

ਉਹ ਕਿਸੇ ਯੋਨੀ ਤੋਂ ਪੈਦਾ ਨਹੀਂ ਹੁੰਦਾ, ਪਰਮਾਤਮਾ ਦਾ ਨਾ ਕੋਈ ਪਿਤਾ ਹੈ ਤੇ ਨਾ ਕੋਈ ਮਾਤਾ ਅਤੇ ਜਿਹੜਾ ਵੀ ਯੋਨੀ ਤੋਂ ਪੈਦਾ ਹੁੰਦਾ ਹੈ ਉਹ ਬਦਲਾਓ ਦੀ ਦੁਨੀਆਂ 'ਚ ਪਰਵੇਸ਼ ਕਰ ਜਾਂਦਾ ਹੈ। ਤੁਹਾਨੂੰ ਵੀ ਆਪਣੇ ਅੰਦਰ ਉਸੇ ਨੂੰ ਲੱਭਣਾ ਹੈ, ਜਿਹੜਾ ਯੋਨੀ ਤੋਂ ਰਹਿਤ ਹੈ। ਇਹ ਦੇਹ ਤਾਂ ਜਨਮੀ ਹੈ, ਮਰੇਗੀ। ਇਹ ਦੇਹ ਤਾਂ ਦੋ ਸਰੀਰਾਂ ਦੇ ਮਿਲਣ ਤੋਂ ਬਣੀ ਹੈ, ਖਿੰਡ ਜਾਵੇਗੀ। ਜਦ ਉਹ ਦੋ ਸ਼ਰੀਰ ਹੀ ਖਿੰਡ ਗਏ ਤਾਂ ਇਹ ਦੇਹ ਕਿਵੇਂ ਬਚੇਗੀ, ਜਿਹੜੀ ਉਨ੍ਹਾਂ ਨਾਲ ਮਿਲ ਕੇ ਬਣੀ ਹੈ?

ਲੇਕਿਨ ਉਸਦੇ ਅੰਦਰ ਅਯੋਨਿਜ ਵੀ ਹੈ, ਜਿਹੜਾ ਗਰਭ 'ਚ ਆਇਆ, ਜਿਹੜਾ ਗਰਭ ਤੋਂ ਪਹਿਲਾਂ ਸੀ! ਜੋ ਹੁਣੇ ਛੱਡ ਦੇਵੇ ਤਾਂ ਦੇਹ ਮੁਰਦੇ ਵਾਂਗ ਪਈ ਰਹਿ ਜਾਵੇਗੀ। ਇਸ ਦੇਹ ਦੇ ਅੰਦਰ ਕਾਲਾਤੀਤ ਨੇ ਪ੍ਰਵੇਸ਼ ਕੀਤਾ ਹੈ। ਅਕਾਲ ਪੁਰਖ ਇਸ ਦੇਹ ਦੇ ਅੰਦਰ ਵੀ ਮੌਜੂਦ ਹੈ। ਇਹ ਸ਼ਰੀਰ ਉਸਦਾ ਜਿਵੇਂ ਕੱਪੜਾ ਮਾਤਰ ਹੈ। ਇੱਕ ਘਰ ਹੈ,

ਜਿਸ 'ਚ ਉਹ ਠਹਿਰ ਗਿਆ।

ਲੇਕਿਨ ਤੁਸੀਂ ਜਦ ਉਸਨੂੰ ਆਪਣੇ ਅੰਦਰ ਪਾਓਗੇ, ਤਦ ਹੀ ਤੁਸੀਂ ਨਾਨਕ ਦੀ ਬਾਣੀ ਸਮਝ ਸਕੋਗੇ। ਤੁਹਾਨੂੰ ਆਪਣੇ ਅੰਦਰ ਉਸਨੂੰ ਲੱਭਣਾ ਹੈ, ਜਿਹੜਾ ਨਾ ਪਰੀਵਰਤਿਤ ਹੁੰਦਾ ਹੈ, ਨਾ ਬਦਲਦਾ ਹੈ।

ਜੇਕਰ ਤੁਸੀਂ ਕਦੇ ਥੋੜ੍ਹੀ ਜਿਹੀ ਵੀ ਅੱਖ ਬੰਦ ਕਰਕੇ ਬੈਠਣ ਦਾ ਅਭਿਆਸ ਕੀਤਾ ਹੈ, ਤਾਂ ਤੁਹਾਨੂੰ ਇੱਕ ਗੱਲ ਖਿਆਲ 'ਚ ਆਈ ਹੋਵੇਗੀ ਕਿ ਅੰਦਰ ਕੋਈ ਉਮਰ ਨਹੀਂ ਹੈ। ਤੁਸੀਂ ਚਾਲ੍ਹੀ ਸਾਲ ਦੇ ਹੋ ਕਿ ਪੰਜਾਹ ਸਾਲ ਦੇ, ਅੰਦਰ ਕੁਝ ਪਤਾ ਨਹੀਂ ਲੱਗੇਗਾ। ਤੁਸੀਂ ਜਦ ਪੰਜ ਸਾਲ ਦੇ ਸੀ ਤਦ ਵੀ ਅੱਖ ਬੰਦ ਕਰਦੇ ਤਾਂ ਅੰਦਰ ਆਪਣੇ ਆਪ ਨੂੰ ਉਹੋ ਜਿਹਾ ਹੀ ਪਾਉਂਦੇ, ਜਿਹੋ ਜਿਹਾ ਤੁਸੀਂ ਪੰਜਾਹ ਸਾਲ ਦੇ ਹੋ ਕੇ ਪਾਓਗੇ। ਜਿਵੇਂ ਅੰਦਰ ਲਈ ਸਮਾਂ ਬੀਤਿਆ ਹੀ ਨਹੀਂ। ਅੱਖ ਬੰਦ ਕਰਕੇ ਅੰਦਰ ਵੇਖੋ, ਤੁਸੀਂ ਪਾਓਗੇ ਉਥੇ ਕੁਝ ਬਦਲਦਾ ਨਹੀਂ ।

ਇਹ ਜਿਹੜਾ ਅੰਦਰ ਅਨ ਬਦਲਿਆ ਹੈ, ਇਹ ਕਿਸੇ ਯੋਨੀ ਤੋਂ ਪੈਦਾ ਨਹੀਂ ਹੋਇਆ ਹੈ। ਤੁਸੀਂ ਮਾਤਾ ਪਿਤਾ ਤੋਂ ਆਏ ਹੋ, ਉਨ੍ਹਾਂ ਤੋਂ ਪੈਦਾ ਨਹੀਂ ਹੋਏ ਹੋ। ਉਹ ਤੁਹਾਡੇ ਆਉਣ ਦਾ ਮਾਰਗ ਹਨ। ਲੇਕਿਨ ਉਹ ਤੁਹਾਡੇ ਜਨਮ ਦਾਤਾ ਨਹੀਂ ਹਨ। ਤੁਸੀਂ ਉਨ੍ਹਾਂ 'ਚੋਂ ਲੰਘੇ ਹੋ, ਕਿਉਂਕਿ ਤੁਹਾਡੀ ਦੇਹ ਨੂੰ ਬਨਾਉਣ ਦਾ ਪ੍ਰਬੰਧ ਉਨ੍ਹਾਂ ਦੇ ਅੰਦਰ ਸੀ। ਪਰ ਜਿਸ ਨੇ ਉਸ ਦੇਹ ਦੇ ਅੰਦਰ ਪ੍ਰਵੇਸ਼ ਕੀਤਾ ਹੈ, ਉਹ ਪਾਰ ਤੋਂ ਆਇਆ ਹੈ। ਆਪਣੇ ਅੰਦਰ ਜਿਸ ਦਿਨ ਤੁਸੀਂ ਅਯੋਨਿਜ ਨੂੰ ਪਾਓਗੇ, ਉਸ ਦਿਨ ਤੁਸੀਂ ਸਮਝੋਗੇ ਕਿ ਪਰਮਾਤਮਾ ਦੀ ਕੋਈ ਯੋਨੀ ਨਹੀਂ ਹੈ, ਹੋ ਵੀ ਨਹੀਂ ਸਕਦੀ। ਕਿਉਂਕਿ ਪਰਮਾਤਮਾ ਦਾ ਅਰਥ ਹੈ, ਸੰਪੂਰਣ। ਪਰਮਾਤਮਾ ਦਾ ਅਰਥ ਹੈ, ਦੀ ਟੋਟੈਲਟੀ। ਇਹ ਪੂਰੇ ਦਾ ਪੂਰਾ ਕਿਸ ਤੋਂ ਪੈਦਾ ਹੋਏਗਾ? ਪੂਰੇ ਤੋਂ ਪਾਰ ਕੁਝ ਬਚਦਾ ਹੀ ਨਹੀਂ, ਜੋ ਇਸਦਾ ਮਾਂ ਅਤੇ ਪਿਓ ਬਣ ਸਕੇ।

ਇਸ ਲਈ "ਅਯੋਨੀ ਹੈ, ਸੈਭੂੰ ਹੈ, ਆਪਣੇ ਆਪ ਹੈ। ਸੈਭੂੰ ਦਾ ਅਰਥ ਹੈ, ਆਪਣੇ ਆਪ। ਕੋਈ ਸਹਾਰਾ ਨਹੀਂ, ਕਿਸੇ ਕਾਰਣ ਤੋਂ ਨਹੀਂ, ਕੋਈ ਆਧਾਰ ਨਹੀਂ, ਆਪਣਾ ਹੀ ਆਧਾਰ ਹੈ। ਤੁਸੀਂ ਵੀ ਜਿਸ ਦਿਨ ਆਪਣੇ ਅੰਦਰ ਇਸ ਗੱਲ ਦੀ ਥੋੜ੍ਹੀ ਜਿਹੀ ਝਲਕ ਪਾਓਗੇ, ਉਸੇ ਦਿਨ ਚਿੰਤਾ ਤੋਂ ਮੁਕਤ ਹੋਵੋਗੇ।

ਤੁਹਾਡੀ ਚਿੰਤਾ ਕੀ ਹੈ? ਚਿੰਤਾ ਇਹ ਹੈ ਕਿ ਹਰ ਚੀਜ਼ ਦਾ ਆਧਾਰ ਹੈ ਅਤੇ ਹਰ ਚੀਜ਼ ਦਾ ਆਧਾਰ ਖੋਹਿਆ ਜਾ ਸਕਦਾ ਹੈ। ਖੁੱਸ ਜਾਣ ਦੀ ਚਿੰਤਾ ਹੈ। ਖੁੱਸ ਜਾਣ ਦੇ ਵਿਚਾਰ ਦੀ ਚਿੰਤਾ ਹੈ। ਅੱਜ ਧਨ ਹੈ, ਕੱਲ੍ਹ ਨਹੀਂ ਹੋਏਗਾ, ਫ਼ਿਰ ਤੁਸੀਂ ਕੀ ਕਰੋਗੇ? ਧਨ ਦੇ ਕਾਰਨ ਅਮੀਰ ਹੋ, ਆਪਣੇ ਕਾਰਣ ਅਮੀਰ ਨਹੀਂ ਹੋ।

ਸੰਨਿਆਸੀ ਆਪਣੇ ਕਾਰਣ ਅਮੀਰ ਹੈ, ਉਸਦੇ ਕੋਲੋਂ ਤੁਸੀਂ ਕੁਝ ਖੋਹ ਨਹੀਂ ਸਕਦੇ। ਬੁੱਧ ਤੋਂ ਤੁਸੀਂ ਕੀ ਖੋਹ ਲਵੋਗੇ? ਨਾਨਕ ਤੋਂ ਤੁਸੀਂ ਕੀ ਖੋਹੋਗੇ? ਕੁਝ ਵੀ ਖੋਹ ਕੇ ਤੁਸੀਂ ਨਾਨਕ ਨੂੰ ਘੱਟ ਨਾ ਕਰ ਪਾਓਗੇ। ਕੁਝ ਦੇ ਕੇ ਬਹੁਤ ਨਹੀਂ ਕਰ ਪਾਓਗੇ। ਕੁਝ ਜੋੜ ਨਹੀਂ ਸਕਦੇ, ਕੁਝ ਘਟਾ ਨਹੀਂ ਸਕਦੇ। ਨਾਨਕ ਜੋ ਵੀ ਹਨ ਉਸ ਪਰਮ ਸਹਾਰੇ ਦੇ ਨਾਲ ਹਨ, ਤੁਹਾਡਾ ਕੋਈ ਸਹਾਰਾ ਨਹੀਂ।

ਅਤੇ ਉਹ ਪਰਮ-ਸਹਾਰਾ ਵੱਖਰਾ ਨਹੀਂ ਹੈ। ਪਰਮਾਤਮਾ ਨਿਰਾਧਾਰ ਹੈ। ਤੁਸੀਂ ਵੀ ਨਿਰਾਧਾਰ ਹੋ। ਔਰ ਜਿਸ ਦਿਨ ਤੁਸੀਂ ਨਿਰਾਧਾਰ ਹੋਣ ਨੂੰ ਰਾਜ਼ੀ ਹੋ ਜਾਓਗੇ, ਉਸੀ ਦਿਨ ਪਰਮਾਤਮਾ ਅਤੇ ਤੁਹਾਡਾ ਮਿਲਨ ਹੋ ਜਾਵੇਗਾ। ਇਹ ਜੋ ਪਰਮਾਤਮਾ ਦੀ ਵਿਆਖਿਆ ਹੈ, ਇਹ ਵਿਆਖਿਆ ਦਾਰਸ਼ਨਿਕ ਦੀ ਵਿਆਖਿਆ ਨਹੀਂ ਹੈ, ਇਹ ਵਿਆਖਿਆ ਸਾਧਕ ਲਈ ਹੈ, ਤਾਂ ਕਿ ਤੁਸੀਂ ਸਮਝ ਜਾਓ ਕਿ ਪਰਮਾਤਮਾ ਦੇ ਇਹ-ਇਹ ਗੁਣ ਹਨ। ਜੇਕਰ ਤੁਸੀਂ ਪਰਮਾਤਮਾ ਨੂੰ ਪਾਉਣਾ ਹੈ, ਤਾਂ ਇਨ੍ਹਾਂ-ਇਨ੍ਹਾਂ ਗੁਣਾਂ ਨੂੰ ਤੁਸੀਂ ਆਪਣੀ ਸਾਧਨਾ ਬਣਾ ਲੈਣਾ। ਛੋਟੇ ਰੂਪ 'ਚ ਤੁਸੀਂ ਪਰਮਾਤਮਾ ਹੋਣ ਦੀ ਕੋਸ਼ਿਸ਼ 'ਚ ਲੱਗ ਜਾਣਾ ਹੈ। ਜਿਵੇਂ-ਜਿਵੇਂ ਤੁਸੀਂ ਉਸ ਵਰਗੇ ਹੋਣ ਲੱਗੋਗੇ, ਤਿਵੇਂ-ਤਿਵੇਂ ਤਾਲਮੇਲ ਬੈਠਣ ਲੱਗੇਗਾ। ਦੋਹਾਂ ਦੇ ਵਿਚਕਾਰ ਧੁਨ ਵੱਜਣ ਲੱਗੇਗੀ।

*"ਅਯੋਨੀ ਸੈਭੁੰ ਹੈ, ਉਹ ਗੁਰੂ ਕਿਰਪਾ ਨਾਲ ਪ੍ਰਾਪਤ ਹੁੰਦਾ ਹੈ"*

ਕਿਉਂ ਕਹਿੰਦੇ ਹਨ ਗੁਰੂ ਕਿਰਪਾ ਨਾਲ? ਕੀ ਮਨੁੱਖ ਦੀ ਆਪਣੀ ਮਿਹਨਤ ਕਾਫੀ ਨਹੀਂ ਹੈ? ਇਸ ਸੰਬੰਧ ਵਿੱਚ ਗੱਲ ਨੂੰ ਬਰੀਕੀ 'ਚ ਸਮਝ ਲੈਣਾ ਜ਼ਰੂਰੀ ਹੈ ਕਿਉਂਕਿ ਨਾਨਕ ਗੁਰੂ ਉਤੇ ਬਹੁਤ ਜ਼ੋਰ ਦੇਣਗੇ। ਉਹ ਕਹਿੰਦੇ ਹਨ, ਗੁਰੂ ਤੋਂ ਬਿਨਾਂ ਤਾਂ ਮਿਲ ਹੀ ਨਹੀਂ ਸਕਦਾ ਪਰਮਾਤਮਾ, ਕੀ ਕਾਰਣ ਹੈ? ਜੇਕਰ ਪਰਮਾਤਮਾ ਮੌਜੂਦ ਹੈ, ਤਾਂ ਸਿੱਧਾ-ਸਿੱਧਾ ਮੈਂ ਉਸਨੂੰ ਮਿਲ ਕਿਉਂ ਨਹੀਂ ਸਕਦਾ? ਗੁਰੂ ਨੂੰ ਵਿਚਕਾਰ ਲਿਆਣ ਦੀ ਲੋੜ ਕੀ ਹੈ?

ਕ੍ਰਿਸ਼ਨਾ ਮੂਰਤੀ ਕਹਿੰਦੇ ਨੇ ਕਿ ਗੁਰੂ ਦੀ ਕੋਈ ਲੋੜ ਹੀ ਨਹੀਂ। ਤਰਕ ਨੂੰ, ਬੁੱਧੀ ਨੂੰ ਠੀਕ ਵੀ ਮਲੂਮ ਹੁੰਦਾ ਹੈ। ਕੀ ਲੋੜ ਹੈ? ਜਦ ਪਰਮਾਤਮਾ ਮੌਜੂਦ ਹੈ ਮੈਂ ਵੀ ਪਰਮਾਤਮਾ ਤੋਂ ਪੈਦਾ ਹੋਇਆ ਹਾਂ, ਗੁਰੂ ਵੀ ਪਰਮਾਤਮਾ ਤੋਂ ਪੈਦਾ ਹੋਇਆ ਹੈ, ਤਾਂ ਗੁਰੂ ਨੂੰ ਵਿਚਾਲੇ ਕਿਉਂ ਖੜ੍ਹਾ ਕਰਨਾ? ਕੀ ਜ਼ਰੂਰਤ ਹੈ? ਮਨ ਤਾਂ ਇਹ ਚਾਹੁੰਦਾ ਵੀ ਹੈ ਕਿ ਗੁਰੂ ਨੂੰ ਵਿਚਾਲੇ ਖੜ੍ਹਾ ਨਾ ਕੀਤਾ ਜਾਏ। ਇਸ ਲਈ ਕ੍ਰਿਸ਼ਨਾ ਮੂਰਤੀ ਦੇ ਆਲੇ-ਦੁਆਲੇ ਹੰਕਾਰੀ ਲੋਕਾਂ ਦੀ ਜਮਾਤ ਇਕੱਠੀ ਹੋ ਗਈ। ਕ੍ਰਿਸ਼ਨਾ ਮੂਰਤੀ ਬਿਲਕੁਲ ਠੀਕ ਕਹਿੰਦੇ ਹਨ। ਗੁਰੂ ਦੀ ਲੋੜ ਨਹੀਂ ਹੈ। ਜੇਕਰ ਤੁਸੀਂ ਆਪਣੇ ਹੰਕਾਰ ਨੂੰ ਮਿਟਾਉਣ 'ਚ ਆਪੇ ਹੀ ਸਮਰੱਥ ਹੋ ਜਾਓ।

ਲੇਕਿਨ ਆਪਣੇ ਹੰਕਾਰ ਨੂੰ ਮਿਟਾਉਣਾ ਓਨਾਂ ਹੀ ਕਠਿਨ ਹੈ, ਜਿੰਨਾਂ ਆਪਣੇ ਬੂਟ ਦੇ ਫੀਤੇ ਨੂੰ ਫੜ ਕੇ ਆਪਣੇ ਆਪ ਨੂੰ ਚੁੱਕਣਾ। ਆਪਣੇ ਹੰਕਾਰ ਦਾ ਮਿਟਾਉਣਾ ਓਨਾਂ ਹੀ ਔਖਾ ਹੈ, ਜਿਵੇਂ ਕੁੱਤਾ ਆਪਣੀ ਹੀ ਪੂੰਛ ਨੂੰ ਫੜਣ ਦੀ ਕੋਸ਼ਿਸ਼ ਕਰੇ। ਜਿੰਨੀ ਜ਼ੋਰ ਨਾਲ ਛਾਲ ਮਾਰਦਾ ਹੈ ਓਨੀ ਜ਼ੋਰ ਨਾਲ ਪੂੰਛ ਵੀ ਛਾਲ ਮਾਰਦੀ ਹੈ। ਆਪਣੇ ਹੰਕਾਰ ਨੂੰ ਤੁਸੀਂ ਮਿਟਾਓਗੇ ਕਿਵੇਂ? ਜੇਕਰ ਮਿਟਾ ਸਕਦੇ ਹੋ ਤਾਂ ਕ੍ਰਿਸ਼ਨਾ ਮੂਰਤੀ ਠੀਕ ਕਹਿੰਦੇ ਹਨ। ਬਿਲਕੁਲ ਠੀਕ ਕਹਿੰਦੇ ਹਨ। ਕੋਈ ਵੀ ਲੋੜ ਨਹੀਂ ਹੈ ਕਿਸੇ ਗੁਰੂ ਦੀ।

ਲੇਕਿਨ ਇਹ ਹੀ ਸਾਰੀ ਉਲਝਨ ਹੈ, ਜੇਕਰ ਤੁਸੀਂ ਆਪਣੇ ਹੰਕਾਰ ਨੂੰ ਮਿਟਾਉਣ 'ਚ ਸਮਰੱਥ ਵੀ ਹੋ ਜਾਓ, ਤੁਸੀਂ ਕਹੋ ਕਿ ਮੈਂ ਆਪਣਾ ਹੰਕਾਰ ਮਿਟਾ ਦਿੱਤਾ, ਤਾਂ ਇਹ ਨਵਾਂ ਹੰਕਾਰ ਪੈਦਾ ਹੋ ਗਿਆ। ਇਹ ਪੁਰਾਣੇ ਤੋਂ ਬਹੁਤਾ ਖ਼ਤਰਨਾਕ ਹੈ। ਗੁਰੂ ਦੀ ਇਸ ਲਈ ਲੋੜ ਹੈ ਕਿ ਇਹ ਦੂਜਾ ਹੰਕਾਰ ਪੈਦਾ ਨਾ ਹੋ ਸਕੇ। ਤੁਸੀਂ ਕਹੋਗੇ, "ਗੁਰੂ ਪ੍ਰਸਾਦਿ "ਨਾਲ"। ਤੁਸੀਂ, ਇਹ ਹੰਕਾਰ ਨਹੀਂ.....। ਤਾਂ ਤੁਸੀਂ ਇਹ ਬਣਾ ਲਓਗੇ ਕਿ ਮੈਂ ਕਿੰਨਾ ਨਿਮਰਤਾਵਾਨ ਹਾਂ, ਮੇਰੇ ਜਿਹਾ ਕੋਈ ਵੀ ਨਿਮਰਤਾ ਵਾਲਾ ਨਹੀਂ ਹੈ। ਹੁਣ ਇਸ "ਮੈਂ" ਨੇ ਨਵੇਂ ਰਾਹ ਫੜ ਲਏ। ਇਸ ਹੰਕਾਰ ਨੇ ਨਵੀਆਂ ਕਾਢਾਂ ਲੱਭ ਲਈਆਂ। ਕੱਲ੍ਹ ਕਹਿੰਦਾ ਸੀ ਮੇਰੇ ਜਿਹਾ ਧਨੀ ਕੋਈ ਵੀ ਨਹੀਂ, ਆਕੜ! ਅੱਜ ਕਹਿੰਦਾ ਹੈ ਮੇਰੇ ਜਿਹਾ ਨਿਮਰਤਾਵਾਨ ਕੋਈ ਨਹੀਂ, ਆਕੜ ਉਹੀ ਹੈ। ਰੱਸੀ ਸੜ ਗਈ, ਵੱਟ ਰਹਿ ਗਏ। ਆਕੜ ਨੂੰ ਕੌਣ ਮਿਟਾਏਗਾ? ਇਸ ਲਈ ਨਾਨਕ ਦਾ ਜ਼ੋਰ ਹੈ, ਗੁਰੂ 'ਤੇ।

ਪਰਮਾਤਮਾ ਨੂੰ ਪਾਉਣ 'ਚ ਤਾਂ ਕੋਈ ਅੜਚਣ ਨਹੀਂ, ਸਿੱਧੇ ਹੀ ਪਾਇਆ ਜਾ ਸਕਦਾ ਹੈ, ਕਿਉਂਕਿ ਉਹ ਸਾਹਮਣੇ ਹੀ ਮੌਜੂਦ ਹੈ। ਤੁਹਾਡੇ ਨੱਕ ਦੀ ਬਿਲਕੁਲ ਸੇਧ 'ਚ। ਜਿੱਥੇ ਤੁਸੀਂ ਜਾਂਦੇ ਹੋ ਸਾਰੇ ਪਾਸੇ ਉਹ ਮੌਜੂਦ ਹੈ, ਪਰ ਇੱਕ ਅੜਚਣ ਹੈ ਅਤੇ ਉਹ ਅੜਚਣ ਇਹ ਹੈ ਕਿ ਤੁਸੀਂ ਵਿੱਚ ਖਲੋਤੇ ਹੋ! ਇਸਨੂੰ ਤੁਸੀਂ ਕਿਵੇਂ ਮਿਟਾਓਗੇ?

ਇਸ ਲਈ "ਗੁਰੂ ਪ੍ਰਸਾਦਿ ਨਾਲ" ਸਾਧਕ ਮਿਹਨਤ ਕਰੇਗਾ, ਲੇਕਿਨ ਧਾਰਨਾ ਇਹ ਹੀ ਰੱਖੇਗਾ! ਹੋਏਗਾ ਗੁਰੂ ਦੀ ਕਿਰਪਾ ਨਾਲ। ਇਹ ਜਿਹੜੀ ਗੁਰੂ ਕਿਰਪਾ ਦੀ ਧਾਰਨਾ ਹੈ, ਇਹ ਤੁਹਾਡੇ ਹੰਕਾਰ ਨੂੰ ਬਨਣ ਨਹੀਂ ਦੇਵੇਗੀ। ਪੁਰਾਣੇ ਨੂੰ ਮਿਟਾ ਦੇਵੇਗੀ, ਨਵੇਂ ਨੂੰ ਬਣਨ ਨਹੀਂ ਦੇਵੇਗੀ। ਨਹੀਂ ਤਾਂ ਇੱਕ ਬੀਮਾਰੀ ਜਾਂਦੀ ਹੈ ਦੂਜੀ ਉਸਦੀ ਥਾਂ ਖੜ੍ਹੀ ਹੋ ਜਾਂਦੀ ਹੈ।

ਅਤੇ ਇਸ ਲਈ ਇੱਕ ਬੜੇ ਮਜ਼ੇ ਦੀ ਘਟਨਾ ਘਟੀ ਹੈ। ਕ੍ਰਿਸ਼ਨਾ ਮੂਰਤੀ ਦੇ ਕੋਲ ਹੰਕਾਰੀਆਂ ਦੀ ਜਮਾਤ ਇਕੱਠੀ ਹੋ ਗਈ ਹੈ। ਉਹ ਜਮਾਤ ਉਨ੍ਹਾਂ ਲੋਕਾਂ ਦੀ ਹੈ ਜਿਹੜੇ ਕਿਸੇ ਦੇ ਸਾਹਮਣੇ ਝੁਕਣਾ ਨਹੀਂ ਚਾਹੁੰਦੇ। ਉਨ੍ਹਾਂ ਨੂੰ ਬਿਲਕੁਲ ਰਾਹਤ ਮਿਲ ਗਈ। ਕਿਸੇ ਦੇ ਪੈਰੀਂ ਹੱਥ ਲਾਉਣਾ ਨਹੀਂ ਚਾਹੁੰਦੇ। ਉਨ੍ਹਾਂ ਨੂੰ ਵੱਡਾ ਸਹਾਰਾ ਮਿਲ ਗਿਆ।

ਉਨ੍ਹਾਂ ਨੇ ਕਿਹਾ, ਗੁਰੂ ਦੀ ਕੋਈ ਜ਼ਰੂਰਤ ਹੀ ਨਹੀਂ। ਅਸੀਂ ਆਪੇ ਹੀ ਪਾ ਲਵਾਂਗੇ ਅਤੇ ਇਹ ਹੀ ਅੜਚਣ ਹੈ।

ਜੇਕਰ ਨਾਨਕ ਵਰਗਾ ਆਦਮੀ ਕ੍ਰਿਸ਼ਨਾ ਮੂਰਤੀ ਦੇ ਕੋਲ ਹੋਵੇ, ਰਾਮ ਕ੍ਰਿਸ਼ਨ ਵਰਗਾ ਮਨੁੱਖ ਕ੍ਰਿਸ਼ਨਾ ਮੂਰਤੀ ਦੇ ਕੋਲ ਹੋਵੇ, ਤਾਂ ਕੋਈ ਅੜਚਣ ਨਹੀਂ ਹੈ। ਪਰ ਜਿਹੜੇ ਲੋਕ ਇਕੱਠੇ ਹੁੰਦੇ ਹਨ ਉਹ—ਉਹ ਹੀ ਲੋਕ ਹਨ ਜਿਹੜੇ ਹੰਕਾਰ ਮਿਟਾਉਣ 'ਚ ਸਮਰੱਥ ਨਹੀਂ ਹਨ। ਉਨ੍ਹਾਂ ਨੂੰ ਗੁਰੂ ਦੀ ਲੋੜ ਹੈ। ਇਹ ਬੜੇ ਮਜ਼ੇ ਦੀ ਘਟਨਾ ਹੈ। ਕ੍ਰਿਸ਼ਨਾ ਮੂਰਤੀ ਦੇ ਕੋਲ ਜਿੰਨੇ ਵੀ ਲੋਕ ਹਨ ਉਨ੍ਹਾਂ ਨੂੰ ਗੁਰੂ ਦੀ ਲੋੜ ਹੈ।

ਨਾਨਕ ਦੇ ਕੋਲ ਜਿੰਨੇ ਲੋਕ ਸਨ, ਉਹ ਬਿਨਾਂ ਗੁਰੂ ਤੋਂ ਵੀ ਪਾ ਸਕਦੇ ਸੀ। ਤੁਸੀਂ ਕਹੋਗੇ ਕਿ ਮੈਂ ਬੁਝਾਰਤ ਪਾ ਰਿਹਾ ਹਾਂ। ਨਾਨਕ ਦੇ ਕੋਲ ਜਿਹੜੇ ਲੋਕ ਸੀ ਉਹ ਬਿਨਾਂ ਗੁਰੂ ਤੋਂ ਵੀ ਪਾ ਸਕਦੇ ਸੀ, ਕਿਉਂਕਿ ਉਹ ਤਿਆਰ ਸੀ 'ਗੁਰੂ ਪ੍ਰਸਾਦਿ' ਨੂੰ ਸਵੀਕਾਰ ਕਰਣ ਲਈ। ਉਹ ਤਿਆਰ ਸੀ ਆਪਣੇ ਆਪ ਨੂੰ ਛੱਡਣ ਲਈ। ਪਾਇਆ ਤਾਂ ਬਿਨਾਂ ਗੁਰੂ ਤੋਂ ਹੀ ਜਾਂਦਾ ਹੈ। ਲੇਕਿਨ ਗੁਰੂ ਦੀ ਧਾਰਨਾ ਤੁਹਾਡੇ ਹੰਕਾਰ ਦੇ ਖਾਤਮੇ 'ਚ ਸਹਿਯੋਗੀ ਹੋ ਜਾਂਦੀ ਹੈ। ਤੁਸੀਂ ਆਕੜ ਨਾਲ ਨਹੀਂ ਭਰਦੇ। ਨਹੀਂ ਤਾਂ ਤੁਸੀਂ ਕਹੋਗੇ, "ਸ਼ੀਰਸ਼ ਆਸਣ ਕਰਦਾ ਹਾਂ ਤਿੰਨ ਘੰਟੇ, ਸਵੇਰੇ ਧਿਆਨ ਕਰਦਾ ਹਾਂ।"

ਇੱਕ ਪਤਨੀ ਮੇਰੇ ਕੋਲ ਆਈ ਤੇ ਉਸਨੇ ਕਿਹਾ, "ਮੇਰੇ ਪਤੀ ਤੁਹਾਡੇ ਕੋਲ ਆਉਂਦੇ ਨੇ, ਉਨ੍ਹਾਂ ਨੂੰ ਕੁਝ ਸਮਝਾਓ। ਹੁਣ ਹੱਦ ਹੋ ਗਈ। ਸਿੱਖ ਹਨ ਪਤੀ। "ਕੀ ਹੋਇਆ?"

ਉਸ ਨੇ ਕਿਹਾ, ਉਹ ਰਾਤ ਦੋ ਵਜੇ ਹੀ ਉੱਠ ਜਾਂਦੇ ਹਨ ਅਤੇ ਜਪੁਜੀ ਸਾਹਿਬ ਦਾ ਪਾਠ ਸ਼ੁਰੂ ਕਰ ਦਿੰਦੇ ਹਨ ਅਤੇ ਘਰ 'ਚ ਸੌਣਾ ਮੁਸ਼ਕਲ ਹੋ ਗਿਆ ਹੈ। ਨਾ ਬੱਚੇ ਸੌਂ ਸਕਦੇ ਹਨ, ਨਾ ਮੈਂ ਸੌਂ ਸਕਦੀ ਹਾਂ ਅਤੇ ਉਨ੍ਹਾਂ ਨੂੰ ਕੁਝ ਕਹੋ, ਤਾਂ ਉਹ ਕਹਿੰਦੇ ਹਨ, ਤੁਸੀਂ ਸਾਰੇ ਉੱਠ ਕੇ ਪਾਠ ਕਰੋ। ਤਾਂ ਕੀ ਕਰਾਂ?

ਮੈਂ ਪਤੀ ਨੂੰ ਸਦਿਆ, ਉਹ ਮੇਰੇ ਕੋਲ ਆਉਂਦੇ ਸੀ। ਮੈਂ ਉਨ੍ਹਾਂ ਨੂੰ ਪੁੱਛਿਆ ਕਿ ਕਦੋਂ ਉੱਠ ਕੇ ਪਾਠ ਕਰਦੇ ਹੋ? ਉਨ੍ਹਾਂ ਨੇ ਕਿਹਾ 'ਸਵੇਰੇ' ਪਰਭਾਤ ਵੇਲੇ। ਬੱਸ ਦੋ ਵਜੇ ਸਵੇਰੇ ਉੱਠ ਜਾਂਦਾ ਹਾਂ। ਉਨ੍ਹਾਂ ਲਈ ਦੋ ਵਜੇ ਸਵੇਰਾ ਹੈ। ਤਾਂ ਮੈਂ ਕਿਹਾ, ਤੁਹਾਡੀ ਜਿਹੜੀ ਸਵੇਰ ਹੈ ਉਹ ਦੂਜਿਆਂ ਲਈ ਬਹੁਤ ਖ਼ਤਰਨਾਕ ਹੋ ਗਈ ਹੈ।

ਉਹ ਕਹਿਣ ਲੱਗੇ, ਉਹ ਉਨ੍ਹਾਂ ਦੀ ਗ਼ਲਤੀ ਹੈ। ਉਨ੍ਹਾਂ ਸਾਰਿਆਂ ਨੂੰ ਉੱਠਣਾ ਚਾਹੀਦਾ ਹੈ। ਆਲਸੀ ਹਨ, ਕਾਹਿਲ ਹਨ, ਸੁਸਤ ਹਨ। ਹੋਰ ਮੈਂ ਤਾਂ ਸਾਰਿਆਂ ਦੀ ਸੇਵਾ ਹੀ ਕਰਦਾ ਹਾਂ। ਜ਼ੋਰ ਨਾਲ ਜਪੁਜੀ ਦਾ ਪਾਠ ਕਰਦਾ ਹਾਂ, ਮੁਹੱਲੇ ਗੁਆਂਢ ਦੇ ਲੋਕਾਂ ਦੇ ਕੰਨਾਂ 'ਚ ਵੀ ਆਵਾਜ਼ ਪੈ ਜਾਂਦੀ ਹੈ।

ਮੈਂ ਉਨ੍ਹਾਂ ਨੂੰ ਕਿਹਾ ਕਿ ਤੁਸੀਂ ਇਵੇਂ ਕਰੋ, ਥੋੜ੍ਹੀ ਘੱਟ ਸੇਵਾ ਕਰੋ ਮੁਹੱਲੇ ਗੁਆਂਢ ਦੀ। ਤੁਸੀਂ ਚਾਰ ਵਜੇ.....

ਹੌਲੀ-ਹੌਲੀ ਲਿਆਉਣਾ ਠੀਕ ਹੈ। ਨਹੀਂ ਤਾਂ ਜਿਹੜੇ ਚੜ੍ਹੇ ਹੋਏ ਲੋਕ ਹਨ, ਉਨ੍ਹਾਂ ਨੂੰ ਹੇਠਾਂ ਲਿਆਉਣਾ ਬੜਾ ਔਖਾ ਹੈ। ਉਨ੍ਹਾਂ ਨੇ ਕਿਹਾ, ਅਜਿਹਾ ਕਦੇ ਨਹੀਂ ਹੋ ਸਕਦਾ। ਤੁਹਾਡੇ ਮੁੱਖ ਤੋਂ....ਤੁਸੀਂ ਮੇਰਾ ਧਰਮ ਖੋਹਣਾ ਚਾਹੁੰਦੇ ਹੋ?

ਹੁਣ ਇਹ ਉਨ੍ਹਾਂ ਦੀ ਆਕੜ ਹੈ ਕਿ ਮੇਰੇ ਜਿਹਾ ਪਾਠ ਕਰਨ ਵਾਲਾ ਕੋਈ ਨਹੀਂ ਅਤੇ ਇਹ ਹੀ ਆਕੜ ਵਿਘਨ ਹੈ। ਜੀਵਨ ਭਰ ਦੁਹਰਾਂਦੇ ਰਹੇ, ਜਪੁਜੀ ਨੂੰ। ਅਸਲੀ ਸਵਾਲ ਤਾਂ ਆਕੜ ਦਾ ਮਿਟਾਣਾ ਹੈ। ਇਸ ਲਈ ਨਾਨਕ ਬਾਰ-ਬਾਰ ਕਹਿਣਗੇ ਕਿ ਕੀ ਤੁਸੀਂ ਕਰਦੇ ਹੋ, ਇਸ ਨਾਲ ਕੁਝ ਵੀ ਨਹੀਂ ਹੋਏਗਾ, ਜਦ ਤੱਕ ਤੁਸੀਂ ਨਾ ਮਿਟ ਜਾਓ। ਇਹ ਗੁਰੂ ਦੀ ਧਾਰਨਾ ਆਪਣੇ ਆਪ ਨੂੰ ਮਿਟਾਉਣ ਦੀ ਵੱਡੀ ਕੀਮਿਆ ਹੈ। ਕਿਉਂਕਿ ਕਰਦੇ ਤੁਸੀਂ ਕੁਝ, ਕਹਿੰਦੇ ਤੁਸੀਂ ਹੋ "ਗੁਰੂ ਪ੍ਰਸ਼ਾਦਿ ਨਾਲ, ਉਸਦੀ ਕਿਰਪਾ ਨਾਲ ਹੋ ਰਹੀ ਹੈ।"

"ਮੈਂ ਕਰ ਰਿਹਾ ਹਾਂ" — ਬੱਸ! ਅੜਚਨ ਖੜ੍ਹੀ ਹੋ ਜਾਏਗੀ। ਜੇਕਰ ਤੁਸੀਂ ਆਪਣੇ 'ਮੈਂ' ਨੂੰ ਬਿਨਾਂ ਕਿਸੇ ਦੇ ਆਸਰੇ ਖਤਮ ਕਰ ਦਿਓ, ਤਾਂ ਗੁਰੂ ਦੀ ਕੋਈ ਲੋੜ ਨਹੀਂ ਹੈ। ਪਰ ਕਰੋੜਾਂ ਵਿਚੋਂ ਕੋਈ ਇੱਕ ਮਨੁੱਖ ਬਿਨਾਂ ਗੁਰੂ ਤੋਂ ਖਤਮ ਕਰ ਪਾਉਂਦਾ ਹੈ। ਇਸ ਲਈ ਉਹ ਅਪਵਾਦ ਹੈ, ਇਸ ਲਈ ਉਸਨੂੰ ਸਾਨੂੰ ਗਿਣਤੀ 'ਚ ਲੈਣਾ ਨਹੀਂ ਚਾਹੀਦਾ, ਉਸਦੇ ਕਾਰਣ ਨੇਮ ਨਹੀਂ ਬਣਾਉਣਾ ਚਾਹੀਦਾ।

ਕਦੀ-ਕਦੀ ਅਜਿਹਾ ਵੀ ਹੋ ਜਾਂਦਾ ਹੈ। ਕੋਈ ਮਨੁੱਖ ਬਿਨਾਂ ਗੁਰੂ ਤੋਂ ਮੁਕਾ ਦਿੰਦਾ ਹੈ। ਪਰ ਇਸਦੇ ਲਈ ਬੜੀ ਡੂੰਘੀ ਸਮਝ ਚਾਹੀਦੀ ਹੈ ਜਿਹੜੀ ਤੁਹਾਡੇ ਕੋਲ ਨਹੀਂ ਹੈ। ਇਸਦੇ ਲਈ ਏਨੀ ਡੂੰਘੀ ਸਮਝ ਹੋਣੀ ਚਾਹੀਦੀ ਕਿ ਉਹ ਹੰਕਾਰ ਨੂੰ ਅੱਖ ਦੇ ਸਾਹਮਣੇ ਖੜ੍ਹਾ ਕਰਕੇ ਵੇਖ ਲਵੇ, ਤੇ ਸਿਰਫ ਵੇਖਣ ਨਾਲ ਹੰਕਾਰ ਖਤਮ ਹੋ ਜਾਏ। ਉਸਦੇ ਲਈ ਅਜਿਹੀ ਅੱਖ ਚਾਹੀਦੀ ਹੈ, ਜਿਹੋ ਜਿਹੀ ਸ਼ਿਵ ਦੇ ਕੋਲ ਹੈ ਕਿ ਕਾਮਦੇਵ ਨੂੰ ਵੇਖ ਲਿਆ ਅਤੇ ਕਾਮਦੇਵ ਭਸਮ ਹੋ ਗਏ। ਏਨੀ ਅਵੇਅਰਨੈਸ, ਏਨਾ ਹੋਸ਼ ਚਾਹੀਦਾ ਹੈ। ਕੋਈ ਬੁੱਧ, ਕੋਈ ਕ੍ਰਿਸ਼ਨਾ ਮੂਰਤੀ ਕਦੇ ਏਨੀ ਗਹਿਣਤਾ ਨਾਲ ਵੇਖ ਲੈਂਦੇ ਹਨ ਕਿ ਉਨ੍ਹਾਂ ਦੇ ਵੇਖਣ ਦੇ ਤੇਜ਼ ਵਿੱਚ ਹੀ ਸਾਰਾ ਕੁਝ ਮੁੱਕ ਜਾਂਦਾ ਹੈ। ਫਿਰ ਦੂਜਾ ਭਾਵ ਪੈਦਾ ਨਹੀਂ ਹੁੰਦਾ। ਸਾਰੀ ਸੁਆਹ ਢਹਿ ਪਈ, ਉਸਨੂੰ ਖਿਆਲ ਹੀ ਨਹੀਂ ਰਹਿੰਦਾ ਕਿ ਮੈਂ ਕੁਝ ਕੀਤਾ ਹੈ.....ਹੋਇਆ!

ਲੇਕਿਨ ਤੁਸੀਂ ਕੁਝ ਵੀ ਕਰੋਗੇ, ਅੰਦਰ ਇੱਕ ਧੁਨ ਵਜਦੀ ਰਹਿੰਦੀ ਹੈ, ਮੈਂ ਕੀਤਾ ਹੈ। ਭਜਨ ਕਰੋ ਤਾਂ ਮੈਂ ਕੀਤਾ ਹੈ, ਧਿਆਨ ਕਰੋ ਤਾਂ ਮੈਂ ਕੀਤਾ ਹੈ, ਪੂਜਾ ਕਰੋ ਤਾਂ ਮੈਂ

ਕੀਤੀ ਹੈ, ਤੁਹਾਡਾ ਮੈਂ ਤਾਂ ਹਰ ਪਾਸਿਓਂ ਬਣਦਾ ਹੈ।

ਉਸ ਇੱਕ ਨੂੰ ਅਸੀਂ ਛੱਡ ਦੇਦੀਏ, ਕਿਉਂਕਿ ਉਸ ਇੱਕ ਨੂੰ ਵਿਚਾਲੇ ਲੈਣ ਦੀ ਕਈ ਲੋੜ ਨਹੀਂ ਹੈ। ਇਹ ਤਾਂ ਪਾ ਲਵੇਗਾ, ਪਰ ਉਹ ਜਿਹੜੇ ਕਰੋੜਾਂ ਲੋਕ ਹਨ, ਉਨ੍ਹਾਂ ਕਰੋੜਾਂ ਲੋਕਾਂ ਦੇ ਲਈ ਪਾਣ ਦਾ ਇੱਕ ਹੀ ਉਪਾਅ ਹੈ ਕਿ ਉਹ ਜੋ ਸਾਧਨਾ ਕਰਨ, ਭਾਵ ਇਹ ਹੀ ਰੱਖਣ ਕਿ ਗੁਰੂ ਦੀ ਕਿਰਪਾ ਨਾਲ, ਗੁਰੂ ਦੇ ਪ੍ਰਭਾਵ ਨਾਲ ਹੋਇਆ।

ਭਾਰਤ ਵਿੱਚ ਬੜੀ ਪੁਰਾਣੀ ਅਖੋਤ ਹੈ ਕਿ ਜਦੋਂ ਸਤਯੁਗ ਸੀ, ਤਦ ਗੁਰੂ ਦੀ ਏਨੀ ਲੋੜ ਨਹੀਂ ਸੀ। ਲੇਕਿਨ ਕਲਯੁਗ 'ਚ ਗੁਰੂ ਦੀ ਬੜੀ ਲੋੜ ਹੋਵੇਗੀ। ਕੀ ਕਾਰਣ ਹੈ! ਹਿੰਦੂ ਕਿਹੜੇ ਹਿਸਾਬ ਨਾਲ ਵੰਡਦੇ ਹਨ ਸੰਸਾਰ ਨੂੰ? ਸਤਯੁਗ, ਉਹ ਕਹਿੰਦੇ ਹਨ ਉਸ ਸਮੇਂ ਨੂੰ ਜਦ ਲੋਕ ਬੜੇ ਸੁਚੇਤ ਸਨ, ਬੜੇ ਸਾਵਧਾਨ ਸੀ ਅਤੇ ਕਲਯੁਗ, ਉਹ ਕਹਿੰਦੇ ਹਨ, ਉਸ ਯੁਗ ਨੂੰ ਜਦ ਲੋਕ ਬੜੇ ਸੁੱਤੇ ਹੋਏ ਹਨ, ਬੇਹੋਸ਼ ਹਨ।

ਇਸ ਲਈ ਬੁੱਧ ਦਾ ਜਾਂ ਮਹਾਂਵੀਰ ਦਾ ਧਰਮ ਅੱਜ ਓਨੇ ਕੰਮ ਦਾ ਨਹੀਂ ਹੈ, ਜਿੰਨਾਂ ਨਾਨਕ ਦਾ ਧਰਮ। ਨਾਨਕ ਦਾ ਧਰਮ ਨਵਾਂ ਨਕੋਰ ਧਰਮ ਹੈ, ਹਾਲਾਂਕਿ ਉਸਨੂੰ ਵੀ ਪੰਜ ਸੌ ਸਾਲ ਹੋ ਗਏ, ਉਹ ਵੀ ਕਾਫੀ ਪੁਰਾਣਾ ਹੋ ਗਿਆ ਹੈ। ਹੋਰ ਨਵਾਂ ਚਾਹੀਦਾ, ਕਿਉਂਕਿ ਬੁੱਧ ਅਤੇ ਮਹਾਂਵੀਰ ਜਿਨ੍ਹਾਂ ਨਾਲ ਗੱਲ ਕਰ ਰਹੇ ਸੀ, ਉਹ ਸਾਡੇ ਨਾਲੋਂ ਬਹੁਤੇ ਸੁਚੇਤ ਲੋਕ ਸਨ। ਉਹ ਸਾਥੋਂ ਬਹੁਤੇ ਪਰਬੁੱਧ ਲੋਕ ਸਨ, ਉਹ ਸਾਥੋਂ ਬਹੁਤੇ ਸਰਲ ਲੋਕ ਸੀ। ਫਿਰ ਕ੍ਰਿਸ਼ਨ ਜਿਨ੍ਹਾਂ ਨਾਲ ਗੱਲ ਕਰ ਰਹੇ ਸੀ, ਉਹ ਹੋਰ ਵੀ ਸਰਲ ਲੋਕ ਸੀ।

ਜਿੰਨਾਂ ਹੀ ਅਸੀਂ ਪਿੱਛੇ ਜਾਂਦੇ ਹਾਂ ਓਨੀ ਹੀ ਸਰਲਤਾ ਹੈ। ਜਿਵੇਂ ਇੱਕ ਆਦਮੀ ਪਿੱਛੇ ਪਰਤੇ, ਤਾਂ ਆਪਣੇ ਬਚਪਨ 'ਚ ਸਰਲ ਹੁੰਦਾ ਹੈ, ਜਵਾਨੀ 'ਚ ਥੋੜ੍ਹਾ ਕਠਿਨ ਹੋ ਜਾਂਦਾ ਹੈ, ਬੁਢਾਪੇ 'ਚ ਤਾਂ ਬਹੁਤ ਗੁੰਝਲਦਾਰ ਹੋ ਜਾਂਦਾ ਹੈ। ਬੁੱਢੇ ਆਦਮੀ ਤੋਂ ਤਾਂ ਪਾਰ ਪਾਉਣਾ ਹੀ ਮੁਸ਼ਕਲ ਹੈ। ਉਸਨੂੰ ਕੁਝ ਵੀ ਪਤਾ ਨਹੀਂ, ਪਰ ਉਹ ਸਮਝਦਾ ਹੈ ਮੈਨੂੰ ਸਭ ਪਤਾ ਹੈ। ਜ਼ਿੰਦਗੀ ਦੀਆਂ ਠੋਕਰਾਂ ਖਾਧੀਆਂ ਹਨ, ਇਧਰ-ਓਧਰ ਡਿਗਿਆ ਹਾਂ, ਕਹਿੰਦਾ ਹੈ ਅਨੁਭਵ ਬਹੁਤ ਹੈ। ਠੀਕਰੇ ਇਕੱਠੇ ਕੀਤੇ ਹਨ, ਪਰ ਉਹ ਸੋਚਦਾ ਹੈ ਵੱਡੇ ਅਨੁਭਵ ਨਾਲ ਗਿਆਨ ਇਕੱਠਾ ਕਰ ਲਿਆ ਹੈ।

ਬੱਚਾ ਸਰਲ ਹੈ, ਉਹ ਸਤਯੁਗ ਹੈ। ਬੁੱਢਾ ਬਹੁਤ ਗੁੰਝਲਦਾਰ ਹੈ, ਉਹ ਕਲਯੁਗ ਹੈ ਅਤੇ ਬੁੱਢੇ ਦੀ ਬੇਹੋਸ਼ੀ ਵਧਦੀ ਹੀ ਜਾਂਦੀ ਹੈ। ਵਧਣੀ ਹੀ ਚਾਹੀਦੀ ਹੈ ਕਿਉਂਕਿ ਮੌਤ ਨੇੜੇ ਹੈ। ਬੱਚੇ ਦਾ ਹੋਸ਼ ਬਹੁਤ ਤਾਜ਼ਾ ਹੁੰਦਾ ਹੈ, ਕਿਉਂਕਿ ਜੀਵਨ ਦਾ ਸਰੋਤ ਬਹੁਤ

ਨੇੜੇ ਹੈ। ਬੱਚਾ ਅਜੇ ਪਰਮਾਤਮਾ ਤੋਂ ਨਿਕਲੀ ਲਹਿਰ ਵਾਂਗ ਹੈ। ਬੁੱਢਾ ਧੂੜ ਨਾਲ ਭਰ ਗਿਆ, ਪਰਮਾਤਮਾ 'ਚ ਡਿੱਗਣ ਦੇ ਨੇੜੇ ਹੈ, ਬੱਚਾ ਤਾਜ਼ਾ ਫੁੱਲ ਹੈ। ਬੁੱਢਾ ਮੁਰਝਾ ਗਿਆ, ਜਾਣ ਦੇ ਨੇੜੇ ਹੈ, ਜੀਵਨ ਸ਼ਕਤੀ ਮੁੱਕ ਰਹੀ ਹੈ।

ਕਲਯੁਗ ਦਾ ਅਰਥ ਹੈ ਉਹ ਸਮਾਂ, ਜਦੋਂ ਅੰਤ ਨੇੜੇ ਆ ਰਿਹਾ ਹੈ, ਜ਼ਿੰਦਗੀ ਬੁੱਢੀ ਹੋ ਗਈ। ਉਸ ਕਲਯੁਗ ਵਿੱਚ ਤਾਂ ਗੁਰੂ ਤੋਂ ਬਿਨਾਂ ਬਿਲਕੁਲ ਨਹੀਂ ਹੋ ਸਕੇਗਾ। ਕਿਉਂਕਿ ਤੁਸੀਂ ਹਰ ਹਾਲ 'ਚ ਆਪਣੇ ਹੰਕਾਰ ਨਾਲ ਭਰ ਜਾਓਗੇ।

ਜਦ ਤੁਸੀਂ ਨਿੱਕੇ-ਨਿੱਕੇ ਕੰਮ ਕਰਕੇ ਹੰਕਾਰ ਨਾਲ ਭਰ ਜਾਂਦੇ ਹੋ, ਤਾਂ ਤੁਸੀਂ ਸਾਧਨਾ ਕਰਕੇ ਕਿਵੇਂ ਨਾ ਭਰੋਗੇ। ਤੁਸੀਂ ਇੱਕ ਛੋਟਾ ਜਿਹਾ ਮਕਾਨ ਬਣਾ ਲਿਆ ਹੈ ਤਾਂ ਤੁਸੀਂ ਆਕੜੇ ਫਿਰਦੇ ਹੋ ਜਾਂ ਤੁਸੀਂ ਇੱਕ ਤਿਜੋਰੀ ਭਰ ਲਈ, ਤੁਸੀਂ ਆਕੜੇ ਫਿਰਦੇ ਹੋ। ਜਦ ਤੁਸੀਂ ਪਰਮ ਧਨ ਦੀ ਖੋਜ 'ਚ ਜਾਓਗੇ ਤਾਂ ਤੁਹਾਡੀ ਆਕੜ ਹੋਰ ਵਧੇਰੀ ਹੋ ਜਾਏਗੀ।

ਤਾਂ ਜਿਹੜਾ ਆਦਮੀ ਮੰਦਰ ਜਾਂਦਾ ਹੈ, ਮਸਜਿਦ ਜਾਂਦਾ ਹੈ, ਉਸਦੀ ਆਕੜ ਵੇਖੋ। ਸਾਰਿਆਂ ਵੱਲ ਵੇਖਦਾ ਹੈ ਕਿ ਤੁਸੀਂ ਸਾਰੇ ਨਰਕ 'ਚ ਪਓਗੇ, ਸੜੋਗੇ। ਮੈਂ ਮੰਦਿਰ ਜਾਂਦਾ ਹਾਂ ਰੋਜ਼, ਤੁਸੀਂ ਸਾਰੇ ਭ੍ਰਿਸ਼ਟ, ਪਾਪੀ। ਜਿਹੜਾ ਆਦਮੀ ਰਾਮ ਨਾਮ ਲੈਂਦਾ ਹੈ ਉਹ ਸਮਝਦਾ ਹੈ, ਕਿ ਬੱਸ! ਸਵਰਗ ਦਾ ਦੁਆਰ ਉਸਦੇ ਲਈ ਪੱਕਾ ਹੋ ਗਿਆ ਅਤੇ ਬਾਕੀ ਸਾਰੇ ਨਰਕ 'ਚ ਪੈਣ ਵਾਲੇ ਹਨ।

ਬੇਹੋਸ਼ੀ ਜਿੰਨੀ ਹੋਵੇਗੀ ਓਨੀ ਗੁਰੂ ਦੀ ਲੋੜ ਹੈ। ਇਸਨੂੰ ਤੁਸੀਂ ਇਵੇਂ ਸਮਝ ਲਵੋ ਕਿ ਜਿੰਨੀ ਤੁਹਾਡੇ ਜੀਵਨ 'ਚ ਨੀਂਦ ਹੋਵੇਗੀ ਓਨੀ ਗੁਰੂ ਦੀ ਲੋੜ। ਜਿੰਨੀ ਤੁਹਾਡੇ ਜੀਵਨ 'ਚ ਜਾਗ੍ਰਿਤੀ ਹੋਵੇ ਓਨਾਂ ਗੁਰੂ ਘੱਟ ਜ਼ਰੂਰੀ ਹੈ। ਜੇਕਰ ਤੁਸੀਂ ਪੂਰੀ ਤਰ੍ਹਾਂ ਜਾਗ੍ਰਤ ਹੋਵੋ, ਗੁਰੂ ਦੀ ਬਿਲਕੁਲ ਲੋੜ ਨਹੀਂ। ਜੇਕਰ ਤੁਸੀਂ ਬਿਲਕੁਲ ਸੁੱਤੇ ਹੋਏ ਹੋ ਤਾਂ ਤੁਸੀਂ ਆਪਣੇ ਆਪ ਜਾਗੋਗੇ ਕਿਵੇਂ? ਕੋਈ ਤੁਹਾਨੂੰ ਹਿਲਾਏਗਾ ਤਾਂ ਹੀ ਤੁਸੀਂ ਜਾਗ ਸਕਦੇ ਹੋ। ਤਾਂ ਵੀ ਭੈਅ ਹੈਤ ਕਿ ਤੁਸੀਂ ਪਾਸਾ ਮੋੜ ਕੇ ਸੌਂ ਜਾਓ।

ਉਹ ਗੁਰੂ ਦੀ ਕਿਰਪਾ ਨਾਲ ਪ੍ਰਾਪਤ ਹੁੰਦਾ ਹੈ। *"ਆਦਿ ਸਚੁ ਜੁਗਾਦਿ ਸਚੁ॥ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ।"* ਉਹ ਆਦਿ ਤੋਂ ਸੱਚ ਹੈ, ਯੁਗਾਂ ਦੇ ਆਰੰਭ 'ਚ ਸੱਚ ਹੈ, ਹੁਣੇ ਸਤਯ ਹੈ। ਨਾਨਕ ਕਹਿੰਦੇ ਹਨ, ਉਹ ਸਦਾ ਸਤਯ ਹੈ। ਭਵਿੱਖ 'ਚ ਵੀ ਸਤਯ ਹੈ।

ਸਤਯ ਅਤੇ ਅਸਤਯ ਦੀ ਇਹ ਹੀ ਪਰਿਭਾਸ਼ਾ ਹੈ। ਅਸਤਯ ਉਹ ਜਿਹੜਾ ਕਦੇ ਨਹੀਂ ਸੀ, ਹੁਣੇ ਹੈ ਅਤੇ ਕਦੇ ਫ਼ਿਰ ਨਹੀਂ ਹੋਵੇਗਾ। ਅਸਤਯ ਦਾ ਅਰਥ ਹੈ ਦੋ ਕੰਢਿਆਂ

ਉਤੇ ਜੋ ਨਹੀਂ ਅਤੇ ਵਿਚਕਾਰ ਹੈ। ਸੁਫ਼ਨੇ.....ਸਵੇਰੇ ਤੁਸੀਂ ਉੱਠੇ ਤਦ ਗੁਆਚ ਗਿਆ। ਰਾਤ ਜਦੋਂ ਤੁਸੀਂ ਸੁੱਤੇ ਤਦ ਨਹੀਂ ਸੀ, ਇਸ ਲਈ ਸਵੇਰੇ ਤੁਸੀਂ ਕਹਿੰਦੇ ਹੋ ਸੁਫ਼ਨਾ ਝੂਠਾ ਸੀ, ਸੱਚ ਨਹੀਂ। ਕਿਉਂਕਿ ਸ਼ਾਮ ਨਹੀਂ ਸੀ, ਸਵੇਰੇ ਫ਼ਿਰ ਨਹੀਂ ਹੈ।

ਤੁਹਾਡੀ ਇਹ ਦੇਹ ਇੱਕ ਦਿਨ ਨਹੀਂ ਸੀ, ਇੱਕ ਦਿਨ ਫ਼ਿਰ ਨਹੀਂ ਹੋਵੇਗੀ। ਇਹ ਦੇਹ ਝੂਠੀ ਹੈ। ਗੁੱਸਾ ਆਇਆ, ਇੱਕ ਪਲ ਪਹਿਲਾਂ ਨਹੀਂ ਸੀ ਅਤੇ ਘੜੀ ਭਰ ਪਿਛੋਂ ਫ਼ਿਰ ਚਲਾ ਜਾਵੇਗਾ। ਇਹ ਗੁੱਸਾ ਸੁਫ਼ਨਾ ਹੈ, ਸੱਚ ਨਹੀਂ ਹੈ। ਜੋ ਸਦਾ ਹੈ, ਉਹ ਹੀ ਸਤਯ ਹੈ।

ਅਤੇ ਤੁਸੀਂ ਇਸ ਧਾਰਨਾ ਨੂੰ ਡੂੰਘੇ ਲੈ ਜਾਓ ਤਾਂ ਤੁਹਾਡੇ ਜੀਵਨ 'ਚ ਰੂਪਾਂਤਰਣ (ਬਦਲਾਓ) ਹੋ ਜਾਵੇਗਾ। ਉਸਦੇ ਨਾਲ ਬਹੁਤ ਜ਼ਿਆਦਾ ਚਿੰਬੜਣਾ ਨਹੀਂ ਜਿਹੜਾ ਬਦਲਦਾ ਹੈ। ਤੁਸੀਂ ਉਸੇ ਦੀ ਖੋਜ ਕਰਨਾ ਜਿਹੜਾ ਅਨਬਦਲਿਆ ਹੈ, ਸਦਾ ਸਥਾਈ ਅਤੇ ਠਹਿਰਿਆ ਹੋਇਆ ਹੈ।

ਕੌਣ ਹੈ ਤੁਹਾਡੇ ਅੰਦਰ ਜਿਹੜਾ ਕਦੇ ਨਹੀਂ ਬਦਲਦਾ? ਉਸਨੂੰ ਹੀ ਲੱਭੋ। ਜ਼ਰੂਰ ਉਹ ਤੁਹਾਡੇ ਅੰਦਰ ਹੈ, ਸਾਰੀ ਬਦਲਾਹਟ ਉਸੇ 'ਤੇ ਹੁੰਦੀ ਹੈ। ਜਿਵੇਂ ਗੱਡੀ ਦਾ ਚਾਕ ਚਲਦਾ ਹੈ, ਉਹ ਇੱਕ ਧੁਰੇ (ਕਿੱਲੇ) ਤੇ ਚਲਦਾ ਹੈ, ਜੋ ਠਹਿਰਿਆ ਰਹਿੰਦਾ ਹੈ। ਚਾਕ ਚਲਦਾ ਰਹਿੰਦਾ ਹੈ ਧੁਰਾ ਠਹਿਰਿਆ ਰਹਿੰਦਾ ਹੈ। ਜਿਵੇਂ ਹੀ ਧੁਰੀ ਵੱਖਰੀ ਹੋਈ, ਪਹੀਆ ਝਟਪਟ ਡਿੱਗ ਪਵੇਗਾ। ਜਿਹੜਾ ਬਦਲਾਓ ਹੋ ਰਿਹਾ ਹੈ ਉਹ ਵੀ ਸ਼ਾਸ਼ਵਤ ਦੇ ਉਪਰ ਹੋ ਰਿਹਾ ਹੈ। ਆਤਮਾ ਦੀ ਧੁਰੀ ਠਹਿਰੀ ਹੋਈ ਹੈ। ਸ਼ਰੀਰ ਦਾ ਪਹੀਆ ਘੁੰਮ ਰਿਹਾ ਹੈ। ਜਿਵੇਂ ਹੀ ਧੁਰੀ ਵੱਖਰੀ ਹੋਈ, ਪਹੀਆ ਡਿੱਗ ਪੈਂਦਾ ਹੈ।

ਨਾਨਕ ਕਹਿੰਦੇ ਹਨ, *"ਆਦਿ ਸਚੁ ਜੁਗਾਦਿ ਸਚੁ॥ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ॥"* ਉਹੀ ਸਤਯ ਹੈ, ਉਹ ਹੀ ਇਕ। ਕਿਉਂਕਿ ਉਹ ਪਹਿਲਾਂ ਵੀ ਸੀ, ਹੁਣ ਭੀ ਹੈ, ਕੱਲ੍ਹ ਵੀ ਹੋਵੇਗਾ, ਸਦਾ ਰਹੇਗਾ। ਹੋਰ ਬਾਕੀ ਸਭ ਸੁਫ਼ਨਾ ਹੈ, ਇਹ ਇੱਕ ਬਚਨ ਤੁਹਾਡੇ ਮਨ 'ਚ ਡੂੰਘਾ ਬੈਠ ਜਾਏ।

ਜਦ ਗੁੱਸਾ ਆਏ, ਤਦ ਆਪਣੇ ਮਨ 'ਚ ਦੁਹਰਾਉਣਾ *"ਆਦਿ ਸਚੁ ਜੁਗਾਦਿ ਸਚੁ॥ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ॥"* ਨਫਰਤ ਆਵੇ, ਲੋਭ ਆਵੇ ਤਾਂ ਵੀ ਦੁਹਰਾਉਣਾ।

ਅਤੇ ਧਿਆਨ ਰੱਖਣਾ ਕਿ ਜੋ ਹੁਣੇ ਨਹੀਂ ਸੀ, ਹੁਣੇ ਹੋਇਆ, ਉਹ ਸੁਫ਼ਨਾ ਹੈ। ਗੁਆਚ ਜਾਵੇਗਾ, ਇਸਦੇ 'ਚ ਬਹੁਤ ਜਕੜੇ ਹੋਣ ਦੀ ਜ਼ਰੂਰਤ ਨਹੀਂ ਹੈ। ਸਾਖਸ਼ੀ-ਭਾਵ ਰੱਖਣਾ। ਹੌਲੀ-ਹੌਲੀ ਤੁਸੀਂ ਪਾਓਗੇ ਕਿ ਵਿਅਰਥ ਆਪਣੇ ਆਪ ਡਿੱਗਣ ਲੱਗਾ, ਕਿਉਂਕਿ ਤੁਹਾਡਾ ਉਸਦੇ ਨਾਲੋਂ ਸੰਬੰਧ ਟੁੱਟ ਗਿਆ ਅਤੇ ਸਾਰਥਕ ਦਾ ਜਨਮ ਹੋਣ

ਲੱਗਾ, ਸ਼ਾਸਵਤ ਉੱਠਣ ਲੱਗਾ, ਸੰਸਾਰ ਗੁਆਚਣ ਲੱਗਾ।

*ਸੋਚੈ ਸੋਚਿ ਨ ਹੋਵਈ ਜੇ ਸੋਚੀ ਲਖ ਵਾਰ॥*
*ਚੁਪੈ ਚੁਪ ਨ ਹੋਵਈ ਜੇ ਲਾਇ ਰਹਾ ਲਿਵ ਤਾਰ॥*
*ਭੁਖਿਆ ਭੁਖ ਨ ਉਤਰੀ ਜੇ ਬੰਨਾ ਪੁਰੀਆ ਭਾਰ॥*
*ਸਹਸ ਸਿਆਣਪਾ ਲਖ ਹੋਹਿ ਤ ਇਕ ਨ ਚਲੈ ਨਾਲਿ॥*
*ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ॥*
*ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ॥ ੧॥*

ਇਹ ਬਹੁਤ ਅਨਮੋਲ ਬਚਨ ਹਨ, ਨਾਨਕ ਦਾ ਸਾਰਾ ਸਾਰ। ਸੋਚ ਕੇ ਵੀ ਅਸੀਂ ਉਸਨੂੰ ਸੋਚ ਨਹੀਂ ਸਕਦੇ। ਹਾਲਾਂਕਿ ਅਸੀਂ ਲੱਖਾਂ ਵਾਰ ਸੋਚ ਸਕਦੇ ਹਾਂ। ਸੋਚ-ਸੋਚ ਕੇ ਉਸਨੂੰ ਕਦੇ ਕਿਸੇ ਨੇ ਪਾਇਆ ਨਹੀਂ। ਸੋਚ-ਸੋਚ ਕੇ ਹੀ ਤਾਂ ਅਸੀਂ ਉਸਨੂੰ ਗੁਆਇਆ ਹੈ। ਜਿੰਨਾ ਅਸੀਂ ਸੋਚਦੇ ਹਾਂ ਓਨਾ ਹੀ ਵਿਚਾਰਾਂ ਵਿੱਚ ਅਸੀਂ ਗੁਆਚ ਜਾਂਦੇ ਹਾਂ।

ਪਰਮਾਤਮਾ ਕੋਈ ਵਿਚਾਰ ਨਹੀਂ ਹੈ, ਉਹ ਕੋਈ ਤਰਕ ਦਾ ਨਿਚੋੜ ਨਹੀਂ ਹੈ। ਉਹ ਕੋਈ ਦਿਮਾਗ ਦਾ ਨਿਚੋੜ ਨਹੀਂ ਹੈ। ਪਰਮਾਤਮਾ ਤਾਂ ਸਤਯ ਹੈ, ਤੁਹਾਡੇ ਸੋਚਣ ਦਾ ਸਵਾਲ ਨਹੀਂ। ਦੇਖਣਾ ਹੈ, ਸੋਚਣ ਨਾਲ ਕੀ ਹੋਵੇਗਾ? ਸੋਚਣ ਨਾਲ ਤਾਂ ਭਟਕ ਜਾਓਗੇ। ਅੱਖ ਖੋਲ੍ਹਣੀ ਹੈ ਅਤੇ ਜੇਕਰ ਅੱਖਾਂ ਵਿਚਾਰਾਂ ਨਾਲ ਭਰੀਆਂ ਹਨ ਤਾਂ ਤੁਹਾਡੀਆਂ ਅੱਖਾਂ ਅੰਨ੍ਹੀਆਂ ਰਹਿਣਗੀਆਂ। ਅੱਖ ਨਿਰਵਿਚਾਰ ਚਾਹੀਦੀ ਹੈ ਤਾਂ ਹੀ ਦਰਸ਼ਨ ਨਸੀਬ ਹੁੰਦਾ ਹੈ।

ਜਿਸ ਨੂੰ ਝੇਨ ਫ਼ਕੀਰ ਕਹਿੰਦੇ ਹਨ 'ਨੋ ਮਾਈਂਡ'। ਜਿਸ ਨੂੰ ਕਬੀਰ ਕਹਿੰਦੇ ਹਨ, 'ਉਨਮਨੀ ਦਸ਼ਾ।' ਜਿਸ ਨੂੰ ਬੁੱਧ ਕਹਿੰਦੇ ਹਨ, "ਚਿੱਤ ਦਾ ਗੁਆਚ ਜਾਣਾ।" ਜਿਸ ਨੂੰ ਪਤੰਜਲੀ ਨੇ ਕਿਹਾ ਹੈ, 'ਨਿਰਵਿਕਲਪ ਸਮਾਧੀ।' ਸਾਰੇ ਵਿਕਲਪ ਅਤੇ ਵਿਚਾਰ ਜਿੱਥੇ ਗੁਆਚ ਗਏ ਉਹ ਹੀ ਨਾਨਕ ਕਹਿ ਰਹੇ ਹਨ।

"ਸੋਚ-ਸੋਚ ਕੇ ਵੀ ਅਸੀਂ ਉਸਨੂੰ ਸੋਚ ਨਹੀਂ ਸਕਦੇ, ਜਦ ਕਿ ਅਸੀਂ ਲੱਖਾਂ ਵਾਰ ਵੀ ਸੋਚਦੇ ਰਹੀਏ। ਚੁੱਪ ਹੋਣ ਨਾਲ ਵੀ ਉਸ ਮੌਨ ਨੂੰ ਉਪਲੱਬਧ (ਪ੍ਰਾਪਤ) ਨਹੀਂ ਹੋਇਆ ਜਾ ਸਕਦਾ। ਜਦ ਕਿ ਅਸੀਂ ਲਗਾਤਾਰ ਧਿਆਨ ਵਿੱਚ ਰਹਿ ਸਕਦੇ ਹਾਂ।"

ਕਿਉਂ? ਸੋਚ-ਸੋਚ ਕੇ ਉਸਨੂੰ ਪਾਇਆ ਨਹੀਂ ਜਾ ਸਕਦਾ? ਕੋਸ਼ਿਸ਼ ਕਰ-ਕਰਕੇ ਮੌਨ ਸਾਧਿਆ ਨਹੀਂ ਜਾ ਸਕਦਾ। ਕਿਉਂ? ਕਿਉਂਕਿ ਜਿੰਨੀ ਤੁਸੀਂ ਕੋਸ਼ਿਸ਼ ਕਰੋਗੇ, ਉਨਾਂ ਹੀ ਤੁਸੀਂ ਪਾਓਗੇ, ਮੌਨ ਅਸੰਭਵ ਹੋ ਜਾਂਦਾ ਹੈ। ਕੁਝ ਚੀਜ਼ਾਂ ਹਨ, ਜਿਹੜੀਆਂ ਕੋਸ਼ਿਸ਼ ਨਾਲ ਨਹੀਂ ਵਾਪਰਦੀਆਂ। ਜਿਵੇਂ ਨੀਂਦ ਨਹੀਂ ਆਉਂਦੀ ਕਿਸੇ ਨੂੰ, ਤਾਂ ਕਿੰਨੀ

ਵੀ ਕੋਸ਼ਿਸ਼ ਕਰੇ, ਨੀਂਦ ਨਹੀਂ ਆਵੇਗੀ। ਸੱਚ ਤਾਂ ਇਹ ਹੈ, ਜਿੰਨੀ ਕੋਸ਼ਿਸ਼ ਕਰੋਗੇ ਓਨੀ ਨੀਂਦ ਮੁਸ਼ਕਿਲ ਹੋ ਜਾਵੇਗੀ। ਕਿਉਂਕਿ ਨੀਂਦ ਦਾ ਅਰਥ ਹੀ ਇਹ ਹੈ ਕਿ ਤੁਸੀਂ ਸਾਰੀ ਕੋਸ਼ਿਸ਼ ਛੱਡ ਦਿਓ, ਤਦ ਹੀ ਆਵੇਗੀ। ਤੁਸੀਂ ਕੋਸ਼ਿਸ਼ ਕਰਦੇ ਰਹੋਗੇ, ਕੋਸ਼ਿਸ਼ ਤੁਹਾਨੂੰ ਜਗਾਈ ਰੱਖੇਗੀ। ਜਾਗਣ ਨਾਲ ਕਦੇ ਨੀਂਦ ਆਈ ਹੈ? ਕੋਈ ਉਪਾਅ ਨੀਂਦ ਲਿਆਉਣ ਦਾ ਨਹੀਂ, ਕਿਉਂਕਿ ਨੀਂਦ ਆਉਂਦੀ ਹੀ ਤਦ ਹੈ ਜਦ ਤੁਸੀਂ ਨਿਰ-ਉਪਾਅ ਹੋ ਜਾਂਦੇ ਹੋ। ਜਦ ਤੁਸੀਂ ਕੋਈ ਉਪਾਅ ਨਹੀਂ ਕਰਦੇ ਹੋ, ਪਏ ਹੋ ਬਿਸਤਰੇ ਤੇ ਬਿਨਾਂ ਉਪਾਅ, ਤਦ ਨੀਂਦ ਆ ਜਾਂਦੀ ਹੈ।

ਤੁਸੀਂ ਆਪਣੇ ਆਪ ਨੂੰ ਜ਼ਬਰਦਸਤੀ ਕਿਵੇਂ ਮੌਨ ਕਰੋਗੇ? ਤੁਸੀਂ ਬੈਠ ਸਕਦੇ ਹੋ, ਸ਼ਰੀਰ ਨੂੰ ਸਾਧ ਸਕਦੇ ਹੋ ਪੱਥਰ ਦੀ ਮੂਰਤੀ ਵਾਂਗ। ਪਰ ਅੰਦਰ ਮਨ ਉਬਲਦਾ ਰਹੇਗਾ।

ਨਾਨਕ ਇੱਕ ਮੁਸਲਮਾਨ ਨਵਾਬ ਦੇ ਘਰ ਪਰਾਹੁਣੇ ਸਨ। ਨਾਨਕ ਨੂੰ ਕੀ ਹਿੰਦੂ, ਕੀ ਮੁਸਲਮਾਨ! ਜਿਹੜਾ ਗਿਆਨੀ ਹੈ, ਉਸਦੇ ਲਈ ਸੰਪਰਦਾਯ ਦੀ ਸੀਮਾ ਨਹੀਂ। ਉਸ ਨਵਾਬ ਨੇ ਨਾਨਕ ਨੂੰ ਕਿਹਾ ਕਿ ਜੇਕਰ ਤੁਸੀਂ ਸੱਚ ਹੀ ਕਹਿੰਦੇ ਹੋ ਕਿ ਨਾ ਕੋਈ ਹਿੰਦੂ ਨਾ ਕੋਈ ਮੁਸਲਮਾਨ, ਤਾਂ ਅੱਜ ਸ਼ੁਕਰਵਾਰ ਦਾ ਦਿਨ ਹੈ, ਸਾਡੇ ਨਾਲ ਨਮਾਜ਼ ਪੜ੍ਹਣ ਚੱਲੋ। ਨਾਨਕ ਰਾਜ਼ੀ ਹੋ ਗਏ, ਪਰ ਉਨ੍ਹਾਂ ਨੇ ਕਿਹਾ, ਜੇਕਰ ਤੁਸੀਂ ਪੜ੍ਹੋਗੇ ਤਾਂ ਅਸੀਂ ਵੀ ਪੜ੍ਹਾਂਗੇ। ਨਵਾਬ ਨੇ ਕਿਹਾ ਇਹ ਵੀ ਕੋਈ ਸ਼ਰਤ ਦੀ ਗੱਲ ਹੋਈ? ਅਸੀਂ ਤਾਂ ਨਮਾਜ਼ ਪੜ੍ਹਣ ਜਾ ਹੀ ਰਹੇ ਹਾਂ।

ਪੂਰਾ ਪਿੰਡ ਇਕੱਠਾ ਹੋ ਗਿਆ। ਮੁਸਲਮਾਨ, ਹਿੰਦੂ ਸਾਰੇ ਇਕੱਠੇ ਹੋ ਗਏ। ਹਿੰਦੂਆਂ 'ਚ ਤਾਂ ਤਹਿਲਕਾ ਮਚ ਗਿਆ। ਨਾਨਕ ਦੇ ਘਰ ਦੇ ਲੋਕ ਵੀ ਪੁੱਜ ਗਏ ਕਿ ਇਹ ਕੀ ਕਰ ਰਹੇ ਹੋ? ਲੋਕਾਂ ਨੂੰ ਲੱਗਿਆ ਕਿ ਨਾਨਕ ਮੁਸਲਮਾਨ ਬਣਨ ਜਾ ਰਹੇ ਹਨ। ਲੋਕ ਆਪਣੇ ਡਰ ਨਾਲ ਦੂਜਿਆਂ ਨੂੰ ਵੀ ਤੋਲਦੇ ਹਨ।

ਨਾਨਕ ਮਸਜਿਦ ਗਏ, ਨਮਾਜ਼ ਪੜ੍ਹੀ ਗਈ। ਨਵਾਬ ਬਹੁਤ ਨਾਰਾਜ਼ ਹੋਇਆ। ਵਿੱਚ ਵਿੱਚ ਮੁੜ-ਮੁੜ ਕੇ ਵੇਖ ਲੈਂਦਾ ਸੀ ਕਿ ਨਾਨਕ ਨਾ ਤਾਂ ਝੁਕੇ, ਨਾ ਨਮਾਜ਼ ਪੜ੍ਹੀ ਬੱਸ! ਖਲੋਤੇ ਹਨ। ਛੇਤੀ-ਛੇਤੀ ਨਮਾਜ਼ ਪੂਰੀ ਕੀਤੀ, ਕਿਉਂਕਿ ਗੁੱਸੇ 'ਚ ਕਦੇ ਨਮਾਜ਼ ਪੜ੍ਹੀਦੀ ਹੈ। ਪੜ੍ਹ ਕੇ ਕਿਸੇ ਤਰ੍ਹਾਂ ਪੂਰੀ ਕੀਤੀ, ਲੋਕ ਨਾਨਕ ਉਤੇ ਟੁੱਟ ਪਏ ਅਤੇ ਉਨ੍ਹਾਂ ਨੇ ਕਿਹਾ, "ਤੁਸੀਂ ਧੋਖੇਬਾਜ਼ ਹੋ। ਕਿਹੋ ਜਿਹੇ ਸਾਧੂ, ਕਿਹੋ ਜਿਹੇ ਸੰਤ! ਤੁਸੀਂ ਵਚਨ ਦਿੱਤਾ ਸੀ ਨਮਾਜ਼ ਪੜ੍ਹਣ ਦਾ, ਪਰ ਪੂਰਾ ਕੀਤਾ ਨਹੀਂ।

ਨਾਨਕ ਨੇ ਕਿਹਾ, "ਵਚਨ ਦਿੱਤਾ ਸੀ, ਸ਼ਰਤ ਤੁਸੀਂ ਭੁੱਲ ਗਏ। ਮੈਂ ਕਿਹਾ ਸੀ ਕਿ ਜੇਕਰ ਤੁਸੀਂ ਨਮਾਜ਼ ਪੜ੍ਹੋਗੇ ਤਾਂ ਮੈਂ ਪੜ੍ਹਾਂਗਾ। ਤੁਸੀਂ ਨਹੀਂ ਪੜ੍ਹੀ ਤਾਂ ਮੈਂ ਕਿਵੇਂ ਪੜ੍ਹਦਾ?

ਨਵਾਬ ਨੇ ਕਿਹਾ, "ਕੀ ਕਹਿ ਰਹੇ ਹੋ? ਹੋਸ਼ ਵਿੱਚ ਹੋ? ਏਨੇ ਲੋਕ ਗਵਾਹ ਹਨ ਕਿ ਅਸੀਂ ਨਮਾਜ਼ ਪੜ੍ਹ ਰਹੇ ਸੀ।"

ਨਾਨਕ ਨੇ ਕਿਹਾ, "ਇਨ੍ਹਾਂ ਦੀ ਗਵਾਹੀ ਮੈਂ ਨਹੀਂ ਮੰਨਦਾ, ਕਿਉਂਕਿ ਮੈਂ ਤੁਹਾਨੂੰ ਵੇਖ ਰਿਹਾ ਸੀ, ਅੰਦਰ ਕੀ ਹੋ ਰਿਹਾ ਹੈ। ਤੁਸੀਂ ਤਾਂ ਕਾਬੁਲ 'ਚ ਘੋੜੇ ਖਰੀਦ ਰਹੇ ਸੀ।"

ਨਵਾਬ ਥੋੜ੍ਹਾ ਹੈਰਾਨ ਹੋਇਆ। ਕਿਉਂਕਿ ਖਰੀਦ ਉਹ ਘੋੜੇ ਹੀ ਰਿਹਾ ਸੀ। ਉਸਦਾ ਵਧੀਆ ਤੋਂ ਵਧੀਆ ਘੋੜਾ ਉਸੇ ਦਿਨ ਸਵੇਰੇ ਮਰ ਗਿਆ ਸੀ, ਉਹ ਉਸਦੇ ਹੀ ਦੁੱਖ ਨਾਲ ਭਰਿਆ ਸੀ। ਨਮਾਜ਼ ਕੀ ਸੁਆਹ! ਉਹ ਇਹ ਹੀ ਸੋਚ ਰਿਹਾ ਸੀ ਕਿ ਕਿਵੇਂ ਕਾਬੁਲ ਜਾਵਾਂ, ਕਿਵੇਂ ਵਧੀਆ ਘੋੜਾ ਖਰੀਦਾਂ। ਕਿਉਂਕਿ ਉਸਦੇ ਲਈ ਘੋੜਾ ਵੱਡੀ ਸ਼ਾਨ ਸੀ, ਇੱਜ਼ਤ ਸੀ।

ਅਤੇ ਨਾਨਕ ਨੇ ਕਿਹਾ, "ਇਹ ਮੌਲਵੀ ਹੈ ਤੁਹਾਡਾ, ਜਿਹੜਾ ਨਮਾਜ਼ ਪੜ੍ਹਵਾ ਰਿਹਾ ਸੀ, ਇਹ ਖੇਤ 'ਚ ਆਪਣੀ ਫਸਲ ਕੱਟ ਰਿਹਾ ਸੀ ਅਤੇ ਇਹ ਗੱਲ ਸੱਚ ਸੀ। ਮੌਲਵੀ ਨੇ ਵੀ ਕਿਹਾ ਕਿ ਗੱਲ ਤਾਂ ਇਹ ਸੱਚ ਹੈ। ਫਸਲ ਪੱਕ ਗਈ ਹੈ, ਚਿੰਤਾ ਮਨ ਉਤੇ ਚੜ੍ਹੀ ਹੋਈ ਹੈ।"

ਨਾਨਕ ਨੇ ਕਿਹਾ, "ਹੁਣ ਤੁਸੀਂ ਬੋਲੋ, ਤੁਸੀਂ ਨਮਾਜ਼ ਪੜ੍ਹੀ, ਜੋ ਮੈਂ ਸਾਥ ਦਿੰਦਾ?"

ਤੁਸੀਂ ਜ਼ਬਰਦਸਤੀ ਨਮਾਜ਼ ਪੜ੍ਹ ਲਵੋ, ਤੁਸੀਂ ਜ਼ਬਰਦਸਤੀ ਧਿਆਨ ਕਰ ਲਵੋ, ਤੁਸੀਂ ਜ਼ਬਰਦਸਤੀ ਪੂਜਾ, ਪ੍ਰਾਰਥਨਾ ਕਰ ਲਵੋ, ਕੀ ਤੁਸੀਂ ਕਰ ਰਹੇ ਹੋ, ਇਸਦਾ ਕੋਈ ਮੁੱਲ ਨਹੀਂ ਹੈ। ਕੀ ਤੁਹਾਡੇ ਅੰਦਰ ਹੋ ਰਿਹਾ ਹੈ? ਤੁਸੀਂ ਪੱਥਰ ਦੀ ਮੂਰਤ ਵਾਂਗ ਬੈਠ ਜਾਓ, ਉਸਦੇ ਨਾਲ ਕੀ ਹੋਵੇਗਾ? ਸ਼ਰੀਰ ਨੂੰ ਸਾਧ ਲਓ, ਇਸਦੇ ਨਾਲ ਕੀ ਮਨ ਸਧੇਗਾ? ਮਨ 'ਚ ਤਾਂ ਉਹ ਹੀ ਚਲਦਾ ਰਹੇਗਾ ਜਿਹੜਾ ਚਲਦਾ ਰਿਹਾ ਸੀ। ਹੋਰ ਵੀ ਜ਼ੋਰ ਨਾਲ ਚਲੇਗਾ। ਜਦ ਦੇਹ ਘੱਟ ਚਲਦੀ ਸੀ ਤਾਂ ਸ਼ਕਤੀ ਵੱਖਰੀ-ਵੱਖਰੀ ਸੀ। ਹੁਣ ਦੇਹ ਬਿਲਕੁਲ ਨਿਕੰਮੀ ਹੈ, ਤਾਂ ਸਾਰੀ ਸ਼ਕਤੀ ਮਨ ਨੂੰ ਮਿਲ ਗਈ। ਹੁਣ ਮਨ 'ਚ ਹੋਰ ਜ਼ੋਰ ਨਾਲ ਵਿਚਾਰ ਉੱਠਣਗੇ।

ਇਸ ਲਈ ਲੋਕ ਜਦ ਵੀ ਧਿਆਨ ਕਰਨ ਬੈਠਦੇ ਹਨ ਤਦ ਬਹੁਤੇ ਵਿਚਾਰ ਉੱਠਦੇ ਹਨ। ਪੂਜਾ ਕਰਨ ਬੈਠਦੇ ਹਨ ਤਦ ਬਜ਼ਾਰ ਦਾ ਬਹੁਤ ਖਿਆਲ ਆਉਂਦਾ ਹੈ। ਜਦ ਵੀ ਮੰਦਰ ਜਾਂਦੇ ਹਨ, ਘੰਟੀ ਵਗੈਰਾ ਵਜਾਉਂਦੇ ਹਨ, ਤਦ ਪਾਉਂਦੇ ਹਨ ਕਿ ਪਤਾ ਨਹੀਂ ਮਨ 'ਚ ਕੀ ਖਰਾਬੀ ਹੈ। ਉਂਝ ਸਾਰਾ ਕੁਝ ਠੀਕ ਚਲਦਾ ਹੈ। ਸਿਨਮੇ 'ਚ ਬੈਠਦੇ ਹਨ ਚੁੱਪੀ ਆ ਜਾਂਦੀ ਹੈ। ਥੋੜ੍ਹੀ ਸ਼ਾਂਤੀ ਹੋ ਜਾਂਦੀ ਹੈ। ਲੇਕਿਨ ਮੰਦਰ 'ਚ, ਮਸਜਿਦ 'ਚ, ਗੁਰਦੁਆਰੇ 'ਚ ਬਿਲਕੁਲ ਸ਼ਾਂਤੀ ਨਹੀਂ। ਗੱਲ ਕੀ ਹੈ?

ਸਿਨਮਾਂ ਤੁਹਾਡੀਆਂ ਵਾਸਨਾਵਾਂ ਨਾਲ ਇੱਕ-ਮਿਕ ਹੈ। ਉਥੇ ਉਹ ਹੀ ਜਗਾਇਆ ਜਾ ਰਿਹਾ ਹੈ, ਜੋ ਤੁਸੀਂ ਹੋ, ਉਥੇ ਉਹ ਹੀ ਉਭਾਰਿਆ ਜਾ ਰਿਹਾ ਹੈ, ਜਿਹੜਾ ਤੁਹਾਡੇ ਅੰਦਰ ਭਰਿਆ ਹੈ। ਉਹੀ ਕੂੜਾ ਕਰਕਟ, ਉਹੀ ਗੰਦ! ਤੁਹਾਡੇ ਨਾਲ ਤਾਲ-ਮੇਲ ਬੈਠ ਜਾਂਦਾ ਹੈ। ਮੰਦਰ 'ਚ ਕੁਝ ਅਜਿਹੀ ਪੁਕਾਰ ਕੀਤੀ ਜਾ ਰਹੀ ਹੈ ਜਿਸ ਨਾਲ ਤੁਹਾਡਾ ਕੋਈ ਤਾਲ-ਮੇਲ ਨਹੀਂ। ਉਥੇ ਸਭ ਗੜਬੜ ਹੋ ਜਾਂਦੀ ਹੈ।

ਨਾਨਕ ਕਹਿੰਦੇ ਹਨ, ਚੁੱਪ ਹੋਣ ਨਾਲ ਵੀ ਕੁਝ ਨਹੀਂ ਹੋਵੇਗਾ। ਉਸ ਚੁੱਪੀ ਨੂੰ ਨਹੀਂ ਪਾਇਆ ਜਾ ਸਕਦਾ, ਜਦ ਕਿ ਅਸੀਂ ਲਗਾਤਾਰ ਧਿਆਨ 'ਚ ਰਹਿ ਸਕਦੇ ਹਾਂ। ਬੈਠੇ ਰਹੋ ਦਿਨ-ਰਾਤ! ਕੁਝ ਵੀ ਨਹੀਂ ਹੋਵੇਗਾ। "ਭੁਖਿਆਂ ਦੀ ਭੁੱਖ ਨਹੀਂ ਜਾਵੇਗੀ ਭਾਵੇਂ ਅਸੀਂ ਪੂਰੀਆਂ ਦੇ ਪਹਾੜ ਹੀ ਕਿਉਂ ਨਾ ਜਮ੍ਹਾਂ ਕਰ ਲਈਏ। ਕਿਉਂਕਿ ਇਹ ਭੁੱਖ ਪੂਰੀਆਂ ਨਾਲ ਭਰਨ ਵਾਲੀ ਨਹੀਂ ਹੈ। ਇਹ ਜਿਹੜੀ ਧਿਆਨ ਦੀ ਭੁੱਖ ਹੈ, ਇਹ ਜਿਹੜੀ ਪਰਮਾਤਮਾ ਦੀ ਭੁੱਖ ਹੈ, ਇਹ ਕੋਈ ਸਾਧਾਰਣ ਭੁੱਖ ਨਹੀਂ ਹੈ। ਇਸ ਸੰਸਾਰ ਦੀ ਕੋਈ ਵੀ ਚੀਜ਼ ਉਸ ਨੂੰ ਬੁਝਾ ਨਹੀਂ ਸਕੇਗੀ। ਇਹ ਪਿਆਸ ਅਨੋਖੀ ਹੈ ਅਤੇ ਪਰਮਾਤਮਾ ਹੀ ਧਾਰ ਬਣ ਕੇ ਉਤਰੇ ਤਾਂ ਹੀ ਬੁਝ ਸਕਦੀ ਹੈ।

ਕਿਸ ਤਰ੍ਹਾਂ ਅਸੀਂ ਸੱਚੇ ਬਣੀਏ? ਕਿਸ ਤਰ੍ਹਾਂ ਝੂਠ ਦੇ ਪਰਦੇ ਦਾ ਨਾਸ਼ ਹੋਵੇ?"

ਨਾਨਕ ਕਹਿੰਦੇ ਹਨ ਕਿ ਉਸਦੇ ਹੁਕਮ, ਉਸਦੀ ਮਰਜ਼ੀ ਦੇ ਮੁਤਾਬਿਕ। ਜਿਵੇਂ ਉਸਨੇ ਮਿਥ ਰੱਖਿਆ ਹੈ, ਲਿਖ ਰੱਖਿਆ ਹੈ, ਉਸਦੇ ਅਨੁਸਾਰ ਚਲਣ ਨਾਲ ਹੀ ਇਹ ਹੋ ਸਕਦਾ ਹੈ। ਇਹ ਬਚਨ ਬਹੁਤ ਹੀ ਧਿਆਨ ਨਾਲ ਸਮਝਣ ਦਾ ਹੈ।

*"ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲ॥"* ਨਹੀਂ ਤੁਹਾਡੇ ਕਰਨ ਨਾਲ ਕੁਝ ਵੀ ਨਹੀਂ ਹੋਵੇਗਾ। ਤੁਸੀਂ ਜੋ ਵੀ ਕਰੋਗੇ ਤੁਸੀਂ ਹੀ ਕਰੋਗੇ। ਤੁਸੀਂ ਸੱਚ ਵੀ ਬੋਲੋਗੇ ਤਾਂ ਤੁਹਾਡੇ ਝੂਠ ਦੀ ਹੋਂਦ ਤੋਂ ਹੀ ਸੱਚ ਨਿਕਲੇਗਾ। ਉਹ ਸੱਚ ਵੀ ਝੂਠਾ ਹੋ ਜਾਵੇਗਾ। ਤੁਸੀਂ ਸੱਚ ਲਿਆਓਗੇ ਵੀ ਕਿਥੋਂ? ਤੁਸੀਂ ਬਿਲਕੁਲ ਝੂਠੇ ਹੋ। ਇਸ ਨਾਲ ਕੋਈ ਫ਼ਰਕ ਨਹੀਂ ਪਵੇਗਾ।

ਨਾਨਕ ਇੱਕ ਪਿੰਡ 'ਚ ਰੁਕੇ ਸੀ। ਉਸ ਪਿੰਡ ਦੇ ਪ੍ਰਧਾਨ ਨੇ ਸਾਰੇ ਪਿੰਡ ਨੂੰ ਭੋਜਨ ਦਾ ਨਿਉਂਦਾ ਦਿੱਤਾ ਸੀ। ਕੋਈ ਯੱਗ ਹੋ ਰਿਹਾ ਸੀ। ਨਾਨਕ ਨੂੰ ਵੀ ਸੱਦਿਆ। ਨਾਨਕ ਗਏ ਨਹੀਂ। ਇੱਕ ਗਰੀਬ ਆਦਮੀ ਦੇ ਘਰ 'ਚ ਠਹਿਰੇ ਸਨ, ਉਸਦਾ ਨਾਉਂ ਸੀ ਲਾਲੋ। ਗਰੀਬ ਤਰਖਾਣ ਸੀ। ਉਸਦੀ ਕੋਈ ਹੈਸੀਅਤ ਨਹੀਂ ਸੀ। ਰੁੱਖੀ-ਸੁੱਕੀ ਰੋਟੀ ਸੀ।

ਪਿੰਡ ਦੇ ਅਮੀਰ ਨੇ ਸੱਦਾ ਦਿੱਤਾ ਸੀ। ਕਈ ਵਾਰ ਆਦਮੀ ਬੁਲਾਉਣ ਆਏ। ਨਹੀਂ ਜਦੋਂ ਮੰਨੇ, ਤਾਂ ਅਮੀਰ ਆਪ ਆਇਆ। ਨਾਨਕ ਨੂੰ ਲੈ ਕੇ ਗਿਆ, ਨਾਨਕ ਨੇ ਕਿਹਾ,

ਤੁਸੀਂ ਚਾਹੁੰਦੇ ਹੋ ਤਾਂ ਚੱਲਾਂਗਾ। ਉਸਨੇ ਮਹਲ ਵਿੱਚ ਲੈ ਜਾ ਕੇ ਪੁਛਿਆ, ਮੇਰੇ ਪਵਿੱਤਰ ਭੋਜਨ ਨੂੰ ਨਾਂਹ ਕਰਦੇ ਹੋ, ਅਤੇ ਇਸ ਗਰੀਬ ਦਾ ਅਸ਼ੁਧ ਭੋਜਨ—ਉਹ ਪੰਡਿਤ ਵੀ ਨਹੀਂ ਹੈ। ਸ਼ੁੱਧ ਪੰਡਿਤ ਨੇ ਇਸ਼ਨਾਨ ਕਰ ਕੇ ਗੰਗਾ ਜਲ ਨਾਲ ਇਹ ਸਭ ਕੁਝ ਤਿਆਰ ਕੀਤਾ ਹੈ। ਪਵਿੱਤਰਤਮ! ਅਤੇ ਤੁਸੀਂ ਇਸਨੂੰ ਨਾਂਹ ਕਰਦੇ ਹੋ?

ਨਾਨਕ ਨੇ ਕਿਹਾ, ਤੁਸੀਂ ਹੁਣ ਜ਼ਿਦ ਹੀ ਕਰਦੇ ਹੋ, ਕਹਿੰਦਾ ਹਾਂ। ਤੁਸੀਂ ਆਪਣਾ ਭੋਜਨ ਲੈ ਆਓ। ਲਾਲੋ ਵੀ ਪਿੱਛੇ-ਪਿੱਛੇ ਟੁਰ ਆਇਆ ਸੀ। ਉਸਨੂੰ ਕਿਹਾ, ਤੂੰ ਵੀ ਆਪਣੀ ਸੁੱਕੀ ਰੋਟੀ ਲੈ ਆ।

ਕਹਿੰਦੇ ਹਨ—ਸੰਕੇਤਕ ਕਹਾਣੀ ਹੈ ਕਿ ਨਾਨਕ ਨੇ ਇੱਕ ਹੱਥ 'ਚ ਲਾਲੋ ਦੀ ਰੋਟੀ ਅਤੇ ਇੱਕ ਹੱਥ 'ਚ ਹਲਵਾ ਪੂੜੀ ਉਸ ਧਨਪਤੀ ਦੀ ਲੈ ਕੇ ਨਿਚੋੜੀ ਤਾਂ ਲਾਲੋ ਦੀ ਸੁੱਕੀ ਰੋਟੀ 'ਚੋਂ ਦੁੱਧ ਦੀ ਧਾਰ ਵਗੀ ਅਤੇ ਦੂਜੇ ਹੱਥ ਚੋਂ ਲਹੂ ਦੀਆਂ ਬੂੰਦਾਂ ਟਪਕੀਆਂ। ਨਾਨਕ ਨੇ ਕਿਹਾ, ਤੁਸੀਂ ਅਸ਼ੁੱਧ ਹੋ। ਤੁਸੀਂ ਪੰਡਿਤ ਤੋਂ ਭੋਜਨ ਬਣਵਾਓ ਜਾਂ ਗੰਗਾ ਦੇ ਪਾਣੀ ਨੂੰ ਲੈ ਆਓ, ਭਾਵੇਂ ਇੱਕ-ਇੱਕ ਕਣਕ ਦੇ ਦਾਣੇ ਨੂੰ ਸਾਫ ਕਰਕੇ ਬਣਵਾਓ, ਇਸਦੇ ਨਾਲ ਕੋਈ ਫ਼ਰਕ ਨਹੀਂ ਪਵੇਗਾ। ਤੁਹਾਡਾ ਸਾਰਾ ਜੀਵਨ ਦੂਜਿਆਂ ਨੂੰ ਚੂਸਣ ਦਾ ਬੇਈਮਾਨੀ, ਚੋਰੀ, ਝੂਠ ਦਾ ਹੈ। ਤੁਹਾਡੀ ਹਰ ਇੱਕ ਰੋਟੀ ਵਿੱਚ ਲਹੂ ਲੁਕਿਆ ਹੈ।

ਲਹੂ ਨਿਕਲਿਆ ਜਾਂ ਨਹੀਂ। ਇਹ ਸਵਾਲ ਮਹੱਤਵਪੂਰਨ ਨਹੀਂ ਹੈ। ਪਰ ਗੱਲ ਤਾਂ ਸੱਚ ਹੈ। ਤੁਸੀਂ ਕਿਵੇਂ ਸੱਚੇ ਹੋਵੋਗੇ? ਤੁਸੀਂ ਹੀ ਤਾਂ ਸੱਚੇ ਹੋਵੋਗੇ ਨਾ! ਕੌਣ ਉਪਾਅ ਕਰੇਗਾ?

ਤਾਂ ਨਾਨਕ ਕਹਿੰਦੇ ਹਨ, ਤੁਹਾਡੇ ਕੀਤੇ ਕੁਝ ਵੀ ਨਹੀਂ ਹੋਵੇਗਾ। ਤੁਸੀਂ ਬੇਈਮਾਨ ਹੋ, ਤਾਂ ਤੁਹਾਡੀ ਸਚਾਈ 'ਚ ਵੀ ਬੇਈਮਾਨੀ ਵੜ ਜਾਵੇਗੀ। ਤੁਸੀਂ ਸੱਚ ਵੀ ਇਹੋ ਜਿਹਾ ਬੋਲੋਗੇ ਕਿ ਤੁਹਾਡੀ ਬੇਈਮਾਨੀ ਨੂੰ ਉਸਦੇ ਨਾਲ ਲਾਭ ਹੁੰਦਾ ਹੋਵੇ। ਤੁਸੀਂ ਸੱਚ ਵੀ ਇਸ ਢੰਗ ਨਾਲ ਬੋਲੋਗੇ ਕਿ ਦੂਜੇ ਨੂੰ ਦੁੱਖ ਪੁੱਜੇ। ਤੁਸੀਂ ਇਹੋ ਜਿਹੇ ਸੱਚ ਨੂੰ ਲਭੋਗੇ ਜਿਸਦੇ ਨਾਲ ਹਿਰਦੇ ਵਿੱਚ ਛੁਰਾ ਵੱਜ ਜਾਏ। ਤੁਸੀਂ ਝੂਠ ਨਾਲ ਲੋਕਾਂ ਨੂੰ ਨੁਕਸਾਨ ਪੁਚਾਉਂਦੇ ਸੀ, ਤੁਸੀਂ ਸੱਚ ਨਾਲ ਵੀ ਨੁਕਸਾਨ ਪੁਚਾਓਗੇ, ਤੁਸੀਂ ਜੋ ਵੀ ਕਰੋਗੇ ਉਹ ਗ਼ਲਤ ਹੋਵੇਗਾ। ਕਿਉਂਕਿ ਤੁਸੀਂ ਗ਼ਲਤ ਹੋ ਉਪਾਅ ਕੀ ਹੈ? ਤਾਂ ਨਾਨਕ ਕਹਿੰਦੇ ਹਨ, ਉਪਾਅ ਇੱਕ ਹੀ ਹੈ। ਉਸਦੇ ਹੁਕਮ ਅਤੇ ਉਸਦੀ ਮਰਜ਼ੀ ਦੇ ਅਨੁਸਾਰ ਸਭ ਉਸਦੇ ਉਤੇ ਛੱਡ ਦਿਓ। ਜਿਵੇਂ ਉਹ ਜਿਵਾਏ, ਜੀਓ! ਜਿਵੇਂ ਉਹ ਕਰਾਏ, ਕਰੋ! ਜਿਥੇ ਉਹ ਲੈ ਜਾਏ, ਜਾਓ! ਉਸਦਾ ਹੁਕਮ ਤੁਹਾਡੀ ਇੱਕ ਮਾਤਰ ਸਾਧਨਾ ਹੋ ਜਾਏ। ਤੁਸੀਂ ਆਪਣੀ ਮਰਜ਼ੀ ਹਟਾਓ। ਉਸਦੀ ਮਰਜ਼ੀ ਨੂੰ ਆਣ ਦਿਓ। ਤੁਸੀਂ ਸਵੀਕਾਰ ਕਰ ਲਵੋ ਜੀਵਨ ਜਿਹੋ ਜਿਹਾ ਹੈ। ਪਰਮਾਤਮਾ ਨੇ ਦਿੱਤਾ ਹੈ ਉਹ ਹੀ ਜਾਣੇ। ਤੁਸੀਂ ਨਾਂਹ ਨਾ

ਕਰੋ। ਦੁੱਖ ਆਏ ਤਾਂ ਦੁੱਖ ਨੂੰ ਵੀ ਕਬੂਲ ਕਰੋ ਕਿ ਉਸਦੀ ਮਰਜ਼ੀ ਅਤੇ ਅਹੋਭਾਵ ਰਖੋ। ਧੰਨਭਾਵ ਰੱਖੋ ਕਿ ਜੇਕਰ ਉਸਨੇ ਦੁੱਖ ਦਿੱਤਾ ਹੈ ਤਾਂ ਜ਼ਰੂਰ ਕੋਈ ਭੇਦ ਹੋਵੇਗਾ। ਕੋਈ ਅਰਥ ਹੋਵੇਗਾ। ਕੋਈ ਰਾਜ਼ ਹੋਵੇਗਾ। ਤੁਸੀਂ ਸ਼ਿਕਾਇਤ ਨਾ ਕਰੋ। ਤੁਸੀਂ ਧੰਨਵਾਦ ਨਾਲ ਹੀ ਭਰੇ ਰਹੋ। ਉਹ ਤੁਹਾਨੂੰ ਜਿਵੇਂ ਰੱਖੇ। ਗਰੀਬ ਤਾਂ ਗਰੀਬ। ਅਮੀਰ ਤਾਂ ਅਮੀਰ। ਸੁੱਖ ਵਿੱਚ, ਤਾਂ ਸੁੱਖ ਵਿੱਚ। ਦੁੱਖ ਵਿੱਚ, ਤਾਂ ਦੁੱਖ ਵਿੱਚ। ਇਹ ਗੱਲ ਤੁਹਾਡੇ ਅੰਦਰ ਹਮੇਸ਼ਾਂ ਰਹੇ, ਕਿ ਮੈਂ ਰਾਜ਼ੀ ਹਾਂ। ਤੇਰਾ ਹੁਕਮ ਮੇਰਾ ਜੀਵਨ ਹੈ।

ਫ਼ਿਰ ਤੁਸੀਂ ਅਚਾਨਕ ਪਾਓਗੇ ਕਿ ਤੁਸੀਂ ਸ਼ਾਂਤ ਹੋਣ ਲੱਗ ਪਏ। ਜਿਹੜਾ ਲੱਖ ਧਿਆਨ 'ਚ ਬਹਿ ਕੇ ਨਹੀਂ ਹੁੰਦਾ ਸੀ, ਉਸਦੀ ਮਰਜ਼ੀ ਉਤੇ ਛੱਡ ਦੇਣ ਨਾਲ ਹੋਣ ਲੱਗ ਪਿਆ। ਹੋ ਹੀ ਜਾਵੇਗਾ, ਕਿਉਂਕਿ ਚਿੰਤਾ ਦਾ ਕੋਈ ਕਾਰਣ ਹੀ ਨਹੀਂ ਰਿਹਾ।

ਚਿੰਤਾ ਕੀ ਹੈ? ਚਿੰਤਾ ਇਹ ਹੈ ਕਿ ਜਿਹੋ ਜਿਹਾ ਹੋ ਰਿਹਾ ਹੈ ਉਸ ਨਾਲੋਂ ਵੱਖਰਾ ਹੋਣਾ ਚਾਹੀਦਾ ਹੈ। ਪੁੱਤਰ ਮਰ ਗਿਆ, ਨਹੀਂ ਮਰਨਾ ਸੀ! ਦਵਾਲਾ ਨਿਕਲ ਗਿਆ, ਨਹੀਂ ਨਿਕਲਣਾ ਸੀ। ਇਹ ਚਿੰਤਾ ਹੈ। ਜਿਹੋ ਜਿਹਾ ਹੋਇਆ, ਉਹੋ ਜਿਹਾ ਨਹੀਂ ਹੋਣਾ ਸੀ ਅਤੇ ਜਿਹੋ ਜਿਹਾ ਹੋ ਰਿਹਾ ਹੈ ਉਹੋ ਜਿਹਾ ਨਹੀਂ ਹੋਣਾ ਚਾਹੀਦਾ ਹੈ। ਤੁਸੀਂ ਆਪਣੀ ਮਰਜ਼ੀ ਨੂੰ ਜ਼ਿੰਦਗੀ ਤੇ ਥੋਪਣ ਦੀ ਕੋਸ਼ਿਸ਼ ਕਰ ਰਹੇ ਹੋ। ਇਹ ਹੀ ਤੁਹਾਡੀ ਚਿੰਤਾ ਹੈ। ਫ਼ਿਰ ਇਸ ਨਾਲ ਹੀ ਤੁਸੀਂ ਪਰੇਸ਼ਾਨ ਹੋ।

ਫ਼ਿਰ ਇਸ ਪਰੇਸ਼ਾਨੀ ਨੂੰ ਤੁਸੀਂ ਅੰਦਰ ਢੋਂਦੇ ਹੋਏ ਧਿਆਨ ਕਰਨ ਬੈਠਦੇ ਹੋ। ਤਦ ਤੁਸੀਂ ਖੇਤ ਵਿੱਚ ਫਸਲ ਕਟੋਗੇ, ਕਾਬੁਲ ਵਿੱਚ ਘੋੜੇ ਖਰੀਦੋਗੇ। ਉਹ ਚਿੰਤਾ ਜਿਹੜੀ ਤੁਹਾਡੀ ਸੀ ਪਿੱਛੇ ਰਹੇਗੀ ਉਹ ਤੁਹਾਡੇ ਧਿਆਨ ਨੂੰ ਵੀ ਭੰਗ ਕਰੇਗੀ।

ਤਦ ਤੁਸੀਂ ਕਿਵੇਂ ਸ਼ਾਂਤ ਹੋ ਸਕੋਗੇ? ਸ਼ਾਂਤੀ ਦਾ ਇੱਕ ਹੀ ਗੁਰ ਹੈ ਅਤੇ ਜੇਕਰ ਇਹ ਸੂਤਰ ਤੁਹਾਡੀ ਸਮਝ ਵਿੱਚ ਆ ਜਾਵੇ, ਤਾਂ ਪੂਰਬ ਦੀ ਸਾਰੀ ਭਾਲ ਸਮਝ ਵਿੱਚ ਆ ਸਕਦੀ ਹੈ। ਪੂਰਬ ਦੀ ਸਾਰੀ ਭਾਲ ਇਹ ਹੈ। ਲਾਉਤਸੇ ਤੋਂ ਲੈ ਕੇ ਨਾਨਕ ਤੱਕ, ਕਿ ਜੋ ਹੋ ਰਿਹਾ ਹੈ ਉਸ ਨੂੰ ਸਵੀਕਾਰ ਕਰ ਲਵੋ।

ਇਸਦਾ ਪੁਰਾਣਾ ਨਾਉਂ ਭਾਗ ਹੈ। ਉਹ ਸ਼ਬਦ ਵਿਗੜ ਗਿਆ ਹੈ। ਸਾਰੇ ਸ਼ਬਦ ਬਹੁਤ ਦਿਨ ਵਰਤਣ ਨਾਲ ਵਿਗੜ ਜਾਂਦੇ ਹਨ। ਕਿਉਂਕਿ ਗ਼ਲਤ ਲੋਕ ਵਰਤਦੇ ਹਨ, ਗ਼ਲਤ ਅਰਥ ਜੁੜ ਜਾਂਦੇ ਹਨ। ਹੁਣ ਤਾਂ ਕਿਸੇ ਦੀ ਨਿੰਦੀਆ ਕਰਨੀ ਹੋਵੇ ਤਾਂ ਕਹਿ ਦਿਓ ਕਿ ਭਾਗਵਾਦੀ ਹੈ। ਲੇਕਿਨ ਭਾਗ—ਇਹ ਹੀ ਤਾਂ ਅਰਥ ਹੈ ਭਾਗ ਦਾ। ਨਾਨਕ ਕਹਿੰਦੇ ਹਨ, *"ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ॥"*

ਜਿਹੜਾ ਲਿਖਿਆ ਹੈ ਉਹ ਹੋਵੇਗਾ। ਜੋ ਉਸਨੇ ਲਿਖ ਰੱਖਿਆ ਹੈ ਉਹੀ ਹੋਵੇਗਾ।

ਆਪਣੇ ਵੱਲੋਂ ਤਾਂ ਕੁਝ ਵੀ ਕਰਨ ਦਾ ਉਪਾਅ ਨਹੀਂ ਹੈ। ਕੋਈ ਬਦਲਾਓ ਨਹੀਂ ਹੋ ਸਕਦਾ। ਫ਼ਿਰ ਚਿੰਤਾ ਕਿਸ ਨੂੰ? ਫ਼ਿਰ ਭਾਰ ਕਿਸ ਨੂੰ? ਜਦ ਤੁਸੀਂ ਕੁਝ ਬਦਲਨਾ ਹੀ ਨਹੀਂ ਚਾਹੁੰਦੇ, ਜਦ ਤੁਸੀਂ ਉਸਦੇ ਨਾਲ ਰਾਜ਼ੀ ਹੋ, ਉਸਦੀ ਮਰਜ਼ੀ ਵਿੱਚ ਰਾਜ਼ੀ ਹੋ, ਜਦ ਤੁਹਾਡੀ ਆਪਣੀ ਕੋਈ ਮਰਜ਼ੀ ਨਹੀਂ, ਤਦ ਕਿਹੋ ਜਿਹੀ ਬੇਚੈਨੀ। ਤਦ ਕਿਹੋ ਜਿਹਾ ਵਿਚਾਰ। ਤਦ ਸਭ ਹਲਕਾ ਹੋ ਜਾਂਦਾ ਹੈ। ਖੰਭ ਲੱਗ ਜਾਂਦੇ ਹਨ। ਤੁਸੀਂ ਉੱਡ ਸਕਦੇ ਹੋ। ਉਸ ਆਕਾਸ਼ ਵਿੱਚ, ਜਿਸ ਆਕਾਸ਼ ਦਾ ਨਾਉਂ ਹੈ-"ੴ ਸਤਿਨਾਮੁ॥"

ਨਾਨਕ ਦੀ ਇੱਕ ਹੀ ਵਿਧੀ ਹੈ ਅਤੇ ਉਹ ਵਿਧੀ ਹੈ, ਪਰਮਾਤਮਾ ਦੀ ਮਰਜ਼ੀ। ਉਹ ਜਿਹੋ ਜਿਹਾ ਕਰਾਵੇ। ਉਹ ਜਿਸ ਤਰ੍ਹਾਂ ਰੱਖੇ।

ਇੰਜ ਹੋਇਆ ਕਿ ਬਲਖ ਦਾ ਇੱਕ ਨਵਾਬ ਸੀ, ਇਬਰਾਹੀਮ। ਉਸਨੇ ਬਜ਼ਾਰ 'ਚ ਇੱਕ ਗੁਲਾਮ ਖਰੀਦਿਆ। ਗੁਲਾਮ ਬੜਾ ਸਿਹਤਮੰਦ ਅਤੇ ਤੇਜਸਵੀ ਸੀ। ਇਬਰਾਹੀਮ ਉਸਨੂੰ ਘਰ ਲੈ ਆਇਆ। ਇਬਰਾਹੀਮ ਉਸਦੇ ਪਿਆਰ 'ਚ ਹੀ ਪੈ ਗਿਆ। ਆਦਮੀ ਬੜਾ ਪ੍ਰਭਾਵਸ਼ਾਲੀ ਸੀ। ਇਬਰਾਹੀਮ ਨੇ ਪੁੱਛਿਆ, ਤੂੰ ਕਿਵੇਂ ਰਹਿਣਾ ਪਸੰਦ ਕਰੇਂਗਾ। ਤਾਂ ਉਸ ਗੁਲਾਮ ਨੇ ਮੁਸਕਰਾ ਕੇ ਕਿਹਾ, "ਮਾਲਕ ਦੀ ਜੋ ਮਰਜ਼ੀ।" ਮੇਰਾ ਕੀ, ਮੇਰੇ ਹੋਣ ਦਾ ਕੀ ਅਰਥ? ਤੁਸੀਂ ਜਿਵੇਂ ਰੱਖੋਗੇ ਉਵੇਂ ਰਹੂੰਗਾ।

"ਇਬਰਾਹੀਮ ਨੇ ਪੁੱਛਿਆ, ਤੂੰ ਕੀ ਪਹਿਨਣਾ, ਕੀ ਖਾਣਾ ਪਸੰਦ ਕਰਦਾ ਹੈਂ?"

ਉਸ ਨੇ ਕਿਹਾ, ਮੇਰੀ ਕੀ ਪਸੰਦ? ਮਾਲਕ ਜਿਹੋ ਜਿਹਾ ਪਵਾਵੇਗਾ, ਪਾ ਲਵਾਂਗਾ। ਮਾਲਕ ਜਿੱਦਾਂ ਦਾ ਖਵਾਵੇਗਾ, ਖਾ ਲਵਾਂਗਾ।

ਇਬਰਾਹੀਮ ਨੇ ਪੁੱਛਿਆ, ਕਿ ਤੇਰਾ ਨਾਉਂ ਕੀ ਹੈ? ਕੀ ਨਾਂ ਲੈ ਕੇ ਤੈਨੂੰ ਬੁਲਾਵਾਂ? ਉਸਨੇ ਕਿਹਾ, "ਮਾਲਕ ਦੀ ਜੋ ਮਰਜ਼ੀ, ਮੇਰਾ ਕੀ ਨਾਉਂ? ਦਾਸ ਦਾ ਕੋਈ ਨਾਉਂ ਹੁੰਦਾ ਹੈ? ਜੋ ਨਾਉਂ ਤੁਸੀਂ ਦਿਓ।

ਕਹਿੰਦੇ ਹਨ, ਇਬਰਾਹੀਮ ਦੇ ਜੀਵਨ ਵਿੱਚ ਕ੍ਰਾਂਤੀ ਆ ਗਈ। ਉਹ ਉੱਠ ਕੇ ਉਸ ਗੁਲਾਮ ਦੇ ਪੈਰੀਂ ਪਿਆ ਅਤੇ ਕਿਹਾ, ਤੂੰ ਮੈਨੂੰ ਭੇਦ ਦੱਸ ਦਿੱਤਾ ਜਿਸ ਦੀ ਮੈਂ ਭਾਲ ਵਿੱਚ ਸੀ। ਹੁਣ ਇਹ ਹੀ ਮੇਰਾ ਅਤੇ ਮੇਰੇ ਮਾਲਕ ਦਾ ਰਿਸ਼ਤਾ! ਤੂੰ ਮੇਰਾ ਗੁਰੂ ਹੈਂ।

ਤਦ ਤੋਂ ਇਬਰਾਹੀਮ ਸ਼ਾਂਤ ਹੋ ਗਿਆ। ਜੋ ਬਹੁਤੇ ਦਿਨਾਂ ਦੇ ਧਿਆਨ ਨਾਲ ਨਹੀਂ ਸੀ ਹੋਇਆ। ਜੋ ਬਹੁਤ ਦਿਨ ਨਮਾਜ਼ ਪੜ੍ਹਣ ਨਾਲ ਨਹੀਂ ਸੀ ਹੋਇਆ। ਉਹ ਉਸ ਗੁਲਾਮ ਦੇ ਸੂਤਰ ਨਾਲ ਮਿਲ ਗਿਆ।

*"ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ॥"*

ਸੋਚੋ, ਥੋੜ੍ਹਾ ਪ੍ਰਯੋਗ ਕਰੋ। ਜਿਵੇਂ ਰੱਖੇ, ਰਹੋ। ਆਪਣੇ ਵੱਲੋਂ ਤੁਸੀਂ ਬਹੁਤ ਕੋਸ਼ਿਸ਼

ਕਰਕੇ ਵੇਖ ਲਈ, ਕੀ ਹੋਇਆ? ਤੁਸੀਂ ਉਹੋ-ਜਿਹੇ ਹੀ ਹੋ, ਜਿਹੋ ਜਿਹਾ ਉਸਨੇ ਭੇਜਿਆ ਸੀ, ਉਸ ਤੋਂ ਖਰਾਬ ਭਾਵੇਂ ਹੋ ਗਏ ਹੋਵੋ, ਉਸ ਤੋਂ ਵਧੀਆ ਨਹੀਂ ਹੋਏ ਹੋ। ਜਿਸ ਤਰ੍ਹਾਂ ਦੇ ਆਏ ਸੀ ਬਾਲਪਨ 'ਚ ਭੋਲੇ ਭਾਲੇ, ਓਨਾਂ ਵੀ ਨਹੀਂ ਬਚਿਆ ਹੱਥ ਵਿੱਚ। ਸਲੇਟ ਗੰਦੀ ਹੋ ਗਈ, ਤੁਸੀਂ ਸਭ ਕੁਝ ਲਿਖ ਮਾਰਿਆ। ਖਟਿਆ ਕੀ ਹੈ? ਸਿਵਾਏ ਦੁੱਖ, ਤਨਾਓ, ਕਲੇਸ਼ ਦੇ, ਕੀ ਤੁਹਾਡੇ ਹੱਥ ਲੱਗਾ।

ਥੋੜ੍ਹੇ ਦਿਨ ਨਾਨਕ ਦੀ ਸੁਣ ਕੇ ਵੇਖੋ। ਛੱਡ ਦਿਓ ਉਸਦੇ ਉਤੇ। ਇਸ ਲਈ ਨਾਨਕ ਕਹਿੰਦੇ ਹਨ, "ਨਾ ਜਪ, ਨਾ ਤਪ, ਨਾ ਧਿਆਨ, ਨਾ ਧਾਰਣਾ, ਇੱਕ ਹੀ ਸਾਧਨਾ ਹੈ, ਉਸਦੀ ਮਰਜ਼ੀ।"

ਜਿਵੇਂ ਹੀ ਤੁਹਾਨੂੰ ਖਿਆਲ ਆਏਗਾ, ਉਸਦੀ ਮਰਜ਼ੀ ਦਾ, ਅੰਦਰ ਸਾਰਾ ਹਲਕਾ ਹੋ ਜਾਂਦਾ ਹੈ। ਇੱਕ ਗਹਿਰੀ ਸ਼ਾਂਤੀ, ਅੰਦਰ ਇੱਕ ਮੀਂਹ ਵਰ੍ਹਨ ਲੱਗਦਾ ਹੈ, ਜਿਥੇ ਕੋਈ ਤਨਾਓ ਨਹੀਂ, ਕੋਈ ਚਿੰਤਾ ਨਹੀਂ।

ਪੱਛਮ ਵਿੱਚ ਏਨੀ ਚਿੰਤਾ ਅਤੇ ਤਨਾਓ ਹੈ। ਪੂਰਬ ਨਾਲੋਂ ਬਹੁਤ ਵਧੇਰੇ। ਹਾਲਾਂਕਿ ਪੂਰਬ ਬਹੁਤ ਗਰੀਬ ਹੈ, ਦੁਖੀ ਹੈ, ਬੀਮਾਰ ਹੈ, ਰੋਗੀ ਹੈ। ਭੋਜਨ ਨਹੀਂ, ਕਪੜੇ ਨਹੀਂ, ਛੱਪਰ ਨਹੀਂ। ਪੱਛਮ ਵਿੱਚ ਸਭ ਹੈ। ਫਿਰ ਵੀ ਚਿੰਤਾ, ਤਨਾਓ! ਏਨਾ ਤਨਾਓ ਹੈ ਕਿ ਲਗਭਗ ਚਾਰ ਆਦਮੀਆਂ ਵਿੱਚ ਤਿੰਨ ਆਦਮੀ ਪਾਗਲਪਨ ਦੀ ਹਾਲਤ ਵਿੱਚ ਹੋ ਗਏ ਹਨ। ਕੀ ਕਾਰਣ ਹੈ? ਕਿਉਂਕਿ ਪੱਛਮ ਨੇ ਆਪਣੀ ਮਰਜ਼ੀ ਚਲਾਉਣ ਦੀ ਕੋਸ਼ਿਸ਼ ਕੀਤੀ ਹੈ। ਆਦਮੀ ਨੂੰ ਪੱਛਮ 'ਚ ਭਰੋਸਾ ਹੈ, ਅਸੀਂ ਸਾਰਾ ਕੁਝ ਕਰ ਲਵਾਂਗੇ। ਭਗਵਾਨ ਦੇ ਸਹਾਰੇ ਦੀ ਕੋਈ ਲੋੜ ਨਹੀਂ। ਭਗਵਾਨ ਹੈ ਹੀ ਨਹੀਂ, ਆਦਮੀ ਸਾਰਾ ਕੁਝ ਕਰ ਲਵੇਗਾ।

ਉਸਨੇ ਬਹੁਤ ਕੁਝ ਕਰ ਵੀ ਲਿਆ ਹੈ। ਪਰ ਆਦਮੀ ਬਿਲਕੁਲ ਗੁਆਚ ਗਿਆ ਹੈ, ਪਾਗਲ ਹੁੰਦਾ ਜਾ ਰਿਹਾ ਹੈ। ਬਾਹਰ-ਬਾਹਰ ਕੁਝ ਕਰ ਲਿਆ, ਅੰਦਰ ਸਾਰਾ ਰੋਗੀ ਹੋ ਗਿਆ। ਜੇਕਰ ਤੁਹਾਡੇ ਜੀਵਨ ਵਿੱਚ ਇਹ ਸੂਤਰ ਉਤਰ ਜਾਵੇ, ਤਾਂ ਕੁਝ ਕਰਨ ਨੂੰ ਨਹੀਂ ਬਚਦਾ। ਜਿਹੋ ਜਿਹਾ ਹੋ ਰਿਹਾ ਹੈ, ਹੋਣ ਦਿਓ।

ਤੁਸੀਂ ਤਰੋ ਨਾ, ਬਹੋ। ਨਦੀ ਨਾਲ ਲੜਾਈ ਨਾ ਕਰੋ। ਨਦੀ ਵੈਰੀ ਨਹੀਂ ਹੈ, ਦੋਸਤ ਹੈ। ਤੁਸੀਂ ਬਹੋ। ਲੜਾਈ ਨਾਲ ਵੈਰ ਪੈਦਾ ਹੁੰਦਾ ਹੈ ਅਤੇ ਜਦ ਤੁਸੀਂ ਉਲਟੀ ਧਾਰ ਤਰਨ ਲੱਗਦੇ ਹੋ, ਤਾਂ ਨਦੀ ਤੁਹਾਡੇ ਨਾਲ ਸੰਘਰਸ਼ ਕਰਦੀ ਹੈ। ਤੁਸੀਂ ਸੋਚਦੇ ਹੋ ਨਦੀ ਤੁਹਾਡੇ ਨਾਲ ਦੁਸ਼ਮਣੀ ਲੈ ਰਹੀ ਹੈ। ਨਦੀ ਨਾਲ ਕੀ ਦੁਸ਼ਮਣੀ? ਨਦੀ ਨੂੰ ਤੁਹਾਡਾ ਪਤਾ ਵੀ ਨਹੀਂ। ਤੁਸੀਂ ਆਪਣੇ ਹੀ ਹੱਥ ਉਲਟੀ ਧਾਰ ਬਹਿ ਰਹੇ ਹੋ। ਤੁਹਾਡੀ ਮਰਜ਼ੀ,

ਯਾਨੀ ਉਲਟੀ ਧਾਰ। ਹੰਕਾਰ ਯਾਨੀ ਪੁੱਠੀ ਧਾਰਾ।

ਉਸਦੀ ਮਰਜ਼ੀ—ਤੁਸੀਂ ਧਾਰ ਦੇ ਨਾਲ ਇੱਕ ਹੋ ਗਏ। ਹੁਣ ਨਦੀ ਜਿੱਥੇ ਲੈ ਜਾਵੇ ਉਹ ਹੀ ਮੰਜਿਲ । ਜਿੱਥੇ ਲਾ ਦੇਵੇ ਉਹੀ ਕੰਢਾ ਹੈ, ਡੁਬਾ ਦੇਵੇ ਤਾਂ ਉਹ ਵੀ ਮੰਜ਼ਿਲ, ਫਿਰ ਕਾਹਦੀ ਚਿੰਤਾ, ਫਿਰ ਕਾਹਦਾ ਦੁੱਖ, ਤੁਸੀਂ ਦੁੱਖ ਦੀ ਜੜ੍ਹ ਕੱਟ ਦਿੱਤੀ।

ਬੜਾ ਕੀਮਤੀ ਹੈ ਇਹ ਸੂਤਰ। ਨਾਨਕ ਕਹਿੰਦੇ ਹਨ, ਉਸਦੇ ਹੁਕਮ ਅਤੇ ਉਸਦੀ ਮਰਜ਼ੀ ਦੇ ਅਨੁਸਾਰ। ਜਿਵੇਂ ਉਸਨੇ ਨਿਸ਼ਚਿਤ ਕਰ ਰੱਖਿਆ ਹੈ, ਲਿਖ ਰੱਖਿਆ ਹੈ। ਉਸਦੇ ਅਨੁਸਾਰ ਚਲਣ ਨਾਲ ਹੀ ਇਹ ਹੋ ਸਕਦਾ ਹੈ।

ਤਾਂ ਨਾਨਕ ਨੇ ਹੰਕਾਰ ਦੇ ਸਾਰੇ ਦੁਆਰ ਬੰਦ ਕਰ ਦਿੱਤੇ। ਪਹਿਲਾਂ ਤਾਂ, ਗੁਰੂ ਪ੍ਰਸਾਦਿ। ਕਿ ਤੁਸੀਂ ਜੋ ਵੀ ਕਰੋ, ਜੋ ਵੀ ਉਪਲਬਧ ਹੋਵੇ, ਉਹ ਗੁਰੂ ਦੀ ਕਿਰਪਾ। ਅਤੇ ਫਿਰ ਜੋ ਵੀ ਹੋਵੇ, ਜੀਵਨ ਦੀ ਧਾਰਾ ਜਿੱਥੇ ਲੈ ਜਾਏ, ਉਸ ਦਾ ਹੁਕਮ। ਫਿਰ ਹੋਰ ਕੁਝ ਕਰਨ ਨੂੰ ਬਚਦਾ ਨਹੀਂ ਅਤੇ ਬਹੁਤੀ ਦੇਰ ਨਹੀਂ ਲੱਗੇਗੀ ਕਿ ਤੁਹਾਨੂੰ ਵੀ ਪਤਾ ਲੱਗ ਜਾਏ—

*ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ*
*ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ॥*
*॥ ਜਪੁ॥*
*ਆਦਿ ਸਚੁ ਜੁਗਾਦਿ ਸਚੁ॥ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ॥ ੧॥*
*ਸੋਚੈ ਸੋਚਿ ਨ ਹੋਵਈ ਜੇ ਸੋਚੀ ਲਖ ਵਾਰ॥*
*ਚੁਪੈ ਚੁਪ ਨ ਹੋਵਈ ਜੇ ਲਾਇ ਰਹਾ ਲਿਵ ਤਾਰ॥*
*ਭੁਖਿਆ ਭੁਖ ਨ ਉਤਰੀ ਜੇ ਬੰਨਾ ਪੁਰੀਆ ਭਾਰ॥*
*ਸਹਸ ਸਿਆਣਪਾ ਲਖ ਹੋਹਿ ਤ ਇਕ ਨ ਚਲੈ ਨਾਲਿ॥*
*ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ॥*
*ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ॥ ੧॥*

*ਅੱਜ ਏਨਾ ਹੀ।*

# ਹੁਕਮੀ ਹੁਕਮੁ ਚਲਾਏ ਰਾਹੁ

ਹੁਕਮੀ ਹੋਵਨਿ ਆਕਾਰ ਹੁਕਮੁ ਨ ਕਹਿਆ ਜਾਈ॥
ਹੁਕਮੀ ਹੋਵਨਿ ਜੀਅ ਹੁਕਮਿ ਮਿਲੈ ਵਡਿਆਈ॥
ਹੁਕਮੀ ਉਤਮੁ ਨੀਚੁ ਹੁਕਮਿ ਲਿਖਿ ਦੁਖ ਸੁਖ ਪਾਈਅਹਿ॥
ਇਕਨਾ ਹੁਕਮੀ ਬਖਸੀਸ ਇਕਿ ਹੁਕਮੀ ਸਦਾ ਭਵਾਈਅਹਿ॥
ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮ ਨ ਕੋਇ॥
ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੈ ਨ ਕੋਇ॥ ੨॥

ਗਾਵੈ ਕੋ ਤਾਣੁ ਹੋਵੈ ਕਿਸੈ ਤਾਣੁ॥
ਗਾਵੈ ਕੋ ਦਾਤਿ ਜਾਣੈ ਨੀਸਾਣੁ॥
ਗਾਵੈ ਕੋ ਗੁਣ ਵਡਿਆਈਆ ਚਾਰ॥
ਗਾਵੈ ਕੋ ਵਿਦਿਆ ਵਿਖਮੁ ਵੀਚਾਰੁ॥
ਗਾਵੈ ਕੋ ਸਾਜਿ ਕਰੇ ਤਨੁ ਖੇਹ॥
ਗਾਵੈ ਕੋ ਜੀਅ ਲੈ ਫਿਰਿ ਦੇਹ॥
ਗਾਵੈ ਕੋ ਜਾਪੈ ਦਿਸੈ ਦੂਰਿ॥
ਗਾਵੈ ਕੋ ਵੇਖੈ ਹਾਦਰਾ ਹਦੂਰਿ॥
ਕਥਨਾ ਕਥੀ ਨ ਆਵੈ ਤੋਟਿ॥
ਕਥਿ ਕਥਿ ਕਥੀ ਕੋਟੀ ਕੋਟਿ ਕੋਟਿ॥
ਦੇਦਾ ਦੇ ਲੈਦੇ ਥਕਿ ਪਾਹਿ॥
ਜੁਗਾ ਜੁਗੰਤਰਿ ਖਾਹੀ ਖਾਹਿ॥
ਹੁਕਮੀ ਹੁਕਮੁ ਚਲਾਏ ਰਾਹੁ॥
ਨਾਨਕ ਵਿਗਸੈ ਵੇਪਰਵਾਹੁ ॥ ੩॥

ਜੀਵਨ ਨੂੰ ਜੀਉਂਣ ਦੇ ਦੋ ਢੰਗ ਹਨ। ਇੱਕ ਢੰਗ ਹੈ ਸੰਘਰਸ਼ ਦਾ, ਇੱਕ ਢੰਗ ਹੈ ਸਮਰਪਣ ਦਾ। ਸੰਘਰਸ਼ ਦਾ ਅਰਥ ਹੈ, ਮੇਰੀ ਮਰਜ਼ੀ ਸਮਗਰ ਦੀ ਮਰਜ਼ੀ ਤੋਂ ਵੱਖ ਹੈ। ਸਮਰਪਣ ਦਾ ਅਰਥ ਹੈ, ਮੈਂ ਪੂਰਣ ਦਾ ਇੱਕ ਅੰਗ ਹਾਂ। ਮੇਰੀ ਮਰਜ਼ੀ ਦੇ ਵੱਖਰੇ ਹੋਣ ਦਾ ਕੋਈ ਸਵਾਲ ਨਹੀਂ। ਮੈਂ ਜੇਕਰ ਵੱਖਰਾ ਹਾਂ, ਸੰਘਰਸ਼ ਸੁਭਾਵਿਕ ਹੈ। ਮੈਂ ਜੇਕਰ ਇਸ ਵਿਰਾਟ ਦੇ ਨਾਲ ਇੱਕ ਹਾਂ, ਸਮਰਪਣ ਸੁਭਾਵਿਕ ਹੈ। ਸੰਘਰਸ਼ ਲਿਆਵੇਗਾ ਤਨਾਵ, ਅਸ਼ਾਂਤੀ, ਚਿੰਤਾ। ਸਮਰਪਣ: ਸ਼ੂਨਯਤਾ, ਸ਼ਾਂਤੀ, ਆਨੰਦ ਅਤੇ ਅੰਤ 'ਚ ਪਰਮ ਗਿਆਨ। ਸੰਘਰਸ਼ ਨਾਲ ਹੰਕਾਰ ਵਧੇਗਾ, ਸਮਰਪਣ ਨਾਲ ਮਿਟੇਗਾ।

ਸੰਸਾਰੀ ਉਹੀ ਹੈ ਜੋ ਸੰਘਰਸ਼ ਕਰ ਰਿਹਾ ਹੈ। ਧਾਰਮਿਕ ਉਹੀ ਹੈ, ਜਿਸਨੇ ਸੰਘਰਸ਼ ਛੱਡਿਆ ਅਤੇ ਸਮਰਪਣ ਕੀਤਾ। ਮੰਦਰ, ਮਸਜਿਦ, ਗੁਰੂਦੁਆਰੇ ਜਾਣ ਨਾਲ ਧਰਮ ਦਾ ਕੋਈ ਸੰਬੰਧ ਨਹੀਂ। ਜੇਕਰ ਤੁਹਾਡੀ ਬਿਰਤੀ ਜੂਝਣ ਦੀ ਹੈ, ਜੇਕਰ ਤੁਸੀਂ ਲੜਾਈ ਕਰ ਰਹੇ ਹੋ ਪਰਮਾਤਮਾ ਨਾਲ, ਜੇਕਰ ਤੁਸੀਂ ਆਪਣੀ ਇੱਛਾ ਪੂਰੀ ਕਰਨਾ ਚਾਹੁੰਦੇ ਹੋ- ਚਾਹੇ ਪ੍ਰਾਰਥਨਾ ਰਾਹੀਂ ਹੀ ਸਹੀ, ਪੂਜਾ ਨਾਲ ਹੀ ਸਹੀ, ਜੇਕਰ ਤੁਹਾਡੀ ਆਪਣੀ ਕੋਈ ਇੱਛਾ ਹੈ ਤਾਂ ਤੁਸੀਂ ਅਧਾਰਮਿਕ ਹੋ।

ਜਦ ਤੁਹਾਡੀ ਆਪਣੀ ਕੋਈ ਚਾਹ ਨਹੀਂ, ਜਦ ਉਸਦੀ ਚਾਹਤ ਹੀ ਤੁਹਾਡੀ ਚਾਹ ਹੈ, ਜਿੱਥੇ ਉਹ ਲੈ ਜਾਏ ਉਹੀ ਤੁਹਾਡੀ ਮੰਜ਼ਿਲ ਹੈ, ਤੁਹਾਡੀ ਵੱਖਰੀ ਕੋਈ ਮੰਜ਼ਿਲ ਨਹੀਂ। ਜਿਵੇਂ ਉਹ ਚਲਾਏ ਉਹੀ ਤੁਹਾਡੀ ਚਾਲ, ਤੁਹਾਡੀ ਆਪਣੀ ਕੋਈ ਆਕਾਂਕਸ਼ਾ (ਇੱਛਾ) ਨਹੀਂ। ਤੁਸੀਂ ਨਿਰਣਾ ਲੈਂਦੇ ਹੀ ਨਹੀਂ। ਤੁਸੀਂ ਤੈਰਦੇ ਵੀ ਨਹੀਂ, ਤੁਸੀਂ ਤਿਰਦੇ ਹੋ।

ਆਕਾਸ਼ ਵਿੱਚ ਕਦੀ ਵੇਖੋ! ਇੱਲ, ਬਹੁਤ ਉਚਾਈ ਤੇ ਚਲੀ ਜਾਂਦੀ ਹੈ। ਫਿਰ ਖੰਭ ਵੀ ਨਹੀਂ ਹਿਲਾਉਂਦੀ। ਫਿਰ ਖੰਭਾਂ ਨੂੰ ਫੈਲਾਅ ਦੇਂਦੀ ਹੈ ਅਤੇ ਹਵਾ ਵਿੱਚ ਤਿਰਦੀ ਹੈ। ਉਹੋ ਜਿਹੀ ਦਸ਼ਾ ਜਦੋਂ ਤਿਰਨ ਦੀ ਤੁਹਾਡੀ ਚੇਤਨਾ 'ਚ ਆ ਜਾਏ, ਤਾਂ ਸਮਰਪਣ। ਤਦ ਤੁਸੀਂ ਖੰਭ ਵੀ ਨਹੀਂ ਹਿਲਾਉਂਦੇ। ਤਦ ਤੁਸੀਂ ਉਸ ਦੀਆਂ ਹਵਾਵਾਂ ਉਤੇ ਤਿਰ ਜਾਂਦੇ ਹੋ। ਤਦ ਤੁਸੀਂ ਨਿਰ-ਭਾਰ ਹੋ ਜਾਂਦੇ ਹੋ। ਕਿਉਂਕਿ ਭਾਰ ਸੰਘਰਸ਼ ਤੋਂ ਉਪਜਦਾ ਹੈ। ਭਾਰ ਟਕਰਾਓ ਨਾਲ ਉਪਜਦਾ ਹੈ। ਜਿੰਨਾ ਤੁਸੀਂ ਲੜਦੇ ਹੋ ਓਨੇ ਤੁਸੀਂ ਭਾਰੀ ਹੋ ਜਾਂਦੇ ਹੋ। ਜਿੰਨੇ ਭਾਰੀ ਹੁੰਦੇ ਹੋ ਓਨੇ ਹੇਠਾਂ ਡਿੱਗ ਪੈਂਦੇ ਹੋ। ਜਿੰਨੇ ਤੁਸੀਂ ਲੜਦੇ ਨਹੀਂ ਓਨੇ ਹੌਲੇ ਹੋ ਜਾਂਦੇ ਹੋ। ਜਿੰਨੇ ਹੌਲੇ ਹੁੰਦੇ ਹੋ ਓਨੇ ਹੀ ਉੱਚੇ ਉੱਠ ਜਾਂਦੇ ਹੋ ਅਤੇ ਜੇਕਰ ਤੁਸੀਂ ਪੂਰੀ ਤਰ੍ਹਾਂ ਸੰਘਰਸ਼ ਛੱਡ ਦਿਓ ਤਾਂ ਤੁਹਾਡੀ ਉਹੀ ਉਚਾਈ ਹੈ, ਜਿਹੜੀ ਪਰਮਾਤਮਾ ਦੀ। ਉਚਾਈ ਦਾ ਇੱਕ ਹੀ ਅਰਥ ਹੈ ਨਿਰਭਾਰ ਹੋ ਜਾਣਾ ਅਤੇ ਹੰਕਾਰ

ਪੱਥਰ ਵਾਂਗ ਤੁਹਾਡੇ ਗਲੇ ਵਿੱਚ ਲਟਕਿਆ ਹੈ। ਜਿੰਨਾ ਤੁਸੀਂ ਲੜੋਗੇ ਓਨਾ ਹੀ ਹੰਕਾਰ ਵਧੇਗਾ।

ਇੰਜ ਹੋਇਆ ਕਿ ਨਾਨਕ ਇੱਕ ਪਿੰਡ ਦੇ ਬਾਹਰ ਆ ਕੇ ਠਹਿਰੇ। ਉਹ ਪਿੰਡ ਸੂਫੀਆਂ ਦਾ ਪਿੰਡ ਸੀ। ਉਨ੍ਹਾਂ ਦਾ ਵੱਡਾ ਕੇਂਦਰ ਸੀ। ਉਥੇ ਬਹੁਤ ਸੂਫੀ ਸਨ, ਗੁਰੂ ਸਨ। ਪੂਰੀ ਬਸਤੀ ਹੀ ਸੂਫੀਆਂ ਦੀ ਸੀ। ਜਦੋਂ ਸੂਫੀਆਂ ਦੇ ਗੁਰੂ ਨੂੰ ਖਬਰ ਮਿਲੀ ਤਾਂ ਉਸਨੇ ਸਵੇਰੇ-ਸਵੇਰੇ ਹੀ ਨਾਨਕ ਦੇ ਲਈ ਇੱਕ ਕਟੋਰੇ 'ਚ ਦੁੱਧ ਭਰ ਕੇ ਭੇਜਿਆ। ਦੁੱਧ ਨੱਕੋ-ਨੱਕ ਭਰਿਆ ਹੋਇਆ ਸੀ। ਇੱਕ ਤੁਪਕਾ ਵੀ ਹੋਰ ਨਹੀਂ ਸਮਾ ਸਕਦਾ ਸੀ। ਨਾਨਕ ਪਿੰਡ ਤੋਂ ਬਾਹਰ ਇੱਕ ਖੂਹ ਦੇ ਕੰਢੇ ਉਤੇ ਠਹਿਰੇ ਸਨ। ਉਨ੍ਹਾਂ ਨੇ ਕੋਲ ਹੀ ਲੱਗੀ ਹੋਈ ਇੱਕ ਝਾੜੀ ਤੋਂ ਫੁੱਲ ਤੋੜ ਕੇ ਉਸ ਦੁੱਧ ਦੇ ਕਟੋਰੇ 'ਚ ਪਾ ਦਿੱਤਾ। ਫੁਲ ਤਿਰ ਗਿਆ। ਫੁੱਲ ਦਾ ਭਾਰ ਕੀ? ਉਸ ਨੇ ਥਾਂ ਨਾ ਮੰਗੀ। ਉਹ ਉਤੇ-ਉਤੇ ਹੀ ਤਿਰ ਗਿਆ ਅਤੇ ਕਟੋਰਾ ਮੋੜ ਕੇ ਭਿਜਵਾ ਦਿੱਤਾ।

ਨਾਨਕ ਦਾ ਚੇਲਾ ਮਰਦਾਨਾ ਬਹੁਤ ਹੈਰਾਨ ਹੋਇਆ ਕਿ ਮਾਮਲਾ ਕੀ ਹੈ? ਉਸ ਨੇ ਪੁੱਛਿਆ ਕਿ ਮੈਂ ਕੁਝ ਸਮਝਿਆ ਨਹੀਂ, ਕੀ ਬੁਝਾਰਤ? ਇਹ ਹੋਇਆ ਕੀ?

ਨਾਨਕ ਨੇ ਕਿਹਾ ਕਿ ਸੂਫੀਆਂ ਦੇ ਗੁਰੂ ਨੇ ਖਬਰ ਭੇਜੀ ਸੀ ਕਿ ਪਿੰਡ ਵਿੱਚ ਬਹੁਤ ਗਿਆਨੀ ਹਨ, ਹੁਣ ਹੋਰ ਥਾਂ ਨਹੀਂ ਹੈ। ਮੈਂ ਖਬਰ ਮੋੜ ਕੇ ਘੱਲ ਦਿੱਤੀ ਹੈ ਕਿ ਮੇਰਾ ਕੋਈ ਭਾਰ ਨਹੀਂ ਹੈ। ਮੈਂ ਥਾਂ ਮੰਗਾਂਗਾ ਹੀ ਨਹੀਂ। ਫੁੱਲ ਵਾਂਗ ਤਿਰ ਜਾਵਾਂਗਾ।

ਜਿਹੜਾ ਨਿਰਭਾਰ ਹੈ ਉਹੀ ਗਿਆਨੀ ਹੈ। ਜਿਸ ਦੇ ਵਿੱਚ ਵਜ਼ਨ ਹੈ, ਉਹ ਅਜੇ ਅਗਿਆਨੀ ਹੈ ਅਤੇ ਜਦੋਂ ਤੁਹਾਡੇ ਵਿੱਚ ਭਾਰ ਆ ਜਾਂਦਾ ਹੈ ਤਾਂ ਤੁਹਾਡੇ ਕੋਲੋਂ ਦੂਜੇ ਨੂੰ ਸੱਟ ਵਜਦੀ ਹੈ। ਜਦੋਂ ਤੁਸੀਂ ਨਿਰਭਾਰ ਹੋ ਜਾਂਦੇ ਹੋ, ਤਾਂ ਤੁਹਾਡੇ ਜੀਵਨ ਦਾ ਢੰਗ ਅਜਿਹਾ ਹੁੰਦਾ ਹੈ ਕਿ ਉਸ ਢੰਗ ਨਾਲ ਸੱਟ ਪਹੁੰਚਾਣਾ ਅਸੰਭਵ ਹੋ ਜਾਂਦਾ ਹੈ। ਅਹਿੰਸਾ ਆਪਣੇ ਆਪ ਫ਼ਲਦੀ ਹੈ। ਪ੍ਰੇਮ ਆਪਣੇ-ਆਪ ਪੈਦਾ ਹੁੰਦਾ ਹੈ। ਪ੍ਰੇਮ ਨੂੰ ਕੋਈ ਲਗਾ ਨਹੀਂ ਸਕਦਾ ਅਤੇ ਨਾ ਕੋਈ ਕਰੁਣਾ ਨੂੰ ਥੋਪ ਸਕਦਾ ਹੈ। ਜੇਕਰ ਤੁਸੀਂ ਨਿਰਭਾਰ ਹੋ ਜਾਓ, ਇਹ ਸਾਰੀਆਂ ਘਟਨਾਵਾਂ ਆਪਣੇ ਆਪ ਘਟਦੀਆਂ ਹਨ। ਜਿਵੇਂ ਆਦਮੀ ਦੇ ਪਿੱਛੇ ਛਾਂ ਚਲਦੀ ਹੈ, ਤਿਵੇਂ ਭਾਰੀ ਆਦਮੀ ਦੇ ਪਿੱਛੇ ਘ੍ਰਿਣਾ, ਕ੍ਰੋਧ, ਅਹਿੰਸਾ, ਹੱਤਿਆ ਚਲਦੀ ਹੈ। ਹਲਕੇ ਮਨੁੱਖ ਦੇ ਪਿੱਛੇ ਪ੍ਰੇਮ, ਕਰੁਣਾ, ਦਯਾ, ਪ੍ਰਾਰਥਨਾ ਆਪਣੇ ਆਪ ਚਲਦੀ ਹੈ। ਇਸ ਲਈ ਬੁਨਿਆਦੀ ਸਵਾਲ, ਅੰਦਰੋਂ ਹੰਕਾਰ ਨੂੰ ਡਿਗਾ ਦੇਣ ਦਾ ਹੈ। ਕਿਵੇਂ ਤੁਸੀਂ ਗਿਰਾਓਗੇ ਹੰਕਾਰ ਨੂੰ? ਇੱਕ ਹੀ ਉਪਾਅ ਹੈ। ਵੇਦਾਂ ਵਿੱਚ ਉਸ ਉਪਾਅ ਨੂੰ 'ਰਿੱਤ' ਕਿਹਾ ਹੈ। ਲਾਉਤਸੇ ਨੇ ਉਸ ਉਪਾਅ ਨੂੰ "ਤਾਓ" ਕਿਹਾ ਹੈ, ਬੁੱਧ ਨੇ "ਧੰਮ", ਮਹਾਂਵੀਰ ਨੇ "ਧਰਮ" ਨਾਨਕ ਦਾ ਸ਼ਬਦ ਹੈ "ਹੁਕਮ" ਉਸਦੀ ਆਗਿਆ।

ਉਸਦੀ ਆਗਿਆ ਨਾਲ ਜਿਹੜਾ ਟੁਰਨ ਲੱਗਾ, ਜਿਹੜਾ ਆਪਣੇ ਵੱਲੋਂ ਹਿਲਦਾ-ਜੁਲਦਾ ਵੀ ਨਹੀਂ ਹੈ, ਜਿਸਦਾ ਆਪਣਾ ਕੋਈ ਭਾਵ ਨਹੀਂ, ਕੋਈ ਚਾਹ ਨਹੀਂ, ਜੋ ਆਪਣੇ ਨੂੰ ਥੋਪਣਾ ਨਹੀਂ ਚਾਹੁੰਦਾ, ਉਹ ਉਸਦੇ 'ਹੁਕਮ' ਵਿੱਚ ਆ ਗਿਆ। ਇਹ ਹੀ ਧਾਰਮਿਕ ਆਦਮੀ ਹੈ।

ਅਤੇ ਜਿਹੜਾ ਉਸਦੇ ਹੁਕਮ ਵਿੱਚ ਆ ਗਿਆ, ਉਹ ਸਭ ਕੁਝ ਪਾ ਗਿਆ। ਕੁਝ ਪਾਉਣ ਲਈ ਬਚਦਾ ਨਹੀਂ। ਕਿਉਂਕਿ ਉਸਦੇ ਹੁਕਮ ਨੂੰ ਮੰਨਣਾ, ਉਸਦੇ ਹਿਰਦੇ ਤੱਕ ਪੁੱਜ ਜਾਣ ਦਾ ਦੁਆਰ ਹੈ। ਆਪਣੇ ਆਪ ਨੂੰ ਹੀ ਮੰਨਣਾ ਉਸ ਤੋਂ ਦੂਰ ਹਟਦੇ ਜਾਣਾ ਹੈ। ਆਪਣੇ ਆਪ ਨੂੰ ਮੰਨਣਾ ਕਿ ਤੁਸੀਂ ਪਰਮਾਤਮਾ ਦੇ ਵੱਲ ਪਿੱਠ ਕਰ ਲਈ। ਉਸ ਦੀ ਆਗਿਆ ਨੂੰ ਮੰਨਿਆ ਕਿ ਤੁਹਾਡਾ ਮੂੰਹ ਪਰਮਾਤਮਾ ਦੇ ਵੱਲ ਹੋ ਗਿਆ। ਤੁਸੀਂ ਸੂਰਜ ਵੱਲ ਪਿੱਠ ਕਰਕੇ ਜੀਵਨ ਭਰ ਦੌੜਦੇ ਰਹੇ ਤਾਂ ਵੀ ਹਨੇਰੇ ਵਿੱਚ ਰਹੋਗੇ ਅਤੇ ਤੁਸੀਂ ਸੂਰਜ ਵੱਲ ਮੂੰਹ ਇਸੇ ਵੇਲੇ ਕਰ ਲਓ, ਤਾਂ ਜਨਮਾਂ-ਜਨਮਾਂ ਦਾ ਹਨੇਰਾ ਮੁੱਕ ਜਾਏਗਾ।

ਪਰਮਾਤਮਾ ਦੇ ਸ਼ੁਨਮੁੱਖ ਹੋਣ ਦਾ ਇਕੋ ਹੀ ਉਪਾਅ ਹੈ ਅਤੇ ਉਹ ਇਹ ਹੈ, ਕਿ ਤੁਸੀਂ ਆਪਣੀ ਮਰਜ਼ੀ ਛੱਡ ਦਿਓ। ਤੁਸੀਂ ਤੈਰੋ ਨਹੀਂ, ਬਹੋ। ਤੁਸੀਂ ਤਿਰੋ ਉਹੀ ਬਹੁਤ ਹੈ। ਤੁਸੀਂ ਅਕਾਰਣ ਹੀ ਭਾਰ ਲੈ ਰਹੇ ਹੋ। ਤੁਹਾਡੀਆਂ ਸਫਲਤਾਵਾਂ ਤੁਹਾਡੇ ਹੰਕਾਰ ਦੇ ਹੀ ਰੋਗ ਹਨ।

ਤੁਹਾਡੀ ਹਾਲਤ ਉਹੋ ਜਿਹੀ ਹੈ, ਜੇਹਾ ਮੈਂ ਸੁਣਿਆ ਹੈ, ਇੱਕ ਰੱਥ ਲੰਘ ਰਿਹਾ ਸੀ ਅਤੇ ਇੱਕ ਮੱਖੀ ਉਸਦੇ ਪਹੀਏ ਦੀ ਕਿੱਲੀ ਉਤੇ ਬੈਠੀ ਸੀ। ਬੜੀ ਧੂੜ ਉੱਡ ਰਹੀ ਸੀ। ਰੱਥ ਵੱਡਾ ਸੀ। ਬਾਰਾਂ ਘੋੜੇ ਜੁੜੇ ਹੋਏ ਸਨ। ਬਹੁਤ ਭਿਆਨਕ ਆਵਾਜ਼, ਬੜੀ ਧੂੜ ਉਡਾ ਰਹੀ ਸੀ। ਉਸ ਮੱਖੀ ਨੇ ਆਲੇ-ਦੁਆਲੇ ਵੇਖਿਆ ਅਤੇ ਕਿਹਾ, ਅੱਜ ਮੈਂ ਬਹੁਤ ਧੂੜ ਉਡਾ ਰਹੀ ਹਾਂ। ਰੱਥ ਨਾਲ ਉੱਡ ਰਹੀ ਹੈ ਧੂੜ, ਮੱਖੀ ਕਿੱਲੀ ਉਤੇ ਬੈਠੀ ਹੈ। ਪਰ ਸੋਚ ਰਹੀ ਹੈ, "ਅੱਜ ਮੈਂ ਬਹੁਤ ਧੂੜ ਉਡਾ ਰਹੀ ਹਾਂ।" ਅਤੇ ਜਦ ਏਨੀ ਧੂੜ ਉਡਾ ਰਹੀ ਹਾਂ ਤਾਂ ਏਨੀ ਹੀ ਵੱਡੀ ਹਾਂ।

ਤੁਸੀਂ ਸਫ਼ਲ ਵੀ ਹੁੰਦੇ ਹੋ ਉਸਦੇ ਹੀ ਕਾਰਣ। ਜੋ ਕੁਝ ਵੀ ਪਾਉਂਦੇ ਹੋ ਉਸਦੇ ਹੀ ਕਾਰਣ। ਤੁਸੀਂ ਰੱਥ ਉਤੇ ਬੈਠੀ ਇੱਕ ਮੱਖੀ ਤੋਂ ਜ਼ਿਆਦਾ ਨਹੀਂ ਹੋ। ਭੁੱਲ ਕੇ ਵੀ ਇਹ ਨਾ ਸੋਚਣਾ ਕਿ ਏਨੀ ਧੂੜ ਮੈਂ ਉਡਾ ਰਿਹਾ ਹਾਂ। ਧੂੜ ਹੈ ਤਾਂ ਉਸਦੇ ਰੱਥ ਦੀ ਹੈ। ਯਾਤਰਾ ਹੈ ਤਾਂ ਉਸਦੇ ਰੱਥ ਦੀ। ਲੇਕਿਨ ਤੁਸੀਂ ਆਪਣੇ ਆਪ ਨੂੰ ਵਿਚਕਾਰ ਨਾ ਲਿਆਓ?

ਤੁਸੀਂ ਸੁਣੀ ਹੋਏਗੀ ਗੱਲ ਉਸ ਛਿਪਕਲੀ ਦੀ, ਕਿ ਮਿੱਤਰਾਂ ਨੇ ਉਸ ਨੂੰ ਸੱਦਾ ਦਿੱਤਾ ਸੀ ਕਿ ਆਓ ਅੱਜ ਥੋੜ੍ਹਾ ਜੰਗਲ ਵਿੱਚ ਘੁੰਮ ਆਈਏ। ਉਸ ਛਿਪਕਲੀ ਨੇ

ਕਿਹਾ, ਜਾਣਾ ਮੁਸ਼ਕਿਲ ਹੈ। ਕਿਉਂਕਿ ਇਸ ਛੱਪਰ ਨੂੰ ਕੌਣ ਸਮਾਲ੍ਹੇਗਾ? ਛੱਪਰ ਡਿੱਗ ਪਵੇਗਾ ਤਾਂ ਜ਼ਿੰਮੇਂਵਾਰੀ ਮੇਰੇ ਉਤੇ ਹੋਏਗੀ। ਛਿਪਕਲੀ ਸੋਚਦੀ ਹੈ ਕਿ ਮਹਲ ਦੇ ਛੱਪਰ ਨੂੰ ਉਸੇ ਨੇ ਸੰਭਾਲਿਆ ਹੋਇਆ ਹੈ। ਛਿਪਕਲੀ ਨੂੰ ਲੱਗਦਾ ਵੀ ਹੋਵੇਗਾ।

ਤੁਸੀਂ ਸੁਣੀ ਹੋਵੇਗੀ ਕਹਾਣੀ ਕਿ ਇੱਕ ਬੁੱਢੀ ਔਰਤ ਦੇ ਕੋਲ ਇੱਕ ਕੁੱਕੜ ਸੀ। ਉਹ ਸਵੇਰੇ ਬਾਂਗ ਦਿੰਦਾ ਸੀ ਉਸੇ ਵੇਲੇ ਸੂਰਜ ਚੜ੍ਹਦਾ ਸੀ। ਬੁੱਢੀ ਆਕੜ ਗਈ ਅਤੇ ਉਸਨੇ ਪਿੰਡ ਦੇ ਲੋਕਾਂ ਨੂੰ ਖ਼ਬਰ ਕਰ ਦਿੱਤੀ ਕਿ ਮੇਰੇ ਨਾਲ ਜ਼ਰਾ ਸੋਚ ਸਮਝ ਕੇ ਵਰਤਾਵ ਕਰਨਾ। ਢੰਗ ਅਤੇ ਇੱਜ਼ਤ ਨਾਲ। ਕਿਉਂਕਿ ਜੇਕਰ ਮੈਂ ਆਪਣੇ ਕੁੱਕੜ ਨੂੰ ਲੈ ਕੇ ਦੂਜੇ ਪਿੰਡ ਚਲੀ ਗਈ ਤਾਂ ਯਾਦ ਰੱਖਣਾ ਸੂਰਜ ਇਸ ਪਿੰਡ ਵਿੱਚ ਕਦੇ ਨਹੀਂ ਚੜ੍ਹੇਗਾ। ਮੇਰਾ ਕੁੱਕੜ ਜਦੋਂ ਬਾਂਗ ਦੇਂਦਾ ਹੈ ਤਦ ਸੂਰਜ ਚੜ੍ਹਦਾ ਹੈ।

ਅਤੇ ਗੱਲ ਸੱਚ ਹੀ ਸੀ। ਰੋਜ਼ ਕੁੱਕੜ ਬਾਂਗ ਦੇਂਦਾ ਸੀ ਤਾਂ ਸੂਰਜ ਚੜ੍ਹਦਾ ਸੀ। ਪਿੰਡ ਦੇ ਲੋਕ ਹੱਸੇ। ਲੋਕਾਂ ਨੇ ਮਖੌਲ ਉਡਾਇਆ ਕਿ ਤੂੰ ਪਾਗਲ ਹੋ ਗਈ ਏਂ। ਤਾਂ ਬੁੱਢੀ ਨਾਰਾਜ਼ਗੀ ਵਿੱਚ ਦੂਜੇ ਪਿੰਡ ਚਲੀ ਗਈ। ਕੁੱਕੜ ਨੇ ਬਾਂਗ ਦਿੱਤੀ ਤੇ ਦੂਜੇ ਪਿੰਡ 'ਚ ਸੂਰਜ ਚੜ੍ਹਿਆ। ਤਾਂ ਬੁੱਢੀ ਨੇ ਕਿਹਾ, ਹੁਣ ਰੋਣਗੇ। ਹੁਣ ਬੈਠ ਕੇ ਪਿਟਣਗੇ। ਨਾ ਰਿਹਾ ਕੁੱਕੜ ਤੇ ਨਾ ਚੜ੍ਹੇਗਾ ਸੂਰਜ।

ਤੁਹਾਡਾ ਤਰਕ ਵੀ.....ਬੁੱਢੀ ਦਾ ਤਰਕ ਵੀ ਹੈ ਤਾਂ ਬਹੁਤ ਸਾਫ਼। ਕਿਉਂਕਿ ਅਜਿਹਾ ਕਦੇ ਨਹੀਂ ਹੋਇਆ ਕਿ ਕੁੱਕੜ ਦੇ ਬਾਂਗ ਦਿੱਤੇ ਬਿਨਾਂ ਸੂਰਜ ਚੜ੍ਹਿਆ ਹੋਵੇ। ਪਰ ਗੱਲ ਬਿਲਕੁਲ ਉਲਟੀ ਹੈ। ਸੂਰਜ ਚੜ੍ਹਦਾ ਹੈ ਇਸ ਲਈ ਕੁੱਕੜ ਬਾਂਗ ਦਿੰਦਾ ਹੈ। ਬਾਂਗ ਦੇਣ ਦੇ ਕਾਰਣ ਸੂਰਜ ਨਹੀਂ ਚੜ੍ਹਦਾ। ਪਰ ਬੁੱਢੀ ਨੂੰ ਕੌਣ ਸਮਝਾਏ? ਤੁਹਾਨੂੰ ਕੌਣ ਸਮਝਾਏ? ਬੁੱਢੀ ਦੂਜੇ ਪਿੰਡ ਚਲੀ ਗਈ ਅਤੇ ਜਦ ਉਸਨੇ ਵੇਖਿਆ ਕਿ ਸੂਰਜ ਹੁਣ ਏਥੇ ਚੜ੍ਹ ਰਿਹਾ ਹੈ ਅਤੇ ਜਦ ਏਥੇ ਚੜ੍ਹ ਰਿਹਾ ਹੈ ਤਾਂ ਹੋਰ ਪਿੰਡ ਵਿੱਚ ਕਿਵੇਂ ਚੜ੍ਹੇਗਾ?

ਤੁਸੀਂ ਆਪਣੀ ਤੁੱਛ ਬੁੱਧੀ ਨਾਲ ਛੋਟੇ ਘੇਰੇ ਵਿੱਚ ਸੋਚਦੇ ਹੋ। ਤੁਹਾਡੇ ਕਾਰਣ ਪਰਮਾਤਮਾ ਨਹੀਂ ਹੈ, ਪਰਮਾਤਮਾ ਦੇ ਕਾਰਣ ਤੁਸੀਂ ਹੋ। ਇਹ ਸੁਆਸ ਤੁਹਾਡੇ ਕਾਰਣ ਨਹੀਂ ਚੱਲ ਰਹੀ। ਉਸਦੇ ਕਾਰਣ ਚੱਲ ਰਹੀ ਹੈ। ਪ੍ਰਾਰਥਨਾ ਵੀ ਤੁਸੀਂ ਨਹੀਂ ਕਰਦੇ ਹੋ। ਉਹ ਹੀ ਤੁਹਾਡੇ ਅੰਦਰ ਪ੍ਰਾਰਥਨਾ ਬਣਦਾ ਹੈ।

ਇਸ ਭਾਵ ਨੂੰ ਖਿਆਲ ਵਿੱਚ ਲੈ ਲਵੋ, ਤਾਂ ਨਾਨਕ ਦੇ ਇਹ ਸ਼ਬਦ ਸਮਝ ਵਿੱਚ ਆ ਜਾਣਗੇ। ਇੱਕ-ਇੱਕ ਸ਼ਬਦ ਵਡਮੁੱਲਾ ਹੈ।

*"ਹੁਕਮੀ ਹੋਵਨਿ ਆਕਾਰ ਹੁਕਮੁ ਨ ਕਹਿਆ ਜਾਈ॥"*

ਹੁਕਮ ਨਾਲ ਆਕਾਰ ਦੀ ਉਤਪਤੀ ਹੋਈ। ਉਸ ਹੁਕਮ ਨੂੰ ਸ਼ਬਦਾਂ ਵਿੱਚ ਨਹੀਂ

ਕਿਹਾ ਜਾ ਸਕਦਾ।

ਹੁਕਮ ਦਾ ਅਰਥ ਠੀਕ ਤਰ੍ਹਾਂ ਸਮਝ ਲੈਣਾ—ਦ ਕਾਸਮਿਕ ਲਾ। ਉਹ ਜੋ ਸਾਰੇ ਜੀਵਨ ਨੂੰ ਚਲਾਉਣ ਵਾਲਾ ਮਹਾਂਨਿਯਮ ਹੈ, ਹੁਕਮ ਦਾ ਇਹੀ ਅਰਥ ਹੈ।

ਹੁਕਮ ਨਾਲ ਹੀ ਜੀਆਂ ਦੀ ਉਤਪਤੀ ਹੋਈ। ਹੁਕਮ ਨਾਲ ਹੀ ਵਡਿਆਈ ਮਿਲਦੀ ਹੈ।

*"ਹੁਕਮੀ ਹੋਵਨਿ ਆਕਾਰ ਹੁਕਮੁ ਨ ਕਹਿਆ ਜਾਈ॥*
*ਹੁਕਮੀ ਹੋਵਨਿ ਜੀਅ ਹੁਕਮਿ ਮਿਲੈ ਵਡਿਆਈ॥"*

ਜਦ ਤੁਸੀਂ ਜਿੱਤੋ ਤਾਂ ਇਹ ਨਾ ਸੋਚਣਾ ਕਿ ਮੈਂ ਜਿੱਤ ਰਿਹਾ ਹਾਂ ਅਤੇ ਜੇਕਰ ਤੁਸੀਂ ਜਿੱਤ ਵਿੱਚ ਵੀ ਨਾ ਸੋਚੋਗੇ ਕਿ ਮੈਂ ਜਿੱਤ ਰਿਹਾ ਹਾਂ ਤਾਂ ਹਾਰ ਕੇ ਵੀ ਤੁਸੀਂ ਪਾਓਗੇ ਕਿ ਮੈਂ ਨਹੀਂ ਹਾਰਿਆ। ਉਹ ਹੀ ਜਿੱਤਦਾ ਹੈ, ਉਹ ਹੀ ਹਾਰਦਾ ਹੈ। ਉਸਦੀ ਹੀ ਖੇਡ ਹੈ। ਇਸ ਲਈ ਹਿੰਦੂ ਇਸ ਪੂਰੇ ਜਗਤ ਨੂੰ ਲੀਲ੍ਹਾ ਕਹਿੰਦੇ ਹਨ। ਲੀਲ੍ਹਾ ਦਾ ਮਤਲਬ ਹੈ ਹਾਰਦਾ ਵੀ ਉਹੀ ਤੇ ਜਿੱਤਦਾ ਵੀ ਉਹੀ। ਇਸ ਹੱਥ ਨਾਲ ਜਿੱਤਦਾ ਹੈ, ਉਸ ਹੱਥ ਨਾਲ ਹਾਰਦਾ ਹੈ। ਲੇਕਿਨ ਜਿੱਤਣ ਅਤੇ ਹਾਰਨ ਵਾਲੇ ਵਿਚਕਾਰ ਹੀ ਸੋਚ ਲੈਂਦੇ ਹਨ ਜੋ ਉਪਕਰਣ ਹਨ, ਜੋ ਨਿਮਿਤ ਹਨ, ਜੋ ਮਾਧਿਅਮ ਹਨ, ਉਹ ਇਹ ਸਮਝ ਲੈਂਦੇ ਹਨ ਕਿ ਅਸੀਂ ਕਰਤਾ ਹਾਂ।

ਕ੍ਰਿਸ਼ਨ ਅਰਜੁਨ ਨੂੰ ਗੀਤਾ ਵਿੱਚ ਕਹਿ ਰਹੇ ਹਨ ਕਿ ਤੂੰ ਫਾਲਤੂ ਆਪਣੇ ਆਪ ਨੂੰ ਵਿਚਕਾਰ ਨਾ ਲਿਆ। ਉਹ ਹੀ ਕਰ ਰਿਹਾ ਹੈ, ਉਹ ਹੀ ਕਰਾ ਰਿਹਾ ਹੈ। ਯੁੱਧ ਉਸਦਾ ਆਯੋਜਨ ਹੈ। ਜਿਸਨੂੰ ਮਾਰਨਾ ਹੈ ਉਹ ਮਾਰੇਗਾ, ਜਿਨ੍ਹਾਂ ਨੂੰ ਬਚਾਉਣਾ ਹੈ ਉਹ ਬਚਾਏਗਾ। ਤੂੰ ਇਹ ਨਾ ਸੋਚ ਕਿ ਤੂੰ ਮਾਰਨ ਵਾਲਾ ਹੈਂ ਅਤੇ ਤੂੰ ਹੀ ਬਚਾਉਣ ਵਾਲਾ ਹੈਂ। ਕ੍ਰਿਸ਼ਨ ਪੂਰੀ ਗੀਤਾ ਵਿੱਚ ਜੋ ਕਹਿੰਦੇ ਹਨ, ਉਹ ਹੀ ਨਾਨਕ ਇਨ੍ਹਾਂ ਸ਼ਬਦਾਂ 'ਚ ਕਹਿੰਦੇ ਹਨ।

*"ਹੁਕਮੀ ਹੋਵਨਿ ਜੀਅ ਹੁਕਮਿ ਮਿਲੈ ਵਡਿਆਈ॥*
*ਹੁਕਮੀ ਉਤਮੁ ਨੀਚੁ,"*

ਉਹ ਹੀ ਛੋਟੇ ਵੱਡੇ ਨੂੰ ਜਨਮ ਦੇ ਰਿਹਾ ਹੈ।

ਇਹ ਥੋੜ੍ਹਾ ਸੋਚਣ ਵਰਗਾ ਹੈ। ਜੇਕਰ ਉਹ ਹੀ ਛੋਟੇ-ਵੱਡੇ ਨੂੰ ਜਨਮ ਦੇ ਰਿਹਾ ਹੈ ਤਾਂ ਫ਼ਿਰ ਕੋਈ ਛੋਟਾ ਨਹੀਂ ਤੇ ਕੋਈ ਵੱਡਾ ਨਹੀਂ, ਕਿਉਂਕਿ ਦੋਹਾਂ ਦਾ ਬਨਾਉਣ ਵਾਲਾ ਉਹੋ ਹੀ ਹੈ। ਤੁਸੀਂ ਇੱਕ ਛੋਟੀ ਮੂਰਤੀ ਬਣਾਈ ਜਾਂ ਇੱਕ ਵੱਡੀ ਮੂਰਤੀ ਬਣਾਈ, ਬਣਾਉਣ ਵਾਲੇ ਤੁਸੀਂ ਹੀ ਹੋ। ਜਦ ਕਰਤਾ ਇੱਕ ਹੈ ਤਾਂ ਕੌਣ ਵੱਡਾ ਕੌਣ ਛੋਟਾ? ਜਦ ਦੋਹਾਂ ਵਿੱਚ ਉਸਦਾ ਹੀ ਹੱਥ ਹੈ—ਪਰ ਅਸੀਂ ਸੋਚਦੇ ਹਾਂ ਮੈਂ ਛੋਟਾ, ਮੈਂ ਵੱਡਾ ਅਤੇ

ਜੀਵਨ ਭਰ ਅਸੀਂ ਦੁੱਖ ਉਠਾਉਂਦੇ ਹਾਂ ਅਤੇ ਤੁਸੀਂ ਇੰਨੇ ਵੱਡੇ ਕਦੇ ਨਹੀਂ ਹੋਵੋਗੇ ਕਿ ਤੁਸੀਂ ਤ੍ਰਿਪਤ ਹੋ ਜਾਓ। ਜੇਕਰ ਤੁਸੀਂ ਰੂਪ ਨੂੰ ਵੇਖਿਆ, ਆਪਣੇ ਆਕਾਰ ਨੂੰ ਵੇਖਿਆ ਤਾਂ ਤੁਸੀਂ ਕਦੇ ਓਨੇ ਵੱਡੇ ਨਾ ਹੋ ਸਕੋਗੇ ਕਿ ਤ੍ਰਿਪਤ ਹੋ ਜਾਓ। ਆਕਾਰ ਤਾਂ ਛੋਟਾ ਹੀ ਹੋਵੇਗਾ, ਕਿੰਨਾ ਹੀ ਵੱਡਾ ਕਿਉਂ ਨਾ ਹੋਵੇ।

ਲੇਕਿਨ, ਜੇਕਰ ਤੁਸੀਂ ਨਿਰਾਕਾਰ ਦੇ ਹੱਥ ਆਪਣੇ ਆਕਾਰ ਵਿੱਚ ਦੇਖੋ, ਤਦ ਤੁਸੀਂ ਉਸੇ ਪਲ ਵੱਡੇ ਹੋ ਗਏ। ਬਣਾਉਣ ਵਾਲਾ ਉਹੀ ਹੈ। ਇੱਕ ਨਿੱਕੇ ਜਿਹੇ ਘਾਹ ਨੂੰ ਵੀ ਉਹੀ ਬਣਾਉਂਦਾ ਹੈ ਅਤੇ ਦੂਰ ਅਸਮਾਨ ਨੂੰ ਛੋਂਹਦੇ ਦੇਵਦਾਰ ਦੇ ਰੁੱਖ ਨੂੰ ਵੀ ਉਹੀ ਬਣਾਉਂਦਾ ਹੈ। ਜੇਕਰ ਦੋਨਾਂ ਦੇ ਪਿੱਛੇ ਉਸੇ ਦਾ ਹੱਥ ਹੈ, ਤਾਂ ਕੌਣ ਵੱਡਾ ਕੌਣ ਛੋਟਾ? ਉਸੇ ਦੀ ਹਾਰ ਹੈ ਉਸੇ ਦੀ ਜਿੱਤ ਹੈ, ਫ਼ਿਰ ਅਸੀਂ ਸਾਰੇ ਸ਼ਤਰੰਜ ਦੇ ਮੋਹਰੇ ਹਾਂ। ਜਿੱਤੇ ਤਾਂ ਉਹ, ਹਾਰੇ ਤਾਂ ਉਹੀ। ਵਡਿਆਈ ਮਿਲੇ ਤਾਂ ਉਸ ਨੂੰ, ਬੁਰਿਆਈ ਮਿਲੇ ਤਾਂ ਉਸ ਨੂੰ।

ਧਿਆਨ ਰੱਖਣਾ, ਤੁਸੀਂ ਬਹੁਤ ਵਾਰੀ ਭਗਤਾਂ ਦੇ ਬਚਨ ਸੁਣੇ ਹੋਣਗੇ, ਪੜ੍ਹੇ ਹੋਣਗੇ। ਅਨੇਕ ਭਗਤ ਤੁਸੀਂ ਪਾਏ ਹੋਣਗੇ! ਜੋ ਕਹਿੰਦੇ ਵਡਿਆਈ ਤੇਰੀ, ਬੁਰਾਈ ਮੇਰੀ। ਉਪਰੋਂ ਵੇਖਣ ਨੂੰ ਬਹੁਤ ਚੰਗਾ ਲੱਗਦਾ ਹੈ। ਉਹ ਕਹਿੰਦੇ ਹਨ ਜੋ-ਜੋ ਭਲਾ ਹੈ ਤੇਰਾ, ਜੋ-ਜੋ ਬੁਰਾ ਹੈ ਮੇਰਾ। ਜਾਪਦਾ ਹੈ ਵੱਡਾ ਨਿਮਰਤਾਵਾਨ ਹੈ। ਪਰ ਜੇਕਰ ਭਲਾਈ ਤੇਰੀ ਤਾਂ ਬੁਰਾਈ ਮੇਰੀ ਕਿਵੇਂ ਹੋ ਸਕੇਗੀ? ਇਹ ਨਿਮਰਤਾ ਝੂਠੀ ਹੈ। ਇਹ ਨਿਮਰਤਾ ਸੱਚੀ ਨਹੀਂ ਹੈ। ਕਿਉਂਕਿ ਸੱਚੀ ਨਿਮਰਤਾ ਤਾਂ ਸਾਰਾ ਕੁਝ ਦੇ ਦੇਵੇਗੀ, ਕੁਝ ਵੀ ਨਹੀਂ ਬਚਾਏਗੀ। ਤੁਸੀਂ ਆਪਣੇ ਹੰਕਾਰ ਲਈ ਥੋੜ੍ਹਾ ਸਹਾਰਾ ਫ਼ਿਰ ਬਚਾ ਲਿਆ ਅਤੇ ਤੁਸੀਂ ਕਿੰਨਾਂ ਉਪਰੋਂ-ਉਪਰੋਂ ਕਹੋ ਕਿ ਭਲਾਈ ਤੇਰੀ ਅਤੇ ਬੁਰਾਈ ਮੇਰੀ, ਪਰ ਜਦ ਬੁਰਾਈ ਮੇਰੀ ਹੈ ਤਾਂ ਭਲਾਈ ਤੇਰੀ ਹੋਏਗੀ ਕਿਵੇਂ?

ਅਸਫ਼ਲਤਾ ਮੇਰੀ ਅਤੇ ਸਫ਼ਲਤਾ ਤੇਰੀ? ਇਹ ਗੱਲ ਥੋਥੀ ਹੈ। ਜਾਂ ਤਾਂ ਦੋਵੇਂ ਮੇਰੇ ਹੋਣਗੇ ਜਾਂ ਦੋਵੇਂ ਤੇਰੇ ਹੋਣਗੇ।

ਇਸ ਲਈ ਝੂਠੀ ਨਿਮਰਤਾ ਅਤੇ ਸੱਚੀ ਨਿਮਰਤਾ ਵਿੱਚ ਬਹੁਤ ਫ਼ਰਕ ਹੈ। ਝੂਠੀ ਨਿਮਰਤਾ ਕਹਿੰਦੀ ਹੈ ਕਿ ਮੈਂ ਤੁਹਾਡੇ ਪੈਰਾਂ ਦੀ ਧੂੜ ਹਾਂ, ਪਰ ਹਾਂ ਜ਼ਰੂਰ ਅਤੇ ਜਦ ਕੋਈ ਆਦਮੀ ਕਹਿੰਦਾ ਹੈ ਮੈਂ ਤੁਹਾਡੇ ਪੈਰਾਂ ਦੀ ਧੂੜ ਹਾਂ, ਤਾਂ ਉਸ ਦੀਆਂ ਅੱਖਾਂ 'ਚ ਵੇਖਣਾ। ਉਹ ਤੁਹਾਡੇ ਕੋਲੋਂ ਉਮੀਦ ਕਰ ਰਿਹਾ ਹੈ, ਕਿ ਤੁਸੀਂ ਵੀ ਕਹੋ ਕਿ ਨਹੀਂ, ਨਹੀਂ, ਤੁਸੀਂ ਅਤੇ ਏਹੋ ਜਹੇ? ਮੈਂ ਤੁਹਾਡੇ ਪੈਰਾਂ ਦੀ ਧੂੜ ਹਾਂ। ਉਸ ਦੀਆਂ ਅੱਖਾਂ 'ਚ ਚਾਹ ਹੈ ਅਤੇ ਜੇ ਤੁਸੀਂ ਮੰਨ ਲਵੋ ਕਿ ਬਿਲਕੁਲ ਠੀਕ ਕਹਿੰਦੇ ਹੋ, ਇਹ ਹੀ ਤਾਂ ਮੇਰਾ ਵਿਚਾਰ ਹੈ, ਉਹ ਆਦਮੀ ਹਮੇਸ਼ਾਂ ਲਈ ਦੁਸ਼ਮਣ ਹੋ ਜਾਵੇਗਾ। ਕਦੇ ਤੁਹਾਨੂੰ ਮਾਫ਼

ਨਹੀਂ ਕਰ ਸਕੇਗਾ।

ਵਡਿਆਈ ਵੀ ਉਸਦੀ, ਬੁਰਿਆਈ ਵੀ ਉਸਦੀ। ਅਸੀਂ ਵਿਚਕਾਰ ਆਉਂਦੇ ਹੀ ਨਹੀਂ ਹਾਂ। ਅਸੀਂ ਤਾਂ ਬਾਂਸ ਦੀ ਪੋਰੀ ਹੋ ਗਏ। ਉਹ ਗੀਤ ਜਿਹੋ ਜਿਹਾ ਗਾਏ ਉਸਦਾ। ਏਨੀ ਵੀ ਆਕੜ ਆਪਣੀ ਕਿਉਂ ਬਚਾ ਕੇ ਰੱਖਣੀ ਕਿ ਜੇਕਰ ਭੁੱਲ-ਚੁੱਕ ਹੋਵੇ ਤਾਂ ਮੇਰੀ—ਤਦ ਤਾਂ 'ਮੈਂ' ਬਚ ਗਿਆ।

ਤਦ ਥੋੜ੍ਹਾ ਜਿਹਾ ਮੈਂ ਆਪਣੇ ਆਪ ਨੂੰ ਬਚਾ ਲਿਆ ਅਤੇ 'ਮੈਂ' ਇਹੋ ਜਿਹਾ ਰੋਗ ਹੈ ਤੁਸੀਂ ਥੋੜ੍ਹਾ ਜਿਹਾ ਬਚਾਓ, ਸਾਰਾ ਬਚ ਜਾਂਦਾ ਹੈ। ਜਾਂ ਤਾਂ ਉਸਨੂੰ ਪੂਰਾ ਛੱਡੋ ਜਾਂ ਉਹ ਪੂਰਾ ਬਚਦਾ ਹੈ। ਤੁਸੀਂ ਉਸਨੂੰ ਰੱਤੀ ਕੁ ਵੀ ਬਚਾਓ ਤਾਂ ਵੀ ਉਹ ਪੂਰੇ ਦਾ ਪੂਰਾ ਬਚਦਾ ਹੈ। ਉਹ ਕਿਤੇ ਗਿਆ ਨਹੀਂ, ਤੁਸੀਂ ਲੁਕਾਇਆ ਹੈ।

ਨਾਨਕ ਕਹਿੰਦੇ ਹਨ: ''ਹੁਕਮ ਨਾਲ ਆਕਾਰ ਦੀ ਉਤਪਤੀ ਹੋਈ। ਹੁਕਮ ਨੂੰ ਸ਼ਬਦਾਂ 'ਚ ਕਿਹਾ ਨਹੀਂ ਜਾ ਸਕਦਾ।''

ਜੀਵਨ ਵਿੱਚ ਜੋ ਵੀ ਮਹੱਤਵਪੂਰਨ ਹੈ ਉਸਨੂੰ ਸ਼ਬਦਾਂ ਵਿੱਚ ਨਹੀਂ ਕਿਹਾ ਜਾ ਸਕਦਾ ਅਤੇ ਹੁਕਮ ਤਾਂ ਸਭ ਤੋਂ ਮਹੱਤਵਪੂਰਨ ਗੱਲ ਹੈ। ਉਸਦੇ ਪਾਰ ਤਾਂ ਕੁਝ ਵੀ ਨਹੀਂ ਹੈ, ਸ਼ਬਦ ਤਾਂ ਕੰਮ ਚਲਾਊ ਹਨ। ਸਾਧਾਰਣ ਜੀਵਨ ਦਾ ਕੰਮ ਚੱਲ ਜਾਂਦਾ ਹੈ। ਪਰ ਅਸਾਧਾਰਣ ਨੂੰ ਸ਼ਬਦਾਂ 'ਚ ਪ੍ਰਗਟ ਕਰਨ ਦਾ ਕੋਈ ਉਪਾਅ ਨਹੀਂ ਹੈ ਉਪਾਅ ਨ ਹੋਣ ਦੇ ਕਈ ਕਾਰਣ ਹਨ। ਉਹ ਸਮਝ ਲੈਣੇ ਚਾਹੀਦੇ ਹਨ।

ਇਕ: ਉਸ ਅਲੌਕਿਕ ਦੀ ਪ੍ਰਤੀਤੀ ਮੌਨ ਵਿੱਚ ਹੁੰਦੀ ਹੈ ਅਤੇ ਜਿਸਨੂੰ ਅਸੀਂ ਮੌਨ 'ਚ ਜਾਣਦੇ ਹਾਂ ਉਸਨੂੰ ਸ਼ਬਦਾਂ ਵਿੱਚ ਕਿਵੇਂ ਕਹਾਂਗੇ? ਸ਼ਬਦ ਅਤੇ ਮੌਨ ਇੱਕ ਦੂਜੇ ਦੇ ਉਲਟ ਹਨ। ਜਦੋਂ ਉਸਦਾ ਅਨੁਭਵ ਹੁੰਦਾ ਹੈ ਤਾਂ ਅੰਦਰ ਕੋਈ ਸ਼ਬਦ ਨਹੀਂ ਹੁੰਦੇ। ਤਦ ਪਰਮ ਸੰਨਾਟਾ ਹੁੰਦਾ ਹੈ। ਉਸ ਪਰਮ ਸੰਨਾਟੇ 'ਚ ਉਸਦੀ ਪ੍ਰਤੀਤੀ ਹੁੰਦੀ ਹੈ ਤਾਂ ਜਿਸ ਨੂੰ ਸ਼ੂਨਯ 'ਚ ਜਾਣਾ ਹੈ ਉਸਨੂੰ ਸ਼ਬਦਾਂ ਵਿੱਚ ਕਿਵੇਂ ਬੰਨ੍ਹੋਗੇ?

ਮਾਧਿਅਮ ਬਦਲ ਗਿਆ। ਸ਼ੂਨਯ ਵੱਖਰਾ ਮਾਧਿਅਮ ਹੈ। ਸ਼ੂਨਯ ਨਿਰਾਕਾਰ ਦਾ ਮਾਧਿਅਮ ਹੈ। ਸ਼ਬਦ ਆਕਾਰ ਹਨ। ਸਾਰੇ ਸ਼ਬਦ ਆਕਾਰ ਦੇਂਦੇ ਹਨ ਤਾਂ ਨਿਰਾਕਾਰ ਨੂੰ ਆਕਾਰ ਵਿੱਚ ਕਿਵੇਂ ਬੰਨ੍ਹੋਗੇ?

ਇਸ ਲਈ ਜਿਨ੍ਹਾਂ ਨੇ ਵੀ ਜਾਣਿਆਂ ਹੈ ਉਨ੍ਹਾਂ ਲਈ ਵੱਡੀ ਅੜਚਨ ਹੈ। ਕਿਵੇਂ ਕਹੀਏ ਉਸਨੂੰ? ਇਵੇਂ ਹੀ ਸਮਝੋ ਕਿ ਤੁਸੀਂ ਇੱਕ ਸੋਹਣਾ ਸੰਗੀਤ ਸੁਣਿਆ ਅਤੇ ਤੁਸੀਂ ਕਿਸੇ ਬੋਲੇ ਨੂੰ ਸਮਝਾਉਣਾ ਚਾਹੁੰਦੇ ਹੋ।

ਸੂਫੀਆਂ ਦੀ ਇੱਕ ਪੁਰਾਣੀ ਕਹਾਣੀ ਹੈ। ਇੰਜ ਹੋਇਆ ਕਿ ਇੱਕ ਚਰਵਾਹਾ

ਆਪਣੀਆਂ ਭੇਡਾਂ ਨੂੰ ਇੱਕ ਪਹਾੜ ਦੇ ਕੰਢੇ ਤੇ ਚਾਰ ਰਿਹਾ ਸੀ। ਦੁਪਹਿਰ ਹੋ ਗਈ, ਰਾਹ ਵੇਖਦਾ-ਵੇਖਦਾ ਥੱਕ ਗਿਆ। ਉਸਦੀ ਘਰਵਾਲੀ ਭੋਜਨ ਲੈ ਕੇ ਨਾ ਆਈ। ਇੰਜ ਤਾਂ ਕਦੇ ਨਹੀਂ ਹੋਇਆ ਸੀ। ਭੁੱਖ ਉਸਨੂੰ ਜ਼ੋਰਾਂ ਦੀ ਲੱਗੀ ਹੋਈ ਸੀ। ਫ਼ਿਰ ਉਸਨੂੰ ਚਿੰਤਾ ਵੀ ਹੋਣ ਲੱਗੀ ਕਿ ਕਿਤੇ ਪਤਨੀ ਬੀਮਾਰ ਤਾਂ ਨਹੀਂ ਹੋ ਗਈ? ਕੋਈ ਦੁਰਘਟਨਾ ਤਾਂ ਨਹੀਂ ਹੋ ਗਈ? ਇਸ ਤਰ੍ਹਾਂ ਕਦੇ ਹੋਇਆ ਹੀ ਨਹੀਂ ਸੀ? ਪਰ ਸੀ ਉਹ ਬੋਲ੍ਹਾ, ਉਸ ਨੇ ਆਲੇ-ਦੁਆਲੇ ਵੇਖਿਆ ਕਿ ਕੋਈ ਆਦਮੀ ਹੋਵੇ। ਵੇਖਿਆ ਕਿ ਇੱਕ ਲੱਕੜਹਾਰਾ ਲੱਕੜੀਆਂ ਵੱਢ ਰਿਹਾ ਸੀ। ਉਹ ਦਰੱਖਤ ਉਤੇ ਚੜ੍ਹਿਆ ਸੀ। ਉਹ ਦਰੱਖਤ ਹੇਠਾਂ ਪੁੱਜਾ, ਉਸਨੇ ਕਿਹਾ।

"ਮੇਰੇ ਭਰਾ! ਜ਼ਰਾ ਮੇਰੀਆਂ ਭੇਡਾਂ ਦਾ ਖਿਆਲ ਕਰੀਂ। ਮੈਂ ਜ਼ਰਾ ਘਰ ਹੋ ਆਵਾਂ। ਪਤਨੀ ਭੋਜਨ ਨਹੀਂ ਲਿਆਈ ਹੈ। ਭੱਜ ਕੇ ਹੁਣੇ ਲੈ ਆਵਾਂਗਾ।"

ਉਹ ਆਦਮੀ ਵੀ ਬੋਲ੍ਹਾ ਸੀ ਜਿਹੜਾ ਲੱਕੜੀਆਂ ਵੱਢ ਰਿਹਾ ਸੀ। ਉਸਨੇ ਕਿਹਾ, "ਜਾਹ ਜਾਹ! ਸਾਡੇ ਕੋਲ ਗੱਲਬਾਤ ਕਰਨ ਲਈ ਕੋਈ ਵਕਤ ਨਹੀਂ ਹੈ। ਮੈਂ ਆਪਣੇ ਕੰਮ ਵਿੱਚ ਲੱਗਿਆ ਹੋਇਆ ਹਾਂ, ਤੈਨੂੰ ਗੱਲਬਾਤ ਦੀ ਸੁੱਝੀ ਐ।"

ਜਦ ਉਸ ਨੇ ਕਿਹਾ, "ਜਾਹ ਜਾਹ" ਤਾਂ ਇਹ ਸਮਝਿਆ ਕਿ ਉਹ ਕਹਿ ਰਿਹਾ ਹੈ ਕਿ ਤੂੰ ਜਾਹ ਆਪਣੀ ਰੋਟੀ ਲੈ ਆ। ਮੈਂ ਤੇਰੀਆਂ ਭੇਡਾਂ ਬੱਕਰੀਆਂ ਦਾ ਧਿਆਨ ਕਰਾਂਗਾ।

ਉਹ ਨੱਠਦਾ ਹੋਇਆ ਘਰ ਗਿਆ। ਰੋਟੀ ਲੈ ਕੇ ਆਇਆ। ਮੁੜ ਕੇ ਉਸ ਨੇ ਆਪਣੀਆਂ ਭੇਡਾਂ ਦੀ ਗਿਣਤੀ ਕੀਤੀ, ਲੱਗਿਆ ਕਿ ਠੀਕ ਹਨ। ਧੰਨਵਾਦ ਦੇਣ ਗਿਆ ਕਿ ਆਦਮੀ ਬੜਾ ਪਿਆਰਾ ਹੈ, ਚੰਗਾ ਹੈ, ਇਮਾਨਦਾਰ ਹੈ, ਫ਼ਿਕਰ ਰੱਖਿਆ, ਇੱਕ ਵੀ ਭੇਡ ਕਿਧਰੇ ਨਹੀਂ ਗਈ, ਫ਼ਿਰ ਉਸਨੂੰ ਖਿਆਲ ਆਇਆ। ਧੰਨਵਾਦ ਕੋਰਾ ਕੀ ਦੇਣਾ? ਇੱਕ ਲੰਗੜੀ ਭੇਡ ਸੀ ਉਸਦੇ ਕੋਲ, ਉਸਨੂੰ ਅੱਜ ਨਹੀਂ ਕੱਲ੍ਹ ਵੱਢਣਾ ਹੀ ਸੀ। ਇਹ ਇਸ ਨੂੰ ਭੇਂਟ ਕਰ ਦੇਂਦਾ ਹਾਂ।

ਉਹ ਲੰਗੜੀ ਭੇਡ ਲੈ ਕੇ ਆਇਆ। ਉਸਨੇ ਕਿਹਾ, "ਮੇਰੇ ਭਰਾ, ਬਹੁਤ-ਬਹੁਤ ਧੰਨਵਾਦ! ਤੇਰੀ ਬੜੀ ਕਿਰਪਾ। ਇਹ ਭੇਡ ਤੁਸੀਂ ਸਵੀਕਾਰ ਕਰ ਲਵੋ। ਓਦਾਂ ਵੀ ਇਸਨੂੰ ਵੱਢਣਾ ਸੀ।"

ਦੂਜੇ ਬੋਲ੍ਹੇ ਨੇ ਕਿਹਾ, "ਤੇਰਾ ਕੀ ਮਤਲਬ? ਮੈਂ ਤੇਰੀ ਭੇਡ ਲੰਗੜੀ ਕੀਤੀ ਹੈ?"

ਵਿਵਾਦ (ਬਹਿਸ) ਵੱਧ ਗਿਆ। ਕਿਉਂਕਿ ਇੱਕ ਚੀਖ ਰਿਹਾ ਸੀ, ਮੈਂ ਤੇਰੀ ਭੇਡ ਵੇਖੀ ਨਹੀਂ। ਮੈਨੂੰ ਮਤਲਬ ਕੀ? ਅਤੇ ਦੂਜਾ ਕਹਿ ਰਿਹਾ ਸੀ, ਮੇਰੀ ਭਾਈ! ਇਸ ਨੂੰ

ਸਵੀਕਾਰ ਕਰ ਲੈ। ਪਰ ਦੋਨੋਂ ਬੋਲ਼ੇ ਸਨ ਅਤੇ ਇਹ ਹੀ ਕਠਿਨਾਈ ਸੀ।

ਇੱਕ ਰਾਹਗੀਰ ਇੱਕ ਘੋੜੇ ਉਤੇ, ਇੱਕ ਚੋਰ ਜਿਹੜਾ ਘੋੜਾ ਚੋਰੀ ਕਰਕੇ ਜਾ ਰਿਹਾ ਸੀ, ਉਹ ਰਾਹ ਭਟਕ ਗਿਆ ਸੀ। ਇਨ੍ਹਾਂ ਦੋ ਬੰਦਿਆਂ ਤੋਂ ਪੁੱਛਣ ਆਇਆ ਸੀ। ਇਨ੍ਹਾਂ ਦੋਹਾਂ ਨੇ ਉਸਨੂੰ ਫੜ ਲਿਆ, ਉਹ ਵੀ ਬੋਲ਼ਾ ਸੀ। ਉਹ ਸਮਝਿਆ ਕਿ ਫੜਿਆ ਗਿਆ। ਇਹ ਹੀ ਘੋੜੇ ਦੇ ਮਾਲਕ ਹਨ। ਇਹ ਦੋਵੇਂ ਉਸਨੂੰ ਕਹਿਣ ਲੱਗੇ, ਕਿ ਭਰਾ ਜ਼ਰਾ ਉਸਨੂੰ ਸਮਝਾ ਦੇ ਕਿ ਮੈਂ ਇਸ ਨੂੰ ਭੇਂਟ ਦੇ ਰਿਹਾ ਹਾਂ ਤੇ ਇਹ ਖਾਮ-ਖਾਹ ਨਾਰਾਜ਼ ਹੋ ਰਿਹਾ ਹੈ, ਚੀਖ ਰਿਹਾ ਹੈ।

ਅਤੇ ਉਹ ਦੂਜਾ ਬੋਲਿਆ ਕਿ ਮੈਂ ਇਸ ਦੀਆਂ ਭੇਡਾਂ ਨੂੰ ਹੱਥ ਵੀ ਨਹੀਂ ਲਾਇਆ। ਲੰਗੜੀ ਹੋਣ ਦਾ ਕੋਈ ਸਵਾਲ ਹੀ ਨਹੀਂ। ਤੀਜੇ ਨੇ ਕਿਹਾ, "ਭਾਈ। ਘੋੜਾ ਜਿਸ ਦਾ ਵੀ ਹੈ ਲੈ ਲਵੋ। ਮੈਥੋਂ ਜਿਹੜੀ ਭੁੱਲ ਹੋ ਗਈ, ਮੈਨੂੰ ਮਾਫ਼ ਕਰੋ।"

ਇਹ ਵਿਵਾਦ ਚੱਲ ਹੀ ਰਿਹਾ ਸੀ ਅਤੇ ਕੋਈ ਰਾਹ ਵਿਖਾਈ ਨਹੀਂ ਦਿੰਦਾ ਸੀ। ਕਿਉਂਕਿ ਕੋਈ ਕਿਸੇ ਦੀ ਸੁਣਦਾ ਹੀ ਨਹੀਂ ਸੀ। ਤਦ ਇੱਕ ਸੂਫ਼ੀ ਫ਼ਕੀਰ ਉਥੋਂ ਦੀ ਲੰਘ ਰਿਹਾ ਸੀ। ਉਨ੍ਹਾਂ ਤਿੰਨਾਂ ਨੇ ਉਸਨੂੰ ਫੜ ਲਿਆ ਅਤੇ ਕਿਹਾ ਕਿ ਸਾਡਾ ਮਾਮਲਾ ਸੁਲਝਾ ਦਿਓ। ਉਸ ਨੇ ਮੌਨ ਦੀ ਕਸਮ ਲੈ ਰੱਖੀ ਸੀ। ਜੀਵਨ ਭਰ ਦੇ ਲਈ ਚੁੱਪ ਹੋ ਗਿਆ ਸੀ। ਸਮਝ ਲਿਆ ਉਸ ਨੇ ਤਿੰਨ੍ਹਾਂ ਦਾ ਮਾਮਲਾ। ਪਰ ਹੁਣ ਕਰੇ ਕੀ? ਭਾਂ ਪਹਿਲਾਂ ਉਸਨੇ ਜਿਹੜਾ ਘੋੜੇ ਤੇ ਸਵਾਰ ਚੋਰ ਸੀ ਉਸ ਦੀਆਂ ਅੱਖਾਂ 'ਚ ਗੌਰ ਨਾਲ ਵੇਖਿਆ। ਫ਼ਕੀਰ ਨੇ ਏਨੀ ਗਹਿਰੀ ਨਜ਼ਰ ਨਾਲ ਵੇਖਿਆ ਕਿ ਥੋੜ੍ਹੀ ਹੀ ਦੇਰ ਵਿੱਚ ਚੋਰ ਬੇਚੈਨ ਹੋਣ ਲੱਗਾ ਕਿ ਇਹ ਆਦਮੀ ਜਾਂ ਭਾਂ ਸਮੋਹਿਤ ਕਰ ਰਿਹਾ ਹੈ, ਜਾਂ ਪਤਾ ਨਹੀਂ ਕੀ ਇਰਾਦੇ ਹਨ? ਉਹ ਏਨਾ ਘਬਰਾ ਗਿਆ ਕਿ ਛਾਲ ਮਾਰ ਕੇ ਆਪਣੇ ਘੋੜੇ ਤੇ ਚੜ੍ਹਿਆ ਅਤੇ ਭੱਜ ਗਿਆ।

ਤਦ ਉਸ ਸੂਫ਼ੀ ਫ਼ਕੀਰ ਨੇ ਦੂਜੇ ਆਦਮੀ ਦੀਆਂ ਅੱਖਾਂ 'ਚ ਵੇਖਿਆ, ਜਿਹੜਾ ਭੇਡਾਂ ਦਾ ਮਾਲਿਕ ਸੀ। ਉਸਨੂੰ ਵੀ ਲੱਗਿਆ ਕਿ ਇਹ ਆਦਮੀ ਬੇਹੋਸ਼ ਕਰ ਦੇਵੇਗਾ। ਵੇਖੀ ਹੀ ਜਾਂਦਾ ਹੈ ਬਿਨਾਂ ਅੱਖ ਝਪਕਿਆਂ। ਉਹ ਛੇਤੀ ਨਾਲ ਸਿਰ ਨਿਵਾਂ ਕੇ ਆਪਣੀਆਂ ਭੇਡਾਂ ਨੂੰ ਖਦੇੜ ਕੇ ਆਪਣੇ ਘਰ ਵੱਲ ਚੱਲ ਪਿਆ।

ਤਦ ਉਸਨੇ ਤੀਜੇ ਵੱਲ ਵੇਖਿਆ। ਉਹ ਤੀਜਾ ਵੀ ਡਰਿਆ। ਉਸਦੀ ਅੱਖ ਬਹੁਤ ਤੇਜਸਵੀ ਨੂਰ ਭਰੀ ਸੀ। ਜਿਹੜੇ ਲੋਕੀਂ ਚੁੱਪ ਰਹਿੰਦੇ ਨੇ ਬਹੁਤ ਦੇਰ ਤੱਕ, ਉਨ੍ਹਾਂ ਦੀਆਂ ਅੱਖਾਂ 'ਚ ਇੱਕ ਵੱਖਰਾ ਹੀ ਨੂਰ ਆ ਜਾਂਦਾ ਹੈ। ਕਿਉਂਕਿ ਸਾਰੀ ਉਰਜਾ ਇਕੱਠੀ ਹੁੰਦੀ ਹੈ ਅਤੇ ਅੱਖਾਂ ਹੀ ਪ੍ਰਗਟ ਕਰਨ ਦਾ ਵਸੀਲਾ ਹੁੰਦੀਆਂ ਹਨ। ਜਦ ਉਸ ਨੇ ਗੌਰ ਨਾਲ ਉਸ ਤੀਜੇ ਵੱਲ ਵੇਖਿਆ। ਉਹ ਵੀ ਡਰਿਆ। ਉਸਨੇ ਆਪਣੀਆਂ ਲੱਕੜੀਆਂ ਬੰਨ੍ਹੀਆਂ

ਤੇ ਨੱਠਾ। ਸੂਫ਼ੀ ਹੱਸਦਾ ਹੋਇਆ ਆਪਣੇ ਰਾਹ ਚਲਾ ਗਿਆ। ਸੂਫ਼ੀ ਨੇ ਮਾਮਲਾ ਹੱਲ ਕਰ ਲਿਆ ਤਿੰਨਾਂ ਬੋਲਿਆਂ ਦਾ—ਬਿਨਾਂ ਬੋਲੇ।

ਇਹ ਹੀ ਸੰਤਾਂ ਦੀ ਤਕਲੀਫ ਹੈ, ਸਾਡੇ ਨਾਲ। ਤਿੰਨ ਬੋਲੇ ਨਹੀਂ ਹਨ ਤਿੰਨ ਅਰਥ ਬੋਲੇ ਹਨ ਅਤੇ ਜੋ ਵੀ ਅਸੀਂ ਕਹਿੰਦੇ ਹਾਂ ਉਹ ਸਾਰਾ ਸੰਗਤ-ਅਸੰਗਤ, ਉਸ ਵਿਚੋਂ ਕੁਝ ਵੀ ਨਹੀਂ ਹੈ। ਕੋਈ ਕਿਸੇ ਦੀ ਨਹੀਂ ਸਮਝ ਰਿਹਾ ਹੈ। ਜ਼ਿੰਦਗੀ ਵਿੱਚ ਸੰਵਾਦ ਤਾਂ ਹੋ ਹੀ ਨਹੀਂ ਰਿਹਾ ਹੈ। ਵਿਵਾਦ ਚਲ ਰਿਹਾ ਹੈ। ਸੰਤ ਕੀ ਕਰਨ? ਜਿਨ੍ਹਾਂ ਨੇ ਮੌਨ ਗਹਿਣਾ ਸਿੱਖ ਲਿਆ ਹੈ, ਉਹ ਕੀ ਕਰਨ? ਬੋਲਣ ਦਾ ਕੋਈ ਉਪਾਅ ਨਹੀਂ ਹੈ। ਉਹ ਕਿੰਨਾਂ ਹੀ ਬੋਲਣ। ਉਹ ਸੂਫ਼ੀ ਫ਼ਕੀਰ ਕਿੰਨਾ ਹੀ ਬੋਲਦਾ, ਤਾਂ ਵੀ ਉਹ ਤਿੰਨ ਬੋਲੇ ਸਮਝ ਨਾ ਸਕਦੇ। ਤਿੰਨ ਦੀ ਥਾਂ ਚਾਰ ਉਪੱਦਰ ਹੋ ਜਾਂਦੇ। ਉਸ ਨੇ ਕੇਵਲ ਅੱਖ ਨਾਲ ਗੌਰ ਨਾਲ ਉਨ੍ਹਾਂ ਨੂੰ ਵੇਖਿਆ।

ਸੰਤਾਂ ਨੇ ਤੁਹਾਡੇ ਵੱਲ ਸਿਰਫ ਗੌਰ ਨਾਲ ਵੇਖਿਆ ਹੈ ਅਤੇ ਹੱਲ ਕਰਨ ਦੀ ਕੋਸ਼ਿਸ਼ ਕੀਤੀ ਹੈ। ਜੋ ਉਨ੍ਹਾਂ ਦੇ ਅੰਦਰ ਸਮਾਇਆ ਹੈ। ਉਹ ਤੁਹਾਡੀਆਂ ਅੱਖਾਂ ਵਿੱਚ ਉਡੇਲਣਾ ਚਾਹਿਆ ਹੈ। ਇਸ ਲਈ ਸਾਧ-ਸੰਗਤ ਦੀ ਗੱਲ ਕਰਦੇ ਹਨ ਨਾਨਕ ਕਿ ਸਾਧੂਆਂ ਨਾਲ ਰਹੋ। ਜੇਕਰ ਸਮਝਣਾ ਹੈ ਜੋ ਉਨ੍ਹਾਂ ਨੇ ਜਾਣਿਆ ਹੈ। ਸੰਗਤ ਸਤਸੰਗ ਕਰੋ। ਸੁਣਨ-ਕਹਿਣ ਨਾਲ ਬਹੁਤਾ ਨਹੀਂ ਹੋਏਗਾ। ਕਿਹਾ ਕੁਝ ਜਾਏਗਾ, ਸਮਝੋਗੇ ਤੁਸੀਂ ਕੁਝ ਹੋਰ। ਲੋਕੀ ਬੋਲੇ ਹਨ। ਦੱਸਿਆ ਕੁਝ ਜਾਵੇਗਾ, ਵੇਖੋਗੇ ਤੁਸੀਂ ਕੁਝ ਹੋਰ। ਲੋਕੀ ਅੰਨ੍ਹੇ ਹਨ, ਤੁਸੀਂ ਆਪਣੀ ਵਿਆਖਿਆ ਕਰੋਗੇ, ਤੁਸੀਂ ਸ਼ਬਦ ਨੂੰ ਆਪਣੇ ਅਰਥ ਦੇ ਦਿਓਗੇ।

ਨਾਨਕ ਕਹਿੰਦੇ ਹਨ—*"ਹੁਕਮੁ ਨ ਕਹਿਆ ਜਾਈ॥"* ਉਹ ਕਿਹਾ ਨਹੀਂ ਜਾ ਸਕਦਾ। ਫ਼ਿਰ ਵੀ ਇਸ਼ਾਰੇ ਕੀਤੇ ਜਾ ਸਕਦੇ ਹਨ। ਇਹ ਇਸ਼ਾਰੇ ਹਨ। ਇਹ ਕਹਿਣਾ ਨਹੀਂ ਹੈ। ਇਹ ਇਸ਼ਾਰੇ ਹਨ। ਇਨ੍ਹਾਂ ਸ਼ਬਦਾਂ 'ਚ ਉਹ ਹੁਕਮ ਨਹੀਂ ਹੈ। ਇਹ ਸ਼ਬਦ ਤਾਂ ਕੰਢੇ ਲੱਗੇ ਮੀਲ ਦੇ ਪੱਥਰ ਵਾਂਗੂੰ ਹਨ। ਇਹ ਦੱਸ ਰਹੇ ਹਨ ਕਿ ਚਲੇ ਜਾਓ; ਅਗੇ ਹੈ ਮੰਜ਼ਿਲ। ਲੇਕਿਨ ਬਹੁਤ ਸਾਰੇ ਲੋਕ ਮੀਲ ਦੇ ਪੱਥਰ ਨੂੰ ਫੜ ਕੇ ਬੈਠ ਜਾਂਦੇ ਹਨ।

ਉਹ ਤੁਸੀਂ ਵੀ ਕਰ ਸਕਦੇ ਹੋ। ਤੁਸੀਂ ਵੀ ਕਰ ਸਕਦੇ ਹੋ ਕਿ ਰੋਜ਼ ਸਵੇਰੇ ਉੱਠ ਕੇ ਜਪੁਜੀ ਦਾ ਪਾਠ ਕਰੋ ਅਤੇ ਉਸਨੂੰ ਦੁਹਰਾਉਂਦੇ ਰਹੋ ਅਤੇ ਉਸਨੂੰ ਕੰਠ ਕਰ ਲਵੋ। ਤੁਸੀਂ ਮੀਲ ਦਾ ਪੱਥਰ ਫੜ ਲਿਆ। ਇਹ ਤਾਂ ਇਸ਼ਾਰਾ ਹੈ। ਇਸ ਨੂੰ ਕੰਠ ਕਰਨ ਨਾਲ ਕੁਝ ਵੀ ਨਹੀਂ ਹੋਏਗਾ। ਇਸ ਦੇ ਵਿੱਚ ਜਿਸ ਪਾਸੇ ਇਸ਼ਾਰਾ ਹੈ ਉਸੇ ਪਾਸੇ ਚਲਣਾ ਪਵੇਗਾ। ਯਾਤਰਾ ਕਰਨੀ ਪਵੇਗੀ। ਧਰਮ ਇੱਕ ਯਾਤਰਾ ਹੈ। ਤੁਸੀਂ ਚਾਹੋ ਜਪੁਜੀ ਨੂੰ ਫੜੋ, ਚਾਹੇ ਗੀਤਾਂ ਨੂੰ ਫੜੋ, ਚਾਹੇ ਕੁਰਾਨ ਨੂੰ, ਜੇਕਰ ਤੁਸੀਂ ਫੜ ਕੇ ਬਹਿ ਗਏ, ਤਾਂ

ਤੁਸੀਂ ਮੀਲ ਦੇ ਪੱਥਰ ਨੂੰ ਛਾਤੀ ਨਾਲ ਲਗਾ ਲਿਆ। ਸਮਝੋ, ਹੋਰ ਅੱਗੇ ਵਧੋ। ਜਿਵੇਂ-ਜਿਵੇਂ ਤੁਸੀਂ ਅੱਗੇ ਵਧੋਗੇ, ਤਿਵੇਂ ਭੇਦ ਪ੍ਰਗਟ ਹੋਵੇਗਾ।

ਹੁਕਮ ਨੂੰ ਸ਼ਬਦਾਂ 'ਚ ਨਹੀਂ ਕਿਹਾ ਜਾ ਸਕਦਾ। ਹੁਕਮ ਨਾਲ ਹੀ ਜੀਆਂ ਦੀ ਉਤਪਤੀ (ਪੈਦਾਇਸ਼) ਹੁੰਦੀ ਹੈ। ਹੁਕਮ ਨਾਲ ਹੀ ਵਡਿਆਈ ਮਿਲਦੀ ਹੈ, ਹੁਕਮ ਨਾਲ ਹੀ ਕੋਈ ਛੋਟਾ ਹੈ, ਕੋਈ ਵੱਡਾ ਹੈ। ਹੁਕਮ ਨਾਲ ਹੀ ਸੁੱਖ-ਦੁੱਖ ਦੀ ਪ੍ਰਾਪਤੀ ਹੁੰਦੀ ਹੈ।

ਥੋੜ੍ਹਾ ਸੋਚੋ, ਜਦ ਤੁਹਾਨੂੰ ਦੁੱਖ ਮਿਲਦਾ ਹੈ ਤਾਂ ਤੁਸੀਂ ਕਿਸੇ ਦੂਜੇ ਨੂੰ ਜ਼ਿੰਮੇਂਵਾਰ ਠਹਿਰਾਉਂਦੇ ਹੋ। ਜੇਕਰ ਜ਼ਿੰਮੇਂਵਾਰ ਹੀ ਠਹਿਰਾਉਣਾ ਹੈ ਤਾਂ ਹੁਕਮ ਨੂੰ ਹੀ ਜ਼ਿੰਮੇਂਵਾਰ ਠਹਿਰਾਓ। ਪਤੀ ਦੁਖੀ ਹੈ, ਤਾਂ ਸੋਚਦਾ ਹੈ ਪਤਨੀ ਜ਼ਿੰਮੇਂਵਾਰ ਹੈ। ਪਤਨੀ ਦੁੱਖੀ ਹੈ, ਤਾਂ ਸੋਚਦੀ ਹੈ ਪਤੀ ਜ਼ਿੰਮੇਂਵਾਰ ਹੈ, ਪਿਉ ਦੁੱਖੀ ਹੈ ਤਾਂ ਸੋਚਦਾ ਹੈ ਪੁੱਤਰ ਜ਼ਿੰਮੇਂਵਾਰ ਹੈ। ਜੇਕਰ ਜ਼ਿੰਮੇਂਦਾਰੀ ਦੇਣੀ ਹੈ, ਤਾਂ ਪਰਮਾਤਮਾ ਨੂੰ ਦਿਓ। ਉਸ ਤੋਂ ਛੋਟੇ ਵਿੱਚ ਕੰਮ ਨਹੀਂ ਚਲੇਗਾ।

ਪਰ ਬੜੇ ਮਜ਼ੇ ਦੀ ਗੱਲ ਹੈ। ਜਦ ਤੁਸੀਂ ਦੁਖੀ ਹੋ, ਤਾਂ ਆਲੇ-ਦੁਆਲੇ ਜ਼ਿੰਮੇਂਵਾਰੀ ਕਿਸੇ ਦੇ ਮੋਢੇ ਉਤੇ ਦੇਂਦੇ ਹੋ ਅਤੇ ਜਦੋਂ ਤੁਸੀਂ ਸੁਖੀ ਹੋ ਤਦ ਤੁਸੀਂ ਖੁਦ ਮੰਨਦੇ ਹੋ, ਕਿ ਮੇਰੇ ਹੀ ਕਾਰਣ ਮੈਂ ਸੁਖੀ ਹਾਂ।

ਇਹ ਤਰਕ ਕਿਹੜੀ ਕਿਸਮ ਦਾ ਹੈ? ਸੁਖੀ ਹੋਵੋ ਤਾਂ ਤੁਸੀਂ ਆਪਣੇ ਕਾਰਣ, ਦੁੱਖੀ ਹੋਵੋ ਤਾਂ ਕਿਸੇ ਦੇ ਕਾਰਣ। ਇਸ ਕਾਰਣ ਨਾਲ ਨਾ ਤਾਂ ਤੁਸੀਂ ਦੁੱਖ ਨੂੰ ਦੂਰ ਕਰ ਸਕੋਗੇ ਅਤੇ ਨਾ ਤੁਸੀਂ ਸੁੱਖ ਦਾ ਭੇਦ ਲੱਭ ਸਕੋਗੇ। ਕਿਉਂਕਿ ਦੋਹਾਂ ਹਾਲਤਾਂ 'ਚ ਤੁਸੀਂ ਗ਼ਲਤ ਹੋ। ਨਾ ਤਾਂ ਦੂਜਾ ਜ਼ਿੰਮੇਂਵਾਰ ਹੈ ਦੁੱਖ ਦੇ ਲਈ ਅਤੇ ਨਾ ਤੁਸੀਂ ਜ਼ਿੰਮੇਂਵਾਰ ਹੋ ਸੁੱਖ ਦੇ ਲਈ। ਦੋਹਾਂ ਦੇ ਪਿੱਛੇ ਪਰਮਾਤਮਾ ਜ਼ਿੰਮੇਂਵਾਰ ਹੈ ਅਤੇ ਜੇਕਰ ਇੱਕ ਹੀ ਹੱਥੋਂ ਸੁੱਖ-ਦੁੱਖ ਆਏ ਹਨ ਤਾਂ ਉਨ੍ਹਾਂ 'ਚ ਭੇਦ ਕੀ ਕਰਨਾ! ਫ਼ਰਕ ਕੀ ਕਰਨਾ। ਇੱਕ ਮੁਸਲਮਾਨ ਬਾਦਸ਼ਾਹ ਹੋਇਆ। ਉਸਦਾ ਇੱਕ ਗੁਲਾਮ ਸੀ। ਗੁਲਾਮ ਨਾਲ ਉਸਦਾ ਬੜਾ ਪ੍ਰੇਮ ਸੀ। ਬਹੁਤ ਲਗਾਵ ਸੀ। ਉਹ ਬਹੁਤ ਸਵਾਮੀ-ਭਗਤ ਸੀ। ਇੱਕ ਦਿਨ ਦੋਵੇਂ ਜੰਗਲ 'ਚ ਲੰਘ ਰਹੇ ਸੀ। ਇੱਕ ਰੁੱਖ ਉਤੇ ਇਕੋ ਹੀ ਫ਼ਲ ਲੱਗਿਆ ਸੀ। ਸਮਰਾਟ ਨੇ ਫ਼ਲ ਤੋੜਿਆ। ਜਿਵੇਂ ਉਸ ਦੀ ਆਦਤ ਸੀ। ਉਸਨੇ ਇੱਕ ਫ਼ਾੜੀ ਵੱਢ ਕੇ ਗ਼ੁਲਾਮ ਨੂੰ ਦਿੱਤੀ। ਗ਼ੁਲਾਮ ਨੇ ਚਖੀ ਅਤੇ ਉਸਨੇ ਕਿਹਾ, "ਮਾਲਿਕ ਇੱਕ ਫ਼ਾੜੀ ਹੋਰ" ਅਤੇ ਗ਼ੁਲਾਮ ਮੰਗਦਾ ਹੀ ਗਿਆ। ਫ਼ਿਰ ਇੱਕ ਹੀ ਫ਼ਾੜੀ ਹੱਥ ਵਿੱਚ ਬਚੀ।

ਬਾਦਸ਼ਾਹ ਨੇ ਕਿਹਾ "ਏਨਾ ਸੁਆਦ ਹੈ?" ਗ਼ੁਲਾਮ ਨੇ ਝਪੱਟਾ ਮਾਰ ਕੇ ਉਹ ਇੱਕ ਫ਼ਾੜੀ ਵੀ ਖੋਹਣੀ ਚਾਹੀ। ਸਮਰਾਟ ਨੇ ਕਿਹਾ, ਇਹ ਤਾਂ ਹੱਦ ਹੋ ਗਈ! ਮੈਂ ਤੈਨੂੰ ਪੂਰਾ

ਫ਼ਲ ਦੇ ਚੁੱਕਿਆ, ਅਤੇ ਦੂਜਾ ਫ਼ਲ ਵੀ ਨਹੀਂ ਹੈ। ਹੋਰ ਜੇ ਏਨਾ ਸੁਆਦ ਹੈ ਤਾਂ ਕੁਝ ਮੈਨੂੰ ਵੀ ਚੱਖਣ ਦੇ। ਉਸ ਗ਼ੁਲਾਮ ਨੇ ਕਿਹਾ, "ਨਹੀਂ ਸੁਆਦ ਬਹੁਤ ਹੈ, ਇਸ ਲਈ ਤੁਸੀਂ ਮੈਨੂੰ ਮੇਰੇ ਸੁੱਖ ਤੋਂ ਵਾਂਝਿਆ ਨਾ ਕਰੋ, ਦੇ ਦਿਓ।" ਲੇਕਿਨ ਸਮਰਾਟ ਨੇ ਫ਼ਲ ਚੱਖ ਲਿਆ। ਉਹ ਫ਼ਲ ਬਿਲਕੁਲ ਜ਼ਹਿਰ ਸੀ। ਮਿੱਠਾ ਹੋਣਾ ਤਾਂ ਦੂਰ, ਉਸਦੀ ਇੱਕ ਗਰਾਈ ਵੀ ਨਿਗਲਣੀ ਔਖੀ ਸੀ।

ਸਮਰਾਟ ਨੇ ਕਿਹਾ, "ਪਾਗਲ ਤੂੰ ਮੁਸਕਰਾ ਰਿਹਾ ਹੈਂ ਅਤੇ ਇਸ ਜ਼ਹਿਰ ਨੂੰ ਤੂੰ ਖਾ ਗਿਆ? ਤੂੰ ਕਿਹਾ ਕਿਉਂ ਨਹੀਂ? ਉਸ ਗ਼ੁਲਾਮ ਨੇ ਕਿਹਾ, "ਜਿਹੜੇ ਹੱਥਾਂ ਤੋਂ ਐਨੇ ਸੁੱਖ ਮਿਲੇ ਹੋਣ ਅਤੇ ਜਿਨ੍ਹਾਂ ਹੱਥਾਂ ਤੋਂ ਐਨੇ ਸੁਆਦ ਫਲ ਚੱਖੇ ਹੋਣ, ਇੱਕ ਕੌੜੇ ਫ਼ਲ ਦੀ ਕੀ ਸ਼ਿਕਾਇਤ?" ਫ਼ਲਾਂ ਦਾ ਹਿਸਾਬ ਹੀ ਛੱਡ ਦਿੱਤਾ, ਹੱਥ ਦਾ ਹਿਸਾਬ ਹੈ।

ਜਿਸ ਦਿਨ ਤੁਸੀਂ ਵੇਖ ਸਕੋਗੇ ਕਿ ਪਰਮਾਤਮਾ ਦੇ ਹੱਥਾਂ ਨਾਲ ਦੁੱਖ ਵੀ ਮਿਲਦਾ ਹੈ, ਉਸ ਦਿਨ ਤੁਸੀਂ ਉਸਨੂੰ ਦੁੱਖ ਕਿਵੇਂ ਕਹੋਗੇ? ਤੁਸੀਂ ਉਸਨੂੰ ਦੁੱਖ ਹੁਣੇ ਹੀ ਕਹਿੰਦੇ ਹੋ, ਕਿਉਂਕਿ ਤੁਸੀਂ ਹੱਥ ਨੂੰ ਨਹੀਂ ਵੇਖ ਰਹੇ ਹੋ। ਜਿਸ ਦਿਨ ਤੁਹਾਨੂੰ ਵਿਖਾਈ ਦੇਵੇਗਾ ਕਿ ਦੁੱਖ ਵੀ ਉਸਦਾ ਤੇ ਸੁੱਖ ਵੀ ਉਸਦਾ, ਸੁੱਖ-ਦੁੱਖ, ਦੋਹਾਂ ਦਾ ਰੂਪ ਗੁਆਚ ਜਾਏਗਾ। ਨਾ ਸੁੱਖ, ਸੁੱਖ ਜਿਹਾ ਲੱਗੇਗਾ, ਨਾ ਦੁੱਖ, ਦੁੱਖ ਵਰਗਾ ਲੱਗੇਗਾ ਅਤੇ ਜਿਸ ਦਿਨ ਸੁੱਖ ਦੁੱਖ ਇੱਕ ਹੋ ਜਾਂਦੇ ਹਨ, ਉਸੇ ਦਿਨ ਆਨੰਦ ਦੀ ਘਟਨਾ ਵਾਪਰਦੀ ਹੈ। ਜਦ ਤੁਹਾਨੂੰ ਸੁੱਖ-ਦੁੱਖ ਦਾ ਦਵੈਤ ਨਹੀਂ ਰਹਿ ਜਾਂਦਾ, ਤਦ ਅਦਵੈਤ ਉਤਰਦਾ ਹੈ। ਤਦ ਤੁਸੀਂ ਆਨੰਦ ਮਾਣੋਗੇ।

ਨਹੀਂ, ਕਿਸੇ ਨੂੰ ਗੁਆਂਢ ਵਿੱਚ, ਪਤੀ ਨੂੰ, ਪਤਨੀ ਨੂੰ, ਮਿੱਤਰ ਨੂੰ, ਭਾਈ ਨੂੰ, ਦੋਸਤ ਨੂੰ, ਦੁਸ਼ਮਣ ਨੂੰ ਦੋਸ਼ੀ ਨਾ ਠਹਿਰਾਉਣਾ। ਸਾਰੇ ਦੋਸ਼ਾਂ ਦਾ ਮਾਲਿਕ ਉਹ ਹੈ ਅਤੇ ਜਦ ਖੁਸ਼ੀ ਆਏ, ਸਫ਼ਲਤਾ ਮਿਲੇ ਤਾਂ ਆਪਣੇ ਹੰਕਾਰ ਨੂੰ ਕਦੇ ਨਾ ਭਰਨਾ। ਸਾਰੀਆਂ ਅਸਫ਼ਲਤਾਵਾਂ ਅਤੇ ਸਵਾਦਲੇ ਫ਼ਲਾਂ ਦਾ ਮਾਲਿਕ ਵੀ ਉਹੀ ਹੈ। ਜੇਕਰ ਤੁਸੀਂ ਸਾਰਾ ਉਸੇ ਤੇ ਛੱਡ ਦਿਓ ਤਾਂ ਸਭ ਗੁਆਚ ਜਾਵੇਗਾ। ਕੇਵਲ ਆਨੰਦ ਬਾਕੀ ਰਹਿ ਜਾਂਦਾ ਹੈ।

ਹੁਕਮ ਨਾਲ ਕੋਈ ਉੱਚਾ ਕੋਈ ਨੀਵਾਂ, ਹੁਕਮ ਨਾਲ ਸੁੱਖ-ਦੁੱਖ ਦੀ ਪ੍ਰਾਪਤੀ, ਹੁਕਮ ਨਾਲ ਹੀ ਕੋਈ ਪ੍ਰਸਾਦ ਨੂੰ ਉਪਲਬਧ ਹੁੰਦਾ ਹੈ। ਹੁਕਮ ਨਾਲ ਹੀ ਕੋਈ ਆਵਾਗਵਨ ਵਿੱਚ ਭਟਕਦਾ ਹੈ। ਸਭ ਕੁਝ ਹੁਕਮ ਦੇ ਅੰਦਰ ਹੈ। ਹੁਕਮ ਤੋਂ ਬਾਹਰ ਕਦੇ ਕੋਈ ਨਹੀਂ। ਨਾਨਕ ਕਹਿੰਦੇ ਹਨ, ਜਿਹੜਾ ਉਸ ਹੁਕਮ ਨੂੰ ਸਮਝ ਲੈਂਦਾ ਹੈ, ਉਹ ਹੰਕਾਰ ਤੋਂ ਮੁਕਤੀ ਪਾ ਲੈਂਦਾ ਹੈ।

*ਨਾਨਕ ਹੁਕਮੈ ਜੇ ਬੁਝੈ, ਤ ਹਉਮੈ ਕਹੈ ਨ ਕੋਇ॥*

ਜਿਸ ਨੇ ਇਹ ਸਾਰ ਦੀ ਗੱਲ ਸਮਝ ਲਈ ਕਿ ਸਭ ਉਸ ਦਾ ਹੈ ਤਾਂ "ਮੈਂ" ਕਹਿਣ

ਨੂੰ ਬਚਦਾ ਹੀ ਕੌਣ?

ਇਸ ਨੂੰ ਥੋੜ੍ਹਾ ਸਮਝੀਏ। ਤੁਸੀਂ ਹੰਕਾਰ ਨੂੰ ਬਹੁਤ ਵਾਰ ਛੱਡਣਾ ਵੀ ਚਾਹੁੰਦੇ ਹੋ, ਕਿਉਂਕਿ ਉਸ ਤੋਂ ਪੀੜਾ ਮਿਲਦੀ ਹੈ। ਫਿਰ ਵੀ ਛੱਡ ਨਹੀਂ ਸਕਦੇ। ਕੀ ਕਾਰਣ ਹੈ? ਕਿਉਂਕਿ ਉਸ ਤੋਂ ਤੁਹਾਨੂੰ ਸੁੱਖ ਵੀ ਮਿਲਦਾ ਹੈ, ਇਸ ਲਈ ਅੜਚਨ ਹੈ। ਹੰਕਾਰ ਤੋਂ ਦੁੱਖ ਮਿਲਦਾ ਹੈ ਇਹ ਦਿਸਦਾ ਹੈ। ਪਰ ਜਦ ਕੋਈ ਗਾਲ੍ਹੀ ਦਿੰਦਾ ਹੈ ਤਾਂ ਪੀੜ ਹੁੰਦੀ ਹੈ। ਉਹ ਤਕਲੀਫ਼ ਹੰਕਾਰ ਨੂੰ ਹੁੰਦੀ ਹੈ। ਤੁਸੀਂ ਛੱਡਣਾ ਵੀ ਚਾਹੁੰਦੇ ਹੋ। ਮੇਰੇ ਕੋਲ ਲੋਕ ਆਉਂਦੇ ਹਨ ਅਤੇ ਪੁੱਛਦੇ ਹਨ, ਦੁੱਖ ਨੂੰ ਕਿਵੇਂ ਛੱਡੀਏ? ਅਤੇ ਇਹ ਵੀ ਕਹਿੰਦੇ ਹਨ ਕਿ ਸਮਝ ਵਿੱਚ ਤਾਂ ਆਉਂਦਾ ਹੈ, ਹੰਕਾਰ ਹੀ ਦੁੱਖ ਹੈ। ਕਿਵੇਂ ਛੱਡੀਏ? ਮੈਂ ਉਨ੍ਹਾਂ ਨੂੰ ਕਹਿੰਦਾ ਹਾਂ, ਕਿਵੇਂ ਦਾ ਸਵਾਲ ਹੀ ਨਹੀਂ ਹੈ। ਜੇਕਰ ਤੁਹਾਨੂੰ ਸਚਮੁੱਚ ਵਿਖਾਈ ਦੇਂਦਾ ਹੈ ਹੰਕਾਰ ਦੁੱਖ ਹੈ ਤਾਂ ਤੁਸੀਂ ਛੱਡ ਹੀ ਦਿੰਦੇ। ਪੁੱਛਣਾ ਕੀ ਹੈ?

ਪਰ ਗੱਲ ਉਲਝੀ ਹੋਈ ਹੈ। ਕੋਈ ਗਾਲ੍ਹਾਂ ਕੱਢਦਾ ਹੈ ਹੰਕਾਰ ਨੂੰ ਦੁੱਖ ਹੁੰਦਾ ਹੈ, ਤੁਸੀਂ ਛੱਡਣਾ ਚਾਹੁੰਦੇ ਹੋ। ਪਰ ਕੋਈ ਫੁੱਲਾਂ ਦਾ ਹਾਰ ਪਹਿਨਾਉਂਦਾ ਹੈ ਤਦ ਹੰਕਾਰ ਨੂੰ ਸੁੱਖ ਮਿਲਦਾ ਹੈ। ਹੰਕਾਰ ਅੱਧਾ ਤੁਸੀਂ ਛੱਡਣਾ ਚਾਹੁੰਦੇ ਹੋ, ਅੱਧਾ ਤੁਸੀਂ ਬਚਾਉਣਾ ਚਾਹੁੰਦੇ ਹੋ। ਉਸੇ ਨੂੰ ਨਿੰਦਾ ਅਖ਼ਰਦੀ ਹੈ, ਉਸੇ ਨੂੰ ਪ੍ਰਸੰਸਾ ਸੁੱਖ ਦਿੰਦੀ ਹੈ। ਭੁੱਲ ਹੋ ਜਾਂਦੀ ਹੈ ਤਾਂ ਸੱਟ ਵਜਦੀ ਹੈ। ਠੀਕ ਗੱਲ ਹੋ ਜਾਂਦੀ ਹੈ ਤਾਂ ਭਲੀ ਲੱਗਦੀ ਹੈ। ਲੋਕ ਨਿੰਦਿਆ ਕਰਦੇ ਹੋਣ, ਮਾਣ-ਅਦਬ ਕਰਦੇ ਹੋਣ, ਗੁਣਗਾਨ ਕਰਦੇ ਹੋਣ, ਬੜਾ ਭਲਾ ਲੱਗਦਾ ਹੈ। ਦੋਵੇਂ ਹੀ ਘਟਨਾਵਾਂ ਹੰਕਾਰ ਨੂੰ ਦਰਸਾ ਰਹੀਆਂ ਹਨ।

ਅਤੇ ਤੁਹਾਡੀ ਮੁਸੀਬਤ ਇਹ ਹੈ ਕਿ ਤੁਸੀਂ ਜੇਕਰ ਹੰਕਾਰ ਨੂੰ ਛੱਡੋ ਤਾਂ ਸੁੱਖ ਵੀ ਮਿਟ ਜਾਏਗਾ, ਦੁੱਖ ਵੀ ਮਿਟ ਜਾਏਗਾ। ਸੁੱਖ ਨੂੰ ਤੁਸੀਂ ਬਚਾਉਣਾ ਚਾਹੁੰਦੇ ਹੋ, ਦੁੱਖ ਨੂੰ ਤੁਸੀਂ ਮਿਟਾਉਣਾ ਚਾਹੁੰਦੇ ਹੋ। ਇਹ ਕਦੇ ਹੋਇਆ ਨਹੀਂ, ਕਦੇ ਹੋਵੇਗਾ ਵੀ ਨਹੀਂ। ਦੋਵੇਂ ਹੀ ਨਾਲ-ਨਾਲ ਜਾਣਗੇ। ਇੱਕ ਹੀ ਸਿੱਕੇ ਦੇ ਦੋ ਪਾਸੇ ਹਨ। ਇੱਕ ਪਾਸੇ ਨੂੰ ਤੁਸੀਂ ਬਚਾਉਣਾ ਚਾਹੁੰਦੇ ਹੋ, ਦੂਜੇ ਨੂੰ ਸੁੱਟ ਦੇਣਾ ਚਾਹੁੰਦੇ ਹੋ। ਇਹ ਕਿਵੇਂ ਹੋਵੇਗਾ? ਸੁੱਟਦੇ ਹੋ, ਚੁੱਕ ਲੈਂਦੇ ਹੋ। ਕਿਉਂਕਿ ਇਹ ਦੂਜਾ ਪਾਸਾ ਵੀ ਨਾਲ ਹੀ ਜਾਂਦਾ ਹੈ। ਹੱਥ 'ਚ ਰੱਖਦੇ ਹੋ, ਸੁੱਟਣਾ ਚਾਹੁੰਦੇ ਹੋ। ਕਿਉਂਕਿ ਇਹ ਦੁੱਖ ਵਾਲਾ ਪਾਸਾ ਵੀ ਹੱਥ ਵਿੱਚ ਰਹਿੰਦਾ ਹੈ।

ਹੰਕਾਰ ਨੂੰ ਸਮਝੋ। ਸੁੱਖ ਵੀ ਉਹ ਦੇਂਦਾ ਹੈ, ਦੁੱਖ ਵੀ ਉਹ ਹੀ ਦੇਂਦਾ ਹੈ ਅਤੇ ਤੁਸੀਂ ਜੇਕਰ ਦੋਵੇਂ ਹੀ ਪਰਮਾਤਮਾ ਉਤੇ ਛੱਡ ਦਿਓ, ਜਿੱਥੇ ਕਿ ਸੱਚਾ ਸਰੋਤ ਹੈ ਜੀਵਨ ਦਾ, ਜੇਕਰ ਤੁਸੀਂ ਸਾਰਾ ਉਸੇ ਤੇ ਛੱਡ ਦਿਓ, ਤਾਂ ਤੁਹਾਡੀ "ਮੈਂ" ਨੂੰ ਬਚਣ ਦੀ ਥਾਂ ਕਿੱਥੇ ਰਹਿ ਜਾਏਗੀ? ਤੁਸੀਂ ਕਿਵੇਂ ਕਹੋਗੇ "ਮੈਂ" ਹਾਂ?

"ਮੈਂ" ਕਰਮਾਂ ਦਾ ਜੋੜ ਹੈ, ਤੁਸੀਂ ਜੋ-ਜੋ ਕੀਤਾ ਹੈ, ਉਸਦਾ ਕੱਠਾ ਜੋੜ ਹੈ 'ਮੈਂ'। 'ਮੈਂ' ਕੋਈ ਚੀਜ਼ ਨਹੀਂ ਹੈ। ਸਿਰਫ ਵੱਧ ਤੋਂ ਵੱਧ ਕਰਮਾਂ ਦੀ ਜੋੜੀ ਹੋਈ ਧਾਰਣਾ ਹੈ। ਤੁਹਾਡਾ ਅਤੀਤ, ਤੁਸੀਂ ਜੋ-ਜੋ ਕੀਤਾ ਹੈ, ਉਸਦਾ ਜੋੜ ਹੰਕਾਰ ਹੈ। ਜੇਕਰ ਸਾਰਾ ਕਰਮ ਤੁਸੀਂ ਛੱਡ ਦਿਓ ਅਤੇ ਤੁਸੀਂ ਕਹਿ ਦਿਓ "ਕਰਤਾ ਤੂੰ ਹੈ—ਕਰਤਾ ਪੁਰਖੁ। ਮੈਂ ਕੇਵਲ ਮਾਧਿਅਮ ਹਾਂ।" ਫਿਰ ਕਿਵੇਂ ਹੰਕਾਰ? ਜੋ ਉਸਨੇ ਕਰਵਾਇਆ ਉਹ ਮੈਂ ਕੀਤਾ। ਜੋ ਉਸਨੇ ਨਹੀਂ ਕਰਵਾਇਆ ਉਹ ਮੈਂ ਨਹੀਂ ਕੀਤਾ, ਪਾਪੀ ਬਣਾਇਆ ਤਾਂ ਪਾਪੀ।

ਇਸ ਨੂੰ ਥੋੜ੍ਹਾ ਸਮਝੋ, ਕਿਉਂਕਿ ਨਾਨਕ ਬੜੀ ਅਨੋਖੀ ਗੱਲ ਕਹਿ ਰਹੇ ਹਨ। ਉਹ ਇਹ ਕਹਿ ਰਹੇ ਹਨ ਕਿ ਹੁਕਮ ਨਾਲ ਹੀ ਕੋਈ ਪ੍ਰਸਾਦ ਨੂੰ ਉਪਲਬਧ ਹੁੰਦਾ ਹੈ, ਗਿਆਨ ਨੂੰ ਅਤੇ ਹੁਕਮ ਨਾਲ ਹੀ ਆਵਾਗਵਨ 'ਚ ਭਟਕਦਾ ਹੈ। ਨਾਨਕ ਇਹ ਕਹਿ ਰਹੇ ਹਨ ਕਿ ਜੇਕਰ ਤੁਸੀਂ ਪਾਪੀ ਹੋ ਤਾਂ ਇਹ ਨਾ ਸੋਚੋ ਕੀ ਮੈਂ ਪਾਪੀ ਹਾਂ, ਕਿਉਂਕਿ "ਉਸਦੀ ਮਰਜ਼ੀ"। ਇਹ ਬੜੀ ਖ਼ਤਰਨਾਕ ਗੱਲ ਹੈ। ਕਿਉਂਕਿ ਤੁਸੀਂ ਕਹੋਗੇ, ਇਵੇਂ ਤਾਂ ਲੋਕ ਪਾਪ ਕਰਨ ਲੱਗ ਪੈਣਗੇ ਅਤੇ ਇਹ ਕਹਿਣਗੇ "ਉਸਦੀ ਮਰਜ਼ੀ"।

ਪਰ ਇਹ ਹੀ ਤਾਂ ਮਜ਼ਾ ਹੈ। ਜਿਸ ਨੇ ਜਾਣ ਲਿਆ 'ਉਸਦੀ ਮਰਜ਼ੀ', ਉਸਦੇ ਕੋਲੋਂ ਫ਼ਿਰ ਜੋ ਵੀ ਹੁੰਦਾ ਹੈ ਉਹੀ ਪੁੰਨ ਹੈ। ਜਦ ਤੱਕ ਤੁਸੀਂ ਨਹੀਂ ਜਾਣਦੇ "ਉਸਦੀ ਮਰਜ਼ੀ" ਤਦ ਤੱਕ ਤੁਹਾਡੇ ਅਤੇ ਉਸਦੇ ਵਿਚਕਾਰ ਇੱਕ ਕਲੇਸ਼ ਚੱਲ ਰਿਹਾ ਹੈ। ਉਸ ਕਲੇਸ਼ ਵਿੱਚ ਹੀ ਪਾਪ ਦਾ ਜਨਮ ਹੈ। ਉਸ ਕਲੇਸ਼ ਨਾਲ ਹੀ ਸਾਰਾ ਦੁੱਖ ਆਪਣੇ ਆਪ ਨੂੰ ਅਤੇ ਦੂਜੇ ਨੂੰ ਦੇਣ ਦੀ ਸਥਿਤੀ ਬਣਦੀ ਹੈ। ਜਿਸ ਦਿਨ ਤੁਸੀਂ ਸਭ ਕੁਝ ਉਸਦੇ ਉਤੇ ਛੱਡ ਦਿੱਤਾ, ਉਸੇ ਦਿਨ ਪਾਪ ਖਤਮ ਹੋ ਜਾਂਦਾ ਹੈ। ਪਾਪ ਤੁਹਾਡੇ ਅਤੇ ਪਰਮਾਤਮਾ ਦੇ ਵਿਚਕਾਰ ਹੋ ਰਹੇ ਸੰਘਰਸ਼ ਦਾ ਫ਼ਲ ਹੈ। ਪਰ ਛੱਡਣਾ ਪਏਗਾ ਉਸਨੂੰ।

ਨਾਨਕ ਕਹਿੰਦੇ ਹਨ, ਉਹ ਵੀ ਉਸ ਦੇ ਰਾਹੀਂ ਹੋ ਰਿਹਾ ਹੈ ਤੁਸੀਂ ਪਾਪੀ ਹੋ ਤਾਂ ਉਹ ਹੀ, ਤੁਸੀਂ ਪੁੰਨ ਆਤਮਾ ਹੋ ਤਾਂ ਉਹ ਹੀ। ਨਾ ਤਾਂ ਤੁਸੀਂ ਸੋਚੋ ਕਿ ਪੁੰਨ ਮੈਂ ਕੀਤਾ ਹੈ ਅਤੇ ਨਾ ਤੁਸੀਂ ਸੋਚੋ ਕਿ ਪਾਪ ਮੈਂ ਕੀਤਾ ਹੈ। 'ਮੈਂ ਕੀਤਾ ਹੈ' ਇਹ ਹੀ ਗੱਲ ਭੁਲੇਖਾ ਹੈ। ਇਹੋ ਹੀ ਅਗਿਆਨ ਹੈ—"ਮੈਂ ਕੀਤਾ ਹੈ" ਅਤੇ ਇੱਕ ਹੀ ਗਿਆਨ ਹੈ, "ਕਰਤਾ ਪੁਰਖੁ"। ਉਹ ਪੁਰਖ ਕਰਤਾ ਹੈ, ਮੈਂ ਤਾਂ ਕੇਵਲ ਮਾਧਿਅਮ ਹਾਂ। ਹੁਕਮ ਤੋਂ ਬਾਹਰ ਕੋਈ ਵੀ ਨਹੀਂ, ਸਭ ਕੋਈ ਹੁਕਮ ਦੇ ਅੰਦਰ ਹਨ।

*ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮ ਨ ਕੋਇ॥*

ਨਾਨਕ ਕਹਿੰਦੇ ਹਨ, "ਜਿਹੜਾ ਉਸ ਹੁਕਮ ਨੂੰ ਸਮਝਦਾ ਹੈ, ਉਹ ਹੰਕਾਰ ਤੋਂ ਮੁਕਤ ਹੋ ਜਾਂਦਾ ਹੈ। ਕੋਈ ਉਸਦੇ ਬਲ (ਤਾਕਤ) ਦਾ ਗੁਣ ਗਾਉਂਦੇ ਹਨ, ਜਿਨ੍ਹਾਂ ਵਿੱਚ ਗਾਉਣ ਦਾ ਬਲ ਹੈ। ਕੋਈ ਉਸਦੇ ਦਾਨ ਦਾ ਗੀਤ ਗਾਉਂਦੇ ਅਤੇ ਦਾਨ ਨੂੰ

ਉਸਦਾ ਪ੍ਰਤੀਕ ਮੰਨਦੇ ਹਨ। ਕੋਈ ਉਸਦੇ ਗੁਣ ਅਤੇ ਸੋਹਣੀਆਂ ਵਡਿਆਈਆਂ ਨੂੰ ਗਾਉਂਦੇ ਹਨ। ਕੋਈ ਉਸ ਵਿੱਦਿਆ ਨੂੰ ਗਾਉਂਦੇ ਹਨ, ਜਿਸਦਾ ਵਿਚਾਰ ਔਖਾ ਹੈ। ਕੋਈ ਇਹ ਗਾਉਂਦੇ ਹਨ ਕਿ ਉਹ ਦੇਹ ਦਾ ਰਚਨਹਾਰ ਹੈ ਅਤੇ ਫੇਰ ਉਸਨੂੰ ਸੁਆਹ ਕਰ ਦੇਂਦਾ ਹੈ। ਕੋਈ ਗਾਉਂਦੇ ਹਨ ਕਿ ਜੀਵ ਫ਼ਿਰ ਉਸਦੇ ਕੋਲੋਂ ਹੀ ਦੇਹ ਗ੍ਰਹਿਣ ਕਰਦਾ ਹੈ। ਕੋਈ ਗਾਉਂਦੇ ਹਨ ਕਿ ਉਹ ਬੜੀ ਦੂਰ ਵਿਖਾਈ ਦਿੰਦਾ ਹੈ ਅਤੇ ਕੋਈ ਗਾਉਂਦੇ ਹਨ ਕਿ ਉਹ ਸਾਨੂੰ ਵੇਖਦਾ ਹੈ ਅਤੇ ਸਰਬ-ਵਿਆਪੀ ਹੈ। ਉਸ ਦੇ ਗੁਣਗਾਨ ਦਾ ਅੰਤ ਨਹੀਂ ਆਉਂਦਾ, ਜਦ ਕਿ ਕਰੋੜਾਂ ਲੋਕ ਕਰੋੜਾਂ ਢੰਗਾਂ ਨਾਲ ਕਥਨ ਕਰਦੇ ਹਨ ਦਾਤਾ ਦਿੰਦਾ ਹੀ ਰਹਿੰਦਾ ਹੈ, ਲੈਣ ਵਾਲੇ ਲੈਂਦੇ-ਲੈਂਦੇ ਥੱਕ ਜਾਂਦੇ ਹਨ। ਯੁਗਾਂ ਯੁਗਾਂਤਰਾਂ ਤੋਂ ਜੀਵ ਉਸਨੂੰ ਭੋਗ ਰਹੇ ਹਨ ਅਤੇ ਉਸਦਾ ਅੰਤ ਨਹੀਂ। ਉਹ ਹੁਕਮੀ ਹੁਕਮ ਨਾਲ ਪੱਥ (ਰਾਹ) ਨਿਰਦੇਸ਼ ਕਰਦਾ ਹੈ। ਨਾਨਕ ਕਹਿੰਦੇ ਹਨ, "ਉਹ ਬੇ-ਪਰਵਾਹ ਹੈ ਅਤੇ ਆਨੰਦਿਤ ਹੈ।" ਉਸ ਦੇ ਹਜਾਰੋਂ ਵਰਣਨ ਹਨ ਅਤੇ ਸਭ ਅਧੂਰੇ ਹਨ। ਅਧੂਰਾ ਮਨੁੱਖ ਪੂਰੇ ਦਾ ਵਰਣਨ ਕਿਵੇਂ ਕਰ ਸਕੇਗਾ। ਅਧੂਰਾ ਮਨੁੱਖ ਜੋ ਵੀ ਕਹੇਗਾ ਉਹ ਅਧੂਰਾ ਹੋਵੇਗਾ। ਅੰਸ਼ੀ ਦੀ ਪਬਰ ਅੰਸ਼ ਤੋਂ ਕਿਵੇਂ ਮਿਲੇਗੀ? ਅੰਸ਼ ਜੋ ਵੀ ਕਹੇਗਾ ਉਹ ਅੰਸ਼ ਦੀ ਹੀ ਸਮਝ ਹੋਏਗੀ। ਪਰਮਾਣੂ ਪਰਮਾਤਮਾ ਨੂੰ ਕਿਵੇਂ ਜਾਣੇਗਾ? ਜਾਣੇਗਾ ਵੀ ਤਾਂ ਪਰਮਾਣੂ ਦੀ ਹੀ ਬੁੱਧੀ ਹੋਏਗੀ।

ਜੋ ਗੀਤ ਗਾ ਸਕਦੇ ਹਨ ਉਹ ਉਸਦੇ ਗੁਣਾਂ ਦਾ ਗੀਤ ਗਾਉਂਦੇ ਹਨ। ਲੇਕਿਨ ਫ਼ਿਰ ਵੀ ਉਹ ਜੋ ਅਗਿਆਤ (ਨਾ ਦਿੱਸਣ ਵਾਲਾ) ਹੈ ਅਗਿਆਤ ਹੀ ਰਹਿ ਜਾਂਦਾ ਹੈ। ਉਪਨਿਸ਼ਦ ਥੱਕ ਗਏ, ਗੀਤਾ ਥੱਕ ਗਈ, ਕੁਰਾਨ ਥੱਕ ਗਿਆ, ਬਾਈਬਲ ਥੱਕ ਗਈ। ਉਹ ਅਨਿਰਵਚਨੀਯ (ਵਚਨਾਂ ਵਿੱਚ ਨਾ ਕਿਹਾ ਜਾਣ ਵਾਲਾ), ਅਨਿਰਵਚਨੀਯੇ ਹੀ ਬਣਿਆ ਹੈ। ਹੁਣ ਤੱਕ ਅਸੀਂ ਉਸਦਾ ਪੂਰਾ ਗੁਣਗਾਨ ਨਹੀਂ ਕਰ ਸਕੇ। ਸਾਰੇ ਸ਼ਾਸਤਰ ਅਧੂਰੇ ਹਨ, ਹੋਣਗੇ ਹੀ। ਜ਼ਰੂਰ ਹੀ ਹੋਣਗੇ। ਕਿਉਂਕਿ ਸਾਰੇ ਸ਼ਾਸਤਰ ਮਨੁੱਖਾਂ ਦੀਆਂ (ਕੋਸ਼ਿਸ਼ਾਂ) ਹਨ, ਉਸ ਅਨੰਤ ਨੂੰ ਪ੍ਰਗਟ ਕਰਨ ਦੀਆਂ।

ਸੂਰਜ ਨਿਕਲਿਆ ਹੈ, ਚਿੱਤ੍ਰਕਾਰ ਉਸਦਾ ਚਿੱਤ੍ਰ ਬਣਾਉਂਦਾ ਹੈ। ਕਿੰਨਾ ਹੀ ਠੀਕ ਬਣਾਏ ਤਾਂ ਵੀ ਉਸ ਚਿੱਤ੍ਰ ਤੋਂ ਰੌਸ਼ਨੀ ਤਾਂ ਨਹੀਂ ਮਿਲੇਗੀ। ਜੇਕਰ ਹਨੇਰੇ ਵਿੱਚ ਰੱਖ ਕੇ ਤੁਸੀਂ ਬੈਠ ਜਾਓ ਤਾਂ ਇਸ ਆਸ ਵਿੱਚ ਨਾ ਰਹਿਣਾ ਕਿ ਘਰ ਰੌਸ਼ਨੀ ਨਾਲ ਭਰ ਜਾਏਗਾ। ਕੋਈ ਕਵੀ ਉਸ ਸਵੇਰੇ ਤੋਂ ਨਿਕਲਦੇ ਸੂਰਜ ਦਾ ਮਧੁਰ ਤੋਂ ਮਧੁਰ ਗੀਤ ਗਾਵੇ, ਉਸਦੇ ਗੀਤ ਵਿੱਚ ਬਹੁਤ ਡੂੰਘਾਈ ਹੋਵੇ, ਉਸਦਾ ਗੀਤ ਹਿਰਦੇ ਨੂੰ ਛੋਹੇ, ਤੁਸੀਂ ਉਸ ਗੀਤ ਨੂੰ ਗਾਉਂਦੇ ਰਹਿਣਾ ਹਨੇਰੇ ਵਿੱਚ ਬੈਠ ਕੇ ਤਾਂ ਵੀ ਰੌਸ਼ਨੀ ਨਹੀਂ ਮਿਲੇਗੀ।

ਪਰਮਾਤਮਾ ਦੇ ਸੰਬੰਧ ਵਿੱਚ ਗਾਏ ਗਏ ਗੀਤ, ਰਚੇ ਗਏ ਚਿੱਤ੍ਰ ਬੱਸ ਇਵੇਂ ਹੀ ਹਨ।

ਸਾਰੇ ਚਿੱਤ੍ਰ ਅਧੂਰੇ ਹਨ। ਸਾਰੇ ਗੀਤ ਅਧੂਰੇ ਹਨ। ਕੋਈ ਗੀਤ ਉਸਨੂੰ ਪੂਰਾ ਕਹਿ ਨਹੀਂ ਸਕੇਗਾ। ਕਿਉਂਕਿ ਕਿਸੇ ਵੀ ਗੀਤ ਵਿੱਚ ਅਸੀਂ ਉਸਦੀ ਜੀਵਨਤੱਤਾ ਨੂੰ ਉਤਾਰ ਨਹੀਂ ਸਕਦੇ। ਸ਼ਬਦ ਥੋਥੇ ਹਨ, ਥੋਥੇ ਹੀ ਰਹਿਣਗੇ। ਤੁਹਾਨੂੰ ਪਿਆਸ ਲੱਗੀ ਹੈ ਤਾਂ ਸ਼ਬਦ "ਪਾਣੀ" ਨਾਲ ਨਹੀਂ ਬੁਝੇਗੀ। ਤੁਹਾਨੂੰ ਭੁੱਖ ਲੱਗੀ ਹੈ ਤਾਂ ਸ਼ਬਦ "ਅਗਨੀ" ਨਾਲ ਰੋਟੀ ਨਹੀਂ ਪਕੇਗੀ। ਜੇਕਰ ਤੁਹਾਨੂੰ ਪਰਮਾਤਮਾ ਦੀ ਅਭੀਆਸ਼ਾ (ਪਿਆਸ) ਪੈਦਾ ਹੋ ਗਈ ਹੋਵੇ ਤਾਂ ਸ਼ਬਦ "ਪਰਮਾਤਮਾ" ਕਾਫ਼ੀ ਨਹੀਂ ਹੈ। ਕਾਫ਼ੀ ਉਨ੍ਹਾਂ ਨੂੰ ਹੀ ਹੈ, ਜਿਨ੍ਹਾਂ ਨੂੰ ਪਿਆਸ ਨਹੀਂ ਹੈ।

ਇਸਨੂੰ ਠੀਕ ਤਰ੍ਹਾਂ ਸਮਝ ਲਵੋ। ਜੇਕਰ ਤੁਹਾਨੂੰ ਪਿਆਸ ਨਹੀਂ ਲੱਗੀ ਹੈ ਤਾਂ ਸ਼ਬਦ ਪਾਣੀ ਵੀ ਕਾਫੀ ਹੈ $H^2O$" ਕਾਫੀ ਹੈ। ਜੇਕਰ ਪਿਆਸ ਲੱਗੀ ਹੈ ਤਦ ਅੜਚਨ ਸ਼ੁਰੂ ਹੁੰਦੀ ਹੈ ਤਦ ਨਾ ਤਾਂ $H^2O$' ਕੰਮ ਦੇਵੇਗਾ, ਨਾ ਪਾਣੀ ਕੰਮ ਦੇ ਦੇਵੇਗਾ, ਨ ਵਾਟਰ ਕੰਮ ਦੇਵੇਗਾ। ਤੁਸੀਂ ਦੁਨੀਆਂ ਭਰ ਦੇ ਸਾਰੇ ਸ਼ਬਦ ਇਕੱਠੇ ਕਰ ਲਵੋ। ਕੋਈ ਤਿੰਨ ਹਜ਼ਾਰ ਭਾਸ਼ਾਵਾਂ ਹਨ। ਤਿੰਨ ਹਜ਼ਾਰ ਸ਼ਬਦ ਹਨ ਪਾਣੀ ਦੇ ਲਈ। ਸਾਰੇ ਇਕੱਠੇ ਕਰ ਲਵੋ, ਉਨ੍ਹਾਂ ਨੂੰ ਕੰਠ ਨਾਲ ਬੰਨ੍ਹ ਲਵੋ, ਤਾਂ ਵੀ ਬੂੰਦ ਭਰ ਤ੍ਰੇਹ ਉਨ੍ਹਾਂ ਨਾਲ ਨਹੀਂ ਬੁਝੇਗੀ। ਜੇਕਰ ਪਿਆਸ ਨਾ ਲੱਗੀ ਹੋਵੇ ਤਾਂ ਸ਼ਬਦਾਂ ਨਾਲ ਤੁਸੀਂ ਖੇਲ ਸਕਦੇ ਹੋ।

ਦਰਸ਼ਨ ਸ਼ਾਸਤ੍ਰ ਉਨ੍ਹਾਂ ਲੋਕਾਂ ਦਾ ਖੇਲ ਹੈ ਜਿਨ੍ਹਾਂ ਨੂੰ ਪਿਆਸ ਨਹੀਂ ਲੱਗੀ ਹੈ ਅਤੇ ਧਰਮ ਉਨ੍ਹਾਂ ਦੀ ਯਾਤਰਾ ਹੈ ਜਿਨ੍ਹਾਂ ਨੂੰ ਤ੍ਰੇਹ ਲੱਗੀ ਹੈ। ਇਸ ਲਈ ਦਰਸ਼ਨ ਸ਼ਾਸਤ੍ਰ ਸ਼ਬਦਾਂ ਨਾਲ ਖੇਲਦਾ ਹੈ। ਧਰਮ ਸ਼ਬਦਾਂ ਨਾਲ ਨਹੀਂ ਖੇਲਦਾ। ਧਰਮ ਤਾਂ ਸ਼ਬਦਾਂ ਦਾ ਇਸ਼ਾਰਾ ਜਿਸ ਪਾਸੇ ਹੈ, ਉਸ ਯਾਤਰਾ ਤੇ ਜਾਂਦਾ ਹੈ। ਸਰੋਵਰ ਸ਼ਬਦ ਕੀ ਕਰਾਂਗੇ? ਜੀਵਨ ਦੀ ਖੋਜ ਹੈ, ਜੀਵਨ ਸ਼ਬਦ ਨਾਲ ਕੀ ਹੋਏਗਾ?

ਕੋਈ ਉਸਨੂੰ ਪੂਰਾ ਗਾ ਨਹੀਂ ਸਕਿਆ। ਕੋਈ ਉਸਨੂੰ ਪੂਰਾ ਦੱਸ ਨਹੀਂ ਸਕਿਆ। ਉਸ ਦੀਆਂ ਸਾਰੀਆਂ ਮੂਰਤੀਆਂ ਅਧੂਰੀਆਂ ਹਨ। ਕੋਈ ਉਸਨੂੰ ਪੂਰਾ ਬਣਾ ਨਹੀਂ ਸਕਿਆ। ਬਣਾਏਗਾ ਵੀ ਕਿਵੇਂ।

ਥੋੜ੍ਹਾ ਇਸਨੂੰ ਸਮਝੋ। ਦਰਸ਼ਨ ਸ਼ਾਸਤ੍ਰੀਆਂ ਦੇ ਸਾਹਮਣੇ ਇੱਕ ਵੱਡਾ ਗਹਿਰਾ ਸਵਾਲ ਰਿਹਾ ਹੈ ਅਤੇ ਉਹ ਸਵਾਲ ਇਹ ਹੈ, ਕਿ ਇੱਕ ਯਾਤਰੀ ਹਿੰਦੁਸਤਾਨ ਆਉਂਦਾ ਹੈ, ਤਦ ਹਿੰਦੁਸਤਾਨ ਦਾ ਨਕਸ਼ਾ ਉਸਨੂੰ ਦੇ ਦਿੰਦੇ ਹਨ। ਹਿੰਦੁਸਤਾਨ ਨੂੰ ਤਾਂ ਜੇਬ ਵਿੱਚ ਨਹੀਂ ਰੱਖ ਸਕੋਗੇ, ਉਹ ਨਕਸ਼ਾ ਜੇਬ ਵਿੱਚ ਰੱਖ ਲੈਂਦਾ ਹੈ। ਉਸ ਨਕਸ਼ੇ ਨਾਲ ਹਿੰਦੁਸਤਾਨ ਦਾ ਮੇਲ ਕੀ ਹੈ? ਕਿ ਉਹ ਨਕਸ਼ਾ ਹਿੰਦੁਸਤਾਨ ਵਰਗਾ ਹੈ। ਜੇਕਰ ਹਿੰਦੁਤਸਾਲ ਵਰਗਾ ਹੈ ਤਾਂ ਹਿੰਦੁਸਤਾਨ ਵਰਗਾ ਹੀ ਵੱਡਾ ਹੋਵੇਗਾ ਅਤੇ ਜੇਕਰ ਹਿੰਦੁਸਤਾਨ ਜਿਹਾ ਨਹੀਂ ਹੈ, ਤਾਂ ਉਸਨੂੰ ਹਿੰਦੁਸਤਾਨ ਦਾ ਨਕਸ਼ਾ ਕਿਉਂ ਕਹਿੰਦੇ ਹੋ?

ਨਕਸ਼ੇ ਦੀ ਵਰਤੋਂ ਕੀ ਹੈ? ਜੇਕਰ ਉਹ ਬਿਲਕੁਲ ਹਿੰਦੁਸਤਾਨ ਵਰਗਾ ਹੈ ਤਾਂ ਉਸਦੀ ਕੁਝ ਵਰਤੋਂ ਨਹੀਂ ਹੈ। ਕਿਉਂਕਿ ਉਸਨੂੰ ਜੇਬ ਵਿੱਚ ਨਾ ਲੈ ਜਾ ਸਕੋਗੇ। ਉਸ ਦੀ ਕਾਰ ਵਿੱਚ ਬੈਠ ਕੇ ਵਰਤੋਂ ਨਹੀਂ ਕਰ ਸਕੋਗੇ। ਉਹ ਦੂਜਾ ਹਿੰਦੁਸਤਾਨ ਹੋ ਜਾਏਗਾ ਅਤੇ ਜੇਕਰ ਉਹ ਹਿੰਦੁਸਤਾਨ ਜਿਹਾ ਨਹੀਂ ਹੈ, ਤਾਂ ਵੱਡੀ ਹੈਰਾਨੀ ਦੀ ਗੱਲ ਹੈ, ਉਹ ਕੰਮ ਕਿਵੇਂ ਆਉਂਦਾ ਹੈ?

ਨਕਸ਼ਾ ਪ੍ਰਤੀਕ ਹੈ। ਉਹ ਠੀਕ ਹਿੰਦੁਸਤਾਨ ਵਰਗਾ ਨਹੀਂ ਹੈ, ਫ਼ਿਰ ਵੀ ਹਿੰਦੁਸਤਾਨ ਦੇ ਸੰਬੰਧ ਵਿੱਚ ਰੇਖਾਵਾਂ ਦੇ ਰਾਹੀਂ ਕੁਝ ਇਸ਼ਾਰੇ ਕਰਦਾ ਹੈ, ਤੁਸੀਂ ਪੂਰਾ ਹਿੰਦੁਸਤਾਨ ਘੁੰਮ ਕੇ ਵੀ ਹਿੰਦੁਸਤਾਨ ਦਾ ਨਕਸ਼ਾ ਕਿਤੇ ਨਹੀਂ ਵੇਖ ਸਕੋਗੇ। ਜਿੱਥੇ ਵੀ ਜਾਓਗੇ, ਹਿੰਦੁਸਤਾਨ ਮਿਲੇਗਾ, ਨਕਸ਼ਾ ਨਹੀਂ। ਲੇਕਿਨ ਜੇਕਰ ਨਕਸ਼ਾ ਕੋਲ ਹੈ, ਤਾਂ ਯਾਤਰਾ ਆਸਾਨ ਹੋ ਜਾਏਗੀ। ਲੇਕਿਨ ਨਕਸ਼ੇ ਨੂੰ ਮੰਨ ਕੇ ਚਲਣਾ ਪਵੇਗਾ। ਨਕਸ਼ੇ ਨੂੰ ਛਾਤੀ ਨਾਲ ਲਾ ਕੇ ਬੈਠਣ ਨਾਲ ਕੁਝ ਵੀ ਨਹੀਂ ਹੋਵੇਗਾ।

ਦੁਨੀਆਂ ਭਰ ਦੇ ਧਾਰਮਿਕ ਲੋਕ ਨਕਸ਼ਿਆਂ ਨੂੰ ਛਾਤੀ ਨਾਲ ਲਾ ਕੇ ਬੈਠ ਗਏ ਹਨ। ਜਿਵੇਂ ਨਕਸ਼ਾ ਸਾਰਾ ਕੁਝ ਹੈ। ਧਰਮ ਸ਼ਾਸਤ੍ਰ ਨਕਸ਼ਾ ਹੈ, ਮੂਰਤੀਆਂ ਨਕਸ਼ੇ ਹਨ, ਮੰਦਰ ਨਕਸ਼ੇ ਹਨ। ਉਨ੍ਹਾਂ ਵਿੱਚ ਕੁਝ ਇਸ਼ਾਰੇ ਲੁਕੇ ਹਨ। ਜੇਕਰ ਇਸ਼ਾਰੇ ਚੁੱਕ ਜਾਣ, ਤਾਂ ਨਕਸ਼ੇ ਭਾਰ ਹਨ। ਹਿੰਦੂ ਆਪਣੇ ਨਕਸ਼ੇ ਢੋਅ ਰਿਹਾ ਹੈ, ਮੁਸਲਮਾਨ ਆਪਣੇ ਨਕਸ਼ੇ ਢੋਅ ਰਿਹਾ ਹੈ। ਨਾ ਹਿੰਦੂ ਯਾਤਰਾ ਕਰ ਰਿਹਾ ਹੈ ਤੇ ਨਾ ਮੁਸਲਮਾਨ ਯਾਤਰਾ ਕਰ ਰਿਹਾ ਹੈ। ਨਕਸ਼ੇ ਏਨੇ ਹੋ ਗਏ ਹਨ ਕਿ ਯਾਤਰਾ ਹੋ ਹੀ ਨਹੀਂ ਸਕਦੀ। ਜਾਂ ਤਾਂ ਨਕਸ਼ਿਆਂ ਨੂੰ ਢੋਵੋ—ਤਾਂ ਤੁਸੀਂ ਟੁਰ ਨਹੀਂ ਸਕਦੇ। ਨਕਸ਼ੇ ਸ਼ੰਖੇਪ ਹੋਣੇ ਚਾਹੀਦੇ ਹਨ, ਛੋਟੇ ਚਾਹੀਦੇ ਹਨ। ਹੋਰ ਨਕਸ਼ਿਆਂ ਦੀ ਪੂਜਾ ਕਰਨ ਦਾ ਕੋਈ ਅਰਥ ਨਹੀਂ ਹੈ। ਉਨ੍ਹਾਂ ਦਾ ਇਸਤੇਮਾਲ ਕਰਨਾ ਹੈ।

ਨਾਨਕ ਨੇ ਹਿੰਦੂ ਅਤੇ ਮੁਸਲਮਾਨ ਦੋਹਾਂ ਨਕਸ਼ਿਆ ਵਿੱਚ ਜੋ ਸਾਰ ਸੀ, ਉਸਨੂੰ ਨਿਚੋੜ ਲਿਆ। ਨਾਨਕ ਨੂੰ ਤੁਸੀਂ ਨਾ ਤਾਂ ਹਿੰਦੂ ਕਹਿ ਸਕਦੇ ਹੋ, ਨਾ ਤੁਸੀਂ ਮੁਸਲਮਾਨ ਕਹਿ ਸਕਦੇ ਹੋ, ਨਾਨਕ ਦੋਨੋਂ ਹਨ ਜਾਂ ਦੋਨੋਂ ਨਹੀਂ ਹਨ। ਨਾਨਕ ਨੂੰ ਸਮਝਣ ਵਿੱਚ ਲੋਕਾਂ ਨੂੰ ਬੜੀ ਮੁਸ਼ਕਿਲ ਹੋਈ, ਨਾਨਕ ਦੇ ਸੰਬੰਧ ਵਿੱਚ ਪੁਰਾਣਾ ਅਖਾਣ (ਪ੍ਰਸੰਗ) ਹੈ।

*ਬਾਬਾ ਨਾਨਕ, ਸ਼ਾਹ ਫ਼ਕੀਰ,*
*ਹਿੰਦੂ ਦਾ ਗੁਰੂ ਮੁਸਲਮਾਨ ਦਾ ਪੀਰ॥*

ਉਹ ਦੋਨੋਂ ਹਨ ਅਤੇ ਉਨ੍ਹਾਂ ਦੇ ਦੋ ਚੇਲੇ ਸਨ—ਮਰਦਾਨਾ ਅਤੇ ਬਾਲਾ। ਇੱਕ ਮੁਸਲਮਾਨ, ਇੱਕ ਹਿੰਦੂ। ਨਾ ਹਿੰਦੂ ਦੇ ਮੰਦਰ ਵਿੱਚ ਉਨ੍ਹਾਂ ਨੂੰ ਥਾਂ ਹੈ, ਨਾ ਮੁਸਲਮਾਨ

ਦੀ ਮਸਜਿਦ ਵਿੱਚ ਉਨ੍ਹਾਂ ਨੂੰ ਥਾਉਂ ਹੈ। ਦੋਹਾਂ ਥਾਵਾਂ ਤੇ ਸੰਦੇਹ, ਸ਼ੱਕ ਹੈ ਕਿ ਇਹ ਆਦਮੀ ਹੈ ਕਿਹੜੀ ਥਾਂ, ਇਸਨੂੰ ਅਸੀਂ ਕਿਹੜੀ ਸ਼ਰੇਣੀ ਵਿੱਚ ਰੱਖੀਏ? ਕਿਥੇ ਬਿਠਾਈਏ? ਜੋ ਵੀ ਮਹੱਤਵਪੂਰਨ ਸੀ ਹਿੰਦੂ ਵਿੱਚ, ਜੋ ਵੀ ਮਹੱਤਵਪੂਰਨ ਸੀ ਮੁਸਲਮਾਨ ਵਿੱਚ, ਉਨ੍ਹਾਂ ਦੋਹਾਂ ਨਦੀਆਂ ਦਾ ਸੰਗਮ ਹੈ ਨਾਨਕ। ਜੋ ਵੀ ਸਾਰ ਸੀ।

ਇਸ ਲਈ ਸਿੱਖ ਦਾ ਹਿੰਦੂ ਹੈ, ਨਾ ਮੁਸਲਮਾਨ। ਜਾਂ ਤਾਂ ਉਹ ਦੋਨੋਂ ਹਨ ਜਾਂ ਫ਼ਿਰ ਦੋਨੋਂ ਨਹੀਂ ਹਨ। ਉਹ ਇੱਕ ਸੰਗਮ ਹੈ। ਇਹ ਜਿਹੜਾ ਸੰਗਮ ਹੈ, ਇਸ ਸੰਗਮ ਨੂੰ ਸਮਝਣਾ ਹੋਰ ਔਖਾ ਹੋ ਜਾਂਦਾ ਹੈ, ਕਿਉਂਕਿ ਇੱਕ ਨਦੀ ਦਾ ਸਾਫ਼-ਸੁਥਰਾ ਨਕਸ਼ਾ ਹੁੰਦਾ ਹੈ। ਹੁਣ ਇਹ ਦੋ ਨਦੀਆਂ ਦਾ ਨਕਸ਼ਾ ਇਕੱਠਾ ਮਿਲ ਗਿਆ। ਇਸ ਲਈ ਕੁਝ ਵਚਨ ਖ਼ਬਰ ਦਿੰਦੇ ਹਨ ਇਸਲਾਮ ਦੀ, ਕੁਝ ਵਚਨ ਖਬਰ ਦਿੰਦੇ ਹਨ ਹਿੰਦੂਆਂ ਦੀ; ਅਤੇ ਦੋਨੋਂ ਮਿਲ ਕੇ ਹੋਰ ਧੁੰਦਲੇ ਹੋ ਜਾਂਦੇ ਹਨ। ਇਹ ਧੁੰਦਲਾਪਨ ਤਦ ਹਟੇਗਾ, ਜਦ ਕੋਈ ਪ੍ਰਯੋਗ ਵਿੱਚ ਉਤਰੇਗਾ। ਤਾਂ ਹੌਲੀ-ਹੌਲੀ ਗੱਲ ਸਾਫ਼ ਹੁੰਦੀ ਜਾਏਗੀ। ਜੇਕਰ ਤੁਸੀਂ ਛਾਤੀ ਉਤੇ ਰੱਖ ਲਏ ਸ਼ਾਸਤ੍ਰ, ਜਿਵੇਂ ਕੀ ਹੋ ਰਿਹਾ ਹੈ। ਸਿੱਖ ਪੂਜ ਰਿਹਾ ਹੈ ਸ਼ਾਸਤ੍ਰਾਂ ਨੂੰ। ਇਸ ਲਈ ਗ੍ਰੰਥ ਹੀ ਗੁਰੂ ਹੋ ਗਿਆ ਅਤੇ ਬੜੇ ਮਜ਼ੇ ਦੀ ਗੱਲ ਹੈ ਕਿ ਅਸੀਂ ਭੁੱਲਾਂ ਨੂੰ ਕਿਵੇਂ ਦੁਹਰਾਉਂਦੇ ਹਾਂ।

ਨਾਨਕ ਮੱਕੇ ਗਏ, ਤਾਂ ਮੱਕੇ ਦੇ ਪ੍ਰਧਾਨ (ਮੌਲਵੀ) ਨੇ ਉਹਨਾਂ ਨੂੰ ਆ ਕੇ ਕਿਹਾ ਕਿ ਆਪਣੇ ਪੈਰ ਦੂਜੀ ਦਿਸ਼ਾ ਵੱਲ ਕਰੋ। ਤੁਹਾਡੇ ਪੈਰ ਪਵਿੱਤਰ ਪੱਥਰ ਦੇ ਵੱਲ, ਕਾਬੇ ਦੇ ਵੱਲ ਹਨ। ਤਾਂ ਕਹਾਣੀ ਹੈ, ਨਾਨਕ ਨੇ ਕਿਹਾ ਪਰਮਾਤਮਾ ਜਿੱਥੇ ਨਹੀਂ ਹੈ, ਉਥੇ ਮੇਰੇ ਪੈਰ ਕਰ ਦਿਓ। ਕਹਾਣੀ ਏਹ ਹੈ, ਜਿਥੇ-ਜਿਥੇ ਉਹਨਾਂ ਦੇ ਪੈਰ ਘੁਮਾਉਂਦੇ ਗਏ ਕਾਬਾ ਉਧਰ-ਉਧਰ ਘੁੰਮਦਾ ਗਿਆ।

ਲੇਕਿਨ ਇਹ ਪ੍ਰਤੀਕ ਹੈ। ਅਰਥ ਏਨਾ ਹੀ ਹੈ ਕਿ ਤੁਸੀਂ ਪੈਰ ਕਿਤੇ ਵੀ ਕਰੋਗੇ, ਉਥੇ ਪਰਮਾਤਮਾ ਹੈ ਤਾਂ ਪੈਰ ਕਿੱਥੇ ਕਰੋਗੇ? ਉਹ ਸਾਰੇ ਪਾਸੇ ਹੈ।

ਸਵਰਣ ਮੰਦਰ ਅੰਮ੍ਰਿਤਸਰ 'ਚ ਮੈਨੂੰ ਸੱਦਾ ਦਿੱਤਾ ਕਿ ਮੈਂ ਆਵਾਂ। ਮੈਂ ਗਿਆ, ਤਾਂ ਮੈਂ ਤਾਂ ਕੋਈ ਟੋਪੀ ਨਹੀਂ ਪਾਉਂਦਾ। ਦਰਵਾਜੇ ਉਤੇ ਹੀ ਉਹਨਾਂ ਨੇ ਕਿਹਾ ਕਿ ਇਹ ਬੜੀ ਮੁਸ਼ਕਿਲ ਹੈ। ਤੁਹਾਨੂੰ ਸਿਰ ਉਤੇ ਕੱਪੜਾ ਬੰਨ੍ਹਣਾ ਹੀ ਪਵੇਗਾ। ਇਹ ਤਾਂ ਪਰਮਾਤਮਾ ਦਾ ਮੰਦਰ ਹੈ। ਇਸਦੇ ਵਿੱਚ ਸਿਰ ਤੇ ਟੋਪੀ ਚਾਹੀਦੀ ਹੈ। ਤਾਂ ਮੈਂ ਉਹਨਾਂ ਨੂੰ ਕਿਹਾ, ''ਤੁਸੀਂ ਭੁੱਲ'' ਗਏ ਕਿ ਨਾਨਕ ਦੇ ਨਾਲ ਕਾਬੇ 'ਚ ਕੀ ਹੋਇਆ ਸੀ। ਤਾਂ ਹੁਣ ਜਿੱਥੇ ਮੈਂ ਖਲੋਤਾ ਹਾਂ ਬਿਨਾਂ ਟੋਪੀ ਤੋਂ, ਕੀ ਇਥੇ ਪਰਮਾਤਮਾ ਨਹੀਂ? ਇਥੇ ਮੰਦਰ ਨਹੀਂ, ਪਰ ਭੁੱਲਾਂ ਉਸੇ ਤਰ੍ਹਾਂ ਦੀਆਂ ਉਸੇ ਤਰ੍ਹਾਂ ਦੋਹਰਾਈਆਂ ਜਾਂਦੀਆਂ ਹਨ। ਮੈਂ ਉਹਨਾਂ ਨੂੰ ਕਿਹਾ, 'ਦੱਸੋ ਮੈਨੂੰ ਉਹ ਥਾਂ, ਜਿੱਥੇ ਮੈਂ ਬਿਨਾਂ ਟੋਪੀ ਤੋਂ ਰਹਿ ਸਕਦਾ ਹਾਂ

ਅਤੇ ਤੁਸੀਂ ਵੀ ਇਸ਼ਨਾਨ ਕਰਦੇ ਹੋਵੇਗੇ ਤਾਂ ਪਗੜੀ ਉਤਾਰ ਹੀ ਦਿੰਦੇ ਹੋਵੋਗੇ। ਉਸ ਵੇਲੇ ਪਰਮਾਤਮਾ ਦਾ ਅਪਮਾਨ ਹੁੰਦਾ ਹੋਏਗਾ। ਤੁਸੀਂ ਵੀ ਤਾਂ ਰਾਤੀਂ ਸੌਂਦੇ ਹੋਵੋਗੇ, ਤਦ ਪਗੜੀ ਲਾਹੁੰਦੇ ਹੋਵੋਗੇ। ਉਸ ਵੇਲੇ ਪਰਮਾਤਮਾ ਦਾ ਅਪਮਾਨ ਹੁੰਦਾ ਹੋਵੇਗਾ।''

ਆਦਮੀ ਦੀਆਂ ਨਾ ਸਮਝੀਆਂ ਉਥੇ ਦੀਆਂ ਉਥੇ ਹੀ ਹਨ। ਬੁੱਧ ਕੁਝ ਕਹਿਣ, ਬੁੱਧ ਨੂੰ ਮੰਨਣ ਵਾਲਾ ਸਾਰਾ ਕੁਝ ਲਿੱਪ-ਪੋਚ ਦਿੰਦਾ ਹੈ।

ਨਾਨਕ ਕੁਝ ਕਹਿਣ, ਨਾਨਕ ਨੂੰ ਮੰਨਣ ਵਾਲੇ ਸਾਰਾ ਕੁਝ ਲਿੱਪ-ਪੋਚ ਦਿੰਦੇ ਹਨ। ਫ਼ਿਰ ਉਹੀ ਜਾਲ ਸ਼ੁਰੂ ਹੋ ਜਾਂਦਾ ਹੈ। ਕਿਉਂਕਿ ਆਦਮੀ ਦੀ ਨਾ ਸਮਝੀ 'ਚ ਕੋਈ ਫ਼ਰਕ ਨਹੀਂ। ਉਹਦੇ ਬੈਹਰੇਪਨ 'ਚ ਕੋਈ ਫ਼ਰਕ ਨਹੀਂ ਹੈ। ਸੁਣ ਲੈਂਦਾ ਹੈ, ਆਪਣੇ ਮਤਲਬ ਕੱਢ ਲੈਂਦਾ ਹੈ। ਆਪਣੇ ਮਤਲਬ ਨਾਲ ਚਲਦਾ ਹੈ। ਜੋ ਸੁਣਿਆ ਹੈ ਉਹਦੇ ਅਨੁਭਵ ਨਾਲ ਨਹੀਂ।

ਇਹ ਜੋ ਸ਼ਬਦ ਹਨ, ਨਾਨਕ ਕਹਿੰਦੇ ਹਨ, ਕੋਈ ਕਿੰਨੇ ਹੀ ਗੀਤ ਗਾਵੇ, ਇਸ ਨੂੰ ਕੋਈ ਪੂਰਾ ਨਹੀਂ ਕਰ ਸਕਿਆ। ਵੱਖਰੇ-ਵੱਖਰੇ ਲੋਕ ਉਸਦੇ ਵੱਖਰੇ-ਵੱਖਰੇ ਗੀਤ ਗਾਉਂਦੇ ਹਨ। ਕਿਉਂਕਿ ਵੱਖਰੇ-ਵੱਖਰੇ ਲੋਕ ਵੱਖਰੇ-ਵੱਖਰੇ ਪਾਸਿਓਂ ਉਹਦੇ ਵੱਲ ਪੁੱਜਦੇ ਹਨ। ਉਹਨਾਂ ਦੇ ਗੀਤਾਂ 'ਚ ਕੋਈ ਵਿਰੋਧ ਵੀ ਨਹੀਂ ਹੈ। ਕਿੰਨਾ ਹੀ ਵਿਰੋਧ ਵਿਖਾਈ ਦੇਵੇ, ਵੇਦ ਵੀ ਉਹੀ ਕਹਿੰਦੇ ਹਨ, ਜੋ ਕੁਰਾਨ ਕਹਿੰਦਾ ਹੈ।

ਲੇਕਿਨ ਮੁਹੰਮਦ ਦੇ ਪੁੱਜਣ ਦਾ ਢੰਗ ਹੋਰ। ਯਾਗਵਲਕੇਯ ਦੇ ਪੁੱਜਣ ਦਾ ਢੰਗ ਹੋਰ। ਬੁੱਧ ਵੀ ਉਹੀ ਕਹਿੰਦੇ ਹਨ, ਜੋ ਨਾਨਕ ਕਹਿੰਦੇ ਹਨ, ਪਰ ਪੁੱਜਣ ਦਾ ਢੰਗ ਹੋਰ।

ਅਨੰਤ ਦੁਆਰ ਹਨ ਉਸਦੇ। ਤੁਸੀਂ ਜਿਥੋਂ ਵੀ ਜਾਓ ਉਹ ਹੀ ਉਸਦਾ ਦੁਆਰ ਹੈ ਅਤੇ ਤਦ ਤੁਸੀਂ ਆਪਣੇ ਦੁਆਰ ਦਾ ਵਰਨਣ (ਵਖਿਆਣ) ਕਰੋਗੇ ਅਤੇ ਤੁਸੀਂ ਜਿਸ ਰਾਹ ਤੋਂ ਜਾਓਗੇ ਉਸ ਰਾਹ ਦਾ ਵਖਿਆਨ ਕਰੋਗੇ। ਦੂਜਾ ਜਿਹੜੇ ਰਾਹ ਪੁੱਜਾ ਹੈ ਉਹ ਉਸੇ ਰਾਹ ਦਾ ਵਖਿਆਨ ਕਰੇਗਾ। ਫ਼ਿਰ ਰਾਹ ਨਾਲ ਹੀ ਫ਼ਰਕ ਨਹੀਂ ਪੈਂਦਾ। ਤੁਹਾਡੀ ਸਮਝ, ਤੁਹਾਡੀ ਦ੍ਰਿਸ਼ਟੀ, ਤੁਹਾਡੀ ਭਾਵ-ਦਸ਼ਾ.....।

ਇੱਕ ਬਗੀਚੇ 'ਚ ਕਵੀ ਆਉਂਦਾ ਹੈ ਤਾਂ ਗੀਤ ਗਾਉਂਦਾ ਹੈ। ਚਿੱਤਰਕਾਰ ਆਉਂਦਾ ਹੈ ਤਾਂ ਚਿੱਤਰ ਬਣਾਉਂਦਾ ਹੈ। ਫੁੱਲਾਂ ਦਾ ਸੌਦਾਗਰ ਆਉਂਦਾ ਹੈ ਤਾਂ ਫੁੱਲਾਂ ਦੀ ਕੀਮਤ ਦੇ ਸੰਬੰਧ 'ਚ ਸੋਚਦਾ ਹੈ, ਵਿਉਪਾਰ ਦੀ ਗੱਲ ਸੋਚਦਾ ਹੈ। ਵਿਗਿਆਨਕ ਆ ਜਾਏਗਾ ਤਾਂ ਫੁੱਲਾਂ ਦਾ ਵਿਸ਼ਲੇਸ਼ਣ ਕਰਕੇ ਵੇਖੇਗਾ ਕਿ ਉਹਨਾਂ 'ਚ ਰਸਾਇਣਕ ਤੱਤ ਕੀ ਹਨ। ਕੋਈ ਆਦਮੀ ਜਿਹੜਾ ਨਸ਼ੇ ਨਾਲ ਭਰਿਆ ਹੋਵੇ ਉਹ ਲੰਘ ਜਾਵੇਗਾ, ਉਸਨੂੰ ਫੁੱਲ

ਵਿਖਾਈ ਹੀ ਨਹੀਂ ਪੈਣਗੇ। ਉਹ ਬਗੀਚੇ ਚੋਂ ਲੰਘਿਆ ਹੈ ਉਹਦਾ ਵੀ ਉਹਨੂੰ ਪਤਾ ਨਹੀਂ ਲੱਗੇਗਾ। ਤੁਸੀਂ ਜੋ ਵੀ ਵੇਖਿਆ ਉਹ ਤੁਹਾਡੀ ਹੀ ਖਿੜਕੀ 'ਚੋਂ ਦੇਖਿਆ ਗਿਆ ਹੈ ਤੁਹਾਡੀ ਖਿੜਕੀ ਦਾ ਆਕਾਰ ਉਸਦੇ ਉਤੇ ਛਾ ਜਾਵੇਗਾ।

ਨਾਨਕ ਕਹਿੰਦੇ ਹਨ, 'ਕੋਈ ਉਸਦੇ ਬਲ (ਤਾਕਤ)' ਦਾ ਗੁਣ ਗਾਉਂਦੇ ਹਨ ਕਿ ਉਹ ਮਹਾਂ ਸ਼ਕਤੀਸ਼ਾਲੀ ਹੈ, ਪਰਮ ਸ਼ਕਤੀਸ਼ਾਲੀ ਹੈ। ਓਮਨੀਪੋਟੈਂਟ—ਸਰਵ ਸ਼ਕਤੀਸ਼ਾਲੀ ਹੈ। ਕੋਈ ਉਸਦੇ ਦਾਨ ਦਾ ਗੀਤ ਗਾਉਂਦੇ ਹਨ ਕਿ ਉਹ ਪਰਮ ਦਾਤਾ ਹੈ। ਕੋਈ ਉਸਦੇ ਗੁਣ ਅਤੇ ਖੂਬਸੂਰਤੀ ਦਾ ਵਖਿਆਨ ਕਰਦੇ ਹਨ ਕਿ ਉਹ ਪਰਮ ਸੁੰਦਰ ਹੈ। ਕੋਈ ਉਸਨੂੰ ਕਹਿੰਦੇ ਹਨ ਸਤਯ, ਕੋਈ ਉਸਨੂੰ ਕਹਿੰਦੇ ਹਨ ਸ਼ਿਵ, ਕੋਈ ਉਸਨੂੰ ਕਹਿੰਦੇ ਹਨ ਸੁੰਦਰ। ਰਵਿੰਦਰਨਾਥ ਨੇ ਲਿਖਿਆ ਹੈ ਕਿ ਮੈਂ ਉਸਨੂੰ ਖੂਬਸੂਰਤੀ ਵਿੱਚ ਪਾਇਆ ਹੈ। ਇਸ ਤੋਂ ਪਰਮਾਤਮਾ ਦੇ ਸੰਬੰਧ ਵਿੱਚ ਕੋਈ ਖ਼ਬਰ ਨਹੀਂ ਮਿਲਦੀ, ਰਵਿੰਦਰਨਾਥ ਦੇ ਸੰਬੰਧ ਵਿੱਚ ਖ਼ਬਰ ਮਿਲਦੀ ਹੈ। ਗਾਂਧੀ ਕਹਿੰਦੇ ਹਨ ਕਿ ਉਹ ਮੇਰੇ ਲਈ ਸਤਯ ਹੈ, **Truth is God.** ਇਸ ਤੋਂ ਪਰਮਾਤਮਾ ਦੇ ਸੰਬੰਧ ਵਿੱਚ ਕੋਈ ਖ਼ਬਰ ਨਹੀਂ ਮਿਲਦੀ। ਗਾਂਧੀ ਦੇ ਸੰਬੰਧ ਵਿੱਚ ਖ਼ਬਰ ਮਿਲਦੀ ਹੈ। ਕਵੀ ਲਈ ਸੁੰਦਰਤਾ ਵਿੱਚ ਪਰਮਾਤਮਾ ਹੈ ਪਰਮ ਸੁੰਦਰਤਾ। ਗਾਂਧੀ ਕਵੀ ਨਹੀਂ ਹਨ, ਗਾਂਧੀ ਤੋਂ ਘੱਟ ਕਵੀ ਲੱਭਣਾ ਮੁਸ਼ਕਿਲ ਹੈ। ਉਹ ਬਿਲਕੁਲ ਹਿਸਾਬੀ-ਕਿਤਾਬੀ ਹਨ, ਕਵਿਤਾ ਨਹੀਂ ਹਿਸਾਬ। ਹਿਸਾਬ ਦੀ ਦ੍ਰਿਸ਼ਟੀ ਨਾਲ ਵੇਖੀਏ ਤਾਂ ਪਰਮਾਤਮਾ ਸਤਯ ਹੈ। ਪ੍ਰੇਮ ਦੀ ਦ੍ਰਿਸ਼ਟੀ ਨਾਲ ਵੇਖਣ ਤੇ ਤਾਂ ਪ੍ਰੇਮੀ, ਪ੍ਰੀਤਮ, ਪਿਆਰਾ। ਕਿਸ ਦ੍ਰਿਸ਼ਟੀ ਨਾਲ ਅਸੀਂ ਵੇਖਦੇ ਹਾਂ? ਸਾਡੀ ਦ੍ਰਿਸ਼ਟੀ ਦੀ ਖ਼ਬਰ ਮਿਲਦੀ ਹੈ ਉਸ ਨਾਲ, ਉਹ ਸਭ ਹੈ, ਇਕੱਠਾ ਹੋਰ ਕੋਈ ਵੀ ਨਹੀਂ ਹੈ। ਇਸ ਲਈ ਮਹਾਂਵੀਰ ਦਾ ਇੱਕ ਬਹੁਤ ਅਨੋਖਾ ਪ੍ਰਯੋਗ ਹੈ ਚਿੰਤਨ ਦੇ ਸੰਬੰਧ ਵਿੱਚ, ਕਿ ਜਦ ਤੱਕ ਤੁਹਾਡੀ ਦ੍ਰਿਸ਼ਟੀ ਨਾ ਛੁਟ ਜਾਏ, ਤਦ ਤੱਕ ਤੁਸੀਂ ਉਸ ਨੂੰ ਨਹੀਂ ਜਾਣ ਸਕੋਗੇ। ਕਿਉਂਕਿ ਤੁਸੀਂ ਜੋ ਵੀ ਜਾਣੋਗੇ ਉਹ ਤੁਹਾਡੀ ਦ੍ਰਿਸ਼ਟੀ ਹੋਵੇਗੀ। ਮਹਾਂਵੀਰ ਉਸ ਨੂੰ ਕਹਿੰਦੇ ਹਨ "ਨਯ ਦ੍ਰਿਸ਼ਟੀ" ਅਤੇ ਦਰਸ਼ਨ ਤੰਦ ਮਿਲੇਗਾ, ਜਦ ਸਾਰੀ ਦ੍ਰਿਸ਼ਟੀ ਛੁਟ ਜਾਏਗੀ।

ਪਰ ਤਦ ਤੁਸੀਂ ਚੁੱਪ ਹੋ ਜਾਓਗੇ। ਕਿਉਂਕਿ ਬਿਨਾਂ ਵੇਖਿਆ—ਤੁਸੀਂ ਬੋਲੋਗੇ ਕਿਵੇਂ? ਜਦ ਕੋਈ ਵੀ ਦ੍ਰਿਸ਼ਟੀ ਨਹੀਂ ਹੋਵੇਗੀ, ਤਦ ਉਸਦੇ ਵਰਗੇ ਹੋ ਜਾਓਗੇ। ਤਦ ਬੋਲੋਗੇ ਕਿਵੇਂ? ਤਦ ਤੁਸੀਂ ਉਨੇ ਹੀ ਵਿਸਤੀਰਣ ਹੋ ਜਾਓਗੇ। ਤਦ ਤੁਸੀਂ ਆਕਾਸ਼ ਦੇ ਨਾਲ ਲੀਨ ਹੋ ਜਾਓਗੇ। ਤੁਸੀਂ ਬੋਲੋਗੇ ਕਿਵੇਂ? ਤੁਸੀਂ ਵਿਖਰੇ ਹੀ ਨਹੀਂ ਰਹੋਗੇ। ਸਾਰੀਆਂ ਦ੍ਰਿਸ਼ਟੀਆਂ ਵੱਖਰੇ ਹੋਣ ਵਾਲੇ ਦੀਆਂ ਦ੍ਰਿਸ਼ਟੀਆਂ ਹਨ।

ਇਸ ਲਈ ਨਾਨਕ ਸਾਰੀਆਂ ਦੀਆਂ ਦ੍ਰਿਸ਼ਟੀਆਂ ਗਿਣਾਉਂਦੇ ਹਨ। ਉਹ ਇਹ

ਕਹਿ ਰਹੇ ਹਨ ਕਿ ਇਹ ਸਾਰੇ ਠੀਕ ਹਨ ਅਤੇ ਕੋਈ ਵੀ ਪੂਰਾ ਠੀਕ ਨਹੀਂ ਹੈ। ਜਦ ਕੋਈ ਅਧੂਰੇ ਨੂੰ ਪੂਰਾ ਹੋਣ ਦਾ ਦਾਵਾ ਕਰਦਾ ਹੈ, ਤਦ ਭੁਲੇਖਾ ਹੋ ਜਾਂਦਾ ਹੈ।

ਸੰਪਰਦਾਯ ਦਾ ਅਰਥ ਹੈ, ਤੁਸੀਂ ਅਧੂਰੀ ਦ੍ਰਿਸ਼ਟੀ ਨੂੰ ਪੂਰਾ ਹੋਣ ਦਾ ਦਾਵਾ ਕਰ ਦਿੱਤਾ। ਸੰਪਰਦਾਯ ਨੂੰ ਧਰਮ ਕਹਿਣ ਦਾ ਅਰਥ ਹੈ ਕਿ ਤੁਸੀਂ ਅਧੂਰੀ ਦ੍ਰਿਸ਼ਟੀ ਪੂਰੀ ਹੋਣ ਦੀ ਘੋਸ਼ਣਾ (ਐਲਾਨ) ਕਰ ਦਿੱਤੀ, ਕਿ ਇਹ ਹੀ ਦ੍ਰਿਸ਼ਟੀ ਪੂਰੀ ਹੈ। ਇਸ ਲਈ ਇੱਕ ਸੰਪਰਦਾਯ ਦੂਜੇ ਸੰਪਰਦਾਯ ਦੇ ਵਿਰੋਧ ਵਿੱਚ ਹੈ। ਸਾਰੇ ਸੰਪਰਦਾਯ ਧਰਮ ਦੀਆਂ ਦ੍ਰਿਸ਼ਟੀਆਂ ਹਨ। ਹੋਰ ਕੋਈ ਸੰਪਰਦਾਯ ਧਰਮ ਨਹੀਂ ਹੈ। ਜੇਕਰ ਅਸੀਂ ਸਾਰੇ ਮੁਮਕਿਨ ਸੰਪਰਦਾਯ ਨੂੰ ਮਿਲਾ ਦੇਈਏ ਤਾਂ ਧਰਮ ਪੈਦਾ ਹੋਏਗਾ। ਜਿਹੜੇ ਸੰਪਰਦਾਯ ਹੋਏ ਹਨ, ਜੋ ਹੈਨ ਅਤੇ ਜੋ ਹੋਣਗੇ। ਜੇਕਰ ਅਸੀਂ ਸਾਰੀਆਂ ਦ੍ਰਿਸ਼ਟੀਆਂ ਨੂੰ ਇਕੱਠਾ ਕਰ ਦੇਈਏ ਤਾਂ ਧਰਮ ਹੋਏਗਾ। ਕੋਈ ਸੰਪਰਦਾਯ ਧਰਮ ਨਹੀਂ ਹੈ।

ਸੰਪਰਦਾਯ ਸ਼ਬਦ ਬਹੁਤ ਚੰਗਾ ਹੈ। ਸੰਪਰਦਾਯ ਦਾ ਅਰਥ ਹੈ, ਰਾਹ। ਸੰਪਰਦਾਯ ਦਾ ਅਰਥ ਹੈ ਪੁੱਜਣ ਦਾ ਰਸਤਾ। ਧਰਮ ਦਾ ਅਰਥ ਹੈ ਮੰਜ਼ਿਲ। ਮੰਜ਼ਿਲ ਇੱਕ, ਰਾਹ ਅਨੇਕ ਹਨ।

ਨਾਨਕ ਕਹਿੰਦੇ ਹਨ, ਕੋਈ ਬਲ ਦਾ ਮਾਣ ਕਰਦਾ ਹੈ। ਕੋਈ ਗੁਣਾਂ ਦਾ ਗਾਨ ਕਰਦਾ ਹੈ। ਕੋਈ ਉਸਦੇ ਦਾਨ ਦਾ ਗੀਤ ਗਾਉਂਦਾ ਹੈ। ਕੋਈ ਉਸਦੀ ਸੁੰਦਰਤਾ ਦੀ ਚਰਚਾ ਕਰਦਾ ਹੈ, ਕੋਈ ਉਸ ਵਿੱਦਿਆ ਦਾ ਵਰਣਨ ਕਰਦਾ ਹੈ, ਜਿਸਦਾ ਵਿਚਾਰ ਕਠਿਨ ਹੈ। ਕੋਈ ਇਹ ਗਾਉਂਦੇ ਹਨ ਕਿ ਉਸਨੇ ਦੇਹ ਦੀ ਰਚਨਾ ਕੀਤੀ ਹੈ ਅਤੇ ਫ਼ਿਰ ਉਹ ਹੀ ਦੇਹ ਨੂੰ ਮਿਟਾਉਂਦਾ ਹੈ। ਕੋਈ ਕਹਿੰਦੇ ਹਨ ਜੀਵ ਫ਼ਿਰ ਉਸ ਤੋਂ ਹੀ ਦੇਹ ਗ੍ਰਹਿਣ ਕਰਦਾ ਹੈ। ਕੋਈ ਕਹਿੰਦੇ ਹਨ ਉਹ ਬਹੁਤ ਦੂਰ ਵਿਖਾਈ ਦਿੰਦਾ ਹੈ। ਕੋਈ ਕਹਿੰਦੇ ਹਨ ਉਹ ਬਹੁਤ ਨੇੜੇ ਹੈ। ਕੋਈ ਗਾਉਂਦੇ ਹਨ ਉਹ ਸਾਨੂੰ ਵੇਖਦਾ ਹੈ ਅਤੇ ਸਰਬ ਵਿਆਪੀ ਹੈ। ਉਸਦੇ ਗੁਣਗਾਨ ਦਾ ਅੰਤ ਨਹੀਂ—

*"ਕਥਨਾ ਕਥੀ ਨ ਆਵੈ ਤੋਟਿ॥"*

ਕਹਿੰਦੇ-ਕਹਿੰਦੇ ਥੱਕ ਜਾਂਦੇ ਹਾਂ ਅਤੇ ਉਸਦੇ ਗੁਣਗਾਨ ਦਾ ਕੋਈ ਅੰਤ ਨਹੀਂ ਆਉਂਦਾ।

*"ਕਥਿ ਕਥਿ ਕਥੀ ਕੋਟੀ ਕੋਟਿ ਕੋਟਿ॥"*

ਕਰੋੜ-ਕਰੋੜ-ਕਰੋੜ ਵਾਰ ਕਹਿਣ ਨਾਲ ਵੀ ਉਹ ਅਣ-ਕਿਹਾ ਹੀ ਪਿੱਛੇ ਛੁਟ ਜਾਂਦਾ ਹੈ। ਦਾਤਾ ਦਿੰਦਾ ਹੀ ਰਹਿੰਦਾ ਹੈ। ਲੈਣ ਵਾਲੇ ਲੈਂਦੇ-ਲੈਂਦੇ ਥੱਕ ਜਾਂਦੇ ਹਨ।

ਇਹ ਬਹੁਤ ਮਹੱਤਵਪੂਰਨ ਵਚਨ ਹੈ। ਜੀਵਨ ਉਹ ਹੀ ਦਿੰਦਾ ਹੈ। ਸਵਾਸ ਉਹ

ਹੀ ਚਲਾਉਂਦਾ ਹੈ। ਧੜਕਨ 'ਚ ਉਹ ਹੀ ਧੜਕਦਾ ਹੈ। ਉਹ ਦਿੰਦਾ ਹੀ ਰਹਿੰਦਾ ਹੈ। ਉਸਦੇ ਦੇਣ 'ਚ ਕੋਈ ਅੰਤ ਨਹੀਂ। ਉਸਦੇ ਬਦਲੇ ਸਾਥੋਂ ਕੁਝ ਮੰਗਦਾ ਵੀ ਨਹੀਂ।

ਇਸ ਲਈ ਤਾਂ ਜੀਵਨ ਤੁਹਾਨੂੰ ਸਸਤਾ ਮਾਲੂਮ ਹੁੰਦਾ ਹੈ ਅਤੇ ਚੀਜ਼ਾਂ ਮਹਿੰਗੀਆਂ ਮਾਲੂਮ ਹੁੰਦੀਆਂ ਹਨ। ਤੁਸੀਂ ਜੀਵਨ ਗੁਆਣ ਨੂੰ ਕਦੇ ਵੀ ਰਾਜ਼ੀ ਹੋ, ਧਨ ਗੁਆਣ ਨੂੰ ਨਹੀਂ। ਕਿਉਂਕਿ ਧਨ ਲੱਗਦਾ ਹੈ ਬੜੀ ਮੁਸ਼ਕਿਲ ਚੀਜ਼ ਹੈ। ਜੀਵਨ ਤਾਂ ਮੁਫ਼ਤ 'ਚ ਮਿਲਦਾ ਹੈ। ਉਹ ਤੁਹਾਨੂੰ ਜੋ ਵੀ ਦਿੱਤਾ ਹੈ, ਮੁਫ਼ਤ ਹੈ। ਉਸਦੇ ਬਦਲੇ ਵਿੱਚ ਤੁਸੀਂ ਕੁਝ ਵੀ ਨਹੀਂ ਦਿੱਤਾ ਹੈ।

ਅਤੇ ਜਿਸ ਦਿਨ ਤੁਹਾਨੂੰ ਇਹ ਅਹਿਸਾਸ ਹੋਣਾ ਸ਼ੁਰੂ ਹੋਏਗਾ ਕਿ ਜੋ ਵੀ ਮਿਲਿਆ ਹੈ ਉਸਦੇ ਵਿੱਚ ਮੇਰੀ ਪਾਤ੍ਰਤਾ ਕੀ ਹੈ? ਜੇਕਰ ਮੈਂ ਨਾ ਹੁੰਦਾ ਤਾਂ ਹਰਜ਼ ਕੀ ਸੀ? ਤੁਹਾਡੇ ਅੰਦਰ ਜਿਹੜੀ ਜੀਵਨ ਦੀ ਸੰਭਾਵਨਾ ਬਣੀ ਹੈ ਅਤੇ ਤੁਹਾਡੇ ਅੰਦਰ ਜਿਹੜਾ ਚੇਤਨਾ ਦਾ ਫੁੱਲ ਖਿੜਿਆ ਹੈ, ਜੇਕਰ ਨਾ ਖਿੜਦਾ ਤਾਂ ਤੁਸੀਂ ਕਿਸ ਦੇ ਕੋਲ ਸ਼ਿਕਾਇਤ ਕਰਦੇ? ਅਤੇ ਤੁਹਾਡੀ ਕੀ ਯੋਗਤਾ ਹੈ ਕਿ ਤੁਹਾਨੂੰ ਜੀਵਨ ਮਿਲੇ? ਤੁਸੀਂ ਕਿਸ ਤਰ੍ਹਾਂ ਇਸ ਨੂੰ ਅਰਜਿਤ ਕੀਤਾ ਹੈ?

ਹਰ ਨਿੱਕੀ-ਨਿੱਕੀ ਚੀਜ਼ ਦੇ ਲਈ ਯੋਗਤਾ ਚਾਹੀਦੀ ਹੈ। ਤੁਸੀਂ ਇੱਕ ਦਫ਼ਤਰ 'ਚ ਕਲਰਕ ਹੋ, ਉਸਦੇ ਲਈ ਯੋਗਤਾ ਚਾਹੀਦੀ ਹੈ। ਤੁਸੀਂ ਇੱਕ ਸਕੂਲ ਵਿੱਚ ਮਾਸਟਰ ਹੋ, ਉਸਦੇ ਲਈ ਯੋਗਤਾ ਚਾਹੀਦੀ ਹੈ। ਤੁਸੀਂ ਉਸ ਨੂੰ ਅਰਜਿਤ ਕਰਦੇ ਹੋ। ਤੁਸੀਂ ਜੀਵਨ ਦੇ ਲਈ ਕੀ ਕੀਤਾ? ਕਿਵੇਂ.....ਅਰਜਿਤ ਕੀਤਾ ਹੈ?

ਉਹ ਦਾਨ ਹੈ। ਉਹ ਤੁਹਾਨੂੰ ਇਵੇਂ ਹੀ ਮਿਲਿਆ ਹੈ, ਤੁਹਾਡੀ ਕੋਈ ਪਾਤ੍ਰਤਾ ਦੇ ਕਾਰਣ ਨਹੀਂ ਅਤੇ ਜਿਸ ਦਿਨ ਤੁਹਾਨੂੰ ਇਹ ਪ੍ਰਤੀਤੀ ਹੋਏਗੀ, ਉਸ ਦਿਨ ਪ੍ਰਾਰਥਨਾ ਜਨਮੇਂਗੀ। ਉਸ ਦਿਨ ਤੁਸੀਂ ਕਹੋਗੇ ਮੈਂ ਕੀ ਕਰਾਂ? ਮੈਂ ਕਿਵੇਂ ਧੰਨਵਾਦ ਪ੍ਰਗਟ ਕਰਾਂ? ਮੈਂ ਕਿਵੇਂ ਤੇਰੇ ਕਰਜ਼ ਨੂੰ ਉਤਾਰਾਂ?

ਪ੍ਰਾਰਥਨਾ ਮੰਗ ਨਹੀਂ ਹੈ। ਪ੍ਰਾਰਥਨਾ ਜੋ ਪਹਿਲਾਂ ਤੋਂ ਹੀ ਮਿਲਿਆ ਹੈ, ਉਸਦਾ ਧੰਨਵਾਦ ਹੈ। ਅਤੇ ਇਹ ਪ੍ਰਾਰਥਨਾ ਦੇ ਦੋ ਭੇਦ ਹਨ। ਤੁਸੀਂ ਜਦੋਂ ਮੰਦਰ ਜਾਂਦੇ ਹੋ ਤਾਂ ਮੰਗਣ ਜਾਂਦੇ ਹੋ। ਤੁਹਾਡੀ ਪ੍ਰਾਰਥਨਾ ਝੂਠੀ ਹੈ।

ਨਾਨਕ ਵੀ ਜਾਂਦੇ ਹਨ। ਉਹ ਧੰਨਵਾਦ ਦੇਣ ਜਾਂਦੇ ਹਨ। ਉਹ ਕਹਿਣ ਜਾਂਦੇ ਹਨ, ਜੋ ਤੂੰ ਦਿੱਤਾ ਉਹ ਭਰੋਸੇ ਤੋਂ ਬਾਹਰ ਹੈ। ਕੋਈ ਕਾਰਣ ਨਹੀਂ ਮੇਰੇ ਅੰਦਰ, ਕਿ ਮੈਨੂੰ ਮਿਲੇ। ਕੋਈ ਮੇਰੀ ਯੋਗਤਾ ਨਹੀਂ। ਨਾ ਮਿਲੇ ਸ਼ਿਕਾਇਤ ਕਰਨ ਦਾ ਕੋਈ ਉਪਾਅ ਨਹੀਂ ਅਤੇ ਤੂੰ ਦੇਂਦਾ ਹੀ ਚਲਿਆਂ ਜਾਂਦਾ ਹੈਂ। ਪਰਮਾਤਮਾ ਅਨੰਤ ਦਾਨੀ ਹੈ। ਕੁਦਰਤ

ਦੇਂਦੀ ਹੀ ਚੱਲੀ ਜਾਂਦੀ ਹੈ।

ਅਤੇ ਅਸੀਂ? ਸਾਥੋਂ ਬਹੁਤੇ ਅਕ੍ਰਿਤਘਣ (ਸਵਾਰਥੀ) ਲੋਕ ਲੱਭਣੇ ਔਖੇ ਹਨ। ਅਸੀਂ ਧੰਨਵਾਦ ਵੀ ਨਹੀਂ ਦੇ ਸਕਦੇ। ਉਸਦੇ ਦੇਣ ਦਾ ਅੰਤ ਨਹੀਂ ਹੈ ਅਤੇ ਸਾਡੀ ਅਕ੍ਰਿਤਘਣਤਾ ਦਾ ਕੋਈ ਅੰਤ ਨਹੀਂ। ਅਸੀਂ ਧੰਨਵਾਦ ਵੀ ਪ੍ਰਗਟ ਨਹੀਂ ਕਰ ਸਕਦੇ। ਅਸੀਂ ਇਹ ਵੀ ਨਹੀਂ ਕਹਿ ਸਕਦੇ, ਕਿ ਧੰਨਵਾਦ! ਕਿ ਅਸੀਂ ਅਭਾਰੀ ਹਾਂ। ਕਿ ਤੇਰਾ ਸ਼ੁਕਰੀਆ! ਇੰਨਾਂ ਵੀ ਸਾਥੋਂ ਨਹੀਂ ਹੁੰਦਾ। ਓਨੇ 'ਚ ਵੀ ਸਾਨੂੰ ਔਖਿਆਈ ਮਾਲੂਮ ਹੁੰਦੀ ਹੈ। ਸਾਡਾ ਕੰਠ ਅਵਰੁੱਧ ਹੋ ਜਾਂਦਾ ਹੈ।

ਤੁੱਛ ਗੱਲਾਂ ਲਈ ਧੰਨਵਾਦ ਦੇ ਦਿੰਦੇ ਹੋ, ਤੁਹਾਡਾ ਰੁਮਾਲ ਡਿੱਗ ਪਿਆ ਅਤੇ ਕਿਸੇ ਨੇ ਚੁੱਕ ਕੇ ਦੇ ਦਿੱਤਾ, ਤਾਂ ਤੁਸੀਂ ਉਸਨੂੰ ਕਹਿੰਦੇ ਹੋ "ਧੰਨਵਾਦ" ਅਤੇ ਜਿਸਨੇ ਤੁਹਾਨੂੰ ਜੀਵਨ ਦਿੱਤਾ ਹੈ, ਤੁਸੀਂ ਉਸਦੇ ਲਈ ਧੰਨਵਾਦ ਦੇਣ ਕਦੇ ਵੀ ਨਹੀਂ ਗਏ ਅਤੇ ਜਦ ਵੀ ਤੁਸੀਂ ਗਏ ਹੋ ਸ਼ਿਕਾਇਤ ਲੈ ਕੇ ਗਏ ਹੋ, ਜਦ ਵੀ ਤੁਸੀਂ ਗਏ ਹੋ ਤਾਂ ਇਹ ਦੱਸਣ ਗਏ ਹੋ ਕਿ ਕੀ-ਕੀ ਤੂੰ ਗ਼ਲਤ ਕਰ ਰਿਹਾ ਹੈਂ। ਮੇਰਾ ਮੁੰਡਾ ਬੀਮਾਰ ਪਿਆ ਹੈ, ਕਿ ਮੇਰੀ ਪਤਨੀ ਦੁਰਵਿਹਾਰ ਕਰ ਰਹੀ ਹੈ, ਕਿ ਧੰਦਾ ਠੀਕ ਨਹੀਂ ਚੱਲ ਰਿਹਾ ਹੈ ਅਤੇ ਤੁਸੀਂ ਆਪਣੀਆਂ ਸ਼ਿਕਾਇਤਾਂ ਨੂੰ ਬਹੁਤ ਵਧਾ ਲੈਂਦੇ ਹੋ। ਤਾਂ ਤੁਹਾਡੀਆਂ ਸ਼ਿਕਾਇਤਾਂ ਦਾ ਅੰਤਮ ਜੋੜ ਇਹ ਹੁੰਦਾ ਹੈ, ਕਿ ਤੁਸੀਂ ਕਹਿੰਦੇ ਹੋ, ਤੂੰ ਹੈ ਹੀ ਨਹੀਂ; ਤੂੰ ਜੇਕਰ ਹੈਂ, ਤਾਂ ਇਹ ਚੀਜ਼ਾਂ ਪੂਰੀਆਂ ਕਰ।

ਨਾਸਤਿਕਤਾ ਦਾ ਅਰਥ ਹੈ ਤੁਹਾਡੀਆਂ ਸ਼ਿਕਾਇਤਾਂ ਏਨੀਆਂ ਵਧ ਗਈਆਂ, ਕਿ ਹੁਣ ਤੁਸੀਂ ਪਰਮਾਤਮਾ ਨੂੰ ਮੰਨ ਨਹੀਂ ਸਕਦੇ। ਤੁਸੀਂ ਆਪਣੀਆਂ ਸ਼ਿਕਾਇਤਾਂ ਦੇ ਕਾਰਣ ਪਰਮਾਤਮਾ ਦੀ ਹੱਤਿਆ ਕਰ ਦਿੰਦੇ ਹੋ।

ਆਸਤਿਕਤਾ ਦਾ ਕੀ ਅਰਥ ਹੈ। ਆਸਤਿਕਤਾ ਦਾ ਅਰਥ ਹੈ, ਤੁਹਾਡਾ ਅਹੋ-ਭਾਵ ਏਨਾ ਵਧ ਗਿਆ, ਤੁਹਾਡਾ ਧੰਨਵਾਦ ਏਨਾ ਵਧ ਗਿਆ, ਤੁਸੀਂ ਏਨੇ ਸ਼ੁਕਰਾਨਾ ਭਾਓ ਨਾਲ ਭਰ ਗਏ ਹੋ, ਕਿ ਉਹ ਤੁਹਾਨੂੰ ਸਾਰੇ ਪਾਸੇ ਵਿਖਾਈ ਦੇਣ ਲੱਗ ਪੈਂਦਾ ਹੈ। ਹਰ ਪਾਸੇ ਉਸਦਾ ਹੱਥ, ਹਰ ਥਾਂ 'ਤੇ ਉਸਦੀ ਹੋਂਦ, ਹਰ ਥਾਂ 'ਤੇ ਉਸਦਾ ਅਹਿਸਾਸ ਹੋਣ ਲੱਗਦਾ ਹੈ। ਆਸਤਿਕਤਾ ਧੰਨਵਾਦ ਦੀ ਪਰਮ-ਸਥਿਤੀ ਹੈ। ਨਾਸਤਿਕਤਾ ਸ਼ਿਕਾਇਤ ਦਾ ਆਖ਼ਰੀ ਰੂਪ ਹੈ।

ਨਾਨਕ ਇਹ ਕਹਿ ਰਹੇ ਹਨ, ਕਿ ਜਦ ਦਾਤਾ ਦੇਈ ਹੀ ਜਾਂਦਾ ਹੈ, ਲੈਣ ਵਾਲੇ ਲੈਂਦੇ-ਲੈਂਦੇ ਥੱਕ ਜਾਂਦੇ ਹਨ, ਪਰ ਦਾਤਾ ਨਹੀਂ ਥੱਕਦਾ। ਯੁਗ-ਯੁਗਾਂਤਰਾਂ ਤੋਂ ਜੀਵ ਉਸਦਾ ਭੋਗ ਕਰ ਰਹੇ ਹਨ, ਪਰ ਉਸਦਾ ਅੰਤ ਨਹੀਂ ਹੈ।

ਤੁਸੀਂ ਉਸਨੂੰ ਕਿੰਨਾ ਹੀ ਭੋਗੋ, ਤੁਸੀਂ ਉਸਦਾ ਦੇਣ ਦੇ ਨਹੀਂ ਸਕੋਗੇ। ਤੁਹਾਡਾ ਭੋਗ ਇਹੋ ਜਿਹਾ ਹੈ ਜਿਵੇਂ ਕੋਈ ਚਮਚਾ ਲੈ ਕੇ ਸਮੁੰਦਰ ਦੇ ਕੰਢੇ ਬੈਠਾ ਹੋਵੇ ਅਤੇ ਚਮਚੇ ਨਾਲ ਸਮੁੰਦਰ ਨੂੰ ਖ਼ਾਲੀ ਕਰ ਰਿਹਾ ਹੋਵੇ। ਇਹ ਵੀ ਹੋ ਸਕਦਾ ਹੈ ਕਿ ਕਦੇ ਨਾ ਕਦੇ ਉਹ ਸਮੁੰਦਰ ਨੂੰ ਖ਼ਾਲੀ ਕਰ ਲਵੇ। ਕਿਉਂਕਿ ਚਮਚੇ ਦੀ ਵੀ ਸੀਮਾ ਹੈ ਅਤੇ ਸਮੁੰਦਰ ਦੀ ਵੀ ਸੀਮਾ ਹੈ। ਲੇਕਿਨ ਤੁਸੀਂ ਪਰਮਾਤਮਾ ਨੂੰ ਖ਼ਾਲੀ ਨਹੀਂ ਕਰ ਸਕੋਗੇ। ਕਿਉਂਕਿ ਉਸਦੀ ਕੋਈ ਸੀਮਾ ਨਹੀਂ।

ਅਨੰਤ ਕਾਲ ਤੋਂ ਤੁਸੀਂ ਭੋਗ ਰਹੇ ਹੋ। ਅਨੇਕ ਰੂਪਾਂ ਵਿੱਚ ਤੁਸੀਂ ਭੋਗਦੇ ਹੋ ਅਤੇ ਤੁਹਾਡੇ ਹਿਰਦੇ ਵਿਚੋਂ ਧੰਨਵਾਦ ਦੀ ਆਵਾਜ਼ ਵੀ ਨਹੀਂ ਉੱਠੀ। ਤੁਸੀਂ ਇੱਕ ਵਾਰੀ ਵੀ ਆਕਾਸ਼ ਵੱਲ ਅੱਖ ਚੁੱਕ ਕੇ ਨਹੀਂ ਕਿਹਾ ਕਿ ਮੈਂ ਧੰਨਭਾਗੀ ਹਾਂ ਅਤੇ ਤੂੰ ਜੋ ਦਿੱਤਾ ਹੈ ਉਹ ਅਪਰੰਪਾਰ ਹੈ। ਜਦ ਵੀ ਤੁਸੀਂ ਉਸਦੇ ਕੋਲ ਗਏ ਸ਼ਿਕਾਇਤ ਲੈ ਕੇ ਹੀ ਗਏ ਅਤੇ ਜਦ ਵੀ ਤੁਸੀਂ ਕੁਝ ਕਿਹਾ ਨਾਰਾਜ਼ਗੀ ਜ਼ਾਹਿਰ ਕੀਤੀ। ਜਦ ਵੀ ਤੁਸੀਂ ਗਏ ਇਹ ਹੀ ਕਿਹਾ ਕਿ ਤੁਹਾਡੀ ਯੋਗਤਾ ਤਾਂ ਬਹੁਤੀ ਹੈ, ਪਰ ਮਿਲਿਆ ਘੱਟ ਹੈ।

ਕੁਝ ਦਿਨ ਹੋਏ, ਇੱਕ ਵੱਡਾ ਅਫ਼ਸਰ ਦਿੱਲੀ ਤੋਂ ਮੈਨੂੰ ਮਿਲਣ ਆਇਆ। ਵੱਡੀ ਤੋਂ ਵੱਡੀ ਪਦਵੀ ਉਤੇ ਹਨ। ਲੇਕਿਨ ਜਿੰਨੀ ਵੱਡੀ ਪਦਵੀ ਤੇ ਹੋਣ ਉਨੀਆਂ ਸ਼ਿਕਾਇਤਾਂ ਵਧ ਜਾਂਦੀਆਂ ਹਨ। ਕਿਉਂਕਿ ਉਹ ਸੋਚਦੇ ਹਨ, ਉਨ੍ਹਾਂ ਨੂੰ ਮੰਤਰੀ ਹੋਣਾ ਚਾਹੀਦਾ ਹੈ। ਪ੍ਰਧਾਨ ਮੰਤਰੀ ਹੋਣਾ ਚਾਹੀਦਾ ਹੈ। ਉਹ ਮੈਨੂੰ ਕਹਿਣ ਲੱਗੇ, "ਹੋਰ ਤਾਂ ਸਭ ਠੀਕ ਹੈ, ਕੋਈ ਰਾਹ ਦਸੋ, ਜਿਸ ਨਾਲ ਮੇਰੇ ਨਾਲ ਜੀਵਨ ਵਿੱਚ ਜਿਹੜਾ ਅਨਿਆਯ ਹੋਇਆ ਹੈ, ਉਸਨੂੰ ਮੈਂ ਸਹਿਣ ਵਿੱਚ ਸਮਰੱਥ ਹੋ ਜਾਵਾਂ।"

ਅਨਿਆਯ ਕੀ ਹੋਇਆ ਹੈ। ਅਨਿਆਯ ਇਹ ਹੋਇਆ ਹੈ, ਕਿ ਜੋ ਮੈਨੂੰ ਮਿਲਣਾ ਚਾਹੀਦਾ ਹੈ ਉਹ ਨਹੀਂ ਮਿਲਿਆ ਅਤੇ ਜਿਸ ਪਦਵੀ ਦੇ ਮੈਂ ਲਾਇਕ ਹਾਂ ਉਸ ਤੋਂ ਨੀਵਾਂ ਰਹਿ ਗਿਆ। ਸਾਰਿਆਂ ਨੂੰ ਅਜਿਹਾ ਲੱਗਦਾ ਹੈ। ਇਸ ਲਈ ਹਰ ਆਦਮੀ ਇਸ ਦੁੱਖ ਵਿੱਚ ਜੀਉਂਦਾ ਹੈ ਕਿ ਜੋ ਮੈਨੂੰ ਮਿਲਣਾ ਚਾਹੀਦਾ ਹੈ ਉਹ ਨਹੀਂ ਮਿਲਿਆ। ਮੈਂ ਲਾਇਕ ਤਾਂ ਸੀ ਕਿ ਵਾਈਸ ਚਾਂਸਲਰ ਹੋ ਜਾਂਦਾ ਅਤੇ ਪਿੰਡ ਦੇ ਇੱਕ ਸਕੂਲ ਵਿੱਚ ਮਾਸਟਰ ਹੋ ਗਿਆ। ਲਾਇਕ ਤਾਂ ਸੀ ਕਿ ਮਾਲਿਕ ਹੋ ਜਾਂਦਾ, ਬਣਿਆ ਚਪੜਾਸੀ ਹੀ। ਅਤੇ ਇਹ ਸਥਿਤੀ ਸਦਾ ਬਣੀ ਰਹਿੰਦੀ ਹੈ। ਇਸਦੇ ਨਾਲ ਕੋਈ ਫ਼ਰਕ ਨਹੀਂ ਪੈਂਦਾ। ਜਿਹੜਾ ਪ੍ਰਧਾਨ ਮੰਤਰੀ ਬਣ ਜਾਂਦਾ ਹੈ ਉਹ ਵੀ ਸੋਚ ਰਿਹਾ ਹੈ ਕਿ ਹੁਣ....ਮੇਰੀ ਯੋਗਤਾ ਤਾਂ ਇਸ ਤੋਂ ਵੀ ਵੱਡੀ ਹੈ, ਲੇਕਿਨ ਹੁਣ ਵਿਸਤਾਰ ਦਾ ਕੋਈ ਉਪਾਅ ਵਿਖਾਈ ਨਹੀਂ ਦਿੰਦਾ ਕਿ ਮੈਂ ਸਾਰੀ ਦੁਨੀਆਂ ਦਾ ਮਾਲਿਕ ਕਿਵੇਂ ਹੋ ਜਾਵਾਂ।

ਤੁਸੀਂ ਸਿਕੰਦਰਾਂ ਨੂੰ ਤ੍ਰਿਪਤ ਨਹੀਂ ਕਰ ਸਕਦੇ ਅਤੇ ਸਾਰੇ ਹੀ ਸਿਕੰਦਰ ਹਨ। ਛੋਟੇ, ਮੋਟੇ ਵੱਡੇ, ਲੇਕਿਨ ਸਿਕੰਦਰ ਹਨ। ਸਾਰਿਆਂ ਦੀ ਵੱਡੀ ਖਾਹਿਸ਼ ਹੈ।

ਅਤੇ ਖਾਹਿਸ਼ ਤੁਹਾਥੋਂ ਵੀ ਅੱਗੇ ਜਾਂਦੀ ਹੈ। ਤੁਸੀਂ ਹਮੇਸ਼ਾ ਪਿੱਛੇ ਰਹਿੰਦੇ ਹੋ ਅਤੇ ਲਿਆਕਤ ਤੁਹਾਨੂੰ ਸਦਾ ਬਹੁਤ ਮਾਲੂਮ ਹੁੰਦੀ ਹੈ। ਇਹ ਅਧਾਰਮਿਕ ਆਦਮੀ ਦਾ ਲੱਛਣ ਹੈ।

ਧਾਰਮਿਕ ਆਦਮੀ ਦਾ ਲੱਛਣ ਇਹ ਹੈ ਕਿ ਜੋ ਮਿਲ ਜਾਏ ਉਹ ਮੇਰੀ ਲਿਆਕਤ ਤੋਂ ਬਹੁਤਾ ਹੈ। ਥੋੜ੍ਹਾ ਸੋਚੋ, ਦੇਖੋ। ਜੋ ਤੁਹਾਨੂੰ ਮਿਲਿਆ ਹੈ, ਤੁਹਾਡੀ ਲਿਆਕਤ ਨਾਲੋਂ ਬਹੁਤਾ ਹੈ ਜਾਂ ਘੱਟ? ਉਹ ਸਦਾ ਬਹੁਤਾ ਹੈ। ਉਹ ਹਮੇਸ਼ਾ ਹੀ ਜ਼ਿਆਦਾ ਹੈ, ਕਿਉਂਕਿ ਕੁਝ ਵੀ ਅਸੀਂ ਅਰਜਿਤ ਨਹੀਂ ਕੀਤਾ ਹੈ। ਇਹ ਵਿਰਾਟ ਜੀਵਨ ਸਾਨੂੰ ਇਵੇਂ ਹੀ ਦਾਨ ਵਿੱਚ ਮਿਲਿਆ ਹੈ। ਅਸੀਂ ਮੰਗਿਆ ਵੀ ਨਹੀਂ ਸੀ, ਬਿਨ ਮੰਗੇ ਮਿਲਿਆ ਹੈ। ਫ਼ਿਰ ਵੀ ਅਹੋਭਾਵ ਪੈਦਾ ਨਹੀਂ ਹੁੰਦਾ।

ਨਾਨਕ ਕਹਿ ਰਹੇ ਹਨ, ਉਸਨੂੰ ਜੁਗਾਂ-ਜੁਗਾਂ ਤੱਕ ਭੋਗ ਕੇ ਵੀ ਅਸੀਂ ਚੁੱਕਾ ਨਹੀਂ ਪਾਉਂਦੇ, (ਉਸਦਾ ਦੇਣ ਦੇ ਨਹੀਂ ਸਕਦੇ)। ਉਹ ਹੁਕਮੀ ਹੁਕਮ ਨਾਲ ਮਾਰਗ ਦਰਸ਼ਨ ਕਰਦਾ ਹੈ। ਇਹ ਬਹੁਤ ਗਹਿਰੀ ਚਾਬੀ ਹੈ ਅਤੇ ਨਾਨਕ ਦੇ ਵਿਚਾਰ ਦਾ ਵੱਡਾ ਮਹੱਤਵਪੂਰਨ ਹਿੱਸਾ ਇਸਦੇ ਵਿੱਚ ਲੁਕਿਆ ਹੈ। ਉਹ ਇਹ ਹੈ—

*"ਹੁਕਮੀ ਹੁਕਮੁ ਚਲਾਏ ਰਾਹੁ॥"*

ਉਹ ਹੁਕਮ ਨਾਲ ਦੁਨੀਆਂ ਨੂੰ ਚਲਾ ਰਿਹਾ ਹੈ, ਅਤੇ ਸਦਾ ਤੁਹਾਨੂੰ ਹੁਕਮ ਦਿੰਦਾ ਹੈ। ਜੇਕਰ ਤੁਹਾਡੇ ਕੋਲ ਥੋੜ੍ਹੀ ਵੀ ਸੁਣਨ ਦੀ ਸਮਝ ਹੋਵੇ ਤਾਂ ਤੁਸੀਂ ਉਸਦੇ ਹੁਕਮ ਨੂੰ ਸਮਝ ਸਕਦੇ ਹੋ। ਉਸਦੇ ਅਨੁਸਾਰ ਚੱਲ ਸਕਦੇ ਹੋ। ਤੁਸੀਂ ਸੁਣਦੇ ਹੀ ਨਹੀਂ।

ਤੁਸੀਂ ਚੋਰੀ ਕਰਨ ਜਾਂਦੇ ਹੋ, ਅੰਦਰੋਂ ਉਹ ਕਹਿੰਦਾ ਹੈ, "ਨਾ ਕਰੋ" ਇੱਕ ਵਾਰ ਕਹਿੰਦਾ ਹੈ। ਦੋ ਵਾਰ ਕਹਿੰਦਾ ਹੈ। ਹਜ਼ਾਰ ਵਾਰ ਕਹਿੰਦਾ ਹੈ। ਤੁਸੀਂ ਜਾਈ ਹੀ ਜਾਂਦੇ ਹੋ। ਤੁਸੀਂ ਕਰਦੇ ਹੀ ਜਾਂਦੇ ਹੋ। ਫ਼ਿਰ ਹੌਲੀ-ਹੌਲੀ ਉਹ ਆਵਾਜ਼ ਮੱਧਮ ਹੁੰਦੀ ਜਾਂਦੀ ਹੈ। ਤੁਸੀਂ ਬੋਲੇ ਹੋ ਜਾਂਦੇ ਹੋ। ਫ਼ਿਰ ਤੁਹਾਨੂੰ ਉਹ ਸੁਣਾਈ ਵੀ ਨਹੀਂ ਦੇਂਦੀ। ਫ਼ਿਰ ਵੀ ਉਹ ਆਵਾਜ਼ ਦੇਈ ਜਾਂਦਾ ਹੈ।

ਤੁਸੀਂ ਅਜਿਹਾ ਪਾਪੀ ਨਹੀਂ ਲੱਭ ਸਕੋਗੇ, ਜਿਸਦੇ ਅੰਦਰ ਆਵਾਜ਼ ਖੋ ਗਈ ਹੋਵੇ। ਹੁਕਮ ਗੁਆਚ ਗਿਆ ਹੋਵੇ। ਤੁਸੀਂ ਅਜਿਹਾ ਬੁਰਾ ਆਦਮੀ ਨਹੀਂ ਲੱਭ ਸਕੋਗੇ, ਜਿਸਨੂੰ ਉਹ ਅਜੇ ਵੀ ਆਵਾਜ਼ ਨਾ ਦੇ ਰਿਹਾ ਹੋਵੇ। ਉਹ ਕਦੇ ਥੱਕਦਾ ਨਹੀਂ ਅਤੇ ਨਿਰਾਸ਼ ਨਹੀਂ ਹੁੰਦਾ। ਤੁਸੀਂ ਕਿੰਨਾ ਹੀ ਬੁਰਾ ਕਰੋ, ਪਰਮਾਤਮਾ ਤੁਹਾਡੇ ਤੋਂ ਨਿਰਾਸ਼ ਨਹੀਂ ਹੈ।

ਹੋਰ ਉਹ ਤੁਹਾਨੂੰ ਕਦੇ ਵੀ ਇਸ ਹਾਲਤ ਵਿੱਚ ਨਹੀਂ ਮੰਨਦਾ ਕਿ ਹੁਣ ਕੁਝ ਵੀ ਨਹੀਂ ਹੋ ਸਕਦਾ। ਤੁਸੀਂ ਕਦੇ ਵੀ ਉਸਦੇ ਲਈ ਲਾ-ਇਲਾਜ ਨਹੀਂ ਹੋ। ਤੁਹਾਡਾ ਰੋਗ ਕਿੰਨਾ ਹੀ ਵਧ ਜਾਏ, ਉਸਦਾ ਇਲਾਜ ਸੰਭਵ ਹੈ। ਪਰਮਾਤਮਾ ਦੀ ਅਨੰਤ ਆਸ਼ਾ, ਅਨੰਤ ਸੰਭਾਵਨਾ ਹੈ। ਉਹ ਤੁਹਾਡੇ ਤੋਂ ਨਿਰਾਸ਼ ਨਹੀਂ ਹੁੰਦਾ।

ਅਜਿਹਾ ਹੋਇਆ: ਇੱਕ ਸੂਫ਼ੀ ਫ਼ਕੀਰ ਹੋਇਆ, ਬਾਏਜ਼ੀਦ। ਉਸਦੇ ਗੁਆਂਢ ਇੱਕ ਆਦਮੀ ਸੀ, ਜਿਹੜਾ ਬਹੁਤ ਬੁਰਾ ਆਦਮੀ ਸੀ। ਲੁਟੇਰਾ, ਚੋਰ, ਬੇਈਮਾਨ, ਦਗਾਬਾਜ਼, ਹੱਤਿਆਰਾ.....ਸਭ ਤਰ੍ਹਾਂ ਦੇ ਪਾਪ ਉਸਨੇ ਕੀਤੇ ਸੀ। ਪੂਰਾ ਪਿੰਡ ਉਸ ਤੋਂ ਭੈ-ਭੀਤ ਸੀ। ਇੱਕ ਦਿਨ ਬਾਏਜ਼ੀਦ ਨੇ ਪ੍ਰਾਰਥਨਾ ਕੀਤੀ। ਪਰਮਾਤਮਾ ਨੂੰ ਕਿਹਾ, "ਮੈਂ ਤੈਥੋਂ ਕਦੇ ਕੁਝ ਨਹੀਂ ਮੰਗਿਆ। ਲੇਕਿਨ ਇਹ ਆਦਮੀ ਹੁਣ ਬਹੁਤ ਜ਼ਿਆਦਾ ਉਪੱਦਰ ਕਰ ਰਿਹਾ ਹੈ। ਇਸ ਆਦਮੀ ਨੂੰ ਹਟਾ ਲੈ।"

ਤਾਂ ਬਾਏਜ਼ੀਦ ਨੇ ਆਪਣੇ ਅੰਦਰੋਂ ਆਵਾਜ਼ ਸੁਣੀ ਕਿ ਮੈਂ ਉਸਦੇ ਕੋਲੋਂ ਨਹੀਂ ਥੱਕਿਆ ਤਾਂ ਤੂੰ ਉਸ ਤੋਂ ਕਿਉਂ ਥੱਕ ਗਿਆ ਏਂ ਅਤੇ ਮੈਨੂੰ ਜਦ ਹੁਣ ਵੀ ਉਸਦੇ ਉਤੇ ਭਰੋਸਾ ਹੈ, ਤਾਂ ਤੂੰ ਵੀ ਭਰੋਸਾ ਰੱਖ।

ਕਿੰਨੇ ਹੀ ਪਾਪ ਤੁਸੀਂ ਕੀਤੇ ਹੋਣ, ਕਿੰਨਿਆਂ ਹੀ ਜਨਮਾਂ ਤੱਕ, ਪਰਮਾਤਮਾ ਨੂੰ ਤੁਸੀਂ ਥਕਾ ਨਹੀਂ ਸਕਦੇ। ਨਾ ਭੋਗ ਨਾਲ ਚੁਕਾ ਸਕਦੇ ਹੋ, ਨਾ ਪਾਪਾਂ ਨਾਲ ਥਕਾ ਸਕਦੇ ਹੋ। ਉਹ ਹੁਣ ਵੀ ਆਵਾਜ਼ ਦੇਈ ਜਾਂਦਾ ਹੈ। ਉਹ ਕਦੇ ਨਿਰਾਸ਼ ਨਹੀਂ ਹੁੰਦਾ।

ਅਤੇ ਜੇਕਰ ਤੁਸੀਂ ਜ਼ਰਾ ਸ਼ਾਂਤ ਹੋ ਕੇ ਸੁਣੋ, ਉਸਦੀ ਮੱਧਮ ਆਵਾਜ਼ ਤੁਹਾਨੂੰ ਸੁਣਾਈ ਦੇਵੇਗੀ। ਅਤੇ ਜਦ ਵੀ ਤੁਸੀਂ ਕੁਝ ਕਰਦੇ ਹੋ, ਉਹ ਆਵਾਜ਼ ਤੁਹਾਨੂੰ ਰਾਹ ਦੱਸਦੀ ਹੈ।

ਨਾਨਕ ਕਹਿੰਦੇ ਹਨ, ਉਹ ਹੁਕਮੀ ਹੁਕਮ ਨਾਲ ਮਾਰਗ ਦਰਸ਼ਨ ਕਰਦਾ ਹੈ।

ਇਸ ਲਈ ਤਾਂ ਉਹ ਉਸਨੂੰ ਹੁਕਮੀ ਹੁਕਮ ਕਹਿ ਰਹੇ ਹਨ, ਕਿਉਂਕਿ ਉਸਦਾ ਹੁਕਮ ਆਉਂਦਾ ਹੈ। ਤੁਹਾਡੇ ਹਿਰਦੇ ਵਿੱਚ ਦਬਿਆ ਹੋਇਆ ਜਿਹੜਾ ਅੰਤ: ਕਰਣ ਹੈ, ਉਹ ਉਸ ਦੀ ਆਵਾਜ਼ ਦਾ ਯੰਤਰ ਹੈ, ਉਥੋਂ ਉਹ ਬੋਲਦਾ ਹੈ। ਕੁਝ ਵੀ ਕਰਨ ਤੋਂ ਪਹਿਲਾਂ ਅੱਖਾਂ ਬੰਦ ਕਰਕੇ ਪਹਿਲਾਂ ਉਸਦੀ ਆਵਾਜ਼ ਸੁਣ ਲੈਣਾ। ਜੇਕਰ ਤੁਸੀਂ ਉਸਦੀ ਆਵਾਜ਼ ਦੇ ਅਨੁਸਾਰ ਚਲੇ, ਤਾਂ ਤੁਹਾਡੇ ਜੀਵਨ ਵਿੱਚ ਆਨੰਦ ਦੀ ਅਪਰੰਪਾਰ ਵਰਖਾ ਹੋਏਗੀ। ਜੇ ਤੁਸੀਂ ਉਸਦੇ ਉਲਟ ਚਲੇ, ਤਾਂ ਤੁਸੀਂ ਨਰਕ ਆਪਣੇ ਹਥੀਂ ਉਸਾਰ ਲਵੋਗੇ। ਜੇਕਰ ਤੁਸੀਂ ਆਵਾਜ਼ ਨਾ ਸੁਣੀ ਤਾਂ ਤੁਸੀਂ ਪਿੱਠ ਕਰ ਲਈ। ਤੁਸੀਂ ਵੱਡਾ ਖ਼ਤਰਨਾਕ ਕਦਮ ਚੁੱਕ ਰਹੇ ਹੋ। ਕੁਝ ਵੀ ਕਰਨ ਤੋਂ ਪਹਿਲਾਂ ਅਤੇ ਕੁਝ ਵੀ ਨਿਰਣਾ

ਲੈਣ ਤੋਂ ਪਹਿਲਾਂ, ਅੱਖਾਂ ਬੰਦ ਕਰਕੇ ਉਸਦੇ ਕੋਲੋਂ ਪੁੱਛ ਲੈਣਾ। ਇਹ ਹੀ ਤਾਂ ਸਾਰੇ ਧਿਆਨ ਦਾ ਸੂਤਰ ਹੈ, ਕਿ ਪਹਿਲਾਂ ਓਸੀਂ ਪੁੱਛਾਂਗੇ, ਪਹਿਲਾਂ ਅਸੀਂ ਹੁਕਮ ਲਵਾਂਗੇ, ਫ਼ਿਰ ਅਸੀਂ ਚੱਲਾਂਗੇ।

ਇੱਕ ਵੀ ਕਦਮ ਅਸੀਂ ਬਿਨਾ ਹੁਕਮ ਤੋਂ ਨਹੀਂ ਪੁੱਟਾਂਗੇ। ਅੱਖਾਂ ਬੰਦ ਕਰਕੇ ਉਸਦੀ ਆਵਾਜ਼ ਪਹਿਲਾਂ ਸੁਣ ਲਵਾਂਗੇ। ਅਸੀਂ ਆਪਣੀ ਆਵਾਜ਼ ਨਾਲ ਨਹੀਂ ਟੁਰਾਂਗੇ। ਉਸਦੀ ਆਵਾਜ਼ ਨਾਲ ਟੁਰਾਂਗੇ।

ਹੋਰ ਇੱਕ ਵਾਰ ਤੁਹਾਨੂੰ ਇਹ ਕੁੰਜੀ ਮਿਲ ਜਾਏ ਤਾਂ ਇਹ ਕੁੰਜੀ ਅਨੰਤ ਦੁਆਰ ਖੋਲ੍ਹ ਦੇਂਦੀ ਹੈ।

ਅਤੇ ਇਹ ਕੁੰਜੀ ਤੁਹਾਡੇ ਅੰਦਰ ਹੈ। ਹਰ ਬੱਚਾ ਲੈ ਕੇ ਆਉਂਦਾ ਹੈ। ਪਰ ਬੁੱਧੀ ਦਾ ਅਸੀਂ ਵਿਕਾਸ ਕਰਵਾਉਂਦੇ ਹਾਂ, ਅੰਤ : ਕਰੇਣ ਦਾ ਕੋਈ ਵਿਕਾਸ ਨਹੀਂ। ਕਾਂਸ਼ੀਅਸ— ਅੰਤ:ਕਰਣ ਅਧੂਰਾ ਰਹਿ ਜਾਂਦਾ ਹੈ, ਅਵਿਕਸਿਤ ਰਹਿ ਜਾਂਦਾ ਹੈ ਅਤੇ ਉਸਦੇ ਉਪਰ ਅਸੀਂ ਬੁੱਧੀ ਦੇ ਏਨੇ ਵਿਚਾਰ ਥੋਪ ਦਿੰਦੇ ਹਾਂ, ਏਨੀ ਮੋਟੀ ਪਰਤ ਚੜ੍ਹਾ ਦਿੰਦੇ ਹਾਂ ਕਿ ਆਵਾਜ਼ ਗੂੰਜਦੀ ਵੀ ਰਹੇ ਤਾਂ ਵੀ ਸਾਨੂੰ ਪਤਾ ਨਹੀਂ ਲੱਗਦਾ।

ਅੰਦਰ ਦੀ ਇਸ ਆਵਾਜ਼ ਨੂੰ ਸੁਣਨ ਦੀ ਕਲਾ ਹੀ ਧਿਆਨ ਹੈ। ਉਸਦੇ ਹੁਕਮ ਦਾ ਪਤਾ ਲਾਉਣਾ ਜ਼ਰੂਰੀ ਹੈ। ਉਹ ਕੀ ਚਾਹੁੰਦਾ ਹੈ? ਉਸਦੀ ਕੀ ਮਰਜ਼ੀ ਹੈ?

ਉਹ ਹੁਕਮੀ ਹੁਕਮ ਨਾਲ ਮਾਰਗ ਦਰਸ਼ਨ ਕਰਦਾ ਹੈ ਅਤੇ ਨਾਨਕ ਕਹਿੰਦੇ ਹਨ—

*"ਹੁਕਮੀ ਹੁਕਮੁ ਚਲਾਏ ਰਾਹੁ" ॥ 'ਨਾਨਕ' ਵਿਗਸੈ ਵੇਪਰਵਾਹੁ ॥*

ਨਾਨਕ ਕਹਿੰਦੇ ਹਨ ਉਹ ਬੇਪਰਵਾਹ ਹੈ ਅਤੇ ਆਨੰਦਿਤ ਹੈ। ਇੱਕ ਤਾਂ ਪਰਵਾਹ ਦਾ ਅਰਥ ਹੁੰਦਾ ਹੈ ਚਿੰਤਾ। ਉਹ ਤੁਹਾਨੂੰ ਦੇਈ ਜਾਂਦਾ ਹੈ ਅਤੇ ਦੇ ਕੇ ਕੋਈ ਉਮੀਦ ਨਹੀਂ ਕਰਦਾ। ਕੋਈ ਜਵਾਬ ਨਹੀਂ ਚਾਹੁੰਦਾ। ਆਵਾਜ਼ ਦੇਈ ਜਾਂਦਾ ਹੈ। ਤੁਸੀਂ ਸੁਣੋ ਜਾਂ ਨਾ ਸੁਣੋ, ਦੇਈ ਜਾਂਦਾ ਹੈ। ਪਰਵਾਹ ਨਹੀਂ ਕਰਦਾ ਇਸ ਗੱਲ ਦੀ, ਕਿ ਤੁਸੀਂ ਨਹੀਂ ਸੁਣ ਰਹੇ ਹੋ, ਬੰਦ ਕਰੋ। ਬਹੁਤ ਹੋ ਗਿਆ। ਇਸ ਆਦਮੀ ਨੂੰ ਹਟਾ ਲਓ।

ਪਰਮਾਤਮਾ ਨੂੰ ਤੁਸੀਂ ਚਿੰਤਾ ਵਿੱਚ ਨਹੀਂ ਪਾ ਸਕਦੇ। ਇਸ ਲਈ ਜਿਸ ਮਨੁੱਖ ਨੂੰ ਪਰਮਾਤਮਾ ਦੀ ਪ੍ਰਤੀਤੀ ਹੋਣ ਲੱਗਦੀ ਹੈ ਤੁਸੀਂ ਉਸਨੂੰ ਵੀ ਚਿੰਤਾ ਵਿੱਚ ਨਹੀਂ ਸਕਦੇ।

**He will be both simultaneously concerned and unconcerned.** ਉਹ ਤੁਹਾਡੀ ਪਰਵਾਹ ਵੀ ਕਰੇਗਾ ਅਤੇ ਬੇਪਰਵਾਹ ਵੀ ਹੋਏਗਾ। ਤੁਸੀਂ ਉਸਨੂੰ ਚਿੰਤਾ ਵਿੱਚ ਨਹੀਂ ਪਾ ਸਕਦੇ।

ਏਧਰ ਮੈਂ ਹਾਂ। ਪਤਾ ਨਹੀਂ ਕਿੰਨਿਆਂ ਲੋਕਾਂ ਦੀ ਪਰਵਾਹ ਕਰਦਾ ਹਾਂ, ਫਿਰ ਵੀ ਬੇਪਰਵਾਹ ਹਾਂ। ਤੁਸੀਂ ਆਉਂਦੇ ਹੋ ਆਪਣਾ ਦੁੱਖ ਲੈ ਕੇ। ਮੈਂ ਪੂਰੀ ਪਰਵਾਹ ਕਰਦਾ ਹਾਂ, ਲੇਕਿਨ ਉਸਦੇ ਨਾਲ ਤੁਸੀਂ ਮੈਨੂੰ ਚਿੰਤਿਤ ਨਹੀਂ ਕਰ ਦਿੰਦੇ। ਤੁਹਾਡੇ ਦੁੱਖ ਨਾਲ ਮੈਂ ਦੁਖੀ ਨਹੀਂ ਹੋ ਜਾਂਦਾ। ਕਿਉਂਕਿ ਜੇਕਰ ਤੁਹਾਡੇ ਦੁੱਖ ਨਾਲ ਮੈਂ ਦੁਖੀ ਹੋ ਜਾਵਾਂ ਤਾਂ ਫਿਰ ਮੈਂ ਤੁਹਾਡਾ ਸਾਥ ਹੀ ਨਹੀਂ ਦੇ ਸਕਾਂਗਾ। ਜ਼ਰੂਰੀ ਹੈ ਕਿ ਮੈਂ ਤੁਹਾਡੇ ਦੁੱਖ ਨੂੰ ਹਮਦਰਦੀ ਨਾਲ ਸਮਝਾਂ। ਤੁਹਾਡੇ ਦੁੱਖ ਵਾਸਤੇ ਉਪਾਅ ਕਰਾਂ, ਉਪਾਅ ਸੋਚਾਂ, ਲੇਕਿਨ ਪਰਵਾਹ ਮੈਨੂੰ ਪੈਦਾ ਨਾ ਹੋਵੇ। ਤੁਹਾਡੀ ਚਿੰਤਾ ਮੈਨੂੰ ਨਾ ਫੜੇ ਅਤੇ ਇਹ ਵੀ ਜ਼ਰੂਰੀ ਹੈ ਕਿ ਕੱਲ੍ਹ ਜੋ ਮੈਂ ਤੁਹਾਨੂੰ ਦੱਸਿਆ ਹੈ ਉਹ ਨਾ ਕਰਕੇ ਆਓ ਤਾਂ ਮੇਰੇ ਵਿੱਚ ਨਾਰਾਜ਼ਗੀ ਨਾ ਆਵੇ ਕਿ ਮੈਂ ਏਨੀ ਪਰਵਾਹ ਕੀਤੀ ਅਤੇ ਤੁਸੀਂ ਨਹੀਂ ਕੀਤਾ। ਤੁਸੀਂ ਜਦ ਆਓ ਕੱਲ੍ਹ ਬਿਨਾ ਕੀਤੇ—ਅਤੇ ਆਓਗੇ ਹੀ ਬਿਨਾਂ ਕੀਤੇ! ਤਾਂ ਫਿਰ ਤੁਹਾਡੀ ਪਰਵਾਹ ਕਰਾਂ, ਲੇਕਿਨ ਮੈਂ ਬੇਪਰਵਾਹ ਰਹਾਂ।

ਪਰਮਾਤਮਾ ਨੂੰ ਸਾਰੇ ਸੰਸਾਰ ਦੀ ਪਰਵਾਹ ਹੈ ਅਤੇ ਬੇਪਰਵਾਹ ਹੈ। ਉਹ ਸਦਾ ਰਾਜ਼ੀ ਹੈ ਤੁਹਾਨੂੰ ਉਠਾਉਣ ਲਈ। ਲੇਕਿਨ ਕਿਸੇ ਕਾਹਲੀ ਵਿੱਚ ਨਹੀਂ ਹੈ ਅਤੇ ਤੁਸੀਂ ਜੇਕਰ ਸੋਚਦੇ ਹੋ ਕੁਝ ਦੇਰ ਭਟਕਣ ਦਾ ਮਜ਼ਾ ਲੈਣਾ ਹੈ, ਤਾਂ ਉਹ ਬੇਪਰਵਾਹ ਹੈ।

ਉਸਦੀ ਪਰਵਾਹ ਦਾ ਅੰਤ ਨਹੀਂ ਹੈ ਲੇਕਿਨ ਉਸਦੀ ਪਰਵਾਹ ਬੇਲਾਗ ਹੈ। ਇਸ ਲਈ ਤਾਂ ਉਹ ਆਨੰਦ ਵਿੱਚ ਹੈ। ਨਹੀਂ ਤਾਂ ਉਹ ਹੁਣ ਤੱਕ ਕਿਹੜੀ ਹਾਲਤ ਵਿੱਚ ਹੋ ਜਾਂਦਾ। ਪਾਗਲ ਹੋ ਜਾਂਦਾ। ਤੁਸੀਂ ਸੋਚੋ, ਤੁਹਾਡੇ ਵਰਗੇ ਕਿੰਨੇ ਲੋਕੀਂ, ਕਿੰਨੇ ਤਰ੍ਹਾਂ ਦੇ ਉਪੱਦਰ। ਅਤੇ ਪਰਮਾਤਮਾ ਇੱਕ ਅਤੇ ਤੁਸੀਂ ਅਨੇਕ, ਤੁਸੀਂ ਉਸਨੂੰ ਕਦੋਂ ਦਾ ਪਾਗਲ ਕਰ ਦਿੱਤਾ ਹੁੰਦਾ। ਅਸਤਿਤਵ ਬੇਪਰਵਾਹ ਹੋਵੇ ਤਾਂ ਹੀ ਪਾਗਲ ਹੋਣ ਤੋਂ ਬਚ ਸਕਦਾ ਹੈ।

ਲੇਕਿਨ ਬੇਪਰਵਾਹ ਦਾ ਅਰਥ ਇੰਨਡਿਫਰੈਂਨਮ ਨਹੀਂ ਹੈ, ਬੇਪਰਵਾਹੀ ਨਹੀਂ ਹੈ। ਇਹ ਬਹੁਤ ਬਰੀਕ ਹੈ। ਤੁਹਾਡੇ ਲਈ ਪੂਰੀ ਦੀ ਪੂਰੀ ਕੋਸ਼ਿਸ਼ ਹੈ। ਤੁਹਾਨੂੰ ਬਦਲਣ ਦੀ, ਰੂਪਾਂਤਰਿਤ ਕਰਨ ਅਤੇ ਉਠਾਉਣ ਦਾ ਪੂਰਾ ਭਾਵ ਹੈ। ਪਰ ਭਾਵ ਜ਼ਬਰਦਸਤੀ ਤੋਂ ਬਿਨਾਂ ਹੈ। ਉਹ ਜ਼ਬਰਦਸਤੀ ਨਹੀਂ ਕਰੇਗਾ। ਉਹ ਇੰਤਜ਼ਾਮ ਕਰੇਗਾ। ਇਵੇਂ ਹੀ ਜਿਵੇਂ ਸੂਰਜ ਤੁਹਾਡੇ ਦਰਵਾਜ਼ੇ ਤੇ ਦਸਤਕ ਦੇ ਰਿਹਾ ਹੈ। ਕਿਰਣਾਂ ਤੁਹਾਡੇ ਦਰਵਾਜ਼ੇ ਤੇ ਦਸਤਕ ਦੇ ਰਹੀਆਂ ਹਨ, ਅਤੇ ਤੁਸੀਂ ਦਰਵਾਜ਼ਾ ਬੰਦ ਕਰਕੇ ਅੰਦਰ ਬੈਠੇ ਹੋ, ਤਾਂ ਸੂਰਜ ਜ਼ਬਰਦਸਤੀ ਨਹੀਂ ਵੜੇਗਾ, ਰੁਕੇਗਾ। ਅਤੇ ਇਵੇਂ ਵੀ ਨਹੀਂ, ਕਿ ਨਾਰਾਜ਼ ਹੋ ਕੇ ਮੁੜ ਜਾਏ ਇਸ ਆਦਮੀ ਦਾ ਦਰਵਾਜ਼ਾ ਬੰਦ ਹੈ, ਚਲੋ। ਹੁਣ ਕਦੇ ਏਥੇ ਨਹੀਂ ਆਵਾਂਗਾ। ਰੁਕੇਗਾ, ਤੁਸੀਂ ਜਦ ਦਰਵਾਜ਼ਾ ਖੋਲ੍ਹੋਗੇ, ਅੰਦਰ ਆ ਜਾਏਗਾ।

ਪਰਮਾਤਮਾ ਤੁਹਾਡੇ ਲਈ ਚਿੰਤਿਤ ਹੈ। ਕੁਦਰਤ ਤੁਹਾਡੇ ਲਈ ਚਿੰਤਿਤ ਹੈ। ਹੋਵੇਗੀ ਹੀ। ਕਿਉਂਕਿ ਕੁਦਰਤ ਤੁਹਾਨੂੰ ਜਨਮ ਦੇਂਦੀ ਹੈ। ਕੁਦਰਤ ਤੁਹਾਨੂੰ ਵਿਕਸਿਤ ਕਰਦੀ ਹੈ। ਕੁਦਰਤ ਨੂੰ ਤੁਹਾਡੇ ਤੋਂ ਬਹੁਤ ਉਮੀਦਾਂ ਹਨ। ਕੁਦਰਤ ਦੀਆਂ ਤੁਹਾਡੇ ਪ੍ਰਤੀ ਬਹੁਤ ਉਮੀਦਾਂ ਹਨ। ਕੁਦਰਤ ਤੁਹਾਡੇ ਅੰਦਰੋਂ ਚੇਤਨ ਹੋਣ ਦੀ ਕੋਸ਼ਿਸ਼ ਕਰ ਰਹੀ ਹੈ। ਕੁਦਰਤ ਤੁਹਾਡੇ ਅੰਦਰੋਂ ਬੁੱਧਤਵ ਪਾਉਣ ਦੀ ਕੋਸ਼ਿਸ਼ ਕਰ ਰਹੀ ਹੈ। ਪਰਮਾਤਮਾ ਤੁਹਾਡੇ ਅੰਦਰ ਕੁਝ ਫੁੱਲ ਉਗਾਉਣ ਦੇ ਯਤਨ ਵਿੱਚ ਲੱਗਿਆ ਹੈ। ਪਰ ਜੇਕਰ ਤੁਸੀਂ ਦੇਰੀ ਕਰ ਰਹੇ ਹੋ ਤਾਂ ਉਸਦੇ ਨਾਲ ਉਹ ਚਿੰਤਿਤ ਨਹੀਂ ਹੋਏਗਾ, ਪਰੇਸ਼ਾਨ ਨਹੀਂ ਹੋਏਗਾ। ਉਹ ਬੇ-ਲਾਗ ਰਹੇਗਾ।

ਤੁਸੀਂ ਉਸਦੀ ਨਾ ਸੁਣੋਗੇ, ਨਾ ਸੁਣੋਗੇ, ਨਾ ਸੁਣੋਗੇ ਭਟਕੋਗੇ। ਹੋਰ ਸਭ ਕਰੋਗੇ ਸਿਵਾਏ ਉਸਦੀ ਸੁਣਨ ਤੋਂ, ਉਹ ਉਸ ਤੋਂ ਪੀੜਤ ਅਤੇ ਪਰੇਸ਼ਾਨ ਨਹੀਂ ਹੋਏਗਾ।

ਜੇਕਰ ਤੁਸੀਂ ਦੋਵੇਂ ਗੱਲਾਂ ਇਕੱਠੀਆਂ ਸਮਝ ਸਕੋ, ਤਦ ਤੁਸੀਂ ਸਮਝ ਸਕਦੇ ਹੋ ਕਿ ਕੁਦਰਤ ਆਨੰਦ ਨਾਲ ਭਰੀ ਹੈ ਪਰਮਾਤਮਾ ਆਨੰਦ ਹੈ।

ਨਾਨਕ ਕਹਿੰਦੇ ਹਨ, "ਹੁਕਮੀ ਹੁਕਮੁ ਚਲਾਏ ਰਾਹੁ" ਦੇਂਦਾ ਹੈ ਹੁਕਮ ਰਾਹ ਦੱਸਦਾ ਹੈ, ਫੇਰ ਵੀ, "ਨਾਨਕ ਵਿਗਸੈ ਵੇਪਰਵਾਹੁ।" ਪਰ ਫ਼ਿਰ ਵੀ ਬੇਪਰਵਾਹ ਹੈ ਅਤੇ ਪਰਮ ਆਨੰਦ ਵਿੱਚ ਫ਼ਲਦਾ ਫੁੱਲਦਾ ਰਹਿੰਦਾ ਹੈ। ਉਸਦਾ ਫੁੱਲ ਖਿੜਿਆ ਰਹਿੰਦਾ ਹੈ।

ਸਾਡੇ ਲਈ ਔਖਾ ਹੈ, ਕਿਉਂਕਿ ਦੋ ਗੱਲਾਂ ਸਾਨੂੰ ਸੌਖੀਆਂ ਦਿਸਦੀਆਂ ਹਨ: ਜਾਂ ਤਾਂ ਅਸੀਂ ਪਰਵਾਹ ਕਰਦੇ ਹਾਂ, ਤਾਂ ਚਿੰਤਾ ਪੈਦਾ ਹੁੰਦੀ ਹੈ। ਜੇ ਪਰਵਾਹ ਛੱਡ ਦੇਈਏ, ਤਾਂ ਚਿੰਤਾ ਛੁਟ ਜਾਂਦੀ ਹੈ। ਇਸ ਲਈ ਤਾਂ ਅਸੀਂ ਸੰਸਾਰ ਅਤੇ ਸੰਨਿਆਸ ਨੂੰ ਵੱਖਰਾ-ਵੱਖਰਾ ਕਰ ਲਿਆ ਹੈ। ਕਿਉਂਕਿ ਜੇਕਰ ਘਰ ਵਿੱਚ ਰਹੋਗੇ, ਪਰਵਾਹ ਕਰੋਗੇ, ਤਾਂ ਪਰਵਾਹ ਕਰਦੇ ਹੋਏ ਬੇ-ਪਰਵਾਹ ਕਿਵੇਂ ਹੋਵੋਗੇ? ਪਤਨੀ ਦੀ ਫਿਕਰ ਹੋਏਗੀ, ਬੀਮਾਰ ਹੋਏਗੀ ਤਾਂ ਚਿੰਤਾ ਫੜੇਗੀ, ਰਾਤੀਂ ਸੌਂ ਨਾ ਸਕੋਗੇ। ਬੱਚਾ ਰੋਗੀ ਹੋਏਗਾ ਤਾਂ ਫਿਕਰ ਹੋਏਗੀ, ਚਿੰਤਾ ਫੜੇਗੀ, ਇਲਾਜ ਕਰਨਾ ਪਏਗਾ, ਅਤੇ ਨਹੀਂ ਠੀਕ ਹੋਇਆ ਤਾਂ ਪੀੜਾ ਹੋਏਗੀ। ਤਾਂ ਅਸੀਂ ਭੱਜ ਜਾਂਦੇ ਹਾਂ। ਨਾ ਵਿਖਾਈ ਪੈਣਗੇ, ਤਾਂ ਪਤਨੀ-ਬੱਚੇ ਭੁੱਲ ਜਾਣਗੇ। ਜਿਹੜਾ ਅੱਖਾਂ ਤੋਂ ਓਹਲੇ ਹੋਇਆ, ਉਹ ਚਿੱਤ ਤੋਂ ਵੀ ਭੁੱਲ ਜਾਂਦਾ ਹੈ। ਤਾਂ ਪਹਾੜਾਂ 'ਤੇ ਭੱਜ ਜਾਂਦੇ ਹਨ। ਪਿੱਠ ਕਰ ਲੈਂਦੇ ਹਨ। ਹੌਲੀ-ਹੌਲੀ ਵਿਸਮ੍ਰਿਤੀ (ਭੁੱਲ ਜਾਣਾ) ਹੋ ਜਾਏਗੀ।

ਦੋ ਗੱਲਾਂ ਸਾਨੂੰ ਵਿਖਾਈ ਦਿੰਦੀਆਂ ਹਨ। ਜੇਕਰ ਅਸੀਂ ਸੰਸਾਰ ਵਿੱਚ ਰਹਾਂਗੇ ਤਾਂ ਪਰਵਾਹ ਕਰਾਂਗੇ। ਪਰਵਾਹ ਕਰਾਂਗੇ ਤਾਂ ਚਿੰਤਾ ਹੋਏਗੀ। ਚਿੰਤਾ ਵਿੱਚ ਆਨੰਦ ਦਾ ਕੋਈ

ਉਪਾਅ ਨਹੀਂ। ਤਾਂ ਫ਼ਿਰ ਅਸੀਂ ਇਵੇਂ ਕਰਾਂਗੇ, ਬੇ-ਪਰਵਾਹ ਹੋ ਜਾਵਾਂਗੇ ਛੱਡ ਕੇ ਭੱਜ ਜਾਵਾਂਗੇ, ਉਥੇ ਚਿੰਤਾ ਨਹੀਂ ਹੋਏਗੀ। ਤਾਂ ਆਨੰਦ ਦੀ ਸੰਭਾਵਨਾ ਵਧੇਗੀ।

ਲੇਕਿਨ ਇਹ ਪਰਮਾਤਮਾ ਦਾ ਰਾਹ ਨਹੀਂ। ਇਸ ਲਈ ਨਾਨਕ ਗ੍ਰਹਿਸਥ ਬਣੇ ਰਹੇ ਅਤੇ ਸੰਨਿਆਸੀ ਵੀ। ਫਿਕਰ ਵੀ ਕਰਦੇ ਰਹੇ ਅਤੇ ਬੇ-ਫ਼ਿਕਰੀ ਵੀ। ਅਤੇ ਇਹ ਹੀ ਕਲਾ ਹੈ, ਇਹ ਹੀ ਸਾਧਨਾ ਹੈ, ਕਿ ਤੁਸੀਂ ਚਿੰਤਾ ਵੀ ਪੂਰੀ ਲੈਂਦੇ ਹੋ ਅਤੇ ਨਿਸ਼ਚਿੰਤ ਬਣੇ ਰਹਿੰਦੇ ਹੋ। ਬਾਹਰ-ਬਾਹਰ ਸਭ ਕੁਝ ਕਰਦੇ ਹੋ, ਅੰਦਰ-ਅੰਦਰ ਕੁਝ ਨਹੀਂ ਛੁਹੰਦਾ। ਪੁੱਤਰ ਦੀ ਫ਼ਿਕਰ ਲੈਂਦੇ ਹੋ, ਪੜ੍ਹਾਉਂਦੇ ਹੋ। ਬਿਗੜ ਜਾਏ ਤਾਂ, ਨਾ ਪੜ੍ਹ ਸਕੇ ਤਾਂ, ਹਾਰ ਜਾਏ ਤਾਂ.....ਤਾਂ ਇਸਦੇ ਨਾਲ ਚਿੰਤਾ ਪੈਦਾ ਨਹੀਂ ਹੁੰਦੀ।

ਜਦ ਤੱਕ ਤੁਸੀਂ ਦੋਹਾਂ ਨੂੰ ਜੋੜ ਨਾ ਦਿਓ, ਸੰਸਾਰ ਵਿੱਚ ਰਹਿੰਦੇ ਹੋਏ ਸੰਨਿਅਸਤ ਨਾ ਹੋ ਜਾਓ, ਤਦ ਤੱਕ ਤੁਸੀਂ ਪਰਮਾਤਮਾ ਤੱਕ ਨਹੀਂ ਪਹੁੰਚ ਸਕੋਗੇ। ਕਿਉਂਕਿ ਪਰਮਾਤਮਾ ਦਾ ਢੰਗ ਇਹ ਹੀ ਹੈ। ਉਹ ਸੰਸਾਰ ਵਿੱਚ ਲੁਕਿਆ ਹੋਇਆ ਹੈ ਅਤੇ ਸੰਨਿਅਸਤ ਹੈ। ਜਿਹੜਾ ਉਸਦਾ ਢੰਗ ਹੈ, ਛੋਟੀ ਮਾਤਰਾ ਵਿੱਚ ਉਹੀ ਢੰਗ ਤੁਹਾਡਾ ਚਾਹੀਦਾ ਹੈ। ਤਦ ਹੀ ਤੁਸੀਂ ਉਸ ਤੱਕ ਪੁੱਜ ਸਕੋਗੇ।

ਬੱਚਾ ਬੀਮਾਰ ਹੈ ਤਾਂ ਦਵਾਈ ਦਿਓ। ਪੂਰੀ ਚਿੰਤਾ ਲਓ, ਲੇਕਿਨ ਚਿੰਤਿਤ ਹੋਣ ਦੀ ਕੀ ਜ਼ਰੂਰਤ ਹੈ? ਪੂਰੀ ਫ਼ਿਕਰ ਕਰੋ, ਪਰਵਾਹ ਪੂਰੀ ਕਰੋ, ਲੇਕਿਨ ਇਸਦੇ ਨਾਲ ਅੰਦਰ ਦੀ ਬੇ-ਪਰਵਾਹੀ ਨੂੰ ਮਿਟਾਉਣ ਦਾ ਕੀ ਕਾਰਣ ਹੈ?

ਬਾਹਰ-ਬਾਹਰ ਸੰਸਾਰ ਵਿੱਚ, ਅੰਦਰ-ਅੰਦਰ ਪਰਮਾਤਮਾ ਵਿੱਚ। ਪਰਿਧੀ (ਪ੍ਰਭਾ ਮੰਡਲ) ਛੁਹੰਦੀ ਰਹੇ ਸੰਸਾਰ ਨੂੰ, ਕੇਂਦਰ ਬਣਿਆ ਰਹੇ ਅਛੂਤਾ। ਇਹ ਹੀ ਸਾਰ ਹੈ।

ਇਸ ਲਈ ਨਾਨਕ ਤੋਂ ਲੋਕ ਬਹੁਤ ਪਰੇਸ਼ਾਨ ਸੀ। ਕਿਉਂਕਿ ਉਹ ਤਾਂ ਸੀ ਗ੍ਰਹਿਸਥ ਅਤੇ ਕਪੜੇ-ਲਤੇ ਪਾ ਲਏ ਸਨ ਸੰਨਿਆਸੀਆਂ ਵਰਗੇ। ਲੋਕ ਸਮਝ ਹੀ ਨਹੀਂ ਸਕਦੇ ਸੀ ਕਿ ਮਾਮਲਾ ਕੀ ਹੈ? ਹਿੰਦੂ ਪੁੱਛਦੇ ਤੁਸੀਂ ਗ੍ਰਹਿਸਥ ਹੋ ਕਿ ਸੰਨਿਆਸੀ? ਤੁਸੀਂ ਗੱਲਾਂ ਸੰਨਿਆਸੀਆਂ ਵਾਂਗੂੰ ਕਰਦੇ ਹੋ, ਤੁਹਾਡਾ ਰੰਗ-ਢੰਗ ਸੰਨਿਆਸੀ ਵਾਲਾ ਹੈ ਫ਼ਿਰ ਘਰ, ਬੱਚੇ-ਪਤਨੀ ਹੈ। ਤੁਸੀਂ ਮੁੜ ਕੇ ਘਰ ਵੀ ਪਰਤ ਜਾਂਦੇ ਹੋ। ਬੱਚਾ ਵੀ ਹੋਇਆ ਹੈ, ਪਿੰਡ ਮੁੜ ਕੇ ਤੁਸੀਂ ਖੇਤੀ-ਬਾੜੀ ਵੀ ਕਰਦੇ ਹੋ। ਤੁਸੀਂ ਕਿਸ ਤਰ੍ਹਾਂ ਦੇ ਸੰਨਿਆਸੀ ਹੋ?

ਚੇਤੇ ਰਹੇ, ਉਹ ਹੀ ਉਨ੍ਹਾਂ ਤੋਂ ਮੁਸਲਮਾਨ ਪੁੱਛਦੇ ਕਿ ਤੁਹਾਡਾ ਭੇਸ ਤਾਂ ਫ਼ਕੀਰੀ ਦਾ ਹੈ ਫ਼ਿਰ ਤੁਸੀਂ ਘਰ-ਗ੍ਰਹਿਸਤ ਛੱਡ ਕਿਉਂ ਨਹੀਂ ਦਿੱਤੀ? ਅਨੇਕ ਥਾਵਾਂ ਤੇ ਅਨੇਕ ਗੁਰੂਆਂ ਨੇ ਉਨ੍ਹਾਂ ਨੂੰ ਕਿਹਾ ਕਿ ਤੁਸੀਂ ਸਭ ਕੁਝ ਛੱਡ ਕੇ ਸਾਡੇ ਚੇਲੇ ਬਣ ਜਾਓ। ਛੱਡ ਦਿਓ ਸਾਰਾ ਕੁਝ। ਲੇਕਿਨ ਨਾਨਕ ਨੂੰ ਉਸ ਮਾਮਲੇ ਵਿੱਚ ਕਦੇ ਵੀ ਫ਼ਰਕ ਨਹੀਂ

ਪਿਆ। ਉਹ ਸਾਰਿਆਂ ਦੇ ਵਿਚਕਾਰ ਰਹਿੰਦੇ ਹੋਏ। ਸਾਰਿਆਂ ਤੋਂ ਬਾਹਰ ਰਹਿਣ ਦੀ ਕਲਾ ਹੀ ਸਾਧਦੇ ਰਹੇ ਅਤੇ ਉਹ ਹੀ ਪਰਮਾਤਮਾ ਦਾ ਢੰਗ ਹੈ। ਉਹ ਹੀ ਸਾਧਕ ਦਾ ਢੰਗ ਹੋਣਾ ਚਾਹੀਦਾ ਹੈ।

ਮੇਰੇ ਕੋਲ ਲੋਕ ਆਉਂਦੇ ਹਨ। ਉਹ ਕਹਿੰਦੇ ਹਨ ਕਿ ਤੁਸੀਂ ਕੀ ਕਰ ਰਹੇ ਹੋ? ਗ੍ਰਹਿਸਥੀਆਂ ਨੂੰ ਸੰਨਿਆਸੀਆਂ ਦੇ ਕਪੜੇ ਪੁਆ ਰਹੇ ਹੋ?

ਪਰਮਾਤਮਾ ਦਾ ਢੰਗ ਇਹ ਹੀ ਹੈ। ਉਹ ਇਸ ਸੰਸਾਰ ਵਿੱਚ ਹੈ ਅਤੇ ਨਹੀਂ ਅਤੇ ਇਹ ਹੀ

*ਹੁਕਮੀ ਹੁਕਮੁ ਚਲਾਏ ਰਾਹੁ॥ ਨਾਨਕ ਵਿਗਸੈ ਵੇਪਰਵਾਹੁ॥*

ਵਿਕਾਸ ਕਰ ਰਿਹਾ ਹੈ, ਆਨੰਦਿਤ ਹੋ ਰਿਹਾ ਹੈ। ਪ੍ਰਫੁੱਲਤ ਹੋ ਰਿਹਾ ਹੈ, ਫੁੱਲ ਦੇ ਵਾਂਗ ਖਿੜ ਰਿਹਾ ਹੈ, ਫਿਰ ਵੀ ਕੋਈ ਪਰਵਾਹ ਨਹੀਂ। ਫ਼ਿਕਰ ਕਰਦਾ ਹੈ ਤੁਹਾਡੀ, ਪਰ ਚਿੰਤਿਤ ਨਹੀਂ ਹੈ।

ਇਸ ਦੀ ਤੁਸੀਂ ਥੋੜ੍ਹੀ ਵਰਤੋਂ ਕਰੋਗੇ ਤਾਂ ਸਮਝ ਵਿੱਚ ਆ ਸਕੇਗਾ। ਇਸਨੂੰ ਥੋੜ੍ਹਾ ਜੀਵਨ ਵਿੱਚ ਵਰਤੋ। ਦੁਕਾਨ ਜਾਓ, ਕੰਮ ਕਰੋ, ਪਰ ਦੂਰ ਵੀ ਬਣੇ ਰਹੋ। ਤੁਹਾਡਾ ਕੰਮ ਅਤੇ ਤੁਹਾਡੇ ਹੋਣ ਵਿੱਚ ਇੱਕ ਫ਼ਾਸਲਾ ਬਣਿਆ ਰਹੇ। ਕੰਮ ਅਭਿਨੈ (ਐਕਟਿੰਗ) ਹੋ ਜਾਏ, ਨਾਟਕ ਹੋ ਜਾਏ, ਲੀਲ੍ਹਾ ਹੋ ਜਾਏ। ਤੁਸੀਂ ਕਰਤਾ ਨਾ ਰਹੋ, ਬੱਸ। ਸੂਤਰ ਸੱਧ ਗਿਆ। ਤੁਸੀਂ ਅਭਿਨੇਤਾ ਹੋ ਜਾਓ। ਅਭਿਨੈ ਦੀ ਕਲਾ ਤੁਹਾਡੇ ਜੀਵਨ ਦਾ ਪੂਰਾ ਸਾਰ ਬਣ ਜਾਏ। ਕਿਉਂਕਿ ਉਹ ਹੀ ਪਰਮਾਤਮਾ ਦੇ ਹੋਣ ਦਾ ਢੰਗ ਹੈ। ਉਹ ਹੀ ਤੁਹਾਡਾ ਸਾਧਨਾ-ਪਥ ਹੋਏਗਾ।

# ਸਾਚਾ ਸਾਹਿਬੁ ਸਾਚੁ ਨਾਇ

ਸਾਚਾ ਸਾਹਿਬੁ ਸਾਚੁ ਨਾਇ ਭਾਖਿਆ ਭਾਉ ਅਪਾਰੁ॥
ਆਖਹਿ ਮੰਗਹਿ ਦੇਹਿ ਦੇਹਿ ਦਾਤਿ ਕਰੇ ਦਾਤਾਰੁ॥
ਫੇਰਿ ਕਿ ਅਗੈ ਰਖੀਐ ਜਿਤੁ ਦਿਸੈ ਦਰਬਾਰੁ॥
ਮੁਹੌ ਕਿ ਬੋਲਣੁ ਬੋਲੀਐ ਜਿਤੁ ਸੁਣਿ ਧਰੇ ਪਿਆਰੁ॥
ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰੁ॥
ਕਰਮੀ ਆਵੈ ਕਪੜਾ ਨਦਰੀ ਮੋਖੁ ਦੁਆਰੁ॥
ਨਾਨਕ ਏਵੈ ਜਾਣੀਐ ਸਭੁ ਆਪੇ ਸਚਿਆਰੁ॥ ੪॥

ਥਾਪਿਆ ਨ ਜਾਇ ਕੀਤਾ ਨ ਹੋਇ॥
ਆਪੇ ਆਪਿ ਨਿਰੰਜਨੁ ਸੋਇ॥
ਜਿਨਿ ਸੇਵਿਆ ਤਿਨਿ ਪਾਇਆ ਮਾਨੁ॥
ਨਾਨਕ ਗਾਵੀਐ ਗੁਣੀ ਨਿਧਾਨੁ॥
ਗਾਵੀਐ ਸੁਣੀਐ ਮਨਿ ਰਖੀਐ ਭਾਉ॥
ਦੁਖੁ ਪਰਹਰਿ ਸੁਖੁ ਘਰਿ ਲੈ ਜਾਇ॥
ਗੁਰਮੁਖਿ ਨਾਦੰ ਗੁਰਮੁਖਿ ਵੇਦੰ ਗੁਰਮੁਖਿ ਰਹਿਆ ਸਮਾਈ॥
ਗੁਰੁ ਈਸਰੁ ਗੁਰੁ ਗੋਰਖੁ ਬਰਮਾ ਗੁਰੁ ਪਾਰਬਤੀ ਮਾਈ॥
ਜੇ ਹਉ ਜਾਣਾ ਆਖਾ ਨਾਹੀ ਕਹਣਾ ਕਥਨੁ ਨ ਜਾਈ॥
ਗੁਰਾ ਇਕ ਦੇਹਿ ਬੁਝਾਈ॥
ਸਭਨਾ ਜੀਆ ਕਾ ਇਕੁ ਦਾਤਾ ਸੋ ਮੈ ਵਿਸਰਿ ਨ ਜਾਈ॥ ੫॥

ਸਾਹਿਬ ਸੱਚਾ ਹੈ, ਉਸਦਾ ਨਾਉਂ ਸੱਚਾ ਹੈ, ਉਸਦਾ ਗੁਣਗਾਨ ਅਨਿਗਿਣਤ ਭਾਵਾਂ ਵਿੱਚ ਕੀਤਾ ਜਾਂਦਾ ਹੈ। ਗੁਣਗਾਨ ਕਰਦੇ ਹਨ ਲੋਕ 'ਹੋਰ ਦਿਓ, ਹੋਰ ਦਿਓ' ਕਰਕੇ ਮੰਗ ਕਰਦੇ ਹਨ ਅਤੇ ਦਾਤਾ ਦੇਂਦਾ ਹੀ ਰਹਿੰਦਾ ਹੈ। ਫ਼ਿਰ ਉਸਦੇ ਅੱਗੇ ਕੀ ਰੱਖਿਆ ਜਾਏ, ਜੋ ਉਸਦੇ ਦਰਬਾਰ ਦਾ ਦਰਸ਼ਨ ਹੋਵੇ? ਅਤੇ ਅਸੀਂ ਕਿਹੜੀ ਬੋਲੀ ਬੋਲੀਏ, ਜਿਸ ਨੂੰ ਸੁਣ ਕੇ ਉਹ ਪਿਆਰ ਕਰੇ? ਅੰਮ੍ਰਿਤ ਵੇਲੇ ਸਤਿਨਾਮੁ ਦੀ ਮਹਿਮਾਂ ਦਾ ਧਿਆਨ ਕਰੋ। ਕਰਮ ਨਾਲ ਦੇਹ ਮਿਲਦੀ ਹੈ। ਕਿਰਪਾ ਦ੍ਰਿਸ਼ਟੀ ਨਾਲ ਮੁਕਤੀ ਦਾ ਦਰਵਾਜਾ ਖੁੱਲ੍ਹਦਾ ਹੈ। ਨਾਨਕ ਕਹਿੰਦੇ ਹਨ, ਇਸ ਤਰ੍ਹਾਂ ਜਾਣੋਂ ਕਿ ਸਤਯ ਹੀ, ਪਰਮਾਤਮਾ ਹੀ ਸਾਰਾ ਕੁਝ ਹੈ।

"ਸਾਹਿਬ" ਨਾਨਕ ਦਾ ਪਰਮਾਤਮਾ ਲਈ ਦਿੱਤਾ ਗਿਆ ਸ਼ਬਦ ਹੈ। ਪਰਮਾਤਮਾ ਦੇ ਨਾਲ ਅਸੀਂ ਦੋ ਤਰ੍ਹਾਂ ਨਾਲ ਜੁੜ ਸਕਦੇ ਹਾਂ। ਇੱਕ ਤਾਂ ਦਾਰਸ਼ਨਿਕਾਂ ਦੀ ਪਰਮਾਤਮਾ ਦੇ ਸੰਬੰਧ ਵਿੱਚ ਚਰਚਾ ਹੈ। ਪਰ ਉਨ੍ਹਾਂ ਦੇ ਸ਼ਬਦ ਪ੍ਰੇਮ ਤੋਂ ਅਧੂਰੇ ਹਨ। ਉਨ੍ਹਾਂ ਦੇ ਸ਼ਬਦ ਰੁੱਖੇ ਹਨ। ਉਨ੍ਹਾਂ ਦੇ ਸ਼ਬਦ ਬੋਧਿਕ ਹਨ, ਹਾਰਦਿਕ ਨਹੀਂ।

ਦੂਜਾ ਭਗਤ ਦਾ ਰਾਹ ਹੈ, ਉਸਦੇ ਸ਼ਬਦਾਂ ਵਿੱਚ ਰਸ ਹੈ। ਉਹ ਪਰਮਾਤਮਾ ਨੂੰ ਇੱਕ ਸਿਧਾਂਤ ਦੇ ਵਾਂਗੂੰ ਨਹੀਂ, ਇੱਕ ਸੰਬੰਧ ਦੀ ਤਰ੍ਹਾਂ ਵੇਖਦਾ ਹੈ। ਉਹ ਉਸ ਦੇ ਨਾਲ ਕੁਝ ਸੰਬੰਧ ਜੋੜਦਾ ਹੈ। ਕਿਉਂਕਿ ਜਦ ਤੱਕ ਸੰਬੰਧ ਨਾ ਜੁੜ ਜਾਵੇ, ਤਦ ਤੱਕ ਹਿਰਦਾ ਪ੍ਰਭਾਵਿਤ ਨਹੀਂ ਹੁੰਦਾ। ਪਰਮਾਤਮਾ ਦਾ ਨਾਉਂ ਅਸੀਂ ਕਹਿ ਸਕਦੇ ਹਾਂ ਸਤਯ, ਪਰ "ਸਾਹਿਬ" ਵਿੱਚ ਜਿਹੜੀ ਗੱਲ ਹੈ ਉਹ ਸਤਯ ਵਿੱਚ ਨਹੀਂ ਹੋਏਗੀ। ਸਤਯ ਨਾਲ ਅਸੀਂ ਕਿਵੇਂ ਜੁੜਾਂਗੇ? ਸਾਡਾ ਕੀ ਸੰਬੰਧ ਹੋਵੇਗਾ? ਸਾਡੇ ਹਿਰਦੇ ਅਤੇ ਸਤਯ ਦੇ ਵਿਚਕਾਰ ਕਿਹੜਾ ਪੁਲ ਬੁਣੇਗਾ?

ਪਰ ਸਾਹਿਬ ਪਿਆਰ ਦਾ ਸੰਬੰਧ ਹੈ। ਸਾਹਿਬ ਹੁੰਦੇ ਹੀ ਪਰਮਾਤਮਾ ਪ੍ਰੀਤਮ ਹੋ ਗਿਆ। ਹੁਣ ਅਸੀਂ ਜੁੜ ਸਕਦੇ ਹਾਂ। ਹੁਣ ਰਸਤਾ ਖੁੱਲ੍ਹਾ ਹੈ।

ਹੁਣ ਅਸੀਂ ਭੱਜ ਸਕਦੇ ਹਾਂ। ਸਤਯ ਕਿੰਨਾ ਵੀ ਸਹੀ ਹੋਵੇ, ਫ਼ਿਰ ਵੀ ਭਗਤ ਲਈ ਰੁੱਖਾ-ਸੁੱਖਾ ਹੈ। ਭਗਤ ਚਾਹੁੰਦਾ ਹੈ ਕੁਝ, ਜਿਸ ਨੂੰ ਉਹ ਛੂਹ ਸਕੇ। ਭਗਤ ਚਾਹੁੰਦਾ ਹੈ ਕੁਝ, ਜਿਸ ਦੇ ਆਲੇ-ਦੁਆਲੇ ਨੱਚ ਸਕੇ, ਗਾ ਸਕੇ। ਭਗਤ ਚਾਹੁੰਦਾ ਹੈ ਕੁਝ, ਜਿਸਦੇ ਚਰਨਾਂ ਵਿੱਚ ਸਿਰ ਰੱਖ ਸਕੇ। "ਸਾਹਿਬ" ਪਿਆਰਾ ਨਾਉਂ ਹੈ। ਉਸ ਦਾ ਅਰਥ ਹੈ ਮਾਲਿਕ, ਉਸ ਦਾ ਅਰਥ ਹੈ ਸਵਾਮੀ। ਫ਼ਿਰ ਸੰਬੰਧ ਵਧੇਰੇ ਢੰਗ ਦੇ ਹੋ ਸਕਦੇ ਹਨ।

ਸੂਫ਼ੀਆਂ ਨੇ ਪਰਮਾਤਮਾ ਨੂੰ ਪ੍ਰੇਮਿਕਾ ਮੰਨਿਆ ਹੈ। ਤਾਂ ਸਾਧਕ ਪ੍ਰੇਮੀ ਹੋ ਜਾਂਦਾ ਹੈ। ਹਿੰਦੂਆਂ ਨੇ, ਯਹੂਦੀਆਂ ਨੇ, ਇਸਾਈਆਂ ਨੇ, ਪਰਮਾਤਮਾ ਨੂੰ ਪਿਤਾ ਮੰਨਿਆ ਹੈ, ਤਾਂ ਸਾਧਕ ਪੁੱਤਰ ਹੋ ਜਾਂਦਾ ਹੈ। ਨਾਨਕ ਨੇ ਪਰਮਾਤਮਾ ਨੂੰ ਸਾਹਿਬ ਮੰਨਿਆ ਹੈ ਤਾਂ ਸਾਧਕ

ਦਾਸ ਹੋ ਜਾਂਦਾ ਹੈ।

ਇਸਨੂੰ ਥੋੜ੍ਹਾ ਸਮਝ ਲੈਣਾ ਜ਼ਰੂਰੀ ਹੈ। ਕਿਉਂਕਿ ਇਨ੍ਹਾਂ ਸਾਰਿਆਂ ਸੰਬੰਧਾਂ ਦਾ ਰਾਹ ਵੱਖਰਾ-ਵੱਖਰਾ ਹੋਏਗਾ। ਪ੍ਰੇਮੀ ਦੇ ਨਾਲ ਅਸੀਂ ਇਕੋ ਹੀ ਤਲ ਤੇ ਖੜ੍ਹੇ ਹੁੰਦੇ ਹਾਂ। ਪ੍ਰੇਮੀ ਨਾ ਤਾਂ ਉਪਰ ਹੁੰਦਾ ਹੈ, ਨਾ ਹੇਠਾਂ। ਪ੍ਰੇਮੀ ਅਤੇ ਪ੍ਰੇਮਿਕਾ ਇਕੋ ਹੀ ਤਲ ਤੇ ਖੜ੍ਹੇ ਹੁੰਦੇ ਹਨ। ਕੋਈ ਉਪਰ ਨਹੀਂ ਅਤੇ ਕੋਈ ਹੇਠਾਂ ਨਹੀਂ। ਪਿਓ ਅਤੇ ਪੁੱਤਰ ਦੇ ਵਿਚਕਾਰ ਜਿਹੜਾ ਸੰਬੰਧ ਹੈ, ਉਹ ਸੰਸਕਾਰਗੱਤ ਹੈ। ਕਿਉਂਕਿ ਅਸੀਂ ਕਿਸੇ ਪਿਤਾ ਦੇ ਘਰ ਪੈਦਾ ਹੋਏ ਹਾਂ, ਇਸ ਲਈ ਇੱਕ ਸੰਬੰਧ ਹੈ। ਮਾਲਿਕ ਅਸੀਂ ਆਪੇ ਹੋਣਾ ਚਾਹੁੰਦੇ ਹਾਂ ਅਤੇ ਸਾਡੀ ਚੱਲੇ ਤਾਂ ਅਸੀਂ ਪਰਮਾਤਮਾ ਨੂੰ ਦਾਸ ਬਣਾ ਲਈਏ। ਇਸ ਲਈ ਹੰਕਾਰ ਮਿਟਾਉਣ ਦੇ ਲਈ ਦਾਸ ਦੀ ਭਾਵਨਾ ਨਾਲੋਂ ਵੱਡੀ ਕੋਈ ਭਾਵਨਾ ਨਹੀਂ ਹੋ ਸਕਦੀ। ਨਾ ਤਾਂ ਪਿਤਾ ਦੇ ਸੰਬੰਧ ਵਿੱਚ ਹੰਕਾਰ ਡਿਗੇਗਾ, ਨਾ ਪ੍ਰੇਮਿਕਾ-ਪ੍ਰੇਮੀ ਦੇ ਸੰਬੰਧ ਵਿੱਚ ਹੰਕਾਰ ਡਿਗੇਗਾ। ਹੰਕਾਰ ਤਾਂ ਡਿੱਗ ਸਕਦਾ ਹੈ ਸਿਰਫ਼ ਦਾਸ ਦੀ ਭਾਵਨਾ ਵਿੱਚ ਕਿ ਮੈਂ ਗੁਲਾਮ ਹਾਂ ਅਤੇ ਤੂੰ ਮਾਲਿਕ ਹੈਂ।

ਇਹ ਸਭ ਤੋਂ ਔਖਾ ਹੈ, ਕਿਉਂਕਿ ਇਹ ਹੀ ਅਵਸਥਾ ਹੰਕਾਰ ਦੇ ਉਲਟ ਹੈ। ਹੰਕਾਰ ਮੰਨਦਾ ਹੈ, ਮੈਂ ਮਾਲਿਕ ਹਾਂ। ਸਾਰੀ ਕੁਦਰਤ ਮੇਰੀ ਗ਼ੁਲਾਮ ਹੈ। ਭਗਤ ਕਹੇਗਾ, ਸਾਰੀ ਕੁਦਰਤ ਮਾਲਿਕ ਹੈ ਮੈਂ ਗ਼ੁਲਾਮ ਹਾਂ। ਇਹ ਹੀ ਅਸਲ ਵਿੱਚ ਸ਼ੀਰਸ਼ ਆਸਣ ਹੈ। ਸਿਰ ਨੂੰ ਜ਼ਮੀਨ ਵੱਲ ਕਰਕੇ ਪੈਰ ਉਪਰ ਕਰਕੇ ਖੜ੍ਹੇ ਹੋ ਜਾਣਾ ਅਸਲੀ ਸ਼ੀਰਸ਼ ਆਸਣ ਨਹੀਂ—ਹੰਕਾਰ ਨੂੰ ਹੇਠਾਂ ਕਰਕੇ! ਕਿਉਂਕਿ ਉਹ ਹੀ ਸਿਰ ਹੈ। ਉਸਨੂੰ ਹੇਠਾਂ ਕਰਕੇ ਖੜ੍ਹੇ ਹੋ ਜਾਣਾ ਦਾਸ ਦੀ ਭਾਵਨਾ ਹੈ। ਇਸ ਲਈ ਦਾਸ ਹੀ ਠੀਕ-ਠੀਕ ਸ਼ੀਰਸ਼ ਆਸਣ ਕਰਦਾ ਹੈ। ਉਹ ਪੁੱਠਾ ਹੋ ਜਾਂਦਾ ਹੈ ਅਤੇ ਜਿਵੇਂ ਤੁਸੀਂ ਦੁਨੀਆਂ ਨੂੰ ਹੁਣ ਤੱਕ ਵੇਖਿਆ ਹੈ ਮਾਲਿਕ ਹੋਣ ਦੇ ਢੰਗ ਨਾਲ, ਤਾਂ ਦੁਨੀਆਂ ਨੂੰ ਤੁਸੀਂ ਕੁਝ ਹੋਰ ਹੀ ਪਾਇਆ ਹੈ।

ਗ਼ੁਰ ਭਿਖਾਰੀ ਤੁਹਾਡੇ ਤੋਂ ਮੰਗਦਾ ਹੈ, ਕੀ ਉਸਦੇ ਤੁਹਾਡੇ ਕੋਲੋਂ ਮੰਗਣ ਨਾਲ ਤੁਹਾਡੇ ਮਨ ਵਿੱਚ ਅਤੇ ਉਸ ਦੇ ਵਿਚਕਾਰ ਕੋਈ ਸੰਬੰਧ ਜੁੜਦਾ ਹੈ? ਕਿਸੇ ਤਰ੍ਹਾਂ ਦਾ ਲਗਾਓ ਬਣਦਾ ਹੈ? ਪੁੱਠੀ ਹੀ ਹਾਲਤ ਹੁੰਦੀ ਹੈ। ਉਸ ਦੇ ਮੰਗਣ ਨਾਲ ਤੁਸੀਂ ਖਿਝ ਜਾਂਦੇ ਹੋ ਅਤੇ ਦੇਂਦੇ ਵੀ ਹੋ ਤਾਂ ਬੇ-ਮਨ ਨਾਲ ਦਿੰਦੇ ਹੋ ਅਤੇ ਦੂਜੀ ਵਾਰੀ ਧਿਆਨ ਰੱਖਦੇ ਹੋ ਕਿ ਉਸ ਰਾਹ ਤੋਂ ਸੰਭਲ ਕੇ ਨਿਕਲਣਾ ਹੈ। ਜਦ ਕੋਈ ਮੰਗਦਾ ਹੈ ਤਾਂ ਤੁਸੀਂ ਸੁੰਗੜਦੇ ਹੋ, ਦੇਣਾ ਨਹੀਂ ਚਾਹੁੰਦੇ ਅਤੇ ਜਦ ਕੋਈ ਮੰਗਦਾ ਨਹੀਂ, ਤਦ ਦੇਣ ਦਾ ਮਨ ਹੁੰਦਾ ਹੈ।

ਤੁਸੀਂ ਜ਼ਰਾ ਆਪਣੇ ਆਪ ਨੂੰ ਹੀ ਸਮਝੋ ਤਾਂ ਪਰਮਾਤਮਾ ਵੱਲ ਜਾਣ ਦੇ ਰਾਹ ਸਾਫ਼

ਹੋ ਜਾਣਗੇ। ਜਦ ਤੁਹਾਡੇ ਕੋਲੋਂ ਕੋਈ ਮੰਗਦਾ ਹੈ, ਤਦ ਤੁਸੀਂ ਦੇਣਾ ਨਹੀਂ ਚਾਹੁੰਦੇ। ਕਿਉਂਕਿ ਉਸਦੀ ਮੰਗ ਲੁਟ ਖੋਹ ਲੱਗਦੀ ਹੈ। ਉਹ ਹਮਲਾ ਕਰ ਰਿਹਾ ਹੈ। ਸਾਰੀ ਮੰਗ ਹਮਲਾ ਹੈ। ਜਦ ਤੁਹਾਡੇ ਕੋਲੋਂ ਕੋਈ ਮੰਗਦਾ ਨਹੀਂ, ਤਦ ਤੁਸੀਂ ਹਲਕੇ ਹੁੰਦੇ ਹੋ, ਤਾਂ ਤੁਸੀਂ ਸਹਜ ਹੀ ਦੇ ਸਕਦੇ ਹੋ।

ਬੁੱਧ ਨੇ ਆਪਣੇ ਭਿਕਸ਼ੂਆਂ ਨੂੰ ਕਿਹਾ ਹੈ ਕਿ ਜਦ ਤੁਸੀਂ ਪਿੰਡ ਵਿੱਚ ਭਿਖਿਆ ਲਈ ਜਾਓ ਤਾਂ ਮੰਗਣਾ ਨਹੀਂ, ਕੇਵਲ ਦਰਵਾਜ਼ੇ ਤੇ ਖਲ੍ਹੋ ਜਾਣਾ, ਜੇਕਰ ਕੋਈ ਅੰਦਰੋਂ ਜਵਾਬ ਨਾ ਮਿਲੇ ਤਾਂ ਅੱਗੇ ਵਧ ਜਾਣਾ! ਮੰਗਣਾ ਨਹੀਂ ਅਤੇ ਇਹ ਹੀ ਤਾਂ ਭਿਕਸ਼ੂ ਅਤੇ ਭਿਖਾਰੀ ਵਿੱਚ ਭੇਦ ਹੈ। ਭਿਕਸ਼ੂ ਨੂੰ ਅਸੀਂ ਮਹਾਂਆਦਰ ਦਿੱਤਾ, ਜਿਹੜਾ ਅਸੀਂ ਬਾਦਸ਼ਾਹਾਂ ਨੂੰ ਵੀ ਨਹੀਂ ਦਿੱਤਾ ਅਤੇ ਭਿਖਾਰੀ ਨੂੰ ਅਸੀਂ ਆਖ਼ਰੀ ਜਗ਼ਾ ਗੌਖਿਆ ਹੋਇਆ ਹੈ। ਮਾਣ ਤਾਂ ਦੂਰ, ਉਸਨੂੰ ਅਸੀਂ ਅਪਮਾਣ ਦੇਣ ਦੇ ਯੋਗ ਵੀ ਨਹੀਂ ਸਮਝਦੇ। ਉਸ ਤੋਂ ਅਸੀਂ ਅੱਖ ਬਚਾ ਕੇ ਨਿਕਲਦੇ ਹਾਂ। ਬੁੱਧ ਤੋਂ ਭਿਕਸ਼ੂਆਂ ਨੇ ਪੁੱਛਿਆ ਕਿ ਬਿਨਾਂ ਮੰਗੇ ਕੋਈ ਕਿਵੇਂ ਦੇਵੇਗਾ? ਬੁੱਧ ਨੇ ਕਿਹਾ, ਬਿਨਾਂ ਮੰਗੇ ਹੀ ਦੁਨੀਆਂ ਵਿੱਚ ਚੀਜ਼ਾਂ ਮਿਲਦੀਆਂ ਹਨ। ਮੰਗਿਆਂ ਨਹੀਂ ਕਿ ਮੁਸ਼ਕਿਲ ਵਿੱਚ ਪਏ। ਕਿਉਂਕਿ ਜਦ ਤੁਸੀਂ ਮੰਗਦੇ ਨਹੀਂ, ਤਦ ਤੁਸੀਂ ਦੂਜੇ ਨੂੰ ਦੇਣ ਲਈ ਉਕਸਾਉਂਦੇ ਹੋ। ਜਦ ਤੁਸੀਂ ਮੰਗਦੇ ਹੋ, ਤਦ ਤੁਸੀਂ ਦੂਜੇ ਵਿੱਚ ਸੰਕੋਚ ਪੈਦਾ ਕਰ ਦਿੰਦੇ ਹੋ।

ਤੁਸੀਂ ਆਪਣੇ ਜੀਵਨ ਦੇ ਸਾਰੇ ਸੰਬੰਧਾਂ ਵਿੱਚ ਇਸ ਕਹਾਣੀ ਨੂੰ ਲੁਕਿਆ ਹੋਇਆ ਪਾਓਗੇ। ਪਤਨੀ ਕੁਝ ਮੰਗਦੀ ਹੈ, ਦੇਣਾ ਔਖਾ ਹੋ ਜਾਂਦਾ ਹੈ। ਲਿਆਉਂਦੇ ਵੀ ਹੋ ਤਾਂ ਬੇਮਨ ਜਿਹੇ। ਸਿਰਫ਼ ਕਲੇਸ਼ ਨੂੰ ਟਾਲਣ ਲਈ। ਉਹ ਪ੍ਰੇਮ ਦੇ ਸੰਬੰਧ ਨਹੀਂ ਰਿਹਾ। ਉਹ ਸਿਰਫ਼ ਕਲੇਸ਼ ਤੋਂ ਬਚਣ ਦਾ ਤਰੀਕਾ ਹੈ। ਪਤਨੀ ਮੰਗਦੀ ਹੀ ਨਹੀਂ, ਕਦੇ ਨਹੀਂ ਮੰਗਦੀ, ਤਾਂ ਤੁਹਾਡਾ ਹਿਰਦਾ ਖਿੜ ਜਾਂਦਾ ਹੈ। ਤਦ ਤੁਸੀਂ ਕੁਝ ਲਿਆਉਣਾ ਚਾਹੁੰਦੇ ਹੋ। ਤਦ ਤੁਸੀਂ ਉਸਨੂੰ ਕੁਝ ਦੇਣਾ ਚਾਹੁੰਦੇ ਹੋ, ਦੇਣਾ ਤਦ ਹੀ ਸੰਭਵ ਹੁੰਦਾ ਹੈ ਜਦ ਕੋਈ ਨਾ ਮੰਗੇ।

ਤੁਸੀਂ ਪਰਮਾਤਮਾ ਤੋਂ ਟੁੱਟੇ ਹੋ ਆਪਣੀਆਂ ਮੰਗਾਂ ਦੇ ਕਾਰਣ ਅਤੇ ਤੁਹਾਡੀਆਂ ਸਾਰੀਆਂ ਪ੍ਰਾਰਥਨਾਵਾਂ "ਦਿਓ, ਹੋਰ ਦਿਓ", ਨਾਲ ਭਰੀਆਂ ਹਨ। ਤੁਸੀਂ ਪਰਮਾਤਮਾ ਦੀ ਵਰਤੋਂ ਇੱਕ ਸੇਵਕ ਦੇ ਵਾਂਗੂੰ ਕਰਨਾ ਚਾਹੁੰਦੇ ਹੋ। ਤੁਸੀਂ ਕਹਿੰਦੇ ਹੋ, ਮੇਰੇ ਪੈਰ ਵਿੱਚ ਦਰਦ ਹੈ, ਦੂਰ ਕਰੋ। ਤੁਸੀਂ ਕਹਿੰਦੇ ਹੋ, ਆਰਥਕ ਹਾਲਤ ਚੰਗੀ ਨਹੀਂ ਹੈ, ਠੀਕ ਕਰ। ਤੁਸੀਂ ਕਹਿੰਦੇ ਹੋ, ਪਤਨੀ ਬੀਮਾਰ ਹੈ, ਰਾਜ਼ੀ ਕਰੋ। ਨੌਕਰੀ ਚਲੀ ਗਈ ਹੈ, ਨੌਕਰੀ ਦਿਓ। ਤੁਸੀਂ ਪਰਮਾਤਮਾ ਦੇ ਦਰ 'ਤੇ ਸਦਾ ਮੰਗਤਿਆਂ ਵਾਂਗੂੰ ਜਾਂਦੇ ਹੋ। ਮੰਗਦੇ ਹੀ ਪਹੁੰਚਦੇ ਹੋ। ਤੁਹਾਡਾ ਮੰਗਣਾ ਹੀ ਦੱਸਦਾ ਹੈ ਕਿ ਸਾਹਿਬ ਤੁਸੀਂ ਆਪਣੇ ਆਪ ਨੂੰ ਹੀ

ਸਮਝ ਰਹੇ ਹੋ ਤੇ ਪਰਮਾਤਮਾ ਨੂੰ ਤੁਸੀਂ ਦਾਸ ਸਮਝ ਰਹੇ ਹੋ।

ਉਹ ਤੁਹਾਡੀਆਂ ਜ਼ਰੂਰਤਾਂ ਪੂਰੀਆਂ ਕਰਨ ਦੇ ਲਈ ਹੈ ਅਤੇ ਤੁਹਾਡੀਆਂ ਜ਼ਰੂਰਤਾਂ ਏਨੀਆਂ ਜ਼ਿਆਦਾ ਜ਼ਰੂਰੀ ਹਨ ਕਿ ਤੁਸੀਂ ਪਰਮਾਤਮਾ ਨੂੰ ਵੀ ਸੇਵਾ ਵਿੱਚ ਲਾਈ ਰੱਖਣਾ ਚਾਹੁੰਦੇ ਹੋ।

ਨਹੀਂ, ਜੇਕਰ ਪਰਮਾਤਮਾ ਸਾਹਿਬ ਹੈ ਅਤੇ ਤੁਸੀਂ ਗੁਲਾਮ ਹੋ, ਤਾਂ ਮੰਗ ਕੀ? ਅਤੇ ਮਜ਼ਾ ਇਹ ਹੈ ਕਿ ਤੁਸੀਂ ਮੰਗਦੇ ਹੋ ਅਤੇ ਉਹ ਦਿੰਦਾ ਹੀ ਜਾਂਦਾ ਹੈ। ਅਜਿਹਾ ਵੀ ਨਹੀਂ ਹੈ ਕਿ ਤੁਹਾਡੇ ਮੰਗਣ ਨਾਲ ਨਾ ਮਿਲਦਾ ਹੋਵੇ, ਮਿਲਦਾ ਹੀ ਰਹਿੰਦਾ ਹੈ। ਪਰ ਜਿੰਨਾਂ ਤੁਸੀਂ ਪਾਉਂਦੇ ਹੋ ਓਨਾ ਹੀ ਤੁਸੀਂ ਉਸ ਨਾਲੋਂ ਦੂਰ ਹੁੰਦੇ ਜਾਂਦੇ ਹੋ। ਕਿਉਂਕਿ ਤੁਸੀਂ ਹੋਰ ਮੰਗੋਗੇ। ਜਿੰਨਾਂ ਮਿਲਦਾ ਜਾਵੇਗਾ ਤੁਸੀਂ ਹੋਰ ਮੰਗੀ ਜਾਓਗੇ। ਜਿੰਨਾ ਤੁਸੀਂ ਮੰਗਦੇ ਜਾਓਗੇ, ਉਨੇ ਦੂਰ ਹੁੰਦੇ ਜਾਓਗੇ।

ਮੰਗ ਕਦੇ ਵੀ ਪ੍ਰਾਰਥਨਾ ਨਹੀਂ ਬਣ ਸਕਦੀ। ਵਾਸਨਾ ਕਦੇ ਵੀ ਪ੍ਰਾਰਥਨਾ ਨਹੀਂ ਬਣ ਸਕਦੀ। ਚਾਹ ਕਦੇ ਵੀ ਉਪਾਸਨਾ ਨਹੀਂ ਬਣ ਸਕਦੀ। ਪ੍ਰਾਰਥਨਾ ਦਾ ਤਾਂ ਸੂਤਰ ਹੀ ਇਹ ਹੈ ਕਿ ਤੁਸੀਂ ਉਥੇ ਧੰਨਵਾਦ ਦੇਣ ਜਾਂਦੇ ਹੋ, ਮੰਗਣ ਨਹੀਂ। ਉਸਨੇ ਪਹਿਲਾਂ ਹੀ ਬਹੁਤ ਦਿੱਤਾ ਹੋਇਆ ਹੈ। ਜਿੰਨੀ ਜ਼ਰੂਰਤ ਹੈ ਉਸ ਤੋਂ ਜ਼ਿਆਦਾ ਦਿੱਤਾ ਹੈ। ਜਿੰਨੀ ਯੋਗਤਾ ਹੈ, ਉਸ ਤੋਂ ਜ਼ਿਆਦਾ ਦਿੱਤਾ ਹੈ। ਪਿਆਲੀ ਪਹਿਲਾਂ ਤੋਂ ਹੀ ਭਰਪੂਰ ਹੈ ਅਤੇ ਵਗ ਰਹੀ ਹੈ। ਸੱਚਾ ਭਗਤ ਉਸ ਨੂੰ ਧੰਨਵਾਦ ਦੇਣ ਜਾਂਦਾ ਹੈ। ਉਸਦੀ ਪ੍ਰਾਰਥਨਾ ਅਹੋਭਾਵ ਹੈ। ਉਹ ਕਹਿੰਦਾ ਹੈ ਕਿ ਤੂੰ ਮੈਨੂੰ ਬਹੁਤ ਦਿੱਤਾ ਹੈ। ਮੇਰੀ ਹੈਸੀਅਤ ਕੀ ਸੀ ਅਤੇ ਤੁਸੀਂ ਕਹਿੰਦੇ ਹੋ, ਦੇਖੋ ਮੇਰੀ ਯੋਗਤਾ ਹੈ, ਮੇਰੇ ਨਾਲ ਅਨਿਆਇਂ ਹੋ ਰਿਹਾ ਹੈ। ਮੈਨੂੰ ਹੋਰ ਦੇ ਅਤੇ ਇਹ "ਹੋਰ" ਕਿਤੇ ਖ਼ਤਮ ਨਹੀਂ ਹੁੰਦਾ। ਨਾਨਕ ਕਹਿੰਦੇ ਹਨ, ਲੋਕ ਮੰਗਦੇ ਰਹਿੰਦੇ ਹਨ ਅਤੇ ਦਾਤਾ ਦਿੰਦਾ ਹੀ ਚਲਾ ਜਾਂਦਾ ਹੈ, ਫ਼ਿਰ ਵੀ ਉਨ੍ਹਾਂ ਦੀ ਮੰਗ ਦਾ ਕੋਈ ਅੰਤ ਨਹੀਂ ਹੁੰਦਾ।

*ਆਖਹਿ ਮੰਗਹਿ ਦੇਹਿ ਦੇਹਿ, ਦਾਤਿ ਕਰੇ ਦਾਤਾਰੁ॥*

ਉਹ ਦੇ ਰਿਹਾ ਹੈ ਤੇ ਮੰਗਣ ਵਾਲੇ ਮੰਗਦੇ ਹੀ ਰਹਿੰਦੇ ਹਨ। ਮੰਗਾਂ ਅਨੰਤ ਹਨ। ਉਨ੍ਹਾਂ ਦੇ ਅੰਤ ਹੋਣ ਦਾ ਕੋਈ ਉਪਾਅ ਨਹੀਂ। ਜੇਕਰ ਤੁਸੀਂ ਮੰਗਦੇ ਹੀ ਰਹੇ ਤਾਂ ਪ੍ਰਾਰਥਨਾ ਕਦੋਂ ਕਰੋਗੇ? ਪੂਜਾ ਕਦੋਂ ਸ਼ੁਰੂ ਹੋਵੇਗੀ? ਕਿਉਂਕਿ ਮੰਗ ਦਾ ਕੋਈ ਅੰਤ ਨਹੀਂ ਹੈ। ਇੱਕ ਮੰਗ ਪੂਰੀ ਹੁੰਦੀ ਹੈ, ਦਸ ਖਲੋ ਜਾਂਦੀਆਂ ਹਨ। ਇੱਕ ਵਾਸਨਾ ਖਤਮ ਨਹੀਂ ਹੋਈ ਕਿ ਹੋਰ ਦਸਾਂ ਨੂੰ ਜਨਮ ਦੇ ਜਾਂਦੀ ਹੈ। ਤੁਸੀਂ ਮੰਗਦੇ ਹੀ ਰਹੋਗੇ, ਉਪਾਸਨਾ ਕਦੋਂ ਹੋਏਗੀ? ਧੰਨਵਾਦ ਕਦੋਂ ਦਿਓਗੇ? ਕਿੰਨੇ ਜਨਮਾਂ ਤੋਂ ਤੁਸੀਂ ਮੰਗ ਰਹੇ ਹੋ। ਅਜੇ ਵੀ ਤੁਸੀਂ ਭਰੇ ਨਹੀਂ।

ਤੁਸੀਂ ਕਦੇ ਭਰੋਗੇ ਵੀ ਨਹੀਂ। ਕਿਉਂਕਿ ਭਰਨਾ ਮਨ ਦਾ ਸੁਭਾਓ ਨਹੀਂ ਹੈ। ਮਨ ਸਦਾ ਅੜਿਅਲ ਹੀ ਰਹੇਗਾ, ਇਹ ਉਸਦਾ ਸੁਭਾਓ ਹੈ। ਮਨ ਛੁੱਟ ਜਾਵੇ ਤਾਂ ਤ੍ਰਿਪਤੀ ਹੁੰਦੀ ਹੈ। ਮਨ ਰਹੇ ਤਾਂ ਅਤ੍ਰਿਪਤ। ਮਨ ਕਦੇ ਤ੍ਰਿਪਤ ਨਹੀਂ ਹੁੰਦਾ। ਕੋਈ ਤੁਸੀਂ ਅਜਿਹਾ ਮਨੁੱਖ ਨਹੀਂ ਪਾਓਗੇ ਜਿਹੜਾ ਕਹੇ ਕਿ ਮੇਰਾ ਮਨ ਤ੍ਰਿਪਤ ਹੋ ਗਿਆ ਅਤੇ ਜੇਕਰ ਕਦੇ ਤੁਸੀਂ ਇਹੋ ਜਿਹਾ ਮਨੁੱਖ ਪਾਓ ਜਿਹੜਾ ਕਹੇ ਕਿ ਮੇਰਾ ਮਨ ਤ੍ਰਿਪਤ ਹੋ ਗਿਆ ਹੈ ਤਾਂ ਤੁਸੀਂ ਧਿਆਨ ਨਾਲ ਵੇਖਣਾ, ਉਸਦੇ ਕੋਲ ਮਨ ਹੋਏਗਾ ਹੀ ਨਹੀਂ।

ਮਨ ਕੀ ਹੈ? ਮਨ ਤੁਹਾਡੀਆਂ ਸਾਰੀਆਂ ਮੰਗਾਂ ਦਾ ਜੋੜ ਹੈ। "ਦੇਹਿ, ਦੇਹਿ," "ਦੇ, ਹੋਰ ਦੇ, ਹੋਰ ਦੇ," ਇਨ੍ਹਾਂ ਸਾਰੀਆਂ ਮੰਗਾਂ ਦੇ ਜੋੜ ਦਾ ਨਾਉਂ ਮਨ ਹੈ। ਮਨ ਤੋਂ ਵੱਡਾ ਭਿਖ-ਮੰਗਾ ਇਸ ਸੰਸਾਰ ਵਿੱਚ ਕੋਈ ਨਹੀਂ ਹੈ। ਕਿੰਨਾਂ ਹੀ ਮਿਲੇ, ਕੋਈ ਫ਼ਰਕ ਨਹੀਂ ਪੈਂਦਾ। ਸਿਕੰਦਰ ਮੰਗ ਰਿਹਾ ਹੈ। ਰਾਹ ਦਾ ਭਿਖਾਰੀ ਵੀ ਮੰਗ ਰਿਹਾ ਹੈ। ਮਨ ਦਾ ਸੁਭਾਓ ਸਮਝ ਲੈਣਾ ਜ਼ਰੂਰੀ ਹੈ।

ਮਨ ਤੋਂ ਪ੍ਰਾਰਥਨਾ ਤਾਂ ਕਿਵੇਂ ਹੋਵੇਗੀ? ਪ੍ਰਾਰਥਨਾ ਦਾ ਨਾਉਂ ਹੀ ਅ-ਮਨੀ ਅਵਸਥਾ ਹੈ। ਪ੍ਰਾਰਥਨਾ ਦਾ ਅਰਥ ਹੈ ਕਿ ਤੁਸੀਂ ਮੰਗਣ ਨਹੀਂ ਗਏ। ਤੁਸੀਂ ਧੰਨਵਾਦ ਦੇਣ ਗਏ ਹੋ। ਸਾਰੀ ਦ੍ਰਿਸ਼ਟੀ ਬਦਲ ਗਈ। ਜਿਵੇਂ ਹੀ ਤੁਸੀਂ ਮਨ ਨੂੰ ਹਟਾਓਗੇ, ਤੁਹਾਨੂੰ ਪਤਾ ਲੱਗੇਗਾ ਕਿ ਏਨਾਂ ਮਿਲਿਆ ਹੈ ਹੁਣ ਹੋਰ ਕੀ ਚਾਹੀਦਾ ਹੈ। ਮਨ ਨੂੰ ਵਿਚਕਾਰ ਲਿਆਏ ਕਿ ਲੱਗੇਗਾ ਬਿਲਕੁਲ ਕੁਝ ਨਹੀਂ ਮਿਲਿਆ ਹੈ। ਸਾਰਾ ਕੁਝ ਚਾਹੀਦਾ ਹੈ। ਮਨ ਵੇਖਦਾ ਹੈ ਕਮੀ ਨੂੰ। ਮਨ ਦੇ ਹਟਦੇ ਹੀ ਦਰਸ਼ਨ ਹੁੰਦਾ ਹੈ ਭਾਵ ਦਾ।

ਇਸ ਨੂੰ ਇਵੇਂ ਸਮਝੋ, ਇੱਕ ਆਦਮੀ ਹੈ, ਉਸਨੂੰ ਤੁਸੀਂ ਗੁਲਾਬ ਦੇ ਫੁੱਲਾਂ ਦੀ ਝਾੜੀ ਕੋਲ ਲੈ ਜਾਓ, ਉਸਨੂੰ ਕੇਵਲ ਕੰਡੇ ਹੀ ਵਿਖਾਈ ਦੇਣਗੇ। ਉਹ ਕੰਡਿਆਂ ਦੀ ਗਿਣਤੀ ਕਰਦਾ ਹੈ। ਉਸਨੂੰ ਫੁੱਲ ਤਾਂ ਦਿਸਦੇ ਹੀ ਨਹੀਂ। ਤੁਸੀਂ ਕਿੰਨਾਂ ਹੀ ਉਸਨੂੰ ਵਿਖਾਓ? ਉਹ ਕਹੇਗਾ ਏਥੇ ਹਜ਼ਾਰਾਂ ਕੰਡੇ ਹਨ, ਇੱਕ ਫੁੱਲ ਹੋਇਆ ਵੀ ਤਾਂ ਕੀ? ਅਤੇ ਜਿੱਥੇ ਹਜ਼ਾਰ ਕੰਡੇ ਲੱਗੇ ਹੋਏ ਹਨ, ਉਹ ਆਦਮੀ ਕਹੇਗਾ, ਸੰਭਲ ਕੇ ਫੁੱਲ ਨੂੰ ਫੜਣਾ, ਉਹ ਵੀ ਕੰਡਿਆਂ ਦਾ ਹੀ ਧੋਖਾ ਹੋਵੇਗਾ।

ਉਸ ਦਾ ਤਰਕ ਠੀਕ ਵੀ ਹੈ। ਕਿਉਂਕਿ ਜਿੱਥੇ ਕੰਡੇ ਹੀ ਕੰਡੇ ਲੱਗੇ ਹੋਣ, ਉਥੇ ਫੁੱਲ ਖਿੜੇਗਾ ਕਿਵੇਂ? ਕਿੱਥੇ ਕੰਡੇ, ਕਿੱਥੇ ਫੁੱਲ! ਅਤੇ ਜਦ ਹਜ਼ਾਰ ਕੰਡਿਆਂ ਵਿੱਚ ਉਸ ਦਾ ਮਨ ਵਿਨਿਆਂ ਜਾ ਚੁੱਕਿਆ ਹੋਵੇ ਤਾਂ ਉਸ ਨੂੰ ਡਰ ਲੱਗਣ ਲੱਗ ਪਵੇਗਾ। ਉਹ ਫੁੱਲ ਉਤੇ ਵੀ ਭਰੋਸਾ ਨਹੀਂ ਕਰ ਸਕੇਗਾ। ਸ਼ਰਧਾ ਨਹੀਂ ਕਰ ਸਕੇਗਾ। ਉਹ ਕਹੇਗਾ ਕੋਈ ਭਰਮ ਹੋ ਰਿਹਾ ਹੈ, ਕੋਈ ਸੁਫ਼ਨਾ ਹੈ। ਮੈਂ ਕਿਸੇ ਭੁੱਲ ਵਿੱਚ ਪਿਆ ਹਾਂ। ਜਾਂ ਕੋਈ ਮੈਨੂੰ

ਧੋਖਾ ਹੋ ਰਿਹਾ ਹੈ ਜਾਂ ਕਿਸੇ ਨੇ ਫੁੱਲ ਉਪਰੋਂ ਦੀ ਚਿਪਕਾ ਦਿੱਤਾ ਹੈ। ਫੁੱਲ ਹੋ ਕਿਵੇਂ ਸਕਦਾ ਹੈ ਜਿੱਥੇ ਕੰਡੇ ਹੀ ਕੰਡੇ ਹੋਣ? ਜੇਕਰ ਕੰਡਿਆਂ ਦੀ ਗਿਣਤੀ ਕਰੋ ਤਾਂ ਫੁੱਲਾਂ ਉਤੋਂ ਵੀ ਸ਼ਰਧਾ ਉੱਠ ਜਾਂਦੀ ਹੈ।

ਜੇਕਰ ਫੁੱਲਾਂ ਦੀ ਗਿਣਤੀ ਕਰੋ, ਜੇਕਰ ਫੁੱਲਾਂ ਵਿੱਚ ਲੀਨ ਹੋ ਜਾਓ, ਜੇਕਰ ਫੁੱਲਾਂ ਦੀ ਖੁਸ਼ਬੂ ਲਵੋ, ਫੁੱਲਾਂ ਦੀ ਛੋਹ ਤੁਹਾਨੂੰ ਪੁਲਕਿਤ ਕਰ ਦੇਵੇ ਤਾਂ ਦੂਜੀ ਅਵਸਥਾ ਪੈਦਾ ਹੁੰਦੀ ਹੈ। ਤੁਸੀਂ ਕਹੋਗੇ ਜਿੱਥੇ ਏਨਾ ਪਿਆਰਾ ਫੁੱਲ ਲਗਿਆ ਹੈ ਉਥੇ ਕੰਡੇ ਹੋ ਕਿਵੇਂ ਸਕਦੇ ਹਨ? ਅਤੇ ਜੇ ਹੋਣਗੇ ਵੀ ਤਾਂ ਫੁੱਲ ਦੀ ਸੁਰੱਖਿਆ ਲਈ ਹੋਣਗੇ ਅਤੇ ਜੇ ਹੋਣ ਵੀ ਤਾਂ ਫੁੱਲ ਦੇ ਸੰਗੀ-ਸਾਥੀ ਹੋਣਗੇ ਅਤੇ ਜੇਕਰ ਹੋਣ ਵੀ ਤਾਂ ਪਰਮਾਤਮਾ ਦੀ ਕੋਈ ਮਰਜ਼ੀ ਹੋਵੇਗੀ। ਸ਼ਾਇਦ ਫੁੱਲ ਬਿਨਾਂ ਕੰਡਿਆਂ ਦੇ ਨਹੀਂ ਹੁੰਦਾ ਹੋਵੇਗਾ, ਇਸੇ ਲਈ ਕੰਡੇ ਹਨ। ਉਹ ਸੁਰੱਖਿਆ ਹਨ। ਚੌਕੀਦਾਰ ਹਨ। ਉਹ ਫੁੱਲ ਨੂੰ ਬਚਾ ਰਹੇ ਨੇ ਅਤੇ ਫੁੱਲ ਵਿੱਚ ਤੁਹਾਡਾ ਰਸ ਵਧਦਾ ਜਾਵੇ, ਵਧਦਾ ਜਾਵੇ ਤਾਂ ਇੱਕ ਦਿਨ ਤੁਸੀਂ ਪਾਓਗੇ ਕਿ ਉਹੀ ਰਸ ਫੁੱਲਾਂ ਵਿੱਚ ਵਗ ਰਿਹਾ ਹੈ ਜਿਹੜਾ ਕੰਡਿਆਂ ਵਿੱਚ ਵਗ ਰਿਹਾ ਹੈ। ਇਸ ਲਈ ਉਨ੍ਹਾਂ ਵਿੱਚ ਦੂਰਾਂਗੀ ਕਿਵੇਂ ਹੋ ਸਕਦੀ ਹੈ? ਮਨ ਵੇਖਦਾ ਹੈ ਕੰਡਿਆਂ ਨੂੰ; ਮਨ ਵੇਖਦਾ ਹੈ, ਕੀ ਨਹੀਂ ਹੈ। ਮਨ ਵੇਖਦਾ ਹੈ ਕਿੱਥੇ ਸ਼ਿਕਾਇਤ ਹੈ; ਮਨ ਵੇਖਦਾ ਹੈ ਕਿੱਥੇ ਭੁੱਲ ਹੈ। ਮਨ ਵੇਖਦਾ ਹੈ ਕਿੱਥੇ ਕਮੀ ਹੈ। ਮਨ ਵੇਖਦਾ ਹੈ-ਸੰਤੋਖ, ਅਤ੍ਰਿਪਤੀ। ਮੰਗ ਪੈਦਾ ਹੋ ਜਾਂਦੀ ਹੈ। ਇਸ ਲਈ ਮਨ ਦੇ ਨਾਲ ਭਰਿਆ ਹੋਇਆ ਜੋ ਵੀ ਜਾਂਦਾ ਹੈ ਮੰਦਰ ਵਿੱਚ ਉਹ ਮੰਗਣ ਜਾਂਦਾ ਹੈ। ਉਹ ਮੰਗਤਾ ਹੈ।

ਜੇਕਰ ਤੁਸੀਂ ਮਨ ਨੂੰ ਥੋੜ੍ਹਾ ਵੱਖਰਾ ਕਰਕੇ ਵੇਖੋ, ਤਾਂ ਤੁਸੀਂ ਪਾਓਗੇ ਫੁੱਲਾਂ ਨੂੰ, ਤਾਂ ਤੁਸੀਂ ਪਾਓਗੇ ਜੀਵਨ ਦੀ ਸ਼ਕਤੀ ਨੂੰ, ਤਾਂ ਤੁਸੀਂ ਪਾਓਗੇ ਜੀਵਨ ਦੇ ਅਹੋਭਾਵ ਨੂੰ, ਏਨਾਂ ਮਿਲਿਆ ਹੈ, ਪਹਿਲਾਂ ਹੀ ਏਨਾਂ ਮਿਲਿਆ ਹੈ ਸ਼ਿਕਾਇਤ ਦਾ ਉਪਾਅ ਕਿੱਥੇ?

ਅਤੇ ਜਿਸਨੇ ਏਨਾਂ ਦਿੱਤਾ ਹੈ ਜੇਕਰ ਉਸ ਨੇ ਕੁਝ ਬਚਾ ਕੇ ਰੱਖਿਆ ਹੈ ਤਾਂ ਉਸ ਦੇ ਬਚਾਉਣ ਵਿੱਚ ਕੋਈ ਰਾਜ ਹੋਵੇਗਾ। ਜੇਕਰ ਉਸ ਨੇ ਕੁਝ ਬਚਾ ਰਖਿਆ ਹੈ ਤਾਂ ਉਸ ਬਚਾਉਣ ਦਾ ਕੋਈ ਕਾਰਣ ਹੋਵੇਗਾ। ਸ਼ਾਇਦ ਮੈਂ ਅਜੇ ਤਿਆਰ ਨਹੀਂ। ਸ਼ਾਇਦ ਅਜੇ ਯੋਗਤਾ ਚਾਹੀਦੀ ਹੈ, ਸ਼ਾਇਦ ਅਜੇ ਮੈਂ ਪਾਤਰ ਨਹੀਂ ਹਾਂ।

ਅਤੇ ਸਮੇਂ ਤੋਂ ਪਹਿਲਾਂ ਕੁਝ ਉਪਰ ਆ ਜਾਏ ਤਾਂ ਸੁੱਖ ਨਹੀਂ ਲਿਆਉਂਦਾ, ਦੁੱਖ ਲਿਆਉਂਦਾ ਹੈ। ਹਰ ਚੀਜ਼ ਦਾ ਸਮਾਂ ਹੈ। ਹਰ ਚੀਜ਼ ਦਾ ਪੂਰਾ ਪੱਕਣਾ ਹੈ। ਜਦ ਮੈਂ ਪੱਕ ਜਾਵਾਂਗਾ ਤਦ ਹੀ ਉਹ ਦੇਵੇਗਾ। ਕਿਉਂਕਿ ਉਸਦੇ ਦੇਣ ਦਾ ਰਾਹ ਏਨਾ ਅਪਰੰਪਾਰ ਹੈ ਕਿ ਉਸ ਦੇ ਹਜ਼ਾਰਾਂ ਹੱਥ ਫੈਲੇ ਹੋਏ ਹਨ।

ਹਿੰਦੂ ਹਜ਼ਾਰਾਂ ਹੱਥਾਂ ਨਾਲ ਪਰਮਾਤਮਾ ਦੀ ਕਲਪਨਾ ਕਰਦੇ ਹਨ। ਉਸ ਕਲਪਨਾ

ਵਿੱਚ ਬੜਾ ਪਿਆਰ ਹੈ। ਉਹ ਕਹਿੰਦੇ ਹਨ ਕਿ ਉਹ ਹਜ਼ਾਰਾਂ ਹੱਥਾਂ ਨਾਲ ਦੇਂਦਾ ਹੈ। ਦੋ ਹੱਥ ਨਹੀਂ ਹਨ ਉਸਦੇ। ਤੁਸੀਂ ਲੈ ਨਾ ਪਾਓਗੇ। ਤੁਹਾਡੇ ਦੋ ਹੱਥ ਨੇ। ਤੁਸੀਂ ਕਿੰਨਾ ਸਾਂਭੋਗੇ? ਉਹ ਹਜ਼ਾਰਾਂ ਹੱਥਾਂ ਨਾਲ ਦੇ ਰਿਹਾ ਹੈ। ਪਰ ਠੀਕ ਸਮੇਂ? ਸਮੇਂ ਦੀ ਠੀਕ ਉਡੀਕ, ਸ਼ਿਕਾਇਤ ਦਾ ਅਭਾਓ—ਅਤੇ ਬਰਖਾ ਹੋਣੀ ਸ਼ੁਰੂ ਹੋ ਜਾਂਦੀ ਹੈ।

ਨਾਨਕ ਕਹਿੰਦੇ ਹਨ, ਗੁਣ ਵੀ ਗਾਉਂਦੇ ਹਨ ਲੋਕ, ਤਾਂ ਦੇਹਿ, ਦੇਹਿ, ਕਹਿਕੇ ਮੰਗਦੇ ਹੀ ਜਾਂਦੇ ਹਨ, ਦਾਤਾ ਦਿੰਦਾ ਹੀ ਰਹਿੰਦਾ ਹੈ ਅਤੇ ਅੰਨ੍ਹਿਆਂ ਨੂੰ ਵਿਖਾਈ ਹੀ ਨਹੀਂ ਦਿੰਦਾ। ਮੰਗਦੇ ਹੀ ਰਹਿੰਦੇ ਹਨ ਕਿ "ਦਿਓ-ਹੋਰ ਦਿਓ" ਚਾਰੇ ਪਾਸੇ ਮੀਂਹ ਵਰ੍ਹ ਰਿਹਾ ਹੈ ਅਤੇ ਲੋਕ ਰੋਲਾ ਹੀ ਪਾਉਂਦੇ ਰਹਿੰਦੇ ਹਨ ਕਿ ਅਸੀਂ ਤਿਹਾਏ ਹਾਂ। ਜਿਵੇਂ ਸ਼ਿਕਾਇਤ ਨਾਲ ਮੋਹ ਬਣ ਗਿਆ ਹੈ। ਜਿਵੇਂ ਦੁੱਖ ਨਾਲ ਲਗਾਓ ਹੋ ਗਿਆ ਹੈ।

"ਫਿਰ ਉਸ ਦੇ ਅੱਗੇ ਕੀ ਰੱਖਿਆ ਜਾਵੇ ਕਿ ਉਸ ਦੇ ਦਰਬਾਰ ਦਾ ਦਰਸ਼ਨ ਹੋਵੇ?" ਇਹ ਬਹੁਤ ਵੱਡੀ ਮਹਾਨਤਾ ਵਾਲੀ ਗੱਲ ਹੈ। ਨਾਨਕ ਕਹਿ ਰਹੇ ਹਨ ਕਿ ਉਸਨੇ ਏਨਾਂ ਦਿੱਤਾ ਹੈ, ਮੰਗਣ ਨੂੰ ਕੁਝ ਨਹੀਂ ਛਡਿਆ।

ਜਦ ਸ਼ਿਕਾਇਤ ਹਟ ਜਾਂਦੀ ਹੈ ਅਤੇ ਅਹੋਭਾਵ ਪੈਦਾ ਹੁੰਦਾ ਹੈ ਅਤੇ ਤੁਸੀਂ ਧੰਨਵਾਦ ਦੇਣ ਜਾਂਦੇ ਹੋ ਤਾਂ ਕੀ ਰੱਖੀਏ ਉਸਦੇ ਚਰਨਾਂ ਵਿੱਚ? ਕੀ ਭੇਂਟ ਲੈ ਜਾਈਏ ਉਸਦੇ ਦਰ 'ਤੇ?

*ਫੇਰਿ ਕਿ ਅਗੈ ਰਖੀਐ ਜਿਤੁ ਦਿਸੈ ਦਰਬਾਰੁ॥*

ਉਸਦੇ ਦਰਬਾਰ ਵਿੱਚ ਅਸੀਂ ਕੀ ਰੱਖੀਏ? ਧੰਨਵਾਦ ਦੇਣ ਲਈ ਕੀ ਭੇਂਟ ਲੈ ਕੇ ਜਾਈਏ, ਕੀ ਅਰਪਨ ਕਰੀਏ ਉਸਦੇ ਚਰਨਾਂ ਵਿੱਚ? ਕਿਵੇਂ ਕਰੀਏ ਪੂਜਾ? ਕਿਵੇਂ ਕਰੀਏ ਅਰਚਨਾ? ਤੁਸੀਂ ਫੁਲ ਲੈ ਜਾਂਦੇ ਹੋ ਤੋੜ ਕੇ—ਉਸਦੇ ਹੀ ਫੁੱਲ ਚੰਗੇ ਸਨ ਰੁੱਖ ਉਤੇ! ਜੀਉਂਦੇ ਸੀ। ਤੁਸੀਂ ਤੋੜ ਕੇ ਮਾਰ ਸੁੱਟੇ। ਉਸਦੇ ਹੀ ਫੁੱਲਾਂ ਨੂੰ ਮਾਰ ਕੇ ਉਸੇ ਦੇ ਚਰਨਾਂ ਵਿੱਚ ਚੜ੍ਹਾਉਂਦੇ ਹੋ ਅਤੇ ਤੁਹਾਨੂੰ ਸ਼ਰਮ ਵੀ ਨਹੀਂ ਆਉਂਦੀ। ਤੁਸੀਂ ਉਸਨੂੰ ਦਿਓਗੇ ਕੀ? ਸਾਰਾ ਕੁਝ ਉਸੇ ਦਾ ਦਿੱਤਾ ਹੋਇਆ ਹੈ।

ਤੁਸੀਂ ਧਨ ਲਾ ਕੇ ਮੰਦਰ ਖੜ੍ਹਾ ਕਰ ਦਿਓ, ਨਵਾਂ ਗੁਰਦੁਆਰਾ ਬਣਾ ਦਿਓ, ਮਸਜਿਦ ਦਾ ਨਿਰਮਾਣ ਕਰ ਦਿਓ, ਪਰ ਤੁਸੀਂ ਕਰ ਕੀ ਰਹੇ ਹੋ? ਉਸੇ ਦੀਆਂ ਦਿੱਤੀਆਂ ਹੋਈਆਂ ਚੀਜ਼ਾਂ ਨੂੰ ਮੁੜ ਵਾਪਿਸ ਕਰੀ ਜਾਂਦੇ ਹੋ। ਫਿਰ ਵੀ ਤੁਸੀਂ ਆਕੜੇ ਨਹੀਂ ਸਮਾਂਦੇ ਹੋ। ਤੁਸੀਂ ਕਹਿੰਦੇ ਹੋ, "ਮੈਂ ਮੰਦਰ ਬਣਾਇਆ। ਮੈਂ ਏਨੇ ਗੁਰਦੁਆਰੇ ਬਣਾਏ। ਮੈਂ ਏਨਾਂ ਭੋਜਨ ਵੰਡਿਆ। ਮੈਂ ਏਨੇ ਕੱਪੜੇ ਵੰਡੇ।" ਤੁਸੀਂ ਆਕੜਦੇ ਹੋ। ਤੁਸੀਂ ਥੋੜ੍ਹਾ ਜਿਹਾ ਦੇ ਕੀ ਦਿੰਦੇ ਹੋ, ਤੁਹਾਡੇ ਹੰਕਾਰ ਦਾ ਅੰਤ ਨਹੀਂ ਹੁੰਦਾ।

ਇਸ ਤੋਂ ਕੀ ਖ਼ਬਰ ਮਿਲਦੀ ਹੈ? ਇਸ ਤੋਂ ਖ਼ਬਰ ਮਿਲਦੀ ਹੈ ਕਿ ਤੁਸੀਂ ਸਮਝ ਹੀ ਨਹੀਂ ਸਕੇ ਕਿ ਜੀਵਨ ਨੇ ਜੋ ਤੁਹਾਨੂੰ ਦਿੱਤਾ ਹੈ ਉਸ ਨੂੰ ਮੁੜ ਵਾਪਿਸ ਕਰਨ ਵਿੱਚ ਤੁਹਾਡਾ ਕੀ ਹੈ? ਤੁਸੀਂ ਇਹ ਭੇਂਟ ਦੇਣ ਜਾਂਦੇ ਹੋ ਅਤੇ ਸ਼ਰਮਿੰਦੇ ਵੀ ਨਹੀਂ ਹੋ।

ਉਸਦੇ ਚਰਨਾਂ ਵਿੱਚ ਕੀ ਰੱਖੀਏ? ਨਾਨਕ ਪੁੱਛਦੇ ਹਨ ਉਸਦੇ ਅੱਗੇ ਕੀ ਰੱਖੀਏ, ਤਾਂ ਜੋ ਉਸਦੇ ਦਰਬਾਰ ਦਾ ਦਰਸ਼ਨ ਹੋਵੇ? ਤਾਂ ਜੋ ਅਸੀਂ ਉਸਦੇ ਨੇੜੇ ਆ ਜਾਈਏ, ਸਾਡੀ ਭੇਂਟ ਸਵੀਕਾਰ ਹੋ ਜਾਵੇ। ਕੀ ਰੱਖੀਏ? ਕੇਸਰ ਵਿੱਚ ਰੰਗੇ ਹੋਏ ਚੌਲ? ਖਰੀਦੇ ਹੋਏ ਫੁੱਲ? ਤੋੜੇ ਹੋਏ ਪੱਤੇ? ਧਨ, ਦੌਲਤ, ਕੀ ਰੱਖੀਏ?

ਨਹੀਂ, ਕੁਝ ਵੀ ਰੱਖਣ ਨਾਲ ਕੁਝ ਨਹੀਂ ਬਣੇਗਾ। ਜੇਕਰ ਤੁਸੀਂ ਇਹ ਸਮਝ ਜਾਓ ਕਿ ਸਾਰਾ ਕੁਝ ਉਸੇ ਦਾ ਹੈ। ਬੱਸ! ਭੇਂਟ ਸਵੀਕਾਰ ਹੋ ਗਈ। ਜਦੋਂ ਤੱਕ ਤੁਸੀਂ ਇਹ ਸਮਝ ਰਹੇ ਹੋ ਕਿ ਕੁਝ ਮੇਰਾ ਹੈ ਤਦ ਤੱਕ ਤੁਸੀਂ ਰੱਖਣ ਦੀ ਗੱਲ ਸੋਚ ਰਹੇ ਹੋ। ਜਦ ਤੁਸੀਂ ਸਮਝਦੇ ਹੋ ਮੈਂ ਆਪ ਹੀ ਮਾਲਿਕ ਹਾਂ, ਚਾਹਵਾਂ ਤਾਂ ਭੇਂਟ ਕਰ ਸਕਦਾ ਹਾਂ। ਤਦ ਤੱਕ ਤੁਸੀਂ ਭੁੱਲਾਂ ਨਾਲ ਭਰੇ ਹੋਏ ਹੋ! ਤੁਸੀਂ ਕੁਝ ਵੀ ਰੱਖ ਦਿਓ, ਸਾਰਾ ਰਾਜ-ਪਾਟ ਰੱਖ ਦਿਓ ਆਪਣਾ, ਤਦ ਵੀ ਤੁਸੀਂ ਕੁਝ ਰੱਖਿਆ ਨਹੀਂ। ਕਿਉਂਕਿ ਸਭ ਕੁਝ ਉਸਦਾ ਸੀ। ਤੁਸੀਂ ਉਸ ਦੇ ਹੋ। ਤੁਸੀਂ ਜਿਹੜੀ ਕਮਾਈ ਕੀਤੀ, ਤੁਸੀਂ ਜੋ ਕੁਝ ਇਕੱਠਾ ਕਰ ਲਿਆ, ਉਹ ਵੀ ਉਸੇ ਦੀ ਖੇਡ ਹੈ।

ਤਾਂ ਨਾਨਕ ਕਹਿੰਦੇ ਹਨ ਕਿ ਕੀ ਰੱਖੀਏ ਜੋ ਤੇਰੇ ਦਰਬਾਰ ਦਾ ਦਰਸ਼ਨ ਹੋਵੇ? ਕਿਵੇਂ ਤੇਰੀ ਪ੍ਰਤੀਤੀ ਹੋਵੇ? ਕਿ ਤੇਰਾ ਪ੍ਰਤੱਖ ਮਿਲਨ ਹੋਵੇ, ਕਿ ਤੇਰੀ ਅੱਖ ਨਾਲ ਅੱਖ ਮਿਲੇ? ਕੀ ਲਿਆਈਏ ਤੈਨੂੰ ਅਰਪਣ ਕਰਨ ਲਈ? ਜੇਕਰ ਤੁਹਾਨੂੰ ਸਮਝ ਵਿੱਚ ਆ ਜਾਵੇ ਕਿ ਸਾਰਾ ਕੁਝ ਉਸੇ ਦਾ ਹੈ, ਤਾਂ ਕੁਝ ਲੈ ਜਾਣ ਦੀ ਲੋੜ ਨਹੀਂ ਰਹਿੰਦੀ। ਫੁੱਲ-ਰੁੱਖਾਂ ਉਤੇ ਹੀ ਉਸਦਾ ਚੜ੍ਹਾਵਾ ਹਨ। ਸਾਰਾ ਕੁਝ ਉਸਨੂੰ ਅਰਪਣ ਹੀ ਹੋਇਆ ਹੈ। ਚੰਨ, ਤਾਰੇ ਉਸਨੂੰ ਅਰਪਣ ਹਨ। ਤੁਹਾਡੇ ਘਿਉ ਦੇ ਦੀਵੇ ਹੁਣ ਹੋਰ ਕੀ ਕਰਨਗੇ? ਚੰਨ ਸੂਰਜ ਉਸਨੂੰ ਚੜ੍ਹੇ ਹੋਏ ਹਨ। ਤੁਸੀਂ ਥੋੜ੍ਹੇ ਘਿਉ ਦੇ ਦੀਵੇ ਬਾਲ੍ਹ ਕੇ ਚੜ੍ਹਾ ਵੀ ਦਿਓਗੇ ਤਾਂ ਕੀ ਹੋਵੇਗਾ? ਆਦਮੀ ਜੇਕਰ ਠੀਕ ਤਰ੍ਹਾਂ ਅੱਖਾਂ ਖੋਲ੍ਹ ਕੇ ਵੇਖੇ ਤਾਂ ਸਾਰੀ ਕੁਦਰਤ ਉਸਦੀ ਉਸਤਤੀ ਵਿੱਚ ਹੈ। ਇਹੀ ਤਾਂ ਅਰਥ ਹੈ "ਸਾਹਿਬ" ਦਾ। ਉਹ ਸਾਰਿਆਂ ਦਾ ਮਾਲਿਕ ਹੈ। ਸਭ ਕੁਝ ਉਸ ਨੂੰ ਅਰਪਣ ਹੈ।

ਇਸ ਲਈ ਨਾਨਕ ਕਹਿੰਦੇ ਹਨ, ਕੀ ਲਿਆਈਏ? ਇਹ ਸਵਾਲ ਹੈ ਨਾਨਕ ਦਾ। ਕੀ ਚੜ੍ਹਾਈਏ? ਮੁੱਖੋਂ ਕਿਹੜੀ ਬੋਲੀ ਬੋਲੀਏ ਜਿਸ ਨੂੰ ਸੁਣ ਕੇ ਉਹ ਪਿਆਰ ਕਰੇ? ਕੀ ਕਹੀਏ ਉਸਨੂੰ? ਕਿਹੜੇ ਸ਼ਬਦਾਂ ਦੀ ਵਰਤੋਂ ਕਰੀਏ? ਕਿਵੇਂ ਉਸਨੂੰ ਰਿਝਾਈਏ? ਕਿਵੇਂ ਉਸ ਨੂੰ ਰਾਜ਼ੀ ਕਰੀਏ? ਕਿਵੇਂ ਅਸੀਂ ਕੁਝ ਕਰੀਏ ਕਿ ਉਸਦਾ ਪਿਆਰ ਵਰ੍ਹੇ?

ਉੱਤਰ ਨਾਨਕ ਦਿੰਦੇ ਮਾਲੂਮ ਨਹੀਂ ਹੁੰਦੇ। ਸਵਾਲ ਪਾ ਕੇ ਛੱਡ ਦਿੱਤਾ ਹੈ। ਇਹੀ ਕਲਾ ਹੈ। ਕਿਉਂਕਿ ਉਹ ਇਹ ਕਹਿ ਰਹੇ ਹਨ ਕਿ ਅਸੀਂ ਕੁਝ ਵੀ ਬੋਲੀਏ, ਉਹ ਹੀ ਸਾਡੇ ਰਾਹੀਂ ਬੋਲ ਰਿਹਾ ਹੈ। ਉਸਦੇ ਹੀ ਸ਼ਬਦ ਉਸਨੂੰ ਹੀ ਚੜ੍ਹਾਏ ਇਸ ਦੇ ਵਿਚ ਕੀ ਸਿਆਣਪ ਹੈ? ਉਸ ਦਾ ਦਿੱਤਾ ਹੋਇਆ ਹੀ ਬੇਹਾ ਕਰਕੇ ਉਸ ਨੂੰ ਮੋੜ ਦੇਣਾ? ਇਹ ਸਿਰਫ਼ ਅਗਿਆਨੀ ਕਰ ਸਕਦਾ ਹੈ। ਗਿਆਨੀ ਤਾਂ ਪਾਉਂਦਾ ਹੈ ਕਿ ਚੜ੍ਹਾਵੇ ਲਈ ਕੁਝ ਵੀ ਨਾ ਬਚਿਆ, ਕਿਉਂਕਿ ਮੈਂ ਖ਼ੁਦ ਹੀ ਚੜ੍ਹਾਵਾ ਹਾਂ ਅਤੇ ਗਿਆਨੀ ਪਾਉਂਦਾ ਹੈ ਕਿ ਕੋਈ ਸ਼ਬਦ ਉਸ ਦੀ ਪ੍ਰਾਰਥਨਾ ਨਹੀਂ ਬਣ ਸਕਣਗੇ, ਕਿਉਂਕਿ ਸਾਰੇ ਸ਼ਬਦ ਉਸ ਦੇ ਹਨ। ਉਹੀ ਬੋਲ ਰਿਹਾ ਹੈ। ਉਹੀ ਧੜਕ ਰਿਹਾ ਹੈ ਹਿਰਦੇ ਵਿੱਚ। ਉਹੀ ਸੁਆਸਾਂ ਦਾ ਸੁਆਸ ਹੈ। ਤਾਂ ਫ਼ਿਰ ਗਿਆਨੀ ਕੀ ਕਰੇ?

''ਨਾਨਕ ਕਹਿੰਦੇ ਹਨ, ਅੰਮ੍ਰਿਤ ਵੇਲੇ ਸਤਿਨਾਮੁ ਦੀ ਮਹਿਮਾਂ ਦਾ ਧਿਆਨ ਕਰੋ।'' ਹੋਰ ਕੁਝ ਕਰਨ ਨੂੰ ਨਹੀਂ ਹੈ। ਸਮਝਦਾਰ ਕੀ ਕਰੇ? ਅੰਮ੍ਰਿਤ ਵੇਲੇ ਸਤਿਨਾਮੁ ਦੀ ਮਹਿਮਾਂ ਦਾ ਧਿਆਨ ਕਰੋ।

ਇਹ ਥੋੜ੍ਹਾ ਸਮਝ ਲੈਣਾ ਜ਼ਰੂਰੀ ਹੈ। ਜਿਸ ਨੂੰ ਹਿੰਦੂ ਸੰਧਿਆ ਕਹਿੰਦੇ ਹਨ, ਉਸ ਨੂੰ ਹੀ ਨਾਨਕ ਨੇ ਅੰਮ੍ਰਿਤ ਵੇਲਾ ਕਿਹਾ ਹੈ। ਸੰਧਿਆ ਤੋਂ ਵੀ ਕੀਮਤੀ ਸ਼ਬਦ ਅੰਮ੍ਰਿਤ ਵੇਲਾ ਹੈ। ਹਿੰਦੂ ਤਾਂ ਹਜ਼ਾਰਾਂ ਸਾਲਾਂ ਤੋਂ ਮਿਹਨਤ ਕਰ ਰਹੇ ਹਨ, ਜੀਵਨ ਦੇ ਸਤਯ ਨੂੰ ਲੱਭਣ ਦੀ ਖੋਜ, ਚੇਤਨਾ ਦੀ ਖੋਜ, ਅਤੇ ਕਿਥੋਂ-ਕਿਥੋਂ ਰਾਹ ਮਿਲ ਸਕਦਾ ਹੈ। ਇਹੋ ਜਿਹਾ ਕੁਝ ਵੀ ਹਿੰਦੂਆਂ ਨੇ ਛੱਡਿਆ ਨਹੀਂ ਹੈ, ਜਿਹੜਾ ਛੁੱਟ ਗਿਆ ਹੋਵੇ ਜਿਹੜਾ ਉਨ੍ਹਾਂ ਦੀ ਜਾਣਕਾਰੀ ਵਿੱਚ ਨਾ ਆਇਆ ਹੋਵੇ। ਹਜ਼ਾਰਾਂ ਸਾਲਾਂ ਤੋਂ ਪਿਛੋਂ ਹਿੰਦੂਆਂ ਨੂੰ ਹੌਲੀ-ਹੌਲੀ ਪਤਾ ਲੱਗਿਆ ਕਿ ਉਪਨਿਸ਼ਦ ਉਸਦੀ ਗੱਲਬਾਤ ਕਰਦੇ ਹਨ ਕਿ ਚੌਵੀ ਘੰਟਿਆਂ ਵਿੱਚ ਦੋ ਸੰਧਿਆ ਪਲ ਹਨ।

ਰਾਤ ਜਦ ਤੁਸੀਂ ਸੌਣ ਲੱਗਦੇ ਹੋ ਤਾਂ ਸੌਣ ਅਤੇ ਜਾਗਣ ਦੇ ਵਿਚਕਾਰ ਇੱਕ ਪਲ ਇਹੋ ਜਿਹਾ ਹੈ ਜਦ ਨਾ ਤਾਂ ਤੁਸੀਂ ਸੁਤੇ ਹੁੰਦੇ ਹੋ ਤੇ ਨਾ ਜਾਗੇ ਹੁੰਦੇ ਹੋ। ਉਸ ਵੇਲੇ ਜਿਵੇਂ ਤੁਹਾਡੀ ਚੇਤਨਾ ਗੇਅਰ ਬਦਲਦੀ ਹੈ। ਜੇਕਰ ਤੁਸੀਂ ਕਾਰ ਚਲਾਉਂਦੇ ਹੋ ਤਾਂ ਤੁਹਾਨੂੰ ਪਤਾ ਹੈ ਕਿ ਇੱਕ ਗੇਅਰ ਵਿਚੋਂ ਦੂਜੇ ਗੇਅਰ ਵਿੱਚ ਗੱਡੀ ਪਾਉਣ ਵੇਲੇ ਵਿਚਕਾਰ ਪਲ ਕੁ ਲਈ ਗੱਡੀ ਨਿਉਟ੍ਰਲ ਗੇਅਰ ਤੋਂ ਲੰਘਦੀ ਹੈ। ਇੱਕ ਗੇਅਰ ਤੋਂ ਦੂਜੇ ਗੇਅਰ ਵਿੱਚ ਜਾਂਦੇ ਵੇਲੇ ਪਲ ਕੁ ਲਈ ਗੱਡੀ ਕਿਸੇ ਗੇਅਰ ਵਿੱਚ ਨਹੀਂ ਹੁੰਦੀ।

ਨੀਂਦ ਅਤੇ ਜਾਗਣ ਦੋ ਅਵਸਥਾ ਹਨ ਬਿਲਕੁਲ ਵੱਖਰੀਆਂ। ਇੱਕ ਦਮ ਵੱਖਰੀਆਂ। ਜਾਗਣ ਵਿੱਚ ਤੁਸੀਂ ਕੁਝ ਹੋਰ ਹੋ, ਨੀਂਦ ਵਿੱਚ ਬਿਲਕੁਲ ਕੁਝ ਹੋਰ ਹੋ ਜਾਂਦੇ

ਹੋ। ਜਾਗਦੇ ਹੋਏ ਤੁਸੀਂ ਦੁਖੀ ਸੀ, ਰੋ ਰਹੇ ਸੀ, ਦੀਨ ਸੀ, ਦਰਿੱਦਰ ਸੀ? ਨੀਂਦ ਵਿੱਚ ਤੁਸੀਂ ਸਮ੍ਰਾਟ ਹੋ ਜਾਂਦੇ ਹੋ ਅਤੇ ਸ਼ੱਕ ਵੀ ਨਹੀਂ ਹੁੰਦਾ ਕਿ ਮੈਂ ਮੰਗਤਾ ਕਿਵੇਂ ਸਮ੍ਰਾਟ ਹੋਣ ਦਾ ਸੁਫ਼ਨਾ ਦੇਖ ਰਿਹਾ ਹਾਂ। ਤੁਸੀਂ ਬਿਲਕੁਲ ਦੂਜੇ ਗੇਅਰ ਵਿੱਚ ਹੋ। ਚੇਤਨਾ ਦਾ ਬਿਲਕੁਲ ਦੂਜਾ ਤਲ ਹੈ, ਜਿਸ ਦਾ ਪਹਿਲੇ ਤਲ ਨਾਲ ਕੋਈ ਸੰਬੰਧ ਨਹੀਂ ਰਹਿ ਗਿਆ। ਨਹੀਂ ਤਾਂ ਥੋੜ੍ਹੀ ਤਾਂ ਯਾਦ ਆਉਂਦੀ। ਥੋੜ੍ਹਾ ਤੇ ਸਮਰਣ ਆਉਂਦਾ ਕਿ ਮੈਂ ਮੰਗਤਾ ਅਤੇ ਇਹ ਕੀ ਵੇਖ ਰਿਹਾ ਹਾਂ ਕਿ ਮੈਂ ਸਮ੍ਰਾਟ ਹੋ ਗਿਆ? ਨਹੀਂ, ਜਦ ਤੁਸੀਂ ਸੁਫ਼ਨਾਂ ਵੇਖਦੇ ਹੋ, ਸੁਫ਼ਨੇ ਤੇ ਪੂਰਾ ਭਰੋਸਾ ਆਉਂਦਾ ਹੈ। ਇਵੇਂ ਲੱਗਦਾ ਹੈ ਕਿ ਬਾਰਾਂ ਘੰਟੇ ਜਾਗ ਕੇ ਤੁਸੀਂ ਜਿਹੜਾ ਜੀਵਨ ਜੀਵਿਆ ਸੀ, ਉਹ ਜੀਵਨ ਵੱਖਰਾ ਖ਼ਾਨਾ ਹੈ ਅਤੇ ਤੁਸੀਂ ਦੂਜੀ ਹੀ ਦੁਨੀਆਂ ਵਿੱਚ ਟੁਰ ਆਏ। ਰਾਤੀ ਸੌਂ ਕੇ ਜੋ ਜੀਵਨ ਵੇਖ ਰਹੇ ਹੋ ਉਹ ਵੱਖਰਾ ਖ਼ਾਨਾ ਹੈ ਦਿਨ ਵਿੱਚ ਤੁਸੀਂ ਸਾਧੂ ਸੀ, ਰਾਤ ਤੁਸੀਂ ਅਸਾਧੂ ਹੋ। ਕਿ ਦਿਨ ਵਿੱਚ ਅਸਾਧੂ ਸੀ, ਰਾਤ ਸਾਧੂ ਹੋ ਗਏ। ਸ਼ੱਕ ਵੀ ਪੈਦਾ ਨਹੀਂ ਹੁੰਦਾ। ਕਦੀ ਤੁਹਾਨੂੰ ਸੁਫ਼ਨੇ ਵਿੱਚ ਸ਼ੱਕ ਜਾਗਿਆ ਹੈ? ਜੇਕਰ ਸੁਫ਼ਨੇ ਵਿੱਚ ਸ਼ੱਕ ਪੈਦਾ ਹੋ ਜਾਵੇ, ਤਾਂ ਸੁਫ਼ਨਾ ਉਸੇ ਵੇਲੇ ਟੁੱਟ ਜਾਵੇਗਾ। ਕਿਉਂਕਿ ਸ਼ੱਕ ਜਾਗਰਣ ਹੈ, ਚੇਤਨਾ ਦਾ ਅੰਗ ਹੈ। ਸੁਫ਼ਨੇ ਵਿੱਚ ਸ਼ੱਕ ਵੀ ਨਹੀਂ ਪੈਦਾ ਹੁੰਦਾ, ਇਹ ਵੀ ਖਿਆਲ ਨਹੀਂ ਆਉਂਦਾ ਕਿ ਮੈਂ ਸੁਫ਼ਨਾ ਵੇਖ ਰਿਹਾ ਹਾਂ। ਜੇਕਰ ਇਹ ਖਿਆਲ ਆ ਜਾਏ ਕਿ ਇਹ ਸੁਫ਼ਨਾ ਹੈ ਤਾਂ ਸੁਫ਼ਨਾ ਉਸੇ ਵੇਲੇ ਟੁੱਟ ਜਾਵੇ।

ਬਹੁਤ ਸਾਰੀਆਂ ਪਰੰਪਰਾਵਾਂ ਹਨ ਸਾਧਕਾਂ ਦੀਆਂ, ਜਿਹੜੀਆਂ ਸਾਧਕ ਨੂੰ ਇਹ ਸੂਤਰ ਦਿੰਦੀਆਂ ਹਨ ਸਾਧਨਾ ਦਾ, ਕਿ ਤੁਸੀਂ ਰਾਤ ਜਦ ਸੌਂਵੋ ਤਾਂ ਇਹ ਚੇਤੇ ਰੱਖੋ ਕਿ ਇਹ ਸੁਫ਼ਨਾ ਹੈ.....ਇਹ ਸੁਫ਼ਨਾ ਹੈ....ਇਹ ਸੁਫ਼ਨਾ ਹੈ। ਕੋਈ ਤਿੰਨ ਸਾਲ ਲੱਗ ਜਾਂਦੇ ਹਨ ਤਦ ਕਿਤੇ ਇਹ ਯਾਦਾਸ਼ਤ ਮਜ਼ਬੂਤ ਹੁੰਦੀ ਹੈ ਅਤੇ ਜਿਸ ਦਿਨ ਸਾਧਕ ਨੂੰ ਪਤਾ ਲੱਗ ਜਾਂਦਾ ਹੈ ਕਿ ਇਹ ਸੁਫ਼ਨਾ ਹੈ, ਉਸੇ ਤੋਂ ਪਿਛੋਂ ਸੁਫ਼ਨੇ ਆਉਣੇ ਬੰਦ ਹੋ ਜਾਂਦੇ ਹਨ, ਕਿਉਂਕਿ ਹੁਣ ਉਸਦੇ ਗੇਅਰ ਵੱਖਰੇ-ਵੱਖਰੇ ਨਹੀਂ ਰਹੇ। ਹੁਣ ਉਸ ਦੇ ਖਾਨੇ ਇਕੱਠੇ ਹੋ ਗਏ। ਹੁਣ ਉਹ ਸੁੱਤਾ ਪਿਆ ਵੀ ਜਾਗਿਆ ਹੋਇਆ ਹੈ। ਇਹੋ ਹੀ ਤਾਂ ਕ੍ਰਿਸ਼ਨ ਕਹਿੰਦੇ ਹਨ ਕਿ ਜੋਗੀ ਉਸ ਵੇਲੇ ਵੀ ਜਾਗਦਾ ਹੈ ਜਦੋਂ ਤੁਸੀਂ ਸੁੱਤੇ ਹੋਏ ਹੁੰਦੇ ਹੋ। ਉਸ ਦੀਆਂ ਜਿਹੜੀਆਂ ਦੋ ਕੋਠੜੀਆਂ ਵੱਖਰੀਆਂ-ਵੱਖਰੀਆਂ ਸਨ, ਉਸ ਨੇ ਵਿਚਕਾਰ ਦੀ ਕੰਧ ਹਟਾ ਦਿੱਤੀ। ਦੋਵੇਂ ਕੋਠੜੀਆਂ ਇੱਕ ਹੋ ਗਈਆਂ।

ਰਾਤ ਤੁਸੀਂ ਜਦ ਨੀਂਦ ਵਿੱਚ ਉਤਰਦੇ ਹੋ, ਸੌਂ ਕੇ ਸਵੇਰੇ ਫ਼ਿਰ ਤੁਸੀਂ ਜਾਗਦੇ ਹੋ। ਇਹ ਦੋ ਘੜੀਆਂ ਹਨ, ਜਦ ਤੁਹਾਡੀ ਚੇਤਨਾ ਬਦਲਦੀ ਹੈ। ਇੱਕ ਪਲ ਨੂੰ ਮੱਧ ਕਾਲ ਹੁੰਦਾ ਹੈ, ਇਸ ਨੂੰ ਹਿੰਦੂ ਸੰਧਿਆ ਕਾਲ ਕਹਿੰਦੇ ਹਨ। ਉਸੇ ਨੂੰ ਨਾਨਕ ਨੇ ਅੰਮ੍ਰਿਤ

ਵੇਲਾ ਕਿਹਾ ਹੈ। ਅੰਮ੍ਰਿਤ ਵੇਲਾ ਇਸੇ ਲਈ ਕਿਹਾ ਹੈ.....।

ਸੰਧਿਆ ਕਾਲ ਤਾਂ ਵਿਗਿਆਨਕ ਸ਼ਬਦ ਹੈ। ਸੰਧਿਆ ਦਾ ਅਰਥ ਹੈ, ਵਿਚਕਾਰ ਦਾ, ਨਾ ਏਧਰ ਦਾ, ਨਾ ਉਧਰ ਦਾ, ਨਾ ਇਹਦਾ, ਨਾ ਉਸਦਾ। ਉਸ ਸੰਧਿਆ ਕਾਲ ਵਿੱਚ ਪਲ ਕੁ ਲਈ ਤੁਸੀਂ ਪਰਮਾਤਮਾ ਦੇ ਨੇੜੇ ਤੋਂ ਨੇੜੇ ਹੁੰਦੇ ਹੋ। ਇਸ ਲਈ ਹਿੰਦੂਆਂ ਦੀ ਪ੍ਰਾਰਥਨਾ ਸੰਧਿਆ ਕਾਲ ਦੀ ਵਰਤੋਂ ਕਰਨਾ ਚਾਹੁੰਦੀ ਹੈ। ਉਸੇ ਨੂੰ ਨਾਨਕ ਅੰਮ੍ਰਿਤ ਵੇਲਾ ਕਹਿ ਰਹੇ ਹਨ। ਅੰਮ੍ਰਿਤ ਵੇਲਾ ਹੋਰ ਵੀ ਪਿਆਰਾ ਸ਼ਬਦ ਹੈ। ਕਿਉਂਕਿ ਉਸ ਪਲ ਤੁਸੀਂ ਅੰਮ੍ਰਿਤ ਦੇ ਨੇੜੇ ਹੁੰਦੇ ਹੋ। ਦੇਹ ਤਾਂ ਮਰਣਧਰਮਾ ਹੈ। ਦੇਹ ਦੇ ਹੀ ਇੱਕ ਯੰਤਰ ਨਾਲ ਤੁਸੀਂ ਜਾਗਦੇ ਹੋ ਅਤੇ ਦੇਹ ਦੇ ਹੀ ਦੂਜੇ ਯੰਤਰ ਨਾਲ ਤੁਸੀਂ ਸੌਂਦੇ ਹੋ। ਸਾਰੇ ਸੁਫ਼ਨੇ ਦੇਹ ਦੇ ਹਨ। ਸਾਰਾ ਜਾਗਣਾ-ਸੌਣਾ ਦੇਹ ਦਾ ਹੈ।

ਇਸ ਦੇਹ ਦੇ ਪਿੱਛੇ ਤੁਸੀਂ ਲੁੱਕੇ ਹੋਏ ਹੋ, ਜਿਹੜਾ ਨਾ ਕਦੀ ਸੌਂਦਾ ਹੈ, ਨਾ ਕਦੀ ਜਾਗਦਾ ਹੈ। ਕਿਉਂਕਿ ਜਿਹੜਾ ਸੁੱਤਾ ਹੀ ਨਹੀਂ, ਉਹ ਜਾਗੇਗਾ ਕਿਵੇਂ? ਨਾ ਕਦੇ ਸੁਫ਼ਨੇ ਵੇਖਦਾ ਹੈ, ਕਿਉਂਕਿ ਸੁਫ਼ਨੇ ਵੇਖਣ ਲਈ ਸੌਂਣਾ ਜ਼ਰੂਰੀ ਹੈ। ਇਹ ਦੇਹ ਦੀਆਂ ਅਵਸਥਾਵਾਂ ਦੇ ਪਿੱਛੇ ਲੁਕਿਆ ਹੈ ਅੰਮ੍ਰਿਤ? ਜਿਹੜਾ ਨਾ ਕਦੇ ਜਨਮ ਲੈਂਦਾ ਹੈ ਤੇ ਨਾ ਕਦੇ ਮਰਦਾ ਹੈ। ਜੇਕਰ ਤੁਸੀਂ ਸੰਧਿਆ ਕਾਲ ਨੂੰ ਫੜਣ ਵਿੱਚ ਪੂਰੇ ਸਮਰੱਥ ਹੋ ਜਾਓ ਤਾਂ ਤੁਹਾਨੂੰ ਦੇਹ ਦੇ ਅੰਦਰ ਲੁੱਕੇ ਹੋਏ ਅ-ਦੇਹੀ ਦਾ ਪਤਾ ਲੱਗ ਜਾਵੇਗਾ। ਦਾਸ ਦੇ ਅੰਦਰ ਲੁੱਕੇ ਹੋਏ ਸਾਹਿਬ ਦਾ ਪਤਾ ਲੱਗ ਜਾਵੇਗਾ। ਤੁਸੀਂ ਦੋਨੋਂ ਹੋ। ਜੇਕਰ ਤੁਸੀਂ ਦੇਹ ਨੂੰ ਹੀ ਵੇਖਦੇ ਹੋ ਤਾਂ ਦਾਸ ਹੋ? ਜੇਕਰ ਦੇਹ ਦੇ ਅੰਦਰ ਲੁਕੇ ਮਾਲਿਕ ਨੂੰ ਵੇਖਦੇ ਹੋ ਤਾਂ ਸਾਹਿਬ ਹੋ।

ਤਾਂ ਨਾਨਕ ਕਹਿੰਦੇ ਹਨ ਕਿ ਬੱਸ, ਇੱਕ ਹੀ ਕੰਮ ਕਰਨ ਯੋਗ ਹੈ। ਮੰਦਰ ਵਿੱਚ ਮੰਗਣ ਨਾਲ ਕੁਝ ਨਹੀਂ ਹੋਵੇਗਾ। ਪੂਜਾ ਅਰਚਨਾ ਅਰਪਣ ਨਾਲ ਕੁਝ ਨਹੀਂ ਹੋਵੇਗਾ। ਫੁੱਲ-ਪੱਤੇ ਰੱਖਣ ਨਾਲ ਕੁਝ ਨਹੀਂ ਹੋਵੇਗਾ। ਕਿਉਂਕਿ ਉਸੇ ਦਾ ਉਸੇ ਨੂੰ ਭੇਂਟ ਕਰ ਦੇਣ ਵਿੱਚ ਕਾਹਦੀ ਚਤੁਰਾਈ ਹੈ? ਕਿਹੜੀ ਵਡਿਆਈ ਹੈ? ਇੱਕ ਹੀ ਪ੍ਰਾਰਥਨਾ ਹੈ ਜਿਹੜੀ ਕਰਨ ਯੋਗ ਹੈ। ਇੱਕ ਹੀ ਪੂਜਾ ਅਰਚਣਾ ਹੈ ਅਤੇ ਉਹ ਹੈ—ਅੰਮ੍ਰਿਤ ਵੇਲਾ, ਜਿਸ ਦੇ ਵਿੱਚ ਸਤਿਨਾਮੁ ਦੀ ਮਹਿਮਾ ਦਾ ਧਿਆਨ ਕਰੋ।

*ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰੁ॥*

ਇਹ ਜਿਹੜਾ ਸੰਧਿਆ ਕਾਲ ਹੈ.....ਪਰ ਇੱਕ ਪਲ ਦਾ ਹੈ ਅਤੇ ਤੁਹਾਡਾ ਮਨ ਕਦੇ ਵੀ ਵਰਤਮਾਨ ਵਿੱਚ ਨਹੀਂ ਹੁੰਦਾ। ਇਸ ਲਈ ਤੁਸੀਂ ਉਸ ਨੂੰ ਗੁਆ ਦੇਂਦੇ ਹੋ। ਰੋਜ਼ ਉਹ ਆਉਂਦਾ ਹੈ। ਹਰ ਬਾਰਾਂ ਘੰਟਿਆਂ ਮਗਰੋਂ ਉਹ ਘੜੀ ਆਉਂਦੀ ਹੈ, ਜਦ ਤੁਸੀਂ ਪਰਮਾਤਮਾ ਦੇ ਬਹੁਤ ਨੇੜੇ ਹੁੰਦੇ ਹੋ। ਪਰ ਤੁਸੀਂ ਉਸ ਨੂੰ ਗੁਆ ਦੇਂਦੇ ਹੋ।

ਕਿਉਂਕਿ ਤੁਹਾਡੀ ਨਜ਼ਰ ਏਨੇ ਬਰੀਕ ਪਲ ਨੂੰ ਫੜਣ ਵਿੱਚ ਅਜੇ ਕੁਸ਼ਲ ਨਹੀਂ ਹੈ। ਤੁਸੀਂ ਵਰਤਮਾਨ ਵਿੱਚ ਹੁੰਦੇ ਹੀ ਨਹੀਂ।

ਤੁਸੀਂ ਇਥੇ ਬੈਠੇ ਮੈਨੂੰ ਸੁਣ ਰਹੇ ਹੋ ਜਾਂ ਕਿ ਤੁਸੀਂ ਜਾ ਪਹੁੰਚੇ ਦਫ਼ਤਰ ਅਤੇ ਤੁਸੀਂ ਕੰਮ ਚਾਲੂ ਕਰ ਦਿੱਤਾ? ਜਾਂ ਕਿ ਤੁਸੀਂ ਆਪਣੀ ਦੁਕਾਨ ਤੇ ਪੁੱਜ ਗਏ ਅਤੇ ਆਪਣਾ ਕੰਮ ਧੰਧਾ ਚਾਲੂ ਕਰ ਦਿੱਤਾ? ਮੈਂ ਜੋ ਕਹਿ ਰਿਹਾ ਹਾਂ ਉਹ ਤੁਸੀਂ ਸੁਣ ਰਹੇ ਹੋ ਜਾਂ ਕਿ ਉਹਦੇ ਸੰਬੰਧ ਵਿੱਚ ਵਿਚਾਰ ਕਰ ਰਹੇ ਹੋ? ਜੇਕਰ ਤੁਸੀਂ ਉਸ ਸੰਬੰਧ ਵਿੱਚ ਵਿਚਾਰ ਕਰ ਰਹੇ ਹੋ ਤਾਂ ਤੁਸੀਂ ਇਥੇ ਨਹੀਂ ਹੋ। ਵਰਤਮਾਨ ਪਲ ਨੂੰ ਤੁਸੀਂ ਗੁਆ ਦਿੰਦੇ ਹੋ।

ਇਸ ਅੰਮ੍ਰਿਤ ਵੇਲੇ ਨੂੰ ਫੜਣਾ ਹੋਵੇ ਤਾਂ ਹਰ ਘੜੀ ਸਜਗਤਾ ਨਾਲ ਜੀਉਣਾ ਜ਼ਰੂਰੀ ਹੈ। ਤੁਸੀਂ ਭੋਜਨ ਕਰੋ ਤਾਂ ਕੇਵਲ ਭੋਜਨ ਕਰੋ, ਹੋਰ ਕੋਈ ਵਿਚਾਰ ਮਨ ਵਿੱਚ ਨਾ ਚੱਲੇ। ਤੁਸੀਂ ਇਸ਼ਨਾਨ ਕਰੋ ਤਾਂ ਕੇਵਲ ਇਸ਼ਨਾਨ ਕਰੋ। ਹੋਰ ਕੋਈ ਵਿਚਾਰ ਮਨ ਵਿੱਚ ਨਾ ਚੱਲੇ। ਤੁਸੀਂ ਦੁਕਾਨ ਤੇ ਆਓ ਤਾਂ ਦੁਕਾਨ ਹੀ ਰਹੇ, ਹੋਰ ਕੋਈ ਵਿਚਾਰ ਨਾ ਆਵੇ। ਘਰ ਭੁੱਲ ਜਾਵੇ। ਘਰ ਜਾਓ ਤਾਂ ਦੁਕਾਨ ਭੁੱਲ ਜਾਵੇ। ਤੁਸੀਂ ਇੱਕ-ਇੱਕ ਪਲ ਵਿੱਚ ਜਦੋਂ ਜਾਓ ਤਾਂ ਪੂਰੇ ਉਥੇ ਰਹੋ, ਇਥੇ ਉਥੇ ਨਹੀਂ। ਤਦ ਹੌਲੀ-ਹੌਲੀ ਤੁਹਾਡੀ ਦ੍ਰਿਸ਼ਟੀ ਬਾਰੀਕ ਹੋਵੇਗੀ ਅਤੇ ਤੁਸੀਂ ਵਰਤਮਾਨ ਪਲ ਨੂੰ 'ਪ੍ਰੈਜ਼ੰਟ ਮੂਮੈਂਟ' ਨੂੰ ਦੇਖਣ ਵਿੱਚ ਸਮਰੱਥ ਹੋ ਸਕੋਗੇ।

ਇਸ ਤੋਂ ਪਿਛੋਂ ਹੀ ਤੁਸੀਂ ਅੰਮ੍ਰਿਤ ਵੇਲੇ ਧਿਆਨ ਕਰ ਸਕੋਗੇ, ਕਿਉਂਕਿ ਉਹ ਤਾਂ ਬਹੁਤ ਮਹੀਨ ਘੜੀ ਹੈ। ਇੱਕ ਝਟਕੇ ਵਿੱਚ ਬੀਤ ਜਾਂਦੀ ਹੈ। ਤੁਸੀਂ ਕੁਝ ਹੋਰ ਸੋਚਦੇ ਰਹਿੰਦੇ ਹੋ, ਉਹ ਉਸੇ ਵੇਲੇ ਬੀਤ ਜਾਂਦੀ ਹੈ।

ਸੌਂਣ ਤੋਂ ਪਹਿਲਾਂ ਪਏ ਰਹੋ ਬਿਸਤਰੇ ਉਤੇ। ਸਾਰੇ ਪਾਸਿਆਂ ਤੋਂ ਮਨ ਨੂੰ ਸ਼ਾਂਤ ਕਰ ਲਵੋ। ਵਿਚਾਰ ਏਧਰ-ਉਧਰ ਨਾ ਲੈ ਜਾਂਦੇ ਹੋਣ। ਨਹੀਂ ਤਾਂ ਜਦੋਂ ਘੜੀ ਆਵੇਗੀ, ਤਦ ਤੁਸੀਂ ਉਥੇ ਹਾਜ਼ਰ ਨਹੀਂ ਹੋਗੇ। ਤੁਸੀਂ ਕਿਸੇ ਚਿੰਤਾ ਵਿਚਾਰ ਵਿੱਚ ਡੁੱਬੇ ਰਹੋਗੇ।

ਸਾਰੇ ਪਾਸਿਆਂ ਤੋਂ ਆਪਣੇ ਆਪ ਨੂੰ ਸ਼ਾਂਤ ਕਰ ਲਵੋ। ਮਨ ਬਿਲਕੁਲ ਸੁੰਨਾ ਹੋ ਜਾਏ, ਉਥੇ ਕੋਈ ਵਿਚਾਰ ਨਾ ਘੁੰਮਦਾ ਹੋਵੇ। ਕੋਈ ਬੱਦਲ ਨਾ ਘੁੰਮਦਾ ਹੋਵੇ, ਨੀਲੇ ਆਕਾਸ਼ ਵਰਗਾ ਹੋ ਜਾਏ ਮਨ—ਖ਼ਾਲੀ, ਸੁੰਨਾ ਅਤੇ ਦੇਖਦੇ ਰਹੋ। ਕਿਉਂਕਿ ਖਾਲੀ ਸੁੰਨਾ ਹੋਣ ਦੇ ਨਾਲ ਭੈਅ ਹੈ ਕਿ ਤੁਸੀਂ ਸੌਂ ਜਾਓ। ਵੇਖਦੇ ਰਹੋ ਅੰਦਰ ਕੀ ਹੋ ਰਿਹਾ ਹੈ। ਤੁਸੀਂ ਬਰਾਬਰ ਖੜਾਕੇ ਦੀ ਇੱਕ ਆਵਾਜ਼ ਸੁਣੋਗੇ। ਜਿਵੇਂ ਗੇਅਰ ਬਦਲ ਰਿਹਾ ਹੈ। ਲੇਕਿਨ ਗੇਅਰ ਬਹੁਤ ਬਾਰੀਕ ਹੈ। ਜੇਕਰ ਵਿਚਾਰ ਚਲਦੇ ਹੋਣਗੇ ਤਾਂ ਤੁਸੀਂ ਸੁਣ ਹੀ ਨਹੀਂ ਸਕੋਗੇ। ਬਰਾਬਰ ਤੁਸੀਂ ਵੇਖੋਗੇ ਕਿ ਦਿਨ ਰਾਤ ਵਿੱਚ ਬਦਲ ਰਿਹਾ ਹੈ, ਰਾਤ ਦਿਨ ਵਿੱਚ ਬਦਲ ਰਹੀ ਹੈ। ਸੌਂਣਾ ਨੀਂਦ ਬਣ ਰਹੀ ਹੈ, ਨੀਂਦ ਜਾਗਣਾ ਬਣ ਰਹੀ

ਹੈ ਅਤੇ ਤੁਸੀਂ ਦੋਹਾਂ ਨੂੰ ਵੱਖਰੇ ਵੇਖਣ ਵਾਲੇ ਹੋ। ਉਹ ਵੇਖਣ ਵਾਲਾ ਹੀ ਅੰਮ੍ਰਿਤ ਹੈ। ਤੁਸੀਂ ਵੇਖੋਗੇ ਆਪਣੇ ਅੰਦਰ ਜਾਗਰਣ ਗਿਆ ਇਸ ਦਰਵਾਜੇ ਤੋਂ ਨੀਂਦ ਆ ਗਈ। ਤੁਸੀਂ ਸਵੇਰੇ ਪਾਓਗੇ ਨੀਂਦ ਗਈ, ਜਾਗਰਣ ਆਇਆ ਅਤੇ ਤੁਸੀਂ ਨੀਂਦ ਅਤੇ ਜਾਗਰਣ ਦੋਹਾਂ ਨੂੰ ਵੇਖ ਸਕੋਗੇ, ਤੁਸੀਂ ਦੋਹਾਂ ਤੋਂ ਵੱਖਰੇ ਹੋ ਗਏ। ਤੁਸੀਂ ਦ੍ਰਿਸ਼ਟਾ (ਦੇਖਣ ਵਾਲਾ) ਹੋ ਗਏ। ਇਹ ਹੀ ਅੰਮ੍ਰਿਤ ਦੀ ਘੜੀ ਹੈ। ਇਹ ਨਾਨਕ ਕਹਿੰਦੇ ਹਨ, ਇਸ ਅੰਮ੍ਰਿਤ ਵੇਲੇ ਵਿੱਚ ਬੱਸ, ਉਸਦੀ ਮਹਿਮ ਦਾ ਭਾਓ ਰਹੇ।

ਮਹਿਮਾ ਦਾ ਅਰਥ ਹੈ *"ਸਾਚਾ ਸਾਹਿਬੁ, ਸਾਚੁ ਨਾਇ"* ਬੱਸ ਉਸਦੀ ਮਹਿਮਾ ਦਾ ਭਾਓ ਰਹੇ। ਸ਼ਬਦ ਵੀ ਨਹੀਂ। ਜੇਕਰ ਤੁਸੀਂ ਜਪੁਜੀ ਦੁਹਰਾਉਂਦੇ ਰਹੇ ਤਾਂ ਵੀ ਖੁੰਝ ਜਾਓਗੇ। ਇਸਨੂੰ ਵੀ ਖਿਆਲ ਵਿੱਚ ਰੱਖ ਲੈਣਾ ਕਿ ਮਹਿਮਾ ਦਾ ਅਰਥ ਸ਼ਬਦ ਨਹੀਂ ਹੈ। ਮਹਿਮਾ ਇੱਕ ਭਾਵਦਸ਼ਾ ਹੈ, ਤੁਸੀਂ ਜੇਕਰ ਕਿਹਾ ਕਿ ਤੂੰ ਅਪਰੰਮਪਾਰ ਹੈਂ, ਤੂੰ ਮਹਾਨ ਹੈਂ, ਤੂੰ ਏਹੋ ਜਿਹਾ, ਤੂੰ ਉਹੋ ਜਿਹਾ ਹੈਂ—ਇਸ ਬਕਵਾਸ ਵਿੱਚ ਤੁਸੀਂ ਖੁੰਝ ਜਾਓਗੇ। ਉਹ ਪਲ ਬਾਰੀਕ ਹੈ। ਪਰ ਇਸਨੂੰ ਥੋੜ੍ਹਾ ਸਮਝਣਾ ਔਖਾ ਹੈ।

ਤੁਸੀਂ ਕਦੇ ਭਾਵ ਜਾਣਿਆ? ਤੁਸੀਂ ਕਦੇ ਕਿਸੇ ਦੇ ਪਿਆਰ ਵਿੱਚ ਪਏ? ਤਾਂ ਕੀ ਜ਼ਰੂਰੀ ਹੈ ਕਹਿਣਾ, ਕਿ ਮੈਂ ਤੁਹਾਨੂੰ ਪਿਆਰ ਕਰਦਾ ਹਾਂ? ਜਦ ਤੁਸੀਂ ਆਪਣੇ ਪਿਆਰੇ ਦੇ ਕੋਲ ਹੋਵੋ ਤਾਂ ਕੀ ਬਾਰ-ਬਾਰ ਦੁਹਰਾਉਣਾ ਜ਼ਰੂਰੀ ਹੈ ਕਿ ਮੈਂ ਤੁਹਾਨੂੰ ਪਿਆਰ ਕਰਦਾ ਹਾਂ? ਕਿ ਤੁਸੀਂ ਬੜੇ ਸੋਹਣੇ ਹੋ, ਕਿ ਤੁਹਾਡੇ ਤੋਂ ਸੋਹਣਾ ਹੋਰ ਕੋਈ ਵੀ ਨਹੀਂ? ਇਨ੍ਹਾਂ ਸ਼ਬਦਾਂ ਨਾਲ ਤਾਂ ਗੱਲਾਂ ਥੋਥੀਆਂ ਅਤੇ ਹੋਛੀਆਂ ਹੋ ਜਾਂਦੀਆਂ ਹਨ। ਸੱਚ ਤਾਂ ਇਹ ਹੈ ਕਿ ਤੁਸੀਂ ਜਦ ਇਹ ਕਹਿੰਦੇ ਹੋ, ਤਦ ਪ੍ਰੇਮ ਦੀ ਮਹਿਮਾ ਗੁਆਚ ਗਈ। ਇਹ ਸ਼ਬਦ ਉਸ ਮਹਿਮਾ ਨੂੰ ਨਹੀਂ ਲਿਆ ਸਕਦੇ।

ਤੁਸੀਂ ਪ੍ਰੇਮੀ ਦੇ ਕੋਲ ਹੁੰਦੇ ਹੋ ਤਾਂ ਚੁੱਪ ਚਾਪ ਬੈਠਦੇ ਹੋ। ਲੇਕਿਨ ਹਿਰਦੇ ਵਿੱਚ ਇੱਕ ਭਾਵ ਗੂੰਜਦਾ ਰਹਿੰਦਾ ਹੈ। ਪ੍ਰੇਮੀ ਦੀ ਮਹਿਮਾ ਦਾ ਉਹ ਭਾਵ ਹੈ, ਸ਼ਬਦ ਨਹੀਂ। ਸ਼ਬਦ ਤਾਂ ਮਸਤਿਕ ਵਿੱਚ ਗੂੰਜਦੇ ਹਨ, ਭਾਵ ਹਿਰਦੇ ਵਿੱਚ ਗੂੰਜਦਾ ਹੈ। ਤੁਸੀਂ ਪੁਲਕਿਤ ਹੁੰਦੇ ਰਹਿੰਦੇ ਹੋ। ਤੁਸੀਂ ਆਨੰਦ ਮਾਣਦੇ ਹੋ। ਤੁਸੀਂ ਬਿਨਾਂ ਕਾਰਣ ਤੋਂ ਖੁਸ਼ ਹੁੰਦੇ ਹੋ। ਕੋਈ ਕਾਰਣ ਨਹੀਂ ਹੁੰਦਾ ਅਤੇ ਤੁਸੀਂ ਪਾਉਂਦੇ ਹੋ ਕਿ ਭਰੇ ਹੋਏ ਹਾਂ। ਕੁਝ ਖਾਲੀ ਨਹੀਂ ਹੈ। ਤੁਸੀਂ ਪੂਰੀ ਤਰ੍ਹਾਂ ਪੂਰਣ ਹੁੰਦੇ ਹੋ ਅਤੇ ਤੁਹਾਡੀ ਇਹ ਪੂਰੀ ਤਰ੍ਹਾਂ ਦੀ ਪੂਰਣਤਾ, ਤੁਹਾਡੀ ਇਹ ਔਵਰ ਫਲੋਇੰਗ, ਹੜ ਦੇ ਵਾਂਗ ਤੁਹਾਡੀ ਵਗਦੀ ਹੋਈ ਇਹ ਪਿਆਰ ਦੀ ਧਾਰਾ ਪ੍ਰੇਮੀ ਅਨੁਭਵ ਕਰਦਾ ਹੈ। ਪ੍ਰੇਮੀਆਂ ਨੂੰ ਤੁਸੀਂ ਸਦਾ ਚੁੱਪ ਪਾਓਗੇ। ਪਤੀ-ਪਤਨੀਆਂ ਨੂੰ ਤੁਸੀਂ ਸਦਾ ਗੱਲਬਾਤ ਕਰਦੇ ਪਾਓਗੇ, ਕਿਉਂਕਿ ਪਤੀ-ਪਤਨੀ ਡਰਦੇ ਹਨ ਚੁੱਪ ਹੋ ਜਾਣ ਤੋਂ। ਚੁੱਪ ਹੋਏ ਤਾਂ ਸਾਰਾ ਸੰਬੰਧ ਟੁੱਟ ਜਾਂਦਾ ਹੈ। ਗੱਲਾਂ ਬਾਤਾਂ ਦਾ ਹੀ ਸਾਰਾ ਸੰਬੰਧ

ਹੈ। ਜੇਕਰ ਪਤੀ ਚੁੱਪ ਹੈ ਤਾਂ ਪਤਨੀ ਸਮਝਦੀ ਹੈ, ਕਿਉਂ ਤੁਸੀਂ ਚੁੱਪ ਹੋ? ਕੀ ਗੱਲ ਹੈ? ਜੇਕਰ ਪਤਨੀ ਚੁੱਪ ਹੈ ਤਾਂ ਪਤੀ ਸੋਚਦਾ ਹੈ ਕੁਝ ਗੜਬੜ ਹੈ। ਚੁੱਪ ਉਹ ਹੁੰਦੇ ਹੀ ਤਦ ਹਨ, ਜਦ ਉਹ ਲੜੇ ਹੋਏ ਹੋਣ। ਨਹੀਂ ਤਾਂ ਉਹ ਬੋਲਦੇ ਹੀ ਰਹਿੰਦੇ ਹਨ। ਇਸਨੂੰ ਥੋੜ੍ਹਾ ਸੋਚਣਾ। ਤੁਸੀਂ ਚੁੱਪ ਹੁੰਦੇ ਹੀ ਤਦ ਹੋ, ਜਦ ਤੁਹਾਡਾ ਝਗੜਾ ਚੱਲ ਰਿਹਾ ਹੈ। ਗੱਲਬਾਤ ਬੰਦ ਹੈ। ਲੇਕਿਨ ਜਦ ਤੁਸੀਂ ਠੀਕ ਹੁੰਦੇ ਹੋ ਤਾਂ ਗੱਲਾਂ ਬਾਤਾਂ ਕਰਦੇ ਰਹਿੰਦੇ ਹੋ। ਤੁਸੀਂ ਮੌਨ ਦੀ ਵਰਤੋਂ ਝਗੜੇ ਲਈ ਕਰਦੇ ਹੋ ਅਤੇ ਮੌਨ ਦੀ ਵਰਤੋਂ ਵੱਡੇ ਤੋਂ ਵੱਡੇ ਪ੍ਰੇਮ ਦੇ ਲਈ ਕਰਨਾ ਹੈ।

ਜਦ ਦੋ ਪ੍ਰੇਮੀ ਸੱਚੀ-ਮੁੱਚੀ ਪ੍ਰੇਮ ਵਿੱਚ ਹੁੰਦੇ ਹਨ, ਉਹ ਏਨੇ ਗੱਦ-ਗੱਦ ਹੁੰਦੇ ਹਨ ਕਿ ਬੋਲਣ ਨੂੰ ਕੁਝ ਬਚਦਾ ਹੀ ਨਹੀਂ। ਹੰਝੂ ਵਗ ਸਕਦੇ ਹਨ। ਉਸ ਗੱਦ-ਗੱਦ ਭਾਵ ਵਿੱਚ ਉਹ ਇੱਕ ਦੂਜੇ ਦੇ ਹੱਥ, ਹੱਥਾਂ ਵਿੱਚ ਲੈ ਸਕਦੇ ਹਨ। ਉਹ ਇੱਕ ਦੂਜੇ ਨੂੰ ਗਲਵੱਕੜੀ ਪਾ ਸਕਦੇ ਹਨ। ਪਰ ਵਾਣੀ ਗੁਆਚ ਜਾਏਗੀ। ਪ੍ਰੇਮੀ ਗੂੰਗੇ ਹੋ ਜਾਂਦੇ ਹਨ। ਬੋਲਣਾ ਹੌਛਾ ਲੱਗਦਾ ਹੈ। ਬੋਲਣਾ ਵੀ ਰੁਕਾਵਟ ਪਾਉਂਦਾ ਮਾਲੂਮ ਹੁੰਦਾ ਹੈ।

ਬੋਲੇ ਤਾਂ ਇਹ ਜਿਹੜੀ ਗਹਿਰੀ ਸ਼ਾਂਤੀ ਘਿਰੀ ਹੋਈ ਹੁੰਦੀ ਹੈ ਉਹ ਟੁੱਟ ਜਾਵੇਗੀ। ਬੋਲੇ ਤਾਂ ਜਿਹੜਾ ਇਹ ਤਾਰ ਬਣ ਗਿਆ ਹੈ ਹਿਰਦੇ ਦਾ, ਇਹ ਛਿੰਨ-ਭਿੰਨ ਹੋ ਜਾਵੇਗਾ। ਬੋਲੇ ਤਾਂ ਕੰਬ ਜਾਵੇਗੀ ਸਾਗਰ ਦੀ ਸਤਹ ਅਤੇ ਲਹਿਰਾਂ ਉੱਠਣ ਲੱਗ ਪੈਣਗੀਆਂ। ਇਸ ਲਈ ਪ੍ਰੇਮੀ ਚੁੱਪ-ਚਾਪ ਹੋ ਜਾਂਦੇ ਹਨ।

ਉਸ ਘੜੀ ਵਿੱਚ ਅੰਮ੍ਰਿਤ ਵੇਲੇ ਵਿੱਚ ਮਹਿਮਾ ਦਾ ਵਿਚਾਰ ਨਹੀਂ ਕਰਨਾ ਹੈ, ਸ਼ਬਦ ਨਹੀਂ ਬੰਨ੍ਹਣੇ ਹਨ। ਮਹਿਮਾ ਦਾ ਭਾਵ ਕਰਨਾ ਹੈ। ਅਹੋਭਾਵ, ਚੁੱਪਭਾਵ ਕਿ ਪਰਮਾਤਮਾ ਨੇ ਸਭ ਦਿੱਤਾ ਹੈ ਅਤੇ ਤੁਸੀਂ ਭਰੇ-ਪੂਰੇ ਹੋ। ਕੁਝ ਵੀ ਨਹੀਂ ਚਾਹੀਦਾ ਅਤੇ ਤੁਹਾਡੇ ਤੋਂ ਧੰਨਵਾਦ ਵਗ ਰਿਹਾ ਹੈ।

''ਅਸੀਂ ਮੂੰਹ ਨਾਲ ਕਿਹੜੀ ਬੋਲੀ ਬੋਲੀਏ, ਜਿਸ ਨੂੰ ਸੁਣ ਕੇ ਉਹ ਪਿਆਰ ਕਰੇ।'' ਕੁਝ ਬੋਲਣ ਨੂੰ ਨਹੀਂ ਹੈ। ਉਸਨੂੰ ਅਸੀਂ ਕੀ ਕਹਾਂਗੇ? ਸਭ ਕਹਿਣਾ ਵਿਅਰਥ ਹੈ। ''ਸਤਿਨਾਮੁ ਦੀ ਮਹਿਮਾ ਦਾ ਧਿਆਨ ਕਰੋ।'' ਸਤਿਨਾਮੁ ਨਾਲ ਭਰ ਜਾਓ। ਫਿਰ ਤੁਸੀਂ ਪਾਓਗੇ ਇੱਕ ਤਾਲਮੇਲ ਬੈਠ ਗਿਆ। ਇਸ ਵਿਚਕਾਰਲੇ ਪਲ ਵਿੱਚ ਜਦੋਂ ਦਿਨ ਜਾ ਰਿਹਾ ਹੈ, ਰਾਤ ਆ ਰਹੀ ਹੈ; ਜਾਗਰਣ ਜਾ ਰਿਹਾ ਹੈ, ਨੀਂਦ ਆ ਰਹੀ ਹੈ। ਤੁਸੀਂ ਸੁਚੇਤ ਹੋ ਜਾਓਗੇ। ਤੁਸੀਂ ਚੁੱਕ ਜਾਓਗੇ, ਤੁਸੀਂ ਪਾਓਗੇ ਤੁਸੀਂ ਪ੍ਰਕਾਸ਼ ਦੀ ਇੱਕ ਲਪਟ ਹੋ ਗਏ। ਜਿਸਦਾ ਨਾ ਕੋਈ ਆਰੰਭ ਹੈ ਨਾ ਕੋਈ ਅੰਤ ਹੈ। ਜਿਹੜਾ ਸਦਾ ਸੱਚ ਹੈ, ਜਿਹੜਾ ਸ਼ਾਸ਼ਵਤ ਹੈ। ਉਸ ਲਪਟ ਵਿੱਚ ਹੀ ਜੀਵਨ ਦੇ ਦੁਆਰ ਖੁਲ੍ਹਦੇ ਹਨ ਅਤੇ ਉਸ ਪ੍ਰਕਾਸ਼ ਵਿੱਚ ਹੀ ਸਤਯ ਜਿਹੜਾ ਲੁਕਿਆ ਹੈ, ਉਘੱੜਦਾ ਹੈ।

"ਕਰਮ ਨਾਲ ਦੇਹ ਮਿਲਦੀ ਹੈ"। ਤਦ ਉਸ ਘੜੀ ਵਿੱਚ ਤੁਸੀਂ ਜਾਣੋਗੇ ਕਿ ਕਰਮ ਨਾਲ ਦੇਹ ਮਿਲਦੀ ਹੈ ਅਤੇ ਕਿਰਪਾ ਦ੍ਰਿਸ਼ਟੀ ਨਾਲ ਮੋਕਸ਼ ਦਾ ਦੁਆਰ ਖੁਲ੍ਹਦਾ ਹੈ। ਇਹ ਜਿਹੜੀ ਦੇਹ ਹੈ ਇਹ ਤੁਹਾਡੇ ਕੀਤੇ ਹੋਏ ਦਾ ਫ਼ਲ ਹੈ। ਇਹ ਤੁਸੀਂ ਕਰ-ਕਰਕੇ ਪਾਇਆ ਹੈ।

ਇਥੇ ਕਈ ਗੱਲਾਂ ਸਮਝ ਲੈਣੀਆਂ ਜ਼ਰੂਰੀ ਹਨ। ਪਹਿਲੀ ਗੱਲ! ਕੁਝ ਚੀਜ਼ਾਂ ਹਨ ਜਿਹੜੀਆਂ ਤੁਸੀਂ ਕਰਕੇ ਕਦੀ ਨਹੀਂ ਪਾ ਸਕਦੇ। ਤੁੱਛ ਨੂੰ ਕਰਕੇ ਪਾਇਆ ਜਾ ਸਕਦਾ ਹੈ। ਵਿਰਾਟ ਨੂੰ ਕਰਕੇ ਨਹੀਂ ਪਾਇਆ ਜਾ ਸਕਦਾ। ਕਬੀਰ ਨੇ ਕਿਹਾ ਹੈ "ਅਨਕੀਏ ਸਭ ਹੋਏ।" ਉਸ ਵਿਰਾਟ ਨੂੰ ਪਾਉਣ ਲਈ ਤੁਹਾਨੂੰ ਬਿਨ ਕੀਤੇ ਦੀ ਅਵਸਥਾ ਵਿੱਚ ਹੋਣਾ ਚਾਹੀਦਾ ਹੈ। ਤੁਸੀਂ ਸਭ ਕੁਝ ਕਰਮ ਨਾਲ ਪਾ ਸਕਦੇ ਹੋ, ਜੋ ਤੁੱਛ ਹੈ। ਜਿਹੜਾ ਵਿਰਾਟ ਹੈ ਉਹ ਅਕਰਮ ਨਾਲ ਪ੍ਰਾਪਤ ਹੁੰਦਾ ਹੈ। ਦੋਹਾਂ ਦੀ ਰਾਹ ਵੱਖਰੀ ਹੈ। ਸੁਭਾਵਿਕ ਵੀ ਹੈ, ਤਰਕ-ਯੁਕਤ ਵੀ ਹੈ।

ਮੈਂ ਜੋ ਵੀ ਕਰਾਂਗਾ ਉਹ ਮੈਥੋਂ ਵੱਡਾ ਨਹੀਂ ਹੋਵੇਗਾ। ਕਿਵੇਂ ਹੋਵੇਗਾ? ਕ੍ਰਿਤਯ ਕਦੇ ਕਰਤਾ ਨਾਲੋਂ ਵੱਡਾ ਹੋਇਆ? ਮੂਰਤੀ ਕਦੇ ਮੂਰਤੀਕਾਰ ਤੋਂ ਵੱਡੀ ਹੋਈ ਹੈ? ਕਵਿਤਾ ਕਦੇ ਕਵੀ ਨਾਲੋਂ ਵੱਡੀ ਹੋਈ ਹੈ? ਅਸੰਭਵ ਹੈ। ਜੋ ਤੁਹਾਡੇ ਤੋਂ ਨਿਕਲੇਗਾ ਉਹ ਤੁਹਾਡੇ ਤੋਂ ਛੋਟਾ ਹੋ ਸਕਦਾ ਹੈ ਬਹੁਤੇ ਤੋਂ ਬਹੁਤਾ ਤੁਹਾਡੇ ਬਰਾਬਰ ਹੋ ਸਕਦਾ ਹੈ, ਲੇਕਿਨ ਤੁਹਾਡੇ ਤੋਂ ਵੱਡਾ ਨਹੀਂ ਹੋ ਸਕਦਾ। ਤੁਸੀਂ ਪਰਮਾਤਮਾ ਨੂੰ ਕਿਵੇਂ ਪਾਓਗੇ? ਤੁਹਾਡੇ ਕਰਤਾ ਦੇ ਭਾਵ ਨਾਲ ਕੁਝ ਵੀ ਨਹੀਂ ਹੋਵੇਗਾ ਅਤੇ ਤੁਸੀਂ ਜਿੰਨਾ ਪਾਉਣ ਦੀ ਕੋਸ਼ਿਸ਼ ਕਰੋਗੇ, ਓਨੇ ਹੀ ਤੁਸੀਂ ਭਟਕੋਗੇ।

ਏਸੇ ਭਟਕਾਵ ਨੂੰ ਲੁਕਾਉਣ ਲਈ ਤਾਂ ਤੁਸੀਂ ਮੰਦਰਾਂ ਵਿੱਚ ਮੂਰਤੀਆਂ ਘੜ ਲਈਆਂ ਹਨ। ਮੂਰਤੀਆਂ ਅਸੀਂ ਘੜ ਸਕਦੇ ਹਾਂ। ਪਰਮਾਤਮਾ ਨੂੰ ਘੜਣ ਦਾ ਤਾਂ ਕੋਈ ਉਪਾਅ ਨਹੀਂ ਹੈ। ਪਰਮਾਤਮਾ ਸਾਨੂੰ ਘੜਦਾ ਹੈ। ਮੂਰਤੀ ਅਸੀਂ ਘੜਦੇ ਹਾਂ। ਪਰਮਾਤਮਾ ਸਾਨੂੰ ਬਣਾਉਂਦਾ ਹੈ, ਮੰਦਰ ਅਸੀਂ ਬਣਾਉਂਦੇ ਹਾਂ। ਮੰਦਰ ਤੁੱਛ ਹਨ। ਉਹ ਤੁਹਾਡੇ ਹੱਥ ਦੀ ਘਾੜਤ ਹਨ। ਤੁਹਾਡੀ ਘਾੜਤ ਵਿੱਚ ਵਿਰਾਟ ਕਿਵੇਂ ਪਾਇਆ ਜਾ ਸਕਦਾ ਹੈ? ਤੁਹਾਡੀ ਘੜਤ ਤੁਹਾਡੇ ਤੋਂ ਵੱਡੀ ਨਹੀਂ ਹੋਵੇਗੀ। ਤੁਹਾਡੀ ਘੜਤ ਵਿੱਚ ਤੁਸੀਂ ਹੀ ਤਾਂ ਰਹੋਗੇ। ਤੁਹਾਡੇ ਹੀ ਹੱਥ ਦੀ ਛਾਪ ਹੋਵੇਗੀ। ਉਸ ਉਤੇ ਪਰਮਾਤਮਾ ਦੇ ਦਸਤਖ਼ਤ ਨਹੀਂ ਹੋ ਸਕਦੇ।

ਹਾਂ, ਤੁਹਾਡੀ ਘਾੜਤ ਵਿੱਚ ਵੀ ਕਦੇ-ਕਦੇ ਪਰਮਾਤਮਾ ਦੇ ਦਸਤਖ਼ਤ ਹੋ ਸਕਦੇ ਹਨ— ਜਦੋਂ ਤੁਸੀਂ ਉਸਦੇ ਹੱਥਾਂ ਵਿੱਚ ਆਪਣੇ ਆਪ ਨੂੰ ਛੱਡ ਦਿਓ।

ਉਹ ਕਰੇ ਅਤੇ ਤੁਸੀਂ ਕੇਵਲ ਹਥਿਆਰ (Tools) ਹੋ ਜਾਓ। ਬਿਰਲੇ ਦੇ ਮੰਦਰ ਵਿੱਚ ਤੁਸੀਂ ਉਸਨੂੰ ਨਹੀਂ ਪਾ ਸਕੋਗੇ। ਉਹ ਮੰਦਰ ਬਿਰਲੇ ਦਾ ਹੈ। ਉਸਦਾ ਭਗਵਾਨ ਨਾਲ ਕੀ ਲੈਣਾ ਦੇਣਾ? ਜੇ ਉਹ ਭਗਵਾਨ ਦਾ ਮੰਦਰ ਹੁੰਦਾ, ਤਾਂ ਉਹ ਬਿਰਲੇ ਦਾ ਕਿਵੇਂ ਹੋ ਸਕਦਾ ਸੀ? ਹਿੰਦੂ ਦੇ ਮੰਦਰ ਵਿੱਚ ਤੁਸੀਂ ਉਸਨੂੰ ਨਹੀਂ ਪਾ ਸਕੋਗੇ, ਉਹ ਹਿੰਦੂ ਦਾ ਮੰਦਰ ਹੈ। ਜੇਕਰ ਉਹ ਪਰਮਾਤਮਾ ਦਾ ਮੰਦਰ ਹੁੰਦਾ, ਤਾਂ ਤੁਸੀਂ ਉਸਨੂੰ ਹਿੰਦੂ ਦਾ ਮੰਦਰ ਕਿਉਂ ਕਹਿੰਦੇ? ਸਿੱਖਾਂ ਦੇ ਗੁਰਦੁਆਰੇ ਵਿੱਚ ਤੁਸੀਂ ਉਸਨੂੰ ਨਹੀਂ ਪਾ ਸਕੋਗੇ, ਉਹ ਸਿੱਖ ਦਾ ਗੁਰਦੁਆਰਾ ਹੈ।

ਪਰਮਾਤਮਾ ਦੇ ਮੰਦਰ ਦਾ ਕੋਈ ਨਾਉਂ ਨਹੀਂ ਹੋ ਸਕਦਾ। ਕਿਉਂਕਿ ਉਹ ਨਾਮ ਤੋਂ ਰਹਿਤ ਹੈ। ਉਸਦਾ ਮੰਦਰ ਵੀ ਨਾਮ ਤੋਂ ਰਹਿਤ ਹੋਵੇਗਾ। ਤੁਸੀਂ ਜੋ ਵੀ ਬਣਾਉਗੇ, ਕਿੰਨਾ ਵੀ ਸੋਹਣਾ ਬਣਾ ਲਵੋ, ਸਵਰਣ ਮੰਦਰ ਬਣਾ ਲਓ, ਪਰ ਆਦਮੀ ਦੇ ਹੱਥ ਦੀ ਛਾਪ ਉਥੇ ਹੋਵੇਗੀ। ਤੁਹਾਡਾ ਮੰਦਰ ਦੂਜੇ ਦੇ ਮੰਦਰ ਨਾਲੋਂ ਵੱਡਾ ਹੋਵੇ, ਤੁਹਾਡੇ ਤੋਂ ਵੱਡਾ ਨਹੀਂ ਹੋ ਸਕਦਾ। ਤੁਹਾਡੇ ਮੰਦਰ ਵਿੱਚ ਉਹ ਤਾਂ ਹੀ ਪ੍ਰਗਟ ਹੋ ਸਕਦਾ ਹੈ, ਜਦ ਤੁਸੀਂ ਬਿਲਕੁਲ ਅਪ੍ਰਗਟ ਹੋ ਜਾਓ। ਤੁਹਾਡੀ ਛਾਪ ਹੀ ਨਾ ਮਿਲੇ।

ਅਜੇ ਤੱਕ ਅਸੀਂ ਧਰਤੀ ਉਤੇ ਇਹੋ ਜਿਹਾ ਮੰਦਰ ਬਨਾਉਣ ਵਿੱਚ ਸਮਰੱਥ ਨਹੀਂ ਹੋ ਸਕੇ, ਜਿਸ ਦੇ ਵਿੱਚ ਆਦਮੀ ਦੇ ਹੱਥਾਂ ਦੀ ਛਾਪ ਨਾ ਹੋਵੇ। ਸਾਰੇ ਮੰਦਰ ਤਾਂ ਕਿਸੇ ਦੇ ਹਨ। ਬਣਾਉਣ ਵਾਲਾ ਬੜੀ ਗੁਝਤਾ ਨਾਲ ਉਥੇ ਮੌਜੂਦ ਹੈ। ਕੋਈ ਮੰਦਰ ਉਸਦਾ ਨਹੀਂ ਹੈ। ਸੱਚ ਤਾਂ ਇਹ ਹੈ ਕਿ ਉਸਦੇ ਮੰਦਰ ਬਨਾਉਣ ਦੀ ਕੋਈ ਜ਼ਰੂਰਤ ਨਹੀਂ ਹੈ? ਕਿਉਂਕਿ ਇਹ ਸਾਰੀ ਕੁਦਰਤ ਉਸਦਾ ਮੰਦਰ ਹੈ। ਪੰਛੀਆਂ ਵਿੱਚ ਉਹ ਕਲ-ਕਲ ਕਰ ਰਿਹਾ ਹੈ। ਦਰੱਖਤਾਂ ਵਿੱਚ ਫੁੱਲ ਖਿੜਾ ਰਿਹਾ ਹੈ। ਹਵਾਵਾਂ ਵਿੱਚ ਉਹ ਵਗ ਰਿਹਾ ਹੈ। ਨਦੀਆਂ ਵਿੱਚ ਉਸ ਦਾ ਹੀ ਰੌਲਾ ਹੈ। ਆਕਾਸ਼ ਉਸੇ ਦਾ ਫੈਲਾਓ ਹੈ। ਤੁਸੀਂ ਉਸੇ 'ਚ ਉੱਠੀਆਂ ਲਹਿਰਾਂ ਹੋ। ਉਸ ਦਾ ਮੰਦਰ ਤਾਂ ਵੱਡਾ ਹੈ। ਤੁਸੀਂ ਉਸਨੂੰ ਕਿਵੇਂ ਛੋਟੇ ਮੰਦਰ ਵਿੱਚ ਸਮੋ ਸਕੋਗੇ?

ਆਦਮੀ ਕਰਮ ਨਾਲ ਬਹੁਤ ਕੁਝ ਕਰ ਸਕਦਾ ਹੈ। ਪੱਛਮ ਉਸਦਾ ਪ੍ਰਤੀਕ ਹੈ। ਉਨ੍ਹਾਂ ਨੇ ਕਰਮ ਨਾਲ ਬਹੁਤ ਕੁਝ ਕਰ ਲਿਆ ਹੈ। ਚੰਗੇ ਰਾਹ ਬਣਾ ਲਏ। ਚੰਗੇ ਮਕਾਨ ਬਣਾ ਲਏ। ਵਿਗਿਆਨਕ ਉਪਕਰਣ ਲੱਭੇ। ਹਾਈਡਰੋਜ਼ਨ ਬੰਬ ਬਣਾ ਲਿਆ। ਮੌਤ ਦਾ ਵੱਡਾ ਉਪਰਾਲਾ ਕਰ ਲਿਆ, ਸਭ ਕਰ ਲਿਆ। ਪਰ ਪਰਮਾਤਮਾ ਤੋਂ ਬਿਲਕੁਲ ਵਾਂਝੇ ਹੋ ਗਏ ਅਤੇ ਜਿੰਨੀ-ਜਿੰਨੀ ਉਨ੍ਹਾਂ ਨੇ ਕਿਰਤ ਕੀਤੀ, ਜਿਹੜੀਆਂ-ਜਿਹੜੀਆਂ ਚੀਜ਼ਾਂ ਅਕਰਤਾ ਭਾਵ ਨਾਲ ਉਪਜਦੀਆਂ ਹਨ, ਉਹ ਸਾਰੀਆਂ ਗੁਆਚ ਗਈਆਂ। ਸਭ ਤੋਂ ਪਹਿਲਾਂ ਪੱਛਮ ਵਿੱਚ ਪਰਮਾਤਮਾ ਅਲੋਪ ਹੋ ਗਿਆ। ਤਾਂ ਨੀਤਸੇ ਨੇ ਸੌ ਸਾਲ ਪਹਿਲਾਂ

ਐਲਾਨ ਕੀਤਾ "God is dead" ਈਸ਼ਵਰ ਮਰ ਗਿਆ। ਪੱਛਮ ਦੇ ਲਈ ਤਾਂ ਸੱਚੀ-ਮੁੱਚੀ ਮਰ ਗਿਆ। ਕਿਉਂਕਿ ਜਦ ਤੁਸੀਂ ਕਰਮ ਦੇ ਨਾਲ ਬਹੁਤ ਭਰ ਗਏ ਹੁੰਦੇ ਹੋ; ਤਾਂ ਉਸਦੇ ਨਾਲ ਤੁਹਾਡਾ ਸਾਰਾ ਸੰਬੰਧ ਟੁੱਟ ਜਾਂਦਾ ਹੈ, ਤੇ ਤੁਸੀਂ ਮਰੇ ਹੋਏ ਵਾਂਗ ਹੋ ਜਾਂਦੇ ਹੋ। ਪਹਿਲਾਂ ਈਸ਼ਵਰ ਗੁਆਚ ਗਿਆ ਅਤੇ ਜਦ ਪਰਮਾਤਮਾ ਗੁਆਚ ਗਿਆ ਤਾਂ ਪ੍ਰਾਰਥਨਾ ਥੋਥੀ ਹੋ ਗਈ। ਧਿਆਨ ਹੋਛਾ ਹੋ ਗਿਆ। ਕੁਝ ਸਾਰ ਨਾ ਰਿਹਾ। ਕਿਸ ਦਾ ਧਿਆਨ? ਕਿਹੋ ਜਿਹਾ ਧਿਆਨ? ਕਾਹਦੇ ਲਈ, ਕਰਮ ਸਭ ਕੁਝ ਹੋ ਗਿਆ। ਧਿਆਨ ਤਾਂ ਕੁਝ ਨਾ ਕਰਨ ਦੀ ਅਵਸਥਾ ਹੈ, ਜਦ ਤੁਸੀਂ ਕੁਝ ਵੀ ਨਹੀਂ ਕਰਦੇ।

ਇਸ ਲਈ ਪੱਛਮ ਦੇ ਲੋਕ ਸੋਚਦੇ ਹਨ ਕਿ ਪੂਰਬ ਦੇ ਲੋਕ ਆਲਸੀ ਹਨ। ਸੁਸਤ ਹਨ। ਨਾਨਕ ਦੇ ਪਿਤਾ ਵੀ ਇਹ ਹੀ ਸੋਚਦੇ ਸੀ ਕਿ ਨਾਨਕ ਆਲਸੀ ਅਤੇ ਸੁਸਤ ਹਨ। ਬੈਠਾ-ਬੈਠਾ ਕੀ ਕਰ ਰਿਹਾ ਹੈ? ਪਿਤਾ ਦੇ ਕੋਲ ਵਿਵਸਾਈ ਬੁੱਧੀ ਸੀ, ਉਨ੍ਹਾਂ ਨੂੰ ਲੱਗਦਾ ਸੀ ਕਿ ਇਹ ਮੁੰਡਾ ਇੱਕ ਉਪੱਦਰ ਹੈ। ਨਾ ਕੁਝ ਕੰਮ-ਕਾਜ ਕਰਦਾ ਤੇ ਨਾ ਹੀ ਕੁਝ ਕਮਾਉਂਦਾ, ਇਹਦੇ ਭਵਿੱਖ ਦੇ ਸੰਬੰਧ 'ਚ ਪਿਤਾ ਨੂੰ ਬੜੀ ਚਿੰਤਾ ਸੀ। ਕਈ ਵਾਰ ਕੰਮ ਲੱਭੇ। ਸਾਰੀਆਂ ਥਾਵਾਂ ਤੋਂ ਬੇ-ਕੰਮਾਂ ਹੋ ਕੇ ਮੁੜ ਆਇਆ। ਕੁਝ ਨਹੀਂ ਸੁਝਿਆ। ਪੜ੍ਹਿਆ ਲਿਖਿਆ ਨਹੀਂ, ਕਿਉਂਕਿ ਪੰਡਿਤ ਨਾਲ ਵਿਵਾਦ ਹੋ ਗਿਆ ਅਤੇ ਪੰਡਿਤ ਆਪ ਆ ਕੇ ਮੁੰਡੇ ਨੂੰ ਮੋੜ ਕੇ ਘਰ ਛੱਡ ਗਿਆ ਕਿ ਆਪਣੇ ਵੱਸ ਤੋਂ ਬਾਹਰ ਹੈ, ਕਿਉਂਕਿ ਇਹ ਕਹਿੰਦਾ ਹੈ ਅਖ਼ੀਰੀ ਸ਼ਬਦ ਹੋ ਗਿਆ, ਹੁਣ ਹੋਰ ਕੀ ਬਚਿਆ? ਪੰਡਤ ਨੂੰ ਵੀ ਲੱਗਾ ਕਿ ਕਹਿੰਦਾ ਤਾਂ ਠੀਕ ਹੈ ਹੁਣ ਇਸ ਤੋਂ ਪਾਰ ਪੜ੍ਹਣ ਵਿੱਚ ਹੋਰ ਕੀ ਹੈ?

ਅਤੇ ਨਾਨਕ ਨੇ ਪੁੱਛਿਆ ਕਿ ਹੋਰ ਪੜ੍ਹ-ਪੜ੍ਹ ਕੇ ਕੀ ਹੋਵੇਗਾ? ਪੜ੍ਹ-ਪੜ੍ਹ ਕੇ ਕੀ ਉਸਨੂੰ ਪਾਇਆ ਜਾ ਸਕਦਾ ਹੈ? ਕੀ ਤੂੰ ਉਸਨੂੰ ਪਾ ਲਿਆ ਹੈ? ਪੰਡਿਤ ਨੇ ਕਿਹਾ, ਪੜ੍ਹ- ਪੜ੍ਹ ਕੇ ਤਾਂ ਉਸਨੂੰ ਨਹੀਂ ਪਾਇਆ ਜਾ ਸਕਦਾ। ਮੈਂ ਵੀ ਉਸਨੂੰ ਪਾਇਆ ਨਹੀਂ। ਤਾਂ ਨਾਨਕ ਨੇ ਕਿਹਾ, "ਫ਼ਿਰ ਅਸੀਂ ਉਹ ਹੀ ਰਾਹ ਲੱਭਾਂਗੇ, ਜਿਸ ਦੇ ਨਾਲ ਉਸਨੂੰ ਪਾਇਆ ਜਾ ਸਕਦਾ ਹੈ?" ਕਬੀਰ ਕਹਿੰਦੇ ਹਨ :

*ਪੋਥੀ ਪੜ੍ਹ ਪੜ੍ਹ ਜਗ ਮੁਆ, ਪੰਡਿਤ ਹੁਆ ਨਾ ਕੋਇ॥*
*ਢਾਈ ਅੱਖਰ ਪ੍ਰੇਮ ਕਾ, ਪੜ੍ਹੇ ਸੋ ਪੰਡਿਤ ਹੋਇ॥*

ਤਾਂ ਨਾਨਕ ਨੇ ਕਿਹਾ ਕਿ ਅਸੀਂ ਵੀ ਉਹ ਹੀ ਢਾਈ ਅੱਖਰ ਪੜ੍ਹਾਂਗੇ ਜਿਨ੍ਹਾਂ ਨੂੰ ਪੜ੍ਹ ਕੇ ਲੋਕ ਗਿਆਨ ਨੂੰ ਉਪਲਬਧ ਹੋ ਜਾਂਦੇ ਹਨ। ਹੁਣ ਅਸੀਂ ਇਹ ਏਨਾ ਲੰਮਾ ਕਾਹਦੇ ਲਈ ਪੜ੍ਹੀਏ! ਇਹ ਪੜ੍ਹਾਈ ਦਾ ਤਾਂ ਮਤਲਬ ਹੀ ਦੂਜਾ ਹੈ।

ਮੈਂ ਸੁਣਿਆ ਹੈ ਮੁੱਲਾ ਨਸਰੁਦੀਨ ਆਪਣੇ ਸਕੂਲ ਬੱਚਿਆਂ ਨੂੰ ਪੜ੍ਹਾਉਣ ਜਾਂਦਾ

ਸੀ ਅਤੇ ਆਪਣੇ ਖੋਤੇ ਉਤੇ ਬੈਠ ਕੇ ਜਾਂਦਾ ਸੀ। ਕਈ ਸਾਲਾਂ ਤੋਂ ਉਸੇ ਖੋਤੇ ਉਤੇ ਆ-ਜਾ ਰਿਹਾ ਸੀ। ਸਕੂਲ ਦੀ ਹਵਾ ਖੋਤੇ ਨੂੰ ਵੀ ਲੱਗ ਗਈ ਇੱਕ ਦਿਨ ਰਾਹ ਵਿੱਚ ਖੋਤੇ ਨੇ ਪੁੱਛਿਆ, "ਮੁੱਲਾ ਸਕੂਲ ਰੋਜ਼ ਕਾਹਦੇ ਲਈ ਜਾਂਦੇ ਹੋ?"

ਮੁੱਲਾ ਪਹਿਲਾਂ ਡਰਿਆ। ਫ਼ਿਰ ਉਸ ਨੇ ਸੋਚਿਆ ਕਿ ਮੈਂ ਕਈ ਬੋਲਣ ਵਾਲੇ ਖੋਤੇ ਵੇਖੇ ਹਨ ਤਾਂ ਇਹ ਖੋਤਾ ਵੀ ਬੋਲਣ ਵਾਲਾ ਖੋਤਾ ਮੰਨ ਲੈਣਾ ਚਾਹੀਦਾ ਹੈ। ਘਬਰਾਉਣ ਦੀ ਕੋਈ ਏਨੀ ਜ਼ਰੂਰਤ ਨਹੀਂ। ਫ਼ਿਰ ਲੱਗਦਾ ਹੈ ਇਸਨੂੰ ਵੀ ਸਕੂਲ ਦੀ ਹਵਾ ਲੱਗ ਗਈ ਹੈ। ਖੋਤਾ ਬੋਲਣ ਲੱਗ ਪਿਆ ਹੈ। ਆਪਣੀ ਹੀ ਭੁੱਲ ਹੈ। ਰੋਜ਼ ਸਕੂਲ ਲੈ ਜਾਂਦਾ ਰਿਹਾ, ਹਵਾ ਲੱਗ ਗਈ।

ਮੁੱਲਾ ਨੇ ਪੁੱਛਿਆ, "ਕੀ ਕਰੇਂਗਾ ਜਾਣ ਕੇ?" ਉਸ ਖੋਤੇ ਨੇ ਕਿਹਾ, "ਮੈਂ ਜਾਨਣਾ ਚਾਹੁੰਦਾ ਹਾਂ ਕਿ ਰੋਜ਼ ਸਕੂਲ ਕਿਉਂ ਜਾਂਦੇ ਹੋ? ਜਗਿਆਸਾ ਉੱਠੀ ਹੈ।"

ਮੁੱਲਾ ਨੇ ਕਿਹਾ, "ਸਕੂਲ ਪੜ੍ਹਾਉਣ ਜਾਂਦਾ ਹਾਂ।"

ਖੋਤੇ ਨੇ ਪੁੱਛਿਆ, "ਪੜ੍ਹਣ ਨਾਲ ਕੀ ਹੋਏਗਾ?"

ਮੁੱਲਾ ਨੇ ਕਿਹਾ, "ਅਕਲ ਆਉਂਦੀ ਹੈ ਪੜ੍ਹਣ ਨਾਲ।"

ਖੋਤੇ ਨੇ ਪੁੱਛਿਆ, "ਅਕਲ ਨਾਲ ਕੀ ਹੋਏਗਾ?"

ਮੁੱਲਾ ਨੇ ਕਿਹਾ, "ਅਕਲ ਨਾਲ ਕੀ ਹੋਏਗਾ? ਅਕਲ ਨਾਲ ਹੀ ਤਾਂ ਮੈਂ ਤੇਰੇ ਉਤੇ ਸਵਾਰੀ ਕਰਦਾ ਹਾਂ।"

ਖੋਤੇ ਨੇ ਕਿਹਾ, "ਫ਼ਿਰ ਮੁੱਲਾ ਮੈਨੂੰ ਵੀ ਪੜ੍ਹਾ ਦਿਓ ਅਤੇ ਅਕਲ ਦੇ ਦਿਓ।"

ਮੁੱਲਾ ਨੇ ਕਿਹਾ, "ਨਾ ਭਾਈ। ਕਿਉਂਕਿ ਫ਼ਿਰ ਤੂੰ ਮੇਰੇ ਉਤੇ ਸਵਾਰ ਹੋ ਜਾਏਂਗਾ। ਹਰਗਿਜ਼ ਨਹੀਂ।"

ਇਸ ਦੁਨੀਆਂ ਵਿੱਚ ਜੋ ਅਸੀਂ ਪੜ੍ਹ ਰਹੇ ਹਾਂ ਇੱਕ ਦੂਜੇ ਉਤੇ ਸਵਾਰੀ ਕਰਨ ਦੇ ਉਪਾਅ ਹਨ। ਇਥੇ ਪੜ੍ਹਣਾ ਤੁਹਾਡੇ ਸੰਘਰਸ਼ ਦੀ ਤਿਆਰੀ ਹੈ। ਤੁਸੀਂ ਚੰਗੀ ਤਰ੍ਹਾਂ ਲੜ ਸਕੋਗੇ, ਜੇਕਰ ਤੁਹਾਡੇ ਕੋਲ ਡਿਗਰੀਆਂ ਹਨ। ਤੁਸੀਂ ਦੂਜਿਆਂ ਦੇ ਮੋਢਿਆਂ ਤੇ ਸਵਾਰ ਹੋ ਸਕੋਗੇ, ਜੇਕਰ ਤੁਹਾਡੇ ਕੋਲ ਡਿਗਰੀਆਂ ਹੋਣ। ਇਹ ਵਿਦਿਆਲੇ ਤੁਹਾਡੇ ਹਿੰਸਾ ਦਾ ਫੈਲਾਓ ਹਨ। ਇਨ੍ਹਾਂ ਦੇ ਕਾਰਣ ਤੁਸੀਂ ਬਹੁਤੀ ਕੁਸ਼ਲਤਾ ਨਾਲ ਨਜਾਇਜ਼ ਫਾਇਦਾ ਉਠਾ ਸਕੋਗੇ।

ਦੂਜਿਆਂ ਨੂੰ ਬੜੇ ਤਰੀਕੇ ਨਾਲ ਸਤਾ ਸਕੋਗੇ। ਕਾਨੂੰਨ ਨਾਲ ਗੁਨਾਹ ਕਰ ਸਕੋਗੇ। ਨਿਯਮ ਨਾਲ, ਵਿਧੀ ਨਾਲ ਉਹ ਸਭ ਕਰ ਸਕੋਗੇ ਜਿਹੜਾ ਕੁਝ ਨਹੀਂ ਕਰਨਾ

ਚਾਹੀਦਾ। ਸਾਰੀ ਪੜ੍ਹਾਈ ਲਿਖਾਈ ਬੇਈਮਾਨੀ ਦੀ ਸਿੱਖਿਆ ਹੈ। ਤੁਸੀਂ ਲੋਕਾਂ ਤੇ ਸਵਾਰ ਹੋ ਸਕੋਗੇ। ਇਸ ਨਾਲ ਕਦੇ ਕੋਈ ਗਿਆਨੀ ਤਾਂ ਨਹੀਂ ਹੋਇਆ? ਇਸਦੇ ਨਾਲ ਸਗੋਂ ਲੋਕ ਅਗਿਆਨੀ ਹੁੰਦੇ ਚਲੇ ਜਾਂਦੇ ਹਨ। ਸਾਡੇ ਵਿਦਿਆਲੇ ਅ-ਵਿਦਿਆਲੇ ਹਨ। ਉਥੇ ਗਿਆਨ ਤਾਂ ਕਦੇ ਹੁੰਦਾ ਨਹੀਂ। ਤਾਂ ਨਾਨਕ ਨੂੰ ਉਨ੍ਹਾਂ ਦੇ ਸਕੂਲ ਦਾ ਅਧਿਆਪਕ ਪੰਡਿਤ ਘਰ ਛੱਡ ਗਿਆ ਕਿ ਇਹ ਮੇਰੇ ਵੱਸ ਤੋਂ ਬਾਹਰ ਹੈ।

ਨਾਨਕ ਦਾ ਜਨੇਊ ਹੋਣਾ ਸੀ, ਤਾਂ ਸਾਰਾ ਸਮਾਗਮ ਹੋ ਰਿਹਾ ਸੀ, ਸਾਰੇ ਲੋਕ ਆ ਗਏ ਸਨ, ਬੈਂਡ-ਵਾਜੇ ਵਜ ਚੁੱਕੇ ਸੀ, ਪੰਡਿਤ ਮੰਤਰ ਪੜ੍ਹ ਚੁਕਿਆ ਸੀ। ਫ਼ਿਰ ਉਹ ਗਲੇ ਵਿੱਚ ਜਨੇਊ ਪਾਉਣ ਲੱਗਾ ਤਾਂ ਨਾਨਕ ਨੇ ਕਿਹਾ, "ਠਹਿਰ। ਇਸ ਜਨੇਊ ਨੂੰ ਪਾਉਣ ਨਾਲ ਕੀ ਹੋਵੇਗਾ?" ਉਸ ਪੰਡਿਤ ਨੇ ਕਿਹਾ, ਇਹ ਜਨੇਊ ਪਾਉਣ ਨਾਲ ਤੁਸੀਂ ਦਵਿੱਜ ਹੋ ਜਾਓਗੇ। ਨਾਨਕ ਨੇ ਪੁੱਛਿਆ, ਦਵਿੱਜ ਦਾ ਕੀ ਅਰਥ ਹੈ? "ਦਵਿੱਜ ਦਾ ਅਰਥ ਹੈ, ਦੂਜਾ ਜਨਮ।" ਕੀ ਇਸ ਸੂਤ ਦੇ ਧਾਗੇ ਨੂੰ ਪਾਉਣ ਨਾਲ ਮੇਰਾ ਦੂਜਾ ਜਨਮ ਹੋ ਜਾਏਗਾ? ਕਿ ਮੈਂ ਨਵਾਂ ਹੋ ਜਾਵਾਂਗਾ? ਕਿ ਪੁਰਾਣਾ ਮਰ ਜਾਏਗਾ ਅਤੇ ਨਵੇਂ ਦਾ ਜਨਮ ਹੋ ਜਾਏਗਾ? ਜੇਕਰ ਇਹ ਹੁੰਦਾ ਹੋਵੇ ਤਾਂ ਮੈਂ ਰਾਜ਼ੀ ਹਾਂ।

ਪੰਡਿਤ ਵੀ ਡਰਿਆ। ਕਿਉਂਕਿ ਜਨੇਊ ਦੀ ਮਾਲਾ ਗੱਲੇ ਵਿੱਚ ਪਾਉਣ ਨਾਲ ਕੀ ਹੋਣ ਵਾਲਾ ਹੈ? ਫ਼ਿਰ ਨਾਨਕ ਨੇ ਪੁੱਛਿਆ, ਕਿ ਜੇਕਰ ਜਨੇਊ ਟੁੱਟ ਗਿਆ ਤਾਂ? ਉਸਨੇ ਕਿਹਾ ਕਿ ਬਜ਼ਾਰ ਵਿੱਚ ਹੋਰ ਮਿਲਦੇ ਹਨ, ਇਸਨੂੰ ਸੁੱਟ ਦੇਣਾ, ਹੋਰ ਦੂਜਾ ਲੈ ਲੈਣਾ।

ਤਾਂ ਫ਼ਿਰ ਨਾਨਕ ਨੇ ਕਿਹਾ ਕਿ ਇਸ ਨੂੰ ਰਹਿਣ ਦਿਓ। ਜਿਹੜਾ ਆਪੇ ਟੁੱਟ ਜਾਂਦਾ ਹੈ ਅਤੇ ਬਜ਼ਾਰ ਵਿੱਚ ਵਿਕਦਾ ਹੈ, ਜਿਹੜਾ ਦੋ ਪੈਸਿਆਂ ਵਿੱਚ ਮਿਲ ਜਾਂਦਾ ਹੈ, ਉਸਦੇ ਨਾਲ ਉਸ ਪਰਮਾਤਮਾ ਦੀ ਕੀ ਭਾਲ ਹੋਵੇਗੀ? ਜਿਸ ਨੂੰ ਆਦਮੀ ਬਣਾਉਂਦਾ ਹੈ, ਉਸ ਦੇ ਨਾਲ ਪਰਮਾਤਮਾ ਦੀ ਕੀ ਭਾਲ ਹੋਵੇਗੀ, ਆਦਮੀ ਦਾ ਕ੍ਰਿਤਘ ਛੋਟਾ ਹੈ।

ਨਾਨਕ ਦੇ ਪਿਤਾ ਕਾਲੂ ਮਹਿਤਾ ਨੂੰ ਇਹ ਹੀ ਲੱਗਦਾ ਸੀ ਕਿ ਮੁੰਡਾ ਵਿਗੜ ਗਿਆ ਹੈ। ਸਾਰੇ ਉਪਾਅ ਕਰ ਸੁੱਟੇ। ਫ਼ਿਰ ਕੁਝ ਰਾਹ ਨਾ ਬਚਿਆ ਤਾਂ ਪਿੰਡ ਵਿੱਚ ਆਖਰੀ ਉਪਾਅ ਇਹ ਹੁੰਦਾ ਹੈ ਕਿ ਇਸ ਨੂੰ ਘਰ ਦੀਆਂ ਗਾਵਾਂ-ਮੱਝਾਂ ਚਾਰਨ ਭੇਜ ਦਿਓ। ਨਾਨਕ ਨੂੰ ਗਾਵਾਂ-ਮੱਝਾਂ ਚਾਰਨ ਭੇਜ ਦਿੱਤਾ। ਉਹ ਬੜੀ ਖੁਸ਼ੀ ਨਾਲ ਗਏ। ਉਥੇ ਧਿਆਨ ਲੱਗ ਪਿਆ। ਰੁੱਖ ਦੇ ਹੇਠਾਂ ਮਹਿਮਾ ਵਿੱਚ ਡੁੱਬ ਗਏ। ਗਾਵਾਂ-ਮੱਝਾਂ ਗੁਆਢੀਆਂ ਦੇ ਖੇਤ ਚਰ ਗਈਆਂ। ਦੂਜੇ ਦਿਨ ਉਹ ਵੀ ਰੋਕ ਦੇਣਾ ਪਿਆ। ਆਖ਼ਰ ਪਿਤਾ ਨੂੰ ਇਹ ਪੱਕਾ ਹੋ ਗਿਆ ਕਿ ਇਸ ਤੋਂ ਕੁਝ ਵੀ ਹੋਣ-ਹਵਾਣ ਵਾਲਾ ਨਹੀਂ ਹੈ।

ਇਹ ਬੜੇ ਮਜੇ ਦੀ ਗੱਲ ਹੈ ਕਿ ਜਿਹੜੇ ਲੋਕ ਇਸ ਦੁਨੀਆਂ ਵਿੱਚ ਕੁਝ ਕਰ

ਪਾਉਂਦੇ ਹਨ ਉਹ ਉਸ ਦੁਨੀਆਂ ਤੋਂ ਵਾਂਝੇ ਰਹਿ ਜਾਂਦੇ ਹਨ ਅਤੇ ਜਿਹੜੇ ਉਸ ਦੁਨੀਆਂ ਨੂੰ ਪਾਉਣ ਦੇ ਹੱਕਦਾਰ ਹੁੰਦੇ ਹਨ, ਕਰੀਬ-ਕਰੀਬ ਇਸ ਦੁਨੀਆਂ 'ਚ ਕੁਝ ਵੀ ਕਰਨ ਵਿੱਚ ਸਮਰੱਥ ਨਹੀਂ ਹੁੰਦੇ। ਅਜਿਹਾ ਨਹੀਂ ਕਿ ਉਨ੍ਹਾਂ ਕੋਲੋਂ ਕੁਝ ਹੁੰਦਾ ਨਹੀਂ, ਪਰ ਉਨ੍ਹਾਂ ਦੇ ਹੋਣ ਦਾ ਢੰਗ ਅਤੇ ਕਰਨ ਦਾ ਗੁਣ ਵੱਖਰਾ ਹੈ। ਉਹ ਉਪ-ਕਰਣ ਹੋ ਜਾਂਦੇ ਹਨ। ਉਨ੍ਹਾਂ ਤੋਂ ਬਹੁਤ ਕੁਝ ਹੁੰਦਾ ਹੈ।

ਕੀ ਹੋ ਜਾਂਦਾ, ਜੇਕਰ ਨਾਨਕ ਗਾਵਾਂ-ਮੱਝਾਂ ਚੰਗੀ ਤਰ੍ਹਾਂ ਚਰਾ ਕੇ ਲੈ ਆਉਂਦੇ? ਬਹੁਤ ਸਾਰੇ ਲੋਕ ਮੁਫ਼ ਰਹੇ ਨੇ। ਕੀ ਹੋ ਜਾਂਦਾ ਦੁਨੀਆਂ ਵਿੱਚ? ਕੀ ਹੋ ਜਾਂਦਾ ਕਿ ਨਾਨਕ ਇੱਕ ਦੁਕਾਨ ਚੰਗੀ ਤਰ੍ਹਾਂ ਚਲਾ ਲੈਂਦੇ? ਬਹੁਤ ਸਾਰੀਆਂ ਦੁਕਾਨਾਂ ਚੰਗੀ ਤਰ੍ਹ ਚੱਲ ਰਹੀਆਂ ਹਨ। ਪਰ ਕ੍ਰਤਯ ਦੇ ਜਗਤ ਤੋਂ ਹਟ ਕੇ ਇਹ ਮਨੁੱਖ ਮਹਿਮਾ ਦੇ ਜਗਤ ਵਿੱਚ ਡੁੱਬ ਗਿਆ।

ਮਹਿਮਾ ਦਾ ਅਰਥ ਹੈ, ਕਰਨ ਵਾਲਾ ਤੂੰ ਹੀ ਹੈਂ। ਮਹਿਮਾ ਦਾ ਅਰਥ ਹੈ, ਕਿ ਮੈਂ ਕੀ ਕਰ ਸਕਾਂਗਾ ਅਤੇ ਜਿਵੇਂ ਹੀ ਤੁਹਾਨੂੰ ਇਹ ਲੱਗਣ ਲੱਗ ਪੈਂਦਾ ਹੈ ਕਿ ਮੈਂ ਕੀ ਕਰ ਸਕਦਾ ਹਾਂ, ਤੁਹਾਡਾ ਹੰਕਾਰ ਬੂੰਦ-ਬੂੰਦ ਗੁਆਚਣ ਲੱਗਦਾ ਹੈ। ਜਿਸ ਦਿਨ ਤੁਹਾਨੂੰ ਭਰਪੂਰਤਾ ਨਾਲ ਇਹ ਲੱਗ ਜਾਂਦਾ ਹੈ ਕਿ ਮੈਂ ਅਸਮਰੱਥ ਹਾਂ, ਮੇਰੇ ਕੀਤੇ ਕੁਝ ਵੀ ਨਹੀਂ ਹੋਏਗਾ, ਮੈਂ ਬੇਸਹਾਰਾ ਹਾਂ, ਉਸੇ ਘੜੀ ਮੋਕਸ਼ ਦਾ ਦਰਵਾਜ਼ਾ ਖੁੱਲ੍ਹ ਜਾਂਦਾ ਹੈ।

ਨਾਨਕ ਕਹਿੰਦੇ ਹਨ, 'ਕਰਮ ਨਾਲ ਦੇਹ ਮਿਲਦੀ ਹੈ। ਸੰਸਾਰ ਮਿਲਦਾ ਹੈ। ਕਿਰਪਾ ਦ੍ਰਿਸ਼ਟੀ ਨਾਲ ਮੋਕਸ਼ ਦਾ ਦਵਾਰ ਪ੍ਰਾਪਤ ਹੁੰਦਾ ਹੈ। ਨਾਨਕ ਕਹਿੰਦੇ ਹਨ, ਇਸ ਤਰ੍ਹਾਂ ਜਾਣੋ ਕਿ ਸਤਯ ਹੀ, ਪਰਮਾਤਮਾ ਹੀ ਸਭ ਕੁਝ ਹੈ।'

ਪਰਮਾਤਮਾ ਤਾਂ ਸਥਾਪਤ ਕੀਤਾ ਨਹੀਂ ਜਾ ਸਕਦਾ, ਇਸ ਲਈ ਸੁੰਦਰ ਕਿਵੇਂ ਬਣਾਓਗੇ। ਨਾ ਹੀ ਨਿਰਮਾਣ ਕੀਤਾ ਜਾ ਸਕਦਾ, ਇਸ ਲਈ ਮੂਰਤੀਆਂ ਕਿਵੇਂ ਘੜੋਗੇ? ਉਹ ਨਿਰੰਜਣ ਆਪਣੇ ਵਿੱਚ ਹੀ ਸਭ ਕੁਝ ਹੈ। ਤੁਹਾਨੂੰ ਉਸ ਨੂੰ ਬਨਾਉਣ ਦੀ ਜ਼ਰੂਰਤ ਨਹੀਂ ਹੈ। ਤੁਸੀਂ ਨਹੀਂ ਸੀ, ਤਦ ਵੀ ਸੀ। ਤੁਸੀਂ ਨਹੀਂ ਹੋਵੋਗੇ, ਤਦ ਵੀ ਰਹੇਗਾ।

*ਆਦਿ ਸਚੁ ਜੁਗਾਦਿ ਸਚੁ॥*

ਤੁਸੀਂ ਉਸਨੂੰ ਬਣਾਉਣ ਦੀ ਫ਼ਿਕਰ ਛੱਡੋ। ਪੂਜਾ, ਮੰਦਰ, ਮੂਰਤੀ, ਇਨ੍ਹਾਂ ਨਾਲ ਕੁਝ ਹੋਣਾ-ਹਵਾਣਾ ਨਹੀਂ। ਫ਼ਿਰ ਕੀਹਦੇ ਨਾਲ ਹੋਵੇਗਾ? ਜਿਨ੍ਹਾਂ ਨੇ ਉਸਦੀ ਸੇਵਾ ਕੀਤੀ, ਅਰਾਧਣਾ ਕੀਤੀ, ਉਹ ਮਹਿਮਾ ਨੂੰ ਪ੍ਰਾਪਤ ਹੋਏ। ਜੇਕਰ ਉਹ ਹੀ ਸਭ ਕੁਝ ਹੈ ਤਾਂ ਸੇਵਾ ਹੀ ਪ੍ਰਾਰਥਨਾ ਹੈ। ਜੇਕਰ ਉਹ ਹੀ ਸਭ ਕੁਝ ਹੈ ਤਾਂ ਸੇਵਾ ਹੀ ਅਰਾਧਣਾ

ਹੈ। ਜੇਕਰ ਉਹ ਹੀ ਸਭ ਕੁਝ ਹੈ ਉਸੇ ਦਾ ਪਸਾਰਾ ਹੈ ਤਾਂ ਤੁਸੀਂ ਜਿੰਨਾ ਸੇਵਾ ਵਿੱਚ ਲੀਨ ਹੋ ਜਾਓ, ਤੁਸੀਂ ਓਨੇ ਹੀ ਉਸਦੇ ਨੇੜੇ ਪੁੱਜ ਗਏ। ਰੁੱਖ ਪਿਆਸਾ ਹੈ ਪਾਣੀ ਦਿਓ। ਗਾਂ ਭੁੱਖੀ ਹੈ ਘਾਹ ਰੱਖ ਦਿਓ? ਤੁਸੀਂ ਉਸੇ ਦੇ ਮੁਹਰੇ ਘਾਹ ਰੱਖ ਰਹੇ ਹੋ। ਤੁਸੀਂ ਉਸੇ ਦੀਆਂ ਜੜ੍ਹਾਂ ਵਿੱਚ ਪਾਣੀ ਪਾ ਰਹੇ ਹੋ।

ਬੜੀ ਸੰਵੇਦਨਸ਼ੀਲਤਾ ਚਾਹੀਦੀ ਹੈ ਪ੍ਰਾਰਥਨਾ ਕਰਨ ਲਈ। ਛੋਟੇ-ਮੋਟੇ ਮੰਦਰ ਨਾਲ ਨਹੀਂ ਹੋਏਗਾ। ਉਹ ਤਾਂ ਵਿਉਂਤਾਂ ਹਨ ਪ੍ਰਾਰਥਨਾ ਤੋਂ ਬਚਣ ਦੀਆਂ। ਇਹ ਮੰਦਰ ਵੱਡਾ ਹੈ ਵਿਰਾਟ ਸੇਵਾ ਦੀ ਭਾਵ ਦਸ਼ਾ ਚਾਹਿਦੀ ਹੈ। ਕਿਉਂਕਿ ਉਹੀ ਹੈ।

ਜੀਸਸ ਨੇ ਕਿਹਾ ਹੈ—ਜਦ ਜੀਸਸ ਨੂੰ ਸੂਲੀ ਚੜ੍ਹਾਉਣ ਦਾ ਵੇਲਾ ਆਇਆ, ਤਾਂ ਉਨ੍ਹਾਂ ਦੇ ਸੰਗੀਆਂ-ਸਾਥੀਆਂ ਨੇ ਪੁੱਛਿਆ, "ਹੁਣ ਅਸੀਂ ਕੀ ਕਰਾਂਗੇ?" ਜੀਸਸ ਨੇ ਕਿਹਾ, "ਤੁਸੀਂ ਫਿਕਰ ਨਾ ਕਰੋ। ਜੇਕਰ ਤੁਸੀਂ ਪਿਆਸੇ ਨੂੰ ਪਾਣੀ ਪਿਲਾਓਗੇ ਤਾਂ ਮੇਰੇ ਕੰਠ ਵਿੱਚ ਪਾਣੀ ਪਹੁੰਚੇਗਾ। ਜੇਕਰ ਦੀਨ-ਦੁਖੀ ਦੀ ਸੇਵਾ ਕਰੋਗੇ ਤਾਂ ਮੈਨੂੰ ਉਥੇ ਲੁਕਿਆ ਪਾਓਗੇ।" ਹੋਰ ਜੀਸਸ ਨੇ ਕਿਹਾ ਹੈ ਜੇਕਰ ਤੁਸੀਂ ਗੁੱਸੇ ਹੋ, ਅਤੇ ਹੋਰ ਕਿਸੇ ਨੂੰ ਤੁਸੀਂ ਬੁਰੇ ਸ਼ਬਦ ਕਹੇ ਹਨ ਅਤੇ ਕਿਸੇ ਉਤੇ ਕ੍ਰੋਧ ਕੀਤਾ ਹੈ ਤਾਂ ਮੰਦਰ ਆਉਣ ਵਿੱਚ ਅਜੇ ਕੋਈ ਸਾਰ ਨਹੀਂ ਹੈ। ਜੇਕਰ ਤੁਸੀਂ ਮੰਦਰ ਵਿੱਚ ਵੀ ਆ ਗਏ ਹੋਵੋ, ਤੁਸੀਂ ਗੋਡੇ ਵੀ ਟੇਕ ਦਿੱਤੇ, ਤੁਹਾਨੂੰ ਯਾਦ ਆਉਂਦਾ ਹੈ ਕਿ ਤੁਸੀਂ ਕਿਸੇ ਦੇ ਨਾਲ ਨਾਰਾਜ਼ ਹੋ, ਤਾਂ ਉੱਠੋ, ਪਹਿਲਾਂ ਉਸ ਤੋਂ ਮਾਫ਼ੀ ਮੰਗ ਆਓ। ਕਿਉਂਕਿ ਜਦ ਤੱਕ ਉਸ ਨੇ ਮਾਫ਼ੀ ਨਹੀਂ ਦਿੱਤੀ, ਤਦ ਤੱਕ ਪ੍ਰਾਰਥਨਾ ਕਿਵੇਂ ਹੋਵੇਗੀ?

ਚਾਰੇ ਪਾਸੇ ਉਸੇ ਦਾ ਪਸਾਰਾ ਹੈ। ਇਸ ਲਈ ਨਾਨਕ ਕਹਿੰਦੇ ਹਨ, ਜਿਨ੍ਹਾਂ ਨੇ ਉਸ ਦੀ ਸੇਵਾ ਕੀਤੀ, ਅਰਾਧਨਾ ਕੀਤੀ, ਉਹ ਹੀ ਮਹਿਮਾ ਨੂੰ ਪ੍ਰਾਪਤ ਹੋਏ।

ਕਿਹੋ ਜਹੀ ਅਰਾਧਨਾ? "ਸੇਵਾ ਸ਼ਬਦ ਮਹੱਤਵਪੂਰਨ ਹੈ। ਇਹ ਜਿੰਨਾ ਡੂੰਘਾ ਤੁਹਾਡੇ ਅੰਦਰ ਉਤਰ ਜਾਵੇ, ਉਨਾਂ ਚੰਗਾ। ਪਰ ਇੱਕ ਗੱਲ ਧਿਆਨ ਰੱਖਣੀ ਜ਼ਰੂਰੀ ਹੈ, ਉਹ ਫ਼ਰਕ ਦੀ ਗੱਲ ਹੈ। ਤੁਸੀਂ ਜਿਸ ਦੀ ਸੇਵਾ ਕਰ ਰਹੇ ਹੋ ਉਹ ਪਰਮਾਤਮਾ ਹੈ, ਇਹ ਧਾਰਣਾ ਮਹੱਤਵਪੂਰਨ ਹੈ।"

ਤੁਸੀਂ ਇਸ ਤਰ੍ਹਾਂ ਵੀ ਸੇਵਾ ਕਰ ਸਕਦੇ ਹੋ ਕਿ ਦੀਨ ਹੈ, ਗਰੀਬ ਹੈ, ਬੀਚਾਰੇ ਦੀ ਸੇਵਾ ਕਰ ਦਿਓ। ਜਦ ਤੁਸੀਂ ਕਿਸੇ ਬੀਚਾਰੇ ਦੀ ਸੇਵਾ ਕਰਦੇ ਹੋ, ਤਦ ਤੁਸੀਂ ਉਪਰ ਹੋ ਬੀਚਾਰਾ ਨੀਵੇਂ ਹੈ। ਤੁਸੀਂ ਕਿਰਪਾ ਕਰ ਰਹੇ ਹੋ ਸੇਵਾ ਨਹੀਂ। ਫ਼ਿਰ ਇਹ ਸਾਧਾਰਣ ਸਮਾਜਿਕ ਸੇਵਾ ਹੈ। ਇਹ ਸੇਵਾ ਅਰਾਧਨਾ ਨਹੀਂ ਹੈ। ਤੁਸੀਂ ਇੱਕ ਸੋਸ਼ਲ-ਵਰਕਰ ਹੋ। 'ਲਾਈਂਸ ਕਲਬ' ਦੇ ਮੈਂਬਰ ਹੋ ਕਿ ਰੋਟੇਰੀਅਨ ਹੋ, 'ਵੀ ਸਰਵ', ਸੇਵਾ ਸਾਡਾ ਫਰਜ਼ ਹੈ। ਪਰ ਤੁਸੀਂ ਬਹੁਤ ਆਕੜ ਵਿੱਚ ਹੋ। ਤੁਸੀਂ ਇੱਕ ਛੋਟਾ ਹਸਪਤਾਲ ਬਣਾ ਦੇਂਦੇ ਹੋ

ਤਾਂ ਤੁਸੀਂ ਵੱਡਾ ਪ੍ਰੋਪੇਗੰਡਾ ਕਰਵਾਉਂਦੇ ਹੋ। ਸਮਾਜਿਕ ਸੇਵਾ ਅਰਾਧਨਾ ਨਹੀਂ ਹੈ। ਸਮਾਜਿਕ ਸੇਵਾ ਵਿੱਚ ਤਾਂ ਤੁਸੀਂ ਟੁਕੜੇ ਸੁੱਟ ਰਹੇ ਹੋ ਭੁੱਖਿਆਂ ਦੇ ਲਈ। ਬਹੁਤ ਦਇਆ ਕਰ ਰਹੇ ਹੋ। ਅਹਿਸਾਨ ਕਰ ਰਹੇ ਹੋ। ਤੁਸੀਂ ਉਪਰ ਹੋ, ਜਿਸ ਦੀ ਤੁਸੀਂ ਸੇਵਾ ਕੀਤੀ ਉਹ ਨੀਂਵਾ ਹੈ ਅਤੇ ਉਸ ਨੂੰ ਤੁਹਾਡਾ ਸ਼ੁਕਰਗੁਜ਼ਾਰ ਹੋਣਾ ਚਾਹੀਦਾ ਹੈ। ਤਦ ਇਹ ਅਰਾਧਨਾ ਨਹੀਂ ਰਹੀ।

ਸੇਵਾ ਤਦ ਅਰਾਧਨਾ ਬਣਦੀ ਹੈ, ਜਦ ਤੁਸੀਂ ਜਿਸ ਦੀ ਸੇਵਾ ਕਰ ਰਹੇ ਹੋ ਉਹ ਪਰਮਾਤਮਾ ਹੈ। ਉਹ ਸਾਹਿਬ ਹੈ, ਤੁਸੀਂ ਦਾਸ ਹੋ, ਸ਼ੁਕਰਗੁਜ਼ਾਰ ਉਹ ਨਹੀਂ ਹੈ, ਤੁਸੀਂ ਹੋ, ਕਿ ਉਸਨੇ ਮੌਕਾ ਦਿੱਤਾ। ਤੁਸੀਂ ਇੱਕ ਗਰੀਬ ਨੂੰ ਜੇ ਰੋਟੀ ਦਿੱਤੀ ਹੈ ਤਾਂ ਧੰਨਵਾਦ ਵੀ ਦਿਓ।

ਪੁਰਾਣਾ ਹਿੰਦੂਆਂ ਦਾ ਨਿਯਮ ਹੈ ਕਿ ਜਦ ਕਿਸੇ ਬ੍ਰਾਹਮਣ ਨੂੰ ਭਿੱਖਿਆ ਦਿਓ, ਫ਼ਿਰ ਦੱਛਣਾ ਵੀ ਦਿਓ। ਇਹ ਦੱਛਣਾ ਕੀ ਹੈ? ਉਸ ਨੇ ਭਿਕਸ਼ਾ ਸਵੀਕਾਰ ਕੀਤੀ, ਉਸਦਾ ਧੰਨਵਾਦ ਹੈ। ਉਹ ਸਵੀਕਾਰ ਨਾ ਕਰਦਾ ਤਾਂ ਤੁਸੀਂ ਕੀ ਕਰਦੇ? ਤਾਂ ਪਹਿਲਾਂ ਭਿਖਿਆ ਦਿਓ। ਫ਼ਿਰ ਦੱਛਣਾ ਦਿਓ। ਦੱਛਣਾ ਦਾ ਅਰਥ ਹੈ ਕਿ ਤੁਹਾਡੀ ਬਹੁਤ ਕਿਰਪਾ ਕਿ ਤੁਸੀਂ ਸਵੀਕਾਰ ਕੀਤੀ, ਮੇਰੀ ਸੇਵਾ। ਜਿਸ ਦਿਨ ਤੁਸੀਂ ਉਸ ਦਾ ਸ਼ੁਕਰਾਨਾ ਮਹਿਸੂਸ ਕਰੋਗੇ, ਜਿਸ ਦੀ ਤੁਸੀਂ ਸੇਵਾ ਕੀਤੀ ਹੈ, ਤਦ ਅਰਾਧਨਾ ਬਣ ਗਈ, ਤਦ ਸੇਵਾ ਸਮਾਜਿਕ ਗੱਲ ਨਾ ਰਹੀ, ਇੱਕ ਧਾਰਮਿਕ ਕ੍ਰਿਤਯ ਹੋ ਗਿਆ।

ਇਸ ਫ਼ਰਕ ਨੂੰ ਚੰਗੀ ਤਰ੍ਹਾਂ ਸਮਝ ਲੈਣਾ। ਜੇਕਰ ਤੁਸੀਂ ਸੇਵਾ ਨਾਲ ਆਕੜ ਗਏ ਅਤੇ ਸੇਵਕ ਹੋ ਗਏ, ਤਾਂ ਇਹ ਨਾਨਕ ਦੀ ਅਰਾਧਨਾ ਨਹੀਂ ਹੋਈ। ਸੇਵਾ ਤੁਹਾਨੂੰ ਨਿਮਰਤਾਵਾਨ ਬਣਾਵੇਗੀ। ਸੇਵਾ ਦੀਨ ਨੂੰ ਪਰਮਾਤਮਾ ਬਣਾਏਗੀ, ਤੁਹਾਨੂੰ ਦਾਸ ਬਣਾਏਗੀ। ਜਿਹੜਾ ਬਿਲਕੁਲ ਪਿੱਛੇ ਖਲੋਤਾ ਹੈ ਉਹ ਪਹਿਲਾ ਹੋ ਜਾਵੇਗਾ ਅਤੇ ਤੁਸੀਂ ਪਿੱਛੇ ਖਲੋ ਜਾਓਗੇ। ਅਤੇ ਸੇਵਾ ਦਾ ਅਰਥ ਹੈ ਕਿ ਜਿਹੜਾ ਵੀ ਤੁਹਾਨੂੰ ਸੇਵਾ ਦਾ ਮੌਕਾ ਦੇਵੇ ਤੁਸੀਂ ਉਸ ਦੇ ਧੰਨਵਾਦੀ ਹੋਏ। ਉਹ ਨਿਰੰਜਨ ਆਪ ਹੀ ਸਭ ਕੁਝ ਹੈ।

*ਥਾਪਿਆ ਨ ਜਾਇ ਕੀਤਾ ਨ ਹੋਇ॥*
*ਆਪੇ ਆਪਿ ਨਿਰੰਜਨੁ ਸੋਇ॥*
*ਜਿਨਿ ਸੇਵਿਆ ਤਿਨਿ ਪਾਇਆ ਮਾਨੁ॥*

ਅਤੇ ਜਿਨ੍ਹਾਂ ਨੇ ਕੀਤੀ ਸੇਵਾ ਉਨ੍ਹਾਂ ਨੂੰ ਬਹੁਤ ਮਾਣ ਮਿਲਿਆ, ਬਹੁਤ ਮਹਿਮਾ ਮਿਲੀ। ਇਹ ਮਾਣ ਤੁਹਾਡਾ ਹੰਕਾਰ ਨਹੀਂ ਹੈ। ਕਿਉਂਕਿ ਇਹ ਮਾਣ ਤਾਂ ਤਦ ਮਿਲੇਗਾ, ਜਦੋਂ ਤੁਹਾਡਾ ਹੰਕਾਰ ਮਰ ਜਾਏਗਾ। ਤਦ ਉਹ ਬਹੁਤ ਪ੍ਰਕਾਸ਼ ਵਾਲੇ ਹੋਏ। ਤਦ ਉਨ੍ਹਾਂ ਵਿੱਚ ਬੁੱਧਤੱਵ (ਗਿਆਨ) ਗਿਆਨ ਪ੍ਰਗਟ ਹੋਇਆ। ਤਦ ਉਨ੍ਹਾਂ ਦੇ ਘਰ

ਦਾ ਹਨੇਰਾ ਮਿਟ ਗਿਆ ਅਤੇ ਦੀਵਾ ਜਗਿਆ।

*ਜਿਨਿ ਸੇਵਿਆ ਤਿਨਿ ਪਾਇਆ ਮਾਨੁ॥*

ਨਾਨਕ ਕਹਿੰਦੇ ਹਨ ਕਿ ਉਸ ਗੁਣਨਿਧਾਨ ਦਾ ਭਜਨ ਕਰੋ। ਉਸਦਾ ਹੀ ਭਜਨ ਕਰੋ, ਸਰਵਣ ਕਰੋ, ਉਸਦਾ ਹੀ ਭਾਵ ਮਨ ਵਿੱਚ ਰੱਖੋ। ਇਸ ਤਰ੍ਹਾਂ ਦੁੱਖ ਨੂੰ ਛੱਡ ਕੇ ਸੁੱਖ ਨੂੰ ਘਰ ਲੈ ਜਾਓ। ਉਸ ਗੁਣਨਿਧਾਨ ਦਾ ਭਜਨ ਉਸਦਾ ਹੀ ਸਰਵਣ ਉਸਦਾ ਹੀ ਭਾਓ। ਤੁਸੀਂ ਜੋ ਵੀ ਕਰੋ ਉਸ ਨੂੰ ਤੁਸੀਂ ਪਰਮਾਤਮਾ ਨੂੰ ਅਰਪਣ ਕਰ ਦਿਓ, ਤਦ ਹੀ ਇਹ ਹੋ ਪਾਏਗਾ।

ਦੁਕਾਨ ਉਤੇ ਬੈਠੋ ਅਤੇ ਗਾਹਕ ਆਵੇ, ਤਾਂ ਤੁਸੀਂ ਗਾਹਕ ਨੂੰ ਨਾ ਵੇਖੋ, "ਉਸਨੂੰ" ਹੀ ਵੇਖੋ ਅਤੇ ਗਾਹਕ ਦੇ ਨਾਲ ਉਹੋ ਜਿਹਾ ਹੀ ਵਿਹਾਰ ਕਰੋ, ਜਿਵੇਂ ਪਰਮਾਤਮਾ ਆਇਆ ਹੁੰਦਾ ਤੇ ਉਸਦੇ ਨਾਲ ਵਿਹਾਰ ਕਰਦੇ। ਕਿਉਂਕਿ ਚੌਵੀ ਘੰਟੇ ਜੇਕਰ ਉਸਦੇ ਭਾਵ ਵਿੱਚ ਡੁੱਬਣਾ ਹੈ, ਤਾਂ ਇਸ ਤੋਂ ਸਿਵਾਏ ਕੋਈ ਉਪਾਅ ਨਹੀਂ। ਭੋਜਨ ਕਰੋ, ਤਾਂ ਉਹ ਹੀ ਭੋਜਨ ਦੇ ਰਾਹੀਂ ਤੁਹਾਡੇ ਵਿੱਚ ਪ੍ਰਵੇਸ਼ ਕਰ ਰਿਹਾ ਹੈ। ਇਸ ਲਈ ਹਿੰਦੂਆਂ ਨੇ ਕਿਹਾ "ਅੰਨਮ ਬ੍ਰਹੱਮ", ਅੰਨ ਬ੍ਰਹਮ ਹੈ। ਤੁਸੀਂ ਇਵੇਂ ਹੀ ਭੋਜਨ ਨਾ ਕਰੋ। ਕਿਉਂਕਿ ਉਹੀ ਖਿੜਿਆ ਹੈ। ਉਹੀ ਅਨਾਜ ਬਣਿਆ ਹੈ। ਤੁਸੀਂ ਬੜੇ ਸ਼ੁਕਰਾਨੇ ਦੇ ਭਾਵ ਨਾਲ ਉਸਨੂੰ ਗ੍ਰਹਿਣ ਕਰੋ ਅਤੇ ਭੋਜਨ ਨੂੰ, ਅੰਨ ਨੂੰ ਜਦ ਤੁਸੀਂ ਬ੍ਰਹਮ ਮੰਨ ਲਵੋਗੇ, ਪਾਣੀ ਪੀਓਗੇ ਅਤੇ ਉਹ ਹੀ ਪਾਣੀ ਵਿੱਚ ਆਇਆ ਹੈ ਤੁਹਾਡੀ ਪਿਆਸ ਨੂੰ ਸ਼ਾਂਤ ਕਰਨ ਲਈ, ਤਦ ਹੀ ਤਾਂ ਚੌਵੀ ਘੰਟੇ ਉਸਦਾ ਭਜਨ ਹੋਵੇਗਾ। ਨਹੀਂ ਤਾਂ ਕਿਵੇਂ ਹੋਵੇਗਾ?

ਤੁਸੀਂ ਜਾ ਕੇ ਗੁਰਦੁਆਰੇ ਵਿੱਚ ਮੰਦਰ ਵਿੱਚ ਘੜੀ-ਪਲ ਭਜਨ ਕਰ ਆਓਗੇ। ਪਰ ਜਦ ਵੀ ਤੁਸੀਂ ਭਜਨ ਕਰ ਰਹੇ ਹੋਵੋ ਤਾਂ ਵੀ ਮਨ ਭੱਜਦਾ ਫਿਰਦਾ ਹੈ। ਤਦ ਤੁਸੀਂ ਵਿੱਚ-ਵਿੱਚ ਘੜੀ ਵੇਖ ਲੈਂਦੇ ਹੋ। ਕਿ ਸਮਾਂ ਬਹੁਤਾ ਹੁੰਦਾ ਜਾ ਰਿਹਾ ਹੈ। ਦੁਕਾਨ ਖੋਲ੍ਹਣ ਦਾ ਵੇਲਾ ਹੁੰਦਾ ਜਾ ਰਿਹਾ ਹੈ। ਤੁਸੀਂ ਕਿਵੇਂ ਉਸਦਾ ਭਜਨ ਕਰੋਗੇ? ਖੰਡ-ਖੰਡ ਭਜਨ ਨਹੀਂ ਕੀਤਾ ਜਾ ਸਕਦਾ ਕਿ ਸਵੇਰੇ ਕਰ ਲਿਆ, ਕਿ ਸ਼ਾਮ ਨੂੰ ਕਰ ਲਿਆ ਅਤੇ ਚੌਵੀ ਘੰਟੇ ਸਾਧਾਰਣ ਹੋ ਗਏ।

ਧਾਰਮਿਕ ਹੋਣਾ ਚੌਵ੍ਹੀ ਘੰਟਿਆਂ ਦਾ ਕਰਮ ਹੈ, ਭਾਵ ਹੈ। ਇਸਨੂੰ ਤੁਸੀਂ ਕਦੇ-ਕਦੇ ਨਹੀਂ ਕਰ ਸਕਦੇ। ਨਾ ਕੋਈ ਧਾਰਮਿਕ ਦਿਨ ਹੈ, ਨਾ ਕੋਈ ਧਾਰਮਿਕ ਘੜੀ ਹੈ। ਸਾਰਾ ਜੀਵਨ ਉਸੇ ਦਾ ਹੈ। ਸਾਰੀਆਂ ਘੜੀਆਂ ਉਸੇ ਦੀਆਂ ਹਨ। ਤਾਂ ਤੁਸੀਂ ਇਸ ਢੰਗ ਨਾਲ ਜੀਓ-ਧਰਮ ਜੀਉਣ ਦੀ ਇੱਕ ਵੱਖਰੀ ਸ਼ੈਲੀ ਹੈ—ਤੁਸੀਂ ਇਸ ਢੰਗ ਨਾਲ ਜੀਓ ਕਿ ਤੁਸੀਂ ਜੋ ਵੀ ਕਰੋ, ਉਹ ਕਿਸੇ ਨਾ ਕਿਸੇ ਰੂਪ ਵਿੱਚ ਪਰਮਾਤਮਾ ਨਾਲ ਇਕਮਿਕ

ਹੋ ਜਾਏ।

'ਨਾਨਕ ਕਹਿੰਦੇ ਹਨ ਉਸ ਗੁਣਨਿਧਾਨ ਦਾ ਭਜਨ ਕਰੋ। ਉਸਦਾ ਹੀ ਸਰਵਣ ਉਸਦਾ ਹੀ ਭਾਵ।'

ਤੁਸੀਂ ਮੈਨੂੰ ਏਥੇ ਸੁਣ ਰਹੇ ਹੋ। ਤੁਸੀਂ ਇਵੇਂ ਸੁਣ ਸਕਦੇ ਹੋ ਜਿਵੇਂ ਬੋਲਣ ਵਾਲਾ ਕੋਈ ਬੋਲ ਰਿਹਾ ਹੈ, ਤੁਸੀਂ ਇਵੇਂ ਵੀ ਸੁਣ ਸਕਦੇ ਹੋ ਕਿ ਪਰਮਾਤਮਾ ਦੀ ਆਵਾਜ਼ ਆ ਰਹੀ ਹੈ ਅਤੇ ਉਸੇ ਪਲ ਤੁਹਾਡੇ ਜੀਵਨ ਵਿੱਚ ਫ਼ਰਕ ਪੈਣਾ ਸ਼ੁਰੂ ਹੋ ਜਾਏਗਾ। ਉਸ ਦਾ ਹੀ ਭਾਵ ਮਨ ਵਿੱਚ ਰਖੋ। ਇਸ ਤਰ੍ਹਾਂ ਦੁੱਖ ਤੋਂ ਛੁਟ ਕੇ ਸੁੱਖ ਨੂੰ ਘਰ ਲੈ ਆਓਗੇ ਅਤੇ ਤਦ ਚੌਵੀ ਘੰਟਿਆਂ ਪਿੱਛੋਂ, ਮਿਹਨਤ ਕਰਕੇ ਜਦ ਤੁਸੀਂ ਘਰ ਪੁਜੋਗੇ ਤਾਂ ਦੁੱਖ ਦੀ ਥਾਂ ਸੁੱਖ ਲੈ ਆਓਗੇ।

ਅਜੇ ਤੁਸੀਂ ਦੁੱਖ ਲਿਆਉਂਦੇ ਹੋ। ਹੁਣੇ ਗਾਹਕ ਤੁਹਾਨੂੰ ਲੁੱਟ ਕੇ ਲੈ ਗਿਆ। ਕਿਸੇ ਨੇ ਤੁਹਾਡੀ ਜੇਬ ਕਟ ਲਈ। ਹੁਣੇ ਤੁਸੀਂ ਜੋ ਵੀ ਖਾਧਾ ਚੰਗਾ ਨਹੀਂ ਸੀ, ਸ਼ਿਕਾਇਤ ਰਹੀ। ਤੁਸੀਂ ਜੋ ਵੀ ਪਹਿਨਿਆਂ ਸੋਹਣਾ ਨਹੀਂ ਸੀ, ਮਜ਼ਬੂਰੀ ਸੀ। ਅਜੇ ਤੁਸੀਂ ਦੁੱਖ ਇਕੱਠਾ ਕਰਦੇ ਹੋ। ਜੇਕਰ ਤੁਹਾਨੂੰ ਪਰਮਾਤਮਾ ਸਾਰੇ ਪਾਸੇ ਵਿਖਾਈ ਦੇਣ ਲੱਗ ਪਵੇ, ਤੁਸੀਂ ਜੋ ਵੀ ਕਰੋ, ਉਸ ਸਾਰੇ ਵਿੱਚ ਉਸਦੀ ਝਲਕ ਮਿਲਣ ਲੱਗੇ, ਤਾਂ ਨਾਨਕ ਕਹਿੰਦੇ ਹਨ, ਤੁਸੀਂ ਸੁੱਖ ਘਰ ਲੈ ਜਾਓਗੇ ਅਤੇ ਨਾ ਕੇਵਲ ਇਸ ਸਾਧਾਰਣ ਘਰ ਵਿੱਚ ਸੁੱਖ ਲੈ ਜਾਓਗੇ। ਮਰਨ ਵੇਲੇ ਜਦ ਅਸਲੀ ਘਰ ਜਾਣ ਲਗੋਗੇ, ਤਦ ਤੁਸੀਂ ਸੁੱਖ ਹੀ ਸੁੱਖ ਲੈ ਜਾਓਗੇ।

ਤੁਸੀਂ ਪੂਰਣ ਹੋ ਕੇ ਜਾਓਗੇ, ਤੁਸੀਂ ਭਰੇ ਪੂਰੇ ਜਾਓਗੇ। ਤਦ ਤੁਸੀਂ ਰੋਂਦੇ-ਰੋਂਦੇ ਨਹੀਂ, ਨੱਚਦੇ-ਨੱਚਦੇ ਜਾਓਗੇ। ਹੋਰ ਜੇਕਰ ਮੌਤ, ਨਾਚ ਨਾ ਬਣ ਜਾਏ ਤਾਂ ਸਮਝ ਲੈਣਾ ਕਿ ਜੀਵਨ ਵਿਅਰਥ ਗਿਆ। ਜੇ ਮੌਤ ਇੱਕ ਆਨੰਦ ਉਤਸਵ ਨਾ ਬਣ ਜਾਏ ਤਾਂ ਸਮਝ ਲੈਣਾ ਜੀਵਨ ਵਿਅਰਥ ਗਿਆ। ਕਿਉਂਕਿ ਤੁਸੀਂ ਘਰ ਮੁੜ ਰਹੇ ਹੋ ਅਤੇ ਘਰ ਜਾਂਦੇ ਵੇਲੇ ਵੀ ਜੇਕਰ ਹਿਰਦਾ ਤੁਹਾਡਾ ਆਨੰਦ ਨਾਲ ਭਰਿਆ ਹੋਇਆ ਨਹੀਂ ਤਾਂ ਜੀਵਨ ਵਿੱਚ ਤੁਸੀਂ ਸਿਰਫ਼ ਦੁੱਖ ਹੀ ਦੁੱਖ ਇਕੱਠੇ ਕੀਤੇ।

*ਨਾਨਕ ਗਾਵੀਐ ਗੁਣੀ ਨਿਧਾਨੁ॥*
*ਗਾਵੀਐ ਸੁਣੀਐ ਮਨਿ ਰਖੀਐ ਭਾਉ॥*
*ਦੁਖੁ ਪਰਹਰਿ ਸੁਖੁ ਘਰਿ ਲੈ ਜਾਇ॥*

ਦੁੱਖ ਤੋਂ ਛੁਟ ਕੇ ਤੁਸੀਂ ਸੁੱਖ ਘਰ ਲੈ ਜਾਓਗੇ। ਜੇਕਰ ਤੁਸੀਂ ਦੁਖੀ ਹੋ ਤਾਂ ਸਿਰਫ਼ ਇਸ ਲਈ ਕਿ ਤੁੰਸੀਂ ਪਰਮਾਤਮਾ ਨੂੰ ਛੱਡ ਕੇ ਜ਼ਿੰਦਗੀ ਚਲਾ ਰਹੇ ਹੋ। ਉਸਨੂੰ ਤੁਸੀਂ ਪਿੱਛੇ ਕਰ ਰੱਖਿਆ ਹੈ। ਤੁਸੀਂ ਆਪਣੇ ਆਪ ਨੂੰ ਬਹੁਤੇ ਹੁਸ਼ਿਆਰ ਸਮਝ ਰਹੇ ਹੋ। ਤੁਸੀਂ

ਜ਼ਰੂਰਤ ਤੋਂ ਜ਼ਿਆਦਾ ਆਪਣੇ ਉਤੇ ਭਰੋਸਾ ਕਰ ਰਹੇ ਹੋ। ਇਸ ਲਈ ਦੁਖੀ ਹੋ। ਦੁੱਖ ਦਾ ਹੋਰ ਕੋਈ ਕਾਰਣ ਨਹੀਂ ਹੈ ਅਤੇ ਸੁੱਖ ਦਾ ਵੀ ਹੋਰ ਕੋਈ ਕਾਰਣ ਨਹੀਂ ਹੈ—ਜਿਸ ਦਿਨ ਤੁਸੀਂ ਆਪਣੀ ਅਕਲਮੰਦੀ ਆਪਣੀ ਹੁਸ਼ਿਆਰੀ ਛੱਡ ਦਿਓਗੇ ਅਤੇ ਉਸਨੂੰ ਵੇਖਣ ਲੱਗੋਗੇ, ਫ਼ਿਰ ਜ਼ਿਆਦਾ ਉਸਦੇ ਵਿੱਚ ਜੀਓਗੇ, ਆਪਣੇ ਵਿੱਚ ਘੱਟ।

ਕੀ ਜ਼ਰੂਰਤ ਹੈ ਕਿ ਪਤਨੀ ਵਿੱਚ ਤੁਸੀਂ ਪਤਨੀ ਹੀ ਵੇਖੋ, ਕਿਉਂ ਨਾ ਪਰਮਾਤਮਾ ਨੂੰ ਵੇਖੋ? ਕੀ ਜ਼ਰੂਰਤ ਹੈ ਤੁਸੀਂ ਆਪਣੇ ਪੁੱਤਰ ਵਿੱਚ, ਪੁੱਤਰ ਨੂੰ ਆਪਣਾ ਦੇਖੋ, ਕਿਉਂ ਨਾ ਪਰਮਾਤਮਾ ਦਾ ਪੁੱਤਰ ਵੇਖੋ। ਜਿਵੇਂ ਹੀ ਦ੍ਰਿਸ਼ਟੀ ਬਦਲਦੀ ਹੈ ਉਵੇਂ ਹੀ ਸੁੱਖ ਆਉਣਾ ਸ਼ੁਰੂ ਹੁੰਦਾ ਹੈ। ਕੱਲ੍ਹ ਜੇਕਰ ਤੁਹਾਡਾ ਪੁੱਤਰ ਮਰ ਜਾਏਗਾ ਤਾਂ ਤੁਸੀਂ ਦੁਖੀ ਹੋਵੋਗੇ। ਇਸ ਲਈ ਨਹੀਂ ਕਿ ਪੁੱਤਰ ਮਰ ਗਿਆ। ਇਸ ਲਈ ਕਿ ਤੁਹਾਡੀ ਦ੍ਰਿਸ਼ਟੀ ਵਿੱਚ ਭਰਮ ਸੀ। ਤੁਸੀਂ ਸੋਚਦੇ ਸੀ "ਮੇਰਾ ਪੁੱਤਰ, ਜੇਕਰ ਤੁਸੀਂ ਪਹਿਲਾਂ ਤੋਂ ਹੀ ਜਾਣਿਆ ਹੁੰਦਾ ਕਿ ਪਰਮਾਤਮਾ ਦਾ ਪੁੱਤਰ! ਤੁਸੀਂ ਕਹਿੰਦੇ ਜਦ ਉਸਦੀ ਮਰਜ਼ੀ ਸੀ ਭੇਜਿਆ, ਉਸਦੀ ਮਰਜ਼ੀ ਹੋਈ ਲੈ ਗਿਆ। ਉਸਦਾ ਹੁਕਮ ਅਤੇ ਤੁਸੀਂ ਹਰ ਹਾਲ ਵਿੱਚ ਰਾਜ਼ੀ ਰਹੋਗੇ। ਕਿਉਂਕਿ ਉਸਦਾ ਪੁੱਤਰ ਸੀ ਉਸਨੇ ਭੇਜਿਆ। ਜਿੰਨੇ ਦਿਨ ਭੇਜਿਆ, ਉਸਦੀ ਕਿਰਪਾ। ਸ਼ਿਕਾਇਤ ਕਿਸ ਨੇ ਕਰਨੀ ਹੈ। ਜਦ ਬੁਲਾ ਲਿਆ ਉਸਦੀ ਮਰਜ਼ੀ। ਸਾਡਾ ਕੁਝ ਹੈ ਹੀ ਨਹੀਂ। ਸਭ ਕੁਝ ਉਸੇ ਦਾ ਹੈ। ਫ਼ਿਰ ਤੁਸੀਂ ਕਿਵੇਂ ਰੋਵੋਗੇ? ਕਿਵੇਂ ਚਿੰਤਾ ਕਰੋਗੇ। ਕਿਵੇਂ ਸੰਤਾਪ ਕਰੋਗੇ? ਦੇਵੇ ਤਾਂ ਤੁਸੀਂ ਰਾਜ਼ੀ ਰਹੋਗੇ। ਲੈ ਲਵੇ, ਤਾਂ ਤੁਸੀਂ ਰਾਜ਼ੀ ਰਹੋਗੇ।"

ਕਿਉਂਕਿ ਉਸਦੇ ਰਾਹ ਨਿਰਾਲੇ ਹਨ। ਕਦੀ ਉਹ ਤੁਹਾਨੂੰ ਦੇਂਦਾ ਹੈ ਅਤੇ ਦੇਣ ਦੇ ਰਾਹੀਂ ਤੁਹਾਨੂੰ ਬਣਾਉਂਦਾ ਹੈ ਅਤੇ ਕਦੇ ਲੈ ਲੈਂਦਾ ਹੈ ਤੇ ਲੈਣ ਦੇ ਬਹਾਨੇ ਤੁਹਾਡਾ ਵਿਕਾਸ ਕਰਦਾ ਹੈ। ਕਦੇ ਜ਼ਰੂਰਤ ਹੁੰਦੀ ਹੈ ਕਿ ਤੁਹਾਨੂੰ ਦੁੱਖ ਮਿਲੇ। ਕਿਉਂਕਿ ਦੁੱਖ ਤੁਹਾਨੂੰ ਚੇਤੇ ਕਰਾਉਂਦਾ ਹੈ, ਹੋਸ਼ ਲਿਆਉਂਦਾ ਹੈ। ਸੁੱਖ ਵਿੱਚ ਤਾਂ ਤੁਸੀਂ ਸੌਂ ਜਾਂਦੇ ਹੋ, ਗੁਆਚ ਜਾਂਦੇ ਹੋ। ਦੁੱਖ ਵਿੱਚ ਤੁਸੀਂ ਜਾਗ ਪੈਂਦੇ ਹੋ।

ਇੱਕ ਸੂਫ਼ੀ ਫ਼ਕੀਰ ਹੋਇਆ। ਹਸਨ ਉਸਦਾ ਨਾਉਂ ਸੀ। ਉਸਦੇ ਚੇਲੇ ਨੇ ਇੱਕ ਦਿਨ ਪੁੱਛਿਆ, ਕਿ ਸੁੱਖ ਕੀ ਹੈ ਇਹ ਤਾਂ ਸਮਝ ਵਿੱਚ ਆਉਂਦਾ ਹੈ, ਕਿਉਂਕਿ ਪਰਮਾਤਮਾ ਹੈ, ਉਹ ਪਿਤਾ ਹੈ, ਤਾਂ ਉਹ ਸੁੱਖ ਦੇ ਰਿਹਾ ਹੈ, ਪਰ ਦੁੱਖ ਕਿਉਂ? ਦੁੱਖ ਸਮਝ ਵਿੱਚ ਨਹੀਂ ਆਉਂਦਾ। ਹਸਨ ਆਪਣੀ ਬੇੜੀ ਵਿੱਚ ਬੈਠਾ ਸੀ ਤੇ ਦੂਜੇ ਪਾਰ ਜਾ ਰਿਹਾ ਸੀ। ਉਸਨੇ ਚੇਲੇ ਨੂੰ ਵੀ ਬੇੜੀ ਵਿੱਚ ਬਿਠਾ ਲਿਆ, ਕੁਝ ਬੋਲਿਆ ਨਹੀਂ ਅਤੇ ਇੱਕ ਹੀ ਚੱਪੂ ਨਾਲ ਬੇੜੀ ਚਲਾਉਣੀ ਸ਼ੁਰੂ ਕਰ ਦਿੱਤੀ। ਉਹ ਬੇੜੀ ਗੋਲ-ਗੋਲ ਘੁੰਮਣ ਲੱਗੀ। ਉਸ ਨੌਜਵਾਨ ਨੇ ਕਿਹਾ "ਤੁਹਾਡਾ ਦਿਮਾਗ ਤਾਂ ਖਰਾਬ ਨਹੀਂ ਹੋ ਗਿਆ?

ਜੇਕਰ ਇੱਕ ਹੀ ਚੱਪੂ ਨਾਲ ਬੇੜੀ ਟੋਰੀ ਤਾਂ ਅਸੀਂ ਇਥੇ ਹੀ ਭਟਕਦੇ ਰਹਾਂਗੇ। ਇਸੇ ਹੀ ਕੰਢੇ ਤੇ ਗੋਲ-ਗੋਲ ਘੁੰਮਦੇ ਰਹਾਂਗੇ। ਦੂਜਾ ਚੱਪੂ ਖ਼ਰਾਬ ਹੈ ਜਾਂ ਤੁਹਾਡਾ ਹੱਥ ਕੰਮ ਨਹੀਂ ਕਰ ਰਿਹਾ? ਜਾਂ ਹੱਥ ਵਿੱਚ ਦਰਦ ਹੈ ਤਾਂ ਮੈਂ ਚਲਾਵਾਂ। "ਹਸਨ ਨੇ ਕਿਹਾ" ਤੂੰ ਤਾਂ ਸਮਝਦਾਰ ਹੈਂ। ਮੈਂ ਤਾਂ ਸਮਝਿਆ ਕਿ ਨਾਸਮਝ ਹੈਂ।"

ਜੇਕਰ ਸੁੱਖ ਹੀ ਸੁੱਖ ਹੋਏਗਾ, ਤਾਂ ਬੇੜੀ ਗੋਲਾਈ ਵਿੱਚ ਘੁੰਮਦੀ ਰਹੇਗੀ। ਕਿਤੇ ਪੁੱਜੇਗੀ ਨਹੀਂ। ਉਸਨੂੰ ਸਾਧਣ ਲਈ ਦੂਜਾ ਚਾਹੀਦਾ ਹੈ। ਦੋ ਚੱਪੂਆਂ ਨਾਲ ਬੇੜੀ ਚਲਦੀ ਹੈ। ਦੋ ਪੈਰਾਂ ਨਾਲ ਆਦਮੀ ਟੁਰਦਾ ਹੈ। ਦੋ ਹੱਥਾਂ ਨਾਲ ਜੀਵਨ ਚਲਦਾ ਹੈ। ਰਾਤ ਅਤੇ ਦਿਨ ਚਾਹੀਦੇ ਹਨ। ਸੁੱਖ ਅਤੇ ਦੁੱਖ ਚਾਹੀਦਾ ਹੈ, ਜਨਮ ਅਤੇ ਮੌਤ ਚਾਹੀਦੀ ਹੈ। ਨਹੀਂ ਤਾਂ ਬੇੜੀ ਘੁੰਮਦੀ ਰਹੇਗੀ, ਭੰਵਰ ਬਣ ਜਾਵੇਗੀ। ਤੁਸੀਂ ਕਿਤੇ ਪੁਜੋਗੇ ਹੀ ਨਹੀਂ।

ਜਦ ਕੋਈ ਚੰਗੀ ਤਰ੍ਹਾਂ ਵੇਖਣ ਲੱਗਦਾ ਹੈ ਕਿ ਸਾਰਿਆਂ ਵਿੱਚ ਉਹ ਹੀ ਹੈ, ਤਦ ਤੁਸੀਂ ਉਸਦੇ ਦੁੱਖ ਨੂੰ ਵੀ ਅਹੋ-ਭਾਵ ਨਾਲ ਸਵੀਕਾਰ ਕਰਦੇ ਹੋ। ਤਦ ਤੁਸੀਂ ਉਸਦੇ ਸੁੱਖ ਨੂੰ ਸਵੀਕਾਰ ਕਰਦੇ ਹੋ। ਉਸਦੇ ਦੁੱਖ ਨੂੰ ਵੀ। ਜਦ ਤੁਸੀਂ ਦੋਨਾਂ ਨੂੰ ਇੱਕ ਸਮਾਨ ਭਾਵ ਨਾਲ ਅੰਗੀਕਾਰ ਕਰਦੇ ਹੋ, ਤਦ ਨਾ ਸੁੱਖ, ਸੁੱਖ ਰਹਿ ਜਾਂਦਾ ਹੈ ਅਤੇ ਨਾ ਦੁੱਖ, ਦੁੱਖ ਰਹਿ ਜਾਂਦਾ ਹੈ। ਉਨ੍ਹਾਂ ਦੀ ਭੇਦ-ਰੇਖਾ ਗੁਆਚ ਜਾਂਦੀ ਹੈ ਅਤੇ ਜਦ ਤੁਸੀਂ ਦੋਹਾਂ ਨੂੰ ਇਕੋ ਜਿਹੇ ਭਾਵ ਨਾਲ ਵੇਖਦੇ ਹੋ, ਤੁਹਾਡਾ ਸੁੱਖ ਨਾਲ ਬਹੁਤਾ ਲਗਾਓ ਅਤੇ ਦੁੱਖ ਦਾ ਵਿਰੋਧ ਟੁੱਟ ਜਾਂਦਾ ਹੈ, ਤੁਸੀਂ ਉਸੇ ਵੇਲੇ ਵੱਖਰੇ ਹੋ ਜਾਂਦੇ ਹੋ। ਤੁਸੀਂ ਤੀਜੇ ਹੋ ਜਾਂਦੇ ਹੋ। ਤੁਸੀਂ ਸਾਖਸ਼ੀ ਭਾਵ ਨੂੰ ਉਪਲਬਧ ਹੋ ਜਾਂਦੇ ਹੋ। ਦੁੱਖ ਤੋਂ ਛੁਟ ਕੇ, ਤਦ ਤੁਸੀਂ ਸੁੱਖ ਘਰ ਲੈ ਜਾਓਗੇ।

"ਗੁਰੂ ਬਾਣੀ ਹੀ ਨਾਦ ਹੈ ਅਤੇ ਗੁਰੂ ਬਾਣੀ ਹੀ ਵੇਦ ਹੈ। ਉਹ ਪਰਮਾਤਮਾ ਗੁਰੂ ਬਾਣੀ ਵਿੱਚ ਹੀ ਸਮਾਇਆ ਹੋਇਆ ਹੈ। ਗੁਰੂ ਸ਼ਿਵ, ਗੁਰੂ ਵਿਸ਼ਨੂੰ, ਗੁਰੂ ਹੀ ਬ੍ਰਹਮਾ ਹੈ। ਜੋ ਵੀ ਮੈਂ ਜਾਣਦਾ ਹਾਂ, ਜੇ ਕਰ ਮੈਂ ਤੁਹਾਨੂੰ ਪੂਰਾ ਵੀ ਜਾਣਦਾ ਤਾਂ ਵੀ ਉਸਦਾ ਵਰਨਣ ਨਹੀਂ ਕਰ ਸਕਦਾ ਹਾਂ। ਕਿਉਂਕਿ ਉਹ ਕਥਨ ਦੇ ਰਾਹੀਂ ਨਹੀਂ ਕਿਹਾ ਜਾ ਸਕਦਾ। ਪਰ ਇੱਕ ਗੁਰੂ ਨਾਲ ਸਾਰੀ ਬੁਝਾਰਤ ਹੱਲ ਹੋ ਜਾਂਦੀ ਹੈ ਅਤੇ ਉਹ ਗੁਰ ਹੈ ਕਿ ਸਾਰੇ ਪ੍ਰਾਣੀਆਂ ਦਾ ਇਕੋ ਦਾਤਾ ਹੈ। ਉਸਨੂੰ ਮੈਂ ਨਾ ਭੁੱਲ ਜਾਵਾਂ।"

ਇਸ ਨੂੰ ਥੋੜ੍ਹਾ ਸਮਝਣ ਦੀ ਕੋਸ਼ਿਸ਼ ਕਰੀਏ। ਨਾਨਕ ਨੇ ਗੁਰ ਨੂੰ ਬਹੁਤ ਵੱਡੀ ਮਹਿਮਾ ਦਿੱਤੀ ਹੈ। ਸਾਰੇ ਸੰਤਾਂ ਨੇ ਗੁਰੂ ਨੂੰ ਬਹੁਤ ਵੱਡੀ ਮਹਿਮਾ ਦਿੱਤੀ ਹੈ। ਸ਼ਾਸ਼ਤਰਾਂ ਤੋਂ ਉਤੇ ਗੁਰੂ ਨੂੰ ਰੱਖਿਆ ਹੈ। ਜੇਕਰ ਗੁਰੂ ਕੁਝ ਕਹੇ ਅਤੇ ਉਹ ਵੇਦ ਵਿੱਚ ਨਾ ਮਿਲੇ ਤਾਂ ਵੇਦ ਨੂੰ ਛੱਡ ਦਿਓ। ਕਿਉਂਕਿ ਗੁਰੂ ਦੀ ਬਾਣੀ ਵੇਦ ਹੈ। ਜੇ ਗੁਰੂ ਕੁਝ ਕਹੇ ਅਤੇ

ਸ਼ਾਸਤਰ ਮੁਤਾਬਕ ਨਾ ਹੋਵੇ ਤਾਂ ਕਿਸ ਨੂੰ ਛੱਡੋਗੇ? ਸ਼ਾਸ਼ਤਰ ਨੂੰ ਛੱਡ ਦਿਓ, ਕਿਉਂਕਿ ਗੁਰੂ ਜੀਉਂਦਾ ਸ਼ਾਸਤਰ ਹੈ। ਗੁਰੂ ਦਾ ਏਨਾਂ ਮੁੱਲ ਸੰਤਾਂ ਨੇ ਕਿਸੇ ਕਾਰਣ ਨਾਲ ਦਿੱਤਾ ਹੈ।

ਕੁਝ ਗੱਲਾਂ ਸਮਝ ਲੈਣੀਆਂ ਜ਼ਰੂਰੀ ਹਨ। ਪਹਿਲੀ ਗੱਲ, ਵੇਦ ਵੀ ਗੁਰੂਆਂ ਦੇ ਵਚਨ ਹਨ। ਲੇਕਿਨ ਉਹ ਗੁਰੂ ਅੱਜ ਮੌਜੂਦ ਨਹੀਂ ਹਨ ਅਤੇ ਨਾ ਹੀ ਵਚਨ ਸ਼ੁੱਧ ਰਹਿ ਗਏ ਹਨ। ਵਚਨ ਸ਼ੁੱਧ ਰਹਿ ਨਹੀਂ ਸਕਦਾ। ਕਿਉਂਕਿ ਇਕੱਠਾ ਕਰਨ ਵਾਲੇ ਆਪਣੇ ਵਿਚਾਰਾਂ ਨੂੰ ਮਿਲਾਉਣਗੇ ਹੀ, ਇਹ ਉਨ੍ਹਾਂ ਦੀ ਮਜ਼ਬੂਰੀ ਹੈ। ਉਹ ਜਾਣ-ਬੂਝ ਕੇ ਮਿਲਾਉਂਦੇ ਹਨ ਇਹ ਵੀ ਨਹੀਂ ਹੈ। ਉਹ ਮਿਲਾਉਣਗੇ ਹੀ। ਤੁਹਾਨੂੰ ਜੇਕਰ ਮੈਂ ਕੋਈ ਗੱਲ ਕਹਾਂ ਕਿ ਜਾ ਕੇ ਗੁਆਂਢੀ ਨੂੰ ਕਹਿ ਦਿਓ, ਵਿਚੋਂ ਗੱਲ ਦੇ ਕੁਝ ਘੱਟ ਜਾਏਗਾ, ਕੁਝ ਜੁੜ ਜਾਏਗਾ। ਗੱਲ ਦਾ ਰੂਪ ਵਿਗੜ ਜਾਵੇਗਾ। ਜੇਕਰ ਤੁਸੀਂ ਸ਼ਬਦ ਵੀ ਉਹ ਹੀ ਵਰਤੋ ਸੌ-ਪਰਸੈਂਟ ਜਿਹੜੇ ਮੈਂ ਕਹੇ, ਤਾਂ ਵੀ ਟੋਨ, ਕਹਿਣ ਦਾ ਢੰਗ, ਇਮਫੈਸਿਸ ਬਦਲ ਜਾਏਗਾ। ਫ਼ਿਰ ਤੁਸੀਂ ਜਦ ਬੋਲੋਗੇ ਤਾਂ ਤੁਹਾਡਾ ਅਨੁਭਵ, ਤੁਹਾਡਾ ਗਿਆਨ, ਤੁਹਾਡੀ ਸਮਝ ਉਨ੍ਹਾਂ ਸ਼ਬਦਾਂ ਵਿੱਚ ਭਰ ਜਾਵੇਗੀ।

ਮੈਂ ਤੁਹਾਨੂੰ ਫੁੱਲ ਦੇ ਦੇਵਾਂ ਹੱਥ ਵਿੱਚ, ਤੁਸੀਂ ਉਸ ਫੁੱਲ ਨੂੰ ਆਪਣੇ ਹੱਥ ਵਿੱਚ ਲੈ ਜਾਓ ਕਿਸੇ ਨੂੰ ਦੇਣ ਲਈ, ਪਰ ਤੁਹਾਡੇ ਸ਼ਰੀਰ ਦੀ ਗੰਧ ਵੀ ਉਹ ਫੁੱਲ ਫੜ ਲਵੇਗਾ। ਜਿਵੇਂ ਤੁਹਾਡਾ ਹੱਥ ਫੁੱਲ ਦੀ ਸੁਗੰਧ ਨੂੰ ਫੜ ਲੈਂਦਾ ਹੈ, ਉਵੇਂ ਫੁੱਲ ਤੁਹਾਡੀ ਦੇਹ ਦੀ ਗੰਧ ਨੂੰ ਫੜੇਗਾ। ਉਹ ਫੁੱਲ ਉਹੀ ਹੀ ਨਹੀਂ ਰਹਿ ਗਿਆ ਜਿਹੜਾ ਮੈਂ ਦਿੱਤਾ ਸੀ ਅਤੇ ਜੇਕਰ ਹਜ਼ਾਰਾਂ ਹੱਥਾਂ ਵਿਚੋਂ ਫੁੱਲ ਲੰਘਿਆ ਤਾਂ ਹਜ਼ਾਰਾਂ ਦੇਹਾਂ ਦੀ ਗੰਧ ਫੜੀ ਜਾਏਗੀ ਅਤੇ ਜੇਕਰ ਦੋਬਾਰਾ ਉਹ ਹੀ ਫੁੱਲ ਮੇਰੇ ਕੋਲ ਆਏ ਤਾਂ ਮੈਂ ਵੀ ਪਛਾਣ ਨਹੀਂ ਸਕਾਂਗਾ ਕਿ ਇਹ ਉਹ ਹੀ ਫੁੱਲ ਹੈ ਜਿਹੜਾ ਮੈਂ ਦਿੱਤਾ ਸੀ। ਨਾ ਤਾਂ ਉਸ ਦੇ ਵਿੱਚ ਉਹ ਸੁਗੰਧ ਰਹਿ ਗਈ, ਜਿਹੜੀ ਮੈਂ ਦਿੱਤੀ ਸੀ। ਕਿਉਂਕਿ ਉਹ ਗੁਆਚ ਗਈ ਹਜ਼ਾਰਾਂ ਹੱਥਾਂ ਵਿੱਚ ਲੱਗ-ਲੱਗ ਕੇ ਅਤੇ ਉਹ ਹਜ਼ਾਰਾਂ ਹੱਥਾਂ ਦੀ ਦੁਰਗੰਧ ਇਕੱਠੀ ਕਰ ਲਿਆਏਗਾ। ਨਾ ਉਸਦੀ ਸ਼ਕਲ ਉਹ ਰਹਿ ਜਾਏਗੀ, ਜਿਹੜੀ ਮੈਂ ਦਿੱਤੀ ਸੀ। ਉਹ ਟੁੱਟ-ਫੁੱਟ ਜਾਏਗਾ, ਉਸ ਦੀਆਂ ਪੱਤੀਆਂ ਡਿੱਗ ਪੈਣਗੀਆਂ। ਅਧੂਰਾ ਫੁੱਲ ਮੇਰੇ ਕੋਲ ਨਾ ਲਿਆਇਆ ਜਾਵੇ, ਇਸ ਲਈ ਲੋਕ ਦੂਜੀਆਂ ਪੱਤੀਆਂ ਉਸਦੇ ਵਿੱਚ ਜੋੜ ਲਿਆਉਣਗੇ ਤਾਂ ਕਿ ਫੁੱਲ ਪੂਰਾ ਹੋ ਜਾਵੇ।

ਵੇਦ ਗੁਰੂ ਵਚਨ ਹਨ। ਜਿਨ੍ਹਾਂ ਨੇ ਜਾਣਿਆ ਉਨ੍ਹਾਂ ਨੇ ਕਿਹਾ। ਪਰ ਫ਼ਿਰ ਹਜ਼ਾਰਾਂ-ਹਜ਼ਾਰਾਂ ਸਾਲ ਬੀਤ ਗਏ। ਉਨ੍ਹਾਂ ਵਿੱਚ ਬਹੁਤ ਕੁਝ ਜੁੜ ਗਿਆ। ਬਹੁਤ ਕੁਝ ਹਟ ਗਿਆ। ਇਸ ਲਈ ਜੀਉਂਦੇ ਗੁਰੂ ਨੂੰ ਲੱਭ ਲੈਣਾ ਪਰਮ ਸੁਭਾਗ ਹੈ। ਕਿਤਾਬ ਤਾਂ ਬੇਹੀ

ਹੋ ਹੀ ਜਾਏਗੀ।

ਫਿਰ ਹੋਰ ਬੜੇ ਮਜ਼ੇ ਦੀ ਗੱਲ ਹੈ ਕਿ ਕਿਤਾਬ ਨੂੰ ਜਦ ਤੁਸੀਂ ਪੜ੍ਹੋਗੇ ਤਾਂ ਤੁਸੀਂ ਹੀ ਉਸਦੇ ਅਰਥ ਕਢੋਗੇ। ਅਰਥ ਕੌਣ ਕਢੇਗਾ? ਤੁਸੀਂ ਹੀ ਪੜ੍ਹੋਗੇ, ਤੁਸੀਂ ਹੀ ਅਰਥ ਕਢੋਗੇ। ਅਰਥ ਤੁਹਾਡੇ ਤੋਂ ਤਾਂ ਬਹੁਤਾ ਨਹੀਂ ਹੋ ਸਕੇਗਾ। ਤੁਹਾਡੀ ਸਮਝ ਤੋਂ ਪਾਰ ਨਹੀਂ ਹੋ ਸਕੇਗਾ। ਤੁਸੀਂ ਆਪਣੇ ਹੀ ਅਰਥ ਨੂੰ ਕਿਤਾਬ ਉਤੇ ਥੋਪ ਦਿਓਗੇ ਤਾਂ ਗੁਰੂ ਤੁਹਾਡੀ ਕਿਤਾਬ ਨਹੀਂ ਹੋਈ, ਤੁਸੀਂ ਹੀ ਗੁਰੂ ਬਣ ਗਏ ਕਿਤਾਬ ਦੇ। ਸ਼ਾਸਤ੍ਰ ਨੂੰ ਤੁਸੀਂ ਨਹੀਂ ਪੜ੍ਹਿਆ, ਤੁਸੀਂ ਸ਼ਾਸਤ੍ਰ ਨੂੰ ਹੀ ਪੜ੍ਹਾਉਣ ਲੱਗ ਗਏ। ਇਸ ਲਈ ਤਾਂ ਏਨੀਆਂ ਵਿਆਖਿਆਵਾਂ ਹਨ। ਗੀਤਾਂ ਦੀਆਂ ਹਜ਼ਾਰਾਂ ਵਿਆਖਿਆਵਾਂ ਹਨ। ਜੋ ਵੀ ਪੜ੍ਹਦਾ ਹੈ ਆਪਣਾ ਅਰਥ ਕਰਦਾ ਹੈ। ਕ੍ਰਿਸ਼ਨ ਖਲੋਤੇ ਨਹੀਂ ਹਨ ਵਿਚਕਾਰ ਕਿ ਰੋਕਣ, ਕਿ ਭਾਈ ਇਹ ਮੇਰਾ ਅਰਥ ਨਹੀਂ। ਕ੍ਰਿਸ਼ਨ ਦਾ ਤਾਂ ਇੱਕ ਹੀ ਅਰਥ ਰਿਹਾ ਹੋਏਗਾ। ਹਜ਼ਾਰਾਂ ਅਰਥ ਤਾਂ ਨਹੀਂ ਹੋ ਸਕਦੇ। ਹਜ਼ਾਰਾਂ ਅਰਥ ਜੇ ਕ੍ਰਿਸ਼ਨ ਦੇ ਸਨ, ਤਾਂ ਅਰਜੁਨ ਪਾਗਲ ਹੋ ਜਾਣਾ ਚਾਹੀਦਾ ਸੀ। ਕ੍ਰਿਸ਼ਨ ਦਾ ਤਾਂ ਇੱਕ ਪੱਕਾ ਅਰਥ ਰਿਹਾ ਹੋਏਗਾ। ਪਰ ਕੌਣ ਕਹੇ ਕਿ ਉਹ ਅਰਥ ਕੀ ਸੀ? ਅਰਜੁਨ ਵੀ ਨਹੀਂ ਕਹਿ ਸਕਦਾ ਜਿਸਨੇ ਸੁਣਿਆ ਸੀ। ਕਿਉਂਕਿ ਉਹ ਵੀ ਜੋ ਕਹੇਗਾ, ਬਦਲ ਜਾਏਗਾ।

ਅਤੇ ਫਿਰ ਇਹ ਪੂਰੀ ਦੀ ਪੂਰੀ ਗੀਤਾ ਸੰਜੇ ਨੇ ਲਿਖੀ ਹੈ। ਸੰਜੇ ਯਾਨੀ 'ਪੀ.ਟੀ.ਆਈ.' 'ਰਿਉਟਰ ਰਿਪੋਰਟਰ'। ਇਸ ਨੇ ਬਹੁਤ ਦੂਰ ਬੈਠ ਕੇ ਟੈਲੀਵਿਜ਼ਨ ਨਾਲ ਖਬਰ ਪਾ ਕੇ ਕਹੀ ਹੈ। ਉਹ ਵੀ ਅੰਨ੍ਹੇ ਧ੍ਰਿਤਰਾਸ਼ਟਰ ਨੂੰ ਦੱਸੀ ਹੈ—ਦੂਰੀ ਵਧਦੀ ਜਾਂਦੀ ਹੈ।

ਕੀ ਕ੍ਰਿਸ਼ਨ ਅਰਜੁਨ ਨੂੰ ਕਹਿੰਦੇ ਹਨ ਅਰਜੁਨ ਵੀ ਠੀਕ-ਠੀਕ ਰਿਪੋਟ ਨਹੀਂ ਦੇ ਸਕਦਾ। ਉਹ ਆਪਣੀ ਸਮਝ ਦੇ ਅਨੁਸਾਰ ਦੇਵੇਗਾ। ਜੋ ਉਸਨੂੰ ਸਮਝ ਵਿੱਚ ਆਇਆ ਉਹ ਕਹੇਗਾ। ਉਹ ਨਹੀਂ ਜੋ ਕ੍ਰਿਸ਼ਨ ਨੇ ਕਿਹਾ ਹੈ ਅਤੇ ਇਹ ਵੀ ਖਬਰ ਸੰਜੇ ਇਕੱਠੀ ਕਰ ਰਿਹਾ ਹੈ। ਸੰਜੇ ਰਿਪੋਰਟਰ ਹੈ। ਉਹ ਵੀ ਅੰਨ੍ਹੇ ਧ੍ਰਿਤਰਾਸ਼ਟਰ ਨੂੰ ਕਹਿ ਰਿਹਾ ਹੈ। ਬੋਲੇ ਸੁਣ ਰਹੇ ਹਨ, ਅੰਨ੍ਹਿਆਂ ਨੂੰ ਕਹਿ ਰਹੇ ਹਨ।

ਫਿਰ ਹਜ਼ਾਰਾਂ-ਹਜ਼ਾਰਾਂ ਸਾਲ ਬੀਤ ਗਏ। ਫਿਰ ਵਿਆਖਿਆਕਾਰ-ਉਹ ਹੀ ਵਿਆਖਿਆ ਕਰ ਰਹੇ ਹਨ। ਫਿਰ ਇੱਕ-ਇੱਕ ਸ਼ਬਦ ਦੇ ਅਨੇਕ ਅਰਥ ਹੋ ਜਾਂਦੇ ਹਨ। ਫਿਰ ਗੀਤਾ ਵਿੱਚ ਕੋਈ ਅਰਥ ਨਹੀਂ ਰਹਿ ਜਾਂਦਾ। ਫਿਰ ਜੋ ਤੁਸੀਂ ਪਾਓ ਉਹ ਹੀ ਅਰਥ ਹੈ। ਫਿਰ ਗੀਤਾ ਉਤੇ ਤੁਸੀਂ ਆਪਣੇ ਆਪ ਨੂੰ ਥੋਪ ਦਿੰਦੇ ਹੋ।

ਇਸ ਲਈ ਨਾਨਕ, ਕਬੀਰ, ਦਾਦੂ ਸਾਰਿਆਂ ਦਾ ਜ਼ੋਰ ਹੈ—ਕਿਉਂਕਿ ਇਨ੍ਹਾਂ ਦੇ

ਸਮੇਂ ਤੱਕ ਆਉਂਦੇ-ਆਉਂਦੇ ਸਾਰੇ ਪ੍ਰਾਚੀਨ ਸ਼ਾਸਤ੍ਰ ਬਹੇ ਅਤੇ ਉਧਾਰ ਹੋ ਗਏ। ਇਨ੍ਹਾਂ ਸਾਰਿਆਂ ਨੇ ਇੱਕ ਗੱਲ ਤੇ ਜ਼ੋਰ ਦਿੱਤਾ ਹੈ ਕਿ ਜੀਉਂਦੇ ਗੁਰੂ ਨੂੰ ਲੱਭ ਲਵੋ। ਉਸਦੀ ਬਾਣੀ ਹੀ ਵੇਦ ਹੈ, ਤੁਸੀਂ ਆਹਮਣੇ-ਸਾਹਮਣੇ ਬੈਠ ਕੇ ਸੁਣੋਗੇ ਤਾਂ ਵੀ ਬਦਲਾਹਟ ਤਾਂ ਹੋ ਹੀ ਜਾਏਗੀ, ਪਰ ਘੱਟ ਤੋਂ ਘੱਟ।

ਗੁਰੂ ਬਾਣੀ ਹੀ ਨਾਦ ਹੈ। ਗੁਰੂ ਬਾਣੀ ਹੀ ਵੇਦ ਹੈ। ਉਹ ਪਰਮਾਤਮਾ ਗੁਰੂ ਬਾਣੀ ਵਿੱਚ ਸਮਾਇਆ ਹੋਇਆ ਹੈ। ਗੁਰੂ ਸ਼ਿਵ, ਗੁਰੂ ਵਿਸ਼ਨੂੰ, ਗੁਰੂ ਹੀ ਬ੍ਰਹਮਾ, ਉਹ ਹੀ ਪਾਰਵਤੀ ਹੈ।

*ਗੁਰਮੁਖਿ ਨਾਦੰ ਗੁਰਮੁਖਿ ਵੇਦੰ ਗੁਰਮੁਖਿ ਰਹਿਆ ਸਮਾਈ॥*
*ਗੁਰੁ ਈਸਰੁ ਗੁਰੁ ਗੋਰਖੁ ਬਰਮਾ ਗੁਰੁ ਪਾਰਬਤੀ ਮਾਈ॥*
*ਜੇ ਹਉ ਜਾਣਾ ਆਖਾ ਨਾਹੀ ਕਹਣਾ ਕਥਨੁ ਨ ਜਾਈ॥*

ਜਿਨ੍ਹਾਂ ਨੇ ਆਪਣੀ ਅੱਖ ਨਾਲ ਵੇਖਿਆ ਹੈ ਉਸ ਪਰਮਾਤਮਾ ਨੂੰ, ਉਹ ਵੀ ਉਸਨੂੰ ਠੀਕ ਤਰ੍ਹਾਂ ਨਹੀਂ ਵਰਣਨ ਕਰ ਸਕਦੇ। ਪੂਰਾ ਨਹੀਂ ਕਹਿ ਸਕਦੇ ਅਤੇ ਤੁਸੀਂ ਪਰਮਾਤਮਾ ਨੂੰ ਕਿਤਾਬ ਵਿਚੋਂ ਲੱਭ ਰਹੇ ਹੋ? ਗੀਤਾ, ਬਾਈਬਲ, ਗੁਰੂ ਗ੍ਰੰਥ ਤੁਸੀਂ ਰੱਬ ਨੂੰ ਕਿਤਾਬਾਂ ਵਿਚੋਂ ਲੱਭ ਰਹੇ ਹੋ। ਜੀਉਂਦਾ ਗੁਰੂ ਵੀ ਉਸ ਨੂੰ ਪੂਰਾ ਨਹੀਂ ਕਹਿ ਪਾਉਂਦਾ। ਨਾਨਕ ਖੁਦ ਆਪਣੇ ਸੰਬੰਧ ਵਿੱਚ ਕਹਿੰਦੇ ਹਨ ਕਿ ਜੇ ਮੈਂ ਜਾਣਦਾ ਵੀ, ਪੂਰਾ-ਪੂਰਾ ਜਾਣਦਾ ਤਾਂ ਵੀ ਉਸਦਾ ਵਰਣਨ ਨਹੀਂ ਕਰ ਸਕਦਾ ਹਾਂ, ਕਿਉਂਕਿ ਉਹ ਕਥਨ ਦੇ ਰਾਹੀਂ ਨਹੀਂ ਕਿਹਾ ਜਾ ਸਕਦਾ।

ਜਿਹੜਾ ਕਥਨ ਦੇ ਰਾਹੀਂ ਨਹੀਂ ਕਿਹਾ ਜਾ ਸਕਦਾ, ਉਸਨੂੰ ਤੁਸੀਂ ਕਥਾ ਦੇ ਰਾਹੀਂ ਸਮਝ ਰਹੇ ਹੋ। ਜਿਹੜਾ ਕਥਨ ਦੇ ਰਾਹੀਂ ਨਹੀਂ ਕਿਹਾ ਜਾ ਸਕਦਾ, ਉਸ ਨੂੰ ਤੁਸੀਂ ਛਪੇ ਹੋਏ ਵਚਨਾਂ ਦੇ ਰਾਹੀਂ ਸਮਝ ਰਹੇ ਹੋ। ਨਹੀਂ, ਉਸਦੀ ਖ਼ਬਰ ਤਾਂ ਜੀਉਂਦੇ ਗੁਰੂ ਦੇ ਕੋਲ ਹੀ ਮਿਲੇਗੀ। ਉਹ ਵੀ ਨਹੀਂ ਕਿ ਗੁਰੂ ਜੋ ਕਹਿੰਦਾ ਹੈ ਉਸਦੇ ਨਾਲ ਤੁਸੀਂ ਸਮਝੋਗੇ, ਗੁਰੂ ਜੋ 'ਹੈ' ਉਸਦੇ ਨਾਲ ਤੁਸੀਂ ਸਮਝੋਗੇ। ਗੁਰੂ ਦੀ ਮੌਜੂਦਗੀ ਸਮਝਾਏਗੀ। ਗੁਰੂ ਦਾ ਹੋਣਾ ਸਮਝਾਏਗਾ। ਉਸਦੇ ਨਾਲ ਹੋਣਾ, ਉਸਦੀ ਹਵਾ ਉਸਦਾ ਕਲਾਈਮੇਟ ਗੁਰੂ ਦੇ ਕੋਲ ਹੋਣਾ ਇੱਕ ਦੂਜੀ ਹਵਾ ਵਿੱਚ ਹੋਣਾ ਹੈ। ਘੱਟ ਤੋਂ ਘੱਟ ਓਨੀ ਦੇਰ ਨੂੰ ਸੰਸਾਰ ਗੁਆਚ ਜਾਂਦਾ ਹੈ। ਘੱਟ ਤੋਂ ਘੱਟ ਓਨੀ ਦੇਰ ਨੂੰ ਸੰਸਾਰ ਗੁਆਚ ਜਾਂਦਾ ਹੈ। ਘੱਟ ਤੋਂ ਘੱਟ ਓਨੀ ਦੇਰ ਨੂੰ ਤੁਸੀਂ ਦੂਜੇ ਲੋਕ ਵਿੱਚ ਹੁੰਦੇ ਹੋ। ਘੱਟ ਤੋਂ ਘੱਟ ਓਨੀ ਦੇਰ ਲਈ ਤੁਹਾਡੀ ਚੇਤਨਾ ਕਿਸੇ ਨਵੇਂ ਢਾਂਚੇ ਵਿੱਚ ਹੋ ਜਾਂਦੀ ਹੈ। ਗੁਰੂ ਦੀ ਖਿੜਕੀ ਤੋਂ ਥੋੜ੍ਹੀ ਦੇਰ ਲਈ ਤੁਸੀਂ ਝਾਕਣ ਨੂੰ ਰਾਜੀ ਹੋ ਜਾਓ, ਇਸਦੇ ਸਿਵਾ ਹੋਰ ਕੋਈ ਰਾਹ ਨਹੀਂ ਹੈ। ਜੇ ਮੈਂ ਜਾਣਦਾ ਵੀ, ਤਾਂ ਵੀ ਉਸਦਾ ਵਰਣਨ ਮੈਂ ਨਹੀਂ ਕਰ ਸਕਦਾ ਸੀ। ਕਿਉਂਕਿ ਉਹ

ਕਥਨ ਦੇ ਰਾਹੀਂ ਨਹੀਂ ਕਿਹਾ ਜਾ ਸਕਦਾ।

*ਜੇ ਹਉ ਜਾਣਾ ਆਖਾ ਨਾਹੀ ਕਹਣਾ ਕਥਨੁ ਨ ਜਾਈ॥*

ਪਰ ਇੱਕ ਗੁਰ ਦੇ ਨਾਲ ਸਾਰੀ ਗੱਲ ਹੱਲ ਹੋ ਜਾਂਦੀ ਹੈ। ਗੁਰ ਜੋ ਦੇਵੇ ਉਹੀ ਹੀ ਗੁਰੂ ਹੈ। ਗੁਰ ਦਾ ਅਰਥ ਹੈ ਟੈਕਨੀਕ। ਗੁਰ ਦਾ ਅਰਥ ਹੈ ਵਿਧੀ, ਗੁਰ ਦਾ ਅਰਥ ਹੈ 'ਮੈਥਡ' ਅਤੇ ਉਹ ਜਿਸ ਦੇ ਕੋਲੋਂ ਮਿਲ ਜਾਏ, ਉਹ ਹੀ ਗੁਰੂ। ਇੱਕ ਗੁਰ ਨਾਲ ਸਾਰੀ ਗੱਲ ਹੱਲ ਹੋ ਜਾਂਦੀ ਹੈ, ਸਾਰੀ ਉਲਝਨ ਹੱਲ ਹੋ ਜਾਂਦੀ ਹੈ ਅਤੇ ਉਹ ਗੁਰ ਨਾਨਕ ਕਹਿੰਦੇ ਹਨ ਇਹ ਹੈ।

*ਗੁਰਾ ਇਕ ਦੇਹਿ ਬੁਝਾਈ॥*
*ਸਭਨਾ ਜੀਆ ਕਾ ਇਕੁ ਦਾਤਾ*
*ਸੋ ਮੈ ਵਿਸਰਿ ਨ ਜਾਈ॥*

ਸਾਰਿਆਂ ਦਾ ਉਹ ਹੀ ਇੱਕ ਮਾਲਿਕ ਹੈ। ਸਾਰਿਆਂ ਦਾ ਉਹੀ ਹੀ ਇੱਕ ਨਿਰਮਾਤਾ ਹੈ। ਸਾਰਿਆਂ ਦਾ ਉਹ ਹੀ ਇੱਕ ਸ੍ਰਸ਼ਟਾ ਹੈ। ਉਸਨੂੰ ਮੈਂ ਭੁੱਲ ਨਾ ਜਾਵਾਂ। ਇਸ ਸਚਾਈ ਨੂੰ ਮੈਂ ਯਾਦ ਰੱਖ ਸਕਾਂ ਕਿ ਸਾਰਿਆਂ ਵਿੱਚ ਉਹ ਹੀ ਲੁਕਿਆ ਹੈ। ਸਾਰੇ ਹੱਥਾਂ ਦਾ ਹੱਥ ਉਹ ਹੀ ਹੈ। ਸਾਰੀਆਂ ਅੱਖਾਂ ਦੀ ਅੱਖ ਉਹ ਹੀ ਹੈ। ਉਹ ਹੀ ਧੜਕਦਾ, ਉਹ ਹੀ ਜੀਵਨ ਹੈ।

ਇਸਨੂੰ ਮੈਂ ਭੁੱਲ ਨਾ ਜਾਵਾਂ। ਹਰ ਘੜੀ ਇਹ ਮੈਨੂੰ ਯਾਦ ਬਣੀ ਰਹੇ। ਇਹ ਗੁਰ, ਇਹ ਸੀਕ੍ਰੇਟ, ਫੜਿਆ ਜਾਏ ਤਾਂ ਹੌਲੀ-ਹੌਲੀ ਮਾਲਾ ਦੇ ਮਣਕਿਆਂ ਤੋ ਹਟ ਕੇ, ਮਣਕਿਆਂ ਦੇ ਅੰਦਰ ਜਿਹੜਾ ਲੁਕਿਆ ਹੋਇਆ ਧਾਗਾ ਹੈ ਉਸ ਨੂੰ ਫੜ ਲਵੋਗੇ। ਉਹ ਧਾਗਾ ਪਰਮਾਤਮਾ ਹੈ। ਤੁਸੀਂ ਮਣਕੇ ਹੋ। ਤੁਹਾਡੇ ਅੰਦਰ ਜਿਹੜੀ ਜੀਵਨ ਦੀ ਧਾਰਾ ਵਗ ਰਹੀ ਹੈ, ਜਿਹੜਾ ਜੀਵਨ ਦਾ ਧਾਗਾ ਹੈ, ਉਹ ਹੀ ਪਰਮਾਤਮਾ ਹੈ। ਮੇਰੇ ਵਿੱਚ ਵੀ ਉਹ ਹੀ ਧਾਗਾ ਹੈ, ਤੁਹਾਡੇ ਵਿੱਚ ਵੀ ਉਹ ਹੀ ਹੈ। ਰੁੱਖ ਵਿੱਚ, ਪਸ਼ੂ-ਪੰਛੀ ਵਿੱਚ, ਚੱਟਾਨ-ਪਹਾੜ ਵਿੱਚ ਵੀ ਉਹ ਹੀ ਹੈ। ਉਹ ਹੀ ਜੀਉਂਦਾ ਹੈ ਅਨੇਕ ਰੂਪਾਂ ਵਿੱਚ। ਉਹ ਹੀ ਲਹਿਰਾਉਂਦਾ ਹੈ ਅਨੇਕ ਲਹਿਰਾਂ ਵਿੱਚ। ਤਾਂ ਤੁਸੀਂ ਉਸ ਧਾਗੇ ਨੂੰ ਨਾ ਭੁੱਲੋ, ਤਾਂ ਗੁਰ ਹੱਥ ਵਿੱਚ ਆ ਗਿਆ। ਹੋਰ ਸਾਰੀਆਂ ਬੁਝਾਰਤਾਂ ਆਪਣੇ ਆਪ ਹੱਲ ਹੋ ਜਾਣਗੀਆਂ।

ਕੀ ਕਰੋਗੇ? ਕਿਵੇਂ ਇਸ ਗੁਰ ਨੂੰ ਸਾਂਭੋਗੇ? ਚੌਵੀ ਘੰਟੇ ਸੰਭਾਲਣਾ ਹੈ। ਵੱਡੀ ਹਿੰਮਤ ਚਾਹੀਦੀ ਹੈ, ਬਹੁਤ ਗੁੰਝਲਾਂ ਵੀ ਹੋਣਗੀਆਂ। ਜੇਕਰ ਗੁੰਝਲਾਂ ਨਾ ਹੁੰਦੀਆਂ ਤਾਂ ਕਦੋਂ ਦੀ ਦੁਨੀਆਂ ਧਾਰਮਿਕ ਹੋ ਗਈ ਹੁੰਦੀ। ਗੁੰਝਲਾਂ ਤਾਂ ਹਨ ਹੀ ਅਤੇ ਹੋਣੀਆਂ ਵੀ ਚਾਹੀਦੀਆਂ ਹਨ। ਕਿਉਂਕਿ ਬਿਨਾਂ ਔਕੜ ਤੋਂ ਕੁਝ ਮਿਲ ਜਾਏ ਤਾਂ ਵਿਅਰਥ ਹੈ। ਬਿਨਾਂ

ਸਫ਼ਰ ਤੋਂ ਤੁਸੀਂ ਮੰਜ਼ਲ ਤੇ ਪਹੁੰਚ ਜਾਓ, ਤਾਂ ਤੁਸੀਂ ਫਿਰ ਭਟਕ ਜਾਓਗੇ। ਮੁਸ਼ਕਿਲ ਨਾਲ ਜਿਸ ਨੂੰ ਤੁਸੀਂ ਪਾਓਗੇ, ਉਸਨੂੰ ਤੁਸੀਂ ਸੰਭਾਲੋਗੇ। ਮੁਫ਼ਤ ਤੁਹਾਨੂੰ ਜੋ ਮਿਲ ਜਾਏ, ਤੁਸੀਂ ਉਸਨੂੰ ਸੰਭਾਲ ਵੀ ਨਹੀਂ ਸਕੋਗੇ ਅਤੇ ਫਿਰ ਏਨੇ ਵਿਰਾਟ ਸਤਯ ਨੂੰ ਪਾਉਣ ਚੱਲੇ ਹੋ ਤਾਂ ਦਾਅ ਤੇ ਕੁਝ ਲਗਾਣਾ ਵੀ ਪਵੇਗਾ।

ਧਰਮ ਇੱਕ ਪਾਸਿਓ ਗੁਆਉਣਾ ਹੈ ਇੱਕ ਪਾਸਿਓ ਪਾਉਣਾ ਹੈ। ਇਸ ਲਈ ਮੰਜ਼ਿਲ ਹੈ। ਜੇਕਰ ਗਾਹਕ ਵਿੱਚ ਤੁਸੀਂ ਪਰਮਾਤਮਾ ਵੇਖੋਗੇ ਤਾਂ ਉਸਨੂੰ ਲੁੱਟ ਕਿਵੇਂ ਸਕੋਗੇ? ਜ਼ਰਾ ਮੁਸ਼ਕਿਲ ਹੋ ਜਾਏਗੀ, ਜੇਕਰ ਤੁਸੀਂ ਜੇਬ ਕਟਦੇ ਹੋ ਅਤੇ ਉਸਦੇ ਵਿੱਚ ਪਰਮਾਤਮਾ ਵਿਖਾਈ ਪੈ ਜਾਏ ਤਾਂ ਹੱਥ ਰੁੱਕ ਜਾਣਗੇ। ਬੁਰਾ ਕਿਵੇਂ ਕਰ ਸਕੋਗੇ? ਜੇਕਰ ਤੁਹਾਨੂੰ ਉਹ ਹੀ ਵਿਖਾਈ ਪੈਣ ਲੱਗਿਆ ਤਾਂ ਕਿਵੇਂ ਕਿਸੇ ਨੂੰ ਸ਼ਰਾਪ ਦੇ ਸਕੋਗੇ? ਕਿਵੇਂ ਕਿਸੇ ਨੂੰ ਗਾਲ੍ਹ ਕਢੋਗੇ, ਜੇਕਰ ਉਹ ਹੀ ਦਿੱਸਣ ਲੱਗ ਪਿਆ? ਕਿਵੇਂ ਹੋਵੋਗੇ ਨਾਰਾਜ਼? ਕਿਵੇਂ ਰੱਖੋਗੇ ਦੁਸ਼ਮਨੀ? ਕੀਹਦੇ ਨਾਲ ਬੰਨ੍ਹੋਗੇ ਦੁਸ਼ਮਨੀ?

ਜੇਕਰ ਉਹ ਹੀ ਹੈ ਤਾਂ ਤੁਸੀਂ ਥੋੜ੍ਹੀ ਮੁਸ਼ਕਿਲ ਵਿੱਚ ਪਓਗੇ। ਤੁਹਾਡੇ ਜੀਵਨ ਦਾ ਢਾਂਚਾ ਥਾਂ-ਥਾਂ ਤੋਂ ਡਿੱਗਣ ਲੱਗੇਗਾ। ਤੁਸੀਂ ਜਿਹੜਾ ਮਕਾਨ ਬਣਾਇਆ ਹੈ, ਉਹ ਉਸਦੇ ਤੋਂ ਉਲਟ ਹੈ, ਤੁਸੀਂ ਉਸਨੂੰ ਭੁੱਲ ਕੇ ਮਕਾਨ ਬਣਾਇਆ ਹੈ। ਤੁਸੀਂ ਉਸਨੂੰ ਯਾਦ ਕਰੋਗੇ ਤਾਂ ਤੁਹਾਡਾ ਇਹ ਮਕਾਨ ਤਾਂ ਟਿਕ ਨਹੀਂ ਸਕਦਾ।

ਹਾਂ ਇੱਕ ਗੱਲ ਪੱਕੀ ਹੈ ਕਿ ਤੁਹਾਨੂੰ ਬਹੁਤ ਵੱਡਾ ਮਕਾਨ ਮਿਲੇਗਾ। ਪਰ ਉਹ ਅੱਜ ਵਿਖਾਈ ਨਹੀਂ ਦੇ ਸਕਦਾ। ਇਸੇ ਲਈ ਤਾਂ ਜੁਆਰੀ ਚਾਹੀਦਾ, ਹਿੰਮਤ ਵਾਲੇ ਬੰਦੇ ਚਾਹੀਦੇ ਹਨ ਕਿ ਰੱਥ ਵਿੱਚ ਜੋ ਹੈ ਉਸਨੂੰ ਛੱਡ ਦੇਣ। ਉਸਨੂੰ ਪਾਉਣ ਲਈ ਜਿਸ ਦਾ ਅਜੇ ਪੱਕਾ ਭਰੋਸਾ ਨਹੀਂ। ਇਸ ਲਈ ਮੈਂ ਲਗਾਤਾਰ ਕਹਿੰਦਾ ਰਿਹਾ ਹਾਂ ਕਿ ਵਪਾਰੀਆਂ ਦਾ ਕੰਮ ਨਹੀਂ ਹੈ ਧਰਮ, ਜੁਆਰੀਆਂ ਦਾ ਕੰਮ ਹੈ। ਜੁਆਰੀ ਦਾਅ 'ਤੇ ਲਾ ਦੇਂਦਾ ਹੈ। ਇਸ ਆਸ ਵਿੱਚ ਕਿ ਦੁਗਣਾ ਹੋ ਕੇ ਮਿਲੇਗਾ। ਮਿਲੇਗਾ ਕਿ ਨਹੀਂ ਪੱਕਾ ਨਹੀਂ। ਪਾਸੇ ਕਿਵੇਂ ਪੈਣਗੇ, ਕੋਈ ਵੀ ਨਹੀਂ ਜਾਣਦਾ। ਹਿੰਮਤ ਚਾਹੀਦੀ ਹੈ ਜੁਆਰੀ ਦੀ, ਨਾਨਕ ਦੇ ਨਾਲ ਚਲਣਾ ਹੋਵੇ ਤਾਂ।

ਇਸ ਲਈ ਤਾ ਸਾਰੇ ਧਰਮ ਭ੍ਰਿਸ਼ਟ ਹੋ ਜਾਂਦੇ ਹਨ, ਕਿਉਂਕਿ ਸਾਡੇ ਕੋਲ ਜੁਆਰੀ ਵਰਗੀ ਹਿੰਮਤ ਨਹੀਂ, ਵਪਾਰੀ ਦਾ ਹਿਸਾਬ ਹੈ ਅਤੇ ਤਦ ਇਸ ਸੂਤਰ ਨੂੰ ਯਾਦ ਰੱਖਣਾ ਔਖਾ ਹੋ ਜਾਂਦਾ ਹੈ। ਕਿਉਂਕਿ ਇਹ ਸੂਤਰ ਤੁਹਾਡੀ ਜ਼ਿੰਦਗੀ ਨੂੰ ਮੁਢੋਂ ਹੀ ਬਦਲ ਦੇਵੇਗਾ। ਤੁਸੀਂ ਇਹ ਹੀ ਨਾ ਰਹਿ ਜਾਓਗੇ। ਇੱਕ ਛੋਟਾ ਜਿਹਾ ਸੂਤਰ ਅਤੇ ਤੁਹਾਡੀ ਸਾਰੀ ਜ਼ਿੰਦਗੀ ਵਿੱਚ ਅੱਗ ਲੱਗ ਜਾਵੇਗੀ। ਇਹ ਜ਼ਿੰਦਗੀ ਨਹੀਂ ਰਹਿ ਜਾਏਗੀ।

ਕਬੀਰ ਕਹਿੰਦੇ ਹਨ, "ਜੋ ਘਰ ਬਾਰੇ ਆਪਣਾ, ਚਲੈ ਹਮਾਰੇ ਸੰਗ" ਉਹ ਸਾਡੇ

ਨਾਲ ਚੱਲੇ, ਜਿਹੜਾ ਆਪਣੇ ਘਰ ਨੂੰ ਅੱਗ ਲਗਾਉਣ ਲਈ ਤਿਆਰ ਹੋਵੇ। ਉਹ ਕਿਹੜਾ ਘਰ ਹੈ? ਉਹ ਘਰ ਜਿਹੜਾ ਤੁਸੀਂ ਆਪਣੇ ਆਲੇ-ਦੁਆਲੇ ਬਣਾ ਰੱਖਿਆ ਹੈ— ਝੂਠ ਦਾ, ਬੇਈਮਾਨੀ ਦਾ, ਕ੍ਰੋਧ ਦਾ, ਵੈਮਨਸ ਦਾ, ਦਵੈਸ਼ ਦਾ, ਨਫ਼ਰਤ ਦਾ— ਉਹ ਪੂਰੇ ਦਾ ਪੂਰਾ ਤੁਹਾਡਾ ਘਰ ਹੈ। ਜੇਕਰ ਤੁਸੀਂ ਇਸਨੂੰ ਸੂਤਰ ਦੀ ਤਰ੍ਹਾਂ ਫੜ ਲਵੋ— ਨਾਨਕ ਕਹਿੰਦੇ ਹਨ।

*ਗੁਰਾ ਇੱਕ ਦੇਹਿ ਬੁਝਾਈ॥ ਸਭਨਾ ਜੀਆ ਕਾ ਇੱਕੁ ਦਾਤਾ, ਸੋ ਮੈ ਵਿਸਰਿ ਨ ਜਾਈ॥*

ਬੱਸ, ਉਸਦੀ ਯਾਦ ਨਾ ਵਿਸਰੇ, ਕਿ ਸਾਰਿਆਂ ਦੇ ਅੰਦਰ ਇੱਕ, ਸਭ ਦਾ ਮਾਲਿਕ ਇਕੋ, ਸਭ ਦਾ ਸਾਹਿਬ ਇੱਕ। ਤੁਹਾਡੀ ਜ਼ਿੰਦਗੀ ਬਦਲ ਗਈ। ਕੁਝ ਹੋਰ ਨਹੀਂ ਚਾਹੀਦਾ। ਨਾ ਤੁਹਾਨੂੰ ਕਰਨ ਦੀ ਜ਼ਰੂਰਤ ਹੈ ਪਤੰਜ਼ਲੀ ਦੇ ਯੋਗਾਸਨ; ਨਾ ਤੁਹਾਨੂੰ ਚਿੰਤਾ ਕਰਨ ਦੀ ਲੋੜ ਹੈ ਯਹੂਦੀਆਂ ਦੇ ਟੈਨ ਕਮਾਂਡ ਮੈਂਨਟਸ, ਦਸ ਆਗਿਆਵਾਂ ਦੀ, ਨਾ ਤੁਸੀਂ ਚਿੰਤਾ ਕਰੋ ਕਿ ਗੀਤਾ ਕੀ ਕਹਿੰਦੀ ਹੈ, ਕੁਰਾਨ ਕੀ ਕਹਿੰਦਾ ਹੈ। ਇੱਕ ਛੋਟਾ ਜਿਹਾ ਗੁਰ, ਤੁਹਾਡੀ ਸਾਰੀ ਜ਼ਿੰਦਗੀ ਬਦਲ ਜਾਏ। ਇਸ ਛੋਟੇ ਜਿਹੇ ਨਾਲ ਨਾਨਕ ਨੇ ਪਾਇਆ, ਤੁਸੀਂ ਵੀ ਪਾ ਸਕਦੇ ਹੋ ਪਰ ਧਿਆਨ ਰੱਖਣਾ- "ਜੋ ਘਰ ਬਾਰੇ ਆਪਣਾ, ਚਲੈ ਹਮਾਰੇ ਸੰਗ॥"

# ੴ ਸਤਿਨਾਮੁ

## ਨਾਨਕ ਬਾਣੀ

ਓਸ਼ੋ ਨੇ ਨਾਨਕ ਬਾਣੀ-ਜਪੁਜੀ ਸਾਹਿਬ ਉਤੇ ਹਿੰਦੀ ਭਾਸ਼ਾ ਵਿੱਚ 20 ਪ੍ਰਵਚਨ ਦਿੱਤੇ ਸਨ। ਉਸ ਕਿਤਾਬ ਦਾ ਨਾਮ —ੴ ਸਤਿਨਾਮੁ ਹੈ। ਇਹ ਪੰਜਾਬੀ ਅਨੁਵਾਦ ਉਨ੍ਹਾਂ ਹੀ 20 ਪ੍ਰਵਚਨਾ ਦੀ ਲਫ਼ਜ਼-ਬ-ਲਫ਼ਜ਼ ਰਚਨਾ ਹੈ।




# ਜੇ ਇਕ ਗੁਰ ਕੀ ਸਿਖ ਸੁਣੀ

ਪ੍ਰਵਚਨ 4, ਤਾਰੀਖ 24-11-1974
ਸ਼੍ਰੀ ਰਜਨੀਸ਼ ਆਸ਼੍ਰਮ ਪੂਨਾ

ਤੀਰਥਿ ਨਾਵਾ ਜੇ ਤਿਸੁ ਭਾਵਾ ਵਿਣੁ ਭਾਣੇ ਕਿ ਨਾਇ ਕਰੀ॥
ਜੇਤੀ ਸਿਰਠਿ ਉਪਾਈ ਵੇਖਾ ਵਿਣੁ ਕਰਮਾ ਕਿ ਮਿਲੈ ਲਈ॥
ਮਤਿ ਵਿਚਿ ਰਤਨ ਜਵਾਹਰ ਮਾਣਿਕ ਜੇ ਇਕ ਗੁਰ ਕੀ ਸਿਖ ਸੁਣੀ॥
ਗੁਰਾ ਇਕ ਦੇਹਿ ਬੁਝਾਈ॥
ਸਭਨਾ ਜੀਆ ਕਾ ਇਕੁ ਦਾਤਾ ਸੋ ਮੈ ਵਿਸਰਿ ਨ ਜਾਈ॥ ੬॥

ਜੇ ਜੁਗ ਚਾਰੇ ਆਰਜਾ ਹੋਰ ਦਸੂਣੀ ਹੋਇ॥
ਨਵਾ ਖੰਡਾ ਵਿਚਿ ਜਾਣੀਐ ਨਾਲਿ ਚਲੈ ਸਭੁ ਕੋਇ॥
ਚੰਗਾ ਨਾਉ ਰਖਾਇ ਕੈ ਜਸੁ ਕੀਰਤਿ ਜਗਿ ਲੇਇ॥
ਜੇ ਤਿਸੁ ਨਦਰਿ ਨ ਆਵਈ ਤ ਵਾਤ ਨ ਪੁਛੈ ਕੇ॥
ਕੀਟਾ ਅੰਦਰਿ ਕੀਟੁ ਕਰਿ ਦੋਸੀ ਦੋਸੁ ਧਰੇ॥
ਨਾਨਕ ਨਿਰਗੁਣਿ ਗੁਣੁ ਕਰੇ ਗੁਣਵੰਤਿਆ ਗੁਣੁ ਦੇ॥
ਤੇਹਾ ਕੋਇ ਨ ਸੁਝਈ ਜਿ ਤਿਸੁ ਗੁਣੁ ਕੋਇ ਕਰੇ॥ ੭॥

ਇੱਕ ਰਾਤ ਨਾਨਕ ਅਚਾਨਕ ਘਰ ਛੱਡ ਕੇ ਚਲੇ ਗਏ। ਕਿਸੇ ਨੂੰ ਪਤਾ ਨਹੀਂ, ਕਿੱਥੇ ਹਨ। ਲੱਭਣ ਗਏ, ਸਾਧੂਆਂ ਦੀ ਸੰਗਤ ਵਿੱਚ, ਮੰਦਰਾਂ ਵਿੱਚ, ਜਿੱਥੇ ਸੰਭਾਵਨਾ ਸੀ, ਪਰ ਉਹ ਕਿਤੇ ਵੀ ਨਹੀਂ ਮਿਲੇ। ਤਦ ਕਿਸੇ ਨੇ ਕਿਹਾ, ਸ਼ਮਸ਼ਾਨ ਵੱਲ ਜਾਂਦੇ ਵੇਖਿਆ ਹੈ। ਕਿਸੇ ਨੂੰ ਵਿਸ਼ਵਾਸ ਨਾ ਆਇਆ। ਸ਼ਮਸ਼ਾਨ ਆਪਣੀ ਮਰਜ਼ੀ ਨਾਲ ਕੋਈ ਜਾਂਦਾ ਹੀ ਕਿਵੇਂ? ਸ਼ਮਸ਼ਾਨ ਲੈ ਜਾਣ ਲਈ ਤਾਂ ਚਾਰ ਆਦਮੀਆਂ ਦੀ ਜ਼ਰੂਰਤ ਪੈਂਦੀ ਹੈ।

ਬੜੀ ਮੁਸ਼ਕਿਲ ਨਾਲ ਕੋਈ ਜਾਂਦਾ ਹੈ। ਮਰਿਆ ਹੋਇਆ ਆਦਮੀ ਵੀ ਜਾਣਾ ਨਹੀਂ ਚਾਹੁੰਦਾ, ਤਾਂ ਜੀਉਂਦੇ ਆਦਮੀ ਦੇ ਜਾਣ ਦਾ ਕੋਈ ਸਵਾਲ ਹੀ ਨਹੀਂ। ਪਰ ਜਦ ਨਾਨਕ ਨੂੰ ਕਿਤੇ ਨਾ ਪਾਇਆ, ਤਾਂ ਲੋਕ ਸ਼ਮਸ਼ਾਨ ਪੁੱਜੇ।

ਸ਼ਮਸ਼ਾਨ ਵਿੱਚ ਉਨ੍ਹਾਂ ਨੇ ਧੁਣੀ ਰਮਾਈ ਹੋਈ ਸੀ, ਧਿਆਨ ਵਿੱਚ ਬੈਠੇ ਸਨ। ਘਰ ਦੇ ਲੋਕਾਂ ਨੇ ਕਿਹਾ, ਪਾਗਲ ਹੋ ਗਏ ਹੋ? ਘਰ-ਬਾਰ ਛੱਡ ਕੇ, ਪਤਨੀ-ਬੱਚੇ ਛੱਡ ਕੇ ਇਥੇ ਕੀ ਕਰ ਰਹੇ ਹੋ? ਇਹ ਸ਼ਮਸ਼ਾਨ ਹੈ, ਇਹ ਪਤਾ ਹੈ?

ਨਾਨਕ ਨੇ ਕਿਹਾ, "ਜਿਹੜਾ ਇਥੇ ਆ ਗਿਆ ਉਹ ਫ਼ਿਰ ਕਦੇ ਮਰਦਾ ਨਹੀਂ ਅਤੇ ਜਿਸ ਨੂੰ ਤੁਸੀਂ ਘਰ ਕਹਿੰਦੇ ਹੋ, ਉਥੇ ਜੋ ਭੀ ਹੈ ਉਹ ਅੱਜ ਨਹੀਂ ਕੱਲ੍ਹ ਮਰੇਗਾ। ਫ਼ਿਰ ਸ਼ਮਸ਼ਾਨ ਕਿਹੜੀ ਥਾਂ ਹੈ? ਜਿੱਥੇ ਲੋਕ ਮਰਦੇ ਹਨ ਉਹ ਸ਼ਮਸ਼ਾਨ? ਜਾਂ ਜਿੱਥੇ ਲੋਕ ਕਦੇ ਨਹੀਂ ਮਰਦੇ ਉਹ ਸ਼ਮਸ਼ਾਨ? ਅਤੇ ਫ਼ਿਰ ਜਦ ਇੱਕ ਦਿਨ ਇਥੇ ਆ ਹੀ ਜਾਣਾ ਹੈ, ਤਾਂ ਚਾਰ ਆਦਮੀਆਂ ਦੇ ਮੋਢਿਆਂ ਤੇ ਚੜ੍ਹ ਕੇ ਕੀ ਆਉਣਾ? ਸ਼ੋਭਾ ਨਹੀਂ ਦਿੰਦਾ। ਮੈਂ ਆਪੇ ਹੀ ਟੁਰ ਆਇਆ ਹਾਂ।"

ਇਹ ਘਟਨਾ ਬੜੀ ਮਹੱਤਵਪੂਰਨ ਹੈ। ਜੋ ਹੋਣਾ ਹੀ ਹੈ, ਉਸਦੇ ਨਾਲ ਨਾਨਕ ਦਾ ਟਕਰਾਓ ਨਹੀਂ ਹੈ। ਜੋ ਹੋਣਾ ਹੈ ਉਸਦਾ ਸਵੀਕਾਰ ਹੈ। ਮੌਤ ਵੀ ਹੋਣੀ ਹੈ, ਉਸਦਾ ਵੀ ਸਵੀਕਾਰ ਹੈ, ਅਤੇ ਦੂਜਿਆਂ ਨੂੰ ਕੀ ਕਸ਼ਟ ਦੇਣਾ ਉਥੇ ਤੱਕ ਲਿਜਾਣ ਲਈ! ਆਪੇ ਉੱਠ ਕੇ ਚਲੇ ਜਾਣਾ ਠੀਕ ਹੈ।

ਜੋ ਹੋਵੇਗਾ, ਉਸ ਨਾਲ ਸਾਡਾ ਵਿਰੋਧ ਬਣਿਆ ਰਹਿੰਦਾ ਹੈ। ਸਾਡੀ ਆਪਣੀ ਚਾਹ ਹੈ, ਅਜਿਹਾ ਨਾ ਹੋਵੇ। ਨਾਨਕ ਦੀ ਆਪਣੀ ਕੋਈ ਚਾਹ ਨਹੀਂ। ਜੋ ਉਸਦੀ ਚਾਹ ਹੈ, ਜੇਕਰ ਮੌਤ ਵੀ ਉਸਦੀ ਚਾਹ ਹੈ, ਤਾਂ ਉਹ ਵੀ ਨਾਨਕ ਨੂੰ ਮਨਜ਼ੂਰ ਹੈ।

ਉਸ ਰਾਤ ਨਾਨਕ ਨੂੰ ਲੋਕ ਸਮਝਾ-ਬੁਝਾ ਕੇ ਘਰ ਲੈ ਆਏ। ਪਰ ਨਾਨਕ ਉਹੋ ਜਿਹੇ ਹੀ ਆਦਮੀ ਨਾ ਰਹੇ, ਜਿਹੋ ਜਿਹੇ ਸਨ। ਕੁਝ ਉਨ੍ਹਾਂ ਦੇ ਅੰਦਰ ਮਰ ਹੀ ਗਿਆ ਅਤੇ ਕਿਸੇ ਨਵੇਂ ਦਾ ਜਨਮ ਹੋ ਗਿਆ। ਜਦੋਂ ਕੋਈ ਪੂਰੀ ਤਰ੍ਹਾਂ ਅੰਦਰ ਮਰਦਾ ਹੈ, ਤਦ

ਹੀ ਨਵੇਂ ਦਾ ਜਨਮ ਹੁੰਦਾ ਹੈ। ਜਨਮ ਦੀ ਉਹੀ ਪ੍ਰਕ੍ਰਿਆ ਹੈ। ਸ਼ਮਸ਼ਾਨ ਵਿਚੋਂ ਲੰਘਣਾ ਹੀ ਹੋਵੇਗਾ ਅਤੇ ਜਿਹੜਾ ਜਾਣ ਕੇ ਲੰਘ ਜਾਏ, ਹੋਸ਼ ਨਾਲ ਲੰਘ ਜਾਏ, ਉਸਨੂੰ ਨਵਾਂ ਜਨਮ ਮਿਲਦਾ ਹੈ। ਨਵੇਂ ਸ਼ਰੀਰ ਦਾ ਜਨਮ ਨਹੀਂ। ਉਹ ਨਵਾਂ ਜਨਮ ਨਵੇਂ ਸ਼ਰੀਰ ਦਾ ਜਨਮ ਨਹੀਂ। ਉਹ ਨਵਾਂ ਜਨਮ ਨਵੀਂ ਚੇਤਨਾ ਦਾ ਪ੍ਰਕਾਸ਼ ਹੈ।

ਤੁਸੀਂ ਡਰੇ ਹੋਏ ਹੋ। ਅਤੇ ਜਿੱਥੇ ਡਰ ਹੈ ਉਥੇ ਭਗਵਾਨ ਨਾਲ ਕੋਈ ਸੰਬੰਧ ਨਹੀਂ ਹੋ ਸਕੇਗਾ। ਤੁਸੀਂ ਜਿੰਨੀ ਪੂਜਾ-ਪਾਠ ਕਰ ਰਹੇ ਹੋ, ਉਹ ਭੈਅ ਦੇ ਕਾਰਣ ਹੈ। ਪਰਮਾਤਮਾ ਦੇ ਪ੍ਰੇਮ ਵਿੱਚ ਨਹੀਂ। ਤੁਸੀਂ ਤੀਰਥ ਜਾ ਰਹੇ ਹੋ, ਇਸ਼ਨਾਨ ਕਰ ਰਹੇ ਹੋ, ਧੂਫ਼-ਬੱਤੀ ਜਲਾ ਰਹੇ ਹੋ, ਉਹ ਸਭ ਡਰ ਦੇ ਕਾਰਣ ਹਨ, ਭਗਵਾਨ ਦੇ ਪ੍ਰੇਮ ਵਿੱਚ ਨਹੀਂ। ਤੁਹਾਡਾ ਧਰਮ ਤੁਹਾਡੇ ਡਰ ਦੀ ਦਵਾਈ ਹੈ, ਤੁਹਾਡੇ ਆਨੰਦ ਦਾ ਉਤਸਵ ਨਹੀਂ, ਤੁਸੀਂ ਸਭ ਸੁਰੱਖਿਆ ਦੇ ਲਈ ਕਰਦੇ ਹੋ, ਤੁਸੀਂ ਇੰਤਜ਼ਾਮ ਸਾਰੇ ਜੁਟਾਉਂਦੇ ਹੋ, ਜਿਵੇਂ ਤੁਸੀਂ ਧਨ ਇਕੱਠਾ ਕਰਦੇ ਹੋ। ਮਕਾਨ ਬਣਾਉਂਦੇ ਹੋ, ਬੈਂਕ ਬੈਲੇਂਸ ਬਣਾਉਂਦੇ ਹੋ, ਬੀਮਾ ਕਰਵਾਉਂਦੇ ਹੋ, ਅਜਿਹਾ ਹੀ ਭਗਵਾਨ ਵੀ ਤੁਹਾਡਾ ਬੀਮਾ ਹੈ। ਤੁਹਾਡੇ ਤੀਰਥ, ਤੁਹਾਡੇ ਇਸ਼ਨਾਨ, ਤੁਹਾਡੇ ਪੂਜਾ-ਪਾਠ ਤੁਹਾਡੇ ਭੈਅ ਦੀਆਂ ਸੁਰੱਖਿਆਵਾਂ ਹਨ।

ਅਤੇ ਡਰ ਨਾਲ ਕੋਈ ਉਸ ਤੱਕ ਪਹੁੰਚਿਆ ? ਡਰ ਕੋਈ ਪੁੱਜਣ ਦਾ ਢੰਗ ਹੈ? ਡਰ ਤਾਂ ਟੁੱਟਣ ਦਾ ਢੰਗ ਹੈ, ਪ੍ਰੇਮ ਜੁੜਣ ਦਾ ਢੰਗ ਹੈ। ਡਰ ਨਾਲ ਤਾਂ ਦੂਰੀ ਹੁੰਦੀ ਹੈ, ਪ੍ਰੇਮ ਨਾਲ ਨੇੜਤਾ ਮਿਲਦੀ ਹੈ। ਹੋਰ ਪ੍ਰੇਮ ਅਤੇ ਡਰ ਕਿਤੇ ਵੀ ਨਹੀਂ ਮਿਲਦੇ। ਜਦ ਡਰ ਪੂਰਾ ਛੂਟ ਜਾਂਦਾ ਹੈ, ਤਦ ਪ੍ਰੇਮ ਉਜਾਗਰ ਹੁੰਦਾ ਹੈ। ਜਦ ਤੱਕ ਡਰ ਟਿਕਿਆ ਰਹਿੰਦਾ ਹੈ ਤਦ ਤੱਕ ਤੁਸੀਂ ਨਫ਼ਰਤ ਕਰ ਸਕਦੇ ਹੋ, ਨਫ਼ਰਤ ਨੂੰ ਸਜਾ-ਸੰਵਾਰ ਸਕਦੇ ਹੋ, ਲੇਕਿਨ ਪ੍ਰੇਮ ਨਹੀਂ ਕਰ ਸਕਦੇ।

ਕਿਵੇਂ ਤੁਸੀਂ ਪ੍ਰੇਮ ਕਰੋਗੇ ਜਿਸ ਤੋਂ ਤੁਸੀਂ ਡਰੇ ਹੋਏ ਹੋ? ਜਿਹਦੇ ਕੋਲੋਂ ਡਰ ਹੈ ਉਸਦੇ ਨਾਲ ਤੁਸੀ ਸੰਘਰਸ਼ ਕਰੋਗੇ, ਸਮਰਪਣ ਕਿਵੇਂ ਕਰੋਗੇ? ਹੋਰ ਜੇਕਰ ਸਮਰਪਣ ਵੀ ਕਰੋਗੇ ਤਾਂ ਉਹ ਵੀ ਸੰਘਰਸ਼ ਦੀ ਇੱਕ ਨਵੀਂ ਵਿਉਂਤ ਹੋਏਗੀ, ਕਿ ਚਲੋ, ਸ਼ਾਇਦ ਇਸ ਨਾਲ ਹੀ ਡਰ ਤੋਂ ਛੁਟਕਾਰਾ ਹੋ ਜਾਏ।

ਲੋਕ ਤੀਰਥ ਜਾ ਰਹੇ ਹਨ, ਇਸ਼ਨਾਨ ਕਰ ਰਹੇ ਹਨ, ਇਸ ਇਸ਼ਨਾਨ ਵਿੱਚ ਕੋਈ ਸਮਾਗਮ ਨਹੀਂ। ਕੇਵਲ ਪਾਪਾਂ ਤੋਂ ਛੁਟਕਾਰੇ ਦੀ ਇੱਛਾ ਹੈ। ਜੋ ਬੁਰਾ ਕੀਤਾ ਹੈ, ਸੋਚਦੇ ਹਨ, ਗੰਗਾ ਵਿੱਚ ਇਸ਼ਨਾਨ ਕਰਨ ਨਾਲ ਧੋਤਾ ਜਾਵੇਗਾ।ਤੁਹਾਡੀ ਬੁਰਾਈ ਵਿੱਚ ਗੰਗਾ ਦਾ ਕੀ ਕਸੂਰ ਹੈ? ਬੁਰਾ ਤੁਸੀਂ ਕਰੋਗੇ, ਗੰਗਾ ਧੋਣ ਨੂੰ ਕਾਹਦੇ ਲਈ ਵਗਦੀ ਰਹੇਗੀ? ਅਤੇ ਬੁਰਾਈ ਜਿਹੜੀ ਤੁਸੀਂ ਕੀਤੀ ਹੈ, ਉਹ ਦੇਹ ਦੀ ਤਾਂ ਨਹੀਂ ਹੈ, ਚੇਤਨਾ ਦੀ ਹੈ। ਗੰਗਾ ਦਾ ਪਾਣੀ ਉਸ ਚੇਤਨਾ ਨੂੰ ਛੂ ਵੀ ਕਿਵੇਂ ਸਕੇਗਾ? ਹਾਂ, ਤੁਸੀਂ ਗੰਦੇ ਹੋ, ਗੰਗਾ

ਦੇ ਇਸ਼ਨਾਨ ਨਾਲ ਸਾਫ਼-ਸੁਥਰੇ ਹੋ ਜਾਓਗੇ। ਦੇਹ ਨੂੰ ਧੂੜ ਲੱਗੀ ਹੈ, ਗੰਗਾ ਧੋ ਦੇਵੇਗੀ, ਪਰ ਧੂੜ ਤੁਹਾਡੇ ਅੰਦਰ ਲੱਗੀ ਹੈ। ਉਹ ਦੇਹ ਤੇ ਲੱਗੀ ਹੋਈ ਨਹੀਂ ਹੈ। ਤਾਂ ਗੰਗਾ ਕੀ ਕਰੇਗੀ?

ਦੇਹ ਨੂੰ ਧੋਣ ਲਈ ਤਾਂ ਗੰਗਾ ਠੀਕ, ਆਤਮਾ ਨੂੰ ਧੋਣ ਦਾ ਉਹ ਉਪਾਅ ਨਹੀਂ। ਕੋਈ ਹੋਰ ਗੰਗਾ ਲੱਭਣੀ ਪਵੇਗੀ। ਪੁਰਾਣੀ ਕਥਾ ਹੈ ਕਿ ਇੱਕ ਗੰਗਾ ਤਾਂ ਧਰਤੀ ਉਤੇ ਵਗਦੀ ਹੈ ਅਤੇ ਇੱਕ ਗੰਗਾ ਸਵਰਗ ਵਿੱਚ। ਤੁਹਾਨੂੰ ਸਵਰਗ ਦੀ ਗੰਗਾ ਲੱਭਣੀ ਪਵੇਗੀ, ਕਿਉਂਕਿ ਧਰਤੀ ਦੀ ਗੰਗਾ ਸ਼ਰੀਰ ਨੂੰ ਛੂਹੇਗੀ, ਧਰਤੀ ਦੀ ਹੈ ਸ਼ਰੀਰ ਤੱਕ ਉਸਦੀ ਪਹੁੰਚ ਹੈ। ਸਵਰਗ ਦੀ ਗੰਗਾ ਤੁਹਾਨੂੰ ਛੂਹੇਗੀ, ਤੁਹਾਨੂੰ ਧੋ ਦੇਵੇਗੀ। ਪਰ ਸਵਰਗ ਦੀ ਗੰਗਾ ਤੁਸੀਂ ਕਿਵੇਂ ਲੱਭੋਗੇ? ਕਿੱਥੋਂ ਲੱਭੋਗੇ? ਇਹ ਸੂਤਰ ਸਵਰਗ ਦੀ ਗੰਗਾ ਦੀ ਭਾਲ ਦੇ ਲਈ ਕਹੇ ਗਏ ਹਨ।

"ਜੇਕਰ ਮੈਂ ਉਸਨੂੰ ਚੰਗਾ ਲੱਗਾ ਤਾਂ ਮੈਂ ਤੀਰਥਾਂ ਵਿੱਚ ਇਸ਼ਨਾਨ ਕਰ ਲਿਆ।" ਉਸਨੂੰ ਚੰਗਾ ਲੱਗਣਾ ਸਵਰਗ ਦੀ ਗੰਗਾ ਨੂੰ ਲੱਭ ਲੈਣਾ ਹੈ। ਉਸਨੂੰ ਚੰਗਾ ਲੱਗਣਾ ਬੜਾ ਡੂੰਘਾ ਸੂਤਰ ਹੈ। ਇਸਨੂੰ ਸਮੱਝਣ ਦੀ ਥੋੜ੍ਹੀ ਕੋਸ਼ਿਸ਼ ਕਰੋ।

ਇੱਕ ਤਾਂ ਤੁਸੀਂ ਉਸਨੂੰ ਚੰਗੇ ਲੱਗੋਗੇ ਤਦ, ਜਦ ਤੁਸੀਂ ਉਸਦੇ ਵਿਰੋਧ ਵਿੱਚ ਨਹੀਂ ਖੜ੍ਹੇ ਹੋ। ਤੁਸੀਂ ਉਸਨੂੰ ਤਦ ਚੰਗੇ ਲੱਗੋਗੇ, ਜਦ ਤੁਸੀਂ ਆਪਣੇ ਨੂੰ ਪੂਰੀ ਤਰ੍ਹਾਂ ਉਸ ਦੇ ਵਿੱਚ ਲੀਨ ਕਰ ਦਿੱਤਾ ਹੈ। ਤੁਸੀਂ ਉਸਨੂੰ ਤਦ ਹੀ ਚੰਗੇ ਲੱਗੋਗੇ, ਜਦ ਤੁਹਾਡਾ ਕਰਤਾ-ਭਾਵ ਮਿਟ ਗਿਆ ਹੈ। ਪਰਮਾਤਮਾ ਕਰਤਾ ਹੈ, ਤੁਸੀਂ ਨਿਮਿੱਤ ਹੋ, ਬੱਸ ! ਤੁਸੀਂ ਭਾਅ ਜਾਓਗੇ।

ਪਰ ਅਜੇ ਤਾਂ ਤੁਹਾਡੇ ਅੰਦਰ ਧੁਨ ਵੱਜਦੀ ਹੈ ਕਿ ਮੈਂ ਕਰਤਾ ਹਾਂ। ਪੂਜਾ ਵੀ ਕਰਦੇ ਹੋ ਤਾਂ ਕਰਤਾ ਤੁਸੀਂ ਹੀ ਰਹਿੰਦੇ ਹੋ। ਤੀਰਥਾਂ ਤੇ ਇਸ਼ਨਾਨ ਕਰਦੇ ਹੋ ਤਾਂ ਵੀ ਕਰਤਾ ਤੁਸੀਂ ਹੀ ਰਹਿੰਦੇ ਹੋ। ਦਾਨ ਕਰਦੇ ਹੋ ਤਾਂ ਵੀ ਕਰਤਾ ਤੁਸੀਂ ਹੀ ਰਹਿੰਦੇ ਹੋ। ਸਭ ਵਿਅਰਥ ਹੋਇਆ। ਇਸ਼ਨਾਨ ਵੀ ਵਿਅਰਥ ਗਿਆ, ਦਾਨ ਵੀ ਵਿਅਰਥ ਗਿਆ, ਪੂਜਾ ਬੇਕਾਰ ਹੋਈ, ਕਿਉਂਕਿ ਕਰਤਾ ਦਾ ਭਾਵ! ਅਜੇ ਤੁਸੀਂ ਸੋਚਦੇ ਹੋ ਮੇਰਾ ਹੈ।

ਧਾਰਮਿਕ ਆਦਮੀ ਅਤੇ ਅਧਾਰਮਿਕ ਆਦਮੀ ਵਿੱਚ ਇੱਕ ਹੀ ਫ਼ਰਕ ਹੈ। ਧਾਰਮਿਕ ਆਦਮੀ ਲਈ ਕਰਤਾ ਉਹ ਆਪ ਹੀ ਹੈ। 'ਮੈਂ' ਨਾਲ ਕੀਤਿਆਂ ਕੁਝ ਹੋ ਸਕਦਾ ਹੈ, ਇਹ ਭਾਵ ਅਧਰਮ ਹੈ। ਉਸਦੇ ਕੀਤੇ ਸਭ ਹੋ ਰਿਹਾ ਹੈ ਇਹ ਭਾਵ ਧਰਮ ਹੈ। ਤੁਸੀਂ ਉਸਨੂੰ ਪਿਆਰੇ ਹੋ ਜਾਓ।

ਤੁਸੀਂ ਆਪਣੇ ਹੱਥੀਂ ਹੀ ਉਸਦੇ ਵੱਲ ਪਿੱਠ ਕਰਕੇ ਖਲੋਤੇ ਹੋ। ਤੁਹਾਡਾ ਕਰਤਾਪਨ

ਹੀ ਉਸਦੇ ਵੱਲ ਤੁਹਾਡੀ ਪਿੱਠ ਕਰਨਾ ਹੈ। ਜਿਵੇਂ ਹੀ ਤੁਸੀ ਕਰਤਾਪਨ ਛੱਡੋਗੇ, ਸਨਮੁਖ ਹੋ ਜਾਓਗੇ। ਬੇ-ਮੁਖਤਾ ਮਿਟ ਜਾਏਗੀ।

ਤੁਸੀਂ ਕੀਤਾ ਕੀ ਹੈ? ਨਾ ਜਨਮ ਤੁਹਾਡਾ, ਨਾ ਜੀਵਨ ਤੁਹਾਡਾ, ਨਾ ਮੌਤ ਤੁਹਾਡੀ, ਸਭ ਉਹ ਹੀ ਕਰ ਰਿਹਾ ਹੈ। ਪਰ ਵਿਚਕਾਰਲੇ ਅੰਤਰਾਲ (ਖ਼ਾਲੀ ਥਾਂ) ਵਿੱਚ ਤੁਸੀਂ ਆਪਣੇ ਕਰਤਾ ਹੋਣ ਦਾ ਭਾਵ ਇਕੱਠਾ ਕਰ ਲੈਂਦੇ ਹੋ ਅਤੇ ਉਹ ਜਿਹੜਾ ਕਰਤਾ ਦਾ ਭਾਵ ਹੈ ਫ਼ਿਰ ਉਹ ਪਾਪ ਕਰੇ ਤਾਂ ਵੀ ਪਾਪ, ਪੁੰਨ ਕਰਨਾ ਪੁੰਨ ਹੈ। ਤੁਸੀਂ ਗ਼ਲਤੀ ਵਿੱਚ ਹੋ। ਕਰਤਾ ਹੋਣਾ ਪਾਪ ਹੈ, ਅਕਰਤਾ ਹੋਣਾ ਪੁੰਨ ਹੈ। ਜੇਕਰ ਪੁੰਨ ਕਰਦੇ ਹੋਏ ਵੀ ਤੁਸੀਂ ਕਹਿੰਦੇ ਹੋ, ਮੈਂ ਕੀਤਾ, ਮੰਦਰ ਬਣਾਏ, ਪੂਜਾ ਕੀਤੀ, ਏਨੇ ਵਕਤ, ਉਪਵਾਸ ਕੀਤੇ, ਏਨੀ ਵਾਰ ਤੀਰਥ ਗਿਆ, ਕਾਸ਼ੀ ਗਿਆ, ਹੱਜ ਗਿਆ, ਹਾਜੀ ਹੋਇਆ।

ਇਹ ਤੁਸੀਂ ਜਿੰਨਾਂ ਕਹੋਗੇ, ਮੈਂ ਕੀਤਾ, ਸਭ ਪਾਪ ਹੋ ਗਿਆ। ਇਸ ਲਈ ਪਾਪ ਦਾ ਸੰਬੰਧ ਕਰਮ ਨਾਲ ਨਹੀਂ, ਭਾਵ ਨਾਲ ਹੈ। ਤੁਸੀਂ ਜੇਕਰ ਅਕਰਤਾ ਭਾਵ ਨਾਲ ਕਰ ਸਕੋ ਤਾਂ ਇਸ ਜਗਤ ਵਿੱਚ ਕੋਈ ਵੀ ਪਾਪ ਨਹੀਂ ਹੈ। ਜੇਕਰ ਤੁਸੀਂ ਕਰਤਾ ਭਾਵ ਨਾਲ ਕਰੋ ਤਾਂ ਇਸ ਜਗਤ ਵਿੱਚ ਸਭ ਕੁਝ ਪਾਪ ਹੈ।

ਕ੍ਰਿਸ਼ਨ ਅਰਜੁਨ ਨੂੰ ਗੀਤਾ ਵਿੱਚ ਇਹ ਹੀ ਕਹਿ ਰਹੇ ਹਨ ਕਿ ਤੂੰ ਕਰਤਾ ਭਾਵ ਛੱਡ ਦੇ ਅਤੇ ਉਹ ਜੋ ਕਰਵਾ ਰਿਹਾ ਹੈ, ਉਹ ਹੀ ਕਰ। ਉਸ ਦੀ ਜੋ ਮਰਜ਼ੀ ਹੈ ਹੋਣ ਦੇ। ਤੂੰ ਵਿਚਕਾਰ ਨਾ ਆ। ਤੂੰ ਆਪਣੇ ਵਲੋਂ ਚੁਣਾਓ ਨਾ ਕਰ। ਤੂੰ ਵਿਚਾਰ ਹੀ ਨਾ ਕਰ ਕਿ ਕੀ ਗ਼ਲਤ ਹੈ ਅਤੇ ਕੀ ਠੀਕ ਹੈ। ਤੂੰ ਜਾਣੇਂਗਾ ਵੀ ਕਿਵੇਂ ਕਿ ਕੀ ਠੀਕ ਹੈ ਅਤੇ ਕੀ ਗ਼ਲਤ ਹੈ?

ਤੇਰੇ ਦੇਖਣ ਦੀ ਸੀਮਾ ਕਿੰਨੀ? ਤੇਰੀ ਸਮਝ ਕਿੰਨੀ? ਤੇਰਾ ਅਨੁਭਵ ਕਿੰਨਾ? ਤੇਰਾ ਹੋਸ਼ ਕਿੰਨਾ? ਤੂੰ ਇਸ ਛੋਟੇ ਜਿਹੇ ਦੀਵੇ ਨਾਲ ਦੇਖਣ ਦੀ ਕੋਸ਼ਿਸ਼ ਨਾ ਕਰ, ਇਸਦੀ ਰੌਸ਼ਨੀ ਚਾਰ ਫ਼ੁੱਟ ਤੋਂ ਬਹੁਤੀ ਦੂਰ ਨਹੀਂ ਪੈਂਦੀ ਅਤੇ ਜੀਵਨ ਦਾ ਪਸਾਰ ਅਨੰਤ ਹੈ। ਉਹ ਜੋ ਤੇਰੇ ਕੋਲੋਂ ਕਰਵਾ ਰਿਹਾ ਹੈ, ਤੂੰ ਕਰ। ਤੂੰ ਵਿਚਾਲੇ ਖੜ੍ਹਾ ਨ ਹੋ। ਤੂੰ ਸਿਰਫ਼ ਮਾਧਿਅਮ ਬਣ ਜਾ। ਜਿਵੇਂ ਬੰਸਰੀ ਨਾਲ ਕੋਈ ਗੀਤ ਗਾਵੇ ਅਤੇ ਬੰਸਰੀ ਕੇਵਲ ਰਾਹ ਦੇਵੇ, ਇਹੋ ਜਿਹੀ ਤੂੰ ਰਾਹ ਦੇ। ਨਿਮਿੱਤ ਹੋ ਜਾ।

ਜਿਹੜਾ ਨਿਮਿੱਤ ਹੋ ਗਿਆ, ਉਹ ਉਸ ਦਾ ਪਿਆਰਾ ਹੋ ਗਿਆ। ਜਿਹੜਾ ਕਰਤਾ ਬਣਿਆ ਰਿਹਾ, ਉਹ ਦੁਸ਼ਮਣ ਬਣਿਆ ਰਿਹਾ। ਉਸ ਦਾ ਪ੍ਰੇਮ ਤਾਂ ਫ਼ਿਰ ਵੀ ਵਰ੍ਹਦਾ ਰਹੇਗਾ। ਕਿਉਕਿ ਉਸਦਾ ਪਿਆਰ ਬਿਨਾਂ ਸ਼ਰਤ ਹੈ। ਤੁਸੀਂ ਕੀ ਹੋ ਇਸਦੇ ਨਾਲ ਕੋਈ ਸੰਬੰਧ ਨਹੀਂ। ਪਰ ਤੁਸੀਂ ਹੀ ਉਸਨੂੰ ਪਾਉਣ ਵਿੱਚ ਅਸਮਰੱਥ ਹੋ ਜਾਓਗੇ। ਜਿਵੇਂ ਘੜਾ ਸਿੱਧਾ ਰੱਖਿਆ ਹੋਵੇ ਅਤੇ ਮੀਂਹ ਪੈ ਰਿਹਾ ਹੋਵੇ, ਤਾਂ ਭਰ ਜਾਵੇਗਾ। ਮੀਂਹ ਤਾਂ ਪੈਂਦਾ ਹੀ

ਰਹੇਗਾ, ਘੜਾ ਉਲਟਾ ਰਖਿਆ ਤਾਂ ਖ਼ਾਲੀ ਰਹਿ ਜਾਵੇਗਾ। ਮੀਂਹ ਤਾਂ ਉਲਟੇ ਘੜੇ ਉਤੇ ਵੀ ਪੈਂਦਾ ਰਹੇਗਾ, ਕਿਉਂਕਿ ਮੀਂਹ ਤਾਂ ਬਿਨਾਂ ਸ਼ਰਤ ਹੈ। ਉਸ ਦਾ ਪਿਆਰ ਕਿਸੇ ਸ਼ਰਤ ਨਾਲ ਬੰਨ੍ਹਿਆ ਹੋਇਆ ਨਹੀਂ ਹੈ—ਤੁਸੀਂ ਇਹੋ ਜਿਹੇ ਹੋ ਜਾਓ ਤਾਂ ਮੈਂ ਪਿਆਰ ਕਰਾਂਗਾ।

ਇਸਨੂੰ ਵੀ ਸਮਝ ਲੈਣਾ। ਨਾਨਕ ਦਾ ਇਹ ਬਚਨ ਸੁਣ ਕੇ ਕਈ ਲੋਕਾਂ ਨੂੰ ਇੰਜ ਲੱਗਿਆ ਕਿ ਮੈਂ ਅਜਿਹਾ ਹੋ ਜਾਵਾਂ ਤਾਂ ਉਹ ਮੈਨੂੰ ਪ੍ਰੇਮ ਕਰੇਗਾ। ਨਹੀਂ, ਉਸ ਦਾ ਪ੍ਰੇਮ ਤਾਂ ਵਰ੍ਹ ਹੀ ਰਿਹਾ ਹੈ। ਜੇਕਰ ਉਸ ਦੇ ਪ੍ਰੇਮ ਵਿੱਚ ਵੀ ਸ਼ਰਤ ਹੋਵੇ ਤਾਂ ਮਨੁੱਖ ਅਤੇ ਪਰਮਾਤਮਾ ਦੇ ਪ੍ਰੇਮ ਵਿੱਚ ਕੋਈ ਫ਼ਰਕ ਨਾ ਰਹਿ ਜਾਏ। ਇਹ ਹੀ ਤਾਂ ਮਨੁੱਖ ਦੇ ਪਿਆਰ ਦੀ ਪੀੜਾ ਹੈ ਕਿ ਅਸੀਂ ਕਹਿੰਦੇ ਹਾਂ, ਤੁਸੀਂ ਇਹੋ ਜਿਹਾ ਕਰੋਗੇ ਤਾਂ ਮੈਂ ਪ੍ਰੇਮ ਕਰਾਂਗਾ, ਤੁਸੀਂ ਇਹੋ ਜਿਹੇ ਹੋਵੋਗੇ ਤਾਂ ਮੈਂ ਪ੍ਰੇਮ ਕਰਾਂਗਾ। ਮੇਰੀਆਂ ਸ਼ਰਤਾਂ ਪੂਰੀਆਂ ਕਰੋ ਤਾਂ ਮੈਂ ਪ੍ਰੇਮ ਕਰਾਂਗਾ, ਨਹੀਂ ਤਾਂ ਪ੍ਰੇਮ ਖਿੱਚ ਲਵਾਂਗਾ। ਪਿਤਾ ਪੁੱਤਰ ਨੂੰ ਇਹ ਹੀ ਕਹਿ ਰਿਹਾ ਹੈ, ਪਤਨੀ ਪਤੀ ਨੂੰ ਇਹ ਹੀ ਕਹਿ ਰਹੀ ਹੈ, ਮਿੱਤਰ ਮਿੱਤਰ ਨੂੰ ਇਹ ਹੀ ਕਹਿ ਰਿਹਾ ਹੈ ਕਿ ਤੁਸੀਂ ਅਜਿਹਾ ਕਰੋ। ਜੇਕਰ ਤੁਸੀਂ ਅਜਿਹਾ ਕੀਤਾ ਤਾਂ ਮੈਨੂੰ ਚੰਗੇ ਲੱਗੋਗੇ।

ਇਸ ਕਾਰਣ, ਇਸ ਪ੍ਰੇਮ ਦੇ ਅਨੁਭਵ ਦੇ ਕਾਰਣ, ਤੁਸੀਂ ਇਹ ਨਾ ਸੋਚਣਾ ਕਿ ਨਾਨਕ ਇਹ ਕਹਿ ਰਹੇ ਹਨ, ਪਰਮਾਤਮਾ ਤੁਹਾਨੂੰ ਤਦ ਪ੍ਰੇਮ ਕਰੇਗਾ ਜਦ ਤੁਸੀਂ ਕੁਝ ਸ਼ਰਤਾਂ ਪੂਰੀਆਂ ਕਰੋਗੇ। ਨਹੀਂ, ਉਸਦਾ ਪਿਆਰ ਤਾਂ ਵਰ੍ਹ ਰਿਹਾ ਹੈ। ਸ਼ਰਤਾਂ ਪੂਰੀਆਂ ਕਰੋਗੇ ਤਾਂ ਤੁਸੀਂ ਸਿੱਧੇ ਘੜੇ ਵਾਂਗੂੰ ਹੋ ਜਾਓਗੇ। ਉਸਦਾ ਮੀਂਹ ਪੈ ਰਿਹਾ ਹੈ, ਭਰ ਜਾਓਗੇ। ਤੁਸੀਂ ਲਬਾ-ਲਬ ਹੋ ਜਾਓਗੇ। ਤੁਸੀਂ ਭਰ ਕੇ ਵਗਣ ਲੱਗ ਪਵੋਗੇ। ਨਾ ਕੇਵਲ ਉਸਦਾ ਪਿਆਰ ਤੁਹਾਨੂੰ ਮਿਲੇਗਾ, ਤੁਹਾਡੇ ਤੋਂ ਹੋਰਾਂ ਨੂੰ ਵੀ ਮਿਲਣ ਲੱਗੇਗਾ।

ਗੁਰੂ ਅਸੀਂ ਉਸੇ ਨੂੰ ਕਹਿੰਦੇ ਹਾਂ ਕਿ ਜਿਸ ਦਾ ਘੜਾ ਪਰਮਾਤਮਾ ਦੇ ਪ੍ਰੇਮ ਨਾਲ ਏਨਾਂ ਭਰ ਗਿਆ ਕਿ ਹੁਣ ਪਿਆਰ ਸਮਾਉਂਦਾ ਨਹੀਂ। ਉਹ ਹੋਰਾਂ ਦੇ ਘੜਿਆਂ ਉਤੇ ਵਗਣ ਲੱਗਾ। ਗੁਰੂ ਦਾ ਮਤਲਬ ਹੀ ਏਨਾਂ ਹੈ ਕਿ ਜਿਸਦੀ ਆਪਣੀ ਜ਼ਰੂਰਤ ਪੂਰੀ ਹੋ ਗਈ। ਜਿਸ ਦੀ ਚਾਹ ਮੁੱਕ ਗਈ। ਜਿਸਦੀ ਤ੍ਰਿਸ਼ਨਾ ਸ਼ਾਂਤ ਹੋ ਗਈ। ਜਿਸਦਾ ਘੜਾ ਏਨਾਂ ਭਰ ਗਿਆ ਕਿ ਹੁਣ ਉਹ ਦੇਣ ਵਿੱਚ ਸਮਰੱਥ ਹੈ। ਹੁਣ ਉਹ ਨਾ ਦੇਵੇ ਤਾਂ ਕੀ ਕਰੇ? ਜਿਵੇਂ ਬੱਦਲ ਜਦ ਭਰ ਜਾਏ ਪਾਣੀ ਨਾਲ ਤਾਂ ਵਰ੍ਹੇਗਾ। ਜਦ ਫੁੱਲ ਭਰ ਜਾਏ ਖ਼ੁਸ਼ਬੂ ਨਾਲ ਤਾਂ ਖ਼ੁਸ਼ਬੂ ਖਿਲਰੇਗੀ।

ਇਵੇਂ ਹੀ ਜਦ ਤੁਹਾਡਾ ਘੜਾ ਉਸ ਦੇ ਪ੍ਰੇਮ ਨਾਲ ਭਰ ਜਾਵੇਗਾ ਤਾਂ ਤੁਹਾਡੇ ਚਾਰੋਂ ਪਾਸੇ ਵਗਣ ਲੱਗੇਗਾ ਅਤੇ ਉਸਦੇ ਮੀਂਹ ਦਾ ਤਾਂ ਕੋਈ ਅੰਤ ਨਹੀਂ। ਇੱਕ ਵਾਰ ਤੁਹਾਨੂੰ ਪਤਾ ਲੱਗ ਜਾਏ ਕਿ ਸਿੱਧੇ ਹੋਣ ਨਾਲ ਭਰਨਾ ਸ਼ੁਰੂ ਹੋ ਜਾਂਦਾ ਹੈ, ਤਾਂ ਉਹ ਮੀਂਹ ਤਾਂ ਵਰ੍ਹਦਾ ਹੀ ਰਹਿੰਦਾ ਹੈ। ਤੁਸੀਂ ਕਿੰਨਾ ਹੀ ਉਲੀਚੋ ਹਜ਼ਾਰਾਂ ਹੱਥਾਂ ਨਾਲ ਉਲੀਚੋ ਤਾਂ ਵੀ

ਉਲੀਚ ਨਾ ਸਕੋਗੇ। ਤਾਂ ਇਹ ਖਿਆਲ ਰੱਖਣਾ ਕਿ ਨਾਨਕ ਜਦ ਇਹ ਕਹਿ ਰਹੇ ਹਨ ਤਾਂ ਉਨ੍ਹਾਂ ਦਾ ਮਤਲਬ ਤੁਹਾਡੇ ਨਾਲ ਹੈ।

"ਜੇਕਰ ਮੈਂ ਉਸਨੂੰ ਭਾਅ ਗਿਆ, ਤਾਂ ਮੈਂ ਤੀਰਥਾਂ ਦਾ ਇਸ਼ਨਾਨ ਕਰ ਲਿਆ।"

ਉਸਨੂੰ ਤਾਂ ਤੁਸੀਂ ਭਾਏ ਹੀ ਹੋਏ ਹੋ, ਨਹੀਂ ਤਾਂ ਤੁਸੀਂ ਹੁੰਦੇ ਕਿਵੇਂ? ਜੇਕਰ ਉਹ ਇੱਕ ਪਲ ਲਈ ਵੀ ਨਾ ਚਾਹੁੰਦਾ ਤੁਹਾਡਾ ਹੋਣਾ, ਤਾਂ ਤੁਸੀਂ ਅਲੋਪ ਹੋ ਜਾਂਦੇ। ਤੁਹਾਡੀ ਸੁਆਸ-ਸੁਆਸ ਵਿੱਚ ਉਹ ਹੀ ਹੈ। ਤੁਹਾਡੀ ਹਰ ਧੜਕਨ ਵਿੱਚ ਉਹ ਹੀ ਹੈ। ਅਸਤਿਤਵ (ਕੁਦਰਤ) ਨੇ ਤੁਹਾਨੂੰ ਚਾਹਿਆ ਹੈ। ਅਸਤਿਤਵ ਨੇ ਤੁਹਾਨੂੰ ਪਿਆਰ ਕੀਤਾ ਹੈ। ਅਸਤਿਤਵ ਨੇ ਤੁਹਾਨੂੰ ਬਣਾਇਆ ਹੈ। ਤੁਸੀਂ ਕਿਹੋ ਜਿਹੇ ਹੋ, ਇਸਦੀ ਫ਼ਿਕਰ ਨਹੀਂ ਹੈ, ਅਸਤਿਤਵ ਤੁਹਾਨੂੰ ਅਜੇ ਵੀ ਜੀਵਨ ਦੇ ਰਿਹਾ ਹੈ। ਉਸ ਨੂੰ ਤਾਂ ਤੁਸੀਂ ਭਾਏ ਹੀ ਹੋਏ ਹੋ।

ਪਰ ਤੁਸੀਂ ਉਲਟੇ ਖਲੋਤੇ ਹੋ। ਤੁਸੀਂ ਪਿੱਠ ਕੀਤੀ ਹੋਈ ਹੈ। ਤੁਸੀਂ ਉਸਦੇ ਪ੍ਰੇਮ ਤੋਂ ਵੀ ਡਰੇ ਹੋਏ ਹੋ। ਤੁਸੀਂ ਉਸ ਤੋਂ ਭੱਜੇ ਹੋਏ ਹੋ। ਉਹ ਤੁਹਾਨੂੰ ਭਰਨਾ ਚਾਹੁੰਦਾ ਹੈ, ਤੁਸੀਂ ਬਚਣਾ ਚਾਹੁੰਦੇ ਹੋ। ਇਸ ਲਈ ਜਦ ਨਾਨਕ ਕਹਿੰਦੇ ਹਨ, "ਜੇਕਰ ਮੈਂ ਉਸਨੂੰ ਭਾਅ ਗਿਆ," ਤਾਂ ਅਰਥ ਹੈ— ਜਦ ਮੈਂ ਸਿੱਧਾ ਹੋਇਆ, ਸਾਹਮਣੇ ਹੋਇਆ। ਜਦ ਮੈਂ ਡਰ ਛਡਿਆ। ਡਰ ਦੇ ਕਾਰਣ ਹੀ ਤੁਸੀਂ ਆਪਣੇ ਘੜੇ ਨੂੰ ਪੁੱਠਾ ਕਰਕੇ ਬੈਠੇ ਹੋ ਕਿ ਕੁਝ ਗ਼ਲਤ ਨਾ ਭਰ ਜਾਏ। ਡਰ ਦੇ ਕਾਰਣ ਹੀ ਤੁਸੀਂ ਦਰਵਾਜ਼ੇ ਬੰਦ ਕੀਤੇ ਹੋਏ ਹਨ, ਕਿਤੇ ਕੋਈ ਚੋਰ, ਦੁਸ਼ਮਣ ਅੰਦਰ ਨਾ ਆ ਜਾਏ। ਡਰ ਦੇ ਕਾਰਣ ਤੁਸੀਂ ਆਪਣੇ ਹਿਰਦੇ ਨੂੰ ਸਾਰੇ ਪਾਸਿਆਂ ਤੋਂ ਬੰਦ ਕਰ ਲਿਆ ਹੈ।

ਪਰ ਜਦ ਤੁਸੀਂ ਦਰਵਾਜ਼ੇ ਬੰਦ ਕਰ ਲੈਂਦੇ ਹੋ ਅਤੇ ਤਦ ਡਾਕੂ ਨਹੀਂ ਆ ਸਕਦਾ ਤਾਂ ਪ੍ਰੇਮੀ ਵੀ ਨਹੀਂ ਆ ਸਕਦਾ। ਕਿਉਂਕਿ ਦੁਆਰ ਤਾਂ ਉਹ ਹੀ ਹੈ, ਜਿੱਥੇ ਦੀ ਚੋਰ ਆਉਂਦਾ ਹੈ। ਉਥੋਂ ਹੀ ਪ੍ਰੇਮੀ ਆਉਂਦਾ ਹੈ। ਤਾਂ ਇਹ ਹੋ ਸਕਦਾ ਹੈ ਤੁਸੀਂ ਇੰਤਜ਼ਾਮ ਕਰ ਲਿਆ ਹੋਵੇ ਚੋਰ ਦੇ ਨਾ ਆਉਣ ਦਾ, ਪਰ ਧਿਆਨ ਰੱਖਣਾ ਤੁਸੀਂ ਪ੍ਰੇਮੀ ਦੇ ਆਉਣ ਦਾ ਦੁਆਰ ਵੀ ਬੰਦ ਕੀਤਾ ਹੋਇਆ ਹੈ। ਹੋਰ ਇਹ, ਜ਼ਿੰਦਗੀ ਕਿਹੜੇ ਕੰਮ ਦੀ, ਜਿਸ ਦੇ ਵਿੱਚ ਪ੍ਰੇਮੀ ਨਾ ਆਇਆ? ਨਾ ਆਇਆ ਚੋਰ, ਤਾਂ ਵੀ ਕਿਸ ਕੰਮ ਦੀ?

ਤੁਸੀਂ ਏਨੇ ਡਰੇ ਹੋਏ ਹੋ, ਇਸ ਲਈ ਤੁਸੀਂ ਆਪਣੇ ਆਪ ਨੂੰ ਪੁੱਠਾ ਕੀਤਾ ਹੋਇਆ ਹੈ। ਕੁਝ ਪਰਵੇਸ਼ ਨਾ ਕਰ ਜਾਏ। ਤੁਸੀਂ ਖ਼ਾਲੀ ਹੋ, ਫ਼ਿਰ ਤੁਸੀਂ ਰੋਂਦੇ ਹੋ ਕਿ ਮੈਂ ਖ਼ਾਲੀ ਹਾਂ। ਮੇਰੇ ਦੁਆਰ ਕੋਈ ਪਰਾਹੁਣਾ ਨਹੀਂ ਆਉਂਦਾ ਕਿ ਕੋਈ ਮੇਰੇ ਦੁਆਰ ਉਤੇ ਦਸਤਕ ਨਹੀਂ ਦਿੰਦਾ। ਤੁਹਾਡੇ ਡਰ ਨੇ ਤੁਹਾਨੂੰ ਪਰਮਾਤਮਾ ਤੋਂ ਬੇ-ਮੁੱਖ ਕਰ ਰੱਖਿਆ ਹੈ।

ਅਤੇ ਮਜ਼ਾ ਇਹ ਹੈ ਕਿ ਤੁਹਾਡਾ ਸਾਰਾ ਧਰਮ ਤੁਹਾਡੇ ਡਰ ਦਾ ਪਸਾਰਾ ਹੈ। ਤੁਹਾਡੇ ਸਭ ਤਥਾਕਥਿਤ ਭਗਵਾਨ ਤੁਹਾਡੇ ਡਰ ਦੀਆਂ ਹੀ ਧਾਰਨਾਵਾਂ ਹਨ। ਤੁਸੀਂ ਡਰ ਦੇ ਕਾਰਣ ਉਨ੍ਹਾਂ ਨੂੰ ਸਵੀਕਾਰ ਕੀਤਾ ਹੋਇਆ ਹੈ। ਤੁਸੀਂ ਡਰਦੇ ਹੋ। ਤੁਸੀਂ ਸ਼ੱਕ ਕਰਨ ਵਿੱਚ ਵੀ ਡਰਦੇ ਹੋ, ਇਸੇ ਲਈ ਸ਼ੱਕ ਨਹੀਂ ਕਰਦੇ ਹੋ। ਸ਼ਰਧਾ ਤੁਹਾਡੇ ਵਿੱਚ ਜਨਮੀ ਨਹੀਂ ਹੈ।

ਸ਼ੱਕ ਕਰਨ ਦੇ ਡਰ ਦੇ ਕਾਰਣ, ਜੇਕਰ ਤੁਸੀਂ ਸ਼ਰਧਾਵਾਨ ਬਣੇ ਹੋ, ਤਾਂ ਤੁਹਾਡੀ ਸ਼ਰਧਾ ਉੱਪਰ-ਉੱਪਰ ਹੈ। ਉਸ ਅਥਾਹ-ਡੂੰਘਾਈ ਨਾਲ ਤੁਹਾਡਾ ਕਿਵੇਂ ਮੇਲ ਹੋਵੇਗਾ? ਅਤੇ ਸ਼ਰਧਾ ਉੱਪਰੀ ਹੋਵੇ ਤਾਂ ਅੰਦਰ ਸ਼ੱਕ ਲੁਕਿਆ ਹੀ ਹੈ।

ਮੁੱਲਾ ਨਸਰੂਦੀਨ ਇੱਕ ਚੁਨਾਵ ਵਿੱਚ ਖੜ੍ਹਾ ਹੋਇਆ, ਉਸਨੂੰ ਕੁੱਲ ਤਿੰਨ ਹੀ ਵੋਟ ਮਿਲੇ। ਇੱਕ ਉਸਦਾ ਹੀ ਆਪਣਾ, ਇੱਕ ਉਸਦੀ ਪਤਨੀ ਦਾ ਅਤੇ ਇੱਕ ਕਿਸੇ ਅਨਜਾਣ ਆਦਮੀ ਦਾ। ਪਤਨੀ ਬੋਲੀ, "ਤਾਂ, ਹੂੰ! ਸ਼ੱਕ ਸੱਚ ਨਿਕਲਿਆ। ਛੇਤੀ ਦੱਸੋ ਇਹ ਦੂਜੀ ਇਸਤ੍ਰੀ ਕੌਣ ਹੈ?"

ਤੁਹਾਡੇ ਅੰਦਰ ਜੋ ਪਿਆ ਹੈ, ਉਹ ਕਿਤੇ ਵੀ ਬਹਾਨਾ ਲੱਭ ਲਵੇਗਾ। ਤੁਸੀਂ ਅੰਦਰੋਂ ਜੇਕਰ ਸ਼ੱਕ ਨਾਲ ਭਰੇ ਹੋ, ਤਾਂ ਉੱਪਰਲੀ ਸ਼ਰਧਾ, ਉੱਪਰਲਾ ਪ੍ਰੇਮ ਕਿਤੇ ਵੀ ਟੁੱਟ ਜਾਵੇਗਾ। ਕਿੰਨੀ ਦੇਰ ਲੱਗੇਗੀ? ਜ਼ਰਾ ਜਿੰਨੀ ਕੋਈ ਘਟਨਾ—ਅਤੇ ਤੁਹਾਡਾ ਰੱਬ ਉਤੇ ਸ਼ੱਕ ਹੋ ਜਾਂਦਾ ਹੈ। ਤੁਹਾਡੇ ਪੈਰ ਵਿੱਚ ਕੰਡਾ ਚੁੱਭ ਜਾਏ, ਸ਼ੱਕ ਹੋ ਜਾਂਦਾ ਹੈ। ਸਿਰ ਵਿੱਚ ਦਰਦ ਹੋ ਜਾਏ, ਸ਼ੱਕ ਹੋ ਜਾਂਦਾ ਹੈ। ਨੌਕਰੀ ਛੁਟ ਜਾਏ, ਸ਼ੱਕ ਹੋ ਜਾਂਦਾ ਹੈ।

ਸ਼ੱਕ ਲੁਕਿਆ ਹੀ ਪਿਆ ਹੈ। ਫੁੱਟ ਪੈਂਦਾ ਹੈ। ਪੀਕ ਵਾਂਗ। ਜ਼ਰਾ ਕੁ ਸੱਟ ਲੱਗੀ ਕਿ ਪੀਕ ਬਾਹਰ ਆ ਜਾਂਦੀ ਹੈ। ਇਸ ਪੀਕ ਨੂੰ ਤੁਸੀਂ ਕਿੰਨੀ ਹੀ ਸ਼ਰਧਾ ਦੀ ਮਲਹਮ ਲਾ ਕੇ ਲੁਕਾਓ, ਕੁਝ ਹੱਲ ਨਹੀਂ ਹੋਏਗਾ। ਕਿਸ ਨੂੰ ਤੁਸੀਂ ਧੋਖਾ ਦੇ ਰਹੇ ਹੋ? ਕੌਣ ਤੁਹਾਡੇ ਧੋਖੇ ਵਿੱਚ ਆ ਰਿਹਾ ਹੈ। ਤੁਸੀਂ ਆਪ ਵੀ ਆਪਣੇ ਧੋਖੇ ਵਿੱਚ ਨਹੀਂ ਆ ਰਹੇ ਹੋ ਤਾਂ ਦੂਜਾ ਤਾਂ ਕੋਈ ਕੀ ਆਵੇਗਾ? ਤੁਸੀਂ ਚੰਗੀ ਤਰ੍ਹਾਂ ਜਾਣਦੇ ਹੋ ਕਿ ਤੁਹਾਡੀ ਸ਼ਰਧਾ ਡਰ ਦੇ ਕਾਰਣ ਹੈ, ਅੰਦਰ ਸ਼ੱਕ ਭਰਿਆ ਹੈ।

ਤਾਂ ਤੁਸੀਂ ਜਾਓ, ਤੀਰਥਾਂ ਤੇ ਇਸ਼ਨਾਨ ਕਰੋ, ਜਾਓ ਮੰਦਰਾਂ ਵਿੱਚ, ਗੁਰਦੁਆਰਿਆਂ ਵਿੱਚ, ਗਿਰਜਿਆਂ ਵਿੱਚ ਪੂਜਾ, ਪ੍ਰਾਰਥਨਾ ਕਰੋ, ਸਭ ਬੇਕਾਰ ਹੈ। ਕਿਉਂਕਿ ਜਦ ਤੱਕ ਤੁਹਾਡੇ ਹਿਰਦੇ ਵਿਚੋਂ ਸ਼ਰਧਾ ਦਾ ਸੁਰ ਨਾ ਉੱਠੇ, ਤਦ ਤੱਕ ਤੁਸੀਂ ਉਸਨੂੰ ਪੁਕਾਰਿਆ ਹੀ ਨਹੀਂ ਅਤੇ ਜਦ ਤੁਸੀਂ ਡਰ ਨਾਲ ਜਾਓਗੇ, ਤੁਸੀਂ ਜ਼ਰੂਰ ਕੁਝ ਮੰਗੋਗੇ। ਕਿਉਂਕਿ ਡਰ ਹਮੇਸ਼ਾਂ ਮੰਗਦਾ ਹੈ ਅਤੇ ਜੋ ਮੰਗਦਾ ਹੈ ਉਹ ਮਿਲ ਜਾਏ ਤਾਂ ਸੰਤੋਖ ਹੁੰਦਾ ਹੈ। ਨਾ ਮਿਲੇ ਤਾਂ ਸ਼ੱਕ ਡੂੰਘਾ ਹੁੰਦਾ ਹੈ। ਤੁਸੀਂ ਸਦਾ ਮੰਗਦੇ ਹੋ। ਸ਼ਰਧਾ ਸਿਰਫ਼ ਧੰਨਵਾਦ ਦੇਣਾ ਹੈ ਕਿ ਤੂੰ ਪਹਿਲਾਂ ਹੀ ਬਥੇਰਾ ਦਿੱਤਾ ਹੈ, ਤੂੰ ਹੈਸੀਅਤ ਨਾਲੋਂ

ਪਹਿਲਾਂ ਹੀ ਬਹੁਤਾ ਦਿੱਤਾ ਹੈ। ਤੇਰੀ ਕਿਰਪਾ ਹੈ। ਤੇਰੀ ਅਨੁਕੰਪਾ ਹੈ। ਸ਼ਰਧਾਵਾਨ ਸਦਾ ਧੰਨਵਾਦ ਨਾਲ ਭਰਿਆ ਰਹੇਗਾ ਅਤੇ ਜਿੱਥੇ ਧੰਨਵਾਦ ਹੈ, ਉਥੇ ਸ਼ੱਕ ਖਤਮ ਹੋ ਜਾਂਦਾ ਹੈ। ਜਿੱਥੇ ਮੰਗ ਹੈ, ਉਥੇ ਸ਼ੱਕ ਮੌਕਾ ਲੱਭ ਰਿਹਾ ਹੈ।

ਤੁਸੀਂ ਮੰਗਦੇ ਹੋ: ਪੂਰਾ ਹੋ ਜਾਏ, ਤਾਂ ਸ਼ੱਕ ਨੂੰ ਲੁਕਾਈ ਰਖੋਗੇ। ਨਾ ਪੂਰਾ ਹੋਵੇ, ਤਾਂ ਸ਼ੱਕ ਬਾਹਰ ਆ ਜਾਏਗਾ। ਮੰਗ ਸ਼ਾਇਦ ਇਮਤਿਹਾਨ ਹੈ।

ਜੀਸਸ ਦੇ ਜੀਵਨ ਵਿੱਚ ਉਲੇਖ ਹੈ ਕਿ ਜਦ ਉਹ ਚਾਲ੍ਹੀ ਦਿਨਾਂ ਦੀ ਆਪਣੀ ਡੂੰਘੀ ਸਾਧਨਾ ਵਿੱਚ ਗਏ, ਤਾਂ ਸ਼ੈਤਾਨ ਉਨ੍ਹਾਂ ਦੇ ਕੋਲ ਆਇਆ ਅਤੇ ਉਸ ਨੇ ਕਿਹਾ ਕਿ ਸ਼ਾਸਤਰਾਂ ਵਿੱਚ ਲਿਖਿਆ ਹੈ ਕਿ ਜਦ ਤੀਰਥੰਕਰ, ਪੈਗੰਬਰ ਪੈਦਾ ਹੁੰਦੇ ਹਨ, ਤਾਂ ਪਰਮਾਤਮਾ ਉਨ੍ਹਾਂ ਦੀ ਸੁਰੱਖਿਆ ਕਰਦਾ ਹੈ। ਤਾਂ ਤੁਸੀਂ ਛਾਲ ਮਾਰੋ ਇਸ ਪਹਾੜ ਤੋਂ। ਜੇਕਰ ਤੁਸੀਂ ਸੱਚ-ਮੁੱਚ ਹੀ ਪੈਗੰਬਰ ਹੋ ਤਾਂ ਉਸ ਦੇ ਦੇਵਦੂਤ ਤੁਹਾਨੂੰ ਹੱਥ ਪਸਾਰ ਕੇ ਹੇਠਾਂ ਸੰਭਾਲਣ ਲਈ ਮਿਲਣਗੇ।

ਜੀਸਸ ਨੇ ਕਿਹਾ, ਉਹ ਤਾਂ ਠੀਕ ਹੈ, ਪਰ ਸ਼ਾਸਤਰਾਂ ਵਿੱਚ ਇਹ ਵੀ ਲਿਖਿਆ ਹੈ ਕਿ ਉਸ ਦਾ ਇਮਤਿਹਾਨ ਸਿਰਫ਼ ਉਹੀ ਹੀ ਲੈਂਦੇ ਹਨ, ਜਿਹੜੇ ਸ਼ੱਕ ਨਾਲ ਭਰੇ ਹਨ, ਮੈਨੂੰ ਕੋਈ ਸ਼ੱਕ ਨਹੀਂ ਹੈ। ਦੇਵਦੂਤ ਜ਼ਰੂਰ ਹੇਠਾਂ ਖਲੋਤੇ ਮਿਲਣਗੇ। ਪਰ ਮੈਂ ਉਸਦਾ ਇਮਤਿਹਾਨ ਕਿਵੇਂ ਲਵਾਂ? ਕਿਉਂਕਿ ਇਮਤਿਹਾਨ ਤਾਂ ਸ਼ੱਕ ਨਾਲ ਭਰੇ ਹੋਏ ਲੋਕ ਹੀ ਲੈਂਦੇ ਹਨ। ਤੁਸੀਂ ਠੀਕ ਕਹਿੰਦੇ ਹੋ। ਦੇਵਦੂਤ ਜ਼ਰੂਰ ਖਲੋਤੇ ਹੀ ਹਨ। ਪਰ ਇਮਤਿਹਾਨ ਲੈਣ ਦਾ ਮਤਲਬ ਹੀ ਕੀ ਹੁੰਦਾ ਹੈ? ਕਿ ਮੈਨੂੰ ਕੁਝ ਸ਼ੱਕ ਸੀ ਕਿ ਪਤਾ ਨਹੀਂ ਖਲੋਤੇ ਹਨ ਜਾਂ ਨਹੀਂ ਅਤੇ ਪਤਾ ਨਹੀਂ ਉਹ ਬਚਾਉਂਦਾ ਵੀ ਹੈ ਕਿ ਨਹੀਂ, ਪਤਾ ਨਹੀਂ, ਕਿ ਮੈਂ ਉਸ ਦਾ ਪੈਗੰਬਰ ਵੀ ਹਾਂ ਜਾਂ ਨਹੀਂ। ਜਿੱਥੇ ਸ਼ੱਕ ਹੈ ਉਥੇ ਇਮਤਿਹਾਨ ਹੈ। ਜਿੱਥੇ ਸ਼ੱਕ ਹੈ ਉਥੇ ਜਾਂਚ-ਪੜਤਾਲ ਹੈ। ਜਿੱਥੇ ਸ਼ੱਕ ਹੈ, ਉਥੇ ਤੁਸੀਂ ਮੰਗ ਖੜ੍ਹੀ ਕਰਦੇ ਹੋ। ਮੰਗ ਤੁਹਾਡੇ ਇਮਤਿਹਾਨ ਦਾ ਉਪਾਅ ਹੈ ਕਿ ਕਰ ਦਿਓ ਇਹ ਪੂਰਾ। ਜੇਕਰ ਪੂਰਾ ਹੋ ਜਾਏ, ਤਾਂ ਤੂੰ ਹੈਂ। ਜੇਕਰ ਪੂਰਾ ਨਾ ਹੋਵੇ ਤਾਂ ਤੂੰ ਨਹੀਂ ਹੈਂ।

ਸ਼ਰਧਾਵਾਨ ਮਨੁੱਖ ਪਰਮਾਤਮਾ ਦਾ ਕੋਈ ਇਮਤਿਹਾਨ ਨਹੀਂ ਲੈਂਦਾ। ਸ਼ਰਧਾਵਾਨ ਤਾਂ ਧੰਨਵਾਦੀ ਹੁੰਦਾ ਹੈ। ਉਹ ਮੰਗ ਨਹੀਂ ਕਰਦਾ ਅਤੇ ਜਿਸ ਦਿਨ ਤੁਸੀਂ ਮੰਗ ਕਰਨੀ ਛੱਡ ਦਿਓਗੇ, ਤੁਹਾਡਾ ਡਰ ਸਮਾਪਤ ਹੋਣ ਲੱਗੇਗਾ। ਜਿਵੇਂ-ਜਿਵੇਂ ਤੁਸੀਂ ਧੰਨਵਾਦ ਨਾਲ ਭਰੋਗੇ, ਮੰਗ ਮੁੱਕੇਗੀ, ਤਿਵੇਂ-ਤਿਵੇਂ ਤੁਸੀਂ ਪਾਓਗੇ ਕਿ ਤੁਹਾਡਾ ਮੂੰਹ ਪਰਮਾਤਮਾ ਦੇ ਵੱਲ ਹੋਣ ਲੱਗਾ। ਘੜਾ ਸਿੱਧਾ ਹੋ ਗਿਆ। ਹੋਰ ਜਿਵੇਂ-ਜਿਵੇਂ ਤੁਸੀਂ ਸਿੱਧੇ ਹੋਵੋਗੇ, ਥੋੜ੍ਹੀਆਂ-ਥੋੜ੍ਹੀਆਂ ਉਸ ਦੇ ਅੰਮ੍ਰਿਤ ਦੇ ਮੀਂਹ ਦੀਆਂ ਬੂੰਦਾਂ ਤੁਹਾਡੇ ਅੰਦਰ ਪੈਣਗੀਆਂ। ਤੁਹਾਡਾ ਡਰ ਮਿਟ ਜਾਏਗਾ। ਤਾਂ ਤੁਸੀਂ ਪਾਓਗੇ ਕਿ ਉਹ ਵਰ੍ਹ ਰਿਹਾ ਹੈ।

ਮੈਂ ਬੇਕਾਰ ਡਰਿਆ ਸੀ। ਤਦ ਤੁਸੀਂ ਦਰਵਾਜ਼ੇ ਖੁਲ੍ਹੇ ਛੱਡ ਦਿਓਗੇ। ਕਿਉਂਕਿ ਉਹ ਹੀ ਆਉਂਦਾ ਹੈ, ਮੈਂ ਬੇਕਾਰ ਹੀ ਡਰਿਆ ਸੀ। ਚੋਰ ਵਿੱਚ ਵੀ ਉਹ ਹੀ ਆਉਂਦਾ ਹੈ, ਬੇਈਮਾਨ ਵਿੱਚ ਵੀ ਉਹ ਹੀ ਆਉਂਦਾ ਹੈ ਅਤੇ ਜਦ ਤੱਕ ਤੁਸੀਂ ਸਾਰਿਆਂ ਵਿੱਚ ਉਸਨੂੰ ਵੇਖ ਨਾ ਲਵੋਗੇ ਤਦ ਤੱਕ ਤੁਸੀਂ ਉਸਨੂੰ ਵੇਖ ਹੀ ਨਹੀਂ ਸਕੋਗੇ।

ਨਾਨਕ ਕਹਿੰਦੇ ਹਨ, "ਜੇ ਮੈਂ ਉਸਨੂੰ ਭਾਅ ਗਿਆ, ਤਦ ਮੈਂ ਤੀਰਥਾਂ ਤੇ ਇਸ਼ਨਾਨ ਕਰ ਲਿਆ।"

*ਤੀਰਥਿ ਨਾਵਾ ਜੇ ਤਿਸੁ ਭਾਵਾ ਵਿਣੁ ਭਾਣੇ ਕਿ ਨਾਇ ਕਰੀ॥*

ਅਤੇ ਜੇ ਉਸਨੂੰ ਨਾ ਭਾਇਆ ਤਾਂ ਨਹਾ-ਧੋ ਕੇ ਵੀ ਕੀ ਕਰਾਂਗਾ? ਨਹੀਂ ਉਸਨੂੰ ਭਾਇਆ ਤਾਂ ਨਹਾ-ਧੋ ਕੇ ਤਿਆਰੀ ਵੀ ਕਿਸਦੇ ਲਈ ਕਰਨੀ ਹੈ। ਉਸਨੂੰ ਨਹੀਂ ਭਾਇਆ, ਤਾਂ ਮੇਰਾ ਨਹਾਉਣਾ ਧੋਣਾ ਵੀ ਮੇਰਾ ਹੰਕਾਰ ਮਜ਼ਬੂਤ ਕਰੇਗਾ।

ਤੀਰਥ-ਯਾਤਰੀ ਨੂੰ ਵੇਖੋ! ਉਸ ਵਿੱਚ ਕੋਈ ਹਾਜ਼ੀ ਹੋ ਕੇ ਮੁੜਦਾ ਹੈ ਤਦ ਉਸ ਨੂੰ ਵੇਖੋ? ਤਦ ਇੱਕ ਆਕੜ ਲੈ ਕੇ ਮੁੜਦਾ ਹੈ। ਸਹਿਜ ਹੋ ਕੇ ਮੁੜਣਾ ਚਾਹੀਦਾ ਸੀ। ਹੱਜ ਜੇਕਰ ਸੱਚ ਵਿੱਚ ਹੀ ਹੋਇਆ, ਤਾਂ ਤੀਰਥ-ਯਾਤਰਾ ਹੋ ਗਈ, ਤਦ ਆਦਮੀ ਬਦਲ ਕੇ ਮੁੜੇਗਾ। ਹੰਕਾਰ ਉਥੇ ਹੀ ਛੱਡ ਕੇ ਮੁੜੇਗਾ। ਪਰ ਉਥੋਂ ਆਕੜ ਕੇ ਆਉਂਦਾ ਹੈ। ਤੀਰਥ-ਯਾਤਰੀ ਜਦ ਮੁੜਦਾ ਹੈ, ਤਾਂ ਆਸ ਰੱਖਦਾ ਹੈ ਸੁਆਗਤ-ਸਤਿਕਾਰ ਦੀ। ਲੋਕ ਪੈਰੀਂ ਪੈਣਗੇ ਅਤੇ ਕਹਿਣਗੇ ਕਿ ਗਜ਼ਬ ਕੀਤਾ। ਤੀਰਥ ਹੋ ਆਏ? ਬੜਾ ਪੁੰਨ ਕੀਤਾ।

ਪੁੰਨ ਨਾਲ ਵੀ ਤੁਸੀਂ ਹੰਕਾਰ ਨੂੰ ਭਰਨਾ ਚਾਹੁੰਦੇ ਹੋ। ਤੁਸੀਂ ਵਰਤ ਵੀ ਕਰਦੇ ਹੋ, ਤਾਂ ਜਲੂਸ ਦੀ ਉਮੀਦ ਰੱਖਦੇ ਹੋ, ਲੋਕ ਬੈਂਡ-ਬਾਜੇ ਬਜਾਉਣ, ਪਿੰਡ-ਪਿੰਡ ਖ਼ਬਰ ਹੋ ਜਾਏ ਕਿ ਤੁਸੀਂ ਕਿੰਨੇ ਵਰਤ ਰੱਖੇ। ਉਥੇ ਵੀ ਤੁਸੀਂ ਹੰਕਾਰ ਨੂੰ ਹੀ ਲੱਭ ਰਹੇ ਹੋ। ਹੋਰ ਜਿੰਨਾਂ ਹੰਕਾਰ ਮਜ਼ਬੂਤ ਹੁੰਦਾ ਹੈ। ਓਨੇ ਹੀ ਤੁਸੀਂ ਦੂਰ ਹੋ ਜਾਓਗੇ।

ਤੁਸੀਂ ਜਿੰਨੇ ਬਹੁਤੇ, ਓਨੇ ਦੂਰ। ਇਸ ਹਿਸਾਬ ਨੂੰ ਠੀਕ ਤਰ੍ਹਾਂ ਖਿਆਲ ਵਿੱਚ ਰੱਖ ਲੈਣਾ। ਤੁਸੀਂ ਜਿੰਨੇ ਘੱਟ, ਓਨੇ ਸਾਹਮਣੇ। ਤੁਸੀਂ ਬਿਲਕੁਲ ਨਹੀਂ, ਉਹ ਹੀ ਤੁਹਾਡੇ ਦਰਵਾਜ਼ੇ 'ਤੇ ਖਲੋਤਾ ਹੈ। ਤਦ ਚੋਰ ਵੀ ਆਏ, ਤਾਂ ਉਹ ਹੀ ਆਉਂਦਾ ਹੈ। ਤਦ ਡਰ ਕਿਸੇ ਦਾ ਵੀ ਨਹੀਂ ਰਹਿ ਜਾਂਦਾ, ਕਿਉਂਕਿ ਉਹ ਹੀ ਹੈ।

"ਜੇਕਰ ਮੈਂ ਉਸਨੂੰ ਚੰਗਾ ਲਗਿਆ ਤਾਂ ਮੈਂ ਤੀਰਥਾਂ 'ਤੇ ਇਸ਼ਨਾਨ ਕਰ ਲਿਆ ਅਤੇ ਜੇਕਰ ਨਾ ਚੰਗਾ ਲਗਿਆ ਤਾਂ ਨਹਾ-ਧੋ ਕੇ ਵੀ ਕੀ ਕਰਾਂਗਾ? ਉਸਨੇ ਜਿੰਨੀ ਵੀ ਸ੍ਰਿਸ਼ਟੀ ਬਣਾਈ ਅਤੇ ਜੋ ਵੀ ਨਜ਼ਾਰੇ ਹਨ, ਉਨ੍ਹਾਂ ਵਿੱਚ ਕਰਮ ਤੋਂ ਬਿਨਾਂ ਕਿਸੇ ਨੂੰ ਕੀ ਮਿਲਿਆ?

ਇਸ ਸ੍ਰਿਸ਼ਟੀ ਵਿੱਚ ਤਾਂ ਜੋ ਵੀ ਮਿਲਦਾ ਹੈ, ਉਹ ਕਰਮ ਨਾਲ ਮਿਲਦਾ ਹੈ ਅਤੇ ਇਸੇ ਕਰਕੇ ਬਹੁਤ ਭੁਲੇਖੇ ਹੋ ਜਾਂਦੇ ਹਨ। ਭਰਮ ਇਹ ਹੋ ਜਾਂਦਾ ਹੈ ਕਿ ਜਿਵੇਂ ਇਸ ਸ੍ਰਿਸ਼ਟੀ ਵਿੱਚ ਸਭ ਕੁਝ ਕਰਮ ਨਾਲ ਮਿਲਦਾ ਹੈ, ਇਵੇਂ ਹੀ ਪਰਮਾਤਮਾ ਨੂੰ ਪਾਉਣਾ ਹੋਵੇ ਤਾਂ ਕੁਝ ਕਰਮ ਕਰਨਾ ਹੋਵੇਗਾ, ਤਦ ਮਿਲੇਗਾ।

ਇਸਨੂੰ ਥੋੜ੍ਹਾ ਸਮਝੋ। ਜਗਤ ਵਿੱਚ ਸਾਰੀਆਂ ਚੀਜ਼ਾਂ ਕਰਮ ਨਾਲ ਮਿਲਦੀਆਂ ਹਨ, ਪ੍ਰੇਮ ਕਰਮ ਨਾਲ ਨਹੀਂ ਮਿਲਦਾ, ਪ੍ਰਾਰਥਨਾ ਕਰਮ ਨਾਲ ਨਹੀਂ ਮਿਲਦੀ, ਅਰਾਧਨਾ ਕਰਮ ਨਾਲ ਨਹੀਂ ਮਿਲਦੀ, ਸ਼ਰਧਾ ਕਰਮ ਨਾਲ ਨਹੀਂ ਮਿਲਦੀ, ਪਰਮਾਤਮਾ ਦੀ ਨੇੜਤਾ ਕਰਮ ਨਾਲ ਨਹੀਂ ਮਿਲਦੀ।

ਕਿਉਂ? ਕਿਉਂਕਿ ਕਰਮ ਨਾਲ ਤਾਂ ਕਰਤਾ ਹੀ ਮਜ਼ਬੂਤ ਹੁੰਦਾ ਹੈ। ਧਨ ਕਮਾਉਣਾ ਹੋਵੇ ਤਾਂ ਬੈਠਿਆਂ-ਬਿਠਾਇਆਂ ਨਹੀਂ ਮਿਲੇਗਾ। ਧਨ ਕਮਾਉਂਣਾ ਹੋਵੇ ਤਾਂ ਕਰਮ ਕਰਨਾ ਪੈਂਦਾ ਹੈ। ਜੱਸ ਕਮਾਉਣਾ ਹੋਵੇ ਤਾਂ ਬੈਠੇ-ਬੈਠੇ ਨਹੀਂ ਮਿਲੇਗਾ। ਕਰਮ ਕਰਨਾ ਪਏਗਾ, ਨੱਠ-ਭੱਜ ਕਰਨੀ ਪਵੇਗੀ, ਆਪਾ-ਧਾਪੀ ਕਰਨੀ ਪਏਗੀ। ਚਿੰਤਿਤ-ਪਰੇਸ਼ਾਨ ਹੋਣਾ ਪਵੇਗਾ। ਇਸ ਸੰਸਾਰ ਵਿੱਚ ਕੁਝ ਵੀ ਪਾਉਣਾ ਹੋਵੇ ਤਾਂ ਮਿਹਨਤ ਹੀ ਰਸਤਾ ਹੈ। ਤਾਂ ਇਸ ਤੋਂ ਸਾਨੂੰ ਖਿਆਲ ਆਉਂਦਾ ਹੈ, ਜਦ ਤੁੱਛ ਨੂੰ ਪਾਉਣ ਲਈ ਏਨੀ ਮਿਹਨਤ ਕਰਨੀ ਪੈਂਦੀ ਹੈ, ਤਾਂ ਵਿਰਾਟ ਨੂੰ ਪਾਉਣ ਵਿੱਚ ਹੋਰ ਕਈ ਗੁਣਾਂ ਬਹੁਤੀ ਮਿਹਨਤ ਕਰਨੀ ਪਵੇਗੀ। ਉਥੇ ਹੀ ਸਾਡਾ ਹਿਸਾਬ ਗ਼ਲਤ ਹੋ ਜਾਂਦਾ ਹੈ।

ਇਸ ਜਗਤ ਵਿੱਚ ਜੋ ਨਿਯਮ ਹੈ, ਉਸ ਜਗਤ ਵਿੱਚ ਠੀਕ ਉਸ ਤੋਂ ਉਲਟੀ ਯਾਤਰਾ ਹੈ, ਇਸ ਜਗਤ ਵਿੱਚ ਕੁਝ ਵੀ ਪਾਉਣਾ ਹੈ ਤਾਂ ਪਰਮਾਤਮਾ ਦੇ ਵੱਲ ਪਿੱਠ ਕਰਨੀ ਪੈਂਦੀ ਹੈ, ਇਸ ਲਈ ਮਿਹਨਤ ਕਰਨੀ ਪੈਂਦੀ ਹੈ, ਇਸਨੂੰ ਥੋੜ੍ਹਾ ਸਮਝੋ।

ਜਿੰਨਾਂ ਉਸਦਾ ਸਹਾਰਾ ਅਸੀਂ ਛੱਡਦੇ ਹਾਂ, ਓਨੀ ਹੀ ਸਾਨੂੰ ਮਿਹਨਤ ਕਰਨੀ ਪੈਂਦੀ ਹੈ। ਕਿਉਂਕਿ ਸਾਨੂੰ ਹੀ ਕਰਨਾ ਪੈਂਦਾ ਹੈ, ਜੋ ਉਹ ਕਰ ਦਿੰਦਾ। ਤਾਂ ਫ਼ਿਰ ਉਸਦੀ ਮਿਹਨਤ ਦੀ ਪੂਰਤੀ ਸਾਨੂੰ ਆਪਣੀ ਹੀ ਮਿਹਨਤ ਅਤੇ ਪਸੀਨੇ ਨਾਲ ਕਰਨੀ ਪੈਂਦੀ ਹੈ। ਇਸ ਸੰਸਾਰ ਵਿੱਚ ਜਾਣ ਦਾ ਅਰਥ ਹੈ, ਉਸਦੇ ਵੱਲ ਪਿੱਠ। ਉਸ ਦਾ ਸਹਾਰਾ ਘੱਟ। ਉਸ ਦੇ ਅੰਮ੍ਰਿਤ ਦੀ ਧਾਰ ਨਹੀਂ ਵਗਦੀ। ਵਗਦੀ ਤਾਂ ਰਹਿੰਦੀ ਹੈ, ਅਸੀਂ ਉਸਨੂੰ ਨਹੀਂ ਪ੍ਰਾਪਤ ਕਰਦੇ। ਸਾਡੇ ਬੁਹੇ ਬੰਦ ਹੁੰਦੇ ਹਨ ਅਸੀਂ ਆਪਣੇ ਤੱਕ ਹੀ ਜੀਣਾ ਚਾਹੁੰਦੇ ਹਾਂ। ਅਸੀਂ ਆਤਮ-ਨਿਰਭਰ ਹੋਣਾ ਚਾਹੁੰਦੇ ਹਾਂ। ਇਸ ਲਈ ਤਾਂ ਨਾਨਕ ਕਹਿੰਦੇ ਹਨ, ਬਾਰ-ਬਾਰ ਕਿ ਉਹ ਸਾਹਿਬ ਹੈ ਅਤੇ ਮੈਂ ਦਾਸ। ਆਤਮ-ਨਿਰਭਰ ਹੋਣ ਦੀ ਕੋਸ਼ਿਸ਼ ਹੀ ਹੰਕਾਰ ਦੀ ਕੋਸ਼ਿਸ਼ ਹੈ। ਤਾਂ ਜਿੰਨਾਂ ਅਸੀਂ ਆਤਮ-ਨਿਰਭਰ ਹੋਣਾ ਚਾਹੁੰਦੇ ਹਾਂ, ਜਿੰਨਾਂ ਅਸੀਂ ਚਾਹੁੰਦੇ ਹਾਂ, ਮੈਂ ਕਰ ਲਵਾਂਗਾ, ਓਨਾਂ ਹੀ ਅਸੀਂ ਉਸਦੀ ਸ਼ਕਤੀ ਦਾ ਸਹਾਰਾ

ਨਹੀਂ ਲੈ ਰਹੇ ਹਾਂ।

ਇਵੇਂ ਸਮਝੋ ਕਿ ਕੋਈ ਆਦਮੀ ਹਵਾ ਦੇ ਰੁਖ਼ ਨਾਲੋਂ ਉਲਟ ਚੱਪੂਆਂ ਨਾਲ ਬੇੜੀ ਨੂੰ ਚਲਾ ਰਿਹਾ ਹੈ। ਨਾਨਕ ਨੇ ਉਸਦਾ ਹੀ ਗੁਰ ਦਿੱਤਾ ਹੈ ਕਿ ਚੱਪੂਆਂ ਨਾਲ ਬੇੜੀ ਚਲਾਉਣ ਦੀ ਜ਼ਰੂਰਤ ਨਹੀਂ ਹੈ ਅਤੇ ਨਾ ਹੀ ਉਲਟੇ ਜਾਣ ਦੀ। ਜਿਸ ਪਾਸੇ ਉਸ ਦੀਆਂ ਹਵਾਵਾਂ ਲੈ ਜਾਣ, ਉਨ੍ਹਾਂ ਹੀ ਹਵਾਵਾਂ ਦੇ ਸਹਾਰੇ ਆਪਣੀ ਬੇੜੀ ਦੇ ਪਾਲ ਨੂੰ ਛੱਡ ਦਿਓ।

ਰਾਮ ਕ੍ਰਿਸ਼ਨ ਕਹਿੰਦੇ ਸਨ ਕਿ ਤੁਸੀਂ ਚੱਪੂ ਹੀ ਕਿਉਂ ਚਲਾਉਂਦੇ ਹੋ? ਤੁਸੀਂ ਹਵਾ ਦੇ ਰੁਖ਼ ਨਾਲ ਕਿਉਂ ਨਹੀਂ ਤਰਦੇ? ਖੋਲ੍ਹ ਦਿਓ ਪਾਲ ਅਤੇ ਆਰਾਮ ਕਰੋ। ਹਵਾਵਾਂ ਆਪੇ ਹੀ ਲੈ ਜਾਂਦੀਆਂ ਹਨ। ਹਵਾਵਾਂ ਉਸ ਕੰਢੇ ਵੱਲ ਵੀ ਆਪੇ ਲੈ ਜਾਂਦੀਆਂ ਹਨ। ਠੀਕ ਵਕਤ ਅਤੇ ਠੀਕ ਹਵਾਵਾਂ ਦੇ ਰੁਖ਼ ਦਾ ਧਿਆਨ ਰੱਖਣਾ ਜ਼ਰੂਰੀ ਹੈ, ਬੱਸ! ਕੋਈ ਹੋਰ ਮਿਹਨਤ ਕਰਨ ਦੀ ਜ਼ਰੂਰਤ ਨਹੀਂ ਹੈ। ਜਦ ਹਵਾਵਾਂ ਦੂਜੇ ਕੰਢੇ ਵੱਲ ਜਾ ਰਹੀਆਂ ਹੋਣ ਤਾਂ ਬੇੜੀ ਨੂੰ ਛੱਡ ਦਿਓ। ਜਦ ਹਵਾਵਾਂ ਇਸ ਪਾਸੇ ਆ ਰਹੀਆਂ ਹੋਣ ਤਾਂ ਫ਼ਿਰ ਬੇੜੀ ਨੂੰ ਛੱਡ ਦਿਓ। ਤੁਸੀਂ ਬੇਕਾਰ ਵਿੱਚ ਮਿਹਨਤ ਕਿਉਂ ਕਰਦੇ ਹੋ?

ਹਵਾਵਾਂ ਦੇ ਉਲਟ ਜਾਓਗੇ ਤਾਂ ਮਿਹਨਤ ਕਰਨੀ ਪਵੇਗੀ। ਨਦੀ ਤੋਂ ਉਲਟੇ ਤਰੋਗੇ ਤਾਂ ਮਿਹਨਤ ਕਰਨੀ ਪਵੇਗੀ, ਤਾਂ ਵੀ ਕਿਤੇ ਨਹੀਂ ਪੁੱਜੋਗੇ, ਥੱਕੋਗੇ। ਸਿਰਫ਼ ਥੱਕ ਜਾਓਗੇ। ਸੰਸਾਰ ਦੀ ਪੂਰੀ ਦੌੜ ਤੋਂ ਪਿਛੋਂ ਆਦਮੀ ਦੇ ਚੇਹਰੇ ਨੂੰ ਵੇਖੋ, ਸਵਾਏ ਥਕਾਨ ਦੇ ਤੁਸੀਂ ਉਥੇ ਕੁਝ ਵੀ ਨਹੀਂ ਪਾਓਗੇ। ਮਰਨ ਤੋਂ ਪਹਿਲਾਂ ਹੀ ਲੋਕ ਮਰ ਗਏ ਹੁੰਦੇ ਹਨ। ਬਿਲਕੁਲ ਥੱਕ ਗਏ ਹੁੰਦੇ ਹਨ। ਆਰਾਮ ਦੀ ਭਾਲ ਹੁੰਦੀ ਹੈ ਕਿ ਕਿਸੇ ਤਰ੍ਹਾਂ ਆਰਾਮ ਕਰ ਲਈਏ। ਕਿਉਂ ਏਨੇ ਥੱਕ ਜਾਂਦੇ ਹੋ!

ਆਦਮੀ ਬੁੱਢਾ ਹੁੰਦਾ ਹੈ? ਕਰੂਪ ਹੋ ਜਾਂਦਾ ਹੈ। ਤੁਸੀਂ ਜੰਗਲ ਦੇ ਜਾਨਵਰਾਂ ਨੂੰ ਵੇਖਿਆ? ਬੁੱਢੇ ਹੁੰਦੇ ਹਨ, ਪਰ ਕਰੂਪ ਨਹੀਂ ਹੁੰਦੇ। ਬੁਢਾਪੇ 'ਚ ਵੀ ਉਹੋ ਹੀ ਖ਼ੂਬਸੂਰਤੀ ਹੁੰਦੀ ਹੈ। ਤੁਸੀਂ ਬੁੱਢੇ ਦਰੱਖ਼ਤਾਂ ਨੂੰ ਵੇਖਿਆ ਹੈ? ਹਜ਼ਾਰ ਸਾਲ ਪੁਰਾਣਾ ਦਰੱਖ਼ਤ ! ਮੌਤ ਨੇੜੇ ਆ ਰਹੀ ਹੈ, ਪਰ ਸੁੰਦਰਤਾ 'ਚ ਰੱਤੀ ਭਰ ਕਮੀ ਨਹੀਂ ਹੁੰਦੀ। ਹੋਰ ਵਧ ਗਈ ਹੁੰਦੀ ਹੈ। ਉਸ ਦੀ ਛਾਂ ਹੇਠਾਂ ਹੁਣ ਹਜ਼ਾਰਾਂ ਲੋਕ ਬੈਠ ਸਕਦੇ ਹਨ। ਸੁੰਦਰਤਾ ਵਿੱਚ ਕੋਈ ਫ਼ਰਕ ਨਹੀਂ ਪੈਂਦਾ। ਸੁੰਦਰਤਾ ਹੋਰ ਗਹਿਰੀ ਹੋ ਜਾਂਦੀ ਹੈ। ਬੁੱਢੇ ਰੁੱਖ ਕੋਲ ਬੈਹਣ ਦਾ ਮਜ਼ਾ ਹੀ ਹੋਰ ਹੈ। ਉਹ ਜੁਆਨ ਰੁੱਖ ਦੇ ਕੋਲ ਨਹੀਂ ਮਿਲੇਗਾ। ਅਜੇ ਜੁਆਨ ਨੂੰ ਕੋਈ ਅਨੁਭਵ ਨਹੀਂ ਹੈ। ਬੁੱਢੇ ਦਰੱਖ਼ਤ ਨੇ ਪਤਾ ਨਹੀਂ ਕਿੰਨੇ ਮੌਸਮ ਵੇਖੇ। ਕਿੰਨੇ ਮੀਂਹ, ਕਿੰਨੀਆਂ ਸਰਦੀਆਂ, ਕਿੰਨੀ ਧੁੱਪ, ਕਿੰਨੇ ਲੋਕ ਰੁਕੇ ਅਤੇ ਕਿੰਨੇ ਗਏ, ਕਿੰਨਾਂ ਸੰਸਾਰ, ਕਿੰਨੀਆਂ ਹਵਾਵਾਂ ਲੰਘੀਆਂ, ਕਿੰਨੇ ਬਦੱਲ ਲੰਘੇ, ਕਿੰਨੇ ਸੂਰਜ ਆਏ ਅਤੇ ਗਏ, ਕਿੰਨੇ

ਚੰਨਾਂ ਨਾਲ ਮੇਲ ਹੋਇਆ, ਕਿੰਨੀਆਂ ਹਨੇਰੀਆਂ ਰਾਤਾਂ— ਉਹ ਸਭ ਲਿਖਿਆ ਹੈ। ਉਹ ਸਭ ਉਸ ਵਿੱਚ ਭਰਿਆ ਹੈ। ਬੁੱਢੇ ਦਰੱਖਤ ਕੋਲ ਬੈਠਣਾ ਇਤਿਹਾਸ ਕੋਲ ਬੈਠਣਾ ਹੈ। ਬੜੀ ਗਹਿਰੀ ਪਰੰਪਰਾ ਉਸਦੇ ਵਿਚੋਂ ਦੀ ਵਗਦੀ ਹੈ।

ਬੋਧਾਂ ਨੇ, ਜਿਸ ਰੁੱਖ ਦੇ ਹੇਠਾਂ ਬੁੱਧ ਨੂੰ ਗਿਆਨ ਹੋਇਆ, ਉਸਨੂੰ ਬਚਾਉਣ ਦੀ ਹੁਣ ਤੱਕ ਕੋਸ਼ਿਸ਼ ਕੀਤੀ ਹੈ। ਉਹ ਇਸ ਲਈ ਕਿ ਉਸਦੇ ਹੇਠਾਂ ਇੱਕ ਪਰਮ ਘਟਨਾ ਘਟੀ ਹੈ। ਉਹ ਰੁੱਖ ਉਸ ਅਨੁਭਵ ਨਾਲ ਅਜੇ ਵੀ ਪੂਰਾ ਭਰਿਆ ਹੈ। ਉਹ ਰੁੱਖ ਅਜੇ ਵੀ ਉਸ ਕੰਪਨ ਨਾਲ ਕੰਪਿਤ ਹੈ। ਉਹ ਜਿਹੜੀ ਪਰਮ ਘਟਨਾ ਉਸਦੇ ਹੇਠਾਂ ਹੋਈ ਸੀ, ਉਹ ਜਿਹੜਾ ਬੁੱਧ ਪਰਮ ਗਿਆਨ ਨੂੰ ਪ੍ਰਾਪਤ ਹੋਇਆ ਸੀ, ਉਹ ਜਿਹੜੀ ਜੋਤ ਬੁੱਧ ਦੇ ਅੰਦਰ ਜਗੀ ਸੀ, ਉਸ ਪ੍ਰਕਾਸ਼ ਦੀਆਂ ਕੁਝ ਕਿਰਣਾਂ ਅਜੇ ਵੀ ਉਸ ਨੂੰ ਚੇਤੇ ਹਨ। ਹੋਰ ਜੇਕਰ ਤੁਸੀਂ ਬੋਧੀ ਬ੍ਰਿਛ ਦੇ ਕੋਲ ਸ਼ਾਂਤ ਹੋ ਕੇ ਬੈਠ ਜਾਓ, ਤਾਂ ਅਚਾਨਕ ਇਹੋ ਜਿਹੀ ਸ਼ਾਂਤੀ ਪਾਓਗੇ, ਜਿਹੜੀ ਤੁਹਾਨੂੰ ਕਦੇ ਵੀ ਨਹੀਂ ਮਿਲੀ ਸੀ। ਕਿਉਂਕਿ ਤੁਸੀਂ ਇਕੱਲੇ ਹੀ ਸ਼ਾਂਤ ਨਹੀਂ ਹੋ ਰਹੇ ਹੋ। ਉਸ ਰੁੱਖ ਨੇ ਇੱਕ ਅਸੀਮ ਸ਼ਾਂਤੀ ਜਾਣੀ ਹੈ। ਉਹ ਆਪਣੇ ਅਨੁਭਵ ਵਿੱਚ ਤੁਹਾਨੂੰ ਹਿਸੇਦਾਰ ਬਣਾਏਗੀ।

ਬੁੱਢੇ ਰੁੱਖ ਸੁੰਦਰ ਹੋ ਜਾਂਦੇ ਹਨ। ਬੁੱਢੇ ਸ਼ੇਰ ਵਿੱਚ ਹੋਰ ਹੀ ਸੁੰਦਰਤਾ ਹੁੰਦੀ ਹੈ, ਜੋ ਜੁਆਨ ਵਿੱਚ ਨਹੀਂ ਹੁੰਦੀ। ਜੁਆਨ ਵਿੱਚ ਇੱਕ ਉਤੇਜਨਾ ਹੁੰਦੀ ਹੈ। ਜਲਦਬਾਜ਼ੀ ਹੁੰਦੀ ਹੈ। ਉਤਾਵਲਾਪਨ ਹੁੰਦਾ ਹੈ। ਵਾਸਨਾ ਹੁੰਦੀ ਹੈ। ਬੁੱਢੇ ਵਿੱਚ ਸਭ ਸ਼ਾਂਤ ਹੋ ਗਿਆ ਹੁੰਦਾ ਹੈ।

ਪਰ ਆਦਮੀ ਕਰੂਪ ਹੋ ਜਾਂਦਾ ਹੈ, ਕਿਉਂਕਿ ਆਦਮੀ ਥੱਕ ਜਾਂਦਾ ਹੈ। ਦਰੱਖਤ ਪਰਮਾਤਮਾ ਦੇ ਖਿਲਾਫ਼ ਲੜਦੇ ਨਹੀਂ ਹਨ। ਉਨ੍ਹਾਂ ਨੇ ਪਾਲ ਖੋਲ੍ਹ ਕੇ ਰੱਖੀ ਹੋਈ ਹੈ, ਜਿੱਧਰ ਉਸਦੀ ਹਵਾ ਲੈ ਜਾਏ, ਉਹ ਉੱਧਰ ਹੀ ਜਾਣ ਨੂੰ ਰਾਜ਼ੀ ਹਨ। ਤੁਸੀਂ ਉਸਦੇ ਖਿਲਾਫ਼ ਲੜਦੇ ਹੋ। ਆਦਮੀ ਇਕੱਲਾ ਉਸਦੇ ਖਿਲਾਫ਼ ਲੜਦਾ ਹੈ। ਇਸ ਲਈ ਥੱਕਦਾ ਹੈ, ਟੁੱਟਦਾ ਹੈ, ਖਸਤਾ ਹਾਲਤ ਵਿੱਚ ਹੋ ਜਾਂਦਾ ਹੈ, ਜੇਕਰ ਜੀਵਨ ਇੱਕ ਸੰਘਰਸ਼ ਹੈ ਤਾਂ ਹੋਏਗਾ ਹੀ।

ਇਸ ਸੰਸਾਰ ਵਿੱਚ ਜੋ ਵੀ ਪਾਉਣਾ ਹੈ ਉਸ ਲਈ ਕਰਮ ਕਰਨਾ ਪੈਂਦਾ ਹੈ। ਪਰ ਪਰਮਾਤਮਾ ਨੂੰ ਪਾਉਣ ਲਈ ਕਿਸੇ ਕਰਮ ਦੀ ਜ਼ਰੂਰਤ ਨਹੀਂ। ਪੂਜਾ ਨਹੀਂ, ਪ੍ਰਾਰਥਨਾ ਨਹੀਂ, ਯੋਗ ਨਹੀਂ, ਤੱਪ ਨਹੀਂ, ਜੱਪ ਨਹੀਂ, ਕਰਮ ਨਾਲ ਉਸਨੂੰ ਪਾਇਆ ਹੀ ਨਹੀਂ ਜਾ ਸਕਦਾ। ਉਸਨੂੰ ਪ੍ਰੇਮ ਨਾਲ ਪਾਇਆ ਜਾਂਦਾ ਹੈ। ਪ੍ਰੇਮ ਅਤੇ ਕਰਮ ਦੀ ਦਿਸ਼ਾ ਵੱਖਰੀ-ਵੱਖਰੀ ਹੈ।

ਪ੍ਰੇਮ ਇੱਕ ਭਾਵ ਹੈ ਅਤੇ ਜਦੋਂ ਤੁਸੀਂ ਪ੍ਰੇਮ ਕਰਦੇ ਹੋ ਤਾਂ ਧਿਆਨ ਰੱਖਣਾ, ਦੁਨੀਆਂ

ਵਿੱਚ ਇੱਕ ਹੀ ਚੀਜ਼ ਹੈ ਜਿਹੜੀ ਥੱਕਦੀ ਨਹੀਂ—ਉਹ ਹੈ ਪ੍ਰੇਮ। ਬਾਕੀ ਸਾਰੀਆਂ ਚੀਜ਼ਾਂ ਥੱਕ ਜਾਂਦੀਆਂ ਹਨ। ਕਿਉਂਕਿ ਪ੍ਰੇਮ ਕੋਈ ਮਿਹਨਤ ਨਹੀਂ ਹੈ। ਤੁਸੀਂ ਜਿੰਨਾ ਵੀ ਪ੍ਰੇਮ ਕਰੋ, ਓਨਾਂ ਹੀ ਪ੍ਰੇਮ ਕਰਨ ਵਿੱਚ ਸਿਆਣੇ ਹੋ ਜਾਂਦੇ ਹੋ। ਪ੍ਰੇਮ ਦਾ ਜਿੰਨਾ ਤੁਹਾਡਾ ਅਨੁਭਵ ਵਧੇਗਾ ਓਨਾਂ ਹੀ ਤੁਸੀਂ ਪਾਓਗੇ, ਤੁਸੀਂ ਪ੍ਰੇਮ ਕਰਨ ਵਿੱਚ ਸਮਰੱਥ ਹੋ ਗਏ ਹੋ। ਪ੍ਰੇਮ ਵਧਦਾ ਹੀ ਜਾਂਦਾ ਹੈ। ਪ੍ਰੇਮ ਦੇ ਜਵਾਰ ਵਿੱਚ ਭਾਟਾ ਕਦੇ ਆਉਂਦਾ ਹੀ ਨਹੀਂ। ਉਹ ਹਮੇਸ਼ਾਂ ਚੜ੍ਹਦਾ ਹੈ, ਉਤਰਦਾ ਨਹੀਂ ਹੈ।

ਪਰ ਪ੍ਰੇਮ ਇੱਕ ਪ੍ਰਮਾਦ ਹੈ। ਉਹ ਤੁਹਾਡੀ ਮਿਹਨਤ ਨਹੀਂ ਹੈ। ਠੀਕ ਤਰ੍ਹਾਂ ਸਮਝੋ ਤਾਂ ਪ੍ਰੇਮ ਤੁਹਾਡਾ ਆਰਾਮ ਹੈ। ਇਸ ਲਈ ਤਾਂ ਜਦ ਤੁਸੀਂ ਪ੍ਰੇਮ ਵਿੱਚ ਹੁੰਦੇ ਹੋ, ਤਾਂ ਆਪਣੇ ਆਪ ਨੂੰ ਤਾਜ਼ਾ ਪਾਉਂਦੇ ਹੋ। ਆਰਾਮ ਵਿੱਚ ਪਾਉਂਦੇ ਹੋ। ਸਾਧਾਰਣ ਪ੍ਰੇਮ ਵਿੱਚ ਵੀ! ਜੇਕਰ ਇੱਕ ਆਦਮੀ ਨਾਲ ਤੁਹਾਡਾ ਪ੍ਰੇਮ ਹੈ, ਉਹ ਤੁਹਾਡੇ ਕੋਲ ਬੈਠ ਜਾਂਦਾ ਹੈ ਤਾਂ ਤੁਹਾਨੂੰ ਲੱਗਦਾ ਹੈ ਸਾਰੀ ਥਕਾਨ ਮੁੱਕ ਗਈ। ਤੁਸੀਂ ਹਲਕੇ ਹੋ ਗਏ। ਤਾਜ਼ੇ ਹੋ ਗਏ। ਪ੍ਰਫੁੱਲਤ ਹੋ ਗਏ। ਮਿਹਨਤ ਦੀ ਸਾਰੀ ਧੂੜ ਝੱਡ ਗਈ। ਤਾਂ ਫਿਰ ਪਰਮਾਤਮਾ ਦੇ ਪਿਆਰ ਦੀ ਤੁਸੀਂ ਕਲਪਨਾ ਕਰ ਸਕਦੇ ਹੋ।

ਜਿਸ ਦਿਨ ਉਸ ਦਾ ਜਨਮ ਹੋਏਗਾ ਉਸ ਦਿਨ ਕੈਸੀ ਮਿਹਨਤ! ਕੈਸੀ ਥਕਾਨ! ਪਰਮਾਤਮਾ ਨੂੰ ਕੋਸ਼ਿਸ਼ ਨਾਲ ਨਹੀਂ ਪਾਇਆ ਜਾਂਦਾ, ਪ੍ਰਸਾਦ ਨਾਲ ਪਾਇਆ ਜਾਂਦਾ ਹੈ। ਇਸ ਲਈ ਨਾਨਕ ਕਹਿੰਦੇ ਹਨ—'ਗੁਰੂ ਪ੍ਰਸਾਦਿ'। ਪਰਮਾਤਮਾ ਨਾਲ ਤੁਹਾਡਾ ਸਿੱਧਾ ਸੰਬੰਧ ਅੱਜ ਨਹੀਂ ਹੋ ਸਕਦਾ। ਕਿਉਂਕਿ ਅੱਖਾਂ ਉਸ ਲਈ ਤਿਆਰ ਨਹੀਂ ਹਨ।

ਜੇਕਰ ਤੁਹਾਨੂੰ ਇਸ ਸੂਰਜ ਨੂੰ ਵੇਖਣ ਦੇ ਲਈ ਅੱਖਾਂ ਨੂੰ ਤਿਆਰ ਕਰਨਾ ਹੋਵੇ ਤਾਂ ਦੀਵੇ ਤੋਂ ਸ਼ੁਰੂਆਤ ਕਰਨੀ ਪੈਂਦੀ ਹੈ। ਦੀਵੇ ਦੀ ਜੋਤ ਉਤੇ ਤਰਾਟਕ (ਇੱਕ ਟੱਕ ਵੇਖਣਾ)। ਫਿਰ ਹੋਰ ਵੱਡੀ ਜੋਤ ਉਤੇ ਤਰਾਟਕ, ਫਿਰ ਹੌਲੀ-ਹੌਲੀ ਸੂਰਜ ਦੇ ਵੱਲ। ਨਹੀਂ ਤਾਂ ਤੁਸੀਂ ਜਿਹੋ ਜਿਹੇ ਹੋ, ਹੁਣੇ ਤਾਂ ਸੂਰਜ ਤੁਹਾਡੀਆਂ ਅੱਖਾਂ ਨੂੰ ਅੰਨ੍ਹਾ ਕਰ ਦੇਵੇਗਾ।

ਜੇਕਰ ਘੜੇ ਨੂੰ ਵੀ ਸਿੱਧਾ ਕਰਨਾ ਹੋਵੇ, ਤਾਂ ਪਹਿਲਾਂ ਗੁਰੂ ਵੱਲ-----ਗੁਰੂ ਤਿਆਰੀ ਹੈ ਅਤੇ ਜਦ ਤੁਸੀਂ ਉਸ ਦੇ ਨਾਲ ਭਰਨ ਨੂੰ ਰਾਜੀ ਹੋ ਜਾਓਗੇ ਅਤੇ ਭਰ ਕੇ ਪੁਲਕਿਤ, ਆਨੰਦਿਤ ਹੋਵੋਗੇ। ਤੁਹਾਡੇ ਸਾਰੇ ਭੈਅ ਦੂਰ ਹੋ ਜਾਣਗੇ। ਤਦ ਤੁਸੀਂ ਪਰਮਾਤਮਾ ਦੇ ਵੱਲ ਖੁੱਲ੍ਹ ਸਕੋਗੇ। ਇੱਕ ਦਮ ਪਰਮਾਤਮਾ ਦੇ ਵੱਲ ਖੁਲ੍ਹਣਾ ਖਤਰਨਾਕ ਵੀ ਹੋ ਸਕਦਾ ਹੈ। ਤੁਸੀਂ ਸ਼ਾਇਦ ਝੱਲ ਹੀ ਨਾ ਸਕੋ। ਏਨੇ ਵੱਡੇ ਦਾਨ ਨੂੰ। ਆਕਾਸ਼ ਤੋਂ ਗੰਗਾ ਉਤਾਰਨੀ ਹੋਵੇ ਤਾਂ ਭਾਗੀਰਥ ਚਾਹੀਦਾ ਹੈ। ਗੰਗਾ ਨੂੰ ਤੁਸੀਂ ਝੱਲ ਨਾ ਸਕੋਗੇ। ਹਰ ਕੋਈ ਨਹੀਂ ਝੱਲ ਸਕਦਾ। ਤੁਸੀਂ ਤਾਂ ਛੋਟੇ ਜਿਹੇ ਛੱਪੜ ਵਿੱਚ ਡੁੱਬ ਜਾਓਗੇ।

ਇਸ ਲਈ ਨਾਨਕ ਗੁਰੂ ਉਤੇ ਬਹੁਤਾ ਜ਼ੋਰ ਦਿੰਦੇ ਹਨ। ਜ਼ੋਰ ਇਸ ਲਈ ਹੈ, ਕਿ ਗੁਰੂ ਤੁਹਾਨੂੰ ਤਿਆਰ ਕਰੇਗਾ। ਤਿਆਰ ਕਰੇਗਾ ਗੁਰੂ, ਉਸਦੇ ਕੋਲੋਂ ਜੋ ਵਗ ਰਿਹਾ ਹੈ ਜੇਕਰ ਤੁਸੀਂ ਉਸਨੂੰ ਝੱਲਣ ਵਿੱਚ ਸਮਰੱਥ ਹੋ ਗਏ, ਤੁਸੀਂ ਭਾਗੀਰਥ ਹੋ ਜਾਓਗੇ। ਫ਼ਿਰ ਸਵਰਗ ਦੀ ਗੰਗਾ ਨੂੰ ਵੀ ਝੱਲ ਸਕੋਗੇ।

ਪਰਮਾਤਮਾ ਪਾਇਆ ਜਾਂਦਾ ਹੈ, ਕਰਮ ਨਾਲ ਨਹੀਂ। ਇਸ ਸ੍ਰਿਸਟੀ ਵਿੱਚ ਸਭ ਕੁਝ ਕਰਮ ਨਾਲ ਪਾਇਆ ਜਾਂਦਾ ਹੈ। ਪਰਮਾਤਮਾ ਕਿਵੇਂ ਪਾਇਆ ਜਾਂਦਾ ਹੈ?

'ਜੋ ਗੁਰੂ ਦੀ ਇੱਕ ਸਿੱਖਿਆ ਸੁਣ ਲੈਂਦਾ ਹੈ। ਗੁਰੂ ਦੀ ਇੱਕ ਸਿੱਖਿਆ ਸੁਣਨ ਨਾਲ ਪਰਮਾਤਮਾ ਮਿਲ ਸਕਦਾ ਹੈ, ਤੁਹਾਡੇ ਕੁਝ ਕਰਨ ਨਾਲ ਨਹੀਂ।

''ਉਸਦੀ ਮਤਿ, ਜੋ ਗੁਰੂ ਦੀ ਇੱਕ ਸਿੱਖਿਆ ਸੁਣ ਲੈਂਦਾ ਹੈ, ਰਤਨ ਜਵਾਹਰ, ਮਾਣਕ ਵਰਗੀ ਹੋ ਜਾਂਦੀ ਹੈ। ਬਹੁਤ ਕੀਮਤੀ ਹੋ ਜਾਂਦੀ ਹੈ।''

ਪਰ ਗੁਰੂ ਦੀ ਇੱਕ ਸਿੱਖਿਆ ਸੁਣਨੀ ਵੀ ਮੁਸ਼ਕਿਲ ਹੈ, ਕਿਉਂਕਿ ਗੁਰੂ ਦੀ ਇੱਕ ਸਿੱਖਿਆ ਸੁਣਨ ਦੇ ਵਾਸਤੇ ਤੁਹਾਨੂੰ ਆਪਣਾ ਪੂਰਾ ਜੀਵਨ ਬਦਲਨਾ ਪਵੇਗਾ। ਤੁਸੀਂ ਜਿਸ ਤਰ੍ਹਾਂ ਦੇ ਹੋ, ਉਥੇ ਤਾਂ ਤੁਹਾਨੂੰ ਕੁਝ ਵੀ ਸੁਣਾਈ ਨਹੀਂ ਪਵੇਗਾ। ਗੁਰੂ ਦੀ ਸਿੱਖਿਆ ਦੇ ਲਈ ਤੁਹਾਨੂੰ ਗੁਰੂ ਦੇ ਵੱਲ ਹੋਣਾ ਪਵੇਗਾ। ਤੁਹਾਨੂੰ ਉਸ ਦੇ ਕੋਲ ਚੁੱਪ ਅਤੇ ਸ਼ਾਂਤ ਬੈਠਣ ਦੀ ਕਲਾ ਸਿੱਖਣੀ ਪਵੇਗੀ। ਤੁਸੀਂ ਜਦ ਉਸਦੇ ਕੋਲ ਜਾਓ ਤਾਂ ਤੁਹਾਨੂੰ ਆਪਣਾ ਸਿਰ ਘਰ ਹੀ ਛੱਡ ਕੇ ਜਾਣਾ ਪਵੇਗਾ। ਜੇਕਰ ਤੁਸੀਂ ਸਿਰ ਆਪਣੇ ਨਾਲ ਹੀ ਲੈ ਗਏ ਤਾਂ ਤੁਸੀਂ ਸੁਣ ਨਾ ਸਕੋਗੇ। ਸਿੱਖਿਆ ਵੀ ਦਿੱਤੀ ਜਾਵੇਗੀ ਤਾਂ ਅਰਥ ਤੁਸੀਂ ਆਪਣੇ ਕਢੋਗੇ। ਤੁਹਾਡਾ ਸਿਰ ਵਿਚਾਲੇ ਸਾਰੀਆਂ ਤਬਦੀਲੀਆਂ ਕਰ ਦੇਵੇਗਾ। ਬਦਲ ਦੇਵੇਗਾ। ਕਿਹਾ ਕੁਝ ਜਾਏਗਾ, ਤੁਸੀਂ ਸੁਣ ਕੁਝ ਲਵੋਗੇ ਅਤੇ ਤੁਸੀਂ ਖ਼ਾਲੀ ਹੱਥ ਆਏ ਸੀ, ਖ਼ਾਲੀ ਹੱਥ ਵਾਪਸ ਮੁੜ ਜਾਓਗੇ।

ਕਿਉਂਕਿ ਗੁਰੂ ਦੀ ਸਿੱਖਿਆ ਦਿਮਾਗ਼ ਨਾਲ ਨਹੀਂ ਸੁਣੀ ਜਾਂਦੀ। ਸਿਰ ਨਾਲ ਉਸਦਾ ਕੁਝ ਲੈਣਾ-ਦੇਣਾ ਨਹੀਂ ਹੈ। ਗੁਰੂ ਦੀ ਸਿੱਖਿਆ ਤਾਂ ਹਿਰਦੇ ਨਾਲ ਸੁਣੀ ਜਾਂਦੀ ਹੈ। ਤੁਸੀਂ ਗੁਰੂ ਦੀ ਸਿੱਖਿਆ ਸੁਨਣ ਵੇਲੇ ਵਿਚਾਰ ਨਹੀਂ ਕਰਦੇ ਕਿ ਉਹ ਗ਼ਲਤ ਕਹਿ ਰਿਹਾ ਹੈ ਜਾਂ ਠੀਕ ਕਹਿ ਰਿਹਾ ਹੈ। ਇਸ ਲਈ ਤਾਂ ਸ਼ਰਧਾ ਨਾਲ ਸੁਣੀ ਜਾਂਦੀ ਹੈ। ਗੁਰੂ ਕਹਿ ਰਿਹਾ ਹੈ। ਇਸ ਲਈ ਠੀਕ। ਤੁਸੀਂ ਸੋਚਣ ਵਾਲੇ ਨਹੀਂ ਹੋ। ਫ਼ੈਸਲਾ ਕਰਨ ਵਾਲੇ ਨਹੀਂ ਹੋ ਕਿ ਉਹ ਠੀਕ ਕਹਿ ਰਿਹਾ ਹੈ ਕਿ ਗ਼ਲਤ ਕਹਿ ਰਿਹਾ ਹੈ। ਜੇਕਰ ਤੁਸੀਂ ਅਜੇ ਵੀ ਸੋਚਣ ਵਾਲੇ ਹੋ, ਤਾਂ ਤੁਸੀਂ ਮਾਸਟਰ ਦੇ ਕੋਲ ਹੋ, ਗੁਰੂ ਦੇ ਕੋਲ ਨਹੀਂ ਹੋ। ਤਦ ਤੁਸੀਂ ਵਿਦਿਆਲੇ ਵਿੱਚ ਹੋ, ਸਾਧ-ਸੰਗਤ ਵਿੱਚ ਨਹੀਂ। ਉਥੇ ਤੁਸੀਂ ਸੋਚੋ ਕਿ ਕੀ ਠੀਕ ਹੈ, ਕੀ ਗ਼ਲਤ ਹੈ। ਫੈਸਲਾ ਕਰਨ ਵਾਲੇ ਤੁਸੀਂ ਹੀ ਹੋ।

ਗੁਰੂ ਦੇ ਕੋਲ ਆਉਣ ਦਾ ਅਰਥ ਹੈ ਕਿ ਮੈਂ ਫ਼ੈਸਲਾ ਕਰ-ਕਰਕੇ ਥੱਕ ਗਿਆ। ਫ਼ੈਸਲਾ ਮੇਰੇ ਕੋਲੋਂ ਨਹੀਂ ਹੁੰਦਾ। ਗੁਰੂ ਦੇ ਕੋਲ ਆਉਣ ਦਾ ਅਰਥ ਹੈ ਕਿ ਮੈਂ ਥੱਕ ਗਿਆ, ਮੈਂ ਕੁਝ ਵੀ ਸੋਚ ਨਹੀਂ ਸਕਦਾ। ਗੁਰੂ ਦੇ ਕੋਲ ਆਉਣ ਦਾ ਅਰਥ ਹੈ ਕਿ ਮੈਂ ਆਪਣੇ-ਆਪ ਤੋਂ ਪਰੇਸ਼ਾਨ ਹੋ ਗਿਆ ਹਾਂ ਅਤੇ ਮੈਂ ਆਪਣੇ ਆਪ ਨੂੰ ਛੱਡਣ ਆਇਆ ਹਾਂ। ਇਸਨੂੰ ਸ਼ੰਖੇਪ ਵਿੱਚ ਕਰੀਏ ਤਾਂ ਸ਼ਰਧਾ ਹੈ।

ਗੁਰੂ ਦੇ ਕੋਲ ਤੁਸੀਂ ਤਦ ਆ ਸਕਦੇ ਹੋ ਜਦ ਤੁਸੀਂ ਆਪਣੇ ਕੋਲੋਂ ਚੰਗੀ ਤਰ੍ਹਾਂ ਪ੍ਰੇਸ਼ਾਨ ਹੋ ਗਏ ਹੋਵੋ। ਜੇਕਰ ਤੁਸੀਂ ਅਜੇ ਵੀ ਸਮਝਦੇ ਹੋ ਕਿ ਤੁਸੀਂ ਸਮਝਦਾਰ ਹੋ ਤਾਂ ਗੁਰੂ ਦੇ ਕੋਲ ਆਉਣ ਦਾ ਕੋਈ ਅਰਥ ਨਹੀਂ। ਅਜੇ ਤੁਸੀਂ ਹੀ ਆਪਣੇ ਗੁਰੂ ਹੋ। ਅਜੇ ਕੁਝ ਦਿਨ ਹੋਰ ਭਟਕੋ। ਅਜੇ ਕੁਝ ਦਿਨ ਹੋਰ ਤਕਲੀਫ਼ ਝੱਲੋ। ਅਜੇ ਸ਼ੱਕ ਕਰ-ਕਰਕੇ ਕੁਝ ਹੋਰ ਪੀੜ ਇਕੱਠੀ ਕਰੋ। ਤੁਹਾਨੂੰ ਪਕਾਉਣ ਲਈ ਅਜੇ ਹੋਰ ਸੰਤਾਪ ਜ਼ਰੂਰੀ ਹੈ। ਪਰ ਜਿਸ ਦਿਨ ਤੁਸੀਂ ਆਪਣੇ ਕੋਲੋਂ ਅੱਕ ਜਾਓਗੇ, ਉਸੇ ਦਿਨ ਗੁਰੂ ਕੋਲ ਆਉਣਾ, ਕੱਚੇ ਆਉਣ ਨਾਲ ਕੋਈ ਸਾਰ ਨਹੀਂ।

ਇਸ ਲਈ ਬੜੀ ਔਖਿਆਈ ਹੁੰਦੀ ਹੈ। ਲੋਕ ਗੁਰੂ ਦੇ ਕੋਲ ਚਲੇ ਜਾਂਦੇ ਹਨ ਅਤੇ ਤਿਆਰ ਨਹੀਂ ਹੁੰਦੇ। ਤਿਆਰੀ ਦਾ ਮਤਲਬ ਹੈ ਕਿ ਅਜੇ ਉਹ ਆਪਣੇ ਉਤੇ ਭਰੋਸਾ ਕਰਦੇ ਹਨ। ਤਾਂ ਗੁਰੂ ਜੋ ਕਹੇਗਾ, ਉਸਦੇ ਬਾਰੇ ਸੋਚਣਗੇ, ਕੀ ਸਹੀ, ਕੀ ਗ਼ਲਤ ! ਉਸ ਵਿਚੋਂ ਚੁਨਣਗੇ। ਜੋ ਜਚੇਗਾ ਉਹੀ ਮੰਨਣਗੇ, ਜਿਹੜਾ ਨਹੀਂ ਜਚੇਗਾ ਉਹ ਨਹੀਂ ਮੰਨਣਗੇ— ਤਾਂ ਤੁਸੀਂ ਆਪਣੀ ਹੀ ਮੰਨ ਰਹੇ ਹੋ।

ਇਸਨੂੰ ਸ਼ਰਧਾ ਨਾ ਕਹਿਣਾ। ਇਸਨੂੰ ਸਮਰਪਣ ਵੀ ਨਾ ਸਮਝਣਾ। ਤੁਸੀਂ ਕੁਝ ਵੀ ਛੱਡਿਆ ਨਹੀਂ ਹੈ। ਗੁਰੂ ਦੇ ਕੋਲ ਜਾਣ ਦਾ ਤਾਂ ਇੱਕ ਹੀ ਰਾਜ਼ ਹੈ ਕਿ ਤੁਸੀਂ ਆਪਣੇ ਆਪ ਨੂੰ ਛੱਡ ਕੇ ਜਾਣਾ। ਫ਼ਿਰ ਉਹ ਜੋ ਕਹਿ ਰਿਹਾ ਹੈ, ਸਹੀ ਹੈ। ਫ਼ਿਰ ਤੁਹਾਨੂੰ ਫ਼ੈਸਲਾ ਕਰਨ ਲਈ ਕੁਝ ਵੀ ਨਹੀਂ ਬਚਦਾ ਅਤੇ ਤਦ ਤੁਸੀਂ ਉਸਦੀ ਸਿੱਖਿਆ ਸੁਣ ਸਕੋਗੇ। ਕਿਉਂਕਿ ਅਜਿਹੇ ਪੂਰਣ ਹਿਰਦੇ ਨਾਲ ਹੀ ਉਸਦੀ ਸਿੱਖਿਆ ਸੁਣੀ ਜਾ ਸਕਦੀ ਹੈ ਅਤੇ ਤਦ ਤੁਸੀਂ ਸਿੱਖ ਹੋ ਸਕੋਗੇ। ਜਿਸਨੇ ਸਿੱਖਿਆ ਸੁਣੀ ਉਹ ਸਿੱਖ ਹੋਇਆ।

ਸਿੱਖ ਸ਼ਬਦ ਬੜਾ ਪਿਆਰਾ ਹੈ। ਉਹ ਸੰਸਕ੍ਰਿਤ ਦੇ 'ਸ਼ਿਸ਼ਯ' ਤੋਂ ਬਣਿਆ ਹੈ। ਜਿਹੜਾ ਸਿੱਖਣ ਲਈ ਤਿਆਰ ਹੈ ਉਹ ਸਿੱਖ। ਜਿਹੜਾ ਸਿੱਖਿਆ ਸੁਣਨ ਲਈ ਤਿਆਰ ਹੈ ਉਹ ਸਿੱਖ। ਜਿਹੜਾ ਅਜੇ ਆਪਣੀ ਆਕੜ ਨਾਲ ਜੀ ਰਿਹਾ ਹੈ, ਜਿਹੜਾ ਅਜੇ ਸਿੱਖਣ ਲਈ ਤਿਆਰ ਨਹੀਂ, ਉਹ ਸਿੱਖ ਨਹੀਂ ਹੈ। ਤੁਸੀਂ ਕਪੜੇ ਪਾ ਸਕਦੇ ਹੋ ਸਿੱਖ ਦੇ, ਉਸ ਦੇ ਨਾਲ ਕੁਝ ਹੱਲ ਨਹੀਂ ਹੁੰਦਾ। ਤੁਸੀਂ ਸਿੱਖ ਦਾ ਭੇਸ ਬਣਾ ਸਕਦੇ ਹੋ, ਉਸਦੇ ਨਾਲ ਵੀ ਕੁਝ ਹੱਲ ਨਹੀਂ ਹੁੰਦਾ। ਕਿਉਂਕਿ ਸਿੱਖ ਹੋਣਾ ਇੱਕ ਹਾਰਦਿਕ ਘਟਨਾ

ਹੈ, ਕਹਿੰਦੇ ਹਨ ਨਾਨਕ—

*ਮਤਿ ਵਿਚਿ ਰਤਨ ਜਵਾਹਰ ਮਾਣਿਕ, ਜੇ ਇਕ ਗੁਰ ਕੀ ਸਿਖ ਸੁਣੀ॥*

ਹੋਰ ਹਜ਼ਾਰ ਗੱਲਾਂ ਸੁਣਨ ਨਾਲ ਕੁਝ ਨਹੀਂ ਹੁੰਦਾ। ਇਕੋ ਹੀ ਸੁਣਨ ਨਾਲ ਸਭ ਹੋ ਜਾਂਦਾ ਹੈ ਅਤੇ ਤੁਸੀਂ ਕਿੰਨਾ ਸੁਣ ਚੁਕੇ ਹੋਵੋ, ਫ਼ਿਰ ਵੀ ਕੁਝ ਨਹੀਂ ਹੁੰਦਾ। ਕਿੰਨਾ ਪੜ੍ਹ ਚੁਕੇ ਹੋਵੋ, ਫ਼ਿਰ ਵੀ ਕੁਝ ਨਹੀਂ ਹੁੰਦਾ। ਕਾਰਣ ਸਾਫ਼ ਹੈ। ਤੁਸੀਂ ਸੁਣਿਆ ਹੀ ਨਹੀਂ, ਜਿੱਥੋਂ ਸੁਣਨਾ ਚਾਹੀਦਾ ਸੀ।

ਦੋ ਰਾਹ ਹਨ ਸੁਣਨ ਦੇ। ਇੱਕ ਰਾਹ ਹੈ ਬੁੱਧੀ ਦਾ। ਜਦ ਬੁੱਧੀ ਸੁਣਦੀ ਹੈ, ਤਾਂ ਬੁੱਧੀ ਹਮੇਸ਼ਾਂ ਦੋਹਰੇਪਨ ਨਾਲ ਸੁਣਦੀ ਹੈ। ਸੋਚਦੀ ਹੈ, ਠੀਕ ਜਾਂ ਗ਼ਲਤ। ਸਹੀ, ਜਾਂ ਨਾ ਸਹੀ। ਮੰਨਾਂ ਜਾਂ ਨਾ ਮੰਨਾਂ। ਬੁੱਧੀ ਕਦੇ ਹੰਕਾਰ ਤੋਂ ਪਾਰ ਨਹੀਂ ਜਾਂਦੀ। ਬੁੱਧੀ ਹਿਰਦੇ ਨੂੰ ਤਾਂ ਪਾਗ਼ਲ ਮੰਨਦੀ ਹੈ, ਬੁੱਧੀ ਹਿਰਦੇ ਦਾ ਭਰੋਸਾ ਨਹੀਂ ਕਰਦੀ।

ਇਸ ਲਈ ਤਾਂ ਤੁਸੀਂ ਸਾਰਿਆਂ ਨੇ ਹਿਰਦੇ ਨੂੰ ਮਾਰ ਸੁਟਿਆ ਹੈ। ਕਿਉਂਕਿ ਹਿਰਦੇ ਦਾ ਭਰੋਸਾ ਨਹੀਂ, ਕਦੋਂ ਕਿਹੜਾ ਕੰਮ ਕਰਵਾ ਦੇਵੇ, ਜਿਹੜਾ ਕਿ ਪਿਛੋਂ ਮਹਿੰਗਾ ਪਵੇ।

ਰਾਹ ਤੋਂ ਨਿਕਲਦੇ ਹੋ, ਭੁੱਖੇ ਨੂੰ ਵੇਖ ਕੇ ਹਿਰਦਾ ਕਹਿੰਦਾ ਹੈ, ਦੇ ਦਿਓ। ਬੁੱਧੀ ਕਹਿੰਦੀ ਹੈ, ਰੁਕੋ! ਪਹਿਲਾਂ ਪੱਕਾ ਪਤਾ ਕਰ ਲਓ ਕਿ ਇਹ ਆਦਮੀ ਧੋਖਾ ਤਾਂ ਨਹੀਂ ਦੇ ਰਿਹਾ ਹੈ! ਇਹ ਕੋਈ ਪੇਸ਼ਾਵਰ ਭਿੱਖ-ਮੰਗਾ ਤਾਂ ਨਹੀਂ ! ਅਤੇ ਇਹ ਵੀ ਤਾਂ ਵੇਖੋ ਕਿ ਇਹ ਚੰਗਾ-ਭਲਾ ਹੈ, ਕਮਾਉਂਦਾ ਕਿਉਂ ਨਹੀਂ ? ਬੁੱਧੀ ਹਜ਼ਾਰ ਗੱਲਾਂ ਕਹੇਗੀ। ਹਿਰਦੇ ਵਿੱਚ ਇੱਕ ਭਾਵ ਉਠਿਆ ਸੀ, ਬੁੱਧੀ ਉਸਨੂੰ ਦਬਾ ਦੇਵੇਗੀ।

ਪਿਆਰ ਉਭਰੇਗਾ, ਬੁੱਧੀ ਕਹੇਗੀ, ਰਾਹ ਖਤਰਨਾਕ ਹੈ। ਪਿਆਰ ਅੰਨ੍ਹਾਂ ਹੈ। ਕਿੱਥੇ ਜਾਂਦੇ ਹੋ? ਅੱਖੀਂ ਵੇਖ ਕੇ ਚਲੋ, ਹੋਸ਼ ਸੰਭਾਲ ਕੇ ਚਲੋ। ਪਿਆਰ ਨੇ ਕਈਆਂ ਨੂੰ ਬਰਬਾਦ ਕੀਤਾ ਹੈ। ਬੁੱਧੀ ਦਾ ਰਾਹ ਰਾਜ-ਪੱਥ ਦੀ ਤਰ੍ਹਾਂ ਸਾਫ਼ ਸੁਥਰਾ ਹੈ, ਪ੍ਰੇਮ ਦਾ ਰਾਹ ਪੱਗਡੰਡੀ ਦੀ ਤਰ੍ਹਾਂ ਹੈ। ਜੰਗਲਾਂ ਵਿੱਚ ਭਟਕ ਜਾਂਦੀ ਹੈ। ਕਿੱਥੇ ਜਾ ਰਹੇ ਹੋ? ਰਾਹ ਤੋਂ ਨਾ ਉੱਤਰੋ। ਜਿੱਥੇ ਭੀੜ ਟੁਰ ਰਹੀ ਹੈ, ਉਥੇ ਹੀ ਟੁਰੋ। ਜਿੱਥੇ ਸਾਰੇ ਹਨ, ਉਥੇ ਹੀ ਠੀਕ ਹੈ, ਇਕੱਲੇ ਕਿੱਥੇ ਜਾਂਦੇ ਹੋ?

ਪ੍ਰੇਮ ਇਕੱਲੇ ਦਾ ਰਾਹ ਹੈ। ਇਸ ਲਈ ਤਾਂ ਪ੍ਰੇਮ ਇਕੱਲਾਪਨ ਚਾਹੁੰਦਾ ਹੈ। ਇਕਾਂਤ ਚਾਹੁੰਦਾ ਹੈ। ਪ੍ਰੇਮ ਕਹੇਗਾ ਦੇ ਦਿਓ। ਬੁੱਧੀ ਕਹੇਗੀ, ਪਹਿਲਾਂ ਸੋਚੋ, ਵਿਚਾਰੋ, ਸਭ ਪਤਾ ਕਰ ਲਵੋ, ਫ਼ਿਰ ਦੇਣਾ। ਤਦ ਤੁਸੀਂ ਕਦੇ ਵੀ ਨਾ ਦੇ ਸਕੋਗੇ। ਪ੍ਰੇਮ ਕਹਿੰਦਾ ਹੈ, ਸਮਰਪਣ ਕਰ ਦਿਓ। ਕਿਸੇ ਦੇ ਚਰਨਾਂ 'ਚ ਸਿਰ ਰੱਖ ਦਿਓ ਅਤੇ ਛੱਡ ਦਿਓ ਆਪਣੇ ਆਪ ਨੂੰ। ਬੁੱਧੀ ਕਹੇਗੀ ਏਦਾਂ ਕਿਵੇਂ ਚਲੇਗਾ। ਦੁਨੀਆਂ 'ਚ ਬੜੀ ਧੋਖੇਬਾਜ਼ੀ ਹੈ। ਸ਼ਰਧਾ ਦੇ ਨਾਂ 'ਤੇ ਪਤਾ ਨਹੀਂ ਕਿੰਨੇ ਲੋਕ ਲੁੱਟ ਰਹੇ ਹਨ।

ਪਰ ਤੁਹਾਡੇ ਕੋਲ ਹੈ ਕੀ ਜਿਹੜਾ ਲੁੱਟਿਆ ਜਾਏਗਾ? ਤੁਹਾਡੇ ਕੋਲ ਹੈ ਕੀ, ਜੋ ਤੁਸੀਂ ਦੇ ਦਿਓਗੇ ਅਤੇ ਮੁੱਕ ਜਾਏਗਾ? ਸਵਾਏ ਦੀਨ, ਦਰਿਦ੍ਰਤਾ ਦੇ ਤੁਹਾਡੇ ਅੰਦਰ ਕੁਝ ਵੀ ਨਹੀਂ। ਪਰ ਉਸਨੂੰ ਵੀ ਬਚਾ ਕੇ ਰੱਖਦੇ ਹੋ।

ਅਤੇ ਬੁੱਧੀ ਦੀ ਸੁਣ ਕੇ ਜੀਓਗੇ ਤਾਂ ਹੌਲੀ-ਹੌਲੀ ਹਿਰਦਾ ਸੁੰਗੜਦਾ ਜਾਂਦਾ ਹੈ। ਹਿਰਦਾ ਹੌਲੀ-ਹੌਲੀ ਟੁੱਟ ਹੀ ਜਾਂਦਾ ਹੈ। ਏਨਾ ਫਾਸਲਾ ਹੋ ਜਾਂਦਾ ਹੈ ਕਿ ਹਿਰਦੇ ਦੀ ਖ਼ਬਰ ਹੀ ਤੁਹਾਡੇ ਤੱਕ ਨਹੀਂ ਪਹੁੰਚਦੀ। ਬੁੱਧੀ ਵਿਚਾਲੇ ਏਨੇ ਦਰਵਾਜ਼ੇ ਲਾ ਦਿੰਦੀ ਹੈ, ਫਿਰ ਤੁਸੀਂ ਪ੍ਰੇਮ ਵੀ ਕਰਦੇ ਹੋ, ਤਾਂ ਬੁੱਧੀ ਨਾਲ ਹੀ ਕਰਦੇ ਹੋ।

ਤੁਸੀਂ ਕਦੇ ਖਿਆਲ ਕੀਤਾ? ਤੁਹਾਡਾ ਪ੍ਰੇਮ ਵੀ ਖੋਪੜੀ ਤੋਂ ਆਉਂਦਾ ਹੈ, ਹਿਰਦੇ ਤੋਂ ਨਹੀਂ। ਤੁਸੀਂ ਭਾਵੇਂ ਕਹੋ ਕਿ ਮੈਂ ਬੜੇ ਹਿਰਦੇ ਤੋਂ ਪ੍ਰੇਮ ਕਰਦਾ ਹਾਂ। ਪਰ ਇਹ ਸ਼ਬਦ ਵੀ ਬੁੱਧੀ ਤੋਂ ਹੀ ਆਉਂਦੇ ਹਨ। ਤੁਸੀਂ ਆਪਣੇ ਹਿਰਦੇ ਦੀ ਜਾਂਚ-ਪੜਤਾਲ ਕਰੋਗੇ, ਤਾਂ ਉਥੇ ਕੁਝ ਹੁੰਦਾ ਮਾਲੂਮ ਨਹੀਂ ਹੋਏਗਾ। ਉਥੇ ਨਾ ਕੋਈ ਪੁਲਕ ਹੈ, ਨਾ ਕੋਈ ਨਾਚ ਹੈ, ਨਾ ਕੋਈ ਸੰਗੀਤ ਹੈ, ਉਥੇ ਕੋਈ ਕੰਪਨ ਵੀ ਨਹੀਂ ਹੈ।

ਗੁਰੂ ਦੀ ਸਿੱਖਿਆ ਤਾਂ ਹਿਰਦੇ ਨਾਲ ਸੁਣੀ ਜਾ ਸਕਦੀ ਹੈ। ਕਬੀਰ ਨੇ ਕਿਹਾ ਹੈ "ਜਿਹੜਾ ਸਿਰ ਨੂੰ ਵੱਢ ਕੇ ਜ਼ਮੀਨ ਉਤੇ ਰੱਖ ਦੇਵੇ, ਟੁਰੇ ਸਾਡੇ ਨਾਲ।" ਕਿਹੜੇ ਸਿਰ ਦੀ ਗੱਲ ਕਰ ਰਹੇ ਹੈਨ? ਇਸ ਸਿਰ ਨੂੰ ਛੱਡਣ ਨਾਲ ਕੁਝ ਨਹੀਂ ਹੋਵੇਗਾ।

ਬੋਧੀ ਧਰਮ ਇੱਕ ਬੋਧ ਫ਼ਕੀਰ ਹੋਇਆ। ਉਹ ਚੀਨ ਗਿਆ। ਉਹ ਬੜਾ ਅਜ਼ੀਬ ਆਦਮੀ ਸੀ। ਉਹ ਕੰਧ ਵੱਲ ਮੂੰਹ ਕਰਕੇ ਬੈਠਾ ਸੀ, ਲੋਕਾਂ ਵੱਲ ਪਿੱਠ। ਉਹ ਕਹਿੰਦਾ ਸੀ, ਜਦ ਕੋਈ ਸ਼ਿੱਸ਼ ਆਏਗਾ ਤਾਂ ਉਸਦੇ ਵੱਲ ਮੂੰਹ ਕਰ ਲਵਾਂਗਾ। ਤੁਹਾਡੇ ਨਾਲ ਕੀ ਗੱਲ ਕਰਨੀ? ਤੁਹਾਡੇ ਨਾਲ ਗੱਲ ਕਰਨੀ ਜਾਂ ਕੰਧ ਨਾਲ ਗੱਲ ਕਰਨੀ ਬਰਾਬਰ ਹੈ।

ਫਿਰ ਇੱਕ ਆਦਮੀ ਆਇਆ, ਹੁਈਨੇਂਗ। ਉਹ ਚੌਵੀ ਘੰਟੇ ਪਿੱਛੇ ਖੜ੍ਹਾ ਰਿਹਾ। ਫਿਰ ਉਸ ਨੇ ਕਿਹਾ ਬੋਧੀ ਧਰਮ ਇਸ ਪਾਸੇ ਸਿਰ ਕਰੋ। ਬੋਧੀ ਧਰਮ ਚੁੱਪ ਰਿਹਾ। ਤਾਂ ਉਸਨੇ ਹੱਥ ਵੱਢ ਕੇ ਬੋਧੀ ਧਰਮ ਨੂੰ ਭੇਂਟ ਕੀਤਾ ਅਤੇ ਉਸਨੇ ਕਿਹਾ, ਜੇਕਰ ਦੇਰ ਕੀਤੀ ਤਾਂ ਸਿਰ ਵੱਢ ਕੇ ਰੱਖ ਦਿਆਂਗਾ ਬੋਧੀ ਧਰਮ ਨੇ ਕਿਹਾ, ਇਹ ਸਿਰ ਨੂੰ ਵੱਢਣ ਨਾਲ ਕੁਝ ਵੀ ਨਹੀਂ ਹੋਏਗਾ, ਜੇਕਰ ਉਸ ਸਿਰ ਨੂੰ ਵੱਢਣ ਦੀ ਤਿਆਰੀ ਹੋਵੇ... ਹੁਈਨੇਂਗ ਨੇ ਕਿਹਾ ਕਿ ਸਾਰੀ ਤਿਆਰੀ ਕਰਕੇ ਆਇਆ ਹਾਂ। ਜੋ ਕਹੋ, ਉਹ ਹੀ ਕਰਨ ਨੂੰ ਤਿਆਰ ਹਾਂ।

ਨੌ ਸਾਲਾਂ ਵਿੱਚ ਪਹਿਲੀ ਵਾਰ ਬੋਧੀ ਧਰਮ ਨੇ ਕਿਸੇ ਮਨੁੱਖ ਦੇ ਵੱਲ ਮੂੰਹ ਕੀਤਾ। ਹੁਈਨੇਂਗ ਉਸਦਾ ਉਤਰਾਧਿਕਾਰੀ ਹੋਇਆ, ਪਰ ਉਸਨੇ ਪਹਿਲਾਂ ਪੁੱਛਿਆ ਕਿ ਇਸ

ਸਿਰ ਨੂੰ ਵੱਢਣ ਨਾਲ ਕੁਝ ਵੀ ਨਹੀਂ ਹੋਏਗਾ। 'ਉਸ ਸਿਰ ਨੂੰ' ਉਹ ਕਿਹੜਾ ਸਿਰ ਹੈ? ਉਹ ਜਿਹੜਾ ਮੋਹ ਹੈ, ਹੰਕਾਰ ਹੈ। ਮੈਂ ਹਾਂ ਅਤੇ ਮੈ ਹੀ ਡੈਸਲਾਕਾਰ ਹਾਂ- ਤਾਂ ਤੁਸੀਂ ਸ਼ਿੱਸ਼ ਨਹੀਂ ਹੋ ਸਕੋਗੇ, ਤਾਂ ਤੁਸੀਂ ਸਿੱਖਿਆ ਨਹੀਂ ਸੁਣ ਸਕੋਗੇ "ਹੋਰ ਗੁਰੂ ਦੀ ਜੋ ਇੱਕ ਸਿੱਖਿਆ ਸੁਣ ਲੈਂਦਾ ਹੈ ਉਸਦੀ ਮਤਿ ਮਾਣਕ ਵਰਗੀ ਹੋ ਜਾਂਦੀ ਹੈ।"

ਉਸਦੀ ਚੇਤਨਾ ਇੱਕ ਸਵੱਛਤਾ ਨੂੰ ਪ੍ਰਾਪਤ ਹੋ ਜਾਂਦੀ ਹੈ। ਉਹ ਆਰ-ਪਾਰ ਵੇਖਣ ਲੱਗਦਾ ਹੈ, ਵਿਚਾਰ ਉਥੋਂ ਹਟ ਜਾਂਦੇ ਹਨ ਕਿਉਂਕਿ ਹਿਰਦੇ ਵਿੱਚ ਕੋਈ ਵਿਚਾਰ ਨਹੀ ਹੈ। ਬੁੱਧੀ ਉਥੋਂ ਬਹੁਤ ਦੂਰ ਚਲੀ ਜਾਂਦੀ ਹੈ। ਬੁੱਧੀ ਦਾ ਸਾਰਾ ਧੂੰਆਂ ਉਥੋਂ ਉੱਡ ਜਾਂਦਾ ਹੈ। ਇੱਕ ਸਵੱਛਤਾ, ਇੱਕ ਤਾਜ਼ਗੀ! ਅਤੇ ਉਹ ਹੀ ਤਾਜ਼ਗੀ ਗੰਗਾ ਇਸ਼ਨਾਨ ਹੈ।

ਨਾਨਕ ਠੀਕ ਕਹਿੰਦੇ ਹਨ। ਜੇ ਮੈਂ ਉਸਨੂੰ ਭਾ ਗਿਆ, ਤਾਂ ਮੈਂ ਤੀਰਥਾਂ ਤੇ ਇਸ਼ਨਾਨ ਕਰ ਲਿਆ ਹੈ ਅਤੇ ਜੇਕਰ ਮੈਂ ਉਸਨੂੰ ਨਾ ਭਾਇਆ ਤਾਂ ਨਹਾ-ਧੋ ਕੇ ਵੀ ਕੀ ਕਰਾਂਗਾ? ਇਹ ਹੈ ਇੱਕ ਅੰਦਰ ਦਾ ਇਸ਼ਨਾਨ ਜਿੱਥੇ ਜੀਵਨ ਸੁੱਚਾ, ਚੇਤਨਾ ਸੁੱਚੀ ਹੋ ਜਾਂਦੀ ਹੈ। ਜਿੱਥੇ ਤੁਸੀਂ ਸੋਚਦੇ ਨਹੀਂ, ਜਿੱਥੇ ਤੁਸੀਂ ਸਿਰ ਨੂੰ ਲਾਹ ਕੇ ਰੱਖ ਦਿੰਦੇ ਹੋ। ਸਿਰ ਹੈ ਵੀ ਉਧਾਰ। ਹਿਰਦਾ ਤਾਂ ਤੁਸੀਂ ਸੰਸਾਰ ਵਿੱਚ ਲੈ ਕੇ ਆਏ ਸੀ, ਸਿਰ ਸੰਸਾਰ ਨੇ ਦਿੱਤਾ ਹੈ।

ਜਦ ਤੁਸੀਂ ਪੈਦਾ ਹੋਏ ਸੀ ਤਦ ਤੁਸੀਂ ਹਿਰਦਾ ਸੀ। ਤਦ ਤੁਹਾਡੇ ਕੋਲ ਸਿਰ ਬਿਲਕੁਲ ਨਹੀਂ ਸੀ। ਅੰਦਰ ਕੋਈ ਵਿਚਾਰ ਨਹੀਂ ਸਨ। ਆਕਾਸ਼ ਖ਼ਾਲੀ ਅਤੇ ਕੋਰਾ ਸੀ, ਨਿਰਦੋਸ਼ ਸੀ। ਫ਼ਿਰ ਇੱਕ-ਇੱਕ ਕਰਕੇ ਵਿਚਾਰ ਅਤੇ ਸ਼ਬਦ ਤੁਹਾਨੂੰ ਦਿੱਤੇ ਗਏ। ਫ਼ਿਰ ਸਮਾਜ ਨੇ ਤੁਹਾਨੂੰ ਸਿਖਾਇਆ। ਫ਼ਿਰ ਸਮਾਜ ਨੇ ਤੁਹਾਨੂੰ ਸੰਸਕਾਰ ਦਿੱਤੇ, ਸੰਸਕਾਰਿਤ ਕੀਤਾ। ਫ਼ਿਰ ਸੰਸਕਾਰ ਪਾ-ਪਾ ਕੇ ਤੁਹਾਡੀ ਬੁੱਧੀ ਨੂੰ ਤਿਆਰ ਕੀਤਾ। ਜਿਨ੍ਹਾਂ-ਜਿਨ੍ਹਾਂ ਚੀਜ਼ਾਂ ਦੀ ਸੰਸਾਰ ਵਿੱਚ ਜ਼ਰੂਰਤ ਹੈ, ਉਨ੍ਹਾਂ ਲਈ ਤਿਆਰ ਕੀਤਾ ਅਤੇ ਜਿਨ੍ਹਾਂ-ਜਿਨ੍ਹਾਂ ਚੀਜ਼ਾਂ ਤੋਂ ਸੰਸਾਰ ਵਿੱਚ ਖ਼ਤਰਾ ਹੈ, ਉਨ੍ਹਾਂ ਨੂੰ ਦਬਾਇਆ। ਤੁਹਾਡੇ ਅੰਦਰ ਇੱਕ ਦਵੈਤ ਦਾ ਨਿਰਮਾਣ ਹੋਇਆ, ਹਿਰਦਾ ਅਤੇ ਬੁੱਧੀ ਵੱਖਰੀ-ਵੱਖਰੀ ਟੁੱਟ ਗਈ।

ਬੁੱਧੀ ਦਾ ਅਰਥ ਹੈ ਜੋ ਤੁਹਾਨੂੰ ਸਮਾਜ ਨੇ ਸਿਖਾਇਆ ਉਹ ਤੁਸੀਂ ਲੈ ਕੇ ਨਹੀਂ ਆਏ ਸੀ। ਬੁੱਧੀ ਉਧਾਰ ਹੈ, ਸਿਰ ਦਿੱਤਾ ਹੋਇਆ ਹੈ। ਹਿਰਦਾ ਤੁਹਾਡਾ ਆਪਣਾ ਹੈ ਅਤੇ ਇਹ ਹੀ ਦੁਵਿਧਾ ਹੈ ਕਿ ਜੋ ਆਪਣਾ ਹੈ, ਉਹ ਆਪਣਾ ਨਹੀਂ ਰਿਹਾ ਅਤੇ ਜਿਹੜਾ ਪਰਾਇਆ ਹੈ ਉਹ ਆਪਣਾ ਹੋ ਗਿਆ। ਜਿਹੜਾ ਉਪਰੋਂ-ਉਪਰੋਂ ਥੋਪਿਆ ਗਿਆ ਹੈ, ਉਹ ਤੁਹਾਡਾ ਕੇਂਦਰ ਬਣ ਗਿਆ ਹੈ ਅਤੇ ਤੁਹਾਡਾ ਕੇਂਦਰ ਤੁਹਾਨੂੰ ਬਿਲਕੁਲ ਹੀ ਭੁੱਲ ਗਿਆ ਹੈ।

ਇਸਨੂੰ ਹਟਾ ਦਿਓ, ਤਾਂ ਹੀ ਤੁਸੀਂ ਸਿੱਖਿਆ ਸੁਣ ਸਕੋਗੇ। ਸਿੱਖਿਆ ਸੁਣਦੇ ਹੀ

ਤੁਸੀਂ... ਇਕੋ ਹੀ ਸਿੱਖਿਆ ਕਾਫ਼ੀ ਹੈ। ਕੋਈ ਹਜ਼ਾਰਾਂ ਦੀ ਜ਼ਰੂਰਤ ਨਹੀਂ। ਇੱਕ ਗੱਲ ਵੀ, ਇੱਕ ਗੁਰ ਵੀ ਕਾਫ਼ੀ ਹੈ ਅਤੇ ਉਹ ਗੁਰ ਕੀ ਹੈ?

ਨਾਨਕ ਕਹਿੰਦੇ ਹਨ, ਇੱਕ ਗੁਰ ਨਾਲ ਸਭ ਹੱਲ ਹੋ ਜਾਂਦਾ ਹੈ ਕਿ ਸਾਰੇ ਪ੍ਰਾਣੀਆਂ ਦਾ ਦਾਤਾ ਇੱਕ ਹੈ, ਇਸ ਨੂੰ ਮੈਂ ਨਾ ਭੁੱਲਾਂ।

*"ਸਭਨਾ ਜੀਆ ਕਾ ਇਕੁ ਦਾਤਾ ਸੋ ਮੈ ਵਿਸਰਿ ਨ ਜਾਈ॥"*

ਬੱਸ ਉਸ ਨੂੰ ਮੈਂ ਨਾ ਭੁੱਲਾਂ, ਏਨੀ ਸਿੱਖਿਆ ਕਾਫ਼ੀ ਹੈ ਬੱਸ।

ਇਸ ਨੂੰ ਥੋੜ੍ਹਾ ਸਮਝੀਏ। 'ਸਮਰਣ' ਅਤੇ 'ਵਿਸਮਰਣ' ਦੋ ਸ਼ਬਦ ਗੌਰ ਨਾਲ ਸਮਝ ਲਵੋ। ਸਮਰਣ ਦਾ ਅਰਥ ਹੈ ਕਿ ਜਿਸ ਦੀ ਯਾਦ ਅੰਦਰ ਲਗਾਤਾਰ ਬਣੀ ਰਹੇ। ਤੁਸੀਂ ਕੁਝ ਵੀ ਕਰੋ, ਚਲੋ, ਫਿਰੋ, ਉਠੋ, ਬੈਠੋ, ਉਸਦੀ ਹਰ ਵੇਲੇ ਯਾਦ ਬਣੀ ਰਹੇ। ਜਿਵੇਂ ਇੱਕ ਗਰਭਵਤੀ ਇਸਤ੍ਰੀ ਹੁੰਦੀ ਹੈ। ਕੰਮ ਕਰਦੀ ਹੈ, ਖਾਣਾ ਬਣਾਉਂਦੀ ਹੈ, ਬਿਸਤਰ ਵਿਛਾਉਂਦੀ ਹੈ, ਪਰ ਪੂਰੇ ਵੇਲੇ ਗਰਭ ਦਾ ਸਮਰਣ ਬਣਿਆ ਰਹਿੰਦਾ ਹੈ। ਇੱਕ ਨਵਾਂ ਹਿਰਦਾ ਉਸਦੀ ਦੇਹ ਵਿੱਚ ਧੜਕਣਾ ਸ਼ੁਰੂ ਹੋਇਆ ਹੈ। ਇੱਕ ਨਵੇਂ ਜੀਵਨ ਦਾ ਅੰਕੁਰ ਫੁਟਿਆ ਹੈ। ਉਸਦੀ ਯਾਦ ਬਣੀ ਰਹਿੰਦੀ ਹੈ। ਗਰਭਵਤੀ ਇਸਤ੍ਰੀ ਚਲਦੀ ਹੋਰ ਢੰਗ ਨਾਲ ਹੈ। ਤੁਸੀਂ ਇਸਤ੍ਰੀ ਨੂੰ ਟੁਰਦੇ ਵੇਖ ਕੇ ਕਹਿ ਸਕਦੇ ਹੋ ਕਿ ਉਹ ਗਰਭਣੀ ਹੈ। ਉਹ ਟੁਰਦੇ ਵੇਲੇ ਗੱਲਾਂ ਵੀ ਕਰਦੀ ਰਹੇਗੀ, ਤਾਂ ਵੀ ਇੱਕ ਸਮਰਣ ਅੰਦਰ ਬਣਿਆ ਰਹਿੰਦਾ ਹੈ। ਇੱਕ ਲਗਾਤਾਰ ਧਾਰ ਅੰਦਰ ਵਗ ਰਹੀ ਹੈ ਕਿ ਇੱਕ ਜੀਵਨ ਨੂੰ ਸੰਭਾਲਣਾ ਹੈ।

ਸਮਰਣ ਦਾ ਅਰਥ ਹੈ ਕਿ ਉਹ ਕੋਈ ਵੱਖਰੀ ਕੋਸ਼ਿਸ਼ ਨਹੀਂ ਹੈ। ਕਿਉਂਕਿ ਜੇਕਰ ਵੱਖਰੀ ਕੋਸ਼ਿਸ਼ ਹੋਵੇ, ਤਾਂ ਭੁੱਲ-ਭੁੱਲ ਜਾਓਗੇ। ਖਾਣਾ ਬਣਾਉਗੇ, ਭੁੱਲ ਜਾਏਗਾ। ਬਾਜ਼ਾਰ ਵਿੱਚ ਦੁਕਾਨ ਉਤੇ ਸਮਾਨ ਵੇਚਣ ਜਾਓਗੇ, ਭੁੱਲ ਜਾਏਗਾ। ਕਿਸੇ ਨਾਲ ਗੱਲ ਕਰੋਗੇ, ਭੁੱਲ ਜਾਏਗਾ। ਤਾਂ ਜੇਕਰ ਤੁਸੀਂ ਅਜਿਹਾ "ਰਾਮ, ਰਾਮ, ਰਾਮ, ਰਾਮ" ਜਪਦੇ ਹੋ, ਉਹ ਸਿਮਰਣ ਨਹੀਂ ਹੈ। ਕਿਉਂਕਿ ਉਸਨੂੰ ਤੁਸੀਂ ਕਦੋਂ ਤੱਕ ਜਪੋਗੇ? ਹੋਰ ਜੇਕਰ ਉਸਨੂੰ ਨਾ ਭੁੱਲੇ, ਸੜਕ ਉਤੇ ਵੀ ਯਾਦ ਰੱਖਣ ਦੀ ਕੋਸ਼ਿਸ਼ ਕੀਤੀ, ਤਾਂ ਟਕਰਾ ਜਾਓਗੇ। ਕਿਸੇ ਦਾ ਭੌਂਪੂ ਵੱਜੇਗਾ ਅਤੇ ਤੁਹਾਨੂੰ ਸੁਣਾਈ ਨਾ ਪਵੇਗਾ। ਜਿਹੜਾ ਸਮਰਣ ਤੁਸੀਂ ਕੋਸ਼ਿਸ਼ ਨਾਲ ਕਰੋਗੇ। ਜਿਹੜਾ ਤੁਹਾਡੀ ਬੁੱਧੀ ਵਿੱਚ ਗੂੰਜੇਗਾ, ਉਹ ਸਮਰਣ ਨਹੀਂ ਹੈ।

ਜਿਹੜਾ ਤੁਹਾਡੇ ਰੋਮ-ਰੋਮ ਵਿੱਚ ਸਮਾ ਜਾਵੇ—ਉਸਨੂੰ ਨਾਨਕ ਅਜਪਾ-ਜਾਪ ਕਹਿੰਦੇ ਹਨ। ਜਿਸਨੂੰ ਜਪਣਾ ਵੀ ਨਾ ਪਵੇ। ਕਿਉਂਕਿ ਜਪਣਾ ਤਾਂ ਉੱਪਰ-ਉੱਪਰ ਹੀ ਹੋਏਗਾ। ਜਿਹੜਾ ਤੁਹਾਡੇ ਰੋਮ-ਰੋਮ ਵਿੱਚ ਸਮਾ ਜਾਵੇ: ਉਠੋ, ਬੈਠੋ, ਟੁਰੋ, ਫ਼ਿਰੋ, ਕੁਝ ਵੀ ਕਰੋ, ਜਿਸਦੀ ਯਾਦ ਬਣੀ ਰਹੇ, ਉਸ ਯਾਦ ਦਾ ਨਾਉਂ, ਸਿਮਰਣ। ਉਸਨੂੰ

ਨਾਨਕ, ਕਬੀਰ ਸੁਰਤਿ ਕਹਿੰਦੇ ਹਨ। ਇਸ ਲਈ ਉਨ੍ਹਾਂ ਦਾ ਯੋਗ 'ਸੁਰਤਿ ਯੋਗ' ਕਹਾਉਂਦਾ ਹੈ। ਸੁਰਤਿ ਦਾ ਅਰਥ ਹੈ ਸਮਰਣ, ਸਿਮ੍ਰਤਿ।

ਅਤੇ ਹੋਰ ਇੱਕ ਦਸ਼ਾ ਹੈ ਵਿਸਮਰਣ ਦੀ, ਵਿਸਮ੍ਰਤੀ ਦੀ ਕਿ ਤੁਹਾਨੂੰ ਹੋਰ ਸਭ ਤਾਂ ਚੇਤੇ ਹੈ, ਇੱਕ ਗੱਲ ਤੁਹਾਨੂੰ ਬਿਲਕੁਲ ਭੁੱਲ ਗਈ ਕਿ ਤੁਸੀਂ ਕੌਣ ਹੋ? ਅਤੇ ਜਿਸ ਨੂੰ ਇਹ ਵੀ ਭੁੱਲ ਗਿਆ ਹੈ ਕਿ ਮੈਂ ਕੌਣ ਹਾਂ ਉਸਨੂੰ ਕਿਵੇਂ ਚੇਤਾ ਆ ਸਕਦਾ ਹੈ ਕਿ ਇਹ ਕੁਦਰਤ ਕੀ ਹੈ?

ਗੁਰਜਿਏਫ਼ ਨੇ ਪੱਛਮ ਵਿੱਚ ਇਸ ਸਦੀ ਵਿੱਚ "ਸੈਲਫ਼-ਰਿਮੈਂਬਰਿੰਗ" ਸੁਰਤਿ ਉਤੇ ਬੜੀ ਮਿਹਨਤ ਕੀਤੀ। ਗੁਰਜਿਏਫ਼ ਦੀ ਪੂਰੀ ਵਿਧੀ ਇਹ ਸੀ ਕਿ ਤੁਸੀਂ ਚੌਵੀ ਘੰਟੇ ਸਮਰਣ ਰੱਖੋ ਕਿ ਮੈਂ ਹਾਂ। ਸਿਰਫ਼ ਇਹ ਸਮਰਣ ਕਿ ਮੈਂ ਹਾਂ। ਜੇਕਰ ਇਹ ਸਮਰਣ ਗਹਿਰਾ ਹੁੰਦਾ ਜਾਵੇ, ਤਾਂ ਤੁਹਾਡੇ ਅੰਦਰ ਇੱਕ ਕੇਂਦਰ ਦੀ ਰਚਨਾ ਹੁੰਦੀ ਹੈ। ਇੱਕ ਕ੍ਰਿਸਟਲਾਈਜੇਸ਼ਨ ਹੁੰਦਾ ਹੈ। ਤੁਹਾਡੇ ਅੰਦਰ ਕੋਈ ਚੀਜ਼ ਗਹਿਰੀ ਹੋ ਜਾਂਦੀ ਹੈ। ਮਜ਼ਬੂਤ ਹੋ ਜਾਂਦੀ ਹੈ। ਲਗਾਤਾਰ ਸੱਟ ਪੈਣ ਨਾਲ ਤੁਹਾਡੇ ਅੰਦਰ ਇੱਕ ਸੰਘਟਿਤ ਤੱਤਵ ਦਾ ਉਦੇ ਹੁੰਦਾ ਹੈ।

ਪਰ ਗੁਰਜਿਏਫ਼ ਦੀ ਵਿਧੀ 'ਚ ਇੱਕ ਖ਼ਤਰਾ ਹੈ। ਉਹ ਖ਼ਤਰਾ ਮਹਾਂਵੀਰ ਦੀ ਵਿਧੀ ਵਿੱਚ ਵੀ ਹੈ। ਉਹ ਖ਼ਤਰਾ ਪਤੰਜਲੀ ਦੇ ਯੋਗ 'ਚ ਵੀ ਹੈ ਅਤੇ ਉਹ ਖ਼ਤਰਾ ਇਹ ਹੈ ਕਿ ਕਿਤੇ ਤੁਸੀਂ ਇਸ ਸੰਗ੍ਰਹਿਤ ਤੱਤਵ ਨੂੰ ਹੰਕਾਰ ਦੇ ਨਾਲ ਨਾ ਜੋੜ ਦਿਓ। ਕਿਉਂਕਿ ਉਹ ਬਹੁਤ ਨੇੜੇ-ਨੇੜੇ ਹੈ। ਇੱਕ ਜਿਸ ਨੂੰ ਗੁਰਜਿਏਫ਼ ਕ੍ਰਿਸਟਲਾਈਜ਼ ਸੈਲਫ਼ ਕਹਿੰਦਾ ਹੈ। ਇਹ ਜਿਹੜਾ ਨਵਾਂ ਗੱਠ-ਜੋੜ ਤੁਹਾਡੇ ਅੰਦਰ ਹੋਇਆ ਹੈ, ਕਿਤੇ ਇਸਦੇ ਉਤੇ ਹੰਕਾਰ ਹਾਵੀ ਨਾ ਹੋ ਜਾਏ। ਕਿਤੇ ਤੁਸੀਂ ਉਸਦੇ ਨਾਲ ਆਕੜ ਨਾ ਜਾਓ। ਕਿਤੇ ਤੁਸੀਂ ਇਹ ਨਾ ਕਹਿਣ ਲੱਗ ਜਾਓ ਕਿ ਮੈ ਹੀ ਹਾਂ। ਇਹ ਡਰ ਹੈ ਕਿ ਕਿਤੇ ਤੁਸੀਂ ਪਰਮਾਤਮਾ ਨੂੰ ਭੁੱਲ ਨਾ ਜਾਓ। ਤਾਂ ਤੁਸੀਂ ਪੁੱਜ-ਪੁੱਜ ਕੇ ਵੀ ਖੁੰਝ ਗਏ। ਤੁਸੀਂ ਬਿਲਕੁਲ ਕੰਢੇ ਤੇ ਗਏ ਅਤੇ ਮੁੜ ਆਏ। ਤੁਸੀਂ ਆਖ਼ੀਰੀ ਥਾਂ ਪੁੱਜ ਗਏ ਸੀ ਅਤੇ ਫ਼ਿਰ ਪਰਤ ਗਏ।

ਇਹ ਖ਼ਤਰਾ ਮਹਾਂਵੀਰ ਦੀ ਵਿਧੀ ਵਿੱਚ ਹੈ। ਕਿਉਂਕਿ ਮਹਾਂਵੀਰ ਦੀ ਵਿਧੀ ਵਿੱਚ ਵੀ ਆਤਮ ਭਾਵ ਨੂੰ ਗਹਿਰਾ ਕਰਨਾ ਹੈ। ਪਰਮਾਤਮਾ ਦੀ ਕੋਈ ਥਾਂ ਨਹੀਂ, ਮਹਾਂਵੀਰ ਕਹਿੰਦੇ ਹਨ ਜਦ ਆਤਮ-ਭਾਵ ਭਰਪੂਰ ਹੋ ਜਾਵੇਗਾ ਤਾਂ ਉਥੋਂ ਹੀ ਪਰਮਾਤਮਾ ਪ੍ਰਗਟ ਹੋਵੇਗਾ। ਉਹ ਹੀ ਪਰਮਾਤਮਾ ਹੋ ਜਾਵੇਗਾ। ਇਹ ਠੀਕ ਹੈ। ਮਹਾਂਵੀਰ ਨੂੰ ਅਜਿਹਾ ਹੋਇਆ। ਪਰ ਮਹਾਂਵੀਰ ਦੇ ਪਿੱਛੇ ਟੁਰਨ ਵਾਲਿਆਂ ਨੂੰ ਅਜਿਹਾ ਹੋਇਆ ਵਿਖਾਈ ਨਹੀਂ ਦੇਂਦਾ। ਇਸ ਲਈ ਤਾਂ ਮਹਾਂਵੀਰ ਦੀ ਧਾਰਾ ਸੁੰਗੜ ਗਈ। ਉਸਦੇ ਵਿੱਚ ਖ਼ਤਰਾ ਹੈ ਅਤੇ ਖ਼ਤਰਾ ਇਹ ਹੈ ਕਿ ਆਤਮਾ ਦੇ ਨਾਮ ਉਤੇ ਕਿਤੇ ਹੰਕਾਰ ਆਪਣੇ ਆਪ ਨੂੰ ਪ੍ਰਗਟ ਨਾ

ਕਰਨ ਲੱਗ ਪਵੇ।

ਇਸ ਲਈ ਜੈਨ ਮੁਨੀ ਨੂੰ ਤੁਸੀਂ ਜਿੰਨਾ ਹੰਕਾਰੀ ਵੇਖੋਗੇ ਓਨਾਂ ਕਿਸੇ ਦੂਜੇ ਮੁਨੀ ਨੂੰ ਹੰਕਾਰੀ ਨਹੀਂ ਪਾਓਗੇ। ਜੈਨ ਮੁਨੀ ਹੱਥ ਜੋੜ ਕੇ ਝੁੱਕ ਵੀ ਨਹੀਂ ਸਕਦਾ, ਨਮਸਕਾਰ ਵੀ ਨਹੀਂ ਕਰ ਸਕਦਾ, ਕਿਸਨੂੰ ਨਮਸਕਾਰ ਕਰੇ, ਤੁਸੀਂ ਨਮਸਕਾਰ ਕਰੋ ਤਾਂ ਉਹ ਨਮਸਕਾਰ ਦਾ ਉੱਤਰ ਵੀ ਨਹੀਂ ਦੇ ਸਕਦਾ। ਉਹ ਸਿਰਫ਼ ਆਸ਼ੀਰਵਾਦ ਦੇ ਸਕਦਾ ਹੈ। ਉਸਦੇ ਹੱਥ ਜੁੜਦੇ ਹੀ ਨਹੀਂ, ਵਿਧੀ ਬਿਲਕੁਲ ਸਹੀ ਹੈ, ਪਰ ਬੜੀ ਆਸਾਨੀ ਨਾਲ ਖ਼ਤਰਾ ਹੈ। ਹਰ ਵਿਧੀ ਦਾ ਖ਼ਤਰਾ ਹੈ, ਇਹ ਯਾਦ ਰੱਖਣਾ ਜ਼ਰੂਰੀ ਹੈ।

ਨਾਨਕ ਦੀ ਵਿਧੀ 'ਚ ਉਹ ਖ਼ਤਰਾ ਨਹੀਂ ਹੈ। ਕਿਉਂਕਿ ਨਾਨਕ ਆਪਣੇ ਆਪ ਨੂੰ ਸਮਰਣ ਕਰਨ ਲਈ ਨਹੀਂ ਕਹਿੰਦੇ। ਉਹ ਕਹਿੰਦੇ ਹਨ ਕਿ ਸਾਰੇ ਪ੍ਰਾਣੀਆਂ ਦਾ ਇਕੋ ਦਾਤਾ ਹੈ। ਉਸਨੂੰ ਮੈਂ ਨਾ ਭੁੱਲਾਂ। ਸਾਰਿਆਂ ਦੇ ਅੰਦਰ ਇੱਕ ਦਾ ਹੀ ਵਾਸ ਹੈ। ਅਨੇਕਾਂ ਦੇ ਅੰਦਰ ਇੱਕੋ ਲੁਕਿਆ ਹੈ— "ੴ ਸਤਿਨਾਮੁ"। ਪੱਤੇ-ਪੱਤੇ ਵਿੱਚ ਉਹ ਹੀ ਕੰਬਦਾ ਹੈ। ਹਵਾ ਦੇ ਬੁੱਲਿਆਂ ਵਿੱਚ ਉਹ ਹੀ ਵਗਦਾ ਹੈ। ਬੱਦਲ ਵਿੱਚ, ਆਕਾਸ਼ ਵਿੱਚ, ਚੰਦ ਤਾਰਿਆਂ ਵਿੱਚ, ਕਣ-ਕਣ ਵਿੱਚ, ਸਭ ਵਿੱਚ ਉਹੀ ਹੀ ਹੈ। ਉਸਨੂੰ ਮੈਂ ਨਾ ਭੁੱਲਾਂ। ਉਹ ਮੈਨੂੰ ਚੇਤੇ ਰਹੇ। ਉਸਦੀ ਯਾਦਦਾਸ਼ਤ ਸੰਘਣੀ ਹੁੰਦੀ ਜਾਏ। ਉਸਦੀ ਯਾਦਦਾਸ਼ਤ ਮੇਰੇ ਅੰਦਰ ਕ੍ਰਿਸਟਲਾਈਜ਼ਡ ਹੋ ਜਾਵੇ। ਮੇਰੇ ਅੰਦਰ ਇੱਕ ਸੰਘਣਾ ਤੱਤਵ ਬਣ ਜਾਵੇ।

ਤਾਂ ਇਸਦੇ ਵਿੱਚ ਹੰਕਾਰ ਦਾ ਕੋਈ ਖ਼ਤਰਾ ਨਹੀਂ, ਇਸਦੇ ਵਿੱਚ ਤੁਸੀਂ ਕਦੇ ਹੰਕਾਰੀ ਨਾ ਹੋ ਸਕੋਗੇ। ਇਸ ਲਈ ਨਾਨਕ ਨਾਲੋਂ ਨਿਸ੍ਤਾਵਾਨ ਗਿਆਨੀ ਲੱਭਣਾ ਔਖਾ ਹੈ, ਕਿਉਂਕਿ ਜੇਕਰ ਉਹ ਹੀ ਹੈ, ਤਾਂ ਤੁਸੀਂ ਸਾਰਿਆਂ ਨੂੰ ਹੱਥ ਜੋੜ ਸਕਦੇ ਹੋ। ਤੁਸੀਂ ਸਾਰਿਆਂ ਦੇ ਪੈਰੀਂ ਪੈ ਸਕਦੇ ਹੋ, ਕਿਉਂਕਿ ਸਾਰਿਆਂ ਵਿੱਚ ਉਹ ਹੀ ਹੈ ਅਤੇ ਜਿਸਦੇ ਤੁਸੀਂ ਪੈਰੀਂ ਪੈਂਦੇ ਹੋ, ਉਸਨੂੰ ਚਾਹੇ ਪਤਾ ਵੀ ਨਾ ਹੋਵੇ, ਪਰ ਤੁਹਾਨੂੰ ਤਾਂ ਪਤਾ ਹੈ। ਇਹ ਖ਼ਤਰਾ ਨਾਨਕ ਦੀ ਵਿਧੀ ਵਿੱਚ ਨਹੀਂ ਹੈ। ਲੇਕਿਨ ਇੱਕ ਦੂਜਾ ਖ਼ਤਰਾ ਹੈ।

ਅਤੇ ਉਹ ਖ਼ਤਰਾ ਇਹ ਹੈ ਕਿ ਸਾਰਿਆਂ ਵਿੱਚ ਉਹ ਹੀ ਹੈ, ਉਸਦੀ ਯਾਦ— ਕਿਤੇ ਅਜਿਹਾ ਨਾ ਹੋਵੇ ਕਿ ਆਤਮਾ ਨੂੰ ਭੁੱਲ ਜਾਵੇ। ਕਿਤੇ ਅਜਿਹਾ ਨਾ ਹੋਵੇ ਕਿ ਇਹ ਸਭ ਵਿੱਚ ਹੈ, ਇਸ ਲਈ ਤੁਸੀਂ ਭੁੱਲ ਹੀ ਜਾਓ ਕਿ ਮੈਂ ਵੀ ਹਾਂ। ਤਾਂ ਇੱਕ ਗੂੜ੍ਹੀ ਨੀਂਦ ਲੱਗ ਜਾਵੇਗੀ। ਯੋਗ—ਤੰਦ੍ਰਾ ਹੋ ਜਾਵੇਗੀ। ਤਾਂ ਤੁਸੀਂ ਬੇਹੋਸ਼-ਬੇਹੋਸ਼ ਜਿਹੇ ਜੀਉਂਣ ਲੱਗੋਗੇ। ਤੁਸੀਂ ਉਹ ਸਾਰੀਆਂ ਥਾਵਾਂ ਤੇ ਵੇਖੋਗੇ ਸਿਰਫ਼ ਆਪਣੇ ਅੰਦਰ ਨਹੀਂ ਦੇਖ ਸਕੋਗੇ। ਉਹ ਚਾਰੇ ਪਾਸੇ ਵਿਖਾਈ ਦੇਵੇਗਾ। ਦਸੋਂ ਦਿਸ਼ਾਵਾਂ ਉਸਦੇ ਨਾਲ ਭਰ ਜਾਣਗੀਆਂ। ਤਾਂ ਤੁਸੀਂ ਉਸਦਾ ਗੁਣਗਾਨ ਕਰੋਗੇ, ਤੁਸੀਂ ਉਸਦੀ ਮਹਿਮਾ ਗਾਓਗੇ,

ਪਰ ਤੁਸੀਂ ਖ਼ੁਦ ਉਸ ਮਹਿਮਾ ਤੋਂ ਵਾਂਝੇ ਰਹਿ ਜਾਓਗੇ।

ਇਹ ਖ਼ਤਰਾ ਹੈ। ਪਰ ਇਹ ਖ਼ਤਰਾ ਪਹਿਲੇ ਖ਼ਤਰੇ ਨਾਲੋਂ ਛੋਟਾ ਖ਼ਤਰਾ ਹੈ। ਕਿਉਂਕਿ ਜਿਹੜਾ ਸੁੱਤਾ ਹੈ, ਉਸਨੂੰ ਜਗਾਇਆ ਜਾ ਸਕਦਾ ਹੈ। ਪਰ ਜਿਹੜਾ ਹੰਕਾਰ ਨਾਲ ਭਰ ਗਿਆ ਹੈ, ਉਸਦੀ ਨੀਂਦ ਖ਼ਤਰਨਾਕ ਹੈ। ਉਹ ਕੋਮਾਂ ਵਿੱਚ ਹੈ। ਉਸਨੂੰ ਜਗਾਉਣਾ ਬਹੁਤ ਮੁਸ਼ਕਿਲ ਹੈ। ਉਹ ਕੋਈ ਸਾਧਾਰਣ ਨੀਂਦ ਵਿੱਚ ਨਹੀਂ ਹੈ। ਉਸਨੂੰ ਤੁਸੀਂ ਹਿਲਾਓ-ਜੁਲਾਓ ਕੋਈ ਫ਼ਰਕ ਨਹੀਂ ਪਵੇਗਾ। ਤੰਦ੍ਰਾ ਤੋੜੀ ਜਾ ਸਕਦੀ ਹੈ। ਇਸ ਲਈ ਯੋਗੀਆਂ ਨੇ ਉਸਨੂੰ ਵੱਖਰਾ ਨਾਉਂ ਦਿੱਤਾ ਹੈ, ਯੋਗ-ਤੰਦ੍ਰਾ। ਉਸਨੂੰ ਨੀਂਦਰ ਵੀ ਨਹੀਂ ਕਿਹਾ, ਕਿਉਂਕਿ ਨੀਂਦਰ ਨੂੰ ਤੋੜਣ ਵਿੱਚ ਥੋੜ੍ਹੀ ਤਕਲੀਫ਼ ਹੈ। ਤੰਦ੍ਰਾ ਨੂੰ ਤੋੜਣ ਵਿੱਚ ਜ਼ਰਾ ਵੀ ਤਕਲੀਫ਼ ਨਹੀਂ। ਤੁਸੀਂ ਤੰਦ੍ਰਾ ਵਿੱਚ ਹੋਵੋ ਅਤੇ ਕੋਈ ਤਾਲੀ ਵਜਾ ਦੇਵੇ ਤਾਂ ਟੁੱਟ ਜਾਏਗੀ।

ਨਾਨਕ ਦਾ ਰਾਹ ਮਹਾਂਵੀਰ ਦੇ ਰਾਹ ਤੋਂ ਆਸਾਨ ਹੈ। ਪਰ ਖ਼ਤਰੇ ਨੂੰ ਹਮੇਸ਼ਾਂ ਚੇਤੇ ਰੱਖਣਾ ਚਾਹੀਦਾ ਹੈ। ਹਰ ਰਾਹ ਤੇ ਖ਼ਤਰਾ ਤਾਂ ਹੋਵੇਗਾ ਹੀ। ਕਿਉਂਕਿ ਹਰ ਰਾਹ ਉਤੇ ਭਟਕਣ ਦੀ ਸੰਭਾਵਨਾ ਹੈ। ਹਰ ਰਾਹ ਤੇ ਭ੍ਰਿਸ਼ਟ ਹੋ ਜਾਣ ਦੀ ਸੰਭਾਵਨਾ ਹੈ ਅਤੇ ਤੁਸੀਂ ਅਜਿਹੇ ਹੋ ਕਿ ਜੇਕਰ ਤੁਹਾਨੂੰ ਖ਼ਤਰਾ ਨਾ ਦੱਸਿਆ ਜਾਵੇ, ਤਾਂ ਪੂਰੀ ਸੰਭਾਵਨਾ ਹੈ ਕਿ ਤੁਸੀਂ ਭਟਕ ਜਾਓਗੇ। ਮਹਾਂਵੀਰ ਦਾ ਰਾਹ ਤਿਆਗ ਵਿੱਚ ਅਤੇ ਨਾਨਕ ਦਾ ਰਾਹ ਭੋਗ ਵਿੱਚ ਭਟਕ ਗਿਆ।

ਕਿਉਂਕਿ ਮਹਾਂਵੀਰ ਨੇ ਕਿਹਾ ਕਿ ਸੰਸਾਰ ਨੂੰ ਬਿਲਕੁਲ ਛੱਡ ਦਿਓ। ਭੋਗ ਦਾ ਕਣ ਮਾਤ੍ਰ ਵੀ ਨਾ ਬਚਣ ਦਿਓ। ਤੁਸੀਂ ਪਰਮ ਸੰਨਿਅਸਤ ਹੋ ਜਾਓ। ਉਸਦਾ ਨਤੀਜਾ ਇਹ ਹੋਇਆ ਕਿ ਮਹਾਂਵੀਰ ਦੇ ਤਿਆਗੀ ਸੰਸਾਰ ਦੇ ਦੁਸ਼ਮਣ ਹੋ ਕੇ ਜੀਉਂਦੇ ਰਹੇ ਅਤੇ ਜਦ ਤੁਸੀਂ ਕਿਸੇ ਦੇ ਦੁਸ਼ਮਣ ਹੋ ਕੇ ਜੀਉਂਦੇ ਹੋ ਤਾਂ ਜਿਸ ਦੇ ਤੁਸੀਂ ਦੁਸ਼ਮਣ ਹੋ, ਉਸਦੇ ਨਾਲ ਬੱਝੇ ਰਹਿੰਦੇ ਹੋ। ਜਿਸ ਦੇ ਨਾਲ ਤੁਹਾਡੀ ਦੁਸ਼ਮਣੀ ਹੈ, ਉਸਨੂੰ ਤੁਸੀਂ ਭੁੱਲ ਨਹੀਂ ਸਕਦੇ। ਉਸਦੀ ਯਾਦ ਘਣੀ ਰਹਿੰਦੀ ਹੈ। ਤਾਂ ਮਹਾਂਵੀਰ ਦਾ ਜਿਹੜਾ ਤਿਆਗੀ ਹੈ, ਉਹ ਚੌਵੀ ਘੰਟੇ ਸੰਸਾਰ ਨਾਲ ਲੜ ਰਿਹਾ ਹੈ। ਲੜਾਈ ਦੀ ਵਜ੍ਹਾ ਨਾਲ ਸੰਸਾਰ ਦਾ ਸਮਰਣ ਕਰ ਰਿਹਾ ਹੈ। ਆਤਮਾ ਵਗੈਰਾ ਦਾ ਸਮਰਣ ਤਾਂ ਇੱਕ ਪਾਸੇ ਰਹਿ ਗਿਆ ਹੈ, ਭੋਜਨ, ਕਪੜਾ, ਉੱਠਣਾ, ਬੈਠਣਾ, ਕਿੱਥੇ ਸੌਂਣਾ, ਕਿੱਥੇ ਨਹੀਂ ਸੌਂਣਾ, ਉਹ ਇਨ੍ਹਾਂ ਸਾਰਿਆਂ ਝੰਜਟਾਂ ਵਿੱਚ ਫਸਿਆ ਹੋਇਆ ਹੈ। ਉਹ ਤਿਆਗ ਵਿੱਚ ਭਟਕ ਗਿਆ।

ਨਾਨਕ ਨੇ ਠੀਕ ਦੂਜੀ ਗੱਲ ਕਹੀ ਕਿ ਸਭ ਕੁਝ ਉਹ ਹੀ ਹੈ। ਸਭ ਕੁਝ ਉਸੇ ਦਾ ਹੈ। ਸੰਸਾਰ ਨੂੰ ਛੱਡ ਕੇ ਕਿਤੇ ਵੀ ਜਾਣ ਦੀ ਕੋਈ ਜ਼ਰੂਰਤ ਨਹੀਂ। ਉਹ ਸੰਸਾਰ ਵਿੱਚ ਹੀ ਮੌਜੂਦ ਹੈ ਤਾਂ ਨਾਨਕ ਨੂੰ ਮੰਨਣ ਵਾਲਾ ਸੰਸਾਰ ਵਿੱਚ ਭਟਕ ਗਿਆ। ਨਾਨਕ ਨੇ ਕਿਹਾ

ਕਿ ਸੰਸਾਰ ਨੂੰ ਛੱਡ ਕੇ ਕਿਤੇ ਜਾਣ ਦੀ ਜ਼ਰੂਰਤ ਨਹੀਂ, ਉਸਦਾ ਮਤਲਬ ਇਹ ਨਹੀਂ, ਕਿ ਸੰਸਾਰ ਕਾਫ਼ੀ ਹੈ। ਸੰਸਾਰ ਵਿੱਚ ਹੀ ਉਸਨੂੰ ਲੱਭਣਾ ਹੈ।

ਇਸ ਲਈ ਤੁਸੀਂ ਵੇਖੋ, ਪੰਜਾਬੀ ਹਨ, ਸਿੱਖ ਹਨ, ਸਿੰਧੀ ਹਨ, ਨਾਨਕ ਨੂੰ ਮੰਨਣ ਵਾਲਾ ਜਿਹੜਾ ਵਰਗ (ਤਬਕਾ) ਹੈ, ਇਸ ਮੁਲਕ ਵਿੱਚ ਉਸਨੂੰ ਵੇਖੋ। ਖਾਣ ਵਿੱਚ, ਪੀਣ ਵਿੱਚ, ਕਪੜੇ ਪਹਿਨਣ ਵਿੱਚ ਉਸ ਦਾ ਸਾਰਾ ਜੀਵਨ ਲੱਗਾ ਹੋਇਆ ਹੈ। ਉਹ ਸੋਚਦਾ ਹੈ ਕਿ ਸੰਸਾਰ ਤੋਂ ਬਾਹਰ ਤਾਂ ਕੁਝ ਹੈ ਹੀ ਨਹੀਂ, ਬੱਸ ਇਹੀ ਸਭ ਕੁਝ ਹੈ।

ਸੰਸਾਰ ਵਿੱਚ ਰਹਿ ਕੇ ਉਸਨੂੰ ਪਾਉਣਾ ਹੈ। ਸੰਸਾਰ ਸਭ ਕੁਝ ਨਹੀਂ ਹੈ। ਸੰਸਾਰ ਛੱਡ ਕੇ ਜਾਣ ਦੀ ਕੋਈ ਜ਼ਰੂਰਤ ਨਹੀਂ, ਪਰ ਤਦ ਖ਼ਤਰਾ ਹੈ। ਤਦ ਸੰਸਾਰ ਹੀ ਸਾਰਾ ਕੁਝ ਬਣ ਜਾਵੇ। ਇਸ ਲਈ ਨਾਨਕ ਦੇ ਪਿੱਛੇ ਚੱਲਣ ਵਾਲਾ ਤਬਕਾ ਸੰਸਾਰੀ ਹੋ ਕੇ ਰਹਿ ਗਿਆ ਹੈ। ਉਸਦੇ ਦੇਖਣ ਦਾ ਅਤੇ ਸੋਚਣ ਦਾ ਸਾਰਾ ਢੰਗ ਸੰਸਾਰੀ ਹੈ।

ਇਹ ਵੱਡੇ ਖ਼ਤਰੇ ਹਨ। ਹਰ ਮਾਰਗ ਨਾਲ ਖ਼ਤਰਾ ਹੈ। ਹੋਰ ਜੇਕਰ ਤੁਸੀਂ ਖ਼ਤਰੇ ਤੋਂ ਸੁਚੇਤ ਨਹੀਂ ਹੋ, ਤਾਂ ਸੌ ਵਿਚੋਂ ਨਿਨਾਨਵੇਂ ਮੌਕਿਆਂ ਉਤੇ ਤੁਸੀਂ ਖ਼ਤਰੇ ਵਿੱਚ ਹੀ ਜਾਓਗੇ। ਕਿਉਂਕਿ ਤੁਹਾਡੀ ਬੁੱਧੀ ਜਿਸ ਤਰ੍ਹਾਂ ਦੀ ਹੈ, ਉਹ ਠੀਕ ਤਾਂ ਚੱਲ ਨਹੀਂ ਸਕਦੀ। ਉਹ ਟੇਢੀ ਚਲਦੀ ਹੈ। ਤੁਸੀਂ ਕਦੇ ਖੋਤੇ ਨੂੰ ਟੁਰਦਿਆਂ ਵੇਖਿਆ? ਉਹ ਕਦੇ ਵਿਚਕਾਰ ਰਾਹ ਉਤੇ ਨਹੀਂ ਟੁਰਦਾ। ਉਹ ਹਮੇਸ਼ਾਂ ਦੀਵਾਰ—ਇਸ ਪਾਸੇ ਜਾਂ ਉਸ ਪਾਸੇ, ਅਤਿ 'ਤੇ ਟੁਰਦਾ ਹੈ।

ਬੁੱਧੀ ਨੂੰ ਖੋਤਾ ਹੀ ਕਹਿਣਾ ਠੀਕ ਹੈ। ਤੁਸੀਂ ਬੁੱਧੂਆਂ ਨੂੰ ਖੋਤਾ ਕਹਿੰਦੇ ਹੋ, ਪਰ ਬੁੱਧੀਮਾਨੀ ਹੀ ਖੋਤਾਪਨ ਹੈ। ਕਿਉਂਕਿ ਬੁੱਧੀ ਟੁਰਦੀ ਹੀ ਕੰਢੇ ਉਤੇ ਇੱਕ ਅਤਿ ਫ਼ੜਦੀ ਜਾਂ ਦੂਜੀ ਅਤਿ। ਅਤੇ ਬੁੱਧੀਮਾਨ ਦੀ ਨਿਸ਼ਾਨੀ ਹੈ, ਮੱਧ ਵਿੱਚ ਹੋਣਾ ਅਤੇ ਉਥੇ ਖ਼ਤਰਾ ਹੈ।

ਇਸ ਲਈ ਨਾਨਕ ਦੀਆਂ ਪਰਮ-ਗੂੜ੍ਹੀਆਂ ਗੱਲਾਂ ਗੁਆਚ ਗਈਆਂ। ਸਿੱਖ ਤਾਂ ਹਨ, ਪਰ ਨਾਨਕ ਦੇ ਸਿੱਖ ਕਿੱਥੇ? ਜਿਨ੍ਹਾਂ ਨੇ ਸਿੱਖਿਆ ਸੁਣੀ ਹੋਵੇ, ਜਿਨ੍ਹਾਂ ਨੇ ਆਪਣੇ ਸਿਰ ਨੂੰ ਛੋਂਡਿਆ ਹੋਵੇ, ਜਿਹੜਾ ਸ਼ਰਧਾਲੂ ਹਿਰਦੇ ਨਾਲ ਭਰਿਆ ਹੋਵੇ ਅਤੇ ਜਿਨ੍ਹਾਂ ਨੇ ਇੱਕ ਗੱਲ ਯਾਦ ਰੱਖੀ ਹੋਵੇ "ਇੱਕ ਗੁਰ ਨਾਲ ਸਭ ਹੱਲ ਹੋ ਜਾਂਦਾ ਹੈ ਕਿ ਸਾਰੇ ਪ੍ਰਾਣੀਆਂ ਦਾ ਇਕੋ ਹੀ ਦਾਤਾ, ਉਸਨੂੰ ਮੈਂ ਕਦੇ ਨਾ ਭੁੱਲਾਂ।"

ਉਹ ਯਾਦ ਬਣੀ ਰਹੇ। ਉਸਦੀ ਲਗਾਤਾਰ ਪ੍ਰਤੀਤਿ ਬਣੀ ਰਹੇ। ਉਠਦਿਆਂ-ਬੈਠਦਿਆਂ ਉਹ ਮੇਰੇ ਵਿੱਚ ਸਮਾ ਜਾਵੇ। ਮੈਂ ਜੋ ਵੀ ਕਰਾਂ, ਉਹ ਉਸਦੇ ਸਮਰਣ ਦੇ ਨਾਲ ਹੀ ਹੋਵੇ। ਤਾਂ ਤੁਸੀਂ ਸੰਸਾਰ ਵਿੱਚ ਰਹਿੰਦੇ ਹੋਏ ਸੰਸਾਰ ਤੋਂ ਪਾਰ ਹੋ ਜਾਓਗੇ। ਇਥੇ ਰਹਿੰਦੇ ਹੋਏ ਉਥੇ ਪੁੱਜ ਜਾਓਗੇ। ਮੰਦਰ ਜਾਣ ਦੀ ਜ਼ਰੂਰਤ ਨਹੀਂ, ਘਰ ਹੀ ਮੰਦਰ ਹੋ

ਜਾਏਗਾ। ਸਾਧਾਰਣ ਕੰਮ-ਕਾਜ ਵੀ ਉਸਦੀ ਅਸਾਧਾਰਣ ਮਹਿਮਾ ਨਾਲ ਭਰ ਜਾਏਗਾ। ਤੁਹਾਡਾ ਕੋਈ ਕੰਮ ਸਾਧਾਰਣ ਨਹੀਂ ਰਹੇਗਾ, ਅਸਾਧਾਰਣ ਹੋ ਜਾਵੇਗਾ। ਜਿੱਥੇ ਵੀ ਤੁਸੀਂ ਇਸ਼ਨਾਨ ਕਰੋਗੇ, ਉਥੇ ਹੀ ਗੰਗਾ ਹੋਵੇਗੀ।

ਪਰ ਡਰ ਹੈ ਕਿ ਤੁਸੀਂ ਸੋਚ ਲਵੋ, ਫ਼ਿਰ ਕੁਝ ਕਰਨ ਨੂੰ ਨਹੀਂ ਬਚਿਆ, ਫ਼ਿਰ ਅਸੀਂ ਜਿੱਥੇ ਇਸ਼ਨਾਨ ਕਰਦੇ ਹਾਂ ਉਥੇ ਹੀ ਠੀਕ ਹੈ। ਗੰਗਾ ਦਾ ਸਵਾਲ ਨਹੀਂ ਹੈ, ਸਵਾਲ ਤੁਹਾਡਾ ਹੈ। ਤੁਸੀਂ ਜਦ ਅਲੱਗ ਹੁੰਦੇ ਹੋ ਤਾਂ ਪਿੰਡ ਦੀ ਸਾਧਾਰਣ ਜਿਹੀ ਨਦੀ ਗੰਗਾ ਹੋ ਜਾਂਦੀ ਹੈ। ਜੇਕਰ ਤੁਸੀਂ ਅਲੱਗ ਨਹੀਂ ਹੁੰਦੇ, ਤੁਸੀਂ ਗੰਗਾ ਨੂੰ ਵੀ ਸਾਧਾਰਣ ਨਦੀ ਬਣਾ ਲੈਂਦੇ ਹੋ। ਤੁਹਾਡੇ ਸਾਧਾਰਣ ਅਤੇ ਅਸਾਧਾਰਣ ਹੋਣ ਦਾ ਸਵਾਲ ਹੈ।

ਸਾਧਾਰਣਪਨ ਕੀ ਹੈ? ਸਾਧਾਰਣਪਨ ਹੈ ਬਿਨਾਂ ਯਾਦ ਤੋਂ ਜੀਉਂਣਾ ਅਤੇ ਅਸਾਧਾਰਣਪਨ ਹੈ ਉਸਦੀ ਯਾਦ ਨਾਲ ਜੀਉਂਣਾ ਅਤੇ ਉਸਦੀ ਯਾਦ ਕੀਮਤੀ ਹੈ। ਉਸਦੇ ਲਈ ਤੁਹਾਨੂੰ ਕੁਝ ਵੀ ਗੁਆਉਣਾ ਪਵੇ ਤਾਂ ਤੁਸੀਂ ਤਿਆਰ ਰਹੋਗੇ। ਪਰ ਉਸਦੀ ਯਾਦ ਨੂੰ ਗੁਆਉਣ ਲਈ ਤਿਆਰ ਨਹੀਂ ਰਹੋਗੇ।

ਇਸ ਲਈ ਨਾਨਕ ਕਹਿੰਦੇ ਹਨ: ਸਿੱਖਿਆ ਜਿਹੜਾ ਸੁਣ ਲੈਂਦਾ ਹੈ, ਉਸਦੀ ਬੁੱਧੀ ਰਤਨ, ਜਵਾਹਰ ਅਤੇ ਮਾਣਕ ਵਰਗੀ ਹੋ ਜਾਂਦੀ ਹੈ। ਕਿਉਂ ਮਾਣਕ, ਰਤਨ ਅਤੇ ਜਵਾਹਰ ਦੀ ਉਹ ਗੱਲ ਕਰ ਰਹੇ ਹਨ? ਇਸ ਲਈ ਕਰ ਰਹੇ ਹਨ ਕਿ ਜੇਕਰ ਜ਼ਰੂਰਤ ਪਵੇਗੀ ਤਾਂ ਤੁਸੀਂ ਹੋਰ ਸਭ ਛੱਡ ਦਿਓਗੇ, ਪਰ ਮਾਣਕ ਨੂੰ ਨਹੀਂ ਛੱਡੋਗੇ, ਤੁਹਾਡੀ ਜੇਬ ਵਿੱਚ ਰੁਪਈਏ ਦਾ ਨੋਟ ਪਿਆ ਹੈ। ਅਤੇ ਮਾਣਕ ਪਿਆ ਹੈ: ਜ਼ਰੂਰਤ ਪਵੇਗੀ ਤਾਂ ਤੁਸੀਂ ਰੁਪਈਏ ਦਾ ਨੋਟ ਛੱਡ ਦਿਓਗੇ। ਜ਼ਰੂਰਤ ਪਈ ਤਾਂ ਤੁਸੀਂ ਪੂਰਾ ਘਰ ਛੱਡ ਦਿਓਗੇ। ਕਿਉਂਕਿ ਤੁਸੀਂ ਜਾਣਦੇ ਹੋ, ਉਹ ਸਭ ਤੋਂ ਕੀਮਤੀ ਹੈ। ਜੀਵਨ ਕੋਲੋਂ ਸਭ ਛੁੱਟ ਜਾਵੇ, ਪਰ ਸਮਰਣ ਨਹੀਂ ਛੁੱਟੇਗਾ। ਕਿਉਂਕਿ ਤੁਸੀਂ ਜਾਣਦੇ ਹੋ ਸਾਰਾ ਜੀਵਨ ਦੋ ਕੌੜੀਆਂ ਦਾ ਹੈ। ਉਹ ਸਿਮਰਣ ਮਾਣਕ ਦੇ ਵਾਂਗ ਹੈ। ਉਹ ਸਭ ਤੋਂ ਕੀਮਤੀ ਹੈ।

"ਹੋਰ ਕਿਸੇ ਦੀ ਉਮਰ ਚਾਰੇ ਜੁਗਾਂ ਦੇ ਬਰਾਬਰ ਹੋ ਜਾਵੇ, ਉਸ ਤੋਂ ਵੀ ਦਸ ਗੁਣੀ ਹੋ ਜਾਵੇ, ਜੇਕਰ ਨੌਵਾਂ ਖੰਡਾਂ ਦੇ ਲੋਕ ਉਸਨੂੰ ਜਾਣਦੇ ਹੋਣ ਅਤੇ ਉਸਦੇ ਨਾਲ ਟੁਰਦੇ ਹੋਣ, ਜਿਸ ਨੂੰ ਵੱਡਾ ਨਾਉਂ ਪ੍ਰਾਪਤ ਹੋਵੇ, ਜਿਸ ਦੀ ਕੀਰਤੀ ਸਾਰੇ ਜਗਤ ਵਿੱਚ ਫੈਲੀ ਹੋਈ ਹੋਵੇ, ਉਹ ਵੀ ਜੇਕਰ ਉਸਦੀ ਦ੍ਰਿਸ਼ਟੀ ਵਿੱਚ ਨਹੀਂ ਜਚਦਾ ਹੈ, ਤਾਂ ਕੋਈ ਵੀ ਕੀਮਤ ਨਹੀਂ ਹੈ। ਉਸਦੀ ਪੁੱਛ ਦਾ ਕੋਈ ਵੀ ਅਰਥ ਨਹੀਂ ਹੈ ਉਸਨੂੰ ਕੋਈ ਵੀ ਨਹੀਂ ਪੁੱਛਦਾ।"

*ਜੇ ਜੁਗ ਚਾਰੇ ਆਰਜਾ ਹੋਰ ਦਸੂਣੀ ਹੋਇ॥*
*ਨਵਾ ਖੰਡਾ ਵਿਚਿ ਜਾਣੀਐ ਨਾਲਿ ਚਲੈ ਸਭੁ ਕੋਇ॥*

*ਚੰਗਾ ਨਾਉ ਰਖਾਇ ਕੈ ਜਸੁ ਕੀਰਤਿ ਜਗਿ ਲੇਇ॥*
*ਜੇ ਤਿਸੁ ਨਦਰਿ ਨ ਆਵਈ ਤ ਵਾਤ ਨ ਪੁਛੈ ਕੇ॥*

ਨਾਨਕ ਕਹਿੰਦੇ ਹਨ, ਤੁਹਾਡੇ ਕੋਲ ਚਾਰੇ ਜੁਗਾਂ ਦੀ ਉਮਰ ਹੋਵੇ, ਸਤਜੁਗ ਤੋਂ ਲੈ ਕੇ ਕਲਜੁਗ ਤੱਕ, ਜਿੰਨੀ ਇਸ ਸ੍ਰਿਸ਼ਟੀ ਦੀ ਉਮਰ ਹੈ, ਉਨੀ ਤੁਹਾਡੀ ਉਮਰ ਹੋਵੇ, ਉਸ ਤੋਂ ਵੀ ਦਸ ਗੁਣੀ ਹੋ ਜਾਏ, ਨੌਵਾਂ ਖੰਡਾਂ ਦੇ ਲੋਕ, ਸਾਰੀ ਸ੍ਰਿਸ਼ਟੀ ਦੇ ਲੋਕ ਤੁਹਾਨੂੰ ਜਾਣਦੇ ਹੋਣ, ਤੁਹਾਡੇ ਨਾਲ ਟੁਰਦੇ ਹੋਣ, ਤੁਹਾਡਾ ਜੱਸ ਬਹੁਤ ਹੋਵੇ, ਸਾਰੇ ਜਗਤ ਵਿੱਚ ਤੁਹਾਡੀ ਕੀਰਤੀ ਹੋਵੇ, ਫ਼ਿਰ ਵੀ ਜੇਕਰ ਉਸਦੀ ਨਿਗਾਹ ਵਿੱਚ ਤੁਸੀਂ ਨਾ ਜਚੇ, ਤਾਂ ਕੁੱਝ ਵੀ ਸਾਰ ਨਹੀਂ ਹੈ। ਇਸਨੂੰ ਥੋੜ੍ਹਾ ਸੋਚੀਏ। ਤਾਂ ਸਾਡੀ ਇਹ ਹੀ ਖੋਜ ਹੈ ਕਿ ਸਾਰੀ ਦੁਨੀਆਂ ਸਾਨੂੰ ਜਾਣ ਲਵੇ, ਸਾਰੀ ਦੁਨੀਆਂ ਦਾ ਸਾਮਰਾਜ ਸਾਡਾ ਹੋਵੇ, ਉਮਰ ਹੋਵੇ, ਧਨ ਹੋਵੇ, ਸਤਿਕਾਰ ਹੋਵੇ, ਜੱਸ ਹੋਵੇ, ਇਹ ਹੀ ਸਾਡੀ ਖੋਜ ਹੈ ਅਤੇ ਨਾਨਕ ਕਹਿੰਦੇ ਹਨ, ਤੁਸੀਂ ਸਭ ਪਾ ਲਵੋ, ਤੁਸੀਂ ਪੂਰੀ ਦੁਨੀਆਂ ਦੇ ਮਾਲਿਕ ਹੋ ਜਾਓ, ਪਰ ਉਸਨੂੰ ਨਾ ਜਚੋ ਤਾਂ ਕੁਝ ਵੀ ਸਾਰ ਨਹੀਂ ਹੈ।

ਕੀ ਗੱਲ ਹੈ? ਕੀ ਕਾਰਣ ਹੈ?

ਸਾਰਾ ਕੁਝ ਪਾ ਕੇ ਵੀ ਤੁਸੀਂ ਕਦੇ ਕਿਸੇ ਨੂੰ ਤ੍ਰਿਪਤ ਹੁੰਦੇ ਵੇਖਿਆ? ਪੁੱਛੋ ਅਰਬਪਤੀਆਂ ਤੋਂ, ਪੁੱਛੋ ਸਿਕੰਦਰਾਂ ਤੋਂ, ਹਿਟਲਰਾਂ ਤੋਂ। ਤੁਸੀਂ ਉਨ੍ਹਾਂ ਨੂੰ ਕਦੇ ਤ੍ਰਿਪਤ ਵੇਖਿਆ? ਕਦੇ ਤੁਸੀਂ ਉਨ੍ਹਾਂ ਦੇ ਆਲੇ-ਦੁਆਲੇ ਅਜਿਹਾ ਭਾਵ, ਅਜਿਹੀ ਹਵਾ ਵੇਖੀ, ਜਿਹੜੀ ਖ਼ਬਰ ਦਿੰਦੀ ਹੋਵੇ ਕਿ ਸਭ ਮਿਲ ਗਿਆ?

ਉਲਟੀ ਹੀ ਹਾਲਤ ਹੈ। ਜਿੰਨਾਂ ਤੁਸੀਂ ਅਜਿਹੇ ਲੋਕਾਂ ਦੇ ਨੇੜੇ ਜਾਓਗੇ, ਓਨਾਂ ਹੀ ਤੁਹਾਨੂੰ ਪਤਾ ਲੱਗੇਗਾ ਕਿ ਉਨ੍ਹਾਂ ਦੀ ਦਰਿਦ੍ਰਤਾ ਕਿੰਨੀ ਵੱਡੀ ਹੈ। ਉਨ੍ਹਾਂ ਦਾ ਭਿੱਖਿਆ-ਪਾਤਰ ਵੱਡਾ ਹੋ ਗਿਆ ਹੈ, ਉਹ ਹੋਰ ਮੰਗ ਰਹੇ ਹਨ। ਨੌ-ਖੰਡ ਕਾਫ਼ੀ ਨਹੀਂ ਹਨ, ਚਾਰੇ ਜੁਗਾਂ ਦੀ ਉਮਰ ਕਾਫ਼ੀ ਨਹੀਂ ਹੈ। ਉਨ੍ਹਾਂ ਦੀ ਮੰਗ, ਜੋ ਵੀ ਮਿਲ ਜਾਵੇ ਉਸਦੇ ਨਾਲੋਂ ਵੱਡੀ ਹੈ। ਉਨ੍ਹਾਂ ਦਾ ਅਭਾਵ ਅਨੰਤ ਹੈ। ਉਹ ਭਰਿਆ ਨਹੀਂ ਜਾ ਸਕਦਾ, ਉਸਨੂੰ ਭਰਨ ਦਾ ਕੋਈ ਉਪਾਅ ਨਹੀਂ। ਉਨ੍ਹਾਂ ਦੀ ਤ੍ਰਿਸ਼ਨਾ ਦੁਸ਼ਪੂਰ ਹੈ। ਉਨ੍ਹਾਂ ਦੀ ਚਾਹ ਦੀ ਕੋਈ ਸੀਮਾ ਨਹੀਂ ਹੈ। ਜੋ ਵੀ ਮਿਲ ਜਾਂਦਾ ਹੈ, ਚਾਹ ਹੋਰ ਅਗਾਂਹ ਵਧ ਜਾਂਦੀ ਹੈ।

ਚਾਹ ਅੱਗੇ ਹੀ ਵਧਦੀ ਜਾਂਦੀ ਹੈ। ਚਾਹ ਤੁਹਾਡੇ ਨਾਲੋਂ ਮੀਲਾਂ ਅੱਗੇ ਟੁਰਦੀ ਹੈ। ਤੁਸੀਂ ਜਿੱਥੇ ਜਾਂਦੇ ਹੋ, ਉਹ ਤੁਹਾਡੇ ਤੋਂ ਪਹਿਲਾਂ ਪੁੱਜੀ ਹੈ ਅਤੇ ਜਿੰਨਾਂ ਬਹੁਤਾ ਤੁਹਾਡੇ ਕੋਲ ਹੁੰਦਾ ਹੈ ਓਨਾਂ ਹੀ ਤੁਹਾਨੂੰ ਅਹਿਸਾਸ ਹੋਣ ਲੱਗਦਾ ਹੈ ਕਿ ਤੁਸੀਂ ਕਿਸੇ ਗ਼ਲਤ ਰਾਹ ਤੇ ਚਲਦੇ ਹੋ, ਕਿਉਂਕਿ ਤ੍ਰਿਪਤੀ ਤਾਂ ਮਿਲਦੀ ਹੀ ਨਹੀਂ, ਮੁੜ ਵੀ ਨਹੀਂ ਸਕਦੇ, ਕਿਉਂਕਿ ਹੰਕਾਰ ਕਹਿੰਦਾ ਹੈ, ਕਿੱਥੇ ਮੁੜ ਕੇ ਜਾਂਦੇ ਹੋ?

ਦੋ ਮੰਗਤੇ ਇੱਕ ਦਰੱਖਤ ਦੇ ਹੇਠਾਂ ਆਰਾਮ ਕਰ ਰਹੇ ਸੀ। ਇੱਕ ਮੰਗਤਾ ਰੋ ਰਿਹਾ ਸੀ ਅਤੇ ਸ਼ਿਕਾਇਤਾਂ ਕਰ ਰਿਹਾ ਸੀ। ਜਦ ਸਮ੍ਰਾਟ ਰੋਂਦੇ ਹਨ, ਸ਼ਿਕਾਇਤਾਂ ਕਰਦੇ ਹਨ, ਤਾਂ ਵਿਚਾਰਾ ਮੰਗਤਾ ! ਉਹ ਕਹਿ ਰਿਹਾ ਸੀ, ਇਹ ਵੀ ਕੋਈ ਜ਼ਿੰਦਗੀ ਹੈ, ਅੱਜ ਇਸ ਪਿੰਡ, ਕੱਲ੍ਹ ਉਸ ਪਿੰਡ, ਬਿਨਾਂ ਟਿਕਟ ਸਫਰ ਕਰੋ। ਕਿਤੇ ਵੀ ਉਤਾਰ ਦਿੱਤੇ ਜਾਓ। ਜਿਸਨੂੰ ਵੇਖੋ ਉਹ ਹੀ ਉਪਦੇਸ਼ ਦਿੰਦਾ, ਮੰਗੋ ਰੋਟੀ, ਮਿਲਦੈ ਉਪਦੇਸ਼। ਜਿਸਨੂੰ ਵੇਖੋ ਉਹ ਹੀ ਕਹੇ, ਚੰਗੇ-ਭਲੇ ਹੋ, ਜਾਓ ਕੰਮ ਕਰੋ। ਹਰ ਥਾਂ ਅਪਮਾਨ, ਹਰ ਥਾਂ ਨਿੰਦਾ, ਇਹ ਵੀ ਕੋਈ ਜੀਵਨ ਹੈ? ਅਤੇ ਖਦੇੜੇ ਜਾਂਦੇ ਹੋ ਹਰ ਥਾਂ ਤੋਂ। ਪੁਲਿਸ ਵਾਲੇ ਸਦਾ ਪਿੱਛੇ ਖਲੋਤੇ ਹਨ। ਜਿੱਥੇ ਸੋਇਐ ਉਥੋਂ ਹੀ ਉਠਾ ਦਿੱਤਾ ਜਾਂਦਾ ਹੈ। ਰਾਤ ਪੂਰੀ ਨੀਂਦ ਵੀ ਇੱਕ ਥਾਂ 'ਤੇ ਨਹੀਂ ਲੈ ਸਕਦੇ।

ਤਾਂ ਦੂਜੇ ਨੇ ਕਿਹਾ, ਫਿਰ ਤੂੰ ਇਹ ਕੰਮ ਛੱਡ ਹੀ ਕਿਉਂ ਨਹੀਂ ਦਿੰਦਾ? ਉਸਨੇ ਕਿਹਾ, ਕੀ? ਕੀ ਮੈਂ ਮੰਨ ਲਵਾਂ ਕਿ ਮੈਂ ਨਾਕਾਮ ਹੋ ਗਿਆ?

ਮੰਗਤਾ ਵੀ ਮੰਨਦਾ ਨਹੀਂ ਕਿ ਉਹ ਨਾਕਾਮ ਹੋ ਗਿਆ ਹੈ। ਤਾਂ ਕਰੋੜਪਤੀ ਤਾਂ ਕਿਵੇਂ ਮੰਨੇਗਾ? ਰਾਜਨੀਤਿਕ ਤਾਂ ਕਿਵੇਂ ਮੰਨੇ ਕਿ ਨਾਕਾਮ ਹੋ ਗਿਆ ਹੈ? ਨਹੀਂ, ਉਹ ਕਹਿੰਦਾ ਹੈ ਸਿੱਧ ਕਰਕੇ ਰਹਾਂਗਾ। ਹਾਲਾਂਕਿ ਅੱਜ ਤੱਕ ਕੋਈ ਸਿੱਧ ਨਹੀਂ ਕਰ ਸਕਿਆ, ਨਹੀਂ ਤਾਂ ਮਹਾਂਵੀਰ, ਬੁੱਧ, ਨਾਨਕ, ਸਾਰੇ ਮੂਰਖ ਹਨ। ਕੋਈ ਵੀ ਸਿੱਧ ਨਹੀਂ ਕਰ ਸਕਿਆ, ਕਿ ਮਿਲਨ ਨਾਲ ਕੁਝ ਮਿਲਦਾ ਹੈ।

ਪਰ ਹੰਕਾਰ ਪਿੱਛੇ ਮੁੜਣਾ ਨਹੀਂ ਚਾਹੁੰਦਾ। ਹੰਕਾਰ ਕਹਿੰਦਾ ਹੈ ਹੋਰ ਅੱਗੇ ਵਧੋ। ਸ਼ਾਇਦ ਮੰਜ਼ਿਲ ਥੋੜ੍ਹੀ ਹੀ ਦੂਰ ਹੋਵੇ। ਕੌਣ ਜਾਣਦਾ ਹੈ? ਦੋ ਕਦਮ ਹੋਰ ! ਆਸ ਦਾ ਜਾਲ ਫ਼ੈਲਦਾ ਹੀ ਜਾਂਦਾ ਹੈ। ਹੰਕਾਰ ਪਿੱਛੇ ਨਹੀਂ ਮੁੜਣ ਦਿੰਦਾ, ਆਸ ਅਗਾਂਹ ਨੂੰ ਖਿੱਚਦੀ ਹੈ। ਆਸ ਭਵਿਖ ਦਾ ਰਾਹ ਬਣਾਉਂਦੀ ਜਾਂਦੀ ਹੈ। ਹੰਕਾਰ ਕਹਿੰਦਾ ਹੈ, ਏਨੇ ਟੁਰ ਆਏ ਅਤੇ ਹੁਣ ਤੱਕ ਏਨੀ ਕਮਜ਼ੋਰੀ ਕਦੇ ਮੰਨੀ ਨਹੀਂ ਹੈ ਕਿ ਅਸੀਂ ਗ਼ਲਤ ਰਾਹ ਤੇ ਹਾਂ, ਹੁਣ ਕਿਵੇਂ ਮੰਨੋਗੇ? ਢੱਕ ਲਵੋ, ਲੁਕਾ ਲਵੋ, ਕਿਸੇ ਤਰ੍ਹਾਂ ਟੁਰਦੇ ਜਾਓ। ਕਦੇ ਤਾਂ ਪੂਰੀ ਤਰ੍ਹਾਂ ਸਫ਼ਲਤਾ ਮਿਲੇਗੀ।

ਤੁਹਾਡੇ ਸਭ ਸਫਲ ਲੋਕਾਂ ਦੇ ਅੰਦਰ ਅਸਫਲਤਾ ਦੇ ਅੱਥਰੂ ਲੁਕੇ ਹਨ। ਉਹ ਪ੍ਰਗਟ ਨਹੀਂ ਕਰਦੇ। ਇਸ ਲਈ ਉਨ੍ਹਾਂ ਦੇ ਚੇਹਰੇ ਅਤੇ ਪ੍ਰਾਈਵੇਟ ਫ਼ੇਸਿਸ ਵੱਖਰੇ ਹਨ। ਉਨ੍ਹਾਂ ਦਾ ਚੇਹਰਾ, ਜਿਹੜਾ ਉਹ ਜਨਤਾ ਨੂੰ ਵਖਾਉਂਦੇ ਹਨ, ਉਹ ਵੱਖਰਾ ਹੈ ਅਤੇ ਉਨ੍ਹਾਂ ਦਾ ਆਪਣਾ ਚਿਹਰਾ, ਜਿਹੜਾ ਉਹ ਆਪਣੇ ਬਾਥਰੂਮ ਦੇ ਸ਼ੀਸ਼ੇ ਵਿੱਚ ਵੇਖਦੇ ਹਨ, ਉਹ ਬਿਲਕੁਲ ਵੱਖਰਾ ਹੈ। ਤੁਸੀਂ ਉਨ੍ਹਾਂ ਨੂੰ ਰੋਂਦਿਆਂ ਵੇਖੋਗੇ। ਜਦ ਜਨਤਾ ਵਿੱਚ ਵੇਖੋਗੇ, ਤੁਸੀਂ ਉਨ੍ਹਾਂ ਨੂੰ ਮੁਸਕੁਰਾਉਂਦੇ ਵੇਖੋਗੇ। ਉਨ੍ਹਾਂ ਦੀ ਮੁਸਕਰਾਹਟ ਝੂਠੀ ਹੈ। ਉਸ

ਮੁਸਕਰਾਹਟ ਅੰਦਰ ਕੁਝ ਵੀ ਨਹੀਂ ਹੈ, ਕੇਵਲ ਅੱਥਰੂ ਲੁਕੇ ਹਨ।

ਨਾਨਕ ਕਹਿੰਦੇ ਹਨ, ਸਭ ਮਿਲ ਜਾਵੇ ਤਾਂ ਵੀ ਤ੍ਰਿਪਤੀ ਨਹੀਂ ਮਿਲਦੀ। ਤ੍ਰਿਪਤੀ ਤਾਂ ਤਦ ਮਿਲਦੀ ਹੈ, ਜੇਕਰ ਤੁਸੀਂ ਉਸਨੂੰ ਭਾ ਜਾਓ ਅਤੇ ਫਿਰ ਤਾਂ ਨੰਗੇ ਫ਼ਕੀਰ ਨੂੰ ਵੀ ਮਿਲ ਜਾਂਦੀ ਹੈ। ਜਿਸਦੇ ਕੋਲ ਕੁਝ ਨਹੀਂ ਹੈ, ਉਸਨੂੰ ਵੀ ਅਸੀਂ ਆਨੰਦਿਤ ਵੇਖਿਆ ਹੈ ਅਤੇ ਜਿਨ੍ਹਾਂ ਕੋਲ ਸਭ ਹੈ ਉਹ ਵੀ ਦੁਖੀ।

ਤਾਂ ਜ਼ਰੂਰ ਤ੍ਰਿਪਤੀ ਦਾ ਸੂਤਰ ਕਿਤੇ ਹੋਰ ਹੈ ਅਤੇ ਤੁਹਾਡੇ ਕੋਲ ਕੀ ਹੈ, ਇਸਦੇ ਨਾਲ ਉਸਦਾ ਕੋਈ ਸੰਬੰਧ ਨਹੀਂ। ਤੁਹਾਡਾ ਕੁਦਰਤ ਦੇ ਨਾਲ ਕੀ ਸੰਬੰਧ ਹੈ, ਉਸਦੇ ਨਾਲ ਉਸਦਾ ਸੰਬੰਧ ਹੈ। ਤੁਹਾਡੇ ਕੋਲ ਕੀ ਹੈ ਇਸਦੇ ਨਾਲ ਫ਼ੈਸਲਾ ਨਹੀਂ ਹੁੰਦਾ, ਕਿ ਤੁਸੀਂ ਤ੍ਰਿਪਤ ਹੋ। ਤੁਹਾਡੇ ਅਤੇ ਪਰਮਾਤਮਾ ਦੇ ਵਿਚਾਲੇ ਕੀ ਰਿਸ਼ਤਾ ਹੈ? ਉਸ ਦਿਸ਼ਾ ਵਿੱਚ ਤੁਸੀਂ ਕਿਹੋ ਜਿਹੇ ਸੂਤਰ ਬੰਨ੍ਹੇ ਹਨ। ਉਸ ਤੋਂ ਪਤਾ ਲੱਗਦਾ ਹੈ ਕਿ ਤੁਸੀਂ ਤ੍ਰਿਪਤ ਹੋ ਜਾਂ ਅਤ੍ਰਿਪਤ ਹੋ। ਜੇਕਰ ਉਸਦੇ ਨਾਲ ਰਿਸ਼ਤਾ ਜੁੜ ਗਿਆ, ਜੇ ਤੁਸੀਂ ਉਸਦੇ ਵੱਲ ਸਨਮੁਖ ਹੋ ਗਏ....।

ਅਤੇ ਉਹ ਹੀ ਹੈ ਅਰਥ ਇਸ ਗੱਲ ਦਾ ਕਿ ਜੇਕਰ ਤੁਸੀਂ ਉਸਨੂੰ ਜਚ ਗਏ। ਤੁਸੀਂ ਉਸਨੂੰ ਜਚੇ ਹੀ ਹੋਏ ਹੋ, ਨਹੀਂ ਤਾਂ ਤੁਹਾਨੂੰ ਪੈਦਾ ਹੀ ਕਿਉਂ ਕਰੇ? ਤੁਸੀਂ ਉਸਨੂੰ ਜਚੇ ਹੀ ਹੋਏ ਹੋ, ਨਹੀਂ ਤਾਂ ਉਹ ਤੁਹਾਨੂੰ ਏਨਾ ਮੌਕਾ ਕਿਉਂ ਦਿੰਦਾ, ਤੁਸੀਂ ਉਸਨੂੰ ਜਚੇ ਹੀ ਹੋ, ਪਰ ਤੁਸੀਂ ਪਿੱਠ ਕਰਕੇ ਖਲੋਤੇ ਹੋ। ਜਚ ਜਾਣ ਦਾ ਅਰਥ ਹੈ, ਜਦ ਤੁਸੀਂ ਸਨਮੁਖ ਹੋ ਜਾਂਦੇ ਹੋ ਅਤੇ ਜਦ ਤੁਸੀਂ ਉਸਦੀ ਸ਼ਕਲ ਨੂੰ ਸਾਰੀਆਂ ਸ਼ਕਲਾਂ ਵਿੱਚ ਵੇਖਦੇ ਹੋ ਅਤੇ ਤੁਸੀਂ ਹਰ ਥਾਂ 'ਤੇ ਉਸਦੀ ਨੇੜਤਾ ਨੂੰ ਮਹਿਸੂਸ ਕਰਦੇ ਹੋ, ਤਾਂ ਪੱਥਰ ਵੀ ਤੁਹਾਨੂੰ ਧੋਖਾ ਨਹੀਂ ਦੇ ਸਕਦਾ। ਤੁਸੀਂ ਪੱਥਰ ਵਿੱਚ ਵੀ ਉਸਨੂੰ ਹੀ ਧੜਕਦਾ ਪਾਉਂਦੇ ਹੋ। ਜਦ ਤੁਸੀਂ ਸਾਰੇ ਪਾਸੇ ਉਸੇ ਨੂੰ ਪਾਉਂਦੇ ਹੋ, ਤਦ ਤੁਸੀਂ ਜਚ ਗਏ।

ਨਾਨਕ ਕਹਿੰਦੇ ਹਨ, ਜੇਕਰ ਮੈਂ ਉਸਨੂੰ ਭਾ ਗਿਆ, ਤਾਂ ਮੈਂ ਤੀਰਥਾਂ ਤੇ ਇਸ਼ਨਾਨ ਕਰ ਲਿਆ। ਉੱਤਰੀ ਤੁਹਾਡੇ ਉਤੇ ਸਵਰਗ ਦੀ ਗੰਗਾ। ਇਹ ਗੰਗਾ ਜਿਹੜੀ ਹਿਮਾਲੀਆ ਤੋਂ ਵਗਦੀ ਹੈ, ਪ੍ਰਯਾਗ ਅਤੇ ਕਾਸ਼ੀ ਨੂੰ ਛੂੰਹਦੀ ਹੋਈ, ਉਸ ਗੰਗਾ ਵਿੱਚ ਨਹਾਉਣ ਨਾਲ ਕੁਝ ਵੀ ਨਹੀਂ ਹੋਵੇਗਾ। ਉਸਦੀ ਗੰਗਾ ਉਤਰਨੀ ਚਾਹੀਦੀ ਹੈ। ਉਸਨੂੰ ਜਚ ਜਾਣਾ ਚਾਹੀਦਾ ਹੈ, ਉਸਨੂੰ ਤੁਸੀਂ ਭਾ ਗਏ। ਸਵੀਕਾਰ ਹੋ ਗਏ!

"ਉਹ ਵੀ ਜੇਕਰ ਉਸਦੀ ਨਜ਼ਰ ਵਿੱਚ ਨਹੀਂ ਜਚਦਾ ਤਾਂ ਕੋਈ ਵੀ ਉਸਨੂੰ ਨਹੀਂ ਪੁੱਛਦਾ। ਕਿੰਨਾਂ ਤੁਸੀਂ ਪਾ ਲਵੋ, ਬੇਕਾਰ ਹੈ।"

ਤੁਹਾਡਾ ਸਭ ਪਾਉਣਾ ਛੁੰਘੇ ਅਰਥਾਂ ਵਿੱਚ ਗੁਆਉਣਾ ਹੈ। ਤੁਹਾਡੀ ਸਾਰੀ ਪੂੰਜੀ ਸਿਵਾਏ ਬਿਪਦਾ ਦੇ ਹੋਰ ਕੁਝ ਵੀ ਨਹੀਂ। ਇਕੋ ਹੀ ਪੂੰਜੀ ਹੈ—ਉਸਨੂੰ ਜਚ ਜਾਣਾ।

ਉਹ ਹੀ ਸਾਰੀ ਤੁਹਾਡੀ ਖੋਜ ਬਣ ਜਾਂਦੀ ਹੈ, ਤਾਂ ਤੁਸੀਂ ਸੰਸਾਰ ਵਿੱਚ ਸੰਨਿਆਸੀ ਹੋ ਗਏ।

ਕਰਦੇ ਤੁਸੀਂ ਸਭ ਹੋ, ਧਿਆਨ ਉਸਦਾ ਰੱਖਦੇ ਹੋ। ਸਾਰੇ ਪਾਸੇ ਤੁਸੀਂ ਘੁੰਮਦੇ ਹੋ, ਨਜ਼ਰ ਉਸ 'ਤੇ ਰੱਖਦੇ ਹੋ। ਸ਼ੂਦਰ, ਬੜੇ, ਛੋਟੇ ਕੰਮ ਵਿੱਚ ਲੱਗੇ ਰਹਿੰਦੇ ਹੋ, ਪਰ ਵਿਸਮਰਣ ਨਹੀਂ ਹੋਣ ਦਿੰਦੇ। ਉਹ ਤੁਹਾਡੇ ਅੰਦਰ ਹੈ। ਇਹ ਜਿਹੜਾ ਸਮਰਣ ਹੈ, ਇਹ ਜਿਹੜੀ ਸੁਰਤਿ ਹੈ, ਇਹ ਜਿਹੜਾ ਅਜਾਪ ਹੈ—ਹੌਲੀ-ਹੌਲੀ, ਹੌਲੀ-ਹੌਲੀ ਤੁਸੀਂ ਜਚ ਜਾਓਗੇ। ਤੁਸੀਂ ਉਸਨੂੰ ਭਾ ਜਾਓਗੇ। ਉਸ ਦਿਨ ਤੁਹਾਡੇ ਜੀਵਨ ਵਿੱਚ ਨਾਚ ਉਤਰਦਾ ਹੈ। ਉਤਸਵ ਉਤਰਦਾ ਹੈ ਅਤੇ ਜਿਸ ਦਿਨ ਤੁਸੀਂ ਉਸਨੂੰ ਭਾ ਜਾਂਦੇ ਹੋ। ਉਸ ਦਿਨ ਤੁਹਾਡੇ ਕੋਲ ਕੁਝ ਵੀ ਨਹੀਂ ਹੁੰਦਾ ਅਤੇ ਸਭ ਕੁਝ ਹੁੰਦਾ ਹੈ।

"ਉਹ ਕੀਟਾਂ ਵਿੱਚ ਵੀ ਕੀਟ ਬਣਾ ਦਿੱਤਾ ਜਾਂਦਾ ਹੈ ਅਤੇ ਦੋਸ਼ੀ ਵੀ ਉਸਦੇ ਉਤੇ ਦੋਸ਼ ਮੜ੍ਹਣ ਲੱਗਦੇ ਹਨ।"

ਜਿਹੜਾ ਪਰਮਾਤਮਾ ਤੋਂ ਵਾਂਝਿਆ ਹੈ, ਉਹ ਸਭ ਪਾ ਲਵੇ, ਭਾਂ ਵੀ ਕੀਟਾਂ ਵਿੱਚ ਕੀਟ ਬਣਾ ਦਿੱਤਾ ਜਾਂਦਾ ਹੈ ਅਤੇ ਦੋਸ਼ੀ ਵੀ ਉਸਦੇ ਉਤੇ ਦੋਸ਼ ਮੜ੍ਹਣ ਲੱਗਦੇ ਹਨ। ਨਾਨਕ ਕਹਿੰਦੇ ਹਨ, ਕਿ ਉਹ ਗੁਣਹੀਨਾ ਨੂੰ ਗੁਣੀ ਬਣਾ ਦਿੰਦਾ ਹੈ ਅਤੇ ਗੁਣਵਾਨਾਂ ਨੂੰ ਹੋਰ ਗੁਣ ਦਿੰਦਾ ਹੈ। ਪ੍ਰਭੂ ਦੇ ਸਿਵਾ ਹੋਰ ਕੋਈ ਨਹੀਂ ਹੈ, ਜਿਹੜਾ ਗੁਣਾਂ ਦੀ ਬਖਸ਼ਿਸ਼ ਕਰ ਸਕੇ। ਤੁਸੀਂ ਉਸਨੂੰ ਜੇਕਰ ਭੁੱਲ ਗਏ ਤਾਂ ਸਭ ਭੁੱਲ ਗਏ। ਉਹ ਹੀ ਨਿਸ਼ਾਨਾ ਹੈ। ਹਰ ਪਲ ਚੇਤੇ ਰੱਖੋ, ਉਹ ਹੀ ਨਿਸ਼ਾਨਾ ਹੈ। ਜੇਕਰ ਤੁਹਾਡੇ ਜੀਵਨ ਦਾ ਤੀਰ ਉਸ ਤੱਕ ਨਾ ਪੁੱਜਿਆ, ਤਾਂ ਕਿਤੇ ਵੀ ਪੁੱਜ ਜਾਵੇ, ਉਹ ਅਸਫ਼ਲਤਾ ਹੈ। ਇੱਕ ਹੀ ਸਫ਼ਲਤਾ ਹੈ, ਉਹ ਪਰਮਾਤਮਾ ਨੂੰ ਪਾ ਲੈਣਾ। ਹੋਰ ਸਾਰੀਆਂ ਅਸਫ਼ਲਤਾਵਾਂ ਹਨ। ਇਕੋ ਹੀ ਪ੍ਰਾਪਤੀ ਹੈ, ਉਸਨੂੰ ਜਚ ਜਾਣਾ।

ਤੁਸੀਂ ਕਦੇ ਸੋਚੋ, ਤੁਸੀਂ ਕਿਸੇ ਨੂੰ ਪ੍ਰੇਮ ਕਰਦੇ ਹੋ ਅਤੇ ਤੁਸੀਂ ਜਚ ਜਾਂਦੇ ਹੋ। ਪ੍ਰੇਮੀ ਤੁਹਾਨੂੰ ਸਵੀਕਾਰ ਕਰ ਲੈਂਦਾ ਹੈ। ਪ੍ਰੇਮੀ ਤੁਹਾਨੂੰ ਹਿਰਦੇ ਨਾਲ ਲਾ ਲੈਂਦਾ ਹੈ, ਤਦ ਤੁਹਾਡੇ ਜੀਵਨ ਵਿੱਚ ਕਿਹੋ ਜਿਹੀ ਖੁਸ਼ੀ ਆਉਂਦੀ ਹੈ! ਤਦ ਤੁਹਾਡੇ ਪੈਰ ਜ਼ਮੀਨ 'ਤੇ ਨਹੀਂ ਹੁੰਦੇ। ਤਦ ਤੁਸੀਂ ਹਵਾ ਵਿੱਚ ਉੱਡਦੇ ਹੋ। ਜਿਵੇਂ ਤੁਹਾਨੂੰ ਖੰਭ ਲੱਗ ਜਾਂਦੇ ਹਨ ਅਤੇ ਕੁਝ ਅਨਜਾਣ ਘੁੰਗਰੂ ਜੀਵਨ ਵਿਚ ਵੱਜਣ ਲੱਗਦੇ ਹਨ, ਜਿਹੜੇ ਤੁਸੀਂ ਕਦੇ ਨਹੀਂ ਸਨ ਸੁਣੇ। ਤੁਹਾਡੇ ਚਿਹਰੇ ਦੀ ਰੌਣਕ ਬਦਲ ਜਾਂਦੀ ਹੈ। ਰੰਗ ਬਦਲ ਜਾਂਦਾ ਹੈ। ਤੁਹਾਡੀਆਂ ਅੱਖਾਂ ਕਿਸੇ ਹੋਰ ਹੀ ਗੱਲ ਦੀ ਖ਼ਬਰ ਦੇਣ ਲੱਗਦੀਆਂ ਹਨ।

ਪ੍ਰੇਮ ਨੂੰ ਲੁਕਾਉਣਾ ਇਸ ਲਈ ਤਾਂ ਮੁਸ਼ਕਿਲ ਹੈ। ਤੁਸੀਂ ਸਭ ਲੁਕਾ ਲਵੋ, ਪ੍ਰੇਮ

ਨੂੰ ਤੁਸੀਂ ਨਹੀਂ ਲੁਕਾ ਸਕਦੇ। ਤੁਹਾਨੂੰ ਕਿਸੇ ਨਾਲ ਪ੍ਰੇਮ ਹੋ ਗਿਆ, ਤਾਂ ਉਹ ਪ੍ਰਗਟ ਹੋਏਗਾ ਹੀ। ਉਸਨੂੰ ਬਚਾਉਣ ਦਾ ਕੋਈ ਵੀ ਉਪਾਅ ਨਹੀਂ। ਕਿਉਂਕਿ ਤੁਸੀਂ ਟੁਰੋਗੇ ਹੋਰ ਢੰਗ ਨਾਲ, ਉਠੋਗੇ ਹੋਰ ਢੰਗ ਨਾਲ, ਤੁਹਾਡੀਆਂ ਅੱਖੀਆਂ ਉਸਦੀ ਖ਼ਬਰ ਦੇਣਗੀਆਂ। ਤੁਹਾਡਾ ਰੋਆਂ-ਰੋਆਂ ਉਸਦੀ ਖ਼ਬਰ ਦੇਵੇਗਾ। ਕਿਉਂਕਿ ਪ੍ਰੇਮ ਇੱਕ ਯਾਦ ਹੈ। ਸਾਧਾਰਣ ਜੀਵਨ ਵਿੱਚ ਵੀ ਜੇਕਰ ਤੁਹਾਡਾ ਪ੍ਰੇਮੀ ਤੁਹਾਨੂੰ ਸਵੀਕਾਰ ਕਰ ਲਵੇ, ਤਾਂ ਤੁਸੀਂ ਏਨੀ ਖੁਸ਼ੀ ਨਾਲ ਭਰ ਜਾਂਦੇ ਹੋ, ਤੁਸੀਂ ਜ਼ਰਾ ਹਿਸਾਬ ਲਾਓ, ਪੂਰੀ ਕੁਦਰਤ ਤੁਹਾਨੂੰ ਸਵੀਕਾਰ ਕਰ ਲਵੇ ਤਦ ਤੁਹਾਡੀ ਖੁਸ਼ੀ ਕਿਹੋ ਜਿਹੀ ਹੋਵੇਗੀ? ਪੂਰੀ ਕੁਦਰਤ ਤੁਹਾਨੂੰ ਪ੍ਰੇਮ ਕਰੇ, ਹਿਰਦੇ ਨਾਲ ਨਾ ਲਵੇ, ਜੱਫੀ ਪਾਉਣ ਵਾਲੀ ਦਸ਼ਾ ਹੋਵੇ, ਤੁਸੀਂ ਪੂਰੀ ਕੁਦਰਤ ਦੇ ਨਾਲ ਪ੍ਰੇਮ ਵਿੱਚ ਬੱਝ ਜਾਓ।

ਇਹ ਹੀ ਤਾਂ ਮੀਰਾ ਕਹਿ ਰਹੀ ਹੈ ਕਿ ਕ੍ਰਿਸ਼ਨ ਕਦੋਂ ਤੁਸੀਂ ਮੇਰੀ ਸੇਜ ਉਤੇ ਆਓਗੇ? ਇਹ ਪ੍ਰਤੀਕ ਪ੍ਰੇਮੀ ਦੇ ਹਨ। ਮੀਰਾ ਕਹਿ ਰਹੀ ਹੈ, ਮੈਂ ਸਜਾ-ਸਵਾਰ ਕੇ ਸੇਜ ਰੱਖੀ ਹੈ, ਫੁੱਲਾਂ ਨਾਲ ਤੁਹਾਡੀ ਸੇਜ ਬਣਾਈ ਹੈ ਕਦ ਤੁਸੀਂ ਆਓਗੇ? ਕਦ ਤੁਸੀਂ ਮੈਨੂੰ ਸਵੀਕਾਰ ਕਰੋਗੇ?

ਭਗਤ ਭਗਵਾਨ ਦੇ ਲਈ ਅਜਿਹਾ ਹੀ ਪਿਆਸਾ ਹੈ, ਜਿਵੇਂ ਪਿਆਰੀ ਆਪਣੇ ਪ੍ਰੀਤਮ ਵਾਸਤੇ। ਜਿਵੇਂ ਚਕੋਰ ਸਵਾਤੀ ਦੀ ਬੂੰਦ ਲਈ ਪਿਆਸਾ ਹੈ, ਪੁਕਾਰ ਰਿਹਾ ਹੈ। ਫ਼ਿਰ ਇੱਕ ਬੂੰਦ ਵੀ ਤ੍ਰਿਪਤੀ ਬਣ ਜਾਂਦੀ ਹੈ। ਇੱਕ ਬੂੰਦ ਵੀ ਮੋਤੀ ਬਣ ਜਾਂਦਾ ਹੈ ਅਤੇ ਜਦ ਓਨੀ ਪੁਕਾਰ ਅਤੇ ਪਿਆਸ ਨਾਲ ਕੋਈ ਜੀਉਂਦਾ ਹੈ, ਤਾਂ ਸਾਧਾਰਣ ਪਾਣੀ ਵੀ ਮੋਤੀ ਹੋ ਜਾਂਦਾ ਹੈ।

ਜੇਕਰ ਓਨੀ ਹੀ ਪਿਆਸ ਅਤੇ ਪੁਕਾਰ ਹੋਵੇ, ਤਾਂ ਗੁਰੂ ਦੀ ਇੱਕ ਸਿੱਖਿਆ ਹੀ ਮਾਣਕ ਬਣ ਜਾਵੇਗੀ। ਇੱਕ ਬੂੰਦ ਸਾਗਰ ਹੋ ਜਾਵੇਗੀ ਅਤੇ ਜਿਸਨੇ ਗੁਰੂ ਦੀ ਸਿੱਖਿਆ ਸਮਝ ਲਈ, ਸਿੱਖਿਆ ਹੀ ਕੀ ਹੈ? ਛੋਟਾ ਜਿਹਾ ਸੂਤਰ ਹੈ। ਸਮਝ ਲਵੋ ਤਾਂ ਬਹੁਤ ਛੋਟਾ ਜਿਹਾ ਸੂਤਰ, ਨਾ ਸਮਝੋ ਤਾਂ ਅਨੰਤ ਜਨਮ ਬੀਤ ਜਾਂਦੇ ਹਨ। ਛੋਟਾ ਜਿਹਾ ਸੂਤਰ ਹੈ, ਨਾਨਕ ਕਹਿੰਦੇ ਹਨ, "ਗੁਰਾਂ ਇਕ ਦੇਹਿ ਬੁਝਾਈ॥" ਸਾਰੀ ਪਿਆਸ ਬੁਝਾ ਦੇਂਦਾ ਹੈ ਇੱਕ ਗੁਰ।

*ਸਭਨਾ ਜੀਆ ਕਾ ਇਕੁ ਦਾਤਾ ਸੋ ਮੈ ਵਿਸਰਿ ਨ ਜਾਈ॥*

ਬੱਸ, ਕੇਵਲ ਉਸੇ ਨੂੰ ਮੈਂ ਵਿਸਮਰਣ ਨਾ ਕਰਾਂ। ਇੱਕ ਛੋਟਾ ਜਿਹਾ ਗੁਰ ਸਾਰੀ ਪਿਆਸ ਬੁਝਾ ਦਿੰਦਾ ਹੈ। ਸਾਰੀ ਤ੍ਰਿਸ਼ਨਾ ਮਿਟਾ ਦਿੰਦਾ ਹੈ। ਸਾਰੀ ਚਾਹ ਗੁਆਚ ਜਾਂਦੀ ਹੈ।

ਨਾਨਕ ਕਹਿੰਦੇ ਹਨ, "ਉਹ ਗੁਣਹੀਣਾਂ ਨੂੰ ਗੁਣਵਾਨ ਬਣਾ ਦੇਂਦਾ ਹੈ। ਗੁਣੀ

ਬਣਾ ਦਿੰਦਾ ਹੈ।'' ਉਸਦੇ ਵੱਲ ਮੂੰਹ ਹੋਇਆ ਕਿ ਤੁਸੀਂ ਉਸਦੇ ਲਾਇਕ ਹੋ ਗਏ। ਲਾਇਕ ਤਾਂ ਤੁਸੀਂ ਸਦਾ ਹੀ ਸੀ: ਖ਼ਾਲੀ ਸੀ। ਉਸਦੇ ਵੱਲ ਚਿਹਰਾ ਹੋਇਆ, ਕਿ ਭਰ ਗਏ। ਉਸਦੀ ਮਹਿਮਾ ਨੇ ਤੁਹਾਨੂੰ ਆ ਕੇ ਅੰਦੋਲਿਤ ਕਰ ਦਿੱਤਾ। ਤੁਹਾਡੀ ਵੀਣਾ ਤਾਂ ਸਦਾ ਹੀ ਤਿਆਰ ਸੀ। ਤੁਸੀਂ ਉਸਦੇ ਹੱਥਾਂ ਵਿੱਚ ਸੌਂਪ ਦਿੱਤੀ, ਉਸ ਦੀਆਂ ਉਂਗਲੀਆਂ ਨੇ ਛੂਹਿਆ, ਸੰਗੀਤ ਦਾ ਜਨਮ ਹੋ ਗਿਆ। ਸੰਗੀਤ ਸੁੱਤਾ ਹੋਇਆ ਸੀ। ਉਂਗਲੀਆਂ ਦੀ ਉਡੀਕ ਸੀ। ਪਰ ਤੁਸੀਂ ਆਪਣੀ ਵੀਣਾ ਉਸਦੇ ਹੱਥਾਂ ਵਿੱਚ ਸੌਂਪੋ ਤਦ!

ਉਸ ਸੌਂਪਣ ਦਾ ਨਾਮ ਹੀ ਸ਼ਰਧਾ ਹੈ। ਸੌਂਪਣ ਦਾ ਨਾਉਂ ਹੀ ਸ਼ਿਸ਼ੱਤਵ (ਚੇਲਾ ਹੋਣਾ) ਹੈ। ਸਿੱਖ ਹੋ ਜਾਣਾ, ਸੌਂਪਣ ਦਾ ਨਾਉਂ ਹੀ ਸਮਰਪਣ। ਉਸ ਸੌਂਪਣ ਦਾ ਨਾਮ ਹੀ ਸੰਨਿਆਸ ਹੈ, ਕਿ ਤੁਸੀਂ ਆਪਣੀ ਵੀਣਾ ਉਸਦੇ ਹੱਥਾਂ ਵਿੱਚ ਦੇ ਦਿਓ ਅਤੇ ਤੁਸੀਂ ਕਹੋ, ''ਜੋ ਤੇਰੀ ਮਰਜ਼ੀ।'' ਤੇਰੀ ਮਰਜ਼ੀ ਹੁਣ ਮੇਰਾ ਜੀਵਨ ਹੋਵੇਗਾ। ਮੈਂ ਤੈਨੂੰ ਯਾਦ ਰੱਖਾਂ ਏਨਾਂ ਮੇਰਾ, ਬਾਕੀ ਸਭ ਤੇਰਾ। ਤੂੰ ਮੈਨੂੰ ਕਦੇ ਨਾ ਭੁੱਲੇਂ, ਏਨੀ ਮੇਰੀ ਮੰਗ ਅਤੇ ਸਾਰੀਆਂ ਮੰਗਾਂ ਖਤਮ। ਇੱਕ ਛੋਟਾ ਜਿਹਾ ਗੁਰ—ਨਾਨਕ ਕਹਿੰਦੇ ਹਨ, ''ਉਹ ਗੁਣਹੀਣਾਂ ਨੂੰ ਗੁਣੀ ਬਣਾ ਦਿੰਦਾ ਹੈ ਅਤੇ ਗੁਣਵਾਨਾਂ ਨੂੰ ਹੋਰ ਗੁਣ ਦਿੰਦਾ ਹੈ।''

ਇੱਕ ਹੀ ਤਾਂ ਗੁਣ ਹੈ ਜੀਵਨ ਵਿੱਚ, ਕਿ ਉਹ ਤੁਹਾਡੇ ਪਾਤਰ (ਭਾਂਡੇ) ਵਿੱਚ ਸਮਾ ਜਾਵੇ, ਭਰ ਜਾਵੇ। ਕਿ ਤੁਸੀਂ ਇਕੱਲੇ ਨਾ ਰਹੋ। ਉਸਦਾ ਸੰਗ-ਸਾਥ ਹੋ ਜਾਵੇ। ਕਿ ਤੁਸੀਂ ਇਕੱਲੇ ਨਾ ਭਟਕੋ। ਨਹੀਂ ਤਾਂ ਤੁਸੀਂ ਉਸਨੂੰ ਕਈ ਥਾਵਾਂ ਤੇ ਲੱਭੋਗੇ, ਪਰ ਮਿਲੇਗਾ ਨਹੀਂ।

ਕੋਈ ਉਸਨੂੰ ਧਨ ਵਿੱਚ ਲੱਭਦਾ ਹੈ, ਕਿ ਸ਼ਾਇਦ ਕੋਈ ਸੰਗੀ-ਸਾਥੀ ਮਿਲ ਜਾਵੇ। ਕੋਈ ਪਤਨੀ ਵਿੱਚ ਲੱਭਦਾ ਹੈ, ਕੋਈ ਪਤੀ ਵਿੱਚ ਲੱਭਦਾ ਹੈ। ਪਰ ਉਹ ਸਾਰੀ ਭਾਲ ਅਧੂਰੀ ਹੈ। ਤੁਸੀਂ ਜਦ ਤੱਕ ਉਸਨੂੰ ਸਿੱਧਾ ਨਹੀਂ ਲੱਭੋਗੇ, ਤੁਸੀਂ ਉਸਨੂੰ ਨਹੀਂ ਪਾ ਸਕੋਗੇ। ਉਸਨੂੰ ਪਾਉਂਦਿਆਂ ਹੀ ਸਾਰੇ ਦੁਰਗੁਣ ਵਿਸਰ ਜਾਂਦੇ ਹਨ।

ਇਸ ਲਈ ਨਾਨਕ ਤੁਹਾਨੂੰ ਨਹੀਂ ਕਹਿਣਗੇ ਕਿ ਇੱਕ-ਇੱਕ ਦੁਰਗੁਣ ਨੂੰ ਮਿਟਾਓ, ਕਿਉਂਕਿ ਉਹ ਤਾਂ ਅਨੰਤ ਹਨ। ਚੋਰੀ ਛੱਡੋ, ਬੇਈਮਾਨੀ ਛੱਡੋ, ਹੱਤਿਆ ਛੱਡੋ, ਗੁੱਸਾ ਛੱਡੋ, ਕਾਮ, ਲੋਭ, ਮੋਹ, ਮਤਸਰ, ਕੀ-ਕੀ ਛੱਡੋਗੇ? ਉਹ ਤਾਂ ਅਨੰਤ ਹਨ। ਨਾਨਕ ਤੁਹਾਨੂੰ ਨਹੀਂ ਕਹਿੰਦੇ ਕਿ ਤੁਸੀਂ ਇੱਕ-ਇੱਕ ਕਰਕੇ ਛੱਡਣ ਵਿੱਚ ਲੱਗ ਜਾਓ।

ਨਾਨਕ ਤਾਂ ਕਹਿੰਦੇ ਹਨ, ਤੁਸੀਂ ਸਨਮੁਖ ਹੋ ਜਾਓ ਪਰਮਾਤਮਾ ਦੇ ਵੱਲ। ਉਸਨੂੰ ਯਾਦ ਕਰੋ। ਅਤੇ ਜਿਵੇਂ ਹੀ ਉਹ ਤੁਹਾਨੂੰ ਵੇਖੇਗਾ, ਉਸਦੀ ਨਜ਼ਰ ਤੁਹਾਡੇ ਉਤੇ ਪਵੇਗੀ, ਸਭ ਬਦਲ ਜਾਵੇਗਾ। ਤੁਸੀਂ ਸਵੀਕਾਰ ਹੋ ਗਏ। ਤੁਸੀਂ ਜਚ ਗਏ। ਗੁੱਸਾ ਆਪਣੇ ਆਪ ਖਤਮ ਹੋ ਜਾਵੇਗਾ, ਲੋਭ ਆਪਣੇ ਆਪ ਡਿੱਗ ਪਵੇਗਾ।

ਜਿਸਨੇ ਉਸਨੂੰ ਪਾ ਲਿਆ, ਉਸਦਾ ਕਿਹੋ ਜਿਹਾ ਲੋਭ! ਹੁਣ ਪਾਉਣ ਨੂੰ ਕੀ ਬਚਿਆ? ਜਿਸ ਨੇ ਉਸਨੂੰ ਪਾ ਲਿਆ, ਹੁਣ ਕਿਹੋ ਜਿਹਾ ਗੁੱਸਾ ! ਕੌਣ ਗੁੱਸਾ ਕਰਨ ਲਈ ਬਚਿਆ? ਜਿਸ ਨੇ ਉਸਨੂੰ ਪਾ ਲਿਆ, ਹੁਣ ਕਿਹੋ ਜਿਹਾ ਕਾਮ ! ਕਿਹੋ ਜਿਹੀ ਵਾਸਨਾ ! ਪਰਮ ਸੰਭੋਗ ਘਟਿਤ ਹੋ ਗਿਆ। ਕੁਦਰਤ ਦੇ ਨਾਲ ਮਿਲਨਾ ਹੋ ਗਿਆ। ਆਖਿਰੀ ਵਿਆਹ ਹੋ ਗਿਆ, ਹੁਣ ਕਿਹੜੇ ਪ੍ਰੇਮੀ ਦੀ ਭਾਲ? ਕਬੀਰ ਕਹਿੰਦੇ ਹਨ, "ਮੈਂ ਰਾਮ ਦੀ ਦੁਲਹਨੀਆਂ।" ਮੈਂ ਉਸਦੀ ਵਹੁਟੀ ਹਾਂ ਅਤੇ ਜਦ ਰਾਮ ਨਾਲ ਲਗਾਓ ਹੋ ਗਿਆ ਅਤੇ ਜਦ ਰਾਮ ਦੀ ਵਹੁਟੀ ਬਣ ਗਏ, ਹੁਣ ਕਿਹੋ ਜਿਹੀ ਕਾਮ ਵਾਸਨਾ?

ਕਾਮ ਵਾਸਨਾ ਵਿੱਚ ਅਸੀਂ ਉਸੇ ਨੂੰ ਲੱਭਦੇ ਸੀ। ਗੰਦੇ ਨਦੀ-ਨਾਲਿਆਂ ਵਿੱਚ ਅਸੀਂ ਉਸਦੀ ਹੀ ਗੰਗਾ ਨੂੰ ਲੱਭਦੇ ਸੀ, ਤ੍ਰਿਪਤ ਨਹੀਂ ਹੁੰਦੇ ਸੀ, ਕਿਉਂਕਿ ਉਸ ਗੰਦਗੀ ਵਿੱਚ ਅਸੀਂ ਤ੍ਰਿਪਤ ਨਹੀਂ ਹੋ ਸਕਾਂਗੇ। ਅਜਿਹਾ ਹੀ, ਜਿਵੇਂ ਅਸੀਂ ਹੰਸ ਨੂੰ ਨਦੀ-ਨਾਲੇ ਦਾ ਪਾਣੀ ਪਿਆ ਰਹੇ ਹਾਂ, ਗੰਦੇ ਨਾਲਿਆਂ ਦਾ ਅਤੇ ਹੰਸ ਤ੍ਰਿਪਤ ਨਾ ਹੁੰਦਾ ਹੋਵੇ ! ਉਸਨੂੰ ਮਾਨ-ਸਰੋਵਰ ਚਾਹੀਦਾ ਹੈ। ਤੁਹਾਡਾ ਹੰਸ ਵੀ ਮਾਨ-ਸਰੋਵਰ ਮੰਗਦਾ ਹੈ। ਸਫ਼ਟਿਕ (ਬਲੌਰ) ਵਰਗਾ ਨਿਰਮਲ਼ ਪਾਣੀ ਮੰਗਦਾ ਹੈ। ਪਰਮਾਤਮਾ ਤੋਂ ਘੱਟ ਤੁਹਾਡੀ ਪਿਆਸ ਨੂੰ ਕੋਈ ਵੀ ਨਹੀਂ ਬੁਝਾ ਸਕੇਗਾ ਅਤੇ ਜਿਵੇਂ ਹੀ ਤੁਸੀਂ ਉਸਦੇ ਵੱਲ ਮੁੜੇ, ਸਾਰੇ ਦੁਰਗੁਣ ਢਹਿ ਪੈਂਦੇ ਹਨ। ਤੁਸੀਂ ਗੁਣਾਂ ਨਾਲ ਭਰ ਜਾਂਦੇ ਹੋ—ਗੁਣੀਆਂ ਨੂੰ ਹੋਰ ਗੁਣ ਦਿੰਦਾ ਹੈ।

ਕਹਿੰਦੇ ਹਨ ਨਾਨਕ, ਪ੍ਰਭੂ ਦੇ ਸਿਵਾਏ ਕੋਈ ਹੋਰ ਨਹੀਂ ਜਿਹੜਾ ਗੁਣ ਪ੍ਰਦਾਨ ਕਰ ਸਕੇ।

*ਨਾਨਕ ਨਿਰਗੁਣਿ ਗੁਣੁ ਕਰੇ ਗੁਣਵੰਤਿਆ ਗੁਣੁ ਦੇ॥*
*ਤੇਹਾ ਕੋਇ ਨ ਸੁਝਈ ਜਿ ਤਿਸੁ ਗੁਣੁ ਕੋਇ ਕਰੇ॥*

ਉਸ ਤੋਂ ਸਿਵਾਏ ਤੁਸੀਂ ਕਿਤੇ ਵੀ ਭਟਕੋ, ਤ੍ਰਿਪਤ ਨਾ ਹੋ ਸਕੋਗੇ। ਉਸ ਤੋਂ ਬਗ਼ੈਰ ਤੁਸੀਂ ਜਨਮਾਂ-ਜਨਮਾਂ ਤੋਂ ਭਟਕ ਹੀ ਰਹੇ ਹੋ ਅਤੇ ਅਜੇ ਤੱਕ ਤੁਹਾਨੂੰ ਹੋਸ਼ ਨਹੀਂ ਆਇਆ। ਆਸ ਅਜੇ ਤੱਕ ਵੀ ਲਗਾ ਰੱਖੀ ਹੈ, ਕਿ ਸ਼ਾਇਦ ਉਸਦੇ ਬਿਨਾਂ ਪੁੱਜ ਜਾਵਾਂਗੇ ਅਤੇ ਹੰਕਾਰ ਪਿੱਛਾ ਕਰ ਰਿਹਾ ਹੈ ਕਿ ਏਨੇ ਦਿਨ ਕੀਤਾ, ਹੁਣ ਉਸਨੂੰ ਐਵੇਂ ਹੀ ਗਵਾ ਦੇਈਏ?

ਤੁਸੀਂ ਉਸ ਤਰ੍ਹਾਂ ਦੇ ਆਦਮੀ ਹੋ ਕਿ ਇੱਕ ਆਦਮੀ ਮਕਾਨ ਬਣਾਏ ਅਤੇ ਮਕਾਨ ਬਹੁਤ ਕਮਜ਼ੋਰ ਹੋਵੇ, ਉਸਦੀ ਨੀਂਹ ਠਿਕਾਣੇ ਦੀ ਨਾ ਹੋਵੇ, ਰੇਤ ਉਤੇ ਰੱਖੀ ਹੋਵੇ ਅਤੇ ਅਚਾਨਕ ਮਕਾਨ ਬਣਨ ਦੇ ਨੇੜੇ ਆਵੇ, ਤਦ ਕੋਈ ਕਹੇ ਕਿ ਇਸ ਮਕਾਨ ਦੇ ਅੰਦਰ ਨਾ ਜਾਣਾ, ਇਹ ਮਕਾਨ ਢਹਿ ਪਵੇਗਾ। ਇਸ ਦੇ ਵਿੱਚ ਤੁਸੀਂ ਮਰੋਗੇ। ਤਾਂ ਤੁਹਾਡਾ ਮਨ ਕਹੇਗਾ ਕਿ ਏਨਾ ਖਰਚਾ ਕੀਤਾ, ਏਨੀ ਮਿਹਨਤ ਕੀਤੀ, ਏਨੀ ਮੁਸ਼ਕਿਲ ਨਾਲ

ਬਣਾਇਆ ਕਿ ਵਰ੍ਹਿਆਂ ਦੀ ਮਿਹਨਤ ਨੂੰ ਐਵੇਂ ਹੀ ਜਾਣ ਦੇਈਏ? ਅਤੇ ਤੁਹਾਡੇ ਮਨ ਵਿੱਚ ਆਸ ਉੱਠੇਗੀ ਕਿ ਕੌਣ ਜਾਣੇ ਢਹਿ ਪਵੇ ਜਾਂ ਨਾ ਢਹਿ ਪਵੇ! ਕੌਣ ਜਾਣੇ ਇਹ ਵਿਸ਼ਲੇਸ਼ਣ ਗ਼ਲਤ ਹੋਣ ਅਤੇ ਹੁਣ ਤੱਕ ਤਾਂ ਖਲੋਤਾ ਹੀ ਰਿਹਾ ਹੈ, ਤਾਂ ਕੀ ਔਕੜ ਹੈ ਕਿ ਅੱਗੇ ਵੀ ਖਲੋਤਾ ਹੀ ਰਹੇ?

ਬੱਸ, ਏਹੀ ਤੁਹਾਡੀ ਹਾਲਤ ਹੈ। ਜਿਵੇਂ ਕੋਈ ਆਦਮੀ ਰਾਹ ਤੋਂ ਭਟਕ ਜਾਵੇ ਅਤੇ ਅਸੀਂ ਉਸਨੂੰ ਦੱਸੀਏ ਕਿ ਤੂੰ ਰਾਹ ਪਿੱਛੇ ਛੱਡ ਆਇਆ ਹੈਂ।

ਮੈਂ ਪੜ੍ਹ ਰਿਹਾ ਸੀ, ਇੱਕ ਕਵੀ ਆਪਣੀਆਂ ਯਾਦਾਂ ਲਿਖ ਰਿਹਾ ਹੈ। ਉਸ ਨੇ ਆਪਣੀ ਯਾਦਾਂ ਮੈਨੂੰ ਵਿਖਾਣ ਲਈ ਭੇਜੀਆਂ। ਉਸਦੇ ਵਿੱਚ ਇੱਕ ਯਾਦ ਮੈਨੂੰ ਸੱਚ-ਮੁੱਚ ਪਸੰਦ ਆਈ।

ਉਸਨੇ ਲਿਖਿਆ ਹੈ ਕਿ ਉਹ ਭਟਕ ਗਿਆ ਹੈ, ਹਿਮਾਲਿਆ ਦੀ ਇੱਕ ਤਰਾਈ ਵਿੱਚ ਯਾਤਰਾ ਕਰਨ ਗਿਆ, ਰਾਹ ਭਟਕ ਗਿਆ। ਤਾਂ ਇੱਕ ਝੌਂਪੜੀ ਦੇ ਅੱਗੇ ਉਸਨੇ ਆਪਣੀ ਕਾਰ ਖੜ੍ਹੀ ਕੀਤੀ। ਇੱਕ ਇਸਤ੍ਰੀ ਨੇ ਬੂਹਾ ਖੋਲਿਆ, ਅਤੇ ਉਸਨੇ ਉਸ ਨੂੰ ਪੁੱਛਿਆ ਕਿ ਕੀ ਮੈਂ ਠੀਕ ਰਾਹ ਉਤੇ ਤਾਂ ਹਾਂ? ਮੈਂ ਮਨਾਲੀ ਪੁੱਜਣਾ ਚਾਹੁੰਦਾ ਹਾਂ, ਪੁੱਜ ਜਾਵਾਂਗਾ ਨਾ? ਉਸ ਇਸਤ੍ਰੀ ਨੇ ਗ਼ੌਰ ਨਾਲ ਵੇਖਿਆ ਅਤੇ ਉਸਨੇ ਕਿਹਾ ਕਿ ਮੈਨੂੰ ਤਾਂ ਅਜੇ ਇਹ ਵੀ ਪਤਾ ਨਹੀਂ ਕਿ ਤੁਸੀਂ ਕਿਹੜੇ ਪਾਸੇ ਜਾ ਰਹੇ ਹੋ? ਤੁਸੀਂ ਜਾ ਕਿਹੜੇ ਪਾਸੇ ਰਹੇ ਹੋ? ਕਵੀ ਨੇ ਸੋਚਿਆ ਕਿ ਪਹਾੜੀ ਇਸਤ੍ਰੀ ਹੈ। ਜ਼ਿਆਦਾ ਸਮਝਦਾਰ ਵਿਖਾਈ ਨਹੀਂ ਦਿੰਦੀ, ਤਾਂ ਉਸਨੇ ਕਿਹਾ ਤੂੰ ਏਨਾਂ ਹੀ ਮੈਨੂੰ ਦੱਸ ਦੇ ਕਿ ਮੇਰੀ ਗੱਡੀ ਦੀ ਜਿਹੜੀ ਲੌਅ ਹੈ ਉਹ ਠੀਕ ਮਨਾਲੀ ਵਾਲੇ ਰਾਹ ਉਤੇ ਪੈ ਰਹੀ ਹੈ? ਉਸ ਨੇ ਕਿਹਾ, ਇੱਕ ਲੌਅ ਜਿਹੜੀ ਲੌਅ ਹੈ, ਉਹ ਪੈ ਰਹੀ ਹੈ।

ਜਦ ਕੋਈ ਤੁਹਾਨੂੰ ਇਹ ਕਹੇ ਕਿ ਤੁਸੀਂ ਪੰਜਾਹ ਮੀਲ ਟੁਰ ਕੇ ਆ ਗਏ, ਹਜ਼ਾਰ ਮੀਲ ਟੁਰ ਕੇ ਆ ਗਏ—ਅਤੇ ਤੁਸੀਂ ਕਿੰਨੇ ਮੀਲ ਟੁਰ ਚੁੱਕੇ ਹੋ, ਕੁਝ ਗਿਣਤੀ ਨਹੀਂ। ਅਚਾਨਕ ਕੋਈ ਕਹੇ, ਕਿ ਤੁਹਾਡੀ ਲਾਲ ਲੌਅ ਤਾਂ ਮੰਜ਼ਿਲ ਦੇ ਵੱਲ ਪੈ ਰਹੀ ਹੈ। ਤਾਂ ਤੁਹਾਨੂੰ ਅਚਾਨਕ ਦੁੱਖ ਪੁੱਜੇਗਾ। ਇਸਦਾ ਮਤਲਬ ਹੈ, ਪਿੱਛੇ ਮੁੜਣਾ ਪਵੇਗਾ। ਤੁਹਾਡਾ ਹੰਕਾਰ ਕਹੇਗਾ ਕਿ ਥੋੜ੍ਹੀ ਹੋਰ ਕੋਸ਼ਿਸ਼ ਕਰ ਲਵੋ, ਕੌਣ ਜਾਣੇ ਇਹ ਇਸਤ੍ਰੀ ਸਹੀ ਹੋਵੇ ਜਾਂ ਨਾ ਹੋਵੇ! ਪਾਗ਼ਲ ਹੋਵੇ, ਝੂਠ ਬੋਲਦੀ ਹੋਵੇ, ਕੁਝ ਉਸਦੀ ਗ਼ਰਜ ਹੋਵੇ, ਕੋਈ ਨਿਸ਼ਾਨਾ ਹੋਵੇ, ਭਟਕਾਉਣਾ ਚਾਹੁੰਦੀ ਹੋਵੇ, ਕੀ ਭਰੋਸਾ?

ਪਿੱਛੇ ਮੁੜਣ ਵਿੱਚ ਹੰਕਾਰ ਨੂੰ ਸੱਟ ਵੱਜਦੀ ਹੈ ਕਿ ਕੀ ਮੈਂ ਏਨੀ ਦੇਰ ਤੱਕ ਗ਼ਲਤ ਸੀ? ਇਸ ਲਈ ਬੱਚਿਆਂ ਨੂੰ ਸਿਖਾਉਣਾ ਅਸਾਨ, ਬੁੱਢਿਆਂ ਨੂੰ ਸਿਖਾਉਣਾ ਮੁਸ਼ਕਿਲ ਹੋ ਜਾਂਦਾ, ਕਿਉਂਕਿ ਇਸਦਾ ਮਤਲਬ ਹੈ ਕਿ ਉਹ ਤਾਂ ਸੱਠ ਸਾਲ, ਸੱਤਰ ਸਾਲ ਟੁਰ

ਕੇ ਪਾਰ ਕਰ ਚੁੱਕੇ। ਤਾਂ ਕਿ ਸੱਤਰ ਸਾਲਾਂ ਤੋਂ ਗ਼ਲਤ ਹੀ ਸਨ? ਇਸ ਲਈ ਬੱਚਿਆਂ ਨੂੰ ਸਿਖਾਉਣਾ ਤਾਂ ਅਸਾਨ ਹੈ, ਕਿਉਂਕਿ ਉਹ ਟੁਰੇ ਨਹੀਂ। ਕੋਈ ਹੰਕਾਰ ਨਹੀਂ। ਜਿੱਥੇ ਟੋਰੇ ਉਥੇ ਟੁਰਨ ਨੂੰ ਰਾਜ਼ੀ ਹਨ। ਬੁੱਢਾ ਜਿੱਥੇ ਟੋਰੋ, ਉਥੇ ਟੁਰਨ ਨੂੰ ਰਾਜ਼ੀ ਨਹੀਂ। ਉਨ੍ਹਾਂ ਦੇ ਪੱਕੇ ਰਾਹ ਹਨ। ਉਹ ਕਹਿੰਦਾ ਹੈ ਮੇਰਾ ਰਾਹੀ ਠੀਕ, ਕਿਉਂਕਿ ਉਨ੍ਹਾਂ ਰਾਹਾਂ ਤੇ ਉਸਦਾ ਹੰਕਾਰ ਪੂਰਣ ਹੈ।

ਹੋਰ ਤੁਸੀਂ ਸਾਰੇ ਬੁੱਢੇ ਹੋ। ਨਾ ਮਾਲੂਮ ਕਿੰਨੇ ਜਨਮਾਂ ਤੋਂ ਟੁਰ ਰਹੇ ਹੋ। ਉਹ ਹੀ ਤਾਂ ਅੜਚਨ ਹੈ। ਇਸ ਲਈ ਛੱਡਣ ਦੀ ਹਿੰਮਤ ਵੀ ਨਹੀਂ ਹੁੰਦੀ। ਕਿਉਂਕਿ ਏਨੇ-ਏਨੇ ਜਨਮਾਂ ਦੀ ਕੋਸ਼ਿਸ਼ ਵਿਅਰਥ ਗਈ, ਏਨੇ-ਏਨੇ ਜਨਮਾਂ ਤੱਕ ਮੈਂ ਅਗਿਆਨੀ ਸੀ? ਇਸ ਲਈ ਤਾਂ ਗਿਆਨੀ ਦੇ ਕੋਲ ਜਾਣ ਤੋਂ ਤੁਸੀਂ ਡਰਦੇ ਹੋ। ਪੁੱਜ ਵੀ ਜਾਓ, ਤਾਂ ਆਪਣੇ ਆਪ ਨੂੰ ਬਚਾਉਂਦੇ ਹੋ। ਪੰਝੀ, ਦਲੀਲਾਂ ਅਤੇ ਤਰਕੀਬਾਂ ਲੱਭ-ਲੱਭ ਕੇ ਬਚਾਉਂਦੇ ਹੋ। ਕਿਤੇ ਉਸਦਾ ਮੀਂਹ ਤੁਹਾਡੇ ਉਤੇ ਵਰ੍ਹ ਹੀ ਨਾ ਜਾਵੇ। ਕਿਤੇ ਅਜਿਹਾ ਨਾ ਹੋਵੇ ਕਿ ਤੁਹਾਡੇ ਗਿਆਨ ਅਤੇ ਅਨੁਭਵ ਦਾ ਚੋਲਾ ਢਹਿ ਜਾਵੇ ਅਤੇ ਧਿਆਨ ਰੱਖੋ, ਤੁਹਾਨੂੰ ਪਿੱਛੇ ਮੁੜਨਾ ਪਵੇਗਾ। ਕਿਉਂਕਿ ਰਾਹ ਤਾਂ ਤੁਸੀਂ ਬਹੁਤ ਪਿੱਛੇ ਛੱਡ ਆਏ ਹੋ। ਇਸ ਲਈ ਤਾਂ ਜੀਸਸ ਕਹਿੰਦੇ ਹਨ, ਕਿ ਫ਼ਿਰ ਮੁੜ ਬੱਚੇ ਦੇ ਵਾਂਗ ਹੋ ਜਾਵੋ। ਉਹ ਪਿੱਛੇ ਮੁੜਣ ਲਈ ਕਹਿ ਰਹੇ ਹਨ। ਕਿ ਕ੍ਰਿਪਾ ਕਰੋ, ਮੁੜੋ, ਰਾਹ ਪਿੱਛੇ ਛੁੱਟ ਗਿਆ ਹੈ। ਫ਼ਿਰ ਤੋਂ ਬੱਚੇ ਵਰਗੇ ਹੋ ਜਾਓ। ਬੁੱਧੀ ਨੂੰ ਹਟਾ ਦਿਓ ਅਤੇ ਬਹੁਤ ਗੁਣਾਂ ਦੀ ਵਰਖਾ ਹੋਵੇਗੀ। ਉਹ ਸਦਾ ਹੋਈ ਹੈ।

ਨਾਨਕ ਕੁਝ ਵਧੇਰੇ ਪੜ੍ਹੇ-ਲਿਖੇ ਨਹੀਂ ਹਨ। ਨਾ ਕੋਈ ਵੱਡੇ ਅਮੀਰ ਹਨ। ਸਾਧਾਰਣ ਘਰ ਵਿੱਚ ਜਨਮੇ ਹਨ, ਨਾ ਕੋਈ ਵੱਡੀ ਪੜ੍ਹਾਈ ਹੋਈ ਹੈ। ਪਹਿਲੇ ਦਿਨ ਹੀ ਸਬਕ ਲਿਆ ਅਤੇ ਬੰਦ ਹੋ ਗਿਆ। ਫ਼ਿਰ ਵੀ ਮੀਂਹ ਵਰ੍ਹ ਗਿਆ।

ਜਦ ਨਾਨਕ ਉਤੇ ਵਰ੍ਹ ਗਿਆ, ਜਦ ਕਬੀਰ ਉਤੇ ਵਰ੍ਹ ਗਿਆ। ਤਾਂ ਤੁਹਾਡੇ ਉਤੇ ਕਿਉਂ ਨਾ ਵਰ੍ਹੇਗਾ? ਬੱਸ ਇੱਕ ਹੀ ਗੱਲ ਦੀ ਕਿਤੇ ਭੁੱਲ ਹੋ ਰਹੀ ਹੈ। ਉਹ ਇਹ ਕਿ ਤੁਸੀਂ ਵਿਮੁੱਖ ਖਲੋਤੇ ਹੋ। ਪਿੱਠ ਕਰਕੇ ਖਲੋਤੇ ਹੋ।

ਇਕੋ ਹੀ ਗੁਰ ਨਾਲ ਸਾਰਾ ਕੁਝ ਹੱਲ ਹੋ ਜਾਂਦਾ ਹੈ ਕਿ ਸਾਰੇ ਪ੍ਰਾਣੀਆਂ ਦਾ ਇੱਕ ਦਾਤਾ ਹੈ, ਉਸਨੂੰ ਮੈਂ ਨਾ ਭੁੱਲਾਂ।

*ਗੁਰਾ ਇਕ ਦੇਹਿ ਬੁਝਾਈ॥*
*ਸਭਨਾ ਜੀਆ ਕਾ ਇਕੁ ਦਾਤਾ ਸੋ ਮੈ ਵਿਸਰਿ ਨ ਜਾਈ॥ ੬॥*

*ਅੱਜ ਏਨਾ ਹੀ।*

# ਨਾਨਕ ਭਗਤਾ ਸਦਾ ਵਿਗਾਸੁ

ਸੁਣਿਐ ਸਿਧ ਪੀਰ ਸੁਰਿ ਨਾਥ॥ ਸੁਣਿਐ ਧਰਤਿ ਧਵਲ ਆਕਾਸ॥
ਸੁਣਿਐ ਦੀਪ ਲੋਅ ਪਾਤਾਲ॥ ਸੁਣਿਐ ਪੋਹਿ ਨ ਸਕੈ ਕਾਲੁ॥
ਨਾਨਕ ਭਗਤਾ ਸਦਾ ਵਿਗਾਸੁ॥ ਸੁਣਿਐ ਦੂਖ ਪਾਪ ਕਾ ਨਾਸੁ॥ ੮॥

ਸੁਣਿਐ ਈਸਰੁ ਬਰਮਾ ਇੰਦੁ॥ ਸੁਣਿਐ ਮੁਖਿ ਸਾਲਾਹਣ ਮੰਦੁ॥
ਸੁਣਿਐ ਜੋਗ ਜੁਗਤਿ ਤਨਿ ਭੇਦ॥ ਸੁਣਿਐ ਸਾਸਤ ਸਿਮ੍ਰਿਤਿ ਵੇਦ॥
ਨਾਨਕ ਭਗਤਾ ਸਦਾ ਵਿਗਾਸੁ॥ ਸੁਣਿਐ ਦੂਖ ਪਾਪ ਕਾ ਨਾਸੁ॥ ੯॥

ਸੁਣਿਐ ਸਤੁ ਸੰਤੋਖੁ ਗਿਆਨੁ॥ ਸੁਣਿਐ ਅਠਸਠਿ ਕਾ ਇਸਨਾਨੁ॥
ਸੁਣਿਐ ਪੜਿ ਪੜਿ ਪਾਵਹਿ ਮਾਨੁ॥ ਸੁਣਿਐ ਲਾਗੈ ਸਹਜਿ ਧਿਆਨੁ॥
ਨਾਨਕ ਭਗਤਾ ਸਦਾ ਵਿਗਾਸੁ॥ ਸੁਣਿਐ ਦੂਖ ਪਾਪ ਕਾ ਨਾਸੁ॥ ੧੦॥

ਸੁਣਿਐ ਸਰਾ ਗੁਣਾ ਕੇ ਗਾਹ॥ ਸੁਣਿਐ ਸੇਖ ਪੀਰ ਪਾਤਿਸਾਹ॥
ਸੁਣਿਐ ਅੰਧੇ ਪਾਵਹਿ ਰਾਹੁ॥ ਸੁਣਿਐ ਹਾਥ ਹੋਵੈ ਅਸਗਾਹੁ॥
ਨਾਨਕ ਭਗਤਾ ਸਦਾ ਵਿਗਾਸੁ॥ ਸੁਣਿਐ ਦੂਖ ਪਾਪ ਕਾ ਨਾਸੁ॥ ੧੧॥

ਮਹਾਂਵੀਰ ਨੇ ਚਾਰ ਘਾਟ ਕਹੇ ਹਨ, ਜਿਨ੍ਹਾਂ ਤੋਂ ਉਸ ਪਾਰ ਜਾਇਆ ਜਾ ਸਕਦਾ ਹੈ। ਦੋ ਘਾਟ ਤਾਂ ਸਮਝ ਵਿੱਚ ਆਉਂਦੇ ਹਨ—ਸਾਧੂ ਦਾ, ਸਾਧਵੀ ਦਾ, ਬਾਕੀ ਦੋ ਘਾਟ ਔਖੇ ਮਾਲੂਮ ਹੁੰਦੇ ਹਨ—ਸ਼ਾਵਕ (ਸੁਣਨ ਵਾਲਾ ਚੇਲਾ) ਅਤੇ ਸ਼ਾਵਿਕਾ (ਸੁਣਨ ਵਾਲੀ ਚੇਲੀ) ਦਾ। ਸ਼ਾਵਿਕ ਦਾ ਅਰਥ ਹੈ—ਜਿਹੜਾ ਸ਼ਰਵਣ ਵਿੱਚ ਸਮੱਰਥ ਹੈ; ਜਿਹੜਾ ਸੁਣਨ ਦੀ ਕਲਾ ਸਿੱਖ ਗਿਆ, ਜਿਸਨੇ ਜਾਣ ਲਿਆ ਕਿ ਕਿਵੇਂ ਸੁਣਨਾ, ਜਿਸਨੇ ਪਛਾਣ ਲਿਆ ਕਿ ਸੁਣਨਾ ਕੀ ਹੈ। ਮਹਾਂਵੀਰ ਨੇ ਕਿਹਾ ਹੈ ਕਿ ਕੁਝ ਤਾਂ ਸਾਧਨਾ ਕਰ-ਕਰਕੇ ਉਸ ਪਾਰ ਪੁੱਜਦੇ ਹਨ, ਕੁਝ ਕੇਵਲ ਸੁਣ ਕੇ ਉਸ ਪਾਰ ਪੁੱਜ ਜਾਂਦੇ ਹਨ। ਜਿਹੜਾ ਸੁਣਨ ਵਿੱਚ ਸਮਰੱਥ ਨਹੀਂ ਹੈ, ਉਸਨੂੰ ਹੀ ਸਾਧਨਾ ਦੀ ਜ਼ਰੂਰਤ ਪੈਂਦੀ ਹੈ। ਜੇਕਰ ਤੁਸੀਂ ਪੂਰੀ ਤਰ੍ਹਾਂ ਸੁਣ ਹੀ ਲਵੋ ਤਾਂ ਕੁਝ ਕਰਨ ਨੂੰ ਬਾਕੀ ਨਹੀਂ ਰਹਿ ਜਾਂਦਾ, ਸੁਣਨ ਨਾਲ ਹੀ ਪਾਰ ਹੋ ਜਾਵੋਗੇ।

ਇਸੇ ਸ਼ਰਵਣ ਦੀ ਮਹਿਮਾ ਨੂੰ ਦੱਸਣ ਵਾਲੇ ਨਾਨਕ ਦੇ ਇਹ ਸੂਤਰ ਹਨ। ਉਪਰੋਂ ਵੇਖਣ ਨਾਲ ਅਤਿਸ਼ਯੋਕਤੀਪੂਰਣ (ਉਹ ਅਰਥ ਅਲੰਕਾਰ ਜਿਸ ਵਿੱਚ ਕਿਸੇ ਚੀਜ਼ ਦਾ ਵਧਾ-ਚੜ੍ਹਾ ਕੇ ਵਰਣਨ ਕੀਤਾ ਜਾਵੇ) ਮਾਲੂਮ ਹੋਣਗੇ ਕਿ ਕੀ ਸੁਣਨ ਨਾਲ ਸਭ ਕੁਝ ਹੋ ਜਾਵੇਗਾ? ਅਤੇ ਅਸੀਂ ਤਾਂ ਸੁਣਦੇ ਰਹੇ ਹਾਂ ਜਨਮਾਂ-ਜਨਮਾਂ ਤੋਂ ਅਤੇ ਕੁਝ ਵੀ ਨਹੀਂ ਹੋਇਆ। ਸਾਡਾ ਅਨੁਭਵ ਤਾਂ ਇਹੀ ਕਹਿੰਦਾ ਹੈ ਕਿ ਸੁਣ ਲਵੋ—ਕਿੰਨਾ ਹੀ ਸੁਣ ਲਵੋ—ਕੁਝ ਵੀ ਨਹੀਂ ਹੁੰਦਾ, ਅਸੀਂ ਉਹੋ ਜਿਹੇ ਦੇ ਉਹੋ ਜਿਹੇ ਹੀ ਰਹਿੰਦੇ ਹਾਂ। ਸਾਡੇ ਚਿਕਣੇ ਘੜੇ 'ਤੇ ਸ਼ਬਦਾਂ ਦਾ ਕੋਈ ਅਸਰ ਹੀ ਨਹੀਂ ਹੁੰਦਾ, ਡਿੱਗਦਾ ਹੈ, ਲੁੜਕ ਜਾਂਦਾ ਹੈ, ਅਸੀਂ ਜਿਹੋ ਜਿਹੇ ਕੋਰੇ ਸੀ, ਉਹੋ ਜਿਹੇ ਹੀ ਰਹਿ ਜਾਂਦੇ ਹਾਂ।

ਜੇਕਰ ਸਾਡਾ ਅਨੁਭਵ ਸਹੀ ਹੈ ਤਾਂ ਨਾਨਕ ਸਰਾਸਰ ਜ਼ਿਆਦਤੀ ਕਰਦੇ ਹੋਏ ਜਾਪਣਗੇ। ਪਰ ਸਾਡਾ ਅਨੁਭਵ ਸਹੀ ਨਹੀਂ ਹੈ, ਕਿਉਂਕਿ ਅਸੀਂ ਕਦੇ ਸੁਣਿਆ ਹੀ ਨਹੀਂ ਹੈ। ਨਾ ਸੁਣਨ ਦੀਆਂ ਸਾਡੀਆਂ ਚਾਲਾਂ ਹਨ, ਪਹਿਲਾਂ ਉਨ੍ਹਾਂ ਨੂੰ ਸਮਝ ਲਓ।

ਪਹਿਲੀ ਤਰਕੀਬ ਤਾਂ ਇਹ ਹੈ ਕਿ ਜੋ ਅਸੀਂ ਸੁਣਨਾ ਚਾਹੁੰਦੇ ਹਾਂ, ਉਹ ਹੀ ਅਸੀਂ ਸੁਣਦੇ ਹਾਂ, ਜੋ ਕਿਹਾ ਜਾਂਦਾ ਹੈ ਉਹ ਨਹੀਂ। ਅਸੀਂ ਬੜੇ ਹੁਸ਼ਿਆਰ ਹਾਂ। ਅਸੀਂ ਉਹ ਹੀ ਸੁਣਦੇ ਹਾਂ ਜਿਹੜਾ ਸਾਨੂੰ ਬਦਲੇ ਨਾ। ਜੋ ਸਾਨੂੰ ਬਦਲਦਾ ਹੈ, ਉਸਨੂੰ ਅਸੀਂ ਸੁਣਦੇ ਹੀ ਨਹੀਂ, ਅਸੀਂ ਉਸਦੇ ਵੱਲ ਬੋਲੇ ਹੁੰਦੇ ਹਾਂ ਅਤੇ ਇਹ ਕੋਈ ਸੰਤਾਂ ਦਾ ਹੀ ਕਥਨ ਹੋਵੇ, ਅਜਿਹਾ ਨਹੀਂ ਹੈ, ਜਿਨ੍ਹਾਂ ਲੋਕਾਂ ਨੇ ਵਿਗਿਆਨਕ ਢੰਗ ਨਾਲ ਮਨੁੱਖ ਦੀਆਂ ਇੰਦਰੀਆਂ ਉਤੇ ਖੋਜ ਕੀਤੀ ਹੈ, ਉਹ ਵੀ ਕਹਿੰਦੇ ਹਨ ਕਿ ਅਸੀਂ ਅਠਾਨਵੇਂ ਪ੍ਰਤੀਸ਼ਤ ਸੂਚਨਾਵਾਂ ਨੂੰ ਅੰਦਰ ਲੈਂਦੇ ਹੀ ਨਹੀਂ, ਸਿਰਫ਼ ਦੋ ਪ੍ਰਤੀਸ਼ਤ ਨੂੰ ਲੈਂਦੇ ਹਾਂ। ਅਸੀਂ ਉਹ ਹੀ ਵੇਖਦੇ ਹਾਂ, ਉਹ ਹੀ ਸੁਣਦੇ ਹਾਂ, ਉਹ ਹੀ ਸਮਝਦੇ ਹਾਂ—ਜਿਹੜਾ ਸਾਡੇ ਨਾਲ

ਤਾਲ-ਮੇਲ ਖਾਂਦਾ ਹੋਵੇ, ਜੋ ਸਾਡੇ ਨਾਲ ਤਾਲ-ਮੇਲ ਨਹੀਂ ਖਾਂਦਾ, ਉਹ ਸਾਡੇ ਤੱਕ ਪੁੱਜਦਾ ਹੀ ਨਹੀਂ। ਵਿਚਕਾਰ ਅਸੀਂ ਬਹੁਤ ਸਾਰੀਆਂ ਰੁਕਾਵਟਾਂ ਖੜ੍ਹੀਆਂ ਕਰ ਰੱਖੀਆਂ ਹਨ।

ਅਤੇ ਜਿਹੜਾ ਤੁਹਾਡੇ ਨਾਲ ਤਾਲ-ਮੇਲ ਖਾਂਦਾ ਹੈ, ਉਹ ਤੁਹਾਨੂੰ ਕਿਵੇਂ ਬਦਲੇਗਾ? ਉਹ ਤਾਂ ਤੁਸੀਂ ਜਿਸ ਤਰ੍ਹਾਂ ਦੇ ਹੋ ਹੋਰ ਮਜ਼ਬੂਤ ਕਰੇਗਾ। ਜਿਸ ਦੇ ਨਾਲ ਤੁਹਾਡੀ ਬੁੱਧੀ ਰਾਜ਼ੀ ਹੁੰਦੀ ਹੈ, ਪ੍ਰਭਾਵਤ ਹੁੰਦੀ ਹੈ, ਉਹ ਤੁਹਾਡਾ ਬਦਲਾਓ ਕਿਵੇਂ ਕਰੇਗਾ? ਉਹ ਤਾਂ ਤੁਹਾਡੀ ਜ਼ਮੀਨ ਵਿੱਚ ਹੋਰ ਆਧਾਰ ਦੇ ਦੇਵੇਗਾ, ਹੋਰ ਮਜ਼ਬੂਤ ਪੱਥਰ ਦੇ ਦੇਵੇਗਾ, ਜਿਨ੍ਹਾਂ ਉਤੇ ਤੁਸੀਂ ਬੁਨਿਆਦ ਰੱਖ ਕੇ ਖਲੋ ਜਾਓਗੇ।

ਹਿੰਦੂ ਉਹ ਹੀ ਸੁਣਦਾ ਹੈ ਜਿਸ ਦੇ ਨਾਲ ਹਿੰਦੂ-ਮਨ ਮਜ਼ਬੂਤ ਹੋਵੇ। ਮੁਸਲਮਾਨ ਉਹ ਹੀ ਸੁਣਦਾ ਹੈ ਜਿਸ ਦੇ ਨਾਲ ਮੁਸਲਮਾਨ-ਮਨ ਮਜ਼ਬੂਤ ਹੋਵੇ। ਸਿੱਖ ਉਹ ਹੀ ਸੁਣਦਾ ਹੈ ਜਿਸ ਦੇ ਨਾਲ ਸਿੱਖ ਦੀ ਧਾਰਣਾ ਮਜ਼ਬੂਤ ਹੋਵੇ। ਤੁਸੀਂ ਆਪਣੇ ਆਪ ਨੂੰ ਮਜ਼ਬੂਤ ਕਰਨ ਦੇ ਲਈ ਸੁਣ ਰਹੇ ਹੋ? ਤੁਸੀਂ ਆਪਣੀਆਂ ਧਾਰਨਾਵਾਂ ਵਿੱਚ ਹੋਰ ਵੀ ਡੂੰਘੇ ਉੱਤਰ ਜਾਣ ਦੇ ਲਈ ਸੁਣ ਰਹੇ ਹੋ? ਤੁਸੀਂ ਆਪਣੇ ਮਕਾਨ ਨੂੰ ਹੋਰ ਮਜ਼ਬੂਤ ਕਰਨ ਦੇ ਲਈ ਸੁਣ ਰਹੇ ਹੋ। ਤਦ ਤੁਸੀਂ ਸੁਣਨ ਤੋਂ ਵਾਂਝੇ ਰਹਿ ਜਾਓਗੇ। ਕਿਉਂਕਿ ਸਤਯ ਦਾ ਨਾ ਤਾਂ ਸਿੱਖ ਨਾਲ ਕੋਈ ਸੰਬੰਧ ਹੈ, ਨਾ ਹਿੰਦੂ ਨਾਲ, ਨਾ ਮੁਸਲਮਾਨ ਨਾਲ। ਤੁਹਾਡੇ ਚਿੱਤ ਦਾ ਜੋ ਸੰਸਕਾਰ ਹੈ, ਉਸਦੇ ਨਾਲ ਸਤਯ ਦਾ ਕੋਈ ਸੰਬੰਧ ਨਹੀਂ ਹੈ।

ਜਦ ਤੁਸੀਂ ਆਪਣੀਆਂ ਸਾਰੀਆਂ ਧਾਰਨਾਵਾਂ ਨੂੰ ਹਟਾ ਕੇ ਸੁਣੋਗੇ, ਤਦ ਹੀ ਤੁਸੀਂ ਸਮਝ ਪਾਓਗੇ ਕਿ ਨਾਨਕ ਦਾ ਅਰਥ ਕੀ ਹੈ ! ਹੋਰ ਆਪਣੀਆਂ ਧਾਰਨਾਵਾਂ ਨੂੰ ਹਟਾਉਣ ਨਾਲੋਂ ਔਖਾ ਕੰਮ ਜਗਤ ਵਿੱਚ ਦੂਜਾ ਨਹੀਂ ਹੈ, ਕਿਉਂਕਿ ਉਹ ਬਹੁਤ ਬਰੀਕ ਹਨ, ਮਹੀਨ ਹਨ, ਪਾਰਦਰਸ਼ੀ ਹਨ। ਉਹ ਵਿਖਾਈ ਵੀ ਨਹੀਂ ਦਿੰਦੀਆਂ, ਕੱਚ ਦੀਆਂ ਕੰਧਾਂ ਹਨ। ਜਦ ਤੱਕ ਤੁਸੀਂ ਟਕਰਾ ਹੀ ਨਾ ਜਾਓ, ਤਦ ਤੱਕ ਪਤਾ ਹੀ ਨਹੀਂ ਲੱਗਦਾ ਕਿ ਕੰਧ ਹੈ, ਤਦ ਤੱਕ ਲੱਗਦਾ ਹੈ ਕਿ ਖੁੱਲ੍ਹਾ ਆਕਾਸ਼ ਤਾਂ ਵਿਖਾਈ ਦੇ ਰਿਹਾ ਹੈ ਚੰਨ-ਤਾਰੇ ਵਿਖਾਈ ਦੇ ਰਹੇ ਹਨ, ਪਰ ਵਿਚਕਾਰ ਇੱਕ ਕੱਚ ਦੀ ਕੰਧ ਹੈ।

ਜਦ ਮੈਂ ਬੋਲ ਰਿਹਾ ਹਾਂ, ਤਾਂ ਕਦੇ ਤੁਸੀਂ ਅੰਦਰ ਕਹਿੰਦੇ ਹੋ, ਹਾਂ ਠੀਕ—ਜਦ ਤੁਹਾਡੇ ਨਾਲ ਮੇਲ ਖਾਂਦੀ ਹੈ, ਕਦੇ ਅੰਦਰ ਕਹਿੰਦੇ ਹੋ—ਇਹ ਗੱਲ ਜਚਦੀ ਨਹੀਂ, ਜਦ ਤੁਹਾਡੇ ਨਾਲ ਮੇਲ ਨਹੀ ਖਾਂਦੀ। ਤਾਂ ਤੁਸੀਂ, ਮੈਂ ਜੋ ਕਹਿ ਰਿਹਾ ਹਾਂ, ਉਸਨੂੰ ਨਹੀਂ ਸੁਣ ਰਹੇ ਹੋ, ਜੋ ਤੁਹਾਡੇ ਨਾਲ ਮੇਲ ਖਾਂਦਾ ਹੈ, ਜੋ ਤੁਹਾਨੂੰ ਹੋਰ ਸਜਾਉਂਦਾ-ਸੰਵਾਰਦਾ ਹੈ, ਸ਼ਕਤੀਸ਼ਾਲੀ ਬਣਾਉਂਦਾ ਹੈ, ਉਹ ਹੀ ਤੁਸੀਂ ਸੁਣ ਰਹੇ ਹੋ, ਬਾਕੀ ਨੂੰ ਤੁਸੀਂ ਛੱਡ

ਹੀ ਦਿਓਗੇ, ਬਾਕੀ ਨੂੰ ਤੁਸੀਂ ਭੁੱਲ ਹੀ ਜਾਓਗੇ। ਜੇਕਰ ਕੋਈ ਗੱਲ ਤੁਸੀਂ ਸੁਣ ਵੀ ਲਈ, ਜਿਹੜੀ ਤੁਹਾਡੇ ਉਲਟ ਪੈਂਦੀ ਹੈ ਤਾਂ ਤੁਸੀਂ ਅੰਦਰ ਉਸਦਾ ਖੰਡਨ ਕਰੋਗੇ, ਤਰਕ ਇਕੱਠੇ ਕਰੋਗੇ, ਹਜ਼ਾਰ ਉਪਾਅ ਕਰੋਗੇ ਕਿ ਇਹ ਠੀਕ ਨਹੀਂ ਹੋ ਸਕਦਾ, ਕਿਉਂਕਿ ਇੱਕ ਗੱਲ ਤਾਂ ਤੁਸੀਂ ਮੰਨ ਕੇ ਬੈਠੇ ਹੋ ਕਿ ਤੁਸੀਂ ਠੀਕ ਹੋ ਤਾਂ ਜੋ ਤੁਹਾਡੇ ਨਾਲ ਮੇਲ ਖਾਵੇ, ਉਹ ਹੀ ਸੱਚ, ਜੋ ਤੁਹਾਡੇ ਨਾਲ ਮੇਲ ਨਾ ਖਾਵੇ, ਉਹ ਝੂਠ।

ਜੇਕਰ ਤੁਸੀਂ ਸਤਯ ਨੂੰ ਹੀ ਪਾ ਲਿਆ ਹੋਵੇ, ਤਾਂ ਫਿਰ ਸੁਣਨ ਦੀ ਕੋਈ ਜ਼ਰੂਰਤ ਹੀ ਨਹੀਂ ਹੈ। ਉਹ ਵੀ ਤੁਸੀਂ ਪਾਇਆ ਨਹੀਂ ਹੈ, ਸੁਣਨ ਦੀ ਜ਼ਰੂਰਤ ਵੀ ਕਾਇਮ ਹੈ; ਸਤਯ ਨੂੰ ਲੱਭਣਾ ਵੀ ਹੈ ਅਤੇ ਇਸ ਧਾਰਨਾ ਨਾਲ ਲੱਭਣਾ ਹੈ ਕਿ ਸਤਯ ਮੈਨੂੰ ਮਿਲਿਆ ਹੀ ਹੋਇਆ ਹੈ, ਤੁਸੀਂ ਕਿਵੇਂ ਲੱਭ ਸਕੋਗੇ।

ਸਤਯ ਦੇ ਕੋਲ ਤਾਂ ਨੰਗੇ, ਸ਼ੂਨਯ, ਖਾਲੀ ਹੋ ਕੇ ਜਾਣਾ ਪਵੇਗਾ। ਸਤਯ ਦੇ ਕੋਲ ਤਾਂ ਤੁਹਾਨੂੰ ਆਪਣੀਆਂ ਸਾਰੀਆਂ ਧਾਰਨਾਵਾਂ ਨੂੰ ਛੱਡ ਦੇਣਾ ਪਵੇਗਾ। ਤੁਹਾਡੇ ਸਾਰੇ ਵਿਸ਼ਵਾਸ, ਤੁਹਾਡੇ ਸਿਧਾਂਤ, ਤੁਹਾਡੇ ਸ਼ਾਸਤ੍ਰ ਜੇਕਰ ਵਿਚਕਾਰ ਰਹੇ ਤਾਂ ਤੁਸੀਂ ਕਦੇ ਵੀ ਨਾ ਸੁਣ ਸਕੋਗੇ, ਹੋਰ ਜੋ ਤੁਸੀਂ ਸੁਣੋਗੇ ਅਤੇ ਸਮਝੋਗੇ ਕਿ ਮੈਂ ਸੁਣਿਆ ਹੈ, ਉਹ ਤੁਹਾਡੀ ਆਪਣੀ ਹੀ ਗੂੰਜ ਹੋਵੇਗੀ। ਉਹ ਨਹੀਂ, ਜੋ ਕਿਹਾ ਗਿਆ ਸੀ, ਉਹ ਜਿਹੜਾ ਤੁਹਾਡੇ ਅੰਦਰ ਗੁੰਜਾਰ ਹੋਇਆ। ਤੁਸੀਂ ਆਪਣੇ ਹੀ ਮਨ ਦੀ ਕੋਠੜੀ ਨੂੰ ਗੂੰਜਦੇ ਹੋਏ ਸੁਣਦੇ ਰਹੋਗੇ। ਤਦ ਤੁਹਾਨੂੰ ਨਾਨਕ ਦੇ ਵਚਨ ਬੜੇ ਅਤਿਸ਼ਿਯੋਕਤੀਪੂਰਣ ਜਾਪਣਗੇ।

ਦੂਜਾ ਢੰਗ ਬਚਣ ਦਾ ਹੈ ਕਿ ਲੋਕ ਅਕਸਰ, ਜਦ ਵੀ ਕੋਈ ਮਹੱਤਵਪੂਰਨ ਗੱਲ ਕਹੀ ਜਾਏ, ਤੰਦਰਾ ਵਿੱਚ ਹੋ ਜਾਂਦੇ ਹਨ। ਉਹ ਵੀ ਮਨ ਦਾ ਬਚਾਓ ਹੈ। ਉਹ ਵੀ ਬੜੀ ਡੂੰਘੀ ਪ੍ਰਕ੍ਰਿਆ ਹੈ। ਜਦ ਵੀ ਕੋਈ ਚੀਜ਼ ਤੁਹਾਨੂੰ ਛੂਹਣ ਦੇ ਨੇੜੇ ਹੋਵੇ, ਤਦ ਤੁਸੀਂ ਸੌਂ ਜਾਓਗੇ।

ਮੈਂ ਇੱਕ ਬੜੇ ਵੱਡੇ ਪੰਡਿਤ ਦੇ ਘਰ ਪਰਾਹੁਣਾ ਸੀ। ਉਹ ਬਹੁਤ ਵਿਦਵਾਨ ਹਨ, ਸ਼ਾਸਤਰਾਂ ਦੇ ਗਿਆਤਾ ਹਨ ਅਤੇ ਰਾਮਾਇਣ ਪੜ੍ਹਣ ਵਾਲਾ ਤਾਂ ਉਨ੍ਹਾਂ ਵਰਗਾ ਦੂਜਾ ਨਹੀਂ ਸੀ। ਲੱਖਾਂ ਲੋਕੀਂ ਉਨ੍ਹਾਂ ਨੂੰ ਸੁਣਦੇ ਹਨ। ਰਾਤ ਅਸੀਂ ਦੋਵੇਂ ਜਦ ਸੌਣ ਗਏ ਤਾਂ ਇਕੋ ਹੀ ਕਮਰੇ ਵਿੱਚ ਬਿਸਤਰੇ ਸੀ, ਬੱਤੀ ਬੁਝਾ ਕੇ ਅਸੀਂ ਆਪਣੇ ਬਿਸਤਰਿਆਂ ਤੇ ਲੰਮੇ ਪੈ ਗਏ, ਤਦ ਮੈਂ ਸੁਣਿਆ ਕਿ ਉਨ੍ਹਾਂ ਦੀ ਪਤਨੀ ਅੰਦਰ ਆਈ ਅਤੇ ਉਨ੍ਹਾਂ ਦੇ ਕੰਨ ਵਿੱਚ ਕੁਝ ਫੁਸਫੁਸਾ ਕੇ ਬੋਲੀ। ਉਹ ਮੈਨੂੰ ਸੁਣਾਈ ਪੈ ਗਿਆ। ਪਤਨੀ ਨੇ ਕਿਹਾ, 'ਏ ਜੀ, ਸੁਣੋ! ਮੁੰਨਾਂ ਸੌਂ ਨਹੀਂ ਰਿਹਾ ਹੈ, ਚੱਲ ਕੇ ਉਸਨੂੰ ਕੁਝ ਕਹਿ ਦਿਓ।' ਤਾਂ ਪੰਡਿਤ ਜੀ ਨੇ ਕਿਹਾ ਕਿ ਮੇਰੇ ਜਾ ਕੇ ਕਹਿਣ ਨਾਲ ਕੀ ਹੋਏਗਾ। ਪਤਨੀ ਨੇ ਕਿਹਾ ਕਿ ਮੈਂ ਲੱਖਾਂ ਲੋਕਾਂ ਨੂੰ ਤੁਸੀਂ ਜਦ ਬੋਲਦੇ ਹੋ—ਤੁਸੀਂ ਬੋਲਣਾ ਸ਼ੁਰੂ ਕੀਤਾ ਨਹੀਂ—ਲੱਖਾਂ ਲੋਕਾਂ ਨੂੰ

ਤੁਹਾਡੀ ਸਭਾ ਵਿੱਚ ਸੁੱਤੇ ਹੋਏ ਵੇਖਿਆ ਹੈ, ਤਾਂ ਇਸ ਇੱਕ ਇਕੱਲੇ ਮੁੰਨੇ ਦਾ ਕੀ ਵੱਸ ਹੈ! ਚੱਲ ਕੇ ਦੋ ਸ਼ਬਦ ਉਸਨੂੰ ਕਹਿ ਦਿਓ, ਤਾਂ ਉਹ ਵੀ ਸੌਂ ਜਾਵੇ। ਧਾਰਮਿਕ ਸਭਾ ਵਿੱਚ ਲੋਕ ਨੀਂਦ ਪੂਰੀ ਕਰਨ ਦੇ ਲਈ ਹੀ ਜਾਂਦੇ ਹਨ। ਜਿਨ੍ਹਾਂ ਨੂੰ ਰਾਤੀਂ ਨੀਂਦ ਨਹੀਂ ਆਉਂਦੀ, ਉਨ੍ਹਾਂ ਨੂੰ ਵੀ ਧਾਰਮਿਕ ਸਭਾ ਵਿੱਚ ਨੀਂਦ ਆ ਜਾਂਦੀ ਹੈ। ਕੀ ਹੁੰਦਾ ਹੈ? ਤੁਹਾਡੇ ਮਨ ਦੀ ਕੋਈ ਖੇਡ ਹੈ, ਤਰਕੀਬ ਹੈ। ਤੁਸੀਂ ਜੋ ਨਹੀਂ ਸੁਣਨਾ ਚਾਹੁੰਦੇ, ਉਸਦੇ ਬਦਲੇ ਤੁਸੀਂ ਨੀਂਦ ਵਿੱਚ ਆਪਣੇ ਆਪ ਨੂੰ ਢੱਕ ਲੈਂਦੇ ਹੋ, ਆਪਣੇ ਆਪ ਨੂੰ ਬਚਾ ਲੈਂਦੇ ਹੋ। ਨੀਂਦ ਤੁਹਾਡਾ ਸੁਰੱਖਿਆ-ਕਵਚ ਹੈ। ਤਾਂ ਤੁਸੀਂ ਇਸ ਤਰ੍ਹਾਂ ਲੱਗਦੇ ਹੋ ਕਿ ਸੁਣ ਰਹੇ ਹੋ, ਪਰ ਤੁਸੀਂ ਸੁਚੇਤ ਨਹੀਂ ਹੁੰਦੇ ਅਤੇ ਬਿਨਾਂ ਸੁਚੇਤ ਹੋਇਆਂ ਕਿਵੇਂ ਸੁਣਿਆ ਜਾ ਸਕੇਗਾ।

ਤੁਸੀਂ ਬੋਲਣ ਵੇਲੇ ਸੁਚੇਤ ਹੁੰਦੇ ਹੋ, ਸੁਣਨ ਵੇਲੇ ਸੁਚੇਤ ਨਹੀਂ ਹੁੰਦੇ ਅਤੇ ਅਜਿਹਾ ਕੋਈ ਧਾਰਮਿਕ ਸਭਾ ਵਿੱਚ ਹੀ ਹੁੰਦਾ ਹੋਵੇ, ਅਜਿਹਾ ਨਹੀਂ ਹੈ, ਜਦ ਵੀ ਦੂਜਾ ਕੋਈ ਤੁਹਾਡੇ ਨਾਲ ਬੋਲਦਾ ਹੈ, ਤਦ ਵੀ ਤੁਸੀਂ ਸੁਚੇਤ ਨਹੀਂ ਹੁੰਦੇ, ਕਿਉਂਕਿ ਇੱਕ ਅੰਦਰੂਨੀ ਗਲਬਾਤ ਹੈ— ਇੱਕ ਅੰਦਰੂਨੀ ਚੱਲਣ ਵਾਲਾ ਵਾਰਤਾਲਾਪ ਹੈ, ਜਿਸ ਦੇ ਵਿੱਚ ਤੁਸੀਂ ਦੱਬੇ ਹੋਏ ਹੋ। ਦੂਜਾ ਬੋਲੀ ਜਾਂਦਾ ਹੈ। ਤੁਸੀਂ ਅਜਿਹਾ ਭਾਵ ਵੀ ਪ੍ਰਗਟ ਕਰਦੇ ਹੋ ਕਿ ਮੈਂ ਸੁਣ ਰਿਹਾ ਹਾਂ, ਪਰ ਉਹ ਭਾਵ-ਭੰਗਿਮਾਂ ਹੈ, ਅੰਦਰ ਤੁਸੀਂ ਬੋਲੀ ਜਾ ਰਹੇ ਹੋ ਅਤੇ ਜਦ ਤੁਸੀਂ ਅੰਦਰ ਬੋਲੀ ਜਾਂਦੇ ਹੋ ਤਾਂ ਤੁਸੀਂ ਕਿਸ ਦੀ ਸੁਣੋਗੇ? ਤੁਹਾਡੇ ਅੰਦਰ ਜੋ ਬੋਲ ਰਿਹਾ ਹੈ, ਉਸਨੂੰ ਹੀ ਸੁਣੋਗੇ, ਕਿਉਂਕਿ ਬਾਹਰ ਦੇ ਬੋਲਣ ਵਾਲੇ ਦੀ ਆਵਾਜ਼ ਤਾਂ ਤੁਹਾਡੇ ਤੱਕ ਪੁੱਜ ਹੀ ਨਹੀਂ ਸਕੇਗੀ। ਤੁਹਾਡੀ ਆਪਣੀ ਆਵਾਜ਼ ਦੀ ਗੂੰਜ ਕਾਫ਼ੀ ਹੈ ਅਤੇ ਇਸੇ ਲਈ ਤਾਂ ਤੁਹਾਨੂੰ ਨੀਂਦ ਮਾਲੂਮ ਹੋਣ ਲੱਗਦੀ ਹੈ। ਕਿਉਂਕਿ ਤੁਸੀਂ ਆਪਣੇ ਆਪ ਤੋਂ ਅੱਕੇ ਹੋਏ ਹੋ।

ਜਦ ਤੁਸੀਂ ਬੋਲਦੇ ਹੋ, ਤਦ ਤੁਸੀਂ ਥੋੜ੍ਹੇ ਸੁਚੇਤ ਹੁੰਦੇ ਹੋ। ਪਰ ਜਦ ਤੁਸੀਂ ਸੁਣਦੇ ਹੋ ਤਦ ਤੁਸੀਂ ਮੁਰਛਿੱਤ ਹੋਣ ਲੱਗਦੇ ਹੋ, ਕਿਉਂਕਿ ਤੁਸੀਂ ਆਪਣੇ ਆਪ ਤੋਂ ਅੱਕੇ ਹੋਏ ਹੋ। ਇਹ ਗੱਲ ਤਾਂ ਤੁਸੀਂ ਕਈ ਵਾਰ ਅੰਦਰ ਕਰ ਚੁੱਕੇ ਹੋ, ਜਿਹੜੀ ਅੱਜ ਫ਼ਿਰ ਕਰ ਰਹੇ ਹੋ। ਇਹ ਤਾਂ ਇੱਕ ਬਾਰ ਕਹੀ ਗੱਲ ਨੂੰ ਦੋਬਾਰਾ ਕਹਿਣਾ ਹੈ। ਉਸਦੇ ਨਾਲ ਊਬ ਪੈਦਾ ਹੁੰਦੀ ਹੈ। ਉਸਦੇ ਨਾਲ ਨੀਂਦ ਮਾਲੂਮ ਹੋਣ ਲੱਗਦੀ ਹੈ, ਉਹ ਹੀ ਬਚਾਓ ਹੈ ਅਤੇ ਉਹ ਇਸ ਗੱਲ ਦੀ ਖ਼ਬਰ ਹੈ ਕਿ ਅੰਦਰ ਇੱਕ ਵਾਰਤਾਲਾਪ ਚੱਲ ਰਿਹਾ ਹੈ।

ਅੰਦਰ ਦਾ ਵਾਰਤਾਲਾਪ ਜਿਹੜਾ ਤੋੜ ਦੇਵੇਗਾ, ਉਹ ਹੀ ਸੁਣਨ ਵਿੱਚ ਸਮਰੱਥ ਹੁੰਦਾ ਹੈ। ਸ਼ਰਵਣ ਦੀ ਕਲਾ, ਸੁਣਨ ਦੀ ਸ਼ਕਤੀ ਤਦ ਪ੍ਰਾਪਤ ਹੁੰਦੀ ਹੈ, ਜਦ ਅੰਦਰਲਾ ਵਾਰਤਾਲਾਪ ਬੰਦ ਹੋ ਜਾਂਦਾ ਹੈ ਅਤੇ ਇੱਕ ਪਲ ਨੂੰ ਵੀ ਅੰਦਰਲਾ

ਵਾਰਤਾਲਾਪ ਬੰਦ ਹੋ ਜਾਵੇ, ਤਾਂ ਤੁਸੀਂ ਪਾਓਗੇ ਕਿ ਆਕਾਸ਼ ਖੁੱਲ੍ਹ ਗਿਆ—ਅਨੰਤ ਆਕਾਸ਼ ਖੁੱਲ੍ਹ ਗਿਆ ਅਤੇ ਜੋ ਸਭ ਅਨਜਾਣਾ ਸੀ, ਉਹ ਜਾਣਿਆਂ ਪਛਾਣਿਆਂ ਹੋ ਗਿਆ। ਜਿਸਦੀ ਥਾਹ ਨਹੀਂ ਸੀ, ਉਸਦੀ ਥਾਹ ਮਿਲ ਗਈ। ਜਿਹੜਾ ਅਨਜਾਣ ਸੀ, ਉਸਦੇ ਨਾਲ ਜਾਣ-ਪਛਾਣ ਬਣੀ। ਜਿਸ ਦੇ ਨਾਲ ਕੋਈ ਪਛਾਣ ਨਹੀਂ ਸੀ। ਜਿਹੜਾ ਅਜਨਬੀ ਸੀ—ਉਹ ਆਪਣਾ ਹੋਇਆ। ਅਚਾਨਕ!

ਇਹ ਜਗਤ ਤੁਹਾਡਾ ਘਰ ਹੈ। ਜੇਕਰ ਇੱਕ ਪਲ ਲਈ ਵੀ ਤੁਹਾਡੇ ਅੰਦਰ ਦਾ ਵਾਰਤਾਲਾਪ ਟੁੱਟ ਜਾਏ—ਸਾਰੇ ਸਤਸੰਗਾਂ ਦਾ, ਸਾਰੇ ਗੁਰੂਆਂ ਦਾ ਇੱਕ ਹੀ ਉਦੇਸ਼ ਹੈ ਕਿ ਕਿਸ ਤਰ੍ਹਾਂ ਤੁਹਾਡੇ ਅੰਦਰ ਦਾ ਵਾਰਤਾਲਾਪ ਤੋੜਿਆ ਜਾਏ। ਉਹ ਉਸਨੂੰ ਧਿਆਨ ਕਹਿਣ, ਯੋਗ ਕਹਿਣ, ਨਾਮ-ਸਿਮਰਨ ਕਹਿਣ, ਇਸਦੇ ਨਾਲ ਕੋਈ ਫ਼ਰਕ ਨਹੀਂ ਪੈਂਦਾ। ਸਾਰੀ ਕੋਸ਼ਿਸ਼ ਇਹ ਹੈ ਕਿ ਤੁਹਾਡੇ ਅੰਦਰ ਜਿਹੜੀ ਇੱਕ ਸ਼ਬਦਾਂ ਦੀ ਲਗਾਤਾਰ ਧਾਰਾ ਚੱਲ ਰਹੀ ਹੈ, ਉਸਨੂੰ ਤਿੱਤਰ-ਬਿੱਤਰ ਕਿਵੇਂ ਕਰਨਾ ਹੈ, ਉਸਦੇ ਵਿਚਕਾਰ ਖੁੱਲ੍ਹੀ ਥਾਂ ਕਿਵੇਂ ਆ ਜਾਵੇ, ਥੋੜ੍ਹੀ ਵੀ ਦੇਰ ਲਈ ਖੁੱਲ੍ਹੀ ਥਾਂ ਆ ਜਾਵੇ ਤਾਂ ਤੁਸੀਂ ਸਮਝ ਸਕੋਗੇ ਕਿ ਨਾਨਕ ਕੀ ਕਹਿ ਰਹੇ ਹਨ। ਨਾਨਕ ਕਹਿੰਦੇ ਹਨ—"ਸ਼ਰਵਣ ਨਾਲ ਹੀ ਸਿੱਧ, ਪੀਰ, ਦੇਵਤਾ ਅਤੇ ਇੰਦਰ ਹੁੰਦੇ ਹਨ। ਸ਼ਰਵਣ ਵਿੱਚ ਹੀ ਧਰਤੀ ਅਤੇ ਆਕਾਸ਼ ਅਟੱਲ ਹਨ। ਸ਼ਰਵਣ ਨਾਲ ਹੀ ਦੀਪ, ਲੋਕ ਪਾਤਾਲ ਚਲ ਰਹੇ ਹਨ। ਸ਼ਰਵਣ ਨਾਲ ਹੀ ਮੌਤ ਸਪਰਸ਼ ਨਹੀਂ ਕਰਦੀ। ਨਾਨਕ ਕਹਿੰਦੇ ਹਨ—ਸ਼ਰਵਣ ਨਾਲ ਹੀ ਭਗਤ ਸਦਾ ਆਨੰਦਿਤ ਹੁੰਦੇ ਹਨ ਅਤੇ ਸ਼ਰਵਣ ਨਾਲ ਹੀ ਦੁੱਖ ਅਤੇ ਪਾਪ ਦਾ ਨਾਸ ਹੁੰਦਾ ਹੈ।"

*ਸੁਣਿਐ ਸਿਧ ਪੀਰ ਸੁਰਿ ਨਾਥ॥ ਸੁਣਿਐ ਧਰਤਿ ਧਵਲ ਆਕਾਸ॥*
*ਸੁਣਿਐ ਦੀਪ ਲੋਅ ਪਾਤਾਲ॥ ਸੁਣਿਐ ਪੋਹਿ ਨ ਸਕੈ ਕਾਲੁ॥*
*ਨਾਨਕ ਭਗਤਾ ਸਦਾ ਵਿਗਾਸੁ॥ ਸੁਣਿਐ ਦੂਖ ਪਾਪ ਕਾ ਨਾਸੁ॥ ੮॥*

ਭਰੋਸਾ ਨਹੀਂ ਆਉਂਦਾ ਕਿ ਸੁਣਨ ਨਾਲ ਹੀ ਕੋਈ ਸਿੱਧ, ਪੀਰ, ਦੇਵਤਾ ਅਤੇ ਇੰਦਰ ਹੋ ਜਾਂਦਾ ਹੈ ਅਤੇ ਸੁਣਨ ਨਾਲ ਹੀ ਧਰਤੀ ਅਤੇ ਆਕਾਸ਼ ਚਲ ਰਹੇ ਹਨ ਅਤੇ ਸੁਣਨ ਨਾਲ ਹੀ ਦੀਪ, ਲੋਕ, ਪਾਤਾਲ ਖੜ੍ਹੇ ਹਨ। ਸੁਣਨ ਨਾਲ ਹੀ ਮੌਤ ਛੂੰਹਦੀ ਨਹੀਂ, ਵਧਾ-ਚੜ੍ਹਾ ਕੇ ਕਹੀ ਗੱਲ ਲੱਗਦੀ ਹੈ।

ਜ਼ਰਾ ਵੀ ਵਧਾ-ਚੜ੍ਹਾ ਕੇ ਕਹੀ ਗੱਲ ਨਹੀਂ ਹੈ, ਕਿਉਂਕਿ ਜਿਵੇਂ ਹੀ ਤੁਹਾਨੂੰ ਸੁਣਨ ਦੀ ਕਲਾ ਆਈ, ਤੁਹਾਨੂੰ ਜੀਵਨ ਨਾਲ ਜਾਣ-ਪਛਾਣ ਕਰਨ ਦੀ ਕਲਾ ਆ ਗਈ ਅਤੇ ਜਿਵੇਂ ਹੀ ਤੁਹਾਨੂੰ ਕੁਦਰਤ ਦਾ ਬੋਧ ਹੋਣਾ ਸ਼ੁਰੂ ਹੋਇਆ। ਤੁਸੀਂ ਪਾਓਗੇ ਕਿ ਜਿਹੋ ਜਿਹਾ ਸੰਨਾਟਾ ਸੁਣਨ ਦੇ ਪਲ ਵਿੱਚ ਤੁਹਾਡੇ ਅੰਦਰ ਹੈ, ਸ਼ਰਵਣ ਦੇ ਪਲ ਵਿੱਚ ਜਿਹੋ ਜਿਹੀ ਸ਼ੂਨਯਤਾ ਤੁਹਾਡੇ ਅੰਦਰ ਹੈ, ਉਹ ਹੀ ਸ਼ੂਨਯਤਾ ਤਾਂ ਸਾਰੀ ਕੁਦਰਤ ਦਾ ਆਧਾਰ

ਹੈ। ਉਸਦੇ ਨਾਲ ਹੀ ਆਕਾਸ਼ ਟਿਕਿਆ ਹੈ, ਉਸ ਦੇ ਨਾਲ ਹੀ ਪਾਤਾਲ ਟਿਕਿਆ ਹੈ। ਉਸੇ ਸ਼ੂਨਯ ਉਤੇ, ਉਸੇ ਮੌਨ ਵਿੱਚ ਤਾਂ ਸਾਰਾ ਜਗਤ ਘੁੰਮ ਰਿਹਾ ਹੈ। ਉਸੇ ਮੌਨ ਵਿੱਚ ਸੂਰਜ ਟੁੱਟਦਾ ਹੈ ਅਤੇ ਰੁੱਖ ਬਣਦਾ ਹੈ। ਉਸੇ ਮੌਨ ਵਿੱਚ ਤਾਂ ਸੂਰਜ ਚੜ੍ਹਦਾ ਹੈ। ਉਸੇ ਮੌਨ ਵਿੱਚ ਚੰਨ-ਤਾਰੇ ਬਣਦੇ ਹਨ ਅਤੇ ਖਿੰਡਦੇ ਹਨ। ਜਦ ਤੁਸੀਂ ਆਪਣੇ ਅੰਦਰ ਸ਼ਬਦਾਂ ਨੂੰ ਸ਼ੂਨਯ ਕਰ ਦਿੰਦੇ ਹੋ, ਤਦ ਤੁਸੀਂ ਉਸ ਥਾਂ ਪੁੱਜ ਗਏ, ਜਿਥੋਂ ਸ੍ਰਿਸ਼ਟੀ ਪੈਦਾ ਹੁੰਦੀ ਹੈ ਅਤੇ ਜਿੱਥੇ ਲੀਨ ਹੁੰਦੀ ਹੈ।

ਅਜਿਹਾ ਹੋਇਆ ਕਿ ਇੱਕ ਮੁਸਲਮਾਨ ਫ਼ਕੀਰ ਨਾਨਕ ਦੇ ਕੋਲ ਆਇਆ। ਉਸ ਨੇ ਕਿਹਾ ਕਿ ਮੈਂ ਸੁਣਿਆ ਹੈ ਕਿ ਤੁਸੀਂ ਚਾਹੋ ਤਾਂ ਪਲ ਵਿੱਚ ਮੈਨੂੰ ਸੁਆਹ ਕਰ ਦਿਓ ਅਤੇ ਤੁਸੀਂ ਚਾਹੋ ਤਾਂ ਪਲ ਵਿੱਚ ਮੈਨੂੰ ਬਣਾ ਦਿਓ। ਇਹ ਚਮਤਕਾਰ ਹੈ, ਮੈਨੂੰ ਭਰੋਸਾ ਨਹੀਂ ਆਉਂਦਾ। ਪਰ ਆਦਮੀ ਈਮਾਨਦਾਰ ਸੀ, ਮੁਮੁਕਸ਼ੂ (ਮੁਕਤੀ ਪਾਣ ਦੀ ਇੱਛਾ ਰੱਖਣ ਵਾਲਾ) ਸੀ, ਐਵੇਂ ਹੀ ਕੌਤੂਹਲ ਨਾਲ ਨਹੀਂ ਆ ਗਿਆ ਸੀ, ਸਾਧਕ ਸੀ, ਜੋ ਪੁੱਛਿਆ ਸੀ, ਬੜੀ ਜਿਗਿਆਸਾ ਨਾਲ ਪੁੱਛਿਆ ਸੀ।

ਨਾਨਕ ਨੇ ਕਿਹਾ ਤਾਂ ਫ਼ਿਰ ਅੱਖਾਂ ਮੀਟ ਲਓ ਅਤੇ ਸ਼ਾਂਤ ਹੋ ਕੇ ਬੈਠ ਜਾਓ ਤਾਂ ਜੋ ਤੁਸੀਂ ਚਾਹੁੰਦੇ ਹੋ, ਉਹ ਮੈਂ ਕਰਕੇ ਹੀ ਵਿਖਾ ਦਿਆਂ। ਉਹ ਫ਼ਕੀਰ ਅੱਖਾਂ ਮੀਟ ਕੇ ਸ਼ਾਂਤ ਹੋ ਕੇ ਬੈਠ ਗਿਆ। ਜੇਕਰ ਮੁਕਤੀ ਪਾਉਣ ਦਾ ਇਛੁੱਕ ਨਾ ਹੁੰਦਾ ਤਾਂ ਭੈਅ-ਭੀਤ ਹੋ ਜਾਂਦਾ, ਕਿਉਂਕਿ ਜੋ ਪੁੱਛਿਆ ਸੀ, ਖ਼ਤਰਨਾਕ ਪੁੱਛਿਆ ਸੀ ਕਿ ਸੁਆਹ ਕਰ ਦਿਓ, ਮਿਟਾ ਦਿਓ, ਫ਼ਿਰ ਬਣਾ ਦਿਓ। ਪ੍ਰਲਯ ਅਤੇ ਸ੍ਰਿਸ਼ਟੀ ਤੁਹਾਡੇ ਹੱਥ ਵਿੱਚ ਹੈ, ਅਜਿਹਾ ਮੈਂ ਸੁਣਿਆ ਹੈ।

ਸਵੇਰ ਦਾ ਵੇਲਾ—ਇਹੋ ਜਿਹੀ ਹੀ ਸਵੇਰ ਰਹੀ ਹੋਣੀ ਹੈ। ਇੱਕ ਪਿੰਡ ਤੋਂ ਬਾਹਰ ਇੱਕ ਰੁੱਖ ਦੇ ਹੇਠਾਂ, ਇੱਕ ਖੂਹ ਦੇ ਕੋਲ ਨਾਨਕ ਬੈਠੇ ਸਨ। ਉਨ੍ਹਾਂ ਦੇ ਭਗਤ ਬਾਲਾ ਅਤੇ ਮਰਦਾਨਾ ਵੀ ਮੌਜੂਦ ਸਨ। ਉਹ ਵੀ ਥੋੜ੍ਹੇ ਹੈਰਾਨ ਹੋਏ ਕਿ ਅਜਿਹਾ ਤਾਂ ਨਾਨਕ ਨੇ ਕਦੇ ਕਿਸੇ ਨੂੰ ਕਿਹਾ ਨਹੀਂ ਅਤੇ ਹੁਣ ਕੀ ਹੋਏਗਾ? ਉਹ ਵੀ ਸੁਚੇਤ ਹੋ ਗਏ। ਉਸ ਪਲ ਜਿਵੇਂ ਆਲੇ-ਦੁਆਲੇ ਦੇ ਰੁੱਖ ਵੀ ਸੁਚੇਤ ਹੋ ਗਏ ਹੋਣਗੇ। ਪੱਥਰ ਵੀ ਸੁਚੇਤ ਹੋ ਗਏ ਹੋਣਗੇ, ਕਿਉਂਕਿ ਨਾਨਕ ਨੇ ਕਿਹਾ, ਬੈਠ ਜਾਓ, ਅੱਖਾਂ ਮੀਟ ਲਓ, ਸ਼ਾਂਤ ਹੋ ਜਾਓ। ਜਿਵੇਂ ਹੀ ਤੁਸੀਂ ਸ਼ਾਂਤ ਹੋ ਜਾਓਗੇ, ਮੈਂ ਚਮਤਕਾਰ ਵਿਖਾ ਦਿਆਂਗਾ।

ਉਹ ਫ਼ਕੀਰ ਸ਼ਾਂਤ ਹੋ ਕੇ ਬੈਠ ਗਿਆ। ਬੜੀ ਸ਼ਰਧਾ ਵਾਲਾ ਆਦਮੀ ਰਿਹਾ ਹੋਣਾ। ਉਹ ਅੰਦਰ ਬਿਲਕੁਲ ਸ਼ੂਨਯ ਹੋ ਗਿਆ। ਨਾਨਕ ਨੇ ਉਸਦੇ ਸਿਰ ਤੇ ਹੱਥ ਰੱਖਿਆ ਅਤੇ ੧ਓ ਦੀ ਧੁਨੀ ਕੀਤੀ ਅਤੇ ਕਹਾਣੀ ਕਹਿੰਦੀ ਹੈ ਕਿ ਉਹ ਆਦਮੀ ਸੁਆਹ ਹੋ ਗਿਆ। ਫ਼ਿਰ ਨਾਨਕ ਨੇ ੧ਓ ਦੀ ਧੁਨੀ ਕੀਤੀ ਅਤੇ ਕਹਾਣੀ ਕਹਿੰਦੀ ਹੈ ਕਿ ਉਹ

ਆਦਮੀ ਫਿਰ ਨਿਰਮਿਤ ਹੋ ਗਿਆ। ਜੇਕਰ ਕਹਾਣੀ ਨੂੰ ਉਪਰੋਂ ਫੜੋਗੇ ਤਾਂ ਭੁੱਲ ਹੋ ਜਾਏਗੀ। ਪਰ ਅੰਦਰ ਇਹ ਘਟਨਾ ਵਾਪਰੀ। ਜਦ ਉਹ ਸਾਰੀ ਤਰ੍ਹਾਂ ਸ਼ਾਂਤ ਹੋ ਗਿਆ ਅਤੇ ਨਾਨਕ ਨੇ ੧ਓ ਦੀ ਧੁਨੀ ਕੀਤੀ, ਸ਼ਰਵਣ ਨੂੰ ਉਪਲੱਬਧ (ਪ੍ਰਾਪਤ) ਹੋਇਆ, ਅੰਦਰ ਦਾ ਵਾਰਤਾਲਾਪ ਟੁੱਟ ਗਿਆ ਸਿਰਫ ੧ਓ ਦੀ ਧੁਨੀ ਗੂੰਜੀ। ਉਸ ਧੁਨੀ ਦੇ ਗੂੰਜਣ ਤੋਂ ਪਿਛੋਂ ਪ੍ਰਲਯ ਦੀ ਹਾਲਤ ਅੰਦਰ ਆਪਣੇ ਆਪ ਹੋ ਜਾਂਦੀ ਹੈ। ਸਭ ਗੁਆਚ ਗਿਆ—ਸਾਰਾ ਸੰਸਾਰ—ਸਾਰੀਆਂ ਸੀਮਾਵਾਂ—ਸੁਆਹ ਹੋ ਗਈਆਂ, ਨਾ ਕੁੱਛ ਹੋ ਗਿਆ। ਅੰਦਰ ਕੋਈ ਵੀ ਨਹੀਂ ਬਚਿਆ। ਲੱਭਣ ਨਾਲ ਵੀ ਕੋਈ ਨਾ ਮਿਲਿਆ, ਕੋਈ ਸੀ ਹੀ ਨਹੀਂ, ਘਰ ਸੁੰਨਾ ਸੀ। ਫਿਰ ਨਾਨਕ ਨੇ ੧ਓ ਦੀ ਧੁਨੀ ਕੀਤੀ। ਉਹ ਆਦਮੀ ਮੁੜ ਪਰਤਿਆ, ਉਸਨੇ ਅੱਖਾਂ ਖੋਲ੍ਹੀਆਂ। ਉਸਨੇ ਚਰਨਾਂ ਵਿੱਚ, ਪੈਰਾਂ ਤੇ ਸਿਰ ਧਰਿਆ ਅਤੇ ਕਿਹਾ ਕਿ ਮੈਂ ਤਾਂ ਸੋਚਦਾ ਸੀ, ਇਹ ਅਨਹੋਣੀ ਹੈ। ਪਰ ਤੁਸੀਂ ਕਰਕੇ ਵਿਖਾ ਦਿੱਤਾ!

ਕਹਾਣੀ ਨੂੰ ਮੰਨਣ ਵਾਲੇ ਇਸਨੂੰ ਨਹੀਂ ਸਮਝ ਸਕਣਗੇ। ਉਹ ਤਾਂ ਸਮਝਦੇ ਹਨ, ਕਿ ਉਹ ਆਦਮੀ ਸੁਆਹ ਹੋ ਗਿਆ, ਫਿਰ ਸੁਆਹ ਨਾਲ ਨਾਨਕ ਨੇ ਉਸਨੂੰ ਫੇਰ ਬਣਾ ਦਿੱਤਾ। ਇਹ ਸਾਰੀਆਂ ਨਾ ਸਮਝੀ ਦੀਆਂ ਗੱਲਾਂ ਹਨ। ਤਦ ਤੁਸੀਂ ਸਮਝੇ ਨਹੀਂ, ਭੁੱਲ ਹੋ ਗਈ। ਪਰ ਅੰਦਰ ਪ੍ਰਲਯ ਅਤੇ ਸ੍ਰਿਸ਼ਟੀ ਦੀ ਘਟਨਾ ਵਾਪਰਦੀ ਹੈ।

ਪਰ ਉਹ ਫ਼ਕੀਰ ਸੁਣਨ ਵਿੱਚ ਸਮਰੱਥ ਸੀ। ਜਦ ਕੋਈ ਸੁਣਨ ਵਿੱਚ ਸਮਰੱਥ ਹੁੰਦਾ ਹੈ ਤਾਂ ਤੁਸੀਂ ਮੈਨੂੰ ਹੀ ਥੋੜ੍ਹੇ ਸੁਣੋਗੇ। ਸੁਣਨ ਦੀ ਕਲਾ ਆ ਗਈ। ਮੈਂ ਬਹਾਨਾ ਹਾਂ, ਗੁਰੂ ਤਾਂ ਬਹਾਨਾ ਹੈ। ਸੁਣਨ ਦੀ ਕਲਾ ਆ ਗਈ ਤਾਂ ਜਦ ਰੁੱਖਾਂ ਵਿੱਚ ਹਵਾਵਾਂ ਵਗਣਗੀਆਂ, ਤਦ ਵੀ ਤੁਸੀਂ ਸੁਣੋਗੇ। ਅਤੇ ਉਸ ਸੰਨਾਟੇ ਵਿੱਚ ੧ਓ ਦਾ ਨਾਦ ਸੁਣਾਈ ਦੇਵੇਗਾ, ਜੀਵਨ ਦਾ ਜਿਹੜਾ ਮੂਲ ਸੁਰ ਹੈ ਉਹ ਸੁਣਾਈ ਦੇਵੇਗਾ, ਪਹਾੜ ਤੋਂ ਪਾਣੀ ਦਾ ਝਰਨਾ ਡਿੱਗੇਗਾ ਉਸਦੇ ਨਾਦ ਨੂੰ ਤੁਸੀਂ ਸੁਣੋਗੇ। ਉਸ ਨਾਦ ਵਿੱਚ ਤੁਸੀਂ ਪਾਓਗੇ ਕਿ ਸਾਰਾ ਕੁਝ ਸ਼ੂਨਯ ਵਿੱਚ ਟਿਕਿਆ ਹੈ। ਨਦੀਆਂ ਉਸਦੇ ਵਿੱਚ ਹੀ ਵਗਦੀਆਂ ਹਨ, ਸਾਗਰ ਉਸੇ ਵਿੱਚ ਮਿਲਦੇ ਹਨ। ਤੁਸੀਂ ਅੱਖਾਂ ਮੀਟ ਲਓਗੇ ਤਾਂ ਤੁਸੀਂ ਆਪਣੇ ਹੀ ਹਿਰਦੇ ਦੀ ਧੜਕਣ ਸੁਣੋਗੇ, ਖੂਨ ਦੀ ਗਤੀ ਦੀ ਹਲਕੀ-ਹਲਕੀ ਆਵਾਜ਼ ਸੁਣੋਗੇ ਅਤੇ ਤੁਸੀਂ ਪਾਓਗੇ, ਇਹ ਮੈਂ ਨਹੀਂ ਹਾਂ, ਮੈਂ ਤਾਂ ਸੁਣਨ ਵਾਲਾ ਹਾਂ, ਮੈਂ ਤਾਂ ਸਾਖਸ਼ੀ ਹਾਂ। ਫਿਰ ਤੁਹਾਨੂੰ ਮੌਤ ਛੂਹ ਨਹੀਂ ਸਕੇਗੀ।

ਜਿਸ ਨੂੰ ਸੁਣਨ ਦੀ ਕਲਾ ਆ ਗਈ। ਉਸਨੂੰ ਜਾਣਨ ਲਈ ਕੁਝ ਵੀ ਬਾਕੀ ਨਹੀਂ ਰਿਹਾ। ਇਸ ਲਈ ਨਾਨਕ ਕਹਿੰਦੇ ਹਨ ਕਿ ਸ਼ਰਵਣ ਨਾਲ ਹੀ ਸਿੱਧ, ਪੀਰ, ਦੇਵਤਾ ਅਤੇ ਇੰਦਰ ਹੁੰਦੇ ਹਨ। ਸ਼ਰਵਣ ਨਾਲ ਧਰਤੀ ਅਤੇ ਆਕਾਸ਼ ਟਿਕੇ ਹੋਏ ਹਨ। ਸ਼ਰਵਣ

ਨਾਲ ਹੀ ਦੀਪ, ਲੋਕ, ਪਾਤਾਲ ਚਲ ਰਹੇ ਹਨ।

ਸਾਰੀ ਕੁਦਰਤ ਸ਼ਬਦ ਨਾਲ ਹੀ ਚਲ ਰਹੀ ਹੈ। ਸ਼ਬਦ ਦਾ ਅਰਥ ਹੋਇਆ—ਸਾਰੀ ਕੁਦਰਤ ਸ਼ੂਨਯ ਨਾਲ ਚਲ ਰਹੀ ਹੈ ਅਤੇ ਜਦ ਤੁਸੀਂ ਸ਼ਬਦ 'ਚ ਹੁੰਦੇ ਹੋ, ਤਦ ਸ਼ੂਨਯ ਦੀ ਛਾਪ ਤੁਹਾਡੇ ਉਤੇ ਆਉਂਦੀ ਹੈ। ਤਦ ਸ਼ੂਨਯ ਤੁਹਾਡੇ 'ਚ ਗੂੰਜਦਾ ਹੈ। ਉਹ ਹੀ ਗੂੰਜ ਕੁਦਰਤ ਦੀ ਅਸਲੀ ਗੂੰਜ ਹੈ। ਉਹ ਹੀ ਧੁਨੀ ਕੁਦਰਤ ਦੀ ਮੂਲ ਇਕਾਈ ਹੈ।

ਸ਼ਬਦ ਨਾਲ ਮੌਤ ਵੀ ਛੁੰਹਦੀ ਨਹੀਂ। ਹੋਰ ਇੱਕ ਵਾਰ ਤੁਸੀਂ ਸੁਣਨਾ ਜਾਣ ਲਿਆ, ਫ਼ਿਰ ਕੈਸੀ ਮੌਤ, ਕਿਉਂਕਿ ਸੁਣਨ ਵਾਲੇ ਨੂੰ ਸਾਖਸ਼ੀ ਦਾ ਬੋਧ ਹੋ ਜਾਂਦਾ ਹੈ। ਅਜੇ ਤੁਸੀਂ ਸੋਚ-ਸੋਚ ਕੇ ਸੁਣਦੇ ਹੋ। ਸੋਚਣ ਵਾਲਾ ਤਾਂ ਮਰੇਗਾ। ਸੋਚਣ ਵਾਲਾ ਤਾਂ ਮਰਣ ਧਰਮਾ ਹੈ। ਜਿਸ ਦਿਨ ਤੁਸੀਂ ਬਿਨਾਂ ਸੋਚੇ ਸੁਣੋਗੇ, ਕੇਵਲ ਸੁਣੋਗੇ, ਉਸ ਦਿਨ ਤਾਂ ਗਵਾਹੀ, ਸਾਖਸ਼ੀ ਹੋ ਜਾਓਗੇ। ਏਧਰ ਮੈਂ ਬੋਲਾਂਗਾ, ਓਧਰ ਤੁਹਾਡਾ ਦਿਮਾਗ ਸੁਣੇਗਾ ਅਤੇ ਇੱਕ ਤੀਜਾ ਵੀ ਤੁਹਾਡੇ ਅੰਦਰ ਹੋਵੇਗਾ, ਜਿਹੜਾ ਵੇਖੇਗਾ ਕਿ ਸੁਣਿਆ ਜਾ ਰਿਹਾ ਹੈ। ਉਸ ਦਿਨ ਇੱਕ ਨਵੇਂ ਤੱਤਵ ਦਾ ਤੁਹਾਡੇ ਅੰਦਰ ਆਗਮਨ ਹੋਵੇਗਾ। ਇੱਕ ਨਵੀਂ ਪ੍ਰਕ੍ਰਿਆ ਸੰਗਠਿਤ ਹੋਵੇਗੀ। ਇੱਕ ਨਵਾਂ Crystalization ਹੋਏਗਾ। ਉਹ ਹੈ ਸਾਖਸ਼ੀ ਦਾ। ਸਾਖਸ਼ੀ ਦੀ ਕੋਈ ਮੌਤ ਨਹੀਂ ਹੈ।

ਇਸ ਲਈ ਨਾਨਕ ਕਹਿੰਦੇ ਹਨ—"ਸ਼ਬਦ ਨਾਲ ਮੌਤ ਵੀ ਛੁੰਹਦੀ ਨਹੀਂ। ਨਾਨਕ ਕਹਿੰਦੇ ਹਨ—ਸ਼ਬਦ ਨਾਲ ਹੀ ਭਗਤ ਸਦਾ ਖੁਸ਼ ਹੁੰਦੇ ਹਨ ਅਤੇ ਸ਼ਬਦ ਨਾਲ ਹੀ ਦੁੱਖ ਅਤੇ ਪਾਪ ਦਾ ਨਾਸ਼ ਹੁੰਦਾ ਹੈ।"

ਕਿਵੇਂ ਚੁੱਪ ਹੋ ਜਾਓ ਅਤੇ ਕਿਵੇਂ ਤੁਹਾਡੇ ਅੰਦਰ ਦਾ ਲਗਾਤਾਰ ਚੱਲਣ ਵਾਲਾ ਵਾਰਤਾਲਾਪ ਟੁੱਟੇ ; ਕਿਵੇਂ ਪਲ ਕੁ ਲਈ ਬੱਦਲ ਛਟਣ ਅਤੇ ਖੁੱਲ੍ਹਾ ਆਕਾਸ਼ ਵਿਖਾਈ ਪਵੇ; ਕਿਵੇਂ ਸਿਲਸਿਲਾ ਅੰਦਰ ਮਿਟੇ-ਇਹ ਹੀ ਸਾਰੀ ਪ੍ਰਕ੍ਰਿਆ ਹੈ।

ਇਥੇ ਤੁਸੀਂ ਬੈਠੇ ਹੋ। ਮੈਂ ਬੋਲ ਰਿਹਾ ਹਾਂ। ਨਾਲ-ਨਾਲ ਤੁਹਾਨੂੰ ਬੋਲਣ ਦੀ ਕੋਈ ਵੀ ਤਾਂ ਜ਼ਰੂਰਤ ਨਹੀਂ ਹੈ। ਤੁਸੀਂ ਚੁੱਪ ਹੋ ਸਕਦੇ ਹੋ। ਬੱਸ, ਪੁਰਾਣੀ ਆਦਤ ਹੈ, ਉਹ ਅੰਦਰ ਬੋਲੀ ਹੀ ਜਾਂਦੀ ਹੈ। ਆਦਤ ਦੀ ਵਜ੍ਹਾ ਨਾਲ।

ਇੱਕ ਛੋਟੇ ਜਿਹੇ ਬੱਚੇ ਕੋਲੋਂ ਮੈਂ ਪੁੱਛ ਰਿਹਾ ਸੀ ਕਿ ਤੇਰੀ ਛੋਟੀ ਭੈਣ ਬੋਲਣ ਲੱਗੀ ਕਿ ਨਹੀਂ, ਉਸਨੇ ਕਿਹਾ ਬੋਲਣ ਤਾਂ ਲੱਗੀ, ਕਦੋਂ ਦਾ ਬੋਲਣਾ ਸਿਖ ਗਈ, ਹੁਣ ਸਾਰੇ ਉਸਨੂੰ ਚੁੱਪ ਹੋਣਾ ਸਿੱਖਾ ਰਹੇ ਹਨ। ਹੁਣ ਉਹ ਚੁੱਪ ਹੀ ਨਹੀਂ ਹੁੰਦੀ, ਬੋਲਦੀ ਹੀ ਰਹਿੰਦੀ ਹੈ। ਪਹਿਲਾਂ ਬਿਲਕੁਲ ਚੁੱਪ ਸੀ। ਤਾਂ ਅਸੀਂ ਸਾਰਿਆਂ ਨੇ ਮਿਲ ਕੇ ਬੋਲਣਾ ਸਿੱਖਾਇਆ ਅਤੇ ਹੁਣ ਸਾਰੇ ਮਿਲ ਕੇ ਚੁੱਪ ਹੋਣਾ ਸਿਖਾ ਰਹੇ ਹਨ, ਜਿਹੜਾ ਕਿ ਬਹੁਤ ਔਖਾ ਕੰਮ ਜਾਪਦਾ ਹੈ।

ਤੁਸੀਂ ਬਿਨਾਂ ਬੋਲੇ ਆਏ, ਕੀ ਤੁਹਾਡਾ ਦਿਲ ਬੋਲਦੇ-ਬੋਲਦੇ ਜਾਣਦਾ ਹੈ? ਤਦ ਤੁਸੀਂ ਜੀਵਨ ਤੋਂ ਵਾਂਝੇ ਹੋ ਜਾਓਗੇ ਅਤੇ ਮੌਤ ਦਾ ਵੀ ਪਰਮ-ਸਪਰਸ਼ ਪਰਮ-ਆਨੰਦ ਤੁਹਾਨੂੰ ਨਾ ਹੋ ਸਕੇਗਾ। ਤੁਸੀਂ ਚੁੱਪ ਹੀ ਆਏ, ਚੁੱਪ ਹੀ ਜਾਣ ਦੀ ਤਿਆਰੀ ਕਰੋ। ਬੋਲਣਾ ਵਿਚਕਾਰ ਹੈ, ਸੰਸਾਰ ਲਈ ਲਾਭਕਾਰੀ ਹੈ। ਜਦ ਤੁਸੀਂ ਦੂਜੇ ਨਾਲ ਗੱਲ ਕਰ ਰਹੇ ਹੋ, ਤਦ ਬੋਲਣ ਦਾ ਲਾਭ ਹੈ, ਜਦ ਤੁਸੀਂ ਚੁੱਪ ਬੈਠੇ ਹੋ, ਤਦ ਬੋਲਣਾ ਪਾਗਲਪਨ ਹੈ। ਬੋਲਣਾ ਇੱਕ ਪ੍ਰਕ੍ਰਿਆ ਹੈ, ਜਿਸਦੇ ਨਾਲ ਅਸੀਂ ਦੂਸਰੇ ਨਾਲ ਜੁੜਦੇ ਹਾਂ। ਚੁੱਪ ਹੋਣਾ ਦੂਸਰੀ ਪ੍ਰਕ੍ਰਿਆ ਹੈ। ਜਿਸ ਨਾਲ ਅਸੀਂ ਆਪਣੇ ਆਪ ਨਾਲ ਜੁੜਦੇ ਹਾਂ। ਚੁੱਪ ਰਹੋਗੇ ਤਾਂ ਦੂਜੇ ਨਾਲ ਜੁੜੇ ਹੋਣਾ ਮੁਸ਼ਕਿਲ ਹੈ, ਬੋਲੋਗੇ ਤਾਂ ਆਪਣੇ ਆਪ ਨਾਲ ਜੁੜਣਾ ਮੁਸ਼ਕਿਲ ਹੈ। ਬੋਲਣਾ ਤਾਂ ਇੱਕ ਪੁਲ ਹੈ, ਜਿਸ ਦੇ ਰਾਹੀਂ ਅਸੀਂ ਦੂਜੇ ਤੱਕ ਪੁੱਜਦੇ ਹਾਂ। ਚੁੱਪ ਹੋਣਾ ਇੱਕ ਪੁਲ ਹੈ। ਜਿਸ ਨਾਲ ਅਸੀਂ ਆਪਣੇ ਆਪ ਤੱਕ ਪੁੱਜਦੇ ਹਾਂ। ਕਿਤੇ ਤੁਸੀਂ ਸਾਧਨ ਦੀ ਭੁੱਲ ਕਰ ਰਹੇ ਹੋ।

ਜੇਕਰ ਕੋਈ ਆਦਮੀ ਚੁੱਪ-ਚਾਪ ਬੈਠਾ ਰਹੇ, ਕਿਸੇ ਨਾਲ ਬੋਲੇ ਹੀ ਨਾ ਤਾਂ ਉਸਦਾ ਕੋਈ ਸੰਬੰਧ ਨਹੀਂ ਬਣੇਗਾ। ਹੌਲੀ-ਹੌਲੀ ਲੋਕ ਉਸਨੂੰ ਭੁੱਲ ਜਾਣਗੇ। ਇਸ ਲਈ ਗੂੰਗੇ ਨਾਲੋਂ ਦੀਨ ਮਨੁੱਖ ਦੂਜਾ ਨਹੀਂ ਵਿਖਾਈ ਪੈਂਦਾ, ਅੰਨ੍ਹਾਂ ਵੀ ਓਨਾਂ ਦੀਨ ਵਿਖਾਈ ਨਹੀਂ ਦਿੰਦਾ, ਜਿੰਨਾ ਗੂੰਗਾ ਦੀਨ ਜਾਪਦਾ ਹੈ। ਤੁਸੀਂ ਕਦੇ ਗ਼ੌਰ ਕਰੋ। ਗੂੰਗੇ ਉਤੇ ਸਭ ਤੋਂ ਬਹੁਤ ਦਇਆ ਆਏਗੀ। ਕਿਉਂਕਿ ਅੰਨ੍ਹਾਂ ਵੇਖ ਨਹੀਂ ਸਕਦਾ, ਇਹ ਸੱਚ ਹੈ, ਪਰ ਫ਼ਿਰ ਵੀ ਸੰਬੰਧ ਤਾਂ ਬਣਾ ਲੈਂਦਾ ਹੈ। ਪਤੀ ਹੋ ਸਕਦਾ ਹੈ, ਪਤਨੀ ਬਣ ਸਕਦਾ ਹੈ, ਪੁੱਤਰ ਨਾਲ ਬੋਲ ਸਕਦਾ ਹੈ, ਮਿੱਤਰ ਬਣ ਸਕਦਾ ਹੈ। ਸਮਾਜ ਦਾ ਹਿੱਸਾ ਹੋ ਸਕਦਾ ਹੈ, ਗੂੰਗਾ ਆਪਣੇ 'ਚ ਬੰਦ ਕਿਤੇ ਜਾਣ ਦਾ ਕੋਈ ਉਪਾਅ ਨਹੀਂ, ਕਿਸੇ ਨਾਲ ਸੰਬੰਧ ਬਨਾਉਣ ਲਈ ਕੋਈ ਰਾਹ ਨਹੀਂ ਖੁੱਲ੍ਹਦਾ। ਗੂੰਗਾ ਜਿਵੇਂ ਕਿਸੇ ਨਾਲ ਜੁੜ ਨਹੀਂ ਸਕੇਗਾ ਅਤੇ ਤੁਸੀਂ ਉਸਦੀ ਔਖਿਆਈ ਨੂੰ ਸਮਝੋ। ਬਾਹਰ ਜਾਣਾ ਚਾਹੁੰਦਾ ਹੈ, ਨਹੀਂ ਜਾ ਸਕਦਾ। ਉਸਦੇ ਇਸ਼ਾਰੇ ਗ਼ੌਰ ਨਾਲ ਵੇਖੋ। ਕਿੰਨੀ ਤੜਫ਼ਨ ਨਾਲ ਇਸ਼ਾਰੇ ਕਰਦਾ ਹੈ ਅਤੇ ਜਦ ਤੁਸੀਂ ਨਹੀਂ ਸਮਝਦੇ ਤਾਂ ਬੇ-ਹਾਲ ਹੋ ਜਾਂਦਾ ਹੈ, ਕਿੰਨਾ ਬੇਬਸ ਕਿੰਨਾ ਅਸਮਰੱਥ ਆਪਣੇ ਆਪ ਨੂੰ ਪਾਉਂਦਾ ਹੈ। ਗੂੰਗੇ ਤੋਂ ਬਹੁਤਾ ਦਇਆ ਦਾ ਪਾਤਰ ਕੋਈ ਵੀ ਨਹੀਂ, ਕਿਉਂਕਿ ਗੂੰਗਾ ਸਮਾਜ ਦਾ ਹਿੱਸਾ ਨਹੀਂ ਹੋ ਪਾਉਂਦਾ। ਮਿੱਤਰ ਨਹੀਂ ਬਣਾ ਸਕਦਾ। ਕਿਸੇ ਨਾਲ ਬੋਲ ਨਹੀਂ ਸਕਦਾ। ਕਿਸੇ ਨਾਲ ਆਪਣੇ ਪਿਆਰ ਦੀ ਚਰਚਾ ਨਹੀਂ ਕਰ ਸਕਦਾ। ਕਿਸੇ ਨੂੰ ਆਪਣੇ ਹਿਰਦੇ ਦੀ ਗੱਲ ਨਹੀਂ ਕਹਿ ਸਕਦਾ। ਕਿਸੇ ਨੂੰ ਆਪਣਾ ਦੁੱਖ ਨਹੀਂ ਕਹਿ ਸਕਦਾ ਕਿ ਥੋੜ੍ਹਾ ਹਲਕਾ ਹੋ ਜਾਏ।

ਜਿਵੇਂ ਗੂੰਗਾ ਅਸਮਰੱਥ ਹੋ ਜਾਂਦਾ ਹੈ, ਦੂਜੇ ਨਾਲ ਸੰਬੰਧ ਬਨਾਉਣ 'ਚ ਐਵੇਂ ਹੀ

ਤੁਸੀਂ ਅਸਮਰੱਥ ਹੋ ਗਏ ਹੋ ਆਪਣੇ ਨਾਲ ਸੰਬੰਧ ਜੋੜਨ 'ਚ, ਕਿਉਂਕਿ ਉਥੇ ਤੁਸੀਂ ਬੋਲੀ ਜਾਂਦੇ ਹੋ। ਉਥੇ ਗੁੰਗਾ ਹੋਣ ਦੀ ਜ਼ਰੂਰਤ ਹੈ। ਉਥੇ ਬਿਲਕੁਲ ਚੁੱਪ ਹੋ ਜਾਣ ਦੀ ਜ਼ਰੂਰਤ ਹੈ, ਕਿਉਂਕਿ ਦੂਜਾ ਉਥੇ ਹੈ ਹੀ ਨਹੀਂ। ਵਾਰਤਾਲਾਪ ਕਿਸ ਦੇ ਨਾਲ ਕਰ ਰਹੇ ਹੋ? ਅੰਦਰ ਕਿਸ ਦੇ ਨਾਲ ਬੋਲ ਰਹੇ ਹੋ? ਖ਼ੁਦ ਹੀ ਜਵਾਬ ਦੇ ਰਹੇ ਹੋ, ਖ਼ੁਦ ਹੀ ਸਵਾਲ ਉਠਾ ਰਹੇ ਹੋ—ਇਹ ਹੀ ਤਾਂ ਪਾਗਲਪਨ ਦਾ ਲੱਛਣ ਹੈ। ਪਾਗਲ 'ਚ ਅਤੇ ਤੁਹਾਡੇ 'ਚ ਫ਼ਰਕ ਕੀ ਹੈ? ਪਾਗਲ ਜ਼ੋਰ-ਜ਼ੋਰ ਨਾਲ ਆਪਣੇ ਆਪ ਨਾਲ ਗੱਲਾਂ ਕਰਦਾ ਹੈ, ਤੁਸੀਂ ਹੌਲੀ-ਹੌਲੀ ਕਰਦੇ ਹੋ, ਬੱਸ ਏਨਾ ਹੀ ਫ਼ਰਕ ਹੈ। ਕਿਸੇ ਦਿਨ ਤੁਸੀਂ ਵੀ ਜ਼ੋਰ-ਜ਼ੋਰ ਨਾਲ ਕਰਨ ਲੱਗੋਗੇ। ਤਦ ਤੁਸੀਂ ਵੀ ਪਾਗਲ ਹੋ ਜਾਓਗੇ। ਅਜੇ ਤੁਸੀਂ ਪਾਗਲਪਨ ਨੂੰ ਜਿਵੇਂ ਦਬਾ-ਦਬਾ ਕੇ ਬੈਠੇ ਹੋ, ਉਹ ਕਦੇ ਵੀ ਫੁੱਟ ਸਕਦਾ ਹੈ, ਉਹ ਨਾਸੂਰ ਹੈ, ਉਸਦੇ 'ਚੋਂ ਪਾਕ ਕਿਸੇ ਵੇਲੇ ਵੀ ਵਗ ਸਕਦੀ ਹੈ।

ਅੰਦਰ ਦੀ ਵਾਰਤਾ ਕਿਉਂ ਚੱਲ ਰਹੀ ਹੈ? ਆਦਤ। ਪੂਰਾ ਜੀਵਨ ਤੁਹਾਨੂੰ ਸਿਰਫ਼ ਬੋਲਣਾ ਸਿਖਾਇਆ ਗਿਆ ਹੈ। ਘਰ 'ਚ ਬੱਚਾ ਜੰਮਦਾ ਹੈ ਤਾਂ ਜਿਹੜੀ ਪਹਿਲੀ ਗੱਲ ਸਿਖਾਉਣ ਦੀ ਕੋਸ਼ਿਸ਼ ਕਰਦੇ ਹਨ, ਉਹ ਇਹ ਕੀ ਕਿਸੇ ਤਰ੍ਹਾਂ ਬੋਲੇ ਅਤੇ ਜਿਹੜਾ ਬੱਚਾ ਜਿੰਨੀ ਛੇਤੀ ਬੋਲਦਾ ਹੈ, ਉਹ ਸਮਾਜ ਵਿੱਚ ਓਨਾਂ ਲਾਭਕਾਰੀ ਸਿੱਧ ਹੁੰਦਾ ਹੈ। ਉਹ ਜਿੰਨੀ ਛੇਤੀ ਬੋਲਦਾ ਹੈ। ਉਸਨੂੰ ਲੋਕ ਪ੍ਰਤਿਭਾਸ਼ਾਲੀ ਕਹਿੰਦੇ ਹਨ। ਜਿੰਨੀ ਦੇਰ ਨਾਲ ਬੋਲਦਾ ਹੈ, ਓਨਾਂ ਪ੍ਰਤਿਭਾਹੀਣ ਕਹਿੰਦੇ ਹਨ।

ਬੋਲਣ ਦੀ ਕਲਾ ਸਮਾਜਿਕ ਕਲਾ ਹੈ। ਮਨੁੱਖ ਸਮਾਜ ਦਾ ਹਿੱਸਾ ਹੈ। ਇਸ ਲਈ ਅਸੀਂ ਪਹਿਲੀ ਚਿੰਤਾ ਇਹ ਕਰਦੇ ਹਾਂ ਕਿ ਬੱਚਾ ਬੋਲੇ ਅਤੇ ਜਦੋਂ ਬੱਚਾ ਬੋਲਦਾ ਹੈ ਤਾਂ ਮਾਂ-ਪਿਉ ਕਿੰਨੇ ਖੁਸ਼ ਹੁੰਦੇ ਹਨ। ਫ਼ਿਰ ਜੀਵਨ ਦੀਆਂ ਜਿੰਨੀਆਂ ਵੀ ਜ਼ਰੂਰਤਾਂ ਹਨ, ਸਾਰੀਆਂ ਬੋਲਣ ਨਾਲ ਪੂਰੀਆਂ ਹੁੰਦੀਆਂ ਹਨ, ਭੁੱਖ ਲੱਗੀ ਤਾਂ ਬੋਲੇ, ਤ੍ਰੇਹ ਲੱਗੀ ਤਾਂ ਬੋਲੋ, ਕਹੋ ਬੋਲਣ ਵਿੱਚ ਜੀਵਨ ਦੀ ਸੁਰੱਖਿਆ ਹੈ।

ਮੌਨ ਦਾ ਫ਼ਾਇਦਾ ਹੀ ਕੀ ਹੈ? ਇਸ ਜ਼ਿੰਦਗੀ ਵਿੱਚ ਕੋਈ ਫ਼ਾਇਦਾ ਵਿਖਾਈ ਨਹੀਂ ਦਿੰਦਾ। ਮੌਨ ਇਸ ਸੰਸਾਰ ਵਿੱਚ ਕੋਈ ਵੀ ਤਾਂ ਅਰਥ ਨਹੀਂ ਰੱਖਦਾ। ਮੌਨ ਨਾਲ ਤੁਸੀਂ ਕੀ ਖਰੀਦੋਗੇ? ਮੌਨ ਨਾਲ ਬਜ਼ਾਰੋਂ ਕੀ ਲਿਆਓਗੇ? ਮੌਨ ਨਾਲ ਕਿਹੜੀ ਜ਼ਰੂਰਤ ਪੂਰੀ ਹੋਵੇਗੀ? ਬੋਲਣ ਨਾਲ ਸ਼ਰੀਰ ਦੀਆਂ ਸਾਰੀਆਂ ਜ਼ਰੂਰਤਾਂ ਪੂਰੀਆਂ ਹੁੰਦੀਆਂ ਹਨ। ਇਸ ਲਈ ਬੋਲਣ ਵਿੱਚ ਅਸੀਂ ਅਭਿਆਸਤ ਹੁੰਦੇ ਜਾਂਦੇ ਹਾਂ। ਫ਼ਿਰ ਤਾਂ ਅਸੀਂ ਰਾਤ ਵੀ ਬੋਲਦੇ ਹਾਂ, ਨੀਂਦ ਵਿੱਚ ਵੀ ਬੋਲਦੇ ਹਾਂ। ਫ਼ਿਰ ਅਸੀਂ ਚੌਵੀ ਘੰਟੇ ਬੋਲਦੇ ਹੀ ਰਹਿੰਦੇ ਹਾਂ। ਫ਼ਿਰ ਬੋਲਣਾ ਸਾਡੇ ਅੰਦਰ ਆਟੋਨੱਮਸ, (ਯੰਤਰ ਵਾਂਗ) ਹੋ ਜਾਂਦਾ ਹੈ।

ਅਸੀਂ ਬੋਲਦੇ ਹੀ ਰਹਿੰਦੇ ਹਾਂ, ਅਭਿਆਸ ਕਰਦੇ ਹਾਂ। ਕਿਸੇ ਨਾਲ ਬੋਲਣ ਤੋਂ

ਪਹਿਲਾਂ ਅੰਦਰ ਬੋਲਦੇ ਹਾਂ ਕਿ ਕੀ ਕਹਾਂਗੇ, ਬੋਲਣ ਤੋਂ ਪਿਛੋਂ ਫ਼ਿਰ ਦੁਹਰਾਉਂਦੇ ਹਾਂ ਕਿ ਕੀ ਕਿਹਾ। ਫ਼ਿਰ ਹੌਲੀ-ਹੌਲੀ ਅਸੀਂ ਇਹ ਭੁੱਲ ਹੀ ਜਾਂਦੇ ਹਾਂ ਕਿ ਇਸ ਬੋਲਣ ਦੇ ਰਾਹੀਂ ਅਸੀਂ ਕੁਝ ਗੁਆ ਰਹੇ ਹਾਂ। ਬਾਹਰ ਤਾਂ ਲਾਭ ਹੋ ਰਿਹਾ ਹੈ, ਅੰਦਰ ਵਿਨਾਸ਼ ਹੋ ਰਿਹਾ ਹੈ। ਸੰਸਾਰ ਵਿੱਚ ਤਾਂ ਗਤੀ ਹੋ ਰਹੀ ਹੈ, ਆਪਣੇ ਨਾਲ ਸੰਬੰਧ ਟੁੱਟ ਰਹੇ ਹਨ, ਦੂਜਿਆਂ ਨਾਲ ਜੁੜ ਰਹੇ ਹਾਂ, ਆਪਣੇ ਤੋਂ ਦੂਰ ਜਾ ਰਹੇ ਹਾਂ, ਦੂਜਿਆਂ ਦੇ ਤਾਂ ਕੋਲ ਆ ਰਹੇ ਹਾਂ, ਆਪਣੇ ਆਪ ਦੀ ਨੇੜਤਾ ਗੁਆਚਦੀ ਜਾ ਰਹੀ ਹੈ। ਫ਼ਿਰ ਜਿੰਨੇ ਤੁਸੀਂ ਇਸ ਵਿੱਚ ਕੁਸ਼ਲ (ਨਿਪੁੰਨ) ਹੋ ਜਾਓਗੇ, ਓਨਾਂ ਹੀ ਮੌਨ ਔਖਾ ਹੋ ਜਾਏਗਾ, ਆਦਤ .....। ਅਤੇ ਆਦਤ ਨੂੰ ਕੋਈ ਇੱਕ ਪਲ ਵਿੱਚ ਨਹੀਂ ਤੋੜ ਸਕਦਾ।

ਤੁਸੀਂ ਸਮਝ ਵੀ ਲਵੋ, ਤੁਹਾਨੂੰ ਬਿਲਕੁਲ ਸਮਝ ਵੀ ਆ ਜਾਵੇ ਕਿ ਗੱਲ ਸਹੀ ਹੈ— ਆਪਣੇ ਆਪ ਨਾਲ ਬੋਲਣ ਦੀ ਕੀ ਜ਼ਰੂਰਤ ਹੈ? ਕੋਈ ਟੁਰਦਾ ਹੈ ਤਾਂ ਪੈਰ ਚਲਦੇ ਹਨ, ਬੈਠੇ-ਬੈਠੇ ਤਾਂ ਪੈਰ ਚਲਾਉਣ ਦੀ ਕੋਈ ਜ਼ਰੂਰਤ ਨਹੀਂ, ਕਿਉਂਕਿ ਕਿਤੇ ਹੋਰ ਜਾਣਾ ਹੋਵੇ ਤਾਂ ਪੈਰ ਚਲਾਉਣੇ ਪੈਂਦੇ ਹਨ, ਜਦ ਕਿਤੇ ਜਾਣਾ ਹੀ ਨਹੀਂ ਹੈ, ਬੈਠੇ ਹਾਂ, ਤਦ ਪੈਰ ਕਿਉਂ ਚਲਾਉਣੇ। ਜਦ ਭੁੱਖ ਲੱਗਦੀ ਹੈ ਤਾਂ ਕੋਈ ਖਾਣਾ ਖਾਂਦਾ ਹੈ। ਜਦ ਭੁੱਖ ਨਾ ਲੱਗੀ ਹੋਵੇ ਤਦ ਕੋਈ ਖਾਣਾ ਖਾਂਦਾ ਰਹੇ ਤਾਂ ਪਾਗਲ ਹੋ ਜਾਵੇਗਾ। ਜਦ ਨੀਂਦ ਆਉਂਦੀ ਹੋਵੇ ਤਾਂ ਸੌਂ ਜਾਣਾ ਪੈਂਦਾ ਹੈ।

ਜਦ ਨੀਂਦ ਨਾ ਆਉਂਦੀ ਹੋਵੇ, ਤਦ ਸੌਣ ਦੀ ਕੋਸ਼ਿਸ਼ ਕਰਨੀ ਬੇਕਾਰ ਪਰੇਸ਼ਾਨ ਹੋਣਾ ਹੈ। ਪਰ ਇਹ ਤੁਸੀਂ ਬੋਲਣ ਦੇ ਸੰਬੰਧ ਵਿੱਚ ਕਦੇ ਨਹੀਂ ਸੋਚਦੇ ਕਿ ਜਦ ਜ਼ਰੂਰਤ ਹੋਵੇ ਤਦ ਅਸੀਂ ਇਸ ਦੀ ਵਰਤੋਂ ਕਰਾਂਗੇ, ਜਦ ਜ਼ਰੂਰਤ ਨਹੀਂ ਹੋਏਗੀ ਤਾਂ ਬੰਦ ਕਰ ਦਿਆਂਗੇ।

ਅਜਿਹਾ ਲੱਗਦਾ ਹੈ ਕਿ ਤੁਸੀਂ ਭੁੱਲ ਹੀ ਗਏ ਹੋ ਕਿ ਬੋਲਣ ਦੀ ਪ੍ਰਕ੍ਰਿਆ ਰੋਕੀ ਅਤੇ ਜਾਰੀ ਕੀਤੀ ਜਾ ਸਕਦੀ ਹੈ। ਬਿਲਕੁਲ ਕੀਤੀ ਜਾ ਸਕਦੀ ਹੈ, ਨਹੀਂ ਤਾਂ ਸਾਰੇ ਧਰਮ ਅਸੰਭਵ ਹਨ। ਧਰਮ ਸੰਭਵ ਹੁੰਦੇ ਹਨ ਮੌਨ ਨਾਲ। ਇਸ ਲਈ ਤਾਂ ਨਾਨਕ ਸ਼ਰਵਣ ਦੀ ਏਨੀ ਤਾਰੀਫ਼ ਕਰ ਰਹੇ ਹਨ। ਏਧਰ ਸ਼ਰਵਣ ਦੀ ਤਾਰੀਫ਼ ਗ਼ੌਰ ਨਾਲ ਸਮਝੋ ਤਾਂ ਮੌਨ ਦੀ ਤਾਰੀਫ਼ ਹੈ। ਉਹ ਮਹਿਮਾ ਮੌਨ ਦੀ ਹੈ ਕਿ ਤੁਸੀਂ ਚੁੱਪ ਹੋ ਜਾਓ ਤਾਂ ਕਿ ਤੁਸੀਂ ਸੁਣ ਸਕੋ ਕਿ ਕਿਹਾ ਜਾ ਰਿਹਾ ਹੈ, ਤੁਸੀਂ ਆਪਣੇ 'ਚ ਹੀ ਡੁੱਬੇ ਹੋ, ਤੁਸੀਂ ਆਪਣੀ ਹੀ ਚਲਾਈ ਜਾ ਰਹੇ ਹੋ, ਤੁਸੀਂ ਆਪ ਹੀ ਬੋਲੀ ਜਾ ਰਹੇ ਹੋ—ਇਹ ਸਮਝ ਵਿੱਚ ਆ ਜਾਵੇ ਤਾਂ ਵੀ ਇਸੀ ਪਲ ਰੁਕ ਨਹੀਂ ਸਕਦੇ। ਆਦਤਾਂ ਜਾਣ ਵਿੱਚ ਵਕਤ ਲੈਂਦੀਆਂ ਹਨ ਅਤੇ ਆਦਤਾਂ ਨੂੰ ਤੋੜਣਾ ਹੋਵੇ ਤਾਂ ਉਲਟ ਆਦਤ ਬਨਾਉਣ ਦੇ ਸਿਵਾ ਹੋਰ ਕੋਈ ਉਪਾਅ ਨਹੀਂ ਹੈ।

ਤਾਂ ਮੌਨ ਦਾ ਅਭਿਆਸ ਕਰਨਾ ਪਵੇਗਾ। ਸਾਧੂਆਂ ਦੇ ਸਤਸੰਗ 'ਚ ਰਹਿਣ ਦਾ ਇਕੋ ਹੀ ਤਾਂ ਅਰਥ ਹੈ ਕਿ ਤੁਸੀਂ ਮੌਨ ਦਾ ਅਭਿਆਸ ਕਰੋ। ਗੁਰੂ ਦੇ ਕੋਲ ਜਾਣ ਦੀ ਇਕੋ ਹੀ ਤਾਂ ਗਰਜ਼ ਹੈ ਕਿ ਉਥੇ ਤੁਹਾਨੂੰ ਬੋਲਣ ਲਈ ਕੀ ਹੈ। ਸਿਰਫ਼ ਸੁਣਨ ਦਾ ਹੈ, ਤੁਸੀਂ ਸੁਣੋਗੇ, ਚੁੱਪ ਬੈਠੋਗੇ। ਗੁਰੂ ਦੇ ਕੋਲ ਤੁਸੀਂ ਵਾਰਤਾਲਾਪ ਕਰਨ ਲਈ ਥੋੜ੍ਹੇ ਹੀ ਜਾਂਦੇ ਹੋ।

ਇੱਕ ਮਿੱਤਰ ਕੁਝ ਦਿਨ ਪਹਿਲਾਂ ਆਏ। ਉਨ੍ਹਾਂ ਨੇ ਕਿਹਾ, ਤੁਹਾਡੇ ਨਾਲ ਕੁਝ ਚਰਚਾ ਕਰਨੀ ਹੈ। ਅਸੀਂ ਕਿਹਾ ਚਰਚਾ ਕਰਨੀ ਹੈ ਤਾਂ ਤੁਸੀਂ ਕਰੋ, ਮੈਂ ਸੁਣਾਂਗਾ, ਪਰ ਫ਼ਿਰ ਮੈਂ ਨਹੀਂ ਬੋਲਾਂਗਾ। ਉਨ੍ਹਾਂ ਨੇ ਕਿਹਾ ਕਿ ਨਹੀਂ, ਵਿਚਾਰ ਦਾ ਲੈਣ-ਦੇਣ। ਮੈਂ ਕਿਹਾ, ਤੁਹਾਡੇ ਕੋਲ ਵਿਚਾਰ ਹੋਣ ਤਾਂ ਮੈਨੂੰ ਕੋਈ ਲੈਣਾ ਨਹੀਂ, ਕੁਝ ਦੇਣਾ ਨਹੀਂ। ਨਿਰਵਿਚਾਰ ਹੋਵੇ ਤਾਂ ਮੈਂ ਕੁਝ ਦੇ ਸਕਦਾ ਹਾਂ ਅਤੇ ਤੁਹਾਡੇ ਕੋਲ ਕੁਝ ਦੇਣ ਨੂੰ ਹੈ ਤਾਂ ਮੈਂ ਲੈਣ ਲਈ ਰਾਜ਼ੀ ਹਾਂ।

ਕੁਝ ਵੀ ਦੇਣ ਨੂੰ ਨਹੀਂ ਹੈ, ਪਰ ਵਿਚਾਰ ਦਾ ਲੈਣ-ਦੇਣ ਕਰਨਾ ਹੈ। ਲੋਕ ਕਹਿੰਦੇ ਹਨ। Exchange of thoughts ਤੁਹਾਡਾ ਪਾਗਲਪਨ ਤੁਸੀਂ ਮੈਨੂੰ ਦਿਓ, ਮੇਰਾ ਪਾਗਲਪਨ ਮੈਂ ਤੁਹਾਨੂੰ ਦੇਵਾਂ। ਵੈਸੇ ਹੀ ਦੋਵੇਂ ਕਾਫ਼ੀ ਪਾਗਲ ਸਨ, ਹੋਰ ਲੈਣ-ਦੇਣ ਦੀ ਕੋਈ ਜ਼ਰੂਰਤ ਨਹੀਂ ਸੀ।

ਗੁਰੂ ਦੇ ਕੋਲ ਅਸੀਂ ਵਾਰਤਾਲਾਪ ਲਈ ਨਹੀਂ ਆਉਂਦੇ, ਚੁੱਪ ਹੋਣ ਆਉਂਦੇ ਹਾਂ ਅਤੇ ਜਦ ਅਸੀਂ ਚੁੱਪ ਹੋ ਜਾਂਦੇ ਹਾਂ, ਤਦ ਹੀ ਅਸੀਂ ਸੁਣ ਸਕਦੇ ਹਾਂ। ਸ਼੍ਰਵਣ ਦੀ ਮਹਿਮਾ ਨੂੰ ਤੁਸੀਂ ਮੌਨ ਦੀ ਮਹਿਮਾ ਸਮਝਣਾ, ਕਿਉਂਕਿ ਸ਼੍ਰਵਣ ਸੰਭਵ ਹੀ ਤਦ ਹੋਵੇਗਾ ਜਦ ਤੁਸੀਂ ਚੁੱਪ ਹੋਵੋ ਅਤੇ ਤੁਹਾਡੇ ਚੁੱਪ ਹੋਣ ਲਈ ਤੁਹਾਨੂੰ ਥੋੜ੍ਹੇ ਅਭਿਆਸ ਕਰਨੇ ਪੈਣਗੇ।

ਕੀ ਕਰੋਗੇ ਚੁੱਪ ਹੋਣ ਲਈ? ਕੁਝ ਹੋਰ ਬਹੁਤਾ ਕਰਨਾ ਨਹੀਂ। ਕਦੀ ਦਿਨ ਵਿੱਚ ਚੌਵੀ ਘੰਟਿਆਂ ਵਿੱਚ ਜਦ ਤੁਹਾਨੂੰ ਸੁਵਿਧਾ ਹੋਵੇ ਘੜੀ ਭਰ ਲਈ ਸ਼ਾਂਤ ਹੋ ਕੇ ਬੈਠ ਜਾਓ। ਅੰਦਰਲਾ ਵਾਰਤਾਲਾਪ ਚਲੇਗਾ। ਤੁਸੀਂ ਉਸ ਵਿੱਚ ਸਹਿਯੋਗੀ ਨਾ ਬਣੋ। ਇਹ ਸੂਤਰ ਹੈ। ਅੰਦਰ ਚਰਚਾ ਚੱਲ ਰਹੀ ਹੈ, ਤੁਸੀਂ ਸੁਣੋ, ਜਿਵੇਂ ਕੋਈ ਦੋ ਆਦਮੀ ਗੱਲਾਂ ਕਰਦੇ ਹੋਣ, ਪਰ ਤੁਸੀਂ ਦੂਰ ਰਹੋ। ਤੁਸੀਂ ਉਨ੍ਹਾਂ ਦੇ ਵਿਚਾਲੇ ਨਾ ਪਵੋ। ਤੁਸੀਂ ਉਲਝੋ ਹੀ ਨਾ, ਤੁਸੀਂ ਸੁਣਦੇ ਰਹੋ ਕਿ ਮਨ ਦਾ ਇੱਕ ਕੋਨਾ ਮਨ ਦੇ ਦੂਜੇ ਕੋਨੇ ਨਾਲ ਬੋਲ ਰਿਹਾ ਹੈ, ਮੈਂ ਸੁਣ ਰਿਹਾ ਹਾਂ। ਜੋ ਆਵੇ ਆਣ ਦਿਓ। ਨਾ ਤੁਸੀਂ ਦਬਾਓ, ਨਾ ਤੁਸੀਂ ਰੋਕਣ ਦੀ ਕੋਸ਼ਿਸ਼ ਕਰੋ, ਤੁਸੀਂ ਸਿਰਫ਼ ਸਾਖਸ਼ੀ ਰਹੋ।

ਬਹੁਤ ਕੁਝ ਕੂੜਾ ਨਿਕਲੇਗਾ, ਕਿਉਂਕਿ ਬਹੁਤ ਕੁਝ ਤੁਸੀਂ ਦਬਾ ਕੇ ਬੈਠੇ ਹੋ ਅਤੇ ਮਨ ਨੂੰ ਕਦੇ ਖੁੱਲ੍ਹੀ ਛੁੱਟੀ ਨਹੀਂ ਮਿਲੀ, ਫ਼ੁਰਸਤ ਨਹੀਂ ਮਿਲੀ, ਜਦ ਫ਼ੁਰਸਤ ਦਿਓਗੇ ਤਾਂ ਮਨ ਘੋੜੇ ਦੀ ਜਿਵੇਂ ਲਗਾਮ ਟੁੱਟ ਗਈ ਹੋਵੇ, ਇਵੇਂ ਭੱਜੇਗਾ। ਭੱਜਣ ਦਿਓ। ਤੁਸੀਂ ਬੈਠੇ ਵੇਖਦੇ ਰਹੋ। ਬੱਸ ਉਸ ਵੇਖਣ ਵਿੱਚ ਹੀ ਧੀਰਜ ਹੈ, ਕਿਉਂਕਿ ਤੁਹਾਡੀ ਤਬੀਅਤ ਹੋਏਗੀ ਘੋੜੇ ਉਤੇ ਚੜ੍ਹ ਜਾਣ ਦੀ, ਤੁਹਾਡੀ ਤਬੀਅਤ ਹੋਏਗੀ ਲਗਾਮ ਫ਼ੜ ਲੈਣ ਦੀ, ਤੁਹਾਡੀ ਤਬੀਅਤ ਹੋਏਗੀ ਘੋੜੇ ਨੂੰ ਸੱਜੇ ਪਾਸੇ ਚਲਾਉਣ ਦੀ, ਜਾਂ ਖੱਬੇ ਪਾਸੇ ਚਲਾਉਣ ਦੀ ! ਪੁਰਾਣੀ ਆਦਤ ! ਉਸਨੂੰ ਤੋੜਣ ਲਈ ਤੁਹਾਨੂੰ ਥੋੜ੍ਹਾ ਜਿਹਾ ਧੀਰਜ ਰੱਖਣਾ ਪਵੇਗਾ—ਕਿ ਘੋੜੇ ਨੂੰ ਜਾਣ ਦਿਓ, ਮਨ ਜਿੱਥੇ ਜਾਵੇ ਜਾਣ ਦਿਓ, ਮੈਂ ਸਿਰਫ਼ ਵੇਖਾਂਗਾ। ਮੈਂ ਕੋਈ ਨਿਯੰਤ੍ਰਣ (ਕਾਬੂ-ਕਰਨਾ) ਨਹੀਂ ਕਰਾਂਗਾ। ਇੱਕ ਸ਼ਬਦ ਦੂਜੇ ਸ਼ਬਦ ਨੂੰ ਲਿਆਵੇਗਾ, ਕਿਉਂਕਿ ਸਾਰੀਆਂ ਚੀਜ਼ਾਂ ਜੁੜੀਆਂ ਹਨ। ਇੱਕ ਸ਼ਬਦ ਉੱਠੇਗਾ, ਹਜ਼ਾਰ ਸ਼ਬਦ ਉੱਠਣਗੇ, ਕਿਉਂਕਿ ਕੋਈ ਵੀ ਚੀਜ਼ ਬਿਨਾਂ ਸੰਬੰਧ ਤੋਂ ਨਹੀਂ।

ਫ਼ਰਾਇਡ ਨੇ ਇਸ ਪ੍ਰਕ੍ਰਿਆ ਦੀ ਬੜੀ ਵਰਤੋਂ ਕੀਤੀ, ਇਹ ਯੋਗ ਦੀ ਬੜੀ ਪੁਰਾਣੀ ਪ੍ਰਕ੍ਰਿਆ ਹੈ। ਫ਼ਰਾਇਡ ਨੂੰ ਤਾਂ ਸ਼ਾਇਦ ਪਤਾ ਵੀ ਨਹੀਂ ਸੀ, ਪਰ ਉਸਨੇ ਪੂਰੇ ਮਨੋ-ਵਿਸ਼ਲੇਸ਼ਣ (ਸਾਈਕੋ ਅਨੈਲੇਸਿਜ) ਨੂੰ ਇਸ ਦੇ ਉੱਪਰ ਆਧਾਰਿਤ ਕੀਤਾ। ਸਾਰੀਆਂ ਚੀਜ਼ਾਂ ਜੁੜੀਆਂ ਹਨ। ਇੱਕ ਵਿਚਾਰ ਆਉਂਦਾ ਹੈ, ਉਸਦੇ ਕੁੰਡੇ ਵਿੱਚ ਫਸਿਆ ਹੋਇਆ ਦੂਜਾ ਆਉਂਦਾ ਹੈ, ਉਸਦੇ ਕੁੰਡੇ ਵਿੱਚ ਫਸਿਆ ਤੀਜਾ ਆਉਂਦਾ ਹੈ—ਇੱਕ ਲੜੀ ਬਣ ਜਾਂਦੀ ਹੈ।

ਇੱਕ ਟ੍ਰੇਨ ਵਿੱਚ ਮੈਂ ਸਫ਼ਰ ਕਰ ਰਿਹਾ ਸੀ। ਬੜੀ ਭੀੜ ਸੀ ਅਤੇ ਟਿਕਟ ਚੈਕਰ ਆਇਆ, ਇੱਕ ਬੁੱਢਾ ਆਦਮੀ ਠੀਕ ਮੇਰੀ ਸੀਟ ਦੇ ਹੇਠਾਂ ਲੁਕਿਆ ਹੋਇਆ ਸੀ। ਚੈਕਰ ਨੇ ਉਸਨੂੰ ਪੁੱਛਿਆ—ਉਏ ਬੁੱਢਿਆ, ਟਿਕਟ ਵਿਖਾ ! ਉਹ ਬੁੱਢਾ ਉਥੇ ਹੀ ਗਿੜਗਿੜਾਉਣ ਲੱਗਾ, ਹੱਥ ਜੋੜਣ ਲੱਗਾ ਅਤੇ ਕਿਹਾ—ਮਾਫ਼ ਕਰ ਦਿਓ, ਇਸ ਵਾਰ ਬੱਸ ਮਾਫ਼ ਕਰ ਦਿਓ। ਨਾ ਤਾਂ ਟਿਕਟ ਹੈ ਕੋਲ ਅਤੇ ਨਾ ਇੱਕ ਪਾਈ ਜੇਬ ਵਿੱਚ ਹੈ। ਕੁੜੀ ਦਾ ਵਿਆਹ ਕਰਨਾ ਹੈ, ਉਸੇ ਸਿਲਸਿਲੇ ਵਿੱਚ ਪਿੰਡ ਜਾ ਰਿਹਾ ਹਾਂ। ਬੜੀ ਕਿਰਪਾ ਹੋਏਗੀ ! ਉਹ ਟਿਕਟ ਚੈਕਰ ਨੂੰ ਤਰਸ ਆ ਗਿਆ, ਉਹ ਅੱਗੇ ਵਧ ਗਿਆ। ਪਰ ਦੂਜੀ ਸੀਟ ਹੇਠਾਂ ਇੱਕ ਜੁਆਨ ਆਦਮੀ ਲੁਕਿਆ ਹੋਇਆ ਸੀ। ਉਸ ਨੇ ਸਿਰਫ਼ ਮਖੌਲ ਨਾਲ ਉਸ ਨੂੰ ਕਿਹਾ— ਕਿਉਂ ਭਾਈ ਤੂੰ ਵੀ ਆਪਣੀ ਕੁੜੀ ਦਾ ਵਿਆਹ ਕਰਨਾ ਹੈ? ਟਿਕਟ ਕਿੱਥੇ ਹੈ? ਉਸ ਆਦਮੀ ਨੇ ਕਿਹਾ—'ਹਜ਼ੂਰ ਟਿਕਟ ਤਾਂ ਨਹੀਂ ਹੈ ਅਤੇ ਕੁੜੀ ਦਾ ਵਿਆਹ ਵੀ ਕਰਨ ਨਹੀਂ ਜਾ ਰਿਹਾ, ਪਰ ਮੈਂ ਉਸ ਬੁੱਢੇ ਦਾ ਹੋਣ ਵਾਲਾ ਜਵਾਈ ਹਾਂ।'

ਇਵੇਂ ਹੀ ਚੀਜ਼ਾਂ ਜੁੜੀਆਂ ਹਨ—ਕੋਈ ਜਵਾਈ ਹੈ, ਕੋਈ ਸਹੁਰਾ ਹੈ। ਦੋਵੇਂ ਲੁਕੇ ਹਨ। ਉਨ੍ਹਾਂ ਨੂੰ ਥੋੜ੍ਹਾ ਬਾਹਰ ਲਿਆਉਣ ਦੀ ਜ਼ਰੂਰਤ ਹੈ। ਤੁਹਾਡੇ ਅੰਦਰ ਸਾਰੀ ਲੜੀ ਬੱਝੀ ਹੈ। ਤੁਸੀਂ ਆਪੇ ਹੀ ਹੈਰਾਨ ਹੋਵੋਗੇ, ਚਕਿਤ ਹੋਵੋਗੇ ਕਿ ਕਿਸ-ਕਿਸ ਤਰ੍ਹਾਂ ਦੇ ਵਿਚਾਰਾਂ ਨਾਲ ਕਿਹੋ ਜਿਹੇ ਵਿਚਾਰਾਂ ਦਾ ਸੰਬੰਧ ਜੁੜਿਆ ਹੈ, ਉਹ ਕਿਥੋਂ ਆ ਜਾਂਦੇ ਹਨ? ਤੁਸੀਂ ਭੈਭੀਤ ਵੀ ਹੋਵੋਗੇ, ਕਿਉਂਕਿ ਲੱਗੇਗਾ ਕਿਤੇ ਮੈਂ ਪਾਗਲ ਤਾਂ ਨਹੀਂ ਹੋ ਰਿਹਾ ਹਾਂ।

ਪਰ ਇਹ ਬੜਾ ਅਦਭੁਤ ਪ੍ਰਯੋਗ ਹੈ। ਤੁਸੀਂ ਜੋ ਵੀ ਹੋ ਰਿਹਾ ਹੈ, ਹੋਣ ਦਿਓ। ਜੇਕਰ ਸੁਵਿਧਾ ਹੋਵੇ ਤਾਂ ਹੋਰ ਵੀ ਚੰਗਾ ਹੋਵੇਗਾ ਕਿ ਤੁਸੀਂ ਜ਼ੋਰ ਨਾਲ ਬੋਲੋ, ਤਾਂ ਕਿ ਤੁਸੀਂ ਸੁਣ ਵੀ ਸਕੋ, ਕਿਉਂਕਿ ਮਨ ਵਿੱਚ ਤਾਂ ਗੱਲਾਂ ਮਹੀਨ ਹੁੰਦੀਆਂ ਹਨ। ਹੋ ਸਕਦਾ ਹੈ, ਤੁਸੀਂ ਸੁਚੇਤ ਨਾ ਰਹਿ ਸਕੋ। ਤੁਹਾਡੇ ਅੰਦਰ ਜੋ ਚਲ ਰਿਹਾ ਹੈ, ਉਸਨੂੰ ਤੁਸੀਂ ਜ਼ੋਰ ਨਾਲ ਬੋਲੋ ! ਸੁਣੋ ਵੀ ਅਤੇ ਅੰਦਰ ਸੁਚੇਤ ਵੀ ਰਹੋ ਕਿ ਮੈਂ ਦੂਰ ਰਹਾਂਗਾ, ਜੋ ਵੀ ਹੋ ਰਿਹਾ ਹੈ ਉਸਨੂੰ ਬੋਲ ਦਿਆਂਗਾ। ਨਿਰਪੱਖ ਤਟੱਸਥ ਭਾਵ ਨਾਲ। ਗਾਲ੍ਹੀ ਆਵੇਗੀ ਤਾਂ ਗਾਲ੍ਹੀ, ਅਪਸ਼ਬਦ ਆਉਣਗੇ ਤਾਂ ਅਪਸ਼ਬਦ ! ਰਾਮ ਦਾ ਨਾਉਂ ਆਏਗਾ ਤਾਂ ਰਾਮ ਦਾ ਨਾਉਂ, ੧ਓ ਆਵੇਗਾ ਤਾਂ ੧ਓ —ਜੋ ਵੀ ਆਵੇਗਾ, ਮੈਂ ਬੋਲ ਦਿਆਂਗਾ ਅਤੇ ਸੁਣਦਾ ਰਹਾਂਗਾ।

ਜੇਕਰ ਤੁਸੀਂ ਤਿੰਨ ਮਹੀਨੇ ਲਗਾਤਾਰ ਇੱਕ ਘੰਟਾ ਰੋਜ਼ ਇਸ ਸੰਗ-ਸਾਥ ਨਾਲ ਲੰਘ ਜਾਓ ਤਾਂ ਤੁਸੀਂ ਹੌਲੀ-ਹੌਲੀ ਤਿੰਨ ਮਹੀਨਿਆਂ ਦੇ ਪਿਛੋਂ ਹੀ ਅਨੁਭਵ ਕਰੋਗੇ ਕਿ ਹੁਣ ਵਿਚਾਰ ਘੱਟ ਆ ਰਹੇ ਹਨ। ਕਿਉਂਕਿ ਤੁਹਾਡਾ ਪੁਰਾਣਾ ਜੋ ਸੰਭਾਲ ਕੇ ਅਤੇ ਚੰਗੀ ਤਰ੍ਹਾਂ ਬਚਾ ਕੇ ਰੱਖਿਆ ਹੋਇਆ ਖ਼ਜ਼ਾਨਾ ਸੀ, ਉਹ ਘੱਟ ਹੁੰਦਾ ਜਾ ਰਿਹਾ ਹੈ। ਹੁਣ ਚੀਜ਼ਾਂ ਘੱਟ ਰਹਿ ਗਈਆਂ ਹਨ। ਕਦੇ-ਕਦੇ ਇੱਕ ਸ਼ਬਦ ਆਉਂਦਾ ਹੈ, ਫਿਰ ਉਸਦੀ ਹੂਕ ਵਿੱਚ ਬਝਿਆ ਹੋਇਆ ਕੋਈ ਸ਼ਬਦ ਨਹੀਂ ਆਉਂਦਾ, ਉਹ ਇੱਕਲਾ ਹੀ ਆ ਕੇ ਰਹਿ ਜਾਂਦਾ ਹੈ। ਥੋੜ੍ਹੀ ਦੇਰ ਟਿਕਦਾ ਹੈ, ਗੁਆਚ ਜਾਂਦਾ ਹੈ। ਛੇ ਮਹੀਨਿਆਂ ਤੋਂ ਪਿਛੋਂ ਤੁਸੀਂ ਪਾਓਗੇ ਕਿ ਕਦੇ-ਕਦੇ ਵਿਚਾਲੇ ਅੰਤਰਾਲ ਆਣ ਲੱਗਾ ਹੈ। ਇੱਕ ਘੜੀ ਕੁ ਕੁਝ ਵੀ ਨਹੀਂ ਹੁੰਦਾ, ਤੁਸੀਂ ਇਕੱਲੇ ਰਹਿ ਜਾਂਦੇ ਹੋ। ਉਸੇ ਪਲ ਵਿੱਚ ਸ਼ੂਵਣ ਦੀ ਸ਼ਕਤੀ ਸ਼ੁਰੂ ਹੋਏਗੀ।

ਪਰ ਛੇ ਮਹੀਨੇ ਬੜੇ ਧੀਰਜ ਨਾਲ ਮਨ ਨੂੰ ਉਲੀਚਣਾ ਜ਼ਰੂਰੀ ਹੈ, ਕਿਉਂਕਿ ਜ਼ਿੰਦਗੀ ਭਰ ਉਸਨੂੰ ਭਰਿਆ ਹੈ। ਛੇ ਮਹੀਨੇ ਵੀ ਜੇਕਰ ਤੁਸੀਂ ਧੀਰਜ ਰੱਖੇ ਤਾਂ ਹੀ ਇਹ ਹੋ ਸਕੇਗਾ, ਨਹੀਂ ਤਾਂ ਛੇ ਸਾਲ ਵੀ ਲੱਗ ਸਕਦੇ ਹਨ, ਛੇ ਜਨਮ ਵੀ ਲੱਗ ਸਕਦੇ ਹਨ। ਤੁਹਾਡੇ ਉਤੇ ਨਿਰਭਰ ਹੈ ਕਿ ਤੁਸੀਂ ਕਿੰਨੀ ਪੂਰਣਤਾ ਨਾਲ ਕਿੰਨੀ ਸਮਗਰਤਾ ਨਾਲ

ਇਸ ਪ੍ਰਯੋਗ ਨੂੰ ਕਰਦੇ ਹੋ।

ਅਤੇ ਕਈ ਵਾਰੀ ਅਜਿਹਾ ਮੌਕਾ ਆਏਗਾ ਕਿ ਤੁਸੀਂ ਭੁੱਲ ਹੀ ਜਾਓਗੇ ਕਿ ਸਾਨੂੰ ਕੇਵਲ ਵੇਖਣਾ ਹੈ। ਤੁਸੀਂ ਘੋੜੇ ਉਤੇ ਚੜ੍ਹ ਜਾਓਗੇ, ਯਾਤਰਾ ਉਤੇ ਨਿਕਲ ਜਾਓਗੇ। ਤੁਸੀਂ ਸੰਬੰਧਿਤ ਹੋ ਜਾਓਗੇ। ਤੁਸੀਂ ਲੀਨ ਹੋ ਜਾਓਗੇ, ਤਾਦਾਤਮਯ ਹੋ ਜਾਵੇਗਾ। ਕਿਸੇ ਵਿਚਾਰ ਦੇ ਨਾਲ ਪਕੜ ਹੋ ਜਾਵੇਗੀ ਅਤੇ ਤਦ ਤੁਸੀਂ ਭੁੱਲ ਗਏ, ਤਦ ਪ੍ਰਯੋਗ ਅਸਫ਼ਲ ਹੋ ਗਿਆ। ਜਿਵੇਂ ਹੀ ਖਿਆਲ ਆਏ ਫ਼ਿਰ ਘੋੜੇ ਤੋਂ ਹੇਠਾਂ ਲਹਿ ਜਾਓ। ਸ਼ਬਦਾਂ ਨੂੰ ਚਲਣ ਦਿਓ, ਤੁਸੀਂ ਉਤੇ ਨਾ ਚੜ੍ਹੋ। ਸ਼ਬਦਾਂ ਨੂੰ ਜਿੱਥੇ ਜਾਣਾ ਹੋਵੇ, ਜਾਣ ਦਿਓ, ਤੁਸੀਂ ਉਨ੍ਹਾਂ ਦਾ ਪਿੱਛਾ ਨਾ ਕਰੋ। ਤੁਸੀਂ ਸਿਰਫ਼ ਵੇਖਦੇ ਰਹੋ, ਪਿੱਛੇ-ਪਿੱਛੇ ਕੀ ਹੋ ਰਿਹਾ ਹੈ।

ਤਾਂ ਹੌਲੀ-ਹੌਲੀ ਮੌਨ—ਬਹੁਤ ਹੌਲੀ-ਹੌਲੀ ਮੌਨ ਦੀ ਪਦਚਾਪ (ਪੈਰਾਂ ਦੀ ਟੋਰ) ਸੁਣਾਈ ਪਵੇਗੀ ਅਤੇ ਜਿਸ ਦਿਨ ਤੁਹਾਨੂੰ ਮੌਨ ਦੀ ਪਦਚਾਪ ਸੁਣਾਈ ਪਵੇਗੀ, ਉਸੇ ਦਿਨ ਤੁਹਾਨੂੰ ਸ਼ਰਵਣ ਦੀ ਕਲਾ ਦਾ ਵੀ ਅਨੁਭਵ ਹੋਵੇਗਾ। ਉਸ ਦਿਨ ਤੁਸੀਂ ਸੁਣ ਸਕੋਗੇ। ਉਸ ਦਿਨ ਤੁਹਾਨੂੰ ਗੁਰੂ ਨੂੰ ਲੱਭਣ ਜਾਣਾ ਨਹੀਂ ਪਵੇਗਾ। ਉਸ ਦਿਨ ਤੁਸੀਂ ਜਿੱਥੇ ਰਹੋਗੇ, ਉਥੇ ਹੀ ਗੁਰੂ ਹੈ। ਉਥੇ ਰੁੱਖਾਂ ਵਿੱਚ ਹਵਾ ਵਗੇਗੀ, ਫੁੱਲ ਝੜੇਗਾ, ਸੁੱਕਾ ਪੱਤਾ ਡਿੱਗੇਗਾ, ਤੁਸੀਂ ਉਸਨੂੰ ਵੀ ਸੁਣ ਸਕੋਗੇ। ਆਕਾਸ਼ ਵਿੱਚ ਬੱਦਲ ਗਰਜਣਗੇ, ਬਿਜਲੀ ਚਮਕੇਗੀ, ਨਦੀ ਵਿੱਚ ਹੜ੍ਹ ਆਏਗਾ, ਤੁਸੀਂ ਉਸਨੂੰ ਵੀ ਸੁਣ ਸਕੋਗੇ। ਸਮੁੰਦਰ ਦੇ ਕੰਢੇ ਤਮੁਲ ਨਾਦ ਹੋਵੇਗਾ। ਤੁਸੀਂ ਉਸਨੂੰ ਵੀ ਸੁਣ ਸਕੋਗੇ। ਇੱਕ ਪੰਛੀ ਗੀਤ ਗੁਣਗੁਣਾਏਗਾ, ਇੱਕ ਬੱਚਾ ਰੋਏਗਾ, ਰਾਹ ਵਿੱਚ ਕੁੱਤਾ ਭੌਂਕੇਗਾ, ਤੁਸੀਂ ਉਥੇ ਵੀ ਸੁਣ ਸਕੋਗੇ।

ਸੁਣਨ ਦੀ ਕਲਾ ਆ ਜਾਵੇ ਤਾਂ ਗੁਰੂ ਚੌਹੀਂ ਪਾਸੀਂ ਹੈ ਅਤੇ ਜੇ ਸੁਣਨ ਦੀ ਕਲਾ ਨਾ ਆਵੇ ਤਾਂ ਸਾਰੇ ਹੀ ਸਿੱਧ-ਪੁਰਖ ਤੁਹਾਡੇ ਸਾਹਮਣੇ ਬੈਠੇ ਹੋਣ, ਤਾਂ ਵੀ ਗੁਰੂ ਨਹੀਂ ਹਨ, ਗੁਰੂ ਉਸ ਹੀ ਪਲ ਹੁੰਦਾ ਹੈ ਜਦ ਤੁਸੀਂ ਸੁਣਨ ਵਿੱਚ ਸਮਰੱਥ ਹੋ ਗਏ।

ਇਸ ਲਈ ਨਾਨਕ ਕਹਿੰਦੇ ਹਨ— "ਸ਼ਰਵਣ ਨਾਲ ਹੀ ਭਗਤ ਖੁਸ਼ ਹੁੰਦੇ ਹਨ, ਸ਼ਰਵਣ ਨਾਲ ਹੀ ਦੁੱਖ ਅਤੇ ਪਾਪ ਦਾ ਨਾਸ਼ ਹੁੰਦਾ ਹੈ।

ਜੇਕਰ ਤੁਹਾਨੂੰ ਸੁਣਨ ਦੀ ਕਲਾ ਆ ਗਈ ਤਾਂ ਤੁਸੀਂ ਪਰਮ ਆਨੰਦ ਵਿੱਚ ਹੋ ਜਾਓਗੇ, ਕਿਉਂਕਿ ਤੁਸੀਂ ਸਾਖਸ਼ੀ ਹੋ ਗਏ। ਸਾਖਸ਼ੀ ਹੀ ਤਾਂ ਆਨੰਦ ਹੈ। ਸ਼ਰਵਣ ਘਟਿਆ ਮਨ ਗੁਆਚ ਗਿਆ, ਮਨ ਦਾ ਗੁਆਚ ਜਾਣਾ ਹੀ ਤਾਂ ਆਨੰਦ ਹੈ। ਮਨ ਤੋਂ ਪਾਰ ਚਲੇ ਜਾਣਾ ਹੀ ਤਾਂ ਆਨੰਦ ਹੈ, ਸ਼ਰਵਣ ਹੋਇਆ, ਸ਼ਬਦਾਂ ਦੀ ਲੜੀ ਟੁੱਟ ਗਈ। ਸ਼ਬਦਾਂ ਦੀ ਲੜੀ ਦਾ ਅਤੀਤੀ ਹੋ ਜਾਣਾ ਹੀ ਤਾਂ ਆਨੰਦ ਹੈ। ਉਹ ਹੀ ਅਤਿਕ੍ਰਮਣ ਹੈ। ਹੁਣ ਤੁਸੀਂ ਸ਼ਬਦਾਂ ਦੀ ਘਾਟੀ ਵਿੱਚ ਨਾ ਰਹੇ, ਹੁਣ ਤੁਸੀਂ ਬਹੁਤ ਉੱਚਾ ਸ਼ਿਖਰ ਹੋ ਗਏ, ਜਿੱਥੇ

ਸ਼ਬਦ ਪੁੱਜਦੇ ਨਹੀਂ, ਸ਼ਬਦਾਂ ਦੀ ਧੂੜ ਨਹੀਂ ਪੁੱਜਦੀ। ਜਿੱਥੇ ਪਰਮ ਮੌਨ ਹੈ, ਜਿੱਥੇ ਮੌਨ ਕਦੇ ਟੁੱਟਿਆ ਹੀ ਨਹੀਂ, ਹੁਣ ਤੁਸੀਂ ਉਸ ਸ਼ਿਖਰ ਉਤੇ ਖਲੋਤੇ ਹੋ। ਉਸ ਸ਼ਾਤੀ ਦੇ ਸ਼ਿਖਰ ਤੋਂ ਆਨੰਦ ਦੇ ਸਿਵਾ ਹੋਰ ਕੋਈ ਗੂੰਜ ਪੈਦਾ ਨਹੀਂ ਹੁੰਦੀ। ਉਸ ਸ਼ਾਂਤੀ ਦੇ ਸ਼ਿਖਰ ਉਤੇ ਤੁਸੀਂ ਪਰਮ-ਧੰਨਤਾ ਨੂੰ ਪ੍ਰਾਪਤ ਹੁੰਦੇ ਹੋ।

"ਸ਼੍ਰਵਣ ਨਾਲ ਹੀ ਦੁੱਖ ਅਤੇ ਪਾਪ ਦਾ ਨਾਸ਼ ਹੋ ਜਾਂਦਾ ਹੈ।"

ਜਿਸ ਨੇ ਸੁਣ ਲਿਆ, ਜਿਸਨੇ ਸੁਣਨਾ ਜਾਣ ਲਿਆ, ਫ਼ਿਰ ਕੈਸਾ ਪਾਪ! ਕਿਉਂਕਿ ਪਾਪ ਹੁੰਦਾ ਹੈ ਵਿਚਾਰਾਂ ਦੇ ਨਾਲ ਸੰਬੰਧਿਤ ਹੋਣ ਨਾਲ। ਇਸਨੂੰ ਥੋੜ੍ਹਾ ਸਮਝੋ। ਮਨ ਵਿੱਚ ਇੱਕ ਵਿਚਾਰ ਉੱਠਿਆ। ਰਾਹ ਤੋਂ ਇੱਕ ਕਾਰ ਲੰਘੀ। ਇੱਕ ਝਲਕ, ਮਨ ਵਿੱਚ ਇੱਕ ਵਿਚਾਰ ਆ ਗਿਆ ਕਿ ਇਹ ਮੇਰੇ ਕੋਲ ਹੁੰਦੀ। ਹੁਣ ਤੁਸੀਂ ਇਸਦੇ ਵਿੱਚ ਸੰਯੁਕਤ ਹੋ ਗਏ। ਹੁਣ ਉਹ ਕਾਰ ਕਿਵੇਂ ਤੁਹਾਡੇ ਕੋਲ ਹੋਵੇ, ਤੁਸੀਂ ਇਸ ਧੁਨ ਵਿੱਚ ਲੱਗ ਗਏ। ਇਮਾਨਦਾਰੀ ਨਾਲ ਮਿਲੇ ਤਾਂ ਇਮਾਨਦਾਰੀ ਨਾਲ, ਬੇਈਮਾਨੀ ਨਾਲ ਮਿਲੇ ਤਾਂ ਬੇਈਮਾਨੀ ਨਾਲ ਕਾਰ ਹੋਣੀ ਚਾਹੀਦੀ ਏ।

ਜੇਕਰ ਕਾਰ ਨਹੀਂ ਹੈ ਤਾਂ ਹੁਣ ਤੁਸੀਂ ਸੌਂ ਨਹੀਂ ਸਕੋਗੇ। ਹੁਣ ਤੁਹਾਡੀ ਜ਼ਿੰਦਗੀ ਵਿੱਚ ਇੱਕ ਕਠਿਨਾਈ ਆ ਗਈ, ਜਦ ਤੱਕ ਹੱਲ ਨਾ ਹੋ ਜਾਵੇ ਤਦ ਤੀਕਰ ਤੁਸੀਂ ਚੈਨ ਨਹੀਂ ਪਾ ਸਕੋਗੇ। ਰਾਤ ਸੁਫ਼ਨੇ ਵਿੱਚ ਕਾਰ, ਦਿਨੇ ਸੋਚਣ ਵਿੱਚ ਕਾਰ, ਹੁਣ ਕਾਰ ਨੇ ਤੁਹਾਨੂੰ ਘੇਰ ਲੱਖਿਆ ਹੈ।

ਹੋਇਆ ਕੀ? ਕਾਰ ਲੰਘੀ ਸੀ, ਇੱਕ ਵਿਚਾਰ ਉਠਿਆ, ਕਿਉਂਕਿ ਮਨ ਵਿੱਚ ਤਾਂ ਜੋ ਵੀ ਚੀਜ਼ ਨਿਕਲੇਗੀ, ਉਸਦੇ ਨਾਲ ਉਸੇ ਪਲ ਪਰਛਾਂਈ ਬਣੇਗੀ। ਉਸ ਵਿਚਾਰ ਦੇ ਨਾਲ ਤੁਸੀਂ ਜੁੜ ਗਏ, ਤੁਸੀਂ ਦੂਰ ਨਾ ਰਹਿ ਸਕੇ।

ਇੱਕ ਸੁੰਦਰ ਇਸਤ੍ਰੀ ਲੰਘੀ, ਤੁਹਾਡੇ ਮਨ ਵਿੱਚ ਇੱਕ ਵਿਚਾਰ ਉੱਠਿਆ। ਮਨ ਵਿੱਚ ਵਿਚਾਰ ਉੱਠਣ, ਇਹ ਬਿਲਕੁਲ ਠੀਕ ਹੈ ਕਿਉਂਕਿ ਮਨ ਤਾਂ ਦਰਪਣ ਹੈ, ਉਹ ਤਾਂ ਹੈ ਹੀ ਇਸ ਲਈ ਕਿ ਜੋ ਵੀ ਆਲੇ-ਦੁਆਲੇ ਵਾਪਰੇ, ਉਸਦੇ ਵਿੱਚ ਪਰਛਾਂਈ ਹੋਵੇ। ਪਰ ਤੁਸੀਂ ਉਸੇ ਪਲ ਜੁੜ ਗਏ। ਸੁੰਦਰ ਇਸਤ੍ਰੀ ਦੀ ਤਸਵੀਰ ਬਣਦੀ ਅਤੇ ਸੁੰਦਰ ਇਸਤ੍ਰੀ ਚਲੀ ਜਾਂਦੀ, ਪਰਛਾਂਈ ਵੀ ਚਲੀ ਜਾਂਦੀ। ਤੁਸੀਂ ਸਾਖਸ਼ੀ ਰਹਿੰਦੇ, ਤਾਂ ਪਾਪ ਦਾ ਕੋਈ ਉਪਾਅ ਨਾ ਹੁੰਦਾ, ਪਰ ਹੁਣ ਕਿਸੇ ਵੀ ਤਰ੍ਹਾਂ ਇਹ ਇਸਤ੍ਰੀ ਚਾਹੀਦੀ ਏ। ਰਾਹ ਤੇ ਮਿਲੇ, ਰਾਹ ਤੋਂ ਬੇਰਾਹ ਮਿਲੇ, ਬੇਰਾਹ, ਪਿਆਰ ਨਾਲ ਮਿਲੇ ਪਿਆਰ ਨਾਲ, ਹਿੰਸਾ ਨਾਲ, ਮਿਲੇ ਹਿੰਸਾ ਨਾਲ ਜੇਕਰ ਪ੍ਰੇਮ ਨਾ ਹੋ ਸਕੇ ਤਾਂ ਬਲਾਤਕਾਰ, ਪਰ ਹੁਣ ਉਹ ਇਸਤ੍ਰੀ ਚਾਹੀਦੀ ਏ।

ਹੁਣ ਇੱਕ ਵਿਚਾਰ ਨੇ ਤੁਹਾਨੂੰ ਜਕੜ ਲਿਆ। ਇੱਕ ਛਾਂ ਤੁਹਾਡੇ ਮਨ ਚੋਂ ਲੰਘੀ ਸੀ, ਤੁਸੀਂ ਉਸਨੂੰ ਲੰਘਣ ਦਿੰਦੇ ਅਤੇ ਤੁਸੀਂ ਆਪਣੇ ਆਪ ਨੂੰ ਦੂਰ ਖਲੋਤਾ ਰੱਖਦੇ ਅਤੇ ਵੇਖਦੇ ਰਹਿੰਦੇ ਕਿ ਛਾਂ ਬਣੀ ਅਤੇ ਗਈ, ਤਾਂ ਕੋਈ ਪਾਪ ਦਾ ਉੱਠਦਾ। ਸਾਰੇ ਪਾਪ ਉੱਠਦੇ ਹਨ, ਕਿਉਂਕਿ ਤੁਸੀਂ ਵਿਚਾਰ ਦੇ ਨਾਲ ਇੱਕ ਹੋ ਜਾਂਦੇ ਹੋ। ਫੇਰ ਵਿਚਾਰ ਤੁਹਾਨੂੰ ਏਨੀ ਬੁਰੀ ਤਰ੍ਹਾਂ ਫੜ ਲੈਂਦਾ ਹੈ—ਇੱਕ ਹਨੇਰੀ ਦੀ ਤਰ੍ਹਾਂ—ਕਿ ਤੁਹਾਨੂੰ ਝੰਜੋੜ ਕੇ ਰੱਖ ਦਿੰਦਾ ਹੈ। ਵਿਚਾਰ ਦੇ ਨਾਲ ਜਾ ਕੇ ਵੀ ਕੁਝ ਨਹੀਂ ਮਿਲਦਾ। ਦੁੱਖ ਮਿਲਦਾ ਹੈ। ਤੁਸੀਂ ਏਨਾ ਦੁੱਖ ਪਾਇਆ ਹੈ, ਉਹ ਵਿਚਾਰ ਦੇ ਨਾਲ ਜਾ ਕੇ ਪਾਇਆ ਹੈ, ਪਰ ਏਨਾ ਵੀ ਤੁਹਾਨੂੰ ਹੋਸ਼ ਨਹੀਂ ਹੈ ਕਿ ਤੁਸੀਂ ਵੇਖ ਸਕੋ ਕਿ ਸਾਰਾ ਦੁੱਖ ਵਿਚਾਰ ਦੇ ਨਾਲ ਜਾ ਕੇ ਹੀ ਮਿਲਿਆ ਹੈ ਅਤੇ ਸਾਰਾ ਆਨੰਦ ਨਿਰਵਿਚਾਰ 'ਚ ਵਾਪਰਦਾ ਹੈ।

ਨਾਨਕ ਕਹਿੰਦੇ ਹਨ, ਸ਼੍ਰਵਣ ਨਾਲ ਦੁੱਖ ਅਤੇ ਪਾਪ ਦਾ ਨਾਸ਼ ਹੁੰਦਾ ਹੈ, ਕਿਉਂਕਿ ਪਾਪ ਦਾ ਫਲ ਹੈ ਦੁੱਖ। ਪਾਪ ਹੈ ਬੀਜ, ਫਲ ਹੈ ਦੁੱਖ। ਏਧਰ ਪਾਪ ਗਿਆ, ਉਧਰ ਦੁੱਖ ਗਿਆ ਅਤੇ ਜਦ ਨਾ ਪਾਪ ਹੈ ਨਾ ਦੁੱਖ, ਤਾਂ ਤੁਸੀਂ ਜਿਸ ਅਵਸਥਾ 'ਚ ਹੋ, ਉਹ ਹੀ ਸਮਾਧੀ ਹੈ, ਉਹੀ ਆਨੰਦ ਹੈ।

*ਨਾਨਕ ਭਗਤਾ ਸਦਾ ਵਿਗਾਸੁ॥ ਸੁਣਿਐ ਦੁਖ ਪਾਪ ਕਾ ਨਾਸੁ॥*

ਸੁਣਨ 'ਚ ਜਿਹੜਾ ਸਮਰੱਥ ਹੋ ਗਿਆ। ਉਸਦੇ ਦੁੱਖ ਅਤੇ ਪਾਪ ਖਤਮ ਹੋ ਗਏ ਅਤੇ ਨਾਨਕ ਕਹਿੰਦੇ ਹਨ, ਅਜਿਹਾ ਭਗਤ ਆਨੰਦ ਨੂੰ ਪ੍ਰਾਪਤ ਹੋ ਜਾਂਦਾ ਹੈ ਅਤੇ ਉਸਦਾ ਆਨੰਦ ਵਧਦਾ ਹੀ ਚਲਾ ਜਾਂਦਾ ਹੈ।

ਇਹ 'ਵਿਗਾਸੁ' ਸ਼ਬਦ ਬੜਾ ਮਹਤੱਵਪੂਰਣ ਹੈ। ਇਸਦੇ 'ਚ ਦੋਵੇਂ ਗੱਲਾਂ ਲੁਕੀਆਂ ਹਨ— ਆਨੰਦ ਅਤੇ ਨਿਰੰਤਰ ਵਿਕਾਸਮਾਨ। ਤਾਂ ਆਨੰਦ ਤਾਂ ਇੱਕ ਫੁੱਲ ਹੈ, ਜਿਹੜਾ ਖਿੜਦਾ ਹੀ ਚਲਾ ਜਾਂਦਾ ਹੈ। ਅਜਿਹੀ ਕੋਈ ਘੜੀ ਨਹੀਂ ਆਉਂਦੀ, ਕਿ ਜਦ ਉਹ ਪੂਰਾ ਫੁੱਲ ਖਿੜ ਜਾਵੇ, ਖਿੜਦਾ ਹੀ ਚਲਾ ਜਾਂਦਾ ਹੈ। ਪੂਰੇ ਤੋਂ ਵੀ ਵੱਧ, ਹੋਰ ਪੂਰਾ, ਹੋਰ ਪੂਰਾ, ਹੋਰ ਪੂਰੀ ਪੂਰਣਤਾ ਨਾਲ ਖਿੜਦਾ ਚਲਾ ਜਾਂਦਾ ਹੈ। ਜਿਵੇਂ ਸਵੇਰ ਦਾ ਸੂਰਜ ਚੜ੍ਹਦਾ ਹੈ ਅਤੇ ਚੜ੍ਹਦਾ ਹੀ ਚਲਾ ਜਾਂਦਾ ਹੈ ਅਤੇ ਕਦੀ ਅਸਤ ਨਾ ਹੋਵੇ, ਅਜਿਹਾ ਉਹ ਆਨੰਦ ਹੈ। ਫੁੱਲ ਖਿੜਦਾ ਹੈ ਅਤੇ ਮੁਰਝਾਏ ਨਾ, ਕੋਈ ਅਸਤ ਨਾ ਹੋਵੇ ਅਜਿਹਾ ਉਹ ਆਨੰਦ ਹੈ।

ਹਿਰਦੇ 'ਚ ਜਦ ਸ਼ੂਨਯਤਾ ਸੰਘਣੀ ਹੁੰਦੀ ਹੈ, ਮੌਨ ਦਾ ਜਨਮ ਹੁੰਦਾ ਹੈ ਤਾਂ ਫ਼ਿਰ ਆਨੰਦ ਦੀਆਂ ਲਹਿਰਾਂ ਉੱਠਦੀਆਂ ਹੀ ਚਲੀਆਂ ਜਾਂਦੀਆਂ ਹਨ। ਧਿਆਨ ਰੱਖਣਾ, ਆਨੰਦ ਕੋਈ ਅਜਿਹੀ ਘਟਨਾ ਨਹੀਂ ਹੈ ਕਿ ਜੋ ਚੀਜ਼ ਵਾਂਗ ਹੈ, ਕਿ ਤੁਸੀਂ ਇੱਕ ਵਾਰ ਪਾ ਲਈ ਤਾਂ ਖਤਮ ਹੋ ਗਈ। ਉਹ ਵਧੀ ਹੀ ਚਲੀ ਜਾਂਦੀ ਹੈ। ਇੱਕ ਵਾਰ ਜਿਸਨੇ ਪਾ

ਲਈ, ਉਹ ਵਧਦੀ ਹੀ ਚਲੀ ਜਾਂਦੀ ਹੈ। ਉਸਦੇ ਵਧਣ ਦੀ ਕੋਈ ਸੀਮਾ ਨਹੀਂ ਹੈ।

ਇਸ ਲਈ ਤਾਂ ਅਸੀਂ ਕਹਿੰਦੇ ਹਾਂ—ਪਰਮਾਤਮਾ ਅਨੰਤ ਹੈ ਅਤੇ ਇਸ ਲਈ ਅਸੀਂ ਕਹਿੰਦੇ ਹਾਂ— ਪਰਮਾਤਮਾ ਆਨੰਦ ਹੈ, ਕਿਉਂਕਿ ਆਨੰਦ ਅਨੰਤ ਹੈ। ਤੁਸੀਂ ਕਦੇ ਉਸਨੂੰ ਪੂਰਾ ਨਹੀਂ ਪਾ ਸਕੋਗੇ ਅਤੇ ਹਰ ਵਾਰ ਤੁਸੀਂ ਪਾਓਗੇ ਕਿ ਹੋਰ ਵਧਦਾ ਜਾ ਰਿਹਾ ਹੈ ਅਤੇ ਹਰ ਥਾਂ ਤੁਸੀਂ ਪਾਓਗੇ ਕਿ ਤੁਸੀਂ ਪੂਰੇ ਤ੍ਰਿਪਤ ਹੋ। ਇਹ ਬੁਝਾਰਤ ਹੈ ਅਤੇ ਬੁੱਧੀ ਨਾਲ ਸੋਚਦੇ ਰਹਿਣ ਨਾਲ ਹੱਲ ਨਹੀਂ ਹੁੰਦੀ ਹੈ, ਕਿਉਂਕਿ ਬੁੱਧੀ ਕਹਿੰਦੀ ਹੈ, ਜੇਕਰ ਮਿਲ ਗਿਆ ਅਤੇ ਤ੍ਰਿਪਤੀ ਹੋ ਗਈ ਤਾਂ ਹੁਣ ਹੋਰ ਵਧਣ ਲਈ ਕੀ ਬਚਿਆ, ਤ੍ਰਿਪਤੀ ਵੀ ਵਧਦੀ ਹੈ, ਕਿਉਂਕਿ ਤ੍ਰਿਪਤੀ ਜੀਵਨ ਹੈ, ਵਸਤੂ ਨਹੀਂ ਹੈ। ਤ੍ਰਿਪਤੀ ਇੱਕ ਜੀਵੰਤ ਘਟਨਾ ਹੈ।

ਆਨੰਦ ਕੋਈ ਅਜਿਹੀ ਚੀਜ਼ ਨਹੀਂ ਹੈ ਕਿ ਖਰੀਦ ਕੇ ਲੈ ਆਏ: ਇੱਕ ਸੇਰ, ਦੋ ਸੇਰ, ਗੱਲ ਮੁੱਕ ਗਈ। ਆਨੰਦ ਬੇਅੰਤ ਹੈ। ਇੱਕ ਵਾਰ ਉਸ 'ਚ ਉਤਰ ਗਏ ਤਾਂ ਤੁਸੀਂ ਡੁੱਬਦੇ ਹੀ ਚਲੇ ਜਾਂਦੇ ਹੋ ਅਤੇ ਮਜ਼ੇ ਦੀ ਗੱਲ ਇਹ ਹੈ ਕਿ ਹਰ ਘੜੀ ਲੱਗਦਾ ਹੈ, ਪੂਰਾ ਮਿਲਿਆ, ਫ਼ਿਰ ਵੀ ਵਧਦਾ ਹੈ।

ਪੂਰਣ ਵੀ ਵਿਕਾਸਮਾਨ ਹੈ। ਪੂਰਣ ਮਰਿਆ ਹੋਇਆ ਨਹੀਂ ਹੈ। ਰੁਕ ਨਹੀਂ ਗਿਆ ਹੈ, ਫੈਲਦਾ ਚਲਾ ਜਾ ਰਿਹਾ ਹੈ। ਇਸ ਲਈ ਤਾਂ ਅਸੀਂ ਇਸ ਕੁਦਰਤ ਨੂੰ ਬ੍ਰਹਮ ਕਿਹਾ ਹੈ। ਬ੍ਰਹਮ ਦਾ ਅਰਥ ਹੁੰਦਾ ਹੈ—ਜਿਹੜਾ ਵਧਦਾ ਹੀ ਚਲਾ ਜਾਂਦਾ ਹੈ, ਬ੍ਰਹਮ ਦਾ ਅਰਥ ਹੈ—ਜਿਸ ਦੇ ਫੈਲਾਓ ਦੀ ਸੀਮਾ ਕਦੇ ਨਹੀਂ ਆਉਂਦੀ, ਉਹ ਓਨਾਂ ਹੀ ਨਹੀਂ ਹੈ ਜਿੰਨਾ ਅੱਜ ਹੈ, ਉਹ ਰੋਜ਼ ਫੈਲਦਾ ਚਲਾ ਜਾਂਦਾ ਹੈ। ਜਿਸਦਾ ਫੈਲਾਓ ਅੰਤਹੀਣ ਹੈ। ਬ੍ਰਹਮ ਸ਼ਬਦ ਦਾ ਅਰਥ ਹੁੰਦਾ ਹੈ—ਅੰਤਹੀਣ ਫੈਲਾਓ।

"ਸ਼੍ਰਵਣ ਨਾਲ ਹੀ ਵਿਸ਼ਨੂੰ, ਬ੍ਰਹਮਾ ਅਤੇ ਮਹੇਸ਼ ਹੁੰਦੇ ਹਨ। ਸ਼੍ਰਵਣ ਨਾਲ ਹੀ ਬੁਰੇ ਮੁੱਖ ਤੋਂ ਵੀ ਉਸਦੀ ਵਡਿਆਈ 'ਚ ਗੀਤ ਨਿਕਲਦੇ ਹਨ। ਸ਼੍ਰਵਣ ਨਾਲ ਹੀ ਯੋਗ ਦੀ ਜੁਗਤ ਅਤੇ ਸ਼ਰੀਰ ਦੇ ਭੇਦ ਦਾ ਪਤਾ ਲਗਦਾ ਹੈ। ਸ਼੍ਰਵਣ ਨਾਲ ਹੀ ਸ਼ਾਸਤ੍ਰ, ਸ੍ਰਿਸ਼ਟੀ ਅਤੇ ਵੇਦ ਦਾ ਅਨੁਭਵ ਹੁੰਦਾ ਹੈ। ਨਾਨਕ ਕਹਿੰਦੇ ਹਨ ਕਿ ਸ਼੍ਰਵਣ ਨਾਲ ਹੀ ਭਗਤ-ਜਨ ਸਦਾ ਆਨੰਦਿਤ ਹੁੰਦੇ ਹਨ ਅਤੇ ਦੁੱਖ ਤੇ ਪਾਪ ਦਾ ਨਾਸ਼ ਹੁੰਦਾ ਹੈ।"

ਜਿਸਨੇ ਸੁਣ ਲਿਆ, ਸਤਯ ਨੂੰ, ਗੁਰੂ ਬਾਣੀ ਨੂੰ ਜਿਹਨੇ ਜਾਣਿਆ ਹੈ, ਉਸਦੀ ਖੁਸ਼ਬੂ ਨੂੰ ਜਾਣਿਆ ਹੈ। ਉਸਦੇ ਕੋਲ ਬੈਠਣਾ ਜਿਹੜਾ ਸਿੱਖ ਗਿਆ ਹੈ, ਜਿਸ ਨੂੰ ਏਨੀ ਕਲਾ ਆ ਗਈ ਕਿ ਉਹ ਚੁੱਪ ਹੋ ਕੇ ਕਿਸੇ ਦੇ ਕੋਲ ਬੈਠ ਜਾਵੇ, ਜਿਸ ਨੂੰ ਘਟਨਾ ਵਾਪਰੀ ਹੈ ਤਾਂ ਜਿਸ ਦੇ ਅੰਦਰ ਘਟੀ ਹੈ, ਉਸ ਦੇ ਕੋਲੋਂ ਵਗ ਕੇ ਤੁਹਾਡੇ ਅੰਦਰ ਪ੍ਰਵੇਸ਼ ਕਰਨ ਲੱਗਦੀ ਹੈ।

ਗਿਆਨ ਸੰਕ੍ਰਾਮਕ ਹੈ। ਆਨੰਦ ਹੈ। ਤੁਹਾਡੇ ਦਰਵਾਜ਼ੇ ਖੁੱਲ੍ਹੇ ਹੋਣ ਤਾਂ ਬੱਸ ਹਵਾ ਦੇ ਬੁਲ੍ਹੇ ਦੀ ਤਰ੍ਹਾਂ ਆਨੰਦ ਤੁਹਾਡੇ ਵਿੱਚ ਆ ਜਾਂਦਾ ਹੈ, ਉਸ ਮਨੁੱਖ ਦੇ ਕੋਲੋਂ, ਜਿਸ ਦੇ ਕੋਲ ਸੀ। ਉਸਦਾ ਕੁਝ ਘੱਟ ਨਹੀਂ ਹੁੰਦਾ, ਤੁਹਾਡਾ ਵਧ ਜਾਂਦਾ ਹੈ। ਵੰਡਣ ਨਾਲ ਉਸਦਾ ਵੀ ਵਧਦਾ ਹੈ, ਕਿਉਂਕਿ ਓਨਾਂ ਹੀ ਵਾਧਾ ਹੋ ਜਾਂਦਾ ਹੈ। ਜੇਕਰ ਤੁਸੀਂ ਚੁੱਪ ਹੋ ਤਾਂ ਤੁਹਾਡੇ ਅੰਦਰ ਥਾਂ ਹੈ ਅਤੇ ਧਿਆਨ ਰੱਖਣਾ, ਕੁਦਰਤ ਸ਼ੂਨਯਤਾ ਨੂੰ ਪਸੰਦ ਨਹੀਂ ਕਰਦੀ। ਤੁਸੀਂ ਏਧਰ ਸ਼ੂਨਯ ਹੋਏ ਅਤੇ ਓਧਰ ਕੁਦਰਤ ਨੇ ਤੁਹਾਨੂੰ ਭਰਿਆ।

ਜਿਵੇਂ ਨਦੀ ਵਿਚੋਂ ਤੁਸੀਂ ਇੱਕ ਘੜਾ ਪਾਣੀ ਦਾ ਭਰੋ, ਤੁਸੀਂ ਭਰ ਵੀ ਨਹੀਂ ਪਾਏ ਕਿ ਚਾਰੇ ਪਾਸਿਆਂ ਤੋਂ ਪਾਣੀ ਦੌੜ ਕੇ ਖ਼ਾਲੀ ਥਾਂ ਨੂੰ ਭਰ ਦਿੰਦਾ ਹੈ। ਤੁਸੀਂ ਹਵਾ ਵਿਚੋਂ ਹਵਾ ਨੂੰ ਕੱਢ ਲਵੋ, ਚਾਰੇ ਪਾਸਿਆਂ ਤੋਂ ਹਵਾਵਾਂ ਭੱਜ ਕੇ ਉਸ ਨੂੰ ਭਰ ਦਿੰਦੀਆਂ ਹਨ। ਕੁਦਰਤ ਖਾਲੀ ਥਾਂ ਨੂੰ ਪਸੰਦ ਨਹੀਂ ਕਰਦੀ। ਤੁਸੀਂ ਇੱਕ ਵਾਰ ਖ਼ਾਲੀ ਹੋਣ ਨੂੰ ਜ਼ਰਾ ਰਾਜ਼ੀ ਹੋ ਜਾਓ ਕਿ ਹਮੇਸ਼ਾਂ ਤਾਜ਼ੀਆਂ ਹਵਾਵਾਂ ਨਾਲ ਭਰ ਦਿੱਤੇ ਜਾਂਦੇ ਹੋ। ਤੁਸੀਂ ਏਧਰ ਖ਼ਾਲੀ ਹੋਏ, ਉਧਰ ਭਰੇ। ਇਸ ਕੋਨੇ ਤੋਂ ਤੁਸੀਂ ਬਾਹਰ ਨਿਕਲੇ, ਉਧਰੋਂ ਪਰਮਾਤਮਾ ਅੰਦਰ ਆਇਆ। ਤੁਸੀਂ ਜਦ ਤੱਕ ਆਪਣੇ ਨਾਲ ਹੀ ਭਰੇ ਹੋ, ਤਦ ਤੱਕ ਖਾਲੀ ਰਹੋਗੇ। ਜਿਸ ਦਿਨ ਖ਼ਾਲੀ ਹੋ ਜਾਓਗੇ, ਉਸ ਦਿਨ ਉਸ ਪਰਮ ਸ਼ਕਤੀ ਨਾਲ ਭਰ ਜਾਓਗੇ।

ਨਾਨਕ ਕਹਿੰਦੇ ਹਨ, ਜਿਨ੍ਹਾਂ ਦੇ ਜੀਵਨ 'ਚ ਪਾਪ ਹੈ ਅਤੇ ਜਿਸ ਦੇ ਮੁੱਖ ਤੋਂ ਕਦੇ ਸੁੰਦਰ ਸ਼ਬਦ ਨਹੀਂ ਨਿਕਲੇ, ਸ਼ੁਭ ਬਾਣੀ ਜਿਨ੍ਹਾਂ ਤੋਂ ਕਦੇ ਪ੍ਰਗਟ ਨਹੀਂ ਹੋਈ, ਜਿਨ੍ਹਾਂ ਦੇ ਬੁੱਲ੍ਹਾਂ ਤੋਂ ਸਦਾ ਕੌੜੇ ਸ਼ਬਦ ਨਿਕਲੇ, ਜਿਨ੍ਹਾਂ ਦੇ ਮਸਤਕ 'ਚ ਸਦਾ ਅਭਿਸ਼ਾਪ ਰਿਹਾ—ਅਜਿਹੇ ਬੁਰੇ ਲੋਕ ਵੀ ਇੱਕ ਵਾਰ ਸੁਣ ਲੈਣ ਤਾਂ ਮਹਿਮਾ ਨਾਲ ਭਰ ਜਾਂਦੇ ਹਨ। ਸ਼ਰਵਣ ਦੀ ਛੋਟੀ ਜਿਹੀ ਝਲਕ ਵੀ ਤੁਹਾਨੂੰ ਤਾਜ਼ਾ ਕਰ ਦਿੰਦੀ ਹੈ, ਨਹਿਲਾ ਦਿੰਦੀ ਹੈ।

ਨਾਨਕ ਪਾਪੀਆਂ ਨੂੰ ਪਾਪ ਛੱਡਣ ਲਈ ਨਹੀਂ ਕਹਿ ਰਹੇ ਹਨ। ਉਹ ਕਹਿ ਰਹੇ ਹਨ—ਤੁਸੀਂ ਸਿਰਫ ਸੁਣ ਲਓ। ਸੁਣਨ ਨਾਲ ਪਾਪ ਛੁੱਟ ਜਾਵੇਗਾ। ਨਾਨਕ ਪਾਪੀਆਂ ਨੂੰ ਸੁਧਰਨ ਲਈ ਨਹੀਂ ਕਹਿ ਰਹੇ ਹਨ ਕਿ ਤੁਸੀਂ ਪਹਿਲਾਂ ਸੁਧਰ ਜਾਓ ਤਾਂ ਤੁਸੀਂ ਸੁਣ ਪਾਓਗੇ, ਤਦ ਤਾਂ ਅਸੰਭਵ ਹੋ ਜਾਏਗਾ। ਤਦ ਤਾਂ ਤੁਸੀਂ ਕਦੇ ਵੀ ਨਹੀਂ ਪੁੱਜ ਸਕੋਗੇ। ਜੇਕਰ ਇਹ ਸ਼ਰਤ ਹੋਵੇ ਕਿ ਪਹਿਲਾਂ ਜਦ ਤੱਕ ਤੁਸੀਂ ਸ਼ੁੱਧ ਨਾ ਹੋ ਜਾਓਗੇ, ਤਦ ਤੱਕ ਸੁਣ ਨਹੀਂ ਸਕੋਗੇ, ਤਾਂ ਤੁਸੀਂ ਕਦੇ ਸੁਣ ਹੀ ਨਾ ਸਕੋਗੇ। ਤਦ ਤਾਂ ਤੁਹਾਡੇ ਜੀਵਨ 'ਚ ਕੋਈ ਆਸ ਨਹੀਂ।

ਨਾਨਕ ਕਹਿ ਰਹੇ ਹਨ—ਤੁਸੀਂ ਸੁਣ ਲਵੋ, ਪਾਪ ਦੀ ਚਿੰਤਾ ਛੱਡੋ, ਬੁਰਾਈ ਦੀ ਚਿੰਤਾ ਛੱਡੋ। ਸੁਣਦੇ ਹੀ ਤੁਹਾਡੇ ਜੀਵਨ 'ਚ ਇੱਕ ਨਵੇਂ ਸੂਤਰ ਦਾ ਆਗਮਨ ਹੋਏਗਾ,

ਇੱਕ ਨਵੀਂ ਚੰਗਿਆੜੀ ਪਵੇਗੀ, ਜਿਹੜੀ ਤੁਹਾਡੇ ਸਾਰੇ ਪਾਪ ਨੂੰ ਜਲਾ ਦੇਵੇਗੀ ! ਤੁਹਾਡਾ ਸਾਰਾ ਅਤੀਤ ਸੁਆਹ ਹੋ ਸਕਦਾ ਹੈ, ਜੇਕਰ ਤੁਸੀਂ ਮੌਨ ਹੋ ਜਾਓ।

ਕਿਉਂਕਿ ਪਾਪ ਹੈ ਹੀ ਕੀ? ਅਤੀਤ ਵਿੱਚ ਵੀ ਤੁਸੀਂ ਕੀ ਕੀਤਾ ਹੈ? ਵਿਚਾਰਾਂ ਦੇ ਨਾਲ ਜੁੜ ਗਏ ਸੀ— ਇਹ ਹੀ ਤਾਂ ਸਾਰਾ ਪਾਪ ਹੈ। ਅੱਜ ਤੁਸੀਂ ਵਿਚਾਰ ਤੋਂ ਵੱਖਰੇ ਹੋ ਜਾਓ, ਕ੍ਰਿਤਯ ਟੁੱਟ ਜਾਏ, ਕਰਤਾ ਗੁਆਚ ਜਾਵੇ—ਅਤੀਤ ਨਾਲ ਵੀ ਸੰਬੰਧ ਟੁੱਟ ਗਿਆ। ਤਦ ਤੁਹਾਨੂੰ ਅਜਿਹਾ ਲੱਗੇਗਾ ਕਿ ਅਤੀਤ ਵੀ ਇੱਕ ਸੁਫ਼ਨਾ ਸੀ, ਇਸ ਤੋਂ ਜ਼ਿਆਦਾ ਨਹੀਂ। ਤੁਸੀਂ ਜਨਮਾਂ-ਜਨਮਾਂ 'ਚ ਜੋ ਕੀਤਾ ਉਹ ਵੀ ਕਰਤਾ ਹੋਣ ਦੇ ਭੁਲੇਖੇ ਦੇ ਕਾਰਣ ਹੋਇਆ ਸੀ। ਅੱਜ ਭੁਲੇਖਾ ਟੁੱਟ ਗਿਆ, ਉਹ ਸਾਰੇ ਕ੍ਰਤਯ ਸਮਾਪਤ ਹੋ ਗਏ।

ਨਾਨਕ ਦੀ ਗੱਲ ਬਹੁਤ ਲੋਕਾਂ ਦੀ ਸਮਝ 'ਚ ਨਹੀਂ ਪਵੇਗੀ, ਕਿਉਂਕਿ ਲੋਕ ਸੋਚਦੇ ਹਨ ਕਿ ਜੋ-ਜੋ ਪਾਪ ਕੀਤੇ ਹਨ, ਉਨ੍ਹਾਂ ਪਾਪਾਂ ਦੇ ਪਸ਼ਚਾਤਾਪ 'ਚ ਪੁੰਨ ਕਰਨੇ ਪੈਣਗੇ। ਅਤੇ ਹੋਰ ਜਦ ਤੱਕ ਅਸੀਂ ਪੁੰਨ ਨਹੀਂ ਕਰਾਂਗੇ ਤਦ ਤੱਕ ਪਾਪ ਕਿਵੇਂ ਕੱਟਣਗੇ? ਜੋ ਬੁਰਾ ਕੀਤਾ ਹੈ, ਉਸਦੇ ਠੀਕ ਬਰਾਬਰ ਤੋਲ 'ਚ ਤੱਕੜੀ ਉਤੇ ਭਲਾ ਕਰਨਾ ਪਵੇਗਾ। ਹਿਸਾਬੀ-ਕਿਤਾਬੀ ਦਿਮਾਗ ਦੇ ਲੋਕੀਂ ਠੀਕ ਹੀ ਕਹਿੰਦੇ ਹਨ ਕਿ ਜੇਕਰ ਇੱਕ ਬੁਰਾ ਕੰਮ ਕੀਤਾ ਤਾਂ ਇੱਕ ਭਲਾ ਕੰਮ ਕਰੋ, ਤਦ ਹੀ ਬਰਾਬਰ ਹੋਏਗਾ। ਜੇਕਰ ਅਜਿਹਾ ਹੋਣਾ ਹੈ ਤਾਂ ਤੁਸੀਂ ਕਦੇ ਮੁਕਤ ਨਹੀਂ ਹੋ ਸਕੋਗੇ, ਕਿਉਂਕਿ ਅਨੰਤ ਜਨਮਾਂ ਤੋਂ ਤੁਸੀਂ ਪਾਪ ਕਰ ਰਹੇ ਹੋ। ਅਨੰਤ ਜਨਮ ਤੁਹਾਨੂੰ ਪੁੰਨ ਕਰਨ ਵਿੱਚ ਲੱਗਣਗੇ। ਅਤੇ ਇਸ ਵਿਚਾਲੇ ਤੁਸੀਂ ਪਾਪ ਕਰਨ ਤੋਂ ਬਚੋਗੇ, ਇਸਦਾ ਕੋਈ ਭਰੋਸਾ ਹੈ? ਤਦ ਤਾਂ ਇਹ ਜ਼ੰਜੀਰ ਟੁੱਟ ਹੀ ਨਹੀਂ ਸਕਦੀ। ਤਦ ਤਾਂ ਮੋਖਸ਼ ਅਸੰਭਵ ਹੈ।

ਅਨੰਤ ਜਨਮਾਂ ਤੋਂ ਕੀਤੇ ਹੋਏ ਪਾਪ ਹਨ। ਇਨ੍ਹਾਂ ਦੇ ਜੇਕਰ ਇੱਕ-ਇੱਕ ਪਾਪ ਦਾ ਚੁਕਤਾਰਾ ਕਰਨਾ ਹੋਵੇ, ਜੇਕਰ ਪਰਮਾਤਮਾ ਕੋਈ ਦੁਕਾਨਦਾਰ ਹੋਵੇ ਜਾਂ ਅਦਾਲਤ ਦਾ ਕੋਈ ਜਜ ਹੋਵੇ ਅਤੇ ਜੇਕਰ ਇਨ੍ਹਾਂ ਦੇ—ਇੱਕ-ਇੱਕ ਪਾਪ ਦਾ ਚੁਕਤਾਰਾ ਕਰਨਾ ਹੋਵੇ— ਤਾਂ ਇਹ ਚੁਕਤਾਰਾ ਕਦ ਪੂਰਾ ਹੋਏਗਾ? ਅਤੇ ਇਸ ਵਿਚਾਲੇ ਤੁਹਾਡੇ ਤੋਂ ਆਸ਼ਾ ਹੈ ਕਿ ਤੁਸੀਂ ਪੁੰਨ ਹੀ ਪੁੰਨ ਕਰਦੇ ਰਹੋਗੇ? ਨਹੀਂ ਗਿਆਨੀਆਂ ਨੇ ਕੁਝ ਹੋਰ ਹੀ ਗੱਲ ਕਹੀ ਹੈ। ਗਿਆਨੀ ਕਿਸੇ ਦੂਜੇ ਹੀ ਹਿਸਾਬ ਨਾਲ ਚਲਦੇ ਹਨ। ਉਹ ਕਹਿੰਦੇ ਹਨ— ਪਾਪ ਦਾ ਸਵਾਲ ਨਹੀਂ ਹੈ, ਪਾਪ ਦੀ ਜੜ੍ਹ ਦਾ ਸਵਾਲ ਹੈ।

ਇਹ ਸਾਹਮਣੇ ਰੁੱਖ ਖਲੋਤਾ ਹੈ, ਤੁਸੀ ਪੰਜਾਹ ਸਾਲਾਂ ਤੋਂ ਇਸ ਰੁੱਖ ਨੂੰ ਪਾਣੀ ਦਿੱਤਾ ਹੈ, ਕੀ ਤੁਸੀਂ ਸੋਚਦੇ ਹੋ ਪੰਜਾਹ ਸਾਲ ਲੱਗਣਗੇ ਮੁੜ ਪਾਣੀ ਕੱਢਣ 'ਚ, ਤਦ ਇਹ ਰੁੱਖ ਮਰੇਗਾ? ਜੜ੍ਹ ਨੂੰ ਅੱਜ ਵੱਢ ਦਿਓ, ਇਹ ਅੱਜ ਮਰਨਾ ਸ਼ੁਰੂ ਹੋ ਜਾਵੇਗਾ।

ਇੱਕ-ਇੱਕ ਪੱਤਾ ਤੋੜਣ 'ਚ ਸ਼ਾਇਦ ਪੰਜਾਹ ਸਾਲ ਲੱਗਣ ਫ਼ਿਰ ਵੀ ਰੁੱਖ ਨਾ ਟੁੱਟੇ ! ਕਿਉਂਕਿ ਪੁਰਾਣੇ ਪੱਤੇ ਟੁੱਟਣਗੇ, ਨਵੇਂ ਆ ਜਾਣਗੇ। ਅਤੇ ਹੁਣ ਤਾਂ ਰੁੱਖ ਏਨਾ ਵੱਡਾ ਹੋ ਗਿਆ ਹੈ ਕਿ ਤੁਹਾਨੂੰ ਪਾਣੀ ਦੇਣ ਦੀ ਵੀ ਲੋੜ ਨਹੀਂ। ਹੁਣ ਉਹ ਧਰਤੀ ਤੋਂ ਆਪਣਾ ਪਾਣੀ ਲੈ ਲੈਂਦਾ ਹੈ। ਨਹੀਂ, ਪੱਤੇ ਜੇਕਰ ਤੋੜੇ ਤਾਂ ਇਹ ਰੁੱਖ ਕਦੇ ਵੀ ਟੁੱਟਣ ਵਾਲਾ ਨਹੀਂ। ਸੱਚ ਤਾਂ ਇਹ ਹੈ ਕਿ ਪੱਤਾ ਤੁਸੀਂ ਇੱਕ ਤੋੜੋਗੇ, ਦੋ ਨਵੇਂ ਆ ਜਾਣਗੇ। ਉਹੀ ਤਾਂ ਕਲਮ ਦੀ ਸਾਰੀ ਕਲਾ ਹੈ। ਇਧਰ ਵੱਢੋ ਉਧਰ ਨਵੇਂ ਆਏ। ਜੇਕਰ ਤੁਸੀਂ ਪਾਪ ਕਟੋਗੇ, ਨਵੇਂ ਪਾਪ ਆ ਜਾਣਗੇ।

ਜੜ੍ਹ ਫੜੋ, ਜੜ੍ਹ ਕੀ ਹੈ? ਕਰਮ ਪੱਤੇ ਹਨ, ਕਰਤਾ ਦਾ ਭਾਵ ਜੜ੍ਹ ਹੈ। ਜੇਕਰ ਤੁਸੀਂ ਕਰਤਾ ਭਾਵ ਨੂੰ ਕੱਟ ਦਿਓ, ਇਸੇ ਵੇਲੇ ਰੁੱਖ ਸੁੱਕ ਗਿਆ। ਸਾਰਾ ਸਰੋਤ ਤੁਹਾਡੇ ਕਰਤਾ ਭਾਵ ਨਾਲ ਆ ਰਿਹਾ ਸੀ ਕਿ ਮੈਂ ਕਰ ਰਿਹਾ ਹਾਂ। ਕਰਤਾ ਭਾਵ ਨੂੰ ਤੋੜਣ ਦੀ ਕਲਾ ਸਾਖਸ਼ੀ ਹੈ, ਸਾਖਸ਼ੀ ਯਾਨੀ ਸ਼ਰਵਣ।

ਇਸ ਲਈ ਨਾਨਕ ਅਜਿਹੀ ਅਨੂਠੀ ਮਹਿਮਾ ਗਾ ਰਹੇ ਹਨ। ਉਹ ਕਹਿ ਰਹੇ ਹਨ ਕਿ ਤੁਸੀਂ ਚੁੱਪ ਹੋ ਕੇ ਸੁਣ ਲਵੋ, ਕਿਉਂਕਿ ਸੁਣਨ ਦੀ ਘੜੀ 'ਚ ਤੁਸੀ ਕਰਤਾ ਨਹੀਂ ਰਹੋਗੇ। ਸੁਣਨਾ Passive ਅਕਰਤਾਦਾ ਭਾਵ ਹੈ। ਸੁਣਨ 'ਚ ਤੁਹਾਨੂੰ ਕੁਝ ਵੀ ਨਹੀ ਕਰਨਾ ਪੈਂਦਾ, ਤੁਸੀ ਸਿਰਫ ਬੈਠੇ ਹੋ। ਸੁਣਨਾ ਕੋਈ ਕੰਮ ਥੋੜ੍ਹੀ ਹੈ? ਤੁਹਾਨੂੰ ਕੁਝ ਕਰਨਾ ਥੋੜ੍ਹਾ ਪੈਂਦਾ ਹੈ।

ਬੜੇ ਮਜ਼ੇ ਦੀ ਗੱਲ ਇਹ ਹੈ— ਜੇ ਵੇਖਣਾ ਹੋਵੇ ਤਾਂ ਘੱਟੋ-ਘੱਟ-ਅੱਖ ਖੋਲ੍ਹਣੀ ਪੈਂਦੀ ਹੈ। ਕੰਨ ਖੁੱਲ੍ਹੇ ਹੀ ਹੋਏ ਹਨ। ਵੇਖਣਾ ਹੋਵੇ ਤਾਂ ਘੱਟੋ ਘੱਟ ਅੱਖ ਖੋਲ੍ਹਣ ਦਾ ਕੰਮ ਕਰਨਾ ਪੈਂਦਾ ਹੈ। ਸੁਣਨਾ ਹੋਵੇ ਤਾਂ ਕੰਨ ਖੋਲ੍ਹਣ ਦੀ ਵੀ ਕ੍ਰਿਯਾ ਨਹੀਂ ਕਰਨੀ ਪੈਂਦੀ ਹੈ। ਇਸ ਲਈ ਵੇਖਣ 'ਚ ਤਾਂ ਥੋੜ੍ਹਾ ਜਿਹਾ ਕਰਤਾ ਦਾ ਭਾਵ ਆ ਜਾਂਦਾ, ਸੁਣਨ 'ਚ ਕਰਤਾ ਦੇ ਭਾਵ ਦਾ ਕੋਈ ਉਪਾਅ ਹੀ ਨਹੀਂ ਹੈ। ਕੋਈ ਦੂਜਾ ਬੋਲ ਰਿਹਾ ਹੈ, ਤੁਸੀਂ ਕੇਵਲ ਬੈਠੇ ਹੋ। ਤੁਸੀਂ ਬਿਲਕੁਲ ਨਿਸ਼ਕ੍ਰਿਆ ਹੋ। ਤੁਸੀਂ ਧੀਰਜਵਾਨ ਹੋ। ਤੁਸੀਂ ਅਕ੍ਰਿਆ ਵਿੱਚ ਹੋ। ਇਸ ਲਈ ਵੇਖਣ ਨਾਲ ਵੀ ਉਹ ਮਹਿਮਾ ਪ੍ਰਾਪਤ ਨਹੀਂ ਹੁੰਦੀ, ਜਿਹੜੀ ਸੁਣਨ ਨਾਲ ਪ੍ਰਾਪਤ ਹੁੰਦੀ ਹੈ।

ਇਸ ਲਈ ਸ਼ਰਵਣ ਤੇ ਏਨਾ ਜ਼ੋਰ ਦਿੱਤਾ ਹੈ। ਮਹਾਂਵੀਰ ਕਹਿੰਦੇ ਹਨ— ਸਮਯਕ ਸ਼ਰਵਣ। ਬੁੱਧ ਕਹਿੰਦੇ ਹਨ— ਸਮਯਕ ਸ਼ਰਵਣ। ਨਾਨਕ ਅਦਭੁਤ ਮਹਿਮਾ ਦਾ ਵਰਣਨ ਕਰ ਰਹੇ ਹਨ। ਸੁਣ ਲਵੋ, — ਉਥੇ ਕੋਈ ਕਰਤਾ ਨਹੀਂ ਹੈ। ਉਥੇ ਸੁਣਨ ਦੀ ਘੜੀ 'ਚ ਕੋਈ ਨਹੀਂ ਹੈ, ਜੇਕਰ ਤੁਸੀਂ ਚੁੱਪ ਹੋ ਤਾ ਅੰਦਰ ਕੌਣ ਹੈ? ਸੁਣਨ ਦੇ ਪਲ 'ਚ ਸੰਨਾਟਾ ਹੈ। ਇੱਕ ਅਵਾਜ਼ ਗੂੰਜਦੀ ਹੈ, ਲੰਘ ਜਾਂਦੀ ਹੈ, ਅੰਦਰ ਕੋਈ ਵੀ ਨਹੀਂ ਹੈ।

ਵਿਚਾਰ ਆਇਆ ਕਿ ਤੁਸੀਂ ਆਏ। ਜਦ ਵਿਚਾਰ ਨਹੀਂ ਹੁੰਦਾ, ਤੁਸੀਂ ਵੀ ਨਹੀਂ ਹੁੰਦੇ। ਹੰਕਾਰ ਵਿਚਾਰਾਂ ਦੇ ਜੋੜ ਦਾ ਨਾਉਂ ਹੈ। ਸ਼ਰਵਣ ਅਰਥਾਤ ਨਿਰ-ਹੰਕਾਰ ਦਸ਼ਾ।

ਕਹਿੰਦੇ ਹਨ ਨਾਨਕ "ਸ਼ਰਵਣ ਨਾਲ ਹੀ ਜੋਗ ਦੀ ਤਰਕੀਬ ਅਤੇ ਸ਼ਰੀਰ ਦੇ ਭੇਦ ਦਾ ਗਿਆਨ ਹੁੰਦਾ ਹੈ।" ਇਹ ਬਹੁਤ ਮਹੱਤਵਪੂਰਣ ਸੂਤਰ ਹੈ।

ਪੱਛਮ 'ਚ ਸ਼ਰੀਰ-ਸ਼ਾਸਤ੍ਰੀਆਂ ਨੂੰ ਬੜੀ ਬੁਝਾਰਤ ਰਹੀ ਹੈ ਕਿ ਪੂਰਬ ਦੇ ਰਿਸ਼ੀ-ਮੁਨੀਆਂ ਨੇ ਦੇਹ ਦੇ ਰਹੱਸ-ਭੇਦ ਕਿਵੇਂ ਜਾਣੇ। ਕਿਉਂਕਿ ਪੂਰਬ ਵਿੱਚ ਲਾਸ਼ ਤਾਂ ਬਚਾਈ ਨਹੀਂ ਜਾਂਦੀ। ਪੱਛਮ ਵਿੱਚ ਸਰਜਰੀ ਵਿਕਸਿਤ ਹੋ ਸਕੀ ਅਤੇ ਦੇਹ ਦਾ ਗਿਆਨ ਹੋ ਸਕਿਆ, ਕਿਉਂਕਿ ਇਸਾਈਅਤ ਮੁਰਦੇ ਨੂੰ ਬਚਾਉਂਦੀ ਹੈ। ਹਿੰਦੂ ਤਾਂ ਜਲਾਉਂਦੇ ਰਹੇ। ਸੋ ਏਥੇ ਤਾਂ ਮਰਿਆ ਹੋਇਆ ਆਦਮੀ ਚੀਰ ਫਾੜ ਲਈ ਪਾਉਣਾ ਅਸੰਭਵ ਸੀ। ਸੁਆਹ ਬਚਦੀ ਹੈ, ਉਸਦੇ ਵਿਚੋਂ ਕੀ ਲੱਭੇਗੇ? ਏਧਰ ਆਦਮੀ ਮਰਿਆ ਕਿ ਅਸੀਂ ਸਾੜਿਆ ਅਤੇ ਹਿੰਦੂ ਮਰੇ ਹੋਏ ਆਦਮੀ ਨੂੰ ਜਲਾਉਂਦੇ ਰਹੇ, ਬਚਾਇਆ ਨਹੀਂ। ਪੱਛਮ 'ਚ ਸੰਭਵ ਹੋ ਸਕਿਆ ਕਿ ਕਬਰਾਂ ਵਿਚੋਂ ਲਾਸ਼ਾਂ ਕੱਢ ਲਈਆਂ ਅਤੇ ਉਨ੍ਹਾਂ ਦੀ ਜਾਂਚ-ਪੜਤਾਲ ਕਰ ਲਈ ਗਈ। ਉਸ ਨਾਲ ਆਦਮੀ ਦੇ ਸ਼ਰੀਰ ਦਾ ਗਿਆਨ ਹੋਇਆ।

ਪੂਰਬ ਵਿੱਚ ਕਿਵੇਂ ਹੋਇਆ? ਫਿਰ ਪੱਛਮ ਵਿੱਚ ਵੀ ਗਿਆਨ ਹੁਣੇ ਹੋ ਸਕਿਆ, ਉਹ ਵੀ ਅੱਜੇ ਪੂਰਾ ਨਹੀਂ ਹੋਇਆ, ਜਦ ਕਿ ਏਨੇ ਵਿਗਿਆਨਕ ਸਾਧਨ ਪ੍ਰਾਪਤ ਹਨ, ਜਿਨ੍ਹਾਂ ਨਾਲ ਦੇਹ ਦੀ ਰੱਤੀ-ਰੱਤੀ ਜਾਂਚ ਹੋ ਸਕਦੀ ਹੈ, ਪਰ ਪੂਰਬ ਵਿੱਚ ਕਿਵੇਂ ਗਿਆਨ ਹੋਇਆ? ਅਤੇ ਗਿਆਨ ਕਰੀਬ-ਕਰੀਬ ਠੀਕ-ਠੀਕ ਹੋਇਆ—ਹਿਸਾਬ ਦੀ ਤਰ੍ਹਾਂ ਠੀਕ ਹੋਇਆ। ਨਾ ਸਾਧਨ ਸੀ, ਨਾ ਮੁਰਦੇ ਪ੍ਰਾਪਤ ਸਨ, ਨਾ ਵਿਗਿਆਨਕ ਵਿਕਾਸ ਸੀ, **Techinque** ਨਹੀਂ ਸੀ, ਵਿਗਿਆਨ ਨਹੀਂ ਸੀ, ਕਿਵੇਂ ਇਹ ਹੋਇਆ। ਇਸ ਤੇ ਬਹੁਤ ਵਿਚਾਰ ਹੁੰਦਾ ਹੈ। ਨਾਨਕ ਦੇ ਇਸ ਸੂਤਰ ਵਿੱਚ ਉਸ ਵਿਚਾਰ ਦਾ ਜਵਾਬ ਹੈ।

ਸ਼ਰਵਣ ਨਾਲ ਹੀ ਜੋਗ ਦੀ ਜੁਗਤੀ ਅਤੇ ਦੇਹ ਦੇ ਭੇਦ ਸਮਝ ਆਉਂਦੇ ਹਨ। ਜਦ ਤੁਸੀਂ ਸ਼ੂਨਯ ਹੋ ਕੇ ਅੰਦਰ ਵਿਰਾਜਦੇ ਹੋ, ਤਦ ਤੁਹਾਨੂੰ ਆਪਣੀ ਹੀ ਦੇਹ ਅੰਦਰੋਂ ਵਿਖਾਈ ਪੈਣ ਲੱਗਦੀ ਹੈ। ਅੱਜੇ ਤੁਸੀਂ ਆਪਣੇ ਸ਼ਰੀਰ ਨੂੰ ਬਾਹਰੋਂ ਹੀ ਵੇਖਿਆ ਹੈ, ਤਾਂ ਚਮੜੀ ਵਿਖਾਈ ਦਿੰਦੀ ਹੈ। ਜਦ ਤੁਸੀਂ ਆਪਣੇ ਸ਼ਰੀਰ ਨੂੰ ਅੰਦਰੋਂ ਵੇਖੋਗੇ ਤਾਂ ਨਾੜੀਆਂ ਦਾ ਬੜਾ ਵੱਡਾ ਜਾਲ ਵਿਖਾਈ ਪਵੇਗਾ। ਇੱਕ ਅਨੋਖਾ ਅਨੁਭਵ ਹੁੰਦਾ ਹੈ, ਜਦ ਪਹਿਲੀ ਵਾਰ ਸ਼ਰੀਰ ਅੰਦਰੋਂ ਵਿਖਾਈ ਦਿੰਦਾ ਹੈ। ਤੁਸੀਂ ਤਾਂ ਅਜੇ ਇਹੋ ਜਿਹੇ ਹੋ ਜਿਵੇਂ ਆਪਣੇ ਹੀ ਮਕਾਨ ਨੂੰ ਚੌਹਾਂ ਪਾਸਿਆਂ ਤੋਂ ਵੇਖਿਆ ਹੈ, ਅੰਦਰ ਗਏ ਨਹੀਂ। ਬਾਹਰ-ਬਾਹਰ ਘੁੰਮ ਰਹੇ ਹੋ। ਤਾਂ ਮਕਾਨ ਦੇ ਬਾਹਰ ਦਾ ਪਲਸਤਰ ਵਿਖਾਈ ਦਿੰਦਾ ਹੈ। ਬੱਸ ਉਹ ਹੀ ਤੁਹਾਡਾ ਅਨੁਭਵ ਹੈ।

ਜਦ ਤੁਸੀਂ ਅੰਦਰ ਜਾਓਗੇ— ਜਿਵੇਂ ਰਾਜ ਮਹਿਲ ਵਿੱਚ ਬੈਠੇ ਹੋਏ ਆਦਮੀ ਨੂੰ ਮਹਿਲ ਅੰਦਰੋਂ ਵਿਖਾਈ ਦਿੰਦਾ ਹੈ—ਅੰਦਰ ਦਾ ਸਾਜ਼-ਸ਼ਿੰਗਾਰ, ਅੰਦਰ ਦੀ ਸਜਾਵਟ—ਉਵੇਂ ਹੀ ਤੁਸੀ ਜਦ ਸ਼ਾਂਤ ਹੋ ਕੇ ਆਪਣੇ ਅੰਦਰ ਬੈਠ ਜਾਂਦੇ ਹੋ, ਜਦ ਮਨ ਉਲਝਣ ਖੜ੍ਹੀ ਨਹੀਂ ਕਰਦਾ।

ਕਿਉਂਕਿ ਮਨ ਸਦਾ ਬਾਹਰ ਲੈ ਜਾਂਦਾ ਹੈ। ਜਿਵੇਂ ਹੀ ਤੁਸੀਂ ਮਨ ਦੇ ਨਾਲ ਬੱਝੇ ਕਿ ਤੁਸੀਂ ਬਾਹਰ ਗਏ। ਮਨ ਬਾਹਰ ਜਾਣ ਦਾ ਦੁਆਰ ਹੈ। ਸੋਚੋਗੇ ਕੀ? ਜੋ ਵੀ ਸੋਚੋਗੇ ਬਾਹਰ ਹੋਏਗਾ—ਧਨ ਹੋਏਗਾ, ਇਸਤ੍ਰੀ ਹੋਏਗੀ, ਮਕਾਨ ਹੋਏਗਾ, ਕਾਰ ਹੋਏਗੀ, ਇੱਜ਼ਤ ਹੋਏਗੀ, ਪਦ ਪ੍ਰਤਿਸ਼ਠਾ—ਜੋ ਵੀ ਸੋਚੋਗੇ ਬਾਹਰ ਹੋਏਗਾ। ਵਿਚਾਰ ਦੇ ਸਾਰੇ **Object** ਵਿਸ਼ੇ ਵਸਤੂਆਂ ਬਾਹਰ ਹਨ।

ਤੁਸੀਂ ਸੋਚੋਗੇ ਕੀ? ਬਾਹਰ ਦਾ ਹੀ ਕੁਝ ਸੋਚੋਗੇ। ਜਿਵੇਂ ਹੀ ਤੁਸੀਂ ਨਿਰਵਿਚਾਰ ਹੋਏ, ਬਾਹਰ ਜਾਣਾ ਬੰਦ ਹੋਇਆ। ਊਰਜਾ (ਸ਼ਕਤੀ) ਅੰਦਰ ਠਹਿਰ ਗਈ। ਤੁਸੀਂ ਆਪਣੇ ਸਿੰਘਾਸਣ ਤੇ ਬੈਠੇ ਅਤੇ ਪਹਿਲੀ ਵਾਰ ਤੁਹਾਨੂੰ ਸ਼ਰੀਰ ਅੰਦਰੋਂ ਵਿਖਾਈ ਦੇਣਾ ਸ਼ੁਰੂ ਹੋਇਆ, ਤਦ ਤੁਸੀਂ ਪਾਓਗੇ ਇਹ ਸ਼ਰੀਰ ਛੋਟਾ ਨਹੀਂ ਹੈ, ਛੋਟਾ ਵਿਖਾਈ ਦਿੰਦਾ ਹੈ, ਇਸ ਲਈ ਤਾਂ ਹਿੰਦੂ ਕਹਿੰਦੇ ਹਨ ਅੰਡ ਵਿੱਚ ਬ੍ਰਹਮਾਂਡ ਸਮਾਇਆ। ਇਸ ਛੋਟੇ ਸ਼ਰੀਰ ਵਿੱਚ—**Miniature** ਸਮਸਤ ਬ੍ਰਹਮਾਂਡ ਲੁਕਿਆ ਹੋਇਆ ਹੈ। ਇਹ ਛੋਟਾ ਜਿਹਾ ਸ਼ਰੀਰ ਜਿਵੇਂ ਸਾਰੇ ਬ੍ਰਹਮਾਂਡ ਦੀ ਛੋਟੀ ਜਿਹੀ ਨਕਲ ਹੈ। ਜੋ ਕੁਝ ਸਾਰੇ ਜਗਤ ਵਿੱਚ ਹੈ, ਉਹ ਸਭ ਇਸ ਛੋਟੇ ਜਿਹੇ ਸ਼ਰੀਰ ਵਿੱਚ ਛੋਟੇ ਪਰਮਾਣ ਵਿੱਚ— ਇੱਕ ਮਾਡਲ, ਜਿਵੇਂ ਕੋਈ ਤਾਜ ਮਹਿਲ ਦਾ ਮਾਡਲ ਬਣਾਉਂਦਾ ਹੈ—ਸਾਰਾ ਕੁਝ ਤਾਜ ਮਹਿਲ ਵਰਗਾ ਪਰ ਛੋਟੀ ਮੂਰਤ, ਅਜਿਹਾ ਹੀ ਹਰ ਇੱਕ ਜੀਵਨ ਪੂਰੀ ਕੁਦਰਤ ਦੀ ਛੋਟੀ ਮੂਰਤ ਹੈ।

ਨਾਨਕ ਕਹਿੰਦੇ ਹਨ, ਜਿਹੜਾ ਚੁੱਪ ਹੋ ਗਿਆ, ਮੌਨ ਹੋ ਗਿਆ, ਜਿਹਨੇ ਸ਼੍ਰਵਣ ਦੀ ਕਲਾ ਸਿੱਖ ਲਈ ਅਤੇ ਜਿਹੜਾ ਆਪਣਾ ਹੀ ਅੰਦਰ ਆਪਣੇ ਸ਼ਰੀਰ ਨੂੰ ਵੀ ਸੁਣਨ ਲੱਗਾ, ਉਸਨੂੰ ਸ਼ਰੀਰ ਦੇ ਭੇਦ, ਯੋਗ ਦੀ ਯੁਕਤੀ—ਸਭ ਦੀ ਜਾਣਕਾਰੀ ਹੋ ਜਾਂਦੀ ਹੈ।

ਪਤੰਜਲੀ ਨੇ ਜੋ ਵੀ ਯੋਗ-ਸ਼ਾਸਤ੍ਰ ਵਿੱਚ ਲਿਖਿਆ ਹੈ, ਉਹ ਕਿਸੇ ਦੂਜੇ ਦੇ ਸ਼ਰੀਰ ਦੀ ਜਾਂਚ ਨਾਲ ਨਹੀਂ, ਆਪਣੇ ਹੀ ਸ਼ਰੀਰ ਦੇ ਅੰਦਰ ਦੇ ਅਨੁਭਵ ਨਾਲ ਲਿਖਿਆ ਹੈ ਅਤੇ ਉਹ ਵਚਨ ਅੱਜੇ ਵੀ ਸੌ ਪਰਸੈਂਟ ਸਹੀ ਹਨ। ਕੋਈ ਫ਼ਰਕ ਨਹੀਂ ਪਿਆ। ਯੋਗ ਨੇ ਜਿੰਨੀਆਂ ਵਿਧੀਆਂ ਲੱਭੀਆਂ ਹਨ, ਉਹ ਆਪਣੇ ਹੀ ਸ਼ਰੀਰ ਦੇ ਅਨੁਭਵ ਨਾਲ ਲੱਭੀਆਂ ਹਨ।

ਜੇਕਰ ਤੁਸੀਂ ਸ਼ਾਂਤ ਹੋ ਕੇ ਬੈਠੋਗੇ ਤਾਂ ਕੁਝ ਉਦਾਹਰਣ ਲਈ ਮੈਂ ਤੁਹਾਨੂੰ ਕਹਾਂ। ਜਿਵੇਂ ਹੀ ਤੁਸੀਂ ਸ਼ਾਂਤ ਹੋ ਕੇ ਬੈਠੋਗੇ, ਤੁਸੀਂ ਪਾਓਗੇ ਤੁਹਾਡੇ ਸੁਆਸ ਦੀ ਗਤੀ ਬਦਲ ਗਈ। ਉਸੇ ਘੜੀ ਵਿਚਾਰ ਬੰਦ ਹੋਏ, ਸੁਆਸ ਦੀ ਗਤੀ ਬਦਲ ਜਾਂਦੀ ਹੈ। ਵਿਚਾਰ ਚਲੇ, ਸੁਆਸ ਦੀ ਗਤੀ ਬਦਲ ਜਾਂਦੀ ਹੈ। ਜਦ ਤੁਸੀਂ ਸ਼ਾਂਤ ਹੋ ਕੇ ਬੈਠੋਗੇ—ਜੇਕਰ ਤੁਸੀਂ ਪਛਾਣ ਲਿਆ ਕਿ ਸੁਆਸ ਦੀ ਗਤੀ ਬਦਲੀ, ਹੁਣ ਕਿਹੋ ਜਿਹੀ ਗਤੀ ਹੈ ਸੁਆਸ ਦੀ—ਜਦ ਵੀ ਤੁਸੀਂ ਸ਼ਾਤ ਹੋਣਾ ਚਾਹੋ, ਸੁਆਸ ਦੀ ਉਹੀ ਗਤੀ ਕਰ ਲਵੋ, ਤੁਸੀਂ ਉਸੇ ਘੜੀ ਸ਼ਾਂਤ ਹੋ ਜਾਓਗੇ, ਤੁਹਾਨੂੰ ਇੱਕ ਭੇਦ ਪਤਾ ਲੱਗ ਗਿਆ, ਇੱਕ ਕੁੰਜੀ ਤੁਹਾਡੇ ਹੱਥ ਆ ਗਈ।

ਜਦ ਤੁਸੀਂ ਬਿਲਕੁਲ ਸ਼ਾਂਤ ਹੋ ਕੇ ਬੈਠੋ, ਤਦ ਤੁਸੀਂ ਵੇਖੋ ਕਿ ਤੁਹਾਡੀ ਰੀੜ੍ਹ ਦੀ ਕੀ ਸਥਿਤੀ ਹੈ ਜਦ ਤੁਸੀਂ ਸ਼ਾਂਤ ਹੋ ਕੇ ਬੈਠੋਗੇ, ਤੁਸੀਂ ਪਾਓਗੇ, ਰੀੜ੍ਹ ਦੀ ਹੱਡੀ ਆਪਣੇ ਆਪ ਨੱਬੇ ਦਾ ਕੋਣ ਜ਼ਮੀਨ ਨਾਲ ਬਣਾ ਲੈਂਦੀ ਹੈ। ਸਵਸਥ ਆਦਮੀ ਹੋਵੇ, ਬੁੱਢਾ ਨਾ ਹੋਵੇ, ਬੀਮਾਰੀ ਨਾ ਹੋਵੇ ਤਾਂ ਜਿਵੇਂ ਹੀ ਸ਼ਾਂਤ ਹੋਏਗਾ, ਰੀੜ੍ਹ ਨੱਬੇ ਦਾ ਕੋਣ ਬਣਾ ਲਵੇਗੀ। ਤੁਹਾਨੂੰ ਇੱਕ ਕੁੰਜੀ ਹੱਥ ਆ ਗਈ। ਜਦ ਵੀ ਤੁਸੀਂ ਸ਼ਾਂਤ ਹੋਣਾ ਚਾਹੋ, ਰੀੜ੍ਹ ਦਾ ਨੱਬੇ ਦਾ ਕੋਣ ਜ਼ਮੀਨ ਨਾਲ ਬਣਾ ਦਿਓ। ਇਸੇ ਤਰ੍ਹਾਂ ਹੌਲੀ-ਹੌਲੀ ਯੋਗੀ ਅਨੁਭਵ ਕਰਦਾ ਹੈ ਕਿ ਕੀ ਉਸਦੇ ਅੰਦਰ ਹੋ ਰਿਹਾ ਹੈ।

ਜਿਵੇਂ ਹੀ ਤੁਸੀਂ ਸ਼ਾਂਤ ਹੋ ਕੇ ਬੈਠੋਗੇ, ਤੁਸੀਂ ਪਾਓਗੇ ਕਿ ਜਿੰਨੇ ਤੁਸੀਂ ਸ਼ਾਂਤ ਹੁੰਦੇ ਹੋ, ਤੁਹਾਡੀ ਰੀੜ੍ਹ ਤੋਂ ਕੋਈ ਊਰਜਾ ਉੱਪਰ ਨੂੰ ਉੱਠਣੀ ਸ਼ੁਰੂ ਹੋ ਜਾਂਦੀ ਹੈ। ਤੁਸੀਂ ਉਸਨੂੰ ਪ੍ਰਤੱਖ ਵੇਖੋਗੇ, ਮਹਿਸੂਸ ਕਰੋਗੇ। ਇੱਕ ਊਸ਼ਣ, ਤਾਪ ਤੁਹਾਡੀ ਰੀੜ੍ਹ ਵਿੱਚ ਨੱਠਣ ਲੱਗੇਗਾ। ਬਿਜਲੀ ਦੀਆਂ ਤਰੰਗਾਂ ਤੁਹਾਡੀ ਰੀੜ੍ਹ 'ਚ ਉੱਠਣ ਲੱਗਣਗੀਆਂ। ਜਿਨ੍ਹਾਂ ਨੂੰ ਤੁਸੀਂ ਕਦੇ ਮਹਿਸੂਸ ਨਹੀਂ ਕੀਤਾ ਸੀ ਅਤੇ ਜਿਵੇਂ-ਜਿਵੇਂ ਉਹ ਤਰੰਗਾਂ ਉੱਪਰ ਜਾਣਗੀਆਂ, ਤਿਵੇਂ ਤੁਸੀਂ ਆਨੰਦ ਪਾਓਗੇ। ਜਿਵੇਂ-ਜਿਵੇਂ ਉਹ ਤਰੰਗਾਂ ਉੱਪਰ ਉੱਠਣਗੀਆਂ ਤਿਵੇਂ-ਤਿਵੇਂ ਤੁਹਾਡਾ ਦੁੱਖ, ਉਦਾਸੀ ਘੱਟ ਅਤੇ ਆਨੰਦ ਦਾ ਭਾਵ ਵਧਣ ਲੱਗੇਗਾ। ਜਿਵੇਂ-ਜਿਵੇਂ ਤਰੰਗਾਂ ਦੀ ਉਚਾਈ ਵਧੇਗੀ, ਤਿਵੇਂ-ਤਿਵੇਂ ਤੁਸ਼ੀ ਪਾਓਗੇ ਜੀਵਨ ਦੀ ਤੁੱਛਤਾ ਛੁਟ ਗਈ, ਦੂਰ ਘਾਟੀ 'ਚ ਪਈ ਰਹਿ ਗਈ। ਤੁਸੀਂ ਜਿਵੇਂ ਕਿਸੇ ਪਹਾੜ ਤੇ ਟੁਰ ਆਏ ਹੋ। ਉਹ ਧੂਆਂ ਪਿੰਡ-ਬਸਤੀ ਦਾ, ਲੋਕਾਂ ਦੀ ਚਰਚਾ ਦਾ, ਗੱਲਬਾਤ ਦਾ, ਉੱਪਦ੍ਰੱਵ ਦਾ—ਸਾਰਾ ਪਿੱਛੇ ਰਹਿ ਗਿਆ, ਤੁਸੀਂ ਬੜੇ ਦੂਰ ਨਿਕਲ ਆਏ ਹੋ।

ਇਸ ਲਈ ਤਾਂ ਅਸੀਂ ਰੀੜ੍ਹ ਨੂੰ ਮੇਰੂਦੰਡ ਕਿਹਾ ਹੈ। ਮੇਰੂ ਪਹਾੜ ਦਾ ਨਾਉਂ ਹੈ, ਜਿਹੜਾ ਸਵਰਗ ਵਿੱਚ ਹੈ ਅਤੇ ਜਦ ਕੋਈ ਮਨੁੱਖ ਇਸ ਛੋਟੇ ਜਿਹੇ ਮੇਰੂਦੰਡ ਦੀ

ਆਖ਼ਰੀ ਉਚਾਈ ਉਤੇ ਪੁੱਜ ਜਾਂਦਾ ਹੈ, ਤਾਂ ਉਹ ਹੀ ਉਚਾਈ, ਜਿਹੜੀ ਮੇਰੂ ਪਹਾੜ ਦੀ ਸਵਰਗ ਵਿੱਚ ਹੈ, ਉਸ ਉਚਾਈ ਅਤੇ ਇਸ ਉਚਾਈ ਵਿੱਚ ਕੋਈ ਫ਼ਰਕ ਨਹੀਂ, ਅਤੇ ਜਿਹੜਾ ਆਖ਼ਰੀ ਸ਼ਿਖਰ ਹੈ, ਜਿੱਥੇ ਹਿੰਦੂ ਸਿੱਖਾਂ (ਚੋਟੀ ਜਾਂ ਬੋਦੀ) ਰੱਖਦੇ ਹਨ, ਜਿਹੜਾ ਸੱਤਵਾਂ ਦੁਆਰ ਹੈ, ਜਿਥੋਂ ਊਰਜਾ ਅਨੰਤ ਵਿੱਚ ਮਿਲ ਜਾਂਦੀ ਹੈ, ਜਦ ਤੁਹਾਡੀਆਂ ਤਰੰਗਾਂ ਉਥੋਂ ਫੈਲਣ ਲੱਗਣਗੀਆਂ, ਬ੍ਰਹਮਚਰਯ ਪ੍ਰਾਪਤ ਹੋ ਜਾਵੇਗਾ। ਤਦ ਤੁਹਾਨੂੰ ਬ੍ਰਹਮਚਰਯ ਲਈ ਕੁਝ ਵੀ ਨਹੀਂ ਕਰਨਾ ਪਵੇਗਾ ਅਤੇ ਜਦ ਵੀ ਤੁਹਾਨੂੰ ਵਾਸਨਾ ਫੜੇ ਤਾਂ ਵਾਸਨਾਂ ਨੂੰ ਦਬਾਉਣ ਦੀ ਕੋਈ ਜ਼ਰੂਰਤ ਨਹੀਂ ਰਹਿ ਜਾਏਗੀ, ਤੁਸੀਂ ਬੱਸ ਰੀੜ੍ਹ ਨੂੰ ਸਿਧਾ ਕਰਕੇ ਉਨ੍ਹਾਂ ਤਰੰਗਾਂ ਨੂੰ ਉੱਪਰ ਜਾਣ ਦਿਓ ਤਾਂ ਜਿਹੜੀ ਊਰਜਾ ਵਾਸਨਾ ਨਾਲ ਵਗਦੀ ਸੀ, ਉਹ ਹੀ ਊਰਜਾ ਬ੍ਰਹਮਚਰਯ ਬਣ ਜਾਏਗੀ। ਊਰਜਾ ਤਾਂ ਉਹ ਹੀ ਹੈ, ਊਰਜਾ ਉਹ ਹੀ ਹੈ, ਪਹਿਲੇ ਦੁਆਰ ਤੋਂ ਨਿਕਲਦੀ ਹੈ ਤਾਂ ਪ੍ਰਕ੍ਰਿਤਿ ਵਿੱਚ ਚਲੀ ਜਾਂਦੀ ਹੈ, ਸੱਤਵੇਂ ਦੁਆਰ ਤੋਂ ਨਿਕਲਦੀ ਹੈ ਤਾਂ ਪਰਮਾਤਮਾ 'ਚ ਪੁੱਜ ਜਾਂਦੀ ਹੈ।

ਇਸ ਤਰ੍ਹਾਂ ਜਿਹੜਾ ਮਨੁੱਖ ਚੁੱਪ ਹੋ ਕੇ ਬੈਠਣ ਦੀ ਕਲਾ ਸਿੱਖ ਲਵੇਗਾ, ਉਸਨੂੰ ਉਸਦਾ ਹੀ ਸ਼ਰੀਰ ਹਜ਼ਾਰ-ਹਜ਼ਾਰ ਅਨੁਭਵ ਦੇ ਦੇਵੇਗਾ। ਆਪਣੇ ਹੀ ਸ਼ਰੀਰ ਤੋਂ ਤੁਸੀਂ ਸਾਰੇ ਯੋਗਸ਼ਾਸਤ੍ਰ ਨੂੰ ਜਾਣ ਸਕਦੇ ਹੋ। ਪਤੰਜਲੀ ਨੂੰ ਪੜ੍ਹਨ ਦੀ ਜ਼ਰੂਰਤ ਨਹੀਂ। ਸੱਚ ਤਾਂ ਇਹ ਹੈ ਕਿ ਪਤੰਜਲੀ ਦੇ ਸ਼ਾਸਤ੍ਰ ਬਾਅਦ ਵਿੱਚ ਹੀ ਪੜ੍ਹਨ ਦੀ ਜ਼ਰੂਰਤ ਹੈ, ਕਿਉਂਕਿ ਉਹ ਤੁਹਾਨੂੰ ਭਰੋਸਾ ਦੁਆ ਦਿੰਦੇ ਹਨ ਕਿ ਸਭ ਠੀਕ ਹੋ ਰਿਹਾ ਹੈ। ਤੁਸੀਂ ਜਦ ਆਪਣੇ ਅੰਦਰ ਪ੍ਰਯੋਗ ਕਰਨਾ ਸ਼ੁਰੂ ਕਰਦੇ ਹੋ, ਤਦ ਸ਼ਾਸਤ੍ਰ ਦੀ ਵਰਤੋਂ ਏਨੀ ਹੀ ਹੈ ਕਿ ਤੁਸੀਂ ਕਈ ਵਾਰ ਡਰੋਗੇ ਕਿ ਪਤਾ ਨਹੀਂ ਕੀ ਹੋ ਰਿਹਾ ਹੈ। ਅਨਜਾਣੇ 'ਚ ਜਾ ਰਹੇ ਹੋ, ਕੀ ਹੋਏਗਾ, ਕੀ ਨਹੀਂ ਹੋਏਗਾ। ਸ਼ਾਸਤ੍ਰ ਤੁਹਾਨੂੰ ਭਰੋਸਾ ਦੇ ਦਿੰਦੇ ਨੇ ਕਿ ਤੁਸੀਂ ਅਨਜਾਣੇ 'ਚ ਨਹੀਂ ਜਾ ਰਹੇ ਹੋ, ਜਿਹੜੇ ਵੀ ਗਏ ਹਨ ਇਸੇ ਰਾਹ ਤੋਂ ਗਏ ਹਨ। ਜਿਨ੍ਹਾਂ ਨੇ ਵੀ ਪਾਇਆ, ਇਸੇ ਤਰ੍ਹਾਂ ਹੀ ਪਾਇਆ ਹੈ। ਇਹ ਘਟਨਾਵਾਂ ਉਨ੍ਹਾਂ ਨੂੰ ਵੀ ਵਾਪਰੀਆਂ ਹਨ ਅਤੇ ਅੱਗੇ ਵੀ ਇਹ ਘਟਨਾਵਾਂ ਵਾਪਰਨ ਦੀ ਸੰਭਾਵਨਾ ਹੈ, ਤੁਸੀਂ ਭੈਅ-ਭੀਤ ਨਾ ਹੋਵੋ, ਭਰੋਸਾ ਰੱਖੋ।

ਸ਼ਾਸਤ੍ਰ ਗਵਾਹੀਆਂ ਹਨ ਗਿਆਨੀਆਂ ਦੀਆਂ, ਪਰ ਅਸਲੀ ਗਿਆਨ ਸ਼ਾਸਤ੍ਰ ਤੋਂ ਨਹੀਂ ਹੁੰਦਾ ਅਸਲੀ ਗਿਆਨ ਤਾਂ ਆਪਣੇ ਅੰਦਰ ਹੀ ਸ਼ਾਂਤ ਹੋਣ ਨਾਲ ਹੁੰਦਾ ਹੈ।

ਇਸ ਲਈ ਕਹਿੰਦੇ ਹਨ ਨਾਨਕ, ਸ਼ਾਸਤ੍ਰ ਸਮ੍ਰਿਤੀ ਅਤੇ ਵੇਦ ਸ਼੍ਰਵਣ ਨਾਲ ਗਿਆਤ ਹੁੰਦਾ ਹੈ। ਨਾਨਕ ਕਹਿੰਦੇ ਹਨ "ਸ਼੍ਰਵਣ ਨਾਲ ਭਗਤ ਜਨ ਸਦਾ ਆਨੰਦ ਮਾਣਦੇ ਹਨ ਅਤੇ ਦੁੱਖ ਦਾ ਨਾਸ਼ ਹੁੰਦਾ ਹੈ। ਸ਼੍ਰਵਣ ਨਾਲ ਹੀ ਸਭ ਸੰਤੋਖ ਤੇ ਗਿਆਨ ਪ੍ਰਾਪਤ ਹੁੰਦਾ ਹੈ। ਸ਼੍ਰਵਣ ਨਾਲ ਹੀ ਪੜ੍ਹ-ਪੜ੍ਹ ਕੇ ਮਾਣ ਮਿਲਦਾ ਹੈ। ਸ਼੍ਰਵਣ ਨਾਲ ਹੀ

ਸਹਿਜ ਧਿਆਨ ਹੁੰਦੇ ਹਨ, ਦੁੱਖ ਅਤੇ ਪਾਪ ਦਾ ਨਾਸ਼ ਹੁੰਦਾ ਹੈ।

*ਸੁਣਿਐ ਸਤੁ ਸੰਤੋਖੁ ਗਿਆਨੁ॥ ਸੁਣਿਐ ਅਠਸਠਿ ਕਾ ਇਸਨਾਨੁ॥*
*ਸੁਣਿਐ ਪੜਿ ਪੜਿ ਪਾਵਹਿ ਮਾਨੁ॥ ਸੁਣਿਐ ਲਾਗੈ ਸਹਜਿ ਧਿਆਨੁ॥*
*ਨਾਨਕ ਭਗਤਾ ਸਦਾ ਵਿਗਾਸੁ॥ ਸੁਣਿਐ ਦੂਖ ਪਾਪ ਕਾ ਨਾਸੁ॥ ੧੦॥*

ਹਿੰਦੂਆਂ ਨੇ ਅਠਸੱਠ, ਤੀਰਥ ਮੰਨੇ ਹਨ, ਜਿਨ੍ਹਾਂ 'ਤੇ ਇਸ਼ਨਾਨ ਕਰਨ ਨਾਲ ਪਰਮ-ਮੁਕਤੀ ਮਿਲਦੀ ਹੈ। ਪਰ ਉਹ ਅਠਸੱਠ ਤੀਰਥ ਤਾਂ ਨਕਸ਼ੇ ਉੱਪਰ ਦਸੇ ਗਏ ਤੀਰਥਾਂ ਦੇ ਵਾਂਗ ਹਨ। ਸ਼ਰੀਰ ਦੇ ਅੰਦਰ ਅਠਸੱਠ ਨਿਸ਼ਾਨ ਹਨ, ਜਿਨ੍ਹਾਂ ਤੋਂ ਲੰਘ ਕੇ ਪੁੰਨ ਦੀ ਪ੍ਰਾਪਤੀ ਹੁੰਦੀ ਹੈ।

ਹਿੰਦੂਆਂ ਨੇ ਬੜਾ ਅਨੋਖਾ ਕੰਮ ਕੀਤਾ ਹੈ। ਧਰਤੀ ਉਤੇ ਕਿਸੇ ਵੀ ਜ਼ਾਤੀ ਨੇ ਅਜਿਹਾ ਅਨੋਖਾ ਕੰਮ ਨਹੀਂ ਕੀਤਾ। ਬਾਹਰ ਤਾਂ ਪ੍ਰਤੀਕ ਹਨ ਅਤੇ ਉਨ੍ਹਾਂ ਪ੍ਰਤੀਕਾਂ ਵਿੱਚ ਜਦ ਅਸੀਂ ਭਟਕ ਗਏ ਤਾਂ ਹਿੰਦੂਆਂ ਦੀ ਸਾਰੀ ਜੀਵਨ-ਚੇਤਨਾ ਗੁਆਚ ਗਈ। ਅਸੀਂ ਕਹਿੰਦੇ ਹਾਂ ਕਿ ਗੰਗਾ ਜਲ ਰਾਮੇਸ਼ਵਰ ਲਿਜਾ ਕੇ ਚੜ੍ਹਾ ਰਹੇ ਹਾਂ। ਅੰਦਰ ਸ਼ਰੀਰ ਦੇ ਬਿੰਦੂ ਹਨ। ਇੱਕ ਬਿੰਦੂ ਤੋਂ ਊਰਜਾ ਨੂੰ ਲੈਣਾ ਹੈ ਅਤੇ ਦੂਜੇ ਬਿੰਦੂ ਤੇ ਚੜ੍ਹਾਉਣਾ ਹੈ। ਇੱਕ ਬਿੰਦੂ ਤੋਂ ਊਰਜਾ ਨੂੰ ਖਿੱਚਣਾ ਹੈ ਤੇ ਦੂਜੇ ਬਿੰਦੂ ਤੱਕ ਪਹੁੰਚਾਣਾ ਹੈ। ਤਦ ਤੀਰਥ ਯਾਤਰਾ ਹੋਈ। ਪਰ ਅਸੀਂ ਹੁਣ ਪਾਣੀ ਢੋਅ ਰਹੇ ਹਾਂ, ਗੰਗਾ ਤੋਂ ਲੈ ਕੇ ਰਾਮੇਸ਼ਵਰ ਤੱਕ। ਅਸੀਂ ਪੂਰੀ ਧਰਤੀ ਨੂੰ ਨਕਸ਼ੇ ਦੇ ਵਾਂਗ ਬਣਾ ਲਿਆ ਸੀ, ਆਦਮੀ ਦੇ ਫ਼ੈਲਾਓ। ਆਦਮੀ ਦੇ ਅੰਦਰ ਸਭ ਕੁਝ ਬੜਾ ਬਰੀਕ ਹੈ। ਉਸਨੂੰ ਸਮਝਣ ਲਈ ਇਹ ਪ੍ਰਤੀਕ ਸਨ ਅਤੇ ਇਨ੍ਹਾਂ ਪ੍ਰਤੀਕਾਂ ਨੂੰ ਅਸੀਂ ਸਤਯ ਮੰਨ ਲਿਆ ਤਾਂ ਅਸੀਂ ਭਟਕ ਗਏ।

ਪ੍ਰਤੀਕ ਕਦੇ ਸਤਯ ਨਹੀਂ ਹੁੰਦੇ, ਸਤਯ ਦੇ ਵੱਲ ਇਸ਼ਾਰੇ ਹੁੰਦੇ ਹਨ। ਨਾਨਕ ਕਹਿੰਦੇ ਹਨ, "ਸ਼੍ਰਵਣ ਨਾਲ ਸਤਯ ਮਿਲਦਾ ਹੈ, ਸੰਤੋਖ ਮਿਲਦਾ ਹੈ, ਗਿਆਨ ਪ੍ਰਾਪਤ ਹੁੰਦਾ ਹੈ। ਸ਼੍ਰਵਣ ਨਾਲ ਅਠਸੱਠ ਤੀਰਥਾਂ ਦਾ ਇਸ਼ਨਾਨ ਪ੍ਰਾਪਤ ਹੁੰਦਾ ਹੈ।

ਤੁਸੀਂ ਜੇਕਰ ਚੁੱਪ ਹੋ ਗਏ ਤਾਂ ਤੁਹਾਨੂੰ ਅੰਦਰ ਦੇ ਤੀਰਥ ਵਿਖਾਈ ਦੇਣੇ ਸ਼ੁਰੂ ਹੋ ਜਾਂਦੇ ਹਨ। ਤੁਸੀਂ ਜੇਕਰ ਚੁੱਪ ਹੋ ਗਏ ਤਾਂ ਤੁਹਾਨੂੰ ਸੋਚਣਾ ਨਹੀਂ ਪੈਂਦਾ ਕਿ ਸਤਯ ਕੀ ਹੈ, ਤੁਹਾਨੂੰ ਵਿਖਾਈ ਦਿੰਦਾ ਹੈ ਕਿ ਸਤਯ ਕੀ ਹੈ। ਜਦ ਤੱਕ ਸੋਚਣਾ ਹੈ ਤਦ ਤੱਕ ਸਤਯ ਹੋਏਗਾ ਹੀ ਨਹੀਂ, ਮਤ ਹੋਏਗਾ, ਧਾਰਣਾ ਹੋਏਗੀ, ਕਾਨਸੈਪਟ ਹੋਏਗਾ, ਓਧੀਨਿਅਨ ਹੋਏਗੀ, ਸਤਯ ਨਹੀਂ ਹੋਏਗਾ। ਸਤਯ ਤਾਂ ਅਨੁਭਵ ਹੈ ਅਤੇ ਜਦੋਂ ਤੁਹਾਨੂੰ ਵਿਖਾਈ ਦਿੰਦਾ ਹੈ, ਤੁਸੀਂ ਸੋਚੋਗੇ ਕਿਉਂ।

ਸੰਤੋਖ ਉਪਲਬਧ ਹੁੰਦਾ ਹੈ, ਕਿਉਂਕਿ ਜਦ ਤੱਕ ਤੁਸੀਂ ਵਿਚਾਰ ਨਾਲ ਚਲੋਗੇ,

ਅਸੰਤੁਸ਼ਟ ਰਹੋਗੇ। ਕਿਉਂਕਿ ਵਿਚਾਰ ਹਜ਼ਾਰ ਚੀਜ਼ਾਂ ਸੁਝਾਉਂਦਾ ਹੈ। ਇਹ ਕਰੋ, ਉਹ ਕਰੋ, ਕਰ-ਕਰਕੇ ਤੁਸੀਂ ਅਸੰਤੁਸ਼ਟ ਹੋ, ਵਿਚਾਰ ਕਹੀ ਹੀ ਜਾਂਦਾ ਹੈ। ਨਵੀਆਂ ਵਾਸਨਾਵਾਂ ਜਨਮਾ ਦੇਂਦਾ ਹੈ। ਸੰਤੋਖ ਤਾਂ ਤਦ ਹੋਵੇਗਾ, ਜਦ ਤੁਸੀਂ ਵਿਚਾਰ ਦਾ ਸਾਥ ਛੱਡ ਦਿਓਗੇ। ਵਿਚਾਰ ਦੀ ਦੋਸਤੀ ਬੜੀ ਬੁਰੀ ਹੈ। ਉਸੇ ਦੋਸਤੀ ਨੇ ਭਟਕਾਇਆ, ਜੇਕਰ ਕੋਈ ਕੁਸੰਗ ਹੈ ਜਗਤ ਵਿੱਚ, ਤਾਂ ਵਿਚਾਰ ਦਾ। ਜੇਕਰ ਕਿਸੇ ਦਾ ਸੰਗ ਸਾਥ ਛੱਡ ਦੇਣਾ ਹੈ ਤਾਂ ਵਿਚਾਰ ਦਾ। ਵਰਤੋਂ ਕਰੋ ਉਸਦੀ, ਸੰਗ-ਸਾਥ ਦੀ ਕੋਈ ਜ਼ਰੂਰਤ ਨਹੀਂ। ਵਰਤੋਂ ਕਰੋ ਤਾਂ ਬਹੁਤ ਸ਼ੁਭ ਹੈ। ਉਸਦੀ ਮੰਨ ਕੇ ਟੁਰਨ ਲੱਗੇ ਤਾਂ ਸਭ ਉਪੱਦਰ ਹੈ। ਵਿਚਾਰ ਸ਼ਰਾਬ ਦੇ ਵਾਂਗ ਹੈ, ਉਸਦੀ ਮੰਨ ਕੇ ਟੁਰੇ ਕਿ ਭਟਕਾਏਗਾ ਅਤੇ ਤਦ ਤੁਹਾਨੂੰ ਜੀਵਨ ਵਿੱਚ ਸੋਝੀ ਹੁੰਦੇ ਨਹੀਂ ਸੁਝੇਗਾ ਕਿ ਹੁਣ ਕੀ ਕਰੀਏ, ਕੀ ਨਾ ਕਰੀਏ।

ਮੁੱਲਾ ਨਸਰੂਦੀਨ ਇੱਕ ਰਾਤ ਬਹੁਤੀ ਪੀ ਗਿਆ। ਘਰ ਆਉਣ ਦੀ ਹਿੰਮਤ ਨਾ ਰਹੀ। ਜਿਹੜਾ ਵੀ ਬਹੁਤੀ ਪੀ ਲਵੇ, ਉਸਦੀ ਘਰ ਆਉਣ ਦੀ ਹਿੰਮਤ ਘੱਟ ਹੋ ਜਾਂਦੀ ਹੈ। ਜਵਾਬ ਦੇਣਾ ਪਏਗਾ ਅਤੇ ਜਵਾਬ ਕੁਝ ਸੁਝਦਾ ਨਹੀਂ। ਪੈਰ ਲੜਖੜਾਉਂਦੇ ਹਨ। ਉਹ ਏਧਰ-ਉਧਰ ਭਟਕਦਾ ਰਿਹਾ। ਅੱਧੀ ਰਾਤ ਇੱਕ ਸਿਪਾਹੀ ਨੇ ਉਸਨੂੰ ਫੜ ਲਿਆ ਅਤੇ ਕਿਹਾ ਕਿ ਕੀ ਕਰ ਰਹੇ ਹੋ? ਜਵਾਬ ਦਿਓ। ਉਹ ਬਿਲਕੁਲ ਚੁੱਪ ਖਲੋਤਾ ਰਿਹਾ। ਉਸ ਸਿਪਾਹੀ ਨੇ ਕਿਹਾ, ਛੇਤੀ ਜਵਾਬ ਦਿੰਦੇ ਹੋ ਕਿ ਕੋਤਵਾਲੀ ਲੈ ਚਲਾਂ। ਮੁੱਲਾਂ ਨਸਰੂਦੀਨ ਨੇ ਕਿਹਾ, ਜੇਕਰ ਜਵਾਬ ਹੀ ਦੇ ਸਕਦਾ ਤਾਂ ਸ਼ਾਮ ਨੂੰ ਆਪਣੇ ਘਰ ਹੀ ਨਾਂ ਚਲਾ ਗਿਆ ਹੁੰਦਾ। ਜਵਾਬ ਹੀ ਤਾਂ ਨਹੀਂ ਹੈ।

ਵਿਚਾਰ ਇੱਕ ਨਸ਼ਾ ਹੈ, ਵਿਚਾਰ ਦੇ ਕੋਲ ਕੋਈ ਜਵਾਬ ਨਹੀਂ ਹੈ। ਜਵਾਬ ਹੀ ਹੁੰਦਾ ਤਾਂ ਕਦੋਂ ਦੇ ਤੁਸੀਂ ਆਪਣੇ ਘਰ ਟੁਰ ਗਏ ਹੁੰਦੇ। ਕਾਹਦੇ ਲਈ ਭਟਕ ਰਹੇ ਹੋ, ਅੱਧੀ ਰਾਤ ਨੂੰ ਰਾਹਾਂ 'ਤੇ? ਕੋਈ ਜਵਾਬ ਨਹੀਂ ਹੈ, ਆਪਣੇ ਜੀਵਨ ਨੂੰ ਸਮਝਾਉਣ ਦਾ। ਵਿਚਾਰ ਦੇ ਕੋਲ ਜਵਾਬ ਹੈ ਹੀ ਨਹੀਂ। ਨਿਰ-ਵਿਚਾਰ ਦੇ ਕੋਲ ਜਵਾਬ ਹੈ।

ਇਸ ਲਈ ਨਾਨਕ ਕਹਿੰਦੇ ਹਨ—"ਸੰਤੋਖ ਸਤਯ ਹੈ। ਸ਼ਰਵਣ ਨਾਲ, ਅਠਸੱਠ ਤੀਰਥਾਂ ਦਾ ਇਸ਼ਨਾਨ—ਸ਼ਰਵਣ ਨਾਲ। ਸ਼ਰਵਣ ਨਾਲ ਹੀ ਸਹਿਜ ਧਿਆਨ ਲੱਗਦਾ ਹੈ।"

ਜੇਕਰ ਤੁਸੀਂ ਸੁਣ ਹੀ ਲਵੋ, ਧਿਆਨ ਹੋ ਗਿਆ। ਧਿਆਨ ਤੋਂ ਬਿਨਾਂ ਤੁਸੀਂ ਸੁਣ ਹੀ ਨਹੀਂ ਸਕੋਗੇ। ਧਿਆਨ ਦਾ ਮਤਲਬ ਕੀ ਹੈ? ਜਿੱਥੇ ਮਨ ਨਹੀਂ, ਉਹ ਅਵਸਥਾ ਧਿਆਨ। ਜਿੱਥੇ ਅੰਤਰ ਵਾਰਤਾਲਾਪ ਨਹੀਂ, ਉਹ ਅਵਸਥਾ ਧਿਆਨ ਹੈ।

ਸ਼ਰਵਣ ਨਾਲ ਉਤਮ ਗੁਣਾਂ ਦੀ ਥਾਹ ਮਿਲਦੀ ਹੈ। ਸ਼ਰਵਣ ਨਾਲ ਹੀ ਸ਼ੇਖ, ਪੀਰ,

ਬਾਦਸ਼ਾਹ ਹੁੰਦੇ ਹਨ। ਸ਼ਰਵਣ ਨਾਲ ਹੀ ਅੰਨ੍ਹੇ ਰਾਹ ਪੈਂਦੇ ਹਨ। ਸ਼ਰਵਣ ਨਾਲ ਹੀ ਅਥਾਹ ਹੱਥ ਆ ਜਾਂਦਾ ਹੈ। ਨਾਨਕ ਕਹਿੰਦੇ ਹਨ, ਸ਼ਰਵਣ ਨਾਲ ਹੀ ਭਗਤ ਜਨ ਸਦਾ ਆਨੰਦਿਤ ਹੁੰਦੇ ਹਨ, ਦੁੱਖ ਅਤੇ ਪਾਪ ਦਾ ਨਾਸ਼ ਹੁੰਦਾ ਹੈ।

*ਸੁਣਿਐ ਸਰਾ ਗੁਣਾ ਕੇ ਗਾਹ॥ ਸੁਣਿਐ ਸੇਖ ਪੀਰ ਪਾਤਿਸਾਹ॥*
*ਸੁਣਿਐ ਅੰਧੇ ਪਾਵਹਿ ਰਾਹੁ॥ ਸੁਣਿਐ ਹਾਥ ਹੋਵੈ ਅਸਗਾਹੁ॥*
*ਨਾਨਕ ਭਗਤਾ ਸਦਾ ਵਿਗਾਸੁ॥ ਸੁਣਿਐ ਦੂਖ ਪਾਪ ਕਾ ਨਾਸੁ॥ ੧੧॥*

ਸ਼ਰਵਣ ਨਾਲ ਅੰਨ੍ਹੇ ਨੂੰ ਰਾਹ ਮਿਲ ਜਾਂਦੀ ਹੈ। ਸ਼ਰਵਣ ਨਾਲ ਭਿਖਾਰੀ ਬਾਦਸ਼ਾਹ ਹੋ ਜਾਂਦਾ ਹੈ। ਸ਼ਰਵਣ ਨਾਲ ਜਿਹੜੀ ਥਾਹ ਨਹੀਂ ਮਿਲਦੀ ਸੀ— ਜਿਹੜਾ ਅਥਾਹ ਲੱਗਦਾ ਸੀ—ਉਸਦੀ ਥਾਹ ਮਿਲ ਜਾਂਦੀ ਹੈ।

ਵਿਚਾਰ ਛੋਟੇ ਚਮਚ ਦੀ ਤਰ੍ਹਾਂ ਹੈ। ਜਿਸ ਦੇ ਨਾਲ ਤੁਸੀਂ ਸਾਗਰ ਨੂੰ ਨਾਪ ਰਹੇ ਹੋ, ਸ਼ਰਵਣ, ਸਾਗਰ ਵਿੱਚ ਉਤਰ ਜਾਣਾ ਹੈ। ਥਾਹ ਤਾਹੀਓਂ ਮਿਲਦੀ ਹੈ। ਜਦੋਂ ਤੁਸੀਂ ਡੁੱਬੋਗੇ। ਚੱਮਚਿਆਂ ਨਾਲ ਤੋਲਣ ਨਾਲ ਥਾਹ ਨਹੀਂ ਮਿਲਦੀ।

ਅਰਸਤੂ ਯੂਨਾਨ ਦਾ ਬਹੁਤ ਬੜਾ ਵਿਚਾਰਕ ਹੋਇਆ। ਲੰਘ ਰਿਹਾ ਸੀ, ਇੱਕ ਸਮੁੰਦਰ ਦੇ ਕੰਢੇ ਤੋਂ, ਸੋਚ ਰਿਹਾ ਸੀ, ਆਪਣੀ ਸੋਚ ਵਿੱਚ ਗੁਆਚਿਆ ਸੀ। ਉਸਨੇ ਇੱਕ ਆਦਮੀ ਨੂੰ ਵੇਖਿਆ ਕਿ ਇੱਕ ਛੋਟਾ ਜਿਹਾ ਟੋਆ ਖੋਦ ਕੇ ਚਮਚ ਨਾਲ ਸਾਗਰ ਦਾ ਪਾਣੀ ਟੋਏ ਵਿੱਚ ਪਾ ਰਿਹਾ ਸੀ। ਜਗਿਆਸਾ ਜਗੀ, ਪੁੱਛਿਆ ਕਿ ਭਾਈ ਕੀ ਕਰਦੇ ਹੋ, ਉਸ ਆਦਮੀ ਨੇ ਕਿਹਾ, ਸਾਫ਼ ਹੈ, ਪੁੱਛਣਾ ਕੀ? ਅੱਖਾਂ ਹੋਣ ਤਾਂ ਵਿਖਾਈ ਪੈਣਾ ਚਾਹੀਦਾ। ਸਮੁੰਦਰ ਨੂੰ ਖਾਲੀ ਕਰਨ ਦਾ ਇਰਾਦਾ ਹੈ। ਇਸ ਖੱਡ ਵਿੱਚ ਭਰ ਕੇ ਰਹਾਂਗਾ।

ਅਰਸਤੂ ਹੱਸਿਆ ਅਤੇ ਕਿਹਾ, ਪਾਗਲ ਹੋ ਗਏ ਹੋ? ਹੋਸ਼ ਵਿੱਚ ਹੋ? ਕਦੇ ਸਾਗਰ ਨੂੰ ਚਮਚਿਆਂ ਨਾਲ ਤੋਲਿਆ ਗਿਆ? ਚਮਚਿਆਂ ਨਾਲ ਖੱਡਿਆਂ ਨੂੰ ਭਰਿਆ ਗਿਆ? ਕਿਉਂ ਆਪਣਾ ਜੀਵਨ ਖ਼ਰਾਬ ਕਰ ਰਹੇ ਹੋ? ਉਹ ਆਦਮੀ ਖਿੜ-ਖਿੜਾ ਕੇ ਹੱਸਣ ਲੱਗ ਪਿਆ ਅਤੇ ਉਸਨੇ ਕਿਹਾ ਕਿ ਮੈਂ ਤਾਂ ਸੋਚਦਾ ਸੀ, ਪਾਗ਼ਲ ਤੁਸੀਂ ਹੋ, ਕਿਉਂਕਿ ਤੁਸੀ ਤਾਂ ਹੋਰ ਵੀ ਵੱਡੇ ਸਾਗਰ ਨੂੰ ਵਿਚਾਰ ਦੀ ਚਮਚ ਨਾਲ ਭਰਨ ਦੀ ਕੋਸ਼ਿਸ਼ ਵਿੱਚ ਲੱਗੇ ਹੋ। ਕਹਿੰਦੇ ਹਨ, ਅਰਸਤੂ ਨੇ ਉਸ ਨੂੰ ਲੱਭਣ ਦੀ ਬੜੀ ਕੋਸ਼ਿਸ਼ ਕੀਤੀ, ਪਰ ਪਤਾ ਨਹੀਂ ਲੱਗ ਸਕਿਆ ਕਿ ਉਹ ਕਿੱਥੇ ਚਲਾ ਗਿਆ।

ਗੱਲ ਉਸਨੇ ਠੀਕ ਹੀ ਕਹੀ ਸੀ, ਵਿਚਾਰ ਕਿੰਨਾ ਛੋਟਾ ਹੈ! ਕੁਦਰਤ ਕਿੰਨੀ ਵੱਡੀ ਹੈ! ਇਸ ਵਿਰਾਟ ਕੁਦਰਤ ਨੂੰ ਤੁਸੀਂ ਵਿਚਾਰਾਂ ਨਾਲ ਤੋਲ-ਤੋਲ ਕੇ ਕਿੱਥੇ ਲੈ ਜਾਓਗੇ? ਸਿਰ ਤੁਹਾਡਾ ਕਿੰਨਾ ਛੋਟਾ ਹੈ! ਇਹ ਬ੍ਰਹਮਾਂਡ ਕਿੰਨਾ ਵੱਡਾ ਹੈ। ਤੁਹਾਡੇ ਹੱਥ ਕਿੰਨੇ ਛੋਟੇ

ਹਨ। ਤੁਹਾਡੀ ਪਹੁੰਚ ਕਿੰਨੀ ਛੋਟੀ ਹੈ। ਇਹ ਵਿਰਾਟ ਕਿੰਨਾ ਵਿਰਾਟ ਹੈ! ਤੁਸੀਂ ਛਾਲਤੂ ਦੀ ਕੋਸ਼ਿਸ਼ ਵਿੱਚ ਲੱਗੇ ਹੋ। ਸ਼ਾਇਦ ਉਹ ਆਦਮੀ ਕਦੇ ਸਾਗਰ ਨੂੰ ਟੋਏ ਵਿੱਚ ਉਤਾਰ ਵੀ ਲਵੇ! ਕਿਉਂਕਿ ਇੱਕ ਚਮਚ ਵੀ ਘੱਟ ਹੁੰਦਾ ਹੈ ਤਾਂ ਸਾਗਰ ਘੱਟ ਹੁੰਦਾ ਹੈ, ਕਿਉਂਕਿ ਸਾਗਰ ਦੀ ਵੀ ਸੀਮਾ ਹੈ। ਪਰ ਤੁਸੀਂ ਉਸਨੂੰ ਕਦੇ ਵੀ ਵਿਚਾਰ ਨਾਲ ਨਹੀਂ ਪਾ ਸਕੋਗੇ।

ਇਸ ਲਈ ਨਾਨਕ ਕਹਿੰਦੇ ਹਨ— "ਭਿਖਾਰੀ ਬਾਦਸ਼ਾਹ ਹੋ ਜਾਂਦਾ ਹੈ, ਜਿਵੇਂ ਹੀ ਮੌਨ ਹੁੰਦਾ ਹੈ। ਅਥਾਹ ਦੀ ਥਾਹ ਮਿਲ ਜਾਂਦੀ ਹੈ। ਅਨਜਾਣੇ ਨਾਲ ਪਹਿਚਾਂਣ ਬਣ ਜਾਂਦੀ ਹੈ। ਅਨਜਾਣ ਪ੍ਰੀਤਮ ਹੋ ਜਾਂਦਾ ਹੈ। ਸ਼ੂਵਣ ਨਾਲ ਅੰਨ੍ਹੇ ਰਾਹ ਪ੍ਰਾਪਤ ਕਰਦੇ ਹਨ! ਸ਼ੂਵਣ ਨਾਲ ਅਥਾਹ ਹੱਥ ਆ ਜਾਂਦਾ ਹੈ। ਨਾਨਕ ਕਹਿੰਦੇ ਹਨ ਸ਼ੂਵਣ ਨਾਲ ਭਗਤ ਜਨ ਸਦਾ ਆਨੰਦਿਤ ਹੁੰਦੇ ਹਨ, ਦੁੱਖ ਅਤੇ ਪਾਪ ਦਾ ਨਾਸ਼ ਹੁੰਦਾ ਹੈ।"

ਅੱਜ ਏਨਾ ਹੀ।

# ਐਸਾ ਨਾਮੁ ਨਿਰੰਜਨੁ ਹੋਇ

ਮੰਨੇ ਕੀ ਗਤਿ ਕਹੀ ਨ ਜਾਇ॥ ਜੇ ਕੋ ਕਹੈ ਪਿਛੈ ਪਛੁਤਾਇ॥
ਕਾਗਦਿ ਕਲਮ ਨ ਲਿਖਣਹਾਰੁ॥ ਮੰਨੇ ਕਾ ਬਹਿ ਕਰਨਿ ਵੀਚਾਰੁ॥
ਐਸਾ ਨਾਮੁ ਨਿਰੰਜਨੁ ਹੋਇ॥ ਜੇ ਕੋ ਮੰਨਿ ਜਾਣੈ ਮਨਿ ਕੋਇ॥ ੧੨॥

ਮੰਨੈ ਸੁਰਤਿ ਹੋਵੈ ਮਨਿ ਬੁਧਿ॥ ਮੰਨੈ ਸਗਲ ਭਵਣ ਕੀ ਸੁਧਿ॥
ਮੰਨੈ ਮੁਹਿ ਚੋਟਾ ਨਾ ਖਾਇ॥ ਮੰਨੈ ਜਮ ਕੈ ਸਾਥਿ ਨ ਜਾਇ॥
ਐਸਾ ਨਾਮੁ ਨਿਰੰਜਨੁ ਹੋਇ॥ ਜੇ ਕੋ ਮੰਨਿ ਜਾਣੈ ਮਨਿ ਕੋਇ॥ ੧੩॥

ਮੰਨੈ ਮਾਰਗਿ ਠਾਕ ਨ ਪਾਇ॥ ਮੰਨੈ ਪਤਿ ਸਿਉ ਪਰਗਟੁ ਜਾਇ॥
ਮੰਨੈ ਮਗੁ ਨ ਚਲੈ ਪੰਥੁ॥ ਮੰਨੈ ਧਰਮ ਸੇਤੀ ਸਨਬੰਧੁ॥
ਐਸਾ ਨਾਮੁ ਨਿਰੰਜਨੁ ਹੋਇ॥ ਜੇ ਕੋ ਮੰਨਿ ਜਾਣੈ ਮਨਿ ਕੋਇ॥ ੧੪॥

ਮੰਨੈ ਪਾਵਹਿ ਮੋਖੁ ਦੁਆਰੁ॥ ਮੰਨੈ ਪਰਵਾਰੈ ਸਾਧਾਰੁ॥
ਮੰਨੈ ਤਰੈ ਤਾਰੇ ਗੁਰੁ ਸਿਖ॥ ਮੰਨੈ ਨਾਨਕ ਭਵਹਿ ਨ ਭਿਖ॥
ਐਸਾ ਨਾਮੁ ਨਿਰੰਜਨੁ ਹੋਇ॥ ਜੇ ਕੋ ਮੰਨਿ ਜਾਣੈ ਮਨਿ ਕੋਇ॥ ੧੫॥

ਮਨਨ ਸ਼ਬਦ ਨੂੰ ਸਮਝੋ। ਵਿਚਾਰ ਅਤੇ ਮਨਨ ਦੋਵੇਂ ਹੀ ਮਨ ਦੀਆਂ ਕ੍ਰਿਆਵਾਂ ਹਨ, ਪਰ ਦੋਨੋਂ ਬਹੁਤ ਵੱਖਰੀਆਂ-ਵੱਖਰੀਆਂ ਹੀ ਨਹੀਂ, ਬਲਕਿ ਇੱਕ ਦੂਜੀ ਤੋਂ ਉਲਟ ਵੀ।

ਇੱਕ ਤੈਰਨ ਵਾਲੇ ਨੂੰ ਵੇਖੋ—ਇੱਕ ਥਾਂ ਤੋਂ ਦੂਜੇ ਥਾਂ 'ਤੇ ਜਾਂਦਾ ਹੈ, ਪਰ ਰਹਿੰਦਾ ਨਦੀ ਦੀ ਸਤਹ ਉਤੇ ਹੀ ਹੈ, ਅ ਤੋਂ ਬ, ਬ ਤੋਂ ਸ ਥਾਂ ਬਦਲਦਾ ਹੈ, ਡੂੰਘਾਈ ਨਹੀਂ ਬਦਲਦੀ। ਫਿਰ ਪਾਣੀ 'ਚ ਟੁੱਭੀ ਲਾਉਣ ਵਾਲੇ ਨੂੰ ਵੇਖੋ— ਉਹ ਵੀ ਬਦਲਦਾ ਹੈ, ਲੇਕਿਨ ਡੂੰਘਾਈ ਬਦਲਦੀ ਹੈ, ਅ ਤੋਂ ਅ', $अ^2$, $अ^3$— ਇਕੋ ਹੀ ਥਾਂ ਉਤੇ ਡੂੰਘਾ ਉਤਰਦਾ ਹੈ, ਟੁੱਬੀ ਲਾਉਣ ਵਾਲਾ। ਤੈਰਨ ਵਾਲਾ ਇੱਕ ਥਾਂ ਤੋਂ ਦੂਜੇ ਥਾਂ ਉਤੇ ਜਾਂਦਾ ਹੈ, ਡੂੰਘਾਈ 'ਚ ਨਹੀਂ ਜਾਂਦਾ ਹੈ।

ਵਿਚਾਰ ਤੈਰਨ ਵਰਗਾ ਹੈ, ਮਨਨ ਟੁੱਬੀ ਵਾਂਗੂੰ ਹੈ। ਵਿਚਾਰ ਵਿੱਚ ਅਸੀਂ ਇੱਕ ਸ਼ਬਦ ਤੋਂ ਦੂਜੇ ਸ਼ਬਦ ਉਤੇ ਜਾਂਦੇ ਹਾਂ, ਮਨਨ 'ਚ ਇਕੋ ਹੀ ਸ਼ਬਦ ਦੀ ਡੂੰਘਾਈ 'ਚ ਜਾਂਦੇ ਹਾਂ। ਥਾਂ ਨਹੀਂ ਬਦਲਦਾ, ਡੂੰਘਾਈ ਬਦਲਦੀ ਹੈ।

ਵਿਚਾਰ ਲਕੀਰ 'ਚ ਬੱਝੀ ਹੋਈ ਪ੍ਰਕ੍ਰਿਆ ਹੈ, ਤਲ ਉਹ ਹੀ ਬਣਿਆ ਰਹਿੰਦਾ ਹੈ। ਤੁਸੀਂ ਚਾਹੇ ਦੁਕਾਨ ਦੀ ਗੱਲ ਸੋਚੋ, ਚਾਹੇ ਮੁਕਤੀ ਦੀ, ਤਲ 'ਚ ਕੋਈ ਫ਼ਰਕ ਨਹੀਂ ਪੈਂਦਾ, ਰਹਿੰਦੇ ਤੁਸੀਂ ਪਾਣੀ ਦੇ ਤਲ ਉਤੇ ਹੀ ਹੋ। ਤੁਸੀਂ ਚਾਹੇ ਪਰਮਾਤਮਾ ਦੇ ਸੰਬੰਧ 'ਚ ਸੋਚੋ, ਤੇ ਚਾਹੇ ਪਤਨੀ ਦੇ, ਸੋਚਣ ਦਾ ਤਲ ਉਹ ਹੀ ਬਣਿਆ ਰਹਿੰਦਾ ਹੈ।

ਮਨਨ ਨਾਲ ਤਲ ਦੀ ਥਾਂ ਡੂੰਘਾਈ 'ਚ ਯਾਤਰਾ ਸ਼ੁਰੂ ਹੁੰਦੀ ਹੈ। ਮਨਨ 'ਚ ਇਕੋ ਹੀ ਸ਼ਬਦ ਨੂੰ ਉਸਦੀ ਸਮਗਰਤਾ 'ਚ ਉਸਦੇ ਡੂੰਘੇ ਤਲਾਂ ਤੱਕ ਪੁੱਜਣ ਦੀ ਕੋਸ਼ਿਸ਼ ਹੁੰਦੀ ਹੈ।

ਮਨਨ ਹੀ ਮੰਤਰ ਹੈ।

ਇਸਨੂੰ ਸਹੀ ਤਰ੍ਹਾਂ ਸਮਝ ਲਵੋ ਤਾਂ ਇਹ ਪੂਰਾ ਸੂਤਰ ਸਾਫ ਹੋ ਜਾਵੇਗਾ ਅਤੇ ਨਾਨਕ ਦੀਆਂ ਸਾਰੀਆਂ ਸਿੱਖਿਆਵਾਂ ਦਾ ਸਾਰ ਮਨਨ ਹੈ। ਇਸ ਲਈ ਤਾਂ ਇੱਕ ਨਾਉਂ ੧ਓ—ਬੱਸ ਉਸ ੧ਓ ਦੇ ਨਾਉਂ ਨੂੰ, ਇੱਕ ਸਤਿਨਾਮੁ ਨੂੰ ਆਪਣੇ ਸ਼ਿੱਸ਼ਾਂ ਨੂੰ ਉਹ ਦਿੰਦੇ ਰਹੇ।

ਉਸ ਉਤੇ ਸੋਚਣਾ ਨਹੀਂ ਹੈ, ਉਸ ਵਿੱਚ ਡੁੱਬਣਾ ਹੈ। ਉਸ ਉਤੇ ਵਿਚਾਰ ਨਹੀਂ ਕਰਨਾ ਹੈ, ਉਸਦੀ ਡੂੰਘਾਈ 'ਚ ਟੁੱਬੀ ਮਾਰਨੀ ਹੈ। ਇਕੋ ਹੀ ਨਾਉਂ ਗੂੰਜਦਾ ਰਹੇਗਾ—ਓਮ.... ਓਮ..... ਓਮ..... ਓਮ..... ਅਤੇ ਜਿਵੇਂ-ਜਿਵੇਂ ਨਾਉਂ ਦੀ ਗੂੰਜ ਵਧੇਗੀ, ਤਿਵੇਂ-ਤਿਵੇਂ ਤੁਹਾਡੀ ਡੂੰਘਾਈ ਦਾ ਤਲ ਬਦਲੇਗਾ।

ਤਿੰਨ ਤਲ ਹਨ। ਪਹਿਲਾ 'ਸੋਚਾਰ' ਤੁਸੀਂ ਜੋਰ ਨਾਲ ਉਚਾਰਣ ਕਰਦੇ ਹੋ ੧ਓ ਦਾ —ਓਮ..... ਬੁੱਲ੍ਹ ਦੀ ਵਰਤੋਂ ਹੁੰਦੀ ਹੈ, ਬਾਹਰ ਬਾਣੀ ਗੂੰਜਦੀ ਹੈ, ਇਸਨੂੰ ਅਸੀਂ ਬਾਣੀ ਦਾ ਤਲ ਕਹੀਏ।

ਫਿਰ ਤੁਸੀਂ ਬੁੱਲ੍ਹ ਮੀਚ ਲੈਂਦੇ ਹੋ, ਜੀਭ ਵੀ ਨਹੀਂ ਹਿਲਾਉਂਦੇ, ਮਨ ਵਿੱਚ ਹੀ ਗੂੰਜ ਹੁੰਦੀ ਹੈ—ਓਮ.....। ਇਹ ਦੂਜਾ ਤਲ ਹੈ। ਇਹ ਪਹਿਲੇ ਤਲ ਤੋਂ ਡੂੰਘਾ ਹੈ। ਇਸਦੇ 'ਚ ਸ਼ਰੀਰ ਦੀ ਵਰਤੋਂ ਨਹੀਂ ਹੋ ਰਹੀ। ਬੁੱਲ੍ਹ, ਜੀਭ ਸਭ ਬੰਦ ਹਨ। ਕੇਵਲ ਮਨ ਦੀ ਵਰਤੋਂ ਹੋ ਰਹੀ ਹੈ। ਤੁਸੀਂ ਇੱਕ ਪਉੜੀ ਹੇਠਾਂ ਉੱਤਰ ਗਏ।

ਫਿਰ ਤੀਜੀ ਪਉੜੀ ਹੈ, ਜਿਥੇ ਮਨ ਦੀ ਵੀ ਵਰਤੋਂ ਨਹੀਂ ਹੋ ਰਹੀ ਹੈ, ਜਿੱਥੇ ਤੁਸੀਂ ੧ਓ ਦੀ ਧੁਨੀ ਨਹੀਂ ਕਰਦੇ, ਤੁਸੀਂ ਕੇਵਲ ਚੁੱਪ ਹੋ ਕੇ ਸੁਣਦੇ ਹੋ ਅਤੇ ਧੁਨੀ ਗੂੰਜਦੀ ਹੈ। ਤਦ ਮਨ ਵੀ ਗਿਆ। ਜਿਵੇਂ ਹੀ ਮਨ ਗਿਆ, ਮਨਨ ਹੋਇਆ। ਮਨਨ, ਅਰਥਾਤ ਮਨ ਦਾ ਨਾ ਹੋ ਜਾਣਾ। ਜਿੱਥੇ ਮਨ ਨਾ ਹੋਇਆ, ਉਥੇ ਮਨਨ ਸ਼ੁਰੂ ਹੋਇਆ।

ਸਭ ਤੋਂ ਪਹਿਲਾਂ, ਤੁਹਾਡੇ ਅੰਦਰ ੧ਓ ਦੀ ਧੁਨੀ ਗੂੰਜਦੀ ਹੈ ਜਨਮ ਦੇ ਨਾਲ। ਤੁਹਾਨੂੰ ਬੱਚੇ ਖੁਸ਼ ਵਿਖਾਈ ਦਿੰਦੇ ਹਨ—ਅਕਾਰਣ। ਆਪਣੇ ਪੰਘੂੜੇ 'ਚ ਪਏ ਲੱਤਾਂ ਪੈਰ ਮਾਰਦੇ ਹਨ, ਹੱਥ ਹਿਲਾਉਂਦੇ ਹਨ। ਮਾਵਾਂ ਸਮਝਦੀਆਂ ਹਨ ਕਿ ਸ਼ਾਇਦ ਪਿਛਲੇ ਜਨਮ ਦੀ ਕੋਈ ਯਾਦ ਆ ਰਹੀ ਹੈ ਤਾਂ ਆਨੰਦਿਤ ਹੋ ਰਹੇ ਹਨ, ਕਿਉਂਕਿ ਆਨੰਦਿਤ ਹੋਣ ਦਾ ਕੋਈ ਕਾਰਣ ਤਾਂ ਨਹੀਂ ਹੈ—ਨਾ ਕੋਈ ਚੁਨਾਓ ਜਿਤਿਆ ਹੈ, ਨਾ ਕੋਈ ਧਨ ਕਮਾ ਲਿਆ ਹੈ, ਨਾ ਕੋਈ ਸਤਿਕਾਰ ਪਾ ਲਿਆ ਹੈ। ਆਪਣੇ ਪੰਘੂੜੇ 'ਚ ਪਏ ਹਨ, ਅਜੇ ਯਾਤਰਾ ਸ਼ੁਰੂ ਹੀ ਨਹੀਂ ਹੋਈ, ਤਾਂ ਇਹ ਪ੍ਰਸੰਨਤਾ ਕੀ ਹੈ? ਖੋਜੀ ਵੀ ਬਹੁਤ ਚਿੰਤਾ ਕਰਦੇ ਹਨ ਕਿ ਬੱਚੇ ਦੀ ਖੁਸ਼ਹਾਲੀ ਦਾ ਕਾਰਣ ਕੀ ਹੈ? ਜਿੱਥੇ ਤੱਕ ਖੋਜੀਆਂ ਦੀ ਸਮਝ ਜਾਂਦੀ ਹੈ, ਉਹ ਮੰਨਦੇ ਹਨ ਕਿ ਸ਼ਰੀਰਕ ਤੰਦਰੁਸਤੀ, ਬੱਚਾ ਖੁਸ਼ ਹੈ, ਕਿਉਂਕਿ ਸ਼ਰੀਰ ਤੋਂ ਤੰਦਰੁਸਤ ਹੈ।

ਜਿੱਥੇ ਤੱਕ ਯੋਗੀਆਂ ਦੀ ਭਾਲ ਲੈ ਜਾਂਦੀ ਹੈ, ਉਥੇ ਕਾਰਣ ਦੂਜਾ ਹੈ। ਸ਼ਰੀਰ ਦੀ ਤੰਦਰੁਸਤੀ ਕਾਫੀ ਨਹੀਂ ਹੈ, ਅੰਦਰ ੧ਓ ਦਾ ਨਾਦ ਗੂੰਜ ਰਿਹਾ ਹੈ। ਇੱਕ ਮਿੱਠਾ ਸੰਗੀਤ ਅੰਦਰ ਗੂੰਜ ਰਿਹਾ ਹੈ, ਜਿਸਨੂੰ ਬੱਚਾ ਸੁਣਦਾ ਹੈ, ਉਸਦੀ ਤਾੜੀ ਲੱਗ ਜਾਂਦੀ ਹੈ। ਸੁਣਦਾ ਹੈ, ਮੁਸਕਰਾਉਂਦਾ ਹੈ, ਆਨੰਦਿਤ ਹੁੰਦਾ ਹੈ। ਤੰਦਰੁਸਤੀ ਤਾਂ ਬਾਦ 'ਚ ਵੀ ਰਹੇਗੀ, ਪਰ ਇਹ ਖੁਸ਼ੀ ਗੁਆਚ ਜਾਵੇਗੀ। ਪਿਛੋਂ ਵੀ ਤੰਦਰੁਸਤ ਰਹੇਗਾ, ਲੇਕਿਨ ਇਹ ਨਾਦ ਗੁਆਚ ਜਾਵੇਗਾ। ੧ਓ ਦੀ ਧੁਨੀ ਨੂੰ ਸੁਣਨਾ ਮੁਸ਼ਕਿਲ ਹੋ ਜਾਏਗਾ, ਕਿਉਂਕਿ ਸ਼ਬਦਾਂ ਦੀ ਪਰਤ ਉਸਨੂੰ ਘੇਰ ਲਵੇਗੀ।

ਧੁਨੀ— ੧ਓ ਸਤਿਨਾਮੁ— ਉਹ ਪਹਿਲੀ ਘਟਨਾ ਹੈ। ਉਥੇ ਜੀਵਨ ਦਾ ਸ਼ਰੋਤ ਹੈ, ਫ਼ਿਰ ਸ਼ਬਦਾਂ ਦਾ ਇਕੱਠ ਹੈ। ਉਹ ਸਾਡੀ ਪੜ੍ਹਾਈ, ਸੰਸਕਾਰ, ਸਮਾਜ, ਸਭਿਅਤਾ। ਫ਼ਿਰ ਤੀਸਰੀ ਪਰਤ ਹੈ ਸ਼ਬਦਾਂ ਦਾ ਉਚਾਰਣ— ਬੋਲਣਾ, ਗੱਲ-ਬਾਤ, ਵਾਰਤਾਲਾਪ। ਜਦ ਤੁਸੀਂ ਬੋਲ ਰਹੇ ਹੋ ਤਦ ਤੁਸੀਂ ਆਪਣੇ ਆਪ ਤੋਂ ਸਭ ਤੋਂ ਜ਼ਿਆਦਾ ਦੂਰ ਹੋ। ਇਸ ਲਈ ਤਾਂ ਨਾਨਕ ਕਹਿੰਦੇ ਹਨ ਕਿ ਪਹਿਲਾਂ ਸੁਣਨਾ ਸਿੱਖ ਲਵੋ, ਕਿਉਂਕਿ ਜਦ ਤੁਸੀਂ ਸੁਣ ਰਹੇ ਹੋ, ਤਦ ਤੁਸੀ ਵਿਚਕਾਰ ਹੋ। ਤਦ ਤੁਸੀਂ ਬੋਲਣ ਵਾਲੇ ਪਾਸੇ ਵੀ ਜਾ ਸਕਦੇ ਹੋ ਅਤੇ ਚਾਹੋ ਤਾਂ ਸ਼ੂਨਯ ਦੇ ਪਾਸੇ ਵੀ ਜਾ ਸਕਦੇ ਹੋ। ਤੁਸੀਂ ਵਿਚਕਾਰ ਖਲੋਤੇ ਹੋ।

ਤਿੰਨ ਸਥਿਤੀਆਂ ਹੋਈਆਂ— ੧ਓ ਦੀ ਸਥਿਤੀ ਉਚਾਰਣ ਦੀ ਸਥਿਤੀ ਅਤੇ ਦੋਹਾਂ ਦੇ ਵਿਚਕਾਰ ਭਾਵ ਅਤੇ ਵਿਚਾਰ ਦੀ ਸਥਿਤੀ। ਜਦ ਤੁਸੀਂ ਸੁਣ ਰਹੇ ਹੋ— ਸ਼੍ਰਵਣ—ਤਦ ਤੁਸੀਂ ਭਾਵ ਅਤੇ ਵਿਚਾਰ ਦੀ ਸਥਿਤੀ ਵਿੱਚ ਖਲੋਤੇ ਹੋ, ਵਿਚਕਾਰ ਖਲੋਤੇ ਹੋ। ਅਜੇ ਤੁਸੀਂ ਦੋਵੇਂ ਪਾਸੇ ਝੁੱਕ ਸਕਦੇ ਹੋ—ਸੱਜੇ ਜਾਂ ਖੱਬੇ। ਜੋ ਤੁਸੀਂ ਸੁਣਿਆ, ਜੇਕਰ ਤੁਸੀਂ ਦੂਜੇ ਨੂੰ ਦੱਸਣ ਟੁਰ ਪਏ ਤਾਂ ਤੁਸੀਂ ਵਾਰਤਾ 'ਚ ਉੱਤਰ ਗਏ। ਜੋ ਤੁਸੀਂ ਸੁਣਿਆ, ਜੇਕਰ ਤੁਸੀਂ ਉਸਨੂੰ ਗੁਣਨ ਲੱਗੇ, ਮਨਨ ਕਰਨ ਲੱਗੇ ਤਾਂ ਤੁਸੀਂ ਸ਼ੂਨਯ ਵਿੱਚ ਚਲੇ ਗਏ। ਹੋਰ ਫ਼ਾਸਲਾ ਬਰੀਕ ਹੈ ਅਤੇ ਹਰ ਆਦਮੀ ਨੂੰ ਆਪਣੇ ਅੰਦਰ ਫ਼ਾਸਲੇ ਨੂੰ ਸਹੀ ਤਰ੍ਹਾਂ ਸਮਝ ਕੇ ਸੰਤੁਲਨ ਨੂੰ ਵਿਵਸਥਾ ਦੇਣੀ ਪੈਂਦੀ ਹੈ।

ਮਨਨ ਉਸ ਘੜੀ ਸ਼ੁਰੂ ਹੋ ਜਾਂਦਾ ਹੈ, ਜਦ ਤੁਸੀਂ ਕਿਸੇ ਇੱਕ ਸ਼ਬਦ ਦੀ ਡੂੰਘਾਈ ਵਿੱਚ ਉਤਰਨ ਲੱਗਦੇ ਹੋ। ਕੋਈ ਵੀ ਸ਼ਬਦ ਕੰਮ ਦੇ ਸਕਦਾ ਹੈ, ਪਰ ੧ਓ ਤੋਂ ਸੁੰਦਰ ਕੋਈ ਸ਼ਬਦ ਨਹੀਂ ਹੈ, ਕਿਉਂਕਿ ਉਹ ਸ਼ੁੱਧ (ਪਵਿੱਤ੍ਰ) ਧੁਨੀ ਹੈ। ਅੱਲ੍ਹਾ ਵੀ ਕੰਮ ਦਿੰਦਾ ਹੈ, ਰਾਮ ਵੀ ਕੰਮ ਦਿੰਦਾ ਹੈ, ਕ੍ਰਿਸ਼ਨ ਵੀ ਕੰਮ ਦਿੰਦਾ ਹੈ। ਹੋਰ ਕੋਈ ਵੱਡੇ-ਵੱਡੇ ਨਾਉਂ ਲੈਣ ਦੀ ਜ਼ਰੂਰਤ ਨਹੀਂ ਹੈ। ਅੰਗਰੇਜ਼ੀ ਦੇ ਮਹਾਂ ਕਵੀ ਟੇਨਿਸਨ ਨੇ ਲਿਖਿਆ ਹੈ ਕਿ ਮੈਂ ਆਪਣਾ ਹੀ ਨਾਉਂ ਦੁਹਰਾ ਲੈਂਦਾ ਹਾਂ ਅਤੇ ਤਾੜੀ ਲੱਗ ਜਾਂਦੀ ਹੈ, ਟੇਨਿਸਨ ..... ਟੇਨਿਸਨ..... ਟੇਨਿਸਨ..... ਉਸ ਨਾਲ ਵੀ ਲੱਗ ਜਾਵੇਗੀ।

ਕਿਸੇ ਵੀ ਇੱਕ ਸ਼ਬਦ ਦੀ ਡੂੰਘਾਈ ਵਿੱਚ ਤੁਸੀਂ ਉਤਰੋਗੇ ਤਾਂ ਹੌਲੀ-ਹੌਲੀ ਸ਼ਬਦ ਛੁਟ ਜਾਏਗਾ ਅਤੇ ਹੌਲੀ-ਹੌਲੀ ਜਿਵੇਂ-ਜਿਵੇਂ ਸ਼ਬਦ ਛੁਟੇਗਾ, ਤਿਵੇਂ-ਤਿਵੇਂ ਮਨਨ ਸ਼ੁਰੂ ਹੋ ਜਾਏਗਾ। ਸ਼ਬਦ ਤਾਂ ਛੁਟ ਜਾਂਦੇ ਹਨ। ਸਾਰੇ ਮੰਤਰ ਛੁਟ ਜਾਂਦੇ ਹਨ। ਤਦ ਹੀ ਤਾਂ ਮਹਾਂਮੰਤਰ ਦੀ ਗੂੰਜ ਉੱਠਦੀ ਹੈ, ਤਦ ਮੰਤਰ ਛੁਟ ਜਾਂਦੇ ਹਨ, ਕਿਉਂਕਿ ਮੰਤਰ ਤਾਂ ਤੁਹਾਡੇ ਹੀ ਮਨ ਦੀ—ਤੁਹਾਡੀ ਹੀ—ਪਕੜ ਹੈ। ਮਹਾਂਮੰਤਰ ਤਾਂ ਗੂੰਜ ਹੀ ਰਿਹਾ ਹੈ। ਤਾਂ ਮੰਤਰ ਮਹਾਂਮੰਤਰ ਵਿੱਚ ਨਹੀਂ ਲੈ ਜਾਂਦਾ, ਮੰਤਰ ਤਾਂ ਕੇਵਲ ਤੁਹਾਨੂੰ ਚੁੱਪ ਕਰਾਉਂਦਾ

ਹੈ। ਮਹਾਂਮੰਤਰ ਸੁਣਾਈ ਦੇਣ ਲੱਗ ਪੈਂਦਾ ਹੈ।

ਸਾਰੇ ਮੰਤਰ ਤੁਹਾਨੂੰ ਸੁਣਨ ਦੀ ਕਲਾ ਸਿਖਾਉਂਦੇ ਹਨ। ਸਾਰੇ ਮੰਤਰ ਤੁਹਾਨੂੰ ਤੈਰਨ ਦੀ ਥਾਂ ਟੁੱਬੀ ਲਾਉਣਾ ਸਿਖਾਉਂਦੇ ਹਨ। ਇੱਕ ਥਾਂ ਤੋਂ ਦੂਜੇ ਥਾਂ ਉਤੇ ਕਦੋਂ ਤੱਕ ਜਾਂਦੇ ਰਹੋਗੇ? ਇੱਕ ਜਨਮ ਤੋਂ ਦੂਜੇ ਜਨਮ ਤੱਕ ਕਦੋਂ ਤੱਕ ਜਾਂਦੇ ਰਹੋਗੇ? ਇੱਕ ਘਟਨਾ ਨਾਲ ਦੂਜੀ ਘਟਨਾ ਨੂੰ ਕ਼ਦੋਂ ਤੱਕ ਬਦਲਦੇ ਰਹੋਗੇ? ਇੱਕ ਹਾਲਾਤ ਤੋਂ ਦੂਜੇ ਹਾਲਾਤ ਤੱਕ ਕਦੋਂ ਤੱਕ ਤੁਹਾਡੀ ਯਾਤਰਾ ਜਾਰੀ ਰਹੇਗੀ? ਕਦੋਂ ਉਹ ਸ਼ੁਭ ਘੜੀ ਆਵੇਗੀ, ਜਦ ਤੁਸੀਂ ਜਿੱਥੇ ਹੋ, ਉਸੇ ਦੀ ਡੂੰਘਾਈ ਵਿੱਚ ਟੁੱਬੀ ਲਗਾਓਗੇ, ਕਿਤੇ ਹੋਰ ਨਾ ਜਾਓਗੇ? ਮਨਨ ਉਸੇ ਪਲ ਘਟੇਗਾ। ਇਸ ਗੱਲ ਨੂੰ ਖਿਆਲ ਵਿੱਚ ਰੱਖ ਕੇ ਨਾਨਕ ਦਾ ਸੂਤਰ ਸਮਝਣ ਦੀ ਕੋਸ਼ਿਸ਼ ਕਰੋ। ਮਨਨ ਕੀ ਗਤੀ ਕਹੀ ਨਹੀਂ ਜਾ ਸਕਦੀ।

*ਮੰਨੇ ਕੀ ਗਤਿ ਕਹੀ ਨ ਜਾਇ॥ ਜੇ ਕੋ ਕਹੈ ਪਿਛੈ ਪਛੁਤਾਇ॥*

"ਮਨ ਦੀ ਗਤਿ ਕਹੀ ਨਹੀਂ ਜਾ ਸਕਦੀ ਅਤੇ ਜਿਹੜਾ ਇਸਨੂੰ ਕਹਿੰਦਾ ਹੈ। ਪਿੱਛੋਂ ਪਛਤਾਉਂਦਾ ਹੈ।"

ਕਿਉਂ? ਮਨਨ ਦੀ ਗਤਿ ਇਸ ਲਈ ਨਹੀਂ ਕਹੀ ਜਾ ਸਕਦੀ ਕਿ ਪਹਿਲਾਂ ਤਾਂ ਗੱਲ ਇਹ ਹੈ ਕਿ ਉਹ ਗਤੀ ਹੀ ਨਹੀਂ ਹੈ, ਉਹ ਅਗਤੀ ਹੈ। ਉਥੇ ਯਾਤਰਾ ਸ਼ੁਰੂ ਨਹੀਂ ਹੋ ਰਹੀ, ਬੰਦ ਹੋ ਰਹੀ ਹੈ। ਉਹ ਸਾਨੂੰ ਗਤੀ ਵਰਗੀ ਲੱਗਦੀ ਹੈ।

ਤੁਸੀਂ ਕਦੇ ਵੇਖਿਆ, ਤੁਸੀਂ ਗੱਡੀ ਵਿੱਚ ਜਦੋਂ ਜਾਂਦੇ ਹੋ ਤਾਂ ਤੁਹਾਨੂੰ ਲੱਗਦਾ ਹੈ ਕਿ ਦਰੱਖਤ ਅੱਗੇ ਜਾ ਰਹੇ ਹਨ। ਦੌੜ ਤੁਸੀਂ ਰਹੇ ਹੋ, ਲੱਗਦਾ ਹੈ ਦਰੱਖ਼ਤ ਨੱਠੇ ਜਾ ਰਹੇ ਹਨ!

ਤੁਹਾਡੀ ਸਦਾ ਦੀ ਗਤੀ ਦੇ ਕਾਰਣ ਜਦੋਂ ਮਨ ਠਹਿਰਣ ਲੱਗਦਾ ਹੈ, ਤਦ ਵੀ ਤੁਹਾਨੂੰ ਇਹੋ ਜਿਹਾ ਲੱਗਦਾ ਹੈ ਕਿ ਇਹ ਵੀ ਗਤੀ ਹੈ। ਪਰ ਜਦ ਤੁਸੀਂ ਠਹਿਰ ਹੀ ਜਾਓਗੇ, ਜਦ ਤੁਹਾਡੀ ਗੱਡੀ ਬਿਲਕੁਲ ਰੁਕ ਜਾਏਗੀ, ਤਦ ਅਚਾਨਕ ਤੁਸੀਂ ਪਾਓਗੇ ਕਿ ਸਾਰੇ ਰੁੱਖ, ਪਹਾੜ ਵੀ ਰੁਕ ਗਏ। ਉਹ ਭੱਜ ਹੀ ਨਹੀਂ ਰਹੇ ਸਨ।

ਤੁਹਾਡੇ ਅੰਦਰ ਜੋ ਲੁਕਿਆ ਹੈ, ਉਹ ਕਦੇ ਟੁਰਿਆ ਹੀ ਨਹੀਂ ਹੈ। ਉਸਨੇ ਕਦੇ ਇੱਕ ਕਦਮ ਨਹੀਂ ਪੁੱਟਿਆ, ਉਸਨੇ ਕੋਈ ਯਾਤਰਾ ਨਹੀਂ ਕੀਤੀ। ਤੀਰਥ ਯਾਤਰਾ ਵੀ ਨਹੀਂ ਕੀਤੀ। ਉਹ ਕਦੇ ਘਰੋਂ ਬਾਹਰ ਗਿਆ ਹੀ ਨਹੀਂ। ਉਹ ਸਦਾ ਤੋਂ ਉਥੇ ਹੀ ਹੈ।

ਮਨ ਭੱਜਦਾ ਰਿਹਾ ਅਤੇ ਮਨ ਦੀ ਗਤੀ ਏਨੀ ਤੇਜ ਹੈ ਕਿ ਉਹ ਜਿਹੜਾ ਨਾ ਭੱਜਿਆ ਹੋਇਆ ਹੈ, ਉਹ ਵੀ ਭੱਜਦਾ ਹੋਇਆ ਲੱਗਦਾ ਹੈ। ਜਦ ਮਨ ਰੁਕਣ ਲੱਗਦਾ ਹੈ, ਉਹ ਵੀ ਰੁਕਣ ਲੱਗ ਪੈਂਦਾ ਹੈ। ਜਦ ਮਨ ਬਿਲਕੁਲ ਰੁਕ ਜਾਂਦਾ ਹੈ,

ਮਨ ਪਾਉਂਦਾ ਹੈ ਕਿ ਸਭ ਰੁਕਿਆ ਹੋਇਆ ਹੈ। ਗਤੀ ਨੂੰ ਤਾਂ ਕਿਹਾ ਜਾ ਸਕਦਾ ਹੈ, ਅਗਤੀ ਨੂੰ ਕਿਵੇਂ ਕਹੋਗੇ? ਕਿਥੋਂ ਤੋਂ ਕਿੱਥੇ ਗਏ, ਇਸਦੀ ਤਾਂ ਚਰਚਾ ਹੋ ਸਕਦੀ ਹੈ। ਇਸ ਲਈ ਤਾਂ ਯਾਤਰੀ ਕਿਤਾਬਾਂ ਲਿਖ ਸਕਦੇ ਹਨ। ਪਰ ਜਿਹੜਾ ਆਦਮੀ ਘਰ ਵਿੱਚ ਹੀ ਬੈਠਾ ਰਿਹਾ, ਉਹ ਕੀ ਲਿਖੇਗਾ? ਕਿਤੇ ਗਿਆ ਨਹੀਂ, ਕੁਝ ਘਟਨਾ ਨਹੀਂ ਘਟੀ, ਕੋਈ ਹਾਲਾਤ ਹੀ ਨਹੀਂ ਬਦਲੇ, ਕਹਿਣ ਨੂੰ ਕੀ ਹੈ?

ਅਸ਼ਾਂਤ ਆਦਮੀ ਦੀ ਜ਼ਿੰਦਗੀ ਦੀ ਕਹਾਣੀ ਤੁਸੀਂ ਲਿਖ ਸਕਦੇ ਹੋ, ਸ਼ਾਂਤ ਆਦਮੀ ਦੀ ਜ਼ਿੰਦਗੀ ਦੀ ਕਹਾਣੀ ਕੀ ਲਿਖੋਗੇ। ਕਹਾਣੀ ਹੀ ਨਹੀਂ ਹੈ। ਨਾਵਲਕਾਰ, ਨਾਟਕਕਾਰ, ਸਾਹਿਤਕਾਰ—ਸਾਰਿਆਂ ਦਾ ਤਜ਼ਰਬਾ ਹੈ ਕਿ ਜ਼ਿੰਦਗੀ ਤਾਂ ਬੁਰੇ ਆਦਮੀ ਦੀ ਹੁੰਦੀ ਹੈ। ਚੰਗੇ ਆਦਮੀ ਦੀ ਕੀ ਜ਼ਿੰਦਗੀ। ਇਸ ਲਈ ਤੁਸੀਂ ਜੇਕਰ ਚੰਗੇ ਆਦਮੀ ਦੇ ਅਧਾਰ 'ਤੇ ਕੋਈ ਨਾਵਲ ਲਿਖੋ ਤਾਂ ਲਿਖਿਆ ਹੀ ਨਹੀਂ ਜਾ ਸਕੇਗਾ। ਉਸਦੀ ਜ਼ਿੰਦਗੀ ਵਿੱਚ ਕੁਝ ਨਹੀਂ ਹੁੰਦਾ। ਇਸ ਲਈ ਸਾਰੀਆਂ ਕਹਾਣੀਆਂ ਬੁਰੇ ਆਦਮੀ ਦੇ ਆਲੇ-ਦੁਆਲੇ ਲਿਖਣੀਆਂ ਪੈਂਦੀਆਂ ਹਨ।

ਤੁਸੀਂ ਇਹ ਨਾ ਸਮਝਣਾ ਕਿ ਰਾਮਾਇਣ ਰਾਮ ਦੇ ਆਲੇ-ਦੁਆਲੇ ਹੈ, ਉਹ ਰਾਵਣ ਦੇ ਆਲੇ-ਦੁਆਲੇ ਹੈ। ਰਾਵਣ ਹੀ ਅਸਲੀ ਨਾਇਕ ਹੈ, ਰਾਮ ਤਾਂ ਨੰਬਰ ਦੋ ਹੈ। ਰਾਵਣ ਨੂੰ ਹਟਾ ਦਿਓ, ਫ਼ਿਰ ਤੁਸੀਂ ਰਾਮ ਦੀ ਕਥਾ ਲਿਖੋ। ਨਾ ਜਾਵੇ ਸੀਤਾਂ ਚੋਰੀ, ਨਾ ਹੋਣ ਸਾਰੇ ਉਪੱਦਰ— ਸਾਰੀ ਕਥਾ ਸ਼ਾਂਤ ਹੈ। ਰਾਮ ਦੀ ਕੀ ਕੋਈ ਕਥਾ ਹੈ। ਤੁਸੀਂ ਪਰਮਾਤਮਾ ਦੀ ਕੀ ਕਥਾ ਲਿਖੋਗੇ? ਉਹ ਜਿਹੋ ਜਿਹਾ ਸੀ, ਉਹ ਜਿਹਾ ਹੀ ਰਿਹਾ ਹੈ। ਉਸਦੇ ਵਿੱਚ ਕਦੇ ਵੀ ਬਦਲਾਓ ਨਹੀਂ ਹੋਇਆ, ਕਹਾਣੀ ਬਣੀ ਹੀ ਨਹੀਂ। ਇਸ ਲਈ ਤਾਂ ਪਰਮਾਤਮਾ ਦੀ ਕੋਈ ਆਤਮ-ਕਥਾ ਨਹੀਂ ਹੈ। ਉਸਦੇ ਸੰਬੰਧ 'ਚ ਅਸੀਂ ਕੁਝ ਵੀ ਨਹੀਂ ਲਿਖ ਸਕਦੇ। ਲਿਖਣ ਲਈ ਯਾਤਰਾ ਜ਼ਰੂਰੀ ਹੈ।

ਵਿਚਾਰ ਦੇ ਸੰਬੰਧ 'ਚ ਬਹੁਤ ਕੁਝ ਲਿਖਿਆ ਜਾ ਸਕਦਾ ਹੈ, ਨਿਰਵਿਚਾਰ ਦੇ ਸੰਬੰਧ 'ਚ ਕੀ ਲਿਖੋਗੇ! ਨਿਰਵਿਚਾਰ ਦੇ ਸੰਬੰਧ 'ਚ ਕੀ ਕਹੋਗੇ! ਜੋ ਵੀ ਕਹੋਗੇ ਉਹ ਗ਼ਲਤ ਹੋਵੇਗਾ। ਪਿਛੋਂ ਪਛਤਾਓਗੇ। ਇਸ ਲਈ ਗਿਆਨੀ ਜਦ ਵੀ ਬੋਲਦੇ ਹਨ, ਤਦੋਂ ਹੀ ਪਛਤਾਉਂਦੇ ਹਨ, ਕਿਉਂਕਿ ਉਨ੍ਹਾਂ ਨੂੰ ਲੱਗਦਾ ਹੈ ਕਿ ਜੋ ਕਹਿਣਾ ਸੀ, ਕਹਿ ਨਹੀਂ ਸਕੇ ਅਤੇ ਜਿਹੜਾ ਨਹੀਂ ਕਹਿਣਾ ਸੀ, ਉਹ ਕਹਿ ਦਿੱਤਾ। ਜੋ ਕਹਿਣਾ ਸੀ, ਜੋ ਸਮਝਾਉਣਾ ਸੀ, ਉਹ ਸੁਣਨ ਵਾਲਾ ਸਮਝ ਨਹੀਂ ਸਕਿਆ ਹੈ। ਜਿਹੜਾ ਉਸਨੇ ਸਮਝ ਲਿਆ, ਉਹ ਮਤਲਬ ਨਹੀਂ ਸੀ।

ਇਸ ਲਈ ਲਾਓਤਸੇ ਕਹਿੰਦੇ ਹਨ ਕਿ ਸਤਯ ਦੇ ਸੰਬੰਧ 'ਚ ਕੁਝ ਵੀ ਨਹੀਂ ਕਿਹਾ ਜਾ ਸਕਦਾ ਅਤੇ ਕੁਝ ਵੀ ਕਿਹਾ, ਅ—ਸਤਯ ਹੋ ਜਾਏਗਾ। ਜਿੰਨਾਂ ਤੁਸੀਂ ਜਾਣੋਗੇ,

ਓਨਾਂ ਹੀ ਤੁਸੀਂ ਪਾਓਗੇ ਕਿ ਕਹਿਣਾ ਮੁਸ਼ਕਿਲ ਹੈ। ਇੱਕ-ਇੱਕ ਸ਼ਬਦ ਕਹਿਣਾ ਔਖਾ ਹੋ ਜਾਂਦਾ ਹੈ, ਕਿਉਂਕਿ ਤੁਹਾਡੇ ਅੰਦਰ ਹੁਣ ਕਸੌਟੀ ਹੈ, ਜਿਸਦੇ ਨਾਲ ਤੁਸੀਂ ਪਰਖਦੇ ਹੋ। ਹਰ ਸ਼ਬਦ ਘਟੀਆ ਲੱਗਦਾ ਹੈ, ਬਹੁਤ ਛੋਟਾ ਲੱਗਦਾ ਹੈ। ਬਹੁਤ ਵੱਡਾ ਘਟਿਆ ਹੈ, ਸ਼ਬਦ 'ਚ ਸਮਾਉਂਦਾ ਨਹੀਂ। ਵੱਡਾ ਆਕਾਸ਼ ਮਿਲ ਗਿਆ ਹੈ ਅਤੇ ਸ਼ਬਦ ਦੀ ਨਿੱਕੀ-ਨਿੱਕੀ ਕੈਪਸੂਲ 'ਚ ਉਸਨੂੰ ਭਰਨਾ ਹੈ। ਉਹ ਭਰਦਾ ਨਹੀਂ।

ਅਤੇ ਫ਼ਿਰ ਜਦ ਤੁਸੀਂ ਬੋਲਦੇ ਹੋ, ਤਦ ਪਛਤਾਵਾ ਹੋਰ ਵੀ ਵਧ ਜਾਂਦਾ ਹੈ, ਕਿਉਂਕਿ ਸੁਣਨ ਵਾਲੇ ਤੱਕ ਜਿਹੜੀ ਗੱਲ ਪੁੱਜਦੀ ਹੈ, ਉਹ ਕੁਝ ਹੋਰ ਹੀ ਹੈ। ਜਿਹੜੀ ਤੁਸੀਂ ਕਹੀ ਸੀ, ਉਸਦਾ ਸਾਰਾ ਰਾਗ-ਰੰਗ ਬਦਲ ਗਿਆ, ਉਸਦੇ ਕਪੜੇ ਪਾਉਣ ਦਾ ਢੰਗ ਬਦਲ ਗਿਆ। ਜਿਹੜਾ ਤੁਸੀਂ ਹੀਰਾ ਦਿੱਤਾ ਸੀ, ਦੇਣ 'ਚ ਹੀ ਪੱਥਰ ਹੋ ਗਿਆ। ਤੁਸੀਂ ਦਿੱਤਾ ਸੀ ਅਸਲੀ ਸਿੱਕਾ, ਇੱਕ ਹੱਥ 'ਚੋਂ ਦੂਜੇ ਹੱਥ 'ਚ ਜਾਣ ਵਿੱਚ ਖੋਟਾ ਹੋ ਗਿਆ, ਉਹ ਦੂਜੇ ਕੋਲ ਪੁੱਜਦੇ ਹੀ, ਤੁਸੀਂ ਉਸ ਦੀਆਂ ਅੱਖਾਂ 'ਚ ਜੋ ਵੇਖਦੇ ਹੋ ਕਿ ਉਹ ਤਾਂ ਨਹੀਂ ਪੁੱਜਾ, ਜਿਹੜਾ ਦਿੱਤਾ ਸੀ, ਕੁਝ ਹੋਰ ਹੀ ਪੁੱਜ ਗਿਆ, ਹੁਣ ਇਹ ਹੀ ਉਹ ਦੂਜਾ ਆਦਮੀ ਢੋਂਦਾ ਰਹੇਗਾ।

ਇਵੇਂ ਹੀ ਤਾਂ ਸੰਪਰਦਾਯ ਚਲ ਰਹੇ ਹਨ। ਇਵੇਂ ਹੀ ਤਾਂ ਹਜ਼ਾਰਾਂ ਦੀ ਭੀੜ ਟੂਰ ਰਹੀ ਹੈ। ਜਿਹੜਾ ਕਦੀ ਵੀ ਨਹੀਂ ਦਿੱਤਾ ਗਿਆ ਸੀ, ਉਸਨੂੰ ਉਹ ਢੋਅ ਰਹੇ ਹਨ। ਜੇਕਰ ਮਹਾਂਵੀਰ ਮੁੜ ਪਰਤ ਆਉਣ ਤਾਂ ਜੈਨੀਆਂ ਨੂੰ ਵੇਖ ਕੇ ਛਾਤੀ ਪਿੱਟਣਗੇ। ਜੇਕਰ ਬੁੱਧ ਪਰਤ ਆਏ ਤਾਂ ਬੋਧਾਂ ਉਤੇ ਰੋਣਗੇ। ਜੇਕਰ ਜੀਸਸ ਪਰਤ ਆਏ ਤਾਂ ਲੜਾਈ ਫ਼ਿਰ ਉਹੋ ਜਿਹੀ ਦੀ ਉਹੋ ਜਿਹੀ ਸ਼ੁਰੂ ਹੋ ਜਾਵੇਗੀ ਜੋ ਯਹੂਦੀਆਂ ਨਾਲ ਸੀ, ਉਹ ਹੀ ਈਸਾਈਆਂ ਨਾਲ ਸ਼ੁਰੂ ਹੋ ਜਾਵੇਗੀ। ਕਿਉਂਕਿ ਜੋ ਉਨ੍ਹਾਂ ਨੇ ਕਿਹਾ, ਉਹ ਤਾਂ ਜਿਵੇਂ ਪੁੱਜਾ ਹੀ ਨਹੀਂ, ਕੁਝ ਹੋਰ ਹੀ ਪੁੱਜ ਗਿਆ।

ਨਾਨਕ ਜੇਕਰ ਪਰਤ ਆਉਣ ਤਾਂ ਜਿੰਨਾਂ ਨਾਰਾਜ਼ ਉਹ ਸਿੱਖਾਂ ਉਤੇ ਹੋਣਗੇ, ਓਨਾਂ ਕਿਸੇ ਹੋਰ ਉਤੇ ਨਹੀਂ, ਕਿਉਂਕਿ ਕਿਸੇ ਹੋਰ ਉਤੇ ਕੀ ਨਾਰਾਜ਼ ਹੋਣਾ! ਜਿਨ੍ਹਾਂ ਨੂੰ ਕਿਹਾ ਸੀ, ਉਨ੍ਹਾਂ ਉਤੇ ਹੀ ਨਾਰਾਜ਼ ਹੋਇਆ ਜਾ ਸਕਦਾ ਹੈ, ਕਿਉਂਕਿ ਉਹ ਕੁਝ ਹੋਰ ਹੀ ਢੋਅ ਰਹੇ ਹਨ।

ਅਸੀਂ ਬਹੁਤ ਹੁਸ਼ਿਆਰ ਹਾਂ। ਨਾਨਕ ਵਰਗਾ ਮਨੁੱਖ ਜਦ ਬੋਲਦਾ ਹੈ, ਤਦ ਅਸੀਂ ਆਪਣੇ ਅਰਥ ਉਸ ਵਿੱਚ ਜੋੜ ਲੈਂਦੇ ਹਾਂ—ਆਪਣੇ ਮਤਲਬ ਦੇ ਅਰਥ! ਅਸੀਂ ਨਾਨਕ ਦੇ ਮੁਤਾਬਿਕ ਆਪਣੇ ਆਪ ਨੂੰ ਨਹੀਂ ਢਾਲਦੇ, ਅਸੀਂ ਨਾਨਕ ਦੇ ਸ਼ਬਦਾਂ ਨੂੰ ਆਪਣੇ ਮੁਤਾਬਿਕ ਢਾਲ ਲੈਂਦੇ ਹਾਂ। ਇਹ ਸਾਡੀ ਤਰਕੀਬ ਹੈ। ਇਸ ਨਾਲ ਸਭ ਠੀਕ ਹੋ ਜਾਂਦਾ ਹੈ।

ਦੋ ਹੀ ਉਪਾਅ ਹਨ।

ਮੈਂ ਸੁਣਿਆ ਹੈ, ਇੱਕ ਬਹੁਤ ਵੱਡੀ ਧਨਵਾਨ ਇਸਤ੍ਰੀ ਸੀ। ਥੋੜ੍ਹੀ ਝੱਕੀ ਸੁਭਾਅ ਦੀ ਸੀ। ਬਹੁਤ ਕਲਾਤਮਿਕ ਰੁਝਾਨ ਵਾਲੀ ਸੀ ਅਤੇ ਹਰ ਚੀਜ਼ ਦੇ ਸੰਬੰਧ 'ਚ ਬਹੁਤ ਜ਼ਿੱਦੀ ਸੀ। ਉਸਦੇ ਕੋਲ ਇੱਕ ਐਸ਼-ਟ੍ਰੇ ਸੀ, ਜੋ ਕਿ ਇੱਕ ਦਿਨ ਡਿਗ ਪਈ। ਬਹੁਤ ਕੀਮਤੀ ਸੀ, ਉਹ ਇਸਤ੍ਰੀ ਬਹੁਤ ਮੁਸ਼ਕਿਲ ਵਿੱਚ ਪੈ ਗਈ। ਉਸਨੇ ਕਲਾਕਾਰਾਂ ਨੂੰ ਸੱਦਿਆ ਅਤੇ ਉਨ੍ਹਾਂ ਨੂੰ ਕਿਹਾ ਕਿ ਬਿਲਕੁਲ ਐਸ਼-ਟ੍ਰੇ ਜਿਹੋ ਜਿਹੀ ਸੀ, ਉਹੋ ਜਿਹੀ ਹੀ ਬਣਾ ਦਿਓ।

ਉਸਨੇ ਐਸ-ਟ੍ਰੇ ਦੇ ਹਿਸਾਬ ਨਾਲ ਆਪਣਾ ਪੂਰਾ ਕਮਰਾ ਸਜਾਇਆ ਹੋਇਆ ਸੀ। ਉਸੇ ਰੰਗ ਦੀਆਂ ਕੰਧਾਂ ਸੀ। ਉਸੇ ਰੰਗ ਦਾ ਫਰਸ਼ ਸੀ। ਉਸੇ ਰੰਗ ਦੇ ਪਰਦੇ ਸਨ। ਐਸ਼-ਟ੍ਰੇ ਅਧਾਰ ਸੀ, ਉਹ ਆਤਮਾ ਸੀ, ਉਸ ਪੂਰੇ ਘਰ ਦੀ।

ਅਨੇਕ ਚਿੱਤ੍ਰਕਾਰਾਂ ਨੇ ਕੋਸ਼ਿਸ਼ ਕੀਤੀ। ਪਰ ਬੜੀ ਮੁਸ਼ਕਿਲ ਸੀ। ਠੀਕ-ਬਿਲਕੁਲ ਠੀਕ-ਰੰਗ ਦਾ ਮੇਲ ਬੈਠ ਨਹੀਂ ਰਿਹਾ ਸੀ। ਆਖਿਰ ਇੱਕ ਚਿੱਤ੍ਰਕਾਰ ਨੇ ਕਿਹਾ ਕਿ ਮੈਂ ਬਣਾ ਦਿਆਂਗਾ, ਪਰ ਵਕਤ ਚਾਹੀਦਾ ਹੈ ਅਤੇ ਵਿਚਕਾਰ ਕੋਈ ਰੁਕਾਵਟ ਨਾ ਹੋਵੇ, ਜਦੋਂ ਸਭ ਪੂਰਾ ਹੋ ਜਾਵੇ, ਤਦ ਤੁਸੀਂ ਅੰਦਰ ਆਓ। ਤਾਂ ਇੱਕ ਮਹੀਨਾ ਉਸ ਨੇ ਮੰਗਿਆ। ਇਸਤ੍ਰੀ ਵੀ ਹੈਰਾਨ ਹੋਈ ਕਿ ਇੱਕ ਮਹੀਨਾ! ਐਸ਼-ਟ੍ਰੇ ਲਈ ! ਉਸਨੇ ਕਿਹਾ ਕਿ ਹੁਣ ਉਸ ਵਿੱਚ ਏਨੇ ਦਿਨ ਤੁਸੀਂ ਕੋਸ਼ਿਸ਼ ਕਰ ਲਈ, ਏਨੇ ਲੋਕ ਮਿਹਨਤ ਕਰ ਚੁੱਕੇ, ਹੁਣ ਮੈਨੂੰ ਵਕਤ ਦਿਓ।

ਉਹ ਇੱਕ ਮਹੀਨਾ ਅੰਦਰ ਵੜਿਆ ਰਿਹਾ। ਇਸਤ੍ਰੀ ਅੰਦਰ ਆਈ, ਤ੍ਰਿਪਤ ਹੋ ਗਈ। ਉਸਨੇ ਸਭ ਕੁਝ ਬਿਲਕੁਲ ਮਿਲਾ ਦਿੱਤਾ ਸੀ। ਬਾਦ ਵਿੱਚ ਕਿਸੇ ਚਿੱਤ੍ਰਕਾਰ ਨੇ ਉਸ ਚਿੱਤ੍ਰਕਾਰ ਨੂੰ ਪੁੱਛਿਆ, ਜਿਹੜਾ ਸਫਲ ਹੋ ਗਿਆ ਸੀ ਕਿ ਭਾਈ, ਅਸੀਂ ਸਾਰੇ ਅਸਫਲ ਹੋ ਗਏ, ਤੂੰ ਸਫਲਤਾ ਕਿਵੇਂ ਪਾਈ? ਉਸਨੇ ਕਿਹਾ ਕਿ ਮੈਂ ਪਹਿਲਾਂ ਐਸ਼-ਟ੍ਰੇ ਤਿਆਰ ਕੀਤੀ ਅਤੇ ਫਿਰ ਉਸੇ ਰੰਗ 'ਚ ਸਾਰੀਆਂ ਕੰਧਾਂ ਪੇਂਟ ਕਰ ਦਿੱਤੀਆਂ। ਬਾਕੀ ਸਾਰੇ ਕੰਧਾਂ ਦੇ ਹਿਸਾਬ ਨਾਲ ਐਸ਼-ਟ੍ਰੇ ਨੂੰ ਪੇਂਟ ਕਰਨ ਦੀ ਕੋਸ਼ਿਸ਼ ਕਰ ਰਹੇ ਸੀ। ਉਹ ਅਸੰਭਵ ਮਾਮਲਾ ਸੀ। ਜ਼ਰਾ ਜਿਨਾਂ ਵੀ ਫ਼ਰਕ ਰਹਿ ਜਾਂਦਾ ਸੀ, ਤਾਂ ਸਭ ਗੜਬੜ ਹੋ ਜਾਂਦੀ ਸੀ।

ਨਾਨਕ ਤੁਹਾਡੇ ਨਾਲ ਬੋਲਦੇ ਹਨ, ਤਾਂ ਦੋ ਹੀ ਉਪਾਅ ਹਨ। ਇੱਕ ਤਾਂ ਇਹ ਕੀ ਤੁਸੀਂ ਨਾਨਕ ਦੇ ਰੰਗ ਚ ਢਲ ਜਾਵੋ ਤਾਂ ਤ੍ਰਿਪਤੀ ਮਿਲੇ, ਨਹੀਂ ਤਾਂ ਬੇਚੈਨੀ ਰਹੇਗੀ। ਨਾਨਕ ਵਰਗੇ ਪੁਰਖ ਦੇ ਕੋਲ ਬੇਚੈਨੀ ਸ਼ੁਰੂ ਹੋਵੇਗੀ, ਕਿਉਂਕਿ ਤੁਸੀਂ ਅੱਗ ਦੇ ਕੋਲ ਹੋ।

ਜਾਂ ਤਾਂ ਤੁਸੀਂ ਜਲ ਜਾਓ—ਜਿਵੇਂ ਨਾਨਕ ਜਲ ਗਏ। ਉਹੋ ਜਿਹੇ ਜਲ ਜਾਵੋ। ਜਿਵੇਂ ਨਾਨਕ ਸੁਆਹ ਹੋ ਗਏ, ਇਵੇਂ ਸੁਆਹ ਤੁਸੀਂ ਹੋ ਜਾਓ। ਜਿਵੇਂ ਨਾਨਕ ਦਾਸ ਹੋ ਗਏ, ਇਵੇਂ ਦਾਸ ਤੁਸੀਂ ਹੋ ਜਾਓ। ਜਿਵੇਂ ਨਾਨਕ ਗੁਆਚ ਗਏ, ਤੁਸੀਂ ਗੁਆਚ ਜਾਓ। ਬੂੰਦ ਡਿੱਗ ਪਵੇ ਸਮੁੰਦਰ ਵਿੱਚ।

ਇੱਕ ਉਪਾਅ ਤਾਂ ਇਹ ਹੈ ਕਿ ਤੁਸੀਂ ਨਾਨਕ ਦੇ ਰੰਗ 'ਚ ਰੰਗ ਜਾਓ। ਜੇਕਰ ਇਹ ਨਾ ਹੋ ਸਕੇ ਤਾਂ ਦੂਜਾ ਉਪਾਅ ਹੈ ਕਿ ਨਾਨਕ ਜੋ ਕਹਿੰਦੇ ਹਨ, ਉਸਨੂੰ ਤੁਸੀਂ ਆਪਣੇ ਰੰਗ 'ਚ ਰੰਗ ਲਵੋ। ਦੂਜਾ ਅਸਾਨ ਹੈ, ਬਿਲਕੁਲ ਅਸਾਨ ਹੈ। ਇਸ ਲਈ ਤਾਂ ਜੋ ਕਿਹਾ ਜਾਂਦਾ ਹੈ। ਅਸੀਂ ਉਹ ਨਹੀਂ ਸੁਣਦੇ, ਅਸੀਂ ਜੋ ਸੁਣਨਾ ਚਾਹੁੰਦੇ ਹਾਂ, ਉਹ ਹੀ ਸੁਣਦੇ ਹਾਂ। ਜੋ ਦੱਸਿਆ ਜਾਂਦਾ ਹੈ, ਅਸੀਂ ਉਸਦੇ ਚੋਂ ਉਹ ਹੀ ਅਰਥ ਕੱਢ ਲੈਂਦੇ ਹਾਂ, ਜਿਹੜਾ ਸਾਡੇ ਮੁਤਾਬਿਕ ਹੈ। ਅਸੀਂ ਸਤਯ ਦੇ ਪੱਖ ਵਿੱਚ ਨਹੀਂ ਖੜ੍ਹੇ ਹੁੰਦੇ। ਅਸੀਂ ਸਤਯ ਨੂੰ ਹੀ ਆਪਣੇ ਪੱਖ ਵਿੱਚ ਖੜ੍ਹਾ ਕਰ ਲੈਂਦੇ ਹਾਂ। ਅਸੀਂ ਸਤਯ ਦੇ ਨਾਲ ਨਹੀਂ ਜਾਂਦੇ, ਅਸੀਂ ਸਤਯ ਨੂੰ ਹੀ ਆਪਣੇ ਪਿੱਛੇ ਲੈ ਆਉਂਦੇ ਹਾਂ।

ਅਤੇ ਇਹ ਹੀ ਫ਼ਰਕ ਹੈ ਅਸਲੀ ਖੋਜੀ ਅਤੇ ਨਕਲੀ ਖੋਜੀ ਵਿੱਚ। ਅਸਲੀ ਖੋਜੀ ਸਤਯ ਦੇ ਪਿੱਛੇ ਜਾਣ ਨੂੰ ਤਿਆਰ ਹੁੰਦਾ ਹੈ, ਚਾਹੇ ਸਤਯ ਕਿਤੇ ਵੀ ਲੈ ਜਾਵੇ, ਚਾਹੇ ਕੋਈ ਵੀ ਨਤੀਜਾ ਹੋਵੇ, ਚਾਹੇ ਜੀਵਨ ਗੁਆਉਣਾ ਪਵੇ, ਚਾਹੇ ਸਭ ਖੁੱਸ ਜਾਵੇ। ਸਤਯ ਦਾ ਖੋਜੀ ਸਤਯ ਦੇ ਪਿੱਛੇ ਜਾਂਦਾ ਹੈ। ਉਹ ਸਭ ਗੁਆਉਣ ਨੂੰ ਤਿਆਰ ਹੈ। ਦੂਜਾ ਵੀ ਜਿਹੜਾ ਸਤਯ ਦਾ ਖੋਜੀ ਜੋ ਧੋਖੇ ਵਿੱਚ ਹੈ, ਧੋਖੇਬਾਜ ਹੈ, ਉਹ ਸਤਯ ਦੇ ਪਿੱਛੇ ਨਹੀਂ ਜਾਂਦਾ, ਉਹ ਸਤਯ ਨੂੰ ਆਪਣੇ ਪਿੱਛੇ ਲਿਆਉਂਦਾ ਹੈ। ਅਤੇ ਜਦ ਵੀ ਤੁਸੀਂ ਸਤਯ ਨੂੰ ਆਪਣੇ ਪਿੱਛੇ ਲਿਆਉਂਦੇ ਹੋ, ਤਦ ਉਹ ਅਸਤਯ ਹੋ ਜਾਂਦਾ ਹੈ।

ਤੁਹਾਡੇ ਪਿੱਛੇ ਸਤਯ ਕਿਵੇਂ ਆਵੇਗਾ? ਤੁਹਾਡੇ ਪਿੱਛੇ ਅਸਤਯ ਹੀ ਆ ਸਕਦਾ ਹੈ, ਕਿਉਂਕਿ ਤੁਸੀਂ ਅਸਤਯ ਹੋ, ਤੁਹਾਡੀ ਛਾਂ ਅਸਤਯ ਹੋਏਗੀ, ਤੁਸੀਂ ਚਾਹੋ ਤਾਂ ਸਤਯ ਦੇ ਪਿੱਛੇ ਜਾ ਸਕਦੇ ਹੋ, ਪਰ ਸਤਯ ਤੁਹਾਡੇ ਪਿੱਛੇ ਨਹੀਂ ਆ ਸਕਦਾ। ਸਤਯ ਤੁਹਾਡੀ ਧਾਰਨਾਵਾਂ ਵਿੱਚ ਨਹੀਂ ਸਮਾ ਸਕੇਗਾ। ਸਤਯ ਤੁਹਾਡੇ ਭਾਂਡਿਆਂ ਵਿੱਚ ਨਹੀਂ ਆਏਗਾ। ਸਤਯ ਤੁਹਾਡੇ ਦਿਮਾਗ ਦੇ ਲਈ ਕਾਫ਼ੀ ਵੱਡਾ ਹੈ ਅਤੇ ਸਤਯ ਤੁਹਾਡੇ ਪਿੱਛੇ ਕਿਵੇਂ ਹੋ ਸਕਦਾ ਹੈ? ਇਸ ਲਈ ਨਾਨਕ ਕਹਿੰਦੇ ਹਨ—

*"ਮੰਨੇ ਕੀ ਗਤਿ ਕਹੀ ਨ ਜਾਇ॥ ਜੇ ਕੋ ਕਹੈ ਪਿਛੈ ਪਛੁਤਾਇ॥"*

ਉਹ ਜਿਹੜਾ ਕਹਿੰਦਾ ਹੈ, ਪਿੱਛੋਂ ਪਛਤਾਉਂਦਾ ਹੈ।

ਇੱਕ ਹੋਰ ਕਾਰਣ ਵੀ ਧਿਆਨ 'ਚ ਰੱਖ ਲੈਣਾ ਚਾਹੀਦਾ ਹੈ—ਉਸ ਕਾਰਣ ਵੀ ਪਛਤਾਵਾ ਹੁੰਦਾ ਹੈ, ਜੋ ਮੈਂ ਸ਼ੁਰੂ-ਸ਼ੁਰੂ 'ਚ ਕਿਹਾ। ਜਦ ਵੀ ਤੁਸੀਂ ਮਨਨ ਦੇ ਨੇੜੇ ਪੁੱਜਣ

ਲੱਗੋਗੇ। ਤਦ ਤੁਸੀਂ ਵਿਚਕਾਰ ਆ ਜਾਓਗੇ। ਉਥੋਂ ਦੋ ਗਤੀਆਂ ਹਨ। ਜਾਂ ਤੁਸੀਂ ਦੂਜਿਆਂ ਨੂੰ ਦੱਸਣ ਨਿਕਲ ਜਾਓਗੇ ਤਾਂ ਤੁਸੀਂ ਪਛਤਾਉਗੇ। ਇਸ ਲਈ ਜਦ ਵੀ ਦੂਜਿਆਂ ਨੂੰ ਦੱਸਣ ਦਾ ਖਿਆਲ ਉੱਠੇ, ਗੁਰੂ ਨੂੰ ਪੁੱਛ ਲੈਣਾ। ਗੁਰੂ ਜਦ ਤੱਕ ਨਾ ਕਹੇ, ਕਿਸੇ ਨੂੰ ਦੱਸਣ ਨਹੀਂ ਜਾਣਾ। ਤੁਸੀਂ ਆਪਣੇ ਉਤੇ ਵਿਸ਼ਵਾਸ ਨਾ ਕਰਨਾ।

ਹੰਕਾਰ ਦੇ ਖੇਡ ਵੱਡੇ ਬਰੀਕ ਹਨ! ਜ਼ਰਾ ਜਿੰਨਾ ਮਿਲਿਆ ਨਹੀਂ ਕਿ ਉਹ ਬਹੁਤੇ ਐਲਾਨ ਕਰਨ ਲੱਗਦਾ ਹੈ। ਮੁੱਠੀ ਭਰ ਮਿਲਿਆ ਨਹੀਂ ਕਿ ਉਹ ਆਕਾਸ਼ ਦਾ ਦਾਅਵਾ ਕਰ ਦਿੰਦਾ ਹੈ। ਜ਼ਰਾ ਜਿਹੀ ਝਲਕ ਮਿਲੀ ਨਹੀਂ ਕਿ ਤੁਸੀਂ ਕਿਹਾ ਸੂਰਜ ਉੱਗ ਗਿਆ। ਬੂੰਦ ਵੀ ਟਪਕੀ ਨਹੀਂ ਕਿ ਤੁਸੀਂ ਸਾਗਰ ਦੀ ਚਰਚਾ ਕਰਨ ਲੱਗੇ ਅਤੇ ਫ਼ਿਰ ਚਰਚਾ 'ਚ ਚਰਚਾ ਵੱਧਦੀ ਚਲੀ ਜਾਂਦੀ ਹੈ। ਫ਼ਿਰ ਹੌਲੀ-ਹੌਲੀ ਚਰਚਾ 'ਚ ਬੂੰਦ ਵੀ ਗੁਆਚ ਜਾਂਦੀ ਹੈ। ਝਕਲ ਵੀ ਮਿਲ ਜਾਂਦੀ ਹੈ। ਲੋਕ ਥੋਥੇ ਪੰਡਿਤ ਹੋ ਕੇ ਰਹਿ ਜਾਂਦੇ ਹਨ। ਬਹੁਤ ਜਾਣਦੇ ਹਨ, ਬਿਨਾਂ ਜਾਣੇ। ਬਹੁਤ ਕਹਿੰਦੇ ਹਨ, ਬਿਨਾਂ ਮਹਿਸੂਸ ਕੀਤੇ। ਜੇਕਰ ਤੁਸੀਂ ਉਨ੍ਹਾਂ ਦੇ ਜੀਵਨ ਵਿੱਚ ਬਹੁਤ ਗ਼ੌਰ ਨਾਲ ਵੇਖੋ ਤਾਂ ਤੁਸੀਂ ਪਾਓਗੇ ਕਿ ਜਿਹੜਾ ਉਹ ਕਹਿੰਦੇ ਹਨ, ਉਸਦੇ ਠੀਕ ਉਲ਼ਟ ਚੱਲਦੇ ਹਨ।

ਇੱਕ ਗੱਡੀ ਵਿੱਚ ਅਜਿਹਾ ਹੋਇਆ। ਗੱਡੀ ਟੁਰ ਪਈ ਸੀ ਅਤੇ ਮੁੱਲਾ ਨਸਰੂਦੀਨ ਨੱਠ ਕੇ ਚੜ੍ਹਣ ਦੀ ਕੋਸ਼ਿਸ਼ ਕਰ ਰਿਹਾ ਸੀ। ਡੰਡਾ ਵੀ ਉਸਨੇ ਫੜ ਲਿਆ। ਇੱਕ ਪੈਰ ਪਾਏ ਦਾਨ ਉਤੇ ਰੱਖ ਦਿੱਤਾ। ਤਦ ਗਾਰਡ ਨੇ ਉਸਨੂੰ ਹੇਠਾਂ ਖਿੱਚ ਲਿਆ ਅਤੇ ਕਿਹਾ ਕਿ ਬੜੇ ਮੀਆਂ, ਚਲਦੀ ਗੱਡੀ ਉਤੇ ਚੜ੍ਹਣਾ ਜ਼ੁਰਮ ਹੈ, ਹੇਠਾਂ ਉਤਰੋ। ਮੁੱਲਾ ਉਤਰ ਗਿਆ। ਫ਼ਿਰ ਗੱਡੀ ਕਰੀਬ-ਕਰੀਬ ਪਲੇਟ ਫਾਰਮ ਤੋਂ ਬਾਹਰ ਨਿਕਲਣ ਦੇ ਨੇੜੇ ਸੀ। ਤਦ ਗਾਰਡ ਦਾ ਡੱਬਾ ਆਇਆ। ਗਾਰਡ ਛਾਲ ਮਾਰ ਕੇ ਆਪਣੇ ਡੱਬੇ ਚ ਚੱੜ੍ਹਣ ਲੱਗਾ। ਮੁੱਲਾ ਨੇ ਝਪਟਾ ਮਾਰ ਕੇ ਉਸਨੂੰ ਹੇਠਾਂ ਸੁੱਟ ਲਿਆ ਅਤੇ ਕਿਹਾ—ਬੜੇ ਮੀਆਂ, ਦੂਜਿਆਂ ਨੂੰ ਨਾਂਹ ਕਰਦੇ ਹੋ ਅਤੇ ਆਪ ਉਹ ਹੀ ਕੰਮ ਕਰਦੇ ਹੋ!

ਪੰਡਿਤ ਦੀ ਹਾਲਤ ਇਹੋ ਜਿਹੀ ਹੀ ਹੈ। ਉਹ ਜਿਹੜਾ ਦੂਜਿਆਂ ਨੂੰ ਕਹਿ ਰਿਹਾ ਹੈ, ਉਸਦੇ ਵਿੱਚ ਸਿਰਫ਼ ਕਹਿਣ ਦਾ ਰਸ ਹੈ, ਉਸ ਵਿੱਚ ਜੀਵਨ ਦੀ ਸਰਿਤਾ ਨਹੀਂ ਵਗ ਰਹੀ ਹੈ। ਉਹ ਉਸਦਾ ਆਪਣਾ ਅਨੁਭਵ ਨਹੀਂ ਹੈ ਅਤੇ ਇਹ ਖ਼ਤਰਾ ਸਦਾ ਹੈ।

ਜਦੋਂ ਤੁਸੀਂ ਵਿਚਕਾਰ ਆਓਗੇ, ਉਚਾਰਣ ਨੂੰ ਛੱਡੋਗੇ, ਸ਼ਬਦ ਵਿੱਚ ਠਹਿਰੋਗੇ—ਉਥੋਂ ਦੋ ਰਾਹ ਖੁਲ੍ਹਦੇ ਹਨ। ਇੱਕ ਰਾਹ ਹੈ ਪੰਡਿਤ ਹੋਣ ਦਾ, ਕਿਉਂਕਿ ਹੁਣ ਤੁਸੀਂ ਸ਼ਬਦ ਦੇ ਮਾਲਿਕ ਹੋ ਜਾਓਗੇ। ਹੁਣ ਤੁਸੀਂ ਸ਼ਬਦ ਵਿੱਚ ਖਲੋਤੇ ਹੋ। ਤੁਸੀਂ ਇੱਕ ਪਰਤ ਪਾਰ ਕਰ ਲਈ ਹੈ। ਕੁਝ ਥੋੜ੍ਹੀ ਝਲਕ ਵੀ ਪਾਈ ਹੈ। ਹੁਣ ਤੁਹਾਡੇ ਸਾਹਮਣੇ ਦੋ ਰਸਤੇ ਹਨ—ਇੱਕ ਤਾਂ ਗਿਆਨੀ ਦਾ ਰਾਹ ਹੈ ਕਿ ਹੁਣ ਤੁਸੀਂ ਸ਼ਬਦ ਨੂੰ ਵੀ ਛੱਡ ਦਿਓ,

ਪੂਰਣ ਅਨੁਚਾਰਣ (ਬਿਨਾਂ ਉਚਾਰਣ ਦੇ) ਵਿੱਚ ਲੀਨ ਨੋ ਜਾਓ। ਇਸ ਲਈ ਗੁਰੂ ਜਦ ਤੱਕ ਨਾ ਕਹੇ, ਦੂਜਿਆਂ ਨੂੰ ਦੱਸਣ ਨਾ ਜਾਣਾ।

ਬੁੱਧ ਦਾ ਇੱਕ ਸ਼ਿੱਸ਼ ਪੂਰਣ ਕਾਸ਼ਯਪ—ਹੋਇਆ। ਉਹ ਗਿਆਨ ਨੂੰ ਪ੍ਰਾਪਤ ਹੋ ਗਿਆ, ਪਰ ਚੁੱਪ ਚਾਪ ਬੁੱਧ ਦੇ ਪਿੱਛੇ ਛਾਂ ਦੇ ਵਾਂਗ ਟੁਰਦਾ ਰਿਹਾ। ਸਾਲ ਕੁ ਪਿੱਛੋਂ—ਉਸਦੇ ਗਿਆਨ ਪ੍ਰਾਪਤੀ ਦੇ ਸਾਲ ਕੁ ਪਿੱਛੋਂ—ਬੁੱਧ ਨੇ ਉਸ ਨੂੰ ਸੱਦਿਆ ਕਿ ਹੁਣ ਤੂੰ ਮੇਰੀ ਛਾਂ ਦੀ ਤਰ੍ਹਾਂ ਕਿਉਂ ਭਟਕ ਰਿਹਾ ਹੈਂ? ਹੁਣ ਤੂੰ ਜਾ ਅਤੇ ਜੋ ਤੂੰ ਜਾਣਿਆ ਹੈ, ਲੋਕਾਂ ਨੂੰ ਦੱਸ। ਪੂਰਣ ਨੇ ਕਿਹਾ, ਮੈਂ ਤੁਹਾਡੀ ਆਗਿਆ ਦੀ ਉਡੀਕ ਕਰਦਾ ਸੀ। ਕਿਉਂਕਿ ਮਨ ਦਾ ਕੀ ਵਿਸ਼ਵਾਸ! ਦੱਸਣ 'ਚ ਕਿਤੇ ਰਸ ਆ ਜਾਵੇ ਅਤੇ ਜਿਹੜਾ ਵੱਡੀ ਮੁਸ਼ਕਿਲ ਨਾਲ ਪਾਇਆ ਹੈ, ਕਿਤੇ ਦੱਸਣ ਚ ਗੁਆਚ ਜਾਵੇ ! ਕਿਤੇ ਆਕੜ ਆ ਜਾਏ, ਕਿਤੇ ਹੰਕਾਰ ਪੈਦਾ ਹੋਣ ਲੱਗੇ ਕਿ ਮੈਂ ਜਾਣਦਾ ਹਾਂ।

ਗਿਆਨ ਨੂੰ ਪਾਉਣਾ ਔਖਾ ਹੈ, ਗੁਆਉਣਾ ਸੌਖਾ ਹੈ, ਕਿਉਂਕਿ ਬਹੁਤ ਬਰੀਕ ਰਾਹ ਹੈ। ਰਾਹ ਵਿੱਚ ਹੀ ਭਟਕ ਸਕਦੇ ਹੋ। ਤਾਂ ਪੂਰਣ ਕਾਸ਼ਯਪ ਨੇ ਕਿਹਾ, 'ਜਦ ਤੁਸੀਂ ਸਮਝੋਗੇ ਕਿ ਦੱਸ ਸਕਦਾ ਹਾਂ, ਤਦ ਤੁਸੀਂ ਆਪ ਹੀ ਕਹੋਗੇ। ਇਸ ਲਈ ਮੈਂ ਚੁੱਪ ਸੀ।

ਗੁਰੂ ਜਦ ਤੱਕ ਨਾ ਕਹੇ, ਤਦ ਤੱਕ ਦੱਸਣ ਨਾ ਜਾਣਾ, ਨਹੀਂ ਤਾਂ ਪਛਤਾਓਗੇ। ਹੋਰ ਪਛਤਾਵਾ ਭਾਰੀ ਹੋਵੇਗਾ ਕਿ ਨੇੜੇ-ਨੇੜੇ ਕੰਢੇ 'ਤੇ ਪੁੱਜ ਰਹੇ ਸੀ ਅਤੇ ਭਟਕ ਗਏ। ਬੇੜੀ ਲੱਗਣ ਨੂੰ ਹੀ ਸੀ ਕਿ ਫ਼ਿਰ ਕੰਢਾ ਦੂਰ ਹੋ ਗਿਆ। ਹੱਥ ਪੁੱਜਣ ਦੇ ਨੇੜੇ ਸਨ ਕਿ ਤੁਸੀਂ ਕਿਸੇ ਹੋਰ ਦੂਜੀ ਗੱਲ 'ਚ ਲੀਨ ਹੋ ਗਏ। ਪੰਡਤਾਈ ਆਖ਼ਰੀ ਲਾਲਚ ਹੈ, ਕਿਉਂਕਿ ਹੰਕਾਰ ਆਖ਼ਰੀ ਲਾਲਚ ਹੈ। ਨਾਨਕ ਕਹਿੰਦੇ ਹਨ—

*"ਮੰਨੇ ਕੀ ਗਤਿ ਕਹੀ ਨ ਜਾਇ॥ ਜੇ ਕੋ ਕਹੈ ਪਿਛੈ ਪਛੁਤਾਇ॥"*

ਮਨਨ ਦੀ ਗਤਿ ਕਹੀ ਨਹੀਂ ਜਾ ਸਕਦੀ। ਜਿਹੜਾ ਇਸਨੂੰ ਕਹਿੰਦਾ ਹੈ, ਉਹ ਪਿੱਛੋਂ ਪਛਤਾਉਂਦਾ ਹੈ। ਨਾ ਕਾਗਜ਼ ਹੈ, ਨਾ ਕਲਮ ਹੈ, ਨਾ ਲਿੱਖਣ ਵਾਲਾ ਹੈ, ਜਿਹੜਾ ਮਨਨ ਦੀ ਸਥਿਤੀ ਉਤੇ ਵਿਚਾਰ ਕਰ ਸਕੇ। ਕਹੇਗਾ ਕੌਣ? ਕਿਉਂਕਿ ਜਿਵੇਂ-ਜਿਵੇਂ ਮਨਨ ਡੂੰਘਾ ਹੁੰਦਾ ਹੈ, ਤਿਵੇਂ-ਤਿਵੇਂ ਕਰਤਾ ਤਾਂ ਗੁਆਚਦਾ ਜਾਂਦਾ ਹੈ, ਮਨ ਸਮਾਪਤ ਹੋਣ ਲੱਗਦਾ ਹੈ। ਮਨਨ, ਮਨ ਦੀ ਮੌਤ ਹੈ।

ਮਨ ਕਹਿ ਸਕਦਾ ਹੈ, ਲਿਖ ਸਕਦਾ ਹੈ। ਬੋਲ ਸਕਦਾ ਹੈ। ਦੱਸ ਸਕਦਾ ਹੈ। ਮਨ ਦੀ ਸਾਰੀ ਕੁਸ਼ਲਤਾ ਦੱਸਣ ਦੀ ਹੈ। ਤਾਂ ਤੁਸੀਂ ਜੋ ਨਹੀਂ ਜਾਣਦੇ, ਉਹ ਵੀ ਮਨ ਦੱਸ ਸਕਦਾ ਹੈ ਅਤੇ ਮਨ ਦੇ ਬਾਰ-ਬਾਰ ਦੱਸਣ ਨਾਲ ਤੁਸੀਂ ਇਸ ਭੁਲੇਖੇ ਵਿੱਚ ਵੀ ਪੈ ਸਕਦੇ ਹੋ ਕਿ ਮੈਂ ਜਾਣਦਾ ਹਾਂ। ਕਿਉਂਕਿ ਜਿਸ ਗੱਲ ਨੂੰ ਤੁਸੀਂ ਬਾਰ-ਬਾਰ ਦੱਸਦੇ ਹੋ, ਤੁਸੀਂ ਭੁੱਲ ਹੀ ਜਾਂਦੇ ਹੋ ਕਿ ਮੈਂ ਵੀ ਇਸ ਨੂੰ ਜਾਣਿਆ ਜਾਂ ਨਹੀਂ। ਤੁਹਾਨੂੰ ਲੱਗਣ ਲੱਗਦਾ ਹੈ ਕਿ

ਮੈਂ ਵੀ ਜਾਣਦਾ ਹਾਂ। ਸੋਚਣਾ, ਕੀ ਤੁਸੀਂ ਉਹ ਹੀ ਗੱਲਾਂ ਕਹਿੰਦੇ ਹੋ, ਜਿਹੜੀਆਂ ਤੁਸੀਂ ਜਾਣਦੇ ਹੋ ਜਾਂ ਉਹ ਗੱਲਾਂ ਵੀ ਕਹਿੰਦੇ ਹੋ, ਜਿਹੜੀਆਂ ਤੁਸੀਂ ਨਹੀਂ ਜਾਣਦੇ?

ਤੁਸੀਂ ਜਾਣਦੇ ਹੋ ਪਰਮਾਤਮਾ ਨੂੰ? ਨਹੀਂ ਜਾਣਦੇ ਤਾਂ ਕਿਸੇ ਨੂੰ ਨਾ ਕਹਿਣਾ ਕਿ 'ਹੈ'। ਤੁਸੀਂ ਸਤਯ ਨੂੰ ਜਾਣਿਆ? ਨਹੀਂ ਜਾਣਦੇ ਤਾਂ ਕਿਸੇ ਨੂੰ ਨਾ ਦੱਸਣਾ ਕਿ 'ਹੈ', ਕਿਉਂਕਿ ਖ਼ਤਰਾ ਇਹ ਨਹੀਂ ਕਿ ਦੂਜਾ ਭੁਲੇਖੇ ਵਿੱਚ ਪਵੇਗਾ, ਖ਼ਤਰਾ ਇਹ ਹੈ ਕਿ ਬਾਰ-ਬਾਰ ਦੁਹਰਾ ਕੇ ਤੁਸੀਂ ਆਪ ਹੀ ਭੁਲੇਖੇ 'ਚ ਪੈ ਜਾਓਗੇ। ਵਾਰ-ਵਾਰ ਦੁਹਰਾਉਣ ਨਾਲ ਤੁਹਾਨੂੰ ਇਹ ਵਿਸ਼ਵਾਸ ਆ ਜਾਏਗਾ ਕਿ ਮੈਂ ਜਾਣਦਾ ਹਾਂ।

ਅਤੇ ਇਹ ਭੁਲੇਖਾ ਬਹੁਤ ਬਰੀਕ ਹੈ। ਇੱਕ ਵਾਰੀ ਇਹ ਖਿਆਲ ਆ ਗਿਆ ਕਿ ਮੈਂ ਜਾਣਦਾ ਹਾਂ, ਬਿਨਾਂ ਜਾਣੇ, ਤਾਂ ਫ਼ਿਰ ਤੁਹਾਡੀ ਬੇੜੀ ਕਦੇ ਵੀ ਕੰਢੇ ਨਹੀਂ ਲੱਗ ਸਕੇਗੀ। ਸੁੱਤੇ ਨੂੰ ਤਾਂ ਜਗਾਇਆ ਜਾ ਸਕਦਾ ਹੈ, ਪਰ ਜਾਗਿਆ ਹੋਇਆ ਜਿਹੜਾ ਪਿਆ ਹੈ, ਉਸਨੂੰ ਫ਼ਿਰ ਕਿਵੇਂ ਜਗਾਈਏ! ਅਗਿਆਨੀ ਨੂੰ ਉਠਾਇਆ ਜਾ ਸਕਦਾ ਹੈ, ਪਰ ਜਿਹੜਾ ਗਿਆਨੀ ਬਣ ਕੇ ਖਲੋਤਾ ਹੈ, ਉਸਨੂੰ ਕਿਵੇਂ ਉਠਾਈਏ। ਤੁਸੀਂ ਫ਼ਿਰ ਉਨ੍ਹਾਂ ਦੇ ਕੋਲ ਜਾਣ ਤੋਂ ਬਚੋਗੇ, ਜਿਥੋਂ ਤੁਹਾਡਾ ਅਗਿਆਨ ਪ੍ਰਗਟ ਹੁੰਦਾ ਹੋਵੇ। ਤੁਸੀਂ ਉਨ੍ਹਾਂ ਦੇ ਕੋਲ ਹੀ ਜਾਓਗੇ, ਜਿੱਥੇ ਤੁਹਾਡਾ ਗਿਆਨ ਮਜ਼ਬੂਤ ਹੁੰਦਾ ਹੋਵੇ।

ਪੰਡਿਤ ਅਗਿਆਨੀ ਨੂੰ ਲੱਭੇਗਾ, ਗਿਆਨੀ ਤੋਂ ਬਚੇਗਾ। ਜੇਕਰ ਨਾਨਕ ਪਿੰਡ ਆ ਜਾਣ ਤਾਂ ਪੰਡਿਤ ਪਿੰਡ ਛੱਡ ਕੇ ਭੱਜ ਜਾਵੇਗਾ, ਕਿਉਂਕਿ ਪੰਡਿਤ ਨੂੰ ਇੱਕ ਹੀ ਡਰ ਹੈ ਕਿ ਕਿਤੇ ਕੋਈ ਉਹ ਸਥਿਤੀ ਨਾ ਵਿਖਾ ਦੇਵੇ ਜੋ ਅਸਲੀ ਹੈ, ਕਿਤੇ ਕੋਈ ਪਰਦਾ ਨਾ ਉਠਾ ਦੇਵੇ। ਬੜੀ ਮੁਸ਼ਕਿਲ ਨਾਲ ਪਰਦੇ ਨੂੰ ਸਾਂਭਿਆ ਹੈ, ਬੜੀ ਮੁਸ਼ਕਿਲ ਨਾਲ ਕਹਿਣ ਦੀ ਸਥਿਤੀ ਬਣੀ ਹੈ ਕਿ ਅਸੀਂ ਜਾਣਦੇ ਹਾਂ, ਕੋਈ ਇਸਨੂੰ ਉਘਾੜ ਨਾ ਦੇਵੇ। ਇਹ ਏਨੀ ਕਮਜ਼ੋਰ ਹੈ— ਕਿਉਂਕਿ ਝੂਠੀ ਹੈ, ਕਮਜ਼ੋਰ ਹੋਏਗੀ ਹੀ। ਇਹ ਜ਼ਰਾ ਜਿੰਨੀ ਸੱਟ ਨਾਲ ਤੋੜੀ ਜਾ ਸਕਦੀ ਹੈ।

ਨਾਨਕ ਕਹਿੰਦੇ ਹਨ—ਜਿੱਥੇ ਨਾ ਕਾਗਜ਼, ਨਾ ਕਲਮ, ਨਾ ਲਿਖਣ ਵਾਲਾ ਹੈ, ਤਾਂ ਮਨ ਦੀ ਸਥਿਤੀ ਤਾਂ ਉਥੇ ਰਹੀ ਨਹੀਂ, ਮਨਨ ਉਤੇ ਵਿਚਾਰ ਕੌਣ ਕਰੇ! ਅਤੇ ਮਨਨ ਦੀ ਖ਼ਬਰ ਕੌਣ ਲਿਆਵੇ! "ਉਹ ਨਿਰੰਜਨ ਨਾਉਂ ਹੀ ਇਹੋ ਜਿਹਾ ਹੈ ਕਿ ਜਿਹੜਾ ਕੋਈ ਮਨਨ ਕਰਦਾ ਹੈ, ਉਸਦਾ ਮਨ ਹੀ ਜਾਣਦਾ ਹੈ।"

ਬੱਸ ਤੁਸੀਂ ਜਾਣੋਗੇ—ਗੂੰਗੇ ਦਾ ਗੁੜ ਹੋ ਜਾਵੇਗਾ ਅਤੇ ਕਹਿ ਨਾ ਪਾਓਗੇ, ਬੁੱਲ ਮੀਚੇ ਜਾਣਗੇ, ਗਲਾ (ਕੰਠ) ਰੁਕ ਜਾਵੇਗਾ। ਹਿਰਦਾ ਭਰ ਜਾਏਗਾ। ਏਨਾ ਭਰ ਜਾਏਗਾ ਕਿ ਤੁਸੀਂ ਰੋ ਸਕੋਗੇ, ਹੱਸ ਸਕੋਗੇ, ਕਹਿ ਨਾ ਸਕੋਗੇ। ਲੋਕ ਤੁਹਾਨੂੰ ਪਾਗਲ ਸਮਝਣਗੇ, ਪੰਡਿਤ ਨਹੀਂ, ਕਿਉਂਕਿ ਤੁਹਾਡੇ ਅੰਦਰ ਏਨਾ ਭਰਿਆ ਹੋਵੇਗਾ ਕਿ ਤੁਹਾਡੇ ਰੋਮ-ਰੋਮ

ਚੋਂ ਛਲਕੇਗਾ।

ਤੁਸੀਂ ਨੱਚ ਸਕੋਗੇ, ਗਾ ਸਕੋਗੇ, ਪਰ ਤੁਸੀਂ ਕਹਿ ਨਾ ਸਕੋਗੇ। ਇਸ ਲਈ ਤਾਂ ਨਾਨਕ ਗਾਉਂਦੇ ਹੀ ਰਹਿੰਦੇ ਹਨ। ਮਰਦਾਨਾ ਵਜਾਉਂਦਾ ਹੀ ਰਹਿੰਦਾ ਹੈ, ਨਾਨਕ ਗਾਉਂਦੇ ਹੀ ਰਹਿੰਦੇ ਹਨ। ਜਦ ਵੀ ਨਾਨਕ ਤੋਂ ਕੋਈ ਕੁਝ ਪੁੱਛਦਾ ਹੈ ਤਾਂ ਉਹ ਮਰਦਾਨੇ ਨੂੰ ਇਸ਼ਾਰਾ ਕਰ ਦਿੰਦੇ ਕਿ ਸ਼ੁਰੂ ਕਰਦੇ ਰਬਾਬ ਅਤੇ ਕਹਿੰਦੇ, ਸੁਣੋ ਤੇ ਗੀਤ ਸ਼ੁਰੂ ਹੋ ਜਾਂਦਾ। ਨਾਨਕ ਨੇ ਇਹ ਸਭ ਗਾਇਆ ਹੈ, ਕਿਹਾ ਨਹੀਂ ਹੈ।

ਜੇਕਰ ਤੁਸੀਂ ਗਿਆਨੀ ਦੇ ਵਾਕ ਨੂੰ ਠੀਕ ਤਰ੍ਹਾਂ ਸਮਝੋ ਤਾਂ ਤੁਸੀਂ ਪਾਓਗੇ ਕਿ ਜੇਕਰ ਉਹ ਕਹਿੰਦਾ ਵੀ ਹੈ, ਤਾਂ ਵੀ ਗਾਉਂਦਾ ਹੈ। ਤੁਸੀਂ ਇੱਕ ਕਵਿਤਾ ਉਸਦੇ 'ਚ ਪਾਓਗੇ। ਉਹ ਜੇਕਰ ਬੈਠਾ ਵੀ ਹੈ, ਤਾਂ ਵੀ ਨੱਚਦਾ ਹੈ। ਤੁਸੀਂ ਇੱਕ ਨਾਚ ਉਸਦੇ 'ਚ ਪਾਓਗੇ ਅਤੇ ਤੁਸੀਂ ਪਾਓਗੇ ਕਿ ਉਸਦੇ ਆਲੇ-ਦੁਆਲੇ ਦੀ ਹਵਾ 'ਚ ਇੱਕ ਨਸ਼ਾ ਹੈ—ਨਸ਼ਾ ਜਿਹੜਾ ਸੁਲਾਉਂਦਾ ਨਹੀਂ ਹੈ, ਜਗਾਉਂਦਾ ਹੈ। ਨਸ਼ਾ ਜਿਹੜਾ ਬੇਹੋਸ਼ੀ 'ਚ ਨਹੀਂ ਲੈ ਜਾਂਦਾ, ਸੁਰਤਿ ਨੂੰ ਲਿਆਉਂਦਾ ਹੈ ਅਤੇ ਜੇਕਰ ਤੁਸੀਂ ਰਾਜ਼ੀ ਹੋਵੋ ਉਸਦੇ ਨਾਲ ਵਗਣ ਨੂੰ ਤਾਂ ਉਹ ਤੁਹਾਨੂੰ ਬੜੇ ਅਨਜਾਣੇ ਕੰਢਿਆਂ ਵੱਲ ਲੈ ਜਾਵੇਗਾ। ਜੇਕਰ ਤੁਸੀਂ ਉਸਦੇ ਨਾਲ ਸਾਗਰ ਵਿੱਚ ਉਤਰਨ ਨੂੰ ਰਾਜ਼ੀ ਹੋ, ਤਾਂ ਉਹ ਤੁਹਾਨੂੰ ਬੜੀ ਦੂਰ ਦੀ ਯਾਤਰਾ ਉਤੇ ਲੈ ਜਾਏਗਾ—ਆਖ਼ਰੀ ਯਾਤਰਾ ਉਤੇ, ਜਿੱਥੇ ਸਾਰੀਆਂ ਯਾਤਰਾਵਾਂ ਖ਼ਤਮ ਹੋ ਜਾਂਦੀਆਂ ਹਨ।

ਪਰ ਗਿਆਨੀ ਦੇ ਕੋਲ ਜਿਹੜਾ ਸੁਰ ਹੈ, ਉਹ ਵਕਤਾ (ਬੋਲਣ ਵਾਲਾ) ਦਾ ਘੱਟ ਅਤੇ ਗਾਇਕ ਦਾ ਜ਼ਿਆਦਾ ਹੈ। ਉਹ ਬੋਲਣ ਵਾਲਾ ਘੱਟ, ਗਾਉਣ ਵਾਲਾ ਜ਼ਿਆਦਾ ਹੈ, ਕਿਉਂਕਿ ਜੋ ਪਾਇਆ ਹੈ ਉਹ ਬੋਲ ਕੇ ਤਾਂ ਕਿਹਾ ਹੀ ਨਹੀਂ ਜਾ ਸਕਦਾ। ਗੀਤ ਸ਼ਾਇਦ ਉਸਦੀ ਭਣਕ ਵੀ ਦੇ ਦੇਵੇ। ਸ਼ਾਇਦ ਗੀਤ ਵਿੱਚ ਉਸਦੀ ਥੋੜ੍ਹੀ ਜਿਹੀ ਝਲਕ ਆ ਜਾਵੇ। ਸ਼ਾਇਦ ਤੁਸੀਂ ਮਸਤ ਹੋ ਜਾਓ।

ਗੁਰਜਿਯੇਫ਼ ਕਿਹਾ ਕਰਦਾ ਸੀ ਕਿ ਕਲਾ ਦੋ ਤਰ੍ਹਾਂ ਦੀ ਹੁੰਦੀ ਹੈ। ਇੱਕ ਕਲਾਤਾਂ ਸਾਧਾਰਣ ਕਲਾ ਹੈ—ਜਿਸ ਵਿੱਚ ਚਿੱਤ੍ਰਕਾਰ, ਮੂਰਤੀਕਾਰ, ਸੰਗੀਤਕਾਰ ਆਪਣੇ ਮਨੋਭਾਵ ਪ੍ਰਗਟ ਕਰਦਾ ਹੈ। ਪਿਕਾਸੋ ਵਰਗੇ ਵੱਡੇ ਤੋਂ ਵੱਡੇ ਚਿੱਤ੍ਰਕਾਰ ਹੋਣ ਤਾਂ ਵੀ ਆਪਣੇ ਮਨੋਭਾਵ ਪ੍ਰਗਟ ਕਰਦੇ ਹਨ। ਜਿਹੜੀ ਉਨ੍ਹਾਂ ਦੀ ਮਨੋਦਸ਼ਾ ਹੈ, ਉਸਨੂੰ ਚਿੱਤ੍ਰ ਵਿੱਚ, ਗੀਤ ਵਿੱਚ ਬਨ੍ਹਦੇ ਹਨ। ਇਹ ਸਾਧਾਰਣ ਕਲਾ ਹੈ। ਇਸਨੂੰ ਗੁਰਜਿਯੇਫ਼ **Subjective Art**, ਕਹਿੰਦਾ ਹੈ—ਵਿਸ਼ੇਈਗਤ। ਅਤੇ ਦੂਜੀ ਕਲਾ ਨੂੰ ਉਹ **Objective Art** ਕਹਿੰਦਾ ਹੈ— ਵਿਸ਼ੇਗਤ!

ਉਹ ਕਹਿੰਦਾ ਹੈ—ਤਾਜ ਮਹਿਲ ਦੂਜੇ ਤਰ੍ਹਾਂ ਦੀ ਕਲਾ ਹੈ ਜਾਂ ਅਜੰਤਾ, ਅਲੋਰਾ

ਦੀਆਂ ਗੁਫ਼ਾਵਾਂ ਦੂਜੇ ਤਰ੍ਹਾਂ ਦੀਆਂ ਕਲਾਵਾਂ ਹਨ। ਇਨ੍ਹਾਂ ਕਲਾਵਾਂ ਵਿੱਚ ਜੋ ਚਿੱਤ੍ਰਕਾਰ ਹੈ, ਮੂਰਤੀਕਾਰ ਹੈ, ਉਹ ਆਪਣਾ ਕੋਈ ਭਾਵ ਪ੍ਰਗਟ ਨਹੀਂ ਕਰ ਰਿਹਾ ਹੈ। ਇਨ੍ਹਾਂ ਕਲਾਵਾਂ ਵਿੱਚ ਉਹ ਸਿਰਫ਼ ਇੱਕ ਸਥਿਤੀ ਪੈਦਾ ਕਰ ਰਿਹਾ ਹੈ। ਉਸ ਸਥਿਤੀ ਦੇ ਮਾਧਯਮ ਨਾਲ ਵੇਖਣ ਵਾਲੇ 'ਚ ਕੋਈ ਭਾਵ ਪੈਦਾ ਹੋਵੇਗਾ।

ਬੁੱਧ ਦੀ ਇੱਕ ਮੂਰਤੀ ਹੈ। ਤੁਸੀਂ ਜੇਕਰ ਉਸਨੂੰ ਵੇਖਦੇ ਵੀ ਰਹੋ—ਜੇਕਰ ਸੱਚ-ਮੁੱਚ ਹੀ 'Objective Art' ਹੋਵੇ, ਜਿਸਨੇ ਬਣਾਈ ਹੈ, ਉਸਨੇ ਬੁੱਧਤਵ ਨੂੰ ਜਾਣਿਆ ਹੋਵੇ ਤਾਂ ਮੂਰਤੀ ਨੂੰ ਵੇਖਦੇ-ਵੇਖਦੇ ਤੁਹਾਡੀ ਤਾੜੀ ਲੱਗ ਜਾਏਗੀ। ਮੂਰਤੀ ਨੂੰ ਵੇਖਦੇ-ਵੇਖਦੇ ਤੁਸੀਂ ਪਾਓਗੇ ਕਿ ਤੁਸੀਂ ਆਪਣੇ ਹੀ ਅੰਦਰ ਕਿਸੇ ਡੂੰਘੀ ਖਾਈ 'ਚ ਉਤਰ ਗਏ, ਕਿਸੀ ਡੂੰਘਾਈ ਵਿੱਚ ਚਲੇ ਗਏ। ਮੂਰਤੀ ਨੂੰ ਵੇਖਦੇ-ਵੇਖਦੇ ਹੀ ਟੁੱਭੀ ਲੱਗ ਜਾਵੇਗੀ। ਮੂਰਤੀ ਮਨਨ ਹੋ ਜਾਵੇਗੀ।

ਮੰਦਰਾਂ ਵਿੱਚ ਮੂਰਤੀਆਂ ਅਸੀਂ ਇਵੇਂ ਹੀ ਨਹੀਂ ਰਖੀਆਂ ਸਨ ! ਉਹ 'Objective Art' ਸਨ। ਸੰਗੀਤ ਅਸੀਂ ਇਵੇਂ ਹੀ ਨਹੀਂ ਪੈਦਾ ਕੀਤਾ ਸੀ, ਸੰਗੀਤ ਪਹਿਲਾਂ ਤਾਂ ਸਮਾਧੀ ਤੋਂ ਹੀ ਜਨਮਿਆ। ਪਹਿਲਾਂ ਸੰਗੀਤ ਦੇ ਜਨਮਦਾਤਾ ਤਾਂ ਸਮਾਧਿਸਥ (ਸਮਾਧੀ ਨੂੰ ਪ੍ਰਾਪਤ) ਪੁਰਖ ਸਨ। ਉਨ੍ਹਾਂ ਦੇ ਅੰਦਰ ੧ਓ ਦਾ ਨਾਦ ਸੁਣਿਆ, ਫ਼ਿਰ ਉਸ ਨਾਦ ਨੂੰ ਖੋਜਿਆ ਕਿ ਕਿਵੇਂ ਉਸ ਨਾਦ ਦੀ ਕਾਪੀ ਬਾਹਰ ਪੈਦਾ ਕੀਤੀ ਜਾ ਸਕਦੀ ਹੈ, ਤਾਂ ਕਿ ਜਿਨ੍ਹਾਂ ਨੂੰ ਉਸ ਅੰਦਰ ਦੇ ਨਾਦ ਦਾ ਪਤਾ ਨਹੀਂ, ਸ਼ਾਇਦ ਬਾਹਰ ਦੇ ਨਾਦ ਨਾਲ ਹੀ ਥੋੜ੍ਹਾ ਕੁ ਉਨ੍ਹਾਂ ਨੂੰ ਸੁਆਦ ਲੱਗ ਜਾਵੇ ! ਛੋਟੇ ਬੱਚੇ ਤਾਂ ਘਟੋ-ਘੱਟ ਪੁੱਜ ਹੀ ਜਾਂਦੇ ਹਨ। ਚਲੋ ਪ੍ਰਸ਼ਾਦ ਦੇ ਬਹਾਨੇ ਹੀ ਸਹੀ, ਪਰ ਮੰਦਰ ਵਿੱਚ ਆਉਣਾ ਹੀ ਮੁੱਲਵਾਨ ਹੈ। ਸ਼ਾਇਦ ਬਾਹਰ ਦੀ ਧੁਨ ਥੋੜ੍ਹਾ ਜਿਹਾ ਪ੍ਰਸ਼ਾਦ ਬਣ ਜਾਏ ਅਤੇ ਉਸ ਧੁਨ 'ਚ ਤੁਹਾਨੂੰ ਅੰਦਰ ਦੀ ਯਾਦ ਆ ਜਾਵੇ।

ਸੰਗੀਤ ਵਿੱਚ ਜਿਹੜਾ ਰਸ ਹੈ, ਉਹ ਸਮਾਧੀ ਦੀ ਹੀ ਝਲਕ ਹੈ। ਨਾਚ ਅਸੀਂ ਪੈਦਾ ਕੀਤੇ ਸਨ, ਉਹ 'Objective Art' ਸਨ। ਉਨ੍ਹਾਂ ਨੂੰ ਵੇਖਦੇ-ਵੇਖਦੇ ਤੁਸੀਂ ਅਚਾਨਕ ਕਿਸੇ ਹੋਰ ਲੋਕ ਦੇ ਅੰਦਰ ਗੁਆਚ ਜਾਓਗੇ, ਬੇੜੀ ਕੰਢੇ ਤੋਂ ਛੁਟ ਜਾਵੇਗੀ।

ਨਾਨਕ ਦੇ ਸੰਬੰਧ ਵਿੱਚ ਇਹ ਯਾਦ ਰੱਖਣਾ ਕਿ ਨਾਨਕ ਨੇ ਜੋ ਵੀ ਕਿਹਾ ਹੈ, ਉਹ ਉਨ੍ਹਾਂ ਨੇ ਗਾਇਆ ਹੈ। ਜੋ ਵੀ ਕਹਿਣਾ ਚਾਹਿਆ ਹੈ, ਉਸਨੂੰ ਨਾਦ ਨਾਲ ਪੁਜਾਇਆ ਹੈ, ਕਿਉਂਕਿ ਅਸਲੀ ਚੀਜ਼ ਨਾਦ ਹੈ। ਜੋ ਉਹ ਕਹਿ ਰਹੇ ਹਨ, ਉਹ ਅਸਲੀ ਗੱਲ ਨਹੀਂ ਹੈ, ਉਹ ਤਾਂ ਬਹਾਨਾ ਹੈ। ਤੁਹਾਡੇ ਅੰਦਰ ਸੁਰ ਗੂੰਜਾਉਣਾ ਹੈ ਅਤੇ ਜੇਕਰ ਸੁਰ ਠੀਕ ਤਰ੍ਹਾਂ ਗੂੰਜਣ ਲੱਗੇ ਤਾਂ ਤੁਹਾਡੇ ਅੰਦਰ ਜੋ ਵਿਚਾਰ ਦੀ ਪ੍ਰਕ੍ਰਿਆ ਹੈ। ਉਹ ਤਿੱਤਰ-ਬਿੱਤਰ ਹੋ ਜਾਵੇਗੀ ਅਤੇ ਤੁਸੀਂ ਸ਼ਬਦ ਦੇ ਦੂਜੇ ਤੱਲ ਉਤੇ ਪੁੱਜ ਜਾਓਗੇ। ਜੇਕਰ ਤੁਸੀਂ

ਰਾਜ਼ੀ ਹੋਵੋ ਵਗਣ ਨੂੰ ਤੇ ਜੇਕਰ ਤੁਸੀਂ ਕੰਢੇ ਨਾਲ ਜਕੜੇ ਨਹੀਂ ਹੋ, ਜੇਕਰ ਤੁਸੀਂ ਕੰਢੇ ਨੂੰ ਪਾਗਲ ਦੇ ਵਾਂਗੂ ਫੜ ਨਹੀਂ ਰੱਖਿਆ ਹੈ, ਜੇਕਰ ਤੁਸੀਂ ਛੱਡਣ ਦੀ ਹਿੰਮਤ ਰੱਖਦੇ ਹੋ ਤਾਂ ਤੀਜੀ ਘਟਨਾ ਵੀ ਘਟ ਜਾਏਗੀ। ਮਨਨ ਪੈਦਾ ਹੋ ਜਾਏਗਾ।

ਕਹਿੰਦੇ ਹਨ ਨਾਨਕ—ਮਨਨ ਉਤੇ ਕੌਣ, ਕੀ ਕਹੇ! ਨਾ ਕਾਗਜ਼, ਨਾ ਕਲਮ, ਨਾ ਲਿਖਣ ਵਾਲਾ, ਮਨਨ ਦੀ ਸਥਿਤੀ ਉਤੇ ਵਿਚਾਰ ਕੌਣ ਕਰੇ! ਪਰ ਉਹ 'ਨਾਮ ਨਿਰੰਜਨ' ਹੀ ਇਹੋ ਜਿਹਾ ਹੈ ਕਿ ਜਿਹੜਾ ਕੋਈ ਮਨਨ ਕਰਦਾ ਹੈ, ਉਸ ਦਾ ਮਨ ਹੀ ਜਾਣਦਾ ਹੈ। ਉਹ ਗੁੰਗੇ ਦਾ ਗੁੜ ਹੈ, ਜਿਹੜਾ ਚਖ ਲੈਂਦਾ ਹੈ, ਉਹ ਜਾਣਦਾ ਹੈ। ਫ਼ਿਰ ਜ਼ਿੰਦਗੀ ਭਰ ਭੁੱਲਦਾ ਨਹੀਂ, ਅਨੰਤ ਜਨਮਾਂ ਤੱਕ ਨਹੀਂ ਭੁੱਲਦਾ, ਅਨੰਤ ਕਾਲ ਤੱਕ ਨਹੀਂ ਭੁੱਲਦਾ। ਇੱਕ ਵਾਰ ਉਸਦਾ ਸੁਆਦ ਆ ਗਿਆ ਤਾਂ ਉਹ ਸੁਆਦ ਤੁਹਾਤੋਂ ਵੱਡਾ ਹੈ, ਤੁਸੀਂ ਉਸਨੂੰ ਭੁੱਲ ਨਹੀਂ ਸਕੋਗੇ। ਉਹ ਸੁਆਦ ਏਨਾ ਵੱਡਾ ਹੈ ਕਿ ਤੁਸੀਂ ਉਸ ਸੁਆਦ ਵਿੱਚ ਸਮਾਂ ਜਾਓਗੇ, ਉਹ ਸੁਆਦ ਤੁਹਾਡੇ ਵਿੱਚ ਨਹੀਂ ਸਮਾਏਗਾ। ਉਹ ਸੁਆਦ ਸਾਗਰ ਵਰਗਾ ਹੈ। ਤੁਸੀਂ ਬੂੰਦ ਕੁ ਵਰਗੇ ਉਸਦੇ ਵਿੱਚ ਗੁਆਚ ਜਾਓਗੇ।

ਜੇਕਰ ਠੀਕ ਤਰ੍ਹਾਂ ਸਮਝੋ ਤਾਂ ਪਰਮਾਤਮਾ ਦਾ ਸੁਆਦ ਤੁਸੀਂ ਕਿਵੇਂ ਲਓਗੇ! ਪਰਮਾਤਮਾ ਹੀ ਤੁਹਾਡਾ ਸੁਆਦ ਲੈ ਲੈਂਦਾ ਹੈ, ਜੇਕਰ ਤੁਸੀਂ ਰਾਜ਼ੀ ਹੋਵੋ। ਤੁਸੀਂ ਉਸ ਸੁਆਦ 'ਚ ਲੀਨ ਹੋ ਜਾਂਦੇ ਹੋ, ਡੁੱਬ ਜਾਂਦੇ ਹੋ, ਇਕਤਾਨਤਾ ਸਧ ਜਾਂਦੀ ਹੈ। ਉਹ ਨਾਮ ਨਿਰੰਜਨ ਹੀ ਇਹੋ ਜਿਹਾ ਹੈ। "ਮਨਨ ਨਾਲ ਹੀ ਮਨ ਅਤੇ ਬੁੱਧੀ 'ਚ ਸੁਰਤਿ-ਸਮਰਣ ਦਾ ਉਜਾਗਰ ਹੁੰਦਾ ਹੈ।"

ਜਿਵੇਂ-ਜਿਵੇਂ ਤੁਸੀਂ ਵਾਰਤਾਲਾਪ 'ਚ ਜਾਂਦੇ ਹੋ, ਤਿਵੇਂ-ਤਿਵੇਂ ਸਮ੍ਰਿਤੀ ਗੁਆਚ ਜਾਂਦੀ ਹੈ। ਤੁਸੀਂ ਕਦੇ ਸੋਚਿਆ ਹੋਵੇ, ਜਾਂ ਨਾ ਸੋਚਿਆ ਹੋਵੇ, ਹੁਣ ਸੋਚਣਾ, ਜਾਂਚ ਕਰਨਾ— ਤੁਹਾਡੀ ਜ਼ਿੰਦਗੀ ਦੇ ਉਪੱਦਰ ਤੁਹਾਡੇ ਬੋਲਣ ਨਾਲ ਪੈਦਾ ਹੁੰਦੇ ਹਨ, ਨੱਬੇ ਪ੍ਰਤਿਸ਼ਤ, ਉਸ ਤੋਂ ਵੀ ਜ਼ਿਆਦਾ। ਤੁਸੀਂ ਜੇਕਰ ਨਾ ਬੋਲੋ ਤਾਂ ਨੱਬੇ ਪ੍ਰਤਿਸ਼ਤ ਉਪੱਦਰ ਤਾਂ ਉਸੇ ਵੇਲੇ ਢਹਿ ਪੈਣ। ਤੁਸੀਂ ਕੁਝ ਬੋਲਦੇ ਹੋ ਅਤੇ ਉਪੱਦਰ ਵਿੱਚ ਪੈਂਦੇ ਹੋ।

ਕੀ ਹੋ ਜਾਂਦਾ ਹੈ ਬੋਲਣ ਨਾਲ? ਕਿਉਂਕਿ ਬੋਲਣ ਦੀ ਅਵਸਥਾ ਵਿੱਚ ਸਭ ਤੋਂ ਘੱਟ ਸਮ੍ਰਿਤੀ ਰਹਿੰਦੀ ਹੈ, ਸਭ ਤੋਂ ਘੱਟ ਸੁਰਤਿ—awareness ਕਿਉਂਕਿ ਬੋਲਣ ਨਾਲ ਧਿਆਨ ਦੂਜੇ ਉਤੇ ਹੁੰਦਾ ਹੈ, ਆਪਣੇ ਉਤੇ ਧਿਆਨ ਦੇਣਾ ਭੁੱਲ ਜਾਂਦਾ ਹੈ। ਜਦ ਤੁਸੀਂ ਬੋਲਦੇ ਹੋ, ਤਦ ਤੁਸੀਂ ਦੂਜੇ ਵੱਲ ਜਾ ਰਹੇ ਹੋ। ਤਾਂ ਤੀਰ ਦਾ ਪਿੱਛਲਾ ਹਿੱਸਾ ਆਪਣੇ ਵੱਲ ਹੁੰਦਾ ਹੈ, ਤੀਰ ਦਾ ਫਲ਼ ਦੂਜੇ ਦੇ ਵੱਲ ਹੁੰਦਾ ਹੈ। ਚੇਤਨਾ ਇੱਕ ਤੀਰ ਹੈ। ਉਹ ਦੂਜੇ ਨੂੰ ਵੇਖਦੀ ਹੈ। ਜਿਸਦੇ ਨਾਲ ਤੁਸੀਂ ਬੋਲ ਰਹੇ ਹੋ, ਉਸ ਉਤੇ ਧਿਆਨ ਹੁੰਦਾ ਹੈ। ਆਪਣੇ ਉਤੇ ਧਿਆਨ ਭੁੱਲ ਜਾਂਦਾ ਹੈ। ਇਸ ਲਈ ਉਸ ਗ਼ੈਰ-ਭਾਨ ਦੀ ਅਵਸਥਾ ਵਿੱਚ

ਤੁਹਾਡੇ ਕੋਲੋਂ ਗੱਲਾਂ ਨਿਕਲ ਜਾਂਦੀਆਂ ਹਨ, ਜਿਨ੍ਹਾਂ ਲਈ ਤੁਸੀਂ ਫਿਰ ਜ਼ਿੰਦਗੀ ਭਰ ਪਛਤਾਉਂਦੇ ਹੋ।

ਤੁਸੀਂ ਕਿਸੇ ਇਸਤ੍ਰੀ ਨੂੰ ਕਹਿ ਬੈਠੇ ਕਿ ਮੈਂ ਤੈਨੂੰ ਪ੍ਰੇਸ ਕਰਦਾ ਹਾਂ। ਇਹ ਕਦੇ ਸੋਚ ਕੇ ਵੀ ਨਹੀਂ ਗਏ ਸੀ। ਇਹ ਪਹਿਲਾਂ ਕਦੇ ਖਿਆਲ ਵਿੱਚ ਵੀ ਨਹੀਂ ਆਇਆ ਸੀ। ਗੱਲ-ਗੱਲ ਵਿੱਚ ਗੱਲ ਹੋ ਗਈ। ਹੁਣ ਫ਼ਸੇ! ਹੁਣ ਇਸ ਤੋਂ ਮੁੜਣਾ ਮੁਸ਼ਕਿਲ ਹੋ ਗਿਆ। ਹੁਣ ਇਸ ਗੱਲ ਤੋਂ ਹੋਰ ਗੱਲਾਂ ਨਿਕਲਣਗੀਆਂ। ਜਿਵੇਂ ਪੌਂਤਿਆਂ ਵਿੱਚ ਪੱਤੇ ਲੱਗ ਜਾਂਦੇ ਹਨ, ਉਵੇਂ ਗੱਲਾਂ, 'ਚ ਗੱਲ ਲੱਗਦੀ ਜਾਂਦੀ ਹੈ। ਹੁਣ ਟੁਰ ਪਏ ਤੁਸੀਂ ਇੱਕ ਯਾਤਰਾ ਉਤੇ।

ਤੁਸੀਂ ਕਦੇ ਖਿਆਲ ਨਹੀਂ ਕੀਤਾ ਹੈ, ਖਿਆਲ ਕਰੋਗੇ ਤਾਂ ਸਾਫ਼ ਹੋ ਜਾਵੇਗਾ ਕਿ ਜੀਵਨ ਦੇ ਸਾਰੇ ਝੰਝਟਾਂ ਦੀਆਂ ਕੜੀਆਂ ਸ਼ਬਦਾਂ ਤੋਂ ਸ਼ੁਰੂ ਹੁੰਦੀਆਂ ਹਨ। ਫਿਰ ਇੱਕ ਸ਼ਬਦ ਜਦ ਬੋਲ ਦਿੱਤਾ ਤਾਂ ਫਿਰ ਹੰਕਾਰ ਜਕੜ ਲੈਂਦਾ ਹੈ ਕਿ ਹੁਣ ਉਸ ਦੀ ਪੂਰਤੀ ਕਰਨੀ ਵੀ ਜ਼ਰੂਰੀ ਹੈ।

ਤੁਸੀਂ ਇੱਕ ਇਸ਼ਤ੍ਰੀ ਨੂੰ ਪ੍ਰੇਮ ਕਰਦੇ ਹੋ। ਤੁਸੀਂ ਉਸਨੂੰ ਕਹਿੰਦੇ ਹੋ—ਜਨਮ-ਜਨਮਾਂਤਰ ਤੱਕ ਤੈਨੂੰ ਪ੍ਰੇਮ ਕਰਾਂਗਾ। ਪਲ ਦਾ ਤੁਹਾਨੂੰ ਭਰੋਸਾ ਨਹੀਂ, ਕੱਲ੍ਹ ਦਾ ਤੁਸੀਂ ਵਿਸ਼ਵਾਸ ਨਹੀਂ ਦੁਆ ਸਕਦੇ। ਕੱਲ੍ਹ ਸਵੇਰੇ ਕੀ ਹੋਵੇਗਾ, ਕੋਈ ਨਹੀਂ ਜਾਣਦਾ। ਪਰ ਹੁਣੇ ਤੁਸੀਂ ਜਨਮ-ਜਨਮਾਂਤਰ ਦੇ ਲਈ ਗੱਲ ਕਹਿ ਰਹੇ ਹੋ। ਜੇਕਰ ਤੁਸੀਂ ਜ਼ਰਾ ਵੀ ਹੋਸ਼ ਵਿੱਚ ਹੋਵੋ ਤਾਂ ਤੁਸੀਂ ਏਨਾ ਹੀ ਕਹੋਗੇ ਕਿ ਇਸ ਘੜੀ ਮੈਨੂੰ ਪਿਆਰ ਮਾਲੂਮ ਹੁੰਦਾ ਹੈ, ਕੱਲ੍ਹ ਦਾ ਕੀ ਪਤਾ? ਪਰ ਉਸਦੇ ਹੰਕਾਰ ਨੂੰ ਰਸ ਨਹੀਂ ਆਵੇਗਾ। ਕਿਉਂਕਿ ਜਦ ਤੁਹਾਨੂੰ ਪ੍ਰੇਮ ਪਤਾ ਲੱਗਦਾ ਹੈ ਤਾਂ ਤੁਸੀਂ ਸੋਚਦੇ ਹੋ—ਹੁਣ ਸਦਾ ਪਿਆਰ ਕਰਾਂਗਾ। 'ਸਦਾ' ਦਾ ਤੁਹਾਨੂੰ ਪਤਾ ਹੈ, ਕੀ ਅਰਥ ਹੁੰਦਾ ਹੈ? ਹਰ ਹਾਲਤ ਵਿੱਚ ਤੁਸੀਂ ਪ੍ਰੇਮ ਕਰ ਸਕੋਗੇ।

ਮੁੱਲਾ ਨਸਰੁਦੀਨ ਦੀ ਪਤਨੀ ਉਸਨੂੰ ਪੁੱਛ ਰਹੀ ਸੀ, ਕਿ ਹੁਣ ਤੁਸੀਂ ਪਹਿਲਾਂ ਵਰਗਾ ਪਿਆਰ ਮੈਨੂੰ ਨਹੀਂ ਕਰਦੇ ਕਿ ਮੈਂ ਬੁੱਢੀ ਹੋ ਗਈ ਹਾਂ ਇਸ ਲਈ? ਸ਼ਰੀਰ ਮੇਰਾ ਜ਼ਰਜ਼ਰ (ਟੁੱਟ-ਖੁੱਸ) ਹੋ ਗਿਆ ਹੈ, ਇਸ ਲਈ? ਝੱਰੀਆਂ ਪੈ ਗਈਆਂ ਨੇ ਇਸ ਲਈ? ਅਤੇ ਯਾਦ ਹੈ ਤੁਹਾਨੂੰ ਧਰਮ ਗੁਰੂ ਦੇ ਸਾਹਮਣੇ ਤੁਸੀਂ ਕਿਹਾ ਸੀ ਕਿ ਸੁੱਖ-ਦੁੱਖ ਵਿੱਚ ਸਾਥ ਨਿਭਾਵਾਂਗਾ, ਮੁੱਲਾਂ ਨੇ ਕਿਹਾ—ਸੁੱਖ-ਦੁੱਖ ਵਿੱਚ ਸਾਥ ਦੇਵਾਂਗੇ, ਬੁਢਾਪੇ ਦਾ ਕਿਸਨੇ ਕਿਹਾ ਸੀ? ਸੋ ਸੁੱਖ-ਦੁੱਖ ਵਿੱਚ ਤਾਂ ਸਾਥ ਦੇ ਹੀ ਰਹੇ ਹਨ। ਬੁਢਾਪੇ ਦੀ ਗੱਲ ਹੀ ਨਹੀਂ ਹੋਈ ਸੀ।

ਤੁਸੀਂ ਅੱਜ ਜਦ ਕਹਿ ਰਹੇ ਹੋ ਤਾਂ ਤੁਹਾਨੂੰ ਪਤਾ ਹੈ ਕਿ ਹਮੇਸ਼ਾ ਦਾ ਕਿੰਨਾਂ ਅਰਥ ਹੁੰਦਾ ਹੈ? ਉਸ ਵਿੱਚ ਕਿੰਨੀਆਂ ਚੀਜ਼ਾਂ ਲੁਕੀਆਂ ਹਨ? ਪਰ ਅੱਜ ਤੁਸੀਂ ਕਹਿ ਦਿਓਗੇ,

ਕੱਲ੍ਹ ਫਿਰ ਇਸ ਦਿੱਤੇ ਹੋਏ ਵਿਸ਼ਵਾਸ ਨੂੰ ਪੂਰਾ ਕਰਨ ਵਿੱਚ ਮੁਸ਼ਕਿਲ ਪਵੇਗੀ। ਨਾ ਪੂਰਾ ਕਰ ਪਾਓਗੇ ਤਾਂ ਪਛਤਾਓਗੇ, ਪੂਰਾ ਕਰੋਗੇ ਤਾਂ ਦੁਖੀ ਹੋਵੋਗੇ, ਕਿਉਂਕਿ ਪ੍ਰੇਮ ਜਦ ਹਥੋਂ ਛੁਟ ਜਾਵੇਗਾ, ਨਹੀਂ ਬਚੇਗਾ, ਤਦ ਤੁਸੀਂ ਕੀ ਕਰੋਗੇ? ਕਿਵੇਂ ਉਸਨੂੰ ਜਬਰਦਸਤੀ ਲਿਆਓਗੇ? ਤਦ ਇੱਕ ਪ੍ਰਵਚਨਾਂ (ਛੱਲ-ਕਪਟ) ਦਾ ਜਾਲ ਸ਼ੁਰੂ ਹੁੰਦਾ ਹੈ।

ਜੇਕਰ ਮਨੁੱਖ ਆਪਣੇ ਸ਼ਬਦ ਦਾ ਹੋਸ਼ ਰੱਖ ਸਕੇ, ਜੋ ਕਿ ਔਖਾ ਹੈ—ਸ਼ਬਦ ਦੇ ਤਲ ਉਤੇ ਔਖਾ ਹੈ, ਕਿਉਂਕਿ ਸ਼ਬਦ ਦੇ ਤਲ ਉਤੇ ਤੁਹਾਡੀ ਨਜ਼ਰ ਦੂਜੇ ਉੱਪਰ ਹੈ, ਇਸ ਲਈ ਆਪਣਾ ਹੋਸ਼ ਤੁਸੀਂ ਕਿਵੇਂ ਰੱਖੋਗੇ? ਸਿਰਫ਼ ਬੁੱਧਾਂ ਲਈ ਬੋਲਣਾ ਠੀਕ ਹੈ, ਕਿਉਂਕਿ ਉਨ੍ਹਾਂ ਨੇ ਆਪਣੇ ਜੀਵਨ ਦੀ ਸਾਧਨਾ ਨਾਲ ਦੋ ਫਲ੍ਹ ਵਾਲਾ ਤੀਰ ਪੈਦਾ ਕਰ ਲਿਆ ਹੈ। ਉਨ੍ਹਾਂ ਕੋਲ ਇਹੋ ਜਿਹੀ ਚੇਤਨਾ ਹੈ—ਉਨ੍ਹੇ, ਚੇਤਨਾ ਦਾ ਨਾਉਂ ਸੁਰਤਿ ਹੈ—ਜਦ ਤੀਰ ਵਿੱਚ ਦੋ ਫਲ੍ਹ ਹਨ—ਦੂਜੇ ਦੇ ਵੱਲ ਅਤੇ ਆਪਣੇ ਵੱਲ। ਜਦ ਚੇਤਨਾ ਦੋਹਾਂ ਪਾਸਿਓਂ ਇਕੋ ਜਿਹਾ ਵੇਖ ਸਕਦੀ ਹੈ, ਜਦ ਚੇਤਨਾ ਗੱਲਬਾਤ ਕਰਨ ਵਿੱਚ ਗੁਆਚ ਨਹੀਂ ਜਾਂਦੀ, ਜਾਗਰੂਕ ਬਣੀ ਰਹਿੰਦੀ ਹੈ। ਬੋਲਣ ਵਾਲਾ ਬੋਲਦਾ ਰਹਿੰਦਾ ਹੈ' ਸਾਖਸ਼ੀ ਅੰਦਰ ਖਲੋਤਾ ਰਹਿੰਦਾ ਹੈ, ਤਦ ਇੱਕ ਵੀ ਸ਼ਬਦ ਤੁਹਾਨੂੰ ਝੰਝਟ ਵਿੱਚ ਨਹੀਂ ਲੈ ਜਾਵੇਗਾ। ਨਹੀਂ ਤਾਂ ਸ਼ਬਦ ਤੁਹਾਨੂੰ ਝੰਝਟ ਵਿੱਚ ਲੈ ਜਾਣਗੇ।

ਇੱਕ ਸੂਫ਼ੀ ਕਹਾਣੀ ਹੈ। ਗੁਰੂ ਨੇ ਚਾਰ ਚੇਲਿਆਂ ਨੂੰ ਮੌਨ ਦੇ ਲਈ ਭੇਜਿਆ। ਸ਼ਾਮ ਹੋ ਗਈ। ਮਸਜਿਦ ਵਿੱਚ ਚਾਰੇ ਬੈਠੇ ਹਨ। ਕਿਸੇ ਨੇ ਦੀਵਾ ਨਹੀਂ ਬਾਲ੍ਹਿਆ। ਨੌਕਰ ਕੋਲੋਂ ਦੀ ਲੰਘਿਆ ਤਾਂ ਇੱਕ ਨੇ ਕਿਹਾ, 'ਏ ਭਾਈ, ਰਾਤ ਹੁੰਦੀ ਜਾ ਰਹੀ ਹੈ, ਦੀਵਾ ਬਾਲ੍ਹ ਦਿਓ। ਦੂਜੇ ਨੇ ਕਿਹਾ, 'ਤੂੰ ਬੋਲ ਪਿਆ, ਗੁਰੂ ਨੇ ਤਾਂ ਮਨ੍ਹਾ ਕੀਤਾ ਸੀ। ਅਤੇ ਤੀਜੇ ਨੇ ਕਿਹਾ, 'ਕੀ ਕਰ ਰਿਹਾ ਹੈਂ? ਤੂੰ ਵੀ ਬੋਲ ਪਿਆ! ਗੁਰੂ ਨੇ ਮਨ੍ਹਾ ਕੀਤਾ ਸੀ' ਅਤੇ ਚੌਥੇ ਨੇ ਕਿਹਾ—ਮੈਂ ਹੀ ਠੀਕ, ਮੈਂ ਅਜੇ ਤੱਕ ਨਹੀਂ ਬੋਲਿਆ।'

ਬੋਲਣ ਵਿੱਚ ਇੱਕ ਵਿਸਮਰਣ (ਭੁੱਲ ਜਾਣਾ) ਹੈ। ਇਹ ਕਹਾਣੀ ਤੁਹਾਨੂੰ ਹੱਸਣ ਵਰਗੀ ਲੱਗਦੀ ਹੈ, ਤੁਹਾਡੀ ਹੀ ਕਹਾਣੀ ਹੈ। ਤੁਸੀਂ ਚੁੱਪ ਬੈਠੇ ਤਾਂ ਹੀ ਪਤਾ ਲੱਗੇਗਾ ਕਿ ਬੋਲਣ ਲਈ ਕਿੰਨਾ ਮਨ ਕਰਨ ਲੱਗ ਪੈਂਦਾ ਹੈ। ਤੁਸੀਂ ਚੁੱਪ ਬੈਠੋ, ਤਦ ਪਤਾ ਲੱਗੇਗਾ ਕਿ ਅੰਦਰ ਤੁਸੀਂ ਕਿਸ ਤਰ੍ਹਾਂ ਬੋਲਣ ਲਗਦੇ ਹੋ। ਹੋਰ ਬਾਹਰ ਕੋਈ ਵੀ ਬਹਾਨਾ ਮਿਲ ਜਾਵੇ ਕਿ ਸੁਰਤਿ ਗੁਆਚ ਜਾਵੇਗੀ।

ਕਹਾਣੀ ਦਾ ਮਤਲਬ ਕੀ ਹੈ? ਕਹਾਣੀ ਦਾ ਮਤਲਬ ਹੈ—ਉਨ੍ਹਾਂ ਚੌਹਾਂ ਵਿਚੋਂ ਕਿਸੇ ਨੂੰ ਵੀ ਯਾਦ ਨਾ ਰਿਹਾ ਕਿ ਅਸੀਂ ਚੁੱਪ ਹੋਣ ਲਈ ਇਥੇ ਬੈਠੇ ਹਾਂ। ਹੋਰ ਕਹਾਣੀ ਦਾ ਮਤਲਬ ਹੈ ਕਿ ਜਦ ਨੌਕਰ ਕੋਲੋਂ ਦੀ ਲੰਘਿਆ, ਦੂਜਾ ਆਇਆ, ਧਿਆਨ ਦੂਜੇ ਵੱਲ ਗਿਆ, ਸੁਰਤਿ ਹਟ ਗਈ। ਨਾਨਕ ਕਹਿੰਦੇ ਹਨ "ਮਨਨ ਨਾਲ ਹੀ ਮਨ ਅਤੇ ਬੁੱਧੀ

ਵਿੱਚ ਸੁਰਤਿ ਦਾ ਉਜਾਗਰ ਹੁੰਦਾ ਹੈ।''

'ਸੁਰਤਿ' ਸ਼ਬਦ ਬੜਾ ਪਿਆਰਾ ਹੈ। ਇਹ ਬੁੱਧ ਦੇ 'ਸਮਯਕ ਸਮਰਣ' ਤੋਂ ਆਉਂਦਾ ਹੈ। ਬੁੱਧ ਨੇ ਬਹੁਤ ਜ਼ੋਰ ਦਿੱਤਾ ਹੈ, ਸਮ੍ਰਿਤੀ ਉਤੇ—"Right mind fullness"। ਉਤੇ, ਕਿ ਤੁਸੀਂ ਜੋ ਵੀ ਕਰੋ, ਪੂਰੇ ਹੋਸ਼ ਨਾਲ ਸਮਰਣ ਪੂਰਵਕ ਕਰਨਾ। ਬੋਲੋ ਤਾਂ ਪੂਰੇ ਸਮਰਣ ਨਾਲ ਬੋਲਣਾ। ਟੁਰੋ ਤਾਂ ਪੂਰੇ ਸਮਰਣ ਨਾਲ ਟੁਰਨਾ। ਅੱਖ ਵੀ ਹਿਲਾਓ, ਪਲਕ ਵੀ ਹਿੱਲੇ—ਪੂਰੀ ਯਾਦਦਾਸ਼ਤ ਨਾਲ। ਹੋਸ਼ ਗੁਆ ਕੇ ਕੁਝ ਨਾ ਕਰਨਾ। ਕਿਉਂਕਿ ਜੋ ਕੁਝ ਤੁਸੀਂ ਹੋਸ਼ ਗੁਆ ਕੇ ਕਰੋਗੇ, ਉਹ ਹੀ ਪਾਪ ਹੈ। ਅਤੇ ਜੋ ਤੁਸੀਂ ਹੋਸ਼ ਗੁਆ ਕੇ ਕਰੋਗੇ, ਉਸਦੇ ਨਾਲ ਹੀ ਤੁਸੀਂ ਆਪਣੇ ਕੋਲੋਂ ਦੂਰ ਨਿਕਲਦੇ ਜਾਦੇ ਹੋ। ਆਪਣੇ ਕੋਲ ਆਉਣ ਦੀ ਇੱਕ ਹੀ ਵਿਧੀ ਹੈ ਕਿ ਤੁਸੀਂ ਬਹੁਤਾ ਹੋਸ਼ ਸੰਭਾਲਣਾ। ਕਿਹੋ ਜਿਹਾ ਵੀ ਹਾਲਾਤ ਹੋਵੇ, ਤੁਸੀਂ ਇੱਕ ਚੀਜ਼ ਨਾ ਗੁਆਉਣਾ—ਸਭ ਗੁਆਚ ਜਾਣ ਦੇਣਾ—ਉਹ ਹੈ ਹੋਸ਼! ਘਰ ਵਿੱਚ ਅੱਗ ਲੱਗੀ ਹੋਵੇ ਤਾਂ ਵੀ ਤੁਸੀਂ ਹੋਸ਼ ਪੂਰਵਕ ਘਰ ਤੋਂ ਬਾਹਰ ਨਿਕਲਣਾ।

ਈਸ਼ਵਰ ਚੰਦਰ ਵਿਦਿਆ ਸਾਗਰ ਨੇ ਇੱਕ ਸੰਸਮਰਣ (ਯਾਦਗਾਰ) ਲਿਖਿਆ ਹੈ ਕਿ ਉਨ੍ਹਾਂ ਨੂੰ ਵਾਇਸਰਾਏ ਨੇ ਸਤਿਕਾਰ ਦੇਣ ਲਈ ਸਦਿਆ ਸੀ। ਗਰੀਬ ਆਦਮੀ ਸੀ। ਪੁਰਾਣਾ ਬੰਗਾਲੀ ਢੰਗ ਦਾ ਕੁਰਤਾ, ਕਮੀਜ਼, ਧੋਤੀ ਪਾਉਂਦੇ ਸੀ। ਫਟੇ-ਪੁਰਾਣੇ ਕਪੜੇ ਸੀ। ਦੋਸਤਾਂ ਨੇ ਕਿਹਾ ਕਿ ਵਾਇਸਰਾਏ ਦੀ ਸਭਾ ਵਿੱਚ ਇਨ੍ਹਾਂ ਕਪੜਿਆਂ ਨਾਲ ਜਾਣਾ ਠੀਕ ਨਹੀਂ, ਚੰਗੇ ਕਪੜੇ ਬਣਵਾ ਦਿੰਦੇ ਹਾਂ। ਗੱਲ ਤਾਂ ਉਨ੍ਹਾਂ ਵੀ ਜਚੀ। ਇੱਕ-ਦੋ ਵਾਰ ਨਾਂਹ ਤਾਂ ਕੀਤੀ, ਪਰ ਫਿਰ ਉਨ੍ਹਾਂ ਨੂੰ ਵੀ ਲਗਿਆ ਕਿ ਠੀਕ ਨਹੀਂ ਹੈ ਤਾਂ ਕਪੜੇ ਬਣਵਾ ਲਏ।

ਕੱਲ੍ਹ ਸਵੇਰੇ ਵਾਇਸਰਾਏ ਦੀ ਸਭਾ ਵਿੱਚ ਜਾਣਾ ਹੈ, ਉਸ ਤੋਂ ਇੱਕ ਦਿਨ ਪਹਿਲਾਂ ਦੀ ਘਟਨਾ ਹੈ। ਸ਼ਾਮ ਨੂੰ ਬਗੀਚੇ ਵਿਚੋਂ ਸੈਰ ਕਰਕੇ ਪਰਤ ਰਹੇ ਸਨ ਕਿ ਅੱਗੇ ਹੀ ਇੱਕ ਮੁਸਲਮਾਨ ਆਪਣੇ ਕਪੜੇ ਪਾਏ ਹੋਏ—ਚੂੜੀਦਾਰ ਪਜਾਮਾ, ਸ਼ੇਰਵਾਨੀ, ਹੱਥ ਵਿੱਚ ਛੱਤ੍ਰੀ ਲਈ ਹੋਈ, ਬੜੇ ਟੌਰ ਨਾਲ ਸ਼ਾਮ ਦੀ ਚਹਲਕਦਮੀ ਕਰਦਾ ਹੋਇਆ ਘਰ ਨੂੰ ਵਾਪਸ ਜਾ ਰਿਹਾ ਸੀ। ਇੱਕ ਆਦਮੀ ਭੱਜਦਾ ਹੋਇਆ ਆਇਆ ਅਤੇ ਉਸਨੇ ਕਿਹਾ, 'ਮੀਰ ਸਾਹਿਬ, ਤੁਹਾਡੇ ਘਰ ਵਿੱਚ ਅੱਗ ਲੱਗ ਗਈ, ਛੇਤੀ ਕਰੋ। ਪਰ ਉਹ ਉਸੇ ਤਰ੍ਹਾਂ ਹੀ ਟੁਰਦਾ ਰਿਹਾ, ਟੌਰ ਵਿੱਚ ਜ਼ਰਾ ਵੀ ਫ਼ਰਕ ਨਾ ਆਇਆ—ਜ਼ਰਾ ਜਿੰਨਾ ਵੀ, ਜਿਵੇਂ ਨੌਕਰ ਆਇਆ ਹੀ ਨਹੀਂ, ਜਿਵੇਂ ਨੌਕਰ ਨੇ ਕੁਝ ਕਿਹਾ ਹੀ ਨਹੀਂ, ਜਿਵੇਂ ਕੁਝ ਵੀ ਨਹੀਂ ਹੋਇਆ ਹੋਵੇ, ਉਹ ਜਿਹੋ ਜਿਹਾ ਸੀ, ਠੀਕ ਉਸੇ ਤਰ੍ਹਾਂ ਹੀ ਰਿਹਾ। ਉਸਦਾ ਸੁਰ ਜ਼ਰਾ ਵੀ ਨਾ ਬਦਲਿਆ। ਨੌਕਰ ਨੇ ਸਮਝਿਆ ਕਿ ਸ਼ਾਇਦ ਮਾਲਕ ਨੇ ਸੁਣਿਆ ਨਹੀਂ,

ਕਿਉਂਕਿ ਅੱਗ ਲੱਗਣ ਦਾ ਮਾਮਲਾ ਹੈ। ਉਸ ਨੇ ਕਿਹਾ ਕਿ ਤੁਸੀਂ ਸਮਝੇ ਕਿ ਨਹੀਂ, ਸੁਣਿਆ ਤੁਸੀਂ ਕਿ ਨਹੀਂ? ਕਿਹੜੇ ਵਿਚਾਰ ਵਿੱਚ ਡੁੱਬੇ ਹੋ?

ਮਕਾਨ ਵਿੱਚ ਅੱਗ ਲੱਗ ਗਈ, ਨੌਕਰ ਕੰਬ ਰਿਹਾ ਹੈ, ਪਸੀਨੇ-ਪਸੀਨੇ ਹੈ। ਕਾਹਲੀ ਵਿੱਚ ਹੈ ਅਤੇ ਨੌਕਰ ਹੈ! ਉਸਦਾ ਕੁਝ ਵੀ ਨਹੀਂ ਸੜ ਰਿਹਾ ਹੈ। ਉਸ ਮੁਸਲਮਾਨ ਨੇ ਕਿਹਾ, ਸੁਣ ਲਿਆ, ਪਰ ਮਕਾਨ ਵਿੱਚ ਅੱਗ ਲੱਗ ਗਈ, ਇਸ ਵਜ੍ਹਾ ਨਾਲ ਜ਼ਿੰਦਗੀ ਭਰ ਦੀ ਚਾਲ ਬਦਲ ਦਿਆਂ? ਆਉਂਦਾ ਹਾਂ।

ਈਸ਼ਵਰ ਚੰਦਰ ਪਿੱਛੇ ਸਨ। ਉਨ੍ਹਾਂ ਨੇ ਸੁਣਿਆ ਤਾਂ ਬਹੁਤ ਹੈਰਾਨ ਹੋਏ। ਤਾਂ ਫ਼ਿਰ ਉਨ੍ਹਾਂ ਨੇ ਵੀ ਸੋਚਿਆ ਕਿ ਜ਼ਿੰਦਗੀ ਭਰ ਦੇ ਕਪੜੇ ਬਦਲਾਂ ਵਾਇਸਰਾਏ ਦੇ ਲਈ! ਅਤੇ ਇਹ ਵੀ ਇੱਕ ਆਦਮੀ ਹੈ... ਉਹ ਉਸੇ ਤਰ੍ਹਾਂ ਹੀ.....! ਉਸਦੇ ਪਿੱਛੇ ਗਏ। ਵੇਖਣ ਲਈ, ਇਹ ਆਦਮੀ ਅਨੋਖਾ ਹੈ। ਉਹ ਆਦਮੀ ਉਸੇ ਤਰ੍ਹਾਂ ਗਿਆ, ਜਿਵੇਂ ਉਹ ਰੋਜ਼ ਜਾਂਦਾ ਸੀ। ਉਹ ਹੀ ਟੋਰ ਰਹੀ, ਉਹ ਹੀ ਸੋਟੀ ਦਾ ਹਿਲਾਉਣਾ, ਘਰ ਪੁੱਜ ਗਿਆ। ਅੱਗ ਲੱਗੀ ਹੋਈ ਹੈ। ਉਸਨੇ ਨੌਕਰਾਂ ਨੂੰ ਕਹਿ ਦਿੱਤਾ ਕਿ ਬੁਝਾਓ, ਅਤੇ ਆਪ ਬਾਹਰ ਖਲੋਤਾ ਰਿਹਾ। ਸਭ ਇੰਤਜ਼ਾਮ ਕਰ ਦਿੱਤੇ, ਪਰ ਉਸ ਆਦਮੀ ਵਿੱਚ ਰੱਤੀ ਭਰ ਫ਼ਰਕ ਨਹੀਂ ਪਿਆ।

ਈਸ਼ਵਰ ਚੰਦਰ ਨੇ ਲਿਖਿਆ ਹੈ ਕਿ ਮੇਰਾ ਹਿਰਦਾ ਸ਼ਰਧਾ ਨਾਲ ਝੁੱਕ ਗਿਆ। ਇਹੋ ਜਿਹਾ ਆਦਮੀ ਮੈਂ ਨਹੀਂ ਵੇਖਿਆ। ਇਹ ਕਿਹੜੀ ਚੀਜ਼ ਨੂੰ ਸੰਭਾਲ ਰਿਹਾ ਹੈ? ਉਸਦਾ ਨਾਉਂ ਸੁਰਤਿ ਹੈ, ਉਸਦਾ ਨਾਉਂ ਸਮ੍ਰਿਤੀ ਹੈ। ਇਸ ਨੇ ਇੱਕ ਗੱਲ ਨੂੰ ਸੰਭਾਲਿਆ ਹੋਇਆ ਹੈ ਕਿ ਆਪਣੇ ਹੋਸ਼ ਨੂੰ ਨਹੀਂ ਗੁਆਉਣਾ ਹੈ। ਜੋ ਹੋ ਰਿਹਾ ਹੈ, ਹੋ ਰਿਹਾ ਹਨ। ਜੋ ਕੀਤਾ ਜਾ ਸਕਦਾ ਹੈ ਉਹ ਕਰ ਰਹੇ ਹੈਂ। ਜੋ ਕਰਨ ਜੋਗ ਹੈ, ਉਹ ਕੀਤਾ ਜਾਵੇਗਾ। ਪਰ ਸਮ੍ਰਿਤੀ ਕਦੇ ਵੀ ਗੁਆਉਣ ਜੋਗ ਨਹੀਂ ਹੈ। ਇਸ ਦੁਨੀਆਂ ਵਿੱਚ ਇਹੋ ਜਿਹੀ ਕੋਈ ਵੀ ਚੀਜ਼ ਏਨੀ ਕੀਮਤੀ ਨਹੀਂ ਹੈ।

ਜਿਸਦੇ ਲਈ ਤੁਸੀਂ ਸੁਰਤਿ ਨੂੰ ਗੁਆਓ।

ਪਰ ਤੁਸੀਂ ਛੋਟੀਆਂ-ਛੋਟੀਆਂ ਚੀਜ਼ਾਂ ਵਿੱਚ ਗੁਆ ਦਿੰਦੇ ਹੋ। ਇੱਕ ਰੁਪਏ ਦਾ ਨੋਟ ਡਿੱਗ ਪਵੇ ਤਾਂ ਤੁਸੀਂ ਵੇਖੋ ਕਿਵੇਂ ਪਗਲਾ ਜਾਂਦੇ ਹੋ, ਇੱਕ ਦਮ ਪਾਗਲ ਦੀ ਤਰ੍ਹਾਂ ਲੱਭਦੇ ਹੋ। ਜਿੱਥੇ ਨਹੀਂ ਹੋ ਸਕਦਾ, ਉਥੇ ਵੀ ਲੱਭ ਰਹੇ ਹੋ।

ਕਿਸੇ ਵੀ ਆਦਮੀ ਨੂੰ ਵੇਖੋ। ਘਰ ਵਿੱਚ ਉਸਦੀ ਕੋਈ ਚੀਜ਼ ਗੁਆਚ ਗਈ। ਚੀਜ਼ ਵੱਡੀ ਹੋਵੇ, ਉਹ ਛੋਟਾ ਜਿਹਾ ਡੱਬਾ ਵੀ ਖੋਲ੍ਹ ਕੇ ਵੇਖਦਾ ਹੈ ਕਿ ਸ਼ਾਇਦ.....। ਤੁਸੀਂ ਸਮ੍ਰਿਤੀ ਨੂੰ ਗੁਆਉਣ ਲਈ ਤਿਆਰ ਹੀ ਹੋ, 'ਗੁਆਉਣ ਨੂੰ ਤਿਆਰ ਹੋ' ਇਹ

ਕਹਿਣਾ ਵੀ ਠੀਕ ਨਹੀਂ, ਤੁਹਾਡੇ ਕੋਲ ਹੈ ਹੀ ਨਹੀਂ, ਤੁਸੀਂ ਗੁਆਓਗੇ ਕੀ? ਤੁਸੀ ਬੇਹੋਸ਼ ਹੋ।

ਨਾਨਕ ਕਹਿੰਦੇ ਹਨ, "ਮਨਨ ਨਾਲ ਮਨ ਅਤੇ ਬੁੱਧੀ ਵਿੱਚ ਸੁਰਤਿ ਦਾ ਉਦਯ ਹੁੰਦਾ ਹੈ।" ਜਿਵੇਂ-ਜਿਵੇਂ ੧ਓ ਡੂੰਘਾ ਹੁੰਦਾ ਜਾਂਦਾ ਹੈ, ਪਹਿਲਾਂ ਤੁਹਾਡਾ ਉਚਾਰਣ ਬੰਦ ਹੁੰਦਾ ਹੈ, ਉਵੇਂ ਹੀ ਤੀਰ ਅੰਦਰਲੇ ਪਾਸੇ ਵੱਲ ਪਰਤਦਾ ਹੈ, ਕਿਉਂਕਿ ਹੁਣ ਬਾਹਰ ਕੋਈ ਨਹੀਂ ਰਿਹਾ, ਜਿਸਦੇ ਨਾਲ ਬੋਲਣਾ ਹੈ। ਬੋਲਣਾ ਯਾਨੀ ਬਾਹਰ ਨਾਲ ਸੰਬੰਧ ਬਨਾਉਣਾ। ਬੋਲਣਾ ਯਾਨੀ ਪੁਲ। ਉਸਦੇ ਨਾਲ ਅਸੀਂ ਦੂਜੇ ਤੱਕ ਪੁੱਜਦੇ ਹਾਂ। ਉਹ ਸੰਵਾਦ, ਉਹ ਦੂਜੇ ਅਤੇ ਸਾਡੇ ਵਿਚਕਾਰ ਦਾ ਨਾਤਾ ਹੈ, ਉਹ ਤੋੜ ਲਿਆ। ਨਹੀਂ ਬੋਲਣਾ। ਚੁੱਪ ਹੋ ਗਏ।

ਚੁੱਪ ਦਾ ਅਰਥ ਹੈ, ਯਾਤਰਾ ਪੂੱਠੀ ਹੋ ਗਈ। ਤੀਰ ਵਾਪਸ ਪਰਤਿਆ। ਅੰਤਰਯਾਤਰਾ ਸ਼ੁਰੂ ਹੋਈ। ਉਸੇ ਵੇਲੇ ਤੋਂ ਸਮ੍ਰਿਤੀ ਦੀ ਪਹਿਲੀ ਝਲਕ ਆਉਣੀ ਸ਼ੁਰੂ ਹੋ ਜਾਏਗੀ। ਤੁਸੀਂ ਪਾਓਗੇ, ਤੁਸੀਂ ਹੋ। ਤੁਸੀਂ ਪਹਿਲੀ ਵਾਰ ਜਾਗ ਕੇ ਪਾਓਗੇ ਕਿ ਮੈਂ ਹਾਂ। ਹੁਣ ਤੱਕ ਸਭ ਵਿਖਾਈ ਦਿੰਦਾ ਸੀ, ਸਿਰਫ ਤੁਸੀਂ ਹੀ ਨਹੀਂ ਵਿਖਾਈ ਦਿੰਦੇ ਸੀ। ਤੁਸੀਂ ਤਾਂ ਛਾਂ ਵਿੱਚ ਖਲੋਤੇ ਸੀ। ਦੀਵੇ ਹੇਠਾਂ ਹਨੇਰਾ ਸੀ। ਹੁਣ ਤੁਸੀਂ ਜਾਗੋਗੇ। ਫ਼ਿਰ ਜਿਵੇਂ-ਜਿਵੇਂ ੧ਓ ਦੀ ਡੂੰਘਾਈ ਹੁੰਦੀ ਜਾਵੇਗੀ, ਮਨਨ ਸ਼ਬਦ ਉਤੇ ਆਏਗਾ, ਤਿਵੇਂ ਸਜਗਤਾ ਵਧੇਗੀ—ਉਸੇ ਅਨੁਪਾਤ ਵਿੱਚ।

ਤੁਸੀਂ ਇਸ ਤਰ੍ਹਾਂ ਸਮਝੋ, ਜਿਵੇਂ ਤੱਕੜੀ ਦੇ ਦੋ ਪਲੜੇ ਹਨ, ਇੱਕ ਪਲੜਾ ਉੱਪਰ ਉਠਦਾ ਹੈ ਤਾਂ ਦੂਜਾ ਉਸੇ ਅਨੁਪਾਤ ਵਿੱਚ, ਤੁਸੀਂ ਅੰਦਰ ਜਾਂਦੇ ਹੋ ਉਸੇ ਅਨੁਪਾਤ ਨਾਲ ਸੁਰਤਿ ਵਧਦੀ ਹੈ ਅਤੇ ਤੀਸਰੇ ਤਲ ਉਤੇ ਜਿੱਥੇ ਸ਼ਬਦ ਵੀ ਗੁਆਚ ਜਾਂਦੇ ਹਨ, ਸਿਰਫ ੧ਓ ਦੀ ਧੁਨੀ ਰਹਿ ਜਾਂਦੀ ਹੈ, ਨਾਦ ਰਹਿ ਜਾਂਦਾ ਹੈ—੧ਓ ਸਤਿਨਾਮੁ—ਉਥੇ ਅਚਾਨਕ ਸੁਰਤਿ ਪੂਰੀ ਹੋ ਜਾਂਦੀ ਹੈ! ਤੁਸੀਂ ਜਾਗ ਕੇ ਖੜ੍ਹੇ ਹੁੰਦੇ ਹੋ, ਜਿਵੇਂ ਹਜ਼ਾਰਾਂ ਸਾਲਾਂ ਦੀ ਨੀਂਦ ਟੁੱਟ ਗਈ। ਹਨੇਰਾ ਗਿਆ, ਪ੍ਰਕਾਸ਼ ਆਇਆ। ਜਨਮਾਂ-ਜਨਮਾਂ ਤੋਂ ਤੁਸੀਂ ਜਿਵੇਂ ਸੁੱਤੇ ਹੋਏ ਸੀ ਅਤੇ ਇੱਕ ਸੁਫ਼ਨਾ ਵੇਖ ਰਹੇ ਸੀ। ਸੁਫ਼ਨਾ ਅਲੋਪ ਹੋ ਗਿਆ, ਸਵੇਰ ਹੋ ਗਈ। ਤੜਕਾ ਹੋ ਗਿਆ। ਬ੍ਰਹਮ-ਮਹੂਰਤ ਪਹਿਲੀ ਵਾਰ ਆਇਆ!

"ਮਨਨ ਨਾਲ ਹੀ ਸਾਰੇ ਭਵਨਾਂ ਦੀ ਸੁੱਧ ਆਉਂਦੀ ਹੈ। ਮਨਨ ਨਾਲ ਹੀ ਮੁੱਖ ਉਪਰ ਮਾਰ ਨਹੀਂ ਖਾਣੀ ਪੈਂਦੀ। ਮਨਨ ਨਾਲ ਹੀ ਯਮ ਦੇ ਨਾਲ ਨਹੀਂ ਜਾਣਾ ਪੈਂਦਾ। ਉਹ ਨਾਮ ਨਿਰੰਜਨ ਹੀ ਇਹੋ ਜਿਹਾ ਹੈ ਕਿ ਜੋ ਕੋਈ ਮਨਨ ਕਰਦਾ ਹੈ, ਉਸਦਾ ਮਨ ਹੀ ਜਾਣਦਾ ਹੈ।"

*ਮੰਨੈ ਸੁਰਤਿ ਹੋਵੈ ਮਨਿ ਬੁਧਿ॥ ਮੰਨੈ ਸਗਲ ਭਵਣ ਕੀ ਸੁਧਿ॥*
*ਮੰਨੈ ਮੁਹਿ ਚੋਟਾ ਨਾ ਖਾਇ॥ ਮੰਨੈ ਜਮ ਕੈ ਸਾਥਿ ਨ ਜਾਇ॥*
*ਐਸਾ ਨਾਮੁ ਨਿਰੰਜਨੁ ਹੋਇ॥ ਜੇ ਕੋ ਮੰਨਿ ਜਾਣੈ ਮਨਿ ਕੋਇ॥੧੩॥*

ਜਿਸ ਦਿਨ ਤੁਸੀਂ ਜਾਗਦੇ ਹੋ, ਉਸ ਦਿਨ ਤੁਹਾਨੂੰ ਪਤਾ ਲੱਗਦਾ ਹੈ ਕਿ ਇਹ ਅਨੰਤ ਆਕਾਸ਼, ਇਹ ਭਵਨ, ਇਹ ਕੁਦਰਤ, ਇਹ ਪਰਮਾਤਮਾ ਦੀ ਅਨੰਤ ਲੀਲਾ ਪਹਿਲੀ ਵਾਰ ਤੁਹਾਨੂੰ ਵਿਖਾਈ ਦੇਂਦੀ ਹੈ। ਜਦ ਤੱਕ ਤੁਸੀਂ ਆਪਣੀ ਹੀ ਵਾਸਨਾ 'ਚ ਗੁਆਚੇ ਹੋਏ ਸੀ, ਆਪਣੇ ਹੀ ਮਨ 'ਚ ਡੁੱਬੇ ਹੋਏ ਸੀ, ਤਦ ਤੱਕ ਤੁਹਾਨੂੰ ਕੁਝ ਵੀ ਵਿਖਾਈ ਨਹੀਂ ਦਿੰਦਾ ਸੀ, ਤੁਸੀਂ ਅੰਨ੍ਹੇ ਸੀ। ਮਨ ਅੰਨ੍ਹਾਪਣ ਹੈ, ਮਨਨ ਹੈ ਅੱਖ ਦਾ ਖੁੱਲ੍ਹ ਜਾਣਾ।

ਨਾਨਕ ਕਹਿੰਦੇ ਹਨ—"ਮਨਨ ਨਾਲ ਹੀ ਸਾਰੇ ਭਵਨਾਂ ਦੀ ਸੁੱਧ ਆਉਂਦੀ ਹੈ।" ਇਹ ਅਨੰਤ ਲੋਕ, ਸਭ ਪ੍ਰਗਟ ਹੋ ਜਾਂਦਾ ਹੈ। ਜੀਵਨ ਆਪ ਦੀ ਸੰਪੂਰਣ ਮਹਿਮਾਂ ਵਿੱਚ ਪ੍ਰਗਟ ਹੁੰਦਾ ਹੈ। ਤਦ ਤੁਸੀਂ ਵੇਖ ਸਕਦੇ ਹੋ ਰੱਤੀ-ਰੱਤੀ ਵਿੱਚ ਉਸਦੇ ਦਸਤਖ਼ਤ, ਪੱਤੇ-ਪੱਤੇ ਉਤੇ ਉਸਦਾ ਨਾਉਂ, ਰੋਮ-ਰੋਮ ਵਿੱਚ ਉਸਦੀ ਧੁਨ, ਹਵਾ ਦੇ ਬੁੱਲੇ-ਬੁੱਲੇ ਵਿੱਚ ਉਸਦਾ ਗੀਤ। ਤਦ ਇਹ ਜੀਵਨ ਤਦ ਇਹ ਕੁਦਰਤ ਉਸਦੀ ਮਹਿਮਾਂ ਨੂੰ ਪ੍ਰਗਟ ਕਰਦਾ ਹੈ।

ਹੁਣੇ ਤੁਸੀਂ ਪੁੱਛਦੇ ਹੋ, ਜੀਵਨ ਵਿੱਚ ਕੀ ਹੈ? ਲੋਕ ਪੁੱਛਦੇ ਹਨ, ਕੀ ਅਰਥ ਹੈ ਜੀਵਨ ਦਾ? ਕੀ ਹੈ ਪ੍ਰਯੋਜਨ (ਗਰਜ)? ਕਿਉਂ ਅਸੀਂ ਪੈਦਾ ਕੀਤੇ ਗਏ ਹਾਂ? ਲੋਕ ਪੁੱਛਦੇ ਹਨ, ਕਾਹਦੇ ਲਈ ਜੀਉਂਦੇ ਰਹੀਏ?

ਪੱਛਮ ਦੇ ਬਹੁਤ ਵੱਡੇ ਵਿਚਾਰਕ—ਮਾਰਸ਼ਲ—ਨੇ ਲਿਖਿਆ ਹੈ ਕਿ ਜ਼ਿੰਦਗੀ ਵਿੱਚ ਇਕੋ ਹੀ ਤਾਂ ਸਵਾਲ ਹੈ ਅਤੇ ਉਹ ਹੈ ਆਤਮ-ਹੱਤਿਆ। ਕਿ ਕਾਹਦੇ ਲਈ ਅਸੀਂ ਜੀਉਂਦੇ ਰਹੀਏ? ਕਿਉਂ ਨਾ ਅਸੀਂ ਆਤਮ-ਹੱਤਿਆ ਕਰ ਲਈਏ? ਇਹ ਬੇਹੋਸ਼ੀ ਦੀ ਆਖ਼ਰੀ ਅਵਸਥਾ ਹੈ, ਜਿਥੇ ਆਤਮ ਹੱਤਿਆ ਘਟਿਤ ਹੁੰਦੀ ਹੈ, ਜਿਥੇ ਤੁਸੀਂ ਜੀਵਨ ਦੇ ਬਹੁਮੁੱਲੇ ਉਪਹਾਰ ਨੂੰ ਪਰਤ ਕੇ ਸੁੱਟ ਦਿੰਦੇ ਹੋ, ਕਿਉਂਕਿ ਤੁਹਾਨੂੰ ਕੁਝ ਵੀ ਉਸ ਵਿੱਚ ਵਿਖਾਈ ਨਹੀਂ ਦਿੰਦਾ। ਇਸ ਤੋਂ ਉਲਟ ਇੱਕ ਘਟਨਾ ਘਟਦੀ ਹੈ, ਜਦ ਤੁਸੀਂ ਜਾਗਦੇ ਹੋ, ਤਦ ਏਨੀ ਮਹਿਮਾਂ ਹੈ—ਏਨੀ ਅਪਰਮਪਾਰ ਮਹਿਮਾਂ ਹੈ। ਉਸਦੇ ਭਵਨ ਖੁੱਲ੍ਹਦੇ ਹੀ ਜਾਂਦੇ ਹਨ, ਪਰਤ ਦਰ ਪਰਤ ਚਾਰੇ ਪਾਸੇ ਰਹੱਸ ਖੜ੍ਹਾ ਹੋ ਜਾਂਦਾ ਹੈ। ਤਦ ਤੁਹਾਨੂੰ ਜੀਵਨ ਦਾ ਅਰਥ, ਜੀਵਨ ਦਾ ਆਨੰਦ—ਜਿਸਨੂੰ ਅਸੀਂ ਸਮਾਧੀ ਕਿਹਾ ਹੈ—ਉਸ ਘੜੀ ਤੁਸੀਂ ਜਾਣਦੇ ਹੋ ਕਿ ਜੀਵਨ ਕਿਉਂ ਹੈ।

ਅਜੇ ਤਾਂ ਤੁਸੀਂ ਜਾਣ ਹੀ ਨਹੀਂ ਸਕਦੇ, ਅਜੇ ਤੁਸੀਂ ਕਿੰਨਾ ਹੀ ਪੁੱਛੋ, ਕੋਈ ਕਿੰਨਾਂ ਹੀ ਕਹੇ, ਕੋਈ ਕਹਿ ਦੇਵੇ ਕਿ ਪਰਮਾਤਮਾ ਨੂੰ ਪਾਉਣਾ ਜੀਵਨ ਦਾ ਉਦੇਸ਼ ਹੈ—ਤਾਂ ਵੀ ਕੁਝ ਹੱਲ ਨਹੀਂ ਹੁੰਦਾ। ਸਮਾਧੀ ਨੂੰ ਪਾਉਣਾ ਜੀਵਨ ਦਾ ਉਦੇਸ਼ ਹੈ—ਤਾਂ ਵੀ ਕੁਝ ਹੱਲ ਨਹੀਂ ਹੁੰਦਾ ਹੈ। ਗੱਲ ਕੁਝ ਜਚਦੀ ਨਹੀਂ ਹੈ। ਗੱਲ ਜਚ ਹੀ ਨਹੀਂ ਸਕਦੀ। ਜਚੇਗੀ ਤਦ ਜਦ ਸੁੱਧ ਆਵੇਗੀ। ਇਹ ਨਾਨਕ, ਬੁੱਧ, ਕਬੀਰ—ਇਹ ਤੁਹਾਨੂੰ ਤਦ ਤੱਕ ਨਹੀਂ ਜਚਣਗੇ, ਜਦ ਤੱਕ ਸੁੱਧ ਨਹੀਂ ਆਵੇਗੀ। ਤਦ ਤੱਕ ਜਚਣਗੇ ਕਿ ਹੋਣਗੇ, ਠੀਕ ਹੈ! ਕਹਿੰਦੇ ਹੋਣਗੇ ਕੁਝ! ਆਮ ਤੌਰ 'ਤੇ ਤੁਸੀਂ ਸਮਝਦੇ ਹੋ ਕਿ ਇਹ ਲੋਕ—ਕੁਝ ਦਿਮਾਗ ਇਨ੍ਹਾਂ ਦਾ ਠੀਕ ਨਹੀਂ। ਆਪਣਾ ਦਿਮਾਗ਼ ਤੁਸੀਂ ਠੀਕ ਸਮਝਦੇ ਹੋ ਅਤੇ ਆਪਣੇ ਦਿਮਾਗ ਨਾਲ ਤੁਸੀਂ ਪੁੱਜੇ ਕਿੱਥੇ? ਤੁਹਾਡੇ ਦਿਮਾਗ਼ ਨਾਲ ਤੁਸੀਂ ਆਤਮ-ਹੱਤਿਆ ਦੇ ਨੇੜੇ ਪੁੱਜ ਰਹੇ ਹੋ, ਕਿਵੇਂ ਖ਼ਤਮ ਕਰ ਲਈਏ, ਕੁਝ ਸਾਰ ਨਹੀਂ ਮਾਲੂਮ ਹੁੰਦਾ। ਕਿਵੇਂ ਸੁੱਟ ਦੇਈਏ ਇਸ ਬਹੁਮੁੱਲੀ ਪ੍ਰਾਪਤੀ ਨੂੰ ਜੋ ਜੀਵਨ ਹੈ, ਇਸ ਸੁਗਾਤ ਨੂੰ ਅਸੀਂ ਕਿਵੇਂ ਮੋੜ ਦੇਈਏ!

ਜਿਵੇਂ ਹੀ ਜਾਗਦੇ ਹੋ, ਤਿਵੇਂ ਹੀ ਜੀਵਨ ਦਾ ਰਹੱਸ (ਗੁਪਤ ਭੇਦ) ਖੁੱਲ੍ਹਣਾ ਸ਼ੁਰੂ ਹੋ ਜਾਂਦਾ ਹੈ। ਫੁੱਲ ਖਿੜਦਾ ਹੈ, ਉਸਦੀ ਪੱਤੀ-ਪੱਤੀ ਅਨੰਤ ਆਨੰਦ ਬਣ ਜਾਂਦੀ ਹੈ।

"ਮਨਨ ਨਾਲ ਹੀ ਮੂੰਹ ਉਤੇ ਮਾਰ ਨਹੀਂ ਖਾਣੀ ਪੈਂਦੀ।" ਨਾਨਕ ਤਾਂ ਸਿੱਧੇ-ਸਾਦੇ ਪਿੰਡ ਦੇ ਰਹਿਣ ਵਾਲੇ ਹਨ। ਪਰ ਜਿਹੜੀ ਗੱਲ ਕਹਿ ਰਹੇ ਹਨ, ਉਹ ਵੱਡੇ ਪਤੇ ਦੀ ਹੈ। ਉਹ ਇਹ ਕਹਿ ਰਹੇ ਹਨ ਕਿ ਜੇਕਰ ਮਨਨ ਨਾਲ ਤੁਸੀਂ ਕੁਝ ਬੋਲਿਆ ਤਾਂ ਤੁਹਾਨੂੰ ਕਦੇ ਆਪਣੇ ਸ਼ਬਦਾਂ ਉਤੇ ਵਾਪਸ ਨਹੀਂ ਆਉਣਾ ਪੈਂਦਾ, ਵਾਪਸ ਨਹੀਂ ਜਾਣਾ ਪੈਂਦਾ, ਜੇਕਰ ਮਨਨ ਨਾਲ ਹੀ ਤੁਹਾਡਾ ਸ਼ਬਦ ਨਿਕਲਿਆ ਹੈ ਤਾਂ ਤੁਹਾਨੂੰ ਕਦੀ ਆਪਣੇ ਸ਼ਬਦਾਂ ਨੂੰ ਥੁੱਕ ਕੇ ਚੱਟਣਾ ਨਹੀਂ ਪੈਂਦਾ, ਨਹੀਂ ਤਾਂ ਰੋਜ਼ ਚਟਣਾ ਪਵੇਗਾ। ਰੋਜ਼ ਥੁੱਕੋਗੇ, ਰੋਜ਼ ਚੱਟੋਗੇ। ਰੋਜ਼ ਮੂੰਹ ਉਤੇ ਮਾਰ ਖਾਣੀ ਪਵੇਗੀ, ਕਿਉਂਕਿ ਤੁਸੀਂ ਜੋ ਬੋਲ ਰਹੇ ਹੋ, ਉਹ ਬੇਹੋਸ਼ੀ ਵਿੱਚ ਬੋਲ ਰਹੇ ਹੋ, ਤੁਸੀਂ ਜੋ ਬੋਲ ਰਹੇ ਹੋ, ਉਹ ਹੰਕਾਰ ਦੀ ਨੀਂਦ ਵਿੱਚ ਬੋਲ ਰਹੇ ਹੋ। ਕਿਉਂ ਤੁਸੀਂ ਜਾ ਰਹੇ ਹੋ, ਉਸਦਾ ਵੀ ਤੁਹਾਨੂੰ ਕੁਝ ਪਤਾ ਨਹੀਂ ਹੈ। ਤਾਂ ਤੁਹਾਨੂੰ ਰੋਜ਼ ਮੂੰਹ ਤੇ ਮਾਰ ਖਾਣੀ ਪਵੇਗੀ।

ਅੱਜ ਤੁਸੀਂ ਕਹੋਗੇ ਕਿ ਪ੍ਰੇਮ ਕਰਦਾ ਹਾਂ ਅਤੇ ਕੱਲ੍ਹ ਤੁਸੀਂ ਸਵੇਰੇ ਪਾਓਗੇ ਕਿ ਪ੍ਰੇਮ ਗੁਆਚ ਗਿਆ। ਹੁਣੇ ਤੁਸੀਂ ਚਾਹੁੰਦੇ ਹੋ ਕਿ ਕਤਲ ਕਰ ਦਿਆਂ, ਘੜੀ ਕੁ ਪਿਛੋਂ ਤੁਸੀਂ ਚਾਹੋਗੇ ਕਿ ਕਿਵੇਂ ਇਸ ਆਦਮੀ ਨੂੰ ਮੁੜ ਜੀਉਂਦਾ ਕਰ ਦਿਆਂ! ਵੱਡੀ ਭੁੱਲ ਹੋ ਗਈ। ਹੁਣੇ ਤੁਸੀਂ ਕੁਝ ਕਹਿੰਦੇ ਹੋ, ਘੜੀ ਕੁ ਪਿੱਛੋਂ ਕੁਝ ਹੋਰ ਹੋ ਜਾਂਦੇ ਹੋ। ਤੁਹਾਡਾ ਭਰੋਸਾ ਨਹੀਂ। ਤੁਸੀਂ ਬਦਲਦਾ ਹੋਇਆ ਮੌਸਮ ਹੋ। ਤੁਹਾਡੇ ਅੰਦਰ ਕੋਈ ਵੀ ਪੱਕੀ ਅਸਲੀਅਤ

ਨਹੀਂ ਹੈ, Crystalise ਨਹੀਂ ਹੈ। ਤੁਹਾਨੂੰ ਹਰ ਘੜੀ ਮੂੰਹ ਉਤੇ ਮਾਰ ਖਾਣੀ ਪਵੇਗੀ।

ਨਾਨਕ ਕਹਿੰਦੇ ਹਨ—"ਮਨਨ ਨਾਲ ਮੂੰਹ ਉਤੇ ਮਾਰ ਖਾਣੀ ਪੈਂਦੀ ਅਤੇ ਮਨਨ ਨਾਲ ਹੀ ਯਮ ਦੇ ਨਾਲ ਨਹੀਂ ਜਾਣਾ ਪੈਂਦਾ।"—ਮਰਦੇ ਤਾਂ ਸਾਰੇ ਹੀ ਹਨ, ਪਰ ਸਾਰੇ ਯਮ ਦੇ ਨਾਲ ਨਹੀਂ ਜਾਂਦੇ। ਇਹ ਇੱਕ ਪ੍ਰਤੀਕ ਹੈ। ਇਸਨੂੰ ਥੋੜ੍ਹਾ ਸਮਝ ਲਵੋ।

ਮਰਦੇ ਤਾਂ ਸਾਰੇ ਹੀ ਹਨ, ਪਰ ਕਦੇ-ਕਦੇ ਕੋਈ ਪੂਰੇ ਹੋਸ਼ ਨਾਲ ਮਰਦਾ ਹੈ। ਬੱਸ ਫ਼ਿਰ ਯਮ ਦੇ ਨਾਲ ਨਹੀਂ ਜਾਣਾ ਪੈਂਦਾ। ਜਦ ਤੱਕ ਤੁਸੀਂ ਬਿਨਾਂ ਹੋਸ਼ ਵਿੱਚ ਮਰਦੇ ਹੋ, ਤਦ ਤੱਕ ਤੁਹਾਨੂੰ ਯਮ ਦੇ ਨਾਲ ਜਾਣਾ ਪੈਂਦਾ ਹੈ। ਯਮ ਦਾ ਅਰਥ ਹੈ—ਭੈਅ। ਜਦ ਆਦਮੀ ਬੇਹੋਸ਼ੀ ਵਿੱਚ ਮਰਦਾ ਹੈ—ਜਿਸਦੀ ਜ਼ਿੰਦਗੀ ਬੇਹੋਸ਼ੀ ਵਿੱਚ ਲੰਘੀ—ਤਾਂ ਮਰਨ ਵੇਲੇ ਕੰਬਦਾ ਹੈ, ਰੋਂਦਾ ਹੈ, ਚੀਕਦਾ ਹੈ, ਚਿਲਾਉਂਦਾ ਹੈ, ਆਪਣੇ ਨੂੰ ਕਿਸੇ ਤਰ੍ਹਾਂ ਬਚਾਉਣਾ ਚਾਹੁੰਦਾ ਹੈ। ਆਖ਼ਰੀ ਦਮ ਤੱਕ ਸੁਆਸ ਨੂੰ ਫੱੜ ਰੱਖਣਾ ਚਾਹੁੰਦਾ ਹੈ, ਕਿ ਕਿਸ ਤਰ੍ਹਾਂ ਬਚ ਜਾਵਾਂ। ਕੋਈ ਵੀ ਬਹਾਨਾ—ਕੋਈ ਵੀ ਬਚਾ ਲਵੇ! ਰੋਂਦਾ ਹੈ, ਗਿੜਗਿੜਾਉਂਦਾ ਹੈ। ਇਹ ਜਿਹੜੇ ਸਾਰੇ ਭੈਅ ਦੇ ਲੱਛਣ ਹਨ, ਇਹ ਜਿਹੜਾ ਭੈਅ ਦਾ ਕਾਲਾ ਮੂੰਹ ਹੈ, ਇਹ ਜਿਹੜਾ ਝੋਟੇ ਉਤੇ ਸਵਾਰ ਭੈਅ ਹੈ—ਇਸਦਾ ਨਾਉਂ ਯਮ ਹੈ।

ਪਰ ਜਿਹੜਾ ਆਦਮੀ ਸਮਰਣ ਨਾਲ ਮਰਦਾ ਹੈ, ਜਿਸਦੇ ਅੰਦਰ ਕੋਈ ਭੈਅ ਨਹੀਂ, ਜਿਸਨੇ ਜੀਵਨ ਨੂੰ ਜਾਗ ਕੇ ਵੇਖਿਆ, ਉਸਦਾ ਭੈਅ ਚਲਾ ਜਾਂਦਾ ਹੈ। ਤਦ ਉਹ ਪਾਉਂਦਾ ਹੈ ਕਿ ਮੌਤ ਤਾਂ ਜੀਵਨ ਦੀ ਪੂਰਣਤਾ ਹੈ ਅੰਤ ਨਹੀਂ ਅਤੇ ਮੌਤ ਭੈਅ ਨਹੀਂ ਹੈ, ਉਹ ਪਰਮਾਤਮਾ ਦਾ ਦੁਆਰ ਹੈ। ਉਹ ਪਾਉਂਦਾ ਹੈ ਕਿ ਮੌਤ ਤਾਂ ਬੁਲਾਵਾ ਹੈ, ਇਹ ਤਾਂ ਉਸਦੇ ਵਿੱਚ ਗੁਆਚ ਜਾਣ ਦੀ ਪ੍ਰਕ੍ਰਿਆ ਹੈ। ਤਦ ਉਹ ਨਾ ਘਬਰਾਉਂਦਾ ਹੈ, ਨਾ ਕੰਬਦਾ ਹੈ, ਨਾ ਉਹ ਰੋਂਦਾ ਹੈ, ਨਾ ਉਹ ਚੀਕਾਂ ਮਾਰਦਾ ਹੈ, ਤਦ ਉਹ ਆਨੰਦ ਮਗਨ ਉਸ ਪਰਮ ਸੁੰਦਰਤਾ ਵਿੱਚ ਚਲਾ ਜਾਂਦਾ ਹੈ। ਤਦ ਉਹ ਆਪਣੇ ਪਿਆਰੇ ਨੂੰ ਜਿਵੇਂ ਮਿਲਣ ਜਾ ਰਿਹਾ ਹੈ।

ਨਾਨਕ ਜਿਸ ਦਿਨ ਮਰੇ, ਉਸ ਦਿਨ ਉਨ੍ਹਾਂ ਦੇ ਬੁੱਲ੍ਹਾਂ ਉਤੇ ਜਿਹੜੇ ਸ਼ਬਦ ਸਨ, ਉਹ ਬੜੇ ਕੀਮਤੀ ਹਨ। ਨਾਨਕ ਨੇ ਕਿਹਾ— ਫੁੱਲ ਖਿੜ ਗਏ ਹਨ! ਬਸੰਤ ਆ ਗਿਆ ਹੈ! ਦਰੱਖ਼ਤਾਂ ਉਤੇ ਗੀਤਾਂ ਦਾ ਕਲ-ਕਲ ਨਾਦ ਹੈ!'

ਕਿਸ ਜਗਤ ਦੀ ਉਹ ਗੱਲ ਕਰ ਰਹੇ ਹਨ? ਲੋਕਾਂ ਨੇ ਸਮਝਿਆ ਕਿ ਉਹ ਜਿਸ ਪਿੰਡ ਵਿੱਚ ਜੰਮੇ ਸੀ। ਉਹ ਮੌਸਮ ਸੀ ਫੁੱਲਾਂ ਦੇ ਖਿੜਣ ਦਾ ਅਤੇ ਰੁੱਖਾਂ ਉਤੇ ਪੰਛੀਆਂ ਦੀ ਕਿਲਕਿਲਾਹਟ ਦਾ। ਉਸੇ ਦੀ ਗੱਲ ਕਰ ਰਹੇ ਹਨ। ਮਰਨ ਵੇਲੇ ਬਚਪਨ ਦੀ ਯਾਦ ਆ ਗਈ ਅਤੇ ਨਾਨਕ ਉਤੇ ਲਿਖਣ ਵਾਲਿਆਂ ਸਾਰੇ ਲੋਕਾਂ ਨੇ ਇਹ ਹੀ ਭੁੱਲ

ਕੀਤੀ। ਇਹ ਮੈਂ ਤੁਹਾਨੂੰ ਪਹਿਲੀ ਵਾਰ ਕਹਿੰਦਾ ਹਾਂ ਕਿ ਇਸਦਾ ਉਨ੍ਹਾਂ ਦੇ ਪਿੰਡ ਨਾਲ ਕੋਈ ਸੰਬੰਧ ਨਹੀਂ ਸੀ। ਇਹ ਸੰਜੋਗ ਦੀ ਗੱਲ ਸੀ ਕਿ ਮੌਸਮ ਬਸੰਤ ਦਾ ਸੀ। ਉਨ੍ਹਾਂ ਦੇ ਪਿੰਡ ਵਿੱਚ ਵੀ ਫੁੱਲ ਖਿੜੇ ਹੋਣਗੇ। ਰੁੱਖਾਂ ਤੇ ਨਵੇਂ ਪੱਤੇ ਆ ਗਏ ਸਨ ਤੇ ਪੰਛੀ ਕਲੋਲ ਕਰ ਰਹੇ ਸੀ। ਇਹ ਠੀਕ ਹੈ। ਇਹ ਸੰਜੋਗ ਦੀ ਗੱਲ ਹੈ। ਪਰ ਨਾਨਕ ਮਰਨ ਵੇਲੇ ਜਨਮ ਨੂੰ ਯਾਦ ਕਰਨਗੇ? ਨਾਨਕ ਮਰਨ ਵੇਲੇ ਕੁਝ ਹੋਰ ਵੇਖ ਰਹੇ ਹਨ ਪ੍ਰਤੀਕ ਤਾਂ ਇਸੇ ਜਗਤ ਦੇ ਵਰਤਣੇ ਪੈਣਗੇ, ਕਿਉਂਕਿ ਜਿਨ੍ਹਾਂ ਨੂੰ ਉਹ ਕਹਿ ਰਹੇ ਹਨ.....। ਆਖ਼ਰੀ ਘੜੀ 'ਚ ਉਹ ਇੱਕ ਪਰਮ ਸੁੰਦਰਤਾ ਵਿੱਚ ਜਾ ਰਹੇ ਹਨ, ਜਿੱਥੇ ਫੁੱਲ ਖਿੜੇ ਹਨ, ਜਿਹੜੇ ਕਦੇ ਨਹੀਂ ਮੁਰਝਾਉਂਦੇ, ਜਿੱਥੇ ਪੰਛੀਆਂ ਦੇ ਗੀਤ ਸਦਾ ਹੀ ਗੂੰਜਦੇ ਰਹਿੰਦੇ ਹਨ, ਜਿੱਥੇ ਸ਼ਾਸ਼ਵਤ ਸੁੰਦਰਤਾ ਹੈ।

ਜਿਵੇਂ ਹੀ ਕੋਈ ਮਨੁੱਖ ਜੀਵਨ ਨੂੰ ਜਾਗ ਕੇ ਜੀਉਂਦਾ ਹੈ, ਮੌਤ ਉਤੇ ਸਮਾਪਤੀ ਨਹੀਂ ਹੈ, ਪਰਮ ਪੂਰਣਤਾ ਹੈ। ਮੌਤ ਉਤੇ ਅੰਤ ਨਹੀਂ ਹੈ, ਪਰਮ ਫੁੱਲ ਹੈ। ਜੀਵਨ ਦੀ ਪਰਮ ਅਵਸਥਾ ਹੈ। ਮੌਤ ਵਿੱਚ ਅਸੀਂ ਕੁਝ ਗੁਆਉਂਦੇ ਨਹੀਂ। ਇਸ ਪਾਸੇ ਦਰਵਾਜ਼ਾ ਬੰਦ ਹੁੰਦਾ ਹੈ, ਉਸ ਪਾਸੇ ਦਰਵਾਜ਼ਾ ਖੁੱਲ੍ਹਦਾ ਹੈ। ਗਿਆਨੀ ਨੱਚਦਾ ਹੋਇਆ ਜਾਂਦਾ ਹੈ, ਗਾਉਂਦਾ ਹੋਇਆ ਜਾਂਦਾ ਹੈ।

ਅਗਿਆਨੀ ਰੋਂਦਾ ਹੋਇਆ ਜਾਂਦਾ ਹੈ। ਚੀਕਾਂ ਮਾਰਦਾ ਜਾਂਦਾ ਹੈ। ਅਗਿਆਨੀ ਯਮਦੂਤ ਦੇ ਨਾਲ ਆਪਣੇ ਹੀ ਕਾਰਣ ਜਾਂਦਾ ਹੈ। ਕੋਈ ਯਮ ਨਹੀਂ ਹੈ। ਕੋਈ ਭੈਂਸੇ ਉਤੇ ਸਵਾਰ ਯਮ ਤੁਹਾਡੇ ਕੋਲ ਨਹੀਂ ਆਉਂਦਾ। ਤੁਹਾਡਾ ਭੈਅ ਤੁਹਾਡਾ ਯਮ ਹੈ। ਤੁਸੀਂ ਭੈਅ ਤੋਂ ਰਹਿਤ ਹੋ ਗਏ ਤਾਂ ਫ਼ਿਰ ਪਰਮਾਤਮਾ ਆਪ ਆਪਣੀਆਂ ਬਾਹਾਂ ਫੈਲਾਉਂਦਾ ਹੈ।

ਤੁਸੀਂ ਜਿਹੋ ਜਿਹੇ ਹੋ, ਉਹੋ ਜਿਹਾ ਹੀ ਤੁਹਾਡਾ ਮੌਤ ਦਾ ਅਨੁਭਵ ਹੋਵੇਗਾ। ਇਸ ਲਈ ਮੌਤ ਕਸੌਟੀ ਹੈ। ਆਦਮੀ ਕਿਵੇਂ ਮਰਦਾ ਹੈ, ਇਸ ਤੋਂ ਪਤਾ ਲੱਗਦਾ ਹੈ ਕਿ ਕਿਹੋ ਜਿਹਾ ਜਿਵਿਆ। ਜੇਕਰ ਆਨੰਦਿਤ ਮਰਦਾ ਹੈ, ਸ਼ਾਂਤ ਮਰਦਾ ਹੈ, ਆਨੰਦ-ਭਾਵ, ਅਹੋ-ਭਾਵ ਨਾਲ ਮਰਦਾ ਹੈ ਤਾਂ ਸਾਰਾ ਜੀਵਨ ਕੀਮਤੀ ਸੀ, ਮੁੱਲਵਾਨ ਸੀ। ਇਹ ਪੂਰਣਾਹੁਤਿ (ਕਿਸੇ ਕੰਮ ਦੀ ਸਮਾਪਤੀ ਵੇਲੇ ਹੋਣ ਵਾਲਾ ਅੰਤਮਕ੍ਰਿਤਯ) ਹੈ। ਜੇਕਰ ਰੋਂਦਾ, ਵਿਲਕਦਾ ਮਰਦਾ ਹੈ ਤਾਂ ਜੀਵਨ ਇੱਕ ਸੰਤਾਪ ਸੀ, ਨਰਕ ਸੀ।

ਇਸ ਲਈ ਨਾਨਕ ਕਹਿੰਦੇ ਹਨ, ਮਰਨ ਨਾਲ ਹੀ ਯਮ ਦੇ ਨਾਲ ਨਹੀਂ ਜਾਣਾ ਪੈਂਦਾ। ਉਹ ਨਾਉਂ ਨਿਰੰਜਨ ਹੀ ਇਹੋ ਜਿਹਾ ਹੈ ਕਿ ਜੋ ਕੋਈ ਮਨਨ ਕਰਦਾ ਹੈ, ਉਸਦਾ ਮਨ ਹੀ ਜਾਣਦਾ ਹੈ। ਮਨਨ ਨਾਲ ਹੀ ਰਾਹ ਵਿੱਚ ਰੁਕਾਵਟ ਨਹੀਂ ਆਉਂਦੀ। ਮਨਨ ਨਾਲ ਹੀ ਕੋਈ ਇੱਜ਼ਤ ਦੇ ਨਾਲ ਵਿਦਾ ਹੁੰਦਾ ਹੈ। ਮਨਨ ਨਾਲ ਹੀ ਕੋਈ ਰਾਹ ਤੋਂ ਨਹੀਂ ਭਟਕਦਾ। ਮਨਨ ਨਾਲ ਹੀ ਧਰਮ ਨਾਲ ਸੰਬੰਧ ਬਣਦਾ ਹੈ। ਉਹ ਨਾਉਂ

ਨਿਰਜਨ ਹੀ ਇਹੋ ਜਿਹਾ ਹੈ ਕਿ ਜੋ ਕੋਈ ਮਨਨ ਕਰਦਾ ਹੈ, ਉਸਦਾ ਮਨ ਹੀ ਜਾਣਦਾ ਹੈ।''

*ਮੰਨੈ ਮਾਰਗਿ ਠਾਕ ਨ ਪਾਇ॥ ਮੰਨੈ ਪਤਿ ਸਿਉ ਪਰਗਟੁ ਜਾਇ॥*
*ਮੰਨੈ ਮਗੁ ਨ ਚਲੈ ਪੰਥੁ॥ ਮੰਨੈ ਧਰਮ ਸੇਤੀ ਸਨਬੰਧੁ॥*
*ਐਸਾ ਨਾਮੁ ਨਿਰੰਜਨੁ ਹੋਇ॥ ਜੇ ਕੋ ਮੰਨਿ ਜਾਣੈ ਮਨਿ ਕੋਇ॥ ੧੪॥*

ਔਕੜਾਂ ਤੁਹਾਡੇ ਤੋਂ ਬਾਹਰ ਨਹੀਂ ਹਨ, ਔਕੜਾਂ ਤੁਹਾਡੇ ਅੰਦਰ ਹਨ, ਕਿਉਂਕਿ ਤੁਸੀਂ ਮੁਰਛਤ ਹੋ ਅਤੇ ਔਕੜਾਂ ਨੂੰ ਖ਼ਤਮ ਕਰਨ ਦਾ ਹੋਰ ਕੋਈ ਉਪਾਅ ਨਹੀਂ ਹੈ। ਜੇਕਰ ਤੁਸੀਂ ਇੱਕ ਇੱਕ ਔਕੜ ਨੂੰ ਖਤਮ ਕਰਨ ਵਿੱਚ ਲੱਗ ਜਾਓਗੇ ਤਾਂ ਤੁਸੀਂ ਕਦੇ ਨਾ ਖਤਮ ਕਰ ਸਕੋਗੇ। ਔਕੜਾਂ ਨੂੰ ਖਤਮ ਕਰਨ ਦਾ ਇਕੋ ਹੀ ਰਾਹ ਹੈ ਕਿ ਤੁਸੀਂ ਅੰਦਰੋਂ ਜਾਗ ਜਾਵੋ, ਸਾਰੀਆਂ ਔਕੜਾਂ ਮੁੱਕ ਜਾਂਦੀਆਂ ਹਨ।

ਇਵੇਂ ਸਮਝੋ ਕਿ ਤੁਹਾਡਾ ਘਰ ਹਨੇਰੇ ਨਾਲ ਭਰਿਆ ਹੈ, ਤੁਸੀਂ ਆਉਂਦੇ ਹੋ, ਹਰ ਕੋਨੇ 'ਚ ਡਰ ਲੱਗਦਾ ਹੈ ਕਿ ਪਤਾ ਨਹੀਂ, ਭੂਤ ਹੋਣ, ਪ੍ਰੇਤ ਹੋਣ, ਚੋਰ ਹੋਣ, ਡਾਕੂ ਲੁਟੇਰੇ ਹੋਣ, ਹੱਤਿਆਰੇ ਹੋਣ, ਪੂਰਾ ਘਰ ਹੈ, ਵੱਡਾ ਭਵਨ ਹੈ, ਕੋਨੇ-ਕੋਨੇ ਵਿੱਚ ਭੈਅ ਹੈ। ਹਜ਼ਾਰ ਤਰ੍ਹਾਂ ਦੇ ਭੈਅ ਹਨ। ਇੱਕ-ਇੱਕ ਭੈਅ ਨਾਲ ਕਿਵੇਂ ਜਿੱਤੋਗੇ? ਕਿੰਨੇ ਚੋਰ ਹਨ, ਕਿੰਨੇ ਧੋਖੇਬਾਜ ਹਨ, ਕਿੰਨੇ ਲੁਟੇਰੇ ਹਨ, ਕਿੰਨੇ ਹਤਿਆਰੇ ਹਨ, ਕੀ ਪਤਾ ! ਸੱਪ ਹਨ, ਬਿੱਛੂ ਹਨ, ਜ਼ਹਿਰ ਹੈ, ਕੀ ਪਤਾ ! ਹਨੇਰੇ ਵਿੱਚ ਕੀ ਲੁਕਿਆ ਹੈ। ਤੁਸੀਂ ਜੇਕਰ ਇੱਕ-ਇੱਕ ਨਾਲ ਨਿਪਟਣ ਦੀ ਕੋਸ਼ਿਸ਼ ਕੀਤੀ ਤਾਂ ਤੁਸੀਂ ਹਾਰੋਗੇ। ਨਹੀਂ, ਇੱਕ-ਇੱਕ ਨਾਲ ਨਿਪਟਾਰਾ ਨਹੀਂ ਕੀਤਾ ਜਾ ਸਕਦਾ। ਨਿਪਟਾਰਾ ਕਰਨ ਦਾ ਇੱਕ ਹੀ ਉਪਾਅ ਹੈ ਕਿ ਤੁਸੀਂ ਦੀਵਾ ਬਾਲ ਲਵੋ। ਇੱਕ ਦੀਵੇ ਦੇ ਬਲਣ ਨਾਲ ਸਾਰੇ ਭੈਅ ਖ਼ਤਮ ਹੋ ਜਾਂਦੇ ਹਨ, ਘਰ ਵਿੱਚ ਚਾਨਣ ਹੋ ਜਾਂਦਾ ਹੈ। ਫ਼ਿਰ ਜੋ ਵੀ ਹੈ ਤੁਸੀਂ ਵੇਖ ਲੈਂਦੇ ਹੋ। ਫ਼ਿਰ ਜੋ ਵੀ ਤੁਸੀਂ ਵੇਖ ਲੈਂਦੇ ਹੋ, ਉਸਦੇ ਨਾਲ ਨਿਪਟਣ ਦਾ ਰਾਹ ਬਣ ਜਾਂਦਾ ਹੈ।

ਸੱਚ ਤਾਂ ਇਹ ਹੈ—ਜਿਹਾ ਕਿ ਬੁੱਧ ਨੇ ਕਿਹਾ ਹੈ ਕਿ ਹਨੇਰੇ ਘਰ ਵੱਲ ਚੋਰ ਆਕ੍ਰਸ਼ਿਤ ਹੁੰਦੇ ਹਨ। ਘਰ ਵਿੱਚ ਦੀਵਾ ਬਲਦਾ ਹੋਵੇ ਤਾਂ ਚੋਰ ਉਸ ਘਰ ਤੋਂ ਬਚ ਕੇ ਨਿਕਲਦੇ ਹਨ। ਜਿਸ ਘਰ ਉਤੇ ਕੋਈ ਪਹਿਰਾ ਨਹੀਂ ਹੈ, ਚੋਰ, ਲੁਟੇਰੇ ਡਾਕੂ ਅਤੇ ਹੱਤਿਆਰੇ ਉਸ ਪਾਸੇ ਆਉਂਦੇ ਹਨ। ਜਿਸ ਘਰ ਉਤੇ ਪਹਿਰੇਦਾਰ ਹਨ, ਉਸ ਤੋਂ ਉਹ ਜ਼ਰਾ ਦੂਰ ਹੀ ਰਹਿੰਦੇ ਹਨ। ਅੰਦਰ ਦੀਵਾ ਬਲਦਾ ਹੋਵੇ ਅਤੇ ਸੁਰਤਿ ਦਾ ਚੌਂਕੀਦਾਰ ਖਲੋਤਾ ਹੋਵੇ ਤਾਂ ਤੁਹਾਡੇ ਅੰਦਰ ਕੋਈ ਔਕੜ ਨਹੀਂ ਆਉਂਦੀ, ਨਹੀਂ ਤਾਂ ਸਾਰੀਆਂ ਮੁਸੀਬਤਾਂ ਆਉਂਦੀਆਂ ਹਨ।

ਇੱਕ ਦਿਨ ਸਵੇਰੇ-ਸਵੇਰੇ ਮੁੱਲਾਂ ਨਸਰੂਦੀਨ ਨੇ ਮੈਨੂੰ ਆ ਕੇ ਕਿਹਾ ਕਿ ਹੁਣ ਕੁਝ

ਕਰਨਾ ਹੀ ਪਵੇਗਾ, ਮੈਂ ਬਹੁਤ ਪਰੇਸ਼ਾਨ ਹਾਂ ਅਤੇ ਇੱਕ ਚਿੱਠੀ ਮੇਰੇ ਹੱਥ ਵਿੱਚ ਦਿੱਤੀ। ਕਿਸੇ ਦਾ ਖ਼ਤ ਸੀ, ਜਿਸ ਵਿੱਚ ਲਿਖਿਆ ਸੀ ਕਿ ਨਸਰੂਦੀਨ, ਜੇਕਰ ਤੂੰ ਮੇਰੀ ਇਸਤ੍ਰੀ ਦਾ ਪਿੱਛਾ ਕਰਨਾ ਬੰਦ ਨਹੀਂ ਕੀਤਾ ਤਾਂ ਤਿੰਨ ਦਿਨਾਂ ਦੇ ਅੰਦਰ ਗੋਲੀ ਮਾਰ ਦਿਆਂਗਾ। ਨਸਰੂਦੀਨ ਨੇ ਕਿਹਾ—'ਬੋਲੋ, ਕੀ ਕਰੀਏ।' ਮੈਂ ਕਿਹਾ "ਇਸਦੇ ਵਿੱਚ ਏਨੀ ਉਲਝਣ ਦੀ ਕੀ ਗੱਲ ਹੈ, ਉਸ ਇਸਤ੍ਰੀ ਦਾ ਪਿੱਛਾ ਕਰਨਾ ਬੰਦ ਕਰ ਦੇ।" ਨਸਰੂਦੀਨ ਨੇ ਕਿਹਾ, ਕਿਸਦੀ ਇਸਤ੍ਰੀ ਦਾ ਪਿੱਛਾ ਕਰਨਾ ਬੰਦ ਕਰ ਦਿਆਂ? ਨਾਓਂ ਤਾਂ ਲਿਖਿਆ ਹੀ ਨਹੀਂ। ਹੁਣ ਕੋਈ ਇੱਕ ਇਸਤ੍ਰੀ ਹੋਵੇ ਤਾਂ ਪਿੱਛਾ ਬੰਦ ਕਰ ਦਿਆਂ।

ਇੱਕ ਔਕੜ ਹੋਵੇ ਤਾਂ ਮਿਟਾ ਦਿਓ, ਔਕੜਾਂ ਅਨੰਤ ਹਨ। ਅਨੰਤ ਇਸਤ੍ਰੀਆਂ ਦਾ ਪਿੱਛਾ ਹੋ ਰਿਹਾ ਹੈ। ਅਨੰਤ ਕਾਮਨਾਵਾਂ ਹਨ। ਇੱਕ ਨੂੰ ਮਿਟਾਓ, ਦਸ ਖਲੋ ਜਾਂਦੀਆਂ ਹਨ। ਇੱਕ ਤੋਂ ਬਚੋ ਦਸ ਖੜ੍ਹੀਆਂ ਹੋ ਜਾਂਦੀਆਂ ਹਨ। ਜੇਕਰ ਤੁਸੀਂ ਇਵੇਂ ਇੱਕ-ਇੱਕ ਨਾਲ ਉਲਝਦੇ ਰਹੇ ਤਾਂ ਤੁਸੀਂ ਕਦੇ ਵੀ ਪਾਰ ਨਹੀਂ ਜਾ ਸਕੋਗੇ। ਕੁਝ ਵਿਧੀ ਚਾਹੀਦੀ ਹੈ। ਜਿਹੜੀ ਇਕੱਲੀ ਸਾਰੀਆਂ ਔਕੜਾਂ ਦਾ ਅੰਤ ਕਰ ਦੇਵੇ। ਉਹ ਹੀ ਵਿਧੀ ਜਿਹੜਾ ਦੱਸ ਦੇਵੇ, ਉਹ ਗੁਰੂ। ਇਹ ਹੀ ਗੁਰ ਜਿਹੜਾ ਸਮਝਾ ਦੇਵੇ, ਉਹ ਗੁਰੂ।

ਤਾਂ ਨਾਨਕ ਕਹਿੰਦੇ ਹਨ, ਮਨਨ ਨਾਲ ਰਾਹ ਵਿੱਚ ਔਖਿਆਈ ਨਹੀਂ ਆਉਂਦੀ। ਤੁਸੀਂ ਜਪੋ ੧ਓ, ਪੁੱਜ ਜਾਣ ਦਿਓ ੧ਓ ਨੂੰ ਬਿਨਾਂ ਜਪੇ ਜਾਪ ਦੀ ਅਵਸਥਾ ਤੱਕ, ਫਿਰ ਤੁਹਾਡੀਆਂ ਅੱਖਾਂ ਆਪੇ ਖੁੱਲ੍ਹ ਜਾਂਦੀਆਂ ਹਨ। ਰਾਹ ਵਿੱਚ ਔਕੜ ਨਹੀਂ ਆਉਂਦੀ, ਕਿਉਂਕਿ ਔਕੜਾਂ ਤੁਸੀਂ ਆਪ ਹੀ ਖੜ੍ਹੀਆਂ ਕਰਦੇ ਸੀ। ਕੋਈ ਹੋਰ ਤੁਹਾਡਾ ਵੈਰੀ ਨਹੀਂ ਹੈ, ਜਿਸਨੂੰ ਪਾਸੇ ਕਰ ਦਿੱਤਾ ਜਾਵੇ। ਤੁਸੀਂ ਹੀ ਆਪਣੇ ਵੈਰੀ ਹੋ। ਤੁਹਾਡੀ ਬੇਹੋਸ਼ੀ ਹੀ ਤੁਹਾਡੀ ਵੈਰਨ ਹੈ। ਉਸਦੇ ਕਾਰਣ ਹੀ ਤੁਸੀਂ ਉਲਝੇ ਹੋ। ਹੋਰ ਤੁਸੀਂ ਕਿੰਨਾ ਹੀ ਸੰਭਲ ਕੇ ਟੁਰੋ, ਤੁਸੀਂ ਨਵੀਆਂ ਔਕੜਾਂ ਖੜ੍ਹੀਆਂ ਕਰਦੇ ਰਹੋਗੇ।

ਦੁਨੀਆਂ ਵਿੱਚ ਕਾਬੂ ਰੱਖਣ ਵਾਲੇ ਲੋਕ ਹਨ, ਸੰਯਮ ਰੱਖਣ ਵਾਲੇ ਲੋਕ ਹਨ, ਕੀ ਫ਼ਰਕ ਪੈਂਦਾ ਹੈ। ਕਿਸੇ ਤਰ੍ਹਾਂ ਸੰਭਾਲ ਕੇ ਟੁਰਦੇ ਹਨ। ਸੰਯਮ ਅੰਤ ਨਹੀਂ ਹੈ, ਸੁਰਤਿ ਅੰਤ ਹੈ। ਸੰਯਮ ਦਾ ਅਰਥ ਇਹ ਹੈ ਕਿ ਕਿਸੇ ਤਰ੍ਹਾਂ ਆਪਣੇ ਨੂੰ ਸੰਭਾਲ ਕੇ ਟੁਰ ਰਹੇ ਹਨ ਕਿ ਭਟਕ ਨਾ ਜਾਣ। ਪਰ ਭਟਕਣ ਦਾ ਸੁਰ ਤਾਂ ਅੰਦਰ ਗੂੰਜ ਰਿਹਾ ਹੈ, ਉਹ ਕਦੇ ਵੀ ਭਟਕਾ ਦੇਵੇਗਾ, ਕਿਸੇ ਤਰ੍ਹਾਂ ਟੁਰਦੇ ਰਹੋਗੇ ਸੰਭਾਲ ਕੇ, ਕਿਸੇ ਵੀ ਦਿਨ ਘਾਟ ਤੋਂ ਹੇਠਾਂ ਉਤਾਰ ਦੇਵੇਗਾ, ਰਾਹ ਤੋਂ ਹੇਠਾਂ ਲਾਹ ਦੇਵੇਗਾ। ਮੌਕੇ ਦੀ ਗੱਲ ਹੈ। ਹੋਰ ਸੰਯਮੀ ਆਦਮੀ ਸਦਾ ਡਰਿਆ ਰਹੇਗਾ, ਕਿਉਂਕਿ ਅੰਦਰ ਤਾਂ ਅਸੰਯਮ ਉਬਲ ਰਿਹਾ ਹੈ।

ਨਾਨਕ ਕਹਿ ਰਹੇ ਹਨ, "ਮਨਨ ਨਾਲ ਰਾਹ ਵਿੱਚ ਔਕੜ ਨਹੀਂ ਆਉਂਦੀ। ਮਨਨ ਦੇ ਨਾਲ ਕੋਈ ਸਤਿਕਾਰ-ਸਹਿਤ ਵਿਦਾ ਹੁੰਦਾ ਹੈ।"

ਇਸ ਸਤਿਕਾਰ ਤੋਂ ਤੁਸੀਂ ਇਹ ਨਾ ਸਮਝਣਾ ਕਿ ਸਰਕਾਰ ਇੱਕੀ ਤੋਪਾਂ ਛੱਡਦੀ ਹੈ ਕਿ ਜਲੂਸ ਦੋ ਮੀਲ ਲੰਮਾ ਹੁੰਦਾ ਹੈ। ਕਿ ਆਕਾਸ਼ ਤੋਂ ਹਵਾਈ ਜਹਾਜ਼ ਤੋਂ ਫੁੱਲ ਵਰਸਾਏ ਜਾਂਦੇ ਹਨ, ਕਿ ਸਾਰੀਆਂ ਅਖ਼ਬਾਰਾਂ ਦੇ ਪਹਿਲੇ ਸਫ਼ੇ ਉਤੇ ਤੁਹਾਡੀ ਫੋਟੋ ਛਪਦੀ ਹੈ। ਇਸ ਮਾਣ ਸਤਿਕਾਰ ਦਾ ਨਾਨਕ ਨਾਲ ਕੋਈ ਸੰਬੰਧ ਨਹੀਂ ਹੈ। ਇਹ ਸਤਿਕਾਰ ਹੈ ਵੀ ਨਹੀਂ।

ਇੱਕ ਹੋਰ ਸਤਿਕਾਰ ਹੈ, ਜੋ ਦੂਜਿਆਂ ਉਤੇ ਨਿਰਭਰ ਨਹੀਂ ਹੁੰਦਾ। ਜੋ ਦੂਜਿਆਂ ਉਤੇ ਨਿਰਭਰ ਹੈ ਉਹ ਕੀ ਸਤਿਕਾਰ। ਇੱਕ ਹੋਰ ਸਤਿਕਾਰ ਹੈ ਜੋ ਅੰਦਰੂਨੀ ਗਰਿਮਾ ਦਾ ਹੈ। ਮਾਣ-ਸਤਿਕਾਰ ਨਾਲ ਉਹ, ਆਦਮੀ ਵਿਦਾ ਹੁੰਦਾ ਹੈ, ਉਸਨੂੰ ਮੌਤ ਪਰਮਾਤਮਾ ਦਾ ਮਿਲਣ ਲਗਦੀ ਹੈ। ਉਹ ਆਨੰਦ ਭਾਵ ਨਾਲ, ਅਹੋਭਾਵ ਨਾਲ ਵਿਦਾ ਹੁੰਦਾ ਹੈ। ਉਹ ਜੀਵਨ ਨੂੰ ਧੰਨਵਾਦ ਦਿੰਦਾ ਹੋਇਆ ਵਿਦਾ ਹੁੰਦਾ ਹੈ। ਉਹ ਚਾਰੇ ਪਾਸੇ ਧੰਨਵਾਦ ਦੇ ਭਾਵ ਨਾਲ ਵਿਦਾ ਹੁੰਦਾ ਹੈ। ਤੁਸੀਂ ਉਸਦੇ ਧੰਨਵਾਦ ਦੀ ਛਾਪ ਉਸਦੇ ਚਿਹਰੇ ਤੇ ਪਾਓਗੇ। ਉਸਦੇ ਰੋਮ-ਰੋਮ ਉਤੇ ਲਿਖੀ ਹੋਈ ਪਾਓਗੇ। ਚਾਹੇ ਉਹ ਰਾਹ ਦੇ ਕੰਢੇ ਕਿਸੇ ਰੁੱਖ ਹੇਠਾਂ ਮਰ ਗਿਆ ਹੋਵੇ, ਚਾਹੇ ਕੋਈ ਉਸਨੂੰ ਸ਼ਮਸ਼ਾਨ ਨਾ ਪਹੁੰਚਾਵੇ, ਚਾਹੇ ਪਸ਼ੂ-ਪੰਛੀ ਉਸਨੂੰ ਖਾ ਜਾਣ, ਪਰ ਉਸਦਾ ਮਾਣ-ਸਤਿਕਾਰ ਹੈ। ਉਹ ਸਤਿਕਾਰ ਅੰਦਰੂਨੀ ਗਰਿਮਾ ਹੈ।

ਮੌਤ ਭੈਅ ਨਹੀਂ ਹੈ, ਤਦ ਤੁਸੀਂ ਸਤਿਕਾਰ ਨਾਲ ਵਿਦਾ ਹੁੰਦੇ ਹੋ। ਮੌਤ ਜੇਕਰ ਭੈਅ ਹੈ ਤਾਂ ਤੁਸੀਂ ਮਾਣ-ਸਤਿਕਾਰ ਨਾਲ ਵਿਦਾ ਨਹੀਂ ਹੋ ਸਕਦੇ। ਕਿਵੇਂ ਵਿਦਾ ਹੋਵੋਗੇ ਸਤਿਕਾਰ ਨਾਲ? ਰੋਂਦੇ, ਗਿੜਗਿੜਾਉਂਦੇ, ਭੀਖ ਮੰਗਦੇ ਕਿੰਨੇ ਹੀ ਲੋਕ ਤੁਹਾਨੂੰ ਸ਼ਮਸ਼ਾਨ ਪਹੁੰਚਾ ਦੇਣ, ਇਸ ਨਾਲ ਕੀ ਫ਼ਰਕ ਪੈਂਦਾ ਹੈ। ਕਿੰਨੇ ਲੋਕ ਬੈਂਡ ਬਾਜੇ ਬਜਾ ਦੇਣ, ਇਸ ਨਾਲ ਕੀ ਫ਼ਰਕ ਪੈਂਦਾ ਹੈ। ਉਨ੍ਹਾਂ ਦੇ ਬੈਂਡ-ਬਾਜੇ ਦੇ ਰੌਲੇ ਵਿੱਚ ਤੁਹਾਡਾ ਦੁੱਖ ਨਹੀਂ ਲੁਕੇਗਾ ਵਰ੍ਹਦੇ-ਫੁੱਲਾਂ ਦੇ ਹੇਠਾਂ ਤੁਹਾਡੀ ਸੜਦੀ ਹੋਈ ਬਦਬੂ ਨਾ ਲੁਕੇਗੀ। ਤੁਹਾਡੇ ਅੰਦਰ ਦਾ ਜੋ ਗਹਿਰਾ ਸੰਤਾਪ ਹੈ ਉਹ ਨਾ ਲੁਕੇਗੀ। ਤੁਹਾਡੀ ਮੌਤ ਸਤਕਾਰ ਤੋਂ ਬਿਨਾਂ ਹੋਵੇਗੀ।

ਜਦ ਨਾਨਕ ਕਹਿੰਦੇ ਹਨ ਕਿ ਮਨਨ ਦੇ ਨਾਲ ਹੀ ਕੋਈ ਸਤਿਕਾਰ ਨਾਲ ਵਿਦਾ ਹੁੰਦਾ ਹੈ ਤਾਂ ਉਹ ਕਹਿੰਦੇ ਹਨ ਕਿ ਆਤਮ-ਸਤਿਕਾਰ ਨਾਲ ਇੱਕ ਅੰਦਰੂਨੀ ਸਤਿਕਾਰ, ਅਹੋਭਾਵ ਨਾਲ।

"ਮਨਨ ਨਾਲ ਹੀ ਕੋਈ ਰਾਹ ਤੋਂ ਨਹੀਂ ਭਟਕਦਾ।

ਮਨਨ ਨਾਲ ਹੀ ਧਰਮ ਨਾਲ ਸੰਬੰਧ ਬਣਦਾ ਹੈ।"

ਸ਼ਾਸਤ੍ਰ ਕਿੰਨਾਂ ਹੀ ਪੜ੍ਹੋ, ਧਰਮ ਨਾਲ ਸੰਬੰਧ ਨਹੀਂ ਬਣੇਗਾ। ਮੰਦਰ, ਮਸਜਿਦ, ਗੁਰੂਦੁਆਰਾ ਕੋਈ ਧਰਮ ਨਾਲ ਸੰਬੰਧ ਨਹੀਂ ਜੋੜ ਪਾਏਗਾ। ਕਿਉਂਕਿ ਤੁਸੀਂ ਹੀ ਤਾਂ

ਗੁਰੂਦੁਆਰੇ ਜਾਓਗੇ—ਸੁੱਤੇ ਬੇਹੋਸ਼ ! ਤੁਸੀਂ ਜੋ ਦੁਕਾਨ ਉਤੇ ਬੈਠੇ ਸੀ, ਉਹ ਹੀ ਗੁਰੂਦੁਆਰੇ ਜਾਵੇਗਾ। ਤੁਹਾਡਾ ਢੰਗ ਬਦਲਨਾ ਚਾਹੀਦਾ ਹੈ। ਤੁਹਾਡਾ ਢੰਗ ਬਦਲ ਗਿਆ ਤਾਂ ਸਭ ਬਦਲ ਗਿਆ। ਨਹੀਂ ਤਾਂ ਤੁਸੀਂ ਸਭ ਕਰਦੇ ਰਹੋਗੇ.....

ਨਾਨਕ ਹਰਿਦੁਆਰ ਗਏ ਅਤੇ ਇੱਕ ਘਟਨਾ ਵਾਪਰੀ। ਪਿਤਰ-ਪੱਖ ਚਲਦਾ ਸੀ ਅਤੇ ਲੋਕ ਖੂਹ ਤੇ ਪਾਣੀ ਭਰਦੇ ਆਕਾਸ਼ ਵਿੱਚ ਆਪਣੇ ਪੁਰਖਾਂ ਨੂੰ ਭੇਜ ਰਹੇ ਸਨ। ਨਾਨਕ ਨੇ ਵੀ ਬਾਲਟੀ ਚੁੱਕ ਲਈ, ਖੂਹ ਤੋਂ ਪਾਣੀ ਭਰਿਆ। ਲੋਕ ਤਾਂ ਪੂਰਬ ਦੇ ਵੱਲ ਮੂੰਹ ਕਰਕੇ ਭੇਜ ਰਹੇ ਸੀ, ਉਨ੍ਹਾਂ ਨੇ ਪੱਛਮ ਵੱਲ ਮੂੰਹ ਕਰਕੇ ਬਾਲਟੀ ਉਲਟਾਉਣੀ ਸ਼ੁਰੂ ਕਰ ਦਿੱਤੀ ਅਤੇ ਜ਼ੋਰ ਨਾਲ ਕਿਹਾ—ਪੁੱਜ ਮੇਰੇ ਖੇਤ ਵਿੱਚ। ਜਦ ਪੰਜ-ਦਸ ਬਾਲਟੀਆਂ ਰੋੜ੍ਹ ਚੁੱਕੇ ਤੇ ਸਾਰੀ ਥਾਂ ਖ਼ਰਾਬ ਕਰ ਦਿੱਤੀ, ਪਾਣੀ ਨਾਲ ਭਰ ਗਈ ਸਾਰੀ ਥਾਂ, ਤਾਂ ਲੋਕਾਂ ਨੇ ਪੁੱਛਿਆ ਕਿ ਤੁਸੀਂ ਇਹ ਕੀ ਕਰ ਰਹੇ ਹੋ? ਤੁਹਾਡਾ ਦਿਮਾਗ ਠੀਕ ਹੈ? ਪੁਰਖਾਂ ਨੂੰ ਜਿਹੜਾ ਪਾਣੀ ਦਿੱਤਾ ਜਾਂਦਾ ਹੈ ਉਹ ਸੂਰਜ ਦੇ ਵੱਲ, ਪੂਰਬ ਵਾਲੇ ਪਾਸੇ, ਤੁਸੀਂ ਇਹ ਪੱਛਮ ਦੇ ਵੱਲ ਉਲਟਾ ਧੰਦਾ ਕਰ ਰਹੇ ਹੋ ਅਤੇ ਇਹ ਕੀ ਕਹਿੰਦੇ ਹੋ, ਪੁੱਜ ਮੇਰੇ ਖੇਤ ਵਿੱਚ? ਕਿੱਥੇ ਹੈ ਤੁਹਾਡਾ ਖੇਤ।

ਨਾਨਕ ਨੇ ਕਿਹਾ— 'ਇਥੋਂ ਕੋਈ ਦੋ ਸੌ ਮੀਲ ਦੂਰ ਹੈ।' ਲੋਕੀ ਹੱਸਣ ਲੱਗੇ। ਉਨ੍ਹਾਂ ਨੇ ਕਿਹਾ—'ਤੁਸੀਂ ਪਾਗ਼ਲ ਹੋ, ਸ਼ੱਕ ਤਾਂ ਸਾਨੂੰ ਪਹਿਲਾਂ ਹੀ ਹੋਇਆ ਸੀ। ਕਿਤੇ ਦੋ ਸੌ ਮੀਲ ਪਾਣੀ ਪੁੱਜ ਸਕਦਾ ਹੈ? ਨਾਨਕ ਨੇ ਕਿਹਾ ਤੁਹਾਡੇ ਪੁਰਖੇ ਕਿੰਨੀ ਦੂਰ ਹਨ? ਉਨ੍ਹਾਂ ਨੇ ਕਿਹਾ ਉਹ ਤਾਂ ਅਨੰਤ ਦੂਰੀ ਉਤੇ ਹਨ। ਤਾਂ ਨਾਨਕ ਨੇ ਕਿਹਾ ਕਿ ਜਦ ਅਨੰਤ ਦੂਰੀ ਤੱਕ ਪੁੱਜ ਜਾਵੇਗਾ, ਤਾਂ ਦੋ ਸੌ ਮੀਲ ਫ਼ਾਸਲਾ ਕੀ ਵੱਡਾ ਹੈ! ਜਦ ਤੁਹਾਡੇ ਪੁਰਖਿਆਂ ਤੱਕ ਪੁੱਜ ਜਾਵੇਗਾ ਤਾਂ ਮੇਰੇ ਖੇਤ ਤੱਕ ਵੀ ਪੁੱਜ ਜਾਵੇਗਾ।

ਨਾਨਕ ਕੀ ਕਹਿ ਰਹੇ ਹਨ? ਨਾਨਕ ਇਹ ਕਹਿ ਰਹੇ ਹਨ—ਥੋੜ੍ਹਾ ਜਾਗੋ। ਤੁਸੀਂ ਕੀ ਕਰ ਰਹੇ ਹੋ? ਥੋੜ੍ਹਾ ਹੋਸ਼ ਸੰਭਾਲੋ! ਕਿੱਥੇ ਪਾਣੀ ਪਾ ਰਹੇ ਹੋ? ਇਸ ਤਰ੍ਹਾਂ ਦੀਆਂ ਬੇਵਕੂਫੀਆਂ ਨਾਲ ਕੀ ਹੋਵੇਗਾ?

ਪਰ ਸਾਰਾ ਧਰਮ ਇਸੇ ਤਰ੍ਹਾਂ ਦੀਆਂ ਮੂਰਖਤਾਵਾਂ ਨਾਲ ਭਰਿਆ ਹੈ। ਕੋਈ ਪੁਰਖਿਆਂ ਨੂੰ ਪਾਣੀ ਪੁੱਜਾ ਰਿਹਾ ਹੈ, ਕੋਈ ਗੰਗਾ ਵਿੱਚ ਇਸ਼ਨਾਨ ਕਰ ਰਿਹਾ ਹੈ ਕਿ ਪਾਪ ਧੁੱਲ ਜਾਣਗੇ। ਕੋਈ ਪੱਥਰ ਦੀਆਂ ਮੂਰਤੀਆਂ ਦੇ ਅੱਗੇ, ਬਿਨਾਂ ਕਿਸੀ ਭਾਵ ਤੋਂ, ਬਿਨਾਂ ਕਿਸੀ ਅਰਚਨਾ ਤੋਂ ਸਿਰ ਝੁਕਾਈ ਬੈਠਾ ਹੈ ਅਤੇ ਸੰਸਾਰ ਦੀ ਮੰਗ ਕਰ ਰਿਹਾ ਹੈ। ਧਰਮ ਦੇ ਨਾਉਂ ਉਤੇ ਹਜ਼ਾਰ ਤਰ੍ਹਾਂ ਦੀਆਂ ਮੂਰਖਤਾਵਾਂ ਪ੍ਰਚਲਤ ਹਨ।

ਇਸ ਲਈ ਨਾਨਕ ਕਹਿੰਦੇ ਹਨ, ਨਾ ਤਾਂ ਸ਼ਾਸਤ੍ਰ ਤੋਂ ਮਿਲੇਗਾ, ਨਾ ਸੰਪਰਦਾਯ ਤੋਂ ਮਿਲੇਗਾ, ਨਾ ਅੰਨ੍ਹੇ ਅਨੁਕਰਨ ਨਾਲ ਮਿਲੇਗਾ। ਧਰਮ ਦਾ ਸੰਬੰਧ ਹੁੰਦਾ ਹੀ ਤਦ

ਹੈ, ਜਦ ਕੋਈ ਮਨੁੱਖ ਮਨਨ ਨੂੰ ਉਪਲੱਬਧ ਹੁੰਦਾ ਹੈ।

ਜਦ ਕੋਈ ਮਨੁੱਖ ਜਾਗ ਜਾਂਦਾ ਹੈ, ਅੰਦਰ ਸੁਰਤਿ ਆਉਂਦੀ ਹੈ। ਬੱਸ, ਜਿੱਥੋਂ ੧ਓ ਦਾ ਨਾਦ ਸ਼ੁਰੂ ਹੁੰਦਾ ਹੈ, ਉਥੋਂ ਹੀ ਧਰਮ ਦਾ ਸੰਬੰਧ ਸ਼ੁਰੂ ਹੁੰਦਾ ਹੈ, ਜਿਸ ਦਿਨ ਤੁਸੀਂ ਨਾਦ ਨੂੰ ਸੁਣਨ ਵਿੱਚ ਸਮਰਥ ਹੋ ਜਾਓਗੇ, ਕਰਨ ਵਾਲੇ ਨਹੀਂ ਰਹੋਗੇ, ਸਿਰਫ ਸੁਣਨ ਵਾਲੇ ਅਤੇ ਅੰਦਰ ਨਾਦ ਹੋ ਰਿਹਾ ਹੈ ਅਤੇ ਤੁਸੀਂ ਬੇਪਨਾਹ ਖੁਸ਼ ਹੋ, ਤੁਸੀਂ ਸਾਖਸ਼ੀ ਹੋ, ਤੁਸੀਂ ਦ੍ਰਸ਼ਟਾ ਹੈ—ਉਸੇ ਦਿਨ ਤੁਹਾਡਾ ਧਰਮ ਨਾਲ ਸੰਬੰਧ ਜੁੜ ਜਾਵੇਗਾ। ਨਿਸ਼ਚਿਤ ਹੀ ਇਹ 'ਧਰਮ' ਮਜ਼ਹਬ ਨਹੀਂ ਹੋ ਸਕਦਾ। ਇਹ ਧਰਮ **Religion** ਨਹੀਂ ਹੋ ਸਕਦਾ। ਨਿਸ਼ਚਿਤ ਹੀ ਇਸ ਧਰਮ ਦਾ ਉਹ ਹੀ ਅਰਥ ਹੈ ਜੋ ਬੁੱਧ ਦੇ 'ਧੱਮ' ਦਾ, ਇਸ ਧਰਮ ਦਾ ਉਹ ਹੀ ਅਰਥ ਹੈ ਜੋ ਮਹਾਂਵੀਰ ਦੇ ਧਰਮ ਦਾ।

ਧਰਮ ਦਾ ਅਰਥ ਹੈ—ਸੁਭਾਅ। ਜਿਹੜਾ ਲਾਉਤਮੇ ਦਾ ਅਰਥ 'ਤਾਉ' ਤੋਂ ਹੈ, ਉਹੀ ਧਰਮ ਤੋਂ ਅਰਥ ਹੈ ਨਾਨਕ ਦਾ, ਤੁਸੀਂ ਆਪਣੇ ਨਾਲ ਜੁੜ ਜਾਓਗੇ ਉਸ ਸੁਭਾਅ ਵਿੱਚ ਹੋ ਜਾਣਾ ਹੀ ਪਰਮਾਤਮਾ ਵਿੱਚ ਹੋ ਜਾਣਾ ਹੈ। ਸੁਭਾਅ ਤੋਂ ਹੱਟ ਜਾਣਾ, ਗੁਆਚ ਜਾਣਾ ਹੈ। ਸੁਭਾਅ ਵਿੱਚ ਪਰਤ ਆਉਂਦਾ, ਮੁੜ ਘਰ ਪੁੱਜ ਜਾਣਾ ਹੈ। ਉਹ ਨਾਉਂ ਨਿਰੰਜਨ ਹੀ ਇਹੋ ਜਿਹਾ ਹੈ ਕਿ ਜੋ ਕੋਈ ਮਨਨ ਕਰਦਾ ਹੈ, ਉਸਦਾ ਮਨ ਹੀ ਜਾਣਦਾ ਹੈ।

"ਮਨਨ ਨਾਲ ਹੀ ਮੋਕਸ਼ ਦੁਆਰ ਦੀ ਪ੍ਰਾਪਤੀ ਹੁੰਦੀ ਹੈ। ਮਨਨ ਨਾਲ ਹੀ ਪਰਿਵਾਰ ਨੂੰ ਬਚਾ ਲਿਆ ਜਾਂਦਾ ਹੈ। ਮਨਨ ਨਾਲ ਹੀ ਗੁਰੂ ਤਰਦਾ ਹੈ ਅਤੇ ਸ਼ਿੱਸ ਨੂੰ ਤਾਰਦਾ ਹੈ। ਨਾਨਕ ਕਹਿੰਦੇ ਹਨ ਕਿ ਮਨਨ ਨਾਲ ਹੀ ਭਿਖਿਆ ਲਈ ਭਟਕਣਾ ਨਹੀਂ ਪੈਂਦਾ। ਉਹ ਨਾਉਂ ਨਿਰੰਜਨ ਹੀ ਇਹੋ ਜਿਹਾ ਹੈ ਕਿ ਜੋ ਕੋਈ ਮਨਨ ਕਰਦਾ ਹੈ, ਉਸਦਾ ਮਨ ਜਾਣਦਾ ਹੈ।"

*ਮੰਨੈ ਪਾਵਹਿ ਮੋਖੁ ਦੁਆਰੁ॥ ਮੰਨੈ ਪਰਵਾਰੈ ਸਾਧਾਰੁ॥*
*ਮੰਨੈ ਤਰੈ ਤਾਰੇ ਗੁਰੁ ਸਿਖ॥ ਮੰਨੈ ਨਾਨਕ ਭਵਹਿ ਨ ਭਿਖ॥*
*ਐਸਾ ਨਾਮੁ ਨਿਰੰਜਨੁ ਹੋਇ॥ ਜੇ ਕੋ ਮੰਨਿ ਜਾਣੈ ਮਨਿ ਕੋਇ॥੧੫॥*

ਦੁਆਰ ਤੁਹਾਡੇ ਅੰਦਰ ਹੈ। ਭਟਕਣ ਤੁਹਾਡੇ ਅੰਦਰ ਹੈ। ਔਕੜਾਂ ਤੁਹਾਡੇ ਅੰਦਰ ਹਨ। ਰਾਹ ਤੁਹਾਡੇ ਅੰਦਰ ਹੈ। ਸਿਰਫ਼ ਦੀਵਾ ਬਲ ਜਾਵੇ ਤਾਂ ਤੁਸੀਂ ਦੋਨਾਂ ਨੂੰ ਵੇਖ ਲਵੋਗੇ ਕਿ ਕੀ ਹੈ ਸਤਯ, ਕੀ ਹੈ ਅਸਤਯ। ਦੀਵਾ ਬਲ ਜਾਵੇ ਤਾਂ ਤੁਸੀਂ ਵੇਖ ਲਵੋਗੇ ਕਾਮਨਾ ਹੈ ਅਸਤਯ ਅਤੇ ਕਾਮਨਾ ਦਾ ਅਨੁਕਰਣ ਹੈ ਸੰਸਾਰ। ਦੀਵਾ ਬਲ ਜਾਵੇ ਤਾਂ ਤੁਸੀਂ ਵੇਖ ਲਵੋਗੇ। ਅਕਾਮਨਾ ਹੈ ਸਤਯ ਅਤੇ ਅਕਾਮਨਾ ਹੈ ਮੋਕਸ਼ ਦਾ ਦੁਆਰ।

ਤੁਸੀਂ ਬੱਝ ਜਾਂਦੇ ਹੋ, ਕਿਉਂਕਿ ਤੁਸੀਂ ਮੰਗਦੇ ਹੋ— ਮੰਗ ਹੈ ਬੰਧਨ। ਤੁਸੀਂ ਬੋਝੋਗੇ

ਨਹੀਂ, ਜੇਕਰ ਤੁਸੀਂ ਮੰਗੋਗੇ ਨਹੀਂ। ਜਦ ਤੱਕ ਤੁਸੀਂ ਮੰਗਦੇ ਰਹੋਗੇ, ਤੁਸੀਂ ਬੱਝਦੇ ਰਹੋਗੇ। ਤੁਹਾਨੂੰ ਪਤਾ ਨਹੀਂ ਤੁਸੀਂ ਕਿੰਨੀਆਂ ਜ਼ੰਜੀਰਾਂ ਘੜ ਲਈਆਂ ਹਨ। ਤੁਹਾਡੀ ਹਰ ਮੰਗ ਜ਼ੰਜੀਰ ਬਣ ਜਾਂਦੀ ਹੈ। ਤੁਸੀਂ ਮੰਗਿਆ ਕਿ ਤੁਸੀਂ ਫਸੇ। ਤੁਸੀਂ ਮੰਗਿਆ ਕਿ ਤੁਸੀਂ ਕਾਰਾ-ਗ੍ਰਿਹ ਵਿੱਚ ਪ੍ਰਵੇਸ਼ ਕੀਤਾ ਅਤੇ ਜਦ ਤੁਸੀਂ ਮੰਗਦੇ ਚਲੇ ਜਾਂਦੇ ਹੋ ਤਾਂ ਕਾਰਾ-ਗ੍ਰਿਹ ਹੋਰ ਮਜ਼ਬੂਤ ਹੁੰਦੀ ਜਾਂਦੀ ਹੈ।

ਨਾਨਕ ਕਹਿੰਦੇ ਹਨ ਕਿ ਮਨਨ ਨਾਲ ਹੀ ਮੋਕਸ਼—ਦੁਆਰ ਦੀ ਪ੍ਰਾਪਤ ਹੁੰਦੀ ਹੈ। ਕਿਉਂਕਿ ਜਿਵੇਂ ਹੀ ਤੁਸੀਂ ਜਾਗੇ, ਸਾਫ਼ ਵਿਖਾਈ ਦੇ ਜਾਂਦਾ ਹੈ। ਨਾ ਮੰਗੋਗੇ ਨਾ ਬੱਝੋਗੇ, ਨਾ ਅਭਿਲਾਸ਼ਾ ਹੋਵੇਗੀ, ਨਾ ਬੰਧਨ ਹੋਏਗਾ, ਨਾ ਚਾਹ ਹੋਵੇਗੀ, ਨਾ ਜ਼ੰਜੀਰਾਂ ਹੋਣਗੀਆਂ ਅਤੇ ਜਦ ਕੋਈ ਚਾਹ ਨਹੀਂ, ਮੁਕਤੀ ਦਾ ਦਰਵਾਜ਼ਾ ਖੁੱਲ੍ਹ ਗਿਆ। ਅ-ਚਾਹ ਮੁਕਤੀ ਦਾ ਦੁਆਰ ਹੈ। "ਮਨਨ ਨਾਲ ਪਰਿਵਾਰ ਨੂੰ ਬਚਾ ਲਿਆ ਜਾਂਦਾ ਹੈ।"

ਕਿਸ ਪਰਿਵਾਰ ਦੀ ਗੱਲ ਕਰਦੇ ਹਨ ਨਾਨਕ? ਯਕੀਨਨ ਹੀ ਉਸ ਪਰਿਵਾਰ ਦੀ ਤਾਂ ਨਹੀਂ ਕਰਦੇ ਹਨ—ਪਤਨੀ, ਬੱਚੇ, ਭਾਈ-ਭੈਣ, ਕਿਉਂਕਿ ਉਹ ਤਾਂ ਨਾਨਕ ਵੀ ਨਹੀਂ ਬਚਾ ਸਕਦੇ। ਉਹ ਤਾਂ ਕੋਈ ਵੀ ਨਹੀਂ ਬਚਾ ਸਕਿਆ, ਉਹ ਤਾਂ ਪਰਿਵਾਰ ਹੈ ਹੀ ਨਹੀਂ। ਇੱਕ ਹੋਰ ਪਰਿਵਾਰ ਹੈ—ਗੁਰੂ ਅਤੇ ਸ਼ਿੱਸ਼ ਦਾ ਪਰਿਵਾਰ। ਉਹ ਹੀ ਪਰਿਵਾਰ ਹੈ, ਕਿਉਂਕਿ ਉਹ ਪ੍ਰੇਮ ਆਪਣੇ ਪਵਿੱਤ੍ਰ ਰੂਪ ਵਿੱਚ ਵਾਪਰਦਾ ਹੈ, ਕਿਉਂਕਿ ਉਹ ਹੀ ਪ੍ਰੇਮ ਬਿਨਾਂ ਚਾਹ ਤੋਂ ਵਾਪਰਦਾ ਹੈ। ਉਥੇ ਪ੍ਰੇਮ ਬਿਨਾਂ ਕਾਰਣ ਤੋਂ ਵਾਪਰਦਾ ਹੈ।

ਪਿਤਾ ਨਾਲ ਪਿਆਰ ਹੁੰਦਾ ਹੈ, ਕਿਉਂਕਿ ਉਸਨੇ ਜਨਮ ਦਿੱਤਾ ਹੈ। ਕਾਰਣ ਹੈ। ਪਤਨੀ ਨਾਲ ਪ੍ਰੇਮ ਹੁੰਦਾ ਹੈ, ਕਿਉਂਕਿ ਸ਼ਰੀਰ ਦੀ ਵਾਸਨਾ ਹੈ, ਕਾਰਣ ਹੈ। ਪੁੱਤਰ ਨਾਲ ਪ੍ਰੇਮ ਹੁੰਦਾ ਹੈ—ਬੁਢਾਪੇ ਦਾ ਸਹਾਰਾ ਹੈ, ਆਸ਼ਾ ਹੈ, ਕਾਰਣ ਹੈ। ਗੁਰੂ ਨਾਲ ਕੀ ਸੰਬੰਧ ? ਇਸ ਲਈ ਤਾਂ ਜਗਤ ਵਿੱਚ ਗੁਰੂ ਲੱਭਣਾ ਬਹੁਤ ਮੁਸ਼ਕਿਲ ਹੋ ਜਾਂਦਾ ਹੈ, ਕਿਉਂਕਿ ਬਿਨਾਂ ਕਾਰਣ ਤੋਂ ਪ੍ਰੇਮ ਲੱਭਣਾ ਹੈ। ਬੱਸ ਪਿਆਰ ਹੈ, ਕੋਈ ਕਾਰਣ ਨਹੀਂ। ਨਾ ਉਸੇ ਕੋਲੋਂ ਕੋਈ ਆਸ਼ਾ ਹੈ, ਨਾ ਕੋਈ ਅਭਿਲਾਸ਼ਾ ਹੈ। ਜੇਕਰ ਤੁਸੀਂ ਆਸ਼ਾ ਅਤੇ ਅਭਿਲਾਸ਼ ਨਾਲ ਗੁਰੂ ਦੇ ਕੋਲ ਗਏ ਤਾਂ ਤੁਸੀਂ ਉਸਦੇ ਪਰਿਵਾਰ ਨਾ ਬਣ ਸਕੋਗੇ। ਉਸਦੇ ਕੋਲ ਤਾਂ ਤੁਹਾਨੂੰ ਬਿਨਾਂ ਕਾਰਣ ਤੋਂ ਹੀ ਜਾਣਾ ਪਵੇਗਾ। ਕਾਰਣ ਨਾਲ ਤੁਸੀਂ ਸੰਸਾਰ ਵਿੱਚ ਕਾਫ਼ੀ ਭਟਕ ਚੁੱਕੇ ਹੋ, ਕੀ ਪਾਇਆ? ਬਿਨਾਂ ਕਿਸੇ ਕਾਰਣ ਦੇ, ਸਹਜ ਭਾਵ ਨਾਲ, ਬੱਸ ਹੋ ਗਿਆ।

ਇਸ ਲਈ ਤਾਂ ਸ਼ਰਧਾ ਨੂੰ ਅੰਨ੍ਹੀ ਕਿਹਾ ਹੈ। ਸੋਚਨ ਵਾਲਿਆਂ ਨੂੰ ਅੰਨ੍ਹੀ ਵਿਖਾਈ ਦਿੰਦੀ ਹੈ। ਉਹ ਪੁੱਛਦੇ ਹਨ ਕਿਉਂ, ਇਸ ਆਦਮੀ ਦੇ ਪਿੱਛੇ ਪਾਗਲ ਹੈਂ, ਮੇਰੇ ਕੋਲ ਲੋਕ ਆਉਂਦੇ ਹਨ। ਉਹ ਕਹਿੰਦੇ ਹਨ ਕਿ ਉਨ੍ਹਾਂ ਦੇ ਘਰ ਦੇ ਲੋਕ ਕਹਿੰਦੇ ਹਨ—

ਕਿਉਂ ਰਜਨੀਸ਼ ਦੇ ਪਿੱਛੇ ਪਾਗਲ ਹੋ? ਦਿਮਾਗ਼ ਖ਼ਰਾਬ ਹੋ ਗਿਆ ਹੈ?

ਉਹ ਨਿਸ਼ਚਿੱਤ ਹੀ ਪਾਗਲ ਹਨ ਅਤੇ ਸੱਚ ਕਿਹਾ ਜਾਵੇ ਤਾਂ ਠੀਕ ਹੀ ਕਹਿੰਦੇ ਹਨ, ਘਰ ਦੇ ਲੋਕ ਕਿ ਦਿਮਾਗ਼ ਖ਼ਰਾਬ ਹੋ ਗਿਆ ਹੈ। ਉਹ ਦਿਮਾਗ਼ ਜਿਸ ਨਾਲ ਸੰਸਾਰ ਚਲਦਾ ਹੈ ਨਿਸ਼ਚਿੱਤ ਹੀ ਖ਼ਰਾਬ ਹੋ ਗਿਆ ਹੈ। ਇੱਕ ਨਵਾਂ ਪ੍ਰੇਮ ਬਣਿਆ ਹੈ ਅਤੇ ਇਸ ਨਵੇਂ ਪ੍ਰੇਮ ਦੇ ਲ਼ਈ ਕੋਈ ਤਰਕ ਨਹੀਂ ਦੇ ਸਕਦੇ ਹੋ। ਕਿਸੇ ਨੂੰ ਸਿੱਧ ਕਰਕੇ ਵੀ ਨਹੀਂ ਦੱਸ ਸਕਦੇ ਕਿ ਇਸ ਪਿਆਰ ਵਿੱਚ ਕੋਈ ਕਾਰਣ ਹੈ। ਸਿੱਧ ਕਰਣ ਵਿੱਚ ਉਨ੍ਹਾਂ ਨੂੰ ਆਪ ਹੀ ਲੱਗੇਗਾ ਕਿ ਅਸੰਭਵ ਹੈ। ਨਾਨਕ ਕਹਿੰਦੇ ਹਨ ਕਿ ਮਨਨ ਨਾਲ ਹੀ ਪਰਿਵਾਰ ਨੂੰ ਬਚਾ ਲਿਆ ਜਾਂਦਾ ਹੈ। ਇੱਕ ਗੁਰੂ ਦਾ ਇੱਕ ਪਰਿਵਾਰ ਪੈਦਾ ਹੁੰਦਾ ਹੈ ਤੇ ਜਦ ਉਹ ਪਰਿਵਾਰ ਸੰਪਰਦਾਯ ਬਣ ਜਾਂਦਾ ਹੈ, ਤਦ ਨੁਕਸਾਨ ਸ਼ੁਰੂ ਹੋ ਜਾਂਦਾ ਹੈ, ਜਦ ਤੱਕ ਉਹ ਪਰਿਵਾਰ ਰਹਿੰਦਾ ਹੈ, ਤਦ ਤੱਕ ਇੱਕ ਗੱਲ। ਜਦ ਬੁੱਧ ਪੈਦਾ ਹੁੰਦੇ ਹਨ, ਹਜ਼ਾਰਾਂ ਲੋਕ ਉਨ੍ਹਾਂ ਦੇ ਪਰਿਵਾਰ ਵਿੱਚ ਸ਼ਾਮਿਲ ਹੁੰਦੇ ਹਨ।

ਨਾਨਕ ਪੈਦਾ ਹੁੰਦੇ ਹਨ ਤਦ ਹਜ਼ਾਰਾਂ ਲੋਕ ਉਨ੍ਹਾਂ ਦੇ ਪਰਿਵਾਰ ਵਿੱਚ ਸ਼ਾਮਿਲ ਹੁੰਦੇ ਹਨ। ਜਿਹੜੇ ਲੋਕ ਨਾਨਕ ਦੇ ਪਰਿਵਾਰ ਵਿੱਚ ਸ਼ਾਮਿਲ ਹੁੰਦੇ ਹਨ, ਇਹ ਸ਼ਾਮਿਲ ਹੋਣਾ ਹੀ ਵੱਡੀ ਘਟਣਾ ਹੈ। ਕਿਉਂਕਿ ਇਹ ਬਿਨਾਂ ਕਾਰਣ-ਜਗਤ ਵਿੱਚ ਪ੍ਰਵੇਸ਼ ਹੈ। ਬਿਨਾਂ-ਕਾਰਣ ਪ੍ਰੇਮ ਵਿੱਚ ਪ੍ਰਵੇਸ਼ ਹੈ। ਇਹ ਨਾਨਕ ਦਾ ਰੰਗ ਅਤੇ ਰਸ ਲੱਗ ਗਿਆ। ਇਹ ਪਾਗਲ ਹੋਈ ਜਾ ਰਹੇ ਹਨ। ਇਹ ਧੁਨ ਨੇ ਫੜ ਲਿਆ।

ਲੇਕਿਨ ਫ਼ਿਰ ਨਾਨਕ ਵਿਦਾ ਹੋ ਜਾਣਗੇ। ਜਿਹੜੇ ਪਰਿਵਾਰ ਵਿੱਚ ਆਪਣੀ ਇੱਛਾ ਨਾਲ ਆਪਣੀ ਖ਼ੁਸ਼ੀ ਨਾਲ ਸ਼ਾਮਿਲ ਹੋਏ ਸਨ, ਉਹ ਵਿਦਾ ਹੋ ਜਾਣਗੇ, ਫ਼ਿਰ ਉਨ੍ਹਾਂ ਦੇ ਪੁੱਤਰ ਅਤੇ ਬੱਚੇ ਵੀ ਸਿੱਖ ਰਹਿਣਗੇ। ਉਹ ਸੰਪਰਦਾਯ ਹੈ। ਕਿਉਂਕਿ ਜਿਸ ਪਿਆਰ ਨੂੰ ਤੁਸੀਂ ਨਹੀਂ ਚੁਣਿਆ, ਉਹ ਤੁਹਾਨੂੰ ਰੂਪਾਂਤਰਿਤ (ਤਬਦੀਲੀ) ਨਹੀਂ ਕਰ ਸਕਦਾ। ਨਾਨਕ ਨੂੰ ਚੁਨਣਾ ਵੱਡੀ ਕ੍ਰਾਂਤੀ ਹੈ। ਫ਼ਿਰ ਸਿੱਖ ਦੇ ਘਰ ਪੈਦਾ ਹੋਣਾ, ਆਪਣੇ ਨੂੰ ਸਿੱਖ ਮੰਨਣਾ ਕੋਈ ਕ੍ਰਾਂਤੀ ਨਹੀਂ ਹੈ। ਮੁਸਲਮਾਨ ਦੇ ਘਰ ਮੁਸਲਮਾਨ ਪੈਦਾ ਹੁੰਦਾ ਹੈ, ਹਿੰਦੂ ਦੇ ਘਰ ਹਿੰਦੂ, ਜੈਨ ਦੇ ਘਰ ਵਿੱਚ ਜੈਨ, ਸਿੱਖ ਦੇ ਘਰ ਵਿੱਚ ਸਿੱਖ। ਸੰਪਰਦਾਯ ਦਾ ਅਰਥ ਹੈ—ਜੋ ਤੁਹਾਨੂੰ ਜਨਮ ਦੇ ਨਾਲ ਮਿਲੇ ਅਤੇ ਪਰਿਵਾਰ ਦਾ ਅਰਥ ਹੈ—ਜੋ ਤੁਸੀਂ ਆਪਣੀ ਮਨ ਦੀ ਇਛਿਆ ਨਾਲ ਚੁਣਿਆ ਹੋਵੇ। ਧਾਰਮਿਕ ਮਨੁੱਖ ਹਮੇਸ਼ਾਂ ਆਪਣੇ ਮਨ ਦੀ ਮਰਜ਼ੀ ਨਾਲ ਚੁਣੇਗਾ। ਅਧਾਰਮਿਕ ਮਨੁੱਖ ਸੰਪਰਦਾਇਕ ਹੋਵੇਗਾ, ਜਨਮ ਤੋਂ ਚੁਣੇਗਾ।

ਤੁਸੀਂ ਜਨਮ ਤੋਂ ਜੈਨ ਹੋ, ਕੋਈ ਹਿੰਦੂ ਹੋ, ਕੋਈ ਬੌਧ ਹੋ, ਲੇਕਿਨ ਜਨਮ ਤੋਂ ਕੋਈ ਹਿੰਦੂ ਸਿੱਖ ਜੈਨ, ਬੌਧ ਹੋ ਸਕਦਾ ਹੈ? ਜਨਮ ਨਾਲ ਖ਼ੂਨ ਮਿਲ ਸਕਦਾ ਹੈ, ਹੱਡੀਆਂ

ਮਿਲ ਸਕਦੀਆਂ ਹਨ। ਆਤਮਾ ਕਿਵੇਂ ਮਿਲੇਗੀ?

ਅਤੇ ਇਸ ਲਈ ਦੁਨੀਆਂ ਵਿੱਚ ਇੱਕ ਵੱਡੀ ਅਨਬੂਝ ਘਟਨਾ ਘਟਦੀ ਰਹਿੰਦੀ ਹੈ ਕਿ ਜਦ ਗੁਰੂ ਜੀਉਂਦਾ ਹੁੰਦਾ ਹੈ, ਤਦ ਇੱਕ ਪ੍ਰਕਾਸ਼ ਹੁੰਦਾ ਹੈ, ਜਿਸ ਵਿੱਚ ਉਹ ਆਪ ਵੀ ਤਰਦਾ ਹੈ ਅਤੇ ਦੂਜਿਆਂ ਨੂੰ ਵੀ ਤਰਾਉਂਦਾ ਹੈ। ਜਦ ਗੁਰੂ ਜੀਉਂਦਾ ਹੁੰਦਾ ਹੈ। ਤਦ ਇੱਕ ਜੀਉਂਦੀ-ਜਾਗਦੀ ਘਟਨਾ ਘਟਦੀ ਹੈ। ਫ਼ਿਰ ਗੁਰੂ ਵਿਦਾ ਹੋ ਜਾਂਦਾ ਹੈ, ਉਹ ਜਿਹੜੇ ਪ੍ਰਾਥਮਿਕ, ਜਿਨ੍ਹਾਂ ਨੇ ਆਪਣੇ ਜੀਵਨ ਨੂੰ ਅਰਪਣ ਕੀਤਾ ਸੀ, ਜਿਨ੍ਹਾਂ ਨੇ ਆਪਣੇ ਜੀਵਨ ਦੀ ਭੇਟ ਕੀਤੀ ਸੀ, ਦਆ ਤੇ ਲਾਇਆ ਸੀ, ਉਹ ਵੀ ਵਿਦਾ ਹੋ ਜਾਂਦੇ ਹਨ। ਤਦ ਉਨ੍ਹਾਂ ਦੇ ਘਰ ਜਿਹੜੇ ਬੱਚੇ ਪੈਦਾ ਹੁੰਦੇ ਹਨ, ਉਹ ਬੱਚੇ ਸਿੱਖ ਹੋਣਗੇ, ਜੈਨ ਹੋਣਗੇ ਬੌਧ ਹੋਣਗੇ। ਧਰਮ ਨਾਲ ਇਨ੍ਹਾਂ ਦਾ ਕੋਈ ਸੰਬੰਧ ਨਹੀਂ ਹੋਏਗਾ।

ਇੱਕ ਗੱਲ ਚੰਗੀ ਤਰ੍ਹਾਂ ਸਮਝ ਲੈਣਾ—ਧਰਮ ਮਨੁੱਖ ਦਾ ਆਪਣਾ ਫ਼ੈਸਲਾ ਹੈ। ਜਨਮ ਤੋਂ ਕੋਈ ਧਾਰਮਿਕ ਨਹੀਂ ਹੋ ਸਕਦਾ। ਉਹ ਫੈਸਲੇ ਤੋਂ ਜੋ ਪਰਿਵਾਰ ਬਣਦਾ ਹੈ।

ਨਾਨਕ ਕਹਿੰਦੇ ਹਨ, "ਮਨਨ ਨਾਲ ਹੀ ਪਰਿਵਾਰ ਬਚਾ ਲਿਆ ਜਾਂਦਾ ਹੈ। ਮਨਨ ਨਾਲ ਹੀ ਗੁਰੂ ਤਰਦਾ ਹੈ ਅਤੇ ਸ਼ਿੱਸ਼ ਨੂੰ ਤਾਰਦਾ ਹੈ। ਨਾਨਕ ਕਹਿੰਦੇ ਹਨ—ਮਨਨ ਨਾਲ ਹੀ ਭਿੱਖਿਆ ਲਈ ਭਟਕਣਾ ਨਹੀਂ ਪੈਂਦਾ। ਜਿਵੇਂ-ਜਿਵੇਂ ਮਨਨ ਡੂੰਘਾ ਹੁੰਦਾ ਜਾਂਦਾ ਹੈ, ਮੰਗਣਾ ਛੁਟ ਜਾਂਦਾ ਹੈ।

ਸੰਸਾਰ ਕੀ ਹੈ? ਭਿੱਖਿਆ ਦੇ ਲਈ ਭਟਕਣਾ ਹੈ। ਤੁਸੀਂ ਗ਼ੌਰ ਕਰੋ ਕਿ ਤੁਸੀਂ ਕੀ ਕਰ ਰਹੇ ਹੋ। ਤੁਸੀਂ ਮੰਗ ਰਹੇ ਹੋ। ਚੌਵੀ ਘੰਟੇ ਮੰਗ ਜਾਰੀ ਹੈ। ਤੁਸੀ ਭਿਖਾਰੀ ਹੋ। ਨਾਨਕ ਕਹਿੰਦੇ ਹਨ—ਮਨਨ ਨਾਲ ਹੀ ਭਿੱਖਿਆ ਦੇ ਲਈ ਭਟਕਣਾ ਨਹੀਂ ਪੈਂਦਾ। ਮਨਨ ਨਾਲ ਮਨੁੱਖ ਸਮ੍ਰਾਟ ਹੋ ਜਾਂਦਾ ਹੈ, ਸ਼ਹਿਨਸ਼ਾਹ ਹੋ ਜਾਂਦਾ ਹੈ, ਬਾਦਸ਼ਾਹ ਹੋ ਜਾਂਦਾ ਹੈ। ਮਨਨ ਉਸਨੂੰ ਭਿਖਿਆ ਤੋਂ ਮੁਕਤ ਕਰ ਦਿੰਦਾ ਹੈ। ਮਨਨ ਨਾਲ ਉਹ ਮਿਲ ਜਾਂਦਾ ਹੈ, ਜਿਸ ਤੋਂ ਪਾਰ ਪਾਉਣ ਨੂੰ ਕੁਝ ਨਹੀਂ ਬਚਦਾ।

ਮਨਨ ਨਾਲ ਪਰਮਾਤਮਾ ਮਿਲ ਜਾਂਦਾ ਹੈ, ਫ਼ਿਰ ਹੋਰ ਕੀ ਮੰਗਣਾ ਹੈ? ਆਖ਼ਰੀ ਮੰਜ਼ਿਲ ਆ ਗਈ ਅਤੇ ਹੋਰ ਅੱਗੇ ਕੁਝ ਮੰਗਣ ਨੂੰ ਕਿੱਥੇ ਹੈ? ਸਭ ਮਿਲ ਗਿਆ, ਕੁਝ ਵੀ ਬਾਕੀ ਕਿੱਥੇ ਰਿਹਾ ਭਿੱਖਿਆ ਮੰਗਣ ਦੀ ਜੋ ਆਦਤ ਸੀ ਛੁਟ ਜਾਂਦੀ ਹੈ।

ਸਮਾਧੀ ਮਿਲ ਗਈ, ਸਭ ਮਿਲ ਗਿਆ। ਉਹ ਨਾਉਂ ਨਿਰੰਜਨੁ ਹੀ ਇਹੋ ਜਿਹਾ ਹੈ ਕਿ ਜੋ ਮਨਨ ਕਰਦਾ ਹੈ, ਉਸਦਾ ਮਨ ਹੀ ਜਾਣਦਾ ਹੈ।

*"ਐਸਾ ਨਾਮੁ ਨਿਰੰਜਨੁ ਹੋਇ॥ ਜੇ ਕੋ ਮੰਨਿ ਜਾਣੈ ਮਨਿ ਕੋਇ॥*

*ਅੱਜ ਏਨਾ ਹੀ*

# ਪੰਚਾ ਕਾ ਗੁਰੁ ਏਕੁ ਧਿਆਨੁ

ਪੰਚ ਪਰਵਾਣ ਪੰਚ ਪਰਧਾਨੁ॥ ਪੰਚੇ ਪਾਵਹਿ ਦਰਗਹਿ ਮਾਨੁ॥
ਪੰਚੇ ਸੋਹਹਿ ਦਰਿ ਰਾਜਾਨੁ॥ ਪੰਚਾ ਕਾ ਗੁਰੁ ਏਕੁ ਧਿਆਨੁ॥
ਜੇ ਕੋ ਕਹੈ ਕਰੈ ਵੀਚਾਰੁ॥ ਕਰਤੇ ਕੈ ਕਰਣੈ ਨਾਹੀ ਸੁਮਾਰੁ॥
ਧੌਲੁ ਧਰਮੁ ਦਇਆ ਕਾ ਪੂਤੁ॥ ਸੰਤੋਖੁ ਥਾਪਿ ਰਖਿਆ ਜਿਨਿ ਸੂਤਿ॥
ਜੇ ਕੋ ਬੁਝੈ ਹੋਵੈ ਸਚਿਆਰੁ॥ ਧਵਲੈ ਉਪਰਿ ਕੇਤਾ ਭਾਰੁ॥
ਧਰਤੀ ਹੋਰੁ ਪਰੈ ਹੋਰੁ ਹੋਰੁ॥ ਤਿਸ ਤੇ ਭਾਰੁ ਤਲੈ ਕਵਣੁ ਜੋਰੁ॥
ਜੀਅ ਜਾਤਿ ਰੰਗਾ ਕੇ ਨਾਵ॥ ਸਭਨਾ ਲਿਖਿਆ ਵੁੜੀ ਕਲਾਮ॥
ਏਹੁ ਲੇਖਾ ਲਿਖਿ ਜਾਣੈ ਕੋਇ॥ ਲੇਖਾ ਲਿਖਿਆ ਕੇਤਾ ਹੋਇ॥
ਕੇਤਾ ਤਾਣੁ ਸੁਆਲਿਹੁ ਰੂਪੁ॥ ਕੇਤੀ ਦਾਤਿ ਜਾਣੈ ਕੌਣੁ ਕੂਤੁ॥
ਕੀਤਾ ਪਸਾਉ ਏਕੋ ਕਵਾਉ॥ ਤਿਸ ਤੇ ਹੋਏ ਲਖ ਦਰੀਆਉ॥
ਕੁਦਰਤਿ ਕਵਣ ਕਹਾ ਵੀਚਾਰੁ॥ ਵਾਰਿਆ ਨ ਜਾਵਾ ਏਕ ਵਾਰ॥
ਜੋ ਤੁਧੁ ਭਾਵੈ ਸਾਈ ਭਲੀ ਕਾਰ॥ ਤੂ ਸਦਾ ਸਲਾਮਤਿ ਨਿਰੰਕਾਰ॥ ੧੬॥

ਕਿਸੇ ਵੀ ਰਾਹ ਤੋਂ ਇੱਕ ਨੂੰ ਖੋਜ ਲੈਣਾ ਹੈ। ਇੱਕ ਦੇ ਲੱਭਦੇ ਹੀ ਯਾਤਰਾ ਪੂਰੀ ਹੋ ਜਾਂਦੀ ਹੈ। ਕਿਉਂਕਿ ਇੱਕ ਨੂੰ ਗੁਆ ਕੇ ਹੀ ਸੰਸਾਰ ਸ਼ੁਰੂ ਹੋਇਆ ਹੈ। ਇੱਕ ਨੂੰ ਖੋਜਣ ਲਈ ਬਹੁਤ ਉਪਾਅ ਹੋ ਸਕਦੇ ਹਨ। ਕਿਉਂਕਿ ਬਹੁਤ ਪ੍ਰਕਾਰ ਨਾਲ ਇੱਕ ਖੰਡਿਤ ਹੋਇਆ ਹੈ। ਜਿਵੇਂ ਸੂਰਜ ਦੀ ਕਿਰਨ ਕੱਚ ਦੇ ਇੱਕ ਟੁਕੜੇ 'ਚੋਂ ਲੰਘਦੀ ਹੈ, ਤੇ ਸੱਤ ਟੁਕੜੀਆਂ ਵਿੱਚ ਟੁੱਟ ਜਾਂਦੀ ਹੈ। ਇੰਦਰ-ਧਨੁਸ਼ ਪੈਦਾ ਹੁੰਦਾ ਹੈ। ਇਸੇ ਤਰ੍ਹਾਂ ਜੀਵਨ ਬਹੁਤ ਸਾਰੇ ਖੰਡਾਂ ਵਿੱਚ ਟੁੱਟ ਗਿਆ ਹੈ। ਇੱਕ ਕਿਰਨ ਸੱਤ ਰੰਗਾਂ ਵਿੱਚ ਟੁੱਟ ਜਾਂਦੀ ਹੈ। ਜਦ ਰੰਗ ਜੁੜੇ ਹੁੰਦੇ ਹਨ, ਤਦ ਚਿੱਟਾ ਰੰਗ ਬਣਦਾ ਹੈ। ਜਦ ਰੰਗ ਟੁੱਟ ਜਾਂਦੇ ਹਨ ਤਾਂ ਵੱਖਰੇ-ਵੱਖਰੇ ਰੰਗ ਬਣ ਜਾਂਦੇ ਹਨ।

ਸੰਸਾਰ ਬਹੁਤ ਰੰਗੀਲਾ ਹੈ, ਪਰਮਾਤਮਾ ਸਫੇਦ-ਚਾਨਣ ਹੈ। ਇੱਕ ਦਾ ਕੋਈ ਰੰਗ ਨਹੀਂ ਹੈ। ਰੰਗ ਤਾਂ ਅਨੇਕ ਦੇ ਹਨ। ਸਾਰੀਆਂ ਸਾਧਨਾਵਾਂ ਮੁੜ ਉਨ੍ਹਾਂ ਹੀ ਖੰਡਾਂ ਵਿੱਚ ਅਖੰਡ ਨੂੰ ਲੱਭਣ ਦੀ ਪ੍ਰਕ੍ਰਿਆ ਹਨ। ਹਿੰਦੂ ਕਹਿੰਦੇ ਹਨ, ਇੱਕ, ਦੋ ਵਿੱਚ ਟੁੱਟ ਗਿਆ ਹੈ। ਚੇਤਨਾ ਅਤੇ ਪਦਾਰਥ, ਮਨੁੱਖ ਅਤੇ ਕੁਦਰਤ। ਏਨ੍ਹਾਂ ਦੋਹਾਂ ਵਿੱਚੋਂ ਜੇਕਰ ਤੁਸੀਂ ਉਸਨੂੰ ਖੋਜ ਲਵੋ, ਇੱਕ ਦੀ ਝਲਕ, ਯਾਤਰਾ ਪੂਰੀ ਹੋ ਜਾਵੇਗੀ।

ਇੱਕ ਦੂਜਾ ਰਾਹ ਕਹਿੰਦਾ ਹੈ, ਇੱਕ ਤਿੰਨਾਂ ਵਿੱਚ ਟੁੱਟ ਗਿਆ ਹੈ—ਸਤਿਅਮ, ਸ਼ਿਵਮ, ਸੁੰਦਰਮ। ਤੁਸੀਂ ਸਤਯ ਵਿੱਚ ਸੁੰਦਰ ਨੂੰ ਵੇਖ ਲਵੋ, ਸੁੰਦਰ ਵਿੱਚ ਸਤਯ ਨੂੰ ਵੇਖ ਲਵੋ, ਸ਼ਿਵਮ ਵਿੱਚ ਸੁੰਦਰ ਵਿਖਾਈ ਪਵੇ, ਸਤਯ ਵਿੱਚ ਸ਼ਿਵਮ ਵਿਖਾਈ ਪਵੇ, ਇਨ੍ਹਾਂ ਤਿੰਨਾਂ ਦੇ ਵਿੱਚ ਤੁਹਾਨੂੰ ਇੱਕ ਦੀ ਝਲਕ ਆਉਣ ਲਗੇ, ਸਤਿਅਮ ਸ਼ਿਵਮ, ਸੁੰਦਰਮ ਗੁਆਚ ਜਾਵੇ, ਅਤੇ ਇੱਕ ਹੀ ਬਚੇ, "ੴ ਸਤਿਨਾਮੁ" ਤਾਂ ਤੁਹਾਡੀ ਯਾਤਰਾ ਪੂਰੀ ਹੋ ਗਈ।

ਨਾਨਕ ਕਹਿੰਦੇ ਹਨ ਇੱਕ ਪੰਜ ਵਿੱਚ ਟੁੱਟ ਗਿਆ। ਪੰਜ ਇੰਦਰੀਆਂ ਦੇ ਕਾਰਣ, ਜੇਕਰ ਏਨ੍ਹਾਂ ਪੰਜਾਂ ਵਿੱਚ ਤੁਸੀਂ ਇੱਕ ਨੂੰ ਲੱਭ ਲਓ ਤਾਂ ਪ੍ਰਾਪਤੀ ਹੋ ਗਈ। ਤੁਸੀਂ ਸਿੱਧ ਹੋ ਗਏ। ਇਹ ਗੱਲ ਮਹੱਤਵਪੂਰਣ ਨਹੀਂ ਹੈ ਕਿ ਤੁਸੀਂ ਕਿੰਨੇ ਖੰਡਾਂ ਵਿੱਚ ਤੋੜ ਕੇ ਵੇਖਦੇ ਹੋ। ਅਨੰਤ ਖੰਡ ਹੋ ਗਏ। ਮਹੱਤਵਪੂਰਣ ਗੱਲ ਇਹ ਹੈ ਕਿ ਖੰਡਾਂ ਵਿਚੋਂ ਅਖੰਡ ਨੂੰ ਕਿਵੇਂ ਲੱਭ ਲਿਆ ਜਾਵੇ।

ਪੰਜ ਇੰਦਰੀਆਂ ਹਨ, ਪਰ ਪੰਜਾਂ ਇੰਦਰੀਆਂ ਦੇ ਵਿਚਕਾਰ ਇੱਕ ਧਿਆਨ ਹੈ। ਇੰਦਰੀਆਂ ਪੰਜ ਹਨ, ਧਿਆਨ ਇਕੱਲਾ ਹੈ। ਇਸ ਨੂੰ ਥੋੜ੍ਹਾ ਸਮਝੀਏ, ਤਾਂ ਪੰਜਾਂ ਇੰਦਰੀਆਂ ਦੇ ਵਿਚਕਾਰ ਇੱਕ ਦਾ ਸੂਤਰ ਹੱਥ ਆ ਜਾਵੇਗਾ। ਮਾਲਾ ਦੇ ਮਣਕੇ ਕੋਈ ਗਿਣਦਾ ਰਹੇ, ਕੁਝ ਅਰਥ ਨਹੀਂ, ਸਾਰੇ ਮਣਕੇ ਜਿਸ ਇੱਕ ਡੋਰੀ ਵਿੱਚ ਪਰੋਏ ਹਨ, ਉਸ ਨੂੰ ਜਿਹੜਾ ਫੜ ਲਵੇ, ਉਸਨੇ ਪਰਮਾਤਮਾ ਦੀ ਸ਼ਰਣ ਲੈ ਲਈ। ਮਣਕੇ ਗਿਣਨਾ

ਸੰਸਾਰ ਹੈ, ਵਿਚਕਾਰ ਪਰੋਈ ਡੋਰ ਨੂੰ ਫੜ ਲੈਣਾ ਪਰਮਾਤਮਾ ਦੀ ਪ੍ਰਾਪਤੀ ਹੈ।

ਪੰਜ ਇੰਦਰੀਆਂ ਹਨ। ਉਨ੍ਹਾਂ ਦੇ ਵਿਚਕਾਰ ਕੌਣ ਹੈ ਇੱਕ? ਜਦ ਤੁਸੀਂ ਅੱਖ ਨਾਲ ਵੇਖਦੇ ਹੋ, ਤਾਂ ਕੌਣ ਵੇਖਦਾ ਹੈ? ਜਦ ਤੁਸੀਂ ਕੰਨ ਨਾਲ ਸੁਣਦੇ ਹੋ, ਤਾਂ ਕੌਣ ਸੁਣਦਾ ਹੈ? ਜਦ ਤੁਸੀਂ ਹੱਥ ਨਾਲ ਛੂੰਹਦੇ ਹੋ ਤਾਂ ਕੌਣ ਛੂੰਹਦਾ ਹੈ? ਜਦ ਤੁਸੀਂ ਨੱਕ ਨਾਲ ਖੁਸ਼ਬੋ ਲੈਂਦੇ ਹੋ ਤਾਂ ਕਿਸ ਨੂੰ ਖੁਸ਼ਬੋ ਆਉਂਦੀ ਹੈ? ਜਦ ਤੁਸੀਂ ਸੁਆਦ ਲੈਂਦੇ ਹੋ ਤਾਂ ਕਿਸ ਨੂੰ ਸੁਆਦ ਆਉਂਦਾ ਹੈ?

ਉਹ ਇੱਕ ਹੈ। ਉਸਨੂੰ ਨਾਨਕ ਕਹਿੰਦੇ ਹਨ, ਉਹੀ ਧਿਆਨ ਹੈ। ਇਸ ਲਈ ਅਕਸਰ ਅਜਿਹਾ ਹੋ ਜਾਂਦਾ ਹੈ ਕਿ ਤੁਸੀਂ ਭੋਜਨ ਕਰ ਰਹੇ ਹੋ.... ਧਿਆਨ ਦਾ।

ਬਹੁਤ ਪੁਰਾਣੀ ਕਥਾ ਹੈ। ਇੱਕ ਸੰਨਿਆਸੀ ਇੱਕ ਸਮ੍ਰਾਟ ਦੇ ਦੁਆਰੇ ਆਇਆ। ਉਸਦੇ ਗੁਰੂ ਨੇ ਉਸ ਨੂੰ ਭੇਜਿਆ ਸੀ ਅਤੇ ਕਿਹਾ ਸੀ ਕਿ ਜੋ ਮੈਂ ਤੈਨੂੰ ਸਮਝਾ ਨਹੀਂ ਸਕਿਆ, ਉਹ ਸ਼ਾਇਦ ਤੈਨੂੰ ਸਮ੍ਰਾਟ ਸਮਝਾ ਸਕੇ। ਸ਼ਿਸ਼ ਨੂੰ ਵਿਸ਼ਵਾਸ ਤਾਂ ਨਹੀਂ ਆਇਆ ਕਿ ਜਿਹੜਾ ਮੈਂ ਗੁਰੂ ਕੋਲੋਂ ਨਹੀਂ ਸਿੱਖ ਸਕਿਆ, ਉਹ ਸਮ੍ਰਾਟ ਕੋਲੋਂ ਸਿੱਖਾਂਗਾ? ਪਰ ਗੁਰੂ ਨੇ ਕਿਹਾ ਤਾਂ ਆਗਿਆ ਮੰਨਣੀ ਪਈ। ਉਹ ਜਦੋਂ ਸਮ੍ਰਾਟ ਦੇ ਦੁਆਰ ਤੱਕ ਪੁੱਜਾ ਤਾਂ ਉਥੇ ਰਾਗ-ਰੰਗ ਚੱਲ ਰਿਹਾ ਸੀ। ਸ਼ਰਾਬ ਪੀਤੀ ਜਾ ਰਹੀ ਸੀ। ਨਰਤਕੀਆਂ ਨੱਚ ਰਹੀਆਂ ਸਨ, ਤਾਂ ਉਹ ਬਹੁਤ ਦੁਖੀ ਹੋਇਆ ਕਿ ਮੈਂ ਕਿੱਥੇ ਕਿਹੜੀ ਗ਼ਲਤ ਥਾਂ ਆ ਗਿਆ! ਉਸ ਨੇ ਸਮ੍ਰਾਟ ਨੂੰ ਕਿਹਾ ਕਿ ਮੈਂ ਵਾਪਸ ਪਰਤ ਜਾਵਾਂ ਕਿਉਂਕਿ ਮੈਂ ਤਾਂ ਕੁਝ ਜਾਨਣ ਦੀ ਇੱਛਾ ਲੈ ਕੇ ਆਇਆ ਸੀ। ਇੱਥੇ ਤਾਂ ਤੁਸੀਂ ਆਪ ਹੀ ਗੁਆਚੇ ਹੋਏ ਹੋ। ਮੇਰੀ ਇੱਛਾ ਨੂੰ ਕੌਣ ਪੂਰੀ ਕਰੇਗਾ?

ਸਮ੍ਰਾਟ ਨੇ ਕਿਹਾ ਕਿ ਮੈਂ ਗੁਆਚਿਆ ਹੋਇਆ ਨਹੀਂ ਹਾਂ। ਤੁਸੀਂ ਥੋੜ੍ਹੀ ਦੇਰ ਰੁਕੋ ਤਾਂ ਹੀ ਤੁਹਾਡੀ ਸਮਝ ਵਿੱਚ ਆ ਸਕੇਗਾ। ਬਾਹਰੋਂ ਵੇਖ ਗਏ ਤਾਂ ਵਿਅਰਥ ਹੀ ਮੁੜ ਜਾਓਗੇ। ਅੰਦਰ ਵੇਖੋਗੇ ਤਾਂ ਸ਼ਾਇਦ ਸੂਤਰ ਮਿਲ ਜਾਵੇ। ਗੁਰੂ ਨੇ ਸੋਚ ਕੇ ਹੀ ਭੇਜਿਆ ਹੈ। ਸੂਤਰ ਤਾਂ ਅੰਦਰ ਹੈ, ਇੰਦਰੀਆਂ ਵਿੱਚ ਤਾਂ ਸੂਤਰ ਨਹੀਂ ਹੈ। ਇੰਦਰੀਆਂ ਦੇ ਅੰਦਰ ਜਿਹੜਾ ਲੁਕਿਆ ਹੈ ਉਥੇ ਸੂਤਰ ਹੈ।

ਪਰ ਸਮ੍ਰਾਟ ਨੇ ਕਿਹਾ ਹੁਣ ਆ ਗਏ ਹੋ ਤਾਂ ਰਾਤ ਰੁਕ ਜਾਵੋ। ਰਾਤ ਬਹੁਤ ਸੁੰਦਰ ਬਿਸਤਰ ਉਤੇ ਸੰਨਿਆਸੀ ਨੂੰ ਸੁਆਇਆ, ਸਭ ਤੋਂ ਵਧੀਆ ਜੋ ਭਵਨ ਦਾ ਕਮਰਾ ਸੀ। ਪਰ ਇੱਕ ਨੰਗੀ ਤਲਵਾਰ ਸੂਤ ਦੇ ਧਾਗੇ ਨਾਲ ਉੱਪਰ ਲਟਕਾ ਦਿੱਤੀ। ਰਾਤ ਸਾਰੀ ਸੰਨਿਆਸੀ ਸੌਂ ਨਾ ਸਕਿਆ। ਜਾਗਦਾ ਹੀ ਰਿਹਾ, ਨੀਂਦ ਆਵੇ ਹੀ ਨਾ। ਪਾਸਾ ਵੀ ਪਰਤੇ, ਪਰ ਧਿਆਨ ਤਲਵਾਰ ਉਤੇ ਅਟਕਿਆ ਰਿਹਾ। ਪਤਾ ਨਹੀਂ ਕਦੋਂ ਟੁੱਟ ਜਾਵੇ! ਕੱਚੇ ਧਾਗੇ ਨਾਲ ਲਟਕਦੀ ਤਲਵਾਰ, ਕਦੋਂ ਛਾਤੀ ਵਿੱਚ ਖੁੱਭ ਜਾਵੇ! ਸਮ੍ਰਾਟ ਨੇ ਵੀ

ਚੰਗਾ ਮਖੌਲ ਕੀਤਾ! ਏਨਾਂ ਚੰਗਾ ਸੋਨ ਦਾ ਪ੍ਰਬੰਧ ਕੀਤਾ, ਪਰ ਉੱਪਰ ਤਲਵਾਰ ਲਟਕਾ ਦਿੱਤੀ।

ਸਵੇਰੇ ਸਮ੍ਰਾਟ ਨੇ ਪੁੱਛਿਆ ਕਿ ਚੰਗੀ ਤਰ੍ਹਾਂ ਤਾਂ ਸੁੱਤੇ? ਸੰਨਿਆਸੀ ਨੇ ਕਿਹਾ, ਸੋਣ ਦਾ ਪ੍ਰਬੰਧ ਤਾਂ ਸਾਰਾ ਠੀਕ ਸੀ, ਇਸ ਤੋਂ ਚੰਗਾ ਪ੍ਰਬੰਧ ਹੋ ਨਹੀਂ ਸਕਦਾ। ਪਰ ਇਹ ਕੀ ਮਜ਼ਾਕ ਕਿ ਸਿਰ ਉਤੇ ਤਲਵਾਰ ਲਟਕਾ ਦਿੱਤੀ? ਮੈਂ ਸੌਂ ਨਹੀਂ ਸਕਿਆ। ਧਿਆਨ ਤਾਂ ਉਥੇ ਹੀ ਰਿਹਾ।

ਸਮ੍ਰਾਟ ਨੇ ਕਿਹਾ, ਇਸੇ ਤਰ੍ਹਾਂ ਮੌਤ ਦੀ ਤਲਵਾਰ ਮੇਰੇ ਉਤੇ ਲਟਕ ਰਹੀ ਹੈ, ਮੇਰਾ ਵੀ ਧਿਆਨ ਉਥੇ ਹੀ ਲੱਗਾ ਰਹਿੰਦਾ ਹੈ, ਨਰਤਕੀ ਨੱਚਦੀ ਹੈ। ਮੈਂ ਨਾਚ ਵਿੱਚ ਨਹੀਂ ਹਾਂ। ਸ਼ਰਾਬ ਪੀਤੀ ਜਾ ਰਹੀ ਹੈ, ਮੈਂ ਸ਼ਰਾਬ ਵਿੱਚ ਨਹੀਂ ਹਾਂ। ਸੁਆਦਲੇ ਭੋਜਨ ਕਰਦਾ ਹਾਂ, ਮੈਂ ਸੁਆਦ ਵਿੱਚ ਨਹੀਂ ਹਾਂ। ਕਿਉਂਕਿ ਮੇਰੇ ਉਤੇ ਮੌਤ ਦੀ ਤਲਵਾਰ ਲਟਕ ਰਹੀ ਹੈ, ਮੇਰਾ ਧਿਆਨ ਤਾਂ ਉਸੇ ਵਿੱਚ ਹੈ।

ਪੰਜ ਇੰਦਰੀਆਂ ਤੁਹਾਡੇ ਜੀਵਨ ਦਾ ਦੁਆਰ ਹਨ। ਉਨ੍ਹਾਂ ਨਾਲ ਤੁਸੀਂ ਜੀਵਨ ਵਿੱਚ ਪ੍ਰਵੇਸ਼ ਕਰਦੇ ਹੋ, .ਉਨ੍ਹਾਂ ਤੋਂ ਬਿਨਾਂ ਤੁਹਾਡਾ ਜੀਵਨ ਨਾਲ ਸੰਬੰਧ ਨਹੀਂ ਹੋ ਸਕੇਗਾ। ਪਰ ਜਿੰਨਾ ਤੁਸੀਂ ਉਨ੍ਹਾਂ ਦੇ ਅੰਦਰ ਪ੍ਰਵੇਸ਼ ਕਰਦੇ ਹੋ, ਓਨੇ ਹੀ ਤੁਸੀਂ ਆਪਣੇ ਕੋਲੋਂ ਦੂਰ ਨਿਕਲ ਜਾਂਦੇ ਹੋ ਅਤੇ ਹਰ ਇੰਦਰੀ ਦੇ ਅੰਦਰ ਲੁਕਿਆ ਹੋਇਆ ਧਿਆਨ ਹੈ, ਕਿਉਂਕਿ ਇੰਦਰੀਆਂ ਜਦੋਂ ਬਾਹਰ ਜਾਂਦੀਆਂ ਹਨ, ਤੁਹਾਡਾ ਧਿਆਨ ਬਾਹਰ ਜਾਂਦਾ ਹੈ। ਉਹ ਧਿਆਨ ਦੇ ਬਾਹਰ ਜਾਣ ਦਾ ਰਾਹ ਹੈ।

ਇਸ ਲਈ ਅਕਸਰ ਅਜਿਹਾ ਹੋ ਜਾਵੇਗਾ ਕਿ ਜੇਕਰ ਤੁਹਾਡਾ ਧਿਆਨ ਇੱਕ ਇੰਦਰੀ ਤੋਂ ਹਟ ਗਿਆ ਹੋਵੇ, ਤਾਂ ਦੂਜੀਆਂ ਇੰਦਰੀਆਂ ਦਾ ਤੁਹਾਨੂੰ ਪਤਾ ਨਹੀਂ ਲੱਗੇਗਾ। ਕਿਉਂਕਿ ਪਤਾ ਇੰਦਰੀਆਂ ਨਾਲ ਨਹੀਂ ਲੱਗਦਾ, ਧਿਆਨ ਨਾਲ ਲੱਗਦਾ ਹੈ। ਬੋਧ ਕੇਵਲ ਧਿਆਨ ਹੈ। ਸਮਝੋ, ਕਿ ਤੁਹਾਡੇ ਪੈਰ ਵਿੱਚ ਕੰਡਾ ਚੁਭਿਆ ਹੈ ਅਤੇ ਬਹੁਤ ਤਕਲੀਫ਼ ਹੋ ਰਹੀ ਹੈ ਅਤੇ ਤੁਸੀਂ ਸੁਆਦਲਾ ਭੋਜਨ ਕਰ ਰਹੇ ਹੋ, ਪਰ ਸੁਆਦ ਦਾ ਪਤਾ ਨਹੀਂ ਲੱਗੇਗਾ। ਕਿਉਂਕਿ ਤਕਲੀਫ਼ ਏਨੀ ਹੈ ਕਿ ਧਿਆਨ ਤਾਂ ਉਥੇ ਹੀ ਵਗ ਰਿਹਾ ਹੈ।

ਤੁਸੀਂ ਰਾਹ ਤੋਂ ਟੁਰੇ ਆ ਰਹੇ ਹੋ, ਚਾਰੇ ਪਾਸੇ ਸੁੰਦਰ ਇਸਤ੍ਰੀਆਂ—ਮਨੁੱਖ ਲੰਘ ਰਹੇ ਹਨ, ਪਰ ਅੱਜ ਤੁਹਾਨੂੰ ਕੋਈ ਸੁੰਦਰਤਾ ਵਿਖਾਈ ਨਹੀਂ ਦਿੰਦੀ। ਕਿਉਂਕਿ ਹੁਣੇ-ਹੁਣੇ ਖ਼ਬਰ ਮਿਲੀ ਹੈ ਕਿ ਘਰ ਵਿੱਚ ਅੱਗ ਲੱਗ ਗਈ। ਤੁਸੀਂ ਭੱਜਦੇ ਹੋਏ ਆ ਰਹੇ ਹੋ, ਕੋਈ 'ਸਤ ਸ੍ਰੀ ਅਕਾਲ' ਕਹਿੰਦਾ ਹੈ। ਸੁਣਾਈ ਨਹੀਂ ਪੈਂਦਾ। ਕਿਸੇ ਨੂੰ ਧੱਕਾ ਲੱਗ ਜਾਂਦਾ ਹੈ। ਮਾਫ਼ੀ ਮੰਗਣ ਦੀ ਯਾਦ ਨਹੀਂ ਆਉਂਦੀ। ਕੌਣ ਲੰਘ ਰਿਹਾ ਹੈ, ਦੁਕਾਨਾਂ ਉਤੇ ਕੀ ਵਿੱਕ

ਰਿਹਾ ਹੈ, ਲੋਕ ਕੀ ਚਰਚਾ ਕਰ ਰਹੇ ਹਨ, ਅੱਜ ਕੋਈ ਉਤਸੁਕਤਾ ਨਹੀਂ ਹੈ, ਮਕਾਨ ਵਿੱਚ ਅੱਗ ਲੱਗੀ ਹੈ। ਤੁਹਾਡਾ ਧਿਆਨ ਉਸ ਪਾਸੇ ਹੈ। ਕੰਨ ਸੁਨਣਗੇ, ਫ਼ਿਰ ਵੀ ਸੁਨਣਗੇ ਨਹੀਂ। ਹੱਥ ਕਿਸੇ ਨੂੰ ਛੂ ਲਵੇਗਾ, ਫ਼ਿਰ ਵੀ ਛੂਏਗਾ ਨਹੀਂ। ਅਤੇ ਇਹੋ ਜਿਹੇ ਵੇਲੇ ਕੋਈ ਸੁਆਦਲੇ ਤੋਂ ਸੁਆਦਲਾ ਭੋਜਨ ਤੁਹਾਨੂੰ ਦੇ ਦੇਵੇ ਤਾਂ ਵੀ ਸੁਆਦ ਨਹੀਂ ਆਵੇਗਾ।

ਕਿਉਂਕਿ ਇੰਦਰੀਆਂ ਬਿਨਾਂ ਧਿਆਨ ਤੋਂ ਕੁਝ ਵੀ ਅਨੁਭਵ ਨਹੀਂ ਕਰ ਸਕਦੀਆਂ। ਇੰਦਰੀਆਂ ਦਾ ਸਾਰਾ ਅਨੁਭਵ ਤਾਂ ਧਿਆਨ ਉਤੇ ਨਿਰਭਰ ਹੈ। ਤੁਸੀਂ ਹਰ ਇੰਦਰੀ ਵਿੱਚ ਧਿਆਨ ਨੂੰ ਪਾਉਂਦੇ ਹੋ, ਤਦੇ ਇੰਦਰੀ ਸਕ੍ਰਿਏ ਹੋ ਕੇ ਸੂਖਮ ਹੋ ਪਾਉਂਦੀ ਹੈ। ਜੇਕਰ ਇਨ੍ਹਾਂ ਪੰਜਾਂ ਇੰਦਰੀਆਂ ਤੋਂ ਤੁਸੀਂ ਆਪਣੇ ਧਿਆਨ ਨੂੰ ਖਿੱਚ ਲਵੋ, ਤਾਂ ਪੰਜ ਗੁਆਚ ਜਾਣਗੇ ਅਤੇ ਇੱਕ ਬਚੇਗਾ ਅਤੇ ਉਸੇ ਇੱਕ ਦੀ ਭਾਲ ਹੈ। ਤਾਂ ਨਾਨਕ ਇਸ ਸੂਤਰ ਵਿੱਚ ਇਨ੍ਹਾਂ ਪੰਜਾਂ ਤੋਂ ਹਟ ਕੇ ਇੱਕ ਉਤੇ ਕਿਵੇਂ ਪੁੱਜਿਆ ਜਾਵੇ, ਇਸਦੀ ਪ੍ਰਕ੍ਰਿਆ ਦਾ ਉਲੇਖ ਕਰ ਰਹੇ ਹਨ।

ਹੁਣ ਇਸ ਸੂਤਰ ਨੂੰ ਸਮਝਣ ਦੀ ਕੋਸ਼ਿਸ਼ ਕਰੀਏ।

"ਪੰਚ ਪ੍ਰਮਾਣ ਹੁੰਦੇ ਹਨ ਅਤੇ ਪੰਚ ਹੀ ਪ੍ਰਧਾਨ ਹੁੰਦੇ ਹਨ। ਪੰਚ ਦਾ ਹੀ ਉਸ ਦੇ ਦੁਆਰ ਉਤੇ ਮਾਣ-ਸਤਿਕਾਰ ਹੁੰਦਾ ਹੈ। ਪੰਚ ਹੀ ਰਾਜੇ ਦੇ ਦਰਬਾਰ ਵਿੱਚ ਸ਼ੋਭਾ ਪਾਉਂਦੇ ਹਨ। ਪੰਚ ਦਾ ਇੱਕ ਧਿਆਨ ਹੀ ਗੁਰੂ ਹੁੰਦਾ ਹੈ।"

*ਪੰਚ ਪਰਵਾਣ ਪੰਚ ਪਰਧਾਨੁ॥ ਪੰਚੇ ਪਾਵਹਿ ਦਰਗਹਿ ਮਾਨੁ॥*
*ਪੰਚੇ ਸੋਹਹਿ ਦਰਿ ਰਾਜਾਨੁ॥ ਪੰਚਾ ਕਾ ਗੁਰੁ ਏਕੁ ਧਿਆਨੁ॥*

ਪੰਜਾਂ ਦਾ ਇੱਕ ਗੁਰੂ ਹੈ ਅਤੇ ਉਹ ਧਿਆਨ ਹੈ। ਜੇਕਰ ਤੁਸੀਂ ਪੰਜਾਂ ਵਿੱਚ ਖਿਲਰੇ ਰਹੇ ਤਾਂ ਭਟਕ ਜਾਓਗੇ। ਜੇਕਰ ਤੁਸੀਂ ਇੱਕ ਨੂੰ ਫੜ ਲਿਆ ਤਾਂ ਤੁਸੀਂ ਉਪਲਬਧ ਹੋ ਜਾਓਗੇ।

ਕਬੀਰ ਨੇ ਇੱਕ ਪਦ ਕਿਹਾ ਹੈ। ਰਾਹ ਟੁਰਦੇ ਇੱਕ ਇਸਤ੍ਰੀ ਨੂੰ ਚੱਕੀ ਪੀਂਹਦੇ ਕਬੀਰ ਨੇ ਵੇਖਿਆ ਅਤੇ ਕਿਹਾ ਕਿ 'ਦੋ ਪਾਟਨ ਕੇ ਬੀਚ ਮੇਂ ਸਾਬਤ ਬਚਾ ਨਾ ਕੋਇ।' ਇਹ ਦੋ ਜਿਹੜੇ ਪਾਟ (ਪੁੜ) ਹਨ। ਇਨ੍ਹਾਂ ਦੇ ਵਿਚਕਾਰ ਜਿਹੜਾ ਵੀ ਪੈ ਗਿਆ, ਉਹ ਪਿਸ ਗਿਆ। ਕਬੀਰ ਆਪਣੇ ਚੇਲਿਆਂ ਨੂੰ ਕਹਿ ਰਹੇ ਸਨ ਕਿ ਇਸ ਤਰ੍ਹਾਂ ਹੀ ਦਵੈਤ ਦੀ ਚੱਕੀ ਦੇ ਵਿਚਕਾਰ ਜਿਹੜਾ ਪੈ ਗਿਆ ਉਹ ਪਿਸ ਗਿਆ। ਉਹ ਬਚ ਨਾ ਸਕਿਆ।

ਕਬੀਰ ਦੇ ਪੁੱਤਰ ਨੇ ਕਿਹਾ, ਪਰ ਇਸ ਚੱਕੀ ਦੇ ਵਿਚਾਲੇ ਇੱਕ ਚੀਜ਼ ਹੋਰ ਹੈ। ਇਸ ਦੇ ਵਿਚਾਲੇ ਇੱਕ ਕਿੱਲੀ ਹੈ। ਜਿਸ ਨੇ ਉਸਦਾ ਸਹਾਰਾ ਲੈ ਲਿਆ, ਉਸਦੇ ਸੰਬੰਧ ਵਿੱਚ ਵੀ ਕੁਝ ਕਹੋ। ਤਾਂ ਕਬੀਰ ਨੇ ਦੂਜੇ ਪਦ ਵਿੱਚ ਕਿੱਲੀ ਦਾ ਸਮਰਣ ਕੀਤਾ ਹੈ।

ਕਿਹਾ ਹੈ ਕਿ ਦੋ ਪੁੜਾਂ ਦੇ ਵਿਚਕਾਰ ਜੋ ਪੈ ਗਿਆ ਉਹ ਤਾਂ ਨਹੀਂ ਬਚਿਆ, ਪਰ ਜਿਸ ਨੇ ਉਨ੍ਹਾਂ ਦੋਹਾਂ ਦੇ ਵਿਚਾਲੇ ਉਸ ਇੱਕ ਦਾ ਸਹਾਰਾ ਲੈ ਲਿਆ, ਉਸਨੂੰ ਫ਼ਿਰ ਕੋਈ ਨਾ ਮਿਟਾ ਸਕਿਆ। ਚੱਕੀ ਵਿੱਚ ਵੀ ਜਿਹੜਾ ਕਣਕ ਦਾ ਦਾਣਾ ਕਿੱਲੀ ਦਾ ਸਹਾਰਾ ਲੈ ਲੈਂਦਾ ਹੈ, ਉਸਨੂੰ ਦੋ ਪੁੱਜ਼ ਪੀਹ ਨਹੀਂ ਸਕਦੇ। ਤਾਂ ਚਾਹੇ ਦੋ ਕਹੋ, ਚਾਹੇ ਤਿੰਨ ਕਹੋ, ਚਾਹੇ ਪੰਜ ਕਹੋ, ਚਾਹੇ ਨੌਂ ਕਹੋ, ਚਾਹੇ ਅਨੰਤ ਅਨੇਕ ਕਹੋ।

ਭਟਕਣ ਦੇ ਨਾਉਂ ਬਹੁਤ ਹੋ ਸਕਦੇ ਹਨ, ਪੁੱਜਣ ਦਾ ਨਾਉਂ ਇੱਕ ਹੈ।

ਫ਼ਿਰ ਤੁਸੀਂ ਜੋ ਵੀ ਭਟਕਾਵ ਚੁਣੋਗੇ, ਉਨ੍ਹਾਂ ਵਿਚੋਂ ਲੰਘਣ ਦੀਆਂ ਪ੍ਰਕ੍ਰਿਆਵਾਂ ਵੱਖ-ਵੱਖ ਹੋ ਜਾਣਗੀਆਂ। ਜੇਕਰ ਨਾਨਕ ਦੀ ਇਸ ਪ੍ਰਕ੍ਰਿਆ ਨੂੰ ਸਮਝਣਾ ਹੋਵੇ ਤਾਂ ਇਸ ਦਾ ਅਰਥ ਹੋਇਆ ਕਿ ਤੁਸੀਂ ਜਦ ਭੋਜਨ ਕਰਦੇ ਹੋ, ਤਦ ਧਿਆਨ ਉਤੇ ਧਿਆਨ ਦੇਣਾ। ਭੋਜਨ ਅੰਦਰ ਜਾ ਰਿਹਾ ਹੈ, ਸੁਆਦ ਨਿਰਮਿਤ ਹੋ ਰਿਹਾ ਹੈ, ਤੁਸੀਂ ਪੂਰੇ ਧਿਆਨ ਨਾਲ ਇਸ ਸੁਆਦ ਨੂੰ ਲੈਣਾ। ਜੇਕਰ ਤੁਸੀਂ ਪੂਰੇ ਧਿਆਨ ਨਾਲ ਇਹ ਸੁਆਦ ਲਿਆ ਤਾਂ ਤੁਸੀਂ ਥੋੜ੍ਹੀ ਜਿਹੀ ਦੇਰ ਵਿੱਚ ਹੀ ਪਾਓਗੇ ਕਿ ਸੁਆਦ ਤਾਂ ਗੁਆਚ ਗਿਆ, ਧਿਆਨ ਹੱਥ ਵਿੱਚ ਰਹਿ ਗਿਆ। ਕਿਉਂਕਿ ਧਿਆਨ ਬਹੁਤ ਧੱਦਕਦੀ ਹੋਈ ਅੱਗ ਹੈ। ਸੁਆਦ ਤਾਂ ਸੜ ਕੇ ਸੁਆਹ ਹੋ ਜਾਵੇਗਾ, ਧਿਆਨ ਹੱਥ ਵਿੱਚ ਰਹਿ ਜਾਵੇਗਾ।

ਤੁਸੀਂ ਇੱਕ ਸੁੰਦਰ ਫੁੱਲ ਨੂੰ ਵੇਖ ਰਹੇ ਹੋ, ਧਿਆਨ ਨਾਲ ਵੇਖਣਾ, ਥੋੜ੍ਹੀ ਜਿਹੀ ਦੇਰ ਵਿੱਚ ਤੁਸੀਂ ਪਾਓਗੇ, ਫੁੱਲ ਤਾਂ ਗੁਆਚ ਗਿਆ, ਧਿਆਨ ਹੱਥ ਵਿੱਚ ਰਹਿ ਗਿਆ। ਕਿਉਂਕਿ ਫੁੱਲ ਤਾਂ ਸੁਫ਼ਨੇ ਵਾਂਗ ਹੈ। ਧਿਆਨ ਹਮੇਸ਼ਾ ਰਹਿਣ ਵਾਲਾ ਹੈ। ਜੇਕਰ ਤੁਸੀਂ ਗ਼ੌਰ ਨਾਲ ਇੱਕ ਸੁੰਦਰ ਇਸਤ੍ਰੀ ਨੂੰ ਵੇਖਿਆ ਅਤੇ ਗ਼ੌਰ ਨਾਲ ਵੇਖਦੇ ਰਹੇ ਅਤੇ ਧਿਆਨ ਦਿੱਤਾ, ਵਿਚਾਰਾਂ ਵਿੱਚ ਨਾ ਭਟਕ ਗਏ, ਤਾਂ ਤੁਸੀਂ ਪਾਓਗੇ, ਇਸਤ੍ਰੀ ਤਾਂ ਗੁਆਚ ਗਈ—ਜਿਵੇਂ ਪਾਣੀ ਉਤੇ ਬਣੀ ਇੱਕ ਲਹਿਰ—ਧਿਆਨ ਹੱਥ ਵਿੱਚ ਰਹਿ ਗਿਆ। ਹਰ ਇੰਦਰੀ ਵਿੱਚ ਜੇਕਰ ਤੁਸੀਂ ਸਾਵਧਾਨੀ ਵਰਤੀ, ਤੁਸੀਂ ਪਾਓਗੇ ਇੰਦਰੀ ਦੇ ਰੂਪ ਤਾਂ ਗੁਆਚ ਜਾਂਦੇ ਹਨ। ਨਿਰੂਪ, ਅਰੂਪ ਧਿਆਨ ਹੱਥ ਵਿੱਚ ਰਹਿ ਜਾਂਦਾ ਹੈ। ਅਤੇ ਉਸ ਧਿਆਨ ਨੂੰ ਜਿਸ ਨੇ ਫੜ ਲਿਆ ਫ਼ਿਰ ਉਸਨੂੰ ਮਿਟਾਉਣ ਵਾਲਾ ਕੋਈ ਨਹੀਂ।

ਤਾਂ ਨਾਨਕ ਕਹਿੰਦੇ ਹਨ, ਇਨ੍ਹਾਂ ਪੰਜ ਇੰਦਰੀਆਂ ਦਾ ਇੱਕ ਗੁਰੂ ਹੈ ਉਹ ਹੈ ਧਿਆਨ ਅਤੇ ਉਸੇ ਧਿਆਨ ਵਿੱਚ ਪੰਜੇ ਇੰਦਰੀਆਂ ਆਪਣੇ ਪਾਣੀ ਨੂੰ ਪਾਉਂਦੀਆਂ ਹਨ।

ਇਸ ਲਈ ਤਾਂ ਬਹੁਤ ਮਹੱਤਵਪੂਰਣ ਘਟਨਾ ਹੈ। ਮਨਸਵਿਦ ਅਧਿਐਨ ਕਰਦੇ ਹਨ ਅਤੇ ਉਹ ਇਹ, ਕਿ ਅੱਖ ਵੇਖਦੀ ਹੈ, ਕੰਨ ਸੁਣਦੇ ਹਨ, ਹੱਥ ਛੂਹੰਦਾ ਹੈ, ਨੱਕ ਗੰਧ ਲੈਂਦੀ ਹੈ, ਨਾ ਤਾਂ ਅੱਖ ਸੁਣ ਸਕਦੀ ਹੈ, ਨਾ ਕੰਨ ਵੇਖ ਸਕਦਾ ਹੈ। ਫ਼ਿਰ ਇਨ੍ਹਾਂ

ਸਾਰਿਆਂ ਨੂੰ ਜੋੜਦਾ ਕੌਣ ਹੈ?

ਮੈਂ ਬੋਲ ਰਿਹਾ ਹਾਂ, ਤੁਸੀਂ ਮੈਨੂੰ ਵੇਖ ਵੀ ਰਹੇ ਹੋ। ਕੰਨਾਂ ਨਾਲ ਤੁਸੀਂ ਸੁਣ ਰਹੇ ਹੋ, ਅੱਖਾਂ ਨਾਲ ਤੁਸੀਂ ਵੇਖ ਰਹੇ ਹੋ। ਪਰ ਤੁਸੀਂ ਇਹ ਕਿਵੇਂ ਪੱਕਾ ਕਰ ਸਕਦੇ ਹੋ, ਕਿ ਜਿਸ ਮਨੁੱਖ ਨੂੰ ਤੁਸੀਂ ਵੇਖ ਰਹੇ ਹੋ, ਉਹ ਹੀ ਬੋਲ ਵੀ ਰਿਹਾ ਹੈ? ਅੱਖ ਅਤੇ ਕੰਨ ਤਾਂ ਵੱਖਰੇ-ਵੱਖਰੇ ਹਨ। ਇੱਕ ਖ਼ਬਰ ਦਿੰਦਾ ਹੈ ਕਿ ਆਵਾਜ਼ ਆ ਰਹੀ ਹੈ, ਇੱਕ ਖ਼ਬਰ ਦਿੰਦਾ ਹੈ ਕਿ ਕੋਈ ਵਿਖਾਈ ਦੇ ਰਿਹਾ ਹੈ। ਪਰ ਤੁਸੀਂ ਦੋਹਾਂ ਨੂੰ ਜੋੜ ਕਿਵੇਂ ਲੈਂਦੇ ਹੋ? ਕੌਣ ਜੋੜਦਾ ਹੈ ਦੋਹਾਂ ਨੂੰ, ਕਿ ਜਿਸ ਨੂੰ ਅਸੀਂ ਵੇਖ ਰਹੇ ਹਾਂ ਕਿ ਉਹ ਹੀ ਬੋਲ ਰਿਹਾ ਹੈ?

ਜ਼ਰੂਰ ਤੁਹਾਡੀਆਂ ਦੋਹਾਂ ਇੰਦਰੀਆਂ ਦੇ ਪਿੱਛੇ ਕੋਈ ਇੱਕ ਥਾਂ ਹੋਣੀ ਚਾਹੀਦੀ, ਜਿੱਥੇ ਸਾਰੀਆਂ ਇੰਦਰੀਆਂ ਆਪਣੇ ਅਨੁਭਵ ਨੂੰ ਇਕੱਠਾ ਕਰਦੀਆਂ ਹਨ। ਅੱਖ ਵੀ ਉਥੇ ਹੀ ਪਾ ਦਿੰਦੀ ਹੈ ਨਜਾਰੇ ਨੂੰ, ਕੰਨ ਵੀ ਉਥੇ ਹੀ ਪਾ ਦਿੰਦਾ ਹੈ ਸ਼ਬਦ ਨੂੰ, ਨੱਕ ਵੀ ਪਾ ਦਿੰਦਾ ਹੈ ਗੰਧ ਨੂੰ, ਹੱਥ ਵੀ ਉਥੇ ਹੀ ਪਾ ਦਿੰਦੇ ਹਨ ਸਪੱਰਸ਼ ਨੂੰ। ਸਾਰੀਆਂ ਇੰਦਰੀਆਂ ਆਪਣੇ-ਆਪਣੇ ਅਨੁਭਵ ਨੂੰ ਇਕੋ ਬਿੰਦੂ ਉਤੇ ਪਾ ਦਿੰਦੀਆਂ ਹਨ। ਉਹੀ ਬਿੰਦੂ ਧਿਆਨ ਹੈ। ਉਥੇ ਹੀ ਸਾਰੀਆਂ ਚੀਜ਼ਾਂ ਇਕੱਠੀਆਂ ਹੋ ਜਾਂਦੀਆਂ ਹਨ ਅਤੇ ਤੁਸੀਂ ਅਨੁਭਵ ਕਰ ਪਾਉਂਦੇ ਹੋ।

ਨਹੀਂ ਤਾਂ ਜੀਵਨ ਪਾਗ਼ਲਾਂ ਵਾਂਗ ਹੋ ਜਾਵੇਗਾ। ਤੁਹਾਨੂੰ ਪਤਾ ਹੀ ਨਾ ਲੱਗੇ ਕਿ ਤੁਸੀਂ ਜਿਸ ਨੂੰ ਵੇਖ ਰਹੇ ਹੋ ਉਹੀ ਬੋਲ ਰਿਹਾ ਹੈ ਕਿ ਜਿਸ ਨੂੰ ਤੁਸੀਂ ਸੁਣ ਰਹੇ ਹੋ, ਉਸੇ ਦੇ ਸ਼ਰੀਰ ਦੀ ਗੰਧ ਵੀ ਆ ਰਹੀ ਹੈ। ਤੁਸੀ ਪੰਡਿਤ ਹੋ ਜਾਓਗੇ। ਪੰਜਾਂ ਨੂੰ ਜੋੜਣ ਵਾਲਾ ਚਾਹੀਦਾ ਹੈ। ਇਹ ਪੰਜੇ ਰਾਹ ਕਿਸੇ ਇੱਕ ਥਾਂ ਉਤੇ ਜਾ ਕੇ ਮਿਲਦੇ ਹਨ ਅਤੇ ਇਨ੍ਹਾਂ ਪੰਜਾਂ ਦਾ ਅਨੁਭਵ ਇਕੱਠਾ ਹੋ ਜਾਂਦਾ ਹੈ। ਉਸ ਥਾਂ ਦਾ ਨਾਉਂ ਧਿਆਨ ਹੈ।

ਨਾਨਕ ਕਹਿੰਦੇ ਹਨ, ਧਿਆਨ ਪੰਜਾਂ ਦਾ ਗੁਰੂ ਹੈ। ਪੰਚ ਦਾ ਇੱਕ ਧਿਆਨ ਹੀ ਗੁਰੂ ਹੁੰਦਾ ਹੈ। ਇਹ ਪੰਜੇ ਤਾਂ ਚੇਲੇ ਹਨ। ਪਰ ਤੁਸੀਂ ਚੇਲਿਆਂ ਨੂੰ ਗੁਰੂ ਬਣਾ ਲਿਆ ਹੈ ਅਤੇ ਗੁਰੂ ਨੂੰ ਤੁਸੀਂ ਬਿਲਕੁਲ ਭੁੱਲ ਗਏ ਹੋ।

ਤੁਸੀਂ ਨੌਕਰਾਂ-ਚਾਕਰਾਂ ਨੂੰ ਮਾਲਿਕ ਬਣਾ ਲਿਆ ਹੈ, ਮਾਲਿਕ ਦੀ ਤੁਹਾਨੂੰ ਯਾਦ ਨਹੀਂ ਰਹੀ। ਤੁਸੀਂ ਇੰਦਰੀਆਂ ਨੂੰ ਮੰਨ ਕੇ ਟੁਰਦੇ ਹੋ, ਧਿਆਨ ਕੋਲੋਂ ਤੁਸੀਂ ਪੁੱਛਦੇ ਹੀ ਨਹੀਂ। ਤੁਹਾਨੂੰ ਇਸ ਗੱਲ ਦਾ ਖ਼ਿਆਲ ਹੀ ਭੁੱਲ ਗਿਆ ਹੈ ਕਿ ਇੰਦਰੀਆਂ ਤਾਂ ਉੱਪਰ-ਉੱਪਰ ਹਨ। ਡੂੰਘਾਈ ਵਿੱਚ ਕੌਣ ਲੁਕਿਆ ਹੈ? ਇੰਦਰੀਆਂ ਤਾਂ ਧਿਆਨ ਦਾ ਹੀ ਪਸਾਰਾ ਹਨ, ਇੰਦਰੀਆਂ ਦੇ ਰਾਹੀਂ ਧਿਆਨ ਹੀ ਜਗਤ ਵਿੱਚ ਜਾ ਰਿਹਾ ਹੈ।

ਜੇਕਰ ਤੁਸੀਂ ਜੀਵਨ ਨੂੰ ਸੁਚਾਰੂ ਰੂਪ ਨਾਲ ਚਲਾਉਣਾ ਹੋਵੇ ਤਾਂ ਇੰਦਰੀਆਂ ਦੀ

ਜ਼ਰਾ ਨਾ ਸੁਣਨਾ। ਕਿਉਂਕਿ ਇੰਦਰੀਆਂ ਤਾਂ ਅਧੂਰੀਆਂ ਹਨ। ਅੱਖ ਨੂੰ ਅੱਖ ਦਾ ਪਤਾ ਹੈ। ਕੰਨ ਨੂੰ ਕੰਨ ਦਾ ਪਤਾ ਹੈ। ਮੂੰਹ ਨੂੰ ਮੂੰਹ ਦਾ ਪਤਾ ਹੈ। ਤੁਸੀਂ ਉਨ੍ਹਾਂ ਦੀ ਮੰਨ ਕੇ ਟੁਰੋਗੇ ਤਾਂ ਤੁਸੀਂ ਮੁਸ਼ਕਿਲ ਵਿੱਚ ਪੈ ਜਾਓਗੇ ਅਤੇ ਅਕਸਰ ਤੁਸੀਂ ਪਾਓਗੇ ਕਿ ਲੋਕਾਂ ਨੇ ਇੰਦਰੀਆਂ ਦੀ ਮੰਨ ਲਈ ਹੈ ਅਤੇ ਤੁਸੀਂ ਹਰ ਆਦਮੀ ਵਿੱਚ ਕਿਸੇ ਨਾ ਕਿਸੇ ਇੱਕ ਇੰਦਰੀ ਦੀ ਪ੍ਰਧਾਨਤਾ ਪਾਓਗੇ, ਜਿਸਦੀ ਉਸ ਨੇ ਗੁਲਾਮੀ ਕਰ ਲਈ ਹੈ। ਕੋਈ ਹੈ ਜਿਹੜਾ ਸੁਆਦ ਦਾ ਦੀਵਾਨਾ ਹੈ। ਬੱਸ ! ਉਸਨੂੰ ਭੋਜਨ, ਅਤੇ ਭੋਜਨ ਸਭ ਕੁਝ ਹੈ। ਉਸਨੂੰ ਹੋਰ ਕੁਝ ਸੁੱਝਦਾ ਹੀ ਨਹੀਂ। ਉਹ ਖਾਈ ਹੀ ਚਲਾ ਜਾਂਦਾ ਹੈ।

ਸਮ੍ਰਾਟ ਹੋਇਆ ਨੀਰੋ, ਉਸ ਨੇ ਡਾਕਟਰ ਰੱਖੇ ਹੋਏ ਸੀ। ਕਿਉਂਕਿ ਇੱਕ ਵਾਰੀ ਖਾਣ ਨਾਲ ਉਸ ਦਾ ਮਨ ਨਹੀਂ ਭਰਦਾ। ਦਿਨ ਵਿੱਚ ਦੋ ਵਾਰੀ ਖਾਣ ਨਾਲ ਮਨ ਨਹੀਂ ਭਰਦਾ ਸੀ। ਤਿੰਨ ਵਾਰੀ ਵੀ ਤ੍ਰਿਪਤੀ ਨਾ ਹੁੰਦੀ। ਚਾਰ ਵਾਰੀ ਵੀ ਨਾ ਹੁੰਦੀ। ਉਹ ਚਾਹੁੰਦਾ ਕਿ ਚੌਵੀ ਘੰਟੇ ਭੋਜਨ ਹੀ ਕਰਦਾ ਰਹਾਂ। ਬੱਸ, ਸੁਆਦ ਹੀ ਸਭ ਕੁਝ ਹੋ ਗਿਆ। ਤਾਂ ਉਸ ਨੇ ਡਾਕਟਰ ਰਖੇ ਹੋਏ ਸਨ। ਉਹ ਖਾਣਾ ਖਾਵੇ, ਡਾਕਟਰ ਉਸ ਨੂੰ ਉਲਟੀ ਕਰਵਾ ਦੇਣ। ਉਲਟੀਆਂ ਕਰਕੇ ਉਹ ਫ਼ਿਰ ਖਾਣੇ ਤੇ ਜੁੱਟ ਜਾਵੇ। ਜਿਵੇਂ ਹੀ ਖਾਣਾ ਪੂਰਾ ਹੋਵੇ। ਡਾਕਟਰ ਉਸਨੂੰ ਦਵਾਈ ਦੇ ਕੇ ਫ਼ਿਰ ਉਲਟੀ ਕਰਵਾ ਦੇਵੇ। ਫ਼ਿਰ ਖਾਣੇ ਉਤੇ ਜੁਟ ਜਾਂਦਾ।

ਤੁਸੀਂ ਕਹੋਗੇ ਉਹ ਆਦਮੀ ਪਾਗ਼ਲ ਸੀ। ਪਰ ਤੁਸੀਂ ਪਾਓਗੇ ਇਸੇ ਤਰ੍ਹਾਂ ਦਾ ਪਾਗ਼ਲਪਨ ਘੱਟ ਜ਼ਿਆਦਾ ਮਿਕਦਾਰ ਵਿੱਚ ਲੋਕਾਂ ਦੇ ਜੀਵਨ ਵਿੱਚ ਹੈ। ਕਿਸੇ ਨੂੰ ਅੱਖ ਦਾ ਨਸ਼ਾ ਹੈ, ਬੱਸ ! ਉਹ ਸੁੰਦਰਤਾ ਦੀ ਭਾਲ ਵਿੱਚ ਹੀ ਘੁੰਮਦਾ ਰਹਿੰਦਾ ਹੈ। ਦਰ-ਦਰ ਦੁਆਰ-ਦੁਆਰ ਠੋਕਰਾਂ ਖਾ ਰਿਹਾ ਹੈ ਕਿ ਕੋਈ ਸੁੰਦਰ ਚੇਹਰਾ ਕੋਈ ਸੋਹਣਾ ਸ਼ਰੀਰ ਵਿਖਾਈ ਪੈ ਜਾਵੇ। ਅੱਖਾਂ ਦੀ ਮੰਨ ਕੇ ਟੁਰ ਰਿਹਾ ਹੈ।

ਅੱਖ ਦੀ ਮੰਨ ਕੇ ਜੇਕਰ ਟੁਰੇ, ਤਾਂ ਵੀ ਅੰਨ੍ਹੇ ਰਹੋਗੇ। ਕਿਉਂਕਿ ਅੱਖ ਅਸਲੀ ਵੇਖਣ ਵਾਲਾ ਤੱਤਵ ਨਹੀਂ ਹੈ। ਅੱਖ ਤਾਂ ਸਿਰਫ਼ ਝਰੋਖਾ ਹੈ, ਖਿੜਕੀ ਹੈ। ਉਸ ਤੋਂ ਜਿਹੜਾ ਝਾਕਦਾ ਹੈ ਉਹ ਕੋਈ ਹੋਰ ਹੈ ਅਤੇ ਖਿੜਕੀ ਤੋਂ ਨਾ ਪੁੱਛੋ ਝਾਕਣ ਵਾਲੇ ਤੋਂ ਪੁੱਛੋ। ਇੰਦਰੀਆਂ ਤਾਂ ਝਰੋਖੇ ਹਨ, ਕੋਈ ਸੰਗੀਤ ਵਿੱਚ ਦੀਵਾਨਾ ਹੈ। ਬੱਸ ਉਸਨੂੰ ਧੁਨ ਦਾ ਨਸ਼ਾ ਚੜ੍ਹਿਆ ਹੋਇਆ ਹੈ। ਕੋਈ ਸ਼ਰੀਰ ਦੇ ਬਣਾਓ-ਸ਼ਿੰਗਾਰ ਵਿੱਚ ਗੁਝਿਆ ਪਿਆ ਹੈ। ਕੋਈ ਸਪਰਸ਼ ਦਾ ਦੀਵਾਨਾ ਹੈ। ਕੋਈ ਗੰਧ ਦਾ ਦੀਵਾਨਾ ਹੈ।

ਪਰ ਸਾਰੇ ਇੰਦਰੀਆਂ ਦੇ ਦੀਵਾਨੇ ਹਨ ਅਤੇ ਨੌਕਰਾਂ ਦੀ ਮੰਨ ਕੇ ਚੱਲ ਰਹੇ ਹਨ। ਮਾਲਿਕ ਤੋਂ ਪੁੱਛੋ। ਮਾਲਿਕ ਕੌਣ ਹੈ ਸਾਰੀ ਇੰਦਰੀਆਂ ਦਾ, ਜਿਸ ਦੇ ਹਟਦੇ ਹੀ ਇੰਦਰੀਆਂ ਵਿਅਰਥ ਹੋ ਜਾਂਦੀਆਂ ਹਨ?

ਅਜਿਹਾ ਹੋਇਆ ਕਿ ਉਨੀਂ ਸੌ ਦਸ ਵਿੱਚ ਕਾਸ਼ੀ ਦੇ ਨਰੇਸ਼ ਦਾ ਆਪਰੇਸ਼ਨ ਹੋਇਆ। ਆਪਰੇਸ਼ਨ ਅਪੇਨਡਿਕਸ ਦਾ ਸੀ। ਤਾਂ ਉਨ੍ਹਾਂ ਨੇ ਕਿਹਾ ਕਿ ਮੈਂ ਕਸਮ ਲਈ ਹੋਈ ਹੈ ਕਿ ਮੈਂ ਬੇਹੋਸ਼ੀ ਦੀ ਕੋਈ ਦਵਾਈ ਕਦੇ ਨਹੀਂ ਲਵਾਂਗਾ। ਕਦੇ ਕੋਈ ਨਸ਼ਾ ਨਹੀਂ ਕਰਾਂਗਾ। ਤਾਂ ਇਸ ਲਈ ਕੋਈ ਇਨੇਸਥੇਸਿਆ ਮੈਂ ਨਹੀਂ ਲੈ ਸਕਦਾ ਹਾਂ। ਤੁਸੀਂ ਆਪਰੇਸ਼ਨ ਕਰ ਦਿਓ, ਪਰ ਬਿਨਾਂ ਕਿਸੇ ਬੇਹੋਸ਼ੀ ਦੀ ਦਵਾਈ ਦਿੱਤੇ। ਪਰ ਹੋਸ਼ ਮੈਂ ਨਾ ਗਵਾਵਾਂਗਾ। ਡਾਕਟਰਾਂ ਨੇ ਕਿਹਾ, ਇਹ ਕਿਵੇਂ ਹੋ ਸਕੇਗਾ? ਇਹ ਕੋਈ ਛੋਟਾ-ਮੋਟਾ ਕੰਡਾ ਤਾਂ ਕੱਢਣਾ ਨਹੀਂ ਹੈ। ਉਹ ਤਾਂ ਪੂਰਾ ਪੇਟ ਚੀਰਿਆ-ਫਾੜਿਆ ਜਾਵੇਗਾ, ਹੱਡੀ ਵੱਢੀ ਜਾਵੇਗੀ। ਕਈ ਘੰਟੇ ਲੱਗਣਗੇ। ਪਰ ਕਾਸ਼ੀ ਨਰੇਸ਼ ਨੇ ਕਿਹਾ, ਤੁਸੀਂ ਉਸਦੀ ਫਿਕਰ ਨਾ ਕਰੋ। ਸਿਰਫ ਮੈਨੂੰ ਮੇਰੀ ਗੀਤਾ ਪੜ੍ਹਣ ਦਿਓ। ਮੈਂ ਆਪਣੀ ਗੀਤਾ ਪੜ੍ਹਦਾ ਰਹਾਂਗਾ, ਤੁਸੀਂ ਆਪਣਾ ਆਪਰੇਸ਼ਨ ਕਰੋ।

ਕੋਈ ਹੋਰ ਉਪਾਅ ਨਹੀਂ ਸੀ ਅਤੇ ਜੇਕਰ ਆਪਰੇਸ਼ਨ ਨਾ ਕੀਤਾ ਜਾਵੇ, ਤਾਂ ਵੀ ਮੌਤ ਹੋ ਜਾਣੀ ਪੱਕੀ ਸੀ। ਤਾਂ ਫਿਰ ਇਹ ਖ਼ਤਰਾ ਲਿਆ ਕਿ ਮੌਤ ਤਾਂ ਹੋਣੀ ਹੀ ਹੈ। ਇੱਕ ਸੰਭਾਵਨਾ ਹੈ, ਸ਼ਾਇਦ ਇਹ ਆਦਮੀ ਬਚ ਜਾਵੇ।

ਕਾਸ਼ੀ ਨਰੇਸ਼ ਗੀਤਾ ਦਾ ਪਾਠ ਕਰਦੇ ਰਹੇ ਅਤੇ ਆਪਰੇਸ਼ਨ ਹੁੰਦਾ ਰਿਹਾ। ਆਪਰੇਸ਼ਨ ਪੂਰਾ ਹੋ ਗਿਆ। ਡਾਕਟਰ ਹੈਰਾਨ ਹੋਏ ਕਿ ਇਹ ਕਿਵੇਂ ਸੰਭਵ ਹੋਇਆ! ਏਨੀ ਦਰਦ ਹੋਈ ਹੋਵੇਗੀ, ਪਰ ਕਾਸ਼ੀ ਨਰੇਸ਼ ਨੇ ਕਿਹਾ ਕਿ ਮੈਨੂੰ ਤਾਂ ਪਤਾ ਵੀ ਨਹੀਂ ਲੱਗਿਆ, ਕਿਉਂਕਿ ਮੇਰਾ ਧਿਆਨ ਤਾਂ ਗੀਤਾ ਵਿੱਚ ਲੱਗਾ ਹੋਇਆ ਸੀ।

ਪਤਾ ਤਾਂ ਧਿਆਨ ਨਾਲ ਲੱਗਦਾ ਹੈ। ਜੇਕਰ ਤੁਹਾਡਾ ਧਿਆਨ ਬਦਲ ਜਾਏ ਅਤੇ ਤੁਹਾਨੂੰ ਜੋ-ਜੋ ਪਤਾ ਲੱਗਦਾ ਹੈ ਉਹ ਬਦਲ ਜਾਵੇਗਾ। ਪਤਾ ਧਿਆਨ ਨਾਲ ਲੱਗਦਾ ਹੈ। ਤੁਹਾਨੂੰ ਉਹ ਹੀ ਵਿਖਾਈ ਦਿੰਦਾ ਹੈ ਜਿਸ ਪਾਸੇ ਤੁਸੀਂ ਧਿਆਨ ਦੇਣਾ ਚਾਹੁੰਦੇ ਹੋ। ਜਿਸ ਪਾਸੇ ਤੁਸੀਂ ਧਿਆਨ ਨਹੀਂ ਦੇਣਾ ਚਾਹੁੰਦੇ, ਉਹ ਤੁਹਾਨੂੰ ਪਤਾ ਹੀ ਨਹੀਂ ਲੱਗਦਾ।

ਤੁਸੀਂ ਉਸੇ ਬਜ਼ਾਰ ਵਿਚੋਂ ਲੰਘ ਜਾਓਗੇ, ਪਰ ਪਤਾ ਤੁਹਾਨੂੰ ਉਨ੍ਹਾਂ ਹੀ ਚੀਜ਼ਾਂ ਦਾ ਲੱਗੇਗਾ ਜਿਨ੍ਹਾਂ ਉਤੇ ਤੁਸੀਂ ਧਿਆਨ ਦੇਣਾ ਚਾਹੁੰਦੇ ਹੋ। ਚਮਾਰ ਲੰਘੇਗਾ, ਜੁੱਤਿਆਂ ਉਤੇ ਨਜ਼ਰ ਰਹੇਗੀ। ਜੌਹਰੀ ਲੰਘੇਗਾ, ਹੀਰਿਆਂ ਉਤੇ ਨਜ਼ਰ ਰਹੇਗੀ। ਤੁਹਾਡੀ ਨਜ਼ਰ ਉਥੇ ਰਹੇਗੀ ਜਿੱਥੇ ਤੁਹਾਡਾ ਧਿਆਨ ਹੈ। ਤੁਸੀਂ ਉਹ ਹੀ ਵੇਖ ਲਵੋਗੇ, ਜਿੱਥੇ ਤੁਹਾਡਾ ਧਿਆਨ ਵਗ ਰਿਹਾ ਹੈ।

ਇਸ ਲਈ ਸਾਰੇ ਜੀਵਨ ਦੀ ਡੂੰਘੀ ਤੋਂ ਡੂੰਘੀ ਕਲਾ ਧਿਆਨ ਦੀ ਮਲਕੀਅਤ ਨੂੰ ਉਪਲੱਬਧ ਕਰ ਲੈਣਾ ਹੈ। ਫਿਰ ਜੇਕਰ ਤੁਸੀਂ ਪਰਮਾਤਮਾ ਦੇ ਵੱਲ ਵਗ ਰਹੇ ਹੋ, ਤਾਂ

ਸੰਸਾਰ ਗੁਆਚ ਜਾਵੇਗਾ। ਇਸ ਲਈ ਤਾਂ ਗਿਆਨੀ ਕਹਿੰਦੇ ਹਨ ਸੰਸਾਰ ਮਾਇਆ ਹੈ। ਮਾਇਆ ਦਾ ਇਹ ਮਤਲਬ ਤਾਂ ਨਹੀਂ ਹੈ ਕਿ ਨਹੀਂ ਹੈ। ਹੈ ਤਾਂ ਪੂਰੀ ਤਰ੍ਹਾਂ। ਪਰ ਗਿਆਨੀ ਕਹਿੰਦੇ ਹਨ, ਸੰਸਾਰ ਮਾਯਾ ਹੈ। ਅਤੇ ਉਨ੍ਹਾਂ ਨੇ ਜਾਣਿਆ ਹੈ ਕਿ ਮਾਯਾ ਹੈ। ਜਾਨਣ ਦਾ ਕਾਰਣ ਇਹ ਹੈ ਕਿ ਜਦ ਪੂਰਾ ਧਿਆਨ ਪਰਮਾਤਮਾਂ ਵੱਲ ਵਗਦਾ ਹੈ, ਤਾਂ ਸੰਸਾਰ ਗੁਆਚ ਜਾਂਦਾ ਹੈ, ਕਿਉਂਕਿ ਜਿਸ ਪਾਸੇ ਧਿਆਨ ਨਹੀਂ ਹੈ, ਉਸ ਦੇ ਹੋਣ ਨਾ ਹੋਣ ਵਿੱਚ ਕੋਈ ਫ਼ਰਕ ਨਹੀਂ ਰਹਿ ਜਾਂਦਾ ਹੈ। ਜਿਸ ਪਾਸੇ ਧਿਆਨ ਹੈ, ਉਸੇ ਧਿਆਨ ਵਾਲੇ ਪਾਸੇ ਅਸੀਂ ਜੀਵਨ ਦਿੰਦੇ ਹਾਂ। ਜਿੱਥੇ ਧਿਆਨ ਹੈ, ਉਥੇ ਕੁਦਰਤ ਪੈਦਾ ਹੋ ਜਾਂਦੀ ਹੈ। ਜਿੱਥੋਂ ਧਿਆਨ ਹਟ ਗਿਆ, ਉਥੋਂ ਕੁਦਰਤ ਗੁਆਚ ਜਾਂਦੀ ਹੈ।

ਗਿਆਨੀ ਕਹਿੰਦੇ ਹਨ ਪਰਮਾਤਮਾ ਸਤਯ ਹੈ, ਸੰਸਾਰ ਅਸਤਯ। ਇਸਦਾ ਇਹ ਅਰਥ ਹੈ ਕਿ ਇਹ ਜੋ ਸੰਸਾਰ ਵਿਖਾਈ ਦੇ ਰਿਹਾ ਹੈ ਉਹ ਨਹੀਂ ਹੈ? ਇਹ ਪੂਰੀ ਤਰ੍ਹਾਂ ਹੈ, ਪਰ ਗਿਆਨੀ ਦਾ ਧਿਆਨ ਹਟ ਗਿਆ। ਜੇਕਰ ਤੁਹਾਡੇ ਮਨ 'ਚ ਲੋਭ ਹੈ ਤਾਂ ਧਨ ਸਤਯ ਹੈ। ਜੇਕਰ ਲੋਭ ਗੁਆਚ ਗਿਆ ਤਾਂ ਧਨ ਮਿੱਟੀ। ਧਨ ਆਪਣੇ ਕਾਰਣ ਧਨ ਨਹੀਂ ਹੈ, ਤੁਹਾਡੇ ਧਿਆਨ ਦੇ ਕਾਰਣ ਧਨ ਹੈ। ਵਾਸਨਾ ਹੈ ਤਾਂ ਸ਼ਰੀਰ ਬਹੁਤ ਮਹੱਤਵਪੂਰਣ ਹੈ, ਵਾਸਨਾ ਗੁਆਚ ਗਈ ਤਾਂ ਸ਼ਰੀਰ ਗੌਣ ਹੋ ਗਿਆ।

ਜਿੱਥੋਂ ਧਿਆਨ ਹਟੇਗਾ ਉਥੋਂ ਕੁਦਰਤ ਹਟ ਜਾਂਦੀ ਹੈ। ਜਿਸ ਪਾਸੇ ਧਿਆਨ ਜਾਵੇਗਾ ਕੁਦਰਤ ਉਥੇ ਪ੍ਰਗਟ ਹੋ ਜਾਂਦੀ ਹੈ ਅਤੇ ਜਿਸ ਦਿਨ ਤੁਸੀਂ ਇਹ ਸਮਝ ਲਵੋਗੇ, ਉਸ ਦਿਨ ਤੁਸੀਂ ਆਪਣੇ ਮਾਲਿਕ ਹੋ ਜਾਓਗੇ। ਕਿਉਂਕਿ ਤੁਹਾਨੂੰ ਆਪਣੇ ਅੰਦਰ ਦੇ ਮਾਲਿਕ ਦਾ ਪਤਾ ਲੱਗ ਗਿਆ। ਹੁਣ ਤੁਸੀਂ ਨੌਕਰਾਂ ਦੀ ਨਹੀਂ ਸੁਣਦੇ। ਹੁਣ ਤੁਸੀਂ ਗੁਲਾਮਾਂ ਦੀ ਮੰਨ ਕੇ ਨਹੀਂ ਟੁਰਦੇ। ਹੁਣ ਤੁਸੀਂ ਚੇਲਿਆਂ ਤੋਂ ਨਹੀਂ ਪੁੱਛਦੇ। ਉਨ੍ਹਾਂ ਤੋਂ ਕੀ ਪੁੱਛਣਾ ਹੈ ਜਿਨ੍ਹਾਂ ਨੂੰ ਆਪ ਹੀ ਪਤਾ ਨਹੀਂ ! ਹੁਣ ਤੁਸੀਂ ਗੁਰੂ ਕੋਲੋਂ ਪੁੱਛਦੇ ਹੋ।

ਨਾਨਕ ਕਹਿੰਦੇ ਹਨ, ਪੰਚ ਦਾ ਇੱਕ ਧਿਆਨ ਹੀ ਗੁਰੂ ਹੈ। ਜਿਹੜਾ ਕੋਈ ਉਸਦੇ ਸੰਬੰਧ ਵਿੱਚ ਕਹੇ, ਉਹ ਵਿਚਾਰਪੂਰਵਕ ਕਹੇ। ਕਿਉਂਕਿ ਉਸ ਤੋਂ ਗਹਿਰ, ਗੰਭੀਰ ਹੋਰ ਕੋਈ ਗੱਲ ਨਹੀਂ। ਬਹੁਤ ਸੋਚ ਕੇ ਕਰੋ। ਐਵੇਂ ਹੀ ਨਾ ਕਹਿ ਦੇਵੋ। ਐਵੇਂ ਗੱਲਾਂ-ਬਾਤਾਂ 'ਚ ਨਾ ਕਹਿ ਦੇਵੋ। ਕਿਉਂਕਿ ਉਸ ਤੋਂ ਕੀਮਤੀ ਕੁਝ ਨਹੀਂ ਹੈ। ਉਸ ਤੋਂ ਜ਼ਿਆਦਾ ਸਾਰਪੂਰਣ ਕੁਝ ਵੀ ਨਹੀਂ ਹੈ।

ਪਰ ਲੋਕ ਧਿਆਨ ਦੇ ਸੰਬੰਧ ਵਿੱਚ ਵੀ ਬਿਨਾਂ ਜਾਣਿਆਂ ਹੀ ਗੱਲਾਂ ਕਰਦੇ ਰਹਿੰਦੇ ਹਨ। ਇਹੋ ਜਿਹੇ ਲੋਕਾਂ ਨੇ ਜਗਤ ਨੂੰ ਬੜੀ ਉਲਝਣ ਵਿੱਚ ਪਾ ਦਿੱਤਾ ਹੈ। ਕਿਉਂਕਿ ਉਨ੍ਹਾਂ ਨੂੰ ਕੁਝ ਪਤਾ ਹੀ ਨਹੀਂ ਹੈ। ਲੋਕਾਂ ਨੂੰ ਬਿਨਾਂ ਪਤੇ ਤੋਂ ਵੀ ਕਹਿਣ ਵਿੱਚ ਰਸ ਆਉਂਦਾ ਹੈ।

ਮੇਰੇ ਕੋਲ ਲੋਕ ਆਉਂਦੇ ਹਨ। ਸੈਂਕੜੇ ਤਰ੍ਹਾਂ ਦੀਆਂ ਧਿਆਨ-ਪੱਦਤੀਆਂ ਉਤੇ ਅਸੀਂ ਪ੍ਰਯੋਗ ਕਰ ਰਹੇ ਹਾਂ। ਲੋਕ ਆਉਂਦੇ ਹਨ ਅਤੇ ਕਹਿੰਦੇ ਹਨ, ਫਲਾਨੇ ਆਦਮੀ ਨੇ ਕਹਿ ਦਿੱਤਾ ਇਹ ਤੁਸੀਂ ਕੀ ਕਰਦੇ ਹੋ? ਇਹ ਵੀ ਕੋਈ ਧਿਆਨ ਹੈ? ਮੈਂ ਉਨ੍ਹਾਂ ਤੋਂ ਪੁੱਛਦਾ ਹਾਂ ਕਿ ਤੁਸੀਂ ਉਸ ਆਦਮੀ ਨੂੰ ਜਾ ਕੇ ਪੁੱਛੋ ਕਿ ਤੂੰ ਕਦੇ ਧਿਆਨ ਕੀਤਾ ਹੈ? ਉਹ ਧਿਆਨ ਨੂੰ ਜਾਣਦਾ ਹੈ? ਜੇਕਰ ਜਾਣਦਾ ਹੈ ਤਾਂ ਉਸਦੇ ਕੋਲੋਂ ਸਿੱਖ ਲਵੋ। ਕਿਉਂਕਿ ਸਵਾਲ ਇਹ ਨਹੀਂ ਹੈ ਕਿ ਮੇਰੇ ਕੋਲੋਂ ਸਿੱਖਿਆ ਕਿ ਕਿਸ ਕੋਲੋਂ ਸਿੱਖਿਆ, ਸਵਾਲ ਇਹ ਹੈ ਕਿ ਧਿਆਨ ਸਿੱਖਿਆ। ਉਸ ਆਦਮੀ ਨੇ ਮੁੜ ਜਾ ਕੇ ਉਸ ਆਦਮੀ ਨੂੰ ਪੁੱਛਿਆ, ਤਾਂ ਉਹ ਕਹਿਣ ਲੱਗਾ, ਧਿਆਨ? ਧਿਆਨ ਦਾ ਤਾਂ ਮੈਨੂੰ ਪਤਾ ਨਹੀਂ, ਨਾ ਮੈਂ ਕਦੇ ਕੀਤਾ। ਪਰ ਕਿਹੜੀ ਚੀਜ਼ ਧਿਆਨ ਨਹੀਂ ਹੈ, ਇਹ ਕਹਿਣ ਨੂੰ ਉਹ ਤਿਆਰ ਹਨ! ਜਿਸ ਨੂੰ ਧਿਆਨ ਦਾ ਕੁਝ ਵੀ ਪਤਾ ਨਹੀਂ ਹੈ, ਉਹ ਵੀ ਧਿਆਨ ਦੇ ਸੰਬੰਧ ਵਿੱਚ ਆਪਣਾ ਮੱਤ ਦੇ ਦੇਵੇਗਾ।

ਨਾਨਕ ਕਹਿੰਦੇ ਹਨ ਕਿ ਸੋਚ-ਵਿਚਾਰ ਕੇ ਕਹਿਣਾ। ਹੋਸ਼ ਨਾਲ ਕਹਿਣਾ। ਜਾਣਦੇ ਹੋਵੋ ਤਾਂ ਹੀ ਕਹਿਣਾ। ਦੁਨੀਆਂ ਅਗਿਆਨੀਆਂ ਦੇ ਕਾਰਣ ਨਹੀਂ ਭਟਕ ਰਹੀ ਹੈ, ਦੁਨੀਆਂ ਉਨ੍ਹਾਂ ਗਿਆਨੀਆਂ ਦੇ ਕਾਰਣ ਭਟਕ ਰਹੀ ਹੈ ਜਿਹੜੇ ਗਿਆਨੀ ਨਹੀਂ ਹਨ। ਅਗਿਆਨੀ ਕੀ ਭਟਕਾਏਗਾ? ਪਰ ਇਹੋ ਜਿਹੇ ਬਹੁਤ ਸਾਰੇ ਲੋਕ ਹਨ ਜਿਨ੍ਹਾਂ ਨੂੰ ਦੱਸਣ ਦਾ ਰਸ ਹੈ। ਜਿਨ੍ਹਾਂ ਨੂੰ ਖੁਦ ਵੀ ਪਤਾ ਨਹੀਂ ਹੈ। ਜਿਨ੍ਹਾਂ ਨੂੰ ਠੀਕ-ਠਾਕ ਕੁਝ ਵੀ ਹੋਸ਼ ਨਹੀਂ ਹੈ ਕਿ ਉਹ ਕੀ ਕਹਿ ਰਹੇ ਹਨ? ਕਿਉਂ ਕਹਿ ਰਹੇ ਹਨ? ਕਿਹੜੇ ਕਾਰਣਾਂ ਕਰਕੇ ਕਹਿ ਰਹੇ ਹਨ? ਪਰ ਲੋਕ ਕਹੀ ਹੀ ਚਲੇ ਜਾਂਦੇ ਹਨ।

ਅਤੇ ਇਸ ਸੰਸਾਰ ਵਿੱਚ ਨਾ ਸਮਝ ਲੱਭ ਲੈਣਾ ਔਖਾ ਨਹੀਂ ਹੈ। ਜੇਕਰ ਤੁਸੀਂ ਬੋਲਣਾ ਸ਼ੁਰੂ ਕਰ ਦਿਓ, ਕੁਝ ਵੀ ਕਹਿਣ ਲੱਗ ਪਵੋ, ਅਵਾ-ਤਵਾ ਵੀ ਬੋਲੋ, ਤਾਂ ਵੀ ਤੁਸੀਂ ਥੋੜ੍ਹੇ ਦਿਨਾਂ ਵਿੱਚ ਹੀ ਪਾਓਗੇ, ਕੁਝ ਚੇਲੇ ਤੁਸੀਂ ਇਕੱਠੇ ਕਰ ਲਏ। ਤੁਹਾਥੋਂ ਵੀ ਵੱਡੇ ਮੂੜ੍ਹ ਜਗਤ ਵਿੱਚ ਹਨ।

ਤਾਂ ਚੇਲਾ ਲੱਭ ਲੈਣਾ ਕੋਈ ਗੁੰਝਲ ਵਾਲੀ ਗੱਲ ਨਹੀਂ ਹੈ। ਤੁਹਾਡੇ ਵਿੱਚ ਥੋੜ੍ਹਾ ਕੁ ਪਾਗਲਪਨ ਹੋਵੇ, ਪਖੰਡ ਹੋਵੇ, ਜ਼ੋਰ ਨਾਲ ਚੀਖ-ਚੀਖ ਕੇ ਕਹਿਣ ਦੀ ਕੋਈ ਆਦਤ ਹੋਵੇ, ਲੋਕ ਇਕੱਠੇ ਹੋ ਜਾਣਗੇ! ਕੋਈ ਨਾ ਕੋਈ ਤੁਹਾਡੇ ਪਿੱਛੇ ਟੁਰਨ ਲੱਗੇਗਾ। ਤੁਹਾਡੇ ਆਲੇ-ਦੁਆਲੇ ਘਟਨਾਵਾਂ ਘਟਣ ਲੱਗਣਗੀਆਂ। ਲੋਕ ਬਿਲਕੁਲ ਹਨੇਰੇ ਵਿੱਚ ਹਨ। ਉਨ੍ਹਾਂ ਨੇ ਪ੍ਰਕਾਸ਼ ਨੂੰ ਕਦੇ ਜਾਣਿਆ ਹੀ ਨਹੀਂ ਹੈ। ਤਾਂ ਤੁਹਾਡੀ ਚਰਚਾ ਵਿੱਚ ਵੀ ਫਸ ਜਾਂਦੇ ਹਨ। ਤੁਸੀਂ ਜੇਕਰ ਪ੍ਰਕਾਸ਼ ਦੀ ਚਰਚਾ ਵੀ ਸ਼ੁਰੂ ਕਰ ਦਿਓ, ਤਦ ਵੀ ਉਨ੍ਹਾਂ ਨੂੰ ਖਿਆਲ ਆਉਣ ਲੱਗਦਾ ਹੈ ਕਿ ਜ਼ਰੂਰ ਕੋਈ ਗੱਲ ਹੋਵੇਗੀ।

ਫਿਰ ਲੋਕ ਵੱਡੇ ਕਲਪਨਾਸ਼ੀਲ ਹਨ। ਜਿਸ ਨੂੰ ਉਹ ਸੋਚ ਲੈਂਦੇ ਹਨ ਕਿ ਹੋਵੇਗੀ, ਉਸਦੀ ਕਲਪਨਾ ਕਰਨ ਲੱਗਦੇ ਹਨ ਅਤੇ ਜਦ ਕਲਪਨਾ ਚਾਲੂ ਹੋ ਜਾਂਦੀ ਹੈ, ਤਾਂ ਸੁਫ਼ਨੇ ਸ਼ੁਰੂ ਹੋ ਜਾਂਦੇ ਹਨ। ਕਿਸੇ ਦੀ ਕੁੰਡਲੀਨੀ ਜਗਣ ਲੱਗਦੀ ਹੈ, ਕਿਸੇ ਨੂੰ ਪ੍ਰਕਾਸ਼ ਵਿਖਾਈ ਦੇਣ ਲੱਗੇਗਾ, ਕਿਸੇ ਨੂੰ ਰੰਗ-ਬਿਰੰਗੇ ਨਜ਼ਾਰੇ ਵਿਖਾਈ ਦੇਣ ਲੱਗਣਗੇ ਅਤੇ ਜਦ ਇਹ ਘਟਨਾਵਾਂ ਘਟਣਗੀਆਂ, ਤਾਂ ਜਿਹੜਾ ਆਦਮੀ ਵਿਚਕਾਰ ਗੁਰੂ ਬਣ ਕੇ ਬਹਿ ਗਿਆ ਹੈ, ਉਸ ਦਾ ਵਿਸ਼ਵਾਸ ਹੋਰ ਵਧਣ ਲੱਗੇਗਾ। ਇਸ ਲਈ ਤਾਂ ਏਨੇ ਗੁਰੂ ਹਨ।

ਮੈਂ ਅਜਿਹੇ ਲੋਕਾਂ ਨੂੰ ਜਾਣਦਾ ਹਾਂ, ਜਿਨ੍ਹਾਂ ਨੂੰ ਧਿਆਨ ਦਾ ਕੁਝ ਵੀ ਪਤਾ ਨਹੀਂ ਹੈ। ਜਿਨ੍ਹਾਂ ਨੇ ਕਦੇ ਉਸ ਦਾ ਸੁਆਦ ਵੀ ਨਹੀਂ ਲਿਆ, ਪਰ ਉਨ੍ਹਾਂ ਦੇ ਸੈਂਕੜੇ ਚੇਲੇ ਹਨ ਅਤੇ ਜਦ ਉਹ ਗੁਰੂ ਮੈਨੂੰ ਏਕਾਂਤ ਵਿੱਚ ਮਿਲਦੇ ਹਨ ਤਾਂ ਉਹ ਵੀ ਇਹ ਹੀ ਪੁੱਛਦੇ ਹਨ ਕਿ ਧਿਆਨ ਕਿਵੇਂ ਕਰੀਏ, ਧਿਆਨ ਕੀ ਹੈ?

ਨਾਨਕ ਕਹਿੰਦੇ ਹਨ, ਧਿਆਨ ਦੇ ਸੰਬੰਧ ਵਿੱਚ ਸੋਚ-ਵਿਚਾਰ ਕੇ ਕਹਿਣਾ, ਕਿਉਂਕਿ ਇਹ ਅੱਗ ਨਾਲ਼ ਖੇਡਣਾ ਹੈ। ਇਹ ਬਹੁਤ ਬਰੀਕ ਗੱਲ ਹੈ। ਇਸ ਤੋਂ ਬਰੀਕ ਕੁਝ ਹੋਰ ਨਹੀਂ ਹੈ ਅਤੇ ਨਾ ਇਸ ਤੋਂ ਕੁਝ ਹੋਰ ਜ਼ਿਆਦਾ ਮੁੱਲਵਾਨ ਹੈ। ਸੰਸਾਰ ਵਿਚੋਂ ਪਰਮਾਤਮਾ ਤੱਕ ਜਾਣ ਦਾ ਜੋ ਰਾਹ ਹੈ, ਉਸ ਤੋਂ ਬਰੀਕ, ਮਹੀਨ ਹੋਰ ਕੁਝ ਹੋ ਹੀ ਨਹੀਂ ਸਕਦਾ। ਇਸ ਸੰਬੰਧ ਵਿੱਚ ਬਹੁਤ ਸੋਚ-ਵਿਚਾਰ ਕੇ ਕਹਿਣਾ। "ਜੇ ਕੋ ਕਹੈ ਕਰੈ ਵੀਚਾਰੁ॥" ਪਹਿਲਾਂ ਤਾਂ ਇਹ ਵਿਚਾਰ ਕਰ ਲੈਣਾ ਕਿ ਮੈਂ ਜਾਣਦਾ ਹਾਂ? ਮੈਨੂੰ ਪਤਾ ਹੈ?

ਜੇਕਰ ਇਸ ਸੰਸਾਰ ਵਿੱਚ ਹਰ ਆਦਮੀ ਇੱਕ ਗੱਲ ਤੈਅ ਕਰ ਲਵੇ ਕਿ ਮੈਂ ਉਹ ਹੀ ਕਹਾਂਗਾ ਜੋ ਮੈਨੂੰ ਪਤਾ ਹੈ, ਤਾਂ ਇਸ ਦੁਨੀਆਂ ਦਾ ਭਟਕਾਵ ਖ਼ਤਮ ਹੋ ਜਾਵੇ। ਸਿਰਫ ਏਨੀ ਕੁ ਗੱਲ ਤੈਅ ਕਰ ਲਵੇ ਕਿ ਮੈਂ ਉਹ ਹੀ ਕਹਾਂਗਾ, ਜੋ ਮੈਨੂੰ ਪਤਾ ਹੈ। ਮੈਂ ਅਨਧਿਕਾਰ ਗੱਲ ਨਹੀਂ ਕਹਾਂਗਾ। ਜੋ ਮੈਨੂੰ ਪਤਾ ਨਹੀਂ ਹੈ, ਮੈਂ ਸਵੀਕਾਰ ਕਰ ਲਵਾਂਗਾ ਕਿ ਮੈਨੂੰ ਪਤਾ ਨਹੀਂ ਹੈ। ਜੇਕਰ ਏਨੀ ਕੁ ਨਾਲ ਮਨੁੱਖ ਰਾਜ਼ੀ ਹੋ ਜਾਵੇ, ਤਾਂ ਇਸ ਦੁਨੀਆਂ ਤੋਂ ਭਟਕਣ ਮਿਟ ਜਾਵੇ ਅਤੇ ਸਤਯ ਨੂੰ ਲੱਭ ਲੈਣਾ ਔਖਾ ਨਾ ਹੋਵੇ।

ਪਰ ਏਨੀ ਅਸਤਯ ਹੈ ਚਾਰੇ ਪਾਸੇ, ਏਨੇ ਵਿਅਰਥ ਦੇ ਜਾਲ ਹਨ, ਏਨਾ ਝੂਠਾ ਗੁਰੂਤਵ ਹੈ ਕਿ ਤੁਸੀਂ ਠੀਕ ਗੁਰੂ ਨੂੰ ਲੱਭ ਵੀ ਨਾ ਸਕੋਗੇ। ਨਾਨਕ ਨੂੰ ਲੱਭਣਾ ਮੁਸ਼ਕਿਲ ਹੋ ਜਾਵੇਗਾ। ਕਿਉਂਕਿ ਚਾਰੇ ਪਾਸੇ ਪਤਾ ਨਹੀਂ ਕਿੰਨੇ ਲੋਕ ਦਾਵੇਦਾਰ ਹਨ! ਤੁਸੀਂ ਕਿਵੇਂ ਪਤਾ ਲੱਗਾਓਗੇ, ਕੌਣ ਸਹੀ ਹੈ, ਕੌਣ ਝੂਠਾ ਹੈ? ਕੋਈ ਕਸੌਟੀ ਵੀ ਨਹੀਂ ਹੈ।

ਇਸ ਲਈ ਨਾਨਕ ਕਹਿੰਦੇ ਹਨ, ਬਹੁਤ ਵਿਚਾਰ ਕੇ ਹੀ ਕੋਈ ਕਹੇ, ਜਾਣ ਲਿਆ ਹੋਵੇ ਤਾਂ ਹੀ ਕਹੇ, ਪਛਾਣ ਲਿਆ ਹੋਵੇ ਤਾਂ ਹੀ ਕਹੇ। ਕਿਉਂਕਿ ਤੁਸੀਂ ਜੀਵਨ ਨਾਲ

ਖਿਲਵਾੜ ਨਾ ਕਰਨਾ। ਤੁਸੀਂ ਜਦ ਦੂਜੇ ਨੂੰ ਸਲਾਹ ਦੇ ਰਹੇ ਹੋ, ਤਦ ਤੁਸੀਂ ਦੂਜੇ ਦੇ ਜੀਵਨ ਨਾਲ ਖੇਡ ਕਰ ਰਹੇ ਹੋ। ਜੇਕਰ ਤੁਹਾਨੂੰ ਪਤਾ ਨਹੀਂ ਹੈ, ਤੁਸੀਂ ਭਟਕਾ ਦਿਓਗੇ, ਤੁਹਾਨੂੰ ਭਾਵੇਂ ਗੁਰੂ ਹੋਣ ਦਾ ਮਜ਼ਾ ਆ ਜਾਏ।

ਪਰ ਇਸ ਤੋਂ ਵੱਡਾ ਕੋਈ ਪਾਪ ਨਹੀਂ ਹੋ ਸਕਦਾ ਕਿ ਤੁਸੀਂ ਕਿਸੇ ਨੂੰ ਗਿਆਨ ਦੇ ਰਾਹ ਤੋਂ ਭਟਕਾ ਦਿੱਤਾ। ਹੱਤਿਆ ਵੀ ਇਸ ਤੋਂ ਘੱਟ ਪਾਪ ਹੈ। ਚੋਰੀ ਕੁਝ ਵੀ ਨਹੀਂ ਹੈ। ਬੇਈਮਾਨੀ, ਧੋਖਾਧੜੀ ਕੁਝ ਵੀ ਨਹੀਂ ਹੈ, ਕਿਉਂਕਿ ਚੋਰੀ ਵਿੱਚ ਤੁਸੀਂ ਕੀ ਕਰੋਗੇ? ਕਿਸੇ ਦੀ ਜੇਬ 'ਚੋਂ ਰੁਪਿਆ ਕੱਢ ਲਵੋਗੇ। ਰੁਪਏ ਦਾ ਮੁੱਲ ਕਿੰਨਾ ਹੈ? ਹੱਤਿਆ ਵਿੱਚ ਤੁਸੀਂ ਕੀ ਕਰੋਗੇ? ਕਿਸੇ ਦਾ ਸ਼ਰੀਰ ਵੱਢ ਸੁੱਟੋਗੇ। ਨਵਾਂ ਸ਼ਰੀਰ ਉਪਲਬਧ ਹੋ ਜਾਏਗਾ, ਕਿਉਂਕਿ ਜੀਵਨ ਦਾ ਕੋਈ ਅੰਤ ਨਹੀਂ ਹੈ। ਤੁਸੀਂ ਕਿਸੇ ਨੂੰ ਮਾਰ ਸਕਦੇ ਨਹੀਂ। ਹਿੰਸਾ ਉੱਪਰ-ਉੱਪਰ ਹੈ, ਅੰਦਰ ਹੋ ਨਹੀਂ ਸਕਦੀ। ਕਪੜੇ ਹੀ ਖੋਹ ਸਕਦੇ ਹੋ, ਆਤਮਾ ਤਾਂ ਨਹੀਂ ਖੋਹ ਸਕੋਗੇ। ਤੁਸੀਂ ਕਿਸੇ ਨੂੰ ਧੋਖਾ ਦਿਓਗੇ, ਕੀ ਧੋਖਾ ਦਿਓਗੇ? ਕੁਝ ਤੁੱਛ ਜਿਹੀ ਚੀਜ਼ ਪਾ ਲਵੋਗੇ।

ਪਰ ਜੇਕਰ ਤੁਸੀਂ ਗੁਰੂ ਹੋਣ ਦਾ ਭੁਲੇਖਾ ਪੈਦਾ ਕਰਵਾ ਦਿੱਤਾ ਅਤੇ ਤੁਸੀਂ ਉਹ ਗੱਲਾਂ ਦੱਸੀਆਂ, ਜਿਨ੍ਹਾਂ ਦਾ ਤੁਹਾਨੂੰ ਪਤਾ ਨਹੀਂ, ਤਾਂ ਤੁਸੀਂ ਆਦਮੀ ਨੂੰ ਜਨਮਾਂ-ਜਨਮਾਂ ਤੱਕ ਭਟਕਣ ਵਿੱਚ ਪੁਆ ਸਕਦੇ ਹੋ। ਇਸ ਨਾਲੋਂ ਵੱਡਾ ਹੋਰ ਕੋਈ ਧੋਖਾ ਨਹੀਂ ਹੋ ਸਕਦਾ। ਅਗਿਆਨੀ ਗੁਰੂ ਜਿਹੋ ਜਿਹਾ ਮਹਾਂਪਾਪ ਕਰਦਾ ਹੈ, ਉਹੋ ਜਿਹਾ ਮਹਾਂਪਾਪ ਕੋਈ ਵੀ ਨਹੀਂ ਕਰ ਸਕਦਾ।

ਅਤੇ ਧਿਆਨ ਰੱਖਣਾ, ਜਦ ਇੱਕ ਮਨੁੱਖ ਬਹੁਤ ਸਾਰੇ ਗ਼ਲਤ ਗੁਰੂਆਂ ਦੇ ਕੋਲ ਭਟਕ ਲੈਂਦਾ ਹੈ ਤਾਂ ਉਸਦੀ ਸ਼ਰਧਾ ਗੁਆਚ ਜਾਂਦੀ ਹੈ, ਉਸਦਾ ਭਰੋਸਾ ਟੁੱਟ ਜਾਂਦਾ ਹੈ, ਉਸਦੀ ਆਸ ਮਿੱਟ ਜਾਂਦੀ ਹੈ ਅਤੇ ਹੌਲੀ-ਹੌਲੀ ਉਸਨੂੰ ਅਜਿਹਾ ਲੱਗਣ ਲੱਗ ਪੈਂਦਾ ਹੈ ਕਿ ਸਾਰਾ ਕੁਝ ਪਾਖੰਡ ਹੈ। ਜਦ ਨੜ੍ਹਿਨਵੇਂ ਦੇ ਕੋਲ ਪਾਖੰਡ ਹੈ ਤਾਂ ਇੱਕ ਦੇ ਕੋਲ ਸਤਯ ਕਿਵੇਂ ਹੋਵੇਗਾ? ਅਤੇ ਜਿਹੜਾ ਨੜ੍ਹਿਨਵਿਆਂ ਦੇ ਕੋਲ ਪਾਖੰਡ ਵਿਚੋਂ ਲੰਘਿਆ ਹੈ, ਉਹ ਜੇਕਰ ਇੱਕ ਦੇ ਕੋਲ ਵੀ ਆ ਜਾਵੇ, ਨਾਨਕ ਦੇ ਕੋਲ ਵੀ ਆ ਜਾਏ, ਤਾਂ ਵੀ ਆਪਣੇ ਆਪ ਨੂੰ ਸੰਭਾਲ ਕੇ ਹੀ ਰੱਖੇਗਾ ਕਿ ਨੜ੍ਹਿਨਵੇਂ ਥਾਂ ਧੋਖਾ ਖਾਧਾ, ਪਤਾ ਨਹੀਂ ਏਥੇ ਵੀ ਧੋਖਾ ਹੋਵੇ।

ਇਸ ਸੰਸਾਰ ਵਿੱਚ ਏਨੀ ਨਾਸਤਿਕਤਾ ਹੈ, ਉਸ ਨਾਸਤਿਕਤਾ ਦਾ ਕਾਰਣ ਗ਼ਲਤ ਗੁਰੂ ਹਨ। ਲੋਕਾਂ ਦੀ ਸ਼ਰਧਾ ਗੁਆਚ ਗਈ ਹੈ। ਨਾਸਤਿਕਤਾ ਵਿਗਿਆਨ ਦੇ ਕਾਰਣ ਨਹੀਂ ਹੈ ਅਤੇ ਨਾਹੀ ਨਾਸਤਿਕਤਾ ਨਾਸਤਿਕ ਦਾਰਸ਼ਨਿਕਾਂ ਦੇ ਕਾਰਣ ਹੈ। ਨਾਸਤਿਕਤਾ ਦਾ ਮੂਲ ਕਾਰਣ ਪਾਖੰਡੀ ਗੁਰੂ ਹਨ। ਕਿਉਂਕਿ ਏਨਾ ਭਰੋਸਾ ਤੋੜ ਦਿੱਤਾ

ਗਿਆ ਹੈ ਕਿ ਹੁਣ ਇਹ ਵਿਸ਼ਵਾਸ ਕਰਨਾ ਸੰਭਵ ਨਹੀਂ, ਕਿ ਕੋਈ ਗੁਰੂ ਹੈ ਅਤੇ ਇਹ ਵੀ ਭਰੋਸਾ ਕਰਨਾ ਸੰਭਵ ਨਹੀਂ ਹੈ ਕਿ ਕੋਈ ਪਰਮਾਤਮਾ ਹੈ, ਕਿਉਂਕਿ ਜਦ ਗੁਰੂ ਉਹੀ ਨਹੀਂ ਤਾਂ ਪਰਮਾਤਮਾ ਕਿਵੇਂ ਹੋਏਗਾ? ਇਹ ਗੁਰੂ, ਪਰਮਾਤਮਾ ਅਤੇ ਇਹ ਸਭ ਜਾਲ ਲੋਕਾਂ ਦੇ ਸ਼ੋਸ਼ਣ ਦੀਆਂ ਵਿਧੀਆਂ ਹਨ। ਇਹੋ ਜਿਹੀ ਲੋਕਾਂ ਦੀ ਧਾਰਣਾ ਹੋ ਗਈ ਹੈ। ਭਲੇ ਲੋਕ ਏਨੇ ਭਟਕਾਏ ਗਏ ਹਨ।

ਇਸ ਲਈ ਨਾਨਕ ਕਹਿੰਦੇ ਹਨ, ਜਿਹੜਾ ਵੀ ਇਸ ਸੰਬੰਧ 'ਚ ਕੁਝ ਕਹੇ, ਉਹ ਬਹੁਤ ਸੋਚ ਵਿਚਾਰ ਕੇ ਕਹੇ। ਅੱਗ ਨਾਲ ਖੇਡਣਾ ਹੈ। ਦੂਜਿਆਂ ਨੂੰ ਜੀਵਨ ਦਾਅ 'ਤੇ ਲਗਾਉਣ ਦੀ ਗੱਲ ਕਹਿਣੀ ਹੈ। ਸੋਚ ਕੇ ਕਹੋ, ਨਹੀਂ ਤਾਂ ਚੁੱਪ ਰਹੋ।

ਨਾਨਕ ਕਹਿੰਦੇ ਹਨ, *'ਕਰਤੇ ਕੈ ਕਰਣੈ ਨਾਹੀ ਸੁਮਾਰੁ।'*

ਅਤੇ ਪਰਮਾਤਮਾ ਦੇ ਸੰਬੰਧ ਵਿੱਚ ਕੁਝ ਵੀ ਤਾਂ ਨਹੀਂ ਕਿਹਾ ਜਾ ਸਕਦਾ ਹੈ। ਕਿਉਂਕਿ ਨਾ ਤਾਂ ਉਸਦਾ ਕੋਈ ਅੰਤ ਹੈ, ਨਾ ਕੋਈ ਹੱਦ ਹੈ। ਉਸ ਦੇ ਸੰਬੰਧ 'ਚ ਤਾਂ ਚੁੱਪ ਹੀ ਰਿਹਾ ਜਾ ਸਕਦਾ ਹੈ। ਕੀ ਕਹਾਂਗੇ? ਧਿਆਨ ਦੇ ਸੰਬੰਧ ਵਿੱਚ ਕੁਝ ਕਿਹਾ ਜਾ ਸਕਦਾ ਹੈ, ਪਰ ਉਹ ਵਿਚਾਰ ਕੇ ਕਹਿਣਾ। ਪਰਮਾਤਮਾ ਦੇ ਸੰਬੰਧ ਵਿੱਚ ਤਾਂ ਕੁਝ ਕਿਹਾ ਨਹੀਂ ਜਾ ਸਕਦਾ, ਇਸ ਲਈ ਉਸ ਸੰਬੰਧ 'ਚ ਤਾਂ ਕੁਝ ਕਹਿਣਾ ਹੀ ਨਹੀਂ।

ਇਸਨੂੰ ਥੋੜ੍ਹਾ ਸਮਝ ਲਵੋ। ਧਿਆਨ ਦਾ ਅਰਥ ਹੁੰਦਾ ਹੈ ਵਿੱਧੀ, ਮੈਥੱਡ ਅਤੇ ਪਰਮਾਤਮਾ ਦਾ ਅਰਥ ਹੁੰਦਾ ਹੈ ਅਨੁਭੂਤੀ, ਨਿਸ਼ਪੱਤੀ (ਸਮਾਪਤੀ ਜਾਂ ਅੰਤ)। ਰਾਹ ਦੇ ਸੰਬੰਧ 'ਚ ਕੁਝ ਕਿਹਾ ਜਾ ਸਕਦਾ ਹੈ, ਜੇਕਰ ਤੁਸੀਂ ਟੁਰੇ ਹੋ ਰਾਹ ਤੇ ਤਾਂ। ਮੰਜ਼ਿਲ ਦੇ ਸੰਬੰਧ ਵਿੱਚ ਕੁਝ ਨਹੀਂ ਕਿਹਾ ਜਾ ਸਕਦਾ। ਕਿਉਂਕਿ ਰਾਹ ਦੀ ਤਾਂ ਹੱਦ ਹੈ। ਰਾਹ ਦੀ ਤਾਂ ਦਿਸ਼ਾ ਹੈ। ਮੰਜ਼ਿਲ ਦੀ ਤਾਂ ਕੋਈ ਹੱਦ ਨਹੀਂ ਅਤੇ ਕੋਈ ਦਿਸ਼ਾ ਨਹੀਂ। ਮੈਂ ਤੁਹਾਨੂੰ ਇਹ ਤਾਂ ਨਹੀਂ ਕਹਿ ਸਕਦਾ ਕਿ ਪਰਮਾਤਮਾ ਕੀ ਹੈ? ਪਰ ਇਹ ਕਹਿ ਸਕਦਾ ਹਾਂ ਕਿ ਕਿਵੇਂ ਉਥੇ ਤੱਕ ਮੈਂ ਪੁੱਜਾ ਹਾਂ। ਰਾਹ ਦੇ ਸੰਬੰਧ ਵਿੱਚ ਦੱਸਿਆ ਜਾ ਸਕਦਾ ਹੈ।

ਬੁੱਧ ਕਹਿੰਦੇ ਹਨ ਕਿ ਬੁੱਧ-ਪੁਰਸ਼ ਕੇਵਲ ਇਸ਼ਾਰਾ ਕਰਦੇ ਹਨ। ਬੁੱਧ ਕਹਿੰਦੇ ਹਨ ਕਿ ਬੁੱਧ-ਪੁਰਸ਼ ਵਿੱਧੀ ਦੱਸਦੇ ਹਨ। ਪਰ ਨਾਨਕ ਨੇ ਤਾਂ ਬਾਰ-ਬਾਰ ਕਿਹਾ ਹੈ ਕਿ ਮੈਂ ਤਾਂ ਇੱਕ ਵੈਦ ਹਾਂ, ਜਿਹੜਾ ਦਵਾਈ ਦੱਸਦਾ ਹੈ। ਤੰਦਰੁਸਤੀ ਦੇ ਸੰਬੰਧ ਵਿੱਚ ਕੁਝ ਨਹੀਂ ਕਿਹਾ ਜਾ ਸਕਦਾ! ਹਾਂ, ਦਵਾਈ ਦੇ ਸੰਬੰਧ ਵਿੱਚ ਕੁਝ ਕਿਹਾ ਜਾ ਸਕਦਾ ਹੈ ਕਿ ਇਹ ਦਵਾਈ ਤੁਹਾਡੀ ਬੀਮਾਰੀ ਨੂੰ ਦੂਰ ਕਰ ਦੇਵੇਗੀ। ਫ਼ਿਰ ਜੋ ਬਾਕੀ ਬਚਿਆ ਰਹੇਗਾ, ਰੋਗ ਦੇ ਹਟ ਜਾਣ ਤੋਂ ਪਿੱਛੋਂ, ਉਸ ਆਨੰਦ, ਅਹੋਭਾਵ ਨਾਲ ਤੁਸੀਂ ਭਰ ਜਾਓਗੇ, ਉਹ ਹੀ ਤੰਦਰੁਸਤੀ ਹੈ। ਉਸ ਸੰਬੰਧ ਵਿੱਚ ਵੀ ਕੁਝ ਨਹੀਂ ਕਿਹਾ ਜਾ ਸਕਦਾ।

ਪਰਮਾਤਮਾ ਦੇ ਸੰਬੰਧ ਵਿੱਚ ਜੋ ਵੀ ਕਿਹਾ ਜਾਵੇ ਉਹ ਨਕਾਰਾਤਮਕ ਹੋਵੇਗਾ। ਅਸੀਂ

ਇਹ ਹੀ ਕਹਿ ਸਕਦੇ ਹਾਂ ਕਿ ਉਹ ਇਹ ਨਹੀਂ ਹੈ, ਉਹ ਇਹ ਨਹੀਂ ਹੈ, ਉਹ ਇਹ ਨਹੀਂ ਹੈ। ਅਸੀਂ ਇਹ ਨਹੀਂ ਕਹਿ ਸਕਦੇ ਕਿ ਉਹ ਇਹ ਹੈ। ਇਹੋ ਜਿਹਾ ਸਿੱਧਾ ਇਸ਼ਾਰਾ ਤਾਂ ਉਸਨੂੰ ਸੀਮਿਤ ਕਰ ਦੇਵੇਗਾ। ਸੀਮਿਤ ਨੂੰ ਅਸੀਂ ਉਂਗਲੀ ਨਾਲ ਦੱਸ ਸਕਦੇ ਹਾਂ ਕਿ ਇਹ ਰਿਹਾ। ਅਸੀਮ ਨੂੰ ਅਸੀਂ ਕਿਵੇਂ ਦੱਸਾਂਗੇ? ਨਾਨਕ ਕਹਿੰਦੇ ਹਨ ਕਿ ਪਰਮਾਤਮਾ ਦੇ ਸੰਬੰਧ ਵਿੱਚ ਤਾਂ ਕੁਝ ਕਿਹਾ ਹੀ ਨਹੀਂ ਜਾ ਸਕਦਾ, ਤਾਂ ਤੁਸੀਂ ਚੁੱਪ ਰਹਿਣਾ।

ਪਰ ਪਰਮਾਤਮਾ ਦੇ ਸੰਬੰਧ ਵਿੱਚ ਵੀ ਲੋਕ ਬਹੁਤ ਗੱਲਾਂ ਕਰਦੇ ਹਨ। ਜਿੰਨੀਆਂ ਗੱਲਾਂ ਪਰਮਾਤਮਾ ਦੇ ਸੰਬੰਧ ਵਿੱਚ ਕਰਦੇ ਹਨ, ਕਿਸੇ ਹੋਰ ਦੇ ਸੰਬੰਧ ਵਿੱਚ ਨਹੀਂ ਕਰਦੇ। ਵੱਡੇ ਵਿਵਾਦ, ਵੱਡੀਆਂ ਕਿਤਾਬਾਂ, ਵੱਡੀਆਂ ਚਰਚਾਵਾਂ ਚਲਦੀਆਂ ਹਨ। ਸਬੂਤ ਇਕੱਠੇ ਕਰਦੇ ਹਨ, ਸਿੱਧ ਕਰਦੇ ਹਨ, ਕਿ ਪਰਮਾਤਮਾ ਹੈ ਜਾਂ ਨਹੀਂ ਅਤੇ ਕੋਈ ਵੀ ਇਸਦੀ ਫ਼ਿਰਕ ਨਹੀਂ ਕਰਦਾ ਕਿ ਪਰਮਾਤਮਾ ਨੂੰ ਸਿੱਧ ਨਹੀਂ ਕੀਤਾ ਜਾ ਸਕਦਾ ਅਤੇ ਨਾ ਅਸਿੱਧ ਕੀਤਾ ਜਾ ਸਕਦਾ ਹੈ। ਪਰਮਾਤਮਾ ਨੂੰ ਤਾਂ ਜਾਣਿਆ ਜਾ ਸਕਦਾ ਹੈ, ਜੀਵਿਆ ਜਾ ਸਕਦਾ ਹੈ, ਪਰਮਾਤਮਾ ਹੋਇਆ ਜਾ ਸਕਦਾ ਹੈ। ਪਰ ਨਾ ਸਿੱਧ ਕੀਤਾ ਜਾ ਸਕਦਾ ਹੈ ਅਤੇ ਨਾ ਅਸਿੱਧ ਕੀਤਾ ਜਾ ਸਕਦਾ ਹੈ।

ਤੁਸੀਂ ਕਿਵੇਂ ਸਿੱਧ ਕਰੋਗੇ ਕਿ ਪਰਮਾਤਮਾ ਹੈ? ਤੁਸੀਂ ਜੋ ਵੀ ਕਹੋਗੇ ਉਹ ਅਸੰਗਤ ਹੋਏਗਾ। ਤੁਸੀਂ ਕਿਵੇਂ ਸਿੱਧ ਕਰੋਗੇ ਕਿ ਨਹੀਂ ਹੈ? ਤੁਸੀਂ ਜੋ ਵੀ ਕਹੋਗੇ ਉਹ ਵੀ ਅਸੰਗਤ ਹੋਏਗਾ। ਕਿਉਂਕਿ ਪਰਮਾਤਮਾ ਦਾ ਅਰਥ ਹੀ ਇਹ ਹੈ, ਇਹ ਸਮੱਸਤ, **Totality** ਇਹ ਜੋ ਵਿਰਾਟ ਸਾਰੇ ਪਾਸੇ ਫੈਲਿਆ ਹੋਇਆ ਹੈ, ਇਸ ਦਾ ਇਕੱਠਾ ਇੱਕ ਨਾਉਂ ਪਰਮਾਤਮਾ ਹੈ। ਪਰਮਾਤਮਾ ਕੋਈ ਮਨੁੱਖ ਤਾਂ ਨਹੀਂ ਹੈ। ਜਿਹੜਾ ਕਿਤੇ ਆਕਾਸ਼ ਵਿੱਚ ਬੈਠਾ ਹੋਇਆ ਹੈ।

ਪਰਮਾਤਮਾ ਤਾਂ ਇੱਕ ਅਨੁਭਵ ਹੈ ਨਿਮਜੱਨ (ਟੁੱਬੀ ਜਾਂ ਗੋਤਾ ਮਾਰ ਕੇ ਕੀਤਾ ਜਾਣ ਵਾਲਾ ਇਸ਼ਨਾਨ) ਹੈ, ਵਿਲੀਨ ਹੋਣ ਦਾ। ਪਰਮਾਤਮਾ ਤਾਂ ਇੱਕ ਅਜਿਹੀ ਪਰਮਦਸ਼ਾ ਹੈ, ਜਦ ਤੁਸੀਂ ਮਿਟ ਵੀ ਜਾਂਦੇ ਹੋ ਅਤੇ ਮਿਟਦੇ ਵੀ ਨਹੀਂ। ਹੁੰਦੇ ਵੀ ਹੋ ਅਤੇ ਨਹੀਂ ਵੀ ਹੋ ਜਾਂਦੇ ਹੋ। ਇੱਕ ਅਜਿਹਾ ਵਿਰੋਧਾਭਾਸ (ਦੋ ਗੱਲਾਂ ਦੇ ਵਿਚਕਾਰ ਦਿੱਸਣ ਵਾਲਾ ਵਿਰੋਧ) ਹੈ। ਜਿੱਥੇ ਇੱਕ ਪਾਸੇ ਤਾਂ ਤੁਸੀਂ ਬਿਲਕੁਲ ਸ਼ੂਨਯ ਹੋ ਜਾਂਦੇ ਹੋ ਅਤੇ ਦੂਜੇ ਪਾਸੇ ਬਿਲਕੁਲ ਪੂਰਣ ਹੋ ਜਾਂਦੇ ਹੋ। ਸੋ ਪਰਮਾਤਮਾ ਨਾ ਤਾਂ ਕੋਈ ਆਦਮੀ ਹੈ, ਨਾ ਕੋਈ ਸਿਧਾਂਤ ਹੈ, ਨਾ ਕੋਈ **Hypothesis** ਹੈ। ਪਰਮਾਤਮਾ ਇੱਕ ਅਨੁਭੂਤੀ ਹੈ ਅਤੇ ਆਖ਼ਰੀ ਅਨੁਭੂਤੀ ਹੈ ਅਤੇ ਅਜਿਹੀ ਉਪਲੱਬਧੀ ਹੈ ਕਿ ਉਸ ਵਿੱਚ ਤੁਸੀਂ ਗੁਆਚ ਜਾਂਦੇ ਹੋ। ਇਸ ਲਈ ਮੁੜ ਕੇ ਕਹਿਣ ਨੂੰ ਕੁਝ ਬਚਦਾ ਵੀ ਨਹੀਂ।

ਤਾਂ ਨਾਨਕ ਕਹਿੰਦੇ ਹਨ ਕਿ ਉਸ ਦੇ ਸੰਬੰਧ ਵਿੱਚ ਤਾਂ ਕੁਝ ਕਿਹਾ ਨਹੀਂ ਜਾ ਸਕਦਾ। ਧਿਆਨ ਦੇ ਸੰਬੰਧ ਵਿੱਚ ਕੁਝ ਕਿਹਾ ਜਾ ਸਕਦਾ ਹੈ। ਬਹੁਤ ਸੋਚ ਕੇ ਕਹਿਣਾ। ਜਾਣਿਆ ਹੋਵੇ ਤਾਂ ਕਹਿਣਾ, ਨਹੀਂ ਤਾਂ ਚੁੱਪ ਹੀ ਰਹਿ ਜਾਣਾ। ਇਸ ਨੂੰ ਤੁਸੀਂ ਆਪਣੇ ਜੀਵਨ ਵਿੱਚ ਤਾਂ ਇੱਕ ਨਿਯਮ ਬਣਾ ਲਵੋ। ਛੱਡੋ ਸੰਸਾਰ ਨੂੰ, ਆਪਣੇ ਸੰਬੰਧ ਵਿੱਚ ਇੱਕ ਨਿਯਮ ਬਣਾ ਲਵੋ। ਇਹ ਛੋਟਾ ਜਿਹਾ ਨਿਯਮ ਤੁਹਾਡੇ ਸਾਰੇ ਜੀਵਨ ਨੂੰ ਰੁਪਾਂਤਰਿਤ ਕਰ ਦੇਵੇਗਾ। ਜੋ ਤੁਸੀਂ ਜਾਣਿਆ ਹੋਵੇ ਉਹ ਹੀ ਕਹਿਣਾ, ਇੰਚ ਕੁ ਵੀ ਜ਼ਿਆਦਾ ਨਹੀਂ।

ਅਤਿਕਥਨੀ ਕਰਨ ਦਾ ਮਨ ਹੁੰਦਾ ਹੈ। ਇੰਚ ਕੁ ਜਾਣੇ ਹੋ, ਮੀਲ ਭਰ ਕਹਿਣ ਦੀ ਤਬੀਅਤ ਹੁੰਦੀ ਹੈ। ਰੱਤੀ ਕੁ ਪਹਾੜ ਦੀ ਚਰਚਾ ਸ਼ੁਰੂ ਹੋ ਜਾਂਦੀ ਹੈ। ਮਨ ਦੀ ਹਾਲਤ ਬਹੁਤ ਵਧਾ-ਚੜ੍ਹਾ ਦੀ ਹੈ। ਕਿਉਂਕਿ ਬਹੁਤ ਵਧਾ-ਚੜ੍ਹਾ ਨਾਲ ਹੰਕਾਰ ਨੂੰ ਰਸ ਆਉਂਦਾ ਹੈ।

ਮੁੱਲਾ ਨਸਰੂਦੀਨ ਇੱਕ ਦਿਨ ਸੜਕ ਉਤੇ ਡਿੱਗ ਪਿਆ, ਬੇਹੋਸ਼, ਉਸਨੂੰ ਚੁੱਕ ਕੇ ਹਸਪਤਾਲ ਲੈ ਗਏ। ਅਤੇ ਜਦ ਉਸਨੂੰ ਸਰਜ਼ਰੀ ਦੇ ਟੇਬਲ ਉਤੇ ਰੱਖਿਆ ਤਾਂ ਉਸਦੀ ਜ਼ੇਬ ਨਾਲ ਬੱਧਾ ਹੋਇਆ ਇੱਕ ਕਾਗਜ਼ ਦਾ ਪੁਰਜ਼ਾ ਮਿਲਿਆ, ਜਿਸ ਵਿੱਚ ਉਸ ਨੇ ਵੱਡੇ-ਵੱਡੇ ਅੱਖਰਾਂ ਵਿੱਚ ਲਿਖਿਆ ਸੀ....ਡਾਕਟਰਾਂ ਦੇ ਲਈ ਵਿਸ਼ੇਸ਼ ਸੂਚਨਾ। ਮੈਨੂੰ ਮਿਰਗੀ ਦਾ ਦੌਰਾ ਪੈਂਦਾ ਹੈ, ਇਹ ਕੋਈ ਅਪੇਨਡਿਕਸ ਦੀ ਬੀਮਾਰੀ ਨਹੀਂ। ਅਪੇਨਡਿਕਸ ਤਾਂ ਮੇਰੀ ਪਹਿਲਾਂ ਹੀ ਅਨੇਕ ਵਾਰ ਵੱਢੀ ਜਾ ਚੁੱਕੀ ਹੈ, ਅਨੇਕ ਵਾਰ!

ਮਨ ਝਟ-ਪਟ ਅਤਿਸ਼ਯ ਕਰਦਾ ਹੈ। ਕਿਉਂਕਿ ਵੱਡਾ ਕਰਕੇ ਵੇਖਣ ਵਿੱਚ ਮਜ਼ਾ ਆ ਜਾਂਦਾ ਹੈ। ਤੁਹਾਨੂੰ ਜ਼ਰਾ ਕੁ ਜਿੰਨ੍ਹਾਂ ਪਤਾ ਲੱਗਿਆ ਨਹੀਂ ਕਿ ਤੁਸੀਂ ਉਸ ਨੂੰ ਫੈਲਾ ਲਵੋਗੇ। ਤੁਸੀਂ ਉਸ ਵਿੱਚ ਬਹੁਤ ਮਿਰਚ-ਮਸਾਲਾ ਮਿਲਾ ਲਵੋਗੇ। ਤੁਸੀਂ ਉਸ ਨੂੰ ਬਹੁਤ ਸਾਰੇ ਰੰਗ ਦੇ ਦਿਓਗੇ ਅਤੇ ਜਿੰਨੇ ਰੰਗ ਤੁਸੀਂ ਦੇ ਰਹੇ ਹੋ, ਓਨਾਂ ਕੁ ਹੀ ਤੁਸੀਂ ਜਾਣਿਆ ਹੈ, ਉਹ ਝੂਠ ਹੁੰਦਾ ਜਾ ਰਿਹਾ ਹੈ। ਹੌਲੀ-ਹੌਲੀ ਰੰਗ ਹੀ ਰੰਗ ਰਹਿ ਜਾਏਗਾ, ਅਸਲੀ ਚੀਜ਼ ਗੁਆਚ ਜਾਏਗੀ।

ਵਧਾ-ਚੜ੍ਹਾ ਤੋਂ ਬਚਣਾ। ਜਿੰਨਾਂ ਜਾਣਿਆ ਹੋਵੇ ਇੰਚ ਕੁ ਘੱਟ ਕਹਿਣਾ, ਚਲੇਗਾ। ਇੰਚ ਕੁ ਬਹੁਤਾ ਨਾ ਕਹਿਣਾ। ਥੋੜ੍ਹਾ ਘੱਟ ਦੱਸਣਾ, ਚਲੇਗਾ। ਉਸ ਨਾਲ ਕਿਸੇ ਦਾ ਕੋਈ ਹਰਜਾ ਨਹੀਂ ਹੈ। ਬਹੁਤਾ ਕਰਕੇ ਕਦੇ ਨਾ ਦੱਸਣਾ।

ਅਤੇ ਨਾ ਕੇਵਲ ਪਰਮਾਤਮਾ ਅਤੇ ਧਿਆਨ ਦੇ ਸੰਬੰਧ ਵਿੱਚ, ਜੀਵਨ ਦੇ ਤਜ਼ਰਬੇ ਦੇ ਸੰਬੰਧ 'ਚ ਵੀ ਬੇਨਤੀ ਕਦੇ ਨਾ ਕਰਨਾ ਕਿ ਮੈਂ ਜਾਣਦਾ ਹਾਂ। ਜੀਵਨ ਵੱਡਾ ਹੈ, ਤੁਸੀਂ ਜੋ ਜਾਣਿਆ ਹੈ, ਉਹ ਉਸ ਦਾ ਨਿੱਕਾ ਜਿਹਾ ਹਿੱਸਾ ਹੈ। ਉਸ ਤੋਂ ਨਤੀਜੇ ਨਹੀਂ ਲਏ

ਜਾ ਸਕਦੇ।

ਤੁਸੀਂ ਇੱਕ ਦੁਕਾਨਦਾਰ ਰਹੇ ਹੋ, ਤੁਸੀਂ ਦੁਕਾਨਦਾਰੀ ਜਾਣੀ ਹੈ। ਜ਼ਿੰਦਗੀ ਬਹੁਤ ਵੱਡੀ ਹੈ। ਉਸਦੇ 'ਚ ਅਨੰਤ ਹੋਣ ਦਾ ਢੰਗ ਹੈ। ਤੁਸੀਂ ਸਾਰੀ ਜ਼ਿੰਦਗੀ ਨਹੀਂ ਜਾਣ ਲਈ ਹੈ। ਤੁਸੀਂ ਏਨਾ ਹੀ ਕਹਿਣਾ ਕਿ ਮੈਂ ਇੱਕ ਦੁਕਾਨਦਾਰ ਰਿਹਾ। ਹੋਰ ਦੁਕਾਨਾਂ ਵੀ ਹਜ਼ਾਰ ਤਰ੍ਹਾਂ ਦੀਆਂ ਹਨ। ਮੈਂ ਤਾਂ ਇਕੋ ਤਰ੍ਹਾਂ ਦੀ ਦੁਕਾਨ ਕੀਤੀ ਅਤੇ ਇੱਕ ਦੁਕਾਨ ਉਤੇ ਵੀ ਕਰੋੜਾਂ ਤਰ੍ਹਾਂ ਦੇ ਗਾਹਕ ਆ ਸਕਦੇ ਸਨ। ਉਹ ਸਾਰੇ ਨਹੀਂ ਆਏ, ਥੋੜ੍ਹੇ ਜਿਹੇ ਗਾਹਕ ਆਏ। ਥੋੜ੍ਹਾ ਜਿਹਾ ਮੇਰਾ ਤਜ਼ਰਬਾ ਹੋਇਆ। ਇੱਕ ਰੱਤੀ ਕੁ!

ਨਿਯੂਟਨ ਨੇ ਕਿਹਾ ਕਿ ਲੋਕ ਸੋਚਦੇ ਹਨ ਕਿ ਮੈਂ ਬਹੁਤ ਜਾਣਦਾ ਹਾਂ ਅਤੇ ਮੇਰੀ ਹਾਲਤ ਇਹੋ ਜਿਹੀ ਹੈ ਜਿਵੇਂ ਸਮੁੰਦਰ ਦੇ ਕੰਢੇ ਤੋਂ ਮੈਂ ਰੇਤ ਦਾ ਇੱਕ ਕੱਣ ਹੱਥ ਵਿੱਚ ਲੈ ਲਿਆ ਹੋਵੇ ਅਤੇ ਰੇਤ ਦਾ ਇੱਕ ਕਣ ਮੇਰਾ ਗਿਆਨ ਹੈ ਅਤੇ ਮੇਰਾ ਅਗਿਆਨ ਏਨਾ ਵੱਡਾ ਹੈ, ਜਿੰਨੇ ਕਣ ਅਜੇ ਬਾਕੀ ਹਨ।

ਧਿਆਨ ਸਦਾ ਅਗਿਆਨ ਉਤੇ ਦੇਣਾ ਕਿ ਕਿੰਨਾ ਜਾਨਣ ਲਈ ਬਾਕੀ ਹੈ, ਉਸ ਨਾਲ ਤੁਸੀਂ ਨਿਮਰਤਾਵਾਨ ਹੋ ਜਾਓਗੇ। ਜੋ ਤੁਸੀਂ ਜਾਣਿਆ ਹੈ ਉਸ ਉਤੇ ਬਹੁਤਾ ਧਿਆਨ ਨਾ ਦੇਣਾ, ਉਸ ਨਾਲ ਤੁਸੀਂ ਆਕੜ ਜਾਓਗੇ, ਉਸ ਦੇ ਨਾਲ ਅਸਿੱਮਤਾ (ਯੋਗ ਸ਼ਾਸਤਰ ਦੇ ਅਨੁਸਾਰ ਪੰਜ ਪ੍ਰਕਾਰ ਦੇ ਕਲੇਸ਼ਾਂ ਵਿੱਚੋਂ ਇੱਕ ਜਿਵੇਂ, ਹੰਕਾਰ, ਮੋਹ, ਆਤਮ-ਸ਼ਲਾਘਾ ਆਦਿ) ਜਗੇਗੀ। ਉਸਦੇ ਨਾਲ ਹੰਕਾਰ ਫੜੇਗਾ, ਹਮੇਸ਼ਾਂ ਖਿਆਲ ਰੱਖਣਾ ਜਾਨਣ ਲਈ, ਕਿੰਨਾ ਬਾਕੀ ਹੈ, ਕਿੰਨਾ ਅਨੁਭਵ ਕਰਨ ਲਈ ਬਾਕੀ ਹੈ। ਅਪਾਰ ਬਾਕੀ ਹੈ। ਤਦ ਤੁਸੀਂ ਪਾਓਗੇ ਕਿ ਜੋ ਜਾਣਿਆ ਹੈ ਉਸਦਾ ਹਿਸਾਬ ਕੀ ਰੱਖਣਾ! ਕੁਝ ਵੀ ਤਾਂ ਨਹੀਂ ਜਾਣਿਆ ਹੈ।

ਇਸ ਲਈ ਸੁਕਰਾਤ ਕਹਿੰਦਾ ਹੈ, ਗਿਆਨੀ ਜਦ ਪਰਮ ਗਿਆਨ ਨੂੰ ਪ੍ਰਾਪਤ ਹੁੰਦਾ ਹੈ, ਤਦ ਇੱਕ ਹੀ ਜਾਨਣ ਨੂੰ ਬਚ ਰਹਿੰਦਾ ਹੈ ਕਿ ਮੈਂ ਕੁਝ ਵੀ ਨਹੀਂ ਜਾਣਿਆ। ਗਿਆਨੀ ਦਾ ਲੱਛਣ ਹੈ ਕਿ ਕੁਝ ਵੀ ਨਹੀਂ ਜਾਣਿਆ।

ਇਸ ਲਈ ਨਾਨਕ ਕਹਿੰਦੇ ਹਨ ਕਿ ਸੀਮਾ ਰੱਖਣਾ, ਸਰਲਤਾ ਰੱਖਣਾ, ਨਿਮ੍ਰਤਾ ਰੱਖਣਾ। ਓਨਾਂ ਹੀ ਕਹਿਣਾ ਜਿੰਨਾਂ ਜਾਣਦੇ ਹੋਵੋ ਅਤੇ ਉਸ ਪਰਮਾਤਮਾ ਦੇ ਸੰਬੰਧ ਵਿੱਚ ਤਾਂ ਕੁਝ ਵੀ ਨਾ ਕਹਿਣਾ। ਕੀ ਤੁਸੀਂ ਕਹੋਗੇ? ਤੁਸੀਂ ਜੋ ਵੀ ਕਹੋਗੇ ਸਭ ਛੋਟੇ ਮੂੰਹ ਵੱਡੀ ਗੱਲ ਹੋਵੇਗੀ। ਸਿੱਧ ਕਰੋਗੇ ਤਾਂ, ਅਸਿੱਧ ਕਰੋਗੇ ਤਾਂ, ਤੁਸੀਂ ਹੋ ਕੌਣ? ਤੁਸੀਂ ਫ਼ੈਸਲਾ ਕਰਨ ਵਾਲੇ ਹੋ? ਤੁਹਾਡੇ ਤਰਕ ਤੇ ਉਸਦਾ ਹੋਣਾ ਨਿਰਭਰ ਹੈ? ਤੁਹਾਡੇ ਤਰਕ ਤੋੜੇ ਜਾ ਸਕਦੇ ਹਨ। ਤਦ ਕੀ ਉਹ ਟੁੱਟ ਜਾਏਗਾ?

ਰਾਮ ਕ੍ਰਿਸ਼ਨ ਦੇ ਕੋਲ ਕੇਸ਼ਵ ਚੰਦ੍ਰ ਆਏ। ਕੇਸ਼ਵ ਚੰਦ੍ਰ ਨੇ ਬਹੁਤ ਤਰਕ ਦਿੱਤੇ ਕਿ ਪਰਮਾਤਮਾ ਨਹੀਂ ਹੈ। ਤਾਂ ਰਾਮ ਕ੍ਰਿਸ਼ਨ ਸੁਣਦੇ ਰਹੇ। ਬਹੁਤ ਖੁਸ਼ ਹੋਏ, ਆਨੰਦਿਤ ਹੋਏ। ਕੇਸ਼ਵ ਚੰਦ੍ਰ ਨੂੰ ਛਾਤੀ ਨਾਲ ਲਾਇਆ। ਫ਼ਿਰ ਕਿਹਾ ਕਿ ਬਹੁਤ ਕਿਰਪਾ ਕੀਤੀ ਕੀ ਤੁਸੀਂ ਆਏ। ਮੈਂ ਤਾਂ ਪਿੰਡ ਦਾ ਪੇਂਡੂ ਹਾਂ। ਇਸ ਲਈ ਬੁੱਧੀ ਦਾ ਇਹੋ ਜਿਹਾ ਵੈਭਵ ਮੈਂ ਕਦੇ ਨਹੀਂ ਵੇਖਿਆ। ਤੁਹਾਨੂੰ ਵੇਖ ਕੇ ਹੀ ਸਿੱਧ ਹੋ ਗਿਆ ਕਿ ਪਰਮਾਤਮਾ ਹੈ। ਕਿਉਂਕਿ ਤੁਹਾਡੇ ਵਰਗਾ ਫੁੱਲ ਕਿਵੇਂ ਖਿੜੇਗਾ, ਬਿਨਾਂ ਉਸ ਦੇ?

ਉਹ ਸਿੱਧ ਕਰਨ ਆਏ ਸਨ ਕਿ ਪਰਮਾਤਮਾ ਨਹੀਂ ਹੈ ਅਤੇ ਉਨ੍ਹਾਂ ਨੇ ਬੜੇ ਸਪੱਸ਼ਟ ਤਰਕ ਦਿੱਤੇ ਸਨ। ਕੇਸ਼ਵ ਚੰਦ੍ਰ ਵੱਡੇ ਤਰਕ ਦੇਣ ਵਾਲੇ ਮਨੁੱਖ ਸਨ। ਬਹੁਤ ਪ੍ਰਤਿਭਾਸ਼ਾਲੀ ਆਦਮੀ ਸਨ। ਕਦੇ ਹਜ਼ਾਰਾਂ ਸਾਲਾਂ ਵਿੱਚ ਇਹੋ ਜਿਹੀ ਪ੍ਰਤਿਭਾ ਦਾ ਮਨੁੱਖ ਹੁੰਦਾ ਹੈ। ਤਰਕ ਮਹੀਨ ਦਿੱਤੇ ਸਨ, ਜਿਨ੍ਹਾਂ ਦਾ ਜਵਾਬ ਮੁਸ਼ਕਿਲ ਸੀ। ਪਰ ਰਾਮ ਕ੍ਰਿਸ਼ਨ ਨੇ ਉਨ੍ਹਾਂ ਦਾ ਜੁਵਾਬ ਦਿੱਤਾ ਹੀ ਨਹੀਂ।

ਰਾਮ ਕ੍ਰਿਸ਼ਨ ਤਾਂ ਅਜਿਹੇ ਪ੍ਰਫੁਲਿੱਤ ਹੋਏ ਕਿ ਤੁਹਾਨੂੰ ਵੇਖ ਕੇ ਥੋੜ੍ਹਾ ਪ੍ਰਮਾਣ ਬਾਕੀ ਸੀ, ਉਹ ਵੀ ਮਿਲ ਗਿਆ। ਤੁਸੀਂ ਹੋ ਸਕਦੇ ਹੋ, ਤਾਂ ਸੰਸਾਰ ਪਦਾਰਥ ਨਹੀਂ ਹੈ। ਜਦ ਚੇਤਨਾ ਦੀ ਅਜਿਹੀ ਪ੍ਰਕ੍ਰਿਆ ਹੋ ਸਕਦੀ ਹੈ ਕਿ ਤਰਕ ਦੀ ਇਹੋ ਜਿਹੀ ਬਰੀਕੀ ਹੋ ਸਕਦੀ ਹੈ, ਤਾਂ ਸੰਸਾਰ ਪਦਾਰਥ ਨਹੀਂ ਹੈ, ਜਿੱਥੇ ਚੇਤਨਾ ਲੁਕੀ ਹੈ। ਤੁਸੀਂ ਮੇਰੇ ਲਈ ਪਰਮਾਤਮਾ ਦੇ ਪ੍ਰਮਾਣ ਹੋ ਗਏ।

ਕੇਸ਼ਵ ਚੰਦ੍ਰ ਮੁੜੇ ਹਾਰੇ ਹੋਏ। ਰਾਤ ਨੂੰ ਆਪਣੀ ਡਾਇਰੀ ਵਿੱਚ ਲਿਖਿਆ ਕਿ ਇਹ ਆਦਮੀ ਜਿੱਤ ਗਿਆ। ਇਸ ਨੂੰ ਹਰਾਉਣਾ ਮੁਸ਼ਕਿਲ ਹੈ। ਧਾਰਮਿਕ ਆਦਮੀ ਨੂੰ ਹਰਾਉਣਾ ਮੁਸ਼ਕਿਲ ਹੈ। ਕਿਉਂਕਿ ਧਾਰਮਿਕ ਆਦਮੀ ਤਰਕ ਦਿੰਦਾ ਹੀ ਨਹੀਂ। ਹਰਾ ਸਕਦੇ ਹੋ ਉਸ ਨੂੰ ਜਿਹੜਾ ਤਰਕ ਦਿੰਦਾ ਹੋਵੇ, ਕਿਉਂਕਿ ਤਰਕ ਤਾਂ ਤੋੜੇ ਜਾ ਸਕਦੇ ਨੇ। ਤਰਕ ਤੋੜਣ ਵਿੱਚ ਥੋੜ੍ਹੇ ਹੋਰ ਵੱਡੇ ਤਾਰਕਿੱਕ ਹੋਣ ਦੀ ਲੋੜ ਹੈ, ਹੋਰ ਤਾਂ ਕੁਝ ਵੀ ਨਹੀਂ। ਥੋੜ੍ਹੀ ਕੁਸ਼ਲਤਾ ਚਾਹੀਦੀ ਹੈ।

ਧਾਰਮਿਕ ਆਦਮੀ ਨੂੰ ਤੁਸੀਂ ਹਰਾ ਨਹੀਂ ਸਕੋਗੇ, ਕਿਉਂਕਿ ਉਹ ਤਰਕ ਦੇਂਦਾ ਹੀ ਨਹੀਂ। ਉਹ ਉਪਾਅ ਹੀ ਨਹੀਂ ਦਿੰਦਾ ਕਿ ਤੁਸੀਂ ਉਸਦੇ ਉਤੇ ਹਮਲਾ ਕਰ ਸਕੋ। ਉਹ ਰਾਹ ਹੀ ਨਹੀਂ ਦਿੰਦਾ, ਜਿਸ ਵਿੱਚ ਤੁਸੀਂ ਪ੍ਰਵੇਸ਼ ਕਰ ਸਕੋ। ਇਸ ਲਈ ਤਾਂ ਧਾਰਮਿਕ ਮਨੁੱਖ ਕਹਿੰਦਾ ਹੈ ਮੇਰੀ ਸ਼ਰਧਾ ਹੈ ਪਰਮਾਤਮਾ 'ਚ, ਮੇਰਾ ਨਿਚੋੜ ਨਹੀਂ। ਮੇਰਾ ਭਾਵ ਹੈ ਪਰਮਾਤਮਾ, ਮੇਰਾ ਵਿਚਾਰ ਨਹੀਂ। ਮੇਰਾ ਹਿਰਦਾ ਹੈ ਪਰਮਾਤਮਾ, ਮੇਰੀ ਬੁੱਧੀ ਨਹੀਂ। ਇਸ ਲਈ ਹਿਰਦੇ ਤਾਂ ਮੌਨ ਹੈ ਅਤੇ ਧਾਰਮਿਕ ਮਨੁੱਖ ਪਰਮਾਤਮਾ ਦੇ ਸੰਬੰਧ ਵਿੱਚ ਮੌਨ ਰਹੇਗਾ। ਹਾਂ, ਧਿਆਨ ਦੇ ਸੰਬੰਧ ਵਿੱਚ ਬੋਲੇਗਾ। ਪਰ ਓਨਾਂ ਹੀ, ਜਿੰਨਾਂ ਉਸ ਨੇ

ਜਾਣਿਆ ਹੈ। ਜਿੱਥੇ ਤੱਕ ਗਿਆ ਹੈ, ਬੱਸ ਓਨਾਂ!

ਪੁਰਾਣੇ ਦਿਨਾਂ ਵਿੱਚ ਬਹੁਤ ਇਮਾਨਦਾਰ ਲੋਕ ਸਨ। ਬੁੱਧ ਯਾਤਰਾ ਤੇ ਨਿਕਲੇ, ਸਤਯ ਦੀ ਭਾਲ ਲਈ, ਤਾਂ ਛੇ ਸਾਲਾਂ ਤੱਕ ਅਨੇਕਾਂ ਗੁਰੂਆਂ ਦੇ ਕੋਲ ਗਏ। ਬਹੁਤ ਮਿੱਠੀ ਕਹਾਣੀ ਹੈ, ਜਿਸ ਵੀ ਗੁਰੂ ਦੇ ਕੋਲ ਗਏ ਉਸ ਨੇ ਜੋ ਕੁਝ ਜਾਣਦਾ ਸੀ, ਉਹ ਸਿਖਾ ਦਿੱਤਾ। ਫਿਰ ਇੱਕ ਘੜੀ ਆ ਗਈ, ਜਦ ਬੁੱਧ ਨੇ ਉਹ ਸਭ ਜਾਣ ਲਿਆ ਜੋ ਗੁਰੂ ਜਾਣਦਾ ਸੀ! ਫਿਰ ਉਨ੍ਹਾਂ ਨੇ ਗੁਰੂ ਨੂੰ ਕਿਹਾ ਕਿ ਹੁਣ? ਤਾਂ ਗੁਰੂ ਨੇ ਕਿਹਾ ਕਿ ਜਿੰਨਾਂ ਮੈਂ ਜਾਣਦਾ ਸੀ ਓਨਾਂ ਮੈਂ ਦੱਸ ਦਿੱਤਾ, ਇਸ ਤੋਂ ਅੱਗੇ ਮੈਨੂੰ ਪਤਾ ਨਹੀਂ ਹੈ। ਹੁਣ ਤੈਨੂੰ ਕੋਈ ਹੋਰ ਗੁਰੂ ਲੱਭਣਾ ਪਵੇਗਾ।

ਆਖ਼ਰੀ ਗੁਰੂ ਸੀ ਅਲਾਰਕਾਲਾਮ ਨਾਉਂ ਦਾ ਮਨੁੱਖ। ਮਹੀਨਿਆਂ ਤੱਕ ਬੁੱਧ ਉਸਦੇ ਕੋਲ ਰਹੇ। ਜੋ ਉਸਨੇ ਕਿਹਾ, ਉਹ ਕੀਤਾ, ਆਖ਼ਰ ਇੱਕ ਦਿਨ ਉਹ ਘੜੀ ਆ ਗਈ ਜਿੱਥੇ ਅਲਾਰਕਾਲਾਮ ਸੀ, ਉਥੇ ਬੁੱਧ ਪੁੱਜ ਗਏ। ਬੁੱਧ ਨੇ ਕਿਹਾ ਕਿ ਹੁਣ ਮੈਂ ਕੀ ਕਰਾਂ? ਅਜੇ ਵੀ ਮੇਰੀ ਤ੍ਰਿਪਤੀ ਨਹੀਂ ਹੋਈ। ਕਾਲਾਮ ਨੇ ਕਿਹਾ, ਤਦ ਤੈਨੂੰ ਕੋਈ ਹੋਰ ਗੁਰੂ ਲੱਭਣਾ ਪਵੇਗਾ, ਕਿਉਂਕਿ ਜਿੱਥੇ ਤੱਕ ਮੈਂ ਜਾਣਦਾ ਸੀ, ਮੈਂ ਦੱਸ ਦਿੱਤਾ ਅਤੇ ਜੇਕਰ ਅੱਗੇ ਤੈਨੂੰ ਕੁਝ ਪਤਾ ਲੱਗੇ ਤਾਂ ਮੈਨੂੰ ਭੁੱਲ ਨਾ ਜਾਈਂ। ਮੈਨੂੰ ਖ਼ਬਰ ਦੇਵੀਂ।

ਇਸ ਲਈ ਅਤੀਤ ਵਿੱਚ ਏਨੇ ਲੋਕ ਬੁੱਧੀਮਾਨ ਹੋਏ, ਕਿਉਂਕਿ ਇੱਕ ਇਮਾਨਦਾਰੀ ਸੀ। ਅੱਜ ਇਮਾਨਦਾਰੀ ਦਾ ਕੋਈ ਸਵਾਲ ਹੀ ਨਹੀਂ ਹੈ। ਅੱਜ ਤੁਹਾਨੂੰ ਪਤਾ ਹੋਵੇ ਜਾਂ ਨਾ ਹੋਵੇ, ਤੁਸੀਂ ਜੇਕਰ ਠੀਕ ਤਰ੍ਹਾਂ ਦਾਵਾ ਕਰ ਸਕੋ ਅਤੇ ਪ੍ਰਚਾਰ ਕਰ ਸਕੋ, ਤਾਂ ਤੁਸੀਂ ਚੇਲੇ ਇਕੱਠੇ ਕਰ ਲਵੋਗੇ। ਹੁਣ ਤਾਂ ਜਿਵੇਂ ਬਜ਼ਾਰ ਦੀਆਂ ਚੀਜ਼ਾਂ ਲਈ ਐਡਵਰਟਾਈਜ਼ ਕਰਦੇ ਹਨ, ਉਹੋ ਜਿਹੀ ਤੁਸੀਂ ਆਪਣੇ ਲਈ ਠੀਕ ਤਰ੍ਹਾਂ ਇਸ਼ਤਿਹਾਰਬਾਜ਼ੀ ਕੀਤੀ ਅਤੇ ਲੋਕਾਂ ਦੀ ਵਾਸਨਾ ਨੂੰ ਜਗਾਇਆ, ਲੋਕਾਂ ਦੇ ਲਾਲਚ ਨੂੰ ਉਕਸਾਇਆ, ਤਾਂ ਉਹ ਤੁਹਾਨੂੰ ਗੁਰੂ ਬਣਾ ਲੈਣਗੇ। ਇਸ ਲਈ ਨਾਨਕ ਕਹਿੰਦੇ ਹਨ, ਬਹੁਤ ਵਿਚਾਰ ਕੇ ਕਹਿਣਾ ਧਿਆਨ ਦੇ ਸੰਬੰਧ ਵਿੱਚ। 'ਧਰਮ ਹੀ ਧਰਤੀ ਨੂੰ ਧਾਰਣ ਕਰਨ ਵਾਲਾ ਹੈ।'

ਇਸ ਲਈ ਜਿਹੜਾ ਮਨੁੱਖ ਧਰਮ ਦੇ ਸੰਬੰਧ ਵਿੱਚ ਥੋੜ੍ਹਾ ਵੀ ਗ਼ਲਤ-ਸਹੀ ਕਹਿ ਦਿੰਦਾ ਹੈ। ਉਹ ਜੀਵਨ ਨੂੰ ਡਾਵਾਂਡੋਲ ਕਰ ਦਿੰਦਾ ਹੈ। ਧਰਮ ਨੇ ਹੀ ਤੁਹਾਨੂੰ ਧਾਰਣ ਕੀਤਾ ਹੋਇਆ ਹੈ। ਇਸ ਲਈ ਧਰਮ ਦੇ ਸੰਬੰਧ ਵਿੱਚ ਪਤਾ ਹੋਵੇ ਤਾਂ ਉਹ ਹੀ ਕਹਿਣਾ, ਨਹੀਂ ਤਾਂ ਚੁੱਪ ਰਹਿਣਾ। ਕਿਉਂਕਿ ਧਰਮ ਦੇ ਸੰਬੰਧ ਵਿਚ ਥੋੜ੍ਹੀ ਜਿਹੀ ਵੀ ਗ਼ਲਤ ਗੱਲ ਅਤੇ ਜਨਮਾਂ-ਜਨਮਾਂ ਤੱਕ ਜੀਵਨ ਅਸਤ-ਵਿਅਸਤ ਹੋ ਜਾਂਦਾ ਹੈ ਇਹ ਕੋਈ ਛੋਟਾ ਕੰਮ ਨਹੀਂ ਹੈ ਕਿ ਜਿਸ ਨੂੰ ਫਿਰ ਆਸਾਨੀ ਨਾਲ ਬਦਲਿਆ ਜਾ ਸਕੇ। ਜੀਵਨ ਦਾ ਸੰਤੁਲਨ ਡਾਵਾਂਡੋਲ ਹੋ ਜਾਂਦਾ ਹੈ। ਇੱਕ ਵਾਰ ਤੁਹਾਡੀ ਧਰਮ ਦੇ ਸੰਬੰਧ ਵਿੱਚ ਕੁਝ

ਗ਼ਲਤ ਦ੍ਰਿਸ਼ਟੀ ਹੋ ਗਈ ਕਿ ਤੁਹਾਡੇ ਆਧਾਰ ਗੁਆਚ ਜਾਂਦੇ ਹਨ।

ਧਰਮ ਨੇ ਧਰਤੀ ਨੂੰ ਧਾਰਣ ਕੀਤਾ ਹੈ। ਉਹ ਦਇਆ ਦਾ ਪੁੱਤਰ ਹੈ। ਉਸ ਦੇ ਵਿੱਚ ਸੰਤੋਖ ਦੀ ਸਥਾਪਨਾ ਕਰਕੇ ਸੰਤੁਲਨ ਬਣਿਆ ਹੈ।

ਇਹ ਤਿੰਨੇ ਵਚਨ ਹਿਰਦੇ ਵਿੱਚ ਡੂੰਘੇ ਉਤਰ ਜਾਣ ਦਿਓ।

*ਧੌਲੁ ਧਰਮੁ ਦਇਆ ਕਾ ਪੂਤੁ॥ ਸੰਤੋਖੁ ਥਾਪਿ ਰਖਿਆ ਜਿਨਿ ਸੂਤਿ॥*
*ਜੇ ਕੋ ਬੁਝੈ ਹੋਵੈ ਸਚਿਆਰੁ॥*

ਧਰਮ ਆਧਾਰ ਹੈ ਜੀਵਨ ਦਾ, ਕੁਦਰਤ ਦਾ। ਆਧਾਰ ਦਾ ਅਰਥ ਹੁੰਦਾ ਹੈ, ਜਿਸ ਦੇ ਬਿਨਾਂ ਕੁਦਰਤ ਖਿੰਡ ਜਾਵੇ। ਜਿਸ ਤੋਂ ਬਗ਼ੈਰ ਕੁਦਰਤ ਦਾ ਭਵਨ ਢਹਿ ਜਾਏ—ਬੁਨਿਆਦ ਹੈ। ਬਾਕੀ ਸਭ ਚੀਜ਼ਾਂ ਭਵਨ ਦੀ ਸਜਾਵਟ ਹਨ, ਦੀਵਾਰਾਂ ਹਨ, ਇੱਟਾਂ ਹਨ। ਉਨ੍ਹਾਂ ਨਾਲ ਭਵਨ ਬਣਿਆ ਹੈ। ਪਰ ਧਰਮ ਆਧਾਰ ਹੈ। ਧਰਮ ਦਾ ਅਰਥ ਹੀ ਹੁੰਦਾ ਹੈ, ਸੁਭਾਅ ਦੀ ਜੋ ਬਹੁਤਾਤ ਹੈ, ਸੁਭਾਅ ਦਾ ਜੋ ਆਖ਼ਰੀ ਸੂਤਰ ਹੈ।

ਜਿਵੇਂ ਅੱਗ ਦਾ ਗਰਮ ਹੋਣਾ ਸੁਭਾਅ ਹੈ। ਅੱਗ ਠੰਡੀ ਹੋ ਜਾਵੇ ਤਾਂ ਅੱਗ ਹੀ ਨਾ ਰਹੀ। ਸੂਰਜ ਦਾ ਪ੍ਰਕਾਸ਼ ਦੇਣਾ ਸੁਭਾਅ ਹੈ। ਸੂਰਜ ਰੌਸ਼ਨੀ ਨਾ ਦੇਵੇ ਤਾਂ ਸੂਰਜ ਹੀ ਨਾ ਰਿਹਾ। ਰੌਸ਼ਨੀ ਬਿਨਾਂ ਸੂਰਜ ਨੂੰ ਕੀ ਸੂਰਜ ਕਹੋਗੇ? ਉਸਨੇ ਧਰਮ ਗੁਆ ਦਿੱਤਾ, ਆਪਣਾ ਗੁਣ ਗੁਆ ਦਿੱਤਾ।

ਜੀਸਸ ਬਹੁਤ ਵਾਰ ਕਹਿੰਦੇ ਸਨ ਕਿ ਜੇਕਰ ਨਮਕ ਆਪਣਾ ਨਮਕੀਨਪਨ ਗੁਆ ਦੇਵੇ, ਤਾਂ ਫ਼ਿਰ ਤੁਸੀਂ ਉਸ ਨੂੰ ਕਿਵੇਂ ਨਮਕੀਨ ਬਣਾਓਗੇ? ਜੇਕਰ ਨਮਕ ਹੀ ਆਪਣਾ ਨਮਕੀਨਪਨ ਗੁਆ ਦੇਵੇ, ਤਾਂ ਫ਼ਿਰ ਨਮਕੀਨ ਬਨਾਉਣ ਦਾ ਕੋਈ ਉਪਾਅ ਨਾ ਰਿਹਾ। ਸੁਭਾਅ ਤੋਂ ਕੋਈ ਚੀਜ਼ ਬੇਮੁੱਖ ਹੋ ਜਾਏ, ਤਾਂ ਫ਼ਿਰ ਉਹ ਉਹ ਹੀ ਨਹੀਂ ਰਹੀ, ਜੋ ਸੀ। ਕਿਉਂਕਿ ਜੋ ਵੀ ਉਹ ਸੀ, ਸੁਭਾਅ ਦੇ ਕਾਰਣ ਸੀ।

ਸੂਰਜ ਸੂਰਜ ਹੈ, ਰੌਸ਼ਨੀ ਦੇ ਕਾਰਣ। ਅੱਗ ਅੱਗ ਹੈ, ਤਪਸ਼ ਦੇ ਕਾਰਣ। ਮਨੁੱਖ ਮਨੁੱਖ ਹੈ, ਧਿਆਨ ਦੇ ਕਾਰਣ। ਉਹ ਉਸ ਦਾ ਸੁਭਾਅ ਹੈ! ਅਤੇ ਜਿਹੜਾ ਮਨੁੱਖ ਧਿਆਨ ਗੁਆ ਦੇਵੇ, ਉਹ ਨਾ-ਮਾਤ੍ਰ ਦਾ ਮਨੁੱਖ ਹੈ। ਉਹ ਕੇਵਲ ਵਿਖਾਈ ਦਿੰਦਾ ਹੈ ਕਿ ਮਨੁੱਖ ਹੈ, ਹੈ ਨਹੀਂ। ਹੋਏਗਾ ਤਾਂ ਉਹ ਪਸ਼ੂ। ਜੀਏਗਾ ਤਾਂ ਉਹ ਜਾਨਵਰ ਦੀ ਤਰ੍ਹਾਂ।

ਅਸੀਂ ਜਾਨਵਰ ਦੀ ਕਦੇ ਬੁਰਾਈ ਨਹੀਂ ਕਰਦੇ, ਕਿਉਂਕਿ ਜਾਨਵਰ ਆਪਣੇ ਸੁਭਾਅ 'ਚ ਜੀਅ ਰਿਹਾ ਹੈ। ਇਸ ਲਈ ਇਹ ਨਹੀਂ ਕਹਿੰਦੇ ਹਾਂ ਕਿ ਕੁੱਤੇ ਦੀ ਤਰ੍ਹਾਂ ਵਰਤਾਵ ਕਰ ਰਹੇ ਹੋ? ਕੁੱਤੇ ਨੂੰ ਅਸੀਂ ਕਦੇ ਨਹੀਂ ਕਹਿੰਦੇ। ਕਹਿਣ ਦਾ ਕੋਈ ਮਤਲਬ

ਹੀ ਨਹੀਂ ਹੈ। ਕੁੱਤਾ ਜਿਹੋ ਜਿਹਾ ਸਲੂਕ ਕਰ ਰਿਹਾ ਹੈ, ਉਸਦੀ ਆਦਤ ਹੈ। ਆਦਮੀ ਨੂੰ ਅਸੀਂ ਕਦੇ-ਕਦੇ ਕਹਿੰਦੇ ਹਾਂ, ਕੀ ਕੁੱਤੇ ਦੀ ਤਰ੍ਹਾਂ ਵਰਤਾਵ ਕਰ ਰਿਹਾ ਹੈਂ ਕੀ ਗਧੇ ਦੀ ਤਰ੍ਹਾਂ ਵਰਤਾਵ ਕਰ ਰਿਹਾ ਹੈਂ?

ਆਦਮੀ ਨੂੰ ਅਸੀਂ ਕਹਿ ਸਕਦੇ ਹਾਂ, ਕਿਉਂਕਿ ਆਦਮੀ ਤਦ ਆਦਮੀ ਦੇ ਵਾਂਗ ਵਰਤਾਵ ਕਰਦਾ ਹੈ ਜਦ ਉਹ ਠੀਕ ਧਿਆਨੀ ਹੁੰਦਾ ਹੈ। ਜਦ ਉਹ ਆਪਣੇ ਸੁਭਾਅ ਵਿੱਚ ਹੁੰਦਾ ਹੈ। ਕੋਈ ਬੁੱਧ, ਕੋਈ ਨਾਨਕ, ਕੋਈ ਕਬੀਰ ਠੀਕ ਸੁਭਾਅ 'ਚ ਹੁੰਦੇ ਹਨ। ਪਰ ਸਾਡੀ ਭੀੜ ਏਨੀ ਬੁਰੀ ਤਰ੍ਹਾਂ ਸੁਭਾਅ ਤੋਂ ਡਿੱਗ ਪਈ ਹੈ ਕਿ ਅਸੀਂ ਬੁੱਧ ਨੂੰ, ਨਾਨਕ ਨੂੰ, ਕਬੀਰ ਨੂੰ, ਕ੍ਰਿਸ਼ਨ ਨੂੰ ਅਵਤਾਰ ਕਹਿੰਦੇ ਹਾਂ, ਮਨੁੱਖ ਨਹੀਂ। ਕਿਉਂਕਿ ਜੇਕਰ ਅਸੀਂ ਉਨ੍ਹਾਂ ਨੂੰ ਮਨੁੱਖ ਕਹੀਏ ਤਾਂ ਅਸੀਂ ਆਪਣੇ ਆਪ ਨੂੰ ਕੀ ਕਹਾਂਗੇ? ਸਾਡੀ ਤਕਲੀਫ਼ ਹੈ। ਜੇਕਰ ਅਸੀਂ ਬੁੱਧ ਨੂੰ ਮਨੁੱਖ ਕਹੀਏ, ਤਾਂ ਫ਼ਿਰ ਆਪਣੇ ਆਪ ਨੂੰ ਕੀ ਕਹਾਂਗੇ? ਤਾਂ ਫ਼ਿਰ ਸਾਨੂੰ ਆਪਣੇ ਆਪ ਨੂੰ ਮਨੁੱਖ ਤੋਂ ਕੁਝ ਹੇਠਾਂ ਰੱਖਣਾ ਪਵੇ। ਆਪਣੇ ਆਪ ਨੂੰ ਮਨੁੱਖ ਕਹਿਣਾ ਜਾਰੀ ਰੱਖਣਾ ਹੈ, ਇਸ ਲਈ ਬੁੱਧ ਨੂੰ ਅਸੀਂ ਕਹਿੰਦੇ ਹਾਂ ਅਵਤਾਰ। ਇਸ ਦੇ ਨਾਲ ਅਸੀਂ ਉਪਰ ਇੱਕ ਹੋਰ ਪੌੜੀ ਉਨ੍ਹਾਂ ਲਈ ਬਣਾ ਦਿੰਦੇ ਹਾਂ। ਉਸ ਨਾਲ ਸਾਡਾ ਝੰਝਟ ਖਤਮ ਹੁੰਦਾ ਹੈ। ਉਸ ਦੇ ਨਾਲ ਅਸੀਂ ਘੱਟ ਤੋਂ ਘੱਟ ਮਨੁੱਖ ਤਾਂ ਬਣੇ ਰਹਿੰਦੇ ਹਾਂ, ਪਰ ਅਸੀਂ ਮਨੁੱਖ ਨਹੀਂ ਹਾਂ।

ਮਨੁੱਖ ਸ਼ਬਦ ਨੂੰ ਠੀਕ ਤਰ੍ਹਾਂ ਸਮਝਣਾ। ਜਦ ਕੋਈ ਆਦਮੀ ਡੂੰਘੇ ਮਨਨ ਨੂੰ ਪ੍ਰਾਪਤ ਕਰਦਾ ਹੈ, ਤਦ ਮਨੁੱਖ ਹੁੰਦਾ ਹੈ। ਜਦ ਕੋਈ ਆਦਮੀ ਡੂੰਘੇ ਧਿਆਨ ਵਿੱਚ ਠਹਿਰ ਜਾਂਦਾ ਹੈ, ਤਦ ਮਨੁੱਖ ਹੁੰਦਾ ਹੈ। ਚੈਤਨੱਯ ਮਨੁੱਖ ਦਾ ਸੁਭਾਅ ਹੈ। ਤੁਸੀ ਆਪਣੇ ਸੁਭਾਅ ਨੂੰ ਪਾਓਗੇ, ਤਾਂ ਇਹੀ ਦੁਆਰ ਹੈ ਤੁਹਾਡਾ ਸਾਰਿਆਂ ਦੇ ਸੁਭਾਅ ਵਿੱਚ ਉਤਰਨ ਦਾ। ਤਾਂ ਪਰਮਾਤਮਾ ਦੇ ਨੇੜੇ ਮਨੁੱਖ ਦੇ ਜਾਣ ਦਾ ਇਕੋ ਹੀ ਰਾਹ ਹੈ ਕਿ ਉਹ ਆਪਣੇ ਅੰਦਰ ਆਪਣੇ ਸੁਭਾਅ ਦੀ ਡੂੰਘੀ ਬੁਨਿਆਦ ਲੱਭ ਲਵੇ।

ਨਾਨਕ ਕਹਿੰਦੇ ਹਨ ਕਿ 'ਧਰਮ ਧਾਰਣ ਕਰ ਰਿਹਾ ਹੈ। ਉਹ ਸੁਭਾਅ ਹੈ, ਉਹ ਅਧਾਰ ਹੈ ਅਤੇ ਦਇਆ ਦਾ ਪੁੱਤਰ ਹੈ। ਸੰਤੋਖ ਦੀ ਸਥਾਪਨਾ ਕਰਕੇ ਸੰਤੁਲਨ ਬਣਾਓ।

ਦਇਆ ਅਤੇ ਸੰਤੋਖ, ਦੋ ਸ਼ਬਦ ਬੜੇ ਕੀਮਤੀ ਹਨ ਅਤੇ ਸਾਧਕ ਦਾ ਪੂਰਾ ਜੀਵਨ ਇਨ੍ਹਾਂ ਦੋਹਾਂ ਵਿੱਚ ਸਮਾ ਸਕਦਾ ਹੈ। ਦਇਆ ਬਾਹਰ, ਸੰਤੋਖ ਅੰਦਰ। ਇਹ ਦੋ ਪਲੜੇ ਹਨ। ਆਪਣੇ ਉਤੇ ਦਇਆ ਕਦੇ ਨਹੀਂ, ਦੂਜੇ ਉਤੇ ਸੰਤੋਖ ਕਦੇ ਨਹੀਂ। ਆਪਣੇ ਉਤੇ ਸਦਾ ਸੰਤੋਖ, ਦੂਜੇ ਉਤੇ ਸਦਾ ਦਇਆ।

ਇਸ ਨੂੰ ਥੋੜ੍ਹਾ ਜਿਹਾ ਸਮਝ ਲਵੋ। ਕਿਉਂਕਿ ਅਸੀਂ ਇਸ ਤੋਂ ਉਲਟ ਕਰਦੇ ਹਾਂ। ਇੱਕ ਆਦਮੀ ਭੁੱਖਾ ਮਰ ਰਿਹਾ ਹੈ, ਅਸੀਂ ਕਹਿੰਦੇ ਹਾਂ, ਠੀਕ ਹੈ। ਇੱਕ ਆਦਮੀ ਸੜਕ

ਉਤੇ ਬੀਮਾਰ ਪਿਆ ਹੈ, ਅਸੀਂ ਕਹਿੰਦੇ ਹਾਂ, ਠੀਕ ਹੈ। ਸੰਤੋਖ ਤਾਂ ਸਿਖਾਇਆ ਹੈ ਸਦਾ। ਸਭ ਜਿਹੋ ਜਿਹਾ ਹੈ, ਠੀਕ ਹੈ। ਦੂਜੇ ਉਤੇ ਦਇਆ, ਆਪਣੇ ਉਪਰ ਸੰਤੋਖ।

ਮੈਂ ਜਿੱਥੇ ਹਾਂ, ਠੀਕ ਹਾਂ। ਇਸ ਸੰਬੰਧ ਵਿੱਚ ਜ਼ਰਾ ਵੀ ਕੁਝ ਕਰਨ ਦੀ ਲੋੜ ਨਹੀਂ ਹੈ। ਜੋ ਮੈਨੂੰ ਮਿਲਿਆ ਹੈ, ਕਾਫ਼ੀ ਹੈ। ਜੋ ਮੈਂ ਹਾਂ, ਮੈਂ ਤ੍ਰਿਪਤ ਹਾਂ। ਜਿਹੜਾ ਆਦਮੀ ਆਪਣੇ ਵਿੱਚ ਸੰਤੋਖ ਰੱਖੇਗਾ, ਉਹ ਪਰਮ ਸ਼ਾਂਤੀ ਨੂੰ ਪ੍ਰਾਪਤ ਹੋ ਜਾਏਗਾ। ਕਿਉਂਕਿ ਅਸ਼ਾਂਤੀ ਪੈਦਾ ਹੁੰਦੀ ਹੈ। ਅਸੰਤੋਖ ਨਾਲ। ਪਹਿਲਾਂ ਅਸੰਤੋਖ ਆਉਂਦਾ ਹੈ, ਫ਼ਿਰ ਅਸ਼ਾਂਤੀ ਆਉਂਦੀ ਹੈ ਸਾਨੂੰ ਲੱਗਦਾ ਹੈ ਕਿ ਜੋ ਹੋਣਾ ਚਾਹੀਦਾ ਹੈ ਉਹ ਨਹੀਂ ਹੋ ਰਿਹਾ। ਜਿਹੋ ਜਿਹਾ ਮੈਂ ਹੋਣਾ ਚਾਹੀਦਾ ਸੀ, ਉਹੋ ਜਿਹਾ ਮੈਂ ਨਹੀਂ ਹਾਂ। ਜੋ ਮੈਨੂੰ ਮਿਲਣਾ ਸੀ ਉਹ ਨਹੀਂ ਮਿਲਿਆ। ਜਿਹੜਾ ਮੇਰਾ ਅਧਿਕਾਰ ਸੀ, ਉਹ ਨਹੀਂ ਹੋ ਰਿਹਾ ਹੈ। ਪਰਮਾਤਮਾ ਮੇਰੇ ਉਤੇ ਨਾਰਾਜ਼ ਹੈ। ਮੇਰੇ ਨਾਲ ਨਿਆਂ ਨਹੀਂ ਹੋ ਰਿਹਾ ਹੈ। ਮੇਰੀ ਯੋਗਤਾ ਦੇ ਮੁਤਾਬਿਕ ਮੈਨੂੰ ਮਾਣ-ਸਨਮਾਨ ਨਹੀਂ ਮਿਲ ਰਿਹਾ ਹੈ। ਮੇਰੀ ਸਮਝ ਦੇ ਮੁਤਾਬਿਕ ਮੈਨੂੰ ਧਨ ਨਹੀਂ ਮਿਲ ਰਿਹਾ ਹੈ। ਲੋਕ ਸਮਝ ਹੀ ਨਹੀਂ ਪਾ ਰਹੇ, ਕਿ ਮੈਂ ਕੌਣ ਹਾਂ!

ਜਿਵੇਂ ਹੀ ਤੁਹਾਡੇ ਕੋਲ ਅਸੰਤੋਖ ਦੇ ਸ਼ਬਦ ਇਕੱਠੇ ਹੋਏ, ਛੇਤੀ ਹੀ ਅਸ਼ਾਂਤੀ ਸ਼ੁਰੂ ਹੋ ਜਾਏਗੀ, ਕਿਉਂਕਿ ਅਸੰਤੋਖ ਵਿੱਚ ਅਭਾਵ ਵਿਖਾਈ ਪਏਗਾ। ਕੀ-ਕੀ ਨਹੀਂ, ਉਹ ਵਿਖਾਈ ਪਵੇਗਾ। ਅਸੰਤੋਖ ਢੰਗ ਹੈ ਅਭਾਵ ਨੂੰ ਲੱਭਣ ਦਾ। ਆਪਣੇ ਪ੍ਰਤਿ ਸੰਤੋਖ, ਤਦ ਤੁਹਾਨੂੰ ਉਹ ਵਿਖਾਈ ਪਵੇਗਾ ਜੋ ਹੈ ਅਤੇ ਜਿਵੇਂ ਹੀ ਉਹ ਵਿਖਾਈ ਪਵੇਗਾ ਜੋ ਹੈ, ਤੁਸੀਂ ਧੰਨਵਾਦ ਨਾਲ ਭਰ ਜਾਓਗੇ। ਆਭਾਰ, ਅਹੋਭਾਵ ਆ ਜਾਵੇਗਾ। ਤੁਸੀਂ ਪਰਮਾਤਮਾ ਨੂੰ ਧੰਨਵਾਦ ਦੇ ਸਕੋਗੇ, ਕਿ ਤੂੰ ਜ਼ਰੂਰਤ ਤੋਂ ਵੱਧ ਮੈਨੂੰ ਦਿੱਤਾ ਹੈ।

ਆਪਣੇ ਪ੍ਰਤਿ ਸੰਤੋਖ, ਦੂਜੇ ਦੇ ਲਈ ਦਇਆ। ਦੂਜੇ ਦੇ ਲਈ ਜੋ ਵੀ ਤੁਹਾਡੇ ਤੋਂ ਹੋ ਸਕੇ ਕਰਨਾ। ਉਨ੍ਹਾਂ ਦੇ ਜੀਵਨ ਵਿੱਚ ਜਿੰਨਾ ਸੁੱਖ, ਜਿੰਨੀ ਸ਼ਾਂਤੀ ਦੇ ਸਕੋ, ਤੁਸੀਂ ਦੇਣ ਦੀ ਕੋਸ਼ਿਸ਼ ਕਰਨਾ। ਮਿਲ ਸਕੇ, ਨਾ ਮਿਲ ਸਕੇ, ਇਸ ਸੰਬੰਧ ਵਿੱਚ ਸੰਤੋਖ ਰੱਖਣਾ। ਕਿਉਂਕਿ ਉਹ ਅੰਦਰੂਨੀ ਗੱਲ ਹੈ। ਤੁਸੀਂ ਕੋਸ਼ਿਸ਼ ਕੀਤੀ, ਫ਼ਿਰ ਵੀ ਤੁਸੀਂ ਨਹੀਂ ਦੇ ਸਕੇ, ਤਾਂ ਸੰਤੋਖ ਰੱਖਣਾ।

ਦੂਜੇ ਦੇ ਸੰਬੰਧ ਵਿੱਚ ਸੰਤੋਖ, ਆਪਣੇ ਸੰਬੰਧ 'ਚ ਦਇਆ, ਅਸੀਂ ਅਜਿਹਾ ਕਰ ਲਿਆ ਹੈ। ਤਾਂ ਆਪਣੇ ਉਤੇ ਤਾਂ ਅਸੀਂ ਬਹੁਤ ਦਇਆ ਕਰਦੇ ਹਾਂ। ਆਪਣੇ ਉਤੇ ਦਇਆ ਕਰਦੇ ਹਾਂ ਕਿ ਸਭ ਹੋਣਾ ਚਾਹੀਦਾ ਹੈ। ਦੂਜੇ ਲਈ ਬਹੁਤ ਸੰਤੋਖ ਰੱਖਦੇ ਹਾਂ ਕਿ ਜੋ ਹੈ, ਸਭ ਠੀਕ ਹੈ।

ਇਸ ਲਈ ਤਾਂ ਭਾਰਤ ਦੀ ਅਜਿਹੀ ਦੁਰਗਤੀ ਹੋਈ। ਭਾਰਤ ਦੀ ਦੁਰਗਤੀ ਵਿੱਚ ਇਹ ਹੱਥ ਹੈ, ਕਿ ਅਸੀਂ ਸੰਤੋਖ ਕਰ ਲਿਆ ਸਾਰਿਆਂ ਦੇ ਪ੍ਰਤਿ

ਆਪਣੇ ਲਈ ਨਹੀਂ। ਇਸ ਲਈ ਭਾਰਤ ਗ਼ਰੀਬ ਹੈ, ਦੀਨ ਹੈ, ਬੀਮਾਰ ਹੈ, ਸਭ ਠੀਕ ਹੈ। ਜੋ ਉਸਦੀ ਮਰਜ਼ੀ। ਅਸੀਂ ਕਹਿੰਦੇ ਹਾਂ। ਜਿੱਥੇ ਆਪਣਾ ਸਵਾਲ ਆਉਂਦਾ ਹੈ, ਉਥੇ ਅਸੀਂ ਉਸਦੀ ਮਰਜ਼ੀ ਨਹੀਂ ਮੰਨਦੇ। ਉਥੇ ਅਸੀਂ ਪੂਰਾ ਸੰਘਰਸ਼ ਕਰਦੇ ਹਾਂ ਅਤੇ ਸਾਡੇ ਸੰਘਰਸ਼ ਦੇ ਕਾਰਣ ਮੁਲਕ ਹੋਰ ਦੀਨ-ਦਰਿਦ੍ਰ ਹੁੰਦਾ ਜਾਂਦਾ ਹੈ।

ਤਾਂ ਅਸੀਂ ਸੰਤੋਖ ਰਖਦੇ ਹਾਂ ਕਿ ਜਿਸ ਦੇ ਭਾਗ ਵਿੱਚ ਜੋ ਲਿਖਿਆ ਹੈ ਇਹ ਸਭ ਪਰਮਾਤਮਾ ਦੀ ਮਰਜ਼ੀ ਹੈ। ਉਸੇ ਨੇ ਅਮੀਰ ਨੂੰ ਅਮੀਰ ਬਣਾਇਆ ਤੇ ਗ਼ਰੀਬ ਨੂੰ ਗ਼ਰੀਬ ਬਣਾਇਆ। ਸਾਨੂੰ ਅਮੀਰ ਬਣਾਇਆ, ਉਸ ਨੂੰ ਗਰੀਬ ਬਣਾਇਆ। ਸਾਨੂੰ ਮਾਲਕ ਬਣਾਇਆ, ਉਸ ਨੂੰ ਗ਼ੁਲਾਮ ਬਣਾਇਆ। ਅਸੀਂ ਬਿਲਕੁਲ ਸੰਤੁਸ਼ਟ ਹਾਂ। ਗ਼ੁਲਾਮ ਦੀ ਜ਼ਿੰਦਗੀ ਨੂੰ ਬਦਲਣ, ਗ਼ਰੀਬ ਦੀ ਜ਼ਿੰਦਗੀ ਨੂੰ ਬਦਲਣ ਦੇ ਲਈ ਸਾਡੇ ਅੰਦਰ ਕੋਈ ਦਇਆ ਨਹੀਂ। ਦਇਆ ਅਸੀਂ ਸਾਰੀ ਆਪਣੇ ਹੀ ਉੱਪਰ ਖਰਚ ਕਰ ਦਿੰਦੇ ਹਾਂ।

ਦੇਖੋ, ਸ਼ਬਦ ਦੋਵੇਂ ਬਹੁਤ ਕੀਮਤੀ ਹਨ। ਪਰ ਜੇਕਰ ਉਨ੍ਹਾਂ ਦਾ ਰੁਖ਼ ਤੁਸੀਂ ਬਦਲ ਦਿਓ ਤਾਂ ਖ਼ਤਰਾ ਹੁੰਦਾ ਹੈ। ਜੇਕਰ ਅਸੀਂ ਆਪਣੇ ਲਈ ਸੰਤੋਖ ਕਰ ਸਕੇ ਤਾਂ ਜੀਵਨ ਵਿੱਚ ਪਰਮ ਸ਼ਾਂਤੀ ਹੋਏਗੀ। ਅਸੀਂ ਭਰੇ ਪੂਰੇ ਹੋਵਾਂਗੇ ਅਤੇ ਦੂਜੇ ਉਤੇ ਦਇਆ ਕਰ ਸਕੇ ਤਾਂ ਸੇਵਾ ਦਾ ਜਨਮ ਹੋਵੇਗਾ। ਦੂਜੇ ਉਤੇ ਦਇਆ ਕਰ ਸਕੇ ਤਾਂ ਜੀਵਨ ਵਿੱਚ ਪੁੰਨ, ਪ੍ਰਾਰਥਨਾ ਅਤੇ ਆਰਾਧਨਾ ਹੋ ਸਕੇਗੀ। ਦੂਜੇ ਉਤੇ ਦਇਆ ਕਰ ਸਕੀਏ ਤਾਂ ਉਹ ਹੀ ਸਾਡਾ ਪਰਮਾਤਮਾ ਦੇ ਵੱਲ ਜਾਣ ਦਾ ਰਾਹ ਬਣ ਜਾਏਗਾ।

ਜੇਕਰ ਸਿਰਫ਼ ਦੂਜੇ ਉਪਰ ਦਇਆ ਕੀਤੀ ਅਤੇ ਆਪਣੇ ਉਤੇ ਸੰਤੋਖ ਨਾ ਰੱਖਿਆ ਤਾਂ ਤੁਸੀਂ ਇੱਕ ਸਮਾਜ-ਸੁਧਾਰਕ ਹੋ ਸਕਦੇ ਹੋ, ਪਰ ਧਾਰਮਿਕ ਨਾ ਹੋ ਪਾਓਗੇ। ਸਿਰਫ਼ ਆਪਣੇ ਉਪਰ ਸੰਤੋਖ ਰੱਖਿਆ ਅਤੇ ਦੂਜੇ ਉਤੇ ਦਇਆ ਨਾ ਕੀਤੀ ਤਾਂ ਤੁਸੀਂ ਇੱਕ ਮੁਰਦਾ ਸਾਧੂ ਹੋ ਜਾਓਗੇ ਪਰ ਤੁਹਾਡਾ ਜੀਵਨ ਗੁਆਚ ਜਾਵੇਗਾ। ਬਹੁਤ ਸਾਰੇ ਲੋਕ ਹਨ ਜੰਗਲਾਂ 'ਚ ਭੱਜ ਗਏ ਹਨ। ਬਿਲਕੁਲ ਸੰਤੁਸ਼ਟ ਹਨ। ਪਰ ਦਇਆ ਉਨ੍ਹਾਂ ਵਿੱਚ ਬਿਲਕੁਲ ਨਹੀਂ ਹੈ। ਦਇਆ ਦਾ ਭਾਵ ਨਹੀਂ ਹੈ, ਤਾਂ ਆਪਣਾ ਸੁੱਖ ਤਾਂ ਉਨ੍ਹਾਂ ਨੇ ਲੱਭ ਲਿਆ, ਪਰ ਬਹੁਤ ਗੂੜ੍ਹੇ ਸੁਆਰਥੀ ਲੱਗਦੇ ਹਨ। ਦੂਜੇ ਉਤੇ ਕੋਈ ਦਇਆ ਦਾ ਭਾਵ ਨਹੀਂ ਅਤੇ ਦੂਜੇ ਉਤੇ ਉਨ੍ਹਾਂ ਦੀ ਨਜ਼ਰ ਬੜੀ ਕਠੋਰ ਹੈ।

ਪੁੱਛੋ ਜੈਨ ਮੁਨੀ ਨੂੰ। ਉਹ ਸੰਤੋਖ ਤਾਂ ਸਾਧ ਰਿਹਾ ਹੈ ਪਰ ਦਇਆ? ਦਇਆ, ਉਹ ਕਹੇਗਾ ਆਪਣੇ-ਆਪਣੇ ਕਰਮ ਦਾ ਫਲ ਲੋਕ ਭੁਗਤ ਰਹੇ ਹਨ। ਇਸ ਵਿੱਚ ਮੈਂ ਕੀ ਕਰ ਸਕਦਾ ਹਾਂ? ਸੰਤੋਖ ਉਹ ਸਾਧ ਰਿਹਾ ਹੈ ਆਪਣੇ ਵਾਸਤੇ। ਗੱਲ ਅਧੂਰੀ ਹੈ। ਸੰਤੁਲਨ ਨਹੀਂ ਹੈ। ਪੁੱਛੋ ਇਸਾਈ ਮਿਸ਼ਨਰੀ ਨੂੰ। ਉਹ ਦਇਆ ਤਾਂ ਸਾਧ ਰਿਹਾ ਹੈ। ਜੰਗਲਾਂ ਵਿੱਚ ਪਿਆ ਹੈ। ਬੀਮਾਰੀ ਝੱਲਦਾ ਹੈ। ਦੀਨ-ਦਰਿਦ੍ਰ ਦੀ, ਆਦਿਵਾਸੀ ਦੀ

ਸੇਵਾ ਕਰਦਾ ਹੈ, ਹਸਪਤਾਲ ਵਿੱਚ ਰੋਗੀ ਹਨ, ਹਰ ਤਰ੍ਹਾਂ ਦੀ ਚਿੰਤਾ ਕਰਦਾ ਹੈ। ਪਰ ਉਸ ਦੇ ਅੰਦਰ ਕੋਈ ਸੰਤੋਖ ਨਹੀਂ ਹੈ।

ਇਹ ਅਧੂਰੇ-ਅਧੂਰੇ ਲੋਕ ਹਨ। ਇਸਾਈ ਮਿਸ਼ਨਰੀ 'ਚ ਦਇਆ ਹੈ, ਜੈਨ ਮੁਨੀ 'ਚ ਸੰਤੋਖ ਹੈ, ਪਰ ਸੰਤੁਲਨ ਨਹੀਂ ਹੈ। ਹੋਰ ਜੇਕਰ ਇੱਕ ਪਲੜਾ ਭਾਰੀ ਹੋਵੇ ਅਤੇ ਦੂਜਾ ਬਿਲਕੁਲ ਉਪਰ ਉੱਠ ਜਾਵੇ ਤਾਂ ਜੀਵਨ ਦਾ ਜੋ ਪਰਮ ਸੰਗੀਤ ਹੈ ਉਹ ਨਹੀਂ ਵਜ ਸਕਦਾ।

ਇਸ ਲਈ ਨਾਨਕ ਕਹਿੰਦੇ ਹਨ, 'ਧਰਮ ਦਇਆ ਦਾ ਪੁੱਤਰ ਹੈ ਅਤੇ ਉਸ ਵਿੱਚ ਸੰਤੋਖ ਦੀ ਸਥਾਪਨਾ ਕਰਕੇ ਸੰਤੁਲਨ ਬਣਾਓ।'

ਜਿਸ ਮਨੁੱਖ ਨੇ ਵੀ ਦਇਆ ਅਤੇ ਸੰਤੋਖ ਨੂੰ ਸਾਧ ਲਿਆ ਠੀਕ ਮਿਕਦਾਰ ਵਿੱਚ, ਠੀਕ ਦਿਸ਼ਾ ਵਿੱਚ, ਉਸ ਆਦਮੀ ਨੂੰ ਜੀਵਨ ਦਾ ਪਰਮ ਅਧਾਰ ਮਿਲ ਜਾਏਗਾ। ਉਹ ਪਾ ਲਵੇਗਾ ਕਿ ਧਰਮ ਕੀ ਹੈ? ਜੋ ਕੋਈ ਇਸ ਨੂੰ ਸਮਝਦਾ ਹੈ ਉਹ ਸਤਯ ਸਰੂਪ ਹੋ ਜਾਂਦਾ ਹੈ। ਅੰਦਰ ਸੰਤੋਖ, ਬਾਹਰ ਦਇਆ: ਅੰਦਰ ਧਿਆਨ, ਬਾਹਰ ਕਰੁਣਾ।

ਬੁੱਧ ਦਾ ਸੂਤਰ ਵੀ ਉਹ ਹੀ ਹੈ। ਬੁੱਧ ਨੇ ਜੋ ਸ਼ਬਦ ਵਰਤੇ ਹਨ ਉਹ ਕਰੁਣਾ ਅਤੇ ਪ੍ਰਗਿਆ। ਅੰਦਰ ਗਿਆਨ, ਬਾਹਰ ਕਰੁਣਾ ਅਤੇ ਜਦ ਤੱਕ ਦੋਨੋਂ ਨਾ ਹੋਣ ਬੁੱਧ ਨੇ ਕਿਹਾ ਹੈ, ਗਿਆਨ ਸੱਚਾ ਨਹੀਂ। ਜੇਕਰ ਬਾਹਰ ਕਰੁਣਾ ਨਾ ਹੋਵੇ ਤਾਂ ਗਿਆਨ ਅਧੂਰਾ ਹੈ। ਜੇਕਰ ਬਾਹਰ ਕਰੁਣਾ ਹੋਵੇ ਅਤੇ ਅੰਦਰ ਧਿਆਨ ਨਾ ਹੋਵੇ, ਤਾਂ ਵੀ ਗਿਆਨ ਅਧੂਰਾ ਹੈ। ਕਿਉਂਕਿ ਦੂਜੇ ਉਤੇ ਦਇਆ ਕਰ-ਕਰਕੇ ਵੀ ਤੁਸੀਂ ਕਿਤੇ ਨਹੀਂ ਪੁੱਜ ਪਾਓਗੇ। ਤੁਹਾਨੂੰ ਅੰਦਰ ਵੀ ਕੁਝ ਕਰਨਾ ਪਵੇਗਾ।

ਤੁਸੀਂ ਕਿੰਨੇ ਹੀ ਮਰੀਜ਼ਾਂ ਦੇ ਪੈਰ ਦੱਬੋ ਅਤੇ ਕਿੰਨੇ ਹੀ ਹਸਪਤਾਲ ਖੋਲ੍ਹੋ ਅਤੇ ਧਰਮਸ਼ਾਲਾਵਾਂ ਚਲਾਓ, ਜੇਕਰ ਤੁਸੀਂ ਅੰਦਰ ਸਮ੍ਰਿਤੀ ਨੂੰ ਨਾ ਸਾਧਿਆ ਅਤੇ ਧਿਆਨ ਨੂੰ ਨਾ ਜਗਾਇਆ, ਪੰਜਾਂ ਇੰਦਰੀਆਂ ਦੇ ਵਿਚਕਾਰ ਇੱਕ ਨੂੰ ਨਾ ਲੱਭਿਆ, ਤਾਂ ਤੁਸੀਂ ਕਿਤੇ ਨਹੀਂ ਪੁੱਜ ਸਕੋਗੇ। ਤੁਸੀਂ ਆਪ ਹੀ ਮਰੀਜ਼ ਹੋ। ਤੁਸੀਂ ਦੂਜਿਆਂ ਦੀ ਸੇਵਾ ਕਰ ਕੇ ਕਿਥੇ ਪੁੱਜੋਗੇ?

ਜੀਵਨ ਜਿਵੇਂ ਦੋ ਪੈਰਾਂ ਨਾਲ ਟੁਰਦਾ ਹੈ, ਜਿਵੇਂ ਪੰਛੀ ਦੋ ਖੰਭਾਂ ਨਾਲ ਉੱਡਦਾ ਹੈ, ਜਿਵੇਂ ਤੁਸੀਂ ਦੋ ਅੱਖਾਂ ਨਾਲ ਵੇਖਦੇ ਹੋ ਤਦ ਜੀਵਨ ਦੀ ਤਸਵੀਰ ਪੂਰੀ ਵਿਖਾਈ ਦੇਂਦੀ ਹੈ। ਠੀਕ ਉਸੇ ਤਰ੍ਹਾਂ ਹੀ ਦੋ ਖੰਡ ਹਨ ਉਸ ਅੰਤਰ-ਯਾਤਰਾ ਦੇ। ਨਾਨਕ ਦਾ ਨਾਉਂ ਹੈ ਦਇਆ, ਸੰਤੋਖ।

"ਉਹ ਹੀ ਜਾਣਦਾ ਹੈ ਕਿ ਧਰਮ ਉਤੇ ਕਿੰਨਾ ਭਾਰ ਹੈ। ਧਰਤੀ ਅਨੇਕ ਹੈ ਉਨ੍ਹਾਂ

ਤੋਂ ਪਰੇ ਵੀ ਹੋਰ ਧਰਤੀਆਂ ਹਨ।''

ਹੁਣ ਵਿਗਿਆਨਕ ਵੀ ਇਸ ਨੂੰ ਮੰਨਦੇ ਹਨ ਕਿ ਘੱਟ ਤੋਂ ਘੱਟ ਪੰਜਾਹ ਹਜ਼ਾਰ ਧਰਤੀਆਂ ਹਨ ਅਤੇ ਇਹ ਵੀ ਸਾਡੀ ਜਾਣਕਾਰੀ ਦੀ ਹੱਦ ਦੱਸਦੀ ਹੈ ਕਿ ਇਸ ਤੋਂ ਪਾਰ ਵੀ ਹੋਣਗੀਆਂ। ਜੀਵਨ ਇਸ ਇਕੱਲੀ ਧਰਤੀ ਉਤੇ ਹੀ ਨਹੀਂ ਹੈ, ਘੱਟ ਤੋਂ ਘੱਟ ਪੰਜਾਹ ਹਜ਼ਾਰ ਧਰਤੀਆਂ ਉਤੇ ਜੀਵਨ ਹੈ। ਵਿਗਿਆਨਕ ਹਿਸਾਬ ਨਾਲ, ਧਾਰਮਿਕ ਹਿਸਾਬ ਨਾਲ ਅਨੰਤ ਧਰਤੀਆਂ ਤੇ ਜੀਵਨ ਹੈ। ਵਿਰਾਟ ਫੈਲਾਅ ਹੈ। ਇਸ ਵਿਰਾਟ ਫੈਲਾਅ ਨੂੰ ਤੁਸੀਂ ਨਿੱਕੇ ਜਿਹੇ ਮਨ ਨਾਲ ਨਹੀਂ ਵੇਖ ਸਕੋਗੇ। ਤੁਹਾਨੂੰ ਆਪਣੇ ਨਿੱਕੇ ਮਨ ਨੂੰ ਹਟਾ ਦੇਣਾ ਪਵੇਗਾ।

ਅਤੇ ਜਿਵੇਂ ਹੀ ਮਨ ਦੇ ਵਿਚਾਰ ਸ਼ਾਂਤ ਹੋ ਜਾਂਦੇ ਹਨ, ਝਰੋਖਾ ਟੁੱਟ ਜਾਂਦਾ ਹੈ, ਤੁਸੀਂ ਖੁੱਲ੍ਹੇ ਆਕਾਸ਼ ਦੇ ਹੇਠਾਂ ਆ ਜਾਂਦੇ ਹੋ, ਤੁਹਾਨੂੰ ਵੀ ਵਿਖਾਈ ਪੈਣਾ ਸ਼ੁਰੂ ਹੋ ਜਾਏਗਾ ਕਿੰਨਾ ਅਨੰਤ ਜੀਵਨ ਹੈ! ਅਤੇ ਕਿੰਨੀ ਮਹਿਮਾ ਹੈ ਇਸ ਅਨੰਤ ਦੀ, ਤੇ ਮੈਂ ਕਿਹੋ ਜਿਹੀਆਂ ਤੁੱਛਤਾਵਾਂ ਵਿੱਚ ਗੁਆਚਿਆ ਹੋਇਆ ਸੀ! ਕਿਹੋ ਜਿਹੀਆਂ ਨਿੱਕੀਆਂ-ਨਿੱਕੀਆਂ ਗੱਲਾਂ ਵਿੱਚ ਉਲਝਿਆ ਹੋਇਆ ਸੀ! ਕਿਸੇ ਨੇ ਗਾਲ੍ਹ ਕੱਢ ਦਿੱਤੀ, ਕਿਸੇ ਨੇ ਅਪਮਾਨ ਕਰ ਦਿੱਤਾ, ਕਦੇ ਪੈਰ ਵਿੱਚ ਕੰਡਾ ਚੁੱਭ ਗਿਆ, ਕਦੇ ਸਿਰ ਪੀੜ ਹੋ ਗਈ, ਇਹ ਹੀ ਤੁਹਾਡੀ ਜ਼ਿੰਦਗੀ ਦੀ ਕਥਾ ਹੈ। ਜਿੱਥੇ ਏਨਾ ਵਿਰਾਟ ਪ੍ਰਤਿਪਲ ਘਟ ਰਿਹਾ ਸੀ ਉਥੇ ਤੁਸੀਂ ਤੁੱਛ ਵਿੱਚ ਹੀ ਲੱਗੇ ਰਹੇ। ਉਥੇ ਤੁਸੀਂ ਹਿਸਾਬ ਬੇਕਾਰ ਦਾ ਕੀਤਾ। ਜਿੱਥੇ ਅਨੰਤ ਧਨ ਵਰ੍ਹ ਰਿਹਾ ਸੀ, ਉਥੇ ਤੁਸੀਂ ਕੌਡੀਆਂ ਚੁਗਦੇ ਰਹੇ।

ਨਾਨਕ ਕਹਿੰਦੇ ਹਨ, 'ਧਰਤੀ ਅਨੇਕ ਹੈ,' ਉਨ੍ਹਾਂ ਤੋਂ ਪਰੇ ਹੋਰ ਵੀ ਧਰਤੀਆਂ ਹਨ। ਉਨ੍ਹਾਂ ਦੇ ਭਾਰ ਹੇਠਾਂ ਕਿਹੜੀ ਸ਼ਕਤੀ ਹੈ? ਜਿੰਨੇ ਜੀਵ ਹਨ, ਜਾਤੀਆਂ ਹਨ, ਰੰਗ ਹਨ, ਸਾਰਿਆਂ ਦੇ ਨਾਉਂ ਉਸਦੀ ਆਗਿਆ ਦੀ ਕਲਮ ਨਾਲ ਲਿਖੇ ਗਏ। ਕੋਈ-ਕੋਈ ਹੀ ਇਸ ਲੇਖੇ ਨੂੰ ਲਿਖਣਾ ਜਾਣਦਾ ਹੈ। ਜੇਕਰ ਲਿਖਿਆ ਜਾਏ ਤਾਂ ਕਿੰਨਾ ਵੱਡਾ ਹੋਏਗਾ! ਕਿੰਨੀ ਉਸਦੀ ਸ਼ਕਤੀ ਹੈ! ਕਿੰਨਾ ਸੁੰਦਰ ਉਸ ਦਾ ਰੂਪ ਹੈ। ਉਸ ਦੇ ਦਾਨ ਕਿੰਨੇ ਹਨ ਇਹ ਕੌਣ ਜਾਣ ਸਕਦਾ ਹੈ? ਅਤੇ ਕੌਣ ਅੰਦਾਜ਼ਾ ਲਾ ਸਕਦਾ ਹੈ? ਉਸ ਦੇ ਇੱਕ ਸ਼ਬਦ ਨਾਲ ਕਿੰਨਾ ਫੈਲਾਅ ਹੋਇਆ। ਉਸੇ ਤੋਂ ਸ੍ਰਿਸ਼ਟੀ ਦੀਆਂ ਲੱਖਾਂ ਨਦ-ਨਦੀਆਂ ਪੈਦਾ ਹੋਈਆਂ। ਕੁਦਰਤ ਦਾ ਕਿਸ ਤਰ੍ਹਾਂ ਵਿਚਾਰ ਕਰੀਏ, ਉਸ 'ਤੇ ਵਾਰ-ਵਾਰ ਮੈਂ ਨਿਛਾਵਰ ਜਾਵਾਂ ਤਾਂ ਘੱਟ ਹੈ। ਜੋ ਤੈਨੂੰ ਭਾਵੇ ਉਹ ਹੀ ਭਲਾ ਹੈ। ਤੂੰ ਸਦਾ ਸਲਾਮਤ ਅਤੇ ਨਿਰੰਕਾਰ ਹੈ।

ਜਿਵੇਂ ਹੀ ਤੁਸੀਂ ਆਪਣੇ ਤੁੱਛ ਹਿਸਾਬ ਤੋਂ ਥੋੜ੍ਹੇ ਬਾਹਰ ਹਟੋਗੇ, ਤੁਹਾਡੀ ਹਾਲਤ ਉਹੋ ਜਿਹੀ ਹੈ....ਜਿਵੇਂ ਬਾਹਰ ਹੀਰੇ ਜਵਾਹਰਾਤਾਂ ਦੀ ਬਰਖਾ ਹੋ ਰਹੀ ਹੈ ਅਤੇ ਤੁਸੀਂ

ਆਪਣੇ ਕੰਕੜ-ਪੱਥਰ ਛਾਤੀ ਨਾਲ ਲਾਈ ਬੈਠੇ ਹੋ। ਇਸ ਡਰ ਵਿੱਚ ਕਿ ਕਿਤੇ ਕੋਈ ਖੋਹ ਨਾ ਲਵੇ। ਇਸ ਡਰ ਵਿੱਚ ਕਿ ਕਿਤੇ ਮੁੱਠੀ ਖੋਲ੍ਹੀ ਤਾਂ ਕੰਕਰ-ਪੱਥਰ ਡਿੱਗ ਨਾ ਜਾਣ।

ਤੁਸੀਂ ਕਿਹੜੀ ਚੀਜ਼ ਦੇ ਕੋਲ ਰੁਕੇ ਹੋ? ਤੁਹਾਡਾ ਕੀ ਹਿਸਾਬ ਹੈ? ਤੁਸੀਂ ਕਿਹੜੀਆਂ ਗੱਲਾਂ ਨੂੰ ਲਗਾਤਾਰ ਸੋਚਦੇ ਰਹਿੰਦੇ ਹੋ? ਤੁਹਾਡੇ ਅੰਦਰ ਕਿਹੜਾ ਸੋਚ-ਵਿਚਾਰ ਚਲਦਾ ਹੈ? ਜੇਕਰ ਤੁਸੀਂ ਹਿਸਾਬ ਲਗਾਓਗੇ, ਤਾਂ ਤੁਸੀਂ ਪਾਓਗੇ ਬਹੁਤ ਹੈ! ਉਸ ਨੂੰ ਤੁੱਛ ਕਹਿਣਾ ਵੀ ਠੀਕ ਨਹੀਂ, ਤੁੱਛ ਤੋਂ ਤੁੱਛ ਹੈ। ਹਿਸਾਬ ਦੇ ਲਾਇਕ ਵੀ ਨਹੀਂ ਹੈ। ਪਰ ਉਸੇ ਵਿੱਚ ਤੁਸੀਂ ਜੀਵਨ ਗੁਆ ਰਹੇ ਹੋ!

ਅਤੇ ਨਾਨਕ ਕਹਿੰਦੇ ਹਨ ਜਦ ਇਹ ਸਾਰਾ ਕੁਝ ਹਟਦਾ ਹੈ ਅਤੇ ਤੁਸੀਂ ਨਿਰਵਿਚਾਰ ਹੁੰਦੇ ਹੋ, ਜਦ ੧ਓ ਦੀ ਧੁਨੀ ਗੂੰਜਦੀ ਹੈ ਅਤੇ ਤੁਸੀਂ ਜੀਵਨ ਦੀ ਵਿਰਾਟ ਮਹਿਮਾਂ ਨੂੰ ਵੇਖਦੇ ਹੋ, ਅਨੰਤ ਅਨੰਤ ਜੀਵਨ, ਅੰਮ੍ਰਿਤ ਦਾ ਅਨੰਤ ਪਾਰਾਵਾਰ, ਸੁੰਦਰਤਾ ਅਸੀਮ, ਸ਼ਕਤੀ ਦੀ ਕੋਈ ਹੱਦ ਨਹੀਂ, ਤਦ ਤੁਸੀਂ ਉਸ ਦੇ ਦਰਬਾਰ ਵਿੱਚ ਦਾਖਲ ਹੋਏ ਅਤੇ ਜਦ ਤੁਸੀਂ ਉਸ ਦੇ ਦਰਬਾਰ ਵਿੱਚ ਦਾਖਲ ਹੁੰਦੇ ਹੋ ਤਦ ਤੁਸੀਂ ਅੰਦਾਜ਼ਾ ਵੀ ਨਹੀਂ ਲਾ ਸਕਦੇ ਕਿ ਕਿੰਨੀ ਵਿਰਾਟ ਹੈ। ਕਿੰਨੀ ਸੁੰਦਰਤਾ ਹੈ ਉਸ ਦੀ! ਕਿੰਨਾ ਰਸ ਹੈ ਉਸ ਵਿੱਚ! ਅਤੇ ਅਸੀਂ ਬੇਕਾਰ ਹੀ ਇਸ ਨੂੰ ਗੁਆਈ ਜਾ ਰਹੇ ਸੀ।

ਨਾਨਕ ਕਹਿੰਦੇ ਹਨ ਕਿਵੇਂ ਵਿਚਾਰ ਕਰਾਂ? ਸਭ ਵਿਚਾਰ ਠਿੱਠਕ ਕੇ ਰੁੱਕ ਜਾਂਦੇ ਹਨ। ਵਿਚਾਰ ਹੱਕੇ-ਬੱਕੇ ਹੋ ਜਾਂਦੇ ਹਨ। ਹੈਰਾਨਗੀ ਨਾਲ ਅੱਖਾਂ ਭਰ ਜਾਂਦੀਆਂ ਹਨ। ਅੱਖ ਚੁੱਕੋਗੇ ਹੈਰਾਨੀ ਨਾਲ ਭਰ ਜਾਓਗੇ। ਅੱਖ ਹੀ ਜ਼ਮੀਨ ਵਿੱਚ ਗਡਾ ਰੱਖੀ ਹੈ। ਉਥੇ ਜਮੀਨ 'ਚ ਗਡੇ ਕੰਕਰ-ਪੱਥਰ ਹੀ ਵਿਖਾਈ ਦਿੰਦੇ ਹਨ।

ਕੁਦਰਤ ਦਾ ਕਿਸ ਤਰ੍ਹਾਂ ਵਿਚਾਰ ਕਰੀਏ? ਉਸ ਉਤੇ ਵਾਰ-ਵਾਰ ਨਿਛਾਵਰ ਜਾਵਾਂ ਤਾਂ ਵੀ ਘੱਟ ਹੈ ਅਤੇ ਜਿਹੜਾ ਅਸੀਮ ਘਟਿਤ ਹੋ ਰਿਹਾ ਹੈ। ਜਿਹੜਾ ਅਨੰਤ ਆਨੰਦ ਵਰ੍ਹ ਰਿਹਾ ਹੈ। ਉਸਨੂੰ ਕਿਵੇਂ ਚੁਕਾਵਾਂ? ਉਸ ਦੇ ਉਤੋਂ ਹਜ਼ਾਰ ਵਾਰ ਨਿਛਾਵਰ ਹੋਵਾਂ ਤਾਂ ਵੀ ਘੱਟ ਹੈ, ਇਸ ਤਰ੍ਹਾਂ ਅਹੋਭਾਵ ਦਾ ਜਨਮ ਹੁੰਦਾ ਹੈ। ਇਹੋ ਜਿਹਾ ਅਹੋਭਾਵ ਹੀ ਪ੍ਰਾਰਥਨਾ ਹੈ। ਇਸ ਪ੍ਰਾਰਥਨਾ ਵਿੱਚ ਜੋ ਸ਼ਬਦ ਨਾਨਕ ਨੇ ਕਹੇ ਹਨ ਉਹ ਬਹੁਤ ਕੀਮਤੀ ਹਨ। ਜੋ ਤੈਨੂੰ ਭਾਵੇ ਉਹ ਹੀ ਭਲਾ ਹੈ। ਜੋ ਤੇਰੀ ਮਰਜ਼ੀ, ਉਹ ਹੀ ਹੋਵੇ।

ਇਹੋ ਜਿਹੀ ਘੜੀ ਵਿੱਚ ਤੁਸੀਂ ਆਪਣੀ ਮਰਜ਼ੀ ਨੂੰ ਬਿਲਕੁਲ ਛੱਡ ਦਿਓਗੇ। ਤੁਸੀਂ ਇਕੋ ਹੀ ਪ੍ਰਾਰਥਨਾ ਕਰੋਗੇ ਕਿ ਮੇਰੀ ਮਰਜ਼ੀ ਨੂੰ ਪੂਰਾ ਨਾ ਕਰਨਾ। ਜੋ ਤੇਰੀ ਮਰਜ਼ੀ ਹੋਵੇ, ਉਹ ਹੀ ਪੂਰੀ ਹੋਵੇ। ਕਿਉਂਕਿ ਮੈਂ ਤਾਂ ਜੋ ਮੰਗਾਂਗਾ ਉਹ ਛੋਟਾ ਹੀ ਹੋਵੇਗਾ। ਬੱਚੇ ਖਿਡੌਣੇ ਹੀ ਮੰਗਣਗੇ। ਨਾਸਮਝ ਨਾਸਮਝੀਆਂ ਮੰਗਣਗੇ। ਤੂੰ ਮੇਰੀ ਮਰਜ਼ੀ ਪੂਰੀ ਨਾ ਹੋਣ ਦੇਵੀਂ।

ਅਤੇ ਹੋਰ ਜੋ ਮੇਰੀ ਮਰਜੀ, ਉਹ ਹੀ ਭਲਾ ਹੈ। ਹੁਣ ਮੈਂ ਸੋਚਣ ਵਾਲਾ ਵੀ ਨਹੀਂ ਹਾਂ ਕਿ ਕੀ ਠੀਕ, ਕੀ ਗ਼ਲਤ ! ਜੋ ਤੂੰ ਕਰਦਾ ਹੈਂ ਉਹ ਹੀ ਠੀਕ । ਜੋ ਤੂੰ ਨਹੀਂ ਕਰਦਾ ਹੈਂ ਉਹ ਠੀਕ ਨਹੀਂ। ਇਕੋ ਹੀ ਕਸੌਟੀ ਬਚ ਜਾਂਦੀ ਹੈ— ਜੋ ਤੈਨੂੰ ਭਾਵੇ ਉਹ ਹੀ ਭਲਾ। ਤੂੰ ਸਦਾ ਸਲਾਮਤ ਅਤੇ ਨਿਰੰਕਾਰ ਹੈ।

ਅਤੇ ਤੂੰ ਸਦਾ ਹੈਂ। ਮੈਂ ਕਦੇ ਹੁੰਦਾ ਹਾਂ ਅਤੇ ਕਦੇ ਗੁੰਮ ਹੋ ਜਾਂਦਾ ਹਾਂ। ਮੇਰਾ ਹੋਣਾ ਤਾਂ ਪਾਣੀ ਉਤੇ ਬਣੇ ਇੱਕ ਬੁਲਬੁਲੇ ਦੀ ਤਰ੍ਹਾਂ ਹੈ। ਤੂੰ ਸਾਗਰ ਹੈਂ, ਮੈਂ ਲਹਿਰ ਹਾਂ ਅਤੇ ਲਹਿਰ ਦੀ ਕੀ ਮੰਗ? ਅਤੇ ਲਹਿਰ ਦੀ ਮੰਗ ਠੀਕ ਵੀ ਕਿਵੇਂ ਹੋ ਸਕਦੀ ਹੈ? ਘੜੀ ਕੁ ਦਾ ਜਿਸ ਦਾ ਹੋਣਾ ਹੈ, ਉਸ ਦੀ ਵਾਸਨਾ ਵਿੱਚ ਕਜਿਹਾ ਸਤਯ ਹੋ ਸਕਦਾ ਹੈ? ਜੀਸਸ ਨੇ ਆਖ਼ਰੀ ਵੇਲੇ ਸੂਲੀ ਉਤੇ ਜੋ ਵਚਨ ਕਹੇ ਹਨ ਉਹ ਇਹ ਹੀ ਹਨ— ਜੋ ਤੈਨੂੰ ਭਾਵੇ ਉਹ ਹੀ ਭਲਾ ਹੈ।

*ਜੋ ਤੁਧੁ ਭਾਵੈ ਸਾਈ ਭਲੀ ਕਾਰ॥ ਤੂ ਸਦਾ ਸਲਾਮਤਿ ਨਿਰੰਕਾਰ॥*

ਜੀਸਸ ਨੂੰ ਇੱਕ ਪਲ ਕੁ ਲਈ ਸ਼ੱਕ ਹੋ ਗਿਆ ਸੀ। ਸੂਲੀ ਲੱਗੀ, ਸੂਲੀ ਉਤੇ ਹੱਥ ਕਿੱਲਾਂ ਨਾਲ ਰੋਕ ਦਿੱਤੇ ਗਏ, ਲਹੂ ਵਗਣ ਲੱਗਾ। ਤਦ ਇੱਕ ਪੁਲ ਕੁ ਲਈ—ਉਹ ਪਲ ਵੀ ਕੀਮਤੀ ਹੈ। ਕਿਉਂਕਿ ਉਸ ਤੋਂ ਪਤਾ ਲੱਗਦਾ ਹੈ ਕਿ ਆਦਮੀ ਕਿੰਨਾ ਕਮਜ਼ੋਰ ਹੈ! ਉਸ ਘੜੀ ਵਿੱਚ ਜੀਸਸ ਨੂੰ ਸਾਡੀ ਸਾਰੀ ਮਨੁੱਖਤਾ ਆਪਣੀ ਪੂਰੀ ਲਾਚਾਰ ਅਵਸਥਾ ਵਿੱਚ ਪ੍ਰਗਟ ਹੋ ਗਈ। ਉਸ ਪਲ ਜੀਸਸ ਨੇ ਕਿਹਾ, ਇਹ ਤੂੰ ਵਿਖਾ ਰਿਹਾ ਹੈ? ਇਹ ਤੂੰ ਕੀ ਕਰ ਰਿਹਾ ਹੈਂ ਮੇਰੇ ਨਾਲ?

ਸਵਾਲ ਉੱਠ ਖਲੋਤਾ। ਸਵਾਲ ਸ਼ੱਕ ਨਾਲ ਭਰਿਆ ਵੀ ਨਹੀਂ ਹੈ। ਪਰ ਫ਼ਿਰ ਵੀ ਸ਼ੱਕ ਦੀ ਕੋਈ ਲਕੀਰ ਤਾਂ ਹੈ। ਸਵਾਲ ਬਹੁਤ ਆਤਮਵਾਨ ਹੈ ਕਿ ਇਹ ਤੂੰ ਕੀ ਵਿਖਾ ਰਿਹਾ ਹੈਂ ਮੈਨੂੰ? ਇਹ ਤੂੰ ਕੀ ਕਰ ਰਿਹਾ ਹੈਂ? ਪਰ ਸ਼ਿਕਾਇਤ ਤਾਂ ਹੈ ਹੀ। ਏਨੀ ਗੱਲ ਤਾਂ ਜ਼ਾਹਿਰ ਹੈ ਕਿ ਜੋ ਹੋ ਰਿਹਾ ਹੈ, ਜੀਸਸ ਉਸ ਨੂੰ ਪਸੰਦ ਨਹੀਂ ਕਰ ਰਹੇ ਹਨ। ਇਹ ਸੂਲੀ ਦਾ ਲੱਗਣਾ ਹੈ ਇਸ ਲਈ ਰਾਜ਼ੀ ਨਹੀਂ ਹੋ ਪਾ ਰਹੇ ਹਨ। ਕੁਝ ਬੁਰਾ ਹੋ ਰਿਹਾ ਹੈ। ਕੁਝ ਜੋ ਨਹੀਂ ਹੋਣਾ ਸੀ, ਹੋ ਰਿਹਾ ਹੈ।

ਤਾਂ ਸ਼ਿਕਾਇਤ ਹੋ ਗਈ। ਸਾਡੀ ਸਾਰੀ ਮਨੁੱਖਤਾ ਜੀਸਸ ਦੀ ਸ਼ਿਕਾਇਤ ਵਿੱਚ ਪ੍ਰਗਟ ਹੋ ਗਈ। ਤੁਹਾਡੇ ਜੀਵਨ ਵਿੱਚ ਵੀ ਘੜੀਆਂ ਆਉਣਗੀਆਂ ਜਦ ਤੁਹਾਡੀ ਸਾਰੀ ਸ਼ਰਧਾ ਡਾਵਾਂਡੋਲ ਹੋ ਜਾਵੇਗੀ। ਤੁਹਾਡੇ ਮਨ 'ਚ ਵੀ ਇਹ ਪੁਕਾਰ ਉੱਠੇਗੀ ਕਿ ਇਹ ਕੀ ਹੋ ਰਿਹਾ ਹੈ। ਇਹ ਤੂੰ ਕੀ ਕਰ ਰਿਹਾ ਹੈਂ! ਤੇਰੇ ਉਤੇ ਏਨਾ ਭਰੋਸਾ ਕੀਤਾ ਅਤੇ ਇਹ ਫਲ? ਇਹ ਗੱਲ ਹੀ ਦੱਸਦੀ ਹੈ ਕਿ ਵਿਸ਼ਵਾਸ ਪੂਰਾ ਨਹੀਂ ਕੀਤਾ। ਨਹੀਂ ਤਾਂ ਫਲ ਜੋ ਵੀ ਮਿਲ ਰਿਹਾ ਹੈ ਤੁਸੀਂ ਖੁਸ਼ੀ ਨਾਲ ਰਾਜ਼ੀ ਹੁੰਦੇ। ਨਾ ਖੁਸ਼ ਵੀ ਰਾਜੀ ਹੋਏ, ਰਾਜੀ ਹੋਣਾ

ਪੂਰਾ ਨਹੀਂ। ਸ਼ਿਕਾਇਤ ਨਾਲ ਰਾਜੀ ਹੋਏ, ਤਾਂ ਸਵੀਕਾਰ ਅਧੂਰਾ ਹੈ। ਸ਼ਰਧਾ ਪਰੀਪੂਰਣ ਨਹੀਂ।

ਪਰ ਜੀਸਸ ਸੰਭਲ ਗਏ। ਸਾਰੀ ਮਨੁੱਖਤਾ ਉਸ ਘੜੀ ਜੀਸਸ ਵਿੱਚ ਕੰਬੀ। ਪਰ ਇੱਕ ਪਲ ਵਿੱਚ ਉਹ ਸੰਭਲ ਗਏ ਅਤੇ ਉਨ੍ਹਾਂ ਨੇ ਆਕਾਸ਼ ਦੇ ਵੱਲ ਸਿਰ ਚੁੱਕਿਆ ਅਤੇ ਕਿਹਾ, ਨਹੀਂ, ਜੋ ਤੇਰੀ ਮਰਜ਼ੀ ਹੈ ਪੂਰੀ ਹੋਵੇ। ਤੇਰੀ ਮਰਜ਼ੀ ਮੇਰੀ ਮਰਜ਼ੀ ਹੈ।

ਉਸੇ ਘੜੀ ਮਨੁੱਖਤਾ ਅਲੋਪ ਹੋ ਗਈ, ਕ੍ਰਾਈਸਟ ਦਾ ਜਨਮ ਹੋ ਗਿਆ। ਬੱਸ, ਏਨਾਂ ਹੀ ਪਲ ਕੁ ਦਾ ਫ਼ਾਸਲਾ ਹੈ ਜੀਸਸ ਅਤੇ ਕ੍ਰਾਇਸਟ ਵਿੱਚ। ਅਗਿਆਨ ਵਿੱਚ ਅਤੇ ਗਿਆਨ ਵਿੱਚ। ਏਨਾਂ ਹੀ ਫਾਸਲਾ ਹੈ ਤੁਹਾਡੇ ਤੇ ਬੁੱਧ ਦੇ ਵਿਚਕਾਰ। ਤੁਹਾਡੇ 'ਚ ਅਤੇ ਨਾਨਕ ਵਿੱਚ। ਤੁਸੀਂ ਕਿੰਨੀ ਹੀ ਉਚਾਈ ਉਤੇ ਬੈਠ ਜਾਓ, ਪਰ ਇੱਕ ਮਨ 'ਚ ਬਣਿਆ ਹੀ ਰਹਿੰਦਾ ਹੈ ਕਿ ਮਰਜ਼ੀ ਪੂਰੀ ਹੋ ਰਹੀ ਹੈ ਕਿ ਨਹੀਂ। ਭਗਤ ਵੀ ਵੇਖਦਾ ਰਹਿੰਦਾ ਹੈ ਭਗਵਾਨ ਦੇ ਵੱਲ ਕਿ ਤੂੰ ਮੇਰੀ ਮੰਨ ਕੇ ਟੁਰ ਰਿਹਾ ਹੈਂ ਕਿ ਨਹੀਂ। ਜੇਕਰ ਤੂੰ ਮੇਰੀ ਨਹੀਂ ਮੰਨਦਾ ਤਾਂ ਸ਼ਿਕਾਇਤ ਹੈ। ਕਿੰਨੇ-ਕਿੰਨੇ ਹੀ ਮਿੱਠੇ ਸ਼ਬਦਾਂ ਵਿੱਚ ਕਹੀ ਜਾਵੇ, ਸ਼ਿਕਾਇਤ, ਸ਼ਿਕਾਇਤ ਹੀ ਹੈ। ਸ਼ਿਕਾਇਤ ਦਾ ਕੰਡਾ ਤਾਂ ਚੁਭੇਗਾ।

ਪਰਮ ਭਗਤ ਦੀ ਕੋਈ ਸ਼ਿਕਾਇਤ ਨਹੀਂ। ਕਿਉਂਕਿ ਪਰਮ ਭਗਤ ਤਾਂ ਇੱਕ ਹੀ ਹੈ, ਜੋ ਤੈਨੂੰ ਭਾਵੇ ਉਹ ਹੀ ਭਲਾ ਹੈ— *ਜੋ ਤੁਧੁ ਭਾਵੈ ਸਾਈਂ ਭਲੀ ਕਾਰ॥ ਤੂੰ ਸਦਾ ਸਲਾਮਤਿ ਨਿਰੰਕਾਰ॥* ਅਤੇ ਸ਼ਾਸ਼ਵਤ ਹੈ। ਮੈਂ ਤਾਂ ਲਹਿਰ ਹਾਂ ਮੇਰੀ ਮਰਜ਼ੀ ਦਾ ਕੀ ਸਵਾਲ? ਤੇਰੀ ਮਰਜ਼ੀ ਪੂਰੀ ਹੋਵੇ— 'ਦਾਈ ਵਿਲ ਬੀ ਡੱਨ।' ਤੂੰ ਜੋ ਚਾਹੇਂ ਉਹ ਹੀ ਹੋਵੇ। ਤੇਰੀ ਚਾਹ ਅਤੇ ਮੇਰੀ ਚਾਹ ਵਿੱਚ ਕੋਈ ਫ਼ਾਸਲਾ ਨਾ ਰਹ ਜਾਏ। ਤੇਰੀ ਚਾਹ ਹੀ ਮੇਰੀ ਚਾਹ ਹੈ। ਲਹਿਰ ਦੀ ਚਾਹ ਉਹ ਹੀ ਹੈ ਜਿਹੜੀ ਸਾਗਰ ਦੀ ਚਾਹ ਹੈ। ਪੱਤੇ ਦੀ ਚਾਹ ਉਹ ਹੀ ਹੈ ਜਿਹੜੀ ਰੁੱਖ ਦੀ ਚਾਹ ਹੈ। ਅੰਗ ਦੀ ਚਾਹ ਉਹ ਹੀ ਹੈ ਜਿਹੜੀ ਅੰਗੀ ਦੀ ਚਾਹ ਹੈ। ਅਸੀਂ ਆਪਣੇ ਨੂੰ ਇਹੋ ਜਿਹੀ ਬੂੰਦ ਦੀ ਤਰ੍ਹਾਂ ਸਾਗਰ ਵਿੱਚ ਛੱਡ ਦੇਈਏ।

ਪਰ ਇਹ ਛੱਡਣਾ ਤਾਂ ਸੰਭਵ ਹੋ ਸਕੇਗਾ। ਜਦ ਤੁਸੀਂ ਪੰਜਾਂ ਦੇ ਵਿਚੋਂ ਇੱਕ ਨੂੰ ਲੱਭ ਲਵੋ। ਅਜੇ ਤਾਂ ਤੁਸੀਂ ਹੋ ਹੀ ਨਹੀਂ, ਲੱਭੋਗੇ ਕਿਸ ਨੂੰ? ਅਜੇ ਤਾਂ ਤੁਸੀਂ ਏਨੇ ਵੰਡੇ ਹੋਏ ਹੋ ਕਿ ਭੀੜ ਹੋ। ਅਜੇ ਤੁਸੀਂ ਇੱਕ ਆਦਮੀ ਵੀ ਨਹੀਂ ਹੋ। ਇਸ ਲਈ ਤੁਸੀਂ ਛਾਲ ਕਿਵੇਂ ਮਾਰੋਗੇ? ਅਜੇ ਤਾਂ ਤੁਹਾਡੇ ਅੰਦਰ ਕੋਈ ਖੱਬੇ ਜਾ ਰਿਹਾ ਹੈ, ਕੋਈ ਸੱਜੇ ਜਾ ਰਿਹਾ ਹੈ। ਇੱਕ ਹਿੱਸਾ ਤੁਹਾਡਾ ਇਸ ਦਿਸ਼ਾ 'ਚ ਜਾ ਰਿਹਾ ਹੈ ਤੇ ਦੂਜਾ ਉਸ ਦਿਸ਼ਾ ਵੱਲ ਜਾ ਰਿਹਾ ਹੈ। ਅਜੇ ਤਾਂ ਤੁਸੀਂ ਵੱਖਰੇ-ਵੱਖਰੇ ਵੰਡੇ ਹੋਏ ਹੋ। ਅਜੇ ਤੁਸੀਂ ਹੋ ਹੀ ਨਹੀਂ। ਅਜੇ ਤੁਹਾਡੇ ਹੋਣ ਦਾ ਕੋਈ ਵੀ ਅਰਥ ਨਹੀਂ ਹੈ।

ਤਾਂ ਪਹਿਲਾਂ ਕੰਮ ਤਾਂ ਨਾਨਕ ਕਹਿੰਦੇ ਹਨ ਕਿ ਪੰਜਾਂ ਦੇ ਵਿਚੋਂ ਇੱਕ ਨੂੰ ਲੱਭ ਲਵੋ— ਧਿਆਨ ਨੂੰ। ਅਤੇ ਦੂਜਾ ਕੰਮ ਨਾਨਕ ਕਹਿੰਦੇ ਹਨ, ਜਿਵੇਂ ਹੀ ਧਿਆਨ ਡੂੰਘਾ ਹੋਵੇ, ਅੰਦਰ ਸੰਤੋਖ, ਬਾਹਰ ਦਇਆ। ਜਿਵੇਂ-ਜਿਵੇਂ ਦਇਆ ਪੱਕੇਗੀ, ਸੰਤੋਖ ਡੂੰਘਾ ਹੋਏਗਾ, ਤਿਵੇਂ-ਤਿਵੇਂ ਇਹ ਅਹੋਭਾਵ ਤੁਹਾਡੇ ਜੀਵਨ ਵਿੱਚ ਆਪਣੇ ਆਪ ਉਤਰ ਆਵੇਗਾ— 'ਜੋ ਤੈਨੂੰ ਭਾਵੈ ਉਹ ਹੀ ਭਲਾ ਹੈ।' ਇਹ ਹੀ ਪਰੀਪੂਰਣਤਾ ਹੈ।

*ਅੱਜ ਏਨਾ ਹੀ।*

# ੴ ਸਤਿਨਾਮੁ

## ਨਾਨਕ ਬਾਣੀ

ਓਸ਼ੋ ਨੇ ਨਾਨਕ ਬਾਣੀ-ਜਪੁਜੀ ਸਾਹਿਬ ਉਤੇ ਹਿੰਦੀ ਭਾਸ਼ਾ ਵਿੱਚ 20 ਪ੍ਰਵਚਨ ਦਿੱਤੇ ਸਨ। ਉਸ ਕਿਤਾਬ ਦਾ ਨਾਮ —ੴ ਸਤਿਨਾਮੁ ਹੈ। ਇਹ ਪੰਜਾਬੀ ਅਨੁਵਾਦ ਉਨ੍ਹਾਂ ਹੀ 20 ਪ੍ਰਵਚਨਾ ਦੀ ਲਫ਼ਜ਼-ਬ-ਲਫ਼ਜ਼ ਰਚਨਾ ਹੈ।




# ਜੋ ਤੁਧੁ ਭਾਵੈ ਸਾਈ ਭਲੀ ਕਾਰ

ਅਸੰਖ ਜਪ ਅਸੰਖ ਭਾਉ॥ ਅਸੰਖ ਪੂਜਾ ਅਸੰਖ ਤਪ ਤਾਉ॥
ਅਸੰਖ ਗਰੰਥ ਮੁਖਿ ਵੇਦ ਪਾਠ॥ ਅਸੰਖ ਜੋਗ ਮਨਿ ਰਹਹਿ ਉਦਾਸ॥
ਅਸੰਖ ਭਗਤ ਗੁਣ ਗਿਆਨ ਵੀਚਾਰ॥ ਅਸੰਖ ਸਤੀ ਅਸੰਖ ਦਾਤਾਰ॥
ਅਸੰਖ ਸੂਰ ਮੁਹ ਭਖ ਸਾਰ॥ ਅਸੰਖ ਮੋਨਿ ਲਿਵ ਲਾਇ ਤਾਰ॥
ਕੁਦਰਤਿ ਕਵਣ ਕਹਾ ਵੀਚਾਰੁ॥ ਵਾਰਿਆ ਨ ਜਾਵਾ ਏਕ ਵਾਰ॥
ਜੋ ਤੁਧੁ ਭਾਵੈ ਸਾਈ ਭਲੀ ਕਾਰ॥ ਤੂ ਸਦਾ ਸਲਾਮਤਿ ਨਿਰੰਕਾਰ॥ ੧੭॥
ਅਸੰਖ ਮੂਰਖ ਅੰਧ ਘੋਰ॥ ਅਸੰਖ ਚੋਰ ਹਰਾਮ ਖੋਰ॥
ਅਸੰਖ ਅਮਰ ਕਰਿ ਜਾਹਿ ਜੋਰ॥ ਅਸੰਖ ਗਲ ਵਢ ਹਤਿਆ ਕਮਾਹਿ॥
ਅਸੰਖ ਪਾਪੀ ਪਾਪੁ ਕਰਿ ਜਾਹਿ॥ ਅਸੰਖ ਕੂੜਿਆਰ ਕੂੜੇ ਫਿਰਾਹਿ॥
ਅਸੰਖ ਮਲੇਛ ਮਲੁ ਭਖਿ ਖਾਹਿ॥ ਅਸੰਖ ਨਿੰਦਕ ਸਿਰਿ ਕਰਹਿ ਭਾਰੁ॥
ਨਾਨਕੁ ਨੀਚੁ ਕਹੈ ਵੀਚਾਰੁ॥ ਵਾਰਿਆ ਨ ਜਾਵਾ ਏਕ ਵਾਰ॥
ਜੋ ਤੁਧੁ ਭਾਵੈ ਸਾਈ ਭਲੀ ਕਾਰ॥ ਤੂ ਸਦਾ ਸਲਾਮਤਿ ਨਿਰੰਕਾਰ॥ ੧੮॥
ਅਸੰਖ ਨਾਵ ਅਸੰਖ ਥਾਵ॥ ਅਗੰਮ ਅਗੰਮ ਅਸੰਖ ਲੋਅ॥
ਅਸੰਖ ਕਹਹਿ ਸਿਰਿ ਭਾਰੁ ਹੋਇ॥ ਅਖਰੀ ਨਾਮੁ ਅਖਰੀ ਸਾਲਾਹ॥
ਅਖਰੀ ਗਿਆਨੁ ਗੀਤ ਗੁਣ ਗਾਹ॥ ਅਖਰੀ ਲਿਖਣੁ ਬੋਲਣੁ ਬਾਣਿ॥
ਅਖਰਾ ਸਿਰਿ ਸੰਜੋਗੁ ਵਖਾਣਿ॥ ਜਿਨਿ ਏਹਿ ਲਿਖੇ ਤਿਸੁ ਸਿਰਿ ਨਾਹਿ॥
ਜਿਵ ਫੁਰਮਾਏ ਤਿਵ ਤਿਵ ਪਾਹਿ॥ ਜੇਤਾ ਕੀਤਾ ਤੇਤਾ ਨਾਉ॥
ਵਿਣੁ ਨਾਵੈ ਨਾਹੀ ਕੋ ਥਾਉ॥ ਕੁਦਰਤਿ ਕਵਣ ਕਹਾ ਵੀਚਾਰੁ॥
ਵਾਰਿਆ ਨ ਜਾਵਾ ਏਕ ਵਾਰ॥ ਜੋ ਤੁਧੁ ਭਾਵੈ ਸਾਈ ਭਲੀ ਕਾਰ॥
ਤੂ ਸਦਾ ਸਲਾਮਤਿ ਨਿਰੰਕਾਰ॥ ੧੯॥

ਸਾਧਕ ਦੇ ਸਾਹਮਣੇ ਅਨੇਕ ਰਾਹ ਹਨ। ਕਿਸ ਨੂੰ ਚੁਣੇ ! ਕਿਵੇਂ ਚੁਣੇ ! ਕਿਸ ਆਧਾਰ 'ਤੇ ਚੁਣੇ ! ਕੀ ਕਸੌਟੀ ਹੋਵੇ ਚੁਣਨ ਦੀ? ਅਤੇ ਅਨੇਕ ਰਾਹ ਹੀ ਹੁੰਦੇ ਤਾਂ ਵੀ ਠੀਕ ਸੀ, ਅਸੰਖ ਕੁਮਾਰਗ ਵੀ ਹਨ। ਕਿਵੇਂ ਬਚੀਏ ਗ਼ਲਤ ਰਾਹਾਂ ਤੋਂ? ਕਿਵੇਂ ਬਚੀਏ ਭਟਕਣ ਤੋਂ? ਸਾਧਕ ਦੇ ਜੀਵਨ ਦੀ ਸਭ ਤੋਂ ਵੱਡੀ ਸਮੱਸਿਆ ਹੈ, ਠੀਕ ਨੂੰ ਕਿਵੇਂ ਚੁਣੇ, ਗ਼ਲਤ ਨੂੰ ਕਿਵੇਂ ਪਛਾਣੇ ! ਗ਼ਲਤ ਪਛਾਣ ਵਿੱਚ ਆ ਜਾਵੇ ਤਾਂ ਛੱਡਣਾ ਔਖਾ ਨਹੀਂ ਹੈ। ਗ਼ਲਤ ਪਛਾਣ ਵਿੱਚ ਆਉਂਦੇ ਹੀ ਛੁਟਣਾ ਸ਼ੁਰੂ ਹੋ ਜਾਂਦਾ ਹੈ। ਗ਼ਲਤ ਨੂੰ ਗ਼ਲਤ ਮੰਨ ਕੇ ਕੋਈ ਟੁਰ ਹੀ ਕਿਵੇਂ ਸਕਦਾ ਹੈ? ਗ਼ਲਤ ਨੂੰ ਗ਼ਲਤ ਜਾਣ ਕੇ ਕੋਈ ਕਿਵੇਂ ਅਨੁਗਮਨ ਕਰ ਸਕਦਾ ਹੈ? ਅਸਤਯ ਵਿਖਾਈ ਦੇ ਗਿਆ ਕਿ ਅਸਤਯ ਹੈ, ਫ਼ਿਰ ਤੁਸੀਂ ਉਸ ਨੂੰ ਕਿਵੇਂ ਸੰਭਾਲੋਗੇ? ਛੁੱਟ ਹੀ ਜਾਏਗਾ! ਅਸਤਯ ਦੀ ਪਛਾਣ ਹੀ ਅਸਤਯ ਤੋਂ ਮੁਕਤੀ ਹੈ। ਪਰ ਕਿਵੇਂ ਪਛਾਣੀਏ? ਅਸੰਖ ਅਸਤਯ ਹਨ।

ਸਤਯ ਦੀ ਪਛਾਣ ਵੀ ਸਤਯ ਦੇ ਅਨੁਭਵ ਵਿੱਚ ਉਤਰਨ ਦੀ ਪਹਿਲੀ ਛਾਲ ਹੈ। ਜਿਵੇਂ ਹੀ ਪਛਾਣ ਲਿਆ ਕਿ ਸਤਯ ਹੈ। ਲੱਗ ਗਿਆ ਰੰਗ, ਲੱਗ ਗਏ ਖੰਭ, ਉੱਡਣਾ ਸ਼ੁਰੂ ਹੋ ਗਿਆ। ਪਰ ਅਸੰਖ ਸਤਯ ਹਨ। ਸਦੀਆਂ-ਸਦੀਆਂ ਵਿੱਚ ਅਨੰਤ ਰਾਹ ਲੱਭੇ ਗਏ ਹਨ ਅਤੇ ਹੁਣ ਤਾਂ ਜਾਲ ਬਹੁਤ ਜਟਿਲ ਹੋ ਗਿਆ ਹੈ। ਇੱਕ ਬੁਝਾਰਤ ਹੈ ਜਿਹੜੀ ਉਲਝੀ ਹੋਈ ਲੱਗਦੀ ਹੈ, ਸੁਲਝਦੀ ਹੋਈ ਨਹੀਂ ਲੱਗਦੀ। ਤਾਂ ਨਾਨਕ ਕਹਿੰਦੇ ਹਨ ਕੀ ਕਰੇ ਸਾਧਕ? ਇਹ ਸੂਤਰ ਉਸੇ ਸੰਬੰਧ ਵਿੱਚ ਹਨ।

ਅਸੰਖ ਜਪ ਹਨ। ਅਸੰਖ ਭਾਵ ਭਗਤੀਆਂ। ਅਸੰਖ ਪੂਜਾਵਾਂ ਹਨ। ਅਸੰਖ ਤਪੱਸਿਆਵਾਂ ਹਨ। ਅਸੰਖ ਤਪੱਸਿਆਵਾਂ ਹਨ। ਅਸੰਖ ਗਰੰਥ ਹਨ ਅਤੇ ਅਸੰਖ ਮੁੱਖ ਜਿਹੜੇ ਵੇਦ ਪਾਠ ਕਰਦੇ ਹਨ। ਅਸੰਖ ਯੋਗ ਹਨ ਜਿਨ੍ਹਾਂ ਦੇ ਰਾਹੀਂ ਮਨ ਵਿਰਕਤ ਰਹਿੰਦਾ ਹੈ ਅਸੰਖ ਭਗਤ ਹਨ ਜਿਹੜੇ ਉਸ ਦੇ ਗੁਣ ਅਤੇ ਗਿਆਨ ਦਾ ਵਿਚਾਰ ਕਰਦੇ ਹਨ। ਅਸੰਖ ਸਾਤਵਿੱਕ ਹਨ, ਅਸੰਖ ਦਾਤਾ ਹਨ। ਅਸੰਖ ਸੂਰਵੀਰ ਹਨ, ਜਿਹੜੇ ਪਰਮਾਤਮਾ ਦੀ ਪ੍ਰਾਪਤੀ ਲਈ ਲੋਹਾ ਲੈਂਦੇ ਹਨ। ਅਸੰਖ ਮੋਨੀ ਹਨ ਜਿਹੜੇ ਇੱਕਨਿਸ਼ਠ (ਇੱਕ ਵਿੱਚ ਹੀ ਲੀਨ) ਹੋ ਕੇ ਧਿਆਨ ਲਾਉਂਦੇ ਹਨ।

ਕੀ ਕਰੇ ਸਾਧਕ? ਕਿਵੇਂ ਚੁਣੇ? ਕੀ ਠੀਕ ਹੈ ਮੇਰੇ ਵਾਸਤੇ? ਜ਼ਰੂਰ ਹੀ ਮੈਂ ਅਗਿਆਨੀ ਹਾਂ ਇਸ ਲਈ ਤਾਂ ਭਾਲ ਹੈ। ਇਸ ਅਗਿਆਨ ਵਿੱਚ ਮੇਰੇ ਕੋਲ ਕੋਈ ਵੀ ਤਾਂ ਕਸੌਟੀ ਨਹੀਂ, ਜਿਸ ਦੇ ਨਾਲ ਪਰਖ ਲਵਾਂ ਕਿ ਸੋਨਾ ਕੀ ਹੈ ਤੇ ਮਿੱਟੀ ਕੀ ਹੈ! ਮੇਰੀ ਕਸੌਟੀ ਦਾ ਮੁੱਲ ਵੀ ਕੀ ਹੋਵੇਗਾ? ਅਗਿਆਨੀ ਦੇ ਕੋਲ ਕਸੌਟੀ ਵੀ ਹੋਵੇ ਤਾਂ ਵੀ ਉਹ ਕਿਵੇਂ ਕਸੇਗਾ? ਜਿਸ ਨੇ ਕਦੇ ਸੋਨਾ ਵੇਖਿਆ ਨਾ ਹੋਵੇ, ਉਸ ਦੇ ਹੱਥ ਵਿੱਚ ਸੋਨੇ ਨੂੰ ਕੱਸਣ ਦੀ ਕਸੌਟੀ ਵੀ ਹੋਵੇ, ਤਾਂ ਵੀ ਉਹ ਕਿਵੇਂ ਪਛਾਣੇਗਾ? ਜਿਸ ਨੇ ਪੂਰਾ ਜੀਵਨ

ਮਿੱਟੀ ਹੀ ਜਾਣੀ ਹੋਵੇ ਉਹ ਸੋਨੇ ਨੂੰ ਵੀ ਇੱਕ ਢੰਗ ਦੀ ਮਿੱਟੀ ਹੀ ਸਮਝੇਗਾ। ਅਸੀਂ ਉਹ ਹੀ ਪਛਾਣ ਸਕਦੇ ਹਾਂ ਜਿਹੜਾ ਸਾਡਾ ਅਨੁਭਵ ਹੈ। ਪਰਮਾਤਮਾ ਅਸੀਂ ਜਾਣਿਆ ਨਹੀਂ ਉਸ ਮੰਜ਼ਿਲ ਤੱਕ ਅਸੀਂ ਪੁੱਜੇ ਨਹੀਂ। ਕਿਹੜਾ ਰਾਹ ਉਥੇ ਤੱਕ ਲੈ ਜਾਂਦਾ ਹੋਵੇਗਾ?

ਇਕੋ ਹੀ ਰਾਹ ਵਿਖਾਈ ਦਿੰਦਾ ਹੈ ਸਿੱਧਾ-ਸਾਦਾ, ਜਿਸ ਨੂੰ ਕਿ ਮਨੋਵਿਗਿਆਨਕ ਕਹਿੰਦੇ ਹਨ 'ਟ੍ਰਾਯਲ ਐਂਡ ਏਰਰ' ਕਿ ਲੱਭੋ, ਭਟਕੋ, ਅਨੁਭਵ ਕਰੋ, ਇਸ ਤਰ੍ਹਾਂ ਭਟਕਦੇ, ਲੱਭਦੇ, ਭੁੱਲ-ਚੁੱਕ ਨਾਲ ਠੀਕ ਰਾਹ ਮਿਲੇਗਾ।

ਪਰ ਭੁੱਲਾਂ-ਚੁੱਕਾਂ ਅਸੰਖ ਹਨ। ਜੇਕਰ 'ਟ੍ਰਾਯਲ ਐਂਡ ਏਰਰ' ਇਸ ਰਾਹ ਦਾ ਅਸੀਂ ਅਨੁਸਰਣ ਕਰੀਏ ਤਾਂ ਸ਼ਾਇਦ ਅਸੀਂ ਕਦੇ ਵੀ ਨਹੀਂ ਪੁੱਜ ਸਕਾਂਗੇ। ਸਾਡਾ ਜੀਵਨ ਕਿੰਨਾ ਨਿੱਕਾ! ਅਸੰਖ ਰਾਹ ! ਇੱਕ ਰਾਹ ਨੂੰ ਵੀ ਪੂਰੇ ਜੀਵਨ ਟੁਰ ਕੇ ਪੂਰਾ ਨਹੀਂ ਕੀਤਾ ਜਾ ਸਕਦਾ ਤਾਂ ਕਿਵੇਂ ਅਨੁਭਵ ਇਕੱਠਾ ਹੋਵੇਗਾ? ਕੌਣ ਹੈ ਗੁਰੂ? ਕਿਵੇਂ ਅਸੀਂ ਸਮਝੀਏ? ਕਿ ਜਿਸ ਦੇ ਪਿੱਛੇ ਅਸੀਂ ਟੁਰ ਪਏ ਹਾਂ, ਉਸ ਦੇ ਪਿੱਛੇ ਟੁਰਨ ਨਾਲ ਪ੍ਰਾਪਤੀ ਹੋਣ ਵਾਲੀ ਹੈ?

ਫ਼ਿਰ ਉਲਝਣ ਹੋਰ ਵਧ ਜਾਂਦੀ ਹੈ ਕਿਉਂਕਿ ਜੇਕਰ ਏਨਾਂ ਹੀ ਸਵਾਲ ਹੁੰਦਾ ਕਿ ਸਤਯ ਦੇ ਅਨੇਕ ਰਾਹ ਹਨ, ਕਿਸ ਨੂੰ ਚੁਣੀਏ ਤਾਂ ਕੋਈ ਔਖਿਆਈ ਨਹੀਂ ਸੀ। ਕੋਈ ਵੀ ਚੁਣ ਲਵੋ, ਜੇਕਰ ਸਾਰੇ ਰਾਹ ਸਤਯ ਦੇ ਹਨ ਤਾਂ ਪਹੁੰਚ ਜਾਓਗੇ।

ਅਸਤਯ ਰਾਹ ਵੀ ਹਨ। ਓਨੇ ਹੀ ਜਿੰਨੇ ਸਤਯ ਦੇ ਰਾਹ ਹਨ, ਸ਼ਾਇਦ ਬਹੁਤੇ ਹੀ। ਕਿਉਂਕਿ ਇੱਕ ਰਾਹ ਸਤਯ ਦਾ ਹੈ ਤੇ ਦਸ ਰਾਹ ਅਸਤਯ ਦੇ ਹਨ। ਕਿਉਂਕਿ ਇੱਕ ਆਦਮੀ ਸਤਯ ਨੂੰ ਉਪਲਬਧ ਹੁੰਦਾ ਹੈ। ਦਸ ਕਰੋੜ ਤਾਂ ਅੰਨ੍ਹਿਆਂ ਦੀ ਤਰ੍ਹਾਂ ਭਟਕਦੇ ਰਹਿੰਦੇ ਹਨ। ਉਨ੍ਹਾਂ ਅੰਨ੍ਹਿਆਂ ਨੇ ਵੀ ਰਾਹ ਬਣਾਏ ਹਨ। ਉਨ੍ਹਾਂ ਅੰਨ੍ਹਿਆਂ ਨੇ ਵੀ ਸ਼ਾਸਤ੍ਰੀ ਲਿਖੇ ਹਨ।

ਆਸਾਨੀ ਸੀ ਪੁਰਾਣੇ ਦਿਨਾਂ ਵਿੱਚ। ਕਿਉਂਕਿ ਵੇਦ ਇਕੱਲਾ ਸ਼ਾਸਤ੍ਰ ਸੀ ਹਿੰਦੂਆਂ ਦੇ ਕੋਲ, ਅਤੇ ਤਦ ਨਾ ਮੁਸਲਮਾਨ ਸੀ ਅਤੇ ਨਾ ਇਸਾਈ ਸਨ, ਨਾ ਬੌਧ ਸਨ। ਤਾਂ ਕੁਝ ਵੀ ਲੱਭਣਾ ਸੀ ਤਾਂ ਵੇਦ ਵਿਚੋਂ ਲੱਭ ਲੈਂਦੇ। ਇਕੋ ਸ਼ਾਸਤ੍ਰੀ ਸੀ, ਵੇਦ ਵਚਨ ਸਤਯ ਸੀ, ਸੋਖਿਆਈ ਸੀ।

ਹੁਣ ਤਾਂ ਅਨੰਤ ਵੇਦ ਹਨ, ਹੁਣ ਤਾਂ ਅਨੰਤ ਸ਼ਾਸਤ੍ਰ ਹਨ। ਹੁਣ ਤਾਂ ਸ਼ਾਸਤ੍ਰ ਤੋਂ ਵੀ ਕੋਈ ਰਾਹ ਨਹੀਂ ਮਿਲੇਗਾ। ਅਜੇ ਇਹ ਸੌਖਾ ਨਹੀਂ ਕਿ ਤੁਸੀਂ ਸ਼ਾਸਤ੍ਰ ਵਿਚੋਂ ਲੱਭ ਲਵੋ। ਕਿਹੜੇ ਸ਼ਾਸਤ੍ਰੀ ਵਿਚੋਂ ਲੱਭੋਗੇ? ਜੈਨੀਆਂ ਦੇ ਆਪਣੇ ਹਨ, ਹਿੰਦੂਆਂ ਦੇ ਆਪਣੇ, ਮੁਸਲਮਾਨਾਂ ਦੇ ਆਪਣੇ। ਹਿੰਦੂਆਂ ਦਾ ਵੀ ਇੱਕ ਨਹੀਂ, ਉਹਨਾਂ ਦੇ ਕੋਲ ਅਨੇਕ ਹਨ। ਜੈਨੀਆਂ ਦੇ ਕੋਲ ਅਨੇਕ ਹਨ, ਈਸਾਈਆਂ ਦੇ ਕੋਲ ਅਨੇਕ ਹਨ ਅਤੇ

ਗੁਰੂ ਗਰੰਥ ਸਾਹਿਬ ਹੈ, ਜਿਹੜਾ ਕਿ ਨਾਨਕ ਦੇ ਵੇਲੇ ਨਹੀਂ ਸੀ। ਇੱਕ ਵੇਦ ਹੋਰ ਜੁੜ ਗਿਆ। ਗਿਣਤੀ ਘੱਟ ਨਹੀਂ ਹੁੰਦੀ ਵੱਧਦੀ ਹੈ। ਗਿਣਤੀ ਵੱਧਣ ਨਾਲ ਉਲਝਣ ਵੱਧਦੀ ਹੈ। ਫੈਸਲਾ ਕਰਨਾ ਅਸੰਭਵ ਹੁੰਦਾ ਜਾਂਦਾ ਹੈ।

ਸ਼ਾਇਦ ਮਨੁੱਖਤਾ ਇਸ ਲਈ ਏਨੀ ਨਾਸਤਿਕਤਾ ਵਿੱਚ ਡਿੱਗ ਪਈ ਹੈ ਕਿਉਂਕਿ ਫੈਸਲਾ ਨਾ ਮੁਮਕਿਨ ਹੋ ਗਿਆ ਹੈ। ਆਸਤਿਕ ਹੋਣਾ ਕਰੀਬ-ਕਰੀਬ ਨਾ-ਮੁਮਕਿਨ ਹੋ ਗਿਆ ਹੈ। ਕਿਉਂਕਿ ਕਿਵੇਂ ਕੋਈ ਆਸਤਿਕ ਹੋਵੇ?

ਫ਼ਿਰ ਇਨ੍ਹਾਂ ਸਾਰਿਆਂ ਵਿੱਚ ਵਿਵਾਦ ਹੈ। ਫ਼ਿਰ ਇਹ ਇੱਕ ਦੂਜੇ ਦਾ ਖੰਡਨ ਕਰਦੇ ਹਨ। ਜੇਕਰ ਜੈਨੀਆਂ ਤੋਂ ਪੁੱਛੋ ਤਾਂ ਉਹ ਕਹਿੰਦੇ ਹਨ, ਵੇਦਾਂ ਵਿੱਚ ਕੁਝ ਵੀ ਨਹੀਂ। ਬੁੱਧ ਕੋਲੋਂ ਪੁੱਛੋ, ਉਹ ਕਹਿੰਦੇ ਹਨ, ਵੇਦ ਅਸਾਰ ਹੈ, ਵੇਦ ਕੋਲੋਂ ਪੁੱਛੋ, ਵੇਦ ਕਹਿੰਦਾ ਹੈ, ਮੇਰੇ ਤੋਂ ਸਿਵਾਏ ਹੋਰ ਕਿਤੇ ਕੋਈ ਸਾਰ ਨਹੀਂ ਹੈ। ਹੋਰ ਸਭ ਭਟਕਣ ਹੈ। ਹਿੰਦੂਆਂ ਤੋਂ ਪੁੱਛੋ, ਤਾਂ ਬੋਧ ਅਤੇ ਜੈਨ ਨਾਸਤਿਕ ਹਨ, ਇਨ੍ਹਾ ਦੀ ਤਾਂ ਗੱਲ ਸੁਣਨਾ ਹੀ ਨਾ। ਕੰਨ ਬੰਦ ਕਰ ਲੈਣਾ। ਇਨ੍ਹਾਂ ਦੀ ਗੱਲ ਕੰਨ 'ਚ ਪੈ ਗਈ ਤਾਂ ਭਟਕਣਾ ਪੈ ਜਾਏਗਾ। ਹਿੰਦੂਆਂ ਤੋਂ ਪੁੱਛੋ ਤਾਂ ਉਹ ਕਹਿੰਦੇ ਹਨ ਵੇਦ ਸਭ ਤੋਂ ਪੁਰਾਣਾ ਸ਼ਾਸਤ੍ਰ ਹੈ ਇਸ ਲਈ ਮੰਨਣ ਦੇ ਯੋਗ ਹੈ। ਮੁਸਲਮਾਨਾਂ ਤੋਂ ਪੁੱਛੋ ਤਾਂ ਉਹ ਕਹਿੰਦੇ ਹਨ, ਕੁਰਾਨ ਸਭ ਤੋਂ ਨਵਾਂ ਸ਼ਾਸਤ੍ਰ ਹੈ ਇਸ ਲਈ ਮੰਨਣ ਯੋਗ ਹੈ। ਕਿਉਂਕਿ ਪਰਮਾਤਮਾ ਜਦ ਨਵਾਂ ਸ਼ਾਸਤ੍ਰ ਭੇਜਦਾ ਹੈ ਤਾਂ ਉਸ ਨਵੇਂ ਸ਼ਾਸਤ੍ਰ ਦੇ ਨਾਲ ਹੀ ਪੁਰਾਣੇ ਸ਼ਾਸਤ੍ਰ ਰੱਦ ਹੋ ਗਏ। ਨਵੀਂ ਆਗਿਆ ਨਾਲ ਪੁਰਾਣੀਆਂ ਆਗਿਆਵਾਂ ਰੱਦ ਹੋ ਜਾਂਦੀਆਂ ਹਨ।

ਹਿੰਦੂ ਕਹਿੰਦੇ ਹਨ ਕਿ ਵੇਦ ਇੱਕ ਵਾਰ ਪਰਮਾਤਮਾ ਨੇ ਭੇਜ ਦਿੱਤਾ, ਹੁਣ ਦੂਜੀ ਵਾਰ ਹੋਰ ਸ਼ਾਸਤ੍ਰ ਭੇਜਣ ਦੀ ਲੋੜ ਨਹੀਂ। ਪਰਮਾਤਮਾ ਕੋਈ ਸਾਧਾਰਣ ਮਨੁੱਖ ਤਾਂ ਨਹੀਂ ਹੈ ਕਿ ਭੁੱਲਾਂ ਕਰੇਗਾ, ਫੇਰ ਸੁਧਾਰ ਕਰੇਗਾ। ਪਰਮਾਤਮਾ ਤਾਂ ਪਰਮ ਗਿਆਨ ਹੈ। ਤਾਂ ਵੇਦ ਇੱਕ ਵਾਰ ਹੋ ਗਏ, ਹੁਣ ਹੋਰ ਕੋਈ ਜ਼ਰੂਰਤ ਨਹੀਂ। ਇਸ ਤੋਂ ਪਿਛੋਂ ਜਿਹੜੇ ਸ਼ਾਸਤ੍ਰ ਹੋਏ ਸਭ ਝੂਠ ਹਨ। ਪਰਮਾਤਮਾ ਨੇ ਤਾਂ ਇੱਕ ਆਗਿਆ ਭੇਜ ਦਿੱਤੀ। ਇਸ ਤੋਂ ਪਿੱਛੋਂ ਸਾਰੀਆਂ ਆਗਿਆਵਾਂ ਆਦਮੀ ਦੀਆਂ ਤਰਕੀਬਾਂ ਹਨ।

ਪਰ ਇਸਾਈ ਅਤੇ ਮੁਸਲਮਾਨ ਕਹਿੰਦੇ ਹਨ ਕਿ ਜਗਤ ਵਿੱਚ ਵਿਕਾਸ ਹੈ। ਪਰਮਾਤਮਾ ਬਦਲਦਾ ਹੈ, ਕਿਉਂਕਿ ਆਦਮੀ ਬਦਲ ਰਿਹਾ ਹੈ। ਆਗਿਆਵਾਂ ਬਦਲਦੀਆਂ ਹਨ ਕਿਉਂਕਿ ਹਾਲਾਤ ਬਦਲਦੇ ਹਨ। ਇਸ ਲਈ ਨਵੀਨਤਮ ਦਾ ਭਰੋਸਾ ਕਰਨਾ। ਪੁਰਾਣਾ ਤਾਂ ਜਰਾਜੀਰਣ (ਟੁੱਟਾ-ਫੁੱਟਾ, ਖਸਤਾ) ਹੋ ਗਿਆ।

ਕਿਸ ਦੀ ਸੁਣੋਗੇ? ਕਿਸ ਦੀ ਮੰਨੋਗੇ? ਤਦ ਆਖੀਰ ਵਿੱਚ ਤੁਹਾਡੀ ਆਪਣੀ ਹੀ ਬੁੱਧੀ ਰਹਿ ਜਾਂਦੀ ਹੈ। ਇਸ ਵਿਰਾਟ ਉਲਝਾਓ ਦੇ ਜਾਲ ਵਿੱਚ ਤੁਸੀਂ ਆਪਣੇ ਉਤੇ ਹੀ

ਖਲੋਤੇ ਰਹਿ ਜਾਂਦੇ ਹੋ। ਡਗਮਗਾਉਣ ਲੱਗਦੇ ਹੋ।

ਆਦਮੀ ਨਾਸਤਿਕ ਹੈ ਕਿਉਂਕਿ ਆਸਤਿਕ ਹੋਣਾ ਮੁਸ਼ਕਿਲ ਹੁੰਦਾ ਗਿਆ ਹੈ। ਤਾਂ ਕੋਈ ਨਾ ਕੋਈ ਵਿਧੀ ਲੱਭਣੀ ਜ਼ਰੂਰੀ ਹੈ, ਜਿਸ ਨਾਲ ਸਿੱਧਾ-ਸਾਦਾ ਆਦਮੀ ਆਸਤਿਕ ਹੋ ਸਕੇ। ਇਹ ਤਾਂ ਵੱਡੇ ਦਾਰਸ਼ਨਿਕ ਵੀ ਫੈਸਲਾ ਨਹੀਂ ਕਰ ਸਕਦੇ ਕਿ ਕੀ ਠੀਕ ਹੈ? ਕਿਹੜੇ ਹਾਰ ਉਤੇ ਟੁਰੀਏ? ਕਿਹੜੀ ਵਿਧੀ ਪਹੁੰਚਾਏਗੀ? ਫਿਰ ਸਿੱਧ-ਸਾਦਾ ਮਨੁੱਖ ਕੀ ਕਰੇ, ਜਿਸਦੇ ਕੋਲ ਨਾ ਸਹੂਲੀਅਤ ਹੈ, ਨਾ ਸਮਾਂ ਹੈ, ਨਾ ਤਰਕ ਦਾ ਜਾਲ ਹੈ। ਉਹ ਕਿਵੇਂ ਚੁਣੇ?

ਤਾਂ ਨਾਨਕ ਦਾ ਸੁਝਾਅ ਬਹੁਤ ਕੀਮਤੀ ਹੈ। ਨਾਨਕ ਕਹਿੰਦੇ ਹਨ ਕਿ ਇਸ ਅਸ਼ੰਖ ਵਿੱਚ ਭਟਕਣ ਨਾਲ ਤਾਂ ਕੁਝ ਸਾਰ ਨਹੀਂ ਮਿਲੇਗਾ। ਮੈਂ ਤਾਂ ਇਕੋ ਹੀ ਸੂਤਰ ਜਾਣਦਾ ਹਾਂ।

*ਕੁਦਰਤਿ ਕਵਣ ਕਹਾ ਵੀਚਾਰੁ॥ ਵਾਰਿਆ ਨ ਜਾਵਾ ਏਕ ਵਾਰ॥*
*ਜੋ ਤੁਧੁ ਭਾਵੈ ਸਾਈ ਭਲੀ ਕਾਰ॥ ਤੂ ਸਦਾ ਸਲਾਮਤਿ ਨਿਰੰਕਾਰ॥*

ਜੋ ਤੈਨੂੰ ਭਾਵੇ ਉਹ ਹੀ ਸਹੀ ਹੈ। ਇਸ ਲਈ ਮੈਂ ਆਪਣੇ ਆਪ ਨੂੰ ਤੇਰੀ ਮਰਜ਼ੀ ਉਤੇ ਛੱਡਦਾ ਹਾਂ । ਮੈਂ ਆਪ ਤਾਂ ਚੁਣ ਨਹੀਂ ਸਕਦਾ। ਮੈਂ ਅਗਿਆਨੀ ਹਨੇਰੇ ਵਿੱਚ ਖਲੋਤਾ, ਅੰਨ੍ਹਾਂ! ਮੇਰੇ ਕੋਲ ਕੋਈ ਸੂਤਰ ਨਹੀਂ ਹੈ, ਜਿਸ ਦੇ ਆਧਾਰ ਉਤੇ ਮੈਂ ਭਾਲ ਕਰ ਲਵਾਂ। ਕੋਈ ਕਸੌਟੀ ਨਹੀਂ, ਜਿਸ ਉਤੇ ਪਰਖ ਕਰ ਲਵਾਂ। ਹੁਣ ਮੈਂ ਕੀ ਕਰਾਂ? ਸਮਰਪਣ ਕਰ ਦੇਨਾ ਹਾਂ- 'ਮੇਰੀ ਮਰਜ਼ੀ'।

ਇਸਦਾ ਕੀ ਅਰਥ ਹੁੰਦਾ ਹੈ— 'ਤੇਰੀ ਮਰਜ਼ੀ' ਦਾ? ਇਸਦਾ ਅਰਥ ਹੁੰਦਾ ਹੈ। ਜਿਸ ਤਰ੍ਹਾਂ ਤੂੰ ਬਠਾਏਂ ਬੈਠਾਂ, ਜਿਵੇਂ ਤੂੰ ਉਠਾਏਂ ਉੱਠਾਂ, ਜੋ ਤੂੰ ਕਰਾਏਂ ਕਰਾਂ। ਆਪਣੇ ਆਪ ਨੂੰ ਵਿਚਕਾਰ ਨਾ ਲਿਆਵਾਂ। ਜੇਕਰ ਤੂੰ ਭਟਕਾਏਂ ਤਾਂ ਭਟਕਾਂ, ਤੂੰ ਪਹੁੰਚਾਏ ਤਾਂ ਪੁੱਜਾਂ, ਮੈਂ ਇਹ ਵੀ ਔਕੜ ਵਚਾਲੇ ਖੜ੍ਹੀ ਨਾ ਕਰਾਂ ਕਿ ਇਸਦੇ ਨਾਲ ਤਾਂ ਮੈਂ ਭਟਕ ਜਾਵਾਂਗਾ। ਮੈਂ ਆਪਣੇ ਫੈਸਲੇ ਨੂੰ ਹਟਾ ਦਿਆਂ। ਕ੍ਰਿਸ਼ਨ ਇਹ ਹੀ ਅਰਜੁਨ ਨੂੰ ਗੀਤਾ ਵਿੱਚ ਕਹਿੰਦੇ ਹਨ— 'ਸਰਵ ਧਰਮਾਨ੍ ਪਰਿਤਯਜਯ, ਮਾਮੇਕਮ ਸ਼ਰਣੰਮ ਵ੍ਰਜ।' ਤੂੰ ਸਭ ਧਰਮਾਂ ਨੂੰ ਛੱਡ ਕੇ ਮੇਰੀ ਸ਼ਰਣ ਆ।

ਉਹ ਪਰਮਾਤਮਾ ਵੱਲੋਂ ਕਿਹਾ ਗਿਆ ਵਚਨ ਹੈ। ਇਹ ਭਗਤ ਵੱਲੋਂ ਕਿਹਾ ਗਿਆ ਵਚਨ ਹੈ, ਜੋ ਨਾਨਕ ਕਹਿ ਰਹੇ ਹਨ। ਜੋ ਤੈਨੂੰ ਭਾਵੇ ਉਹ ਹੀ ਭਲਾ। ਜੋ ਤੈਨੂੰ ਭਾਵੇ ਉਹ ਹੀ ਰਾਹ, ਜੋ ਤੇਰੀ ਚਾਹ ਹੈ ਉਹ ਹੀ ਸੱਚ ਅਤੇ ਹੁਣ ਮੈਂ ਕੋਈ ਕਸੌਟੀ ਨਹੀਂ ਲਿਆਵਾਂਗਾ। ਤੂੰ ਭਟਕਾਵੇਂ ਤਾਂ ਮੈਂ ਸਮਝਾਂਗਾ ਇਹ ਹੀ ਰਾਹ ਹੈ। ਤੂੰ ਹਨੇਰੇ ਵਿੱਚ ਲੈ

ਜਾਵੇਂ ਤਾਂ ਸਮਝਾਂਗਾ ਇਹ ਹੀ ਰੌਸ਼ਨੀ ਹੈ। ਤੂੰ ਦਿਨ ਨੂੰ ਰਾਤ ਕਹੇਂ ਤਾਂ ਰਾਤ ਕਹੂੰਗਾ।

ਇਹ ਬਹੁਤ ਔਖਾ ਹੈ। ਕਿਉਂਕਿ ਤੁਸੀਂ ਵਿੱਚ-ਵਿੱਚ ਆਉਂਦੇ ਹੀ ਰਹੋਗੇ। ਤੁਹਾਡਾ ਮਨ ਵਿੱਚ-ਵਿੱਚ ਕਹੇਗਾ ਹੀ ਕਿ ਇਹ ਕੀ ਹੋ ਰਿਹਾ ਹੈ? ਕਿਤੇ ਪਰਮਾਤਮਾ ਤੋਂ ਕੋਈ ਭੁੱਲ ਤਾਂ ਨਹੀਂ ਹੋ ਰਹੀ ਹੈ। ਕਿਤੇ ਉਸਦੇ ਤੇ ਛੱਡ ਕੇ ਮੈਂ ਭੁੱਲ ਤਾਂ ਨਹੀਂ ਕਰ ਰਿਹਾ ਹਾਂ? ਤਾਂ ਜਦ ਤੱਕ ਤੁਹਾਡੇ ਮਨ ਨੂੰ ਭਾਏਗਾ, ਤਦ ਤਾਂ ਤੁਸੀਂ ਪਰਮਾਤਮਾ ਦੇ ਨਾਲ ਰਹੋਗੇ। ਪਰ ਜਦ ਤੁਹਾਡੇ ਮਨ ਨੂੰ ਨਹੀਂ ਭਾਏਗਾ ਤਦ ਇਹ ਔਕੜ ਆਏਗੀ— ਤਦ ਕਸੌਟੀ ਹੈ, ਤਦ ਸਾਧਨਾ ਹੈ।

ਜਿਵੇਂ, ਤੁਹਾਡੇ ਉਤੇ ਫੁਲਾਂ ਦੀ ਵਰਖਾ ਹੋਵੇ ਤਾਂ ਤੁਸੀਂ ਵੀ ਨਾਨਕ ਦੇ ਨਾਲ ਕਹਿ ਸਕੋਗੇ।

*'ਜੋ ਤੁਧੁ ਭਾਵੈ ਸਾਈ ਭਲੀ ਕਾਰ॥'*

'ਤੇਰੀ ਮਰਜ਼ੀ' ਉਹੀ ਹੀ ਮੇਰੀ ਮਰਜ਼ੀ, ਜੋ ਤੈਨੂੰ ਭਾਵੇ ਉਹ ਹੀ ਭਲਾ। ਫੁੱਲਾਂ ਦੀ ਵਰਖਾ ਹੋਵੇ ਤਾਂ ਤੁਸੀਂ ਵੀ ਕਹਿ ਸਕੋਗੇ। ਤੁਹਾਡੇ ਘਰ ਸੁੱਖ ਦਸਤਕ ਦੇਵੇ, ਤੁਹਾਡੇ ਵੇਹੜੇ ਵਿੱਚ ਸਵਰਗ ਉਤਰ ਆਵੇ, ਤਦ ਤਾਂ ਤੁਸੀਂ ਵੀ ਨਾਨਕ ਦੇ ਨਾਲ ਰਾਜ਼ੀ ਹੋ ਜਾਓਗੇ। ਪਰ ਜਦ ਨਰਕ ਤੁਹਾਡਾ ਬੂਹਾ ਖੜਕਾਏ ਅਤੇ ਕੰਡੇ ਤੁਹਾਡੇ ਉੱਪਰ ਡਿੱਗਣ, ਨਿੰਦਾ ਤੁਹਾਡੇ ਚਾਰੇ ਪਾਸੇ ਹੋਵੇ, ਬੇਇਜ਼ਤੀ ਤੇ ਅਸਫ਼ਲਤਾ ਤੋਂ ਸਿਵਾ ਤੁਹਾਨੂੰ ਕੁਝ ਵੀ ਦਿਸੇ ਨਾ ਤਦ—ਤਦ ਸਾਧਨਾ ਹੈ। ਦੁੱਖ ਵਿੱਚ, ਤਕਲੀਫ਼ ਵਿੱਚ ਵੀ ਤੁਹਾਡੇ ਹਿਰਦੇ 'ਚ ਜੇਕਰ ਇਹ ਭਾਵ ਬਣਿਆ ਰਹੇ ਕਿ ਜੋ ਤੈਨੂੰ ਭਾਵੇ, ਮੈਂ ਉਸ ਲਈ ਰਾਜ਼ੀ ਹਾਂ।

ਅਤੇ ਇਹ ਭਾਵ ਜ਼ਬਰਦਸਤੀ ਥੋਪਿਆ ਗਿਆ ਸੰਤੋਖ ਨਾ ਹੋਵੇ। ਇਸ ਫ਼ਰਕ ਨੂੰ ਖਿਆਲ ਵਿੱਚ ਲਵੋ। ਕਿਉਂਕਿ ਅਸੀਂ ਲਾਚਾਰ ਹਾਲਤ ਵਿੱਚ ਵੀ ਜਬਰਦਸਤੀ ਦਾ ਸੰਤੋਖ ਥੋਪ ਸਕਦੇ ਹਾਂ। ਦੁੱਖ ਹੈ, ਕੁਝ ਕਰਨ ਦਾ ਰਸਤਾ ਵੀ ਨਹੀਂ ਹੈ, ਅਸੀਂ ਕਹਿੰਦੇ ਹਾਂ ਜੋ ਤੇਰੀ ਮਰਜ਼ੀ। ਪਰ 'ਜੋ ਤੇਰੀ ਮਰਜ਼ੀ' ਦੇ ਪਿੱਛੇ ਸ਼ਿਕਾਇਤ ਹੈ। ਅਸੀਂ ਕਹਿੰਦੇ ਹਾਂ ਕਿ ਠੀਕ ਹੈ। ਚਲੋ ਇਹ ਹੀ ਠੀਕ ਹੈ। ਪਰ ਅੰਦਰ ਅਸੀਂ ਜਾਣਦੇ ਹਾਂ ਕਿ ਹੋਣਾ ਕੁਝ ਹੋਰ ਸੀ। ਜੋ ਹੋਣਾ ਸੀ ਉਹ ਨਹੀਂ ਹੋਇਆ। ਅਸੀਂ ਕੁਝ ਕਰ ਵੀ ਨਹੀਂ ਸਕਦੇ, ਲਾਚਾਰ ਹਾਂ, ਨਪੁੰਸਕ ਹਾਂ, ਸ਼ਕਤੀਹੀਨ ਹਾਂ। ਤਾਂ ਠੀਕ ਹੈ, ਕਹਿੰਦੇ ਹਾਂ ਠੀਕ, ਤੇਰੀ ਜੋ ਮਰਜ਼ੀ। ਤੁਸੀਂ ਨਾਨਕ ਦਾ ਇਹ ਵਚਨ ਲਾਚਾਰ ਅਵਸਥਾ ਵਿੱਚ ਕਿਹਾ, ਤਾਂ ਤੁਸੀਂ ਅਰਥ ਨਹੀਂ ਸਮਝੇ।

ਸੰਤੋਖ ਦਇਨੀਅਤਾ ਨਹੀਂ ਹੈ। ਉਹ ਤਾਂ ਪਰਮਧੰਨਯਤਾ ਹੈ। ਉਹ ਕਿਸੇ ਲਾਚਾਰ ਹਾਲਤ ਵਿੱਚ ਕਿਹਾ ਗਿਆ ਵਚਨ ਨਹੀਂ ਹੈ। Consolation ਨਹੀਂ ਹੈ ਤਸੱਲੀ ਨਹੀਂ ਹੈ। ਉਹ ਤਾਂ ਸਤਯ ਦਾ ਸਾਖਸ਼ਾਤਕਾਰ ਹੈ। ਇਹ ਤੁਹਾਡੀ ਸਮਝ ਤੋਂ ਆਉਣਾ ਚਾਹੀਦਾ

ਹੈ। ਇਹ ਤੁਹਾਡੀ ਆਪਣੇ ਆਪ ਨੂੰ ਸਮਝਾ ਲੈਣ ਦੀ, ਆਪਣੇ ਆਪ ਉਤੇ ਦਇਆ ਕਰਨ ਦੀ ਬਿਰਤੀ ਤੋਂ ਨਹੀਂ, ਕਿ ਹੁਣ ਕੀ ਕਰੀਏ?

ਜਦ ਆਦਮੀ ਕੁਝ ਵੀ ਨਹੀਂ ਕਰ ਸਕਦਾ, ਤਦ ਸੋਚਦਾ ਹੈ ਜੋ ਉਸਦੀ ਮਰਜ਼ੀ। ਪਰ ਤਦ ਹੀ, ਜਦ ਕੁਝ ਵੀ ਨਹੀਂ ਕਰ ਸਕਦਾ। ਪਹਿਲਾਂ ਤਾਂ ਆਪਣੇ ਕਰਤਾ ਦੇ ਭਾਵ ਦੀ ਪੂਰੀ ਵਰਤੋਂ ਕਰ ਲੈਂਦਾ ਹੈ। ਜਦ ਸਾਰੇ ਪਾਸਿਆਂ ਤੋਂ ਹਾਰ ਜਾਂਦਾ ਹੈ ਤਦ ਉਸ ਉਤੇ ਛੱਡਦਾ ਹੈ। ਇਹ ਛੱਡਣਾ, ਛੱਡਣਾ ਨਹੀਂ ਹੋਇਆ। ਤੁਸੀਂ ਆਪਣੇ ਵਲੋਂ ਕੋਸ਼ਿਸ਼ ਹੀ ਨਾ ਕਰਨਾ, ਤੁਸੀਂ ਪਹਿਲੇ ਕਦਮ ਵਿੱਚ ਹੀ ਉਸ ਉਤੇ ਛੱਡ ਦੇਣਾ।

ਨਾਨਕ ਦੀ ਧਾਰਣਾ ਪਰਮ-ਸਮਰਪਣ ਦੀ ਹੈ। ਉਹ ਹੀ ਭਗਤ ਦੀ ਪਰਮ ਸਾਧਨਾ ਹੈ। ਤਦ ਤੁਹਾਨੂੰ ਨਾ ਰਾਹ ਚੁਨਣਾ ਹੈ, ਨਾ ਵਿਧੀ ਲੱਭਣੀ ਹੈ, ਨਾ ਤੁਹਾਨੂੰ ਸ਼ਾਸਤ੍ਰਾਂ ਦੀ ਚਿੰਤਾ ਕਰਨੀ ਹੈ, ਨਾ ਤਰਕ, ਨਾ ਪ੍ਰਮਾਣ, ਨਾ ਦਰਸ਼ਨ, ਇਨ੍ਹਾਂ ਸਾਰਿਆਂ ਦੀ ਤੁਹਾਡੇ ਲਈ ਕੋਈ ਵਰਤੋਂ ਨਹੀਂ ਰਹੀ। ਭਗਤ ਇਨ੍ਹਾਂ ਤੋਂ ਇਕੋ ਹੀ ਝਟਕੇ ਵਿੱਚ ਛੁਟ ਜਾਂਦਾ ਹੈ ਅਤੇ ਉਹ ਝਟਕਾ ਹੈ ਸਮਰਪਣ ਦਾ। ਉਹ ਇਕੋ ਹੀ ਵਾਰ ਸਭ ਇਕੱਠਾ ਛੱਡ ਦਿੰਦਾ ਹੈ। ਉਹ ਕਹਿੰਦਾ ਹੈ, 'ਜੋ ਤੇਰੀ ਮਰਜ਼ੀ'।

ਜੇਕਰ ਤੁਸੀਂ ਇਸਨੂੰ ਥੋੜ੍ਹਾ ਜਿਹਾ ਪ੍ਰਯੋਗ ਕਰੋਗੇ ਤਾਂ ਹੀ ਖਿਆਲ ਵਿੱਚ ਆ ਸਕੇਗਾ, ਕਿਉਂਕਿ ਨਾਨਕ ਕੋਈ ਦਾਰਸ਼ਨਿਕ ਨਹੀਂ ਹਨ। ਉਹ ਕੋਈ ਸ਼ਾਸਤ੍ਰ ਨਹੀਂ ਰਚ ਰਹੇ ਹਨ, ਉਹ ਤਾਂ ਆਪਣਾ ਅੰਤਰ-ਭਾਵ ਕਹਿ ਰਹੇ ਹਨ। ਜਿਹੋ ਜਿਹਾ ਉਨ੍ਹਾਂ ਨੇ ਅਨੁਭਵ ਕੀਤਾ ਉਹ ਹੀ ਕਹਿ ਰਹੇ ਹਨ। ਅੜਚਨ ਤੁਹਾਨੂੰ ਹਰ ਘੜੀ ਮਾਲੂਮ ਹੋਏਗੀ। ਕਿਉਂਕਿ ਅੜਚਨ ਤੁਹਾਡੇ ਹੰਕਾਰ ਤੋਂ ਆਏਗੀ। ਹੰਕਾਰ ਦਾ ਸਾਰ ਸੂਤਰ ਹੈ ਕਿ ਮੈਂ ਸਮਝਦਾ ਹਾਂ ਕਿ ਕੀ ਠੀਕ ਹੈ ਅਤੇ ਉਹ ਹੀ ਹੋਣਾ ਚਾਹੀਦਾ।

ਟੋਲਸਟਾਏ ਨੇ ਇੱਕ ਨਿੱਕੀ ਜਿਹੀ ਕਹਾਣੀ ਲਿਖੀ ਹੈ। ਮੌਤ ਦੇ ਦੇਵਤੇ ਨੇ ਆਪਣੇ ਇੱਕ ਦੂਤ ਨੂੰ ਭੇਜਿਆ, ਧਰਤੀ ਉਤੇ ਇੱਕ ਇਸਤ੍ਰੀ ਮਰ ਗਈ ਸੀ। ਉਸਦੀ ਆਤਮਾ ਨੂੰ ਲਿਆਉਣਾ ਸੀ। ਦੇਵਦੂਤ ਆਇਆ ਪਰ ਚਿੰਤਾ ਵਿੱਚ ਪੈ ਗਿਆ। ਕਿਉਂਕਿ ਤਿੰਨ ਨਿੱਕੀਆਂ-ਨਿੱਕੀਆਂ ਜੁੜਵਾਂ ਬੱਚੀਆਂ, ਇੱਕ ਅਜੇ ਵੀ ਉਸ ਮਰੀ ਹੋਈ ਇਸਤ੍ਰੀ ਦੇ ਥਣ ਨਾਲ ਲੱਗੀ ਹੋਈ ਹੈ, ਇੱਕ ਚੀਖ ਰਹੀ ਹੈ, ਪੁਕਾਰ ਰਹੀ ਹੈ, ਇੱਕ ਰੋਂਦੀ ਸੌਂ ਗਈ ਹੈ। ਉਸ ਦੇ ਅੱਥਰੂ ਉਸ ਦੀਆਂ ਅੱਖਾਂ ਦੇ ਕੋਲ ਸੁੱਕ ਗਏ ਨੇ। ਤਿੰਨ ਨਿੱਕੀਆਂ ਜੁੜਵਾਂ ਬੱਚੀਆਂ ਅਤੇ ਇਸਤ੍ਰੀ ਮਰ ਗਈ ਹੈ ਅਤੇ ਹੋਰ ਕੋਈ ਵੇਖਣ ਵਾਲਾ ਨਹੀਂ ਹੈ। ਪਤੀ ਪਹਿਲਾਂ ਹੀ ਮਰ ਚੁਕਿਆ ਹੈ। ਪਰਿਵਾਰ ਵਿੱਚ ਹੋਰ ਕੋਈ ਨਹੀਂ ਹੈ। ਇਨ੍ਹਾਂ ਤਿੰਨ ਬੱਚੀਆਂ ਦਾ ਕੀ ਹੋਏਗਾ।

ਉਸ ਦੇਵਦੂਤ ਨੂੰ ਇਹ ਖਿਆਲ ਆ ਗਿਆ। ਤਾਂ ਉਹ ਖ਼ਾਲੀ ਹੱਥ ਪਰਤ ਗਿਆ। ਉਸ ਨੇ ਆਪਣੇ ਪ੍ਰਧਾਨ ਨੂੰ ਜਾ ਕੇ ਕਿਹਾ ਕਿ ਮੈਂ ਨਹੀਂ ਲਿਆ ਸਕਿਆ, ਮੈਨੂੰ ਮਾਫ਼ ਕਰ ਦਿਓ, ਪਰ ਤੁਹਾਨੂੰ ਹਾਲਾਤ ਦਾ ਪਤਾ ਹੀ ਨਹੀਂ। ਤਿੰਨ ਜੁੜਵਾਂ ਬੱਚੀਆਂ ਹਨ-ਨਿੱਕੀਆਂ-ਨਿੱਕੀਆਂ ਦੁੱਧ ਪੀਂਦੀਆਂ। ਇੱਕ ਅਜੇ ਵੀ ਮੁਰਦੇ ਥਣ ਨਾਲ ਲੱਗੀ ਹੈ, ਇੱਕ ਰੋਂਦੀ-ਰੋਂਦੀ ਸੌਂ ਗਈ, ਦੂਸਰੀ ਅਜੇ ਚੀਖ-ਪੁਕਾਰ ਰਹੀ ਹੈ। ਮੇਰਾ ਹਿਰਦਾ ਲਿਆ ਨਹੀਂ ਸਕਿਆ, ਕੀ ਇਹ ਨਹੀਂ ਹੋ ਸਕਦਾ ਕਿ ਇਸ ਇਸਤ੍ਰੀ ਨੂੰ ਜੀਵਨ ਦੇ ਕੁਝ ਦਿਨ ਹੋਰ ਦੇ ਦਿੱਤੇ ਜਾਣ? ਘੱਟੋ-ਘੱਟ ਬੱਚੀਆਂ ਥੋੜ੍ਹੀਆਂ ਵੱਡੀਆਂ ਹੋ ਜਾਣ, ਹੋਰ ਕੋਈ ਵੇਖਣ ਵਾਲਾ ਨਹੀਂ ਹੈ।

ਮੌਤ ਦੇ ਦੇਵਤੇ ਨੇ ਕਿਹਾ, ਤਾਂ ਤੂੰ ਸਮਝਦਾਰ ਹੋ ਗਿਆ, ਉਸ ਤੋਂ ਜ਼ਿਆਦਾ, ਜਿਸਦੀ ਮਰਜ਼ੀ ਨਾਲ ਮੌਤ ਹੁੰਦੀ ਹੈ, ਜਿਸਦੀ ਮਰਜ਼ੀ ਨਾਲ ਜੀਵਨ ਹੁੰਦਾ ਹੈ! ਤਾਂ ਤੂੰ ਪਹਿਲਾ ਪਾਪ ਕਰ ਦਿੱਤਾ, ਅਤੇ ਇਸ ਦੀ ਤੈਨੂੰ ਸਜ਼ਾ ਮਿਲੇਗੀ ਅਤੇ ਸਜ਼ਾ ਇਹ ਹੈ ਕਿ ਤੈਨੂੰ ਧਰਤੀ ਤੇ ਜਾਣਾ ਪਵੇਗਾ। ਅਤੇ ਜਦ ਤੱਕ ਤੂੰ ਤਿੰਨ ਵਾਰ ਨਾ ਹੱਸ ਲਵੇਂਗਾ ਆਪਣੀ ਮੂਰਖਤਾ ਉਤੇ, ਤਦ ਤੱਕ ਪਰਤ ਕੇ ਨਹੀਂ ਆ ਸਕੇਗਾ।

ਇਸਨੂੰ ਥੋੜ੍ਹਾ ਸਮਝਣਾ। 'ਤਿੰਨ ਵਾਰ ਨਾ ਹੱਸ ਲਵੇਂਗਾ ਆਪਣੀ ਮੂਰਖਤਾ ਉਤੇ—ਕਿਉਂਕਿ ਦੂਜੇ ਦੀ ਮੂਰਖਤਾ ਤੇ ਤਾਂ ਹੰਕਾਰ ਹੱਸਦਾ ਹੈ। ਜਦ ਤੁਸੀਂ ਆਪਣੀ ਮੂਰਖਤਾ ਉਤੇ ਹੱਸਦੇ ਹੋ ਤਾਂ ਹੰਕਾਰ ਟੁੱਟਦਾ ਹੈ। ਦੇਵਦੂਤ ਨੂੰ ਲੱਗਾ ਨਹੀਂ, ਉਹ ਦੰਡ ਭੋਗਣ ਨੂੰ ਤਿਆਰ ਹੋ ਗਿਆ। ਪਰ ਫ਼ਿਰ ਵੀ ਉਸਨੂੰ ਲੱਗਿਆ ਕਿ ਸਹੀ ਤਾਂ ਮੈਂ ਹੀ ਹਾਂ ਅਤੇ ਹੱਸਣ ਦਾ ਮੌਕਾ ਕਿਵੇਂ ਆਏਗਾ?

ਉਸ ਨੂੰ ਧਰਤੀ ਤੇ ਸੁੱਟ ਦਿੱਤਾ ਗਿਆ। ਇੱਕ ਚਮਾਰ, ਕੁਝ ਰੁਪਈਏ ਇਕੱਠੇ ਕਰਕੇ ਆਪਣੇ ਬੱਚਿਆਂ ਲਈ ਕੋਟ ਅਤੇ ਕੰਬਲ ਖਰੀਦਣ ਸ਼ਹਿਰ ਗਿਆ ਸੀ, ਕਿਉਂਕਿ ਠੰਢ ਦੇ ਦਿਨ ਨੇੜੇ ਆ ਰਹੇ ਸਨ। ਜਦ ਉਹ ਸ਼ਹਿਰ ਜਾ ਰਿਹਾ ਸੀ ਤਾਂ ਉਸ ਨੇ ਇੱਕ ਨੰਗੇ ਆਦਮੀ ਨੂੰ ਰਾਹ ਕੰਢੇ ਪਏ ਕੰਬਦੇ ਹੋਏ ਵੇਖਿਆ। ਉਹ ਨੰਗਾ ਆਦਮੀ ਉਹ ਹੀ ਦੇਵਦੂਤ ਸੀ, ਜਿਸ ਨੂੰ ਧਰਤੀ ਤੇ ਸੁੱਟ ਦਿੱਤਾ ਗਿਆ ਸੀ। ਉਸ ਚਮਾਰ ਨੂੰ ਦਇਆ ਆ ਗਈ ਅਤੇ ਉਸ ਨੇ ਬਜਾਏ ਆਪਣੇ ਬੱਚਿਆਂ ਲਈ ਕਪੜੇ ਖਰੀਦਣ ਦੇ, ਇਸ ਆਦਮੀ ਲਈ ਕੰਬਲ ਅਤੇ ਕਪੜੇ ਖਰੀਦ ਲਏ। ਇਸ ਆਦਮੀ ਕੋਲ ਕੁਝ ਖਾਣ ਪੀਣ ਨੂੰ ਵੀ ਨਹੀਂ ਸੀ, ਘਰ ਵੀ ਨਹੀਂ ਸੀ, ਛੱਪਰ ਵੀ ਨਹੀਂ ਸੀ, ਜਿੱਥੇ ਰਹਿ ਸਕੇ, ਤਾਂ ਚਮਾਰ ਨੇ ਕਿਹਾ, ਤੂੰ ਮੇਰੇ ਨਾਲ ਹੀ ਚੱਲ, ਪਰ ਜੇਕਰ ਮੇਰੀ ਪਤਨੀ ਨਾਰਾਜ਼ ਹੋਵੇ, ਜੋ ਕਿ ਜ਼ਰੂਰ ਹੋਏਗੀ, ਕਿਉਂਕਿ ਬੱਚਿਆਂ ਲਈ ਕਪੜੇ ਖਰੀਦਣ ਲਈ ਪੈਸੇ ਲਿਆਇਆ ਸੀ, ਉਹ ਤਾਂ ਖਰਚ ਹੋ ਗਏ। ਉਹ ਜੇਕਰ ਨਾਰਾਜ਼ ਹੋਵੇ, ਚੀਖੇ ਜਾਂ ਰੌਲਾ ਪਾਵੇ ਤਾਂ ਤੂੰ

ਪਰੇਸ਼ਾਨ ਨਾ ਹੋਵੀਂ। ਥੋੜ੍ਹੇ ਦਿਨਾਂ 'ਚ ਸਭ ਠੀਕ ਹੋ ਜਾਵੇਗਾ।

ਇਸ ਦੇਵਦੂਤ ਨੂੰ ਲੈ ਕੇ ਚਮਾਰ ਘਰ ਪਰਤਿਆ। ਨਾ ਤਾਂ ਚਮਾਰ ਨੂੰ ਪਤਾ ਹੈ ਕਿ ਦੇਵਦੂਤ ਘਰ 'ਚ ਆਇਆ ਹੈ ਅਤੇ ਨਾ ਪਤਨੀ ਨੂੰ ਪਤਾ ਹੈ। ਜਿਵੇਂ ਹੀ ਦੇਵਦੂਤ ਨੂੰ ਲੈ ਕੇ ਚਮਾਰ ਘਰ ਪੁੱਜਾ, ਪਤਨੀ ਇੱਕ ਦਮ ਪਾਗਲ ਹੋ ਗਈ। ਬਹੁਤ ਨਾਰਾਜ਼ ਹੋਈ, ਬਹੁਤ ਚੀਖੀ-ਚਿੱਲਾਈ ਅਤੇ ਦੇਵਦੂਤ ਪਹਿਲੀ ਵਾਰ ਹੱਸਿਆ।

ਚਮਾਰ ਨੇ ਉਸ ਨੂੰ ਕਿਹਾ, ਹੱਸਦੇ ਹੋ, ਕੀ ਗੱਲ ਹੈ? ਉਸ ਨੇ ਕਿਹਾ, ਮੈਂ ਜਦ ਤਿੰਨ ਵਾਰ ਹੱਸ ਲਵਾਂਗਾ ਫ਼ਿਰ ਦੱਸ ਦਿਆਂਗਾ। ਦੇਵਦੂਤ ਹੱਸਿਆ ਪਹਿਲੀ ਵਾਰ, ਕਿਉਂਕਿ ਉਸ ਨੇ ਵੇਖਿਆ ਕਿ ਇਸ ਪਤਨੀ ਨੂੰ ਪਤਾ ਨਹੀਂ ਕਿ ਚਮਾਰ ਦੇਵਦੂਤ ਨੂੰ ਘਰ ਲੈ ਆਇਆ ਹੈ, ਜਿਸਦੇ ਆਉਂਦੇ ਹੀ ਘਰ ਵਿੱਚ ਹਜ਼ਾਰਾਂ ਖੁਸ਼ੀਆਂ ਆ ਜਾਣਗੀਆਂ।

ਪਰ ਆਦਮੀ ਵੇਖ ਹੀ ਕਿੰਨੀ ਦੂਰ ਤੱਕ ਸਕਦਾ ਹੈ। ਪਤਨੀ ਤਾਂ ਏਨਾਂ ਹੀ ਵੇਖ ਰਹੀ ਹੈ ਕਿ ਇੱਕ ਕੰਬਲ ਅਤੇ ਬੱਚਿਆਂ ਦੇ ਕਪੜੇ ਨਹੀਂ ਬਚੇ ਜਿਹੜਾ ਗੁਆਚ ਗਿਆ ਹੈ ਉਹ ਵੇਖ ਰਹੀ ਹੈ ਅਤੇ ਜੋ ਮਿਲਿਆ ਹੈ ਉਸਦਾ ਉਸਨੂੰ ਅੰਦਾਜ਼ਾ ਹੀ ਨਹੀਂ ਹੈ—ਮੁਫਤ! ਘਰ ਵਿੱਚ ਦੇਵਦੂਤ ਆ ਗਿਆ ਹੈ। ਜਿਸਦੇ ਆਉਣ ਨਾਲ ਹਜ਼ਾਰਾਂ ਖੁਸ਼ੀਆਂ ਦੇ ਬੂਹੇ ਖੁੱਲ੍ਹ ਜਾਣਗੇ। ਤਾਂ ਦੇਵਦੂਤ ਹੱਸਿਆ। ਉਸ ਨੂੰ ਪਤਾ ਲੱਗੀ ਆਪਣੀ ਮੂਰਖਤਾ—ਕਿਉਂਕਿ ਪਤਨੀ ਵੀ ਨਹੀਂ ਵੇਖ ਪਾ ਰਹੀ ਹੈ ਕਿ ਕੀ ਵਾਪਰ ਰਿਹਾ ਹੈ।

ਛੇਤੀ ਹੀ, ਕਿਉਂਕਿ ਉਹ ਦੇਵਦੂਤ ਸੀ, ਉਸ ਨੇ ਸੱਤ ਦਿਨਾਂ ਵਿੱਚ ਹੀ ਚਮਾਰ ਦਾ ਸਭ ਕੰਮ ਸਿੱਖ ਲਿਆ। ਉਸ ਦੀਆਂ ਜੁੱਤੀਆਂ ਏਨੀਆਂ ਪ੍ਰਸਿੱਧ ਹੋ ਗਈਆਂ ਕਿ ਚਮਾਰ ਇੱਕ ਮਹੀਨੇ ਵਿੱਚ ਹੀ ਅਮੀਰ ਹੋ ਗਿਆ। ਅੱਧਾ ਸਾਲ ਹੁੰਦੇ-ਹੁੰਦੇ ਤਾਂ ਉਸ ਦੀ ਪ੍ਰਸਿਧੀ ਸਾਰੇ ਲੋਕਾਂ ਵਿੱਚ ਪੁੱਜ ਗਈ ਕਿ ਉਸ ਵਰਗਾ ਜੁੱਤੀਆਂ ਬਨਾਉਣ ਵਾਲਾ ਕੋਈ ਵੀ ਨਹੀਂ, ਕਿਉਂਕਿ ਜੁੱਤੀਆਂ ਦੇਵਦੂਤ ਬਣਾਉਂਦਾ ਸੀ। ਬਾਦਸ਼ਾਹਾਂ ਦੀਆਂ ਜੁੱਤੀਆਂ ਉਥੇ ਬਨਣ ਲੱਗੀਆਂ। ਧਨ ਅਪਰੰਪਾਰ ਵਰ੍ਹਨ ਲੱਗਾ।

ਇੱਕ ਦਿਨ ਰਾਜੇ ਦਾ ਆਦਮੀ ਆਇਆ ਅਤੇ ਉਸ ਨੇ ਕਿਹਾ ਕਿ ਇਹ ਚਮੜਾ ਬਹੁਤ ਕੀਮਤੀ ਹੈ, ਆਸਾਨੀ ਨਾਲ ਮਿਲਦਾ ਨਹੀਂ, ਸੋ ਕੋਈ ਭੁੱਲ-ਚੁੱਕ ਨਾ ਕਰਨਾ। ਜੁੱਤੀਆਂ ਠੀਕ ਇਸ ਤਰ੍ਹਾਂ ਦੀਆਂ ਬਨਣੀਆਂ ਚਾਹੀਦੀਆਂ ਅਤੇ ਧਿਆਨ ਰੱਖਣਾ ਜੁੱਤੀਆਂ ਬਨਾਉਣੀਆਂ ਹਨ, ਸਲੀਪਰ ਨਹੀਂ। ਕਿਉਂਕਿ ਰੂਸ ਵਿੱਚ ਜਦੋਂ ਕੋਈ ਮਨੁੱਖ ਮਰ ਜਾਂਦਾ ਹੈ, ਤਦ ਉਸ ਨੂੰ ਸਲੀਪਰ ਪੁਆ ਕੇ ਸ਼ਮਸ਼ਾਨ ਤੱਕ ਲਿਜਾਂਦੇ ਹਨ। ਚਮਾਰ ਨੇ ਵੀ ਦੇਵਦੂਤ ਨੂੰ ਕਿਹਾ ਕਿ ਸਲੀਪਰ ਨਾ ਬਣਾ ਦੇਵੀਂ। ਜੁੱਤੀਆਂ ਬਨਾਉਣੀਆਂ ਹਨ। ਸਪਸ਼ੱਟ ਆਗਿਆ ਹੈ ਅਤੇ ਚਮੜਾ ਏਨਾ ਹੀ ਹੈ। ਜੇਕਰ ਗੜਬੜ ਹੋ ਗਈ ਤਾਂ ਅਸੀਂ

ਮੁਸੀਬਤ ਵਿੱਚ ਫਸਾਂਗੇ। ਪਰ ਫ਼ਿਰ ਵੀ ਦੇਵਦੂਤ ਨੇ ਸਲੀਪਰ ਹੀ ਬਣਾਏ। ਜਦ ਚਮਾਰ ਨੇ ਵੇਖੇ ਕਿ ਸਲੀਪਰ ਬਣੇ ਹਨ ਤਾਂ ਉਹ ਬੜਾ ਗੁੱਸੇ ਹੋ ਗਿਆ। ਉਹ ਸੋਟਾ ਚੁੱਕ ਕੇ ਉਸ ਨੂੰ ਮਾਰਨ ਲਈ ਤਿਆਰ ਹੋ ਗਿਆ ਕਿ ਤੂੰ ਸਾਨੂੰ ਫਾਂਸੀ ਲਗਵਾ ਦੇਵੇਂਗਾ ਅਤੇ ਤੈਨੂੰ ਬਾਰ-ਬਾਰ ਕਿਹਾ ਸੀ ਕਿ ਸਲੀਪਰ ਨਹੀਂ ਬਨਾਉਂਣੇ। ਪਰ ਫ਼ਿਰ ਸਲੀਪਰ ਕਿਸ ਵਾਸਤੇ?

ਦੇਵਦੂਤ ਫ਼ਿਰ ਖਿੜਖਿੜਾ ਕੇ ਹੱਸਿਆ। ਤਦ ਹੀ ਰਾਜੇ ਦੇ ਘਰੋਂ ਭੱਜਦਾ ਹੋਇਆ ਆਦਮੀ ਆਇਆ। ਉਸ ਨੇ ਕਿਹਾ, ਜੁੱਤੀਆਂ ਨਾ ਬਨਾਉਂਣਾ, ਸਲੀਪਰ ਹੀ ਬਨਾਉਂਣਾ ਕਿਉਂਕਿ ਰਾਜੇ ਦੀ ਮੌਤ ਹੋ ਗਈ ਹੈ।

ਭਵਿੱਖ ਅਨ-ਜਾਣਿਆ ਹੈ। ਸਿਵਾਏ 'ਉਸ' ਦੇ ਹੋਰ ਕਿਸੇ ਨੂੰ ਜਾਣਕਾਰੀ ਨਹੀਂ ਅਤੇ ਆਦਮੀ ਅਤੀਤ ਦੇ ਆਧਾਰ ਉਤੇ ਫੈਸਲਾ ਲੈਂਦਾ ਹੈ। ਰਾਜਾ ਜੀਉਂਦਾ ਸੀ ਤਾਂ ਜੁੱਤੀਆਂ ਚਾਹੀਦੀਆਂ ਸਨ, ਮਰ ਗਿਆ ਤਾਂ ਸਲੀਪਰ ਚਾਹੀਦੇ ਹਨ। ਤਦ ਉਹ ਚਮਾਰ, ਉਸ ਦੇ ਪੈਰ ਫੜ ਕੇ ਮਾਫ਼ੀ ਮੰਗਣ ਲੱਗਾ ਕਿ ਮੈਨੂੰ ਮਾਫ਼ ਕਰ ਦੇ, ਮੈਂ ਤੈਨੂੰ ਮਾਰਿਆ। ਪਰ ਉਸ ਨੇ ਕਿਹਾ, ਕੋਈ ਹਰਜ ਨਹੀਂ। ਮੈਂ ਆਪਣਾ ਦੰਡ ਭੋਗ ਰਿਹਾ ਹਾਂ। ਪਰ ਉਹ ਹੱਸਿਆ ਦੂਜੀ ਵਾਰ। ਚਮਾਰ ਨੇ ਫ਼ਿਰ ਪੁੱਛਿਆ, ਕਿ ਹੱਸਣ ਦਾ ਕਾਰਣ?

ਉਸ ਨੇ ਕਿਹਾ, ਜਦ ਮੈਂ ਤਿੰਨ ਵਾਰ ਹੱਸ ਲਵਾਂ.....।

ਦੂਜੀ ਵਾਰ ਹੱਸਿਆ ਇਸ ਲਈ ਕਿ ਭਵਿੱਖ ਦਾ ਸਾਨੂੰ ਪਤਾ ਨਹੀਂ ਹੈ। ਇਸ ਲਈ ਅਸੀਂ ਇੱਛਾਵਾਂ ਕਰਦੇ ਹਾਂ ਜੋ ਕਿ ਵਿਅਰਥ ਹਨ। ਅਸੀਂ ਤਮੰਨਾਵਾਂ ਕਰਦੇ ਹਾਂ ਜਿਹੜੀਆਂ ਕਿ ਕਦੇ ਪੂਰੀਆਂ ਨਾ ਹੋਣਗੀਆਂ। ਅਸੀਂ ਮੰਗਦੇ ਹਾਂ ਜਿਹੜਾ ਕਦੇ ਨਹੀਂ ਵਾਪਰੇਗਾ ਕਿਉਂਕਿ ਕੁਝ ਹੋਰ ਹੀ ਵਾਪਰਨਾ ਤੈਅ ਹੈ। ਸਾਤੋਂ ਬਿਨ੍ਹਾਂ ਪੁਛਿਆਂ ਸਾਡੀ ਨਿਯਤੀ ਘੁੰਮ ਰਹੀ ਹੈ ਅਤੇ ਅਸੀਂ ਬੇਕਾਰ ਹੀ ਵਿਚਕਾਰ ਰੋਲਾ ਪਾਈ ਰੱਖਦੇ ਹਾਂ। ਚਾਹੀਦੇ ਨੇ ਸਲੀਪਰ, ਮੰਗਦੇ ਅਸੀਂ ਜੁੱਤੀਆਂ ਹਾਂ। ਮਰਨ ਦਾ ਵੇਲਾ ਨੇੜੇ ਆ ਰਿਹਾ ਹੈ ਅਤੇ ਜ਼ਿੰਦਗੀ ਦਾ ਅਸੀਂ ਇੰਤਜ਼ਾਮ ਕਰਦੇ ਹਾਂ, ਤਾਂ ਦੇਵਦੂਤ ਨੂੰ ਲੱਗਿਆ ਕਿ ਉਹ ਬੱਚੀਆਂ! ਮੈਨੂੰ ਕੀ ਪਤਾ, ਭਵਿੱਖ ਉਨ੍ਹਾਂ ਦਾ ਕੀ ਹੋਣ ਵਾਲਾ ਹੈ? ਮੈਂ ਬੇਕਾਰ ਵਿਚਕਾਰ ਆਇਆ।

ਅਤੇ ਤੀਜੀ ਘਟਨਾ ਘਟੀ ਕਿ ਇੱਕ ਦਿਨ ਤਿੰਨ ਜਵਾਨ ਕੁੜੀਆਂ ਆਈਆਂ। ਉਨ੍ਹਾਂ ਤਿੰਨਾਂ ਦਾ ਵਿਆਹ ਹੋ ਰਿਹਾ ਸੀ ਅਤੇ ਉਨ੍ਹਾਂ ਤੇਹਾਂ ਨੇ ਜੁੱਤੀਆਂ ਦੇ ਆਡਰ ਦਿੱਤੇ ਕਿ ਉਨ੍ਹਾਂ ਲਈ ਜੁੱਤੀਆਂ ਬਣਾਈਆਂ ਜਾਣ। ਇੱਕ ਬੁੱਢੀ ਇਸਤ੍ਰੀ ਉਨ੍ਹਾਂ ਦੇ ਨਾਲ ਆਈ ਸੀ। ਜਿਹੜੀ ਬਹੁਤ ਧਨਵਾਨ ਸੀ। ਦੇਵਦੂਤ ਨੇ ਪਛਾਣ ਲਿਆ ਕਿ ਇਹ ਉਹ ਹੀ ਤਿੰਨ ਕੁੜੀਆਂ ਹਨ। ਜਿਨ੍ਹਾਂ ਨੂੰ ਉਹ ਮਰੀ ਹੋਈ ਮਾਂ ਦੇ ਕੋਲ ਛੱਡ ਗਿਆ ਸੀ ਅਤੇ

ਜਿਨ੍ਹਾਂ ਦੀ ਵਜ੍ਹਾ ਕਰਕੇ ਉਹ ਸਜਾ ਭੋਗ ਰਿਹਾ ਸੀ। ਉਹ ਸਾਰੀਆਂ ਤੰਦਰੁਸਤ ਸਨ, ਸੋਹਣੀਆਂ ਸਨ। ਉਸ ਨੇ ਪੁੱਛਿਆ, ਕੀ ਹੋਇਆ? ਇਹ ਬੁੱਢੀ ਇਸਤ੍ਰੀ ਕੌਣ ਹੈ। ਉਸ ਬੁੱਢੀ ਇਸਤ੍ਰੀ ਨੇ ਕਿਹਾ ਇਹ ਮੇਰੀ ਗੁਆਂਢਣ ਦੀਆਂ ਕੁੜੀਆਂ ਹਨ। ਗਰੀਬ ਇਸਤ੍ਰੀ ਸੀ। ਉਸਦੀ ਦੇਹ ਵਿੱਚ ਦੁੱਧ ਵੀ ਨਹੀਂ ਸੀ। ਉਸ ਕੋਲ, ਕਪੜੇ ਲਤੇ, ਪੈਸੇ ਵੀ ਨਹੀਂ ਸਨ ਅਤੇ ਤਿੰਨ ਬੱਚੇ ਜੁੜਵਾ। ਉਹ ਇਨ੍ਹਾਂ ਨੂੰ ਹੀ ਦੁੱਧ ਪਿਲਾਉਂਦੀ ਮਰ ਗਈ। ਪਰ ਮੈਨੂੰ ਦਇਆ ਆ ਗਈ, ਮੇਰੇ ਕੋਈ ਬੱਚੇ ਨਹੀਂ ਸੀ, ਤਾਂ ਮੈਂ ਇਨ੍ਹਾਂ ਤਿੰਨਾਂ ਬੱਚੀਆਂ ਨੂੰ ਪਾਲ ਲਿਆ ।

ਜੇਕਰ ਮਾਂ ਜੀਉਂਦੀ ਰਹਿੰਦੀ ਤਾਂ ਇਹ ਤਿੰਨ ਬੱਚੀਆਂ ਗਰੀਬ, ਭੁੱਖ, ਦੀਨਤਾ ਅਤੇ ਦਰਿਦ੍ਰਤਾ ਵਿੱਚ ਵੱਡੀਆਂ ਹੁੰਦੀਆਂ। ਮਾਂ ਮਰ ਗਈ, ਇਸ ਲਈ ਇਹ ਬੱਚੀਆਂ ਤਿੰਨੋਂ ਬਹੁਤ ਵੱਡੇ ਧਨ, ਵੈਭਵ ਵਿੱਚ, ਸੰਪਦਾ ਵਿੱਚ ਪਲੀਆਂ ਅਤੇ ਹੁਣ ਉਸ ਬੁੱਢੀ ਦੀ ਸਾਰੀ ਪੂੰਜੀ ਦੀਆਂ ਇਹ ਹੀ ਮਾਲਿਕ ਹਨ ਅਤੇ ਉਨ੍ਹਾਂ ਦਾ ਬਾਦਸ਼ਾਹ ਦੇ ਪਰਿਵਾਰ ਵਿੱਚ ਵਿਆਹ ਹੋ ਰਿਹਾ ਹੈ। ਦੇਵਦੂਤ ਤੀਜੀ ਵਾਰ ਹੱਸਿਆ।

ਫ਼ਿਰ ਚਮਾਰ ਨੂੰ ਉਸ ਨੇ ਕਿਹਾ ਕਿ ਇਹ ਤਿੰਨ ਕਾਰਣ ਹਨ। ਭੁੱਲ ਮੇਰੀ ਸੀ। ਹੋਣੀ ਵੱਡੀ ਹੈ ਅਤੇ ਅਸੀਂ ਓਨਾਂ ਹੀ ਵੇਖ ਪਾਉਂਦੇ ਹਾਂ ਜਿੰਨਾਂ ਵੇਖ ਸਕਦੇ ਹਾਂ। ਜੋ ਨਹੀਂ ਵੇਖ ਸਕਦੇ, ਬਹੁਤ ਵਿਸਤਾਰ ਹੈ ਉਸ ਦਾ। ਅਤੇ ਅਸੀਂ ਜੋ ਵੇਖ ਸਕਦੇ ਹਾਂ ਉਸ ਤੋਂ ਅਸੀਂ ਕੋਈ ਅੰਦਾਜ਼ਾ ਲਾ ਸਕਦੇ। ਜੋ ਹੋਣ ਵਾਲਾ ਹੈ, ਜੋ ਹੋਏਗਾ। ਮੈਂ ਆਪਣੀ ਮੂਰਖਤਾ ਤੇ ਤਿੰਨ ਵਾਰ ਹੱਸ ਲਿਆ। ਹੁਣ ਮੇਰਾ ਦੰਡ ਪੂਰਾ ਹੋ ਗਿਆ। ਮੈਂ ਹੁਣ ਜਾਂਦਾ ਹਾਂ।

ਨਾਨਕ ਜੋ ਕਹਿ ਰਹੇ ਹਨ, ਉਹ ਇਹ ਕਹਿ ਰਹੇ ਹਨ ਕਿ ਤੁਸੀਂ ਜੇਕਰ ਆਪਣੇ ਆਪ ਨੂੰ ਵਿਚਕਾਰ ਲਿਆਉਣਾ ਬੰਦ ਕਰ ਦਿਓ, ਤਾਂ ਤੁਹਾਨੂੰ ਰਾਹਾਂ ਦਾ ਰਾਹ ਮਿਲ ਗਿਆ। ਫ਼ਿਰ ਅਸ਼ੰਖ ਰਾਹਾਂ ਦੀ ਚਿੰਤਾ ਨਹੀਂ ਕਰਨੀ ਪਵੇਗੀ। ਛੱਡ ਦਿਓ ਉਸਦੇ ਉਤੇ। ਉਹ ਜੋ ਕਰਵਾ ਰਿਹਾ ਹੈ, ਜੋ ਉਸ ਨੇ ਹੁਣ ਤੱਕ ਕਰਵਾਇਆ ਹੈ, ਉਸ ਲਈ ਧੰਨਵਾਦ। ਜੋ ਅਜੇ ਕਰਵਾ ਰਿਹਾ ਹੈ, ਉਸ ਲਈ ਵੀ ਧੰਨਵਾਦ। ਜੋ ਉਹ ਕੱਲ੍ਹ ਕਰਵਾਏਗਾ ਉਸ ਲਈ ਵੀ ਧੰਨਵਾਦ। ਤੁਸੀਂ ਬਿਨਾਂ ਲਿਖਿਆ ਧੰਨਵਾਦ ਦਾ ਚੈਕ ਉਸਨੂੰ ਦੇ ਦਿਓ। ਉਹ ਜੋ ਵੀ ਹੋਵੇ, ਤੁਹਾਡੇ ਧੰਨਵਾਦ ਵਿੱਚ ਕੋਈ ਫ਼ਰਕ ਨਾ ਪਵੇਗਾ। ਚੰਗਾ ਲੱਗੇ, ਭੈੜਾ ਲੱਗੇ, ਲੋਕ ਚੰਗਾ ਕਹਿਣ, ਭੈੜਾ ਕਹਿਣ, ਲੋਕਾਂ ਨੂੰ ਵਿਖਾਈ ਪਵੇ ਸੁਭਾਗ ਜਾਂ ਦੁਰਭਾਗ, ਇਹ ਸਾਰੀਆਂ ਚਿੰਤਾਵਾਂ ਤੁਸੀਂ ਨਾ ਕਰਨਾ। ਇਸ ਲਈ ਨਾਨਕ ਕਹਿੰਦੇ ਹਨ ਕਿ ਮੈਨੂੰ ਤਾਂ ਇਕੋ ਹੀ ਰਾਹ ਵਿਖਾਈ ਦਿੰਦਾ ਹੈ ਅਤੇ ਉਹ ਹੈ:

*'ਵਾਰਿਆ ਨ ਜਾਵਾ ਏਕ ਵਾਰ॥*
*ਜੋ ਤੁਧੁ ਭਾਵੈ ਸਾਈ ਭਲੀ ਕਾਰ॥ ਤੂ ਸਦਾ ਸਲਾਮਤਿ ਨਿਰੰਕਾਰ॥'*

ਤੂੰ ਸਦਾ ਹੈ। ਤੂੰ ਨਿਰੰਕਾਰ ਹੈ। ਤੂੰ ਸ਼ਾਸ਼ਵਤ ਹੈ। ਮੈਂ ਨਿੱਕਾ ਹਾਂ, ਲਹਿਰ ਦੇ ਵਾਂਗ ਹਾਂ, ਮੈਂ ਸਭ ਤੇਰੇ ਉਤੇ ਛੱਡਦਾ ਹਾਂ ਅਤੇ ਤੂੰ ਏਨਾ ਦਿੱਤਾ ਹੈ ਅਤੇ ਤੇਰਾ ਏਨਾ ਦਾਨ ਚੱਲ ਰਿਹਾ ਹੈ ਕਿ ਮੈਂ ਹਜ਼ਾਰ ਵਾਰ ਵੀ ਤੇਰੇ ਉਤੋਂ ਵਾਰਿਆ ਜਾਵਾਂ ਤਾਂ ਵੀ ਥੋੜ੍ਹਾ ਹੈ। ਬੱਸ, ਇਕੋ ਹੀ ਮੇਰਾ ਸੂਤਰ ਹੈ ਜੋ ਤੈਨੂੰ ਭਾਵੇ ਉਹ ਹੀ ਭਲਾ ਹੈ।

ਅਸੰਖ ਘੋਰ ਮੂਰਖ ਹਨ ਅਤੇ ਅਸੰਖ ਅੰਨ੍ਹੇ ਹਨ। ਅਸੰਖ ਚੋਰ ਹਨ, ਹਰਾਮਖੋਰ ਹਨ। ਅਸੰਖ ਅਜਿਹੇ ਹਨ, ਜਿਹੜੇ ਜਬਰਦਸਤੀ ਆਪਣਾ ਹੁਕਮ ਚਲਾ ਕੇ ਵਿਦਾ ਹੁੰਦੇ ਹਨ। ਅਸੰਖ ਗਲੇ ਵੱਢਣ ਵਾਲੇ ਹਨ ਅਤੇ ਹੱਤਿਆ ਤੋਂ ਇਲਾਵਾ ਕੁਝ ਵੀ ਨਹੀਂ ਕਮਾਉਂਦੇ। ਅਸੰਖ ਪਾਪੀ ਪਾਪ ਹੀ ਕਰਕੇ ਜੀਉਂਦੇ ਨੇ। ਅਸੰਖ ਝੂਠੇ ਆਪਣੇ ਝੂਠ 'ਚ ਹੀ ਡੋਲਦੇ ਰਹਿੰਦੇ ਹਨ। ਅਸੰਖ ਮਲੇਛਾਂ ਨੇ ਮਲ ਹੀ ਨੂੰ ਭਜਨ ਬਣਾ ਲਿਆ ਹੈ। ਅਸੰਖ ਨਿੰਦਕ ਸਿਰ ਨੂੰ ਭਾਰੀ ਕਰਕੇ ਟੁਰੀ ਫਿਰਦੇ ਹਨ। ਇਸ ਤਰ੍ਹਾਂ ਨਾਨਕ ਨੀਚ ਦਾ ਵਿਚਾਰ ਕਰਦੇ ਹਨ। ਕਹਿੰਦੇ ਹਨ, ਤੇਰੇ ਉਤੋਂ ਇੱਕ ਵਾਰ ਨਹੀਂ ਵਾਰ-ਵਾਰ ਵਾਰਿਆ ਜਾਵਾਂ, ਅਜਿਹਾ ਤੂੰ ਹੈ। ਜੋ ਤੈਨੂੰ ਭਾਵੇ ਉਹ ਹੀ ਭਲਾ ਕਰਮ ਹੈ, ਤੂੰ ਸਦਾ ਸਲਾਮਤ ਅਤੇ ਨਿਰੰਕਾਰ ਹੈਂ।

ਇੱਕ ਪਾਸੇ ਭਲੇ ਲੋਕਾਂ ਦੀ, ਸਾਧੂਆਂ ਦੀ, ਸੰਤਾਂ ਦੀ, ਵਿਚਾਰਕਾਂ ਦੀ ਜਮਾਤ ਹੈ, ਜਿਨ੍ਹਾਂ ਨੇ ਵਿਚਾਰ ਕਰ-ਕਰਕੇ ਸਤਯ ਦੇ ਅਸ਼ੰਖ ਰਾਹ ਲੱਭੇ ਹਨ। ਅਸੰਖ ਰਾਹ ਦੇ ਕਾਰਣ ਸਤਯ ਗੁਆਚ ਗਿਆ ਹੈ।

ਦੂਜੇ ਪਾਸੇ ਉਨ੍ਹਾਂ ਦੇ ਵਿਰੋਧ 'ਚ ਖਲੋਤੇ ਬੇਈਮਾਨ, ਚੋਰ, ਹੱਤਿਆਰੇ, ਪਾਪੀ ਹਨ। ਉਨ੍ਹਾਂ ਨੇ ਵੀ ਆਪਣੇ ਹੰਕਾਰ ਦੀ ਕੋਸ਼ਿਸ਼ ਕਰ-ਕਰਕੇ, ਸਤਯ ਤੋਂ ਬਚਣ ਲਈ ਅਸੰਖ ਰਾਹ ਖੋਜ ਲਏ ਹਨ। ਉਨ੍ਹਾਂ ਨੇ ਝੂਠ ਦੀਆਂ ਨਵੀਆਂ-ਨਵੀਆਂ ਕਾਢਾਂ ਕੱਢ ਲਈਆਂ ਹਨ। ਉਹ ਵੱਡੇ ਅਵਿਸ਼ਕਾਰਕ ਹਨ। ਉਨ੍ਹਾਂ ਨੇ ਬਹੁਤ ਮਨ ਨੂੰ ਮੋਹਣ ਵਾਲੇ ਝੂਠ ਲੱਭ ਲਏ ਹਨ। ਉਨ੍ਹਾਂ ਨੇ ਬਹੁਤ ਪਿਆਰੇ ਸੁਫ਼ਨੇ ਬਣਾ ਲਏ ਹਨ। ਉਨ੍ਹਾਂ ਦੇ ਸੰਮੋਹਨ ਵਿੱਚ ਕੋਈ ਵੀ ਫਸ ਸਕਦਾ ਹੈ ਅਤੇ ਤਦ ਭਟਕ ਜਾਂਦਾ ਹੈ।

ਦੋ ਹਨ ਭਟਕਣ ਦੇ ਮਾਰਗ। ਇੱਕ ਤਾਂ ਤੁਸੀਂ ਅਸਤਯ ਦੇ ਪਾਸੇ ਜਾਓ ਤਾਂ ਭਟਕ ਜਾਂਦੇ ਹੋ। ਜਾਂ ਤੁਸੀਂ ਸਤਯ ਦੇ ਵਿਚਾਰ ਵਿੱਚ ਪੈ ਜਾਓ ਕਿ ਕਿਹੜਾ ਰਾਹ ਹੈ, ਤਾਂ ਤੁਸੀਂ ਭਟਕ ਜਾਓਗੇ। ਨਾਨਕ ਕਹਿੰਦੇ ਹਨ, ਮੈਂ ਦੋਹਾਂ ਦੀ ਚਿੰਤਾ ਨਹੀਂ ਕਰਦਾ। ਜੋ ਤੈਨੂੰ ਭਾਵੇ ਉਹ ਹੀ ਭਲਾ ਕਰਮ ਹੈ। ਨਾ ਮੈਂ ਇਸ ਦੀ ਫਿਕਰ ਕਰਦਾ ਕਿ ਪਵਿੱਤ੍ਰ ਆਤਮਾ ਕੀ ਕਹਿੰਦੀ ਨਾ ਮੈਂ ਏਸ ਦੀ ਫਿਕਰ ਕਰਦਾ ਕਿ ਪਾਪੀ ਕੀ ਕਹਿੰਦੇ ਹਨ। ਨਾ ਤਾਂ ਪੁੰਨ ਅਤੇ ਨਾ ਪਾਪ, ਨਾ ਤਾਂ ਸਾਧੂ ਅਤੇ ਨਾ ਅਸਾਧੂ। ਨਾ, ਮੈਂ ਇਨ੍ਹਾਂ ਦੋਹਾਂ ਵਿਚੋਂ ਨਹੀਂ ਚੁਣਦਾ। ਨਾ ਤਾਂ ਮਾਰਗ ਨਾ ਕੁਮਾਰਗ ਮੈਂ ਚੁਣਦਾ ਹੀ ਨਹੀਂ। ਮੈਂ ਸਭ ਤੇਰੇ ਉਤੇ ਹੀ

ਛੱਡ ਦਿੰਦਾ ਹਾਂ। ਜੋ ਤੂੰ ਕਰਵਾਏਂ ਉਹ ਹੀ ਸ਼ੁਭ ਹੈ। ਜਿਹੜਾ ਰਾਹ ਤੂੰ ਦੱਸੇਂ ਉਹ ਹੀ ਮੇਰਾ ਰਾਹ ਹੈ। ਮੰਜ਼ਿਲ ਮਿਲੇ ਜਾਂ ਨਾ ਮਿਲੇ।

ਇਸਨੂੰ ਥੋੜ੍ਹਾ ਸਮਝ ਲਵੋ। ਕਿਉਂਕਿ ਜੇਕਰ ਮੰਜ਼ਿਲ ਮਿਲਣ ਦੀ ਭਾਵਨਾ ਬਣੀ ਰਹੀ ਤਾਂ ਤੁਸੀਂ ਸਭ ਉਸਦੇ ਉਤੇ ਨਹੀਂ ਛੱਡ ਸਕੋਗੇ। ਤਦ ਤੁਸੀਂ ਇਹ ਤਾਂ ਧਿਆਨ ਰੱਖੋਗੇ ਹੀ ਕਿ ਮੰਜ਼ਿਲ ਮਿਲ ਰਹੀ ਜਾਂ ਨਹੀਂ ਮਿਲ ਰਹੀ ਹੈ। ਮੰਜ਼ਿਲ ਦੀ ਜੇਕਰ ਤੁਹਾਡੇ ਮਨ 'ਚ ਧਾਰਨਾ ਬਣੀ ਰਹੀ ਤਾਂ ਸਭ ਨਾ ਛੱਡ ਸਕੋਗੇ? ਅੱਧਾ-ਅੱਧਾ ਛੱਡੋਗੇ ਅਤੇ ਅੱਧਾ-ਅੱਧਾ ਛੱਡਣਾ, ਨਾ ਛੱਡਣ ਤੋਂ ਬਦਤਰ ਹੈ। ਉਹ ਛੱਡਣ ਹੈ ਹੀ ਨਹੀਂ।

ਨਹੀਂ, ਮੰਜ਼ਿਲ ਮਿਲੇ ਜਾਂ ਨਾ ਮਿਲੇ, ਹੁਣ ਮੰਜ਼ਿਲ ਹੀ ਨਾ ਰਹੀ। ਛੱਡਣਾ ਹੀ ਮੰਜ਼ਿਲ ਹੈ। ਭਗਤ ਦੇ ਲਈ ਸਮਰਪਣ ਅਨੰਤ ਹੈ। ਉਸ ਤੋਂ ਪਾਰ ਫ਼ਿਰ ਕੁਝ ਵੀ ਨਹੀਂ ਬਚਦਾ। ਫ਼ਿਰ ਉਹ ਡੋਬ ਦੇਵੇ ਤਾਂ ਵੀ ਭਗਤ ਨੂੰ ਲੱਗੇਗਾ, ਉਹ ਉਭਾਰ ਰਿਹਾ ਹੈ। ਉਹ ਮਿਟਾ ਦੇਵੇ ਤਾਂ ਭਗਤ ਨੂੰ ਲੱਗੇਗਾ ਉਹ ਬਣਾ ਰਿਹਾ ਹੈ। ਉਹ ਹਨੇਰੇ ਵਿੱਚ ਸੁੱਟ ਦੇਵੇ ਤਾਂ ਵੀ ਭਗਤ ਨੂੰ ਲੱਗੇਗਾ ਕਿ ਮਹਾਂ ਸੂਰਜਾਂ ਦਾ ਉਜਾਗਰ ਹੋਇਆ ਹੈ। ਸਵਾਲ ਇਹ ਨਹੀਂ ਹੈ ਕਿ ਅਸੀਂ ਕਿੱਥੇ ਜਾਂਦੇ ਹਾਂ। ਸਵਾਲ ਇਹ ਵੀ ਨਹੀਂ ਕਿ ਅਸੀਂ ਕੀ ਪਾਉਂਦੇ ਹਾਂ। ਸਵਾਲ ਇਹ ਹੈ ਕਿ ਸਾਡੀ ਭਾਵ ਦਸ਼ਾ ਕੀ ਹੈ? ਨਾਨਕ ਦੀ ਪੂਰੀ ਪ੍ਰਕ੍ਰਿਆ ਸਮਰਪਣ ਦੀ ਪ੍ਰਕ੍ਰਿਆ ਹੈ।

*ਜੋ ਤੁਧੁ ਭਾਵੈ ਸਾਈ ਭਲੀ ਕਾਰ॥ ਤੂ ਸਦਾ ਸਲਾਮਤਿ ਨਿਰੰਕਾਰ॥*

ਤੇਰੇ ਅਸ਼ੰਖ ਨਾਉਂ ਹਨ, ਤੇਰੇ ਅਸ਼ੰਖ ਥਾਂ ਹਨ, ਅਸ਼ੰਖ ਲੋਕ ਹਨ (ਲੋਕ ਤੋਂ ਅਰਥ ਹੈ ਅਸ਼ੰਖ ਦੁਨੀਆਂ ਦੇ ਖੰਡ) ਜੋ ਅਗਮ ਹਨ। ਅਸ਼ੰਖ ਕਹਿਣਾ ਵੀ ਸਿਰ ਦਾ ਭਾਰ ਹੀ ਵਧਾਉਣਾ ਹੈ। ਅੱਖਰ ਨਾਲ ਹੀ ਨਾਉਂ ਹੈ, ਅੱਖਰਾਂ ਨਾਲ ਹੀ ਸਤੁਤੀ ਹੈ। ਅੱਖਰਾਂ ਨਾਲ ਹੀ ਉਸ ਦਾ ਗਿਆਨ ਅਤੇ ਗੁਣ ਗਾਥਾ ਦੇ ਗੀਤ ਹਨ। ਅੱਖਰਾਂ ਨਾਲ ਹੀ ਲਿਖਣਾ ਅਤੇ ਬਾਣੀ ਦਾ ਬੋਲਣਾ ਹੈ। ਅੱਖਰਾਂ ਰਾਹੀਂ ਹੀ ਭਾਗ ਦਾ ਸੰਜੋਗ ਹੈ, ਪਰ ਜਿਹੜਾ ਲਿਖਦਾ ਹੈ, ਉਹ ਭਾਗ ਤੋਂ ਪਰ੍ਹੇ ਹੈ। ਉਹ ਜਿਹੋ ਜਿਹਾ ਫੁਰਮਾਉਂਦਾ ਹੈ ਉਹੋ ਜਿਹਾ ਅਸੀਂ ਪਾਉਂਦੇ ਹਾਂ। ਜੋ ਕੁਝ ਵੀ ਉਸਦੀ ਰਚਨਾ ਹੈ ਸਭ ਉਸਦਾ ਨਾਉਂ ਹੈ। ਨਾਉਂ ਤੋਂ ਬਿਨਾਂ ਕੋਈ ਥਾਂ ਨਹੀਂ। ਨਾਨਕ ਕਿਸ ਤਰ੍ਹਾਂ ਵਖਿਆਨ ਕਰੇ? ਤੇਰੇ ਉਤੇ ਇੱਕ ਵਾਰ ਨਹੀਂ ਹਜ਼ਾਰਾਂ ਵਾਰ ਵਾਰਿਆ ਜਾਵਾਂ। ਜੋ ਤੈਨੂੰ ਭਾਵੇ ਉਹ ਹੀ ਭਲਾ ਹੈ, ਤੂੰ ਸਦਾ ਸਲਾਮਤ ਅਤੇ ਨਿਰੰਕਾਰ ਹੈਂ।

ਉਸਦੇ ਨਾਉਂ, ਜਿੰਨੇ ਲੋਕ ਹਨ ਓਨੇ ਹੀ ਲੱਭ ਲਿਤੇ ਗਏ ਹਨ। ਹਿੰਦੂਆਂ ਦੇ ਕੋਲ ਇੱਕ ਸ਼ਾਸਤ੍ਰ ਹੈ, 'ਵਿਸ਼ਨੂੰ ਸਹਸੱਤ੍ਰਨਾਮ।' ਉਸ 'ਚ ਕੁਝ ਹੋਰ ਨਹੀਂ ਲਿਖਿਆ ਹੈ। ਸਿਰਫ਼ ਨਾਉਂ ਹੀ ਨਾਉਂ ਦਾ ਸ਼ਾਸਤ੍ਰ ਹੈ। ਮੁਸਲਮਾਨਾਂ ਦੇ ਆਪਣੇ ਨਾਂ ਹਨ। ਅਸਲ

ਵਿੱਚ ਮੁਸਲਮਾਨਾਂ ਦੀ ਪਰੰਮਪਰਾ ਇਹ ਹੈ ਕਿ ਜਿਹੜਾ ਵੀ ਨਾਉਂ ਮੁਸਲਮਾਨ ਕਿਸੇ ਦਾ ਰੱਖਦੇ ਹਨ, ਉਹ ਸਾਰੇ ਨਾਉਂ ਪਰਮਾਤਮਾ ਦੇ ਨਾਉਂ ਹਨ। ਰਹਮਾਨ ਹੋਵੇ, ਰਹੀਮ ਹੋਵੇ, ਅਬਦੁੱਲ੍ਹਾ ਹੋਵੇ, ਕੁਝ ਵੀ ਹੋਵੇ ਸਾਰੇ ਨਾਉਂ ਪਰਮਾਤਮਾ ਦੇ ਹਨ। ਹਿੰਦੂਆਂ ਦੀ ਵੀ ਇਹੋ ਪਰੰਮਪਰਾ ਸੀ ਕਿ ਸਾਰੇ ਨਾਉਂ ਪਰਮਾਤਮਾ ਦੇ ਹੀ ਰੱਖੇ ਜਾਣ। ਜਿਵੇਂ, ਰਾਮ, ਕ੍ਰਿਸ਼ਨ, ਹਰੀ।

ਜੇਕਰ ਅਸੀਂ ਨਾਂਵਾਂ ਦਾ ਹਿਸਾਬ ਲਾਈਏ ਤਾਂ ਜਿੰਨੇ ਲੋਕ ਹਨ, ਓਨੇ ਹੀ ਉਸ ਦੇ ਨਾਉਂ ਹਨ ਅਤੇ ਫ਼ਿਰ ਵੀ ਉਪਾਅ ਕਾਯਮ ਹੈ। ਅਸੀਂ ਚਾਹੇ ਜਿੰਨੇ ਹੋਰ ਨਾਉਂ ਲੱਭ ਲਈਏ। ਕਿਉਂਕਿ ਨਾਉਂ ਅਸੀਂ ਦਿੰਦੇ ਹਾਂ। ਉਸਦਾ ਕੋਈ ਨਾਉਂ ਨਹੀਂ ਹੈ। ਨਾਉਂ ਸਾਡੇ ਰਾਹੀਂ ਦਿੱਤਾ ਜਾਂਦਾ ਹੈ ਤਾਂ ਅਸੀਂ ਕੋਈ ਵੀ ਨਾਉਂ ਘੱਜ ਲਈਏ, ਉਹ ਹੀ ਨਾਉਂ ਕੰਮ ਕਰੇਗਾ।

ਤਾਂ ਨਾਨਕ ਕਹਿੰਦੇ ਹਨ। ਕਿਹੜੇ ਨਾਉਂ ਨਾਲ ਜਪਾਂ? ਕਿਸ ਨਾਉਂ ਨਾਲ ਪੁਕਾਰਾਂ? ਕਿਹੜੇ ਨਾਉਂ ਨੂੰ ਤੂੰ ਪਛਾਣੇਂਗਾ ਕਿ ਤੇਰਾ ਹੈ? ਕਿਹੜੇ ਨਾਉਂ ਨਾਲ ਪੁਕਾਰਾਂ ਕਿ ਮੇਰੀ ਪੁਕਾਰ ਤੇਰੇ ਤੱਕ ਪੁੱਜ ਜਾਵੇ? ਸਾਧਕ ਨੂੰ ਬਹੁਤ ਚਿੰਤਾ ਹੁੰਦੀ ਹੈ ਕਿ ਕਿਹੜਾ ਨਾਉਂ ਠੀਕ ਹੋਵੇਗਾ? ਕਿਉਂਕਿ ਇਹ ਤਾਂ ਸੁਭਾਵਿਕ ਹੈ, ਤੁਸੀਂ ਖਤ ਲਿਖਦੇ ਹੋ ਤਾਂ ਪਤਾ ਤਾਂ ਲਿਖਣਾ ਪੈਂਦਾ ਹੈ ਅਤੇ ਪਤਾ ਹੀ ਧਿਆਨ ਨਾਲ ਲਿਖਦੇ ਹੋ, ਸਭ ਤੋਂ ਜ਼ਿਆਦਾ।

ਮੈਂ ਸੁਣਿਆ ਹੈ, ਇੱਕ ਆਦਮੀ ਦੇ ਘਰ ਮੁੱਲਾ ਨਸਰੂਦੀਨ ਨੌਕਰੀ ਕਰਦਾ ਸੀ ਅਤੇ ਉਸ ਆਦਮੀ ਨੂੰ ਗੁਪਤ ਖ਼ਤ ਲਿਖਣ ਦੀ ਬਾਣ ਪਈ ਹੋਈ ਸੀ। ਬਿਨਾਂ ਦਸਖ਼ਤ ਕੀਤੇ ਕਿਸੇ ਨੂੰ ਵੀ ਖਤ ਲਿਖਿਆ ਕਰਦਾ ਸੀ। ਅਖ਼ਬਾਰ ਦੇ ਸੰਪਾਦਕਾਂ ਨੂੰ, ਨੇਤਾਵਾਂ ਨੂੰ, ਗਿਆਨੀਆਂ ਨੂੰ। ਗੁਪਤ ਖ਼ਤ ਲਿਖਣ ਦਾ ਉਸ ਨੂੰ ਰੋਜ਼ ਨਸ਼ਾ ਸੀ।

ਇੱਕ ਦਿਨ ਅਜਿਹਾ ਹੋਇਆ ਕਿ ਇੱਕ ਖਤ ਉਸ ਨੇ ਲਿਖਿਆ, ਨਸਰੂਦੀਨ ਨੂੰ ਦਿੱਤਾ। ਨਸਰੂਦੀਨ ਖ਼ਤ ਪਾ ਕੇ ਪਰਤਿਆ ਤਾਂ ਉਸ ਨੇ ਪੁੱਛਿਆ ਕਿ ਕੀ ਮੁੱਲਾਂ ਖ਼ਤ ਪਾ ਦਿੱਤਾ? ਨਸਰੂਦੀਨ ਨੇ ਕਿਹਾ ਕਿ ਪਾ ਆਇਆਂ। ਤਾਂ ਉਸ ਨੇ ਕਿਹਾ ਕਿ ਤੂੰ ਦੱਸਿਆ ਕਿਉਂ ਨਹੀਂ? ਮੈਂ ਪਤਾ ਲਿਖਣਾ ਭੁੱਲ ਗਿਆ। ਤਾਂ ਨਸਰੂਦੀਨ ਨੇ ਕਿਹਾ ਕਿ ਮੈਂ ਸਮਝਿਆ ਸ਼ਾਇਦ ਇਸ ਵਾਰ ਤੁਸੀਂ ਪਤਾ ਵੀ ਗੁਪਤ ਰੱਖਣਾ ਚਾਹੁੰਦੇ ਹੋਵੋਗੇ।

ਪਰ ਜੇਕਰ ਪਤਾ ਵੀ ਗੁਪਤ ਰਖੋਗੇ ਤਾਂ ਖ਼ਤ ਪੁੱਜੇਗਾ ਕਿਵੇਂ? ਕਿਹੜੇ ਪਤੇ ਤੇ ਭੇਜੀਏ ਪਰਮਾਤਮਾ ਨੂੰ ਲਿਖੀ ਹੋਈ ਪਾਤੀ, ਕਿ ਉਹ ਪੁੱਜ ਜਾਵੇ? ਇਸ ਲਈ ਨਾਉਂ ਦੀ ਵੱਡੀ ਭਾਲ ਹੁੰਦੀ ਹੈ। ਕਿਹੜਾ ਨਾਉਂ ਪੁਕਾਰੀਏ? ਕਿਹੜੇ ਨਾਉਂ ਨਾਲ ਉਹ ਸੁਣੇਗਾ? ਨਾਨਕ ਕਹਿੰਦੇ ਹਨ ਕਿ ਜਾਂ ਤਾਂ ਸਾਰੇ ਨਾਉਂ ਉਸ ਦੇ ਹਨ, ਜਾਂ ਕੋਈ ਵੀ ਨਾਉਂ ਉਸਦਾ ਨਹੀਂ ਹੈ ਅਤੇ ਅੱਖਰ ਉਸ ਦਾ ਨਾਉਂ ਹੈ।

ਅੱਖਰ ਸ਼ਬਦ ਨੂੰ ਸਮਝਣਾ ਬਹੁਤ ਕੀਮਤੀ ਹੈ। ਸੰਸਕ੍ਰਿਤ ਅਤੇ ਭਾਰਤੀ ਭਾਸ਼ਾਵਾਂ ਵਿੱਚ ਅਸੀਂ ਕ, ਖ, ਗ, ਨੂੰ ਵਰਣਮਾਲਾ ਨੂੰ ਅੱਖਰ ਕਹਿੰਦੇ ਹਾਂ। 'ਅਲਫਾਬੇਟ' ਨੂੰ ਅਸੀਂ ਅੱਖਰ ਆਖਦੇ ਹਾਂ। ਪਰ ਅੱਖਰ ਸ਼ਬਦ ਦਾ ਤਾਂ ਅਰਥ ਹੁੰਦਾ ਹੈ ਜਿਹੜਾ ਮਿਟਾਇਆ ਨਾ ਜਾ ਸਕੇ। ਤੁਹਾਡਾ ਕ, ਖ, ਗ, ਤੁਸੀਂ ਲਿਖੋ ਉਹ ਮਿਟਾਇਆ ਜਾ ਸਕਦਾ ਹੈ। ਉਹ ਤਾਂ ਅੱਖਰ ਨਹੀਂ ਹੈ। ਖੱਰ ਹੈ। ਤਖਤੇ ਉਤੇ ਤੁਸੀਂ ਲਿਖਿਆ ਕ, ਖ, ਗ, ਪੂੰਝ ਦਿਓ, ਮਿਟ ਗਿਆ। ਲਿਖਿਆ ਸੀ, ਉਸ ਤੋਂ ਪਹਿਲਾਂ ਨਹੀਂ ਸੀ, ਪੂੰਝ ਦਿੱਤਾ, ਫ਼ਿਰ ਨਹੀਂ ਹੋ ਗਿਆ। ਉਹ ਤਾਂ ਖੱਰ ਹੈ, ਅੱਖਰ ਨਹੀਂ ਹੈ, ਅਸੀਂ ਅਲਫਾਬੇਟ ਨੂੰ ਅੱਖਰ ਕਹਿੰਦੇ ਹਨ। ਉਸ ਦੇ ਪਿੱਛੇ ਕਾਰਣ ਹੈ। ਕਿਉਂਕਿ ਅਸੀਂ ਕਹਿੰਦੇ ਹਾਂ ਅਸਲੀ ਜੋ ਹੈ, ਨਾ ਤਾਂ ਉਹ ਲਿਖਿਆ ਜਾ ਸਕਦਾ ਹੈ, ਨਾ ਪੂੰਝਿਆ ਜਾ ਸਕਦਾ ਹੈ। ਤੁਸੀਂ ਜੋ ਲਿਖਦੇ ਹੋ ਉਹ ਤਾਂ ਸਿਰਫ ਗੂੰਜ ਹੈ।

ਇਸ ਤਰ੍ਹਾਂ ਸਮਝੋ ਕਿ ਆਕਾਸ਼ ਵਿੱਚ ਚੰਨ ਹੈ ਅਤੇ ਝੀਲ ਵਿੱਚ ਉਸ ਦੀ ਪਰਛਾਈਂ ਬਣ ਰਹੀ ਹੈ। ਤੁਸੀਂ ਝੀਲ ਨੂੰ ਹਿਲਾ ਦਿਓ ਤਾਂ ਝੀਲ ਦਾ ਚੰਨ ਟੁਕੜੇ-ਟੁਕੜੇ ਹੋ ਜਾਂਦਾ ਹੈ। ਉਹ ਤਾਂ ਖੱਰ ਹੈ। ਪਰ ਤੁਸੀਂ ਅਜਿਹਾ ਆਕਾਸ਼ ਵਿੱਚ ਹੱਥ ਹਿਲਾਓ, ਉਸ ਨਾਲ ਕੋਈ ਆਕਾਸ਼ ਦਾ ਚੰਨ ਟੁਕੜੇ-ਟੁਕੜੇ ਨਹੀਂ ਹੋ ਜਾਏਗਾ। ਉਹ ਅੱਖਰ ਹੈ। ਸਾਡੀ ਜਿਹੜੀ ਭਾਸ਼ਾ ਹੈ ਉਹ ਤਾਂ ਪਰਮਾਤਮਾ ਦੀ ਭਾਸ਼ਾ ਦਾ ਕੇਵਲ "Reflection" ਹੀ ਹੈ। ਜੋ ਅਸੀਂ ਬੋਰਡ ਉਤੇ ਲਿਖਦੇ ਹਾਂ, ਕਿਤਾਬ ਵਿੱਚ ਲਿਖਦੇ ਹਾਂ, ਉਹ ਤਾਂ ਪਰਛਾਵਾਂ ਹੈ, **Reflection** ਹੈ। ਉਹ ਤਾਂ ਮਿਟ ਜਾਵੇਗਾ। ਪਰ ਜਿਸ ਤੋਂ ਉਹ ਆ ਰਿਹਾ ਹੈ, ਉਹ ਅੱਖਰ ਹੈ।

ਤਾਂ ਨਾਨਕ ਕਹਿੰਦੇ ਹਨ, ਅੱਖਰ ਹੀ ਉਸਦਾ ਨਾਉਂ ਹੈ। ਉਸਨੂੰ ਨਾ ਤਾਂ ਲਿਖਿਆ ਜਾਂਦਾ ਹੈ ਅਤੇ ਨਾ ਹੀ ਮਿਟਾਇਆ ਜਾ ਸਕਦਾ ਹੈ। ਉਸ ਅੱਖਰ ਤੋਂ ਇਲਾਵਾ ਸਾਰੀਆਂ ਆਦਮੀ ਦੀਆਂ ਕਾਢਾਂ ਹਨ। ਉਹ ਅੱਖਰ ਕੀ ਹੈ?

ਉਸ ਅੱਖਰ ਦੀ ਸਾਡੇ ਕੋਲ ਜੋ ਨੇੜੇ ਤੋਂ ਨੇੜੇ ਗੂੰਜ ਹੈ, ਉਹ ਹੀ ੧ਓ ਹੈ। ਇਸ ਲਈ ਨਾਨਕ ਦਾ ਇਹ ਪੂਰੇ ਦਾ ਪੂਰਾ ਦਰਸ਼ਨ ਇੱਕ ਬਿੰਦੂ ਉਤੇ ਟਿਕਿਆ ਹੈ, '੧ਓ ਸਤਿਨਾਮੁ॥ ਬੱਸ! ਇਨ੍ਹਾਂ ਤਿੰਨਾਂ ਸ਼ਬਦਾਂ ਨੂੰ ਤੁਸੀਂ ਸਮਝ ਲਵੋ ਤਾਂ ਜਪੁਜੀ ਸਮਝ ਵਿੱਚ ਆ ਗਿਆ। ਪੂਰੇ ਨਾਨਕ ਹੀ ਸਮਝ ਵਿੱਚ ਆ ਗਏ, ਉਹ ਸਾਰ ਸੂਤਰ ਹੈ। ਅੱਖਰ ਯਾਨੀ ੧ਓ। ਕਿਉਂਕਿ ਇੱਕ ਧੁਨੀ ਹੈ ਜਿਹੜੀ ਬਿਨਾਂ ਲਿਖੇ ਗੂੰਜ ਰਹੀ ਹੈ। ਜਿਹੜੀ ਕਦੇ ਨਹੀਂ ਮਿਟੇਗੀ। ਉਹ ਕੁਦਰਤ ਦਾ ਹੀ ਸੰਗੀਤ ਹੈ। ਉਸਦੇ ਮਿਟਣ ਦਾ ਕੋਈ ਉਪਾਅ ਨਹੀਂ। ਜਦ ਸਭ ਗੁਆਚ ਜਾਵੇਗਾ। ਤਦ ਵੀ ਉਹ ਗੂੰਜਦਾ ਰਹੇਗਾ।

'ਬਾਈਬਲ' ਵਿੱਚ ਕਿਹਾ ਹੈ, ਹੋਰ ਸਾਰੇ ਸ਼ਾਸਤ੍ਰਾਂ ਵਿੱਚ ਉਸਦੀ ਝਲਕ ਆਉਣ ਹੀ ਵਾਲੀ ਹੈ ਕਿ ਸਭ ਤੋਂ ਪਹਿਲਾਂ ਸ਼ਬਦ ਸੀ— 'ਲੋਗੋਸ'। ਜਿਸ ਨੂੰ ਪੱਛਮ ਵਿੱਚ 'ਲੋਗੋਸ' ਕਿਹਾ ਹੈ। ਸ਼ਬਦ ਕਿਹਾ ਹੈ, ਉਹ ਹੀ ਓਂਕਾਰ ਹੈ। ਸਭ ਤੋਂ ਪਹਿਲਾਂ ਸ਼ਬਦ ਸੀ, ਫਿਰ ਸਭ ਉਸੇ ਤੋਂ ਹੋਇਆ ਅਤੇ ਜਦ ਸਭ ਗੁੰਮ ਹੋ ਜਾਵੇਗਾ, ਤਦ ਵੀ ਸ਼ਬਦ ਹੋਵੇਗਾ। ਸਭ ਉਸੇ 'ਚ ਲੀਨ ਹੋ ਜਾਵੇਗਾ।

ਭਾਰਤ ਵਿੱਚ ਸ਼ਬਦਯੋਗ ਦੀਆਂ ਪ੍ਰਕ੍ਰਿਆਵਾਂ ਹਨ, ਜਿਨ੍ਹਾਂ ਵਿਚੋਂ ਸਿਰਫ ਸ਼ਬਦ ਨੂੰ ਹੀ ਸਾਧਨਾ ਹੁੰਦਾ ਹੈ ਅਤੇ ਸ਼ਬਦ ਦਾ ਤਾਂ ਅਰਥ ਹੈ, ਆਪਣੇ ਨੂੰ ਤਾਂ ਨਿ:ਸ਼ਬਦ ਕਰਨਾ ਹੁੰਦਾ ਹੈ ਤਾਂ ਕਿ ਜੋ ਮੈਂ ਬੋਲ ਰਿਹਾ ਹਾਂ ਉਹ ਤਾਂ ਚੁੱਪ ਹੋ ਜਾਵੇ ਅਤੇ ਜਦ ਮੇਰਾ ਬੋਲਣਾ ਚੁੱਪ ਹੋ ਜਾਂਦਾ ਹੈ, ਤਦ ਜੋ ਸੁਣਾਈ ਦੇਂਦਾ ਹੈ ਉਹ ਪਰਮਾਤਮਾ ਦੀ ਬਾਣੀ ਹੈ। ਉਹ ਉਸ ਦਾ ਉਦਘੋਸ਼ ਹੈ। ਉਹ ਉਸ ਦਾ ਉਚਾਰਨ ਹੈ।

ਨਾਨਕ ਕਹਿੰਦੇ ਹਨ, ਅਸੰਖ ਤੇਰੇ ਨਾਉਂ ਹਨ। ਅਸੰਖ ਤੇਰੇ ਥਾਉਂ ਹਨ, ਅਗਮ ਤੇਰੇ ਲੋਕ (ਦੁਨੀਆਂ ਦੇ ਖੰਡ) ਅਤੇ ਫਿਰ ਅਸੰਖ ਕਹਿਣਾ ਵੀ ਸਿਰ ਦਾ ਭਾਰ ਵਧਾਉਣਾ ਹੈ। ਨਾਨਕ ਕਹਿੰਦੇ ਹਨ, ਅਸੰਖ ਕਹਿਣ ਨਾਲ ਵੀ ਕੀ ਸਾਰ ਹੈ?

ਕਿਉਂ ਅਸੰਖ ਕਹਿਣਾ ਵੀ ਸਿਰ ਦਾ ਭਾਰ ਵਧਾਉਣਾ ਹੈ? ਇਸਨੂੰ ਥੋੜ੍ਹਾ ਜਿਹਾ ਸਮਝੋ। ਅਸਲ ਵਿੱਚ ਅਸੀਂ ਪਰਮਾਤਮਾ ਦੇ ਸੰਬੰਧ ਵਿੱਚ ਕੁਝ ਵੀ ਕਹੀਏ ਉਸਦੇ ਨਾਲ ਸਿਰ ਦਾ ਭਾਰ ਵਧੇਗਾ, ਘਟੇਗਾ ਨਹੀਂ। ਪਰਮਾਤਮਾ ਦੇ ਸੰਬੰਧ ਵਿੱਚ ਕੁਝ 'ਕਰੀਏ' ਤਾਂ ਘਟੇਗਾ ਸਿਰ ਦਾ ਭਾਰ। ਕਹੀਏ, ਤਾਂ ਵਧੇਗਾ। ਕਿਉਂਕਿ ਜੋ ਅਸੀਂ ਕਹਾਂਗੇ ਅਸਲ 'ਚ ਗ਼ਲਤ ਹੋਵੇਗਾ।

ਸਮਝੋ: ਇੱਕ ਆਦਮੀ ਸਮੁੰਦਰ ਦੇ ਕੰਢੇ ਖਲੋ ਕੇ ਕਹਿੰਦਾ ਹੈ ਕਿ ਇਹ ਸਾਗਰ ਅਥਾਹ ਹੈ। ਹੁਣ ਇਸ ਦੇ ਦੋ ਹੀ ਅਰਥ ਹੋ ਸਕਦੇ ਹਨ। ਇੱਕ ਤਾਂ ਇਹ ਕਿ ਇਸ ਆਦਮੀ ਨੇ ਥਾਹ ਲੈਣ ਦੀ ਕੋਸ਼ਿਸ਼ ਹੀ ਨਹੀਂ ਕੀਤੀ, ਇਹ ਕੰਢੇ ਉਤੇ ਹੀ ਖਲੋਤਾ ਹੈ ਅਤੇ ਕਹਿ ਰਿਹਾ ਹੈ ਕਿ ਅਥਾਹ ਹੈ। ਜੇਕਰ ਇਹ ਕੰਢੇ ਉਤੇ ਖਲੋਤਾ ਹੈ ਅਤੇ ਇਸ ਨੇ ਥਾਹ ਲੈਣ ਦੀ ਕੋਸ਼ਿਸ਼ ਹੀ ਨਹੀਂ ਕੀਤੀ ਤਾਂ ਇਸ ਦੇ ਵਚਨ ਦਾ ਕੀ ਅਰਥ ਹੈ? ਗਹਿਰਾ ਹੋਏਗਾ, ਬਹੁਤ ਡੂੰਘਾ ਹੋ ਸਕਦਾ ਹੈ, ਪੈਸਿਫਿੱਕ ਮਹਾਂਸਾਗਰ ਪੰਜ ਮੀਲ ਡੂੰਘਾ ਹੈ, ਪਰ ਅਥਾਹ ਤਾਂ ਨਹੀਂ।

ਤਾਂ ਅਸੀਂ ਇਸ ਆਦਮੀ ਨੂੰ ਪੁੱਛ ਸਕਦੇ ਹਾਂ ਕਿ ਕੀ ਤੂੰ ਥਾਹ ਲੈਣ ਦੀ ਕੋਸ਼ਿਸ਼ ਕੀਤੀ ਅਤੇ ਨਹੀਂ ਪਾਈ? ਜਾਂ ਤੂੰ ਕੰਢੇ ਉਤੇ ਖਲੋਤਾ ਹੀ ਗੱਲਾਂ ਕਰ ਰਿਹਾ ਹੈਂ? ਅਥਾਹ ਤੋਂ ਤੇਰਾ ਕੀ ਮਤਲਬ, ਬਹੁਤ ਡੂੰਘਾ? ਬਹੁਤ ਡੂੰਘੇ ਨੂੰ ਵੀ ਅਥਾਹ ਨਹੀਂ ਕਿਹਾ ਜਾ ਸਕਦਾ। ਅਥਾਹ ਦਾ ਤਾਂ ਮਤਲਬ ਹੈ, ਜਿਸਦੀ ਡੂੰਘਾਈ ਦਾ ਕੋਈ ਅੰਤ ਨਹੀਂ।

ਤਾਂ ਦੋ ਹੀ ਉਪਾਅ ਹਨ। ਜਾਂ ਤਾਂ ਇਹ ਆਦਮੀ ਕਹੇ ਕਿ ਮੈਂ ਤਾਂ ਕੰਢੇ ਉਤੇ ਹੀ ਖਲੋਤਾ ਹਾਂ ਪਰ ਬਹੁਤ ਡੂੰਘਾ ਹੈ। ਤਾਂ ਅਸੀਂ ਕਹਾਂਗੇ ਕਿ ਤੂੰ ਗ਼ਲਤ ਸ਼ਬਦ ਦੀ ਵਰਤੋਂ ਕਰਦਾ ਹੈਂ। ਜਾਂ ਇਹ ਵੀ ਹੋ ਸਕਦਾ ਹੈ ਇਹ ਆਦਮੀ ਕਹੇ ਕਿ ਮੈਂ ਅੰਦਰ ਗਿਆ, ਪਰ ਥਾਹ ਨਹੀਂ ਪਾ ਸਕਿਆ। ਤਦ ਵੀ ਇਹ ਸਹੀ ਨਹੀਂ ਹੈ, ਕਿਉਂਕਿ ਜਿਥੋਂ ਤੱਕ ਉਹ ਗਿਆ, ਉਥੇ ਤੱਕ ਤਾਂ ਥਾਹ ਨਹੀਂ ਮਿਲੀ, ਇੱਕ ਹੱਥ ਹੋਰ ਜਾਂਦਾ ਤਾਂ ਥਾਹ ਮਿਲ ਜਾਂਦੀ। ਇਹ ਏਨਾ ਹੀ ਕਹਿ ਸਕਦਾ ਹੈ ਕਿ ਪੰਜ ਮੀਲ ਤੱਕ ਮੈਂ ਗਿਆ ਅਤੇ ਥਾਹ ਨਹੀਂ ਮਿਲੀ। ਅਥਾਹ ਨਹੀਂ ਕਹਿ ਸਕਦਾ ਅਤੇ ਜੇਕਰ ਇਹ ਕਹਿੰਦਾ ਹੈ ਕਿ ਪੂਰਾ ਹੀ ਮੈਂ ਗਿਆ ਅਤੇ ਥਾਹ ਨਹੀਂ ਮਿਲੀ। ਤਾਂ ਬਿਲਕੁਲ ਹੀ ਗ਼ਲਤ ਹੈ ਕਿਉਂਕਿ ਜੇਕਰ ਤੁਸੀਂ ਪੂਰੇ ਚਲੇ ਗਏ ਤਾਂ ਥਾਹ ਮਿਲ ਹੀ ਗਈ। ਕੁਝ ਬਚਿਆ ਨਹੀਂ, ਤਾਂ ਥਾਹ ਆ ਗਈ।

ਤਾਂ ਪਰਮਾਤਮਾ ਦੇ ਸੰਬੰਧ ਵਿੱਚ ਅਸੀਂ ਕੀ ਕਹੀਏ—ਅਥਾਹ? ਤਾਂ ਜੇਕਰ ਤੁਸੀਂ ਪੂਰਾ ਪਰਮਾਤਮਾ ਨੂੰ ਜਾਣ ਲਿਆ ਹੋਵੇ ਤਦ ਹੀ ਕਹਿ ਸਕਦੇ ਹੋ। ਪਰ ਤਦ ਤਾਂ ਕਹਿਣਾ ਵਿਅਰਥ ਹੋ ਜਾਏਗਾ। ਕਿਉਂਕਿ ਥਾਹ ਮਿਲ ਗਈ। ਤੁਸੀਂ ਆਖਰੀ ਕੰਢੇ ਤੱਕ ਪੁੱਜ ਗਏ। ਜਾਂ ਤੁਸੀਂ ਕਹਿੰਦੇ ਹੋ ਕਿ ਅਸੀਂ ਬਹੁਤ ਦੂਰ ਤੱਕ ਗਏ, ਦੂਰ ਤੱਕ ਗਏ, ਪਰ ਥਾਹ ਨਹੀਂ ਮਿਲੀ। ਤਦ ਵੀ ਤੁਹਾਨੂੰ ਅਥਾਹ ਨਹੀਂ ਕਹਿਣਾ ਚਾਹੀਦਾ। ਕਿਉਂਕਿ ਕੌਣ ਜਾਣੇ? ਥੋੜ੍ਹੀ ਦੂਰ ਹੋਰ ਜਾਂਦੇ ਅਤੇ ਥਾਹ ਮਿਲ ਜਾਂਦੀ।

ਅਸੰਖ ਕਿਵੇਂ ਕਹੋਗੇ? ਕੀ ਗਿਣਤੀ ਪੂਰੀ ਕਰ ਲਈ? ਜੇਕਰ ਗਿਣਤੀ ਪੂਰੀ ਹੋ ਗਈ ਤਾਂ ਕਿੰਨੀ ਵੱਡੀ ਸੰਖਿਆ ਹੋਵੇ, ਅਸ਼ੰਖ ਨਹੀਂ ਹੈ ਅਤੇ ਜੇਕਰ ਤੁਸੀਂ ਕਹਿੰਦੇ ਹੋ ਅਜੇ ਗਿਣਤੀ ਪੂਰੀ ਨਹੀਂ ਹੋਈ, ਕਰਦੇ ਹੀ ਜਾਂਦੇ ਹੋ ਅਤੇ ਗਿਣਤੀ ਪੂਰੀ ਨਹੀਂ ਹੋਈ, ਤਾਂ ਅਜੇ ਰੁਕੋ, ਮੱਤ ਨਾਂ ਦਿਓ, ਕਿਉਂਕਿ ਕੌਣ ਜਾਣੇ ਗਿਣਤੀ ਪੂਰੀ ਹੋ ਜਾਏ।

ਤਦ ਪਰਮਾਤਮਾ ਨੂੰ, ਅਸੰਖ ਨੂੰ ਅਸੰਖ ਕਹਿਣ ਨਾਲ ਸਿਰ ਦਾ ਭਾਰ ਹੀ ਵਧਦਾ ਹੈ। ਕੁਝ ਹੱਲ ਨਹੀਂ ਹੁੰਦਾ। ਅਥਾਹ ਕਹੋ, ਅਨੰਤ ਕਹੋ, ਅਸੀਮ ਕਹੋ, ਕੁਝ ਫ਼ਰਕ ਨਹੀਂ ਪੈਂਦਾ, ਤੁਹਾਡੇ ਸਾਰੇ ਸ਼ਬਦ ਵਿਅਰਥ ਹਨ। ਪਰਮਾਤਮਾ ਦੇ ਸੰਬੰਧ ਵਿੱਚ ਕੁਝ ਵੀ ਕਹਿਣਾ ਵਿਅਰਥ ਹੈ। ਤੁਸੀਂ ਜੋ ਵੀ ਕਹਿ ਰਹੇ ਹੋ, ਉਹ ਆਪਣੇ ਸੰਬੰਧ ਵਿੱਚ ਕਹਿ ਰਹੇ ਹੋ। ਜਿਹੜਾ ਆਦਮੀ ਕਹਿੰਦਾ ਹੈ ਪਰਮਾਤਮਾ ਅਥਾਹ ਹੈ, ਉਹ ਇਹ ਕਹਿ ਰਿਹਾ ਹੈ ਕਿ ਮੇਰੀ ਥਾਹ ਲੈਣ ਦੀ ਸੀਮਾ ਤੋਂ ਅੱਗੇ ਹੈ। ਜਿਹੜਾ ਆਦਮੀ ਕਹਿ ਰਿਹਾ ਹੈ ਅਸੰਖ.....।

ਹੁਣ ਅਸ਼ੰਖ ਵੀ ਤੁਹਾਡੀ ਸੀਮਾ ਉਤੇ ਹੈ। ਹੁਣ ਤਾਂ ਵੱਖਰੀਆਂ-ਵੱਖਰੀਆਂ ਜਾਤੀਆਂ ਵਿੱਚ ਅਸ਼ੰਖ ਦੀਆਂ ਵੱਖਰੀਆਂ-ਵੱਖਰੀਆਂ ਧਾਰਣਾਵਾਂ ਹਨ। ਅਫਰੀਕਾ ਵਿੱਚ ਕੁਝ ਜਾਤੀਆਂ ਹਨ ਜਿਨ੍ਹਾਂ ਦੇ ਕੋਲ ਬੱਸ, ਤਿੰਨ ਦੀ ਗਿਣਤੀ ਹੈ। ਇੱਕ, ਦੋ, ਬਹੁਤ। ਬੱਸ,

ਏਨੀ ਕੁ ਗਿਣਤੀ ਹੈ। ਤਿੰਨ ਤੋਂ ਬਹੁਤੀ ਅਸ਼ੰਖ ਹੋ ਜਾਂਦੀ ਹੈ। ਕਿਉਂਕਿ ਗਿਣਤੀ ਹੁਣ ਹੋ ਹੀ ਨਹੀਂ ਸਕਦੀ, ਤਾਂ ਸੰਖਿਆ ਤੋਂ ਬਾਹਰ ਹੋ ਗਿਆ। ਜੇਕਰ ਤਿੰਨ ਤੋਂ ਜ਼ਿਆਦਾ ਚੀਜ਼ਾਂ ਰੱਖੀਆਂ, ਤਾਂ ਅਫਰੀਕਾ ਦਾ ਉਹ ਕਬੀਲਾ ਕਹੇਗਾ, ਅਸੰਖ। ਕਿਉਂਕਿ ਉਨ੍ਹਾਂ ਦੀ ਸੰਖਿਆ ਹੀ ਤਿੰਨ ਦੀ ਹੈ, ਇੱਕ, ਦੋ ਤੱਕ ਹੀ ਸੰਖਿਆ ਹੈ ਅਸਲ ਵਿੱਚ। ਤਿੰਨ ਯਾਨੀ ਬਹੁਤ ਅਤੇ ਤਿੰਨ ਤੋਂ ਚਾਰ ਜਿਹੜੀ ਬਹੁਤ ਜ਼ਿਆਦਾ ਹੈ ਉਹ ਅਸੰਖ।

ਕੀ ਨਿਸ਼ਚਤ ਹੀ ਪਰਮਾਤਮਾ ਅਸੰਖ ਹੈ? ਜਾਂ ਸਾਡੀ ਗਿਣਤੀ ਦੀ ਸੀਮਾ ਆ ਜਾਂਦੀ ਹੈ? ਕੀ ਉਹ ਅਮਾਪ ਹੈ, ਜਾਂ ਸਾਡੇ ਨਾਪਣ ਦੇ ਨਾਪ ਤੋਲ ਭੁੱਲ ਜਾਂਦੇ ਹਨ? ਉਹ ਅਸੀਮ ਹੈ ਜਾਂ ਸਾਡੇ ਪੈਰ ਥੱਕ ਜਾਂਦੇ ਹਨ? ਅਸੀਂ ਜੋ ਵੀ ਕਹਿੰਦੇ ਹਾਂ ਆਪਣੇ ਬਾਰੇ 'ਚ ਕਹਿੰਦੇ ਹਾਂ। ਉਸ ਦੇ ਬਾਰੇ ਵਿੱਚ ਅਸੀਂ ਕੁਝ ਵੀ ਨਹੀਂ ਕਹਿੰਦੇ ਅਤੇ ਚੰਗਾ ਹੋਵੇ ਕਿ ਆਪਣੇ ਹੀ ਸੰਬੰਧ ਵਿੱਚ ਕਹੀਏ। ਕਿਉਂਕਿ ਉਹ ਸਚਾਈ ਹੋਏਗੀ।

ਪਰਮਾਤਮਾ ਦੇ ਸਾਹਮਣੇ ਅਸੀਂ ਹਰ ਤਰ੍ਹਾਂ ਨਾਲ ਅਸਮਰੱਥ ਹੋ ਜਾਂਦੇ ਹਾਂ। ਲਾਚਾਰ ਹੋ ਜਾਂਦੇ ਹਾਂ। ਇਸ ਦੁਨੀਆਂ ਵਿੱਚ ਜੋ ਵੀ ਸਾਡੇ ਢੰਗ ਕੰਮ ਕਰਦੇ ਹਨ। ਉੱਥੇ ਕੋਈ ਵੀ ਕੰਮ ਨਹੀਂ ਕਰਦੇ। ਅਸੀਂ ਇੱਕ ਦਮ ਹਾਰ ਜਾਂਦੇ ਹਾਂ, ਪਰਾਜਿਤ ਹੋ ਜਾਂਦੇ ਹਾਂ। ਉਸ ਹਾਰੀ ਹੋਈ ਅਵਸਥਾ ਵਿੱਚ ਅਸੀਂ ਕਹਿੰਦੇ ਹਾਂ ਅਸੰਖ, ਅਸੀਮ, ਅਥਾਹ। ਲੇਕਿਨ ਉਸ ਨਾਲ ਅਸੀਂ ਆਪਣੇ ਹੀ ਸੰਬੰਧ ਵਿੱਚ ਕਹਿ ਰਹੇ ਹਾਂ। ਇਸ ਦੇ ਨਾਲ ਸਾਡੇ ਸਿਰ ਦਾ ਭਾਰ ਵੀ ਵਧਦਾ ਹੈ। ਕਿਉਂਕਿ ਸਾਨੂੰ ਲਗਦਾ ਹੈ ਕਿ ਅਸੀਂ ਕੁਝ ਪਰਮਾਤਮਾ ਦੇ ਸੰਬੰਧ ਵਿੱਚ ਕਿਹਾ।

ਪਰਮਾਤਮਾ ਦੇ ਸੰਬੰਧ ਵਿੱਚ ਕੁਝ ਵੀ ਨਹੀਂ ਕਿਹਾ ਜਾ ਸਕਦਾ। ਜੋ ਵੀ ਕਿਹਾ ਜਾ ਸਕਦਾ ਹੈ ਉਹ ਪਰਮਾਤਮਾ ਦੇ ਸੰਬੰਧ ਵਿੱਚ ਨਹੀਂ ਹੋਵੇਗਾ। ਉਸ ਦੇ ਸੰਬੰਧ ਵਿੱਚ ਤਾਂ ਕੇਵਲ ਚੁੱਪ ਰਿਹਾ ਜਾ ਸਕਦਾ ਹੈ। ਪਰਮ ਮੌਨ ਹੀ ਉਸਦਾ ਇਸ਼ਾਰਾ ਹੈ।

ਇਸ ਲਈ ਨਾਨਕ ਕਹਿੰਦੇ ਹਨ, ਅਸੰਖ ਕਹਿਣਾ ਵੀ ਸਿਰ ਦਾ ਭਾਰ ਵਧਾਉਣਾ ਹੈ।

*ਅਸੰਖ ਨਾਵ ਅਸੰਖ ਥਾਵ॥ ਅਗੰਮ ਅਗੰਮ ਅਸੰਖ ਲੋਅ॥*
*ਅਸੰਖ ਕਹਹਿ ਸਿਰਿ ਭਾਰੁ ਹੋਇ॥*

ਅਤੇ ਅਸੰਖ ਕਹਿਣ ਨਾਲ ਵੀ ਸਿਰ ਉਤੇ ਭਾਰ ਪੈਂਦਾ ਹੈ। ਤੁਸੀਂ ਕੁਝ ਵੀ ਨਾ ਕਹੋ। ਕੁਝ ਕਰੋ ਕੁਝ ਕਹੋ ਨਾ। ਕੁਝ ਹੋ ਜਾਓ, ਕੁਝ ਬੋਲੋ ਨਾ। ਤੁਹਾਡੀ ਪਰਸਨੈਲਿਟੀ ਵਿੱਚ ਬਦਲਾਓ ਹੋਵੇ, ਤਾਂ ਤੁਸੀਂ ਪਰਮਾਤਮਾ ਦੇ ਨੇੜੇ ਆਉਂਦੇ ਹੋ। ਤੁਹਾਡੇ ਕੋਲ ਸ਼ਬਦਾਂ ਦਾ ਜਾਲ ਵਧਦਾ ਜਾਵੇ, ਉਸ ਨਾਲ ਤੁਸੀਂ ਪਰਮਾਤਮਾ ਦੇ ਨੇੜੇ ਨਹੀਂ ਆਉਂਦੇ।

ਨਾਨਕ ਨੂੰ ਸਕੂਲ ਵਿੱਚ ਦਾਖ਼ਲ ਕੀਤਾ ਗਿਆ ਤਾਂ ਉਨ੍ਹਾਂ ਨੇ ਪਹਿਲਾ ਸਵਾਲ ਇਹ ਪੁੱਛਿਆ—ਪੰਡਿਤ ਨੂੰ, ਮਾਸਟਰ ਨੂੰ, ਕੀ ਜੋ ਤੁਸੀਂ ਪੜ੍ਹਾ ਰਹੇ ਹੋ, ਕੀ ਉਸ ਪੜ੍ਹਾਈ ਨਾਲ ਮੈਂ ਪਰਮਾਤਮਾ ਨੂੰ ਜਾਣ ਜਾਵਾਂਗਾ? ਪੰਡਿਤ ਥੋੜ੍ਹਾ ਜਿਹਾ ਚੌਂਕਿਆ। ਕਿਉਂਕਿ ਛੋਟੇ ਬੱਚੇ ਤੋਂ ਅਸੀਂ ਇਹੋ ਜਿਹੀ ਉਮੀਦ ਨਹੀਂ ਰੱਖਦੇ। ਉਸ ਨੇ ਕਿਹਾ-ਪਰਮਾਤਮਾ ਨੂੰ? ਬਹੁਤ ਕੁਝ ਜਾਣ ਲਵੋਗੇ, ਪਰ ਪਰਮਾਤਮਾ ਨੂੰ ਨਹੀਂ ਜਾਣੋਗੇ। ਤਾਂ ਨਾਨਕ ਨੇ ਕਿਹਾ, ਫ਼ਿਰ ਮੈਨੂੰ ਉਹ ਤਰਕੀਬ ਦਸੋ ਜਿਸ ਨਾਲ ਪਰਮਾਤਮਾ ਨੂੰ ਜਾਣ ਲਵਾਂ। ਬਹੁਤ ਕੁਝ ਜਾਣ ਕੇ ਮੈਂ ਕੀ ਕਰਾਂਗਾ? ਉਸ ਇੱਕ ਨੂੰ ਜਾਣ ਕੇ ਸਭ ਜਾਣ ਲਿਆ ਜਾਂਦਾ ਹੈ। ਨਾਨਕ ਨੇ ਪੁੱਛਿਆ ਕਿ ਕੀ ਤੁਸੀਂ ਜਾਣ ਲਿਆ ਹੈ ਉਸ ਇੱਕ ਨੂੰ?

ਪੰਡਿਤ ਵੀ ਇਮਾਨਦਾਰ ਆਦਮੀ ਰਿਹਾ ਹੋਣਾ। ਉਹ ਨਾਨਕ ਨੂੰ ਪਰਤਾ ਕੇ ਘਰ ਛੱਡ ਗਿਆ। ਉਸ ਨੇ ਨਾਨਕ ਦੇ ਪਿਤਾ ਨੂੰ ਕਿਹਾ, ਮਾਫ਼ ਕਰਨਾ। ਇਸ ਬੱਚੇ ਨੂੰ ਅਸੀਂ ਕੁਝ ਨਹੀਂ ਸਿਖਾ ਸਕਾਂਗੇ। ਇਹ ਪਹਿਲਾਂ ਤੋਂ ਹੀ ਸਿੱਖਿਆ ਹੋਇਆ ਹੈ ਅਤੇ ਇਹ ਕੁਝ ਅਜਿਹੇ ਸੁਆਲ ਪਾ ਰਿਹਾ ਹੈ, ਜਿਨ੍ਹਾਂ ਦੇ ਜੁਆਬ ਮੇਰੇ ਕੋਲ ਨਹੀਂ ਹਨ। ਹੋਰ ਇਹ ਅਵਤਾਰੀ ਹੈ। ਹੋਣਹਾਰ ਹੈ। ਇਸ ਨੂੰ ਅਸੀਂ ਕੁਝ ਨਹੀਂ ਸਿਖਾ ਸਕਦੇ। ਇਸਦੇ ਕੋਲੋਂ ਕੁਝ ਸਿੱਖ ਲਈਏ ਉਹ ਬੇਹਤਰ ਹੈ।

ਇਹ ਕਿਵੇਂ ਵਾਪਰਿਆ? ਇਸ ਦੇਸ਼ ਵਿੱਚ ਇਸ ਲਈ ਅਸੀਂ ਪੁਨਰਜਨਮ ਦੀ ਇੱਕ ਸਪੱਸ਼ਟ ਰੂਪ ਰੇਖਾ ਬਣਾਈ ਹੈ। ਇਹ ਨਾਨਕ ਦੀ ਦੇਹ ਬੱਚੇ ਦੀ ਦੇਹ ਹੈ, ਪਰ ਇਹ ਚੇਤਨਾ ਬਹੁਤ ਪੁਰਾਣੀ ਹੈ। ਜਨਮਾਂ-ਜਨਮਾਂਤ੍ਰਾਂ ਤੋਂ-ਇਸ ਚੇਤਨਾ ਨੇ ਖੋਜ ਕਰਕੇ ਪਾਇਆ ਹੈ ਕਿ ਜਾਨਣ ਨਾਲ, ਉਹ ਨਹੀਂ ਜਾਣਿਆ ਜਾਂਦਾ। ਸ਼ਬਦਾਂ ਨਾਲ ਉਸ ਦਾ ਕੋਈ ਸੰਬੰਧ ਨਹੀਂ ਬਣਦਾ। ਮੌਨ ਹੋ ਕੇ ਹੀ ਤੁਸੀਂ ਉਸਨੂੰ ਪਾਉਂਦੇ ਹੋ। ਇਹ ਛੋਟਾ ਬੱਚਾ ਉਹੀ ਸਨਾਤਨ ਖੋਜ ਨੂੰ ਜੋ ਨਾਨਕ ਅਨੇਕ-ਅਨੇਕ ਜਨਮਾਂ ਵਿੱਚ ਕਰਦੇ ਰਹੇ ਹਨ, ਬੋਲ ਰਿਹਾ ਹੈ।

ਕੋਈ ਵੀ ਬੱਚਾ ਬਿਲਕੁਲ ਬੱਚਾ ਨਹੀਂ ਹੈ। ਕਿਉਂਕਿ ਬੱਚੇ ਦੀ ਸਲੇਟ ਵੀ ਬਿਲਕੁਲ ਕੋਰੀ ਨਹੀਂ ਹੈ। ਅਤੀਤ ਜਨਮਾਂ ਤੋਂ ਬਹੁਤ ਕੁਝ ਲਿਖ ਕੇ ਲਿਆਇਆ ਹੈ। ਇਸ ਲਈ ਬੱਚੇ ਨੂੰ ਵੀ ਵੱਡੇ ਆਦਰ ਨਾਲ ਵੇਖਣਾ। ਕੌਣ ਜਾਣੇ, ਉਹ ਤੁਹਾਡੇ ਕੋਲੋਂ ਬਹੁਤਾ ਜਾਣਦਾ ਹੋਵੇ! ਕਿਉਂਕਿ ਤੁਹਾਡੀ ਉਮਰ ਇਸ ਦੇਹ ਦੀ ਭਾਵੇਂ ਬਹੁਤੀ ਹੋਵੇ, ਪਰ ਉਸਦੇ ਅਨੁਭਵ ਦੀ ਉਮਰ ਤੁਹਾਡੇ ਨਾਲੋਂ ਡੂੰਘੀ ਹੋ ਸਕਦੀ ਹੈ। ਇਸ ਲਈ ਬੱਚੇ ਦੇ ਲਈ ਵੀ ਇੱਕ ਸਤਿਕਾਰ ਰੱਖਣਾ। ਕਿਉਂਕਿ ਇਹ ਜ਼ਰੂਰੀ ਨਹੀਂ ਹੈ ਕਿ ਤੁਸੀਂ ਉਸ ਤੋਂ ਬਹੁਤਾ ਜਾਣਦੇ ਹੋਵੋ ਅਤੇ ਅਨੇਕ ਵਾਰ ਨਿੱਕੇ-ਨਿੱਕੇ ਬੱਚੇ ਤੁਹਾਨੂੰ ਝੰਝਟ ਵਿੱਚ ਪਾ ਦਿੰਦੇ ਹਨ। ਕਿਉਂਕਿ ਇਹੋ ਜਿਹੇ ਸਵਾਲ ਖੜ੍ਹੇ ਕਰ ਦਿੰਦੇ ਹਨ, ਜਿਨ੍ਹਾਂ ਦਾ ਜਵਾਬ

ਤੁਹਾਡੇ ਕੋਲ ਨਹੀਂ ਹੁੰਦਾ। ਪਰ ਤੁਸੀਂ ਉਨ੍ਹਾਂ ਨੂੰ ਦਬਾ ਦਿੰਦੇ ਹੋ, ਕਿਉਂਕਿ ਤੁਸੀਂ ਬਹੁਤੇ ਤਾਕਤਵਰ ਹੁੰਦੇ ਹੋ।

ਨਾਨਕ ਨੂੰ ਠੀਕ ਮਾਸਟਰ ਮਿਲਿਆ, ਜਿਹੜਾ ਪਰਤਾ ਕੇ ਘਰ ਛੱਡ ਗਿਆ। ਕਿਉਂਕਿ ਉਸ ਮਾਸਟਰ ਨੂੰ ਇੱਕ ਗੱਲ ਸਾਫ਼ ਹੋ ਗਈ ਕਿ ਇਹ ਜੋ ਬੱਚਾ ਕਹਿ ਰਿਹਾ ਹੈ, ਬਿਲਕੁਲ ਠੀਕ ਕਹਿ ਰਿਹਾ ਹੈ। ਮੈਂ ਵੀ ਅਗਿਆਨੀ ਹਾਂ ਅਤੇ ਜਦ ਮੈਂ ਸਾਰੇ ਸ਼ਾਸ਼ਤ੍ਰ ਪੜ੍ਹ ਕੇ ਗਿਆਨੀ ਨਹੀਂ ਹੋ ਸਕਿਆ ਤਾਂ ਇਸ ਬੱਚੇ ਨੂੰ ਵੀ ਉਹ ਹੀ ਸ਼ਾਸ਼ਤ੍ਰ ਪੜ੍ਹਾਉਣ ਨਾਲ ਕੀ ਹੋਵੇਗਾ? ਸਿਰ ਦਾ ਭਾਰ ਵਧਦਾ ਹੈ।

'ਇੱਕ' ਹੈ, ਜਿਸ ਨੂੰ ਜਾਨਣ ਨਾਲ ਸਿਰ ਦਾ ਭਾਰ ਖਤਮ ਹੋ ਜਾਂਦਾ ਹੈ ਅਤੇ ਸਭ ਜਾਨਣ ਨਾਲ ਸਿਰ ਦਾ ਭਾਰ ਵਧਦਾ ਹੈ। ਅਸੰਖ ਕਹਿਣਾ ਵੀ ਸਿਰ ਦਾ ਭਾਰ ਵਧਾਉਣਾ ਹੈ। ਅੱਖਰ ਨਾਲ ਹੀ ਨਾਉਂ ਹੈ। *ਅਖਰੀ ਨਾਮੁ ਅਖਰੀ ਸਾਲਾਹ॥*

ਅੱਖਰ ਉਸਦਾ ਨਾਉਂ ਹੈ। ੧ਓ ਉਸਦਾ ਨਾਉਂ ਹੈ ਅਤੇ ਉਹ ਹੀ ਉਸਦੀ ਅਰਾਧਨਾ ਹੈ। ਤੁਸੀਂ ਕੁਝ ਹੋਰ ਨਾ ਕਹੋ। ਤੁਸੀਂ ਸਿਰਫ ੧ਓ ਦੀ ਧੁਨੀ ਨਾਲ ਭਰ ਜਾਓ, ਅਰਾਧਨਾ ਸ਼ੁਰੂ ਹੋ ਗਈ। ਕੁਝ ਕਹਿਣ ਵਿੱਚ ਅਰਥ ਨਹੀਂ ਹੈ ਕਿ ਮੈਂ ਪਾਪੀ ਹਾਂ ਕਿ ਮੈਂ ਪਤਿਤ ਹਾਂ, ਕਿ ਤੂੰ ਪਤਿਤ ਪਾਵਨ ਹੈਂ। ਗੋਡੇ ਟੇਕਣ ਨਾਲ, ਰੋਣ ਨਾਲ, ਬਹੁਤੇ ਨਿਮਾਣੇ ਬਨਣ ਨਾਲ ਕੁਝ ਵੀ ਸਾਰ ਨਹੀਂ। ਇਸ ਤਰ੍ਹਾਂ ਕੁਝ ਉਸ ਦੇ ਗੁਣਗਾਨ ਦੀ ਵਡਿਆਈ ਨਹੀਂ ਹੁੰਦੀ।

ਮਨੁੱਖਾਂ ਨੇ ਪਰਮਾਤਮਾ ਦੇ ਸੰਬੰਧ ਵਿੱਚ ਉਹੋ ਜਿਹੀਆਂ ਹੀ ਵਡਿਆਈਆਂ ਬਣਾ ਲਈਆਂ ਹਨ, ਜਿਹੋ ਜਿਹੀਆਂ ਤੁਹਾਡੇ ਵਿਚਕਾਰ ਹੰਕਾਰੀ ਮਨੁੱਖ ਪਸੰਦ ਕਰਦੇ ਹਨ। ਤੁਸੀਂ ਕਿਸੇ ਰਾਜੇ ਦੇ ਕੋਲ ਜਾਓ, ਗੋਡੇ ਟੇਕ ਕੇ ਡਿੱਗ ਪਵੋ, ਹੱਥ ਜੋੜ ਕੇ ਖਲੋ ਜਾਓ ਅਤੇ ਕਹੋ ਕਿ ਤੁਸੀਂ ਤਾਂ ਪਤਿਤ ਪਾਵਨ ਹੋ। ਉਹ ਬਹੁਤ ਖੁਸ਼ ਹੁੰਦਾ ਹੈ। ਤੁਸੀਂ ਉਸੇ ਤਰ੍ਹਾਂ ਦੀਆਂ ਵਡਿਆਈਆਂ ਪਰਮਾਤਮਾ ਦੇ ਸੰਬੰਧ ਵਿੱਚ ਬਣਾ ਲਈਆਂ ਹਨ।

ਨਾਨਕ ਕਹਿੰਦੇ ਹਨ, ਉਹ ਵਡਿਆਈਆਂ ਨਹੀਂ ਹਨ। ਕਿਉਂਕਿ ਪਰਮਾਤਮਾ ਕੋਈ ਹੰਕਾਰੀ ਤਾਂ ਨਹੀਂ ਹੈ। ਤੁਸੀਂ ਕਿਸ ਨੂੰ ਧੋਖਾ ਦੇ ਰਹੋ ਹੋ? ਤੁਸੀਂ ਕਿਸਦੀ ਖੁਸ਼ਾਮਦ ਕਰ ਰਹੇ ਹੋ? ਮੱਖਣ ਤੁਸੀਂ ਕਿਸਨੂੰ ਲੱਗਾ ਰਹੇ ਹੋ? ਇਹ ਤੁਸੀਂ ਜਿਹੜਾ ਪਰਮਾਤਮਾ ਦਾ ਗੁਣਗਾਨ ਕਰ ਰਹੋ ਹੋ, ਕੀ ਤੁਸੀਂ ਉਸਨੂੰ ਫੁਸਲਾ ਕੇ ਕੁਝ ਕੰਮ ਕਰਵਾ ਲੈਣਾ ਚਾਹੁੰਦੇ ਹੋ? ਇਹ ਤੁਸੀਂ ਕਿਉਂ ਕਹਿ ਰਹੇ ਹੋ? ਇਸਨੂੰ ਕਹਿਣ ਦੀ ਕੀ ਗਰਜ਼?

ਨਹੀਂ, ਵਡਿਆਈ ਦਾ ਅਰਥ ਉਸਦੀ ਪ੍ਰਸੰਸ਼ਾ ਨਹੀਂ ਹੋ ਸਕਦੀ। ਅਸੀਂ ਕੀ ਉਸਦੀ ਵਡਿਆਈ ਕਰਾਂਗੇ? ਇਸ ਲਈ ਨਾਨਕ ਬਾਰ-ਬਾਰ ਕਹਿੰਦੇ ਹਨ, ਕੀ

ਕੁਦਰਤ ਦੀ ਗੱਲ ਕਹੀਏ! ਕੀ ਪ੍ਰਕ੍ਰਿਤੀ ਦੀ ਗੱਲ ਕਹੀਏ! ਕੀ ਉਸਦੇ ਅਸਚਰਜ ਨੂੰ ਸ਼ਬਦ ਦੇਈਏ! ਕੁਝ ਕਹਿਣ ਨੂੰ ਨਹੀਂ ਹੈ।

ਫਿਰ ਵਡਿਆਈ ਦਾ ਅਰਥ ਕੀ ਹੋਵੇਗਾ? ਵਡਿਆਈ ਦਾ ਇਕੋ ਹੀ ਅਰਥ ਹੋਵੇਗਾ! ਕਿ ਤੁਸੀਂ ਅੱਖਰ ੧ਓ ਨਾਲ ਭਰ ਜਾਓ। ਇਸ ਲਈ ੧ਓ ਦੀ ਧੁਨੀ ਤੋਂ ਇਲਾਵਾ ਨਾ ਕੋਈ ਪੂਜਾ ਹੈ, ਨਾ ਕੋਈ ਪਾਠ ਹੈ।

ਅਸੀਂ ਮੰਦਰ ਇਸ ਢੰਗ ਨਾਲ ਬਣਾਏ ਸਨ ਕਿ ਇਨ੍ਹਾਂ ਦੇ ਅੰਦਰ ਜੇਕਰ ਤੁਸੀਂ ੧ਓ ਦੀ ਧੁਨੀ ਕਰੋ ਤਾਂ ਉਸ ਦੇ ਗੋਲ ਗੁੰਬਦ ਵਿਚੋਂ ਧੁਨੀ ਪਰਤ ਕੇ ਤੁਹਾਡੇ ਉਪਰ ਵਰ੍ਹੇ। ਇਸ ਲਈ ਅਸੀਂ ਗੁੰਬਦ ਗੋਲ ਬਣਾਉਂਦੇ ਹਾਂ, ਪੱਥਰ ਦਾ, ਸੰਗਮਰਮਰ ਦਾ ਮੰਦਰ ਬਣਾਉਂਦੇ ਹਾਂ ਅਤੇ ਗੂੰਜਣ ਦੀ ਪ੍ਰਕ੍ਰਿਆ ਦਾ ਧਿਆਨ ਰੱਖਦੇ ਹਾਂ। ਜੇਕਰ ਤੁਸੀਂ ਠੀਕ ਤਰ੍ਹਾਂ ੧ਓ ਦੀ ਧੁਨੀ ਕਰੋ ਮੰਦਰ ਵਿੱਚ, ਤਾਂ ਤੁਸੀਂ ਪਾਓਗੇ ਕਿ ੧ਓ ਦੀ ਗੂੰਜਣਾ ਅਨੇਕ ਗੁਣਾ ਹੋ ਕੇ ਤੁਹਾਡੇ ਉਪਰ ਵਰ੍ਹਦੀ ਹੈ।

ਹੁਣ ਪੱਛਮ ਵਿੱਚ ਇੱਕ ਨਵੀਂ ਵਿਗਿਆਨਕ ਪ੍ਰਕ੍ਰਿਆ ਹੈ—'ਬਾਯੋਫੀਡ ਬੈਕ'। ਬਹੁਤ ਮਹੱਤਵਪੂਰਣ ਪ੍ਰਕ੍ਰਿਆ ਹੈ ਅਤੇ ਸੰਭਵ ਹੈ ਕਿ ਭਵਿੱਖ ਵਿੱਚ ਬਹੁਤ ਕੰਮ ਦੀ ਸਿੱਧ ਹੋਏਗੀ। ਸੋ ਉਨ੍ਹਾਂ ਨੇ ਨਿੱਕੇ-ਨਿੱਕੇ ਯੰਤਰ ਬਣਾਏ ਹਨ, ਜਿਨ੍ਹਾਂ ਯੰਤਰਾਂ ਦੇ ਰਾਹੀਂ ਤੁਹਾਡੇ ਮਨ ਨੂੰ ਸ਼ਾਂਤ ਕਰਨ ਦਾ ਪ੍ਰਬੰਧ ਕੀਤਾ ਜਾਂਦਾ ਹੈ। ਸਮਝਣ ਦੀ ਕੋਸ਼ਿਸ਼ ਕਰੀਏ।

ਇੱਕ ਨਿੱਕਾ ਜਿਹਾ ਪਰਦਾ ਸਾਹਮਣੇ ਹੁੰਦਾ ਹੈ, ਉਸ ਪਰਦੇ ਅਤੇ ਤੁਹਾਡੇ ਮਸਤਕ ਨੂੰ ਤਾਰ ਨਾਲ ਜੋੜ ਦਿੱਤਾ ਜਾਂਦਾ ਹੈ। ਜਦ ਤੁਹਾਡੇ ਮਸਤਕ ਵਿੱਚ ਵਿਚਾਰ ਤੇਜ਼ੀ ਨਾਲ ਚਲਦੇ ਹਨ, ਤਾਂ ਪਰਦੇ ਉਤੇ ਖਾਸ ਤਰ੍ਹਾਂ ਦੇ ਰੰਗ ਪ੍ਰਗਟ ਹੁੰਦੇ ਹਨ। ਸਮਝੋ ਕਿ ਲਾਲ ਧੱਬੇ ਪ੍ਰਗਟ ਹੁੰਦੇ ਹਨ। ਜਦ ਮਨ ਸ਼ਾਂਤ ਹੁੰਦਾ ਹੈ ਤਾਂ ਨੀਲੇ ਧੱਬੇ ਪ੍ਰਗਟ ਹੁੰਦੇ ਹਨ। ਜਦੋਂ ਮਨ ਬਿਲਕੁਲ ਹੀ ਸ਼ਾਂਤ ਹੋ ਜਾਂਦਾ ਹੈ ਤਾਂ ਪਰਦਾ ਖ਼ਾਲੀ ਹੋ ਜਾਂਦਾ ਹੈ।

ਹੁਣ ਤਾਂ ਤੁਸੀਂ ਬੈਠੇ ਹੋ ਅਤੇ ਪਰਦੇ ਨੂੰ ਵੇਖ ਰਹੇ ਹੋ। ਅਜੇ ਲਾਲ ਧੱਬੇ ਹਨ, ਮਨ ਗੁੱਸੇ ਨਾਲ ਭਰਿਆ ਹੈ, ਬਹੁਤ ਵਿਚਾਰਾਂ ਨਾਲ ਭਰਿਆ ਹੈ।

ਫਿਰ ਤੁਸੀਂ ਥੋੜ੍ਹੇ ਸ਼ਿਥਿਲ (ਢਿੱਲੇ) ਹੋਏ। ਮਨ ਦੇ ਤਨਾਵ ਨੂੰ ਥੋੜ੍ਹਾ ਘੱਟ ਕੀਤਾ, ਨੀਲੇ ਧੱਬੇ ਪ੍ਰਗਟ ਹੋ ਗਏ। ਤੁਸੀਂ ਪ੍ਰਫੁਲਿੱਤ ਹੋਏ—ਇਹ 'ਬਾਯੋਫੀਡ ਬੈਕ' ਹੈ। ਕਿਉਂਕਿ ਹੁਣ ਪਰਦੇ ਨੇ ਤੁਹਾਡਾ ਸਾਥ ਦੇਣਾ ਸ਼ੁਰੂ ਕੀਤਾ ਅਤੇ ਤੁਹਾਨੂੰ ਲੱਗਿਆ ਕਿ ਕਿਸ ਢੰਗ ਨਾਲ ਤੁਹਾਡੇ ਅੰਦਰ ਘਟਨਾ ਵਾਪਰ ਰਹੀ ਹੈ, ਜਿਸ ਨਾਲ ਪਰਦੇ ਉਤੇ ਨੀਲੇ ਧੱਬੇ ਪ੍ਰਗਟ ਹੋ ਗਏ। ਤੁਸੀਂ ਅਨੁਭਵ ਕਰ ਸਕਦੇ ਹੋ ਕਿ ਸਾਹਮਣੇ ਪਰਦੇ ਉਤੇ ਨੀਲੇ ਧੱਬੇ ਹਨ ਅਤੇ ਤੁਹਾਡੇ ਅੰਦਰ ਮਨ ਸ਼ਾਂਤ ਹੈ। ਹੁਣ ਤੁਸੀਂ ਹੋਰ ਵੀ ਸ਼ਾਂਤ ਹੋ ਸਕਦੇ

ਹੋ। ਧੱਬੇ ਗੁਆਚ ਗਏ, ਫ਼ਿਰ ਵਿਚਾਰ ਆਏ, ਫ਼ਿਰ ਧੱਬੇ ਪ੍ਰਗਟ ਹੋਏ।

ਹੌਲੀ-ਹੌਲੀ ਇਨ੍ਹਾਂ ਦੋਨਾਂ ਨੂੰ ਗੌਰ ਨਾਲ ਪੜ੍ਹ ਕੇ ਵਿਚਾਰ ਕੇ, ਤੁਸੀਂ ਆਪਣੇ ਅੰਦਰ ਦੀ ਕਲਾ ਨੂੰ ਫੜ ਲਵੋਗੇ ਕਿ ਕਿਸ ਤਰ੍ਹਾਂ ਧੱਬੇ ਗੁਆਚ ਜਾਂਦੇ ਹਨ। ਕੀ ਤੁਹਾਡੇ ਅੰਦਰ ਹੁੰਦਾ ਹੈ। ਕਿਵੇਂ ਤੁਹਾਡਾ ਮਨ ਢਿੱਲਾ ਹੁੰਦਾ ਹੈ ਕਿ ਧੱਬੇ ਗੁਆਚ ਜਾਂਦੇ ਹਨ। ਤਦ ਤੁਸੀਂ ਪੂਰੀ ਕੋਸ਼ਿਸ਼ ਨਾਲ ਧੱਬੇ ਗੁਆਉਣ ਵਿੱਚ ਸਮਰੱਥ ਹੋ ਜਾਓਗੇ। ਤੁਸੀਂ ਬੈਠ ਜਾਓਗੇ ਅੱਖਾਂ ਬੰਦ ਕਰਕੇ। ਫ਼ਿਰ ਉਸੇ ਹਾਲਤ ਨੂੰ ਪਰਤਾ ਕੇ ਲਿਆਉਣ ਦੀ ਕੋਸ਼ਿਸ਼ ਕਰੋਗੇ, ਜਿਸ 'ਚ ਧੱਬੇ ਗੁਆਚ ਗਏ ਸਨ, ਪਰਦੇ ਉਤੇ ਧੱਬੇ ਗੁਆਚ ਜਾਣਗੇ ਤਾਂ ਪਰਦੇ ਅਤੇ ਤੁਹਾਡੇ ਵਿਚਕਾਰ ਇੱਕ ਲੈਣਾ-ਦੇਣਾ ਸ਼ੁਰੂ ਹੋਇਆ। ਇਹ ਜਿਹੜੀ 'ਬਾਯੋਫੀਡ ਬੈਕ' ਹੈ ਇਸ ਦੇ ਨਿੱਕੇ-ਨਿੱਕੇ ਯੰਤਰ ਤਿਆਰ ਹੋ ਗਏ ਹਨ। ਅਨੇਕ ਤਰ੍ਹਾਂ ਦੇ ਯੰਤਰ ਹਨ। ਪੱਛਮ ਵਿੱਚ ਧਿਆਨ ਲਈ ਵਰਤੋਂ ਵਿੱਚ ਲਿਆਂਦੇ ਗਏ ਹਨ ਅਤੇ ਕੀਮਤੀ ਹਨ।

ਪਰ ਪੂਰਬ ਵਿੱਚ ਇਸੇ ਤਰ੍ਹਾਂ ਦੇ ਵੱਡੇ ਯੰਤਰ ਵਿਕਸਿਤ ਕੀਤੇ ਸਨ। ਤੁਸੀਂ ੧ਓ ਦੀ ਧੁਨੀ ਮੰਦਰ ਵਿੱਚ ਕਰੋ, ਉਹ 'ਬਾਯੋਫੀਡ ਬੈਕ' ਹੈ। ਉਹ ਜਿਹੜਾ ਗੁੰਬਦ ਹੈ ਉਸ ਨਾਲ ੧ਓ ਦੀ ਧੁਨੀ ਤੁਹਾਡੇ ਉਪਰ ਡਿੱਗੇਗੀ, ਵਰ੍ਹੇਗੀ। ਤੁਸੀਂ ਹੀ ਪੈਦਾ ਕੀਤੀ ਹੈ, ਤੁਹਾਡੇ ਉਤੇ ਹੀ ਵਰ੍ਹੇਗੀ। ਹੋਰ ਜਿਵੇਂ-ਜਿਵੇਂ ਤੁਹਾਡੀ ਧੁਨੀ ਅਸਲੀ ੧ਓ ਦੇ ਨੇੜੇ ਪੁੱਜਣ ਲੱਗੇਗੀ, ਤਿਵੇਂ-ਤਿਵੇਂ ਮੰਦਰ 'ਚੋਂ ਵਰ੍ਹਨ ਦੀ ਧੁਨੀ ਦੀ ਤੇਜ਼ੀ ਵਧਦੀ ਜਾਏਗੀ। ਉਸ ਦੀ ਸਘਨਤਾ (ਸੰਘਣਾਪਨ) ਵਧਦੀ ਜਾਏਗੀ। ਜਿਵੇਂ-ਜਿਵੇਂ ਤੁਸੀਂ ਅੰਦਰ ਸਾਜ-ਸੰਗੀਤ ਨਾਲ ਭਰਨ ਲੱਗੋਗੇ, ਤੁਹਾਡਾ ਸੁਰ ਅੰਦਰ ਸਘਨ ਲੱਗੇਗਾ। ਜਿਵੇਂ-ਜਿਵੇਂ ਤੁਹਾਡਾ ੧ਓ ਬਾਣੀ ਤੋਂ ਘੱਟ, ਹਿਰਦੇ 'ਚੋਂ ਆਉਣ ਲੱਗੇਗਾ, ਤਿਵੇਂ-ਤਿਵੇਂ ਤੁਸੀਂ ਪਾਓਗੇ ਕਿ ਮੰਦਰ ਤੋਂ ਪਰਤ ਕੇ ਆਉਣ ਵਾਲੀ ਪ੍ਰਤਿਧੁਨੀ ਦੀ ਗੁਣਵੱਤਾ ਬਦਲ ਗਈ। ਉਸਦੀ ਕਵਾਲਿਟੀ ਬਦਲ ਗਈ। ਉਹ ਹੁਣ ਬਹੁਤੀ ਸ਼ਾਂਤੀ ਵਾਲੀ ਹੈ।

ਜਿੰਨਾਂ ਹਿਰਦੇ ਦੀ ਡੂੰਘਾਈ ਵਿੱਚ ਉਤਰੇਗਾ ਤੁਹਾਡਾ ੧ਓ ਓਨੀ ਹੀ ਮੰਦਰ ਦੀ ਧੁਨੀ ਆਨੰਦ ਵਾਲੀ ਹੋਣ ਲੱਗੇਗੀ। ਪਹਿਲਾਂ ਤਾਂ ਉਹ ਰੋਲਾ-ਰੱਪਾ ਮਾਲੂਮ ਹੋਏਗੀ, ਜਦ ਤੁਸੀਂ ਉਚਾਰਣ ਸਿਰਫ਼ ਬੁੱਲ੍ਹਾਂ ਨਾਲ ਕਰੋਗੇ। ਜਦ ਤੁਹਾਡਾ ਉਚਾਰਣ ਹਾਰਦਿਕ ਹੋਵੇਗਾ ਤਦ ਉਸ ਵਿੱਚ ਇੱਕ ਸੰਗੀਤ ਪ੍ਰਗਟ ਹੋ ਜਾਵੇਗਾ, ਜਿਸ ਦਾ ਤੁਸੀਂ ਅਨੁਭਵ ਕਰੋਗੇ ਅਤੇ ਜਦ ਤੁਹਾਡਾ ਉਚਾਰਣ ਪੂਰਾ ਹੋ ਜਾਏਗਾ, ਤੁਸੀਂ ਕਰ ਹੀ ਨਹੀਂ ਰਹੇ ਹੋ, ਹੁਣ ਤੁਹਾਡੇ ਤੋਂ ਉਚਾਰਣ ਹੋ ਰਿਹਾ ਹੈ। ਤਦ ਤੁਸੀਂ ਪਾਓਗੇ ਕਿ ਮੰਦਰ ਦੇ ਕਣ-ਕਣ ਵਿਚੋਂ ਆਨੰਦ ਦੀ ਬਰਖਾ ਹੋ ਰਹੀ ਹੈ।

ਅਤੇ ਮੰਦਰ ਤਾਂ ਛੋਟਾ ਪ੍ਰਤੀਕ ਹੈ, ਉਥੇ ਤਾਂ ਅਭਿਆਸ ਕਰਨਾ ਹੈ। ਉਹ ਤੈਰਨਾ ਸਿੱਖਣ ਲਈ ਨਦੀ ਦੇ ਕੰਢੇ ਤੇ ਉਥਲ-ਪੁਥਲ ਲਈ ਇੰਤਜ਼ਾਮ ਕੀਤਾ ਹੈ। ਫ਼ਿਰ ਜਦ

ਤੁਸੀਂ ਸਿੱਖ ਗਏ ੧ਓ ਨੂੰ, ਤਾਂ ਵਿਰਾਟ ਸਾਗਰ ਵਿੱਚ ਨਿਕਲ ਜਾਣਾ। ਫ਼ਿਰ ਇਹ ਸਾਰਾ ਜਗਤ ਮੰਦਰ ਹੈ। ਫ਼ਿਰ ਤੁਸੀਂ ਜਿਥੇ ਵੀ ੧ਓ ਦੀ ਧੁਨੀ ਕਰੋਗੇ, ਉਥੇ ਹੀ ਤੁਸੀਂ ਪਾਓਗੇ ਕਿ ਚੌਹਾਂ ਪਾਸਿਆਂ ਤੋਂ ਉਸੇ ਦੀ ਬਾਰਿਸ਼ ਹੋ ਰਹੀ। ਇਹ ਗਗਨ ਦਾ ਜਿਹੜਾ ਵਿਰਾਟ ਮੰਡਪ ਹੈ, ਇਹ ਇਸ ਮੰਦਰ ਦਾ ਗੁੰਬਦ ਹੈ।

ਨਾਨਕ ਕਹਿੰਦੇ ਹਨ : 'ਅੱਖਰ ਨਾਲ ਹੀ ਸਤੁਤੀ ਹੈ। ਅੱਖਰ ਨਾਲ ਹੀ ਗਿਆਨ ਅਤੇ ਉਸਦੀ ਗੁਣਗਾਥਾ ਦੇ ਗੀਤ ਹਨ। ਅੱਖਰ ਨਾਲ ਹੀ ਲਿਖਣਾ, ਅੱਖਰ ਨਾਲ ਵਾਣੀ ਹੈ। ਇਹ ਜ਼ਰਾ ਬਾਰੀਕ ਹੈ ਅੱਖਰ ਰਾਹੀਂ ਹੀ ਭਾਗ ਦਾ ਸੰਜੋਗ ਹੈ।

*'ਅਖਰਾ ਸਿਰਿ ਸੰਜੋਗੁ ਵਖਾਣਿ॥'*

ਅਤੇ ਜਿਵੇਂ-ਜਿਵੇਂ ਤੁਹਾਡੇ ਅੰਦਰ ਦਾ ਅੱਖਰ ਖੁੱਲ੍ਹਦਾ ਹੈ, ਤਿਵੇਂ-ਤਿਵੇਂ ਤੁਹਾਡਾ ਭਾਗ ਬਦਲਦਾ ਹੈ। ਤੁਹਾਡੇ ਅੰਦਰ ਜਿਹੜੀ ਕੁੰਜੀ ਹੈ ਜੀਵਨ ਦੀ ਵਿਧੀ ਨੂੰ ਬਦਲਣ ਦੀ, ਉਹ ੧ਓ ਹੈ। ਜਿੰਨਾ ਤੁਸੀਂ ੧ਓ ਤੋਂ ਦੂਰ ਨਿਕਲ ਜਾਂਦੇ ਹੋ ਉਨਾਂ ਹੀ ਤੁਸੀਂ ਆਪਣੇ ਹੱਥੀਂ ਆਪਣੇ ਭਾਗ ਨੂੰ ਦੁਰਗਤੀ ਵਿੱਚ ਪਾ ਦਿੰਦੇ ਹੋ। ਜਿਵੇਂ-ਜਿਵੇਂ ਤੁਹਾਡਾ ਸੰਜੋਗ ਜੁੜਦਾ ਹੈ, ਅੰਦਰ ਦੀ ਧੁਨੀ ਨਾਲ, ਅੱਖਰ ਨਾਲ, ਸ਼ਬਦ ਯੋਗ ਨਾਲ, ਤਿਵੇਂ-ਤਿਵੇਂ ਸੁਗਤਿ ਸ਼ੁਰੂ ਹੋ ਜਾਂਦੀ ਹੈ।

੧ਓ ਤੋਂ ਦੂਰ ਨਿਕਲ ਜਾਣਾ ਨਰਕ ਹੈ। ੧ਓ ਦੇ ਨੇੜੇ ਆ ਜਾਣਾ ਸਵਰਗ ਹੈ। ੧ਓ ਦੇ ਨਾਲ ਇੱਕ ਹੋ ਜਾਣਾ ਮੋਕਸ਼ ਹੈ। ਸੋ ਤੁਹਾਡੇ ਭਾਗ ਦੀਆਂ ਇਹ ਤਿੰਨ ਦਿਸ਼ਾਵਾਂ ਹਨ। ਹੋਰ ਕੋਈ ਉਪਾਅ ਭਾਗ ਨੂੰ ਬਦਲਣ ਦਾ ਨਹੀਂ ਹੈ। ਤੁਸੀਂ ਕਿੰਨਾ ਹੀ ਧਨ ਕਮਾਓ! ਤੁਸੀਂ ਨਰਕ ਵਿੱਚ ਹੋ ਤਾਂ ਤੁਸੀਂ ਨਰਕ ਵਿੱਚ ਹੀ ਰਹੋਗੇ। ਤੁਹਾਡਾ ਨਰਕ ਧਨੀ ਦਾ ਨਰਕ ਹੋਏਗਾ। ਤੁਸੀਂ ਕਿੰਨਾ ਹੀ ਵੱਡਾ ਮਹਲ ਬਣਾਓ! ਜੇਕਰ ਤੁਸੀਂ ਦੁਖੀ ਹੋ ਤਾਂ ਤੁਸੀਂ ਮਹਲ ਵਿੱਚ ਵੀ ਦੁਖੀ ਰਹੋਗੇ। ਜਿਵੇਂ ਤੁਸੀਂ ਝੌਂਪੜੀ ਵਿੱਚ ਦੁਖੀ ਸੀ, ਉਵੇਂ ਹੀ ਤੁਸੀਂ ਮਹਲ ਵਿੱਚ ਦੁੱਖੀ ਰਹੋਗੇ। ਕੁੱਲੀ ਮਹਲ ਬਣ ਗਈ, ਤੁਹਾਡਾ ਦੁੱਖ ਨਹੀਂ ਬਦਲੇਗਾ। ਤੁਹਾਡਾ ਭਾਗ ਉਹ ਹੀ ਰਹੇਗਾ। ਕਿਉਂਕਿ ਤੁਹਾਡੇ ਜੀਵਨ ਦੀ ਤਰੰਗ ਨਹੀਂ ਬਦਲੀ, ਤੁਹਾਡੇ ਜੀਵਨ ਦੀ ਜਿਹੜੀ ਧੁਨੀ ਵਾਲੀ ਤਰੰਗ ਹੈ, ਜਿਹੜੀ ਭਾਗ ਨੂੰ ਲਿਖਦੀ ਹੈ, ਉਹ ਨਹੀਂ ਬਦਲੀ।

ਅਤੇ ਦੋ ਹੀ ਤਰ੍ਹਾਂ ਦੇ ਲੋਕ ਹਨ ਸੰਸਾਰ 'ਚ! ਇੱਕ ਜਿਹੜੇ ਹਾਲਾਤ ਨੂੰ ਬਦਲਦੇ ਰਹਿੰਦੇ ਹਨ। ਕੰਮ ਧਨ ਨਾਲੋਂ ਬਹੁਤਾ, ਛੋਟੇ ਔਹਦੇ ਤੋਂ ਵੱਡਾ ਔਹਦਾ, ਛੋਟੇ ਮਕਾਨ ਤੋਂ ਵੱਡਾ ਮਕਾਨ, ਘੱਟ ਸੋਹਣੀ ਇਸਤ੍ਰੀ ਤੋਂ ਬਹੁਤੀ ਸੋਹਣੀ ਇਸਤ੍ਰੀ। ਹਾਲਾਤ ਨੂੰ ਬਦਲਦੇ ਰਹਿੰਦੇ ਹਨ, ਪਰ ਭਾਗ ਦੀ ਤਰੰਗ ਉਨ੍ਹਾਂ ਦੀ ਉਹ ਹੀ ਰਹਿੰਦੀ ਹੈ। 'ਵੇਵਹ ਲੈਂਥ' ਉਹ ਹੀ ਰਹਿੰਦੀ ਹੈ, ਉਨ੍ਹਾਂ ਦੇ ਭਾਗ ਦੀ। ਉਸਦੇ 'ਚ ਕੋਈ ਫ਼ਰਕ ਨਹੀਂ

ਆਉਂਦਾ।

ਦੂਜਾ ਵਰਗ ਹੈ, ਜਿਸ ਨੂੰ ਅਸੀਂ ਸਾਧਕ ਕਹਿੰਦੇ ਹਾਂ। ਉਹ ਜੀਵਨ ਦੇ ਹਾਲਾਤ ਦੀ ਚਿੰਤਾ ਨਹੀਂ ਕਰਦਾ। ਉਹ ਜੀਵਨ ਦਾ ਜਿਸ ਤਰ੍ਹਾਂ ਅਨੁਭਵ ਹੋ ਰਿਹਾ ਹੈ ਉਸ ਦੀ ਤਰੰਗ ਨੂੰ ਬਦਲਣ ਦੀ ਕੋਸ਼ਿਸ਼ ਕਰਦਾ ਹੈ। ਜਿਵੇਂ ਹੀ ਉਹ ਤਰੰਗ ਬਦਲ ਜਾਂਦੀ ਹੈ, ਤਾਂ ਫ਼ਿਰ ਭਾਵੇਂ ਕੁੱਲੀ ਹੋਵੇ ਜਾਂ ਮਹਲ, ਤੁਸੀਂ ਮਹਲ ਵਿੱਚ ਹੁੰਦੇ ਹੋ। ਉਸ ਤਰੰਗ ਦੇ ਬਦਲੇ ਹੋਏ ਮਨੁੱਖ ਨੂੰ ਜੇਕਰ ਨਰਕ 'ਚ ਵੀ ਸੁੱਟ ਦਿਓ ਤਾਂ ਵੀ ਉਹ ਸੁਵਰਗ 'ਚ ਹੋਏਗਾ। ਉਸਨੂੰ ਨਰਕ 'ਚ ਪਾਉਣ ਦਾ ਉਪਾਅ ਨਹੀਂ। ਕਿਉਂਕਿ ਉਸਦੇ ਅੰਦਰ ਜਿਹੜਾ ਨਾਦ ਬਜ ਰਿਹਾ ਹੈ, ਉਹ ਜਿਹੜੇ ਅਹੋ-ਭਾਵ ਅਤੇ ਆਨੰਦ ਨੂੰ ਪ੍ਰਾਪਤ ਹੋਇਆ ਹੈ, ਤੁਸੀਂ ਉਸਨੂੰ ਖੋਹ ਨਹੀਂ ਸਕਦੇ। ਤੁਸੀਂ ਉਸਨੂੰ ਅੱਗ ਵਿੱਚ ਪਾ ਦਿਓ। ਭਾਵੇਂ।

ਇੱਕ ਝੇਂਨ ਫ਼ਕੀਰ ਇਸਤ੍ਰੀ ਹੋਈ ਹੈ। ਮਰਨ ਤੋਂ ਪਹਿਲਾਂ ਉਸ ਨੇ ਆਪਣੇ ਚੇਲਿਆਂ ਨੂੰ ਕਿਹਾ, ਕਿ ਮੈਂ ਜੀਉਂਦੇ ਜੀਅ ਚਿਤਾ ਉਤੇ ਚੜ੍ਹਣਾ ਚਾਹੁੰਦੀ ਹਾਂ। ਇਹ ਵੀ ਕੋਈ ਢੰਗ, ਕਿ ਦੂਜਿਆਂ ਦੇ ਮੋਢਿਆਂ ਉਤੇ ਕੋਈ ਚੜ੍ਹ ਕੇ ਫ਼ਿਰ ਚਿਤਾ ਉਪਰ ਜਾਏ! ਅਤੇ ਫ਼ਿਰ ਮੈਂ ਕਦੇ ਕਿਸੇ ਦੇ ਮੋਢਿਆਂ ਉਤੇ ਨਹੀਂ ਚੜ੍ਹੀ। ਅਤੇ ਮੈਂ ਨਹੀਂ ਚਾਹੁੰਦੀ ਕਿ ਮੇਰੇ ਸੰਬੰਧ ਵਿੱਚ ਪਿਛੋਂ ਇਹ ਕਿਹਾ ਜਾਏ, ਕਿ ਮੈਂ ਕਿਸੇ ਦਾ ਸਹਾਰਾ ਲਿਆ। ਉਸ 'ਇੱਕ' ਦਾ ਸਹਾਰਾ ਕਾਫੀ ਹੈ, ਹੁਣ ਹੋਰ ਕਿਸ ਦਾ ਸਹਾਰਾ ਲੈਣਾ? ਉਹ ਨਾ ਮੰਨੀ, ਤਾਂ ਚਿਤਾ ਸਜਾਈ ਗਈ। ਉਸ ਚਿਤਾ ਉਤੇ ਉਹ ਬਹਿ ਗਈ। ਚਿਤਾ ਵਿੱਚ ਅੱਗ ਲਾ ਦਿੱਤੀ ਗਈ। ਲੋਕ ਦੂਰ ਨੱਸੇ, ਕਿਉਂਕਿ ਅੱਗ ਤੇਜ਼ ਸੀ, ਕੋਲ ਖਲੋਤੇ ਰਹਿਣਾ ਮੁਸ਼ਕਿਲ ਸੀ। ਫ਼ਿਰ ਭੀੜ 'ਚੋਂ ਇੱਕ ਆਦਮੀ ਨੇ ਪੁੱਛਿਆ, ਕਿ ਉਥੇ ਕਿਹੋ ਜਿਹਾ ਲੱਗ ਰਿਹਾ ਹੈ? ਕਿਉਂਕਿ ਲਪਟਾਂ ਭਿਅੰਕਰ ਸਨ, ਉਹ ਇਸਤ੍ਰੀ ਸੜ ਰਹੀ ਸੀ। ਇਸ ਇਸਤ੍ਰੀ ਨੇ ਅੱਖ ਖੋਲ੍ਹੀ ਅਤੇ ਕਿਹਾ, 'ਏਸ ਤਰ੍ਹਾਂ ਦਾ ਮੂਰਖਤਾਪੂਰਣ ਸਵਾਲ ਤੂੰ ਹੀ ਕਰ ਸਕਦਾ ਸੀ।'

ਉਸ ਇਸਤ੍ਰੀ ਦੇ ਚਿਹਰੇ ਉਤੇ ਉਹ ਹੀ ਭਾਵ ਸੀ, ਜਿਹੜਾ ਸਦਾ ਹੁੰਦਾ ਸੀ। ਤੁਸੀਂ ਉਸ ਨੂੰ ਫੁੱਲਾਂ ਤੇ ਬਹਾਲ੍ਹਦੇ ਤਾਂ ਫ਼ਰਕ ਨਾ ਪੈਂਦਾ ਅਤੇ ਤੁਸੀਂ ਉਸਨੂੰ ਅੱਗ ਦੀ ਚਿਤਾ ਉਤੇ ਬਿਠਾ ਦਿੱਤਾ ਤਾਂ ਫ਼ਰਕ ਨਹੀਂ ਪਿਆ।

ਅੰਦਰ ਦੀ ਤਰੰਗ ਸਧ ਗਈ ਤਾਂ ਅੱਗ ਉਸ ਤਰੰਗ ਨੂੰ ਸਾੜ ਨਹੀਂ ਸਕਦੀ ਅਤੇ ਫੁੱਲ ਉਸ ਤਰੰਗ ਨੂੰ ਵਧਾ ਨਹੀਂ ਸਕਦੇ। ਇਸ ਅੰਦਰਲੀ ਤਰੰਗ ਨੂੰ ਹੀ ਨਾਨਕ ਕਹਿੰਦੇ ਹਨ ਨਿਯਤਿ (ਮੁਕੱਦਰ) ਹੈ। ਭਾਗ ਤੁਹਾਡੇ ਸਿਰ 'ਚ ਨਹੀਂ ਲਿਖਿਆ ਹੋਇਆ ਹੈ। ਭਾਗ ਤੁਹਾਡੇ ਜੀਵਨ ਦੀ ਤਰੰਗ 'ਚ ਲਿਖਿਆ ਹੋਇਆ ਹੈ। ਉਸ ਤਰੰਗ ਦੀ ਭਾਲ ੴ ਨਾਲ ਸਧਦੀ ਹੈ।

ਅੱਖਰ ਨਾਲ ਲਿਖਣਾ ਅੱਖਰ ਨਾਲ ਬਾਣੀ ਬੋਲਣਾ ਹੈ। ਅੱਖਰਾਂ ਰਾਹੀਂ ਹੀ ਭਾਗ ਦਾ ਸੰਜੋਗ ਲਿਖਿਆ ਜਾਂਦਾ ਹੈ, ਪਰ ਜਿਹੜਾ ਲਿਖਦਾ ਹੈ ਉਹ ਭਾਗ ਤੋਂ ਪਰ੍ਹੇ ਹੈ।'

ਪਰਮਾਤਮਾ ਦਾ ਕੋਈ ਭਾਗ ਨਹੀਂ, ਕੋਈ ਮੁਕੱਦਰ ਨਹੀਂ, ਪਰਮਾਤਮਾ ਦਾ ਕੋਈ ਮਤਲਬ ਨਹੀਂ। ਪਰਮਾਤਮਾ ਦਾ ਕੋਈ ਉਦੇਸ਼ ਨਹੀਂ। ਉਹ ਭਾਗ ਤੋਂ ਪਰ੍ਹੇ ਹੈ। ਉਹ ਕਿਤੇ ਜਾ ਨਹੀਂ ਰਿਹਾ ਹੈ। ਉਹ ਕਿਸੇ ਯਾਤਰਾ ਉਤੇ ਨਹੀਂ, ਉਹ ਕਿਸੇ ਮੰਜ਼ਿਲ ਦੀ ਤਲਾਸ਼ 'ਚ ਨਹੀਂ ਹੈ। ਇਸ ਲਈ ਤਾਂ ਹਿੰਦੂ ਉਸ ਨੂੰ ਲੀਲ੍ਹਾ ਕਹਿੰਦੇ ਹਨ, ਲੀਲ੍ਹਾ ਦਾ ਅਰਥ ਹੈ, ਪਰਮਾਤਮਾ ਦਾ ਕੋਈ ਮਤਲਬ ਨਹੀਂ ਹੈ। ਲੀਲ੍ਹਾ ਦਾ ਅਰਥ ਹੈ, ਪਰਮਾਤਮਾ ਖੇਡ ਰਿਹਾ ਹੈ। ਜਿਵੇਂ ਨਿੱਕੇ ਬੱਚੇ ਖੇਡਦੇ ਹਨ, ਕੋਈ ਮਤਲਬ ਨਹੀਂ। ਬੱਸ ਖੇਡਣਾ ਹੀ ਮਤਲਬ ਹੈ। ਆਨੰਦਿਤ ਹਨ, ਪ੍ਰਫੁਲਿਤ ਹਨ।

ਜਿਵੇਂ ਫੁੱਲ ਖਿੜਦੇ ਹਨ, ਕਿਸੇ ਕਾਰਣ? ਜਿਵੇਂ ਚੰਨ-ਤਾਰੇ ਟੁਰਦੇ ਹਨ, ਕਿਸੇ ਕਾਰਣ? ਜਿਵੇਂ ਪ੍ਰੇਮ ਹੁੰਦਾ ਹੈ, ਕਿਸੇ ਕਾਰਣ? ਨਦੀਆਂ, ਝਰਨੇ ਵਗਦੇ ਹਨ ਕਿਸੇ ਕਾਰਣ?

ਪਰਮਾਤਮਾ ਹੈ ਕਿਤੇ ਜਾ ਨਹੀਂ ਰਿਹਾ ਹੈ ਅਤੇ ਜਿਸ ਦਿਨ ਤੁਹਾਡੀ ਤਰੰਗ ਸਧ ਜਾਏਗੀ ਪੂਰੀ, ਤੁਸੀਂ ਵੀ ਪਾਓਗੇ, ਤੁਹਾਡੇ ਜੀਵਨ ਨਾਲੋਂ ਵੀ ਮਤਲਬ ਚਲਾ ਗਿਆ। ਇਸ ਲਈ ਤਾਂ ਅਸੀਂ ਰਾਮ ਅਤੇ ਕ੍ਰਿਸ਼ਨ ਦੇ ਜੀਵਨ ਨੂੰ ਚਰਿਤ੍ਰ ਨਹੀਂ ਕਹਿੰਦੇ, ਲੀਲ੍ਹਾ ਕਹਿੰਦੇ ਹਾਂ। ਉਹ ਚਰਿਤ੍ਰ ਨਹੀਂ ਹੈ ਲੀਲ੍ਹਾ ਹੈ। ਖੇਡ ਹੈ ਇੱਕ ਕ੍ਰੀੜਾ ਹੈ, ਇੱਕ ਉਤਸਵ ਹੈ।

ਜੋ ਲਿਖਦਾ ਹੈ ਉਹ ਭਾਗ ਤੋਂ ਪਰ੍ਹੇ ਹੈ। ਉਹ ਜਿਹੋ ਜਿਹਾ ਫਰਮਾਉਂਦਾ ਹੈ, ਉਹੋ ਜਿਹਾ ਅਸੀਂ ਪਾਉਂਦੇ ਹਾਂ। ਜੋ ਕੁਝ ਵੀ ਉਸ ਦੀ ਰਚਨਾ ਹੈ, ਸਭ ਉਸਦਾ ਨਾਉਂ ਹੈ। ਇਸ ਲਈ ਉਸਦੇ ਨਾਉਂ ਨੂੰ ਕੀ ਲੱਭਣਾ? ਜੋ ਕੁਝ ਵੀ ਉਸਦੀ ਰਚਨਾ ਹੈ ਸਭ ਉਸੇ ਦੇ ਨਾਉਂ ਹਨ। ਰੁੱਖ ਵਿੱਚ, ਪੱਥਰ 'ਚ, ਪੌਦਿਆਂ 'ਚ ਉਸੇ ਦੇ ਦਸਤਖਤ ਹਨ। ਜੀਸਸ ਨੇ ਕਿਹਾ ਹੈ, 'ਚੁੱਕੋ ਪੱਥਰ ਅਤੇ ਤੁਸੀਂ ਮੈਨੂੰ ਹੀ ਦੱਬਿਆ ਹੋਇਆ ਪਾਓਗੇ। ਤੋੜੋ ਰੁੱਖ ਦੀਆਂ ਟਾਹਣੀਆਂ, ਤੁਸੀਂ ਮੈਨੂੰ ਲੁਕਿਆ ਹੋਇਆ ਪਾਓਗੇ। ਸਭ ਥਾਂ 'ਤੇ ਉਸਦਾ ਨਾਉਂ ਹੈ। ਹਰ ਧੁਨੀ ਵਿੱਚ ਉਹ ਹੀ ਗੂੰਜ ਰਿਹਾ ਹੈ। ਸਾਰੀਆਂ ਧੁਨੀਆਂ ਪੈਦਾ ਹੁੰਦੀਆਂ ਹਨ। ਇੱਕ ਲੁਕਿਆ ਹੈ ਅਨੇਕ ਵਿੱਚ। ਸਭ ਉਸ ਦਾ ਨਾਉਂ ਹੈ। ਨਾਉਂ ਬਿਨਾ ਕੋਈ ਥਾਂ ਨਹੀਂ—ਕੁਦਰਤ ਦਾ ਕਿਸ ਤਰ੍ਹਾਂ ਬਖਾਨ ਕਰਾਂ?

ਨਾਨਕ ਹੈਰਾਨੀ ਨਾਲ ਭਰ-ਭਰ ਜਾਂਦੇ ਹਨ। ਬਾਰ-ਬਾਰ ਅਹੋ-ਭਾਵ ਅਤੇ ਹੈਰਤ ਨਾਲ ਭਰ-ਭਰ ਜਾਂਦੇ ਹਨ। ਕਿਵੇਂ ਕੁਦਰਤ ਦਾ ਵਖਿਆਨ ਕਰਾਂ? ਇਸ ਸੁਭਾਅ ਦਾ ਕਿਵੇਂ ਵਰਨਣ ਕਰਾਂ? ਤੇਰੇ ਉਤੋਂ ਇੱਕ ਵਾਰੀ ਨਹੀਂ ਵਾਰ-ਵਾਰ ਨਿਛਾਵਰ ਹੋਇਆ

ਜਾਏ ਤਾਂ ਵੀ ਘੱਟ ਹੈ। ਜੋ ਤੈਨੂੰ ਭਾਵੇ ਉਹ ਹੀ ਭਲਾ, ਤੂੰ ਸਦਾ ਸਲਾਮਤ ਅਤੇ ਨਿਰੰਕਾਰ ਹੈਂ।

*ਅਸੰਖ ਨਾਵ ਅਸੰਖ ਥਾਵ॥ ਅਗੰਮ ਅਗੰਮ ਅਸੰਖ ਲੋਅ॥*
*ਅਸੰਖ ਕਹਹਿ ਸਿਰਿ ਭਾਰੁ ਹੋਇ॥*
*ਅਖਰੀ ਨਾਮੁ ਅਖਰੀ ਸਾਲਾਹ॥ ਅਖਰੀ ਗਿਆਨੁ ਗੀਤ ਗੁਣ ਗਾਹ॥*
*ਅਖਰੀ ਲਿਖਣੁ ਬੋਲਣੁ ਬਾਣਿ॥ ਅਖਰਾ ਸਿਰਿ ਸੰਜੋਗੁ ਵਖਾਣਿ॥*
*ਜਿਨਿ ਏਹਿ ਲਿਖੇ ਤਿਸੁ ਸਿਰਿ ਨਾਹਿ॥ ਜਿਵ ਫੁਰਮਾਏ ਤਿਵ ਤਿਵ ਪਾਹਿ॥*
*ਜੇਤਾ ਕੀਤਾ ਤੇਤਾ ਨਾਉ॥ ਵਿਣੁ ਨਾਵੈ ਨਾਹੀ ਕੋ ਥਾਉ॥*
*ਕੁਦਰਤਿ ਕਵਣ ਕਹਾ ਵੀਚਾਰੁ॥ ਵਾਰਿਆ ਨ ਜਾਵਾ ਏਕ ਵਾਰ॥*
*ਜੋ ਤੁਧੁ ਭਾਵੈ ਸਾਈ ਭਲੀ ਕਾਰ॥ ਤੂ ਸਦਾ ਸਲਾਮਤਿ ਨਿਰੰਕਾਰ॥ ੧੯॥*

ਛੱਡ ਦਿਓ ਉਸ ਉਤੇ। ਇੱਕ ਹੀ ਪਕੜ ਛੱਡ ਦਿਓ—ਆਪਣੇ ਨੂੰ ਫੜਣਾ ਅਤੇ ਸਭ ਹੱਲ ਹੋ ਜਾਂਦਾ ਹੈ। ਉਲਝਨ ਇਕੋ ਹੈ ਕਿ ਤੁਸੀਂ ਆਪਣੀ ਮੰਨ ਕੇ ਟੁਰਦੇ ਹੋ। ਉਲਝਣ ਇਕੋ ਹੈ ਕਿ ਤੁਸੀਂ ਖ਼ੁਦ ਨੂੰ ਹੀ ਆਪਣਾ ਗੁਰੂ ਬਣਾ ਲਿਆ ਹੈ ਅਤੇ ਸੁਲਝਾਓ ਵੀ ਇਕੋ ਹੈ ਕਿ ਤੁਸੀਂ ਉਸ ਨੂੰ ਗੁਰੂ ਬਣਾ ਦਿਓ ਅਤੇ ਤੁਸੀਂ ਵਿਚਕਾਰੋਂ ਹਟ ਜਾਓ ਅਤੇ ਫ਼ਿਰ ਜੋ ਹੋਵੇ, ਤੁਸੀਂ ਫੈਸਲਾ ਨਾ ਲਓ ਕਿ ਕੀ ਭਲਾ ਤੇ ਕੀ ਬੁਰਾ। ਉਸਦੀ ਮਰਜ਼ੀ ਤੋਂ ਬਿਨਾਂ ਤਾਂ ਕੁਝ ਹੋਏਗਾ ਨਹੀਂ। ਇਸ ਲਈ ਜੋ ਵੀ ਹੋਏਗਾ, ਠੀਕ ਹੀ ਹੋਏਗਾ, ਜੋ ਉਸਨੂੰ ਭਾਵੇ ਉਹ ਹੀ ਸ਼ੁਭ ਹੈ।

*ਅੱਜ ਏਨਾ ਹੀ।*

# ਆਪੇ ਬੀਜਿ ਆਪੇ ਹੀ ਖਾਹੁ

ਭਰੀਐ ਹਥੁ ਪੈਰੁ ਤਨੁ ਦੇਹ॥ ਪਾਣੀ ਧੋਤੈ ਉਤਰ ਸੁ ਖੇਹ॥
ਮੂਤ ਪਲੀਤੀ ਕਪੜੁ ਹੋਇ॥ ਦੇ ਸਾਬੂਣੁ ਲਈਐ ਓਹੁ ਧੋਇ॥
ਭਰੀਐ ਮਤਿ ਪਾਪਾ ਕੈ ਸੰਗਿ॥ ਓਹੁ ਧੋਪੈ ਨਾਵੈ ਕੈ ਰੰਗਿ॥
ਪੁੰਨੀ ਪਾਪੀ ਆਖਣੁ ਨਾਹਿ॥ ਕਰਿ ਕਰਿ ਕਰਣਾ ਲਿਖਿ ਲੈ ਜਾਹੁ॥
ਆਪੇ ਬੀਜਿ ਆਪੇ ਹੀ ਖਾਹੁ॥ ਨਾਨਕ ਹੁਕਮੀ ਆਵਹੁ ਜਾਹੁ॥ ੨੦॥
ਤੀਰਥੁ ਤਪੁ ਦਇਆ ਦਤੁ ਦਾਨੁ॥ ਜੇ ਕੋ ਪਾਵੈ ਤਿਲ ਕਾ ਮਾਨੁ॥
ਸੁਣਿਆ ਮੰਨਿਆ ਮਨਿ ਕੀਤਾ ਭਾਉ॥ ਅੰਤਰ ਗਤਿ ਤੀਰਥਿ ਮਲਿ ਨਾਉ॥
ਸਭਿ ਗੁਣ ਤੇਰੇ ਮੈ ਨਾਹੀ ਕੋਇ॥ ਵਿਣੁ ਗੁਣ ਕੀਤੇ ਭਗਤਿ ਨ ਹੋਇ॥
ਸੁਅਸਤਿ ਆਥਿ ਬਾਣੀ ਬਰਮਾਉ॥ ਸਤਿ ਸੁਹਾਣੁ ਸਦਾ ਮਨਿ ਚਾਉ॥
ਕਵਣੁ ਸੁ ਵੇਲਾ ਵਖਤੁ ਕਵਣੁ ਕਵਣ ਥਿਤਿ ਕਵਣੁ ਵਾਰੁ॥
ਕਵਣਿ ਸਿ ਰੁਤੀ ਮਾਹੁ ਕਵਣੁ ਜਿਤੁ ਹੋਆ ਆਕਾਰੁ॥
ਵੇਲ ਨ ਪਾਈਆ ਪੰਡਤੀ ਜਿ ਹੋਵੈ ਲੇਖੁ ਪੁਰਾਣੁ॥
ਵਖਤੁ ਨ ਪਾਇਓ ਕਾਦੀਆ ਜਿ ਲਿਖਨਿ ਲੇਖੁ ਕੁਰਾਣੁ॥
ਥਿਤਿ ਵਾਰੁ ਨਾ ਜੋਗੀ ਜਾਣੈ ਰੁਤਿ ਮਾਹੁ ਨਾ ਕੋਈ॥
ਜਾ ਕਰਤਾ ਸਿਰਠੀ ਕਉ ਸਾਜੇ ਆਪੇ ਜਾਣੈ ਸੋਈ॥
ਕਿਵ ਕਰਿ ਆਖਾ ਕਿਵ ਸਾਲਾਹੀ ਕਿਉ ਵਰਨੀ ਕਿਵ ਜਾਣਾ॥
ਨਾਨਕ ਆਖਣਿ ਸਭੁ ਕੋ ਆਖੈ ਇਕ ਦੂ ਇਕੁ ਸਿਆਣਾ॥
ਵਡਾ ਸਾਹਿਬੁ ਵਡੀ ਨਾਈ ਕੀਤਾ ਜਾ ਕਾ ਹੋਵੈ॥
ਨਾਨਕ ਜੇ ਕੋ ਆਪੌ ਜਾਣੈ ਅਗੈ ਗਇਆ ਨ ਸੋਹੈ॥ ੨੧॥

ਧਰਮ ਆਂਤਰਿਕ ਇਸ਼ਨਾਨ ਹੈ।

ਯਾਤਰਾ ਕਰਦੇ ਹਾਂ, ਰਾਹ ਤੋਂ ਲੰਘਦੇ ਹਾਂ, ਤਨ ਉਤੇ, ਕਪੜਿਆਂ ਉਤੇ ਧੂੜ ਜਮ ਜਾਂਦੀ ਹੈ, ਸੌਖਾ ਹੈ ਧੋ ਲੈਣਾ। ਪਰ ਸਮੇਂ 'ਚ ਯਾਤਰਾ ਕਰਦੇ ਹਾਂ, ਤਦ ਮਨ ਉਤੇ ਧੂੜ ਜੰਮਦੀ ਹੈ। ਓਨਾ ਸੌਖਾ ਨਹੀਂ ਹੈ, ਜਿੰਨਾ ਦੇਹ ਨੂੰ ਸਾਫ ਕਰ ਲੈਣਾ। ਕਿਉਂਕਿ ਦੇਹ ਬਾਹਰ ਹੈ, ਧੂੜ ਵੀ ਬਾਹਰ ਹੈ, ਪਾਣੀ ਵੀ ਬਾਹਰ ਉਪਲਬਧ ਹੈ। ਮਨ ਅੰਦਰ ਹੈ, ਧੂੜ ਵੀ ਅੰਦਰ ਹੈ, ਅੰਦਰ ਦਾ ਕੋਈ ਪਾਣੀ ਉਪਲਬਧ ਕਰਨਾ ਪੈਂਦਾ ਹੈ।

ਇੱਕ ਪਲ ਵੀ ਲੰਘਦਾ ਹੈ ਤਾਂ ਅੰਦਰ ਧੂੜ ਇਕੱਠੀ ਹੋ ਰਹੀ ਹੈ। ਕੁਝ ਨਾ ਵੀ ਕਰੋ, ਖਾਲੀ ਵੀ ਬੈਠੇ ਰਹੋ, ਤਾਂ ਵੀ ਧੂੜ ਇਕੱਠੀ ਹੋ ਰਹੀ ਹੈ। ਜੇਕਰ ਇੱਕ ਆਦਮੀ ਚੁੱਪ-ਚਾਪ ਬੈਠਾ ਰਹੇ, ਕੁਝ ਕੰਮ ਵੀ ਨਾ ਕਰੇ, ਤਾਂ ਵੀ ਚੌਵੀ ਘੰਟਿਆਂ ਪਿਛੋਂ ਇਸ਼ਨਾਨ ਦੀ ਜ਼ਰੂਰਤ ਪੈਦਾ ਹੋ ਜਾਏਗੀ। ਮਨ ਤਾਂ ਚੌਵੀ ਘੰਟੇ ਕੁਝ ਨਾ ਕੁਝ ਕਰ ਹੀ ਰਿਹਾ ਹੈ। ਮਨ ਦੇ ਨਾ ਕਰਨ ਦੀ ਅਵਸਥਾ ਤਾਂ ਬਹੁਤ ਦੁਰਲੱਭ ਹੈ। ਤਾਂ ਮਨ ਦੇ ਹਰ ਕ੍ਰਿਤਯ ਨਾਲ ਧੂੜ ਇਕੱਠੀ ਹੋ ਰਹੀ ਹੈ ਅਤੇ ਧੂੜ ਅੰਦਰ ਇਕੱਠੀ ਹੋ ਰਹੀ ਹੈ। ਫਿਰ ਤੁਸੀਂ ਬਾਹਰ ਕਿੰਨਾ ਹੀ ਇਸ਼ਨਾਨ ਕਰੋ। ਬਾਹਰ ਦਾ ਪਾਣੀ ਅੰਦਰ ਦੀ ਧੂੜ ਨੂੰ ਨਹੀਂ ਧੋ ਸਕੇਗਾ। ਅੰਦਰ ਦਾ ਪਾਣੀ ਲੱਭਣਾ ਪਏਗਾ।

ਉਸ ਪਾਣੀ ਦੇ ਸੰਬੰਧ 'ਚ ਹੀ ਇਹ ਸੂਤਰ ਹੈ ਅਤੇ ਸੂਤਰ ਬਹੁਤ ਕੀਮਤੀ ਹੈ। ਚੰਗੀ ਤਰ੍ਹਾਂ ਸਮਝਿਆ ਅਤੇ ਅੰਦਰ ਦਾ ਸਰੋਵਰ ਪਛਾਣ 'ਚ ਆ ਗਿਆ ਤਾਂ ਜੀਵਨ ਦੇ ਬਦਲਾਓ ਦੀ ਕੁੰਜੀ ਹੱਥ ਲੱਗ ਜਾਂਦੀ ਹੈ।

ਅਤੇ ਹੁਣ ਤੀਕਰ ਜਿੰਨੀਆਂ ਵੀ ਕੁੰਜੀਆਂ ਤੁਹਾਡੇ ਕੋਲ ਹਨ, ਕੋਈ ਵੀ ਲੱਗਦੀ ਨਹੀਂ, ਲੱਗ ਹੀ ਜਾਂਦੀ ਤਾਂ ਤੁਸੀਂ ਖੁਦ ਹੀ ਨਾਨਕ ਹੋ ਜਾਂਦੇ। ਫਿਰ ਨਾਨਕ ਨੂੰ ਸਮਝਣ ਲਈ ਕੁਝ ਨਾ ਬਚਦਾ। ਕੁੰਜੀਆਂ ਤਾਂ ਤੁਸੀਂ ਬਹੁਤ ਰੱਖੀਆਂ ਹੋਈਆਂ ਹਨ, ਉਨ੍ਹਾਂ ਵਿਚੋਂ ਕੋਈ ਲੱਗਦੀ ਨਹੀਂ। ਪਰ ਹੰਕਾਰ ਦੇ ਕਾਰਣ ਤੁਸੀਂ ਇਹ ਵੀ ਨਹੀਂ ਮੰਨਦੇ ਕਿ ਮੇਰੀਆਂ ਕੁੰਜੀਆਂ ਕੰਮ ਨਹੀਂ ਕਰਦੀਆਂ।

ਮੁੱਲਾ ਨਸਰੂਦੀਨ ਇੱਕ ਘਰ ਵਿੱਚ ਨੌਕਰ ਸੀ। ਇੱਕ ਦਿਨ ਉਸ ਨੇ ਆਪਣੇ ਮਾਲਿਕ ਨੂੰ ਕਿਹਾ, ਹੁਣ ਬਹੁਤ ਹੋ ਗਿਆ, ਅੱਜ ਮੈਨੂੰ ਤੁਸੀਂ ਛੁੱਟੀ ਦੇ ਦਿਓ। ਹਰ ਚੀਜ਼ ਦੀ ਹੱਦ ਹੁੰਦੀ ਹੈ, ਅਤੇ ਤੁਹਾਨੂੰ ਮੇਰੇ ਉਤੇ ਰੱਤੀ ਕੁ ਵੀ ਭਰੋਸਾ ਨਹੀਂ। ਹੁਣ ਹੋਰ ਨਹੀਂ ਸਹਾਰ ਸਕਦਾ ਇਸ ਸ਼ੱਕ ਦੇ ਹਾਲਾਤ ਨੂੰ। ਮਲਿਕ ਨੇ ਕਿਹਾ, ਕੀ ਕਹਿ ਰਿਹਾ ਹੈਂ ਨਸਰੂਦੀਨ! ਭਰੋਸਾ, ਅਤੇ ਤੇਰੇ ਤੇ ਨਹੀਂ। ਤਿਜੋਰੀ ਦੀਆਂ ਚਾਬੀਆਂ ਤੱਕ ਤਾਂ ਏਥੇ ਮੇਜ਼ ਉਤੇ ਪਈਆਂ ਰਹਿੰਦੀਆਂ ਹਨ। ਨਸਰੂਦੀਨ ਨੇ ਕਿਹਾ, ਚਾਬੀਆਂ ਤਾਂ ਜ਼ਰੂਰ ਪਈਆਂ ਰਹਿੰਦੀਆਂ ਹਨ, ਲੱਗਦੀ ਉਨ੍ਹਾਂ ਵਿਚੋਂ ਇੱਕ ਵੀ ਨਹੀਂ।

ਤੁਹਾਡੇ ਕੋਲ ਵੀ ਚਾਬੀਆਂ ਘੱਟ ਨਹੀਂ ਹਨ, ਜਾਣਕਾਰੀ ਬਹੁਤ ਹੈ ਅਤੇ ਜਦ ਜਾਣਕਾਰੀ ਲੱਗ ਜਾਂਦੀ ਹੈ, ਤਾਂ ਗਿਆਨ ਹੋ ਜਾਂਦਾ ਹੈ ਅਤੇ ਜਦ ਤੱਕ ਲੱਗਦੀ ਨਹੀਂ, ਤੱਦ ਤੱਕ ਭਾਰ ਹੈ।

ਚਾਬੀਆਂ ਤੁਸੀਂ ਢੋਂਦੇ ਰਹੋ, ਪੁੱਛਣਾ ਜ਼ਰੂਰੀ ਹੈ ਉਨ੍ਹਾਂ ਵਿਚੋਂ ਕੋਈ ਲੱਗਦੀ ਹੈ? ਜ਼ਿੰਦਗੀ ਦਾ ਦਰਵਾਜ਼ਾ ਖੁੱਲ੍ਹਦਾ ਹੈ? ਪ੍ਰਕਾਸ਼ ਆਉਂਦਾ ਹੈ? ਆਨੰਦ ਜਨਮਦਾ ਹੈ? ਕਿਸੇ ਅਲੌਕਿਕ ਦੇ ਸੁਰ ਦੀ ਧੁਨੀ ਸੁਣਾਈ ਦੇਂਦੀ ਹੈ? ਕੋਈ ਮਗਨਤਾ, ਕੋਈ ਧੰਨਯਤਾ, ਕੋਈ ਅਜਿਹੀ ਘੜੀ ਵੀ ਆਉਂਦੀ ਹੈ, ਜਦ ਤੁਸੀਂ ਧੰਨਵਾਦ ਦੇ ਸਕੋ, ਪਰਮਾਤਮਾ ਨੂੰ ਕਿ ਤੂੰ ਮੈਨੂੰ ਪੈਦਾ ਕੀਤਾ, ਤੇਰੀ ਬਹੁਤ ਕਿਰਪਾ ਹੈ, ਅਨੁਕੰਪਾ ਹੈ?

ਸ਼ਿਕਾਇਤਾਂ ਤਾਂ ਅਨੰਤ ਹਨ। ਧੰਨਵਾਦ ਇੱਕ ਵਾਰ ਨਹੀਂ ਉੱਠਦਾ। ਉੱਠੇ ਵੀ ਕਿਵੇਂ? ਕੋਈ ਚਾਬੀ ਲੱਗਦੀ ਹੀ ਨਹੀਂ। ਇਨ੍ਹਾਂ ਚਾਬੀਆਂ ਨੂੰ ਹਟਾ ਦਿਓ। ਨਾਨਕ ਉਸ ਚਾਬੀ ਦੀ ਗੱਲ ਕਰਦੇ ਹਨ ਜਿਹੜੀ ਲੱਗਦੀ ਹੈ। ਫ਼ਿਰ ਨਾਨਕ ਹੀ ਕਹਿੰਦੇ ਹੋਣ ਅਜਿਹਾ ਨਹੀਂ, ਬੁੱਧ ਨੇ ਵੀ ਉਹ ਹੀ ਕਿਹਾ ਹੈ, ਮਹਾਂਵੀਰ ਨੇ ਵੀ ਉਹ ਹੀ ਕਿਹਾ ਹੈ, ਜੀਸਸ ਨੇ ਵੀ ਉਹ ਹੀ ਕਿਹਾ ਹੈ। ਬਹੁਤ ਹੈਰਾਨੀ ਦੀ ਗੱਲ ਹੈ ਕਿ ਜਿਹੜੀਆਂ ਚਾਬੀਆਂ ਲੱਗਦੀਆਂ ਨਹੀਂ, ਉਹ ਤੁਸੀਂ ਢੋਂਦੇ ਹੋ ਅਤੇ ਜਿਹੜੀ ਲੱਗਦੀ ਹੈ— ਲੱਗਦੀ ਹੈ ਕਹਿਣਾ ਵੀ ਠੀਕ ਨਹੀਂ, ਕਿਉਂਕਿ ਇਕੋ ਹੀ ਚਾਬੀ ਹੈ, 'ਮਾਸਟਰ ਕੀ'! ਹਰ ਤਾਲਾ ਜੀਵਨ ਦਾ ਖੋਲ੍ਹ ਦੇਂਦੀ ਹੈ। ਉਸ 'ਮਾਸਟਰ ਕੀ' ਦੀ ਚਰਚਾ ਸਨਾਤਨ ਤੋਂ ਚਲ ਰਹੀ ਹੈ। ਬੱਸ, ਉਸ ਨੂੰ ਤੁਸੀਂ ਛੱਡ ਕੇ ਬਾਕੀ ਸਾਰੀਆਂ ਚਾਬੀਆਂ ਢੋਂਦੇ ਹੋ।

ਕੀ ਕਾਰਣ ਹੋਏਗਾ? ਜਿਨ੍ਹਾਂ ਚਾਬੀਆਂ ਨੂੰ ਤੁਸੀਂ ਢੋਂਦੇ ਹੋ, ਉਨ੍ਹਾਂ ਨਾਲ ਤੁਹਾਨੂੰ ਆਪਣੇ ਆਪ ਨੂੰ ਬਦਲਣ ਦੀ ਕੋਈ ਝੰਝਟ ਨਹੀਂ ਹੁੰਦੀ। ਉਹ ਲੱਗਦੀਆਂ ਹੀ ਨਹੀਂ। ਤੁਸੀਂ ਜਿਹੋ ਜਿਹੇ ਹੋ ਉਸੇ ਤਰ੍ਹਾਂ ਦੇ ਬਣੇ ਰਹਿੰਦੇ ਹੋ। ਖ਼ਤਰਾ ਨਹੀਂ ਹੈ, ਨਾ ਕੁਝ ਗੁਆਉਣਾ ਹੈ, ਨਾ ਕੁਝ ਬਦਲਨਾ ਹੈ ਅਤੇ ਚਾਬੀਆਂ ਨੂੰ ਹਿਲਾਉਣ ਦਾ ਤੇ ਚਾਬੀਆਂ ਦੀ ਆਵਾਜ਼ ਕਰਨ ਦਾ ਮਜ਼ਾ ਅਲੱਗ ਚਲਦਾ ਰਹਿੰਦਾ ਹੈ। ਚਾਬੀਆਂ ਵੀ ਹਨ, ਇਹ ਵੀ ਮਜ਼ਾ ਤੁਸੀਂ ਲੈਂਦੇ ਰਹਿੰਦੇ ਹੋ ਅਤੇ ਜੀਵਨ ਨੂੰ ਜਿਹੜੀ ਬਦਲਣ ਦੀ ਔਖੀ ਪ੍ਰਕ੍ਰਿਆ ਹੈ, ਉਸ ਤੋਂ ਵੀ ਬਚ ਜਾਂਦੇ ਹੋ।

ਨਾਨਕ, ਬੁੱਧ, ਮਹਾਂਵੀਰ ਨੂੰ ਤੁਸੀਂ ਸੁਣਦੇ ਨਹੀਂ। ਕਿਉਂਕਿ ਉਨ੍ਹਾਂ ਦੀ ਚਾਬੀ 'ਚ ਖ਼ਤਰਾ ਹੈ। ਉਹ ਲੱਗੀ ਕਿ ਤੁਸੀਂ ਉਹ ਹੀ ਨਾ ਰਹਿ ਸਕੋਗੇ, ਜਿਸ ਤਰ੍ਹਾਂ ਦੇ ਤੁਸੀਂ ਹੋ। ਤੁਸੀਂ ਬਹੁਤ ਕੁਝ ਦਾਅ ਤੇ ਲਗਾ ਰੱਖਿਆ ਹੈ। ਜੇਕਰ ਤੁਸੀਂ ਬਦਲੇ ਤਾਂ ਤੁਹਾਡੀ ਹੁਣ ਤੀਕਰ ਦੀ ਸਾਰੀ ਮਿਹਨਤ ਵਿਅਰਥ ਹੋਈ। ਹੁਣ ਤੱਕ ਤੁਸੀਂ ਜਿਹੜੇ ਭਵਨ ਬਣਾਏ, ਉਹ ਸਾਰੇ ਕਾਗਜ਼ ਦੇ ਪੱਤਿਆਂ ਵਾਂਗ ਡਿੱਗ ਪੈਣਗੇ। ਹੁਣ ਤੱਕ ਤੁਸੀਂ ਜਿਹੜੀਆਂ

ਬੇੜੀਆਂ ਚਲਾਈਆਂ, ਉਹ ਸਾਰੀਆਂ ਡੁੱਬ ਜਾਣਗੀਆਂ ਅਤੇ ਹੁਣ ਤੱਕ ਤੁਸੀਂ ਜੋ-ਜੋ ਮਨ ਵਿੱਚ ਇਕੱਠਾ ਕੀਤਾ, ਜੋ-ਜੋ ਸੁਫ਼ਨੇ ਵੇਖੇ, ਉਹ ਸਾਰੇ ਝੂਠੇ ਸਿੱਧ ਹੋਣਗੇ। ਚਾਬੀ ਦੇ ਲੱਗਦੇ ਹੀ ਤੁਹਾਡਾ ਸਾਰਾ ਅਤੀਤ ਝੂਠਾ ਸਿੱਧ ਹੋਵੇਗਾ।

ਤੁਹਾਡਾ ਹੰਕਾਰ ਇਹ ਮੰਨਣ ਨੂੰ ਰਾਜ਼ੀ ਨਹੀਂ ਹੁੰਦਾ। ਤੁਹਾਡਾ ਹੰਕਾਰ ਇਹ ਕਹਿੰਦਾ ਹੈ। ਹੋ ਸਕਦਾ ਹੈ ਮੈਂ ਪਰਮ ਗਿਆਨੀ ਨਾ ਹੋਵਾਂ, ਪਰ ਗਿਆਨੀ ਤਾਂ ਹਾਂ ਹੀ। ਹੋ ਸਕਦਾ ਹੈ ਮੈਂ ਥੋੜ੍ਹੀਆਂ ਬਹੁਤ ਭੁੱਲਾਂ ਕੀਤੀਆਂ ਹੋਣ। ਪਰ ਸਾਰਾ ਕੁਝ ਗ਼ਲਤ ਕੀਤਾ ਹੈ ਇਹ ਤਾਂ ਨਹੀਂ ਹੋ ਸਕਦਾ। ਥੋੜ੍ਹੀ ਬਹੁਤ ਭੁੱਲ ਮੇਰੇ ਕੋਲੋਂ ਹੋਈ ਹੋਵੇਗੀ, ਭੁੱਲਾਂ ਕੀਹਦੇ ਕੋਲੋਂ ਨਹੀਂ ਹੁੰਦੀਆਂ? ਤੁਸੀਂ ਹਜ਼ਾਰ ਢੰਗਾਂ ਨਾਲ ਆਪਣੇ ਨੂੰ ਸਮਝਾਉਂਦੇ ਹੋ। ਭੁੱਲ ਕਰਨਾ ਤਾਂ ਮਨੁੱਖ ਦਾ ਸੁਭਾਅ ਹੈ, ਭੁੱਲ ਤਾਂ ਹੁੰਦੀ ਹੀ ਹੈ।

ਪਰ ਇੱਕ ਗੱਲ ਤੁਸੀਂ ਕਦੇ ਨਹੀਂ ਮੰਨਦੇ ਕਿ ਤੁਸੀਂ ਅਗਿਆਨੀ ਹੋ। ਭੁੱਲ ਹੁੰਦੀ ਹੈ, ਉਹ ਕ੍ਰਿਤਯ ਹੈ। ਪਰ ਤੁਸੀਂ ਅਗਿਆਨੀ ਨਹੀਂ ਹੋ, ਤੁਸੀਂ ਤਾਂ ਗਿਆਨੀ ਹੋ। ਗਿਆਨੀ ਤੋਂ ਵੀ ਭੁੱਲਾਂ ਹੋ ਜਾਂਦੀਆਂ ਹਨ। ਜਾਣਕਾਰ ਵੀ ਭਟਕ ਜਾਂਦਾ ਹੈ। ਹੁਸ਼ਿਆਰ ਵੀ ਕਦੇ ਖੱਡ 'ਚ ਡਿੱਗ ਪੈਂਦਾ ਹੈ। ਅੱਖ ਵਾਲਾ ਵੀ ਕੰਧ ਨਾਲ ਟਕਰਾ ਜਾਂਦਾ ਹੈ, ਪਰ ਤੁਸੀਂ ਅੰਨ੍ਹੇ ਨਹੀਂ ਹੋ।

ਇਸਨੂੰ ਥੋੜ੍ਹਾ ਠੀਕ ਤਰ੍ਹਾਂ ਸਮਝੋ। ਤੁਸੀਂ ਜਦ ਵੀ ਕੋਈ ਭੁੱਲ ਕਰਦੇ ਹੋ, ਤੁਸੀਂ ਇਹ ਕਹਿੰਦੇ ਹੋ, ਬੁਰਾ ਕੰਮ ਹੋ ਗਿਆ। ਕਰਤਾ ਨੂੰ ਤੁਸੀਂ ਬਚਾ ਲੈਂਦੇ ਹੋ, ਕਰਮ ਨੂੰ ਤੁਸੀਂ ਦੋਸ਼ੀ ਠਹਿਰਾ ਦੇਂਦੇ ਹੋ। ਤੁਹਾਨੂੰ ਕ੍ਰੋਧ ਆ ਗਿਆ, ਤੁਸੀਂ ਕਹਿੰਦੇ ਹੋ ਬਹੁਤ ਫ਼ਰਾਬ ਗੱਲ ਹੋਈ ਕਿ ਕ੍ਰੋਧ ਆ ਗਿਆ। ਤੁਸੀਂ ਇਹ ਨਹੀਂ ਕਹਿੰਦੇ ਕਿ ਮੈਂ ਗੁੱਸੇ ਵਾਲਾ ਹਾਂ। ਤੁਸੀਂ ਕਹਿੰਦੇ ਹੋ ਕਿ ਕ੍ਰੋਧ ਇੱਕ ਕ੍ਰਿਤਯ ਹੈ, ਹੋ ਗਿਆ, ਸੰਜੋਗਵਸ। ਹਾਲਾਤ ਅਜਿਹੇ ਸਨ, ਜ਼ਰੂਰੀ ਸੀ। ਨਾ ਕਰਦੇ ਤਾਂ ਨੁਕਸਾਨ ਹੁੰਦਾ। ਦੂਜੇ ਦੇ ਹਿੱਤ ਲਈ ਕਰਨਾ ਜ਼ਰੂਰੀ ਸੀ। ਤੁਸੀਂ ਇਹ ਕਦੇ ਨਹੀਂ ਕਹਿੰਦੇ ਕਿ ਮੈਂ ਗੁੱਸੇ ਵਾਲਾ ਹਾਂ। ਤੁਸੀਂ ਕਹਿੰਦੇ ਹੋ ਕਦੇ-ਕਦੇ ਗੁੱਸਾ ਆ ਜਾਂਦਾ ਹੈ, ਭੁੱਲ ਹੁੰਦੀ ਹੈ। ਪਰ ਕਰਤਾ ਨੂੰ ਤੁਸੀਂ ਬਚਾਈ ਜਾਂਦੇ ਹੋ। ਕਰਮਾਂ ਵਿੱਚ ਕਿਤੇ-ਕਿਤੇ ਗ਼ਲਤੀਆਂ ਹੁੰਦੀਆਂ ਹਨ, ਪਰ ਕਰਤਾ ਤਾਂ ਬਿਲਕੁਲ ਠੀਕ ਹੈ।

ਉਹ ਹੀ ਤੁਹਾਡਾ ਹੰਕਾਰ ਹੈ ਅਤੇ ਇਸ ਲਈ ਤੁਸੀਂ ਅਸਲੀ ਚਾਬੀ ਤੋਂ ਬਚਦੇ ਹੋ। ਕਿਉਂਕਿ ਅਸਲੀ ਚਾਬੀ ਲੱਗਦੇ ਹੀ, ਤਾਲਾ ਖੁੱਲ੍ਹਦੇ ਹੀ, ਜਿਹੜੀ ਪਹਿਲੀ ਚੀਜ਼ ਜੀਵਨ ਵਿਚੋਂ ਡਿੱਗ ਪੈਂਦੀ ਹੈ, ਉਹ ਹੈ ਹੰਕਾਰ। ਤੁਸੀਂ ਝਟ-ਪਟ 'ਨਾ ਕੁਝ' ਹੋ ਜਾਂਦੇ ਹੋ। ਕਿਉਂਕਿ ਤੁਸੀਂ ਹੁਣ ਤੱਕ ਜੋ ਵੀ ਕਮਾਇਆ, ਉਹ ਕੂੜਾ ਸਿੱਧ ਹੁੰਦਾ ਹੈ ਅਤੇ ਹੁਣ ਤੱਕ ਤੁਸੀਂ ਜੋ ਇਕੱਠਾ ਕੀਤਾ, ਉਹ ਅਸਾਰ ਸਿੱਧ ਹੁੰਦਾ ਹੈ। ਉਸਦੇ ਨਾਲ ਹੀ ਤੁਸੀਂ ਡਿੱਗ ਪੈਂਦੇ ਹੋ। ਚਾਬੀ ਦੇ ਲੱਗਣ ਦਾ ਅਰਥ ਹੈ, ਤੁਸੀਂ ਮਿਟੇ ਅਤੇ ਇਸ ਲਈ ਤੁਸੀਂ

ਅਸਲੀ ਚਾਬੀ ਤੋਂ ਬਚਦੇ ਹੋ।

ਰਵਿੰਦਰ ਨਾਥ ਨੇ ਇੱਕ ਬਹੁਤ ਮਿੱਠੀ ਕਵਿਤਾ ਲਿਖੀ ਹੈ ਅਤੇ ਬਹੁਤ ਅਰਥ ਪੂਰਣ ਹੈ। ਲਿਖਿਆ ਹੈ ਕਿ ਬਹੁਤ-ਬਹੁਤ ਜਨਮਾਂ ਤੋਂ ਪਰਮਾਤਮਾ ਨੂੰ ਲੱਭਦਾ ਸੀ। ਪਤਾ ਨਹੀਂ ਕਿੰਨੇ ਪੱਥਾਂ ਅਤੇ ਮਾਰਗਾਂ ਤੇ, ਪਤਾ ਨਹੀਂ ਕਿੰਨੇ ਦਰਵਾਜ਼ਿਆਂ ਉਤੇ ਦਸਤਕ ਦਿੱਤੀ, ਪਤਾ ਨਹੀਂ ਕਿੰਨੇ ਗੁਰੂਆਂ ਦੀ ਸੇਵਾ ਕੀਤੀ, ਪਤਾ ਨਹੀਂ ਕਿੰਨੇ ਯੋਗ-ਤਪ ਕੀਤੇ ਅਤੇ ਫ਼ਿਰ ਇੱਕ ਦਿਨ ਆਖ਼ਰਕਾਰ! ਪਰਮਾਤਮਾ ਦੇ ਦਰ 'ਤੇ ਪੁੱਜ ਗਿਆ, ਸਫਲ ਹੋਇਆ। ਕਦੇ-ਕਦੇ ਪਰਮਾਤਮਾ ਦੀ ਝਲਕ ਪਹਿਲਾਂ ਵੀ ਮਿਲੀ ਸੀ, ਪਰ ਝਲਕ ਮਿਲਦੀ ਸੀ ਕਿਸੇ ਦੂਰ ਤਾਰੇ ਦੇ ਕੋਲ ਅਤੇ ਜਦ ਤੱਕ ਮੈਂ ਉਥੇ ਪੁੱਜਦਾ, ਉਹ ਜਾ ਚੁੱਕਿਆ ਹੁੰਦਾ। ਪਰ ਅੱਜ ਤਾਂ ਠੀਕ ਉਸਦੇ ਘਰ ਤੱਕ ਪੁੱਜ ਗਿਆ। ਤਖਤੀ ਵੀ ਠੀਕ ਤਰ੍ਹਾਂ ਪੜ੍ਹ ਲਈ ਕਿ ਉਸੇ ਦਾ ਘਰ ਹੈ। ਪੌੜੀਆਂ ਚੜ੍ਹ ਗਿਆ, ਬਹੁਤ ਆਨੰਦ ਵਿੱਚ ਸਾਂ ਕਿ ਮੰਜ਼ਿਲ ਪੂਰੀ ਹੋ ਗਈ। ਕੁੰਡਾ ਹੱਥ ਵਿੱਚ ਲੈ ਲਿਆ—ਖੜਕਾਉਣ ਹੀ ਲੱਗਾ ਸਾਂ—

ਤਦ ਹੀ ਇੱਕ ਡਰ ਮਨ ਵਿੱਚ ਸਮਾ ਗਿਆ ਕਿ ਜੇਕਰ ਦਰਵਾਜ਼ਾ ਖੁੱਲ੍ਹ ਗਿਆ ਤਾਂ ਫਿਰ....ਫਿਰ ਕੀ ਕਰਾਂਗਾ? ਅਤੇ ਜੇਕਰ ਪਰਮਾਤਮਾ ਮਿਲ ਗਿਆ ਤਾਂ ਫਿਰ....ਫਿਰ ਕੀ ਕਰਾਂਗਾ? ਹੁਣ ਤੱਕ ਜੀਵਨ ਦਾ ਇਕੋ ਹੀ ਨਿਸ਼ਾਨਾ ਸੀ ਪਰਮਾਤਮਾ ਨੂੰ ਪਾਉਣਾ। ਫ਼ਿਰ ਸਾਰਾ ਨਿਸ਼ਾਨਾ ਗੁਆਚ ਜਾਏਗਾ ਅਤੇ ਹੁਣ ਤੱਕ ਇੱਕ ਤਾਂ ਧੁਨ ਸੀ, ਵਿਅੱਸਤਤਾ (ਕੰਮ 'ਚ ਜੁਟੇ ਰਹਿਣਾ) ਸੀ, ਉਹ ਸਾਰੀ ਖ਼ਤਮ ਹੋ ਜਾਏਗੀ ਅਤੇ ਜੇਕਰ ਪਰਮਾਤਮਾ ਮਿਲ ਗਿਆ ਤਾਂ ਫ਼ਿਰ? ਫ਼ਿਰ ਕੁਝ ਨਾ ਕਰਨ ਨੂੰ ਬਚਿਆ, ਨਾ ਕੋਈ ਭਵਿੱਖ ਬਚਿਆ, ਨਾ ਕੋਈ ਯਾਤਰਾ ਬਚੀ, ਨਾ ਹੰਕਾਰ ਦੇ ਲਈ ਕੋਈ ਸੋਖਿਆਈ ਬਚੀ, ਕਿ ਕੁਝ ਪਾਵਾਂ।

ਡਰ ਨੇ ਕੰਬਾ ਦਿੱਤਾ। ਚੁੱਪ-ਚਾਪ ਹੱਥ ਵਿਚੋਂ ਕੁੰਡਾ ਛੱਡ ਦਿੱਤਾ। ਏਨੀ ਹੌਲੀ ਛੱਡਿਆ ਕਿ ਕਿਤੇ ਅਚਨਚੇਤ ਵੀ ਵੱਜ ਨਾ ਜਾਏ। ਕਿਤੇ ਉਹ ਦਰਵਾਜ਼ਾ ਖੋਲ੍ਹ ਹੀ ਨਾ ਦੇਵੇ ਅਤੇ ਫ਼ਿਰ ਪੈਰਾਂ ਤੋਂ ਜੁੱਤੀਆਂ ਲਾਹ ਲਈਆਂ, ਕਿਉਂਕਿ ਜੁੱਤੀਆਂ ਪਾ ਕੇ ਪਉੜੀਆਂ ਉਤਰਨਾ ਖਤਰਨਾਕ ਸੀ। ਜ਼ਰਾ ਕੁ ਆਵਾਜ਼, ਕੌਣ ਜਾਣੇ ਦਰਵਾਜ਼ਾ ਖੁੱਲ੍ਹ ਜਾਏ! ਤਾਂ ਜੁੱਤੀਆਂ ਹੱਥ ਵਿੱਚ ਲੈ ਕੇ ਇਵੇਂ ਭੱਜਿਆ ਕਿ ਪਰਤ ਕੇ ਫ਼ਿਰ ਨਹੀਂ ਵੇਖਿਆ।

ਅਤੇ ਕਵਿਤਾ ਦਾ ਆਖ਼ਰੀ ਹਿੱਸਾ ਹੈ, ਹੁਣ ਵੀ ਉਸਦਾ ਘਰ ਲੱਭਦਾ ਹਾਂ। ਤੁਸੀਂ ਵੱਖਰੇ ਰਾਹਾਂ ਤੋਂ ਮੈਨੂੰ ਉਸਨੂੰ ਲੱਭਦਾ ਹੋਇਆ ਪਾਓਗੇ ਅਤੇ ਮੈਨੂੰ ਉਸਦਾ ਘਰ ਪਤਾ ਹੈ। ਹੁਣ ਵੀ ਪੁੱਛਦਾ ਹਾਂ ਲੋਕਾਂ ਤੋਂ ਕਿ ਉਸਦਾ ਪਤਾ ਕੀ ਹੈ? ਤੇ ਮੈਨੂੰ ਉਸ ਦਾ ਪਤਾ, ਪਤਾ ਹੈ ਅਤੇ ਹੁਣ ਵੀ ਲੱਭਦਾ ਹਾਂ। ਦੂਰ ਕਿਤੇ ਚੰਨ-ਤਾਰਿਆਂ ਦੇ ਕੋਲ ਉਸ ਦੀ ਝਲਕ ਹੁਣ ਵੀ ਮਿਲਦੀ ਹੈ। ਪਰ ਹੁਣ ਮੈਨੂੰ ਤਸਕੀਨ ਹੈ, ਭਰੋਸਾ ਹੈ। ਮੈਂ ਜਦ ਤੱਕ

ਉਥੇ ਪੁੱਜਦਾ ਹਾਂ ਤਦ ਤੱਕ ਉਹ ਕਿਤੇ ਦੂਰਾਡੇ ਜਾ ਚੁੱਕਿਆ ਹੁੰਦਾ ਹੈ। ਹੁਣ ਮੈਂ ਹਰ ਥਾਂ ਲੱਭਦਾ ਹਾਂ, ਇੱਕ ਥਾਂ ਛੱਡ ਕੇ—ਜਿੱਥੇ ਉਸ ਦਾ ਘਰ ਹੈ। ਉਥੇ ਮੈਂ ਭੁੱਲ ਕੇ ਵੀ ਨਹੀਂ ਜਾਂਦਾ। ਸਿਰਫ ਉਸ ਦੇ ਕੋਲੋਂ ਬਚਦਾ ਫਿਰਦਾ ਹਾਂ।

ਇਹ ਬਹੁਤ ਮਹੱਤਵਪੂਰਣ ਗੱਲ ਹੈ ਅਤੇ ਜੇਕਰ ਤੁਸੀਂ ਠੀਕ ਤਰ੍ਹਾਂ ਸਮਝੋਗੇ ਤਾਂ ਇਹ ਹੀ ਤੁਹਾਡੀ ਦਸ਼ਾ ਹੈ। ਤੁਸੀਂ ਇਹ ਭੁੱਲ ਕੇ ਵੀ ਨਾ ਕਹਿਣਾ ਕਿ ਤੁਹਾਨੂੰ ਪਰਮਾਤਮਾ ਦਾ ਪਤਾ ਨਹੀਂ ਹੈ। ਕਿਉਂਕਿ ਇਹ ਹੋ ਨਹੀਂ ਸਕਦਾ। ਉਹ ਸਾਰੀਆਂ ਥਾਵਾਂ ਤੇ ਮੌਜੂਦ ਹੈ। ਇਹ ਕਿਵੇਂ ਹੋ ਸਕਦਾ ਹੈ ਕਿ ਤੁਹਾਨੂੰ ਉਸ ਦਾ ਪਤਾ ਨਾ ਹੋਵੇ?

ਇਹ ਭੁੱਲ ਕੇ ਵੀ ਨਾ ਕਹਿਣਾ ਕੀ ਚਾਬੀ ਦਾ ਤੁਹਾਨੂੰ ਪਤਾ ਨਹੀਂ ਹੈ, ਇਸ ਲਈ ਜੰਦਰਾ ਵਜਿਆ ਹੈ। ਚਾਬੀ ਤੁਹਾਨੂੰ ਹਜ਼ਾਰਾਂ ਵਾਰ ਦਿੱਤੀ ਗਈ ਹੈ। ਤੁਸੀਂ ਉਸ ਨੂੰ ਹਮੇਸ਼ਾ ਭੁੱਲ ਜਾਂਦੇ ਹੋ। ਤੁਸੀਂ ਉਸ ਨੂੰ ਕਿਤੇ ਰੱਖ ਕੇ ਛੱਡ ਆਉਂਦੇ ਹੋ। ਤੁਸੀਂ ਅਚੇਤਨ ਰੂਪ ਨਾਲ ਬਚਣ ਦੀ ਕੋਸ਼ਿਸ਼ ਕਰ ਰਹੇ ਹੋ। ਹੋਰ ਜੇਕਰ ਇਹ ਦੁਵਿਧਾ ਸਾਫ਼ ਨਾ ਹੋ ਜਾਏ, ਤਾਂ ਤੁਸੀਂ ਇੱਕ ਹੱਥ ਨਾਲ ਉਸ ਨੂੰ ਲੱਭਦੇ, ਦੂਜੇ ਹੱਥ ਨਾਲ ਗੁਆਉਂਦੇ ਹੋ। ਇੱਕ ਪੈਰ ਉਸ ਦੇ ਵੱਲ ਚੁੱਕਦੇ, ਦੂਜਾ ਪੈਰ ਉਸ ਦੇ ਉਲਟ ਚੁੱਕਦੇ ਹੋ।

ਤੁਸੀਂ ਲੱਭਣ ਦਾ ਬਹਾਨਾ ਵੀ ਜਾਰੀ ਰੱਖਣਾ ਚਾਹੁੰਦੇ ਹੋ। ਕਿਉਂਕਿ ਉਸ ਦੇ ਨਾਲ ਵੀ ਬਹੁਤ ਝਿਪਤੀ ਮਿਲਦੀ ਹੈ ਕਿ ਪਰਮਾਤਮਾ ਨੂੰ ਮੈਂ ਲੱਭ ਰਿਹਾ ਹਾਂ। ਮੈਂ ਕੋਈ ਸਾਧਾਰਣ ਮਨੁੱਖ ਨਹੀਂ ਹਾਂ। ਮੈਂ ਸਤਯ ਨੂੰ ਲੱਭ ਰਿਹਾ ਹਾਂ, ਮੈਂ ਸ਼ੁਦਰ ਨਹੀਂ ਹਾਂ। ਬਜ਼ਾਰਾਂ ਵਿੱਚ ਜਿਹੜੇ ਧਨ ਲੱਭ ਰਹੇ ਹਨ ਮੈਂ ਉਨ੍ਹਾਂ ਵਰਗਾ ਨਹੀਂ ਹਾਂ, ਰਾਜਨੀਤੀ ਵਿੱਚ ਜੋ ਔਹਦਾ ਖੋਜ ਰਹੇ ਹਨ, ਉਨ੍ਹਾਂ ਵਰਗਾ ਨਹੀਂ ਹਾਂ, ਮੈਂ ਸਤਯ ਲੱਭ ਰਿਹਾ ਹਾਂ, ਧਰਮ ਲੱਭ ਰਿਹਾ ਹਾਂ। ਪਰਮਾਤਮਾ ਲੱਭ ਰਿਹਾ ਹਾਂ।

ਇਹ ਸ਼ਬਦ ਵੀ ਤੁਹਾਡੇ ਹੰਕਾਰ ਦੀ ਸਜਾਵਟ ਹੋ ਗਏ ਹਨ। ਇਨ੍ਹਾਂ ਨਾਲ ਵੀ ਤੁਸੀਂ ਆਪਣੇ ਨੂੰ ਸਜਾਉਂਦੇ ਹੋ, ਮਿਟਾਉਂਦੇ ਨਹੀਂ। ਇਨ੍ਹਾਂ ਨਾਲ ਵੀ ਤੁਹਾਡੇ ਉਤੇ ਹੋਰ ਰੰਗ ਆਉਂਦਾ ਹੈ। ਤੁਹਾਡੇ ਅਹਿਮ ਨੂੰ ਹੋਰ ਬਲ ਮਿਲਦਾ ਹੈ। ਤੁਸੀਂ ਨਿੱਕੇ-ਮੋਟੇ ਆਦਮੀ ਨਹੀਂ ਰਹਿ ਜਾਂਦੇ, ਤੁਸੀਂ ਸਾਧਕ ਹੋ। ਤੁਸੀਂ ਯਾਤਰੀ ਹੋ ਉਸ ਪਰਮਾਤਮਾ ਦੇ ਰਾਹ ਦੇ, ਜਦ ਕਿ ਦੂਜੇ ਲੋਕ ਸ਼ੁਦਰਤਾਵਾਂ ਵਿੱਚ ਉਲਝੇ ਹਨ। ਨਿੱਕੇ-ਮੋਟੇ ਘਰਾਂ 'ਚ ਨਿੱਕੇ-ਮੋਟੇ ਧੰਦਿਆਂ 'ਚ, ਨਿੱਕੇ-ਮੋਟੇ ਠੀਕਰਿਆਂ 'ਚ ਲੱਗੇ ਹਨ। ਜਦ ਕਿ ਦੂਜੇ ਲੋਕ ਤੁੱਛ ਨਾਲ ਜੁੜੇ ਹਨ, ਤੁਸੀਂ ਵੱਡੇ ਨਾਲ ਰਿਸ਼ਤਾ ਜੋੜਣ ਦੀ ਕੋਸ਼ਿਸ਼ ਕੀਤੀ ਹੈ।

ਇਸ ਲਈ ਤੁਸੀਂ ਇਹ ਵੀ ਕਹੀ ਜਾਂਦੇ ਹੋ ਕਿ ਮੈਂ ਉਸ ਨੂੰ ਲੱਭਦਾ ਹਾਂ ਅਤੇ ਅੰਦਰੋਂ ਤੁਸੀਂ ਬਚਦੇ ਵੀ ਹੋ। ਇਸ ਦੋਹਰੇਪਨ ਨੂੰ ਜੇਕਰ ਤੁਸੀਂ ਨਹੀਂ ਸਮਝੋਗੇ ਤਾਂ ਤੁਸੀਂ ਉਸ ਨੂੰ ਕਦੇ ਵੀ ਨਹੀਂ ਲੱਭ ਸਕੋਗੇ।

ਇਹ ਤਾਂ ਅਜਿਹਾ ਹੈ ਜਿਵੇਂ ਕੋਈ ਆਦਮੀ ਮਕਾਨ ਬਣਾਏ, ਦਿਨ ਵਿੱਚ ਬਣਾਏ ਅਤੇ ਰਾਤ ਨੂੰ ਢਾਹ ਦੇਵੇ। ਫ਼ਿਰ ਦੂਜੇ ਦਿਨ ਸਵੇਰੇ ਸ਼ੁਰੂ ਕਰ ਦੇਵੇ। ਜਾਂ ਇੱਕ ਹੱਥ ਨਾਲ ਤਾਂ ਇੱਟ ਰੱਖੇ ਅਤੇ ਦੂਜੇ ਨਾਲ ਖਿਚਦਾ ਜਾਵੇ। ਜਾਂ ਦੋ ਮਜ਼ਦੂਰ ਲਾ ਲਵੇ ਕਿ ਇੱਕ ਤਾਂ ਇੱਟਾਂ ਲਾਵੇ ਅਤੇ ਦੂਜਾ ਉਖਾੜਦਾ ਜਾਏ। ਅਜਿਹੇ ਆਦਮੀ ਦਾ ਭਵਨ ਕਦੋਂ ਬਣ ਕੇ ਤਿਆਰ ਹੋਵੇਗਾ? ਅਤੇ ਅਨੰਤ ਜਨਮਾਂ ਤੋਂ ਤੁਸੀਂ ਬਣਾ ਰਹੇ ਹੋ। ਤੁਹਾਡਾ ਭਵਨ ਵੀ ਨਹੀਂ ਬਣ ਸਕਿਆ। ਜ਼ਰੂਰ ਕਿਤੇ ਨਾ ਕਿਤੇ ਕੋਈ ਬੁਨਿਆਦੀ ਗੱਲ ਅਜਿਹੀ ਹੈ ਰਹੀ ਹੈ, ਜਿਸ ਦੇ ਕਾਰਣ ਤੁਸੀਂ ਦੋ ਵਿਪਰੀਤ ਕੰਮ ਨਾਲ-ਨਾਲ ਕਰ ਰਹੇ ਹੋ।

ਸੋ ਤੁਸੀਂ ਝੂਠੀਆਂ ਚਾਬੀਆਂ ਲਟਕਾਈ ਫਿਰਦੇ ਹੋ। ਉਨ੍ਹਾਂ ਨਾਲ ਜੰਦਰੇ ਖੁੱਲ੍ਹਦੇ ਹੀ ਨਹੀਂ। ਤੁਸੀਂ ਤੀਰਥਾਂ ਤੇ ਇਸ਼ਨਾਨ ਕਰਦੇ ਹੋ, ਉਸ ਨਾਲ ਮਨ ਧੁਲਦਾ ਹੀ ਨਹੀਂ, ਤੁਸੀਂ ਮੰਦਰ 'ਚ ਪੂਜਾ ਕਰਦੇ ਹੋ, ਉਸ ਨਾਲ ਪੂਜਾ ਹੁੰਦੀ ਹੀ ਨਹੀਂ। ਤੁਸੀਂ ਫੁੱਲ ਚੜ੍ਹਾਉਂਦੇ ਹੋ, ਆਪਣੇ ਆਪ ਨੂੰ ਨਹੀਂ। ਤੁਸੀਂ ਦਾਨ-ਦੱਖਣਾ ਦੇਂਦੇ ਹੋ। ਤੁਸੀਂ ਨਿੱਕੇ-ਮੋਟੇ ਧਾਰਮਿਕ ਕੰਮ ਕਰ ਲੈਂਦੇ ਹੋ ਅਤੇ ਉਸ ਦੇ ਓਹਲੇ 'ਚ ਤੁਸੀਂ ਆਪਣੇ ਆਪ ਨੂੰ ਬਚਾ ਲੈਂਦੇ ਹੋ।

ਧਿਆਨ ਰਹੇ, ਤੁਸੀਂ ਮਿਟੋਗੇ ਤਾਂ ਹੀ ਸ਼ੁੱਧ ਹੋ ਸਕੋਗੇ। ਇਸ ਲਈ ਇਹੋ ਜਿਹਾ ਪਾਣੀ ਚਾਹੀਦਾ ਜਿਹੜਾ ਤੁਹਾਨੂੰ ਮਿਟਾ ਦੇਵੇ। ਜਿਹੜਾ ਤੁਹਾਨੂੰ ਬਚਾਏ ਨਾ। ਉਸੇ ਪਾਣੀ ਦੀ ਚਰਚਾ ਹੈ। ਸਮਝਣ ਦੀ ਕੋਸ਼ਿਸ਼ ਕਰੋ।

'ਜੇਕਰ ਹੱਥ, ਪੈਰ ਅਤੇ ਦੇਹ ਦੇ ਦੂਜੇ ਅੰਗਾਂ ਵਿੱਚ ਧੂੜ ਭਰ ਜਾਏ ਤਾਂ ਪਾਣੀ ਨਾਲ ਧੋ ਕੇ ਮੈਲ ਸਾਫ਼ ਹੋ ਜਾਂਦੀ ਹੈ। ਜੇਕਰ ਮੂਤਰ ਨਾਲ ਕੱਪੜੇ ਅਸ਼ੁੱਧ ਹੋ ਜਾਣ, ਤਾਂ ਸਾਬਣ ਨਾਲ ਧੋ ਕੇ ਉਨ੍ਹਾਂ ਨੂੰ ਸਾਫ਼ ਕਰ ਲਿਆ ਜਾਂਦਾ ਹੈ। ਉਸੇ ਤਰ੍ਹਾਂ ਜੇਕਰ ਬੁੱਧੀ ਪਾਪਾਂ ਨਾਲ ਭਰੀ ਹੋਵੇ, ਤਾਂ ਉਹ ਨਾਮ ਦੇ ਪ੍ਰੇਮ ਨਾਲ, ਪ੍ਰੇਮ ਦੇ ਰੰਗ ਨਾਲ ਸ਼ੁੱਧ ਕੀਤੀ ਜਾ ਸਕਦੀ ਹੈ।

*ਭਰੀਐ ਹਥੁ ਪੈਰੁ ਤਨੁ ਦੇਹ॥ ਪਾਣੀ ਧੋਤੈ ਉਤਰਸੁ ਖੇਹ॥*
*ਮੂਤ ਪਲੀਤੀ ਕਪੜੁ ਹੋਇ॥ ਦੇ ਸਾਬੂਣੁ ਲਈਐ ਓਹੁ ਧੋਇ॥*
*ਭਰੀਐ ਮਤਿ ਪਾਪਾ ਕੈ ਸੰਗਿ॥ ਓਹੁ ਧੋਪੈ ਨਾਵੈ ਕੈ ਰੰਗਿ॥*

'ਪ੍ਰੇਮ ਦੇ ਰੰਗ ਨਾਲ', ਇਹ ਪ੍ਰੇਮ ਸ਼ਬਦ ਬਹੁਤ ਜ਼ਿਆਦਾ ਮਹੱਤਵਪੂਰਣ ਹੈ। ਪਰਮਾਤਮਾ ਤੋਂ ਪਿਛੋਂ ਪ੍ਰੇਮ ਨਾਲੋਂ ਬਹੁਤਾ ਮਹੱਤਵਪੂਰਣ ਹੋਰ ਕੋਈ ਸ਼ਬਦ ਨਹੀਂ ਹੈ। ਇਸ ਪ੍ਰੇਮ ਸ਼ਬਦ ਨੂੰ ਥੋੜ੍ਹਾ ਸਮਝੋ।

ਨਾਨਕ ਕਹਿੰਦੇ ਹਨ ਕਿ ਪ੍ਰੇਮ ਦੇ ਰੰਗ 'ਚ ਜਿਹੜਾ ਰੰਗ ਜਾਂਦਾ ਹੈ, ਉਸ ਦੇ

ਅੰਦਰਲੇ ਪਾਪ ਧੁਲ ਜਾਂਦੇ ਹਨ।

ਪ੍ਰੇਮ ਸ਼ਬਦ ਤਾਂ ਅਸੀਂ ਜਾਣਦੇ ਹੀ ਹਾਂ। ਅਸੀਂ ਕਹਾਂਗੇ ਇਹ ਵੀ ਕੋਈ ਕੁੰਜੀ ਹੋਈ। ਇਹ ਸ਼ਬਦ ਤਾਂ ਜਾਣਿਆ-ਪਛਾਣਿਆ ਹੈ। ਸ਼ਬਦ ਦੇ ਪਰਿਚਯ ਨਾਲ ਕੁਝ ਨਹੀਂ ਹੋਏਗਾ। ਤੁਸੀਂ ਭਾਸ਼ਾ ਕੋਸ਼ ਤੋਂ ਸ਼ਬਦ ਸਿੱਖਿਆ ਹੈ। ਤੁਸੀਂ ਜੀਵਨ ਦੇ ਕੋਸ਼ ਵਿਚੋਂ ਨਹੀਂ ਸਿੱਖਿਆ ਅਤੇ ਭਾਸ਼ਾ ਕੋਸ਼ ਵਿੱਚ ਜਿਹੜੇ ਪ੍ਰੇਮ ਦੇ ਅਰਥ ਲਿਖੇ ਹਨ, ਉਨ੍ਹਾਂ ਅਰਥਾਂ ਨਾਲ ਪ੍ਰੇਮ ਦਾ ਕੋਈ ਸੰਬੰਧ ਨਹੀਂ। ਜੀਵਨ ਦੇ ਕੋਸ਼ ਵਿੱਚ, ਜਿਥੇ ਤੁਹਾਡੇ ਅਨੁਭਵ ਨਾਲ ਪ੍ਰੇਮ ਉਪਜਦਾ ਹੈ, ਤਦ ਉਸ ਦੀ ਜੀਵੰਤਤਾ ਹੋਰ ਹੈ। ਉਸ ਦੀ ਅਗਨੀ ਹੋਰ ਹੈ। ਜਿਵੇਂ ਭਾਸ਼ਾ ਕੋਸ਼ ਵਿੱਚ ਸ਼ਬਦ ਲਿਖਿਆ ਹੈ 'ਅੱਗ' ਉਸ ਨਾਲ ਤੁਸੀਂ ਸੜ ਨਹੀਂ ਸਕੋਗੇ। ਅਤੇ ਲਿਖਿਆ ਹੈ 'ਜਲ' ਉਸ ਨਾਲ ਤੁਹਾਡੀ ਪਿਆਸ ਬੁਝੇਗੀ ਨਹੀਂ। ਉਸੇ ਤਰ੍ਹਾਂ ਭਾਸ਼ਾ ਕੋਸ਼ 'ਚ ਲਿਖੇ 'ਪ੍ਰੇਮ' ਨੂੰ ਜੇਕਰ ਤੁਸੀਂ ਸਮਝਿਆ, ਤਾਂ ਤੁਹਾਡੇ ਅੰਦਰੂਨੀ ਪਾਪ ਨਹੀਂ ਧੁਲ ਸਕਣਗੇ।

ਪ੍ਰੇਮ ਤਾਂ ਇੱਕ ਅੱਗ ਹੈ ਅਤੇ ਜਿਵੇਂ ਸੋਨਾ ਨਿੱਖਰ ਜਾਂਦਾ ਹੈ ਅੱਗ ਵਿਚੋਂ ਲੰਘ ਕੇ, ਉਹ ਹੀ ਬਚਦਾ ਹੈ ਜਿਹੜਾ ਬਚਣ ਦੇ ਲਾਇਕ ਹੈ, ਜਿਹੜਾ ਬਚਾਉਣ ਜੋਗਾ ਹੈ। ਜਿਹੜਾ ਕੂੜਾ ਸੀ ਉਹ ਸੜ ਜਾਂਦਾ ਹੈ। ਇਸੇ ਤਰ੍ਹਾਂ ਪ੍ਰੇਮ ਦੀ ਅੱਗ ਵਿਚੋਂ ਲੰਘ ਕੇ ਤੁਹਾਡੇ ਵਿੱਚ ਜੋ ਵਿਅਰਥ ਹੈ ਉਹ ਸੜ ਜਾਂਦਾ ਹੈ। ਜਿਹੜਾ ਜ਼ਰੂਰੀ ਹੈ ਉਹ ਬਚ ਜਾਂਦਾ ਹੈ। ਤੁਹਾਡੇ ਅੰਦਰ ਜਿਹੜੇ-ਜਿਹੜੇ ਪਾਪ ਹਨ ਉਹ ਗੁਆਚ ਜਾਂਦੇ ਹਨ, ਜਿਹੜੇ-ਜਿਹੜੇ ਪੁੰਨ ਹਨ ਉਹ ਬਚ ਜਾਂਦੇ ਹਨ। ਸ਼ੁੱਧ, ਨਿਖਰਿਆ ਹੋਇਆ ਪੁੰਨ ਤੁਸੀਂ ਹੋ ਜਾਂਦੇ ਹੋ।

ਤਾਂ ਪ੍ਰੇਮ ਨੂੰ ਠੀਕ ਤਰ੍ਹਾਂ ਸਮਝ ਲਵੋ। ਪਹਿਲੀ ਤਾਂ ਗੱਲ ਪ੍ਰੇਮ ਅਤੇ ਪਾਪ ਵਿਪਰੀਤ ਹੋਣੇ ਚਾਹੀਦੇ ਹਨ: ਤਦ ਹੀ ਪ੍ਰੇਮ ਨਾਲ ਪਾਪ ਮਿਟ ਸਕੇਗਾ। ਤੁਸੀਂ ਇਸ ਤਰ੍ਹਾਂ ਸ਼ਾਇਦ ਕਦੇ ਸੋਚਿਆ ਨਾ ਹੋਵੇ ਕਿ ਪ੍ਰੇਮ ਅਤੇ ਪਾਪ ਦੁਨੀਆਂ ਵਿੱਚ ਡੂੰਘੇ ਤੋਂ ਡੂੰਘੀਆਂ ਸਥਿਤਿਆਂ ਹਨ। ਕਿਉਂਕਿ ਜਦ ਵੀ ਤੁਸੀਂ ਪਾਪ ਕਰਦੇ ਹੋ, ਤਦ ਪ੍ਰੇਮ ਨਹੀਂ ਹੁੰਦਾ, ਇਸੇ ਲਈ ਕਰ ਸਕਦੇ ਹੋ। ਸਾਰੇ ਪਾਪ ਪ੍ਰੇਮ ਦੀ ਕਮੀ ਨਾਲ ਪੈਦਾ ਹੁੰਦੇ ਹਨ। ਜੇਕਰ ਪ੍ਰੇਮ ਹੋਵੇ ਤਾਂ ਪਾਪ ਅਸੰਭਵ ਹੈ।

ਇਸ ਲਈ ਤਾਂ ਮਹਾਂਵੀਰ ਕਹਿੰਦੇ ਹਨ, ਅਹਿੰਸਾ। ਅਹਿੰਸਾ ਦਾ ਅਰਥ ਹੈ, ਪ੍ਰੇਮ। ਬੁੱਧ ਕਹਿੰਦੇ ਹਨ, ਕਰੁਣਾ, ਕਰੁਣਾ ਦਾ ਅਰਥ ਹੈ ਪ੍ਰੇਮ। ਅਤੇ ਜੀਸਸ ਦਾ ਤਾਂ ਵਚਨ ਸਾਫ਼ ਹੈ—Love is God ਉਹ ਤਾਂ ਕਹਿੰਦੇ ਹਨ, ਤੁਸੀਂ ਪਰਮਾਤਮਾ ਦੀ ਤਾਂ ਗੱਲ ਹੀ ਛੱਡ ਦਿਓ, ਪ੍ਰੇਮ ਹੀ ਪਰਮਾਤਮਾ ਹੈ।

ਹੋਰ ਸੰਤ ਅਗਸਤੀਨ ਤੋਂ ਕਿਸੇ ਨੇ ਪੁੱਛਿਆ, ਕਿ ਮੈਨੂੰ ਸ਼ੰਖੇਪ ਵਿੱਚ ਦੱਸ ਦਿਓ। ਸਾਰ ਕੀ ਹੈ ਧਰਮ ਦਾ? ਪਾਪਾਂ ਤੋਂ ਕਿਵੇਂ ਬਚਾਂ? ਅਤੇ ਪਾਪ ਤਾਂ ਅਨੇਕ ਹਨ ਤੇ ਜੀਵਨ ਨਿੱਕਾ ਹੈ! ਉਸ ਆਦਮੀ ਨੇ ਬਹੁਤ ਠੀਕ ਗੱਲ ਪੁੱਛੀ। ਉਸ ਨੇ ਕਿਹਾ ਕਿ ਜੀਵਨ ਬਹੁਤ ਛੋਟਾ ਹੈ, ਪਾਪ ਅਨੇਕ ਹਨ। ਅਤੇ ਇੱਕ-ਇੱਕ ਨੂੰ ਜੇਕਰ ਛੱਡਦਾ ਰਿਹਾ ਤਾਂ ਮੈਨੂੰ ਭਰੋਸਾ ਨਹੀਂ ਕਿ ਛੁਟ ਸਕਾਂਗੇ। ਜੀਵਨ ਨਿੱਕਾ ਹੈ, ਭੁੱਲ ਜਾਏਗਾ। ਤਾਂ ਮੈਨੂੰ ਕੋਈ ਕੁੰਜੀ ਅਜਿਹੀ ਦੇ ਦਿਓ ਕਿ ਇਕੋ ਨਾਲ ਸਭ ਖੁੱਲ੍ਹ ਜਾਏ।

ਤਾਂ ਸੰਤ ਅਗਸਤੀਨ ਨੇ ਕਿਹਾ ਕਿ ਫਿਰ ਜੇਕਰ ਇਕੋ ਹੀ ਕੁੰਜੀ ਚਾਹੀਦੀ ਹੈ ਤਾਂ— ਪ੍ਰੇਮ। ਤੁਸੀਂ ਪ੍ਰੇਮ ਕਰੋ ਅਤੇ ਬਾਕੀ ਦੀ ਚਿੰਤਾ ਛੱਡ ਦਿਓ। ਕਿਉਂਕਿ ਜਿਸ ਨੇ ਪ੍ਰੇਮ ਕੀਤਾ ਉਸ ਕੋਲੋਂ ਪਾਪ ਨਹੀਂ ਹੋ ਸਕੇਗਾ। ਇਸ ਲਈ 'ਮਾਸਟਰ ਕੀ' ਹੈ। ਸਾਰੇ ਜੰਦਰੇ ਖੁੱਲ੍ਹ ਜਾਂਦੇ ਹਨ।

ਤੁਸੀਂ ਚੋਰੀ ਕਰ ਸਕਦੇ ਹੋ, ਕਿਉਂਕਿ ਤੁਸੀਂ ਜਿਸ ਦੀ ਚੋਰੀ ਕਰ ਰਹੇ ਹੋ ਉਸ ਦੇ ਲਈ ਤੁਹਾਡੇ ਮਨ 'ਚ ਕੋਈ ਪ੍ਰੇਮ ਨਹੀਂ। ਤੁਸੀਂ ਕਿਸੇ ਦੀ ਹੱਤਿਆ ਕਰ ਸਕਦੇ ਹੋ ਕਿਉਂਕਿ ਜਿਸ ਦੀ ਤੁਸੀਂ ਹੱਤਿਆ ਕਰ ਰਹੇ ਹੋ ਉਸ ਦੇ ਲਈ ਤੁਹਾਡੇ ਮਨ 'ਚ ਕੋਈ ਪ੍ਰੇਮ ਨਹੀਂ। ਤੁਸੀਂ ਧੋਖਾ ਦੇ ਸਕਦੇ ਹੋ, ਬੇਈਮਾਨੀ ਕਰ ਸਕਦੇ ਹੋ, ਸਿਰਫ ਇਸ ਲਈ ਕਿ ਪ੍ਰੇਮ ਦੀ ਕਮੀ ਹੈ। ਸਾਰੇ ਪਾਪ ਪ੍ਰੇਮ ਦੀ ਗੈਰ-ਮੌਜੂਦਗੀ ਵਿੱਚ ਪੈਦਾ ਹੁੰਦੇ ਹਨ। ਜਿਵੇਂ ਪ੍ਰਕਾਸ਼ ਨਾ ਹੋਵੇ ਤਾਂ ਹਨੇਰੇ ਘਰ ਵਿੱਚ ਚੋਰ, ਲੁਟੇਰਾ, ਸੱਪ, ਬਿੱਛੂ ਸਾਰਿਆਂ ਦਾ ਆਉਣਾ ਸ਼ੁਰੂ ਹੋ ਜਾਂਦਾ ਹੈ। ਮੱਕੜੀਆਂ ਜਾਲੇ ਬੁਣ ਲੈਂਦੀਆਂ ਹਨ। ਸੱਪ ਆਪਣੇ ਘਰ ਬਣਾ ਲੈਂਦੇ ਹਨ, ਚਮਗਿੱਦੜ ਨਿਵਾਸ ਕਰ ਲੈਂਦੇ ਹਨ। ਰੋਸ਼ਨੀ ਆ ਜਾਏ, ਸਾਰੇ ਹੌਲੀ-ਹੌਲੀ ਵਿਦਾ ਹੋਣ ਲੱਗਦੇ ਹਨ।

ਪ੍ਰੇਮ ਰੋਸ਼ਨੀ ਹੈ ਅਤੇ ਤੁਹਾਡੇ ਜੀਵਨ ਵਿੱਚ ਪ੍ਰੇਮ ਦਾ ਕੋਈ ਵੀ ਦੀਵਾ ਨਹੀਂ ਬਦਲਾ, ਇਸ ਲਈ ਪਾਪ ਹੈ। ਪਾਪ ਦੇ ਕੋਲ ਕੋਈ ਵਿਧਾਇਕ (ਰਚਨਾ ਕਰਨ ਵਾਲਾ) ਊਰਜਾ (ਸ਼ਕਤੀ) ਨਹੀਂ ਹੈ। ਕੋਈ **Positive energy** ਨਹੀਂ ਹੈ। ਪਾਪ ਸਿਰਫ਼ ਨਕਾਰਾਤਮਕ ਹੈ। ਉਹ ਸਿਰਫ਼ ਕਮੀ ਹੈ। ਤੁਸੀਂ ਕਰ ਸਕਦੇ ਹੋ ਕਿਉਂਕਿ ਜੋ ਤੁਹਾਡੇ ਅੰਦਰ ਹੋਣਾ ਸੀ, ਉਹ ਨਹੀਂ ਹੋ ਸਕਿਆ।

ਥੋੜ੍ਹਾ ਸਮਝੋ, ਤੁਸੀਂ ਗੁੱਸਾ ਕਰਦੇ ਹੋ ਅਤੇ ਸਾਰੇ ਧਰਮ ਸ਼ਾਸਤ੍ਰ ਕਹਿੰਦੇ ਹਨ ਗੁੱਸਾ ਨਾ ਕਰੋ। ਪਰ ਜੇਕਰ ਤੁਹਾਡੀ ਜੀਵਨ ਊਰਜਾ ਦਾ ਬਹਾਓ ਪ੍ਰੇਮ ਵੱਲ ਨਾ ਹੋਵੇ ਤਾਂ ਤੁਸੀਂ ਕਰੋਗੇ ਵੀ ਕੀ? ਗੁੱਸਾ ਕਰਨਾ ਹੀ ਪਵੇਗਾ। ਕਿਉਂਕਿ ਗੁੱਸਾ ਠੀਕ ਤਰ੍ਹਾਂ ਸਮਝੋ ਤਾਂ ਉਹ ਹੀ ਪ੍ਰੇਮ ਹੈ, ਜਿਹੜਾ ਰਾਹ ਨਹੀਂ ਲੱਭ ਸਕਿਆ। ਉਹ ਹੀ ਸ਼ਕਤੀ ਜਿਹੜੀ ਫੁੱਲ ਨਹੀਂ ਬਣ ਸਕੀ, ਕੰਡਾ ਬਣ ਗਈ ਹੈ। ਪ੍ਰੇਮ ਹੈ ਸਿਰਜਨ। ਅਤੇ ਤੁਹਾਡੇ ਜੀਵਨ ਵਿੱਚ

ਸਿਰਜਨਾਤਮਕਤਾ, ਨਾ ਹੋ ਸਕੇ, ਤਾਂ ਤੁਸੀਂ ਪਾਓਗੇ ਕਿ ਤੁਹਾਡੀ ਜੀਵਨ ਸ਼ਕਤੀ ਬਰਬਾਦ ਕਰਨ ਵਾਲੀ ਹੋ ਗਈ ਹੈ।

ਤੁਹਾਡੇ ਸੰਤਾਂ 'ਚ ਅਤੇ ਸ਼ੈਤਾਨਾਂ ਵਿੱਚ ਜਿਹੜਾ ਫ਼ਰਕ ਹੈ ਉਹ ਏਨਾ ਹੀ ਹੈ ਕਿ ਇੱਕ ਦੀ ਜੀਵਨ ਊਰਜਾ ਬਰਬਾਦੀ ਬਣ ਗਈ ਹੈ ਅਤੇ ਇੱਕ ਦੀ ਜੀਵਨ ਊਰਜਾ ਸਿਰਜਨ ਬਣ ਗਈ ਹੈ ਅਤੇ ਜਿਹੜਾ ਵੀ ਆਦਮੀ ਸਿਰਜਨ ਕਰ ਸਕਦਾ ਹੈ ਉਹ ਸ਼ੈਤਾਨ ਨਹੀਂ ਹੋ ਸਕਦਾ ਅਤੇ ਜਿਹੜਾ ਵੀ ਆਦਮੀ ਸਿਰਜਨ ਨਹੀਂ ਕਰਦਾ, ਲੱਖ ਆਪਣੇ ਆਪ ਨੂੰ ਸਮਝਾਏ ਕਿ ਸੰਤ ਹੈ, ਉਹ ਸੰਤ ਨਹੀਂ ਹੋ ਸਕਦਾ। ਉਹ ਲੱਖ ਆਪਣੇ ਨੂੰ ਸਮਝਾਏ ਪਰ ਸ਼ਕਤੀ ਦਾ ਕੀ ਹੋਏਗਾ? ਜੀਵਨ ਸ਼ਕਤੀ ਹੈ। ਉਸ ਸ਼ਕਤੀ ਦਾ ਤੁਸੀਂ ਕੀ ਕਰੋਗੇ? ਕੁਝ ਹੋਣਾ ਚਾਹੀਦਾ ਹੈ। ਜੇਕਰ ਤੁਸੀਂ ਪ੍ਰੇਮ ਕਰ ਸਕੋ ਤਾਂ ਤੁਸੀਂ ਉਸੇ ਸ਼ਕਤੀ ਲਈ ਨਵੀਆਂ ਨਹਿਰਾਂ ਖੋਦ ਲਈਆਂ। ਜੇਕਰ ਤੁਹਾਡੇ ਜੀਵਨ 'ਚ ਕਿਤੇ ਪ੍ਰੇਮ ਨਾ ਹੋਵੇ ਤਾਂ ਤੁਹਾਡੀ ਜੀਵਨ ਸ਼ਕਤੀ ਕੀ ਕਰੇਗੀ? ਤੋੜ-ਭੰਨ ਕਰੇਗੀ? ਮਿਟਾਏਗੀ। ਜੇਕਰ ਤੁਸੀਂ ਬਨਾਉਣ ਵਿੱਚ ਨਾ ਲਾ ਸਕੇ ਤਾਂ ਮਿਟਾਉਣ 'ਚ ਲਗਾਓਗੇ। ਪੁੰਨ ਜੀਵਨ-ਊਰਜਾ ਦੀ ਵਿਧਾਇਕ ਸਥਿਤੀ ਹੈ, ਪਾਪ ਨਕਾਰਾਤਮਕ। ਪਾਪ ਨੂੰ ਸਿੱਧਾ ਸੰਘਰਸ਼ ਕਰਨ ਦੀ ਕੋਈ ਵੀ ਜ਼ਰੂਰਤ ਨਹੀਂ ਹੈ।

ਮੇਰੇ ਕੋਲ ਲੋਕ ਆਉਂਦੇ ਹਨ। ਉਹ ਕਹਿੰਦੇ ਹਨ, ਗੁੱਸਾ ਬਹੁਤ ਹੈ, ਕੀ ਕਰੀਏ? ਮੈਂ ਉਨ੍ਹਾਂ ਨੂੰ ਕਹਿੰਦਾ ਹਾਂ, ਗੁੱਸੇ ਦਾ ਤਾਂ ਤੁਸੀਂ ਵਿਚਾਰ ਹੀ ਨਾ ਕਰੋ। ਕਿਉਂਕਿ ਤੁਸੀਂ ਜਿੰਨਾ ਵਿਚਾਰ ਗੁੱਸੇ ਦਾ ਕਰੋਗੇ, ਗੁੱਸੇ ਨੂੰ ਓਨੀ ਹੀ ਸ਼ਕਤੀ ਮਿਲੇਗੀ। ਜਿਸ ਚੀਜ਼ ਦਾ ਅਸੀਂ ਵਿਚਾਰ ਕਰਦੇ ਹਾਂ, ਸ਼ਕਤੀ ਉਸੇ ਪਾਸੇ ਵਗਣ ਲੱਗਦੀ ਹੈ। ਸ਼ਕਤੀ ਦੇ ਵਗਣ ਦਾ ਢੰਗ ਵਿਚਾਰ ਹੈ। ਵਿਚਾਰ ਨਹਿਰ ਦੀ ਤਰ੍ਹਾਂ ਹੈ। ਤੁਸੀਂ ਜਿਸ ਪਾਸੇ ਧਿਆਨ ਦਿੰਦੇ ਹੋ ਉਸੇ ਪਾਸੇ ਤੁਹਾਡਾ ਜੀਵਨ ਵਗਣ ਲੱਗਦਾ ਹੈ। ਜਿਵੇਂ ਅਸੀਂ ਇੱਕ ਤਲਾਅ ਦੇ ਕੋਲ ਨਹਿਰ ਖੋਦ ਦਿੱਤੀ, ਉਸ ਨਹਿਰ ਰਾਹੀਂ ਤਲਾਅ ਦਾ ਪਾਣੀ ਅਸੀਂ ਖੇਤ ਵਿੱਚ ਲੈ ਜਾਣ ਲੱਗੇ।

ਜੀਵਨ ਦੀ ਜਿਹੜੀ ਊਰਜਾ ਹੈ, ਧਿਆਨ ਉਸਦੇ ਲਈ ਨਹਿਰ ਹੈ। ਤੁਸੀਂ ਜਿਸ ਪਾਸੇ ਧਿਆਨ ਦਿੰਦੇ ਹੋ, ਉਸੇ ਪਾਸੇ ਜੀਵਨ ਦੀ ਧਾਰ ਵਗਣ ਲੱਗਦੀ ਹੈ। ਗ਼ਲਤ ਧਿਆਨ ਹੋਇਆ, ਗ਼ਲਤ ਵਗਣ ਲੱਗੇਗੀ। ਸਹੀ ਧਿਆਨ ਹੋਇਆ, ਸਹੀ ਪਾਸੇ ਵਗਣ ਲੱਗੇਗੀ। 'ਪ੍ਰੇਮ' ਠੀਕ ਧਿਆਨ ਦਾ ਨਾਉਂ ਹੈ।

ਅਤੇ ਨਾਨਕ ਕਹਿੰਦੇ ਹਨ, ਜਿਸ ਦਿਨ ਤੁਹਾਡਾ ਪ੍ਰੇਮ ਪਰਮਾਤਮਾ ਦੇ ਨਾਉਂ ਵੱਲ ਵਗੇਗਾ, ਰੰਗੇ ਗਏ ਤੁਸੀਂ! ਫ਼ਿਰ ਧੋਤੇ ਜਾਓਗੇ। ਅਤੇ ਫ਼ਿਰ ਅਤੀਤ ਦੇ ਪਾਪ ਤੋਂ ਹੀ ਨਹੀਂ ਧੋਤੇ ਜਾਓਗੇ, ਭਵਿੱਖ ਦੀਆਂ ਸੰਭਾਵਨਾਵਾਂ ਤੋਂ ਵੀ ਧੋਤੇ ਜਾਓਗੇ। ਉਸ ਤੋਂ ਪਹਿਲਾਂ ਕਿ

ਗੰਦੇ ਹੋਵੋ ਧੁਲੇ ਹੋਏ ਰਹੋਗੇ। ਤੁਸੀਂ ਉਸੇ ਵੇਲੇ ਨ੍ਹਾਤੇ ਧੋਤੇ ਹੋ ਜਾਓਗੇ। ਤੁਸੀਂ ਹਰ ਪਲ ਨ੍ਹਾਤੇ ਹੋਏ ਹੋਵੋਗੇ।

ਇਸ ਲਈ ਜਦ ਤੁਸੀਂ ਕਦੇ ਕਿਸੀ ਗਿਆਨੀ ਦੇ ਕੋਲ ਜਾਓਗੇ ਤਾਂ ਤੁਹਾਨੂੰ ਇੱਕ ਤਾਜ਼ਾ ਇਸ਼ਨਾਨ ਮਹਿਸੂਸ ਹੋਏਗਾ। ਜਿਵੇਂ ਉਹ ਹਰ ਘੜੀ ਨ੍ਹਾਤਾ ਹੋਇਆ ਹੈ। ਜਿਵੇਂ ਹੁਣੇ-ਹੁਣੇ ਨ੍ਹਾ ਕੇ ਨਿਕਲਿਆ ਹੈ। ਇੱਕ ਅਜਿਹੀ ਤਾਜ਼ਗੀ, ਜਿਹੜੀ ਸਵੇਰ ਦੀ ਤ੍ਰੇਲ ਦੇ ਕੋਲ ਮਹਿਸੂਸ ਹੁੰਦੀ ਹੈ, ਤੁਹਾਨੂੰ ਸੰਤ ਦੇ ਕੋਲ ਹੋਏਗੀ। ਉਸ ਦਾ ਕਾਰਣ ਕੇਵਲ ਏਨਾ ਹੈ ਕਿ ਧੂੜ ਇਕੱਠੀ ਨਹੀਂ ਹੁੰਦੀ। ਪ੍ਰੇਮ ਦੀ ਕਮੀ ਵਿੱਚ ਧੂੜ ਇਕੱਠੀ ਹੁੰਦੀ ਹੈ ਅਤੇ ਪ੍ਰੇਮ ਨਾਲ ਉਸੇ ਨੂੰ ਧੋਤਾ ਜਾ ਸਕਦਾ ਹੈ।

ਤਾਂ ਪ੍ਰੇਮ ਦੇ ਸੰਬੰਧ ਵਿੱਚ ਪਹਿਲੀ ਗੱਲ ਕਿ ਤੁਹਾਡੀ ਜੀਵਨ ਊਰਜਾ ਬਰਬਾਦੀ ਨਾ ਬਣੇ। ਕਿਉਂਕਿ ਬਰਬਾਦੀ ਹੀ ਪਾਪ ਹੈ। ਪਾਪ ਕੀ ਹੈ? ਜਦ ਤੁਸੀਂ ਕੁਝ ਤੋੜਦੇ ਹੋ। ਭਵਿੱਖ ਵਿੱਚ ਕੁਝ ਬਨਾਉਣ ਦੇ ਖਿਆਲ ਨਾਲ ਨਹੀਂ, ਸਿਰਫ ਤੋੜਣ ਵਿੱਚ ਹੀ ਰਸ ਲੈਣ ਲਈ।

ਕਿਉਂਕਿ ਤੋੜਣਾ ਦੋ ਤਰ੍ਹਾਂ ਦਾ ਹੋ ਸਕਦਾ ਹੈ। ਇੱਕ ਆਦਮੀ ਮਕਾਨ ਢਾਹੁੰਦਾ ਹੈ ਤਾਂ ਕਿ ਨਵਾਂ ਬਣਾ ਸਕੇ। ਉਹ ਤੋੜਣਾ ਨਹੀਂ ਹੈ ਉਹ ਤਾਂ ਬਨਾਉਣ ਦਾ ਹਿੱਸਾ ਹੈ। ਜਦ ਤੁਸੀਂ ਕੁਝ ਤੋੜਦੇ ਹੋ ਸਿਰਫ਼ ਤੋੜਣ ਲਈ, ਤਦ ਪਾਪ ਹੋ ਜਾਂਦਾ ਹੈ।

ਸਮਝੋ, ਤੁਹਾਡਾ ਨਿੱਕਾ ਮੁੰਡਾ ਹੈ। ਤੁਸੀਂ ਉਸਨੂੰ ਕਦੇ ਥੱਪੜ ਵੀ ਮਾਰਦੇ ਹੋ, ਪਰ ਉਹ ਥੱਪੜ ਪਾਪ ਨਹੀਂ ਹੈ। ਜੇਕਰ ਉਹ ਪ੍ਰੇਮ ਨਾਲ ਮਾਰਿਆ ਗਿਆ ਹੈ, ਤਾਂ ਸਿਰਜਨਾਤਮਕ ਹੈ। ਉਹ ਉਸ ਬੱਚੇ ਨੂੰ ਮਿਟਾਉਣ ਦੇ ਲਈ ਨਹੀਂ, ਉਹ ਉਸ ਬੱਚੇ ਨੂੰ ਬਨਾਉਣ ਦੇ ਲਈ ਹੈ। ਤੁਸੀਂ ਮਾਰਿਆ ਹੀ ਇਸ ਲਈ ਹੈ, ਕਿ ਤੁਸੀਂ ਪਿਆਰ ਕਰਦੇ ਹੋ। ਪਿਆਰ ਨਾ ਹੋਵੇ ਤਾਂ ਤੁਸੀਂ ਫ਼ਿਕਰ ਹੀ ਨਹੀਂ ਕਰਦੇ। ਚੁਲ੍ਹੇ 'ਚ ਜਾਓ। ਜੋ ਕਰਨਾ ਹੋਵੇ, ਕਰੋ। ਇੱਕ ਉਪੇਕਸ਼ਾ ਹੁੰਦੀ ਹੈ। ਠੀਕ ਹੈ। ਜਿੱਥੇ ਜਾਣਾ ਹੋਵੇ, ਜਾਓ। ਜੋ ਕਰਨਾ ਹੋਵੇ, ਕਰੋ। ਇੱਕ ਉਦਾਸੀ ਹੁੰਦੀ ਹੈ। ਪਰ ਤੁਸੀਂ ਪ੍ਰੇਮ ਪੂਰਣ ਹੋ, ਇਸ ਲਈ ਬੱਚੇ ਨੂੰ ਹਰ ਕਿਤੇ ਨਹੀਂ ਜਾਣ ਦਿੰਦੇ। ਉਹ ਅੱਗ ਵਿੱਚ ਡਿੱਗਣਾ ਚਾਹੇ ਤਾਂ ਨਹੀਂ ਡਿੱਗਣ ਦਿੰਦੇ। ਤੁਸੀਂ ਉਸਨੂੰ ਰੋਕੋਗੇ। ਤੁਸੀਂ ਉਸਨੂੰ ਮਾਰ ਵੀ ਸਕਦੇ ਹੋ। ਪਰ ਉਸ ਮਾਰਨ ਵਿੱਚ ਪਾਪ ਨਹੀਂ ਹੈ, ਉਸ ਮਾਰਨ ਵਿੱਚ ਪੁੰਨ ਹੈ, ਕਿਉਂਕਿ ਸਿਰਜਨ ਹੋ ਰਿਹਾ ਹੈ। ਤੁਸੀਂ ਕੁਝ ਬਨਾਉਣਾ ਚਾਹੁੰਦੇ ਹੋ।

ਪਰ ਤੁਸੀਂ ਇੱਕ ਦੁਸ਼ਮਣ ਨੂੰ ਮਾਰਦੇ ਹੋ। ਥੱਪੜ ਉਹ ਹੀ ਹੈ, ਹੱਥ ਉਹ ਹੀ ਹੈ, ਸ਼ਕਤੀ ਉਹ ਹੀ ਹੈ। ਪਰ ਜਦ ਤੁਸੀਂ ਦੁਸ਼ਮਣੀ ਦੇ ਭਾਵ ਨਾਲ ਮਾਰਦੇ ਹੋ, ਤਾਂ ਤੁਸੀਂ ਕੁਝ ਬਨਾਉਣ ਨੂੰ ਨਹੀਂ ਮਾਰਦੇ। ਤੁਸੀਂ ਕੁਝ ਮਿਟਾਉਣ ਨੂੰ ਮਾਰਦੇ ਹੋ। ਪਾਪ ਹੋ ਗਿਆ!

ਕ੍ਰਿਤਘ ਪਾਪ ਨਹੀਂ ਹੁੰਦੇ। ਤੁਹਾਡੇ ਅੰਦਰ ਦੀ ਦ੍ਰਿਸ਼ਟੀ ਜੇਕਰ ਰਚਨਾਤਮਕ ਹੈ, ਤਾਂ ਕੋਈ ਕਰਮ ਪਾਪ ਨਹੀਂ ਹੈ। ਜੇਕਰ ਤੁਹਾਡੀ ਦ੍ਰਿਸ਼ਟੀ ਬਰਬਾਦੀ ਕਰਨ ਵਾਲੀ ਹੈ ਤਾਂ ਸਾਰੇ ਕ੍ਰਿਤਘ ਪਾਪ ਹਨ।

ਸੂਫ਼ੀ ਕਹਾਣੀ ਹੈ, ਇੱਕ ਪਿੰਡ ਵਿੱਚ ਇੱਕ ਸੂਫ਼ੀ ਆਇਆ। ਉਸ ਨੇ ਕਿਸੇ ਯਾਤਰਾ ਤੇ ਜਾਣਾ ਸੀ। ਪਹਾੜਾਂ ਵਿੱਚ ਲੁਕਿਆ ਹੋਇਆ ਨਿੱਕਾ ਜਿਹਾ ਮੰਦਰ ਸੀ, ਜਿਸ ਦੀ ਉਹ ਭਾਲ ਕਰ ਰਿਹਾ ਸੀ। ਉਸ ਸੂਫ਼ੀ ਫ਼ਕੀਰ ਨੇ ਇੱਕ ਚਾਹ ਦੀ ਦੁਕਾਨ ਦੇ ਸਾਹਮਣੇ ਜਾ ਕੇ ਪਿੰਡ ਦੇ ਲੋਕਾਂ ਕੋਲੋਂ ਪੁੱਛਿਆ, ਕਿ ਇਸ ਪਿੰਡ ਵਿੱਚ ਸਭ ਤੋਂ ਸੱਚਾ ਆਦਮੀ ਕਿਹੜਾ ਹੈ? ਅਤੇ ਸਭ ਤੋਂ ਝੂਠਾ ਆਦਮੀ ਕੌਣ ਹੈ। ਪਿੰਡ ਦੇ ਲੋਕਾਂ ਨੇ ਦੱਸ ਦਿੱਤਾ। ਛੋਟੇ ਪਿੰਡ ਵਿੱਚ ਸਾਰਿਆਂ ਨੂੰ ਹਰ ਕਿਸੇ ਦਾ ਪਤਾ ਹੁੰਦਾ ਹੈ ਕਿ ਸਭ ਤੋਂ ਝੂਠਾ ਆਦਮੀ ਕਿਹੜਾ ਹੈ ਅਤੇ ਸਭ ਤੋਂ ਸੱਚਾ ਆਦਮੀ ਕਿਹੜਾ ਹੈ।

ਉਹ ਸੂਫ਼ੀ ਸਭ ਤੋਂ ਸੱਚੇ ਆਦਮੀ ਦੇ ਕੋਲ ਪਹਿਲਾਂ ਗਿਆ ਅਤੇ ਉਸ ਨੇ ਪੁੱਛਿਆ ਕਿ ਮੈਂ ਉਸ ਲੁਕੇ ਹੋਏ ਮੰਦਰ ਦੇ ਵੱਲ ਜਾਣਾ ਚਾਹੁੰਦਾ ਹਾਂ, ਜਿਸ ਦੀ ਚਰਚਾ ਸ਼ਾਸਤ੍ਰਾਂ ਵਿੱਚ ਸੁਣੀ ਹੈ। ਜੇਕਰ ਤੁਹਾਨੂੰ ਰਾਹ ਪਤਾ ਹੈ, ਤਾਂ ਸਭ ਤੋਂ ਸੁਖਾਲਾ ਰਾਹ ਕਿਹੜਾ ਹੈ, ਉਹ ਮੈਨੂੰ ਦੱਸ ਦਿਓ। ਤਾਂ ਉਸ ਨੇ ਕਿਹਾ ਸਭ ਤੋਂ ਸੌਖਾ ਰਾਹ ਪਹਾੜਾਂ 'ਚ ਹੀ ਹੋ ਕੇ ਜਾਂਦਾ ਹੈ ਅਤੇ ਇਸ ਵਿਧੀ ਨਾਲ ਤੁਸੀਂ ਟੁਰੋ, ਪਰ ਪਹਾੜਾਂ 'ਚੋਂ ਤਾਂ ਲੰਘਣਾ ਹੀ ਪਏਗਾ।

ਉਹ ਆਦਮੀ ਫ਼ਿਰ ਸਭ ਤੋਂ ਝੂਠੇ ਆਦਮੀ ਦੇ ਕੋਲ ਗਿਆ ਅਤੇ ਬਹੁਤ ਹੈਰਾਨ ਹੋਇਆ। ਕਿਉਂਕਿ ਉਸ ਝੂਠੇ ਆਦਮੀ ਕੋਲੋਂ ਵੀ ਉਸ ਨੇ ਪੁੱਛਿਆ ਤਾਂ ਉਸਨੇ ਕਿਹਾ, ਕਿ ਸਭ ਤੋਂ ਸੌਖਾ ਰਾਹ ਤਾਂ ਪਹਾੜਾਂ ਵਿਚੋਂ ਹੀ ਲੰਘਦਾ ਹੈ ਅਤੇ ਇਹ-ਇਹ ਰਾਹ ਹੈ ਤੇ ਤੁਹਾਨੂੰ ਇਸ-ਇਸ ਤਰੀਕੇ ਨਾਲ ਜਾਣਾ ਹੋਏਗਾ। ਦੋਹਾਂ ਦੇ ਜਵਾਬ ਇਹੋ ਜਿਹੇ ਸਨ। ਤਦ ਉਹ ਬਹੁਤ ਹੈਰਾਨ ਹੋਇਆ ਤੇ ਉਸ ਨੇ ਪਿੰਡ ਵਿੱਚ ਜਾ ਕੇ ਪੜਤਾਲ ਕੀਤੀ ਕਿ ਇਥੇ ਕੋਈ ਸੂਫ਼ੀ ਤਾਂ ਨਹੀਂ ਹੈ। ਕੋਈ ਫ਼ਕੀਰ ਤਾਂ ਨਹੀਂ ਹੈ!

ਧਿਆਨ ਰੱਖਣਾ, ਸੱਚਾ ਆਦਮੀ ਝੂਠਾ ਆਦਮੀ ਦੋ ਕੰਢੇ ਹਨ ਅਤੇ ਜਦ ਕੋਈ ਆਦਮੀ ਸੰਤਤੱਵ ਨੂੰ ਉਪਲਬਧ ਹੁੰਦਾ ਹੈ ਤਾਂ ਦੋਹਾਂ ਤੋਂ ਪਾਰ ਹੁੰਦਾ ਹੈ। ਹੁਣ ਉਹ ਬਹੁਤ ਮੁਸ਼ਕਿਲ ਵਿੱਚ ਪੈ ਗਿਆ, ਕਿ ਕਿਸ ਦੀ ਮੰਨਾਂ? ਉਸ ਨੇ ਤਾਂ ਸੋਚਿਆ ਸੀ ਕਿ ਝੂਠਾ ਆਦਮੀ ਪੁੱਠੀ ਗੱਲ ਕਹੇਗਾ। ਪਰ ਪਾਪੀ, ਪੁੰਨ-ਆਤਮਾ ਦੋਹਾਂ ਨੇ ਇਕੋ ਜਵਾਬ ਦਿੱਤਾ। ਹੁਣ ਕੌਣ ਸਹੀ ਹੈ?

ਤਾਂ ਫ਼ਿਰ ਉਹ ਇੱਕ ਸੂਫ਼ੀ ਫ਼ਕੀਰ ਦਾ ਪਤਾ ਕਰਕੇ ਉਸ ਦੇ ਕੋਲ ਗਿਆ। ਉਸ ਫ਼ਕੀਰ ਨੇ ਕਿਹਾ ਕਿ ਦੋਹਾਂ ਨੇ ਇਕੋ ਜਿਹਾ ਜਵਾਬ ਦਿੱਤਾ ਹੈ, ਪਰ ਦੋਹਾਂ ਦੀ ਨਜ਼ਰ

ਵੱਖਰੀ-ਵੱਖਰੀ ਹੈ। ਸੱਚੇ ਆਦਮੀ ਨੇ ਤੈਨੂੰ ਇਸ ਲਈ ਕਿਹਾ ਕਿ ਤੂੰ ਪਹਾੜ ਦੇ ਉਪਰੋਂ ਦੀ ਜਾ, ਇੱਕ ਰਾਹ ਨਦੀ ਦੇ ਉਪਰੋਂ ਵੀ ਜਾਂਦਾ ਹੈ, ਉਹ ਉਸਨੂੰ ਪਤਾ ਹੈ। ਪਰ ਨਾ ਤਾਂ ਤੇਰੇ ਕੋਲ ਬੇੜੀ ਹੈ ਜਿਸ ਉਤੇ ਤੂੰ ਯਾਤਰਾ ਕਰ ਸਕੇਂ, ਅਤੇ ਨਾ ਬੇੜੀ ਉਤੇ ਯਾਤਰਾ ਕਰਨ ਦੇ ਹੋਰ ਸਾਧਨ, ਸਮੱਗਰੀ ਤੇਰੇ ਕੋਲ ਹੈ। ਫ਼ਿਰ ਤੇਰੇ ਕੋਲ ਇਹ ਖੋਤਾ ਵੀ ਹੈ, ਜਿਸ ਦੇ ਉਤੇ ਤੂੰ ਸਵਾਰ ਹੈਂ। ਇਹ ਪਹਾੜ ਉਤੇ ਤਾਂ ਸਹਿਯੋਗੀ ਹੋਏਗਾ, ਬੇੜੀ 'ਚ ਤਾਂ ਉਪਦੱਰ ਕਰੇਗਾ। ਇਸ ਲਈ ਤੇਰੀ ਪੂਰੀ ਹਾਲਤ ਨੂੰ ਸੋਚ ਕੇ ਕਿਹਾ ਕਿ ਤੂੰ ਪਹਾੜ ਵਲੋਂ ਜਾ। ਸੌਖਾ ਰਾਹ ਤਾਂ ਬੇੜੀ ਰਾਹੀਂ ਹੈ। ਪਰ ਤੇਰੇ ਹਾਲਾਤ ਵੇਖ ਕੇ ਸੌਖਾ ਰਾਹ ਪਹਾੜ ਵੱਲੋਂ ਦੱਸਿਆ ਗਿਆ।

ਅਤੇ ਝੂਠੇ ਆਦਮੀ ਨੇ ਇਸ ਲਈ ਪਹਾੜ ਤੋਂ ਕਿਹਾ, ਤਾਂ ਕਿ ਤੁਸੀਂ ਮੁਸੀਬਤ ਵਿੱਚ ਪਵੋ। ਸੌਖਾ ਰਾਹ ਤਾਂ ਨਦੀ ਉਤੋਂ ਹੀ ਹੈ ਅਤੇ ਝੂਠੇ ਆਦਮੀ ਨੇ ਇਸ ਲਈ ਪਹਾੜ ਤੋਂ ਕਿਹਾ ਤਾਂ ਕਿ ਤੁਸੀਂ ਮੁਸੀਬਤ ਵਿੱਚ ਪਵੋ। ਝੂਠਾ ਆਦਮੀ ਤੈਨੂੰ ਸਤਾਉਣਾ ਚਾਹੁੰਦਾ ਹੈ। ਜਵਾਬ ਇਕੋ ਜਿਹੇ ਹਨ, ਦ੍ਰਿਸ਼ਟੀ ਵੱਖਰੀ ਹੈ, ਕ੍ਰਿਤਘ ਵੀ ਇਕੋ ਜਿਹੇ ਹੋ ਸਕਦੇ ਹਨ। ਇਸ ਲਈ ਕੰਮਾਂ ਤੋਂ ਕੁਝ ਤੈਅ ਨਹੀਂ ਹੋ ਸਕਦਾ। ਅੰਦਰੂਨੀ ਭਾਵ ਨਾਲ ਤੈਅ ਹੁੰਦਾ ਹੈ।

ਇਸ ਲਈ ਤਾਂ ਪਿਓ ਪੁੱਤਰ ਨੂੰ ਮਾਰ ਦਿੰਦਾ ਹੈ, ਉਸਦਾ ਕੋਈ ਹਿਸਾਬ ਨਹੀਂ ਰੱਖਿਆ ਜਾਂਦਾ। ਮਾਂ ਪੁੱਤਰ ਨੂੰ ਮਾਰ ਦੇਂਦੀ ਹੈ, ਇਸ ਦਾ ਕੋਈ ਹਿਸਾਬ ਨਹੀਂ ਰੱਖਿਆ ਜਾਂਦਾ। ਸੱਚ ਤਾਂ ਇਹ ਹੈ, ਕਿ ਖੋਜੀ ਕਹਿੰਦੇ ਹਨ, ਜਿਸ ਮਾਂ ਨੇ ਆਪਣੇ ਪੁੱਤਰ ਨੂੰ ਕਦੇ ਨਹੀਂ ਮਾਰਿਆ, ਉਸ ਮਾਂ ਅਤੇ ਪੁੱਤਰ ਦੇ ਵਿਚਕਾਰ ਕਦੇ ਕੋਈ ਡੂੰਘਾ ਸੰਬੰਧ ਨਹੀਂ ਬਣ ਸਕੇਗਾ। ਕਿਉਂਕਿ ਆਤਮੀਯਤਾ ਹੀ ਨਹੀਂ ਬਣ ਸਕੀ। ਤੁਸੀਂ ਜੇਕਰ ਆਪਣੇ ਪੁੱਤਰ ਨੂੰ ਮਾਰਣ ਤੋਂ ਡਰਦੇ ਹੋ, ਤਾਂ ਤੁਸੀਂ ਉਸ ਨੂੰ ਆਪਣਾ ਹੀ ਨਹੀਂ ਮੰਨਦੇ। ਫਾਸਲਾ ਹੈ! ਜਿਹੜਾ ਪਿਓ ਪੁੱਤਰ ਦੀ ਹਰ ਇੱਛਾ ਉਤੇ ਝੁੱਕ ਜਾਏਗਾ, ਪੁੱਤਰ ਉਸਨੂੰ ਕਦੇ ਮਾਫ਼ ਨਹੀਂ ਕਰ ਸਕੇਗਾ। ਕਿਉਂਕਿ ਜ਼ਿੰਦਗੀ ਵਿੱਚ ਉਸਨੂੰ ਲੱਗੇਗਾ ਕਿ ਪਿਓ ਨੇ ਉਸਨੂੰ ਬਰਬਾਦ ਕਰ ਦਿੱਤਾ। ਕਿਉਂਕਿ ਪੁੱਤਰ ਤਾਂ ਅਨੁਭਵੀ ਨਹੀਂ ਹੈ। ਇਸ ਲਈ ਉਸ ਦੀਆਂ ਮੰਗਾਂ ਦਾ ਕੋਈ ਬਹੁਤਾ ਅਰਥ ਨਹੀਂ ਹੈ। ਪਿਓ ਨੂੰ ਸੋਚਣਾ ਹੀ ਪਏਗਾ ਕਿ ਕਿਹੜੀ ਮੰਗ ਠੀਕ ਹੈ ਅਤੇ ਕਿਹੜੀ ਗ਼ਲਤ। ਉਹ ਬਹੁਤ ਅਨੁਭਵੀ ਹੈ ਅਤੇ ਜੇਕਰ ਪ੍ਰੇਮ ਕਰਦਾ ਹੈ ਆਪਣੇ ਪੁੱਤਰ ਨੂੰ ਤਾਂ ਉਹ ਆਪਣੇ ਤਜ਼ਰਬੇ ਨਾਲ ਤੈਅ ਕਰੇਗਾ, ਪੁੱਤਰ ਦੀਆਂ ਮੰਗਾਂ ਤੋਂ ਨਹੀਂ ਅਤੇ ਜੇਕਰ ਕਿਸੇ ਪਿਓ ਨੇ ਪੁੱਤਰ ਨੂੰ ਪੂਰੀ ਸੁਤੰਤਰਤਾ ਦੇ ਦਿੱਤੀ ਤਾਂ ਪੁੱਤਰ ਕਦੇ ਮਾਫ਼ ਨਹੀਂ ਕਰ ਪਾਉਂਦਾ। ਇਸ ਲਈ ਤਾਂ ਪੱਛਮ 'ਚ ਏਨੇ ਪੁੱਤਰ ਪਿਓ ਨੂੰ ਮਾਫ਼ ਨਹੀਂ ਕਰ ਪਾਉਂਦੇ।

ਹੋਰ ਪੱਛਮ ਵਿੱਚ ਪਿਓ ਨੇ ਜਿੰਨੀ ਆਜ਼ਾਦੀ ਪੁੱਤਰ ਨੂੰ ਦਿੱਤੀ ਹੈ, ਦੁਨੀਆਂ ਵਿੱਚ ਕਦੇ ਨਹੀਂ ਦਿੱਤੀ ਗਈ ਸੀ। ਪਿਛਲੇ ਸੌ ਵਰ੍ਹਿਆਂ ਦੇ ਵਿਚਾਰਕਾਂ ਨੇ ਇਹ ਹੀ ਸਮਝਾਇਆ ਕਿ ਪੁੱਤਰਾਂ ਨੂੰ ਪੂਰੀ ਸੁਤੰਤਰਤਾ ਦਿਓ ਅਤੇ ਉਸ ਦਾ ਨਤੀਜਾ ਇਹ ਹੋਇਆ ਕਿ ਪੁੱਤਰ ਅਤੇ ਪਿਓ ਦੇ ਵਿਚਕਾਰ ਏਨੀ ਵੱਡੀ ਖਾਈ ਪੈਦਾ ਹੋ ਗਈ ਹੈ ਕਿ ਉਸਨੂੰ ਭਰਨਾ ਮੁਸ਼ਕਿਲ ਹੈ। ਪੁਰਾਣੇ ਜ਼ਮਾਨੇ 'ਚ ਪੁੱਤਰ ਪਿਓ ਕੋਲੋਂ ਡਰਦੇ ਸਨ। ਪੱਛਮ ਵਿੱਚ ਪਿਓ ਪੁੱਤਰਾਂ ਕੋਲੋਂ ਡਰ ਰਹੇ ਹਨ। ਹੋਰ ਪੁਰਾਣੇ ਜ਼ਮਾਨੇ ਵਿੱਚ ਪੁੱਤਰ ਪਿਓ ਨੂੰ ਅੰਤ ਤੱਕ ਸ਼ਰਧਾ ਦਿੰਦੇ ਸਨ ਅਤੇ ਨਵੇਂ, ਪੱਛਮ ਵਿੱਚ ਰੱਤੀ ਭਰ ਸ਼ਰਧਾ ਦਾ ਭਾਵ ਨਹੀਂ ਹੈ, ਪ੍ਰੇਮ ਦਾ ਭਾਵ ਨਹੀਂ ਹੈ ਅਤੇ ਕਾਰਣ ਕੀ ਹੈ? ਕਾਰਣ ਇਹ ਹੈ ਕਿ ਪੁੱਤਰ ਇੱਕ ਨਾ ਇੱਕ ਦਿਨ ਮਹਿਸੂਸ ਕਰੇਗਾ ਕਿ ਪਿਓ ਨੇ ਮੈਨੂੰ ਬਰਬਾਦ ਕਰ ਦਿੱਤਾ। ਉਸਨੂੰ ਰੋਕਣਾ ਚਾਹੀਦਾ ਸੀ। ਜੇਕਰ ਮੈਂ ਗ਼ਲਤ ਕਰ ਰਿਹਾ ਸੀ ਤਾਂ ਉਸਨੂੰ ਰੋਕਣਾ ਚਾਹੀਦਾ ਸੀ। ਜੇਕਰ ਮੈਂ ਭਟਕ ਰਿਹਾ ਸੀ ਤਾਂ ਉਸਨੂੰ ਰੋਕਣਾ ਚਾਹੀਦਾ ਸੀ। ਕਿਉਂਕਿ ਉਹ ਤਜਰਬੇਕਾਰ ਸੀ। ਮੈਂ ਗ਼ੈਰ ਤਜ਼ਰਬੇਕਾਰ ਸੀ। ਮੇਰੀ ਗੱਲ ਕਿਉਂ ਸੁਣੀ? ਉਸਨੂੰ ਝੁੱਕਣਾ ਹੀ ਨਹੀਂ ਚਾਹੀਦਾ ਸੀ! ਇਹ ਪੁੱਤਰ ਅਨੁਭਵ ਕਰੇਗਾ।

ਇਹ ਧਿਆਨ 'ਚ ਰੱਖਣਾ! ਕਿਉਂਕਿ ਪ੍ਰੇਮ ਚਿੰਤਾ ਕਰੇਗਾ। ਦੂਜੇ ਦਾ ਜੀਵਨ ਸ਼ੁਭ ਹੋਵੇ, ਸੋਹਣਾ ਹੋਵੇ, ਸਤਯ ਹੋਵੇ, ਮਹਿਮਾ ਨੂੰ ਉਪਲਬਧ ਹੋਵੇ। ਅਨਾਦਰ ਦਾ ਅਰਥ ਹੀ ਹੈ ਕੋਈ ਵੀ ਆਤਮੀਯਤਾ ਨਹੀਂ। ਜੋ ਵੀ ਹੋਣਾ ਹੋਵੇ, ਹੋਵੇ। ਸਾਡਾ ਕੋਈ ਮਤਲਬ ਨਹੀਂ ਹੈ। ਸੰਜੋਗ ਦੀ ਗੱਲ ਹੈ ਕਿ ਤੁਸੀਂ ਪੁੱਤਰ ਹੋ। ਸੰਜੋਗ ਦੀ ਗੱਲ ਹੈ ਕਿ ਮੈਂ ਪਿਓ ਹਾਂ। ਨਹੀਂ ਤਾਂ ਕੁਝ ਵੀ ਲੈਣਾ-ਦੇਣਾ ਨਹੀਂ ਹੈ। ਤਾਂ ਪੱਛਮ ਵਿੱਚ ਅੰਤਃ ਸੰਬੰਧ ਡਿੱਗ ਪਏ ਹਨ।

ਪ੍ਰੇਮ ਵੀ ਮਾਰ ਸਕਦਾ ਹੈ। ਕਿਉਂਕਿ ਪ੍ਰੇਮ ਏਨਾ ਤਾਕਤਵਰ ਹੈ, ਅਤੇ ਏਨਾ ਸ਼ਰਧਾਵਾਨ ਹੈ ਕਿ ਬਰਬਾਦੀ ਨਾਲ ਵੀ ਸਿਰਜਨ ਨੂੰ ਲਿਆ ਸਕਦਾ ਹੈ। ਪਰ ਇੱਕ ਗੱਲ ਧਿਆਨ ਰੱਖਣੀ ਜ਼ਰੂਰੀ ਹੈ। ਸਿਰਜਨ ਹਮੇਸ਼ਾਂ ਲਕਸ਼ ਹੋਏਗਾ। ਬਰਬਾਦੀ ਜੇਕਰ ਜ਼ਰੂਰੀ ਹੈ, ਤਾਂ ਹਮੇਸ਼ਾਂ ਵਿਧੀ ਹੋਏਗੀ।

ਗੁਰੂ ਤਾਂ ਸ਼ਿੱਸ਼ ਨੂੰ ਬਿਲਕੁਲ ਹੀ ਮਾਰਦਾ ਹੈ। ਮਾਰ ਹੀ ਸੁੱਟਦਾ ਹੈ। ਕੋਈ ਪਿਓ ਏਨਾ ਨਹੀਂ ਮਾਰ ਸਕਦਾ, ਕਿਉਂਕਿ ਪਿਓ ਦੀਆਂ ਸੱਟਾਂ ਤਾਂ ਉਪਰ-ਉਪਰ ਹੋਣਗੀਆਂ, ਸ਼ਰੀਰ ਤੇ ਹੋਣਗੀਆਂ। ਜਿਵੇਂ ਪਾਣੀ ਸ਼ਰੀਰ ਦੀ ਮੈਲ ਧੋਂਦਾ ਹੈ, ਤਿਵੇਂ ਪਿਓ ਸ਼ਰੀਰ ਨੂੰ, ਜੀਵਨ ਨੂੰ ਠੀਕ ਕਰੇਗਾ। ਉਸਦੀ ਸੱਟ ਉਪਰ-ਉਪਰ ਹੋਏਗੀ। ਗੁਰੂ ਤਾਂ ਅੰਦਰ ਮਾਰੇਗਾ। ਡੂੰਘੀ ਸੱਟ ਮਾਰੇਗਾ। ਜਿੱਥੋਂ ਤੱਕ ਤੁਹਾਨੂੰ ਪਾਏਗਾ ਉਥੋਂ ਤੱਕ ਵਿੰਨ੍ਹੇਗਾ। ਉਹ ਤੁਹਾਡੇ ਹੰਕਾਰ ਨੂੰ ਗਲਾ ਕੇ ਹੀ ਰਹੇਗਾ ਅਤੇ

ਜਦੋਂ ਤੱਕ ਤੁਸੀਂ ਅਜਿਹਾ ਗੁਰੂ ਨਾ ਪਾ ਲਵੋ ਤਦ ਤੱਕ ਸਮਝਣਾ ਕਿ ਜਿਸ ਨੂੰ ਤੁਸੀਂ ਪਾ ਲਿਆ ਹੈ ਉਸ ਨੂੰ ਤੁਸੀਂ ਮਾਫ ਨਹੀਂ ਕਰ ਸਕੋਗੇ। ਅੱਜ ਨਹੀਂ ਕੱਲ੍ਹ ਤੁਸੀਂ ਪਾਓਗੇ, ਉਸ ਨੇ ਤੁਹਾਡਾ ਜੀਵਨ, ਤੁਹਾਡਾ ਵਕਤ ਨਸ਼ਟ ਕੀਤਾ ਹੈ।

ਪ੍ਰੇਮ ਦਾ ਲਕਸ਼ ਹੈ ਸਿਰਜਨ—ਇੱਕ ਗੱਲ: ਅਤੇ ਜਦ ਤੁਸੀਂ ਸਿਰਜਨਾਤਮਕ ਹੁੰਦੇ ਹੋ ਜੀਵਨ-ਸੰਬੰਧਾਂ ਵਿੱਚ ਤੁਸੀਂ ਪਾਪ ਨਹੀਂ ਕਰ ਸਕਦੇ ਅਤੇ ਜਦ ਮੈਂ ਪ੍ਰੇਮ ਕਰਦਾ ਹਾਂ ਤਾਂ ਪਾਪ ਕਿਵੇਂ ਸੰਭਵ ਹੈ? ਪ੍ਰੇਮ ਹੌਲੀ-ਹੌਲੀ ਫੈਲਦਾ ਜਾਏਗਾ ਤਾਂ ਤੁਸੀਂ ਪਾਓਗੇ, ਮੈਂ ਹੀ ਹਾਂ ਸਾਰਿਆਂ ਦੇ ਅੰਦਰ ਲੁਕਿਆ ਹੋਇਆ। ਕਿਸਦੀ ਚੋਰੀ ਕਰਾਂ? ਕਿਸ ਨੂੰ ਧੋਖਾ ਦੇਵਾਂ? ਕਿਸ ਦੀ ਜੇਬ ਕੱਟਾਂ! ਕਿਉਂਕਿ ਜਿੰਨਾ ਤੁਹਾਡਾ ਪ੍ਰੇਮ ਵਧੇਗਾ, ਓਨਾਂ ਤੁਸੀਂ ਪਾਓਗੇ ਕਿ ਇਹ ਸਾਰੀਆਂ ਜੇਬਾਂ ਆਪਣੀਆਂ ਹੀ ਹਨ ਅਤੇ ਏਧਰ ਜੇ ਮੈਂ ਕਿਸੇ ਨੂੰ ਨੁਕਸਾਨ ਪਹੁੰਚਾਉਂਦਾ ਹਾਂ, ਉਹ ਅਖੀਰ ਮੈਨੂੰ ਹੀ ਪੁੱਜ ਜਾਂਦਾ ਹੈ।

ਜੀਵਨ ਇੱਕ ਗੂੰਜ ਹੈ। ਪ੍ਰੇਮ ਕਰਨ ਵਾਲੇ ਨੂੰ ਪਤਾ ਲੱਗਦਾ ਹੈ ਕਿ ਜੀਵਨ ਇੱਕ ਗੂੰਜ ਹੈ। ਤੁਸੀਂ ਜੋ ਕਰਦੇ ਹੋ ਉਹ ਤੁਹਾਡੇ ਉਤੇ ਹੀ ਵਰ੍ਹ ਜਾਂਦਾ ਹੈ। ਜਿੰਨਾ ਤੁਹਾਡਾ ਪ੍ਰੇਮ ਵਧਦਾ ਹੈ, ਓਨਾ ਹੀ ਤੁਹਾਨੂੰ ਇਹ ਸਾਫ਼ ਹੋਣ ਲੱਗਦਾ ਹੈ ਕਿ ਇਥੇ ਪਰਾਇਆ ਕੋਈ ਵੀ ਨਹੀਂ ਹੈ। ਜਿਸ ਆਦਮੀ ਨਾਲ ਤੁਹਾਡਾ ਪ੍ਰੇਮ ਹੋ ਜਾਂਦਾ ਹੈ, ਉਸ ਦੇ ਨਾਲ ਪਰਾਇਆਪਨ ਮਿਟ ਜਾਂਦਾ ਹੈ।

ਤੁਸੀਂ ਆਪਣੀ ਪਤਨੀ ਨੂੰ ਦੁੱਖ ਨਹੀਂ ਦੇਣਾ ਚਾਹੋਗੇ। ਕਿਉਂਕਿ ਉਸ ਨੂੰ ਦਿੱਤਾ ਗਿਆ ਦੁੱਖ ਆਖ਼ਰਕਾਰ ਤੁਹਾਨੂੰ ਹੀ ਦਿੱਤਾ ਗਿਆ ਦੁੱਖ ਸਿੱਧ ਹੋਵੇਗਾ। ਕਿਉਂ, ਕਿਉਂਕਿ ਤੁਸੀਂ ਦੁੱਖੀ ਹੁੰਦੇ ਹੋ। ਉਹ ਦੁਖੀ ਹੁੰਦੀ ਹੈ ਤਾਂ ਤੁਸੀਂ ਦੁਖੀ ਹੁੰਦੇ ਹੋ। ਤੁਸੀਂ ਚਾਹੋਗੇ ਕਿ ਉਹ ਸੁਖੀ ਰਹੇ, ਕਿਉਂਕਿ ਉਹ ਜਿੰਨੀ ਸੁਖੀ ਹੁੰਦੀ ਹੈ ਓਨੀ ਤੁਹਾਡੇ ਸੁੱਖ ਦੀ ਸੰਭਾਵਨਾ ਵਧ ਜਾਂਦੀ ਹੈ। ਤਦ ਤੁਸੀਂ ਪਾਓਗੇ ਕਿ ਦੂਜੇ ਨੂੰ ਦਿੱਤਾ ਗਿਆ ਦੁੱਖ ਤੁਹਾਨੂੰ ਵੀ ਦੁਖੀ ਕਰਦਾ ਹੈ। ਦੂਜੇ ਨੂੰ ਦਿੱਤਾ ਗਿਆ ਸੁੱਖ ਤੁਹਾਨੂੰ ਵੀ ਸੁਖੀ ਕਰਦਾ ਹੈ।

ਹਾਲਾਂਕਿ ਅਸੀਂ ਬਿਲਕੁਲ ਉਲਟੀ ਭਾਸ਼ਾ ਵਿੱਚ ਸੋਚਦੇ ਹਾਂ। ਅਸੀਂ ਸੋਚਦੇ ਹਾਂ, ਆਪਣੇ ਨੂੰ ਸੁੱਖ ਦਿਓ ਅਤੇ ਦੂਜੇ ਨੂੰ ਦੁੱਖ ਦਿਓ। ਸ਼ਾਇਦ ਇਸ ਨਾਲ ਸਾਡਾ ਸੁੱਖ ਵਧੇਗਾ। ਤੁਸੀਂ ਅਖੀਰ ਵਿੱਚ ਪਾਓਗੇ ਕਿ ਤੁਸੀਂ ਦੁੱਖ ਹੀ ਦੁੱਖ ਨਾਲ ਭਰ ਗਏ। ਕਿਉਂਕਿ ਜੋ ਤੁਸੀਂ ਦੂਜੇ ਨੂੰ ਦੇਂਦੇ ਹੋ ਉਹ ਹੀ ਪਰਤਦਾ ਹੈ। ਤੁਸੀਂ ਜੇਕਰ ਸਾਰਿਆਂ ਦੇ ਲਈ ਕੰਡੇ ਬੀਜੇ ਹਨ, ਤਾਂ ਤੁਸੀਂ ਆਖਰ ਵਿੱਚ ਪਾਓਗੇ ਕਿ ਤੁਹਾਡਾ ਸਾਰਾ ਜੀਵਨ ਕੰਡਿਆਂ ਨਾਲ ਭਰ ਗਿਆ ਹੈ ਅਤੇ ਤੁਸੀਂ ਜੇਕਰ ਫ਼ਿਕਰ ਹੀ ਨਾ ਕੀਤਾ ਕਿ ਦੂਜੇ ਕੀ ਕਰ ਰਹੇ ਹਨ। ਤੁਸੀਂ ਫੁੱਲ ਹੀ ਫੁੱਲ ਬੀਜਦੇ ਗਏ, ਤਾਂ ਆਖਰ ਵਿੱਚ ਤੁਸੀਂ ਪਾਓਗੇ, ਕਿ ਜੋ ਤੁਸੀਂ ਬੀਜਿਆ ਹੈ ਉਹ ਹੀ ਤੁਸੀਂ ਕਟੋਗੇ। ਜੋ ਦੂਜਿਆਂ ਨੇ ਬੀਜਿਆ ਹੈ ਉਨ੍ਹਾਂ

ਦੀਆਂ ਫਸਲਾਂ ਉਨ੍ਹਾਂ ਦੇ ਲਈ। ਪਰ ਅਸੀਂ ਉਲਟਾ ਟੁਰਦੇ ਹਾਂ।

ਇੱਕ ਇਸਤ੍ਰੀ ਮੇਰੇ ਕੋਲੋਂ ਪੁੱਛਣ ਆਈ ਸੀ। ਉਹ ਪਤੀ ਨੂੰ ਤਲਾਕ ਦੇਣਾ ਚਾਹੁੰਦੀ ਸੀ ਉਸਨੇ ਜਿਹੜੀ ਗੱਲ ਪੁੱਛੀ ਉਹ ਮੈਨੂੰ ਭੁੱਲਦੀ ਨਹੀਂ! ਉਸ ਨੇ ਮੈਨੂੰ ਪੁੱਛਿਆ ਕਿ ਤਲਾਕ ਦੇਣ ਦੀ ਇਹੋ ਜਿਹੀ ਵੀ ਕੋਈ ਤਰਕੀਬ ਹੈ ਕਿ ਮੇਰੇ ਪਤੀ ਨੂੰ ਇਸ ਨਾਲ ਖੁਸ਼ੀ ਨਾ ਮਿਲੇ? ਉਹ ਚੰਗੀ ਤਰ੍ਹਾਂ ਜਾਣਦੀ ਹੈ ਕਿ ਤਲਾਕ ਦੇਣ ਨਾਲ ਖੁਸ਼ੀ ਮਿਲੇਗੀ, ਕਿਉਂਕਿ ਉਸ ਨੇ ਪਤੀ ਨੂੰ ਕਾਫ਼ੀ ਸਤਾਇਆ ਹੈ। ਹੁਣ ਉਹ ਇਹ ਵੀ ਇੰਤਜ਼ਾਮ ਕਰਨਾ ਚਾਹੁੰਦੀ ਹੈ ਕਿ ਤਲਾਕ ਵੀ ਹੋਵੇ ਤਾਂ ਇੰਤਜਾਮ ਅਜਿਹਾ ਹੋਵੇ ਕਿ ਪਤੀ ਨੂੰ ਖੁਸ਼ੀ ਨਾ ਮਿਲ ਸਕੇ।

ਅਸੀਂ ਨਾਲ ਹੋ ਕੇ ਵੀ ਦੁੱਖ ਦੇਣਾ ਚਾਹੁੰਦੇ ਹਾਂ, ਦੂਰ ਹੋ ਕੇ ਵੀ ਦੁੱਖ ਦੇਣਾ ਚਾਹੁੰਦੇ ਹਾਂ। ਜੁੜੇ ਹੋਈਏ ਤਾਂ ਵੀ ਦੁੱਖ ਦੇਣਾ ਚਾਹੁੰਦੇ ਹਾਂ, ਵੱਖਰੇ ਹੋ ਜਾਈਏ ਤਾਂ ਵੀ ਦੁੱਖ ਦੇਣਾ ਚਾਹੁੰਦੇ ਹਾਂ। ਪਰ ਧਿਆਨ ਰੱਖੋ, ਜਦ ਤੁਸੀਂ ਏਨਾ ਦੁੱਖ ਦੇਣਾ ਚਾਹੋਗੇ ਤਾਂ ਤੁਹਾਡੀ ਦੁੱਖ ਲਈ ਜਿਹੜੀ ਏਨੀ ਬੇਚੈਨੀ ਹੈ, ਤੁਹਾਡਾ ਦੁੱਖ ਉਤੇ ਜਿਹੜਾ ਏਨਾ ਧਿਆਨ ਹੈ, ਉਹ ਹੌਲੀ-ਹੌਲੀ ਤੁਸੀਂ ਪਾਓਗੇ ਕਿ ਤੁਹਾਡੇ ਅੰਦਰ ਦੁੱਖ ਦਾ ਜ਼ਖਮ ਇਸੇ ਧਿਆਨ ਨਾਲ ਨਿਰਮਿਤ ਹੁੰਦਾ ਜਾਏਗਾ।

ਇਸੇ ਨੂੰ ਤਾਂ ਅਸੀਂ ਕਰਮ ਦੀ ਜੀਵਨ-ਪੱਧਤੀ ਕਿਹਾ ਹੈ, ਜੀਵਨ ਦਾ ਨਿਯਮ ਕਿਹਾ ਹੈ। ਕਰਮ ਦਾ ਕੁੱਲ ਏਨਾ ਹੀ ਅਰਥ ਹੈ ਕਿ ਤੁਸੀਂ ਜੋ ਕਰਦੇ ਹੋ, ਆਖ਼ੀਰ ਤੁਹਾਨੂੰ ਹੀ ਮਿਲ ਜਾਂਦਾ ਹੈ। ਦੇਰ-ਸਵੇਰ ਹੋ ਸਕਦੀ ਹੈ। ਇਸ ਲਈ ਤੁਸੀਂ ਉਹ ਹੀ ਕਰਨਾ ਜੋ ਤੁਸੀਂ ਚਾਹੁੰਦੇ ਹੋ ਕਿ ਤੁਹਾਨੂੰ ਮਿਲੇ। ਤੁਸੀਂ ਜੇਕਰ ਏਨੇ ਨਰਕ ਵਿੱਚ ਖਲੋਤੇ ਹੋ ਤਾਂ ਕਿਸੇ ਹੋਰ ਦੇ ਕਾਰਣ ਨਹੀਂ। ਜਨਮਾਂ-ਜਨਮਾਂ ਵਿੱਚ ਜੋ ਤੁਸੀਂ ਕੀਤਾ ਹੈ, ਉਸ ਦਾ ਫ਼ਲ ਹੈ।

ਲੋਕ ਮੇਰੇ ਕੋਲ ਆਉਂਦੇ ਹਨ, ਉਹ ਕਹਿੰਦੇ ਹਨ, ਆਸ਼ੀਰਵਾਦ ਦੇ ਦਿਓ ਕਿ ਜੀਵਨ 'ਚ ਸੁੱਖ ਹੋ ਜਾਏ। ਜੇਕਰ ਆਸ਼ੀਰਵਾਦ ਨਾਲ ਸੁੱਖ ਹੁੰਦਾ, ਤਾਂ ਇੱਕ ਆਦਮੀ ਸਾਰਿਆਂ ਨੂੰ ਸੁਖੀ ਕਰ ਦਿੰਦਾ। ਕਿਉਂਕਿ ਆਸ਼ੀਰਵਾਦ ਦੇਣ ਵਿੱਚ ਕਾਹਦੀ ਕੰਜੂਸੀ?

ਏਨਾ ਸੌਖਾ ਨਹੀਂ ਹੈ। ਤੁਸੀਂ ਦੁੱਖ ਬੀਜਿਆ ਹੈ, ਮੇਰੇ ਆਸ਼ੀਰਵਾਦ ਨਾਲ ਕਿਵੇਂ ਕੱਟੇਗਾ? ਤੁਸੀਂ ਮੇਰੇ ਕੋਲੋਂ ਸਮਝ ਲਵੋ। ਆਸ਼ੀਰਵਾਦ ਨਾ ਮੰਗੋ। ਕਿਉਂਕਿ ਆਸ਼ੀਰਵਾਦ ਤਾਂ ਬੇਈਮਾਨੀ ਦਾ ਢੰਗ ਹੈ, ਦੁੱਖ ਤੁਸੀਂ ਕੋਈ ਪਤਾ ਨਹੀਂ ਕਿੰਨਿਆਂ ਲੋਕਾਂ ਨੂੰ ਦਿੱਤਾ ਹੈ। ਤੁਸੀਂ ਸਾਰੇ ਪਾਸੇ ਦੁੱਖ ਬੀਜਿਆ ਹੈ, ਹੁਣ ਤੁਸੀਂ ਉਸ ਦੀ ਫ਼ਸਲ ਕੱਟਣ ਵੇਲੇ ਆਸ਼ੀਰਵਾਦ ਮੰਗਣ ਆ ਗਏ ਅਤੇ ਤੁਹਾਡੇ ਢੰਗ ਤੋਂ ਅਜਿਹਾ ਲੱਗਦਾ ਹੈ ਜਿਵੇਂ ਕਿ ਜੇਕਰ ਤੁਹਾਨੂੰ ਦੁੱਖ ਮਿਲ ਰਿਹਾ ਹੈ ਤਾਂ ਮੈਂ ਆਸ਼ੀਰਵਾਦ ਨਹੀਂ ਦੇ ਰਿਹਾ ਹਾਂ, ਇਸ

ਲਈ ਦੁੱਖ ਮਿਲ ਰਿਹਾ ਹੈ। ਕਿਸੇ ਦੇ ਆਸ਼ੀਰਵਾਦ ਨਾਲ ਤੁਹਾਡਾ ਦੁੱਖ ਨਹੀਂ ਕਟੇਗਾ। ਕਿਸੇ ਦੇ ਆਸ਼ੀਰਵਾਦ ਨਾਲ ਤੁਹਾਡੀ ਸਮਝ ਵੱਧ ਜਾਏ ਤਾਂ ਕਾਫ਼ੀ। ਕਿਸੇ ਦੇ ਆਸ਼ੀਰਵਾਦ ਨਾਲ ਤੁਹਾਡੇ ਅੰਦਰ ਪ੍ਰੇਮ ਦੇ ਬੀਜ ਆ ਜਾਣ ਤਾਂ ਕਾਫ਼ੀ। ਪਾਪ ਤਾਂ ਪ੍ਰੇਮ ਨਾਲ ਕਟੇਗਾ ਅਤੇ ਦੁੱਖ ਤਾਂ, ਤੁਸੀਂ ਜਦ ਦੂਜਿਆਂ ਦੇ ਲਈ ਸੁੱਖ ਬੀਜੋਗੇ ਤਦ ਕੱਟੇਗਾ।

ਨਾਨਕ ਕਹਿੰਦੇ ਹਨ, ਬੁੱਧੀ ਪਾਪਾਂ ਨਾਲ ਭਰੀ ਹੋਵੇ ਤਾਂ ਨਾਮ ਦੇ ਪ੍ਰੇਮ ਨਾਲ ਹੀ ਸ਼ੁੱਧ ਕੀਤੀ ਜਾ ਸਕਦੀ ਹੈ ਅਤੇ ਜਦੋਂ ਇੱਕ ਆਦਮੀ ਨਾਲ ਤੁਸੀਂ ਪ੍ਰੇਮ ਕਰਦੇ ਹੋ ਤਾਂ ਉਸ ਨੂੰ ਦੁੱਖ ਦੇਣਾ ਮੁਸ਼ਕਿਲ ਹੋ ਜਾਂਦਾ ਹੈ, ਕਿਉਂਕਿ ਉਸ ਦਾ ਸੁੱਖ ਤੁਹਾਡਾ ਸੁੱਖ, ਉਸ ਦਾ ਦੁੱਖ ਤੁਹਾਡਾ ਦੁੱਖ। ਉਸ ਦੇ ਜੀਵਨ ਅਤੇ ਤੁਹਾਡੇ ਵਿਚਕਾਰ ਦੀ ਹੱਦ ਟੁੱਟ ਗਈ। ਤੁਸੀਂ ਇੱਕ ਦੂਜੇ ਵਿੱਚ ਵਗਦੇ ਹੋ।

ਜਦ ਇਹੋ ਜਿਹੀ ਘਟਨਾ ਕਿਸੇ ਮਨੁੱਖ ਅਤੇ ਪਰਮਾਤਮਾ ਦੇ ਵਿਚਕਾਰ ਘਟਦੀ ਹੈ, ਉਸ ਦਾ ਨਾਮ ਪ੍ਰਾਰਥਨਾ, ਅਰਾਧਨਾ, ਪੂਜਾ, ਭਗਤੀ। ਉਹ ਪ੍ਰੇਮ ਦਾ ਅੰਤਿਮ ਸਰੂਪ ਹੈ।

ਅਤੇ ਤੁਸੀਂ ਜਦ ਇੱਕ ਆਦਮੀ ਨੂੰ ਸੁੱਖ ਦੇ ਕੇ ਏਨੇ ਸੁਖੀ ਹੋ ਜਾਂਦੇ ਹੋ ਅਤੇ ਜਦ ਤੁਸੀਂ ਇੱਕ ਆਦਮੀ ਨੂੰ ਦੁੱਖ ਦੇ ਕੇ ਏਨੇ ਦੁਖੀ ਹੋ ਜਾਂਦੇ ਹੋ ਤਾਂ ਪਰਮਾਤਮਾ ਨਾਲ ਵੀ ਤੁਹਾਡੇ ਦੋ ਸੰਬੰਧ ਹੋ ਸਕਦੇ ਹਨ। ਇੱਕ ਤਾਂ ਪ੍ਰੇਮ ਦਾ, ਤਦ ਤੁਸੀਂ ਸਵਰਗ 'ਚ ਹੋ ਜਾਓਗੇ ਅਤੇ ਇੱਕ ਅਪ੍ਰੇਮ ਦਾ; ਤਦ ਤੁਸੀਂ ਨਰਕ ਵਿੱਚ ਡਿੱਗ ਪਵੋਗੇ।

ਪਰਮਾਤਮਾ ਦਾ ਅਰਥ ਹੈ ਸਮਸਤ, ਪੂਰਣਤਾ। ਇਹ ਜਿਹੜਾ ਸਾਰਾ ਫੈਲਾਓ ਹੈ, ਇਸ ਸਾਰੇ ਫੈਲਾਓ ਦੇ ਨਾਲ ਇਸ ਤਰ੍ਹਾਂ ਪ੍ਰੇਮ, ਜਿਵੇਂ ਉਹ ਇੱਕ ਆਦਮੀ ਹੋਵੇ ਅਤੇ ਇਸ ਪਿਆਰ ਵਿੱਚ ਤਾਂ ਤੁਹਾਡੇ ਸਾਰੇ ਪਾਪ ਰੁੜ੍ਹ ਜਾਣਗੇ। ਕਿਉਂਕਿ ਇਹ ਪਿਆਰ ਤਾਂ ਤੁਹਾਨੂੰ ਸਾਰਿਆਂ ਦੇ ਪਿਆਰ ਵਿੱਚ ਪਾ ਦੇਵੇਗਾ। ਤੁਸੀ ਕਿਸ ਨੂੰ ਧੋਖਾ ਦਿਓਗੇ? ਤੁਸੀਂ ਜਿੱਥੇ ਵੀ ਧੋਖਾ ਦੇਣ ਜਾਓਗੇ, ਉਸੇ ਨੂੰ ਝਾਕਦਾ ਹੋਇਆ ਪਾਓਗੇ। ਤੁਸੀਂ ਜਿਹੜੀ ਅੱਖ 'ਚ ਝਾਕੋਗੇ, ਉਥੇ ਹੀ ਪਰਮਾਤਮਾ ਨੂੰ ਬੈਠਿਆ ਹੋਇਆ ਪਾਓਗੇ।

ਭਗਤੀ ਬਹੁਤ ਕ੍ਰਾਂਤੀਕਾਰੀ ਪ੍ਰਕ੍ਰਿਆ ਹੈ। ਭਗਤੀ ਦਾ ਅਰਥ ਹੈ ਹੁਣ ਉਸ ਦੇ ਸਿਵਾਏ ਕੋਈ ਵੀ ਨਹੀਂ ਅਤੇ ਤਦ ਤੁਹਾਡਾ ਜੀਵਨ ਅਚਾਨਕ ਸਰਲ ਹੋ ਜਾਏਗਾ। ਕਿਉਂਕਿ ਹੁਣ ਪਾਪ ਕਰਨ ਨੂੰ ਨਾ ਬਚਿਆ। ਮਿਟਾਉਣਾ ਕਿਸ ਨੂੰ ਹੈ? ਧੋਖਾ ਕਿਸ ਨੂੰ ਦੇਣਾ ਹੈ? ਖੋਹਣਾ ਕਿਸ ਦੇ ਕੋਲੋਂ?

ਸੋ ਭਗਤੀ ਤੋਂ ਤੁਸੀਂ ਇਹ ਅਰਥ ਨਾ ਸਮਝਣਾ ਕਿ ਮੰਦਰ 'ਚ ਤੁਸੀਂ ਪੂਜਾ ਕਰ

ਆਉਂਦੇ ਹੋ: ਕਿ ਗੁਰਦੁਆਰੇ 'ਚ ਜਾ ਕੇ ਪਾਠ ਕਰ ਲੈਂਦੇ ਹੋ: ਕਿ ਤੁਸੀਂ ਇਹ ਨਾ ਸਮਝਣਾ ਕਿ ਰੋਜ਼ ਉੱਠ ਕੇ ਤੁਸੀਂ ਜ਼ੋਰ ਨਾਲ 'ਜਪੁਜੀ' ਯਾਂਤ੍ਰਿਕ ਰੂਪ ਨਾਲ ਦੁਹਰਾ ਲੈਂਦੇ ਹੋ, ਕਿ ਨਮਾਜ਼ ਪੜ੍ਹ ਲੈਂਦੇ ਹੋ: ਇਨ੍ਹਾਂ ਸਾਰਿਆਂ ਨਾਲ ਕੁਝ ਵੀ ਨਹੀਂ ਹੋਏਗਾ।

ਕਿਉਂਕਿ ਫ਼ਿਰ ਤੁਸੀਂ ਝੂਠੀ ਚਾਬੀ ਬਣਾ ਲਈ। ਅਸਲੀ ਚਾਬੀ ਦਾ ਤਾਂ ਅਰਥ ਹੀ ਇਹ ਹੈ ਕਿ ਹੁਣ ਮੈਂ ਅਨੰਤ ਦੇ ਪਿਆਰ ਵਿੱਚ ਡਿੱਗ ਪਿਆ ਜਾਂ ਪੈ ਗਿਆ। ਹੁਣ ਇਸ ਜਗਤ ਦੀ ਰੱਤੀ-ਰੱਤੀ ਮੇਰਾ ਪ੍ਰੇਮ ਪਾਤਰ ਹੈ। ਇੰਚ-ਇੰਚ ਮੇਰੀ ਪਿਆਰੀ ਹੈ ਜਾਂ ਮੇਰਾ ਪ੍ਰੇਮੀ ਹੈ। ਪੱਤੇ-ਪੱਤੇ ਉਤੇ ਉਸ ਦਾ ਨਾਉਂ ਹੈ ਅਤੇ ਅੱਖ-ਅੱਖ ਵਿੱਚ ਉਸ ਦੀ ਝਲਕ ਹੈ। ਸਾਰਾ ਕੁਝ ਉਸੇ ਦਾ ਹੈ। ਸਾਰੇ ਪਾਸੇ ਮੈਂ ਉਸੇ ਨੂੰ ਪਾਉਂਦਾ ਹਾਂ।

ਹੁਣ ਤੁਸੀਂ ਜਿਹੜੇ ਢੰਗ ਨਾਲ ਜੀਓਗੇ—ਜੇਕਰ ਪਰਮਾਤਮਾ ਤੁਸੀਂ ਸਭ ਪਾਸੇ ਪਾਉਂਦੇ ਹੋ—ਉਸ ਢੰਗ ਦਾ ਨਾਮ ਭਗਤੀ ਹੈ। ਉਹ ਤੁਹਾਡੇ ਜੀਵਨ ਦੀ ਪੂਰੀ ਸ਼ੈਲੀ ਬਦਲ ਦੇਵੇਗੀ। ਤੁਸੀਂ ਉਠੋਗੇ ਹੋਰ ਢੰਗ ਨਾਲ। ਬੈਠੋਗੇ ਹੋਰ ਢੰਗ ਨਾਲ। ਕਿਉਂਕਿ ਉਹ ਸਾਰੀਆਂ ਥਾਵਾਂ 'ਤੇ ਮੌਜੂਦ ਹੈ। ਤੁਸੀਂ ਬੋਲੋਗੇ ਹੋਰ ਢੰਗ ਨਾਲ। ਕਿਉਂਕਿ ਤੁਸੀਂ ਜਿਸ ਨਾਲ ਵੀ ਬੋਲੋਗੇ ਉਹ ਹੀ ਉਹ ਹੈ। ਤੁਸੀਂ ਕਿਵੇਂ ਗਾਲ੍ਹ ਕੱਢ ਸਕੋਗੇ? ਤੁਸੀਂ ਕਿਵੇਂ ਨਿੰਦਾ ਕਰ ਸਕੋਗੇ? ਤੁਸੀਂ ਕਿਵੇਂ ਕਿਸੇ ਦੀ ਬੇਇਜ਼ਤੀ ਕਰ ਸਕੋਗੇ? ਤੁਸੀਂ ਕਿਵੇਂ ਆਪਣੇ ਆਪ ਨੂੰ ਦੂਜੇ ਦੀ ਸੇਵਾ ਤੋਂ ਬਚਾ ਸਕੋਗੇ? ਕਿਉਂਕਿ ਸਾਰਿਆਂ ਚਰਨਾਂ 'ਚ ਉਹ ਹੀ ਲੁਕਿਆ ਹੈ।

ਅਤੇ ਜੇਕਰ ਇਹ ਬੋਧ ਤੁਹਾਡੇ ਅੰਦਰ ਡੂੰਘਾ ਹੋ ਜਾਏ, ਇਸ ਨੂੰ ਨਾਨਕ ਕਹਿੰਦੇ ਹਨ ਨਾਮ ਦਾ ਰੰਗ ਚੜ੍ਹ ਜਾਣਾ, ਤੁਹਾਡੇ ਉਤੇ ਇੱਕ ਮਸਤੀ ਛਾ ਜਾਏਗੀ। ਤੁਹਾਡੇ ਕੋਲ ਕੁਝ ਵੀ ਨਹੀਂ ਹੋਏਗਾ ਅਤੇ ਸਭ ਕੁਝ ਮਾਲੂਮ ਹੋਏਗਾ। ਤੁਸੀਂ ਬਿਲਕੁਲ ਇਕੱਲੇ ਹੋਵੋਗੇ ਅਤੇ ਸਾਰਾ ਜਗਤ ਤੁਹਾਡੇ ਨਾਲ ਹੋਏਗਾ। ਅਸਤਿਤਵ ਅਤੇ ਤੁਹਾਡੇ ਵਿਚਕਾਰ ਤਾੜੀ ਲੱਗ ਗਈ, ਅਸਤਿਤਵ ਅਤੇ ਤੁਹਾਡੇ ਵਿਚਕਾਰ ਸੰਬੰਧ ਜੁੜ ਗਿਆ।

ਨਾਨਕ ਕਹਿੰਦੇ ਹਨ ਅਜਿਹਾ ਪਿਆਰ ਹੀ ਪਾਪਾਂ ਨੂੰ ਕੱਟ ਸਕਦਾ ਹੈ। ਨਹੀਂ ਤਾਂ ਤੁਸੀਂ ਕੁਝ ਵੀ ਕਰੋ—ਪੂਜਾ ਕਰੋ, ਪਾਠ ਕਰੋ, ਯੱਗ ਕਰੋ, ਮੰਦਰ ਬਣਾਓ, ਮਸਜਿਦ ਬਣਾਓ—ਤੁਸੀਂ ਕੁਝ ਵੀ ਕਰੋ, ਤੁਹਾਡੇ ਅੰਦਰ ਬੁਨਿਆਦੀ ਸੂਤਰ ਨਹੀਂ ਹੈ।

ਇੱਕ ਟ੍ਰੇਨ ਵਿੱਚ ਮੈਂ ਸਫ਼ਰ ਕਰ ਰਿਹਾ ਸੀ ਅਤੇ ਇੱਕ ਇਸਤ੍ਰੀ ਕੋਈ ਨੌਂ-ਦਸ ਬੱਚਿਆਂ ਨੂੰ ਲੈ ਕੇ ਸਫ਼ਰ ਕਰ ਰਹੀ ਸੀ। ਉਹ ਬੱਚੇ ਬਹੁਤ ਸ਼ੈਤਾਨੀ ਕਰ ਰਹੇ ਸਨ। ਏਧਰ ਤੋਂ ਉਧਰ ਨੱਠਦੇ ਸੀ ਅਤੇ ਲੋਕਾਂ ਦਾ ਸਮਾਨ ਸੁੱਟ ਰਹੇ ਸੀ। ਪੂਰੇ ਡੱਬੇ ਨੂੰ ਉਨ੍ਹਾਂ ਨੇ ਅਸ਼ਾਂਤ ਕਰ ਰੱਖਿਆ ਸੀ। ਆਖ਼ਰ ਇੱਕ ਆਦਮੀ ਕੋਲੋਂ ਨਹੀਂ ਰਿਹਾ ਗਿਆ। ਕਿਉਂਕਿ ਪਹਿਲਾਂ ਉਨ੍ਹਾਂ ਬੱਚਿਆਂ ਨੇ ਉਸ ਦੀ ਪੇਟੀ ਸੁੱਟ ਦਿੱਤੀ, ਫ਼ਿਰ ਅਖ਼ਬਾਰ ਫਾੜ ਸੁੱਟਿਆ,

ਤਾਂ ਉਸ ਨੇ ਉਸਨੂੰ ਕਿਹਾ ਕਿ ਭੈਣ ਜੀ, ਏਨੇ ਬੱਚਿਆਂ ਨੂੰ ਨਾਲ ਲੈ ਕੇ ਸਫ਼ਰ ਨਾ ਕਰਿਆ ਕਰੋ ਤਾਂ ਹੀ ਠੀਕ ਹੈ। ਔਧਿਆਂ ਨੂੰ ਘਰ ਛੱਡ ਆਇਆ ਕਰੋ। ਉਸ ਇਸਤ੍ਰੀ ਨੇ ਬਹੁਤ ਗੁੱਸੇ ਨਾਲ ਉਸ ਆਦਮੀ ਦੇ ਵੱਲ ਵੇਖਿਆ ਤੇ ਕਿਹਾ, "ਕੀ ਸਮਝਿਆ ਹੈ? ਕੀ ਤੁਸੀਂ ਮੈਨੂੰ ਬੇਵਕੂਫ ਸਮਝਦੇ ਹੋ? ਔਧਿਆਂ ਨੂੰ ਮੈਂ ਘਰ ਹੀ ਛੱਡ ਆਈ ਹਾਂ।"

ਸਮਝ ਦਾ ਸੂਤਰ ਨਾ ਹੋਵੇ, ਤਾਂ ਤੁਸੀਂ ਕਿੰਨੇ ਹੀ ਘਰ ਛੱਡ ਦਿਓ, ਕੀ ਫ਼ਰਕ ਪੈਣ ਵਾਲਾ ਹੈ? ਅਤੇ ਜਦ ਵੀਹ ਬੱਚਿਆਂ ਨੂੰ ਪੈਦਾ ਕਰਨ ਵੇਲੇ ਸਮਝ ਕੰਮ ਨਾ ਆਈ, ਤਦ ਛੱਡਣ ਵੇਲੇ ਕਿਥੋਂ ਆ ਜਾਏਗੀ?

ਹਜ਼ਾਰ ਪਾਪ ਹਨ। ਪੁੰਨ ਤਾਂ ਇਕੋ ਹੀ ਹੈ। ਹਜ਼ਾਰ ਪੁੰਨ ਨਹੀਂ ਹਨ, ਪੁੰਨ ਤਾਂ ਇਕੋ ਹੈ। ਹਜ਼ਾਰ ਤਰ੍ਹਾਂ ਦੀਆਂ ਬੀਮਾਰੀਆਂ ਹਨ, ਤੰਦਰੁਸਤੀ ਤਾਂ ਇੱਕ ਹੀ ਹੈ। ਤੰਦਰੁਸਤੀ ਕੋਈ ਹਜ਼ਾਰ ਤਰ੍ਹਾਂ ਦੀ ਥੋੜ੍ਹੀ ਹੁੰਦੀ ਹੈ ਕਿ ਤੁਸੀਂ ਆਪਣੇ ਢੰਗ ਨਾਲ ਤੰਦਰੁਸਤ, ਮੈਂ ਆਪਣੇ ਢੰਗ ਨਾਲ ਤੰਦਰੁਸਤ। ਬੀਮਾਰ ਅਸੀਂ ਵੱਖਰੇ-ਵੱਖਰੇ ਹੋ ਸਕਦੇ ਹਾਂ ਕਿ ਤੁਸੀਂ ਟੀ.ਬੀ. ਦੇ ਬੀਮਾਰ ਤੇ ਕੋਈ ਕੈਂਸਰ ਦਾ ਬੀਮਾਰ ਕਿ ਕੋਈ ਕੁਝ ਹੋਰ ਬੀਮਾਰੀ ਨਾਲ ਬੀਮਾਰ। ਬੀਮਾਰੀਆਂ ਵਿੱਚ ਭੇਦ ਹੋ ਸਕਦਾ ਹੈ। ਬੀਮਾਰੀਆਂ ਵਿੱਚ ਮੌਲਿਕਤਾ ਹੋ ਸਕਦੀ ਹੈ, ਨਿਜੀਪਨ ਹੋ ਸਕਦਾ ਹੈ। ਬੀਮਾਰੀਆਂ ਉਤੇ ਤੁਹਾਡੇ ਦਸਤਖ਼ਤ ਹੋ ਸਕਦੇ ਹਨ। ਕਿਉਂਕਿ ਬੀਮਾਰੀਆਂ ਹੰਕਾਰਾਂ ਦਾ ਹਿੱਸਾ ਹਨ। ਹੰਕਾਰ ਵੱਖਰੇ-ਵੱਖਰੇ। ਉਨ੍ਹਾਂ ਦੀਆਂ ਬੀਮਾਰੀਆਂ ਵੱਖਰੀਆਂ-ਵੱਖਰੀਆਂ, ਪਰ ਪੁੰਨ ਤਾਂ ਇੱਕ ਹੈ। ਤੰਦਰੁਸਤੀ ਤਾਂ ਇੱਕ ਹੈ। ਕਿਉਂਕਿ ਪਰਮਾਤਮਾ ਇੱਕ ਹੈ। ਉਸ ਸੰਬੰਧ ਵਿੱਚ ਤੁਸੀਂ ਵੱਖਰੇ-ਵੱਖਰੇ ਨਹੀਂ ਹੋ ਸਕਦੇ।

ਉਹ ਤੰਦਰੁਸਤੀ ਕੀ ਹੈ, ਜਿਹੜੀ ਇੱਕ ਹੈ? ਉਹ ਹੈ ਪ੍ਰੇਮ ਦਾ ਭਾਵ ਅਤੇ ਹੋਲੀ-ਹੋਲੀ ਉਸ ਦੇ ਵਿੱਚ ਗਮਦੇ ਜਾਣਾ ਹੈ। ਉੱਠੋ ਇਸ ਤਰ੍ਹਾਂ ਜਿਵੇਂ ਪ੍ਰੇਮੀ ਮੌਜੂਦ ਹੈ। ਇਕੱਲੇ ਕਮਰੇ 'ਚ ਵੀ ਤੁਸੀਂ ਇੰਜ ਹੀ ਪ੍ਰਵੇਸ਼ ਕਰੋ ਕਿ ਜਿਵੇਂ ਪਰਮਾਤਮਾ ਮੌਜੂਦ ਹੈ।

ਇੱਕ ਸੂਫ਼ੀ ਫ਼ਕੀਰ ਹੋਇਆ ਜੁੰਨੈਦ। ਉਹ ਆਪਣੇ ਚੇਲਿਆਂ ਨੂੰ ਕਹਿੰਦਾ ਸੀ, ਭੀੜ 'ਚ ਜਾਓ ਤਾਂ ਇੰਜ ਜਾਣਾ ਜਿਵੇਂ ਤੁਸੀਂ ਇਕੱਲੇ ਹੋ ਅਤੇ ਜਦ ਇਕੱਲੇਪਨ ਵਿੱਚ ਜਾਓ ਤਾਂ ਇੰਜ ਜਾਣਾ ਜਿਵੇਂ ਪਰਮਾਤਮਾ ਚਾਰੇ ਪਾਸੇ ਮੌਜੂਦ ਹੈ।

ਠੀਕ ਕਹਿੰਦਾ ਹੈ। ਕਿਉਂਕਿ ਭੀੜ 'ਚ ਜੇਕਰ ਤੁਸੀਂ ਆਪਣਾ ਇਕੱਲਾਪਨ ਯਾਦ ਰੱਖ ਸਕੋ ਤਾਂ ਪਰਮਾਤਮਾ ਦੀ ਯਾਦ ਰਹੇਗੀ। ਨਹੀਂ ਤਾਂ ਭੀੜ ਛਾ ਜਾਏਗੀ। ਤੁਸੀਂ ਭੀੜ 'ਚ ਭਟਕ ਜਾਓਗੇ। ਅਤੇ ਇਕਾਂਤ 'ਚ ਜੇਕਰ ਤੁਸੀਂ ਪਰਮਾਤਮਾ ਦੀ ਯਾਦ ਨਾ ਰੱਖ ਸਕੇ, ਤਾਂ ਆਪਣੇ ਆਪ 'ਚ ਭਟਕ ਜਾਓਗੇ।

ਦੋ ਖ਼ਤਰੇ ਹਨ। ਜਾਂ ਤਾਂ ਦੂਜੇ 'ਚ ਭਟਕ ਜਾਓ ਜਾਂ ਫ਼ਿਰ ਆਪਣੇ ਆਪ 'ਚ ਭਟਕ ਜਾਓ। ਜਾਂ ਤਾਂ ਭੀੜ 'ਚ ਜਾਂ ਫ਼ਿਰ ਆਪਣੇ 'ਚ ਅਤੇ ਪਰਮਾਤਮਾ ਦੋਹਾਂ ਤੋਂ ਪਾਰ ਹੈ। ਅਤੇ ਜੇਕਰ ਤੁਸੀਂ ਇਹ ਯਾਦ ਰੱਖ ਸਕੋ ਕਿ ਭੀੜ ਵਿੱਚ ਮੈਂ ਇਕੱਲਾ ਹਾਂ ਅਤੇ ਇਕੱਲੇ ਪਨ 'ਚ ਉਹ ਮੌਜੂਦ ਹੈ, ਤਾਂ ਤੁਸੀਂ ਕਦੇ ਵੀ ਨਾ ਗੁਆਚੋਗੇ।

ਨਾਨਕ ਕਹਿੰਦੇ ਹਨ ਕਿ ਨਾਮ ਦੇ ਪ੍ਰੇਮ 'ਚ ਜਿਹੜਾ ਰੰਗ ਗਿਆ, ਉਹ ਅੰਦਰੋਂ ਵੀ ਸ਼ੁੱਧ ਹੋ ਗਿਆ। ਉਸ ਨੇ ਅੰਦਰੂਨੀ ਇਸ਼ਨਾਨ ਕਰ ਲਿਆ।

'ਕਹਿਣ ਨਾਲ ਨਾ ਤਾਂ ਕੋਈ ਪੁੰਨ ਆਤਮਾ ਹੁੰਦਾ ਹੈ ਨਾ ਪਾਪੀ।'

ਤੁਸੀਂ ਕਿੰਨਾਂ ਹੀ ਸੋਚਦੇ ਰਹੋ, ਕਿੰਨਾਂ ਹੀ ਵਿਚਾਰ ਕਰਦੇ ਰਹੋ ਅਤੇ ਕਿੰਨਾਂ ਹੀ ਕਹਿੰਦੇ ਰਹੋ ਕਿ ਮੈਂ ਕੋਸ਼ਿਸ਼ ਕਰ ਰਿਹਾ ਹਾਂ ਪੁੰਨਆਤਮਾ ਹੋਣ ਦੀ। ਕਹਿਣ ਨਾਲ ਕੁਝ ਵੀ ਨਹੀਂ ਹੁੰਦਾ।

''ਜੋ-ਜੋ ਕਰਮ ਅਸੀਂ ਕਰਦੇ ਹਾਂ ਉਹ ਲਿਖ ਲਏ ਜਾਂਦੇ ਹਨ। ਮਨੁੱਖ ਆਪ ਹੀ ਬੀਜਦਾ ਹੈ ਅਤੇ ਆਪ ਹੀ ਖਾਂਦਾ ਹੈ।''

ਸਿਰਫ਼ ਕਹਿਣ ਨਾਲ ਕੁਝ ਨਹੀਂ ਹੋਏਗਾ, ਸੋਚਣ ਨਾਲ ਕੁਝ ਨਹੀਂ ਹੋਏਗਾ ਕਿਉਂਕਿ ਬਹੁਤ ਮਜ਼ੇ ਦੀ ਗੱਲ ਹੈ ਕਿ ਪੁੰਨ ਦੇ ਬਾਬਤ ਤੁਸੀਂ ਸਦਾ ਸੋਚਦੇ ਹੋ ਅਤੇ ਪਾਪ ਦੇ ਸੰਬੰਧ ਵਿੱਚ ਤੁਸੀਂ ਘੜੀ ਭਰ ਵੀ ਨਹੀਂ ਸੋਚਦੇ ਕਰਦੇ ਹੋ। ਜੇਕਰ ਤੁਹਾਨੂੰ ਕੋਈ ਕਹੇ, ਕਿ ਜਦ ਕ੍ਰੋਧ ਆਏ ਤਾਂ ਅੱਧੀ ਘੜੀ ਰੁੱਕ ਜਾਣਾ, ਫ਼ਿਰ ਕਰਨਾ। ਤਾਂ ਤੁਸੀਂ ਕਹੋਗੇ ਇਹ ਕਿਵੇਂ ਹੋ ਸਕਦਾ ਹੈ? ਜਦ ਕ੍ਰੋਧ ਆਉਂਦਾ ਹੈ ਤਾਂ ਰੁਕਣ ਦਾ ਸਵਾਲ ਹੀ ਨਹੀਂ ਰਹਿ ਜਾਂਦਾ। ਰੁਕਣ ਵਾਲੇ ਦਾ ਪਤਾ ਹੀ ਨਹੀਂ ਰਹਿ ਜਾਂਦਾ, ਰੋਕਣ ਦੀ ਬੁੱਧੀ ਗੁਆਚ ਜਾਂਦੀ ਹੈ। ਜਦ ਗੁੱਸਾ ਹੁੰਦਾ ਹੈ ਤਦ ਅਸੀਂ ਹੁੰਦੇ ਹੀ ਕਿੱਥੇ ਹਾਂ? ਗੁੱਸਾ ਤਾਂ ਅਸੀਂ ਉਸੇ ਵੇਲੇ ਕਰਦੇ ਹਾਂ, ਕਦੇ ਟਾਲਦੇ ਨਹੀਂ।

ਪਰ ਜੇਕਰ ਕੋਈ ਕਹੇ ਧਿਆਨ, ਤਾਂ ਤੁਸੀਂ ਕਹਿੰਦੇ ਹੋ ਅੱਜ ਵਕਤ ਨਹੀਂ, ਕੱਲ੍ਹ। ਫ਼ਿਰ ਅਜੇ ਛੇਤੀ ਵੀ ਕੀ ਹੈ? ਜ਼ਿੰਦਗੀ ਏਨੀ ਪਈ ਹੈ ਅਤੇ ਧਿਆਨ ਵਗੈਰਾ ਤਾਂ ਜੀਵਨ ਦੇ ਅਖੀਰ ਵਿੱਚ ਕਰਨ ਦੀਆਂ ਗੱਲਾਂ ਹਨ, ਜਦ ਮੌਤ ਨੇੜੇ ਆਉਣ ਲੱਗਦੀ ਹੈ ਅਤੇ ਮੌਤ ਤੁਹਾਨੂੰ ਕਦੇ ਵੀ ਨਹੀਂ ਲੱਗਦੀ ਕਿ ਆਵੇਗੀ, ਮਰਦੇ ਹੋਏ ਆਦਮੀ ਨੂੰ ਵੀ ਨਹੀਂ ਲੱਗਦੀ।

ਇੱਕ ਨੇਤਾ ਮਰ ਗਿਆ, ਤਾਂ ਮੁੱਲਾ ਨਸਰੁਦੀਨ ਵਖਿਆਨ ਕਰਨ ਗਿਆ। ਉਸ ਦੀ ਮੌਤ ਉਤੇ, ਸੋਗ-ਸਮਾਗਮ ਵਿੱਚ, ਉਸ ਨੇ ਬਹੁਤ ਕੰਮ ਦੀ ਗੱਲ ਕਹੀ। ਉਸ ਨੇ ਕਿਹਾ ਕਿ ਦੇਖੋ, ਭਗਵਾਨ ਦੀ ਕਿਹੋ-ਜਿਹੀ ਕਿਰਪਾ ਹੈ! ਕਿ ਅਸੀਂ ਜਦ ਵੀ ਮਰਦੇ

ਹਾਂ, ਜੀਵਨ ਦੇ ਅੰਤ ਵਿੱਚ ਮਰਦੇ ਹਾਂ। ਸੋਚੋ, ਜੇਕਰ ਮੌਤ ਜੀਵਨ ਦੇ ਆਰੰਭ ਵਿੱਚ ਜਾਂ ਮੱਧ ਵਿੱਚ ਆ ਜਾਂਦੀ, ਤਾਂ ਕਿਹੋ ਜਿਹੀ ਮੁਸੀਬਤ ਹੁੰਦੀ! ਸੋਚੋ, ਕਿ ਮੌਤ ਜੇਕਰ ਜੀਵਨ ਦੇ ਆਰੰਭ ਵਿੱਚ ਜਾਂ ਮੱਧ ਵਿੱਚ ਆ ਜਾਂਦੀ ਤਾਂ ਕਿਹੋ ਜਿਹਾ ਦੁੱਖ ਆਉਂਦਾ! ਅੰਤ ਵਿੱਚ ਆਉਂਦੀ ਹੈ ਉਸਦੀ ਬਹੁਤ ਕਿਰਪਾ ਹੈ।

ਅਤੇ ਅੰਤ ਨੂੰ ਅਸੀਂ ਦੂਰ ਟਾਲਦੇ ਰਹਿੰਦੇ ਹਾਂ ਅਤੇ ਅੰਤ ਕਦੇ ਆਉਂਦਾ ਮਾਲੂਮ ਨਹੀਂ ਹੁੰਦਾ। ਜਦ ਤੱਕ ਆ ਹੀ ਨਾ ਜਾਏ। ਅਖੀਰ ਆ ਜਾਂਦਾ ਹੈ ਤਦ ਦੂਜਿਆਂ ਨੂੰ ਪਤਾ ਲੱਗਦਾ ਹੈ, ਤੁਹਾਨੂੰ ਪਤਾ ਨਹੀਂ ਲੱਗਦਾ। ਤੁਸੀਂ ਤਾਂ ਗਏ!

ਸੋ, ਠੀਕ ਤਰ੍ਹਾਂ ਸਮਝੋ ਤਾਂ ਤੁਸੀਂ ਕਦੇ ਮਰਦੇ ਹੀ ਨਹੀਂ। ਤੁਸੀਂ ਆਪਣੀ ਧਾਰਣਾ ਵਿੱਚ ਤਾਂ ਜੀਉਂਦੇ ਹੀ ਰਹਿੰਦੇ ਹੋ। ਮਰਨ ਦੀ ਘਟਨਾ ਵੀ ਦੂਜਿਆਂ ਨੂੰ ਹੀ ਪਤਾ ਲੱਗਦੀ ਹੈ। ਤੁਸੀਂ ਤਾਂ ਮਰਦੇ ਹੋਏ ਪਲ ਵਿੱਚ ਵੀ ਜੀਵਨ ਦੀ ਯੋਜਨਾ ਬਣਾਉਂਦੇ ਰਹਿੰਦੇ ਹੋ ਅਤੇ ਕੱਲ੍ਹ ਉਤੇ ਟਾਲਦੇ ਰਹਿੰਦੇ ਹੋ। ਸ਼ੁਭ ਨੂੰ ਅਸੀਂ ਟਾਲਦੇ ਹਾਂ। ਅਸ਼ੁਭ ਨੂੰ ਅਸੀਂ ਉਸੇ ਘੜੀ ਕਰਦੇ ਹਾਂ।

ਜਿਸ ਦਿਨ ਤੁਸੀਂ ਇਸ ਤੋਂ ਉਲਟ ਹੋ ਜਾਓਗੇ। ਉਸੇ ਦਿਨ ਨਾਮ ਦਾ ਰੰਗ ਲੱਗ ਜਾਏਗਾ। ਜਿਸ ਦਿਨ ਤੁਸੀਂ ਅਸ਼ੁੱਭ ਨੂੰ ਟਾਲੋਗੇ ਅਤੇ ਸ਼ੁਭ ਨੂੰ ਉਸੇ ਪਲ ਕਰ ਲਵੋਗੇ। ਜਦ ਦੇਣ ਦਾ ਭਾਵ ਉੱਠੇ ਤਾਂ ਦੇਰ ਨਾ ਕਰਨਾ, ਉਸੇ ਵੇਲੇ ਦੇ ਦੇਣਾ। ਕਿਉਂਕਿ ਤੁਸੀਂ ਆਪਣੇ ਤੇ ਬਹੁਤਾ ਭਰੋਸਾ ਨਾ ਕਰਨਾ। ਘੜੀ ਕੁ ਪਿਛੋਂ ਤੁਹਾਡਾ ਮਨ ਹਜ਼ਾਰਾਂ ਤਰਕੀਬਾਂ ਖੜ੍ਹੀਆਂ ਕਰ ਦੇਵੇਗਾ।

ਮਾਰਕ ਟ੍ਵੇਨ ਨੇ ਲਿਖਿਆ ਹੈ ਕਿ ਮੈਂ ਇੱਕ ਸਭਾ ਵਿੱਚ ਗਿਆ ਅਤੇ ਜਿਹੜਾ ਪਾਦਰੀ ਬੋਲ ਰਿਹਾ ਸੀ, ਬਹੁਤ ਅਨੋਖਾ ਬੋਲ ਰਿਹਾ ਸੀ। ਪੰਜ ਮਿੰਟ ਸੁਣ ਕੇ ਮੈਨੂੰ ਲੱਗਾ ਕਿ ਅੱਜ ਮੇਰੇ ਕੋਲ ਜਿਹੜੇ ਸੌ ਡਾਲਰ ਹਨ, ਦਾਨ ਕਰ ਜਾਵਾਂਗਾ। ਦਸਾਂ ਮਿੰਟਾਂ ਦੇ ਪਿਛੋਂ—ਮਾਰਕ ਟ੍ਵੇਨ ਲਿਖਦਾ ਹੈ ਕਿ—ਮੈਨੂੰ ਅੰਦਰੋਂ ਵਿਚਾਰ ਉੱਠਣ ਲੱਗੇ ਕਿ ਸੌ ਡਾਲਰ ਜ਼ਰਾ ਜ਼ਿਆਦਾ ਹਨ, ਪੰਜਾਹ ਨਾਲ ਵੀ ਕੰਮ ਚੱਲ ਸਕਦਾ ਹੈ।

ਹੁਣ ਸੌ ਦੇ ਖ਼ਿਆਲ ਕਰਨ ਨਾਲ ਸਾਰਾ ਸੰਬੰਧ ਹੀ ਟੁੱਟ ਗਿਆ, ਕਿਉਂਕਿ ਇੱਕ ਅੰਦਰੂਨੀ ਵਾਰਤਾਲਾਪ ਉਸਦੇ ਅੰਦਰ ਹੋਣ ਲੱਗਾ। ਅੱਧਾ ਘੰਟਾ ਬੀਤਦੇ-ਬੀਤਦੇ ਉਹ ਪੰਜ ਡਾਲਰਾਂ 'ਤੇ ਆ ਪੁੱਜਿਆ ਸੀ। ਅਤੇ ਜਦ ਵਖਿਆਨ ਕਰੀਬ-ਕਰੀਬ ਤਿੰਨ ਚੌਥਾਈ ਪੂਰਾ ਹੋ ਗਿਆ ਸੀ ਤਦ ਉਸ ਨੇ ਸੋਚਿਆ ਕਿ ਕਿਸੇ ਨੂੰ ਕਿਹਾ ਥੋੜ੍ਹੀ ਹੈ, ਕਿਸੇ ਨੂੰ ਪਤਾ ਥੋੜ੍ਹੀ ਹੈ ਕਿ ਮੈਂ ਸੌ ਡਾਲਰ ਦੇਣ ਲਈ ਸੋਚ ਰਿਹਾ ਸਾਂ! ਕੌਣ ਦਿੰਦਾ ਹੈ ਸੌ? ਇੱਕ ਡਾਲਰ ਵੀ ਲੋਕ ਨਹੀਂ ਦਿੰਦੇ, ਲੋਕ ਪੈਸੇ ਦੇਂਦੇ ਹਨ। ਇੱਕ ਡਾਲਰ ਨਾਲ ਕੰਮ ਚੱਲ ਜਾਏਗਾ ਅਤੇ ਥਾਲੀ ਜਦੋਂ ਉਸਦੇ ਕੋਲ ਭੇਟਾ ਲੈਣ ਲਈ ਆਈ, ਤਾਂ ਉਸ ਨੇ

ਲਿਖਿਆ ਹੈ ਕਿ ਉਹ ਇੱਕ ਡਾਲਰ ਤਾਂ ਮੇਰੇ ਬੋਝੇ ਚੋਂ ਨਾ ਨਿਕਲਿਆ, ਮੈਂ ਇੱਕ ਡਾਲਰ ਥਾਲੀ ਚੋਂ ਚੁੱਕ ਕੇ ਬੋਝੇ ਵਿੱਚ ਪਾ ਲਿਆ.....ਕਿ ਕੌਣ ਵੇਖਦਾ ਹੈ? ਕਿਸ ਨੂੰ ਪਤਾ ਲੱਗੇਗਾ?

ਤੁਸੀਂ ਆਪਣੇ ਉਤੇ ਬਹੁਤਾ ਭਰੋਸਾ ਨਾ ਕਰਨਾ! ਕਿਉਂਕਿ ਸ਼ੁਭ ਔਖਾ ਹੈ। ਕਦੇ-ਕਦੇ ਤੁਸੀਂ, ਅਜਿਹੀਆਂ ਘੜੀਆਂ ਵਿੱਚ ਉਨ੍ਹਾਂ ਚੋਟੀਆਂ ਤੇ ਹੁੰਦੇ ਹੋ, ਜਦ ਸ਼ੁਭ ਕਰਨ ਦੀ ਭਾਵਨਾ ਜਾਗਦੀ ਹੈ। ਤੁਸੀਂ ਜੇਕਰ ਉਹ ਮੌਕਾ ਗੁਆ ਦਿੱਤਾ ਤਾਂ ਸ਼ਾਇਦ ਦੁਬਾਰਾ ਨਾ ਜਗੇ। ਸ਼ੁਭ ਲਈ ਸੋਚਣਾ ਹੀ ਨਾ। ਕਿਉਂਕਿ ਸ਼ੁਭ ਦਾ ਅਰਥ ਹੀ ਇਹ ਹੈ ਕਿ ਜਿਸ ਵਿੱਚ ਸੋਚਣ ਵਰਗਾ ਕੁਝ ਵੀ ਨਹੀਂ ਹੈ, ਕਰਨੇ ਜੋਗ ਹੈ। ਜਦ ਤੁਸੀਂ ਦੇਣਾ ਚਾਹੋ, ਦੇ ਦੇਣਾ। ਜਦ ਵੰਡਣਾ ਚਾਹੋ ਤਦ ਵੰਡ ਦੇਣਾ। ਜਦ ਤਿਆਗਣਾ ਚਾਹੋ, ਤਿਆਗ ਦੇਣਾ। ਜਦ ਸੰਨਿਆਸੀ ਹੋਣਾ ਚਾਹੋ, ਹੋ ਜਾਣਾ। ਪਲ ਕੁ ਵੀ ਨਾ ਗੁਆਉਣਾ। ਕਿਉਂਕਿ ਕੋਈ ਵੀ ਨਹੀਂ ਜਾਣਦਾ ਕਿ ਉਹ ਪਲ ਦੁਬਾਰਾ ਤੁਹਾਡੇ ਜੀਵਨ ਵਿੱਚ ਕਦੋਂ ਆਏਗਾ? ਆਏਗਾ ਵੀ, ਕਿ ਨਹੀਂ ਆਏਗਾ?

ਅਤੇ ਜਦ ਬੁਰਾ ਤੁਹਾਡੇ ਮਨ 'ਚ ਉੱਠੇ ਤਾਂ ਟਾਲ ਦੇਣਾ। ਚੌਵੀ ਘੰਟਿਆਂ ਦੇ ਨੇਮ ਬਣਾ ਲੈਣਾ ਕਿ ਕਿਸੇ ਨੂੰ ਨੁਕਸਾਨ ਪਹੁੰਚਾਣਾ ਹੋਵੇ, ਤਾਂ ਚੌਵੀ ਘੰਟਿਆਂ ਬਾਅਦ ਪਹੁੰਚਾਵਾਂਗੇ। ਕਾਹਲੀ ਕਾਹਦੀ ਹੈ, ਹੁਣੇ ਕੋਈ ਮੌਤ ਨਹੀਂ ਆਈ ਜਾ ਰਹੀ ਅਤੇ ਆ ਵੀ ਗਈ ਤਾਂ ਕੁਝ ਹਰਜਾ ਨਹੀਂ ਹੋਵੇਗਾ। ਨੁਕਸਾਨ ਨਹੀਂ ਪੁੱਜੇਗਾ ਅਤੇ ਕੀ ਹੋਏਗਾ?

ਜੇਕਰ ਤੁਸੀਂ ਚੌਵੀ ਘੰਟੇ ਵੀ ਰੁਕ ਜਾਓ ਬੁਰਾ ਕਰਨ ਤੋਂ ਤਾਂ ਤੁਸੀਂ ਬੁਰਾ ਨਹੀਂ ਕਰ ਸਕੋਗੇ। ਕਿਉਂਕਿ ਬੁਰਾ ਕਰਨ ਦੀ ਮੂਰਛਾ ਵੀ ਪਲ ਵਿੱਚ ਹੀ ਆਉਂਦੀ ਹੈ। ਜਿਸ ਤਰ੍ਹਾਂ ਸ਼ੁਭ ਕਰਨ ਦੀ ਜਾਗ੍ਰਿਤੀ ਪਲ 'ਚ ਆਉਂਦੀ ਹੈ ਉਸੇ ਤਰ੍ਹਾਂ ਬੁਰਾ ਕਰਨ ਦੀ ਬੇਹੋਸ਼ੀ ਵੀ ਪਲ 'ਚ ਆਉਂਦੀ ਹੈ। ਜੇਕਰ ਤੁਸੀਂ ਥੋੜ੍ਹੀ ਦੇਰ ਰੁਕ ਗਏ ਤਾਂ ਤੁਸੀਂ ਖੁਦ ਹੀ ਪਾਓਗੇ ਕਿ ਕੀ ਹੱਤਿਆ ਕਰਨੀ? ਹੱਤਿਆਰੇ ਨੂੰ ਜੇਕਰ ਦੋ ਘੜੀਆਂ ਵੀ ਰੋਕ ਲਿਆ ਜਾਏ, ਤਾਂ ਹੱਤਿਆ ਨਹੀਂ ਹੋਏਗੀ। ਨਦੀ 'ਚ ਕੋਈ ਡੁੱਬਣ ਜਾ ਰਿਹਾ ਹੈ, ਆਤਮ-ਹੱਤਿਆ ਕਰਨ ਜਾ ਰਿਹਾ ਹੈ, ਤੁਸੀਂ ਜ਼ਰਾ ਹੱਥ ਫੜ ਕੇ ਉਸ ਨੂੰ ਇੱਕ ਮਿੰਟ ਰੋਕ ਲਵੋ, ਗੱਲ ਗਈ! ਕਿਉਂਕਿ ਕ੍ਰਿਤਯ ਕੁਝ ਹੀ ਘੜੀਆਂ ਵਿੱਚ ਸੰਭਵ ਹੁੰਦਾ ਹੈ ਅਤੇ ਤੁਹਾਡੇ ਅੰਦਰ ਮੂਰਛਾ ਦੇ ਪਲ ਹੁੰਦੇ ਹਨ, ਸੰਘਣੀ ਬੇਹੋਸ਼ੀ ਦੇ ਅਤੇ ਸੰਘਣੇ ਜਾਗ੍ਰਿਤੀ ਦੇ ਪਲ ਵੀ ਹੁੰਦੇ ਹਨ।

ਜਦ ਸੰਘਣੇ ਜਾਗ੍ਰਿਤੀ ਦੇ ਪਲ ਹੁੰਦੇ ਹਨ ਤਦ ਤੁਸੀਂ ਪ੍ਰੇਮ ਨਾਲ ਭਰੇ ਹੁੰਦੇ ਹੋ, ਸਿਰਜਨ ਨਾਲ। ਅਤੇ ਜਦ ਬੇਹੋਸ਼ੀ ਦਾ ਪਲ ਹੁੰਦਾ ਹੈ ਤਦ ਤੁਸੀਂ ਬੇਹੋਸ਼ੀ ਨਾਲ ਭਰੇ ਹੁੰਦੇ ਹੋ, ਬਰਬਾਦੀ ਨਾਲ। ਤਦ ਤੁਸੀਂ ਭੰਨ ਸੁੱਟਣਾ ਚਾਹੋਗੇ, ਫਿਰ ਪਿਛੋਂ ਪਛਤਾਓਗੇ।

ਪਛਤਾਉਣ ਨਾਲ ਕੋਈ ਸਾਰ ਨਹੀਂ। ਜੇਕਰ ਪਛਤਾਉਣਾ ਹੀ ਹੋਵੇ ਤਾਂ ਪੁੰਨ ਕਰਕੇ ਪਛਤਾਉਣਾ। ਪਾਪ ਕਰਕੇ ਕੀ ਪਛਤਾਉਣਾ? ਪਰ ਤੁਸੀਂ ਹਮੇਸ਼ਾਂ ਪਾਪ ਕਰਕੇ ਪਛਤਾਉਂਦੇ ਹੋ। ਅਤੇ ਪੁੰਨ ਤਾਂ ਤੁਸੀਂ ਕਰਦੇ ਹੀ ਨਹੀਂ, ਇਸ ਲਈ ਪਛਤਾਉਣ ਦਾ ਤਾਂ ਸਵਾਲ ਹੀ ਨਹੀਂ ਉਠਦਾ।

ਨਾਨਕ ਕਹਿੰਦੇ ਹਨ ਕਿ ਸੋਚਣ ਨਾਲ ਕੁਝ ਵੀ ਨਹੀਂ ਹੋਏਗਾ। ਕਹਿਣ ਨਾਲ ਕੁਝ ਵੀ ਨਹੀਂ ਹੋਏਗਾ। ਸ਼ਬਦਾਂ ਨਾਲ ਪਾਪ ਅਤੇ ਪੁੰਨ ਦਾ ਕੋਈ ਲੈਣਾ-ਦੇਣਾ ਨਹੀਂ ਹੈ। ਪਾਪ ਅਤੇ ਪੁੰਨ ਦਾ ਲੈਣਾ-ਦੇਣਾ ਕਰਮਾਂ ਨਾਲ ਹੈ ਅਤੇ ਪਰਮਾਤਮਾ ਦੇ ਸਾਹਮਣੇ ਜਿਹੜਾ ਤੁਹਾਡਾ ਹਿਸਾਬ ਹੈ ਉਹ ਤੁਹਾਡੇ ਸ਼ਬਦਾਂ ਦਾ ਨਹੀਂ, ਤੁਹਾਡੇ ਕ੍ਰਿਤਯਾਂ ਦਾ ਹੈ। ਉਸਦੇ ਸਾਹਮਣੇ ਤੁਹਾਡਾ ਜੋ ਫ਼ੈਸਲਾ ਹੈ, ਉਹ ਤੁਸੀਂ ਕੀ ਕੀਤਾ ਹੈ, ਕੀ ਹੋ, ਉਸ ਦੇ ਉਤੇ ਨਿਰਭਰ ਕਰਦਾ ਹੈ। ਤੁਸੀਂ ਕੀ ਕਿਹਾ ਸੀ, ਕੀ ਪੜ੍ਹਿਆ ਸੀ, ਕੀ ਸੋਚਿਆ ਸੀ, ਉਸਦੇ ਨਾਲ ਕੋਈ ਸੰਬੰਧ ਨਹੀਂ ਹੈ। ਤੁਹਾਡੇ ਵਿਚਾਰ ਕੀਮਤੀ ਨਹੀਂ ਹਨ। ਅੰਤਮ ਗੱਲ ਫ਼ੈਸਲੇ ਵਾਲੀ ਤੁਹਾਡੇ ਕਰਮ ਹਨ। ਤਾਂ ਨਾਨਕ ਕਹਿੰਦੇ ਹਨ, ਮਨੁੱਖ ਆਪ ਹੀ ਬੀਜਦਾ ਹੈ ਅਤੇ ਆਪ ਹੀ ਖਾਂਦਾ ਹੈ।

*"ਆਪੇ ਬੀਜਿ ਆਪੇ ਹੀ ਖਾਹੁ॥"*

ਆਮ ਤੌਰ 'ਤੇ ਸਾਡਾ ਮਨ ਕਹਿੰਦਾ ਹੈ ਕਿ ਦੁੱਖ ਸਾਨੂੰ ਦੂਜੇ ਦੇ ਰਹੇ ਹਨ। ਆਮ ਤੌਰ 'ਤੇ ਸਾਡਾ ਮਨ ਕਹਿੰਦਾ ਹੈ, ਸਫਲਤਾ ਤਾਂ ਮੈਂ ਪਾਉਂਦਾ ਹਾਂ, ਅਸਫਲਤਾ ਦੂਜਿਆਂ ਦੀ ਅੜਚਣ ਦੀ ਵਜ੍ਹਾ ਨਾਲ ਆਉਂਦੀ ਹੈ। ਸ਼ੁਭ ਤਾਂ ਮੇਰੇ ਜੀਵਨ ਵਿੱਚ ਮੇਰੀ ਪ੍ਰਾਪਤੀ ਹੈ ਅਤੇ ਅਸ਼ੁਭ ਦੂਜਿਆਂ ਦੇ ਰਾਹੀਂ ਮੇਰੇ ਜੀਵਨ ਉਤੇ ਥੋਪਿਆ ਹੈ। ਇਹ ਗੱਲ ਬਿਲਕੁਲ ਹੀ ਗ਼ਲਤ ਹੈ। ਤੁਹਾਡੇ ਜੀਵਨ ਵਿੱਚ ਜੋ ਵੀ ਹੈ ਉਹ ਤੁਹਾਡੇ ਹੀ ਕ੍ਰਿਤਯਾਂ ਦੀ ਲੜੀ ਹੈ। ਸ਼ੁਭ, ਅਸ਼ੁਭ, ਅੱਛਾ, ਬੁਰਾ, ਫੁੱਲ ਲੱਗਣ, ਕੰਡੇ ਲੱਗਣ ਸਾਰਿਆਂ ਦੀ ਸੰਪੂਰਣ ਜ਼ਿੰਮੇਵਾਰੀ ਤੁਹਾਡੇ ਉਤੇ ਹੈ। ਜਿਸ ਦਿਨ ਕੋਈ ਆਦਮੀ ਇਸ ਦਾ ਅਨੁਭਵ ਕਰਦਾ ਹੈ ਸਾਰੀ ਜ਼ਿੰਮੇਵਾਰੀ ਮੇਰੀ ਹੈ, ਉਸੇ ਦਿਨ ਤੋਂ ਜੀਵਨ ਵਿੱਚ ਕ੍ਰਾਂਤੀ ਸ਼ੁਰੂ ਹੋ ਜਾਂਦੀ ਹੈ।

ਜਦ ਤੱਕ ਤੁਸੀਂ ਦੂਜਿਆਂ ਉਤੇ ਟਾਲਦੇ ਹੋ ਤਦ ਤੱਕ ਕ੍ਰਾਂਤੀ ਨਹੀਂ ਹੋਵੇਗੀ। ਕਿਉਂਕਿ ਜੇਕਰ ਦੂਜੇ ਦੁੱਖ ਦੇ ਰਹੇ ਨੇ ਤਾਂ ਤੁਸੀਂ ਕੀ ਕਰੋਗੇ? ਜਦ ਤੱਕ ਸਾਰੇ ਦੂਜੇ ਨਾ ਬਦਲ ਜਾਣ ਤਦ ਤੱਕ ਦੁੱਖ ਜਾਰੀ ਰਹੇਗਾ ਅਤੇ ਦੂਜੇ ਕਦੋਂ ਬਦਲੇ ਜਾਣਗੇ? ਤਾਂ ਫ਼ਿਰ ਦੁੱਖ ਨੂੰ ਝੱਲਣ ਤੋਂ ਸਿਵਾ ਕੋਈ ਰਾਹ ਨਹੀਂ ਹੈ। ਇਸ ਲਈ ਧਰਮ ਤੋਂ ਸਿਵਾ ਦੁੱਖ ਨੂੰ ਤਬਦੀਲ ਕਰਨ ਦੀ ਕੋਈ ਕਿਮੀਆਂ ਨਹੀਂ ਹੈ ਅਤੇ ਜਿਹੜਾ ਦੁੱਖ ਮੈਂ ਪਾ ਰਿਹਾ ਹਾਂ ਉਹ ਮੈਂ ਹੀ ਦਿੱਤਾ ਹੈ, ਫੈਲਾਇਆ ਹੈ, ਉਹ ਹੀ ਹੁਣ ਪਰਤ ਰਿਹਾ ਹੈ।....

ਨਿਸ਼ਚਿਤ ਹੀ ਬੀਜ ਬੀਜਣ ਵਿੱਚ ਅਤੇ ਫਲ ਆਉਣ ਵਿੱਚ ਵਕਤ ਲੱਗਦਾ ਹੈ, ਸਮਾਂ ਲੱਗਣ ਦੇ ਕਾਰਣ ਤੁਸੀਂ ਭੁੱਲ ਹੀ ਜਾਂਦੇ ਹੋ ਕਿ ਤੁਸੀਂ ਇਹ ਬੀਜ ਬੀਜੇ ਸਨ ਅਤੇ ਹੁਣ ਇਹ ਫਲ ਆਉਣੇ ਸ਼ੁਰੂ ਹੋ ਗਏ। ਜਦ ਫਲ ਆਉਂਦੇ ਹਨ, ਤਦ ਤੁਹਾਨੂੰ ਇਹ ਖ਼ਿਆਲ ਭੁੱਲ ਹੀ ਗਿਆ ਹੁੰਦਾ ਹੈ ਕਿ ਤੁਸੀਂ ਹੀ ਇਹ ਬੀਜ ਬੀਜੇ ਸਨ। ਉਸ ਭੁੱਲ ਜਾਣ ਕਾਰਣ ਤੁਸੀਂ ਸਦਾ ਸੋਚਦੇ ਹੋ ਕਿ ਦੂਜੇ ਕੁਝ ਕਰ ਰਹੇ ਹਨ। ਧਿਆਨ ਰੱਖਣਾ, ਇਥੇ ਕੋਈ ਦੂਜਾ ਤੁਹਾਡੇ ਲਈ ਚਿੰਤਿਤ ਨਹੀਂ ਹੈ। ਦੂਜੇ ਆਪਣੇ ਲਈ ਚਿੰਤਾ ਕਰਦੇ ਹਨ। ਦੂਜੇ ਆਪਣੇ ਕਾਰਣ ਪ੍ਰੇਸ਼ਾਨ ਹਨ। ਤੁਸੀਂ ਆਪਣੇ ਕਾਰਣ ਪ੍ਰੇਸ਼ਾਨ ਹੋ। ਅਤੇ ਹਰ ਆਦਮੀ ਆਪਣੇ ਹੀ ਕ੍ਰਿਤਯਾਂ ਦੀ ਭਾਲ ਵਿੱਚ ਰਹਿੰਦਾ ਹੈ। ਇਸ ਗੱਲ ਨੂੰ ਜਿੰਨਾਂ ਤੁਸੀਂ ਠੀਕ ਤਰ੍ਹਾਂ ਪਛਾਣ ਲਵੋਗੇ, ਓਨੀ ਹੀ ਡੂੰਘੀ ਕ੍ਰਾਂਤੀ ਸੰਭਵ ਹੋ ਜਾਏਗੀ। ਕਿਉਂਕਿ ਜਿਵੇਂ ਹੀ ਇਹ ਸਮਝ ਵਿੱਚ ਆਉਂਦਾ ਹੈ ਕਿ ਮੈਂ ਹੀ ਜ਼ਿੰਮੇਵਾਰ ਹਾਂ, ਕੁਝ ਕੀਤਾ ਜਾ ਸਕਦਾ ਹੈ।

ਦੋ ਕੰਮ : ਇੱਕ, ਕਿ ਜੋ ਮੈਂ ਕੀਤਾ ਹੈ, ਪਿੱਛੇ, ਉਸਨੂੰ ਮੈਂ ਸ਼ਾਂਤੀ ਨਾਲ ਭੋਗ ਲਵਾਂ, ਉਸ ਦੇ ਭੋਗਣ ਵਿੱਚ ਨਵੀਂ ਅਸ਼ਾਂਤੀ ਖੜ੍ਹੀ ਨਾ ਕਰਾਂ; ਤਾਂ ਅਤੀਤ ਦੀ ਸਮਾਪਤੀ ਹੋ ਜਾਏਗੀ। ਸਾਰਾ ਲੈਣਾ-ਦੇਣਾ ਸਾਫ਼ ਹੋ ਜਾਏਗਾ।

ਬੁੱਧ ਦੇ ਉਤੇ ਇੱਕ ਆਦਮੀ ਥੁੱਕ ਗਿਆ ਤਾਂ ਬੁੱਧ ਨੇ ਥੁੱਕ ਪੂੰਝ ਲਿਆ ਆਪਣੀ ਚਾਦਰ ਨਾਲ। ਉਹ ਆਦਮੀ ਬਹੁਤ ਨਾਰਾਜ਼ ਸੀ। ਬੁੱਧ ਦੇ ਉਤੇ ਥੁੱਕਿਆ ਤਾਂ ਬੁੱਧ ਦੇ ਸ਼ਿੱਸ਼ ਵੀ ਬਹੁਤ ਨਾਰਾਜ਼ ਹੋ ਗਏ। ਪਰ ਜਦੋਂ ਉਹ ਆਦਮੀ ਚਲਾ ਗਿਆ ਤਾਂ ਬੁੱਧ ਦੇ ਸ਼ਿੱਸ਼ ਆਨੰਦ ਨੇ ਕਿਹਾ ਕਿ ਇਹ ਬਹੁਤ ਹੱਦ ਤੋਂ ਬਾਹਰ ਗੱਲ ਹੋ ਗਈ ਅਤੇ ਸਹਿਣਸ਼ੀਲਤਾ ਦਾ ਇਹ ਅਰਥ ਨਹੀਂ ਹੈ। ਇਸ ਤਰ੍ਹਾਂ ਤਾਂ ਲੋਕਾਂ ਨੂੰ ਹਲਾਸ਼ੇਰੀ ਮਿਲੇਗੀ। ਸਾਡੇ ਤਾਂ ਹਿਰਦੇ ਵਿੱਚ ਅੱਗ ਬਲ ਰਹੀ ਹੈ। ਤੁਹਾਡਾ ਅਪਮਾਨ ਅਸੀਂ ਬਰਦਾਸ਼ਤ ਨਹੀਂ ਕਰ ਸਕਦੇ।

ਬੁੱਧ ਨੇ ਕਿਹਾ, ਤੁਸੀਂ ਵਿਅਰਥ ਹੀ ਉਤੇਜਿਤ ਨਾ ਹੋਵੋ। ਇਹ ਤੁਹਾਡਾ ਭੜਕਨਾ ਤੁਹਾਡੇ ਕਰਮ ਦੀ ਲੜੀ ਬਣ ਜਾਏਗਾ। ਮੈਂ ਇਸ ਨੂੰ ਕਦੇ ਦੁੱਖ ਦਿੱਤਾ ਸੀ, ਉਹ ਨਿਪਟਾਰਾ ਹੋ ਗਿਆ। ਮੈਂ ਕਦੇ ਇਸ ਦਾ ਅਪਮਾਨ ਕੀਤਾ ਸੀ, ਉਹ ਲੈਣਾ-ਦੇਣਾ ਮੁੱਕ ਗਿਆ। ਇਹ ਆਦਮੀ ਦੇ ਲਈ ਹੀ ਮੈਂ ਇਸ ਪਿੰਡ ਵਿੱਚ ਆਇਆ ਸੀ। ਇਹ ਨਾ ਥੁੱਕਦਾ ਤਾਂ ਮੇਰੀ ਮੁਸੀਬਤ ਸੀ। ਹੁਣ ਸੁਲਝਾਓ ਹੋ ਗਿਆ। ਇਸ ਨਾਲ ਮੇਰਾ ਖਾਤਾ ਬੰਦ ਹੋ ਗਿਆ। ਹੁਣ ਮੈਂ ਆਜ਼ਾਦ ਹੋ ਗਿਆ। ਇਸ ਆਦਮੀ ਮੈਨੂੰ ਆਜ਼ਾਦ ਕਰ ਗਿਆ ਹੈ, ਮੇਰੇ ਹੀ ਕਿਸੇ ਕ੍ਰਿਤਯ ਤੋਂ। ਇਸ ਲਈ ਮੈਂ ਉਸ ਦਾ ਧੰਨਵਾਦ ਕਰਦਾ ਹਾਂ।

ਅਤੇ ਤੁਸੀਂ ਬੇਕਾਰ ਵਿੱਚ ਨਾ ਭੜਕੋ। ਕਿਉਂਕਿ ਤੁਹਾਡਾ ਤਾਂ ਇਸ 'ਚ ਕੁਝ ਲੈਣਾ-

ਦੇਣਾ ਨਹੀਂ ਹੈ। ਪਰ ਜੇਕਰ ਤੁਸੀਂ ਭੜਕਦੇ ਹੋ, ਉਸ ਆਦਮੀ ਦੇ ਖਿਲਾਫ ਕੁਝ ਕਰਦੇ ਹੋ ਤਾਂ ਤੁਸੀਂ ਇੱਕ ਨਵੀਂ ਲੜੀ ਬਣਾਉਂਦੇ ਹੋ। ਮੇਰੀ ਲੜੀ ਤਾਂ ਟੁੱਟ ਗਈ ਅਤੇ ਤੁਹਾਡੀ ਵਿਅਰਥ ਬਣ ਗਈ। ਤੁਸੀਂ ਵਿਚਕਾਰ ਕਿਉਂ ਆਉਂਦੇ ਹੋ? ਜਿਨ੍ਹਾਂ ਨੂੰ ਮੈਂ ਦੁੱਖ ਦਿੱਤਾ ਹੈ ਉਨ੍ਹਾਂ ਕੋਲੋਂ ਮੈਨੂੰ ਜੁਆਬ ਤਾਂ ਲੈਣਾ ਹੀ ਪਏਗਾ। ਅਤੇ ਮੇਰੀ ਪੂਰਣ ਮੁਕਤੀ ਦੇ ਪਿੱਛੋਂ—ਜਿਸ ਨੂੰ ਉਹ ਮਹਾਂਪਰਿਨਿਰਵਾਣ ਕਹਿੰਦੇ ਹਨ, ਇਸ ਤੋਂ ਪਹਿਲਾਂ ਕਿ ਮੈਂ ਅਨੰਤ ਵਿੱਚ ਲੀਨ ਹੋ ਜਾਵਾਂ, ਆਦਮੀਆਂ ਤੋਂ, ਚੀਜ਼ਾਂ ਤੋਂ, ਸੰਬੰਧਾਂ ਨਾਲੋਂ, ਗੁੱਸੇ ਨਾਲੋਂ, ਅਪਮਾਨ ਨਾਲੋਂ, ਨਫ਼ਰਤ ਨਾਲੋਂ, ਮੋਹ ਨਾਲ, ਲੋਭ ਨਾਲ, ਜੋ ਵੀ ਰਿਸ਼ਤੇ-ਨਾਤੇ ਬਣੇ ਹਨ। ਉਨ੍ਹਾਂ ਸਾਰਿਆਂ ਤੋਂ ਛੁਟਕਾਰਾ ਹੋ ਜਾਣਾ ਜ਼ਰੂਰੀ ਹੈ। ਉਸੇ ਨੂੰ ਹੀ ਅਸੀਂ ਪਰਮ-ਮੁਕਤ ਪੁਰਖ ਕਹਿੰਦੇ ਹਾਂ। ਜਿਸ ਦਾ ਸਾਰੇ ਕਰਮਾਂ ਤੋਂ ਛੁਟਕਾਰਾ ਹੋ ਗਿਆ।

ਤਾਂ ਇੱਕ ਧਿਆਨ ਰੱਖਣਾ ਕਿ ਅਤੀਤ ਵਿੱਚ ਜੋ ਕੀਤਾ ਹੈ, ਉਸ ਨੂੰ ਸ਼ਾਂਤ ਭਾਵ ਨਾਲ, ਸੰਤੋਖ ਨਾਲ, ਪਰਮ ਤ੍ਰਿਪਤੀ ਨਾਲ, ਨਿਪਟਾਰਾ ਸਮਝ ਕੇ, ਪ੍ਰਸੰਨਤਾ ਨਾਲ, ਪੂਰਾ ਹੋ ਜਾਣ ਦੇਣਾ। ਨਵੀਂ ਲੜੀ ਖੜ੍ਹੀ ਨਾ ਕਰਨਾ। ਤਾਂ ਅਤੀਤ ਨਾਲੋਂ ਸੰਬੰਧ ਹੌਲੀ-ਹੌਲੀ ਸ਼ਾਂਤ ਹੋ ਜਾਂਦਾ ਹੈ ਅਤੇ ਹੋਰ ਦੂਜੀ ਗੱਲ ਹੈ ਕਿ ਨਵਾਂ ਕੁਝ ਨਾ ਕਰਨਾ ਦੂਜੇ ਨੂੰ ਦੁੱਖ ਦੇਣ ਲਈ, ਨਹੀਂ ਤਾਂ ਫਿਰ ਤੁਸੀਂ ਬੱਝੇ ਹੋਏ ਟੂਰੇ ਆਓਗੇ। ਅਸੀਂ ਆਪਣੇ ਹੀ ਅੰਦਰ ਆਪਣੀਆਂ ਜ਼ੰਜੀਰਾਂ ਨੂੰ ਢਾਲਦੇ ਹਾਂ। ਸੋ ਪੁਰਾਣੀਆਂ ਜ਼ੰਜੀਰਾਂ ਨੂੰ ਤੋੜਨਾ ਹੈ ਅਤੇ ਨਵੀਆਂ ਬਣਾਉਣ 'ਚ ਇਨ੍ਹਾਂ ਦੋ ਗੱਲਾਂ ਦਾ ਖਿਆਲ ਰੱਖਣਾ।

ਮਹਾਂਵੀਰ ਦੇ ਦੋ ਸ਼ਬਦ ਬਹੁਤ ਪਿਆਰੇ ਹਨ। ਇੱਕ ਸ਼ਬਦ ਹੈ 'ਆਸਤਰਵ' ਅਤੇ ਇੱਕ ਹੈ ''ਨਿਰਜਰਾ'' ਆਸਤਰਵ ਦਾ ਅਰਥ ਹੈ ਨਵੇਂ ਨੂੰ ਆਉਣ ਨਾ ਦੇਣਾ, ਅਤੇ 'ਨਿਰਜਰਾ' ਦਾ ਅਰਥ ਹੈ ਪੁਰਾਣੇ ਨੂੰ ਢਹਿ ਜਾਣ ਦੇਣਾ। ਹੌਲੀ-ਹੌਲੀ ਇੱਕ ਅਜਿਹੀ ਘੜੀ ਆਏਗੀ ਕਿ ਪੁਰਾਣਾ ਕੁਝ ਵੀ ਨਹੀਂ ਬਚੇਗਾ, ਨਵਾਂ ਕੁਝ ਹੋਏਗਾ ਨਹੀਂ, ਤੁਸੀਂ ਮੁਕਤ ਹੋ ਗਏ ਅਤੇ ਜਦ ਅਜਿਹੀ ਹਾਲਤ ਆਉਂਦੀ ਹੈ ਤਾਂ ਪਰਮਆਨੰਦ ਫਲਦਾ-ਫੁਲਦਾ ਹੈ।

''ਨਾਨਕ ਕਹਿੰਦੇ ਹਨ, ਮਨੁੱਖ ਆਪ ਹੀ ਬੀਜਦਾ ਹੈ, ਅਤੇ ਆਪ ਹੀ ਖਾਂਦਾ ਹੈ। ਉਸ ਦੇ ਹੁਕਮ ਨਾਲ ਹੀ ਆਵਾਗਮਨ ਹੁੰਦਾ ਹੈ। ਤੀਰਥ ਯਾਤਰਾ, ਤਪ, ਦਇਆ, ਦਾਨ ਅਤੇ ਪੁੰਨ ਨਾਲ ਰਤੀ ਕੁ ਮਾਣ ਮਿਲਦਾ ਹੈ, ਪਰ ਜਿਹੜਾ ਕੋਈ ਪਰਮਾਤਮਾ ਦਾ ਸਰਵਣ ਅਤੇ ਮਨਨ ਕਰਦਾ ਹੈ, ਉਸ ਦਾ ਮਨ ਪ੍ਰੇਮ ਨਾਲ ਭਰ ਜਾਂਦਾ ਹੈ ਅਤੇ ਅੰਦਰੂਨੀ ਤੀਰਥ ਵਿੱਚ ਮਲ-ਮਲ ਕੇ ਉਸ ਦਾ ਇਸ਼ਨਾਨ ਹੋ ਜਾਂਦਾ ਹੈ।''

*ਤੀਰਥੁ ਤਪੁ ਦਇਆ ਦਤੁ ਦਾਨੁ॥*
*ਜੇ ਕੋ ਪਾਵੈ ਤਿਲ ਕਾ ਮਾਨੁ॥*

ਸੁਣਿਆ ਮੰਨਿਆ ਮਨਿ ਕੀਤਾ ਭਾਉ॥
ਅੰਤਰ ਗਤਿ ਤੀਰਥਿ ਮਲਿ ਨਾਉ॥

ਤੀਰਥ ਯਾਤਰਾ ਨਾਲ, ਤਪ ਨਾਲ, ਜਪ ਨਾਲ, ਪੁੰਨ ਨਾਲ, ਦਇਆ ਨਾਲ, ਸੇਵਾ ਨਾਲ ਰਤੀ ਕੁ ਮਾਣ ਮਿਲਦਾ ਹੈ। ਕੋਈ ਵੱਡੀ ਕ੍ਰਾਂਤੀ ਨਹੀਂ ਵਾਪਰਦੀ, ਸਨਮਾਨ ਮਿਲਦਾ ਹੈ ਅਤੇ ਉਹ ਸਨਮਾਨ ਵੀ ਖਤਰਨਾਕ ਹੋ ਸਕਦਾ ਹੈ। ਕਿਉਂਕਿ ਤੁਸੀਂ ਉਸ ਰਤੀ ਦਾ ਵੀ ਆਪਣੇ ਹੰਕਾਰ ਦੇ ਕਾਰਣ ਪਹਾੜ ਬਣਾ ਸਕਦੇ ਹੋ। ਤੁਸੀਂ ਕਹਿ ਸਕਦੇ ਹੋ ਕਿ ਮੈਂ ਏਨੀਆਂ ਤੀਰਥ ਯਾਤਰਾਵਾਂ ਕੀਤੀਆਂ। ਮੈਂ ਹਾਜੀ ਹਾਂ, ਮੈਂ ਹੱਜ ਕੀਤਾ। ਕਿ ਮੈਂ ਏਨੇ ਮੰਦਰ ਬਣਾਏ।

ਭਾਰਤ ਤੋਂ ਇੱਕ ਸੰਨਿਆਸੀ ਬੋਧੀ ਧਰਮ ਚੀਨ ਗਿਆ। ਚੀਨ ਦਾ ਰਾਜਾ ਉਸਦੇ ਕੋਲ ਆਇਆ। ਚੀਨ ਦਾ ਰਾਜਾ ਬੋਧ ਹੋ ਗਿਆ ਸੀ। ਅਤੇ ਉਸਨੇ ਸੈਂਕੜੇ ਵਿਹਾਰ, (ਘੁੰਮਣ ਦੀ ਥਾਂ) ਮੱਠ, ਆਸ਼ਰਮ ਬਣਵਾਏ ਸਨ। ਹਜ਼ਾਰਾਂ ਸ਼ਾਸਤ੍ਰ ਛਾਪ ਕੇ ਮੁਫਤ ਵੰਡੇ ਸਨ। ਲੱਖਾਂ ਭਿਕਸ਼ੂਆਂ ਨੂੰ ਭੋਜਨ ਕਰਵਾਉਂਦਾ ਸੀ। ਪਹਿਲੀ ਹੀ ਗੱਲ ਉਸ ਨੇ ਬੋਧੀ ਧਰਮ ਕੋਲੋਂ ਪੁੱਛੀ: ਉਸ਼ ਨੇ ਪੁੱਛਿਆ, ਕਿ ਮੈਂ ਏਨਾ ਪੁੰਨ ਕੀਤਾ, ਏਨੇ ਮੰਦਰ, ਏਨੇ ਤੀਰਥਾਂ ਦਾ ਨਿਰਮਾਣ ਕੀਤਾ ਹੈ, ਏਨੀਆਂ ਬੁੱਧ ਦੀਆਂ ਮੂਰਤੀਆਂ ਬਣਵਾਈਆਂ ਹਨ। ਉਸ ਦਾ ਬਣਾਇਆ ਹੋਇਆ ਇੱਕ ਮੰਦਰ ਅਜੇ ਵੀ ਹੈ। ਉਸ ਦੇ ਵਿੱਚ ਦਸ ਹਜ਼ਾਰ ਬੁੱਧ ਦੀਆਂ ਮੂਰਤੀਆਂ ਹਨ। ਵਿਰਾਟ ਮੰਦਰ ਬਣਾਏ, ਪਹਾੜਾਂ ਦੇ ਪਹਾੜ ਪੁੱਟ ਸੁੱਟੇ ਅਤੇ ਬਹੁਤ ਪੁੰਨ ਕੀਤਾ, ਲੱਖਾਂ ਰੁਪਏ ਲੁਟਾਏ, ਗਰੀਬਾਂ ਨੂੰ ਦਾਨ ਦਿੱਤਾ। ਤਾਂ ਉਸ ਨੇ ਸਾਰੀ ਸੂਚੀ ਬੋਧੀ ਧਰਮ ਦੇ ਮੂਹਰੇ ਕਹੀ, ਕਿ ਮੈਂ ਇਹ ਕੀਤਾ, ਇਹ ਕੀਤਾ, ਇਹ ਕੀਤਾ ਅਤੇ ਉਸ ਨੇ ਤਾਂ ਤਿਲ ਭਰ ਵੀ ਨਹੀਂ, ਬਲਕਿ ਪਹਾੜ ਹੀ ਕੀਤਾ ਸੀ ਅਤੇ ਅਸੀਂ ਤਾਂ ਤਿਲ ਨੂੰ ਵੀ ਪਹਾੜ ਬਣਾ ਲੈਂਦੇ ਹਾਂ, ਤਾਂ ਉਸ ਨੇ ਜੇਕਰ ਪਹਾੜ ਨੂੰ ਪਹਾੜ ਕਿਹਾ ਤਾਂ ਕੁਝ ਹੈਰਾਨੀ ਵਾਲੀ ਗੱਲ ਨਹੀਂ ਸੀ।

ਬੋਧੀ ਧਰਮ ਚੁੱਪ ਚਾਪ ਖਲੋਤਾ ਰਿਹਾ। ਅੰਤ ਵਿੱਚ ਉਸ ਨੇ ਪੁੱਛਿਆ ਕਿ ਮੇਰੇ ਇਸ ਸਾਰੇ ਪੁੰਨ ਦਾ ਕੀ ਫਲ ਹੋਏਗਾ? ਬੋਧੀ ਧਰਮ ਨੇ ਕਿਹਾ ਕੁਝ ਵੀ ਨਹੀਂ। ਤੂੰ ਮਹਾਂਨਰਕ ਵਿੱਚ ਪਵੇਂਗਾ। ਉਹ ਰਾਜਾ ਤਾਂ ਹੈਰਾਨ ਹੋਇਆ। ਇਹ ਤਾਂ ਭਰੋਸਾ ਕਰਨ ਵਾਲੀ ਗੱਲ ਹੀ ਨਹੀਂ ਸੀ ਕਿ ਪੁੰਨ ਦੇ ਕਾਰਣ ਅਤੇ ਮਹਾਂਨਰਕ ਵਿੱਚ ਪਵਾਂਗਾ? ਉਸ ਨੇ ਕਿਹਾ, ਕੀ ਕਹਿੰਦੇ ਹੋ, ਤੁਸੀਂ ਹੋਸ਼ ਵਿੱਚ ਹੋ? ਬੋਧੀ ਧਰਮ ਨੇ ਕਿਹਾ ਪੁੰਨ ਨਾਲ ਤਾਂ ਕੋਈ ਅੜਚਨ ਨਹੀਂ। ਪਰ ਪੁੰਨ ਕੀਤਾ ਇਸ ਭਾਵ ਨਾਲ ਬਹੁਤ ਅੜਚਨ ਹੈ। ਪੁੰਨ ਹੋਇਆ, ਤੂੰ ਉਸ ਨੂੰ ਆਪਣੇ ਉਤੇ ਨਾ ਲੈ। ਅਤੇ ਜੇਕਰ ਤੂੰ ਇਹ ਬਣਾ ਲਿਆ ਕਿ ਮੈਂ ਕੀਤਾ, ਤਾਂ ਪੁੰਨ ਵੀ ਵਿਅਰਥ ਗਿਆ। ਹੁਣ ਦਵਾਈ ਵੀ ਜ਼ਹਿਰ ਹੋ ਗਈ। ਦਵਾਈ ਨੂੰ ਵੀ ਢੰਗ

ਨਾਲ ਪੀਣਾ ਪੈਂਦਾ ਹੈ, ਨਹੀਂ ਤਾਂ ਜ਼ਹਿਰ ਹੋ ਜਾਏ। ਕਿਉਂਕਿ ਅਕਸਰ ਦਵਾਈਆਂ ਜ਼ਹਿਰ ਤੋਂ ਤਾਂ ਬਣੀਆਂ ਹੁੰਦੀਆਂ ਹਨ।

ਮੁੱਲਾ ਨਸਰੂਦੀਨ ਨੂੰ ਇੱਕ ਡਾਕਟਰ ਨੇ ਕਿਹਾ—ਪੁਰਾਣੇ ਦਿਨਾਂ ਦੀ ਗੱਲ ਹੈ—ਪਤਨੀ ਨੂੰ ਨੀਂਦ ਨਹੀਂ ਆਉਂਦੀ, ਤੇ ਰਾਤ ਨੂੰ ਬੜਬੜਾਉਂਦੀ ਰਹਿੰਦੀ ਹੈ, ਅਤੇ ਝਗੜਾ-ਝਾਸਾਂ ਵੀ ਕਰ੍ਦੀ ਹੈ, ਤਾਂ ਉਸ ਨੇ ਕਿਹਾ, ਇਹ ਦਵਾਈ ਲੈ ਜਾ, ਇੱਕ ਚੁਆਨੀ ਦੇ ਉਪਰ ਰੱਖ ਕੇ—ਤਦ ਚੁਆਨੀ ਚਲਦੀ ਸੀ—ਜਿੰਨੀ ਚੁਆਨੀ ਉਤੇ ਰੱਖੀ ਜਾਏ, ਉਨੀ ਦਵਾਈ ਦੇ ਦੇਣਾ।

ਕੋਈ ਸੱਤਾਂ ਦਿਨਾਂ ਪਿਛੋਂ ਨਸਰੂਦੀਨ ਟੁਰਿਆ ਜਾ ਰਿਹਾ ਸੀ ਤਾਂ ਡਾਕਟਰ ਨੇ ਪੁੱਛਿਆ, ਕਿ ਦੱਸੋ, ਪਤਨੀ ਕਿਹੋ ਜਿਹੀ ਹੈ? ਉਸ ਨੇ ਕਿਹਾ, ਬਹੁਤ ਗਜ਼ਬ ਦਾ ਕੰਮ ਹੋਇਆ ਸੁੱਤੀ ਹੀ ਪਈ ਹੈ ਤਦ ਤੋਂ, ਉੱਠੀ ਹੀ ਨਹੀਂ। ਡਾਕਟਰ ਨੇ ਕਿਹਾ, ਹੁਣ ਤੱਕ ਸੌਂ ਰਹੀ ਹੈ, ਸੱਤਾਂ ਦਿਨਾਂ ਤੋਂ? ਮੁੱਲਾਂ ਨੇ ਕਿਹਾ, ਬਹੁਤ ਪਰਮ ਸ਼ਾਂਤੀ ਹੈ ਘਰ ਵਿੱਚ। ਦਵਾਈ ਗਜ਼ਬ ਦੀ ਸੀ। ਉਸ ਡਾਕਟਰ ਨੇ ਪੁੱਛਿਆ ਤੂੰ ਦਵਾਈ ਕਿੰਨੀ ਕੁ ਦਿੱਤੀ ਸੀ? ਤਾਂ ਉਸ ਨੇ ਕਿਹਾ, ਘਰ 'ਚ ਚੁਆਨੀ ਨਹੀਂ ਸੀ, ਤਾਂ ਚਾਰ ਇਕੱਨੀਆਂ ਉਤੇ ਰੱਖ ਕੇ ਜਿੰਨੀ ਤੁਸੀਂ ਆਖਿਆ ਸੀ, ਚੁਆਨੀ ਦੇ ਬਰਾਬਰ ਦਿੱਤੀ। ਇਕੱਨੀ ਸੀ ਘਰ 'ਚ, ਚੁਆਨੀ ਸੀ ਨਹੀਂ, ਚਾਰ ਇਕਨੀਆਂ ਤੇ ਰੱਖ ਕੇ ਦੇ ਦਿੱਤੀ, ਪਰਮ ਸ਼ਾਂਤੀ ਹੈ। ਗਜ਼ਬ ਦੀ ਦਵਾਈ ਹੈ।

ਦਵਾਈ ਜ਼ਹਿਰ ਹੋ ਸਕਦੀ ਹੈ। ਉਸਦੀ ਮਿਕਦਾਰ ਹੈ। ਪੁੰਨ ਵੀ ਜ਼ਹਿਰ ਹੋ ਸਕਦਾ ਹੈ, ਉਸਦੀ ਵੀ ਮਿਕਦਾਰ ਹੈ। ਧਿਆਨ ਰੱਖਣਾ ਜੇਕਰ ਪੁੰਨ ਕ੍ਰਿਤਘ ਰਹੇ ਤਾਂ ਠੀਕ। ਜੇਕਰ ਕ੍ਰਿਤਘ ਤੋਂ ਹਟਿਆ ਅਤੇ ਕਰਤਾ ਬਣ ਗਿਆ ਤਾਂ ਖਤਰਨਾਕ ਮਿਕਦਾਰ ਸ਼ੁਰੂ ਹੋ ਗਈ ਅਤੇ ਪੁੰਨ ਕੋਈ ਇਸ ਭਾਵ ਨਾਲ ਕਰੇ ਕਿ ਮੇਰੇ ਪਾਪਾਂ ਦੀ ਸਮਾਪਤੀ ਹੋਏਗੀ ਤਾਂ ਠੀਕ ਅਤੇ ਇਸ ਭਾਵ ਨਾਲ ਕਰੇ ਕਿ ਪੁੰਨ ਦਾ ਲਾਭ ਹੋਏਗਾ, ਤਾਂ ਖ਼ਤਰਾ ਹੈ। ਤਿਲ ਭਰ ਦਾ ਮਾਣ ਮਿਲ ਸਕਦਾ ਹੈ ਪੁੰਨ ਨਾਲ, ਪਰ ਉਸ ਨੂੰ ਧਰਮ ਨਾ ਸਮਝ ਲੈਣਾ।

ਇੱਕ ਬਸ ਵਿੱਚ ਮੈਂ ਮੁੱਲਾ ਨਸਰੂਦੀਨ ਦੇ ਨਾਲ ਸਫਰ ਕਰ ਰਿਹਾ ਸੀ। ਅਚਾਨਕ ਚਲਦੀ ਬਸ ਵਿੱਚ ਉਹ ਖੜ੍ਹਾ ਹੋ ਗਿਆ ਅਤੇ ਉਸ ਨੇ ਜ਼ੋਰ ਨਾਲ ਚੀਖ ਕੇ ਕਿਹਾ, ਭਾਈਓ! ਕਿਸੇ ਦੇ ਸੂਤਲੀ ਵਿੱਚ ਬੱਝੇ ਹੋਏ ਨੋਟ ਤਾਂ ਨਹੀਂ ਡਿੱਗੇ? ਅਨੇਕ ਆਵਾਜ਼ਾਂ ਆਈਆਂ ਕਿ ਸਾਡੇ ਡਿੱਗੇ, ਸਾਡੇ ਡਿੱਗੇ, ਕਈ ਲੋਕ ਖੜ੍ਹੇ ਹੋ ਗਏ। ਉਸ ਨੇ ਕਿਹਾ, ਸ਼ਾਂਤੀ ਰੱਖੋ। ਅਜੇ ਮੈਨੂੰ ਸਿਰਫ ਸੂਤਲੀ ਮਿਲੀ ਹੈ।

ਧਰਮ ਤਾਂ ਨੋਟ ਹੈ, ਪੁੰਨ ਸੂਤਲੀ ਹੈ। ਸੂਤਲੀ ਉਤੇ ਬਹੁਤਾ ਨਾ ਆਕੜ ਜਾਣਾ। ਕਿਉਂਕਿ ਸੂਤਲੀ ਨਾਲ ਕੁਝ ਹੁੰਦਾ ਹਵਾਂਦਾ ਨਹੀਂ। ਨੋਟਾਂ ਦੇ ਉਤੇ ਬੱਝ ਜਾਏ ਤਾਂ

ਕੀਮਤੀ ਹੋ ਜਾਂਦੀ ਹੈ। ਪੱਥਰਾਂ ਤੇ ਬੱਝੀ ਰਹੇ ਤਾਂ ਉਸ ਦਾ ਕੀ ਮੁੱਲ? ਤਾਂ ਪੁੰਨ ਜਦ ਨਿਰਹੰਕਾਰ ਭਾਵ ਦੇ ਨਾਲ ਬੱਝਦਾ ਹੈ ਤਦ ਤਾਂ ਬੇੜੀ ਬਣ ਜਾਂਦਾ ਹੈ। ਅਤੇ ਜਦ ਹੰਕਾਰ ਨਾਲ ਬੱਝ ਜਾਂਦਾ ਹੈ ਤਾਂ ਛਾਤੀ ਵਿੱਚ ਪੱਥਰ ਦੀ ਤਰ੍ਹਾਂ ਲਟਕ ਜਾਂਦਾ ਹੈ। ਕਈ ਪੁੰਨ ਵਿੱਚ ਡੁੱਬ ਜਾਂਦੇ ਹਨ। ਕੁਝ ਪਾਪ ਵਿੱਚ ਡੁੱਬਦੇ ਹਨ, ਕੁਝ ਪੁੰਨ 'ਚ ਡੁੱਬ ਜਾਂਦੇ ਹਨ। ਕਿਉਂਕਿ ਬੇੜੀ ਤਾਂ ਨਿਰਹੰਕਾਰ ਦੀ ਉਸ ਪਾਸੇ ਲੈ ਜਾਂਦੀ ਹੈ।

ਇਸ ਲਈ ਅਜਿਹਾ ਵੀ ਹੋਇਆ ਕਿ ਕਈ ਵਾਰ ਪਾਪੀ ਤਰ ਗਏ ਹਨ ਅਤੇ ਪੁੰਨਆਤਮਾ ਡੁੱਬ ਗਏ। ਕਿਉਂਕਿ ਪਾਪੀ ਘੱਟੋ-ਘੱਟ ਨਿਰਹੰਕਾਰੀ ਤਾਂ ਆਸਾਨੀ ਨਾਲ ਹੋ ਹੀ ਸਕਦਾ ਹੈ। ਉਹ ਸੋਚਦਾ ਹੈ ਮੈਂ ਪਾਪੀ ਹਾਂ। ਉਹ ਸੋਚਦਾ ਹੈ ਮੈਂ ਕਿ ਪੁੱਜ ਸਕਾਂਗਾ ਉਸ ਤੱਕ? ਉਹ ਸੋਚਦਾ ਹੈ ਮੇਰੀ ਆਵਾਜ਼ ਕਿਥੇ ਸੁਣੀ ਜਾ ਸਕੇਗੀ? ਮੇਰੇ ਵਿੱਚ ਕੋਈ ਤਾਂ ਗੁਣ ਨਹੀਂ, ਔਗਣ ਹੀ ਔਗਣ ਹਨ। ਹੰਕਾਰ ਨਾ ਹੋਵੇ ਤਾਂ ਪਾਪੀ ਵੀ ਤਰ ਜਾਂਦਾ ਹੈ ਅਤੇ ਹੰਕਾਰ ਹੋਵੇ ਤਾਂ ਪੁੰਨ ਆਤਮਾ ਵੀ ਡੁੱਬ ਜਾਂਦੀ ਹੈ।

ਨਾਨਕ ਕਹਿੰਦੇ ਹਨ, ਤਿਲ ਭਰ ਮਾਣ ਮਿਲ ਸਕਦਾ ਹੈ, ਪਰ ਉਸ ਨੂੰ ਧਰਮ ਨਾ ਸਮਝ ਲੈਣਾ। ਧਰਮ ਤਾਂ ਤਦ ਹੀ ਸ਼ੁਰੂ ਹੁੰਦਾ ਹੈ ਜਦ ਕੋਈ ਪਰਮਾਤਮਾ ਦਾ ਸਰਵਣ ਤੇ ਮਨਨ ਕਰਦਾ ਹੈ ਅਤੇ ਜਦ ਕਿਸੇ ਦਾ ਮਨ ਪ੍ਰੇਮ ਪੂਰਣ ਹੋ ਜਾਂਦਾ ਹੈ ਤਾਂ ਅੰਦਰੂਨੀ ਤੀਰਥ ਵਿੱਚ ਮਲ-ਮਲ ਕੇ ਇਸ਼ਨਾਨ ਹੋ ਜਾਂਦਾ ਹੈ।

ਹੇ ਪਰਮਾਤਮਾ ਸਾਰੇ ਗੁਣ ਤੇਰੇ ਵਿੱਚ ਹਨ ਮੇਰੇ ਵਿੱਚ ਕੁਝ ਵੀ ਨਹੀਂ, ਅਜਿਹੀ ਭਾਵਦਸ਼ਾ ਲਗਾਤਾਰ ਬਣੀ ਰਹਿਣੀ ਚਾਹੀਦੀ ਹੈ। ਕਿਤੇ ਆਕੜ ਨਾ ਆ ਜਾਵੇ ਕਿ ਗੁਣ ਮੇਰੇ ਵਿੱਚ ਹਨ। ਕਿ ਮੈਂ ਤਿਆਗੀ, ਕਿ ਮੈਂ ਦਾਨੀ, ਕਿ ਵੇਖੋ ਮੈਂ ਇਹ ਕੀਤਾ, ਇਹ ਕੀਤਾ, ਇਹ ਕੀਤਾ। ਉਹ ਚੀਨ ਵਾਲੇ ਸਮਰਾਟ ਦੀ ਆਕੜ ਨਾ ਆ ਜਾਏ। ਨਹੀਂ ਤਾਂ ਬੋਧੀ ਧਰਮ ਠੀਕ ਕਹਿੰਦਾ ਹੈ ਕਿ ਮਹਾਂਨਰਕ ਵਿੱਚ ਪਵੋਗੇ।

"ਹੇ ਪਰਮਾਤਮਾ, ਸਾਰੇ ਗੁਣ ਤੇਰੇ ਵਿੱਚ ਹਨ। ਮੇਰੇ ਵਿੱਚ ਕੁਝ ਵੀ ਨਹੀਂ। ਬਿਨਾਂ ਗੁਣ ਕਰਮ ਦੇ ਭਗਤੀ ਨਹੀਂ ਹੁੰਦੀ। ਤਾਂ ਮੈਂ ਤਾਂ ਇਸ ਲਾਇਕ ਵੀ ਨਹੀਂ ਹਾਂ ਕਿ ਤੇਰੀ ਭਗਤੀ ਕਰ ਸਕਾਂ। ਮੇਰੀ ਕੋਈ ਯੋਗਤਾ ਹੀ ਨਹੀਂ ਹੈ।"

ਇਸ ਲਈ ਤਾਂ ਨਾਨਕ ਕਹਿੰਦੇ ਹਨ ਕਿ ਉਸਦੇ ਪ੍ਰਸ਼ਾਦ ਨਾਲ ਸਭ ਮਿਲਦਾ ਹੈ, ਸਾਡੀ ਯੋਗਤਾ ਕੀ ਹੈ? ਸਾਰਿਆਂ ਭਗਤਾਂ ਨੇ ਇਹ ਹੀ ਕਿਹਾ ਹੈ ਕਿ ਉਸਦੀ ਕਿਰਪਾ ਨਾਲ ਮਿਲਦਾ ਹੈ। ਸਾਡੀ ਯੋਗਤਾ ਨਾਲ ਨਹੀਂ।

ਇਸ ਫ਼ਰਕ ਨੂੰ ਚੰਗੀ ਤਰ੍ਹਾਂ ਸਮਝ ਲਵੋ। ਕਿਉਂਕਿ ਯੋਗਤਾ ਦਾ ਤਾਂ ਮਤਲਬ ਹੈ, ਸੌਦਾ ਹੈ, ਯੋਗਤਾ ਦਾ ਤਾਂ ਮਤਲਬ ਉਸਨੂੰ ਦੇਣਾ ਹੀ ਪਏਗਾ। ਅਸੀਂ ਯੋਗ ਹਾਂ। ਨਹੀਂ ਦੇਵੇਗਾ ਤਾਂ ਅਸੀਂ ਸ਼ਿਕਾਇਤ ਕਰਾਂਗੇ ਅਤੇ ਦੇਵੇਗਾ ਤਾਂ ਸ਼ੁਕਰਾਨੇ ਦਾ ਕੋਈ ਕਾਰਨ

ਨਹੀਂ, ਕਿਉਂਕਿ ਅਸੀਂ ਯੋਗਯ ਹਾਂ।

ਤੁਹਾਡੇ ਮਨ 'ਚ ਸ਼ਿਕਾਇਤ ਹੈ। ਉਹ ਸ਼ਿਕਾਇਤ ਇਸ ਗੱਲ ਦੀ ਖ਼ਬਰ ਦਿੰਦੀ ਹੈ ਕਿ ਤੁਸੀਂ ਸਮਝਦੇ ਹੋ ਕਿ ਤੁਸੀਂ ਯੋਗਯ ਹੋ ਅਤੇ ਤੁਹਾਨੂੰ ਨਹੀਂ ਮਿਲਿਆ।

ਭਗਤ ਦੇ ਮਨ ਵਿੱਚ ਅਹੋਭਾਵ ਹੁੰਦਾ ਹੈ। ਕਿਉਂਕਿ ਉਹ ਕਹਿੰਦਾ ਹੈ, ਯੋਗ ਤਾਂ ਮੈਂ ਬਿਲਕੁਲ ਨਹੀਂ ਹਾਂ ਪਰ ਏਨਾ ਮਿਲਿਆ। ਉਸਦੀ ਸਾਰੀ ਦ੍ਰਿਸ਼ਟੀ ਦੂਜੀ ਹੈ। ਸੋ ਕੀਰਤਨ, ਭਜਨ ਕਰਨ ਨਾਲ ਕੋਈ ਭਗਤ ਨਹੀਂ ਹੁੰਦਾ। ਜੀਵਨ ਦੀ ਪੂਰੀ ਦ੍ਰਿਸ਼ਟੀ ਦੂਜੀ ਹੈ। ਦ੍ਰਿਸ਼ਟੀ ਇਹ ਹੈ ਕਿ ਮੈਂ ਯੋਗ ਨਹੀਂ ਅਤੇ ਫਿਰ ਵੀ ਏਨਾ ਮਿਲ ਰਿਹਾ ਹੈ। ਸੋ ਭਗਤ ਦੀ ਪ੍ਰਾਰਥਨਾ ਧੰਨਵਾਦ ਹੈ। ਤੁਹਾਡੀ ਪ੍ਰਾਰਥਨਾ ਸ਼ਿਕਾਇਤ ਹੈ।

ਨਾਨਕ ਕਹਿੰਦੇ ਹਨ "ਮੇਰੇ ਵਿੱਚ ਤਾਂ ਕੋਈ ਗੁਣ ਨਹੀਂ ਅਤੇ ਬਿਨਾਂ ਗੁਣ ਕਰਮ ਦੇ ਤਾਂ ਭਗਤੀ ਵੀ ਨਹੀਂ ਹੁੰਦੀ। ਤਾਂ ਮੈਂ ਭਗਤੀ ਵੀ ਕੀ ਕਰ ਸਕਦਾ ਹਾਂ? ਕੇਵਲ ਤੇਰਾ ਗੁਣਗਾਨ ਕਰ ਸਕਦਾ ਹਾਂ। ਹੇ ਪ੍ਰਭੂ! ਤੁਸੀਂ ਧੰਨ ਹੋ।" ਬੱਸ, ਅਜਿਹਾ ਹੀ ਕਹਿ ਸਕਦਾ ਹਾਂ। ਤੁਹਾਡੀ ਧੰਨਤਾ ਦੇ ਗੀਤ ਗਾ ਸਕਦਾ ਹਾਂ। ਮੇਰੇ 'ਚ ਤਾਂ ਹੋਰ ਕੋਈ ਗੁਣ ਨਹੀਂ ਹੈ। ਮੈਂ ਕੇਵਲ ਉਸਤਤ ਕਰ ਸਕਦਾ ਹਾਂ। ਤੇਰੀ ਵਡਿਆਈ ਦਾ ਗੁਣਗਾਨ ਕਰ ਸਕਦਾ ਹਾਂ। ਕਾਬਲੀਅਤ ਮੇਰੀ ਕੁਝ ਵੀ ਨਹੀਂ ਕਿ ਮੈਨੂੰ ਕੁਝ ਮਿਲੇ।

"ਤੁਸੀਂ ਬਾਣੀ ਹੋ, ਤੁਸੀਂ ਬ੍ਰਹਮਾ ਹੋ। ਤੁਹਾਡੀ ਸੱਤਾ ਸਦਾ ਸ਼ੋਭਾ ਵਾਲੀ ਹੈ ਅਤੇ ਮਨਭਾਉਣੀ ਹੈ, ਇਹੋ ਜਿਹੇ ਮੈਂ ਗੀਤ ਗਾ ਸਕਦਾ ਹਾਂ। ਉਹ ਕਿਹੜਾ ਵੇਲਾ ਸੀ, ਕਿਹੜਾ ਸਮਾਂ ਸੀ, ਕਿਹੜੀ ਤਾਰੀਖ ਸੀ, ਕਿਹੜਾ ਦਿਨ ਸੀ, ਕਿਹੜੀ ਰੁੱਤ ਸੀ, ਕਿਹੜਾ ਮਹੀਨਾ ਸੀ, ਜਦ ਤੁਸੀਂ ਆਕਾਰ ਲਿਆ? ਪੰਡਿਤਾਂ ਨੂੰ ਉਸ ਦਾ ਪਤਾ ਨਹੀਂ ਸੀ। ਜੇਕਰ ਹੁੰਦਾ ਤਾਂ ਉਹ ਪੁਰਾਣਾਂ ਵਿੱਚ ਜ਼ਰੂਰ ਲਿਖ ਦਿੰਦੇ ਅਤੇ ਕਾਜ਼ੀਆਂ ਨੂੰ ਵੀ ਉਸ ਦਾ ਪਤਾ ਨਹੀਂ ਸੀ, ਹੁੰਦਾ ਤਾਂ ਉਹ ਕੁਰਾਨ ਵਿੱਚ ਜ਼ਰੂਰ ਲਿਖ ਦਿੰਦੇ। ਤਾਰੀਖ ਅਤੇ ਦਿਨ ਜੋਗੀ ਵੀ ਨਹੀਂ ਜਾਣਦੇ ਕਿ ਕਦੋਂ ਤੂੰ ਨਿਰੰਕਾਰ ਤੋਂ ਆਕਾਰ ਬਣਿਆ। ਕਦੋਂ ਤੂੰ ਨਿਰਗੁਣ ਤੋਂ ਸਰਗੁਣ ਬਣਿਆ, ਕਦੋਂ ਤੂੰ ਨਿਰਾਕਾਰ ਤੋਂ ਆਕਾਰ ਬਣਿਆ। ਕਦੋਂ ਤੂੰ ਨਿਰਗੁਣ ਤੋਂ ਸਰਗੁਣ ਬਣਿਆ, ਕਦੋਂ ਤੂੰ ਸੰਘਣਾ ਹੋਇਆ? ਕਦੋਂ ਤੋਂ ਸੰਸਾਰ ਬਣਿਆ? ਕਿਸੇ ਨੂੰ ਕੁਝ ਪਤਾ ਨਹੀਂ। ਤੈਥੋਂ ਸਿਵਾਏ ਹੋਰ ਕਿਸੇ ਨੂੰ ਪਤਾ ਹੋ ਵੀ ਨਹੀਂ ਸਕਦਾ। ਜਿਹੜਾ ਕਰਤਾ ਸ੍ਰਿਸ਼ਟੀ ਨੂੰ ਜਾਣਦਾ ਹੈ ਉਹ ਹੀ ਸਭ ਜਾਣਦਾ ਹੈ।"

ਅਤੇ ਮੈਂ ਤਾਂ ਬਿਲਕੁਲ ਗੁਣਹੀਣ ਹਾਂ। ਪੰਡਿਤ ਨਹੀਂ ਜਾਣਦੇ, ਕਾਜ਼ੀ ਨਹੀਂ ਜਾਣਦੇ, ਸ਼ਾਸਤ੍ਰਾਂ 'ਚ ਤੇਰੀ ਕੋਈ ਖੋਜ-ਖਬਰ ਨਹੀਂ ਮਿਲਦੀ। ਕੌਣ ਹੈ ਤੂੰ, ਕਿਥੇ ਹੈ ਤੂੰ, ਕਿਹੋ ਜਿਹਾ ਰੂਪ ਰੱਖਿਆ, ਕਿਵੇਂ ਤੂੰ ਆਕਾਰਿਤ ਹੋਇਆ, ਕਿਵੇਂ ਇਹ ਸ੍ਰਿਸਟੀ ਨਿਰਮਿਤ ਹੋਈ। ਗਿਆਨੀਆਂ ਨੂੰ ਇਹ ਪਤਾ ਨਹੀਂ, ਮੈਂ ਤਾਂ ਅਗਿਆਨੀ ਹਾਂ, ਮੈਂ ਕੀ

ਕਰ ਸਕਦਾ ਹਾਂ?

ਭਗਤ, ਕੀ ਹੈ ਇਸਦੀ ਚਿੰਤਾ ਨਹੀਂ ਕਰਦਾ। ਗਿਆਨੀ ਇਸਦੀ ਫ਼ਿਕਰ ਕਰਦਾ ਹੈ। ਕਿ ਕੀ ਹੈ ਇਸ ਦਾ ਪਤਾ ਕਰਨਾ ਚਾਹੀਦਾ। ਗਿਆਨੀ ਪਰਮਾਤਮਾ ਨੂੰ ਉਘਾੜ-ਉਘਾੜ ਕੇ ਲੱਭਣ ਦੀ ਕੋਸ਼ਿਸ਼ ਕਰਦਾ ਹੈ। ਭਗਤ ਕੇਵਲ ਅਹੋਭਾਵ ਵਿੱਚ ਆਨੰਦਿਤ ਹੈ। ਉਹ ਕਹਿੰਦਾ ਹੈ ਕਿਵੇਂ ਪਤਾ ਲੱਗੇਗਾ? ਤੇਰੇ ਤੋਂ ਸਿਵਾਏ ਕਿਸ ਨੂੰ ਪਤਾ ਹੋ ਸਕਦਾ ਹੈ ਕਿ ਇਹ ਸਾਰਾ ਕੁਝ ਕਿਵੇਂ ਹੋਇਆ? ਤੂੰ ਹੀ ਜਾਣਦਾ ਹੈਂ। ਬਾਕੀ ਸਾਰੇ ਜਾਨਣ ਵਾਲੇ ਨਾਸਮਝੀ ਵਿੱਚ ਹਨ। ਇਸ ਲਈ ਭਗਤ ਜਾਨਣ ਦਾ ਕੋਈ ਦਾਅਵਾ ਨਹੀਂ ਕਰਦਾ। ਭਗਤ ਦਾ ਦਾਅਵਾ ਤਾਂ ਸਿਰਫ਼ ਪ੍ਰੇਮ ਦਾ ਹੈ ਅਤੇ ਧਿਆਨ ਰੱਖਣਾ, ਗਿਆਨ ਦਾ ਦਾਅਵਾ ਹੰਕਾਰ ਦਾ ਦਾਅਵਾ ਹੈ। ਪ੍ਰੇਮ ਦਾ ਦਾਅਵਾ ਨਿਰ-ਹੰਕਾਰ ਦਾ ਦਾਅਵਾ ਹੈ।

ਨਾਨਕ ਕਹਿੰਦੇ ਹਨ, ਤੂੰ ਹੀ ਜਾਣਦਾ ਹੈਂ। ਪਰ ਮੈਂ ਤੈਨੂੰ ਕਿਸ ਤਰ੍ਹਾਂ ਸੰਬੋਧਿਤ ਕਰਾਂ? ਮੈਨੂੰ ਤਾਂ ਠੀਕ ਤਰ੍ਹਾਂ ਬੁਲਾਉਣਾ ਵੀ ਨਹੀਂ ਆਉਂਦਾ ਹੈ। ਕਿਹੜੇ ਸ਼ਬਦਾਂ ਦੀ ਵਰਤੋਂ ਕਰਾਂ ਕਿ ਭੁੱਲ ਨਾ ਹੋ ਜਾਏ? ਕਿਹੜੇ ਸੰਬੰਧ ਠੀਕ ਹੋਣਗੇ, ਕਿਹੜੇ ਸੰਬੋਧਨ ਠੀਕ ਹੋਣਗੇ, ਕਿਹੜੇ ਸ਼ਬਦ ਤੇਰੇ ਯੋਗ ਹਨ? ਮੈਨੂੰ ਕੁਝ ਵੀ ਪਤਾ ਨਹੀਂ ਹੈ। ਕਿਸ ਤਰ੍ਹਾਂ ਤੇਰਾ ਬਖਾਨ ਕਰਾਂ? ਕਿਵੇਂ ਤੈਨੂੰ ਜਾਣਾਂ? ਨਾਨਕ ਕਹਿੰਦੇ ਹਨ। ਵਰਣਨ ਕਰਨ ਲਈ ਸਾਰੇ ਇੱਕ ਤੋਂ ਇੱਕ ਵਧ ਕੇ ਸਿਆਣੇ ਲੋਕ ਉਸ ਦਾ ਵਰਣਨ ਕਰਦੇ ਹਨ। ਇਹੋ ਜਿਹੇ ਵਰਣਨ ਤਾਂ ਮੈਂ ਸੁਣੇ ਹਨ, ਬਹੁਤ ਸਿਆਣੇ ਲੋਕ ਉਸ ਦਾ ਵਰਣਨ ਕਰਦੇ ਹਨ।

ਪਰ ਸਾਰੇ ਵਰਣਨ ਅਧੂਰੇ ਹਨ ਅਤੇ ਅਸਲੀ ਸਿਆਣਾ ਉਹ ਹੀ ਹੈ, ਜਿਸ ਨੇ ਜਾਣ ਲਿਆ ਕਿ ਉਸ ਦਾ ਵਰਣਨ ਨਹੀਂ ਹੋ ਸਕਦਾ। ਉਸ ਨੂੰ ਅਸੀਂ ਕੀ ਕਹਿ ਕੇ ਕਹਿ ਸਕਦੇ ਹਾਂ? ਅਸੀਂ ਜੋ ਵੀ ਕਹਾਂਗੇ, ਛੋਟਾ ਪੈ ਜਾਏਗਾ। ਅਸੀਂ ਜੋ ਵੀ ਕਹਾਂਗੇ, ਉਹ ਤੁੱਛ ਹੋ ਜਾਏਗਾ।

ਨਾਨਕ ਕਹਿੰਦੇ ਹਨ, "ਉਹ ਸਾਹਿਬ ਮਹਾਨ ਹੈ। ਉਸਦਾ ਨਾਉਂ ਮਹਾਨ ਹੈ। ਉਸਦਾ ਕੀਤਾ ਹੀ ਸਭ ਹੁੰਦਾ ਹੈ। ਜਿਹੜਾ ਕੋਈ ਆਪਣੇ ਆਪ ਨੂੰ ਕੁਝ ਸਮਝਦਾ ਹੈ, ਉਹ ਉਸ ਦੇ ਅੱਗੇ ਜਾ ਕੇ ਸ਼ੋਭਾ ਨਹੀਂ ਪਾਉਂਦਾ।"

*ਨਾਨਕ ਜੇ ਕੋ ਆਪੌ ਜਾਣੈ ਅਗੈ ਗਇਆ ਨ ਸੋਹੈ॥*

ਅਤੇ ਜਿਸ ਨੇ ਵੀ ਸੋਚਿਆ ਕਿ ਮੈਂ ਕੁਝ ਹਾਂ, ਉਹ ਉਸ ਨੂੰ ਭੁੱਲ ਜਾਂਦਾ ਹੈ, ਕਿਉਂਕਿ ਇੱਕ ਹੀ ਹੋ ਸਕਦਾ ਹੈ। ਜਾਂ ਤਾਂ ਉਹ ਜਾਂ ਤੁਸੀਂ। ਜਾਂ ਤਾਂ ਮੈਂ, ਜਾਂ ਉਹ। ਉਸ ਜਗਤ ਵਿੱਚ ਉਸ ਧਿਆਨ ਵਿੱਚ ਦੋ ਤਲਵਾਰਾਂ ਨਹੀਂ ਸਮਾ ਸਕਦੀਆਂ।

ਰੂਮੀ ਦੀ ਬਹੁਤ ਪ੍ਰਸਿੱਧ ਕਵਿਤਾ ਹੈ। ਪ੍ਰੇਮੀ ਨੇ ਦਰਵਾਜ਼ੇ ਤੇ ਦਸਤਕ ਦਿੱਤੀ।

ਅੰਦਰੋਂ ਪਿਆਰੀ ਨੇ ਪੁੱਛਿਆ, ''ਕੌਣ?'' ਤਾਂ ਉਸਨੇ ਕਿਹਾ, ''ਮੈਂ ਹਾਂ, ਦਰਵਾਜ਼ਾ ਖੋਲ੍ਹੋ!'' ਪਰ ਅੰਦਰ ਖਾਮੋਸ਼ੀ ਛਾ ਗਈ। ਉਸ ਨੇ ਬਾਰ-ਬਾਰ ਦਸਤਕ ਦਿੱਤੀ ਅਤੇ ਕਿਹਾ, ''ਮੈਂ ਹਾਂ ਤੇਰਾ ਪ੍ਰੇਮੀ। ਦਰਵਾਜ਼ਾ ਖੋਲ੍ਹੋ।'' ਅੰਦਰੋਂ ਆਖਿਰ ਆਵਾਜ਼ ਆਈ, ਕਿ ਇਸ ਘਰ ਵਿੱਚ ਦੋ ਨਹੀਂ ਸਮਾ ਸਕਣਗੇ। ਇਹ ਘਰ ਪ੍ਰੇਮ ਦਾ ਹੈ। ਦੋਹਾਂ ਨੂੰ ਨਹੀਂ ਸੰਭਾਲ ਸਕੇਗਾ। ਅਤੇ ਫਿਰ ਸੁੰਨਸਾਨ ਹੋ ਗਿਆ।

ਪ੍ਰੇਮੀ ਪਰਤ ਗਿਆ। ਵਰ੍ਹਿਆਂ ਤੱਕ ਭਟਕਦਾ ਰਿਹਾ ਜੰਗਲਾਂ 'ਚ, ਤਪੱਸਿਆ ਕੀਤੀ, ਸਾਧਨਾ ਕੀਤੀ, ਪ੍ਰਾਰਥਨਾ ਕੀਤੀ, ਪੂਜਾ-ਅਰਚਨਾ ਕੀਤੀ। ਵ੍ਰਤ ਕੀਤੇ। ਸ਼ੁੱਧ ਕੀਤਾ ਆਪਣੇ ਆਪ ਨੂੰ। ਚਿੱਤ ਨੂੰ ਨਿਖਾਰਿਆ। ਬਹੁਤਾ ਜਾਗਰੂਕ ਹੋਇਆ। ਹਾਲਾਤ ਨੂੰ ਸਮਝਿਆ। ਫਿਰ ਅਨੇਕ-ਅਨੇਕ ਵਰ੍ਹਿਆ ਪਿਛੋਂ ਮੁੜ ਪਰਤਿਆ। ਉਸੇ ਦਰਵਾਜ਼ੇ ਉਤੇ ਫਿਰ ਦਸਤਕ ਦਿੱਤੀ। ਅੰਦਰੋਂ ਉਹ ਹੀ ਸੁਆਲ, ''ਕੌਣ ਹੈ?'' ਪਰ ਇਸ ਵਾਰੀ ਜਵਾਬ ਬਦਲ ਗਿਆ। ਇਸ ਵਾਰ ਬਾਹਰੋਂ ਆਵਾਜ਼ ਆਈ ''ਤੂੰ ਹੀ ਹੈਂ।'' ਅਤੇ ਰੂਮੀ ਕਹਿੰਦਾ ਹੈ, ਦਰਵਾਜ਼ਾ ਖੁੱਲ੍ਹ ਗਿਆ।

ਪਰਮਾਤਮਾ ਦੇ ਦਰ ਤੇ ਤੁਸੀਂ ਜੇਕਰ ਕੁਝ ਹੋ ਕੇ ਗਏ, ਕੁਝ ਵੀ! ਪੁੰਨ ਆਤਮਾ, ਸੰਨਿਆਸੀ, ਗਿਆਨੀ, ਪੰਡਿਤ, ਕੁਝ ਵੀ ਹੋ ਕੇ ਤੁਸੀਂ ਗਏ ਕਿ ਤੁਸੀਂ ਭੁੱਲ ਜਾਓਗੇ। ਉਹ ਦਰਵਾਜ਼ਾ ਉਨ੍ਹਾਂ ਲਈ ਹੀ ਖੁੱਲ੍ਹਦਾ ਹੈ, ਜਿਹੜੇ ਨਾ ਕੁਝ ਹੋ ਕੇ ਜਾਂਦੇ ਹਨ। ਪ੍ਰੇਮ ਦਾ ਦਰ ਉਨ੍ਹਾਂ ਲਈ ਹੀ ਖੁੱਲ੍ਹਦਾ ਹੈ, ਜਿਹੜੇ ਆਪਣੇ ਆਪ ਨੂੰ ਮਿਟਾ ਕੇ ਜਾਂਦੇ ਹਨ।

ਸਾਧਾਰਣ ਜੀਵਨ ਵਿੱਚ ਵੀ ਪ੍ਰੇਮ ਤਦ ਹੀ ਖੁੱਲ੍ਹਦਾ ਹੈ ਜਦ ਤੁਸੀਂ ਗੁਆਚ ਜਾਂਦੇ ਹੋ। ਜਦ ਤੁਸੀਂ ਡੁੱਬ ਜਾਂਦੇ ਹੋ। ਜਦ ਮੈਂ ਦੀ ਆਵਾਜ਼ ਬੰਦ ਹੋ ਜਾਂਦੀ ਹੈ ਤੇ ਜਦ 'ਮੈਂ' ਨਾਲੋਂ ਵੀ ਮਹੱਤਵਪੂਰਣ 'ਤੂੰ' ਹੋ ਜਾਂਦਾ ਹੈ। ਅਤੇ 'ਤੂੰ' ਹੀ ਜਦ ਤੁਹਾਡਾ ਜੀਵਨ ਹੋ ਜਾਂਦਾ ਹੈ। ਤੁਸੀਂ ਆਪਣੇ ਆਪ ਨੂੰ ਮਿਟਾ ਸਕਦੇ ਹੋ, ਪ੍ਰੇਮੀ ਲਈ, ਪ੍ਰੇਮਿਕਾ ਦੇ ਲਈ, ਆਨੰਦ ਭਾਵ ਨਾਲ ਤੁਸੀਂ ਮੌਤ ਵਿੱਚ ਉਤਰ ਸਕਦੇ ਹੋ। ਤਦ ਹੀ ਪ੍ਰੇਮ ਖਿੜਦਾ ਹੈ, ਜਦ ਸਾਧਾਰਣ ਜੀਵਨ ਵਿੱਚ ਪ੍ਰੇਮ ਖਿੜਦਾ ਹੈ, ਤਦ ਵੀ ਉਹ ਹੀ ਝਲਕ ਆਉਂਦੀ ਹੈ ਕਿ ਇੱਕ ਹੀ ਰਹਿ ਜਾਂਦਾ ਹੈ, ਦੋ ਮਿਟ ਜਾਂਦੇ ਹਨ।

ਪਰ ਜਦੋਂ ਉਸ ਪਰਮ ਪ੍ਰੇਮ ਦਾ ਉਦੇ ਹੁੰਦਾ ਹੈ। ਤਦ ਤਾਂ ਨਿਸ਼ਚਿਤ ਹੀ ਤੁਹਾਡੀ ਰੂਪ- ਰੇਖਾ ਬਚਣੀ ਨਹੀਂ ਚਾਹੀਦੀ। ਤੁਹਾਡਾ ਨਾਂ-ਠਿਕਾਣਾ ਵੀ ਨਹੀਂ ਬਚਣਾ ਚਾਹੀਦਾ। ਤੁਸੀਂ ਬਿਲਕੁਲ ਹੀ ਮਿਟੋਗੇ। ਤਦ ਹੀ ਹੋ ਸਕੋਗੇ। ਜੀਸਸ ਦਾ ਵਚਨ ਹੈ, ਜਿਹੜੇ ਆਪਣੇ ਆਪ ਨੂੰ ਬਚਾਉਣਗੇ ਉਹ ਗੁਆਚ ਜਾਣਗੇ। ਉਥੇ ਤਾਂ ਮਿਟਣ ਵਾਲਾ ਸਭ ਕੁਝ ਪਾ ਲੈਂਦਾ ਹੈ ਅਤੇ ਬਚਾਉਣ ਵਾਲਾ ਸਭ ਕੁਝ ਗੁਆ ਦਿੰਦਾ ਹੈ।

ਕਹਿੰਦੇ ਹਨ ਨਾਨਕ, ਜਿਹੜਾ ਕੋਈ ਆਪਣੇ ਆਪ ਨੂੰ ਕੁਝ ਸਮਝਦਾ ਹੈ, ਉਹ

ਉਸ ਦੇ ਅੱਗੇ ਜਾ ਕੇ ਸ਼ੋਭਾ ਨਹੀਂ ਪਾਉਂਦਾ। ਸੱਚ ਤਾਂ ਇਹ ਹੈ, ਉਹ ਉਸ ਦੇ ਅੱਗੇ ਪੁੱਜ ਹੀ ਨਹੀਂ ਸਕਦਾ। ਕਿਉਂਕਿ ਜਿਸ ਦੀਆਂ ਅੱਖਾਂ 'ਚ ਆਕੜ ਹੈ, ਉਸ ਦੀਆਂ ਅੱਖਾਂ ਅਨ੍ਹੀਆਂ ਹਨ ਅਤੇ ਜਿਸ ਦੇ ਹਿਰਦੇ 'ਚ ਖ਼ਿਆਲ ਹੈ, ਮੈਂ ਕੁਝ ਹਾਂ ਉਸਦੀ ਹੋਂਦ ਬੋਲੀ ਹੈ। ਜੜ ਹੈ। ਉਹ ਮਰਿਆ ਹੀ ਹੋਇਆ ਹੈ। ਉਹ ਪਰਮਾਤਮਾ ਦੇ ਸਾਹਮਣੇ ਆ ਹੀ ਨਹੀਂ ਸਕਦਾ। ਪਰਮਾਤਮਾ ਤਾਂ ਸਦਾ ਤੁਹਾਡੇ ਸਾਹਮਣੇ ਹੈ। ਲੇਕਿਨ ਜਦ ਤੱਕ ਤੁਸੀਂ ਹੋ, ਤੁਸੀਂ ਉਸਨੂੰ ਨਾ ਵੇਖ ਸਕੋਗੇ, ਕਿਉਂਕਿ ਤੁਸੀਂ ਹੀ ਵਿਘਨ ਹੋ। ਜਿਵੇਂ ਹੀ ਵਿਘਨ ਭੈਅ ਪੈਂਦੇ ਨੇ, ਤੁਹਾਡੀਆਂ ਅੱਖਾਂ ਨਿਰਮਲ ਹੋ ਕੇ ਖੁਲ੍ਹਦੀਆਂ ਹਨ। ਬਿਨਾਂ ਕਿਸੇ ਭਾਵ ਦੇ, ਕਿ ਮੈਂ ਹਾਂ। ਤੁਸੀਂ ਬਿਲਕੁਲ ਨਾ-ਕੁਝ ਦੀ ਤਰ੍ਹਾਂ ਹੁੰਦੇ ਹੋ। ਕਿ ਸ਼ੂਨਯ! ਉਸ ਸ਼ੂਨਯ ਵਿੱਚ ਉਹ ਝੱਟ-ਪੱਟ ਪ੍ਰਵੇਸ਼ ਕਰ ਜਾਂਦਾ ਹੈ।

ਕਬੀਰ ਨੇ ਕਿਹਾ ਹੈ, "ਸ਼ੂਨੇ ਕਾ ਘਰ ਪਾਹੇਣਾ (ਮੈਹਮਾਨ)"

ਜਿਵੇਂ ਹੀ ਤੁਸੀਂ ਸ਼ੂਨਯ ਹੋਏ, ਉਸ ਅਤਿਥੀ (ਪਰਾਹੁਣਾ) ਆ ਜਾਂਦਾ ਹੈ। ਜਦ ਤੱਕ ਤੁਸੀਂ ਆਪਣੇ ਆਪ ਨਾਲ ਭਰੇ ਹੋ, ਤੁਸੀਂ ਉਸਨੂੰ ਭੁੱਲਦੇ ਰਹੋਗੇ। ਜਿਸ ਦਿਨ ਤੁਸੀਂ ਖਾਲੀ ਹੋਵੋਗੇ, ਉਹ ਤੁਹਾਨੂੰ ਭਰ ਦੇਂਦਾ ਹੈ।

ਅੱਜ ਏਨਾ ਹੀ।

# ਆਪੇ ਜਾਣੈ ਆਪੁ

ਪਾਤਾਲਾ ਪਾਤਾਲ ਲਖ ਆਗਾਸਾ ਆਗਾਸ॥
ਓੜਕ ਓੜਕ ਭਾਲਿ ਥਕੇ ਵੇਦ ਕਹਨਿ ਇਕ ਵਾਤ॥
ਸਹਸ ਅਠਾਰਹ ਕਹਨਿ ਕਤੇਬਾ ਅਸੁਲੂ ਇਕੁ ਧਾਤੁ॥
ਲੇਖਾ ਹੋਇ ਤ ਲਿਖੀਐ ਲੇਖੈ ਹੋਇ ਵਿਣਾਸੁ॥
ਨਾਨਕ ਵਡਾ ਆਖੀਐ ਆਪੇ ਜਾਣੈ ਆਪੁ॥ ੨੨॥

ਸਾਲਾਹੀ ਸਾਲਾਹਿ ਏਤੀ ਸੁਰਤਿ ਨ ਪਾਈਆ॥
ਨਦੀਆ ਅਤੈ ਵਾਹ ਪਵਹਿ ਸਮੁੰਦਿ ਨ ਜਾਣੀਅਹਿ॥
ਸਮੁੰਦ ਸਾਹ ਸੁਲਤਾਨ ਗਿਰਹਾ ਸੇਤੀ ਮਾਲੁ ਧਨੁ॥
ਕੀੜੀ ਤੁਲਿ ਨ ਹੋਵਨੀ ਜੇ ਤਿਸੁ ਮਨਹੁ ਨ ਵੀਸਰਹਿ॥ ੨੩॥

ਇੱਕ ਵਿਗਿਆਨਕ ਪ੍ਰਯੋਗਸ਼ਾਲਾ ਵਿੱਚ ਇੱਕ ਬਹੁਤ ਅਨੋਖੀ ਘਟਨਾ ਵਾਪਰੀ। ਉਸ ਪ੍ਰਯੋਗਸ਼ਾਲਾ ਵਿੱਚ ਸਭ ਤਰ੍ਹਾਂ ਦੇ ਜ਼ਹਿਰ, ਪਾਯਜ਼ਨ ਮੌਜੂਦ ਸਨ। ਉਨ੍ਹਾਂ ਦਾ ਅਧਿਐਨ, (ਪੜ੍ਹਾਈ) ਉਸ ਪ੍ਰਯੋਗਸ਼ਾਲਾ ਦਾ ਲਕਸ਼ ਸੀ। ਫ਼ਿਰ ਉਸ ਪ੍ਰਯੋਗਸ਼ਾਲਾ ਵਿੱਚ ਚੂਹੇ ਬਹੁਤ ਵਧ ਗਏ। ਉਨ੍ਹਾਂ ਚੂਹਿਆਂ ਨੂੰ ਮਾਰਨ ਦੇ ਬਹੁਤ ਉਪਾਅ ਕੀਤੇ। ਪਰ ਮਾਰਨਾ ਆਸਾਨ ਨਾ ਹੋਇਆ, ਕਿਉਂਕਿ ਜਿਹੜਾ ਵੀ ਜ਼ਹਿਰ ਪਾਇਆ ਜਾਂਦਾ, ਚੂਹੇ ਉਸ ਨੂੰ ਖਾਣ ਲਈ ਪਹਿਲਾਂ ਤੋਂ ਹੀ ਆਦੀ ਸਨ। ਚੂਹੇ ਵੀ ਇਮਯੂਨ ਹੋ ਗਏ ਸੀ। ਪ੍ਰਯੋਗਸ਼ਾਲਾ ਵਿੱਚ ਜ਼ਹਿਰ ਹੀ ਜ਼ਹਿਰ ਸੀ। ਜ਼ਹਿਰ ਪਾਇਆ ਜਾਂਦਾ, ਚੂਹੇ ਮਰਦੇ ਤਾਂ ਨਹੀਂ, ਜ਼ਹਿਰ ਖਾ ਲੈਂਦੇ। ਉਸਨੂੰ ਭੋਜਨ ਬਣਾ ਲੈਂਦੇ।

ਤਦ ਕਿਸੇ ਨੇ ਸਲਾਹ ਦਿੱਤੀ ਕਿ ਪੁਰਾਣਾ ਹੀ ਰਸਤਾ ਅਖਤਿਆਰ ਕਰਨਾ ਠੀਕ ਹੈ। ਚੂਹੇ ਫੜਣ ਦਾ ਜਿਹੜਾ ਪੁਰਾਣਾ ਤਰੀਕਾ ਹੈ, ਚੂਹੇ ਦੀ ਜਾਲੀ, ਉਸੇ ਵਿੱਚ ਉਸਨੂੰ ਫਸਾਉਣਾ ਠੀਕ ਹੋਏਗਾ। ਚੂਹਿਆਂ ਦੇ ਪਿੰਜਰੇ ਲਿਆਂਦੇ ਗਏ, ਉਨ੍ਹਾਂ ਵਿੱਚ ਚੀਜ਼ ਦੇ ਤੇ ਰੋਟੀ ਦੇ ਟੁਕੜੇ ਰੱਖ ਦਿੱਤੇ ਗਏ, ਪਰ ਚੂਹਿਆਂ ਨੇ ਕੋਈ ਧਿਆਨ ਹੀ ਨਾ ਦਿੱਤਾ। ਉਹ ਜ਼ਹਿਰ ਖਾਣ ਦੇ ਏਨੀ ਆਦੀ ਹੋ ਗਏ ਸੀ, ਕਿ ਰੋਟੀ ਤੇ ਚੀਜ਼ ਉਨ੍ਹਾਂ ਨੂੰ ਜਚੀਆਂ ਹੀ ਨਹੀਂ। ਇੱਕ ਵੀ ਚੂਹਾ ਨਾ ਫਸਿਆ।

ਤਦ ਕਿਸੇ ਨੇ ਸਲਾਹ ਦਿੱਤੀ ਕਿ ਹੁਣ ਇੱਕ ਹੀ ਉਪਾਅ ਹੈ ਕਿ ਚੀਜ਼ ਅਤੇ ਰੋਟੀ ਦੇ ਉਤੇ ਜ਼ਹਿਰ ਦੀ ਪਰਤ ਲੱਗਾ ਦਿਓ, ਤਦ ਹੀ ਇਹ ਚੂਹੇ ਜਾਲ ਵਿੱਚ ਫਸਣਗੇ। ਇਹੀ ਕੀਤਾ ਗਿਆ ਅਤੇ ਰਸਤਾ ਕਾਮਯਾਬ ਸਿੱਧ ਹੋਇਆ। ਚੀਜ਼ ਅਤੇ ਰੋਟੀ ਦੇ ਟੁਕੜਿਆਂ ਤੇ ਜ਼ਹਿਰ ਲੱਗਾ ਦਿੱਤਾ ਗਿਆ। ਜ਼ਹਿਰ ਦੇ ਕਾਰਣ ਚੂਹੇ ਜਾਲ ਦੇ ਅੰਦਰ ਗਏ ਅਤੇ ਫਸ ਗਏ।

ਕਹਾਣੀ ਬਹੁਤ ਅਜੀਬ ਲੱਗਦੀ ਹੈ, ਪਰ ਸੱਚ ਹੈ। ਅਜਿਹਾ ਇੱਕ ਪ੍ਰਯੋਗਸ਼ਾਲਾ ਵਿੱਚ ਹੋਇਆ। ਆਦਮੀ ਦੀ ਹਾਲਤ ਵੀ ਕਰੀਬ-ਕਰੀਬ ਇਸੇ ਤਰ੍ਹਾਂ ਦੀ ਹੈ। ਮਨੁੱਖ ਅੱਖਰਾਂ ਦਾ ਏਨਾ ਆਦੀ ਹੋ ਗਿਆ ਹੈ ਕਿ ਜੇਕਰ ਮੌਨ ਵੀ ਉਸ ਨੂੰ ਸਮਝਾਉਣਾ ਹੋਵੇ, ਤਾਂ ਅੱਖਰਾਂ ਵਿੱਚ ਹੀ ਸਮਝਾਉਣਾ ਪੈਂਦਾ ਹੈ। ਭੋਜਨ ਦੇਣਾ ਹੋਵੇ, ਤਾਂ ਵੀ ਜ਼ਹਿਰ 'ਚ ਲਪੇਟਣਾ ਪੈਂਦਾ ਹੈ ਅਤੇ ਮੌਨ ਵੀ ਸਮਝਾਉਣਾ ਹੋਵੇ ਤਾਂ ਸ਼ਬਦਾਂ ਵਿੱਚ ਲਪੇਟਣਾ ਪੈਂਦਾ ਹੈ।

ਅਨੰਤ ਵੱਲ ਇਸ਼ਾਰਾ ਕਰਨਾ ਹੋਵੇ, ਤਾਂ ਵੀ ਤੁੱਛ ਅੱਖਰਾਂ ਦੀ ਵਰਤੋਂ ਕਰਨੀ ਪੈਂਦੀ ਹੈ। ਸ਼ੂਨਯ 'ਚ ਲੈ ਜਾਣਾ ਹੋਵੇ, ਤਾਂ ਵੀ ਅੱਖਰ ਹੀ ਵਰਤਣਾ ਪੈਂਦਾ ਹੈ। ਸਾਗਰ ਦੀ ਗੱਲ ਕਹਿਣੀ ਹੋਵੇ ਤਾਂ ਵੀ ਬੂੰਦ ਦੀ ਵਰਤੋਂ ਕਰਨੀ ਪੈਂਦੀ ਹੈ। ਹੁਣ ਬੂੰਦ ਦੀ ਚਰਚਾ

ਨਾਲ ਸਾਗਰ ਵੱਲ ਕੋਈ ਇਸ਼ਾਰਾ ਨਹੀਂ ਜਾਂਦਾ। ਜਾ ਵੀ ਨਹੀਂ ਸਕਦਾ। ਕਿੱਥੇ ਬੂੰਦ, ਕਿੱਥੇ ਸਾਗਰ! ਕਿੱਥੇ ਅੱਖਰ, ਕਿੱਥੇ ਸ਼ੂਨਯ! ਕਿਥੇ ਤੁੱਛ ਮਨੁੱਖ ਦੀ ਬੁੱਧੀ ਅਤੇ ਅਮਾਪ ਵਿਸਤਾਰ ਆਕਾਸ਼ ਹੀ ਆਕਾਸ਼, ਪਾਤਾਲ ਹੀ ਪਾਤਾਲ—ਜਿਹੜਾ ਕਿਤੇ ਖ਼ਤਮ ਨਹੀਂ ਹੁੰਦਾ।

ਪਰ ਉਨ੍ਹਾਂ ਦਾ ਲੇਖਾ-ਜੋਖਾ ਵੀ ਬਹੁਤ ਛੋਟੀ ਜਿਹੀ ਬੁੱਧੀ ਵਿੱਚ ਬਨਣਾ ਪੈਂਦਾ ਹੈ ਕਿਉਂਕਿ ਆਦਮੀ ਬੁੱਧੀ ਦਾ ਆਦੀ ਹੋ ਗਿਆ ਹੈ। ਅਸੀਂ ਜਿਹੜੀ ਗੱਲ ਦੇ ਆਦੀ ਹੋ ਜਾਂਦੇ ਹਾਂ, ਉਸ ਤੋਂ ਬਾਹਰ ਜਾਣਾ ਸਭ ਤੋਂ ਔਖੀ ਗੱਲ ਹੈ। ਸਤਯ ਦੂਰ ਨਹੀਂ ਹੈ, ਸਾਡੀਆਂ ਆਦਤਾਂ ਵਿਘਨ ਪਾਉਂਦੀਆਂ ਹਨ। ਸਤਯ ਬਿਲਕੁਲ ਕੋਲ ਹੈ। ਹਿਰਦੇ ਦੀ ਧੜਕਨ ਨਾਲੋਂ ਵੀ ਬਹੁਤਾ ਨੇੜੇ; ਸੁਆਸਾਂ ਨਾਲੋਂ ਵੀ ਬਹੁਤਾ ਕੋਲ; ਤੁਹਾਡੇ ਕੋਲੋਂ ਵੀ, ਪਰਮਾਤਮਾ ਬਹੁਤਾ ਤੁਹਾਡੇ ਨੇੜੇ ਹੈ।

ਪਰ ਆਦਤਾਂ ਦਾ ਇੱਕ ਜਾਲ ਹੈ ਅਤੇ ਆਦਤਾਂ ਵਿਚਾਲੇ ਖਲੋਤੀਆਂ ਹਨ। ਉਨ੍ਹਾਂ ਆਦਤਾਂ ਦੇ ਕਾਰਣ ਵੇਖਣਾ ਮੁਸ਼ਕਿਲ ਹੋ ਜਾਂਦਾ ਹੈ। ਆਦਤ ਹੀ ਤਾਂ ਤੁਹਾਡਾ ਮਨ ਹੈ। ਇਸ ਲਈ ਸਾਰਿਆਂ ਸੰਤਾਂ ਦੀ ਇਕੋ ਹੀ ਕੋਸ਼ਿਸ਼ ਹੈ, ਕਿਸੇ ਤਰ੍ਹਾਂ ਮਨ ਛੁਟ ਜਾਏ! ਕਿਸੇ ਤਰ੍ਹਾਂ ਤੁਸੀਂ ਉਨਮਨ ਹੋ ਜਾਓ! ਕਿਸੇ ਤਰ੍ਹਾਂ **No-mind** ਦੀ ਅਵਸਥਾ ਆ ਜਾਏ।

ਜਿਵੇਂ ਹੀ ਮਨ ਛੁਟਿਆ, ਤਿਵੇਂ ਹੀ ਕੰਢਾ ਛੁਟ ਗਿਆ। ਤੁਸੀਂ ਸਾਗਰ ਵਿੱਚ ਉਤਰ ਗਏ। ਹੋਰ ਦੂਜਾ ਕੋਈ ਰਾਹ ਨਹੀਂ ਹੈ ਸਾਗਰ ਨੂੰ ਜਾਨਣ ਦਾ। ਸਾਗਰ ਹੀ ਹੋਣਾ ਪਵੇਗਾ। ਉਸ ਤੋਂ ਘੱਟ ਵਿੱਚ ਕੰਮ ਨਹੀਂ ਚਲੇਗਾ। ਕੰਢੇ ਉਤੇ ਖੜ੍ਹੇ ਹੋ ਹੋ ਕੇ ਤੁਸੀਂ ਕਿੰਨੀ ਹੀ ਸਾਗਰ ਦੀ ਚਰਚਾ ਕਰੋ, ਤੁਸੀਂ ਕਿੰਨੇ ਹੀ ਸਾਗਰ ਦੇ ਬਖਾਨ ਕਰੋ, ਸਭ ਵਿਅਰਥ ਹੈ। ਤੁਸੀਂ ਕੰਢੇ ਉਤੇ ਖਲੋਤੇ ਹੋ, ਇਹ ਹੀ ਦੱਸ ਰਿਹਾ ਹੈ ਕਿ ਤੁਹਾਡੀ ਪਛਾਣ ਸਾਗਰ ਨਾਲ ਨਹੀਂ ਹੋਈ। ਕਿਉਂਕਿ ਜਿਸ ਨੇ ਸਾਗਰ ਨੂੰ ਪਛਾਣ ਲਿਆ ਉਹ ਕਿਉਂ ਕੰਢੇ ਤੇ ਖਲੋਤਾ ਰਹੇਗਾ? ਜਿਸ ਨੂੰ ਉਸ ਅਨੰਤ ਦੀ ਪਛਾਣ ਆ ਗਈ ਉਹ ਕਿਉਂ ਰੁਕੇਗਾ ਕੰਢੇ ਉਤੇ? ਫ਼ਿਰ ਉਸਨੂੰ ਕਿਹੜੀ ਸ਼ਕਤੀ ਕੰਢੇ ਉਤੇ ਰੋਕ ਸਕੇਗੀ? ਅਨੰਤ ਦਾ ਖਿਚਾਓ ਉਸਨੂੰ ਖਿੱਚ ਲਵੇਗਾ। ਉਸ ਕੋਲੋਂ ਵੱਡੀ ਕੋਈ ਚੁੰਬਕ ਸ਼ਕਤੀ ਨਹੀਂ ਹੈ। ਫ਼ਿਰ ਸਾਰੇ ਆਕਰਸ਼ਣ ਟੁੱਟ ਜਾਣਗੇ। ਅਨੰਤ ਉਸਨੂੰ ਖਿੱਚ ਲਵੇਗਾ।

ਪਰ ਅਸੀਂ ਚਰਚਾ ਕਰ ਰਹੇ ਹਾਂ। ਘਰਾਂ ਦੇ ਅੰਦਰ ਬੰਦ, ਖੁੱਲ੍ਹੇ ਆਕਾਸ਼ ਦੀ ਗੱਲ ਕਰ ਰਹੇ ਹਾਂ। ਆਪਣੇ-ਆਪਣੇ ਪਿੰਜਰਿਆਂ 'ਚ ਬੰਦ, ਸੁਤੰਤਰਤਾ ਦੀ ਚਰਚਾ ਕਰ ਰਹੇ ਹਾਂ। ਆਪਣੇ-ਆਪਣੇ ਸ਼ਬਦਾਂ ਵਿੱਚ ਬੰਦ ਨਿਰਾਕਾਰ ਦਾ ਬਖਾਨ ਕਰ ਰਹੇ ਹਾਂ।

ਨਾਨਕ ਦੇ ਇਹ ਸੂਤਰ ਬਹੁਤ ਕੀਮਤੀ ਹਨ। ਇਨ੍ਹਾਂ ਨੂੰ ਸਮਝਣ ਦੀ ਕੋਸ਼ਿਸ਼ ਕਰੋ। ਕਹਿੰਦੇ ਹਨ ਨਾਨਕ—

'ਪਾਤਾਲਾ ਪਾਤਾਲ ਲਖ ਆਗਾਸਾ ਆਗਾਸ ॥'

ਆਕਾਸ਼ ਹੀ ਆਕਾਸ਼ ਹੈ। ਇੱਕ ਹੀ ਆਕਾਸ਼ ਅਨੰਤ ਹੋ ਜਾਂਦਾ ਹੈ, ਕਿਉਂਕਿ ਆਕਾਸ਼ ਦੀ ਕੋਈ ਹੱਦ ਤਾਂ ਹੈ ਨਹੀਂ। ਇੱਕ ਹੀ ਆਕਾਸ਼ ਅਸੀਮ ਹੈ ਅਤੇ ਨਾਨਕ ਕਹਿੰਦੇ ਹਨ ਆਕਾਸ਼ ਹੀ ਆਕਾਸ਼ ਹੈ। ਅਨੰਤਾਨੰਤ!

ਇੱਕ ਹੀ ਅਸੀਮ ਨਹੀਂ ਹੈ। ਇੱਕ ਹੀ ਅਨੰਤ ਨਹੀਂ ਹੈ, ਅਨੰਤ, ਅਨੰਤ ਹੈ। ਆਕਾਸ਼ ਹੀ ਆਕਾਸ਼ ਹੈ। ਜਿੱਥੇ ਵੀ ਤੁਸੀਂ ਜਾਓ, ਉਥੇ ਹੀ ਤੁਸੀਂ ਅਸੀਮ ਨੂੰ ਪਾਓਗੇ। ਜਿਹੜੀ ਵੀ ਦਿਸ਼ਾ ਵਿੱਚ ਵਗੋ, ਉਥੇ ਹੀ ਅਸੀਮ ਨੂੰ ਪਾਓਗੇ। ਜੋ ਵੀ ਤੁਸੀਂ ਛੁਹੋਗੇ, ਉਹ ਹੀ ਅਸੀਮ ਹੈ, ਸਾਰੇ ਪਾਸੇ ਅਸੀਮ ਹੈ।

ਇਸ ਅਸੀਮ ਦੇ ਵਿਚਕਾਰ ਤੁਸੀਂ ਸ਼ਬਦਾਂ ਦੇ ਛੋਟੇ-ਛੋਟੇ ਪਿੰਜਰੇ ਲੈ ਕੇ ਪਰਮਾਤਮਾ ਨੂੰ ਫੜਣ ਦੀ ਕੋਸ਼ਿਸ਼ ਕਰ ਰਹੇ ਹੋ। ਤੁਸੀਂ ਉਸਨੂੰ ਕਿਤਾਬਾਂ ਵਿੱਚ ਬੰਦ ਕਰ ਰਹੇ ਹੋ। ਤੁਸੀਂ ਉਸਨੂੰ ਵੇਦ ਅਤੇ ਕੁਰਾਨ ਵਿੱਚ ਲਿਖਣ ਦੀ ਕੋਸ਼ਿਸ਼ ਕਰ ਰਹੇ ਹੋ। ਇਹ ਇਵੇਂ ਹੀ ਹੈ, ਜਿਵੇਂ ਕੋਈ ਮੁੱਠੀ ਵਿੱਚ ਆਕਾਸ਼ ਨੂੰ ਬੰਦ ਕਰ ਲੈਣਾ ਚਾਹੇ ਅਤੇ ਵੱਡੇ ਮਜ਼ੇ ਦੀ ਗੱਲ ਤਾਂ ਇਹ ਹੈ ਕਿ ਜਦ ਮੁੱਠੀ ਖੁੱਲ੍ਹੀ ਹੁੰਦੀ ਹੈ ਤਾਂ ਆਕਾਸ਼ ਹੁੰਦਾ ਹੈ, ਜਦ ਮੁੱਠੀ ਬੰਦ ਹੁੰਦੀ ਹੈ ਤਦ ਜੋ ਹੁੰਦਾ ਹੈ ਉਹ ਵੀ ਨਿਕਲ ਜਾਂਦਾ ਹੈ। ਖੁੱਲ੍ਹੀ ਮੁੱਠੀ ਵਿੱਚ ਤਾਂ ਆਕਾਸ਼ ਹੁੰਦਾ ਹੈ। ਕਿਉਂਕਿ ਖੁੱਲ੍ਹੀ ਮੁੱਠੀ ਆਕਾਸ਼ ਵਿੱਚ ਹੁੰਦੀ ਹੈ। ਪਰ ਜਿੰਨੀ ਘੁੱਟ ਕੇ ਤੁਸੀਂ ਮੁੱਠੀ ਬੰਦ ਕਰਦੇ ਹੋ ਓਨਾਂ ਹੀ ਆਕਾਸ਼ ਮੁੱਠੀ ਤੋਂ ਬਾਹਰ ਹੋ ਜਾਂਦਾ ਹੈ। ਬਿਲਕੁਲ ਬੰਦ ਮੁੱਠੀ 'ਚ ਕੋਈ ਆਕਾਸ਼ ਨਹੀਂ ਹੁੰਦਾ, ਮੁੱਠੀ ਹੀ ਰਹਿ ਜਾਂਦੀ ਹੈ।

ਸ਼ਬਦਾਂ ਦੀ ਵੀ ਅਜਿਹੀ ਵਰਤੋਂ ਕਰਨਾ, ਜਿਹੜੀ ਖੁੱਲ੍ਹੀਆਂ ਮੁੱਠੀਆਂ ਵਰਗੀ ਹੋਵੇ। ਬੰਦ ਮੁੱਠੀਆਂ ਵਰਗੇ ਸ਼ਬਦਾਂ ਦੀ ਵਰਤੋਂ ਕਦੇ ਨਾ ਕਰਨਾ। ਪਰ ਖੁੱਲ੍ਹੀ ਮੁੱਠੀ ਵਰਗੇ ਜਿਹੜੇ ਸ਼ਬਦ ਹਨ ਉਹ ਤਰਕ ਦੇ ਲਾਇਕ ਨਹੀਂ ਰਹਿ ਜਾਂਦੇ। ਜਿੰਨਾਂ ਤਰਕ ਦੇ ਲਾਇਕ ਸ਼ਬਦ ਨੂੰ ਬਨਾਉਣਾ ਹੋਵੇ, ਉਨ੍ਹਾਂ ਉਸ ਨੂੰ ਬੰਦ ਕਰਨਾ ਪੈਂਦਾ ਹੈ। ਪਰਿਭਾਸ਼ਿਤ ਸੀਮਿਤ! ਉਸ ਦੀ ਪਰਿਭਾਸ਼ਾ ਬਨਾਉਣੀ ਪੈਂਦੀ ਹੈ ਅਤੇ ਜਦ ਵੀ ਕਿਸੇ ਚੀਜ਼ ਦੀ ਪਰਿਭਾਸ਼ਾ ਬਣਦੀ ਹੈ, ਉਹ ਸੀਮਿਤ ਹੋ ਜਾਂਦਾ ਹੈ। ਉਸ ਦੇ ਚਾਰੇ ਪਾਸੇ ਇੱਕ ਦੀਵਾਰ ਖੜ੍ਹੀ ਹੋ ਜਾਂਦੀ ਹੈ।

ਜਿੰਨਾਂ ਤਰਕ ਭਰਿਆ ਸ਼ਬਦ ਹੋਏਗਾ। ਓਨਾਂ ਹੀ ਪਰਮਾਤਮਾ ਨੂੰ ਜਤਾਉਣ ਵਿੱਚ ਅਸਮਰਥ (ਸ਼ਕਤੀ ਰਹਿਤ) ਹੋ ਜਾਏਗਾ। ਮੁੱਠੀ ਬੱਝ ਗਈ। ਜਿੰਨਾਂ ਤਰਕ ਭਰਿਆ ਸ਼ਬਦ ਹੋਏਗਾ, ਉਨਾਂ ਕਹਿੰਦਾ ਤਾਂ ਮਾਲੂਮ ਪਏਗਾ। ਪਰ ਕਹੇਗਾ ਕੁਝ ਵੀ ਨਹੀਂ। ਸੰਘੀ ਘੁੱਟੀ ਗਈ ਅਤੇ ਜਿੰਨਾ ਬੇਤਰਕਾ ਸ਼ਬਦ ਹੋਵੇਗਾ ਓਨਾਂ ਘੱਟ ਕਹਿੰਦਾ ਜਾਪੇਗਾ, ਪਰ ਕਹੇਗਾ। ਇਸ ਫ਼ਰਕ ਨੂੰ ਚੇਤੇ ਰੱਖ ਲੈਣਾ।

ਨਾਨਕ ਦੇ ਸ਼ਬਦ ਕਿਸੇ ਤਰਕ ਸ਼ਾਸਤ੍ਰੀ ਦੇ ਸ਼ਬਦ ਨਹੀਂ ਹਨ। ਉਹ ਇੱਕ ਕਵੀ ਦੇ ਸ਼ਬਦ, ਇੱਕ ਗੀਤਕਾਰ ਦੇ ਸ਼ਬਦ ਹਨ। ਇੱਕ ਸੁੰਦਰਤਾ ਪ੍ਰੇਮੀ ਦੇ ਸ਼ਬਦ ਹਨ। ਇਨ੍ਹਾਂ ਸ਼ਬਦਾਂ ਨਾਲ ਨਾਨਕ ਕੋਈ ਪਰਮਾਤਮਾ ਦੀ ਪਰਿਭਾਸ਼ਾ ਨਹੀਂ ਦੇ ਰਹੇ ਹਨ। ਇਹ ਖੁੱਲ੍ਹੀ ਮੁੱਠੀ ਦੇ ਵਾਂਗ ਹਨ। ਇਨ੍ਹਾਂ ਸ਼ਬਦਾਂ ਨਾਲ ਇਸ਼ਾਰਾ ਕਰ ਰਹੇ ਹਨ। ਇਹ ਸ਼ਬਦ ਕੁਝ ਕਹਿ ਨਹੀਂ ਰਹੇ ਹਨ, ਪਰ ਜਿਹੜਾ ਕਿਹਾ ਨਹੀਂ ਜਾ ਸਕਦਾ, ਉਸ ਦੇ ਵੱਲ ਸਿਰਫ ਇਸ਼ਾਰਾ ਕਰ ਰਹੇ ਹਨ। ਤੁਸੀਂ ਸ਼ਬਦਾਂ ਨੂੰ ਨਾ ਫੜ ਲੈਣਾ, ਨਹੀਂ ਤਾਂ ਭੁੱਲ ਹੋ ਜਾਏਗੀ।

ਜਿਵੇਂ ਮੈਂ ਚੰਨ ਨੂੰ ਉਂਗਲੀ ਨਾਲ ਵਿਖਾਵਾਂ ਅਤੇ ਤੁਸੀਂ ਮੇਰੀ ਉਂਗਲੀ ਹੀ ਫੜ ਲਵੋ, ਤਾਂ ਤੁਸੀਂ ਚੰਨ ਨੂੰ ਕਿਵੇਂ ਵੇਖ ਪਾਓਗੇ? ਉਂਗਲੀ ਦਾ ਤਾਂ ਕੋਈ ਅਰਥ ਹੀ ਨਹੀਂ ਸੀ। ਉਹ ਤਾਂ ਸਿਰਫ਼ ਚੰਨ ਵੱਲ ਇਸ਼ਾਰਾ ਕਰਦੀ ਸੀ। ਉਂਗਲੀ ਨੂੰ ਤਾਂ ਛੱਡ ਦੇਣਾ ਹੈ, ਚੰਨ ਨੂੰ ਵੇਖਣਾ ਹੈ। ਪਰ ਲੋਕਾਂ ਨੇ ਉਂਗਲੀਆਂ ਫੜੀਆਂ ਹੁੰਦੀਆਂ ਹਨ।

ਇਸ ਲਈ ਤਾਂ ਕਿਤਾਬਾਂ ਦੀ ਪੂਜਾ ਸ਼ੁਰੂ ਹੋ ਜਾਂਦੀ ਹੈ। ਕੋਈ ਵੇਦ ਨੂੰ ਪੂਜਦਾ ਹੈ, ਕੋਈ ਕੁਰਾਨ ਨੂੰ, ਕੋਈ ਗੁਰੂ ਗ੍ਰੰਥ ਨੂੰ ਪੂਜਦਾ ਹੈ। ਪੂਜਾ ਕਿਤਾਬ ਦੀ ਸ਼ੁਰੂ ਹੋ ਜਾਂਦੀ ਹੈ। ਲੋਕ ਉਂਗਲੀ ਨੂੰ ਫੜ ਲੈਂਦੇ ਹਨ ਅਤੇ ਜਿਸ ਪਾਸੇ ਇਸ਼ਾਰਾ ਸੀ, ਉਸ ਪਾਸੇ ਅੱਖ ਉੱਠਦੀ ਹੀ ਨਹੀਂ।

ਅਤੇ ਜਿੰਨੀ ਜ਼ੋਰ ਨਾਲ ਕਿਤਾਬ ਨੂੰ ਫੜ ਲਵੋਗੇ, ਓਨਾਂ ਹੀ ਤੁਸੀਂ ਸਤਯ ਤੋਂ ਦੂਰ ਹੋ ਜਾਓਗੇ। ਮੁੱਠੀ ਬੱਝ ਗਈ। ਸ਼ਬਦ ਬਹੁਤ ਮਹੱਤਵਪੂਰਣ ਹੋ ਗਿਆ। ਸ਼ਬਦ ਦੀ ਕੋਈ ਮਹਾਨਤਾ ਨਹੀਂ ਹੈ। ਮਹਾਨਤਾ ਤਾਂ ਨਿ:ਸ਼ਬਦ ਦੀ ਹੈ। ਕਿਉਂਕਿ ਨਿ:ਸ਼ਬਦ ਨਾਲ ਹੀ ਪਤਾ ਲੱਗ ਸਕਦਾ ਹੈ।

*ਪਾਤਾਲਾ ਪਾਤਾਲ ਲਖ ਆਗਾਸਾ ਆਗਾਸ॥*
*ਓੜਕ ਓੜਕ ਭਾਲਿ ਥਕੇ ਵੇਦ ਕਹਨਿ ਇਕ ਵਾਤ॥*

'ਅਤੇ ਸਾਰੇ ਵੇਦ ਸਿਰਫ਼ ਇੱਕ ਹੀ ਗੱਲ ਕਹਿੰਦੇ ਹਨ ਕਿ ਲੱਖਾਂ ਲੱਭ-ਲੱਭ ਕੇ ਥੱਕ ਗਏ, ਪਰ ਲੱਭ ਨਹੀਂ ਸਕੇ।'

ਸਾਰੇ ਵੇਦ ਇੱਕ ਹੀ ਗੱਲ ਕਹਿੰਦੇ ਹਨ ਅਤੇ ਉਹ ਗੱਲ ਹੈ ਕਿ ਮਨੁੱਖ ਅਸਮਰੱਥ ਹੈ। ਸਾਰੇ ਵੇਦ ਇੱਕ ਹੀ ਗੱਲ ਕਹਿੰਦੇ ਹਨ ਕਿ ਜੇਕਰ ਬੁੱਧੀ ਨਾਲ ਲੱਭਿਆ ਤਾਂ ਕਦੇ ਵੀ ਉਹ ਲੱਭਿਆ ਨਹੀਂ ਗਿਆ। ਲੱਭਣ ਵਾਲੇ ਹੀ ਗੁਆਚ ਗਏ ਅਤੇ ਉਹ ਨਹੀਂ ਮਿਲਿਆ। ਉਸ ਦੀ ਕੋਈ ਥਾਹ ਨਹੀਂ ਮਿਲੀ। ਜਿਹੜੇ ਥਾਹ ਲੈਣ ਗਏ ਉਹ ਪਿੱਘਲ ਗਏ, ਵਿਲੀਨ ਹੋ ਗਏ। ਖੋਜੀ ਤਾਂ ਮਿਟ ਗਏ। ਲੇਕਿਨ ਜਿਸ ਨੂੰ ਲੱਭਣ ਨਿਕਲੇ ਸੀ,

ਉਸ ਦੀ ਕੋਈ ਥਾਹ ਨਾ ਮਿਲੀ।

ਸਾਰੇ ਵੇਦ ਮਨੁੱਖ ਦੀ ਬੁੱਧੀ ਦੀ ਹੈਸੀਅਤ ਤੋਂ ਪਰ੍ਹੇ ਦੀ ਕਹਾਣੀ ਹਨ। ਸਾਰੇ ਧਰਮ ਸ਼ਾਸਤ੍ਰ ਇੱਕ ਸੰਬੰਧ ਵਿੱਚ ਰਾਜ਼ੀ ਹਨ ਕਿ ਆਦਮੀ ਕੁਝ ਵੀ ਕਰੇ, ਉਸ ਦੇ ਕਰਨ ਦਾ ਜਾਲ ਏਨਾ ਨਿੱਕਾ ਹੈ ਕਿ ਉਸ ਕੀਤੇ ਦੇ ਜਾਲ ਵਿੱਚ ਪਰਮਾਤਮਾ ਫੜਿਆ ਨਹੀਂ ਜਾ ਸਕਦਾ ਅਤੇ ਜਿੰਨੀ ਵੀ ਤੁਸੀਂ ਫੜਣ ਦੀ ਕੋਸ਼ਿਸ਼ ਕਰਦੇ ਹੋ, ਓਨਾਂ ਹੀ ਤੁਸੀਂ ਪਾਉਂਦੇ ਹੋ, ਮੁੱਠੀ ਖ਼ਾਲੀ ਰਹਿ ਗਈ।

ਪਰਮਾਤਮਾ ਨੂੰ ਪਾਉਣ ਦੇ ਢੰਗ ਵੱਖਰੇ ਹਨ। ਉਥੇ ਤੁਹਾਡੀ ਪਕੜ ਨਾਲ ਕੰਮ ਨਹੀਂ ਚਲੇਗਾ, ਉਥੇ ਸਾਰੀ ਪਕੜ ਛੱਡ ਦੇਣੀ ਪਏਗੀ। ਉਥੇ ਤੁਹਾਡੀ ਸੋਚ-ਵਿਚਾਰ ਨਾਲ ਰਾਹ ਨਹੀਂ ਮਿਲੇਗਾ। ਉਥੇ ਤਾਂ ਸਾਰੀ ਸੋਚ-ਵਿਚਾਰ ਛੱਡ ਦੇਣੀ ਪਏਗੀ। ਉਸ ਰਾਹਤ ਉਤੇ ਤੁਹਾਡੇ ਤਰਕ ਕੰਮ ਨਹੀਂ ਆਉਣਗੇ, ਉਹ ਹੀ ਤਾਂ ਰੁਕਾਵਟਾਂ ਹਨ। ਉਥੇ ਬੁੱਧੀ ਪੌੜੀ ਨਹੀਂ ਬਣੇਗੀ, ਉਹ ਹੀ ਦੀਵਾਰ ਹੈ। ਜਿੰਨਾਂ ਤੁਸੀਂ ਆਪਣੀ ਬੁੱਧੀ ਉਤੇ ਭਰੋਸਾ ਰੱਖੋਗੇ, ਓਨਾਂ ਹੀ ਤੁਸੀਂ ਪਾਓਗੇ ਕਿ ਤੁਸੀਂ ਭਟਕਦੇ ਹੋ। ਉਥੇ ਤਾਂ ਸਾਰਾ ਭਰੋਸਾ ਉਸੇ ਉਤੇ ਛੱਡ ਦੇਣਾ ਹੈ।

ਬੁੱਧੀ ਉਤੇ ਭਰੋਸਾ ਵੀ ਹੰਕਾਰ ਹੈ। ਬੁੱਧੀ ਉਤੇ ਭਰੋਸੇ ਦਾ ਅਰਥ ਹੈ, ਮੈਂ ਲੰਭ ਲਵਾਂਗਾ। ਕਿਉਂਕਿ ਕਦੇ ਤੁਸੀਂ ਸੋਚਿਆ ਕਿ ਤੁਸੀਂ ਜਿਸ ਨੂੰ ਲੱਭ ਲਵੋਗੇ, ਉਹ ਤੁਹਾਡੇ ਤੋਂ ਛੋਟਾ ਹੋ ਜਾਏਗਾ ਜਾਂ ਨਹੀਂ? ਜਿਸ ਨੂੰ ਮੈਂ ਲੱਭ ਲਵਾਂਗਾ ਉਹ ਮੇਰੇ ਕੋਲੋਂ ਛੋਟਾ ਹੋ ਜਾਏਗਾ। ਜਿਸ ਨੂੰ ਮੈਂ ਪਾ ਲਵਾਂਗਾ ਉਹ ਮੇਰੇ ਨਾਲੋਂ ਛੋਟਾ ਹੋ ਜਾਏਗਾ। ਜਿਹੜਾ ਮੇਰੀ ਮੁੱਠੀ ਵਿੱਚ ਆ ਜਾਏਗਾ, ਉਹ ਮੇਰੇ ਨਾਲੋਂ ਛੋਟਾ ਹੋ ਜਾਏਗਾ। ਪਰਮਾਤਮਾ ਨੂੰ ਤੁਸੀਂ ਕਿਵੇਂ ਪਾ ਸਕੋਗੇ? ਜੇਕਰ ਤੁਸੀਂ ਪਾ ਲਿਆ ਤਾਂ ਉਹ ਪਰਮਾਤਮਾ ਹੀ ਨਹੀਂ ਰਹੇਗਾ।

ਤਾਂ ਫ਼ਿਰ ਪਰਮਾਤਮਾ ਨੂੰ ਕਿਵੇਂ ਪਾਈਏ? ਉਸ ਨੂੰ ਪਾਉਣ ਦਾ ਢੰਗ ਬਹੁਤ ਉਲਟਾ ਹੋਏਗਾ। ਜਿਹੜਾ ਆਦਮੀ ਆਪਣੇ ਆਪ ਨੂੰ ਗੁਆਉਣ ਨੂੰ ਰਾਜ਼ੀ ਹੈ, ਉਹ ਹੀ ਉਸ ਨੂੰ ਪਾਉਂਦਾ ਹੈ। ਕਿਉਂਕਿ ਉਸ ਨੂੰ ਪਾਉਣ ਦਾ ਇਕੋ ਹੀ ਰਾਹ ਹੁੰਦਾ ਹੈ ਅਤੇ ਉਹ ਇੱਕ ਹੈ ਕਿ ਤੁਸੀਂ ਉਸਦੀ ਮੁੱਠੀ ਵਿੱਚ ਹੋ ਜਾਓ। ਸਾਡੀ ਕੋਸ਼ਿਸ਼ ਹੈ ਕਿ ਉਹ ਸਾਡੀ ਮੁੱਠੀ ਵਿੱਚ ਹੋ ਜਾਏ। ਅਸੀਂ ਉਸਨੂੰ ਵੀ ਬੰਨ੍ਹ ਕੇ ਘਰ ਲੈ ਜਾਈਏ ਅਤੇ ਅਸੀਂ ਲੋਕਾਂ ਨੂੰ ਵਿਖਾ ਸਕੀਏ ਕਿ ਵੇਖੋ, ਅਸੀਂ ਪਰਮਾਤਮਾ ਨੂੰ ਵੀ ਪਾ ਲਿਆ ਹੈ।

ਇਹ ਕੋਸ਼ਿਸ਼ ਅਸਫਲ ਹੋਣ ਹੀ ਵਾਲੀ ਹੈ ਕਿਉਂਕਿ ਵਿਰਾਟ ਨੂੰ ਬੰਨ੍ਹ ਕੇ ਘਰ ਨਹੀਂ ਲਿਆਇਆ ਜਾ ਸਕਦਾ। ਆਕਾਸ਼ ਨੂੰ ਪੋਟਲੀ ਵਿੱਚ ਬੰਨ੍ਹ ਕੇ ਨਹੀਂ ਲਿਆਇਆ ਜਾ ਸਕਦਾ। ਪੋਟਲੀਆਂ ਘਰ ਆ ਜਾਣਗੀਆਂ, ਆਕਾਸ਼ ਨਹੀਂ ਆਏਗਾ। ਉਸ ਨੂੰ ਪਾਉਣ ਦਾ ਰਾਹ ਤਾਂ ਇਹ ਹੈ ਕਿ ਤੁਸੀਂ ਆਪਣੇ ਆਪ ਨੂੰ ਉਸਦੀ ਮੁੱਠੀ ਵਿੱਚ ਛੱਡ ਦਿਓ।

ਇਸ ਲਈ ਤਾਂ ਨਾਨਕ ਬਾਰ-ਬਾਰ ਕਹਿੰਦੇ ਹਨ ਕਿ ਹਜ਼ਾਰ ਵਾਰ ਤੇਰੇ ਉਤੋਂ ਵਾਰਿਆ ਜਾਵਾਂ ਤਾਂ ਵੀ ਘੱਟ ਹੈ ਅਤੇ ਜੋ ਤੇਰੀ ਮਰਜ਼ੀ ਉਹ ਹੀ ਸ਼ੁਭ ਹੈ। ਜੋ ਤੂੰ ਕਰਾਏਂ ਉਹ ਹੀ ਰਾਹ ਹੈ, ਜੋ ਤੂੰ ਦੱਸ ਦੇਵੇਂ, ਉਹ ਹੀ ਸਤਯ ਹੈ।

ਇਸ ਸਾਰੇ ਕਥਨ ਦਾ ਇੱਕ ਹੀ ਅਰਥ ਹੈ ਕਿ ਮੈਂ ਆਪਣੇ ਆਪ ਨੂੰ ਹਟਾਉਂਦਾ ਹਾਂ। ਮੈਂ ਆਪਣੇ ਆਪ ਨੂੰ ਤੇਰੇ ਉਤੇ ਨਹੀਂ ਥੋਪਾਂਗਾ। ਮੇਰੀ ਕੋਈ ਮਰਜ਼ੀ ਨਹੀਂ ਹੈ। ਨਾ ਮੇਰਾ ਕੋਈ ਨਿਸ਼ਾਨਾ ਹੈ ਅਤੇ ਨਾ ਮੇਰਾ ਕੋਈ ਪ੍ਰਯੋਜਨ ਹੈ। ਮੈਂ ਤੇਰੇ 'ਚ ਹੀ ਵਗਾਂਗਾ।

ਇਸ ਲਈ ਸ਼ਰਧਾ ਕੀਮਤੀ ਹੈ ਅਤੇ ਤਰਕ ਖ਼ਤਰਨਾਕ ਹੈ। ਤਰਕ ਦਾ ਅਰਥ ਹੈ, ਫੈਸਲਾ ਲੈਣ ਵਾਲਾ ਮੈਂ ਹਾਂ। ਤਰਕ ਦਾ ਅਰਥ ਹੈ, ਜੱਜ ਮੈਂ ਹਾਂ। ਸ਼ਰਧਾ ਦਾ ਅਰਥ ਹੈ, ਫੈਸਲਾ ਕਰਨ ਵਾਲਾ ਤੂੰ ਹੈਂ।

ਲੱਖਾਂ ਪਾਤਾਲ ਹਨ, ਲੱਖਾਂ ਆਕਾਸ਼ ਹਨ! ਉਸ ਦੇ ਅੰਤ ਦੀ ਭਾਲ ਕਰਦੇ-ਕਰਦੇ ਅਨੇਕਾਂ ਥੱਕ ਗਏ। ਵੇਦ ਇਹ ਹੀ ਗੱਲ ਕਹਿੰਦੇ ਹਨ।

ਵੇਦ ਸ਼ਬਦ ਬਹੁਤ ਕੀਮਤੀ ਹੈ। ਵੇਦ ਨਾਲ ਕੁਝ ਹਿੰਦੂਆਂ ਦੀਆਂ ਚਾਰ ਕਿਤਾਬਾਂ ਦਾ ਹੀ ਸੰਬੰਧ ਨਹੀਂ ਹੈ। ਵੇਦ ਸ਼ਬਦ ਤੋਂ ਅਰਥ ਹੈ ਜਿਨ੍ਹਾਂ ਨੇ ਵੀ ਜਾਣਿਆ ਉਨ੍ਹਾਂ ਦੇ ਸ਼ਬਦ, ਵੇਦ ਸ਼ਬਦ ਤੋਂ ਅਰਥ ਹੈ ਗਿਆਨੀਆਂ ਦੇ ਸ਼ਬਦ, ਵੇਦ ਬਣਦਾ ਹੈ 'ਵਿੱਦ' ਤੋਂ। ਵਿੱਦ ਦਾ ਅਰਥ ਹੁੰਦਾ ਹੈ, ਜਾਨਣਾ। ਅਤੇ ਵੇਦ ਦਾ ਅਰਥ ਹੁੰਦਾ ਹੈ ਉਨ੍ਹਾਂ ਦੇ ਵਚਨ, ਜਿਨ੍ਹਾਂ ਨੇ ਜਾਣ ਲਿਆ। ਬੁੱਧਾਂ ਦੇ ਵਚਨ, ਜਿਨਾਂ ਦੇ ਵਚਨ ਰਿਸ਼ੀਆਂ ਦੇ ਵਚਨ। ਵੇਦ ਨਾਲ ਕੁਝ ਰਿੱਗਵੇਦ, ਅਥਰਵਵੇਦ, ਇਨ੍ਹਾਂ ਦਾ ਕੋਈ ਸੰਬੰਧ ਨਹੀਂ ਹੈ। ਉਹ ਵੀ ਗਿਆਨੀਆਂ ਦੇ ਵਚਨ ਹਨ। ਪਰ ਜਿੱਥੇ ਵੀ ਕਿਸੇ ਨੇ ਜਾਣਿਆ ਹੈ। ਉਥੇ ਹੀ ਵੇਦ ਦਾ ਨਿਰਮਾਣ ਹੋ ਜਾਂਦਾ ਹੈ। ਤੁਸੀਂ ਜਾਣ ਲਵੋਗੇ ਤਾਂ ਤੁਹਾਡਾ ਵਚਨ ਵੇਦ ਹੋ ਜਾਏਗਾ। ਵੇਦ ਦੀ ਕੋਈ ਹੱਦ ਨਹੀਂ ਹੈ। ਜਿੰਨੇ ਜਾਨਣ ਵਾਲੇ ਹਨ, ਓਨਾਂ ਵੇਦ ਵਧਦਾ ਜਾਂਦਾ ਹੈ। ਜਿੰਨੇ ਜਾਨਣ ਵਾਲੇ ਅਤੀਤ ਵਿੱਚ ਹੋਏ ਹਨ, ਅੱਜ ਹਨ ਅਤੇ ਭਵਿੱਖ ਵਿੱਚ ਹੋਣਗੇ, ਉਨ੍ਹਾਂ ਸਾਰਿਆਂ ਦੇ ਵਚਨ ਵੇਦ ਹਨ। ਵੇਦ ਦਾ ਅਰਥ ਹੈ ਸਾਰਭੂਤ (ਪੂਰਣ ਗਿਆਨ ਦਾ ਨਿਚੋੜ) ਗਿਆਨ।

ਨਾਨਕ ਕਹਿੰਦੇ ਹਨ, ਸਾਰੇ ਵੇਦ ਵਿੱਚ ਹੀ ਗੱਲ ਕਹਿੰਦੇ ਹਨ ਕਿ ਉਸ ਦੇ ਅੰਤ ਦੀ ਭਾਲ ਕਰਦੇ-ਕਰਦੇ ਅਨੇਕਾਂ ਥੱਕ ਗਏ।

ਇਸ ਨੂੰ ਥੋੜ੍ਹਾ ਖਿਆਲ ਵਿੱਚ ਲੈ ਲਵੋ। ਕਿਉਂਕਿ ਸਾਧਕ ਦੇ ਜੀਵਨ ਵਿੱਚ ਇਸ ਥਕਾਵਟ ਦਾ ਬਹੁਤ ਮੁੱਲ ਹੈ। ਜਦ ਤੱਕ ਤੁਸੀਂ ਥੱਕ ਨਾ ਜਾਓਗੇ ਤੱਦ ਤੱਕ ਤੁਸੀਂ ਮਿਟਣ ਨੂੰ ਰਾਜ਼ੀ ਨਹੀਂ ਹੋਵੋਗੇ। ਜਦ ਤੱਕ ਤੁਸੀਂ ਬਿਲੁਕਲ ਹੀ ਨਾ ਥੱਕ ਜਾਓਗੇ, ਤਦ ਤੱਕ ਤੁਸੀਂ ਖੁਦ ਨੂੰ ਫੜੀ ਹੀ ਰਖੋਗੇ। ਇੱਕ ਅਜਿਹੀ ਘੜੀ ਆ ਜਾਏਗੀ ਜਦ ਤੁਸੀਂ

ਕੁਝ ਵੀ ਕਰੋਗੇ, ਤਾਂ ਵੀ ਤੁਸੀਂ ਜਾਣੋਗੇ, ਇਸ ਨਾਲ ਕੁਝ ਹੋਣ ਵਾਲਾ ਨਹੀਂ। ਜਿਥੇ ਤੁਹਾਡਾ ਕਰਤਾ ਦਾ ਭਾਵ ਆਖਰੀ ਪੜਾਓ ਉਤੇ ਆ ਜਾਏਗਾ ਕਿ ਜੋ ਵੀ ਮੈਂ ਕਰਦਾ ਹਾਂ, ਵਿਅਰਥ! ਜੋ ਵੀ ਮੈਂ ਲੱਭ ਲੈਂਦਾ ਹਾਂ, ਵਿਅਰਥ? ਜੋ ਵੀ ਮੈਂ ਪਾ ਲਿਆ ਹੈ, ਉਹ ਵਿਅਰਥ! ਜੋ ਕੁਝ ਮੇਰੀਆਂ ਵਾਸਨਾਵਾਂ ਕਹਿ ਰਹੀਆਂ ਹਨ, ਉਹ ਵੀ ਵਿਅਰਥ! ਪਾ ਵੀ ਲਵਾਂਗਾ ਤਾਂ ਕੀ ਹੋਏਗਾ? ਜਿਸ ਦਿਨ ਤੁਸੀਂ ਏਨੀ ਡੂੰਘੀ ਪੀੜ ਨਾਲ ਭਰ ਜਾਓਗੇ ਕਿ ਮੇਰੇ ਕੀਤੇ ਕੁਝ ਵੀ ਨਹੀਂ ਹੁੰਦਾ। ਉਸੇ ਦਿਨ ਤੁਸੀਂ ਹੰਕਾਰ ਨੂੰ ਛੱਡੋਗੇ, ਉਸ ਤੋਂ ਪਹਿਲਾਂ ਨਹੀਂ।

ਉਸ ਤੋਂ ਪਹਿਲਾਂ ਛੱਡੋਗੇ ਵੀ ਕਿਵੇਂ? ਉਸ ਤੋਂ ਪਹਿਲਾਂ ਤਾਂ ਆਸ ਬਣੀ ਰਹਿੰਦੀ ਹੈ ਕਿ ਕੁਝ ਨਾ ਕੁਝ ਪਾ ਲਵਾਂਗਾ। ਹੋਰ ਥੋੜ੍ਹੇ ਜਤਨ ਦੀ ਜ਼ਰੂਰਤ ਹੈ। ਜੇਕਰ ਨਹੀਂ ਮਿਲਿਆ ਹੁਣ ਤੱਕ, ਤਾਂ ਗ਼ਲਤ ਲੱਭ ਰਿਹਾ ਹੈ। ਵਿਧੀ ਬਦਲਾਂ, ਗੁਰੂ ਬਦਲਾਂ, ਮਿਲ ਜਾਏਗਾ। ਮੰਦਰ ਤੋਂ ਮਸਜਿਦ ਚਲਾ ਜਾਵਾਂ, ਮਸਜਿਦ ਤੋਂ ਚਰਚ ਚਲਾ ਜਾਵਾਂ, ਚਰਚ ਤੋਂ ਗੁਰਦੁਆਰੇ ਚਲਾ ਜਾਵਾਂ, ਬਦਲਾਹਟ ਕਰ ਲਵਾਂ। ਜਦ ਤੱਕ ਤੁਸੀਂ ਬਿਲਕੁਲ ਨਾ ਥੱਕ ਗਏ ਹੋਵੋ, ਪੂਰੀ ਤਰ੍ਹਾਂ ਨਾ ਥੱਕ ਗਏ ਹੋਵੋ, ਪੀੜਾ ਪੂਰਣ ਨਹੀਂ ਹੋ ਗਈ, ਤਦ ਤੱਕ ਤੁਸੀਂ ਹੰਕਾਰ ਨੂੰ ਫੜੀ ਹੀ ਰੱਖੋਗੇ।

ਬੁੱਧ ਦੇ ਜੀਵਨ ਵਿੱਚ ਘਟਨਾ ਹੈ ਕਿ ਬੁੱਧ ਨੇ ਛੇ ਵਰ੍ਹਿਆਂ ਤੱਕ ਬਹੁਤ ਭਾਲ ਕੀਤੀ। ਸ਼ਾਇਦ ਹੀ ਕਿਸੇ ਮਨੁੱਖ ਨੇ ਏਨੀ ਤਵਰਾ ਨਾਲ ਭਾਲ ਕੀਤੀ ਹੋਵੇ। ਸਭ ਕੁਝ ਦਾਅ ਤੇ ਲਾ ਦਿੱਤਾ। ਜੋ ਵੀ ਜਿਸ ਨੇ ਦੱਸਿਆ ਉਸ ਨੂੰ ਪੂਰਾ-ਪੂਰਾ ਕੀਤਾ, ਤਾਂ ਕੋਈ ਵੀ ਗੁਰੂ ਬੁੱਧ ਨੂੰ ਇਹ ਨਾ ਕਹਿ ਸਕਿਆ ਕਿ ਤੂੰ ਪੁੱਜ ਨਹੀਂ ਰਿਹਾ ਹੈਂ, ਕਿਉਂਕਿ ਤੇਰੀ ਕੋਸ਼ਿਸ਼ ਘੱਟ ਹੈ, ਇਹ ਤਾਂ ਔਖਾ ਸੀ। ਇਹ ਤਾਂ ਕਹਿਣਾ ਹੀ ਠੀਕ ਨਹੀਂ ਸੀ। ਕਿਉਂਕਿ ਕੋਸ਼ਿਸ਼ ਤਾਂ ਉਨ੍ਹਾਂ ਦੀ ਏਨੀ ਪੂਰਣ ਸੀ ਕਿ ਉਸ ਸੰਬੰਧ ਵਿੱਚ ਕੋਈ ਵੀ ਸ਼ਿਕਾਇਤ ਨਹੀਂ ਕੀਤੀ ਜਾ ਸਕਦੀ ਸੀ। ਜੋ ਜਿਸ ਨੇ ਕਿਹਾ, ਉਹ ਉਨ੍ਹਾਂ ਨੇ ਪੂਰੀ ਤਰ੍ਹਾਂ ਕੀਤਾ।

ਕਿਸੇ ਗੁਰੂ ਨੇ ਕਿਹਾ ਕਿ ਸਿਰਫ ਇੱਕ ਚੌਲ ਦੇ ਦਾਣੇ ਉਤੇ—ਰੋਜ਼ ਇੱਕ ਚੌਲ ਦਾ ਦਾਣਾ ਭੋਜਨ 'ਚ ਲੈ ਕੇ—ਤਿੰਨ ਮਹੀਨਿਆਂ ਤੱਕ ਰਹੋ, ਤਾਂ ਉਹ ਉਸੇ ਤਰ੍ਹਾਂ ਹੀ ਰਹੇ। ਸੁੱਕ ਕੇ ਹੱਡੀਆਂ ਨਿਕਲ ਆਈਆਂ, ਪਿੱਠ ਤੇ ਢਿੱਡ ਇੱਕ ਹੋ ਗਏ। ਸੁਆਸ ਲੈਣਾ ਤੱਕ ਮੁਸ਼ਕਿਲ ਹੋ ਗਿਆ। ਕਿਉਂਕਿ ਏਨੀ ਕਮਜ਼ੋਰੀ ਆ ਗਈ। ਜੋ ਵੀ ਜਿਸ ਨੇ ਦੱਸਿਆ ਉਹ ਉਨ੍ਹਾਂ ਨੇ ਪੂਰਾ ਕੀਤਾ! ਸਭ ਕਰ ਸੁੱਟਿਆ, ਗਿਆਨ ਨਹੀਂ ਹੋਇਆ। ਕਿਉਂਕਿ ਕਰਨ ਨਾਲ ਕਦੇ ਗਿਆਨ ਨਹੀਂ ਹੁੰਦਾ।

ਸਭ ਕਰ ਸੁੱਟਿਆ, ਪਰ ਉਸ ਵਿੱਚ ਵੀ ਕਰਤਾ ਦਾ ਭਾਵ ਤਾਂ ਬਣਿਆ ਹੀ ਰਿਹਾ। ਵਰਤ ਰੱਖੇ, ਜਪ ਕੀਤਾ, ਤਪ ਕੀਤੇ, ਯੋਗ ਸਾਧਿਆ, ਪਰ ਅੰਦਰ ਇੱਕ ਬਰੀਕ ਹੰਕਾਰ

ਬਣਿਆ ਹੀ ਰਿਹਾ, ਕਿ ਮੈਂ ਕਰ ਰਿਹਾ ਹਾਂ, ਮੁੱਠੀ ਬੱਝੀ ਰਹੀ। ਮੈਂ ਮੌਜੂਦ ਰਿਹਾ ਅਤੇ ਉਸ ਨੂੰ ਪਾਉਣ ਦੀ ਤਾਂ ਇਕੋ ਸ਼ਰਤ ਹੈ ਕਿ 'ਮੈਂ' ਗੁਆਚ ਜਾਏ। ਇਸ ਨਾਲ ਕੀ ਫ਼ਰਕ ਪੈਂਦਾ ਹੈ ਕਿ ਤੁਸੀਂ ਦੁਕਾਨ ਚਲਾ ਰਹੇ ਹੋ ਕਿ ਪੂਜਾ ਕਰ ਰਹੇ ਹੋ? ਦੋਹਾਂ ਹਾਲਤਾਂ ਵਿੱਚ ਮੈਂ ਤਾਂ ਬਣਿਆ ਹੀ ਰਹਿੰਦਾ ਹੈ। ਦੁਕਾਨ ਵੀ ਤੁਸੀਂ ਚਲਾਉਂਦੇ ਹੋ, ਪੂਜਾ ਵੀ ਤੁਸੀਂ ਕਰਦੇ ਹੋ। ਦੋਵੇਂ ਦੁਕਾਨਾਂ ਹਨ। ਜਿਥੋਂ ਤੱਕ ਹੰਕਾਰ ਹੈ, ਉਥੇ ਤੱਕ ਦੁਕਾਨ ਹੈ। ਜਿਥੋਂ ਤੱਕ ਹੰਕਾਰ ਹੈ ਉਥੋਂ ਤੱਕ ਵਿਓਪਾਰ ਹੈ ਉਥੋਂ ਤੱਕ ਸੰਸਾਰ ਹੈ। ਜਿਸ ਘੜੀ ਹੰਕਾਰ ਢਹਿੰਦਾ ਹੈ, ਉਸੇ ਘੜੀ ਪਰਮਾਤਮਾ ਸ਼ੁਰੂ ਹੁੰਦਾ ਹੈ। ਏਧਰ ਤੁਸੀਂ ਢਠੇ, ਉਧਰ ਉਹ ਹੋਇਆ। ਤੁਸੀਂ ਗਏ ਬਾਹਰ, ਉਹ ਅੰਦਰ ਆਇਆ ਅਤੇ ਦੋਨੋਂ ਇਕੱਠੇ ਨਹੀਂ ਰਹਿ ਸਕੋਗੇ ਉਥੇ 'ਦੂਈ' ਨਹੀਂ ਚਲ ਸਕਦੀ। ਉਥੇ ਇੱਕ ਹੀ ਰਹਿ ਸਕਦਾ ਹੈ—ਜਾਂ ਤਾਂ ਤੁਸੀਂ ਜਾਂ ਉਹ।

ਆਖਰਕਾਰ ਬੁੱਧ ਥੱਕ ਗਏ। ਸਭ ਕਰ ਲਿਆ, ਕੁਝ ਵੀ ਨਾ ਪਾਇਆ। ਹੱਥ ਖ਼ਾਲੀ ਦੇ ਖ਼ਾਲੀ ਰਹੇ। ਨਿਰੰਜਨਾਂ ਨਦੀ 'ਚੋਂ ਇਸ਼ਨਾਨ ਕਰਕੇ ਨਿਕਲਦੇ ਸਨ, ਉਹ ਏਨੇ ਕਮਜ਼ੋਰ ਸੀ ਕਿ ਨਿਕਲ ਨਾ ਸਕੇ, ਨਦੀ ਬਹਾਉਣ ਲੱਗੀ। ਤੈਰਨ ਦੀ ਵੀ ਹਿੰਮਤ ਨਹੀਂ। ਸਿਰਫ ਕੰਢੇ ਤੇ ਲਟਕਦੀ ਇੱਕ ਰੁੱਖ ਦੀ ਡਾਲੀ ਨੂੰ ਫੜ ਕੇ ਲਟਕੇ ਰਹੇ। ਉਸ ਘੜੀ ਉਨ੍ਹਾਂ ਨੂੰ ਵਿਚਾਰ ਆਇਆ ਕਿ ਮੈਂ ਤਾਂ ਸਭ ਕਰ ਲਿਆ ਅਤੇ ਕੁਝ ਨਾ ਪਾਇਆ। ਸੱਚ ਤਾਂ ਇਹ ਹੈ ਕਿ ਇਹ ਸਾਰਾ ਕੁਝ ਕਰਨ ਵਿੱਚ ਮੈਂ ਆਪਣੀ ਤਾਕਤ ਵੀ ਗੁਆ ਦਿੱਤੀ ਅਤੇ ਜਦ ਮੈਂ ਏਨਾ ਕਮਜ਼ੋਰ ਹੋ ਗਿਆ ਕਿ ਇਸ ਨਿੱਕੀ ਜਿਹੀ ਨਦੀ ਨੂੰ ਵੀ ਪਾਰ ਨਹੀਂ ਕਰ ਸਕਿਆ ਤਾਂ ਭਵਸਾਗਰ ਨੂੰ ਕਿਵੇਂ ਪਾਰ ਕਰ ਸਕਾਂਗਾ? ਇਹ ਕਰ-ਕਰਕੇ ਏਨਾ ਹੀ ਹੱਥ ਲੱਗਿਆ। ਸੰਸਾਰ ਤਾਂ ਪਹਿਲਾਂ ਹੀ ਵਿਅਰਥ ਹੋ ਗਿਆ ਸੀ। ਉਹ ਤਾਂ ਨੱਠ-ਭੱਜ ਬੇਕਾਰ ਹੋ ਗਈ ਸੀ। ਰਾਜ ਮਹਿਲ ਪਹਿਲਾਂ ਹੀ ਵਿਅਰਥ ਹੋ ਗਿਆ ਸੀ। ਧਨ ਮਿੱਟੀ ਹੋ ਚੁੱਕਿਆ ਸੀ। ਉਸ ਘੜੀ ਉਨ੍ਹਾਂ ਦੇ ਅੰਦਰ ਥਕਾਨ ਏਨੀ ਡੂੰਘੀ ਹੋ ਗਈ ਕਿ ਅਧਿਆਤਮ ਵੀ ਵਿਅਰਥ ਹੋ ਗਿਆ। ਮੋਕਸ਼ ਵੀ ਵਿਅਰਥ ਹੋ ਗਿਆ। ਬੁੱਧ ਦੇ ਮਨ ਵਿੱਚ ਉਸ ਪਲ ਉਠਿਆ ਕਿ ਨਾ ਤਾਂ ਸੰਸਾਰ ਵਿੱਚ ਕੁਝ ਪਾਉਣ ਜੋਗ ਹੈ, ਨਾ ਮੋਕਸ਼ ਵਿੱਚ ਕੁਝ ਪਾਉਣ ਜੋਗ ਹੈ ਅਤੇ ਨਾ ਹੀ ਹੋਰ ਕੁਝ ਕੋਈ ਪਾ ਸਕਦਾ ਹੈ। ਇਹ ਸਾਰੀ ਕਥਾ ਹੀ ਵਿਅਰਥ ਹੈ। ਇਹ ਸਾਰੀ ਨੱਠ-ਭੱਜ ਵਿਅਰਥ ਹੈ।

ਕਿਸੇ ਤਰ੍ਹਾਂ ਬਾਹਰ ਨਿਕਲੇ, ਦਰੱਖਤ ਦੇ ਹੇਠਾਂ ਬੈਠ ਗਏ ਅਤੇ ਉਸ ਪਲ ਉਨ੍ਹਾਂ ਨੇ ਸਾਰੀ ਕੋਸ਼ਿਸ਼ ਛੱਡ ਦਿੱਤੀ, ਕਿਉਂਕਿ ਕੁਝ ਪਾਉਣ ਨੂੰ ਹੀ ਨਾ ਰਿਹਾ ਅਤੇ ਪਾ-ਪਾ ਕੇ ਸਾਰੇ ਜਤਨ ਕਰਕੇ ਵੇਖ ਲਏ, ਕੁਝ ਵੀ ਨਹੀਂ ਮਿਲਦਾ। ਪੀੜ ਪੂਰੀ ਤਰ੍ਹਾਂ ਪੂਰਣ ਹੋ ਗਈ—'ਫ੍ਰਸਟ੍ਰੇਸ਼ਨ ਟੋਟਲ'। ਹੁਣ ਰੱਤੀ ਕੁ ਵੀ ਆਸ ਨਾ ਰਹੀ। ਜਦ ਤੱਕ ਆਸ ਹੈ

ਤਦ ਤੱਕ ਹੰਕਾਰ ਬਣਿਆ ਰਹਿੰਦਾ ਹੈ। ਉਸ ਰਾਤ ਉਹ ਦਰਖ਼ਤ ਦੇ ਹੇਠਾਂ ਹੀ ਸੌਂ ਗਏ। ਜਨਮਾਂ-ਜਨਮਾਂ ਤੋਂ ਬਾਅਦ ਉਹ ਪਹਿਲੀ ਰਾਤ ਸੀ, ਜਦ ਪਾਉਣ ਨੂੰ ਕੁਝ ਵੀ ਨਹੀਂ ਸੀ, ਕਿਤੇ ਵੀ ਜਾਣਾ ਨਹੀਂ ਸੀ। ਕੁਝ ਬਚਿਆ ਨਹੀਂ ਸੀ। ਜੇਕਰ ਮੌਤ ਉਸੇ ਵੇਲੇ ਆ ਜਾਂਦੀ ਤਾਂ ਬੁੱਧ ਮੌਤ ਨੂੰ ਇਹ ਨਾ ਕਹਿੰਦੇ ਕਿ ਇੱਕ ਘੜੀ ਠਹਿਰ ਜਾ। ਕਿਉਂਕਿ ਹੁਣ ਰੁਕਣ ਦੀ ਕੋਈ ਜ਼ਰੂਰਤ ਨਹੀਂ ਸੀ। ਸਾਰੀਆਂ ਆਸ਼ਾਵਾਂ ਟੁੱਟ ਗਈਆਂ।

ਥਕਾਨ ਦਾ ਅਰਥ ਹੈ, ਜਿੱਥੇ ਸਾਰੀਆਂ ਆਸ਼ਾਵਾਂ ਦੇ ਇੰਦਰ ਧਨੁਸ਼ ਢਹਿ ਗਏ। ਸਾਰੇ ਸੁਫ਼ਨੇ ਖਿੰਡ ਗਏ। ਉਸ ਰਾਤ ਬੁੱਧ ਸੌਂ ਗਏ। ਉਸ ਰਾਤ ਕੋਈ ਸੁਫ਼ਨਾ ਵੀ ਨਾ ਆਇਆ। ਜਦ ਪਾਉਣ ਨੂੰ ਹੀ ਕੁਝ ਨਾ ਰਿਹਾ ਤਾਂ ਸੁਫ਼ਨੇ ਆਉਣੇ ਹੀ ਬੰਦ ਹੋ ਗਏ ਹਨ। ਉਸ ਰਾਤ ਕੋਈ ਵਿਚਾਰ ਵੀ ਮਨ 'ਚ ਨਾ ਆਇਆ। ਕਿਉਂਕਿ ਸਾਰੇ ਵਿਚਾਰ ਵਾਸਨਾ ਦੇ ਗੁਲਾਮ ਹਨ। ਉਹ ਵਾਸਨਾਵਾਂ ਦੇ ਪਿੱਛੇ ਟੁਰਦੇ ਹਨ। ਵਾਸਨਾ ਅੱਗੇ ਟੁਰਦੀ ਹੈ। ਵਿਚਾਰ ਪਿੱਛੇ ਛਾ ਵਾਂਗ ਟੁਰਦੇ ਹਨ। ਉਹ ਵਾਸਨਾ ਦਾ ਨੌਕਰ ਹਨ। ਜਦ ਕੋਈ ਵਾਸਨਾ ਨਹੀਂ, ਤਾਂ ਕੋਈ ਵਿਚਾਰ ਵੀ ਨਹੀਂ ਹੈ।

ਸਵੇਰੇ ਨੀਂਦਰ ਟੁੱਟੀ। ਰਾਤ ਦਾ ਆਖ਼ਰੀ ਤਾਰਾ ਡੁੱਬਣ ਦੇ ਨੇੜੇ ਸੀ। ਬੁੱਧ ਦੀਆਂ ਅੱਖਾਂ ਖੁੱਲ੍ਹੀਆਂ। ਉੱਠ ਕੇ ਵੀ ਕਰਨ ਨੂੰ ਕੁਝ ਨਹੀਂ ਸੀ। ਅੱਜ ਸਾਰਾ ਕੁਝ ਵਿਅਰਥ ਹੋ ਗਿਆ ਸੀ। ਕੱਲ੍ਹ ਤੱਕ ਤਾਂ ਦੌੜ ਸੀ, ਆਤਮਾ ਪਾਉਣੀ ਸੀ, ਧਰਮ ਪਾਉਣਾ ਸੀ, ਪਰਮਾਤਮਾ ਪਾਉਣਾ ਸੀ। ਅੱਜ ਕੁਝ ਵੀ ਪਾਉਣਾ ਨਹੀਂ ਸੀ। ਹੁਣ ਆਪਣੇ ਕੀਤੇ ਕੁਝ ਹੁੰਦਾ ਹੀ ਨਹੀਂ ਤਾਂ ਪਏ ਰਹੇ। ਆਖ਼ਰੀ ਤਾਰਾ ਡੁੱਬਦਾ ਗਿਆ ਅਤੇ ਉਹ ਚੁੱਪ-ਚਾਪ ਵੇਖਦੇ ਰਹੇ ਅਤੇ ਕਥਾ ਹੈ ਕਿ ਉਸੇ ਘੜੀ ਉਨ੍ਹਾਂ ਨੂੰ ਗਿਆਨ ਪ੍ਰਾਪਤ ਹੋਇਆ।

ਕੀ ਹੋਇਆ ਉਸ ਪਲ ਵਿੱਚ? ਜਿਹੜਾ ਏਨਾ ਪਾ ਕੇ ਨਾ ਮਿਲਿਆ, ਜੋ ਏਨੀ ਕੋਸ਼ਿਸ਼ ਨਾਲ ਨਾ ਮਿਲਿਆ, ਜਿਹੜਾ ਏਨਾ ਨੱਠਣ ਨਾਲ ਨਾ ਮਿਲਿਆ, ਉਸ ਰਾਤ ਕੀ ਵਾਪਰਿਆ? ਉਸ ਸਵੇਰ ਨੂੰ ਕਿਹੜੀ ਅਨੋਖੀ ਗੱਲ ਹੋਈ ਕਿ ਉਸ ਦਰਖ਼ਤ ਦੇ ਹੇਠਾਂ ਲੰਮੇ ਪਏ ਬੁੱਧ ਪਰਮ ਗਿਆਨ ਨੂੰ ਉਪਲਬਧ ਹੋ ਗਏ? ਘਟਨਾ ਇਹ ਵਾਪਰੀ, ਜਿਸ ਦੀ ਨਾਨਕ ਗੱਲ ਕਰ ਰਹੇ ਹਨ, ਥਕਾਨ ਆ ਗਈ, ਹੰਕਾਰ ਬਿਲਕੁਲ ਹੀ ਖਿੰਡ ਗਿਆ। ਮੇਰੇ ਕੀਤੇ ਕੁਝ ਵੀ ਨਾ ਹੋਇਆ, ਸਾਰੀ ਕੋਸ਼ਿਸ਼ ਛੁਟ ਗਈ।

ਅਤੇ ਜਿਵੇਂ ਹੀ ਕੋਸ਼ਿਸ਼ਾਂ ਛੁਟਦੀਆਂ ਹਨ, ਪ੍ਰਸ਼ਾਦ ਪ੍ਰਾਪਤ ਹੁੰਦਾ ਹੈ। ਜਿਵੇਂ ਹੀ ਤੁਹਾਡੀ ਆਸ ਮੁੱਕ ਜਾਂਦੀ ਹੈ। ਜਿਵੇਂ ਹੀ ਤੁਹਾਡੀ ਨੱਠ-ਭੱਜ ਠਹਿਰ ਜਾਂਦੀ ਹੈ, ਆਪਾ-ਧਾਪੀ ਬੰਦ ਹੁੰਦੀ ਹੈ, ਜਿਵੇਂ ਹੀ ਤੁਹਾਡਾ ਹੰਕਾਰ ਢਹਿ ਜਾਂਦਾ ਹੈ, ਮੁੱਠੀ ਖੁੱਲ੍ਹ ਜਾਂਦੀ ਹੈ।

ਤੁਸੀਂ ਖਿਆਲ ਕੀਤਾ ਕਿ ਮੁੱਠੀ ਨੂੰ ਖੋਲ੍ਹਣਾ ਨਹੀਂ ਪੈਂਦਾ, ਬੰਨ੍ਹਣਾ ਪੈਂਦਾ ਹੈ। ਬੱਝੀ ਮੁੱਠੀ ਵਿੱਚ ਮਿਹਨਤ ਹੁੰਦੀ ਹੈ। ਜਦ ਤੁਸੀਂ ਮੁੱਠੀ ਬੰਨ੍ਹਦੇ ਹੋ ਤਾਂ ਮਿਹਨਤ ਕਰਨੀ ਪੈਂਦੀ ਹੈ। ਜੇਕਰ ਤੁਸੀਂ ਕੁਝ ਨਾ ਕਰੋਗੇ ਤਾਂ ਮੁੱਠੀ ਆਪਣੇ ਆਪ ਖੁੱਲ੍ਹ ਜਾਏਗੀ। ਕਿਉਂਕਿ ਖੁੱਲ੍ਹਾ ਹੋਣਾ ਸੁਭਾਅ ਹੈ। ਬੰਦ ਮੁੱਠੀ ਕੋਸ਼ਿਸ਼ ਨਾਲ ਹੁੰਦੀ ਹੈ। ਜਤਨ ਕਰਨਾ ਪੈਂਦਾ ਹੈ, ਖੁੱਲ੍ਹਦੀ ਆਪਣੇ ਆਪ ਹੈ। ਖੋਲ੍ਹਣ ਦੇ ਲਈ ਥੋੜ੍ਹਾ ਕੁਝ ਕਰਨਾ ਪੈਂਦਾ ਹੈ; ਬੱਸ ਬਨ੍ਹੋ ਨਾ ਖੁੱਲ ਜਾਂਦੀ ਹੈ। ਬੰਨ੍ਹਣ ਲਈ ਕੁਝ ਕਰਨਾ ਪੈਂਦਾ ਹੈ, ਖੋਲ੍ਹਣ ਲਈ ਕੁਝ ਕਰਨਾ ਨਹੀਂ ਪੈਂਦਾ। ਉਸ ਸਵੇਰ ਬਿਨਾਂ ਕੁਝ ਕੀਤੇ ਮੁੱਠੀ ਖੁੱਲ੍ਹ ਗਈ।

ਕਬੀਰ ਨੇ ਕਿਹਾ ਹੈ—'ਅਨਕੀਏ ਸਭ ਹੋਇ।' ਉਸ ਘੜੀ ਕੁਝ ਵੀ ਨਹੀਂ ਕੀਤਾ ਸੀ ਅਤੇ ਸਭ ਹੋ ਗਿਆ। ਥੱਕ ਗਏ! ਹੰਕਾਰ ਢਹਿ ਪਿਆ। ਏਧਰ ਹੰਕਾਰ ਘਰ ਤੋਂ ਬਾਹਰ ਗਿਆ, ਉਧਰ ਪਰਮਾਤਮਾ ਦਾ ਪ੍ਰਵੇਸ਼!

ਨਾਨਕ ਕਹਿੰਦੇ ਹਨ, ਵੇਦ ਇੱਕ ਹੀ ਗੱਲ ਕਹਿੰਦੇ ਨੇ ਕਿ ਉਸ ਦੇ ਅੰਤ ਦੀ ਭਾਲ ਕਰਦੇ-ਕਰਦੇ ਅਨੇਕਾਂ ਥੱਕ ਗਏ ਅਤੇ ਜਦ ਥੱਕੇ, ਬੱਸ, ਤਦ ਹੀ ਗਿਆਨ ਉਪਲਬਧ ਹੋ ਗਿਆ। ਤੁਸੀਂ ਜੇਕਰ ਥੱਕ ਜਾਓ, ਤਾਂ ਹੀ ਉਸ ਨੂੰ ਪਾ ਸਕੋਗੇ।

ਇਸ ਲਈ ਸਾਰੇ ਯੋਗ—ਇੱਕ ਹੀ ਲਖਸ਼ ਹੈ ਉਨ੍ਹਾਂ ਦਾ, ਕਿਸੇ ਤਰ੍ਹਾਂ ਤੁਹਾਨੂੰ ਥੱਕਾ ਦੇਣਾ। ਯੋਗ ਨਾਲ ਪਰਮਾਤਮਾ ਨਹੀਂ ਮਿਲਦਾ, ਯੋਗ ਨਾਲ ਕੇਵਲ ਹੰਕਾਰ ਥੱਕਦਾ ਹੈ। ਵਿਧੀਆਂ ਨਾਲ ਪਰਮਾਤਮਾ ਨਹੀਂ ਮਿਲਦਾ, ਵਿਧੀਆਂ ਨਾਲ ਕੇਵਲ ਤੁਸੀਂ ਥੱਕਦੇ ਹੋ ਅਤੇ ਇੱਕ ਅਜਿਹੀ ਥਕਾਨ ਕੀ, ਪੂਰੀ ਤਰ੍ਹਾਂ ਪੂਰਣ ਸ਼ਾਂਤੀ ਦੀ ਅਵਸਥਾ ਆ ਜਾਂਦੀ ਹੈ, ਜਦ ਮੁੱਠੀ ਖੁੱਲ੍ਹ ਜਾਂਦੀ ਹੈ। ਤੁਸੀਂ ਏਨੇ ਥੱਕੇ ਹੁੰਦੇ ਹੋ ਕਿ ਮੁੱਠੀ ਬੰਨ੍ਹ ਵੀ ਨਹੀਂ ਸਕਦੇ।

ਲੱਭਦੇ-ਲੱਭਦੇ ਅਨੇਕ ਥੱਕ ਗਏ ਅਤੇ ਵੇਦ ਇੱਕ ਹੀ ਗੱਲ ਕਹਿੰਦੇ ਹਨ। ਜਦ ਕੋਈ ਥੱਕ ਜਾਂਦਾ ਹੈ ਤਦ ਹੀ ਪ੍ਰਾਪਤੀ ਹੋ ਜਾਂਦੀ ਹੈ।

ਇਸ ਲਈ ਤਾਂ ਸਤਿਗੁਰੂਆਂ ਨੇ ਕਿਹਾ ਹੈ ਕਿ ਪਰਮਾਤਮਾ ਪਸ਼ਾਦ ਨਾਲ ਮਿਲਦਾ ਹੈ, ਜਤਨਾਂ ਨਾਲ ਨਹੀਂ। ਕਿਰਪਾ ਨਾਲ ਮਿਲਦਾ ਹੈ, ਉਸੇ ਦੀ ਮੇਹਰ ਨਾਲ ਮਿਲਦਾ ਹੈ, ਤੁਹਾਡੀ ਕੋਸ਼ਿਸ਼ ਨਾਲ ਨਹੀਂ। ਜੇਕਰ ਤੁਹਾਡੀ ਕੋਸ਼ਿਸ਼ ਨਾਲ ਮਿਲੇਗਾ ਤਾਂ ਤੁਹਾਡੇ ਤੋਂ ਛੋਟਾ ਹੋ ਜਾਏਗਾ, ਮੇਹਰ ਨਾਲ ਮਿਲਦਾ ਹੈ। ਤੁਹਾਡੇ ਤੋਂ ਛੋਟਾ ਨਹੀਂ ਹੈ ਤੁਹਾਡੇ ਤੋਂ ਵੱਡਾ ਹੈ ਅਤੇ ਜਿਵੇਂ ਹੀ ਤੁਸੀਂ ਖ਼ਾਲੀ ਹੁੰਦੇ ਹੋ ਤੁਸੀਂ ਭਰ ਦਿੱਤੇ ਜਾਂਦੇ ਹੋ।

ਮੀਂਹ ਵਰ੍ਹਦਾ ਹੈ; ਪਹਾੜ ਉਤੇ ਵੀ ਵਰ੍ਹਦਾ ਹੈ, ਝੀਲ ਉਤੇ ਵੀ ਵਰ੍ਹਦਾ ਹੈ। ਝੀਲ ਵਿੱਚ ਤਾਂ ਪਾਣੀ ਭਰ ਜਾਂਦਾ ਹੈ, ਪਹਾੜ ਖ਼ਾਲੀ ਦਾ ਖ਼ਾਲੀ ਰਹਿ ਜਾਂਦਾ ਹੈ। ਪਹਾੜ ਪਹਿਲਾਂ ਤੋਂ ਹੀ ਭਰਿਆ ਹੋਇਆ ਹੈ, ਥਾਂ ਹੀ ਨਹੀਂ ਕਿ ਮੀਂਹ ਭਰ ਸਕੇ। ਝੀਲ ਖ਼ਾਲੀ

ਹੈ। ਸੋ ਟੋਇਆਂ-ਟਿੱਬਿਆਂ ਵਿੱਚ ਤਾਂ ਪਾਣੀ ਭਰ ਜਾਂਦਾ ਹੈ ਅਤੇ ਝੀਲ ਬਣ ਜਾਂਦੀ ਹੈ। ਪਹਾੜ, ਜਿਹੜੇ ਭਰੇ ਹੋਏ ਹਨ, ਖ਼ਾਲੀ ਦੇ ਖ਼ਾਲੀ ਰਹਿ ਜਾਂਦੇ ਹਨ।

ਪਰਮਾਤਮਾ ਤਾਂ ਸਾਰਿਆਂ ਤੇ ਇਕੋ ਜਿਹਾ ਵਰ੍ਹਦਾ ਹੈ। ਉਸਦੇ ਲਈ ਕੋਈ ਭੇਦ-ਭਾਵ ਨਹੀਂ। ਕੁਦਰਤ ਸਾਰਿਆਂ ਲਈ ਇਕੋ ਜਿਹੀ ਹੈ। ਉਥੇ ਰੱਤੀ ਕੁ ਵੀ ਫ਼ਰਕ ਨਹੀਂ ਹੈ! ਉਥੇ ਕਾਬਲੀਅਤ-ਨਾ-ਕਾਬਲੀਅਤ ਦਾ ਹਿਸਾਬ ਨਹੀਂ ਹੈ। ਪਾਪੀ ਅਤੇ ਪੁੰਨਆਤਮਾ ਦਾ ਵੀ ਹਿਸਾਬ ਨਹੀਂ ਹੈ। ਪਰਮਾਤਮਾ ਸਾਰਿਆਂ ਉਤੇ ਵਰ੍ਹਦਾ ਹੈ। ਜਿਵੇਂ ਸਭ ਦੇ ਉਪਰ ਆਕਾਸ਼ ਦੀ ਛਾਂ ਹੈ। ਪਰ ਜਿਹੜੇ ਖ਼ੁਦੀ ਨਾਲ ਭਰੇ ਹੋਏ ਹਨ, ਉਹ ਚੁੱਕ ਜਾਂਦੇ ਹਨ। ਕਿਉਂਕਿ ਉਨ੍ਹਾਂ ਦੇ ਅੰਦਰ ਥਾਂ ਹੀ ਨਹੀਂ ਹੈ। ਅਤੇ ਜਿਹੜੇ ਖ਼ੁਦੀ ਤੋਂ ਖਾਲੀ ਹਨ, ਉਹ ਭਰ ਜਾਂਦੇ ਹਨ, ਕਿਉਂਕਿ ਉਨ੍ਹਾਂ ਦੇ ਅੰਦਰ ਥਾਂ ਹੈ।

ਖ਼ੁਦੀ ਮਿਟਦੇ ਹੀ ਖ਼ੁਦਾ ਹੋ ਜਾਂਦਾ ਹੈ ਅਤੇ ਖ਼ੁਦੀ ਤਦ ਤੱਕ ਨਹੀਂ ਮਿਟਦੀ, ਜਦ ਤੱਕ ਆਸ ਹੈ ਕਿ ਪਾ ਲਵਾਂਗਾ।

'ਕਤੇਬੋਂ—ਅੰਜਿਲ, ਕੁਰਾਨ, ਤੁਰੇਤ ਦਾ ਕਹਿਣਾ ਹੈ ਕਿ ਅਠਾਰਾਂ ਆਲਮ ਹਨ ਲੇਕਿਨ ਤਤਵਤ! ਇਕੋ ਹੀ ਤਾਕਤ (ਸੱਤਾ) ਹੈ।'

*ਸਹਸ ਅਠਾਰਹ ਕਹਨਿ ਕਤੇਬਾ ਅਸੁਲੂ ਇਕੁ ਧਾਤੁ॥*

ਲੇਕਿਨ ਇਸ ਸਾਰੇ ਅਨੰਤ ਫੈਲਾਅ ਵਿੱਚ ਲੁਕਿਆ ਹੈ 'ਇੱਕ'। ਫੈਲਾਅ ਅਨੇਕ ਹਨ, ਅਨੰਤ ਰੂਪ ਹਨ, ਪਰ ਜਿਹੜਾ ਲੁਕਿਆ ਹੈ ਉਹ ਇੱਕ ਹੈ ਅਤੇ ਜੇਕਰ ਤੁਸੀਂ ਫੈਲਾਅ ਉਤੇ ਧਿਆਨ ਦਿੱਤਾ ਤਾਂ ਤੁਸੀਂ ਸੰਸਾਰ 'ਚ ਭਟਕ ਜਾਓਗੇ ਅਤੇ ਜੇਕਰ ਤੁਸੀਂ ਇੱਕ ਉਤੇ ਨਜ਼ਰ ਰੱਖੀ ਤਾਂ ਤੁਸੀਂ ਸੰਸਾਰ ਵਿੱਚ ਭਟਕ ਜਾਓਗੇ। ਜੇਕਰ ਤੁਸੀਂ ਧਾਗਾ ਫੜ ਲਿਆ ਤਾਂ ਤੁਸੀਂ ਪਰਮਾਤਮਾ ਨੂੰ ਪ੍ਰਾਪਤ ਕਰ ਲਵੋਗੇ।

ਸਾਗਰ ਦੀ ਸਤਹ ਉਤੇ ਅਨੇਕ ਲਹਿਰਾਂ ਹਨ, ਅਨੰਤ ਲਹਿਰਾਂ ਹਨ। ਜੇਕਰ ਤੁਸੀਂ ਸਾਗਰ ਉਤੇ ਧਿਆਨ ਨਾ ਦਿੱਤਾ ਅਤੇ ਲਹਿਰਾਂ ਦਾ ਖਿਆਲ ਕੀਤਾ, ਤਾਂ ਤੁਸੀਂ ਭਟਕਦੇ ਹੀ ਚਲੇ ਜਾਓਗੇ। ਕਿਉਂਕਿ ਲਹਿਰਾਂ ਤਾਂ ਬਣਦੀਆਂ ਹੀ ਰਹਿਣਗੀਆਂ, ਮਿਟਦੀਆਂ ਹੀ ਰਹਿਣਗੀਆਂ। ਉਨ੍ਹਾਂ ਦਾ ਕੋਈ ਪਾਰਾਵਾਰ ਨਹੀਂ ਹੈ। ਇੱਕ ਲਹਿਰ ਦੂਜੀ ਵਿੱਚ ਲੈ ਜਾਏਗੀ, ਦੂਜੀ ਤੀਜੀ ਵਿੱਚ ਲੈ ਜਾਏਗੀ। ਤੁਸੀਂ ਲਹਿਰਾਂ ਉਤੇ ਭਟਕਦੀ ਹੋਈ ਇੱਕ ਤੁੱਛ ਕਾਗਜ਼ ਦੀ ਬੇੜੀ ਵਰਗੇ ਹੋ ਜਾਓਗੇ, ਜਿਹੜੀ ਇਸ ਲਹਿਰ ਤੋਂ ਉਸ ਲਹਿਰ ਵਿੱਚ ਜਾਏਗੀ। ਇਸ ਲਹਿਰ ਵਿੱਚ ਡੁੱਬੇਗੀ ਉਸ ਲਹਿਰ ਵਿੱਚ ਡੁੱਬੇਗੀ। ਇਧਰ ਦੁੱਖ ਪਾਏਗੀ, ਉਧਰ ਦੁੱਖ ਪਾਏਗੀ। ਤੁਸੀਂ ਮੰਜ਼ਿਲ ਤੱਕ ਨਹੀਂ ਪੁੱਜ ਸਕੋਗੇ, ਕਿਉਂਕਿ ਲਹਿਰਾਂ ਵਿੱਚ ਮੰਜ਼ਿਲ ਨਹੀਂ ਹੋ ਸਕਦੀ। ਲਹਿਰਾਂ ਵਿੱਚ ਤਾਂ ਬਦਲਾਓ ਹੈ ਅਤੇ ਮੰਜ਼ਿਲ ਤਾਂ ਸ਼ਾਸ਼ਵਤ ਹੋਏਗੀ। ਲਹਿਰਾਂ ਵਿੱਚ ਆਰਾਮ ਨਹੀਂ ਹੋ ਸਕਦਾ। ਆਰਾਮ

ਤਾਂ ਉਥੇ ਹੋਏਗਾ ਜਿਥੇ ਸਾਰੀਆਂ ਲਹਿਰਾਂ ਸ਼ਾਂਤ ਹੋ ਜਾਂਦੀਆਂ ਹਨ। ਤੁਸੀਂ ਉਸਨੂੰ ਪਾ ਲੈਂਦੇ ਹੋ, ਜਿਹੜਾ ਬਦਲਦਾ ਹੀ ਨਹੀਂ।

ਤੁਸੀਂ ਖਿਆਲ ਕੀਤਾ? ਜਿੰਨੀ ਤੁਹਾਡੇ ਜੀਵਨ ਵਿੱਚ ਬਦਲਾਹਟ ਹੁੰਦੀ ਹੈ, ਓਨੀ ਹੀ ਅਸ਼ਾਂਤੀ ਹੁੰਦੀ ਹੈ। ਇਸ ਲਈ ਤਾਂ ਅੱਜ ਦੀ ਦੁਨੀਆਂ ਵਿੱਚ ਬਹੁਤ ਅਸ਼ਾਂਤੀ ਵੱਧ ਗਈ ਹੈ। ਕਿਉਂਕਿ ਬਦਲਾਹਟ ਬਹੁਤ ਵੱਧ ਗਈ ਹੈ। ਬਦਲਾਹਟ ਹਰ ਪਲ ਹੋ ਰਹੀ ਹੈ। ਵਿਗਿਆਨਕ ਹਿਸਾਬ ਲਾਉਂਦੇ ਹਨ ਕਿ ਈਸਾ ਤੋਂ ਪਹਿਲਾਂ ਪੰਜ ਹਜ਼ਾਰ ਸਾਲ ਵਿੱਚ ਜਿੰਨੀ ਬਦਲਾਹਟ ਹੁੰਦੀ ਸੀ, ਈਸਾ ਤੋਂ ਬਾਦ ਹਜ਼ਾਰ ਸਾਲ ਵਿੱਚ ਓਨੀ ਬਦਲਾਹਟ ਹੋਣ ਲੱਗੀ। ਫ਼ਿਰ ਈਸਾ ਦੇ ਹਜ਼ਾਰ ਸਾਲਾਂ ਬਾਦ ਦੋ ਸੌ ਵਰ੍ਹਿਆਂ ਵਿੱਚ ਓਨੀ ਬਦਲਾਹਟ ਹੋਣ ਲੱਗ ਪਈ। ਇਸ ਸਦੀ ਵਿੱਚ ਪੁੱਜਦੇ-ਪੁੱਜਦੇ ਈਸਾ ਤੋਂ ਪਹਿਲਾਂ ਪੰਜ ਹਜ਼ਾਰ ਸਾਲ ਵਿੱਚ ਜਿੰਨੀ ਬਦਲਾਹਟ ਹੁੰਦੀ ਸੀ, ਓਨੀ ਹੁਣ ਪੰਜ ਸਾਲ ਵਿੱਚ ਹੁੰਦੀ ਹੈ। ਇਸ ਸਦੀ ਦੇ ਪੂਰੇ ਹੁੰਦੇ- ਹੁੰਦੇ ਓਨੀ ਬਦਲਾਹਟ ਪੰਜ ਮਹੀਨਿਆਂ ਵਿੱਚ ਹੋਣ ਲੱਗੇਗੀ। ਬਦਲਾਹਟ ਏਨੀ ਤੇਜ਼ੀ ਨਾਲ ਹੋ ਰਹੀ ਹੈ ਕਿ ਤੁਸੀਂ ਠਹਿਰ ਹੀ ਨਹੀਂ ਪਾਉਂਦੇ ਇੱਕ ਲਹਿਰ ਉਤੇ, ਕਿ ਦੂਜੀ ਲਹਿਰ ਆ ਜਾਂਦੀ ਹੈ।

ਜੇਕਰ ਤੁਸੀਂ ਬੁੱਢੇ ਆਦਮੀਆਂ ਤੋਂ ਪਿੰਡ ਵਿੱਚ ਜਾ ਕੇ ਪੁੱਛੋ, ਤਾਂ ਉਹ ਕਹਿਣਗੇ, ਉਨ੍ਹਾਂ ਦਾ ਪਿੰਡ ਕਰੀਬ-ਕਰੀਬ ਉਹੋ ਜਿਹਾ ਹੀ ਰਿਹਾ ਹੈ, ਜਿਹੋ ਜਿਹਾ ਸੀ। ਜਦੋਂ ਉਹ ਪੈਦਾ ਹੋਏ ਸਨ ਤਦ ਵੀ ਉਹੋ ਜਿਹਾ ਸੀ, ਹੁਣ ਵੀ ਉਹੋ ਜਿਹਾ ਹੈ। ਪਰ ਤੁਹਾਡੇ ਸ਼ਹਿਰ, ਜਿਹੜੇ ਕਿ ਭਵਿੱਖ ਦੇ ਨਕਸ਼ੇ ਹਨ, ਉਥੇ ਕੁਝ ਵੀ ਦੂਜੇ ਦਿਨ ਉਹੋ ਜਿਹਾ ਨਹੀਂ ਹੈ। ਸਭ ਬਦਲ ਰਿਹਾ ਹੈ ਅਤੇ ਪੱਛਮ ਵਿੱਚ ਤਾਂ ਬਦਲਾਹਟ ਬਹੁਤ ਭਿਆਨਕ ਹੋ ਰਹੀ ਹੈ।

ਅਮਰੀਕਾ ਵਿੱਚ ਮਨੁੱਖ ਤਿੰਨ ਸਾਲ ਤੋਂ ਜ਼ਿਆਦਾ ਇੱਕ ਪਿੰਡ ਵਿੱਚ ਨਹੀਂ ਰਹਿੰਦਾ। ਔਸਤ ਆਦਮੀ ਦੇ ਰਹਿਣ ਦੀ ਵਿਵਸਥਾ ਤਿੰਨ ਸਾਲ ਹੋ ਗਈ ਹੈ। ਹਰ ਤਿੰਨ ਸਾਲ ਵਿੱਚ ਦੂਜੇ ਪਿੰਡ ਪੁੱਜ ਜਾਂਦਾ ਹੈ ਅਤੇ ਇਹ ਤਾਂ ਔਸਤ ਆਦਮੀ ਦੀ ਗੱਲ ਹੈ। ਇਸ ਵਿੱਚ ਪੰਜਾਹ ਪ੍ਰਤਿਸ਼ਤ ਤਾਂ ਲੋਕ ਅਜਿਹੇ ਹਨ ਜਿਹੜੇ ਕਾਫੀ ਦੇਰ ਤੱਕ ਠਹਿਰਦੇ ਹਨ। ਉਨ੍ਹਾਂ ਦਾ ਵੀ ਹਿਸਾਬ ਜੋੜਿਆ ਹੋਇਆ ਹੈ। ਕੁਝ ਲੋਕ ਤਾਂ ਹਰ ਦੋ ਚਾਰ ਮਹੀਨੇ ਵਿੱਚ ਬਦਲ ਰਹੇ ਹਨ। ਪਿੰਡ ਬਦਲਦਾ ਹੈ, ਹਵਾ ਬਦਲਦੀ ਹੈ, ਮੌਸਮ ਬਦਲਦਾ ਹੈ, ਕੱਪੜੇ ਬਦਲਦੇ ਹਨ, ਕਾਰ ਬਦਲਦੀ ਹੈ, ਖਾਣਾ ਬਦਲਦਾ ਹੈ। ਲਹਿਰਾਂ ਵਧਦੀਆਂ ਜਾਂਦੀਆਂ ਹਨ ਅਤੇ ਤੁਹਾਡੇ ਮਨ ਨੂੰ ਅਜਿਹਾ ਲੱਗਦਾ ਹੈ, ਕਿ ਜਿੰਨੀ ਬਦਲਾਹਟ ਹੁੰਦੀ ਹੈ, ਓਨਾ ਤੁਸੀਂ ਸੁੱਖ ਪਾ ਰਹੇ ਹੋ।

ਪਰ ਜਿੰਨੀ ਬਦਲਾਹਟ ਹੁੰਦੀ ਹੈ, ਓਨਾ ਤੁਸੀਂ ਦੁੱਖ ਪਾ ਰਹੇ ਹੋ। ਕਿਉਂਕਿ ਹਰ

ਬਾਰ, ਜਿਵੇਂ ਪੌਦੇ ਨੂੰ ਉਸ ਦੀਆਂ ਜੜ੍ਹਾਂ ਤੋਂ ਪੁੱਟਣਾ ਪਵੇ, ਫਿਰ ਨਵੀਂ ਥਾਂ ਤੇ ਲਾਉਣਾ ਪਵੇ, ਫਿਰ ਪੁੱਟਣਾ ਪਵੇ, ਫਿਰ ਨਵੀਂ ਥਾਂ ਲਾਉਣਾ ਪਵੇ—ਤੁਸੀਂ ਜੰਮ ਵੀ ਨਹੀਂ ਪਾਉਂਦੇ, ਤੁਹਾਡੀਆਂ ਜੜ੍ਹਾਂ ਲੱਗ ਵੀ ਨਹੀਂ ਪਾਉਂਦੀਆਂ ਇੱਕ ਲਹਿਰ ਵਿੱਚ, ਕਿ ਦੂਜੀ ਲਹਿਰ ਆ ਜਾਂਦੀ ਹੈ।

ਜਿੰਨੀ ਬਦਲਾਹਟ ਹੁੰਦੀ ਹੈ, ਓਨਾਂ ਜੀਵਨ ਨਰਕਮਈ ਹੋ ਜਾਏਗਾ। ਇਸ ਲਈ ਪੱਛਮ ਵਿੱਚ ਨਰਕ ਬਹੁਤ ਸੰਘਣਾ ਹੋ ਗਿਆ ਹੈ। ਪ੍ਰਾਚੀਨ ਦਿਨਾਂ ਵਿੱਚ ਪੂਰਬ ਬਹੁਤ ਸ਼ਾਂਤ ਸੀ। ਕਿਉਂਕਿ ਬਦਲਾਓ ਨਾ ਦੇ ਬਰਾਬਰ ਸੀ। ਚੀਜ਼ਾਂ ਠਹਿਰੀਆਂ ਹੋਈਆਂ ਸਨ ਅਤੇ ਉਸ ਠਹਿਰਾਓ ਚੋਂ ਸਾਗਰ ਵਿੱਚ ਉਤਰਨਾ ਆਸਾਨ ਸੀ। ਕਿਉਂਕਿ ਜੜ੍ਹਾਂ ਜੰਮੀਆਂ ਹੋਈਆਂ ਸਨ ਅਤੇ ਡੂੰਘੇ ਉਤਰਨ ਦੀ ਹਿੰਮਤ ਹੁੰਦੀ ਸੀ।

ਇੱਕ ਗੱਲ ਧਿਆਨ ਰੱਖਣਾ: ਜੇਕਰ ਲਹਿਰ ਨਾਲ ਵਗਦੇ ਰਹੇ ਤਾਂ ਤੁਸੀਂ ਸੰਸਾਰਿਕ ਹੋ ਅਤੇ ਜੇਕਰ ਲਹਿਰ ਵਿੱਚ ਹੌਲੀ-ਹੌਲੀ ਤੁਸੀਂ ਸਾਗਰ ਨੂੰ ਲੱਭਣਾ ਸ਼ੁਰੂ ਕਰ ਦਿੱਤਾ, ਤਾਂ ਤੁਸੀਂ ਸੰਨਿਆਸੀ ਹੋ ਗਏ। ਬਦਲਾਓ ਵਿੱਚ ਸ਼ਾਸ਼ਵਤ ਦੀ ਭਾਲ ਸੰਨਿਆਸ ਹੈ। ਬਦਲਦੇ ਹੋਏ ਵਿੱਚ ਨਾ ਬਦਲਦੇ ਹੋਏ ਨੂੰ ਫੜ ਲੈਣ ਦੀ ਕਲਾ ਸੰਨਿਆਸ ਹੈ। ਉਹ ਹੀ ਧਰਮ ਹੈ। ਉਹ ਹੀ ਸਾਰ ਹੈ, ਸਾਰੇ ਵੇਦਾਂ, ਸਾਰੇ ਕੁਰਾਨਾਂ, ਸਾਰੇ ਇੰਨਜ਼ੀਲਾਂ ਦਾ....

ਨਾਨਕ ਕਹਿੰਦੇ ਹਨ, 'ਕਤੇਬਾਂ ਦਾ ਕਹਿਣਾ ਹੈ ਕਿ ਅਠਾਰਾਂ ਹਜ਼ਾਰ ਆਲਮ ਹਨ, ਅਠਾਰਾਂ ਹਜ਼ਾਰ ਅਸਤਿਤਵ ਹਨ, ਲੇਕਿਨ ਤਤਵਤ: ਇੱਕ ਹੀ ਸੱਤਾ ਹੈ।''

ਤੁਸੀਂ ਕਿਸ ਨੂੰ ਫੜੋਗੇ, ਇਸ ਉਤੇ ਨਿਰਭਰ ਕਰੇਗਾ। ਦੋਨੋਂ ਖੁੱਲ੍ਹੇ ਹਨ। ਚਾਹੋ ਤਾਂ ਪਰਿਵਰਤਨਸ਼ੀਲ ਨੂੰ ਫੜ ਲਵੋ, ਜੋ ਆਉਂਦਾ ਹੈ, ਜਾਂਦਾ ਹੈ। ਅਤੇ ਚਾਹੋ ਤਾਂ ਉਸਨੂੰ ਫੜ ਲਵੋ, ਜਿਹੜਾ ਨਾ ਕਦੇ ਆਉਂਦਾ ਹੈ ਅਤੇ ਨਾ ਕਦੇ ਜਾਂਦਾ ਹੈ, ਸਦਾ ਹੈ ਅਤੇ ਜਿਸ ਦੀ ਛਾਤੀ ਉਤੇ ਸਾਰੇ ਬਦਲਾਓ ਹੁੰਦੇ ਹਨ ਅਤੇ ਵਾਪਰਦੇ ਹਨ ਅਤੇ ਜਿਹੜਾ ਅਣ-ਬਦਲਿਆ ਬਣਿਆ ਰਹਿੰਦਾ ਹੈ।

ਜਿਸ ਨੇ ਉਸ ਇੱਕ ਨੂੰ ਫੜ ਲਿਆ, ਉਸ ਦੇ ਜੀਵਨ ਵਿੱਚ ਆਨੰਦ ਦੀ ਬਾਰਸ਼ ਹੋ ਜਾਂਦੀ ਹੈ ਅਤੇ ਜਿਸ ਨੇ ਅਨੇਕਾਂ ਨੂੰ ਫੜਿਆ, ਉਹ ਇੱਕ ਦੁੱਖ ਤੋਂ ਦੂਜੇ ਦੁੱਖ ਵਿੱਚ ਜਾਂਦਾ ਹੈ, ਉਸ ਨੂੰ ਸੁੱਖ ਮਿਲਦਾ ਨਹੀਂ, ਬੱਸ ਸੁੱਖ ਦਾ ਅਹਿਸਾਸ ਹੁੰਦਾ ਹੈ, ਜਦ ਇੱਕ ਦੁੱਖ ਤੋਂ ਦੂਜੇ ਦੁੱਖ ਵਿੱਚ ਜਾਂਦਾ ਹੈ ਤਾਂ ਵਿਚਾਲੇ ਜਿਹੜਾ ਥੋੜ੍ਹਾ ਜਿਹਾ ਬਦਲਾਹਟ ਦਾ ਅੰਤਰਾਲ ਹੁੰਦਾ ਹੈ, ਉਸ ਵਿੱਚ ਉਸ ਨੂੰ ਸੁੱਖ ਦੀ ਆਸ ਹੁੰਦੀ ਹੈ।

ਤੁਸੀਂ ਕਿੰਨੀ ਵਾਰ ਮਕਾਨ ਬਦਲੇ! ਕਿੰਨੀ ਵਾਰ ਕਾਰ ਬਦਲੀ! ਜਦ ਤੁਸੀਂ ਪੁਰਾਣੀ ਕਾਰ ਨੂੰ ਬਦਲਦੇ ਹੋ ਨਵੀਂ ਕਾਰ ਨਾਲ ਤਾਂ ਬਦਲਾਹਟ ਦੇ ਵਿਚਕਾਰ ਥੋੜ੍ਹਾ ਜਿਹਾ ਅੰਤਰਾਲ ਹੁੰਦਾ ਹੈ, ਜਿਸ ਵਿੱਚ ਤੁਹਾਨੂੰ ਲੱਗਦਾ ਹੈ ਬਹੁਤ ਸੁੱਖ ਮਿਲਣ ਵਾਲਾ ਹੈ।

ਪਰ ਅਜਿਹਾ ਹੀ ਤੁਹਾਨੂੰ ਪਹਿਲਾਂ ਵੀ ਲੱਗਿਆ ਸੀ, ਜਦ ਤੁਸੀਂ ਪਹਿਲੀ ਕਾਰ ਬਦਲੀ ਸੀ ਅਤੇ ਅਜਿਹਾ ਹੀ ਤੁਹਾਨੂੰ ਫ਼ੇਰ ਲੱਗੇਗਾ, ਜਦ ਤੁਸੀਂ ਫ਼ੇਰ ਕਾਰ ਬਦਲੋਗੇ। ਇੱਕ ਪਤਨੀ ਨੂੰ ਦੂਜੀ ਪਤਨੀ ਨਾਲ ਬਦਲ ਲਓ, ਇੱਕ ਪਤੀ ਨੂੰ ਦੂਜੇ ਪਤੀ ਨਾਲ ਬਦਲ ਲਓ। ਬੱਸ, ਵਿਚਾਲੇ ਇੱਕ ਆਸ ਦੀ ਕਿਰਨ ਮਾਲੂਮ ਹੁੰਦੀ ਹੈ।

ਇਵੇਂ ਹੀ, ਜਿਵੇਂ ਤੁਸੀਂ ਵੇਖਿਆ ਕਿ ਲੋਕ ਕਿਸੇ ਦੀ ਲਾਸ਼ ਨੂੰ ਮੋਢਿਆਂ ਤੇ ਚੁੱਕ ਕੇ ਸ਼ਮਸ਼ਾਨ ਲੈ ਜਾਂਦੇ ਹਨ, ਤੇ ਰਾਹ ਵਿੱਚ ਮੋਢਾ ਬਦਲਦੇ ਹਨ। ਇੱਕ ਮੋਢੇ ਤੇ ਭਾਰ ਵਧ ਜਾਂਦਾ ਹੈ, ਚੁੱਕ ਕੇ ਦੂਜੇ ਉਤੇ ਰੱਖ ਲੈਂਦੇ ਹਨ। ਬੱਸ ਥੋੜ੍ਹੀ ਦੇਰ ਲਈ। ਲੱਗਦਾ ਹੈ ਕਿ ਰਾਹਤ ਮਿਲੀ। ਕਿਉਂਕਿ ਭਾਰ ਤਾਂ ਉਹੀ ਦਾ ਉਹੀ ਹੈ। ਰਾਹਤ ਮਿਲੇਗੀ ਕਿਵੇਂ? ਬੱਸ ਮੋਢਾ ਥੋੜ੍ਹੀ ਦੇਰ ਵਿੱਚ ਥੱਕ ਜਾਂਦਾ ਹੈ। ਫ਼ਿਰ ਮੋਢਾ ਬਦਲ ਲੈਂਦੇ ਹਨ।

ਤੁਸੀਂ ਮੋਢੇ ਬਦਲ ਰਹੇ ਹੋ। ਬੱਸ ਵਿਚਕਾਰ ਥੋੜ੍ਹਾ ਜਿਹਾ ਆਸਾਰ ਲੱਗਦਾ ਹੈ ਕਿ ਸੁੱਖ ਮਿਲਿਆ। ਸੁੱਖ ਤੁਹਾਨੂੰ ਕਦੇ ਮਿਲਿਆ ਨਹੀਂ। ਪਰਤ ਕੇ ਵੇਖੋ, ਤੁਹਾਨੂੰ ਇੱਕ ਪਲ ਲਈ ਵੀ ਅਜਿਹਾ ਮਾਲੂਮ ਨਹੀਂ ਹੋਏਗਾ, ਜਦ ਤੁਸੀਂ ਸੁੱਖ ਨੂੰ ਜਾਣਿਆ ਹੋਵੇ। ਜਿਸ ਲਈ ਤੁਸੀਂ ਪਰਮਾਤਮਾ ਨੂੰ ਧੰਨਵਾਦ ਦੇ ਸਕੋ। ਦੁੱਖ ਹੀ ਦੁੱਖ ਹੈ ਅਤੇ ਲੋਕ ਇੱਕ ਦੁੱਖ ਨੂੰ ਦੂਜੇ ਦੁੱਖ ਵਿੱਚ ਬਦਲਦੇ ਰਹਿੰਦੇ ਹਨ। ਪੁਰਾਣਾ ਦੁੱਖ ਛੱਡਦੇ ਹਨ ਨਵਾਂ ਫੜ ਲੈਂਦੇ ਹਨ, ਥੋੜ੍ਹਿਆਂ ਦਿਨਾਂ 'ਚ ਇਹ ਵੀ ਪੁਰਾਣਾ ਹੋ ਜਾਂਦਾ ਹੈ। ਫ਼ਿਰ ਇਸਨੂੰ ਛੱਡਦੇ ਹਨ ਫ਼ਿਰ ਨਵਾਂ ਫੜ ਲੈਂਦੇ ਹਨ। ਆਸ ਬਣੀ ਹੀ ਰਹਿੰਦੀ ਹੈ ਕਿ ਕਦੇ ਸੁੱਖ ਮਿਲੇਗਾ।

ਇਹ ਰਾਹ ਸੁੱਖ ਨੂੰ ਪਾਉਣ ਦਾ ਨਹੀਂ। ਕਿਉਂਕਿ ਤੁਸੀਂ ਲਹਿਰਾਂ ਨੂੰ ਲਹਿਰਾਂ ਨਾਲ ਬਦਲ ਰਹੇ ਹੋ। ਸੁੱਖ ਨੂੰ ਪਾਉਣ ਦਾ ਰਾਹ, ਲਹਿਰ ਨਾਲ ਸਾਗਰ ਵਿੱਚ ਉਤਰਨਾ। ਲਹਿਰਾਂ ਅਨੇਕ, ਸਾਗਰ ਇੱਕ। ਅਠਾਰਾਂ ਹਜ਼ਾਰ ਹੋਣਗੇ ਅਸਤਿਤਵ, ਪਰ ਸੱਤਾ ਇੱਕ ਹੈ। ਸਾਰਿਆਂ ਦੇ ਅੰਦਰ ਇੱਕ ਹੀ ਲੁਕਿਆ ਹੈ। ਸਾਰੇ ਜੀਵਨ ਦੀ ਕਲਾ ਇਸ ਇੱਕ ਛੋਟੇ ਜਿਹੇ ਸੂਤਰ ਵਿੱਚ ਪੂਰੀ ਹੋ ਜਾਂਦੀ ਹੈ ਕਿ ਤੁਸੀਂ ਇੱਕ ਨੂੰ ਲੱਭ ਲਓ। ਤੁਸੀਂ ਧਾਗੇ ਨੂੰ ਪਾ ਲਓ।

'ਜੇਕਰ ਉਸਦਾ ਲੇਖਾ ਹੋਵੇ ਤਾਂ ਲਿਖੀਏ। ਪਰ ਸਾਰਾ ਲੇਖਾ-ਜੋਖਾ ਮਿਟ ਜਾਣ ਵਾਲਾ ਹੈ। ਨਾਨਕ ਕਹਿੰਦੇ ਹਨ, ਉਹ ਸਭ ਤੋਂ ਮਹਾਨ ਹੈ ਉਹ ਆਪਣੇ ਆਪ ਨੂੰ ਆਪ ਹੀ ਜਾਣਦਾ ਹੈ।'

*ਲੇਖਾ ਹੋਇ ਤ ਲਿਖੀਐ ਲੇਖੈ ਹੋਇ ਵਿਣਾਸੁ॥*
*ਨਾਨਕ ਵਡਾ ਆਖੀਐ ਆਪੇ ਜਾਣੈ ਆਪੁ॥ ੨੨॥*

ਉਸ ਦੇ ਸੰਬੰਧ ਵਿੱਚ ਕੁਝ ਲਿਖਿਆ ਨਹੀਂ ਜਾ ਸਕਦਾ, ਕਿਉਂਕਿ ਲਿਖਿਆ

ਹੋਇਆ ਤਾਂ ਮਿਟ ਜਾਂਦਾ ਹੈ ਅਤੇ ਉਹ ਕਦੇ ਮਿਟਦਾ ਨਹੀਂ। ਤਾਂ ਜਿਹੜਾ ਕਦੇ ਮਿਟਦਾ ਨਹੀਂ ਉਸਨੂੰ ਮਿਟਣ ਵਾਲੀ ਚੀਜ਼ ਕਿਵੇਂ ਖ਼ਬਰ ਦੇਵੇਗੀ? ਸਾਰੇ ਲੇਖੇ ਗੁਆਚ ਜਾਂਦੇ ਹਨ। ਕਿੰਨੇ ਸ਼ਾਸਤ੍ਰ ਗੁਆਚ ਗਏ ਹਨ। ਜਿੰਨੇ ਸ਼ਾਸਤ੍ਰ ਅੱਜ ਹਨ ਉਹ ਵੀ ਸਾਰੇ ਗੁਆਚ ਜਾਣਗੇ। ਕਿੰਨੇ ਸ਼ਬਦ ਪੈਦਾ ਹੋਏ ਜਗਤ ਵਿੱਚ ਅਤੇ ਲੀਨ ਹੋ ਗਏ, ਪਰ ਸਤਯ ਤਾਂ ਬਣਿਆ ਹੋਇਆ ਹੈ।

ਸੋ ਦੋਹਾਂ ਦਾ ਗੁਣ ਧਰਮ ਵੱਖਰਾ ਹੈ, ਲੱਛਣ ਵੱਖਰਾ ਹੈ। ਜੋ ਲਿਖਿਆ ਜਾਂਦਾ ਹੈ ਉਹ ਤਾਂ ਮਿਟ ਜਾਏਗਾ। ਜਿਹੜਾ ਬਿਨਾਂ ਲਿਖਿਆ ਹੈ, ਜੇਕਰ ਤੁਸੀਂ ਕੋਰੇ ਕਾਗਜ਼ ਨੂੰ ਪੜ੍ਹਣਾ ਸਿੱਖ ਲਵੋ ਤਾਂ ਤੁਸੀਂ ਪਰਮਾਤਮਾ ਨੂੰ ਸਮਝ ਪਾਓਗੇ।

ਅਜਿਹਾ ਹੋਇਆ, ਮਹਾ ਰਾਸ਼ਟਰ ਵਿੱਚ ਹੋਇਆ। ਤਿੰਨ ਸੰਤ ਹੋਏ। ਏਕਨਾਥ ਹੋਏ, ਨਵ੍ਰਿਤੀ ਨਾਥ ਹੋਏ ਅਤੇ ਇੱਕ ਫ਼ਕੀਰ ਇਸਤ੍ਰੀ ਹੋਈ, ਮੁਕਤਾ ਬਾਈ। ਏਕਨਾਥ ਨੇ ਖ਼ਤ ਲਿਖਿਆ ਨਵ੍ਰਿਤੀ ਨਾਥ ਨੂੰ। ਪਰ ਖ਼ਤ ਕੋਰਾ ਕਾਗਜ਼ ਸੀ। ਉਸਦੇ ਵਿੱਚ ਕੁਝ ਲਿਖਿਆ ਨਹੀਂ ਸੀ। ਬੱਸ, ਖਾਲੀ ਕਾਗਜ਼ ਸੀ। ਸੁਨੇਹਾ ਦੇਣ ਵਾਲੇ ਦੇ ਹੱਥ ਭੇਜਿਆ ਸੀ। ਨਵ੍ਰਿਤੀ ਨਾਥ ਦੇ ਹੱਥ ਵਿੱਚ ਕਾਗਜ਼ ਗਿਆ। ਉਨ੍ਹਾਂ ਨੇ ਬਹੁਤ ਰਸ ਲੈ ਕੇ ਪੜ੍ਹਿਆ। ਲਿਖਿਆ ਉਸ ਦੇ ਵਿੱਚ ਕੁਝ ਵੀ ਨਹੀਂ ਸੀ। ਪਰ ਬਹੁਤ ਧਿਆਨ ਨਾਲ ਪੜ੍ਹਿਆ ਅਤੇ ਪੜ੍ਹ ਕੇ ਫ਼ਿਰ ਮੁਕਤਾ ਬਾਈ ਨੂੰ ਦਿੱਤਾ ਕਿ ਤੂੰ ਵੀ ਪੜ੍ਹ। ਫ਼ਿਰ ਮੁਕਤਾ ਬਾਈ ਨੇ ਵੀ ਉਸ ਨੂੰ ਗੌਰ ਨਾਲ ਪੜ੍ਹਿਆ ਅਤੇ ਫ਼ਿਰ ਦੋਨੋਂ ਆਨੰਦ-ਭਾਵ ਨਾਲ ਖੁਸ਼ ਹੋਏ। ਫ਼ਿਰ ਸੁਨੇਹਾ ਲਿਆਉਣ ਵਾਲੇ ਨੂੰ ਕਿਹਾ ਕਿ ਜਵਾਬ ਵਿੱਚ ਸਾਡਾ ਖ਼ਤ ਲੈ ਜਾਓ ਅਤੇ ਉਹੀ ਹੀ ਕੋਰਾ ਕਾਗਜ਼ ਵਾਪਿਸ ਦੇ ਦਿੱਤਾ।

ਸੁਨੇਹਾ ਲਿਆਉਣ ਵਾਲਾ ਬਹੁਤ ਮੁਸ਼ਕਿਲ ਵਿੱਚ ਪਿਆ। ਪਹਿਲਾਂ ਜਦ ਲਿਆਇਆ ਸੀ ਤਦ ਤਾਂ ਉਸ ਨੂੰ ਪਤਾ ਨਹੀਂ ਸੀ ਕਿ ਕਾਗਜ਼ ਕੋਰਾ ਹੈ। ਲਿਫਾਫੇ ਵਿੱਚ ਬੰਦ ਸੀ। ਹੁਣ ਤਾਂ ਉਸ ਨੇ ਵੇਖ ਲਿਆ ਕਿ ਉਸਦੇ ਵਿੱਚ ਕੁਝ ਨਹੀਂ ਲਿਖਿਆ ਹੋਇਆ। ਉਸ ਨੇ ਕਿਹਾ, 'ਮਹਾਰਾਜ' ਇਸ ਤੋਂ ਪਹਿਲਾਂ ਕਿ ਮੈਂ ਜਾਵਾਂ ਮੇਰੀ ਵੀ ਇੱਕ ਜਗਿਆਸਾ ਪੂਰੀ ਕਰ ਦਿਓ। ਲਿਖਿਆ ਕੁਝ ਵੀ ਨਹੀਂ ਹੈ, ਤਾਂ ਪੜ੍ਹਿਆ ਕਿਵੇਂ? ਅਤੇ ਨਾ ਕੇਵਲ ਤੁਸੀਂ ਪੜ੍ਹਿਆ, ਮੁਕਤਾ ਬਾਈ ਨੇ ਵੀ ਪੜ੍ਹਿਆ, ਅਤੇ ਤੁਸੀਂ ਦੋਨੋਂ ਖੁਸ਼ ਵੀ ਹੋਏ। ਅਤੇ ਏਨੇ ਗੌਰ ਨਾਲ ਪੜ੍ਹਿਆ ਕਿ ਜ਼ਰੂਰ ਕੁਝ ਪੜ੍ਹਿਆ! ਮੈਨੂੰ ਵੀ ਲੱਗਿਆ ਕਿ ਕੀ ਪੜ੍ਹਿਆ? ਅਤੇ ਫ਼ਿਰ ਇਹ ਹੀ ਕਾਗਜ਼ ਤੁਸੀਂ ਬਿਨਾਂ ਕੁਝ ਲਿਖੇ ਵਾਪਿਸ ਭੇਜ ਰਹੇ ਹੋ।''

ਨਵ੍ਰਿਤੀ ਨਾਥ ਨੇ ਕਿਹਾ ਕਿ ਏਕਨਾਥ ਨੇ ਖ਼ਬਰ ਭੇਜੀ ਹੈ ਕਿ ਜੇਕਰ 'ਉਸ ਨੂੰ' ਪੜ੍ਹਣਾ ਹੈ ਤਾਂ ਖ਼ਾਲੀ ਕਾਗਜ਼ ਉਤੇ ਪੜ੍ਹਣਾ ਪਏਗਾ ਅਤੇ ਭਰੇ ਹੋਏ ਕਾਗਜ਼ ਤੇ ਤੁਸੀਂ

ਜੋ ਵੀ ਪੜ੍ਹੋਗੇ 'ਉਹ' 'ਉਹ' ਨਹੀਂ ਹੈ। ਅਸੀਂ ਰਾਜ਼ੀ ਹਾਂ। ਅਸੀਂ ਗੱਲ ਸਮਝ ਗਏ, ਸਾਡਾ ਇਹ ਹੀ ਜਵਾਬ ਹੈ ਕਿ ਅਸੀਂ ਸਮਝ ਗਏ। ਅਸੀਂ ਰਾਜ਼ੀ ਹਾਂ। ਗੱਲ ਬਿਲਕੁਲ ਠੀਕ ਹੈ।

ਕਿਤਾਬਾਂ ਤਾਂ ਲਿਖੀਆਂ ਹੋਈਆਂ ਹਨ। ਪਰਮਾਤਮਾ ਤਾਂ ਅਨ-ਲਿਖਿਆ ਹੈ। ਕਿਤਾਬਾਂ ਕਿਵੇਂ ਉਸ ਨੂੰ ਕ਼ਹਿਣਗੀਆਂ? ਅਨ-ਲਿਖੇ ਨੂੰ ਪੜ੍ਹਣਾ ਸਿੱਖਣਾ ਹੋਵੇ ਤਾਂ ਵੇਦ ਪੜ੍ਹੋ, ਗੁਰੂ ਗ੍ਰੰਥ ਪੜ੍ਹੋ, ਕੁਰਾਨ ਪੜ੍ਹੋ, ਲਿਖੇ ਹੋਏ ਹਿੱਸੇ ਨੂੰ ਛੱਡ ਦੇਣਾ। ਗ਼ੌਰ ਲਿਖੇ ਹਿੱਸੇ ਨੂੰ ਪੜ੍ਹ ਲੈਣਾ, ਲਿਖੇ ਹਿੱਸੇ ਨੂੰ ਛੱਡ ਦੇਣਾ। ਗੈਰ ਲਿਖੇ ਨੂੰ ਸਾਂਭ ਲੈਣਾ। ਲਕੀਰਾਂ ਦੇ ਵਿਚਕਾਰ, ਸ਼ਬਦਾਂ ਦੇ ਵਿਚਕਾਰ ਜਿੱਥੇ-ਜਿੱਥੇ ਖ਼ਾਲੀ ਥਾਂ ਹੋਵੇ, ਉਸ ਨੂੰ ਪੜ੍ਹ ਲੈਣਾ। ਉਸ ਨੂੰ ਗੁਣ ਲੈਣਾ।

ਜੇਕਰ ਤੁਸੀਂ ਲਿਖੇ ਹੋਏ ਨੂੰ ਪੜ੍ਹਿਆ ਤਾਂ ਤੁਸੀਂ ਪੰਡਿਤ ਹੋ ਜਾਓਗੇ, ਜੇਕਰ ਤੁਸੀਂ ਅਨ-ਲਿਖੇ ਨੂੰ ਪੜ੍ਹਿਆ ਤਾਂ ਗਿਆਨੀ ਹੋ ਜਾਓਗੇ। ਜੇਕਰ ਲਿਖੇ ਹੋਏ ਨੂੰ ਚੇਤੇ ਕਰ ਲਿਆ ਤਾਂ ਤੁਹਾਡੇ ਕੋਲ ਬਹੁਤ ਖਬਰਾਂ ਇਕੱਠੀਆਂ ਹੋ ਜਾਣਗੀਆਂ ਅਤੇ ਜੇਕਰ ਅਨ-ਲਿਖੇ ਨੂੰ ਚੇਤੇ ਕਰ ਲਿਆ ਤਾਂ ਤੁਸੀਂ ਨਿੱਕੇ ਬੱਚੇ ਦੀ ਤਰ੍ਹਾਂ ਸਰਲ ਹੋ ਜਾਓਗੇ ਅਤੇ ਅਨ-ਲਿਖੇ ਨਾਲ ਹੀ ਦੁਆਰ ਹੈ।

ਇਸ ਲਈ ਨਾਨਕ ਕਹਿੰਦੇ ਹਨ, ਉਸ ਦਾ ਕੋਈ ਲੇਖਾ ਹੈ ਜਿਹੜਾ ਲਿਖਿਆ ਜਾ ਸਕੇ? ਕਿਸੇ ਨੇ ਕਦੇ ਉਸ ਦੇ ਸੰਬੰਧ ਵਿੱਚ ਕੁਝ ਜਾਣਿਆ ਹੈ, ਜਿਸ ਨੂੰ ਜਾਣਕਾਰੀ ਬਣਾਇਆ ਜਾ ਸਕੇ? ਕੋਈ ਖ਼ਬਰ ਉਸ ਦੀ ਸੂਚਨਾ ਨਹੀਂ ਬਣ ਸਕਦੀ। ਜਿਨ੍ਹਾਂ ਨੇ ਜਾਣਿਆ ਹੈ ਉਹ ਤਾਂ ਚੁੱਪ ਹਨ। ਜੇਕਰ ਉਹ ਕੁਝ ਕਹਿੰਦੇ ਵੀ ਹਨ ਤਾਂ ਕੇਵਲ ਚੁੱਪੀ ਦੇ ਵੱਲ ਇਸ਼ਾਰਾ ਕਰਨ ਨੂੰ ਕਹਿੰਦੇ ਹਨ। ਜੇਕਰ ਉਨ੍ਹਾਂ ਨੇ ਕੁਝ ਲਿਖਿਆ ਵੀ ਹੈ, ਤਾਂ ਇਸ ਲਈ ਲਿਖਿਆ ਹੈ, ਤਾਂ ਕਿ ਤੁਸੀਂ ਅਨ-ਲਿਖੇ ਨੂੰ ਪੜ੍ਹਣਾ ਸ਼ੁਰੂ ਕਰੋ।

ਨਾ ਉਸ ਦਾ ਕੋਈ ਲੇਖਾ ਹੈ ਜਿਹੜਾ ਲਿਖਿਆ ਜਾ ਸਕੇ ਅਤੇ ਜਿਹੜਾ ਲਿਖਿਆ ਗਿਆ ਹੈ ਉਹ ਸਾਰਾ ਕੁਝ ਤਾਂ ਮਿਟ ਜਾਣ ਵਾਲਾ ਹੈ। ਕਿੰਨਾ ਹੀ ਸਾਂਭੋ ਕਿਤਾਬਾਂ ਨੂੰ, ਉਹ ਗੁਆਚ ਹੀ ਜਾਣਗੀਆਂ। ਕਿਤਾਬਾਂ ਕਾਗਜ਼ ਦੀਆਂ ਹਨ। ਸਿਆਹੀ ਨਾਲ ਲਿਖੇ ਅੱਖਰ ਹਨ। ਇਸ ਤੋਂ ਬਹੁਤਾ ਪਰਿਵਰਤਨਸ਼ੀਲ ਤੁਸੀਂ ਹੋਰ ਕੁਝ ਪਾਓਗੇ? ਕਾਗਜ਼ ਦੀ ਬੇੜੀ ਸਮਝੋ!

ਜਿਹੜੇ ਲੋਕ ਸ਼ਾਸਤ੍ਰਾਂ ਉਤੇ ਸਵਾਰ ਹੋ ਕੇ ਪਰਮਾਤਮਾ ਤੱਕ ਪੁੱਜਣ ਦੀ ਕੋਸ਼ਿਸ਼ ਕਰ ਰਹੇ ਹਨ, ਉਹ ਕਾਗਜ਼ ਦੀ ਬੇੜੀ ਉਤੇ ਸਵਾਰ ਹਨ। ਬੇੜੀਆਂ ਤਾਂ ਡੁੱਬਣਗੀਆਂ ਹੀ, ਉਨ੍ਹਾਂ ਦੇ ਨਾਲ ਯਾਤਰੀ ਵੀ ਡੁੱਬਣਗੇ। ਤੁਸੀਂ ਕਾਗਜ਼ ਦੀ ਬੇੜੀ ਉਤੇ ਨਾ ਜਾਣਾ। ਬੱਚਿਆਂ ਦੇ ਖੇਡਣ ਲਈ ਠੀਕ ਹੈ ਕਾਗਜ਼ਾਂ ਦੀਆਂ ਬੇੜੀਆਂ, ਪਰ ਯਾਤਰਾ ਕਰਨ ਲਈ ਠੀਕ ਨਹੀਂ ਹਨ ਅਤੇ ਇਹ ਯਾਤਰਾ ਮਹਾਨ ਹੈ। ਇਸ ਤੋਂ ਵੱਡੀ ਕੋਈ ਯਾਤਰਾ ਨਹੀਂ

ਹੈ, ਕਿਉਂਕਿ ਇਸ ਤੋਂ ਮਹਾਨ ਕੋਈ ਸਾਗਰ ਨਹੀਂ ਹੈ। ਨਹੀਂ, ਸ਼ਾਸਤ੍ਰ ਨਾਲ ਕੰਮ ਨਹੀਂ ਚੱਲੇਗਾ। ਸ਼ਾਸਤ੍ਰ ਦਾ ਇਸ਼ਾਰਾ ਸਮਝ ਲੈਣਾ ਅਤੇ ਇਸ਼ਾਰਾ ਇੱਕ ਹੀ ਹੈ ਕਿ ਤੁਸੀਂ ਖ਼ਾਲੀ ਹੋ ਜਾਓ।

ਪਰ ਆਦਮੀ ਦੀ ਮੂਰਖਤਾ ਦਾ ਕੋਈ ਅੰਤ ਨਹੀਂ। ਜਿਹੜੇ ਸਾਨੂੰ ਕਹਿੰਦੇ ਹਨ ਖਾਲੀ ਹੋ ਜਾਓ ਅਸੀਂ ਉਨ੍ਹਾਂ ਨੂੰ ਹੀ ਫੜ ਕੇ ਆਪਣੇ ਆਪ ਨੂੰ ਭਰ ਲੈਂਦੇ ਹਾਂ, ਅਸੀਂ ਉਨ੍ਹਾਂ ਨੂੰ ਹੀ ਆਪਣੀ ਖੋਪੜੀ 'ਚ ਸਾਂਭ ਕੇ ਰੱਖ ਲੈਂਦੇ ਹਾਂ। ਫਿਰ ਅਸੀਂ ਪਰਿਵਰਤਨਸ਼ੀਲ ਦੇ ਚੱਕਰ 'ਚ ਪੈਂ ਜਾਂਦੇ ਹਾਂ। ਹੋਰ, ਸਾਡੀਆਂ ਤਮੰਨਾਵਾਂ ਅਤੇ ਬੁੱਧੀ—ਜਿਸ ਨੂੰ ਬੁੱਧੀ ਕਹਿੰਦੇ ਹਾਂ, ਜ਼ਰਾ ਕੁ ਵੀ ਬੁੱਧੀਮਾਨੀ ਦੀ ਖ਼ਬਰ ਨਹੀਂ ਦਿੰਦੀ।

ਮੈਂ ਸੁਣਿਆ ਹੈ ਕਿ ਸਿਕੰਦਰ ਉਸ ਪਾਣੀ ਦੀ ਤਲਾਸ਼ ਵਿੱਚ ਸੀ ਜਿਸ ਪਾਣੀ ਨੂੰ ਪੀਣ ਨਾਲ ਲੋਕ ਅਮਰ ਹੋ ਜਾਂਦੇ ਹਨ। ਉਸ ਦੇ ਸੰਬੰਧ ਵਿੱਚ ਬਹੁਤ ਮਸ਼ਹੂਰ ਕਹਾਣੀ ਹੈ: ਅੰਮ੍ਰਿਤ ਦੀ ਤਲਾਸ਼ ਵਿੱਚ ਸੀ। ਕਹਿੰਦੇ ਹਨ ਦੁਨੀਆਂ ਭਰ ਨੂੰ ਜਿੱਤਣ ਦਾ ਜਿਹੜਾ ਉਸ ਨੇ ਆਡੰਬਰ ਕੀਤਾ, ਉਹ ਵੀ ਅੰਮ੍ਰਿਤ ਦੀ ਤਲਾਸ਼ ਲਈ।

ਅਤੇ ਕਹਾਣੀ ਹੈ ਕਿ ਅਖ਼ੀਰ ਉਸ ਨੂੰ ਉਹ ਥਾਂ ਮਿਲ ਗਈ। ਉਹ ਉਸ ਗੁਫ਼ਾ ਵਿੱਚ ਪ੍ਰਵੇਸ਼ ਕਰ ਗਿਆ, ਜਿੱਥੇ ਅੰਮ੍ਰਿਤ ਦਾ ਝਰਨਾ ਸੀ। ਆਨੰਦਿਤ ਹੋ ਗਿਆ। ਜਨਮਾਂ-ਜਨਮਾਂ ਦੀ ਜੀਵਨ ਦੀ ਇੱਛਿਆ ਦੀ ਤ੍ਰਿਪਤੀ ਦਾ ਪਲ ਆ ਗਿਆ। ਸਾਹਮਣੇ ਕਲ੍ਹ-ਕਲ੍ਹ ਨਾਦ ਕਰਦਾ ਹੋਇਆ ਝਰਨਾ ਹੈ। ਇਸੇ ਗੁਫ਼ਾ ਦੀ ਤਲਾਸ਼ ਸੀ।

ਝੁਕਿਆ ਹੀ ਸੀ, ਕਿ ਬੁੱਕ ਵਿੱਚ ਭਰ ਲਵੇ ਅੰਮ੍ਰਿਤ ਨੂੰ ਅਤੇ ਪੀ ਜਾਵੇ, ਅਮਰ ਹੋ ਜਾਵੇ ਕਿ ਇੱਕ ਕਾਂ ਗੁਫ਼ਾ ਦੇ ਅੰਦਰ ਬੈਠਾ ਹੋਇਆ ਸੀ। ਉਹ ਜ਼ੋਰ ਨਾਲ ਬੋਲਿਆ 'ਠਹਿਰ, ਰੁਕ! ਇਹ ਭੁੱਲ ਨਾ ਕਰੀਂ।' ਸਿਕੰਦਰ ਨੇ ਕਾਂ ਦੇ ਵੱਲ ਵੇਖਿਆ। ਕਾਂ ਬਹੁਤ ਦੁਰਗਤੀ ਦੀ ਹਾਲਤ ਵਿੱਚ ਸੀ। ਪਛਾਨਣਾ ਮੁਸ਼ਕਿਲ ਸੀ ਕਿ ਕਾਂ ਹੈ, ਖੰਭ ਝੜ ਗਏ ਸਨ, ਅੱਖਾਂ ਅੰਨ੍ਹੀਆਂ ਹੋ ਗਈਆਂ ਸਨ। ਇਹੋ ਜਿਹਾ ਟੁੱਟਿਆ-ਖੁਸਿਆ ਉਸ ਨੇ ਕਾਂ ਕਦੇ ਨਹੀਂ ਸੀ ਵੇਖਿਆ। ਬੱਸ, ਕੰਕਾਲ ਸੀ। ਸਿਕੰਦਰ ਨੇ ਪੁੱਛਿਆ, ਰੋਕਣ ਦਾ ਕਾਰਣ? ਅਤੇ ਰੋਕਣ ਵਾਲਾ ਤੂੰ ਕੌਣ?

ਕਾਂ ਨੇ ਕਿਹਾ, ਮੇਰੀ ਕਹਾਣੀ ਸੁਣ ਲੈ। ਮੈਂ ਵੀ ਅੰਮ੍ਰਿਤ ਦੀ ਭਾਲ ਵਿੱਚ ਸੀ ਅਤੇ ਇਹ ਗੁਫ਼ਾ ਮੈਨੂੰ ਵੀ ਮਿਲ ਗਈ ਸੀ ਅਤੇ ਮੈਂ ਵੀ ਇਹ ਅੰਮ੍ਰਿਤ ਪੀ ਲਿਆ ਅਤੇ ਹੁਣ ਮੈਂ ਮਰ ਨਹੀਂ ਸਕਦਾ। ਹੁਣ ਮੈਂ ਮਰਨਾ ਚਾਹੁੰਦਾ ਹਾਂ। ਵੇਖ ਮੇਰੀ ਹਾਲਤ! ਅੱਖਾਂ ਅੰਨ੍ਹੀਆਂ ਹੋ ਗਈਆਂ ਹਨ। ਦੇਹ ਜਰਾ ਜੀਰਣ (ਖਸਤਾ ਹਾਲ) ਹੋ ਗਈ ਹੈ, ਖੰਭ ਝੜ ਗਏ ਹਨ, ਉੱਡ ਵੀ ਨਹੀਂ ਸਕਦਾ, ਪੈਰ ਢਹਿ ਪਏ ਹਨ, ਗਲ ਗਏ ਹਨ, ਪਰ ਮਰ ਨਹੀਂ ਸਕਦਾ। ਇੱਕ ਵਾਰ ਮੇਰੇ ਵੱਲ ਵੇਖ ਲੈ। ਫਿਰ ਤੇਰੀ ਮਰਜ਼ੀ ਹੋਵੇ ਤਾਂ ਅੰਮ੍ਰਿਤ

ਵੀ ਲਵੀਂ।

ਪਰ ਹੁਣ ਮੈਂ ਚੀਖ ਰਿਹਾ ਹਾਂ, ਰੋਲਾ ਪਾ ਰਿਹਾ ਹਾਂ ਕਿ ਮੈਨੂੰ ਕੋਈ ਮਾਰ ਸੁੱਟੇ, ਲੇਕਿਨ ਮਾਰਿਆ ਨਹੀਂ ਜਾ ਸਕਦਾ। ਜੀਅ ਵੀ ਨਹੀਂ ਸਕਦਾ। ਕਿਉਂਕਿ ਜੀਉਂਣ ਦੇ ਸਾਰੇ ਸਾਧਨ ਖਤਮ ਹੁੰਦੇ ਜਾ ਰਹੇ ਹਨ ਅਤੇ ਮਰ ਵੀ ਨਹੀਂ ਸਕਦਾ, ਕਿਉਂਕਿ ਇਹ ਅੰਮ੍ਰਿਤ ਦਿੱਕਤ ਹੋ ਗਿਆ ਹੈ। ਹੁਣ ਪਰਮਾਤਮਾ ਅੱਗੇ ਇੱਕ ਹੀ ਪ੍ਰਾਰਥਨਾ ਕਰ ਰਿਹਾ ਹਾਂ ਕਿ ਮੈਨੂੰ ਮਾਰ ਸੁੱਟ, ਮੈਨੂੰ ਮਾਰ ਸੁੱਟ, ਬੱਸ, ਇਕੋ ਹੀ ਇੱਛਾ ਹੈ ਕਿ ਕਿਸੇ ਤਰ੍ਹਾਂ ਮਰ ਜਾਵਾਂ। ਹੁਣ ਮਰ ਨਹੀਂ ਸਕਦਾ। ਠਹਿਰ ਜਾ; ਸੋਚ ਲੈ ਇੱਕ ਵਾਰ, ਫ਼ਿਰ ਤੇਰੀ ਮਰਜ਼ੀ।

ਅਤੇ ਕਹਿੰਦੇ ਹਨ, ਸਿਕੰਦਰ ਸੋਚਦਾ ਰਿਹਾ ਅਤੇ ਚੁੱਪ-ਚਾਪ ਗੁਫ਼ਾ ਵਿਚੋਂ ਵਾਪਿਸ ਪਰਤ ਆਇਆ। ਉਸ ਨੇ ਅੰਮ੍ਰਿਤ ਨਹੀਂ ਪੀਤਾ।

ਤੁਸੀਂ ਜੋ ਵੀ ਚਾਹੁੰਦੇ ਹੋ, ਜੇਕਰ ਉਹ ਪੂਰਾ ਹੋ ਜਾਏ ਤਾਂ ਵੀ ਮੁਸ਼ਕਿਲ ਵਿੱਚ ਪਓਗੇ। ਜੇਕਰ ਉਹ ਪੂਰਾ ਨਾ ਹੋਵੇ, ਤਾਂ ਵੀ ਤੁਸੀਂ ਮੁਸ਼ਕਿਲ ਵਿੱਚ ਪੈਂਦੇ ਹੋ। ਤੁਸੀਂ ਮਰਨਾ ਨਹੀਂ ਚਾਹੁੰਦੇ। ਜੇਕਰ ਇਹ ਹੋ ਜਾਏ, ਗੁਫ਼ਾ ਤੁਹਾਨੂੰ ਮਿਲ ਜਾਏ ਅਤੇ ਤੁਸੀਂ ਅੰਮ੍ਰਿਤ ਪੀ ਲਵੋ, ਤਾਂ ਤੁਸੀਂ ਮੁਸ਼ਕਿਲ ਵਿੱਚ ਪਵੋਗੇ। ਕਿਉਂਕਿ ਤਦ—ਤਦ ਤੁਸੀਂ ਪਾਓਗੇ ਹੁਣ ਜੀਅ ਕੇ ਕੀ ਕਰੀਏ? ਅਤੇ ਜਦ ਜੀਵਨ ਤੁਹਾਡੇ ਹੱਥ ਵਿੱਚ ਸੀ, ਜਦ ਤੁਸੀਂ ਜੀਅ ਸਕਦੇ ਸੀ, ਤਦ ਤੁਸੀਂ ਇੱਛਾ ਕਰਦੇ ਸੀ ਕਿ ਅੰਮ੍ਰਿਤ ਮਿਲ ਜਾਏ, ਕਿਉਂਕਿ ਜਦ ਮੌਤ ਹੈ ਤਾਂ ਜੀਵੀਏ ਕਿਵੇਂ? ਨਾ ਮੌਤ ਨਾਲ ਜੀਅ ਸਕਦੇ ਹੋ, ਨਾ ਅੰਮ੍ਰਿਤ ਨਾਲ ਜੀਅ ਸਕਦੇ ਹੋ। ਨਾ ਗਰੀਬੀ ਵਿੱਚ ਜੀਅ ਸਕਦੇ ਹੋ, ਨਾ ਅਮੀਰੀ ਵਿੱਚ ਜੀਅ ਸਕਦੇ ਹੋ। ਨਾ ਨਰਕ ਵਿੱਚ, ਨਾ ਸੁਵਰਗ ਵਿੱਚ ਅਤੇ ਫ਼ਿਰ ਵੀ ਤੁਸੀਂ ਆਪਣੇ ਨੂੰ ਬੁੱਧੀਮਾਨ ਸਮਝਦੇ ਹੋ।

ਸੂਫ਼ੀ ਫ਼ਕੀਰ ਹੋਇਆ, ਬਾਏਜੀਦ। ਉਹ ਆਪਣੀ ਪ੍ਰਾਰਥਨਾ ਵਿੱਚ ਪਰਮਾਤਮਾ ਨੂੰ ਕਹਿੰਦਾ ਸੀ, ਮੇਰੀਆਂ ਪ੍ਰਾਰਥਨਾਵਾਂ ਦਾ ਖਿਆਲ ਨਾ ਕਰਨਾ। ਤੂੰ ਉਨ੍ਹਾਂ ਨੂੰ ਪੂਰੀਆਂ ਨਾ ਕਰੀਂ। ਕਿਉਂਕਿ ਮੇਰੇ ਕੋਲ ਏਨੀ ਬੁੱਧੀਮਾਨੀ ਕਿਥੇ ਹੈ ਕਿ ਮੈਂ ਉਹ ਹੀ ਮੰਗ ਲਵਾਂ ਜੋ ਸ਼ੁਭ ਹੈ।

ਆਦਮੀ ਬਿਲਕੁਲ ਬੁੱਧੀਹੀਣ ਹੈ। ਉਹ ਜੋ ਵੀ ਮੰਗਦਾ ਹੈ, ਉਸ ਦੇ ਜਾਲ ਵਿੱਚ ਭਟਕਦਾ ਹੈ। ਜੇਕਰ ਪੂਰਾ ਹੋ ਜਾਂਦਾ ਹੈ ਤਾਂ ਮੁਸ਼ਕਿਲ ਖੜ੍ਹੀ ਹੋ ਜਾਂਦੀ ਹੈ। ਪੂਰਾ ਨਹੀਂ ਹੁੰਦਾ ਤਾਂ ਮੁਸ਼ਕਿਲ ਖੜ੍ਹੀ ਹੋ ਜਾਂਦੀ ਹੈ। ਤੁਸੀਂ ਸੋਚ ਕੇ ਵੇਖੋ, ਅਤੀਤ ਵਿੱਚ ਪਰਤੋ। ਆਪਣੀ ਜ਼ਿੰਦਗੀ ਦਾ ਇੱਕ ਵਾਰ ਲੇਖਾ-ਜੋਖਾ ਕਰੋ। ਤੁਸੀਂ ਜੋ ਮੰਗਿਆ, ਉਸ ਵਿਚੋਂ ਕੁਝ ਪੂਰਾ ਹੋਇਆ ਹੈ, ਉਸ ਤੋਂ ਤੁਹਾਨੂੰ ਕੋਈ ਸੁੱਖ ਮਿਲਿਆ? ਤੁਸੀਂ ਜੋ ਮੰਗਿਆ ਉਸ ਵਿਚੋਂ ਕੁਝ ਪੂਰਾ ਨਹੀਂ ਹੋਇਆ ਹੈ, ਉਸ ਤੋਂ ਤੁਹਾਨੂੰ ਸੁੱਖ ਮਿਲਿਆ? ਤੁਸੀਂ ਦੋਹਾਂ

ਹਾਲਤਾਂ ਵਿੱਚ ਦੁੱਖ ਪਾ ਰਹੇ ਹੋ। ਜਿਹੜੀ ਮੰਗ ਹੈ ਉਸ ਨਾਲ ਉਲਝ ਗਏ, ਜੋ ਮਿਲਿਆ ਹੈ ਉਸ ਦੇ ਨਾਲ ਉਲਝ ਗਏ। ਜੋ ਨਹੀਂ ਮਿਲਿਆ ਹੈ ਉਸਦੇ ਨਾਲ ਉਲਝੇ ਹੋਏ ਹੋ।

ਬੁੱਧੀਮਾਨੀ ਕੀ ਹੈ? ਬੁੱਧੀਮਤਾ ਦਾ ਲੱਛਣ ਕੀ ਹੈ? ਬੁੱਧੀਮਤਾ ਦਾ ਲੱਛਣ ਹੈ, ਉਸ ਸੂਤਰ ਨੂੰ ਮੰਗ ਲੈਣਾ, ਜਿਸ ਨੂੰ ਮੰਗ ਲੈਣ ਨਾਲ ਫ਼ਿਰ ਦੁੱਖ ਨਹੀਂ ਹੁੰਦਾ। ਇਸ ਲਈ ਧਾਰਮਿਕ ਮਨੁੱਖ ਤੋਂ ਇਲਾਵਾ ਕੋਈ ਬੁੱਧੀਮਾਨ ਨਹੀਂ ਹੈ। ਕਿਉਂਕਿ ਕੇਵਲ ਪਰਮਾਤਮਾ ਨੂੰ ਮੰਗਣ ਵਾਲਾ ਹੀ ਪਛਤਾਉਂਦਾ ਨਹੀਂ। ਬਾਕੀ ਤੁਸੀਂ ਜੋ ਵੀ ਮੰਗੋਗੇ, ਪਛਤਾਓਗੇ।

ਇਸ ਨੂੰ ਤੁਸੀਂ ਗੰਢ ਬੰਨ੍ਹ ਕੇ ਰੱਖ ਲਵੋ। ਤੁਸੀਂ ਜੋ ਵੀ ਮੰਗੋਗੇ, ਪਛਤਾਓਗੇ। ਸਿਰਫ਼ ਪਰਮਾਤਮਾ ਨੂੰ ਮੰਗਣ ਵਾਲਾ ਨਹੀਂ ਪਛਤਾਉਂਦਾ। ਉਸ ਤੋਂ ਘੱਟ ਵਿੱਚ ਕੰਮ ਵੀ ਨਹੀਂ ਚਲੇਗਾ। ਉਹ ਹੀ ਜੀਵਨ ਦੀ ਮੰਜ਼ਿਲ ਹੈ।

ਲੇਕਿਨ ਕੀ ਤੁਸੀਂ ਉਸ ਪਰਮਾਤਮਾ ਨੂੰ ਸ਼ਾਸਤ੍ਰਾਂ ਵਿੱਚ ਪਾ ਸਕੋਗੇ? ਨਾਨਕ ਕਹਿੰਦੇ ਹਨ, ਉਥੇ ਤੁਸੀਂ ਉਸਨੂੰ ਨਹੀਂ ਪਾ ਸਕੋਗੇ। ਉਥੇ ਤੁਹਾਨੂੰ ਸ਼ਬਦ ਮਿਲ ਜਾਣਗੇ, ਸਿਧਾਂਤ ਮਿਲ ਜਾਣਗੇ। ਸਤਯ ਨਹੀਂ ਮਿਲੇਗਾ। ਸਤਯ ਕਿੱਥੇ ਮਿਲੇਗਾ? ਸਤਯ, ਨਾਨਕ ਕਹਿੰਦੇ ਹਨ—

'ਉਹ ਸਭ ਤੋਂ ਮਹਾਨ ਹੈ ਅਤੇ ਉਹ ਆਪਣੇ ਨੂੰ ਆਪ ਹੀ ਜਾਣਦਾ ਹੈ।'

ਤੁਸੀਂ ਉਸ ਤੋਂ ਦੂਰ-ਦੂਰ ਰਹਿ ਕੇ ਨਹੀਂ ਜਾਣ ਸਕੋਗੇ, ਤੁਸੀਂ ਜਦ ਉਸ ਵਿੱਚ ਡੁੱਬ ਜਾਓਗੇ ਤਦ ਹੀ ਜਾਣ ਸਕੋਗ। ਸਤਯ ਦਾ ਉਹ ਹੀ ਇੱਕ ਰਾਹ ਹੈ। ਪਰਮਾਤਮਾ ਨਾਲ ਇੱਕ ਹੋਏ ਬਿਨਾਂ ਕੋਈ ਸਤਯ ਨੂੰ ਨਹੀਂ ਜਾਣ ਸਕਦਾ।

ਅਸੀਂ ਪਦਾਰਥ ਦੇ ਸੰਬੰਧ ਵਿੱਚ ਜਾਣਕਾਰੀ ਲੈ ਸਕਦੇ ਹਾਂ। ਵਿਗਿਆਨ ਏਸੇ ਤਰ੍ਹਾਂ ਦੀ ਜਾਣਕਾਰੀ ਹੈ। ਦੂਰ ਖੜ੍ਹੇ ਹੋ ਕੇ, ਬਾਹਰ ਖੜ੍ਹੇ ਹੋ ਕੇ ਵਿਗਿਆਨਕ ਪਰੀਕਸ਼ਣ (ਜਾਂਚ) ਕਰਦੇ ਹਨ, ਪਦਾਰਥ ਦੇ ਸੰਬੰਧ ਵਿੱਚ, ਗਿਆਨ ਹੋ ਜਾਂਦਾ ਹੈ। ਲੇਕਿਨ ਪਰਮਾਤਮਾ ਦੇ ਸੰਬੰਧ ਵਿੱਚ ਕੋਈ ਗਿਆਨ ਬਾਹਰੋਂ ਨਹੀਂ ਹੋ ਸਕਦਾ। ਉਥੇ ਤਾਂ ਅੰਦਰ ਹੀ ਜਾਣਾ ਪਏਗਾ। ਉਥੇ ਤਾਂ ਏਨੇ ਅੰਦਰ ਜਾਣਾ ਹੋਏਗਾ, ਜਿੱਥੇ ਕਿ ਤੁਹਾਡੀ ਅਤੇ ਉਸ ਦੀ ਹੱਦ ਗੁਆਚ ਜਾਂਦੀ ਹੈ। ਤੁਸੀਂ ਉਸ ਦੇ ਹਿਰਦੇ ਦੀ ਧੜਕਨ ਬਣ ਜਾਂਦੇ ਹੋ। ਉਹ ਤੁਹਾਡੇ ਹਿਰਦੇ ਦੀ ਧੜਕਨ ਬਣ ਜਾਂਦਾ ਹੈ। ਜਿੱਥੇ ਏਨੀ ਏਕਤਾ ਸਧ ਜਾਂਦੀ ਹੈ, ਉਥੇ ਹੀ ਗਿਆਨ ਹੈ।

ਸ਼ਾਸਤ੍ਰਾਂ ਤੋਂ ਇਹ ਕਿਵੇਂ ਹੋਏਗਾ? ਸ਼ਬਦਾਂ ਤੋਂ ਇਹ ਕਿਵੇਂ ਹੋਏਗਾ? ਇਹ ਤਾਂ ਪ੍ਰੇਮ ਨਾਲ ਹੀ ਹੋ ਸਕਦਾ ਹੈ। ਇਸ ਲਈ ਨਾਨਕ ਕਹਿੰਦੇ ਹਨ, ਬੱਸ, ਪ੍ਰੇਮ ਕੁੰਜੀ ਹੈ ਅਤੇ

ਜੇਕਰ ਉਸ ਦੇ ਨਾਉਂ ਦਾ ਪ੍ਰੇਮ ਜਾਗ ਜਾਏ, ਜੇਕਰ ਉਸ ਦੀ ਧੁਨ ਤੁਹਾਡੇ ਅੰਦਰ ਵੱਜਣ ਲੱਗੇ ਅਤੇ ਤੁਸੀਂ ਉਸ ਦੇ ਪ੍ਰੇਮ ਵਿੱਚ ਪਾਗਲ ਹੋ ਜਾਓ, ਤਾਂ ਤੁਸੀਂ ਜਾਣ ਸਕੋਗੇ।

ਸ਼ਾਸਤ੍ਰਾਂ ਤੋਂ ਤੁਸੀਂ ਬੁੱਧੀਮਾਨੀ ਨਾ ਸਮਝਣਾ ਕਿ ਤੁਸੀਂ ਬੁੱਧੀਮਾਨੀ ਕਰ ਰਹੇ ਹੋ। ਉਹ ਨਾ-ਸਮਝੀ ਹੈ। ਉਥੇ ਤੁਹਾਨੂੰ ਬਹੁਤ ਸਾਰੇ ਤਰਕ ਅਤੇ ਸਿਧਾਂਤ ਮਿਲ ਜਾਣਗੇ। ਪਰ ਅਸਲੀ ਚੀਜ਼ ਭੁੱਲ ਜਾਏਗੀ। ਤੁਸੀਂ ਨਾ ਤਾਂ ਆਪਣੇ ਨੂੰ ਜਾਣ ਸਕੋਗੇ ਅਤੇ ਨਾ ਪਰਮਾਤਮਾ ਨੂੰ। ਕਿਉਂਕਿ ਦੋਹਾਂ ਨੂੰ ਜਾਨਣ ਦਾ ਇੱਕ ਹੀ ਰਾਹ ਹੈ। ਜੇਕਰ ਤੁਸੀਂ ਆਪਣੇ ਆਪ ਨੂੰ ਜਾਨਣਾ ਚਾਹੁੰਦੇ ਹੋ ਤਾਂ ਪਰਮਾਤਮਾ ਦੇ ਨਾਲ ਇੱਕ ਹੋ ਜਾਓ। ਕਿਉਂਕਿ ਉਸ ਦੇ ਨਾਲ ਇੱਕ ਹੋਣ ਤੇ ਹੀ ਉਹ ਗਿਆਨ ਪ੍ਰਾਪਤ ਹੁੰਦਾ ਹੈ, ਜਿਸ ਦੀ ਜਾਣਕਾਰੀ ਹੋ ਸਕੇ, ਜਾਨਣਾ ਹੋ ਸਕੇ। ਜੇਕਰ ਤੁਸੀਂ ਪਰਮਾਤਮਾ ਨੂੰ ਜਾਨਣਾ ਚਾਹੁੰਦੇ ਹੋ ਤਾਂ ਵੀ ਉਸ ਨਾਲ ਇੱਕ ਹੋ ਜਾਓ। ਕਿਉਂਕਿ ਜਦ ਤੁਸੀਂ ਉਸ ਨਾਲ ਇੱਕ ਹੋ ਜਾਓਗੇ ਤਦ ਹੀ ਉਸ ਨੂੰ ਪਛਾਣ ਸਕੋਗੇ। ਸੁਆਦ ਲਏ ਬਿਨਾਂ ਕੋਈ ਰਸਤਾ ਨਹੀਂ ਹੈ। ਨਹੀਂ ਤਾਂ ਤੁਹਾਡੇ ਸਾਰੇ ਤਰਕ ਬਚਕਾਨੇ ਰਹਿਣਗੇ ਅਤੇ ਮੂਰਖਤਾਪੂਰਣ ਰਹਿਣਗੇ।

ਅਜਿਹਾ ਹੋਇਆ ਕਿ ਮੁੱਲਾ ਨਸਰੂਦੀਨ ਅੱਸੀਆਂ ਸਾਲਾਂ ਦਾ ਹੋ ਗਿਆ ਅਤੇ ਤਦ ਅਚਾਨਕ ਉਸ ਨੇ ਆਪਣੇ ਪੁੱਤਰ ਨੂੰ, ਸੱਦ ਕੇ ਕਿਹਾ, ਵੱਡੇ ਪੁੱਤਰ ਨੂੰ ਜਿਸ ਦੀ ਉਮਰ ਕੋਈ ਸੱਠ ਸਾਲ ਹੋਏਗੀ, ਕਿ ਮੈਂ ਫੇਰ ਤੋਂ ਵਿਆਹ ਕਰਨ ਦਾ ਫੈਸਲਾ ਕਰ ਲਿਆ ਹੈ। ਤੇਰੀ ਮਾਂ ਨੂੰ ਮਰਿਆਂ ਕਾਫ਼ੀ ਮਹੀਨੇ ਹੋ ਗਏ ਅਤੇ ਹੁਣ ਮੈਂ ਬਿਨਾਂ ਇਸਤ੍ਰੀ ਤੋਂ ਨਹੀਂ ਰਹਿ ਸਕਦਾ।

ਪੁੱਤਰ ਥੋੜ੍ਹਾ ਚਿੰਤਾਜਨਕ ਹੋਇਆ। ਕਿਉਂਕਿ ਅੱਸੀ ਸਾਲ ਵਿੱਚ ਹੁਣ ਵਿਆਹ? ਉਸ ਨੇ ਕਿਹਾ, 'ਲੇਕਿਨ ਕਿਸ ਦੇ ਨਾਲ ਵਿਆਹ ਦਾ ਇਰਾਦਾ ਹੈ? ਕੁੜੀ ਕੌਣ ਹੈ?' ਨਸਰੂਦੀਨ ਨੇ ਕਿਹਾ ਕਿ ਸਾਹਮਣੇ ਗੁਆਂਢੀਆਂ ਦੀ ਕੁੜੀ ਹੈ। ਮੁੰਡਾ ਹੱਸਣ ਲੱਗਾ, ਉਸ ਨੇ ਕਿਹਾ, 'ਤੁਸੀਂ ਵੀ ਮਖੌਲ ਹੀ ਕਰਦੇ ਹੋ। ਜਾਂ ਸਿਰ ਫਿਰ ਗਿਆ? ਉਸ ਦੀ ਉਮਰ ਅਠਾਰਾਂ ਸਾਲ ਤੋਂ ਬਹੁਤੀ ਨਹੀਂ ਹੈ।'

ਨਸਰੂਦੀਨ ਨੇ ਕਿਹਾ, 'ਸਿਰ ਫਿਰ ਗਿਆ? ਜਦ ਮੈਂ ਤੇਰੀ ਮਾਂ ਨਾਲ ਵਿਆਹ ਕੀਤਾ ਸੀ ਤਦ ਉਸ ਦੀ ਉਮਰ ਵੀ ਅਠਾਰਾਂ ਸਾਲ ਸੀ, ਤਾਂ ਫ਼ਰਕ ਕੀ ਹੈ? ਅਠਾਰਾਂ ਸਾਲ ਨਾਲ ਕੀ ਫ਼ਰਕ ਪੈਂਦਾ ਹੈ?'

ਮਨੁੱਖ ਜਿੰਨੇ ਵੀ ਤਰਕ ਲੱਭਦਾ ਹੈ ਪਰਮਾਤਮਾ ਦੇ ਸੰਬੰਧ ਵਿੱਚ, ਉਹ ਇਹੋ ਜਿਹੇ ਹੀ ਹਨ। ਬਾਹਰ-ਬਾਹਰ ਹਨ। ਬਾਹਰੋਂ ਤਾਂ ਕੋਈ ਫ਼ਰਕ ਨਹੀਂ ਪੈਂਦਾ। ਪਰ ਇਹ ਤਾਂ ਯਾਦ ਹੀ ਨਹੀਂ ਆਉਂਦੀ ਕਿ ਮੈਂ ਅੱਸੀ ਸਾਲਾਂ ਦਾ ਹੋ ਗਿਆ ਹਾਂ। ਪਰਮਾਤਮਾ ਦੇ ਸੰਬੰਧ ਵਿੱਚ ਤਰਕ ਅਤੇ ਸਿਧਾਂਤ ਤੁਸੀਂ ਬਾਹਰੋਂ ਫੜਣ ਦੀ ਕੋਸ਼ਿਸ਼ ਕਰਦੇ ਹੋ। ਤੁਸੀਂ

ਆਪਣੀ ਯਾਦ ਹੀ ਨਹੀਂ ਕਰਦੇ ਕਿ ਤੁਹਾਨੂੰ ਅੰਦਰ ਪ੍ਰਵੇਸ਼ ਕਰਨਾ ਹੈ ਅਤੇ ਤੁਹਾਨੂੰ ਸਿਧਾਂਤ ਦਾ ਹਿੱਸਾ ਬਨਣਾ ਹੈ।

ਪੰਡਿਤ ਬਾਹਰ ਰਹਿੰਦਾ ਹੈ, ਗਿਆਨ ਉਸ ਲਈ ਸਮੱਗਰੀ ਹੈ, ਜਿਸ ਨੂੰ ਉਹ ਇਕੱਠਾ ਕਰਕੇ ਰੱਖਦਾ ਹੈ। ਪਰ ਖੁਦ ਬਾਹਰ ਰਹਿੰਦਾ ਹੈ। ਗਿਆਨੀ ਅੰਦਰ ਚਲਾ ਜਾਂਦਾ ਹੈ। ਪੰਡਿਤ ਬਹੁਤਾ ਚਾਲਾਕ ਹੈ, ਬਹੁਤਾ ਹੁਸ਼ਿਆਰ ਹੈ। ਅੰਦਰ ਦੇ ਫ਼ੇਰ ਵਿੱਚ ਨਹੀਂ ਪੈਂਦਾ। ਬਾਹਰੋਂ-ਬਾਹਰੋਂ ਹਿਸਾਬ ਰੱਖਦਾ ਹੈ। ਲੇਕਿਨ ਇਹ ਹੁਸ਼ਿਆਰੀ ਮੂਰਖਤਾ ਸਿੱਧ ਹੁੰਦੀ ਹੈ। ਕਿਉਂਕਿ ਅੰਦਰ ਜਾਣ ਤੋਂ ਬਿਨਾਂ ਕੋਈ ਰਾਹ ਨਹੀਂ।

ਇਹ ਉਸੇ ਤਰ੍ਹਾਂ ਹੈ ਜਿਵੇਂ ਕੋਈ ਪ੍ਰੇਮ ਦੇ ਸੰਬੰਧ ਵਿੱਚ ਕਿਤਾਬਾਂ ਪੜ੍ਹ ਲਵੇ ਅਤੇ ਸੋਚੇ ਕਿ ਮੈਂ ਪ੍ਰੇਮ ਨੂੰ ਜਾਣ ਲਿਆ। ਕੋਈ ਸਵੇਰ ਦੇ ਸੰਬੰਧ ਵਿੱਚ ਕਿਤਾਬਾਂ ਵਿੱਚ ਪੜ੍ਹ ਲਵੇ ਤੇ ਸੋਚੇ ਕਿ ਮੈਂ ਸਵੇਰ ਨੂੰ ਜਾਣ ਲਿਆ। ਕੋਈ ਫੁੱਲਾਂ ਦੇ ਸੰਬੰਧ ਵਿੱਚ ਤਸਵੀਰ ਵੇਖ ਲਵੇ ਅਤੇ ਸਮਝੇ ਕਿ ਮੈਂ ਫੁੱਲਾਂ ਨੂੰ ਜਾਣ ਲਿਆ। ਜਾਣਕਾਰੀ ਹੋ ਜਾਏਗੀ। ਪਰ ਫੁੱਲਾਂ ਦਾ ਸਾਖਸ਼ਾਤ, ਸਵੇਰੇ ਚੜ੍ਹਦੇ ਸੂਰਜ ਦਾ ਸਾਖਸ਼ਾਤ—ਉਹ ਸਾਖਸ਼ਾਤ, ਜਿਸ ਵਿੱਚ ਤੁਸੀਂ ਵੀ ਇੱਕ ਹੋ ਜਾਂਦੇ ਹੋ! ਸੂਰਜ ਬਾਹਰ ਨਹੀਂ ਰਹਿੰਦਾ, ਵੱਖਰਾ ਨਹੀਂ ਰਹਿੰਦਾ। ਤੁਸੀਂ ਅਤੇ ਸੂਰਜ ਦੋਹਾਂ ਦਾ ਮਿਲਨ ਹੋ ਜਾਂਦਾ ਹੈ। ਜਿੱਥੇ ਤੁਸੀਂ ਥੋੜ੍ਹੀ ਦੇਰ ਲਈ ਨਾਲ-ਨਾਲ ਧੜਕਦੇ ਹੋ।

ਫੁੱਲਾਂ ਦਾ ਸਾਖਸ਼ਾਤ, ਜਿੱਥੇ ਉਸ ਦੀ ਖੁਸ਼ਬੂ ਅਤੇ ਤੁਹਾਡਾ ਜੀਵਨ ਕੁਦਰਤ ਨਾਲ ਔਤ-ਪ੍ਰੋਤ (ਇੱਕ-ਮਿੱਕ) ਹੋ ਜਾਂਦਾ ਹੈ। ਇੱਕ ਦੂਜੇ ਵਿੱਚ ਲੀਨ ਹੋ ਜਾਂਦਾ ਹੈ। ਇੱਕ ਦੂਜੇ ਨੂੰ ਛੂੰਹਦਾ ਹੈ, ਆਨੰਦਿਤ ਹੁੰਦਾ ਹੈ। ਇੱਕ ਦੂਜੇ ਨਾਲ ਹਵਾ ਵਿੱਚ ਥਿਰਕਦਾ ਹੈ ਅਤੇ ਨਾਚ ਕਰਦਾ ਹੈ। ਉਹ ਘੜੀ ਤਾਂ ਕਿਤਾਬ ਵਿਚੋਂ ਨਹੀਂ ਮਿਲ ਸਕਦੀ।

ਅਤੇ ਜਦ ਸਾਧਾਰਣ ਫੁੱਲਾਂ ਦੇ ਨਾਲ ਇੱਕ ਹੋਣ ਦਾ ਪਲ ਕਿਤਾਬ ਵਿਚੋਂ ਨਹੀਂ ਮਿਲ ਸਕਦਾ ਤਾਂ ਜੀਵਨ ਦਾ ਪਰਮ ਫੁੱਲ, ਜੋ ਪਰਮਾਤਮਾ ਹੈ, ਉਸ ਦੇ ਨਾਲ ਤਾਂ ਕਿਵੇਂ.....ਕਿਵੇਂ ਸ਼ਬਦ ਅਤੇ ਸਿਧਾਂਤ ਦਾ ਰਿਸ਼ਤਾ ਜੋੜਿਆ ਜਾ ਸਕਦਾ ਹੈ?

ਉਸ ਨਾਲ ਤਾਂ ਰਿਸ਼ਤਾ ਜੋੜਣਾ ਹੋਵੇ ਤਾਂ ਤੁਹਾਨੂੰ ਅੰਦਰ ਪ੍ਰਵੇਸ਼ ਕਰਨਾ ਪਏਗਾ। ਇਸ ਲਈ ਪਾਗਲ ਹੀ ਪ੍ਰਵੇਸ਼ ਕਰਦੇ ਹਨ। ਬੁੱਧੀਮਾਨ ਵਾਂਝੇ ਰਹਿ ਜਾਂਦੇ ਹਨ, ਕਿਉਂਕਿ ਬੁੱਧੀਮਾਨੀ ਤੁਹਾਡੀ, ਚਾਲਾਕੀ ਤੁਹਾਡੀ, ਆਖ਼ਰਕਾਰ ਬੁੱਧੀਮਾਨੀ ਨਹੀਂ ਹੈ। ਇਸ ਲਈ ਬਹੁਤ ਵਾਰ ਅਜਿਹਾ ਹੋਇਆ ਹੈ। ਬਹੁਤ ਵਾਰ ਕਹਿਣਾ ਠੀਕ ਨਹੀਂ, ਸਦਾ ਹੀ ਅਜਿਹਾ ਹੋਇਆ ਹੈ ਕਿ ਪਾਗਲਾਂ ਨੇ ਉਸ ਨੂੰ ਪਾ ਲਿਆ, ਸਮਝਦਾਰ ਪਿੱਛੇ ਰਹਿ ਗਏ।

ਨਾਨਕ ਕਹਿੰਦੇ ਹਨ, ਬੱਸ, ਇਕੋ ਹੀ ਉਪਾਅ ਹੈ ਅਤੇ ਉਹ ਹੈ ਇਹ ਜਾਨਣਾ—

*ਨਾਨਕ ਵਡਾ ਆਖੀਐ ਆਪੇ ਜਾਣੈ ਆਪੁ॥*

'ਉਹ ਮਹਾਨ ਹੈ ਅਤੇ ਉਹ ਖ਼ੁਦ ਹੀ ਆਪਣੇ ਨੂੰ ਜਾਣ ਸਕਦਾ ਹੈ।'

ਤੁਸੀਂ ਉਸ ਨੂੰ ਬਾਹਰੋਂ ਨਹੀਂ ਜਾਣ ਸਕੋਗੇ, ਜਦ ਤੱਕ ਕਿ ਤੁਸੀਂ ਉਸ ਦੀ ਸਵੈ-ਸਤਾ ਵਿੱਚ ਲੀਨ ਨਾ ਹੋ ਜਾਓ। ਤੁਸੀਂ ਹੀ ਉਸ ਦੇ ਨਾਲ ਇੱਕ ਹੋ ਜਾਓ। ਪਰਮਾਤਮਾ ਨੂੰ ਜਾਨਣਾ ਹੋਵੇ ਤਾਂ ਪਰਮਾਤਮਾ ਹੋਏ ਬਿਨਾਂ ਕੋਈ ਹੋਰ ਉਪਾਅ ਨਹੀਂ। ਉਸੇ ਉਚਾਈ ਉਤੇ, ਉਸ ਡੂੰਘਾਈ ਵਿੱਚ, ਤੁਸੀਂ ਪੁੱਜ ਜਾਓ ਤਾਂ ਉਸ ਨੂੰ ਜਾਣ ਸਕੋਗੇ। ਉਸ ਨਾਲ ਇੱਕ ਹੋ ਜਾਣਾ ਪਏਗਾ। ਸਤੁਤੀ ਕਰਨ ਵਾਲੇ ਉਸ ਦੀ ਸਤੁਤੀ ਕਰਦੇ ਹਨ, ਪਰ ਉਨ੍ਹਾਂ ਨੂੰ ਉਸ ਦੀ ਸਮ੍ਰਿਤੀ ਨਹੀਂ ਮਿਲਦੀ—

*ਸਾਲਾਹੀ ਸਾਲਾਹਿ ਏਤੀ ਸੁਰਤਿ ਨ ਪਾਈਆ॥*

ਕਿੰਨੀ ਹੀ ਸਤੁਤੀ ਕਰਦੇ ਰਹੋ ਕਿ ਤੂੰ ਮਹਾਨ ਹੈਂ, ਪਰ ਤੁਸੀਂ ਸਤੁਤੀ ਕਰਕੇ ਵੀ ਦੂਰ ਹੀ ਬਣੇ ਰਹੋਗੇ। ਫਾਸਲਾ ਕਾਇਮ ਰਹੇਗਾ। ਉਹ ਭਗਵਾਨ ਹੋਏਗਾ, ਤੁਸੀਂ ਭਗਤ ਹੋਵੋਗੇ। ਤੁਸੀਂ ਸ਼ਬਦ ਬੋਲਦੇ ਰਹੋਗੇ; ਪਰ ਸ਼ਬਦਾਂ ਨਾਲ ਵਿਚਕਾਰ ਦੀ ਦੂਰੀ ਘਟੇਗੀ ਨਹੀਂ ਵਧੇਗੀ। ਤੁਹਾਡੀਆਂ ਪ੍ਰਾਰਥਨਾਵਾਂ ਵਕਤੱਵਯ (ਸਟੇਟਮੈਂਟ) ਨਹੀਂ, ਸ਼੍ਰਵਣ ਬਨਣੀਆਂ ਚਾਹੀਦੀਆਂ। ਤੁਸੀਂ ਸੁਣੋ, ਤੁਸੀਂ ਬੋਲੋ ਨਾ। ਤੁਸੀਂ ਚੁੱਪ ਹੋਵੋ, ਤਾਂਕਿ ਉਹ ਬੋਲ ਸਕੇ। ਤੁਸੀਂ ਚੁੱਪ ਹੋਵੋ, ਤਾਂਕਿ ਤੁਸੀਂ ਉਸ ਨੂੰ ਸੁਣ ਸਕੋ।

ਪਰ ਤੁਸੀਂ ਬੋਲਦੇ ਹੋ। ਏਨੇ ਜ਼ੋਰ-ਜ਼ੋਰ ਨਾਲ ਬੋਲਦੇ ਹੋ ਕਿ ਕਬੀਰ ਨੂੰ ਕਹਿਣਾ ਪਿਆ ਕਿ ਕੀ ਤੁਹਾਡਾ ਖ਼ੁਦਾ ਬੋਲਾ ਹੈ ਗਿਆ ਹੈ ਕਿ ਤੁਸੀਂ ਏਨੀ ਜ਼ੋਰ-ਜ਼ੋਰ ਨਾਲ ਚੀਖਦੇ ਹੋ? ਕਿ ਉਸ ਦੇ ਕੰਨ ਨਹੀਂ ਹਨ? ਤੁਸੀਂ ਕਿਸ ਲਈ ਚੀਖ ਰਹੇ ਹੋ? ਅਤੇ ਜ਼ੋਰ-ਜ਼ੋਰ ਚੀਖਣ ਨਾਲ ਕਿ ਤੁਹਾਡੀ ਆਵਾਜ਼ ਛੇਤੀ ਪੁੱਜ ਜਾਏਗੀ?

ਸਤੁਤੀ ਕਰਨ ਵਾਲੇ ਉਸ ਦੀ ਸਤੁਤੀ ਕਰਦੇ ਹਨ ਪਰ ਉਨ੍ਹਾਂ ਨੂੰ ਉਸ ਦੀ ਸੁਰਤਿ ਨਹੀਂ ਮਿਲੀ।'

ਸੁਰਤਿ ਸ਼ਬਦ ਬਹੁਤ ਕੀਮਤੀ ਹੈ। ਇਹ ਨਾਨਕ ਦੀ ਜੀਵਨ-ਸਾਧਨਾ ਦਾ ਸਾਰ ਸ਼ਬਦ ਹੈ। ਅਤੇ ਸਾਰੇ ਸੰਤ ਸੁਰਤਿ ਵਿੱਚ ਲੀਨ ਹੋ ਜਾਂਦੇ ਹਨ। ਉਸ ਦਾ ਸਮਰਣ! ਜਿਸ ਨੂੰ ਗੁਰਜੀਏਫ ਨੇ **self remembering** ਕਿਹਾ ਹੈ। ਜਿਸ ਨੂੰ ਕ੍ਰਿਸ਼ਨ ਮੂਰਤੀ, **'awarness'** ਕਹਿੰਦੇ ਹਨ। ਇੱਕ ਜਾਗਰੂਕ ਭਾਵ; ਉਸ ਨੂੰ ਨਾਨਕ ਸੁਰਤਿ ਕਹਿੰਦੇ ਹਨ।

ਸੁਰਤਿ ਬਹੁਤ ਮਹੀਨ ਸ਼ਬਦ ਹੈ ਅਤੇ ਸਮਝਣ ਲਈ ਥੋੜ੍ਹੇ ਜਿਹੇ ਪ੍ਰੋਕਸ਼ ਦੇ ਵਿਚੋਂ

ਲੰਘਣਾ ਜ਼ਰੂਰੀ ਹੈ। ਇੱਕ ਮਾਂ ਖਾਣਾ ਬਣਾ ਰਹੀ ਹੈ, ਉਹ ਖਾਣਾ ਬਣਾਉਂਦੀ ਰਹਿੰਦੀ ਹੈ। ਉਸ ਦਾ ਨਿੱਕਾ ਬੱਚਾ ਨੇੜੇ-ਤੇੜੇ ਖੇਡ ਰਿਹਾ ਹੈ। ਉਹ ਖਾਣਾ ਬਣਾਉਂਦੀ ਹੈ। ਜਿੱਥੇ ਤੱਕ ਉਪਰੋਂ ਵੇਖੋ, ਉਸ ਦਾ ਸਾਰਾ ਧਿਆਨ ਖਾਣਾ ਬਨਾਉਣ ਵਿੱਚ ਲੱਗਿਆ ਹੈ, ਪਰ ਉਸ ਦੀ ਸੁਰਤਿ ਬੱਚੇ ਵਿੱਚ ਲੱਗੀ ਹੈ। ਉਹ ਬੱਚਾ ਕਿਤੇ ਡਿੱਗ ਨਾ ਪਵੇ! ਉਹ ਕਿਤੇ ਪੌੜੀਆਂ ਦੇ ਨੇੜੇ ਤਾਂ ਨਹੀਂ ਪੁੱਜ ਗਿਆ? ਉਹ ਕਿਤੇ ਪੰਘੂੜੇ ਵਿਚੋਂ ਹੇਠਾਂ ਤਾਂ ਨਹੀਂ ਉਤਰ ਗਿਆ? ਉਸ ਨੇ ਕੋਈ ਚੀਜ਼ ਹੱਥ 'ਚ ਤਾਂ ਨਹੀਂ ਫੜ ਲਈ, ਜਿਹੜੀ ਨਹੀਂ ਖਾਣ ਵਾਲੀ ਹੈ।

ਕੰਮ ਵਿੱਚ ਲੱਗੀ ਹੈ। ਪਰ ਸਾਰੇ ਕੰਮ ਵਿੱਚ ਔਤ-ਪ੍ਰੋਤ ਇੱਕ ਸਮਰਣ ਹੈ, ਉਹ ਬੱਚੇ ਦਾ ਹੈ। ਮਾਂ ਰਾਤ ਸੌਂਦੀ ਹੈ। ਆਕਾਸ਼ ਵਿੱਚ ਬੱਦਲ ਗਰਜੇ, ਬਿਜਲੀ ਕੜਕੇ, ਤਾਂ ਵੀ ਉਸ ਦੀ ਨੀਂਦ ਨਹੀਂ ਟੁੱਟਦੀ ਹੈ ਅਤੇ ਬੱਚਾ ਥੋੜ੍ਹਾ ਜਿਹਾ ਕੁਨਮੁਨਾਏ, ਉਸ ਦੀ ਨੀਂਦ ਟੁੱਟ ਜਾਂਦੀ ਹੈ। ਤੂਫਾਨ ਲੰਘਦਾ ਰਹੇ ਘਰ ਦੇ ਉਪਰੋਂ, ਮਾਂ ਗੂੜ੍ਹੀ ਨੀਂਦ ਵਿੱਚ ਪਈ ਰਹਿੰਦੀ ਹੈ। ਪਰ ਬੱਚਾ ਥੋੜ੍ਹਾ ਜਿਹਾ ਵੀ ਪਾਸਾ ਪਰਤੇ ਤਾਂ ਛੇਤੀ ਹੀ ਉਸ ਦਾ ਹੱਥ ਉੱਠ ਖਲੋਂਦਾ ਹੈ। ਨੀਂਦ ਵਿੱਚ ਵੀ ਸੁਰਤਿ ਹੈ। ਬੱਚੇ ਦਾ ਸਮਰਣ ਬਣਿਆ ਹੈ। ਸੁਰਤਿ ਦਾ ਅਰਥ ਹੈ ਇੱਕ ਸਾਤਤਯ (ਇੱਕਸਾਰ ਸਧਿਆ ਹੋਇਆ) ਸਮਰਣ ਦਾ। ਮਣਕਿਆਂ ਵਿੱਚ ਧਾਗੇ ਦੇ ਵਾਂਗ। ਸੰਸਾਰ ਵਿੱਚ ਸਭ ਤੁਸੀਂ ਕਰਦੇ ਰਹੋ, ਸੁਰਤਿ ਉਸ ਦੀ ਬਣੀ ਰਹੇ। ਉੱਠੋ, ਬੈਠੋ, ਜੋ ਕਰਨ ਜੋਗ ਹੈ ਕਰੋ, ਨੱਠਣ ਨਾਲ ਤਾਂ ਕੁਝ ਹੋਏਗਾ ਨਹੀਂ। ਦੁਕਾਨ ਉਤੇ ਜਾਓਗੇ, ਦਫਤਰ ਵਿੱਚ ਜਾਓਗੇ, ਫੈਕਟਰੀ ਵਿੱਚ ਕੰਮ ਕਰੋਗੇ, ਟੋਏ ਪੁਟੋਗੇ, ਧਨ ਵੀ ਕਮਾਉਣਾ ਹੋਏਗਾ, ਬੱਚਿਆਂ ਦੀ ਚਿੰਤਾ ਵੀ ਲੈਣੀ ਹੋਏਗੀ, ਬੱਚਿਆਂ ਦੀ ਚਿੰਤਾ ਵੀ ਲੈਣੀ ਹੋਏਗੀ, ਸਾਰਾ ਜਾਲ ਹੈ। ਇਸ ਸਾਰੇ ਜਾਲ ਦੇ ਵਿਚਾਲੇ ਵੀ ਸਮਰਣ ਉਸਦਾ ਬਣਿਆ ਰਹੇ। ਇਹ ਸਾਰਾ ਕੁਝ ਉਪਰ-ਉਪਰ ਹੋਵੇ, ਅੰਦਰ-ਅੰਦਰ ਉਹ ਹੋਵੇ। ਇਹ ਸਭ ਤੁਹਾਡੇ ਬਾਹਰ-ਬਾਹਰ ਰਹੇ, ਉਹ ਤੁਹਾਡੇ ਅੰਦਰ ਰਹੇ। ਰਿਸ਼ਤਾ ਉਸ ਨਾਲ ਜੁੜਿਆ ਰਵੇ।

ਇਸ ਲਈ ਨਾਨਕ ਕਹਿੰਦੇ ਹਨ, ਸੰਸਾਰ ਛੱਡ ਕੇ ਜਾਣ ਦੀ ਕੋਈ ਵੀ ਜ਼ਰੂਰਤ ਨਹੀਂ ਹੈ। ਸੁਰਤਿ ਨੂੰ ਪਾ ਲਓ ਕਿ ਤੁਸੀਂ ਸੰਨਿਆਸੀ ਹੋ ਗਏ। ਸੁਰਤਿ ਸੰਭਲ ਗਈ ਕਿ ਸਭ ਸੰਭਲ ਗਿਆ। ਅਤੇ ਤੁਸੀਂ ਜੰਗਲ ਵਿੱਚ ਭੱਜ ਜਾਓਗੇ ਤਾਂ ਕੀ ਫ਼ਾਇਦਾ ਹੈ, ਜੇਕਰ ਸੁਰਤਿ ਸੰਸਾਰ ਦੀ ਬਣੀ ਰਹੀ!

ਅਤੇ ਅਕਸਰ ਅਜਿਹਾ ਹੁੰਦਾ ਹੈ। ਲੋਕ ਜੰਗਲ ਵਿੱਚ ਜਾ ਕੇ ਬੈਠ ਜਾਂਦੇ ਹਨ। ਫ਼ਿਰ ਇਥੋਂ ਦੀ ਯਾਦ ਕਰਦੇ ਹਨ। ਮਨ ਦਾ ਤਾਂ ਇਹ ਢੰਗ ਹੀ ਹੈ ਕਿ ਤੁਸੀਂ ਜਿੱਥੇ ਹੁੰਦੇ ਹੋ ਉਥੋਂ ਦੀ ਫ਼ਿਕਰ ਹੀ ਨਹੀਂ ਕਰਦੇ। ਜਿੱਥੇ ਨਹੀਂ ਹੁੰਦੇ ਉਥੋਂ ਦੀ ਫ਼ਿਕਰ ਕਰਦੇ ਹੋ।

ਜਦ ਤੁਸੀਂ ਏਥੇ ਹੋ ਤਾਂ ਤੁਹਾਨੂੰ ਲੱਗਦਾ ਹੈ ਕਿ ਹਿਮਾਲੀਆ ਵਿੱਚ ਬਹੁਤ ਆਨੰਦ ਹੋਏਗਾ। ਫ਼ਿਰ ਤੁਸੀਂ ਹਿਮਾਲੀਆ ਪੁੱਜ ਗਏ। ਤਦ ਤੁਸੀਂ ਸੋਚਦੇ ਹੋ, ਪਤਾ ਨਹੀਂ ਉਧਰ ਪੂਨਾਂ ਵਿੱਚ ਬਹੁਤ ਆਨੰਦ ਆ ਰਿਹਾ ਹੋਵੇ ਅਤੇ ਪਤਾ ਨਹੀਂ ਅਸੀਂ ਹੀ ਭਟਕ ਗਏ, ਸਾਰੀ ਦੁਨੀਆਂ ਤਾਂ ਉਥੇ ਹੀ ਹੈ। ਸਾਰੇ ਤਾਂ ਗ਼ਲਤ ਨਹੀਂ ਹੋ ਸਕਦੇ। ਹੁਣ ਅਸੀਂ ਏਥੇ ਝਾੜੀਆਂ ਦੇ ਹੇਠਾਂ ਬੈਠੇ-ਬੈਠੇ ਕੀ ਕਰ ਰਹੇ ਹਾਂ?

ਉਥੇ ਵੀ ਤੁਸੀਂ ਰੁਪਏ ਗਿਣੋਗੇ, ਉਥੇ ਵੀ ਤੁਸੀਂ ਹਿਸਾਬ ਲਾਓਗੇ। ਉਥੇ ਵੀ ਪਤਨੀ ਅਤੇ ਬੱਚਿਆਂ ਦੇ ਚੇਹਰੇ ਤੁਹਾਡੇ ਆਲੇ-ਦੁਆਲੇ ਘੁੰਮਣਗੇ। ਤੁਸੀਂ ਰਹੋਗੇ ਹਿਮਾਲਿਆ 'ਚ, ਪਰ ਸੁਰਤਿ ਤੁਹਾਡੀ ਏਥੇ ਹੀ ਲੱਗੀ ਰਹੇਗੀ।

ਨਾਨਕ ਕਹਿੰਦੇ ਹਨ, ਰਹੋ ਤੁਸੀਂ ਕਿਤੇ ਵੀ, ਸੁਰਤਿ ਤੁਹਾਡੀ ਪਰਮਾਤਮਾ ਵਿੱਚ ਹੋਵੇ। ਸਤੁਤੀ ਨਾਲ ਕੁਝ ਨਹੀਂ ਹੋਏਗਾ, ਸੁਰਤਿ ਨਾਲ ਹੋਏਗਾ। ਕਿਉਂਕਿ ਸਤੁਤੀ ਤਾਂ ਉਪਰ-ਉਪਰ ਹੁੰਦੀ ਹੈ, ਸੁਰਤਿ ਅੰਦਰ-ਅੰਦਰ ਹੁੰਦੀ ਹੈ। ਇਹ ਚੀਖ਼ ਕੇ ਕਹਿਣ ਦੀ ਲੋੜ ਨਹੀਂ ਕਿ ਤੁਸੀਂ ਮਹਾਨ ਹੋ, ਕਿ ਮੈਂ ਪਾਪੀ ਹਾਂ, ਕਿ ਤੁਸੀਂ ਪਤਿਤ-ਪਾਵਨ ਹੋ, ਕਿ ਮੈਂ ਭਿਖਾਰੀ ਹਾਂ ਅਤੇ ਤੂੰ ਦਾਤਾ ਹੈਂ। ਇਹ ਕਹਿਣ ਦੀ ਕੀ ਲੋੜ ਹੈ? ਇਸ ਨੂੰ ਚੀਖਣ ਨਾਲ ਕੀ ਹੋਏਗਾ? ਇਸ ਨੂੰ ਤੁਸੀਂ ਕਿਸ ਨੂੰ ਦੱਸ ਰਹੇ ਹੋ? ਕਿਸ ਨੂੰ ਤੁਸੀਂ ਇਹ ਸਮਝਾ ਰਹੇ ਹੋ?

ਨਹੀਂ! ਸੁਰਤਿ ਦੀ ਲੋੜ ਹੈ, ਸਤੁਤੀ ਦੀ ਨਹੀਂ। ਯਾਦ ਰੱਖੋ ਉਸ ਦੀ। ਉਹ ਭੁੱਲੇ ਨਾ! ਉਸਨੂੰ ਤੁਸੀਂ ਸਾਂਭੇ ਰਹੋ ਅੰਦਰ।

ਜਿਵੇਂ ਕਿ ਤੁਹਾਨੂੰ ਕੋਹਿਨੂਰ ਹੀਰਾ ਮਿਲ ਜਾਏ। ਤੁਸੀਂ ਉਸਨੂੰ ਛੇਤੀ ਨਾਲ ਜੇਬ ਵਿੱਚ ਪਾ ਲਓ, ਗੰਢ ਬੰਨ੍ਹ ਲਓ। ਫ਼ਿਰ ਤੁਸੀਂ ਬਾਜ਼ਾਰ ਜਾਓਗੇ, ਸਬਜ਼ੀ ਖਰੀਦੋਗੇ, ਘਰ ਪਰਤੋਗੇ, ਯਾਰਾਂ-ਮਿੱਤਰਾਂ ਨਾਲ ਗੱਲ ਕਰੋਗੇ, ਪਰ ਸੁਰਤਿ ਹੀਰੇ ਦੀ ਬਣੀ ਰਹੇਗੀ। ਉਹ ਤੁਹਾਡੀ ਗੰਢ ਵਿੱਚ ਬਝਿਆ ਹੋਇਆ ਹੈ। ਯਾਦਦਾਸ਼ਤ ਉਥੇ ਹੀ ਲੱਗੀ ਰਹੇਗੀ। ਯਾਦਦਾਸ਼ਤ ਦੀ ਸੱਟ ਉਥੇ ਪੈਂਦੀ ਰਹੇਗੀ। ਇੱਕ ਹਲਕੀ-ਹਲਕੀ ਭਣਕ ਅੰਦਰ ਆਉਂਦੀ ਰਹੇਗੀ ਕਿ ਹੀਰਾ ਜੇਬ ਵਿੱਚ ਹੈ। ਤੁਸੀਂ ਵਿੱਚ-ਵਿੱਚ ਉਸ ਨੂੰ ਟਟੋਲ ਕੇ ਵੀ ਵੇਖ ਲਵੋਗੇ, ਹੈ ਜਾਂ ਨਹੀਂ! ਗੁਆਚ ਤਾਂ ਨਹੀਂ ਗਿਆ!

ਇਸੇ ਤਰ੍ਹਾਂ ਹੀ ਤੁਸੀਂ ਪਰਮਾਤਮਾ ਨੂੰ ਸਾਂਭਦੇ ਰਹੋ ਅਤੇ ਵਿੱਚ-ਵਿੱਚ ਟਟੋਲ ਕੇ ਵੇਖਦੇ ਰਹੋ। ਰਾਹ ਟੁਰਦੇ ਇੱਕ ਘੜੀ ਠਿਠਕ ਕੇ ਖਲੋ ਜਾਓ ਅਤੇ ਵੇਖ ਲਓ ਕਿ ਅੰਦਰ ਸੁਰਤਿ ਦਾ ਧਾਗਾ ਚੱਲ ਰਿਹਾ ਹੈ ਕਿ ਨਹੀਂ? ਖਾਣਾ ਖਾਂਦੇ ਵੇਲੇ ਇੱਕ ਘੜੀ ਰੁੱਕ ਜਾਓ, ਅੱਖ ਬੰਦ ਕਰਕੇ ਵੇਖ ਲਓ, ਕਿ ਅੰਦਰ ਉਸਦੀ ਯਾਦ ਟੁਰ ਰਹੀ ਹੈ ਕਿ ਨਹੀਂ?

ਹੌਲੀ-ਹੌਲੀ, ਹੌਲੀ-ਹੌਲੀ, ਅਭਿਆਸ ਡੂੰਘਾ ਹੁੰਦਾ ਜਾਂਦਾ ਹੈ। ਫਿਰ ਤੁਸੀਂ ਸੁੱਤੇ ਵੀ ਰਹੋ, ਤਾਂ ਵੀ ਉਸਦੀ ਯਾਦ ਟੁਰਦੀ ਰਹਿੰਦੀ ਹੈ ਅਤੇ ਜਦ ਉਸਦੀ ਯਾਦ ਚੌਵੀਂ ਘੰਟੇ ਟੁਰਦੀ ਰਹਿੰਦੀ ਹੈ। ਤਦ ਤੁਸੀਂ ਆਪਣੇ ਅਤੇ ਉਸ ਦੇ ਵਿਚਾਲੇ ਰਾਹ ਬਣਾ ਲਿਆ। ਤਦ ਤੁਹਾਡੇ ਅਤੇ ਉਸ ਦੇ ਵਿਚਕਾਰ ਸੇਤੂ ਬਣ ਗਿਆ। ਹੁਣ ਤੁਸੀਂ ਜਦੋਂ ਚਾਹੋ ਅੱਖ ਬੰਦ ਕਰੋ ਅਤੇ ਉਸ ਵਿੱਚ ਲੀਨ ਹੋ ਜਾਓ। ਇੱਕ ਪਲ ਵਿੱਚ ਰਾਹ ਤਿਆਰ ਹੈ। ਇੱਕ ਵਾਰ ਤੁਸੀਂ ਅੱਖ ਬੰਦ ਕੀਤੀ, ਤੁਸੀਂ ਉਸਦੇ ਵਿੱਚ ਲੀਨ ਹੋਏ।

ਅਤੇ ਜਦ ਤੁਸੀਂ ਉਸ ਦੇ ਕੋਲੋਂ ਪਰਤੋਗੇ ਵਾਪਿਸ ਸੰਸਾਰ ਵਿੱਚ ਤਾਂ ਤਾਜੇ, ਪਰਿਪੂਰਣ ਸ਼ਕਤੀ ਨਾਲ ਭਰੇ ਹੋਏ। ਇਸ਼ਨਾਨ ਕੀਤੇ ਹੋਏ, ਸੱਦਸਨਾਤ! ਇਸ ਲਈ ਨਾਨਕ ਕਹਿੰਦੇ ਹਨ, ਹਜ਼ਾਰਾਂ ਤੀਰਥਾਂ ਦਾ ਇਸ਼ਨਾਨ ਸੁਰਤਿ ਵਿੱਚ ਹੋ ਜਾਂਦਾ ਹੈ।

'ਸਤੁਤੀ ਕਰਨ ਵਾਲੇ ਉਸਦੀ ਸਤੁਤੀ ਕਰਦੇ ਹਨ, ਲੇਕਿਨ ਉਨ੍ਹਾਂ ਨੂੰ ਉਸ ਦੀ ਸੁਰਤਿ ਨਹੀਂ ਹੈ। ਨਦੀ ਅਤੇ ਨਾਲੇ ਸਮੁੰਦਰ ਵਿੱਚ ਡਿੱਗਦੇ ਹਨ, ਪਰ ਉਹ ਉਸ ਨੂੰ ਜਾਣ ਨਹੀਂ ਸਕਦੇ।'

ਨਦੀਆਂ-ਨਾਲੇ ਸਮੁੰਦਰ ਵਿੱਚ ਡਿੱਗ ਪੈਂਦੇ ਹਨ। ਲੇਕਿਨ ਏਨਾਂ ਥੋੜ੍ਹੀ ਕਾਫ਼ੀ ਹੈ ਕਿ ਸਮੁੰਦਰ ਵਿੱਚ ਡਿੱਗਣ ਨਾਲ ਕੋਈ ਜਾਣ ਲਵੇਗਾ? ਨਦੀਆਂ-ਨਾਲਿਆਂ ਨੂੰ ਕੋਈ ਹੋਸ਼ ਨਹੀਂ। ਡਿੱਗਦੇ ਸਮੁੰਦਰ ਵਿੱਚ ਹਨ, ਪਰ ਹੋਸ਼ ਨਾ ਹੋਣ ਕਰਕੇ ਕੁਝ ਵੀ ਪਤਾ ਨਹੀਂ। ਚੌਵੀਂ ਘੰਟੇ ਅਸੀਂ ਉਸ ਦੇ ਨੇੜੇ-ਤੇੜੇ ਘੁੰਮ ਰਹੇ ਹਾਂ। ਬਾਰ-ਬਾਰ ਉਸਦੇ ਵਿੱਚ ਡਿੱਗਦੇ ਹਾਂ। ਹਰ ਮੌਤ ਵਿੱਚ ਅਸੀਂ ਉਸੇ ਵਿੱਚ ਡਿੱਗਦੇ ਹਾਂ ਅਤੇ ਹਰ ਜਨਮ ਵਿੱਚ ਅਸੀਂ ਉਸੇ ਤੋਂ ਪੈਦਾ ਹੁੰਦੇ ਹਾਂ। ਪਰ ਸੁਰਤਿ ਨਹੀਂ ਹੈ।

ਸੋ ਅਸੀਂ ਵੀ ਨਦੀਆਂ-ਨਾਲਿਆਂ ਦੀ ਤਰ੍ਹਾਂ ਹਾਂ। ਸਾਗਰ ਵਿੱਚ ਵੀ ਡਿੱਗ ਜਾਂਦੇ ਹਾਂ ਤਾਂ ਪਤਾ ਨਹੀਂ ਲੱਗਦਾ, ਕਿ ਕੀ ਹੋ ਰਿਹਾ ਹੈ? ਹੋਸ਼ ਨਹੀਂ ਹੈ: ਬੇਹੋਸ਼ ਹਾਂ, ਮੁਰਛਿਤ (ਅਧਮਰੇ ਜਿਹੇ) ਹਾਂ। ਇੱਕ ਨਸ਼ੇ ਵਿੱਚ ਟੁਰ ਰਹੇ ਹਾਂ। ਜਾਗੇ ਨਹੀਂ ਹਾਂ, ਸੁੱਤੇ ਹੋਏ ਹਾਂ। ਇੱਕ ਨੀਂਦ ਨੂੰ ਫੜਿਆ ਹੋਇਆ ਹੈ। ਨਦੀਆਂ ਅਤੇ ਨਾਲੇ ਵਿਰਾਟ ਸਾਗਰ ਵਿੱਚ ਡਿੱਗ ਕੇ ਵੀ ਉਹੋ ਜਿਹੇ ਦੀ ਦੀਨ ਬਣੇ ਰਹਿੰਦੇ ਹਨ। ਉਨ੍ਹਾਂ ਨੂੰ ਪਤਾ ਹੀ ਨਹੀਂ ਲੱਗਦਾ ਕਿ ਕੀ ਹੋ ਗਿਆ?

ਅਸੀਂ ਵੀ ਹਰ ਪਲ ਉਸੇ ਵਿੱਚ ਜਾਂਦੇ ਹਾਂ ਅਤੇ ਆਉਂਦੇ ਹਾਂ। ਜੇਕਰ ਗੌਰ ਕਰੋਗੇ ਅਤੇ ਹੌਲੀ-ਹੌਲੀ ਸੁਰਤਿ ਜਗੇਗੀ, ਤੁਸੀਂ ਪਾਓਗੇ ਕਿ ਹਰ ਸੁਆਸ ਉਸੇ ਵਿੱਚ ਜਾਂਦੀ ਹੈ ਅਤੇ ਉਸੇ ਵਿਚੋਂ ਮੁੜ ਪਰਤਦੀ ਹੈ। ਸੁਆਸ ਬਾਹਰ ਜਾਂਦੀ ਹੈ ਤਦ ਤੁਸੀਂ ਪਰਮਾਤਮਾ ਵਿੱਚ ਗਏ। ਸੁਆਸ ਅੰਦਰ ਮੁੜਦੀ ਹੈ ਤਾਂ ਪਰਮਾਤਮਾ ਤੁਹਾਡੇ ਵਿੱਚ ਆਇਆ। ਹਰ

ਘੜੀ ਸੁਆਸ-ਸੁਆਸ ਵਿੱਚ ਉਹ ਹੀ ਛਾ ਜਾਂਦਾ ਹੈ ਅਤੇ ਤਦ ਆਨੰਦ ਦਾ ਕੋਈ ਪਾਰਾਵਾਰ ਨਹੀਂ ਹੈ।

ਤਦ ਤੁਹਾਡੇ ਜੀਵਨ ਵਿੱਚ ਪਹਿਲੀ ਵਾਰ ਧੰਨਤਾ ਦੀ ਪ੍ਰਤੀਤੀ ਹੋਏਗੀ ਅਤੇ ਤਦ ਤੁਸੀਂ ਕਹਿ ਸਕੋਗੇ ਪੂਰਣ ਭਾਵ ਦੇ ਨਾਲ, 'ਤੇਰੀ ਅਨੁਕੰਪਾ' (ਕ੍ਰਿਪਾ) ਹੈ। ਤਦ ਤੁਸੀਂ ਕਹਿ ਸਕੋਗੇ ਕਿ ਧੰਨਭਾਗੀ ਹਾਂ ਅਤੇ ਤਦ ਤੁਹਾਡੇ ਜੀਵਨ ਵਿੱਚ ਆਸਤਿਕਤਾ ਦੀ ਪਹਿਲੀ ਆਭਾ ਉਤਰੇਗੀ। ਸਤੁਤੀ ਕਰਨ ਨਾਲ ਕੋਈ ਆਸਤਿਕ ਨਹੀਂ ਹੁੰਦਾ ਹੈ। ਸੁਰਤਿ ਨਾਲ ਕੋਈ ਆਸਤਿਕ ਹੁੰਦਾ ਹੈ।

'ਸਮੁੰਦਰ ਦੇ ਵਰਗੇ ਬਾਦਸ਼ਾਹ ਅਤੇ ਸੁਲਤਾਨ, ਜਿਨ੍ਹਾਂ ਦੇ ਕੋਲ ਏਨਾ ਮਾਲ-ਧਨ ਹੋਵੇ, ਕੀੜੀ ਦੀ ਬਰਾਬਰੀ ਨਹੀਂ ਕਰ ਸਕਦੇ, ਜਿਹੜੀ ਤੇਰੇ ਮਨ ਤੋਂ ਨਹੀਂ ਵਿਸਰਦੀ ਹੈ।

*ਸਮੁੰਦ ਸਾਹ ਸੁਲਤਾਨ ਗਿਰਹਾ ਸੇਤੀ ਮਾਲੁ ਧਨੁ॥*
*ਕੀੜੀ ਤੁਲਿ ਨ ਹੋਵਨੀ ਜੇ ਤਿਸੁ ਮਨਹੁ ਨ ਵੀਸਰਹਿ॥*

ਇੱਕ ਨਿੱਕੀ ਜਿਹੀ ਕੀੜੀ ਵੀ, ਇੱਕ ਚੀਂਟੀ ਵੀ ਜਿਹੜੀ ਤੈਨੂੰ ਯਾਦ ਰੱਖਦੀ ਹੈ; ਵੱਡੇ ਤੋਂ ਵੱਡਾ ਸਮਰਾਟ, ਜਿਸ ਦੇ ਕੋਲ ਸਮੁੰਦਰ ਵਰਗਾ ਵਿਸ਼ਾਲ ਧਨ ਹੋਵੇ, ਪਹਾੜਾਂ ਦੇ ਢੇਰ ਹੋਣ ਵੈਭਵ ਦੇ, ਉਹ ਵੀ ਇੱਕ ਨਿਕੀ ਜਿਹੀ ਕੀੜੀ ਦਾ ਮੁਕਾਬਲਾ ਨਹੀਂ ਕਰ ਸਕਦੇ। ਕਿਉਂਕਿ ਉਸ ਨੇ ਪਰਮ ਧਨ ਪਾ ਲਿਆ। ਉਸ ਨੇ ਸੁਰਤਿ ਪਾ ਲਈ। ਗਰੀਬ ਤੋਂ ਗਰੀਬ ਵੀ ਸੁਰਤਿ ਦੇ ਮਿਲਦੇ ਸਾਰ ਮਹਾਨ ਤੋਂ ਮਹਾਨ ਸਮਰਾਟ ਹੋ ਜਾਂਦੇ ਹਨ ਅਤੇ ਮਹਾਨ ਸਮਰਾਟ ਵੀ ਸੁਰਤਿ ਤੋਂ ਬਿਨਾਂ ਦੀਨ ਅਤੇ ਗਰੀਬ ਬਣਿਆ ਰਹਿੰਦਾ ਹੈ।

ਇਕੋ ਹੀ ਗਰੀਬੀ ਹੈ। ਪਰਮਾਤਮਾ ਨੂੰ ਭੁੱਲ ਜਾਣਾ ਅਤੇ ਇਕੋ ਹੀ ਸਮ੍ਰਿਧੀ (ਭਰਪੂਰ ਅਮੀਰੀ) ਹੈ, ਉਸ ਦੀ ਯਾਦ ਨੂੰ ਉਪਲਬਧ ਹੋ ਜਾਣਾ। ਜਿਸ ਨੂੰ ਉਸ ਦੀ ਸੁਰਤਿ ਆ ਗਈ, ਉਸ ਨੇ ਸਭ ਪਾ ਲਿਆ, ਜਿਹੜਾ ਪਾਉਣ ਦੇ ਲਾਇਕ ਹੈ। ਚਾਹੇ ਉਸਦੇ ਕੋਲ ਕੁਝ ਵੀ ਨਾ ਹੋਵੇ, ਇੱਕ ਲੰਗੋਟੀ ਵੀ ਨਾ ਹੋਵੇ। ਸਿਰ ਉਤੇ ਛਾਂ ਨਾ ਹੋਵੇ, ਪਰ ਜਿਸ ਨੇ ਉਸਦੀ ਯਾਦ ਨੂੰ ਪਾ ਲਿਆ, ਉਸ ਨੇ ਸਭ ਪਾ ਲਿਆ। ਉਸ ਲਈ ਹੋਰ ਪਾਉਣ ਨੂੰ ਕੁਝ ਵੀ ਨਾ ਬਚਿਆ ਅਤੇ ਤੁਹਾਡੇ ਕੋਲ ਚਾਹੇ ਕਿੰਨੇ ਹੀ ਮਹਲ ਹੋਣ, ਧਨ ਦਾ ਅੰਬਾਰ ਹੋਵੇ, ਔਹਦੇ ਹੋਣ, ਮਾਣ-ਇੱਜ਼ਤ ਹੋਵੇ, ਪਰ ਅੰਦਰ ਤੁਸੀਂ ਮੰਗਤੇ ਹੀ ਰਹੋਗੇ। ਅੰਦਰ ਤੁਸੀਂ ਜਾਣਦੇ ਹੀ ਰਹੋਗੇ ਉਸ ਪੀੜ ਨੂੰ, ਜਿਹੜੀ ਗਰੀਬੀ ਦੀ ਹੈ।

ਨਾਨਕ ਕਹਿੰਦੇ ਹਨ, ਇੱਕ ਹੀ ਧਨ ਹੈ ਅਤੇ ਉਹ ਹੈ ਉਸ ਦੀ ਯਾਦ। ਅਤੇ ਇੱਕ ਹੀ ਨਿਰਧਨਤਾ ਹੈ ਅਤੇ ਉਹ ਹੈ ਉਸਦਾ ਵਿਸਮਰਣ।

ਤੁਸੀਂ ਚੰਗੀ ਤਰ੍ਹਾਂ ਸੋਚ ਲੈਣਾ। ਤੁਸੀਂ ਧਨੀ ਹੋ ਜਾਂ ਗਰੀਬ? ਅਤੇ ਜਦ ਤੁਸੀਂ ਸੋਚੋ ਧਨੀ ਜਾਂ ਗਰੀਬ, ਤਾਂ ਆਪਣੇ ਬੈਂਕ ਦੇ ਖਾਤੇ ਨਾਲ ਨਾ ਸੋਚਣਾ। ਉਹ ਧੋਖਾ ਹੈ। ਤਦ ਤੁਸੀਂ ਅੰਦਰਲੇ ਖਾਤੇ ਨੂੰ ਖੋਲ੍ਹਣਾ ਅਤੇ ਉਥੇ ਵੇਖਣਾ ਕਿ ਕਿੰਨੀ ਸੁਰਤਿ ਲਿਖੀ ਹੈ? ਬੱਸ, ਉਸੇ ਮਿਕਦਾਰ ਵਿੱਚ ਤੁਸੀਂ ਅਮੀਰ ਹੋ ਅਤੇ ਜ਼ਰਾ ਕੁ ਵੀ ਸੁਰਤਿ ਨਾ ਹੋਵੇ, ਤਾਂ ਸਮਝਣਾ ਕਿ ਅਜੇ ਤਾਂ ਧਨ ਦੀ ਭਾਲ ਵੀ ਸ਼ੁਰੂ ਨਹੀਂ ਹੋਈ ਅਤੇ ਤੁਸੀਂ ਬਾਹਰ ਕਿੰਨਾਂ ਵੀ ਇਕੱਠਾ ਕਰ ਲਓ। ਉਸ ਨਾਲ ਆਖਰਕਾਰ ਕੋਈ ਫ਼ਰਕ ਨਹੀਂ ਪਏਗਾ।

ਸਿਕੰਦਰ ਮਰਿਆ ਤਾਂ ਉਸ ਨੇ ਕਿਹਾ, ਮੇਰੀ ਅਰਥੀ ਨੂੰ ਜਦੋਂ ਲਿਜਾਓ ਤਾਂ ਮੇਰੇ ਦੋਨੋਂ ਹੱਥ ਅਰਥੀ ਤੋਂ ਬਾਹਰ ਲਟਕਦੇ ਰਹਿਣ ਦੇਣਾ। ਉਸ ਦੇ ਵਜ਼ੀਰਾਂ ਨੇ ਪੁੱਛਿਆ ਕਿ ਅਸੀਂ ਸਮਝੇ ਨਹੀਂ, ਕਾਰਣ ਅਤੇ ਅਜਿਹਾ ਰਿਵਾਜ਼ ਵੀ ਨਹੀਂ ਹੈ। ਹੱਥ ਤਾਂ ਅਰਥੀ ਦੇ ਅੰਦਰ ਹੀ ਲੁਕਾਏ ਜਾਂਦੇ ਹਨ। ਸਿਕੰਦਰ ਨੇ ਕਿਹਾ, ਪਰ ਰਿਵਾਜ਼ ਹੋਏ ਜਾਂ ਨਾ ਹੋਏ, ਮੇਰੇ ਹੱਥ ਬਾਹਰ ਲਟਕਦੇ ਰਹਿਣ ਦੇਣਾ। ਉਨ੍ਹਾਂ ਨੇ ਫ਼ਿਰ ਪੁੱਛਿਆ, ਕਾਰਣ? ਤਾਂ ਉਸ ਨੇ ਕਿਹਾ, ਮੈਂ ਚਾਹੁੰਦਾ ਹਾਂ ਕਿ ਲੋਕ ਵੇਖ ਲੈਣ ਕਿ ਮੈਂ ਵੀ ਖ਼ਾਲੀ ਹੱਥ ਮਰ ਰਿਹਾ ਹਾਂ। ਮੇਰੇ ਹੱਥਾਂ ਵਿੱਚ ਕੋਈ ਸੰਪਦਾ (ਧੰਨ ਮਾਲ-ਤਾਕਤ) ਨਹੀਂ ਹੈ।

ਸਿਕੰਦਰ ਵੀ ਦੀਨ-ਹੀਨ ਮਰ ਜਾਂਦੇ ਹਨ। ਵੱਡੇ ਸ਼ਕਤੀਵਾਨ ਵੀ ਆਖ਼ਰਕਾਰ ਨਿਪੁੰਸਕ ਸਿੱਧ ਹੁੰਦੇ ਹਨ। ਪਰ ਇੱਕ ਕੀੜੀ ਵੀ ਉਸ ਦੀ ਯਾਦ ਨਾਲ ਭਰ ਜਾਏ ਤਾਂ ਸਿਕੰਦਰਾਂ ਨੂੰ ਫਿੱਕਾ ਕਰ ਦਿੰਦੀ ਹੈ।

ਨਾਨਕ, ਕੌਣ ਹੈ? ਨਾ ਧਨ ਹੈ, ਨਾ ਔਹਦਾ ਹੈ, ਨਾ ਕੋਈ ਸਲਤਨਤ ਹੈ, ਲੇਕਿਨ ਕਿੰਨੇ ਰਾਜੇ-ਮਹਾਰਾਜੇ ਫਿੱਕੇ ਪੈ ਗਏ! ਅਤੇ ਨਾਨਕ ਉਸਦੀ ਸੁਰਤਿ ਦੇ ਕਾਰਣ ਵੱਡੇ ਕੀਮਤੀ ਹੋ ਗਏ। ਸਮਰਾਟ ਆਉਂਦੇ-ਜਾਂਦੇ ਰਹਿਣਗੇ, ਨਾਨਕ ਟਿਕਣਗੇ। ਔਹਦੇ, ਮਾਣ- ਇੱਜ਼ਤਾਂ ਬਨਣਗੀਆਂ ਅਤੇ ਮਿਟਣਗੀਆਂ, ਨਾਨਕ ਦਾ ਮਿਟਣਾ ਮੁਸ਼ਕਿਲ ਹੈ। ਕਿਉਂਕਿ ਜਿਸ ਨੇ ਉਸ ਦਾ ਸਹਾਰਾ ਲੈ ਲਿਆ ਜਿਹੜਾ ਕਦੇ ਨਹੀਂ ਮਿਟਦਾ, ਉਸ ਦਾ ਮਿਟਣਾ ਅਸੰਭਵ ਹੋ ਜਾਂਦਾ ਹੈ।

ਤੁਸੀਂ ਇੱਕ ਨਿੱਕੀ ਜਿਹੀ ਕੀੜੀ ਵੀ ਬਣੇ ਰਹੋ ਤਾਂ ਕੋਈ ਹਰਜਾ ਨਹੀਂ; ਬੱਸ, ਉਸਦੀ ਯਾਦ ਨਾ ਭੁੱਲੋ। ਤੁਸੀਂ ਵੱਡੇ ਸਮਰਾਟ ਹੋਣ ਦੇ ਪਾਗਲਪਨ ਵਿੱਚ ਨਾ ਪੈਣਾ। ਕਿਉਂਕਿ ਅਕਸਰ ਅਜਿਹਾ ਹੁੰਦਾ ਹੈ ਕਿ ਜਿੰਨਾਂ ਤੁਸੀਂ ਬਾਹਰ ਦਾ ਧਨ ਇਕੱਠਾ ਕਰਦੇ ਹੋ, ਓਨੀ ਹੀ ਉਸ ਦੀ ਯਾਦ ਭੁੱਲਦੀ ਹੈ। ਕਿਉਂਕਿ ਬਾਹਰ ਦਾ ਧਨ ਇਕੱਠਾ ਕਰਨ ਵਿੱਚ ਵੀ ਉਸ ਨੂੰ ਭੁੱਲਣਾ ਜ਼ਰੂਰੀ ਹੈ। ਤੁਸੀਂ ਉਸ ਨੂੰ ਯਾਦ ਰੱਖੋਗੇ ਤਾਂ ਬਾਹਰ ਦਾ ਧਨ ਕਿਵੇਂ ਇਕੱਠਾ ਕਰੋਗੇ? ਬਾਹਰ ਦਾ ਧਨ ਮਿੱਟੀ ਮਾਲੂਮ ਹੋਏਗਾ। ਮਿੱਟੀ ਨੂੰ ਕੋਈ ਇਕੱਠਾ ਕਰਦਾ ਹੈ? ਜਿਸ ਦੇ ਕੋਲ ਉਸ ਦੀ ਯਾਦ ਹੈ ਉਹ ਬਾਹਰਲੀ ਮਾਣ-ਇੱਜ਼ਤ

ਦੀ ਚਿੰਤਾ ਹੀ ਨਹੀਂ ਕਰੇਗਾ, ਕਿਉਂਕਿ ਉਸਦੇ ਵਿੱਚ ਕੋਈ ਸਾਰ ਹੀ ਨਹੀਂ ਹੈ।

ਜਿਵੇਂ ਨਿੱਕੇ ਬੱਚੇ ਕੰਕਰ-ਪੱਥਰ ਇਕੱਠੇ ਕਰਦੇ ਹਨ, ਤੁਸੀਂ ਉਨ੍ਹਾਂ ਨੂੰ ਕਹਿੰਦੇ ਹੋ ਕਿ ਪਾਗਲਪਨ ਕਰ ਰਹੇ ਹੋ? ਸੁੱਟੋ! ਇਹ ਸਾਰੇ ਕੰਕੜ-ਪੱਥਰ ਹਨ। ਪਰ ਉਨ੍ਹਾਂ ਨੂੰ ਉਹ ਬਹੁਤ ਹੀ ਕੀਮਤੀ ਮਾਲੂਮ ਹੁੰਦੇ ਹਨ। ਉਹ ਚੋਰੀ-ਛੁੱਪੇ ਉਨ੍ਹਾਂ ਨੂੰ ਫ਼ਿਰ ਘਰ ਦੇ ਅੰਦਰ ਲੈ ਆਉਂਦੇ ਹਨ। ਰਾਤ ਮਾਂ ਨੂੰ ਫ਼ਿਰ ਉਨ੍ਹਾਂ ਦੀਆਂ ਜੇਬਾਂ ਵਿਚੋਂ ਉਹ ਹੀ ਪੱਥਰ ਕਢਣੇ ਪੈਂਦੇ ਹਨ। ਲੇਕਿਨ ਇਹ ਹੀ ਬੱਚਾ ਕੱਲ੍ਹ ਵੱਡਾ ਹੋ ਜਾਏਗਾ, ਇਸ ਦੀ ਸਮਝ ਜਗੇਗੀ, ਪ੍ਰੌੜ੍ਹਤਾ ਆਏਗੀ, ਫ਼ਿਰ ਉਹ ਪੱਥਰਾਂ ਨੂੰ ਇਕੱਠਾ ਨਹੀਂ ਕਰੇਗਾ। ਇਹ ਹੀ ਗੱਲ ਉਹ ਆਪਣੇ ਬੱਚਿਆਂ ਨੂੰ ਕਹੇਗਾ, ਸੁੱਟੋ ਇਹ ਪੱਥਰ?

ਸੰਸਾਰ ਵਿੱਚ ਤੁਸੀਂ ਜੋ ਇਕੱਠਾ ਕਰ ਰਹੇ ਹੋ। ਉਹ ਤਦ ਤੱਕ ਹੀ ਬਹੁਤ ਕੀਮਤੀ ਹੈ, ਜਦ ਤੱਕ ਸੁਰਤਿ ਦੀ ਸਮਝ ਨਹੀਂ ਜਗੀ। ਜਿਵੇਂ ਹੀ ਸੁਰਤਿ ਜਗੀ, ਤੁਸੀਂ ਸਿਆਣੇ ਹੋ ਗਏ। ਤਦ ਇੱਕ ਸਮਝ ਦਾ ਦੀਵਾ ਜਗਿਆ। ਉਸ ਦੀਵੇ ਵਿੱਚ ਤੁਸੀਂ ਪਾਓਗੇ, ਉਹ ਸਾਰਾ ਕੁਝ ਤਾਂ ਕੂੜਾ-ਕਰਕਟ ਹੈ। ਕਚਰਾ ਹੈ। ਇਹ ਮੈਂ ਕਿਉਂ ਇਕੱਠਾ ਕਰ ਰਿਹਾ ਸੀ? ਤੁਸੀਂ ਹੈਰਾਨ ਹੋਵੋਗੇ ਕਿ ਮੈਂ ਕਿਉਂ ਪਾਗਲ ਸੀ ਇਸ ਦੇ ਪਿੱਛੇ? ਇਹ ਸਭ ਪਾ ਕੇ ਮੈਂ ਕੀ ਪਾਇਆ?

ਇਹ ਸਭ ਅਚਾਨਕ ਹੀ ਵਿਅਰਥ ਅਤੇ ਅਸਾਰ ਹੋ ਜਾਏਗਾ। ਸੁਰਤਿ ਦੇ ਜਗਦੇ ਹੀ ਜੀਵਨ ਬਦਲ ਜਾਂਦਾ ਹੈ। ਇੱਕ ਕ੍ਰਾਂਤੀ ਘਟਿਤ ਹੁੰਦੀ ਹੈ। ਪੁਰਾਣਾ ਤੁਹਾਡਾ ਜਿਹੜਾ ਵਿਅਕਤਿਤਵ (ਪ੍ਰਸਨੈਲਿਟੀ) ਸੀ, ਉਹ ਮਰ ਜਾਂਦਾ ਹੈ ਅਤੇ ਨਵੇਂ ਦਾ ਜਨਮ ਹੁੰਦਾ ਹੈ।

ਇਸ ਨਵੇਂ ਦੇ ਜਨਮ ਦੀ ਤਲਾਸ਼ ਹੀ ਧਰਮ ਹੈ। ਇਸਨੂੰ ਤੁਸੀਂ ਸੋਚਣਾ। ਇਸ ਨੂੰ ਤੁਸੀਂ ਮਨਨ ਕਰਨਾ। ਇਸ ਨੂੰ ਤੁਸੀਂ ਵਿਚਾਰਨਾ ਕਿ ਤੁਹਾਡੇ ਅੰਦਰ ਕਿਤੇ ਵੀ ਸੁਰਤਿ ਦੇ ਲਈ ਥੋੜ੍ਹੀ ਜਿਹੀ ਥਾਂ ਹੈ—ਕੋਈ ਕੋਨਾ? ਤੁਹਾਡੇ ਅੰਦਰ ਕੋਈ ਮੰਦਰ ਹੈ, ਜਿੱਥੇ ਸੁਰਤਿ ਗੂੰਜਦੀ ਹੈ? ਤੁਹਾਡੇ ਅੰਦਰ ਸੁਰਤਿ ਦਾ ਸੁਰ ਟੁਰਦਾ ਹੈ? ਤੁਹਾਨੂੰ ਉਸਦੀ ਯਾਦ ਬਣੀ ਰਹਿੰਦੀ ਹੈ ਜਾਂ ਤੁਸੀਂ ਭੁੱਲ-ਭੁੱਲ ਜਾਂਦੇ ਹੋ ਜਾਂ ਤੁਸੀਂ ਉਸ ਨੂੰ ਯਾਦ ਹੀ ਨਹੀਂ ਕਰਦੇ?

ਇਸ ਦਾ ਜੇਕਰ ਤੁਸੀਂ ਵਿਚਾਰ ਵੀ ਕਰਨ ਲੱਗੇ, ਇਸ ਉਤੇ ਜੇਕਰ ਤੁਸੀਂ ਸੋਚਣ ਵੀ ਲੱਗੇ ਤਾਂ ਇਹ ਸੋਚਣਾ ਅਤੇ ਵਿਚਾਰਨਾ ਹੀ ਉਸਦੀ ਸੁਰਤਿ ਬਨਣ ਵਿੱਚ ਕਾਰਣ ਹੋ ਜਾਏਗਾ। ਕਿਉਂਕਿ ਜਿਵੇਂ-ਜਿਵੇਂ ਤੁਸੀਂ ਵਿਚਾਰੋਗੇ, ਆਖ਼ਰ ਤੁਸੀਂ ਉਸੇ ਨੂੰ ਵਿਚਾਰੋਗੇ! ਜਿਵੇਂ-ਜਿਵੇਂ ਤੁਸੀਂ ਯਾਦ ਕਰੋਗੇ, ਤੁਸੀਂ ਇਹ ਵੀ ਸੋਚੋਗੇ ਕਿ ਮੇਰੇ ਵਿੱਚ ਉਸਦੀ ਯਾਦ ਨਹੀਂ ਹੈ ਤਾਂ ਵੀ ਉਸਦੀ ਯਾਦ ਆਏਗੀ।

ਅਤੇ ਉਹ ਯਾਦ ਆਉਂਦੀ ਰਹੇ ਤਾਂ ਹੌਲੀ-ਹੌਲੀ ਤੁਹਾਡੇ ਅੰਦਰ ਸੱਟ ਵੱਜਦੀ ਰਹੇ ਤਾਂ, ਨਿਸ਼ਾਨ ਡੂੰਘਾ ਬਣ ਜਾਂਦਾ ਹੈ ਅਤੇ ਪੱਥਰ ਉਤੇ ਵੀ ਨਿਸ਼ਾਨ ਬਣ ਜਾਂਦਾ ਹੈ ਤਾਂ ਇਹ ਤਾਂ ਹਿਰਦੇ ਹੈ; ਇਸ ਦੇ ਉਤੇ ਤਾਂ ਨਿਸ਼ਾਨ ਬਣ ਹੀ ਜਾਏਗਾ।

ਕਬੀਰ ਨੇ ਕਿਹਾ ਹੈ—'ਰੱਸੀ ਆਵਤ ਜਾਤ ਹੈ, ਸਿੱਲ ਪਰ ਪੜਤ ਨਿਸ਼ਾਨ।'

ਖੂਹ ਦੀ ਸਿਲ ਉਤੇ ਰੱਸੀ ਵੀ ਆਉਂਦੀ-ਜਾਂਦੀ ਹੈ ਤਾਂ ਨਿਸ਼ਾਨ ਪੈ ਜਾਂਦਾ ਹੈ, ਤਾਂ ਸੁਰਤਿ ਦੀ ਰੱਸੀ ਜੇਕਰ ਤੁਹਾਡੇ ਹਿਰਦੇ ਉਤੇ ਆਉਂਦੀ-ਜਾਂਦੀ ਰਹੇਗੀ, ਤਾਂ ਪੱਥਰ ਉਤੇ ਨਿਸ਼ਾਨ ਬਣ ਜਾਂਦੇ ਹਨ ਤਾਂ ਹਿਰਦੇ ਉਤੇ ਕਿਉਂ ਨਹੀਂ ਬਣੇਗਾ? ਹਿਰਦੇ ਉਤੇ ਵੀ ਨਿਸ਼ਾਨ ਪੈ ਜਾਏਗਾ ਅਤੇ ਹਿਰਦੇ ਤੋਂ ਨਰਮ ਤਾਂ ਇਸ ਜਗਤ ਵਿੱਚ ਕੁਝ ਵੀ ਨਹੀਂ ਹੈ। ਬੱਸ, ਏਨਾ ਚਾਹੀਦਾ, ਕਿ ਸੁਰਤਿ ਦੀ ਰੱਸੀ ਆਉਂਦੀ-ਜਾਂਦੀ ਰਹੇ।

ਅੱਜ ਏਨਾ ਹੀ।

# ਊਚੇ ਉਪਰਿ ਊਚਾ ਨਾਉ

ਅੰਤੁ ਨ ਸਿਫਤੀ ਕਹਣਿ ਨ ਅੰਤੁ॥ ਅੰਤੁ ਨ ਕਰਣੈ ਦੇਣਿ ਨ ਅੰਤੁ॥
ਅੰਤੁ ਨ ਵੇਖਣਿ ਸੁਣਣਿ ਨ ਅੰਤੁ॥ ਅੰਤੁ ਨ ਜਾਪੈ ਕਿਆ ਮਨਿ ਮੰਤੁ॥
ਅੰਤੁ ਨ ਜਾਪੈ ਕੀਤਾ ਆਕਾਰੁ॥ ਅੰਤੁ ਨ ਜਾਪੈ ਪਾਰਾਵਾਰੁ॥
ਅੰਤ ਕਾਰਣਿ ਕੇਤੇ ਬਿਲਲਾਹਿ॥ ਤਾ ਕੇ ਅੰਤ ਨ ਪਾਏ ਜਾਹਿ॥
ਏਹੁ ਅੰਤੁ ਨ ਜਾਣੈ ਕੋਇ॥ ਬਹੁਤਾ ਕਹੀਐ ਬਹੁਤਾ ਹੋਇ॥
ਵਡਾ ਸਾਹਿਬੁ ਊਚਾ ਥਾਉ॥ ਊਚੇ ਉਪਰਿ ਊਚਾ ਨਾਉ॥
ਏਵਡੁ ਊਚਾ ਹੋਵੈ ਕੋਇ॥ ਤਿਸੁ ਊਚੇ ਕਉ ਜਾਣੈ ਸੋਇ॥
ਜੇਵਡੁ ਆਪਿ ਜਾਣੈ ਆਪਿ ਆਪਿ॥ ਨਾਨਕ ਨਦਰੀ ਕਰਮੀ ਦਾਤਿ॥ ੨੪॥

ਬਹੁਤਾ ਕਰਮੁ ਲਿਖਿਆ ਨਾ ਜਾਇ॥ ਵਡਾ ਦਾਤਾ ਤਿਲੁ ਨ ਤਮਾਇ॥
ਕੇਤੇ ਮੰਗਹਿ ਜੋਧ ਅਪਾਰ॥ ਕੇਤਿਆ ਗਣਤ ਨਹੀ ਵੀਚਾਰੁ॥
ਕੇਤੇ ਖਪਿ ਤੁਟਹਿ ਵੇਕਾਰ॥
ਕੇਤੇ ਲੈ ਲੈ ਮੁਕਰੁ ਪਾਹਿ॥ ਕੇਤੇ ਮੂਰਖ ਖਾਹੀ ਖਾਹਿ॥
ਕੇਤਿਆ ਦੂਖ ਭੂਖ ਸਦ ਮਾਰ॥ ਏਹਿ ਭਿ ਦਾਤਿ ਤੇਰੀ ਦਾਤਾਰ॥
ਬੰਦਿ ਖਲਾਸੀ ਭਾਣੈ ਹੋਇ॥ ਹੋਰੁ ਆਖਿ ਨ ਸਕੈ ਕੋਇ॥
ਜੇ ਕੋ ਖਾਇਕੁ ਆਖਣਿ ਪਾਇ॥ ਓਹੁ ਜਾਣੈ ਜੇਤੀਆ ਮੁਹਿ ਖਾਇ॥
ਆਪੇ ਜਾਣੈ ਆਪੇ ਦੇਇ॥ ਆਖਹਿ ਸਿ ਭਿ ਕੇਈ ਕੇਇ॥
ਜਿਸ ਨੋ ਬਖਸੇ ਸਿਫਤਿ ਸਾਲਾਹ॥ ਨਾਨਕ ਪਾਤਿਸਾਹੀ ਪਾਤਿਸਾਹੁ॥ ੨੫॥

ਉਸਦੀ ਮਹਿਮਾ ਦਾ ਕੋਈ ਅੰਤ ਨਹੀਂ। ਜੋ ਵੀ ਅਸੀਂ ਕਹੀਏ ਉਹ ਥੋੜ੍ਹਾ ਹੈ ਅਤੇ ਜੋ ਵੀ ਅਸੀਂ ਕਹੀਏ, ਉਸ ਤੋਂ ਸਾਡੀ ਅਸਮਰੱਥਤਾ ਪਤਾ ਲੱਗਦੀ ਹੈ। ਰਵਿੰਦਰ ਨਾਥ ਮਰਣ ਸ਼ੈਈਆ 'ਤੇ ਸੀ। ਇੱਕ ਪੁਰਾਣੇ ਮਿਤ੍ਰ ਨੇ ਉਨ੍ਹਾਂ ਨੂੰ ਕਿਹ ਕਿ ਤੁਸੀਂ ਤਾਂ ਖੁਸ਼ੀ ਭਾਵ ਨਾਲ ਵਿਦਾ ਹੋ ਸਕਦੇ ਹੋ। ਕਿਉਂਕਿ ਜੋ ਕਰਨਾ ਸੀ ਉਹ ਤੁਸੀਂ ਕਰ ਲਿਆ। ਖੂਬ ਸਨਮਾਨ ਪਾਇਆ, ਗੀਤ ਲਿਖੇ, ਸਾਰੇ ਜਗਤ ਵਿੱਚ ਪ੍ਰਸਿੱਧੀ ਪਾਈ। ਮਹਾਂਕਵੀ ਦੀ ਤਰ੍ਹਾਂ ਲੱਖਾਂ ਲੋਕਾਂ ਨੇ ਪੂਜਿਆ। ਤੁਸੀਂ ਤਾਂ ਨਿਸ਼ਚਿੰਤ ਮਨ ਨਾਲ ਜਾ ਸਕਦੇ ਹੋ। ਕੁਝ ਅਧੂਰਾ ਨਹੀਂ ਛੱਡਿਆ।

ਰਵਿੰਦਰ ਨਾਥ ਨੇ ਅੱਖਾਂ ਖੋਲ੍ਹੀਆਂ ਅਤੇ ਉਨ੍ਹਾਂ ਨੇ ਕਿਹਾ ਕਿ ਅਜਿਹੀ ਗੱਲ ਨਾ ਕਹੋ। ਕਿਉਂਕਿ ਮੈਂ ਤਾਂ ਪਰਮਾਤਮਾ ਅੱਗੇ ਇਹ ਹੀ ਪ੍ਰਾਰਥਨਾ ਕਰ ਰਿਹਾ ਸੀ ਕਿ ਜੋ ਮੈਂ ਗਾਉਣਾ ਚਾਹੁੰਦਾ ਸੀ, ਉਹ ਤਾਂ ਅਜੇ ਤੱਕ ਗਾ ਨਹੀਂ ਸਕਿਆ। ਜੋ ਕਹਿਣਾ ਚਾਹੁੰਦਾ ਸੀ, ਉਹ ਤਾਂ ਅਜੇ ਤੱਕ ਕਿਹਾ ਨਹੀਂ ਅਤੇ ਹੁਣ ਤੱਕ ਤਾਂ ਕੇਵਲ ਸਾਜ ਬਿਠਾਉਣ ਵਿੱਚ ਹੀ ਸਮਾਂ ਬੀਤ ਗਿਆ। ਅਜੇ ਤੇਰੀ ਮਹਿਮਾ ਦਾ ਗਾਣ ਸ਼ੁਰੂ ਕਿੱਥੇ ਹੋਇਆ ਸੀ ਅਤੇ ਇਹ ਵਿਦਾ ਹੋਣ ਦੀ ਘੜੀ ਆ ਗਈ। ਰਵਿੰਦਰ ਨਾਥ ਨੇ ਛੇ ਹਜ਼ਾਰ ਗੀਤ ਲਿਖੇ ਅਤੇ ਰਵਿੰਦਰ ਨਾਥ ਦੇ ਸਾਰੇ ਗੀਤ ਹੀ ਪਰਮਾਤਮਾ ਦੀ ਮਹਿਮਾ ਦੇ ਗੀਤ ਹਨ। ਫ਼ਿਰ ਵੀ ਰਵਿੰਦਰ ਨਾਥ ਕਹਿੰਦੇ ਹਨ ਕਿ ਅਜੇ ਸਾਜ ਹੀ ਬਿਠਾ ਪਾਇਆ ਸੀ ਅਜੇ ਸੰਗੀਤ ਸ਼ੁਰੂ ਕਿੱਥੇ ਹੋਇਆ ਸੀ? ਅਤੇ ਜਾਣ ਦੀ ਵੇਲਾ ਆ ਗਈ।

ਇਹ ਹੀ ਨਾਨਕ ਕਹਿੰਦੇ ਹਨ। ਇਹ ਹੀ ਸਾਰੇ ਰਿਸ਼ੀਆਂ ਦਾ ਅਨੁਭਵ ਹੈ ਕਿ ਜੋ ਵੀ ਅਸੀਂ ਕਹੀਏ, ਉਹ ਸਾਜ ਦਾ ਬਿਠਾਉਣਾ ਹੀ ਸਿੱਧ ਹੁੰਦਾ ਹੈ। ਉਸਦਾ ਗੀਤ ਗਾਇਆ ਹੀ ਨਹੀਂ ਜਾ ਸਕਦਾ। ਕੌਣ ਗਾਏਗਾ ਉਸਦਾ ਗੀਤ? ਅਸੀਂ ਇਸ ਛੋਟੇ ਜਿਹੇ ਵਿਅਕਤਿਤਵ ਵਿੱਚ ਕਿਵੇਂ ਉਸ ਵਿਰਾਟ ਨੂੰ ਸਮੋ ਸਕਾਂਗੇ? ਮੁੱਠੀ ਵਿੱਚ ਆਕਾਸ਼ ਬੰਨ੍ਹਣ ਦੀ ਕੋਸ਼ਿਸ਼ ਕਿਵੇਂ ਪੂਰੀ ਹੋਏਗੀ? ਸਾਡੇ ਸਾਰੇ ਯਤਨ ਵਿਅਰਥ ਹੋ ਜਾਂਦੇ ਹਨ ਅਤੇ ਸਭ ਕਰਕੇ ਹੀ ਸਿਰਫ਼ ਸਾਨੂੰ ਆਪਣੀ ਅਸਮਰੱਥਤਾ ਦਾ ਪਤਾ ਲੱਗਦਾ ਹੈ।

ਪਰ ਉਹ ਹੀ ਪਤਾ ਲੱਗ ਜਾਏ ਤਾਂ ਸਮਝ ਦਾ ਜਨਮ ਹੋਇਆ। ਇਹ ਖਿਆਲ ਵਿੱਚ ਆ ਜਾਏ ਕਿ ਮੈਂ ਬਹੁਤ ਛੋਟਾ ਹਾਂ ਤਾਂ ਹੀ ਉਸਦੇ ਵੱਡਾ ਹੋਣ ਦਾ ਖਿਆਲ ਪੈਦਾ ਹੋਏਗਾ। ਨਾਸਮਝਾਂ ਨੂੰ ਲੱਗਦਾ ਹੈ ਕਿ ਅਸੀਂ ਕਾਫੀ ਵੱਡੇ ਹਾਂ। ਸਮਝਦਾਰਾਂ ਨੂੰ ਲੱਗਦਾ ਹੈ ਕਿ ਅਸੀਂ ਬਹੁਤ ਛੋਟੇ ਹਾਂ। ਜਿਵੇਂ-ਜਿਵੇਂ ਸਮਝ ਵਧਦੀ ਹੈ ਤਿਵੇਂ-ਤਿਵੇਂ ਅਸੀਂ ਛੋਟੇ ਹੁੰਦੇ ਜਾਂਦੇ ਹਾਂ, ਜਿਵੇਂ-ਜਿਵੇਂ ਅਸੀਂ ਛੋਟੇ ਹੁੰਦੇ ਜਾਂਦੇ ਹਾਂ ਉਸਦਾ ਵਿਰਾਟ ਪ੍ਰਗਟ ਹੁੰਦਾ ਹੈ। ਇੱਕ ਅਜਿਹੀ ਘੜੀ ਵੀ ਆਉਂਦੀ ਹੈ ਇਸ ਭਾਲ ਵਿੱਚ, ਜਦ ਕਿ ਤੁਸੀਂ ਬਿਲਕੁਲ

ਹੀ ਗੁਆਚ ਜਾਂਦੇ ਹੋ। ਉਹ ਹੀ ਬਾਕੀ ਰਹਿ ਜਾਂਦਾ ਹੈ। ਕਹਿਣ ਵਾਲਾ ਗੁਆਚ ਜਾਂਦਾ ਹੈ, ਕਹੇਗਾ ਕੀ? ਸਿਰਫ਼ ਉਹ ਹੀ ਰਹਿ ਜਾਂਦਾ ਹੈ। ਉਸਦੀ ਮਹਿਮਾ ਉਸਦਾ ਅਨੰਤ ਨਾਦ। ਦੇਖਣ ਵਾਲਾ ਖੋ ਜਾਂਦਾ ਹੈ, ਕੇਵਲ ਨਜ਼ਾਰਾ ਹੀ ਰਹਿ ਜਾਂਦਾ ਹੈ। ਤੁਸੀਂ ਤਾਂ ਮਿਟ ਹੀ ਜਾਂਦੇ ਹੋ, ਉਸ ਦੀ ਖਬਰ ਕੌਣ ਦੇਵੇਗਾ? ਕੌਣ ਉਸਦੇ ਸੰਬੰਧ ਵਿੱਚ ਕੁਝ ਕਹੇਗਾ?

ਇਸ ਲਈ ਜੋ ਵੀ ਆਦਮੀ ਨੇ ਕਿਹਾ ਹੈ, ਉਹ ਸਾਰੀ ਚਰਚਾ ਅਸਮਰੱਥਤਾ ਦੀ ਚਰਚਾ ਹੈ। ਲਾਚਾਰ ਅਵਸਥਾ ਦੀ, Helplessness ਦੀ। ਜਿਵੇਂ ਕੋਈ ਬਹੁਤ ਵੱਡੀ ਘਟਨਾ ਦੇ ਨੇੜੇ ਆ ਕੇ ਆਵਾਕ ਹੋ ਜਾਂਦਾ ਹੈ। ਇਵੇਂ ਹੀ ਪਰਮਾਤਮਾ ਦੇ ਨੇੜੇ ਆ ਕੇ ਕੋਈ ਮਨੁੱਖ ਆਵਾਕ ਹੋ ਜਾਂਦਾ ਹੈ। ਉਸੇ ਆਵਾਕ ਦਾ ਅਰਥ ਹੈ ਜਿੱਥੇ ਵਾਕ: ਜਿਥੇ ਵਾਣੀ ਗੁਆਚ ਜਾਂਦੀ ਹੈ। ਜਿੱਥੇ ਬੋਲਣਾ ਨਹੀਂ ਹੁੰਦਾ। ਹਤਪ੍ਰਭ! (ਆਵਾਕ) ਵਾਣੀ-ਰੁੰਧ, ਸੁਆਸ ਤੱਕ ਠਹਿਰ ਜਾਂਦੀ ਹੈ। ਉਸ ਨੂੰ ਜਾਨਣ ਦੀ ਘੜੀ ਵਿੱਚ ਤੁਸੀਂ ਬਿਲਕੁਲ ਹੀ ਰੁਕ ਜਾਂਦੇ ਹੋ। ਨਾ ਵਿਚਾਰਾਂ ਦੀ ਗਤੀ (ਰਫ਼ਤਾਰ) ਹੁੰਦੀ ਹੈ, ਨਾ ਸੁਆਸ ਦੀ ਗਤੀ ਹੁੰਦੀ ਹੈ, ਹਿਰਦਾ ਵੀ ਨਹੀਂ ਧੜਕਦਾ, ਕਿਉਂਕਿ ਓਨੀ ਧੜਕਨ ਵੀ ਭੁੱਲਣਾ ਹੋ ਜਾਏਗੀ। ਓਨਾ ਕੰਪਨ (ਕਾਂਬਾ) ਵੀ ਬਿਛੜਣਾ ਹੋ ਜਾਏਗਾ।

ਉਸ ਆਵਾਕ ਪਲ ਵਿੱਚ ਨਾਨਕ ਨੇ ਇਹ ਵਚਨ ਕਹੇ ਹਨ। ਇਹ ਵਚਨ ਕਿਸੇ ਨੂੰ ਸਮਝਾਉਣ ਲਈ ਨਹੀਂ, ਆਪਣੀ ਵਿਅਥਾ (ਦੁੱਖ-ਕਥਾ) ਨੂੰ ਪ੍ਰਗਟ ਕਰਨ ਲਈ ਕਹੇ ਹਨ।

ਨਾਨਕ ਕਹਿੰਦੇ ਹਨ, 'ਅੰਤੁ ਨਹੀਂ ਉਸਦੇ ਗੁਣ ਦਾ। ਨਾ ਉਸ ਦੇ ਕਥਨ ਦਾ ਅੰਤ ਹੈ।'

*'ਅੰਤੁ ਨ ਸਿਫਤੀ ਕਹਣਿ ਨ ਅੰਤੁ॥ ਅੰਤੁ ਨ ਕਰਣੈ ਦੇਣਿ ਨ ਅੰਤੁ॥*
*ਅੰਤੁ ਨ ਵੇਖਣਿ ਸੁਣਣਿ ਨ ਅੰਤੁ॥ ਅੰਤੁ ਨ ਜਾਪੈ ਕਿਆ ਮਨਿ ਮੰਤੁ॥*
*ਅੰਤੁ ਨ ਜਾਪੈ ਕੀਤਾ ਆਕਾਰੁ॥ ਅੰਤੁ ਨ ਜਾਪੈ ਪਾਰਾਵਾਰੁ॥'*

ਉਸਦੇ ਗੁਣਾਂ ਦਾ ਅੰਤ ਨਹੀਂ ਹੈ, ਨਾ ਉਸਦੇ ਕਥਨ ਦਾ ਹੀ ਅੰਤ ਹੈ। ਉਸ ਦੇ ਕੰਮਾਂ ਦਾ ਅੰਤ ਨਹੀਂ, ਉਸਦੇ ਦਾਨਾਂ ਦਾ ਵੀ ਅੰਤ ਨਹੀਂ, ਨਾ ਉਸਦੇ ਦਰਸ਼ਨ ਦਾ ਅੰਤ ਅਤੇ ਨਾ ਉਸਦੇ ਸ਼ ਵਣ ਦਾ ਅੰਤ ਹੈ। ਉਸ ਦੇ ਮਨ ਦੇ ਭੇਦ ਦਾ ਅੰਤ ਵੀ ਜਾਣਿਆਂ ਨਹੀਂ ਜਾ ਸਕਦਾ। ਉਸਦੀ ਇਸ ਸ੍ਰਿਸ਼ਟੀ ਦਾ ਕੋਈ ਅੰਤ ਨਹੀਂ। ਉਸਦੇ ਓਰ-ਛੋਰ ਦਾ ਅੰਤ ਨਹੀਂ। ਉਸ ਦਾ ਅੰਤ ਜਾਨਣ ਲਈ ਕਿੰਨੇ ਚੀਖਾਂ ਮਾਰਦੇ ਨੇ ਤਾਂ ਵੀ ਉਸਦਾ ਅੰਤ ਨਹੀਂ ਪਾਇਆ ਜਾ ਸਕਦਾ। ਕੋਈ ਵੀ ਉਸਦਾ ਅੰਤ ਨਹੀਂ ਜਾਣਦਾ।

ਇਨ੍ਹਾਂ ਵਚਨਾਂ ਵਿੱਚ ਤਿੰਨ ਗੱਲਾਂ ਖਿਆਲ ਵਿੱਚ ਰੱਖਣ ਵਾਲੀਆਂ ਹਨ। ਇੱਕ, ਜਦ ਤੱਕ ਤੁਹਾਨੂੰ ਲੱਗਦਾ ਹੈ ਕਿ ਤੁਸੀਂ ਪਰਮਾਤਮਾ ਨੂੰ ਜਾਣਿਆਂ ਹੈ, ਤਦ ਤੱਕ ਤੁਸੀਂ ਭੁੱਲੇਖੇ ਵਿੱਚ ਹੋ। ਤਦ ਤੱਕ ਤੁਸੀਂ ਕਿਸੇ ਭੁੱਲ ਵਿੱਚ ਹੋ। ਕਿਉਂਕਿ ਜਿਸ ਨੂੰ ਤੁਸੀਂ ਜਾਣ ਲਿਆ, ਉਹ ਪਰਮਾਤਮਾ ਨਹੀਂ ਹੋਏਗਾ। ਜਿਸ ਨੂੰ ਤੁਸੀਂ ਨਾਪ ਲਿਆ, ਉਹ ਪਰਮਾਤਮਾ ਨਹੀਂ ਹੋਏਗਾ। ਜਿਸ ਦੀ ਥਾਹ ਤੁਸੀਂ ਪਾ ਲਈ, ਉਹ ਪਰਮਾਤਮਾ ਨਹੀਂ ਹੋਏਗਾ।

ਤੁਸੀਂ ਕਿਸੇ ਤਲਾਬ ਜਾਂ ਝੀਲ ਵਿੱਚ ਚੁੱਭੀ ਮਾਰ ਰਹੇ ਹੋਵੋਗੇ। ਤੁਸੀਂ ਸਾਗਰ ਦੇ ਨੇੜੇ ਨਹੀਂ ਪੁੱਜੇ। ਤੁਸੀਂ ਕਿਸੇ ਨਿੱਕੀ-ਮੋਟੀ ਘਾਟੀ ਵਿੱਚ ਉਤਰ ਗਏ ਹੋਵੋਗੇ। ਤੁਸੀਂ ਉਸਦੀ ਅੰਤਹੀਣ ਖੱਡ ਨੂੰ ਨਹੀਂ ਜਾਣਿਆ। ਜਿੱਥੇ ਡਿੱਗਣਾ ਸ਼ੁਰੂ ਹੁੰਦਾ ਹੈ ਤਾਂ ਅੰਤ ਨਹੀਂ ਆਉਂਦਾ। ਤੁਸੀਂ ਕੋਈ ਨਿੱਕੀ ਮੋਟੀ ਉਚਾਈ ਪਾ ਲਈ ਹੋਵੇਗੀ। ਪਿੰਡ ਦੇ ਨੇੜੇ ਕੋਈ ਟਿੱਲਾ, ਜਿਸ ਉਤੇ ਤੁਸੀਂ ਚੜ੍ਹ ਗਏ ਹੋਵੋਗੇ। ਪਰ ਤੁਸੀਂ ਉਸਦਾ ਗੌਰੀ ਸ਼ੰਕਰ ਨਹੀਂ ਜਾਣਿਆ, ਜਿੱਥੇ ਚੜ੍ਹਣ ਦਾ ਕੋਈ ਉਪਾਅ ਨਹੀਂ ਹੈ। ਹਿਮਾਲੀਆ ਦੇ ਗੌਰੀ ਸ਼ੰਕਰ ਉਤੇ ਤਾਂ ਅਸੀਂ ਚੜ੍ਹ ਜਾਂਦੇ ਹਾਂ। ਦੇਰ-ਸਵੇਰ, ਔਖਿਆਈ ਨਾਲ, ਮੁਸੀਬਤ ਨਾਲ। ਪਰ ਉਸਦੇ ਗੌਰੀ ਸ਼ੰਕਰ 'ਤੇ ਤਾਂ ਅਸੀਂ ਕਦੇ ਨਹੀਂ ਚੜ੍ਹ ਸਕਾਂਗੇ, ਇਹ ਅਸੰਭਵ ਹੈ।

ਇਹ ਅਸੰਭਵ ਕਿਉਂ ਹੈ? ਇਸਨੂੰ ਥੋੜ੍ਹਾ ਜਿਹ ਸਮਝ ਲਵੋ। ਇਹ ਅਸੰਭਵ ਇਸ ਲਈ ਹੈ ਕਿ ਅਸੀਂ ਉਸ ਦੇ ਹੀ ਅੰਗ ਹਾਂ ਅਤੇ ਅੰਗ ਅੰਗੀ ਨੂੰ ਕਿਵੇਂ ਜਾਣੇਗਾ? ਇਹ ਮੇਰਾ ਹੱਥ ਹੈ, ਇਹ ਮੈਨੂੰ ਕਿਵੇਂ ਜਾਣੇਗਾ? ਅਤੇ ਇਸ ਹੱਥ ਨਾਲ ਮੈਂ ਦੁਨੀਆਂ ਦੀਆਂ ਸਭ ਚੀਜ਼ਾਂ ਫੜ ਲਵਾਂ, ਲੇਕਿਨ ਇਸ ਹੱਥ ਨਾਲ ਮੈਂ ਆਪਣੇ ਆਪ ਨੂੰ ਕਿਵੇਂ ਫੜ ਸਕਾਂਗਾ? ਇਹ ਮੇਰੀ ਅੱਖ ਹੈ। ਇਹ ਅੱਖ ਸਭ ਕੁਝ ਵੇਖ ਲਵੇ, ਇਹ ਮੈਨੂੰ ਕਿਵੇਂ ਵੇਖ ਸਕੇਗੀ? ਅਤੇ ਪੂਰਾ-ਪੂਰਾ ਕਿਵੇਂ ਵੇਖ ਸਕੇਗੀ? ਇਹ ਅੱਖ ਮੇਰਾ ਹੀ ਹਿੱਸਾ ਹੈ।

ਅੰਸ਼ ਕਦੇ ਅੰਸ਼ੀ ਨੂੰ ਨਹੀਂ ਜਾਣ ਸਕਦਾ। ਝਲਕਾਂ ਮਿਲਣਗੀਆਂ। ਪਰ ਪੂਰਣਤਾ ਕਦੇ ਨਹੀਂ ਹੋਵੇਗੀ। ਅਸੀਂ ਇਸ ਵਿਰਾਟ ਦੇ ਅੰਸ਼ (ਹਿੱਸਾ) ਹਾਂ, ਇਸ ਲਈ ਔਖਿਆਈ ਹੈ। ਜੇਕਰ ਅਸੀਂ ਪਰਮਾਤਮਾ ਤੋਂ ਵੱਖਰੇ ਹੁੰਦੇ ਤਾਂ ਅਸੀਂ ਉਸ ਨੂੰ ਜਾਣ ਲੈਂਦੇ। ਅਸੀਂ ਜੇਕਰ ਭਿੰਨ ਹੁੰਦੇ ਤਾਂ ਅਸੀਂ ਉਸਨੂੰ ਫੜ ਲੈਂਦੇ। ਅਸੀਂ ਜੇਕਰ ਅਲਗ ਹੁੰਦੇ ਤਾਂ ਅਸੀਂ ਉਸਦੇ ਚਾਰੇ ਪਾਸੇ ਚੱਕਰ ਲਾ ਕੇ ਪਰਿਕ੍ਰਮਾ ਕਰ ਲੈਂਦੇ। ਪਰ ਅਸੀਂ ਉਸ ਦੇ ਹਿੱਸੇ ਹਾਂ। ਉਸੇ ਦੀ ਹੀ ਧੜਕਨ ਹਾਂ ਅਸੀਂ। ਉਸੇ ਦੀ ਹੀ ਸੁਆਸ-ਸੁਆਸ ਹਾਂ। ਕਿਵੇਂ ਉਸਦਾ ਚੱਕਰ ਲਾਈਏ? ਕਿਵੇਂ ਉਸਦੀ ਪਰਿਕ੍ਰਮਾ ਕਰੀਏ। ਕਿਵੇਂ ਉਸਨੂੰ ਫੜੀਏ? ਉਸ ਵਿਰਾਟ ਵਿੱਚ ਮਨੁੱਖ ਇੱਕ ਕਣ ਹੈ। ਇੱਕ ਬੂੰਦ ਹੈ ਉਸ ਸਾਗਰ ਵਿੱਚ। ਤਾਂ ਇਹ ਨਿੱਕੀ ਜਿਹੀ ਬੂੰਦ ਕਿਵੇਂ ਸਾਗਰ ਨੂੰ ਫੜ ਲਵੇ? ਇਹ ਨਿੱਕੀ ਜਿਹੀ ਬੂੰਦ

ਕਿਵੇਂ ਪੂਰੇ ਸਾਗਰ ਨੂੰ ਜਾਣ ਲਵੇ?

ਇਹ ਬਹੁਤ ਮਜ਼ੇ ਦੀ ਗੱਲ ਹੈ। ਇਹ ਬੂੰਦ ਸਾਗਰ ਵਿੱਚ ਹੈ ਅਤੇ ਇਹ ਬੂੰਦ ਸਾਗਰ ਹੀ ਹੈ। ਸੋ ਇੱਕ ਅਰਥ ਵਿੱਚ ਤਾਂ ਸਾਗਰ ਨੂੰ ਜਾਣਦੀ ਹੈ। ਬਹੁਤ ਡੂੰਘੇ ਅਰਥ ਵਿੱਚ ਸਾਗਰ ਨੂੰ ਜਾਣਦੀ ਹੈ। ਕਿਉਂਕਿ ਸਾਗਰ ਇਸਦੇ ਨਾਲੋਂ ਵੱਖਰਾ ਨਹੀਂ ਹੈ। ਲੇਕਿਨ ਫ਼ਿਰ ਵੀ ਇੱਕ ਅਰਥ ਵਿੱਚ ਸਾਗਰ ਨੂੰ ਨਹੀਂ ਜਾਣ ਸਕਦੀ। ਕਿਉਂਕਿ ਸਾਗਰ ਅਭਿੰਨ ਹੈ।

ਇਹ ਧਾਰਮਿਕ ਜੀਵਨ ਦਾ ਸਭ ਤੋਂ ਵੱਡਾ **Paradox** ਹੈ। ਸਭ ਤੋਂ ਵੱਡਾ ਵਿਰੋਧਾਭਾਸ ਹੈ। ਪਰਮਾਤਮਾ ਨੂੰ ਅਸੀਂ ਜਾਣਦੇ ਵੀ ਹਾਂ ਇੱਕ ਅਰਥ ਵਿੱਚ, ਕਿਉਂਕਿ ਕਿਵੇਂ ਅਸੀਂ ਬਿਨਾਂ ਜਾਣੇ ਰਹਾਂਗੇ? ਉਹ ਸਾਡੇ ਵਿੱਚ ਧੜਕਦਾ ਹੈ। ਅਸੀਂ ਉਸਦੇ ਵਿੱਚ ਧੜਕਦੇ ਹਾਂ। ਅਸੀਂ ਉਸ ਕੋਲੋਂ ਦੂਰ ਨਹੀਂ ਹਾਂ। ਇੰਚ ਭਰ ਦਾ ਫ਼ਾਸਲਾ ਨਹੀਂ ਹੈ। ਇਸ ਲਈ ਅਸੀਂ ਇੱਕ ਅਰਥ ਵਿੱਚ ਉਸਨੂੰ ਜਾਣਦੇ ਵੀ ਹਾਂ, ਪਛਾਣਦੇ ਵੀ ਚੰਗੀ ਤਰ੍ਹਾਂ ਹਾਂ ਅਤੇ ਫ਼ਿਰ ਵੀ ਬਿਲਕੁਲ ਨਹੀਂ ਜਾਣਦੇ, ਕਿਉਂਕਿ ਅਸੀਂ ਤਾਂ ਅੰਸ਼ ਹਾਂ। ਅੰਸ਼ ਪੂਰਣ ਨੂੰ ਕਿਵੇਂ ਜਾਣ ਸਕੇਗਾ? ਅਸੀਂ ਉਸਦੇ ਵਿੱਚ ਡੁੱਬਦੇ ਹਾਂ, ਤੈਰਦੇ ਹਾਂ। ਅਸੀਂ ਉਸਦੇ ਵਿੱਚ ਰਹਿ ਕੇ ਕਦੇ ਉਸ ਦਾ ਵਿਸਮਰਣ ਵੀ ਕਰਦੇ ਹਾਂ, ਕਦੇ ਉਸਦਾ ਸਮਰਣ ਵੀ ਕਰਦੇ ਹਾਂ। ਕਦੇ ਅਸੀਂ ਕੋਲ ਲੱਗਦੇ ਹਾਂ, ਕਦੇ ਅਸੀਂ ਦੂਰ ਲੱਗਦੇ ਹਾਂ ਅਤੇ ਕਦੇ-ਕਦੇ ਕਈ ਸਪੱਸ਼ਟਤਾ ਦੀਆਂ ਘੜੀਆਂ ਵਿੱਚ ਅਜਿਹਾ ਲੱਗਦਾ ਹੈ, ਜਾਣ ਲਿਆ, ਹਿਰਦਾ ਪੂਰਣ ਹੋ ਜਾਂਦਾ ਹੈ, ਪਛਾਣ ਲਿਆ **Recognition** ਹੋ ਗਿਆ। ਆ ਗਈ ਪ੍ਰਗਿਆ, (ਗਿਆਨ, ਇਕਾਗਰਤਾ) ਬੋਧ ਹੋਇਆ। ਫ਼ਿਰ ਬੋਧ ਗੁਆਚ ਜਾਂਦਾ ਹੈ। ਫ਼ਿਰ ਹਨੇਰਾ ਘੁੱਪ ਹੋ ਜਾਂਦਾ ਹੈ। ਫ਼ਿਰ ਅਸੀਂ ਡਾਵਾਂ-ਡੋਲ ਹੋਣ ਲੱਗਦੇ ਹਾਂ। ਲੇਕਿਨ ਜਾਨਣ ਅਤੇ ਨਾ ਜਾਨਣ ਦੇ ਵਿਚਕਾਰਲਾ ਇਹ ਜਿਹੜਾ ਪਲ ਹੈ, ਇਹ ਹੀ ਧਾਰਮਿਕ ਮਨੁੱਖ ਦੀ ਸਥਿਤੀ (ਹਾਲਤ) ਹੈ।

ਬੁੱਧ ਕੋਲੋਂ ਕੋਈ ਪਰਮਾਤਮਾ ਦੇ ਸੰਬੰਧ ਵਿੱਚ ਪੁੱਛਦਾ ਹੈ ਤਾਂ ਉਹ ਚੁੱਪ ਰਹਿ ਜਾਂਦੇ ਹਨ। ਕੀ ਕਹਿਣ ਉਸਦੇ ਸੰਬੰਧ ਵਿੱਚ? ਵਿਰੋਧਾਭਾਸ (**Controversial**) ਕਹੇ ਨਹੀਂ ਜਾ ਸਕਦੇ। ਜੇਕਰ ਬੁੱਧ ਕਹਿਣ ਕਿ ਮੈਂ ਜਾਣਦਾ ਹਾਂ, ਤਾਂ ਭੁੱਲ ਹੋ ਗਈ। ਕਿਉਂਕਿ ਕੌਣ ਕਹਿ ਸਕਦਾ ਹੈ ਕਿ ਜਾਣਦੇ ਹਾਂ? ਅਤੇ ਬੁੱਧ, ਜੇਕਰ ਕਹਿਣ ਕਿ ਨਹੀਂ ਜਾਣਦਾ ਤਾਂ ਵੀ ਗ਼ਲਤ ਗੱਲ ਹੈ, ਕਿਉਂਕਿ ਜਾਣਦੇ ਹਨ।

ਇੱਕ ਦਿਨ ਸਵੇਰ ਵੇਲੇ ਇੱਕ ਪੰਡਿਤ ਨੇ ਬੁੱਧ ਨੂੰ ਪੁੱਛਿਆ, ਬੁੱਧ ਚੁੱਪ ਰਹੇ। ਉਹ ਚਲਾ ਗਿਆ ਤਾਂ ਆਨੰਦ ਨੇ ਬੁੱਧ ਨੂੰ ਕਿਹਾ ਕਿ ਤੁਸੀਂ ਕੁਝ ਤਾਂ ਬੋਲਦੇ। ਉਹ ਬਹੁਤ ਵੱਡਾ ਪੰਡਿਤ ਹੈ। ਉਹ ਬਹੁਤ ਜਾਣਕਾਰ ਹੈ ਅਤੇ ਕਾਬਿਲ ਅਧਿਕਾਰੀ ਆਦਮੀ ਸੀ। ਤੁਹਾਨੂੰ ਉਸ ਨੂੰ ਕੁਝ ਕਹਿਣਾ ਚਾਹੀਦਾ ਸੀ। ਪਰ ਬੁੱਧ ਨੇ ਕਿਹਾ, ਕਿਉਂਕਿ ਉਹ

ਅਧਿਕਾਰੀ ਸੀ ਇਸ ਲਈ ਬੋਲਣਾ ਹੋਰ ਮੁਸ਼ਕਿਲ ਹੋ ਗਿਆ। ਜੇਕਰ ਮੈਂ ਕਹਾਂ 'ਹੈ' ਤਾਂ ਗ਼ਲਤ ਹੈ ਕਿਉਂਕਿ ਜਦ ਤੱਕ ਪੂਰਾ ਨਾ ਜਾਣ ਲਿਆ ਜਾਵੇ ਕਿਸ ਤਰ੍ਹਾਂ ਕਹੋ ਕਿ ਹੈ? ਕਿਸ ਤਰ੍ਹਾਂ ਕਿਹਾ ਜਾਏ ਕਿ ਮੈਂ ਜਾਣ ਲਿਆ? ਕੋਣ ਕਹੇ, ਕਿ ਮੈਂ ਜਾਣ ਲਿਆ। ਸਭ ਦਾਵੇ ਹੰਕਾਰ ਦੇ ਹਨ। ਅਤੇ ਹੰਕਾਰ ਤਾਂ ਉਸ ਨੂੰ ਕਦੇ ਵੀ ਨਹੀਂ ਜਾਣ ਸਕਦਾ ਅਤੇ ਜੇਕਰ ਮੈਂ ਕਹਾਂ ਕਿ ਨਹੀਂ ਹੈ ਜਾਂ ਕਹਾਂ ਕਿ ਮੈਂ ਨਹੀਂ ਜਾਣਿਆ ਤਾਂ ਵੀ ਗ਼ਲਤ ਹੈ, ਕਿਉਂਕਿ ਮੈਂ ਜਾਣਦਾ ਹਾਂ ਅਤੇ ਉਹ ਆਦਮੀ ਕਾਬਿਲ ਸੀ, ਸਮਝਦਾਰ ਸੀ। ਇਸ ਲਈ ਚੁੱਪ ਰਹਿ ਜਾਣਾ ਪਿਆ ਅਤੇ ਉਹ ਆਦਮੀ ਮੇਰੀ ਚੁੱਪ ਦਾ ਅਰਥ ਸਮਝਿਆ, ਕਿਉਂਕਿ ਉਹ ਆਦਮੀ ਝੁਕ ਕੇ ਪ੍ਰਣਾਮ ਕਰਕੇ ਗਿਆ।

ਤਦ ਆਨੰਦ ਨੂੰ ਖਿਆਲ ਆਇਆ ਕਿ ਉਹ ਆਦਮੀ ਬਹੁਤ ਝੁਕ ਕੇ ਅਹੋ-ਭਾਵ ਨਾਲ ਪ੍ਰਣਾਮ ਕਰਕੇ ਗਿਆ ਹੈ ਤਾਂ ਆਨੰਦ ਨੇ ਪੁੱਛਿਆ ਕਿ ਹੈਰਾਨੀ ਵਾਲੀ ਗੱਲ ਹੈ, ਇਹ ਮੇਰੇ ਖਿਆਲ ਵਿੱਚ ਨਹੀਂ ਆਇਆ। ਕਿ ਉਹ ਸਮਝ ਗਿਆ?

ਤਾਂ ਬੁੱਧ ਨੇ ਕਿਹਾ ਕਿ ਘੋੜੇ ਤਿੰਨ ਤਰ੍ਹਾਂ ਦੇ ਹੁੰਦੇ ਹਨ। ਇਕ: ਤੁਸੀਂ ਉਨ੍ਹਾਂ ਨੂੰ ਮਾਰੋ ਤਦ ਹੀ ਉਹ ਇੰਚ-ਇੰਚ ਕਰਕੇ ਸਰਕਣਗੇ। ਦੂਜੇ: ਉਨ੍ਹਾਂ ਨੂੰ ਮਾਰਨ ਦੀ ਓਨੀ ਜ਼ਰੂਰਤ ਨਹੀਂ, ਝਿੜਕਣਾ ਕਾਫ਼ੀ ਹੈ ਅਤੇ ਤੀਜੇ ਉਨ੍ਹਾਂ ਨੂੰ ਝਿੜਕਣ ਦੀ ਵੀ ਜ਼ਰੂਰਤ ਨਹੀਂ, ਛਾਂਟਾ ਵਿਖਾਉਣ ਦੀ ਵੀ ਜ਼ਰੂਰਤ ਨਹੀਂ। ਛਾਂਟੇ ਦੀ ਛਾਂ ਹੀ ਕਾਫੀ ਹੈ **Shadow of the whip** ਇਹ ਤੀਜੀ ਤਰ੍ਹਾਂ ਦਾ ਘੋੜਾ ਸੀ। ਇਸ ਨੂੰ ਮਾਰਨ ਦੀ ਜ਼ਰੂਰਤ ਨਹੀਂ ਸੀ, ਨਾ ਝਿੜਕੀ ਦੇਣ ਦੀ ਜ਼ਰੂਰਤ ਹੋਈ। ਇਸ ਨੂੰ ਸਿਰਫ ਛਾਂ ਦਿੱਤੀ ਛਾਂਟੇ ਦੀ ਅਤੇ ਉਹ ਸਮਝ ਗਿਆ ਤੇ ਯਾਤਰਾ ਲਈ ਨਿਕਲ ਗਿਆ।

ਸ਼ਬਦ ਤਾਂ ਛਾਂਟਾ ਹਨ, ਮੌਨ ਛਾਂ ਹੈ। ਸ਼ਬਦ ਦੀ ਜ਼ਰੂਰਤ ਪੈਂਦੀ ਹੈ, ਕਿਉਂਕਿ ਉਹ ਘੋੜਾ ਕੋਲ ਨਹੀਂ, ਜਿਹੜਾ ਛਾਂਟੇ ਦੀ ਛਾਂ ਵੇਖਦੇ ਹੀ ਯਾਤਰਾ ਤੇ ਨਿਕਲ ਜਾਵੇ। ਬੁੱਧ ਨੇ ਕਿਹਾ, ਇਹ ਆਦਮੀ ਸਮਝ ਗਿਆ। ਇਹ ਹੀ ਤਾਂ ਸਥਿਤੀ ਹੈ ਕਿ ਜਿਹੜਾ ਜਾਣ ਲੈਂਦਾ ਹੈ ਉਹ ਕਹਿ ਨਹੀਂ ਸਕਦਾ ਕਿ ਮੈਂ ਜਾਣਦਾ ਹਾਂ ਅਤੇ ਇਹ ਵੀ ਨਹੀਂ ਕਹਿ ਸਕਦਾ ਕਿ ਮੈਂ ਨਹੀਂ ਜਾਣਦਾ ਹਾਂ। ਦੋਨਾਂ ਦੇ ਦਰਮਿਆਨ 'ਚ ਇਹੋ ਜਿਹੀ ਘਟਨਾ ਵਾਪਰਦੀ ਹੈ।

ਨਾਨਕ ਕਹਿੰਦੇ ਹਨ, ਅੰਤ ਨਹੀਂ ਉਸਦਾ। ਜਿੰਨਾਂ ਕਹੋ ਥੋੜ੍ਹਾ ਹੈ। ਕਹਿੰਦੇ ਹੀ ਜਾਓ ਅਤੇ ਤੁਸੀਂ ਪਾਓਗੇ ਕਿ ਉਹ ਤਾਂ ਸਦਾ ਬਾਕੀ ਹੈ। ਤੁਸੀਂ ਕੁਝ ਵੀ ਕਿਹਾ ਨਹੀਂ। ਕਥਨ ਹਮੇਸ਼ਾਂ ਅਧੂਰਾ ਹੈ। ਸਾਰੇ ਸ਼ਾਸਤ੍ਰ ਅਧੂਰੇ ਹਨ। ਕੋਈ ਪੂਰਾ ਸ਼ਾਸਤ੍ਰ ਧਰਤੀ ਉਤੇ ਨਹੀਂ ਹੈ। ਹੋ ਨਹੀਂ ਸਕਦਾ। ਕਿਉਂਕਿ ਪੂਰੇ ਸ਼ਾਸਤ੍ਰ ਦਾ ਅਰਥ ਹੀ ਇਹ ਹੋਏਗਾ, ਜਿਸਨੇ ਪਰਮਾਤਮਾ ਨੂੰ ਪੂਰਾ ਕਹਿ ਦਿੱਤਾ। ਸਾਰੇ ਸ਼ਾਸਤ੍ਰ ਅਧੂਰੇ ਹਨ ਅਤੇ ਸਾਰੇ ਸ਼ਾਸਤ੍ਰ

ਉਨ੍ਹਾਂ ਘੋੜਿਆਂ ਲਈ ਹਨ, ਜਿਹੜੇ ਛਾਂਟਿਆਂ ਦੀ ਛਾਂ ਨਹੀਂ ਸਮਝ ਸਕਦੇ। 'ਨਾ ਅੰਤ ਹੈ ਉਸਦੇ ਗੁਣਾਂ ਦਾ, ਨਾ ਉਸਦੇ ਕਥਨ ਦਾ ਅੰਤ ਹੈ, ਨਾ ਉਸਦੇ ਕੰਮਾਂ ਦਾ, ਨਾ ਉਸਦੇ ਦਾਨਾਂ ਦਾ.....

ਜਿਵੇਂ-ਜਿਵੇਂ ਆਦਮੀ ਦੇ ਜੀਵਨ ਵਿੱਚ ਧਰਮ ਦੀ ਗਹਿਰਾਈ ਵਧਦੀ ਹੈ, ਤਿਵੇਂ-ਤਿਵੇਂ ਉਸਦੇ ਕ਼ੰਮ ਤਾਂ ਵਿਖਾਈ ਦਿੰਦੇ ਹੀ ਹਨ, ਉਸਦੇ ਦਾਨ ਦਿਖਾਈ ਪੈਣੇ ਸ਼ੁਰੂ ਹੁੰਦੇ ਹਨ।

ਇਹ ਦੂਜੀ ਗੱਲ ਹੈ, ਕੰਮ ਤਾਂ ਚਾਰੇ ਪਾਸੇ ਫੈਲਿਆ ਹੋਇਆ ਹੈ। ਲੇਕਿਨ ਬਹੁਤੇ ਲੋਕਾਂ ਨੂੰ ਤਾਂ ਕੰਮ ਵੀ ਵਿਖਾਈ ਨਹੀਂ ਪੈਂਦਾ। ਉਹ ਕਹਿੰਦੇ ਹਨ: ਕਿੱਥੇ ਹੈ ਪਰਮਾਤਮਾ? ਉਹ ਪੁੱਛਦੇ ਹਨ, ਕੌਣ ਹੈ, ਸ੍ਰਸ਼ਟਾ? (ਦੁਨੀਆਂ ਬਨਾਉਣ ਵਾਲਾ) ਸ੍ਰਿਸ਼ਟੀ ਨੂੰ ਵੇਖ ਕੇ ਵੀ ਉਨ੍ਹਾਂ ਨੂੰ ਇਸ਼ਾਰਾ ਨਹੀਂ ਮਿਲਦਾ। ਇਹ ਚਾਰੇ ਪਾਸੇ ਏਨਾ ਵਿਸਤਾਰ ਹੈ, ਇਹ ਉਨ੍ਹਾਂ ਨੂੰ ਵਿਖਾਈ ਹੀ ਨਹੀਂ ਦਿੰਦਾ। ਉਹ ਪੁੱਛਦੇ ਹਨ, ਕਿਸ ਨੇ ਬਣਾਇਆ? ਕੌਣ ਹੈ ਬਣਾਉਣ ਵਾਲਾ? ਹੈ ਵੀ ਕੋਈ ਬਨਾਉਣ ਵਾਲਾ? ਏਨੇ ਵੱਡੇ ਵਿਰਾਟ ਕੰਮ ਦੇ ਜਾਲ ਦੇ ਪਿੱਛੇ, ਉਨ੍ਹਾਂ ਨੂੰ ਕੋਈ ਹੱਥ ਵਿਖਾਈ ਨਹੀਂ ਦਿੰਦਾ ਅਤੇ ਮਜ਼ੇ ਦੀ ਗੱਲ ਹੈ, ਇਹ ਹੀ ਲੋਕ ਹਨ, ਜਿਹੜੇ ਦੂਜੀਆਂ ਦਿਸ਼ਾਵਾਂ ਵਿੱਚ ਅੰਨ੍ਹਿਆਂ ਵਾਂਗ ਮੰਨ ਲੈਂਦੇ ਹਨ।

ਅੱਜ ਤੱਕ ਕਿਸੇ ਵਿਗਿਆਨਕ ਨੇ Electron ਨਹੀਂ ਵੇਖਿਆ। ਵਿਦੁੱਤ (ਬਿਜਲੀ) ਦਾ ਆਖਰੀ ਕਣ ਜਿਸ ਨੂੰ ਵਿਗਿਆਨ ਕਹਿੰਦਾ ਹੈ, ਜਿਸ ਦੇ ਆਧਾਰ 'ਤੇ ਸਾਰਾ ਜਗਤ ਬਣਿਆ ਹੈ। Electronਦੇ ਹੀ ਇਕੱਠ ਨਾਲ ਸਾਰਾ ਜਗਤ ਬਣਿਆ ਹੈ। ਪਰ ਅੱਜ ਤੱਕ ਕਿਸੇ ਵਿਗਿਆਨਕ ਨੇ Electron ਵੇਖਿਆ ਨਹੀਂ ਅਤੇ ਨਾ ਆਸ ਹੈ, ਕਦੇ ਵੇਖ ਸਕਣ ਦੀ। ਫ਼ਿਰ ਵਿਗਿਆਨਕ ਕਿਵੇਂ ਇਹ ਮੰਨ ਲੈਂਦਾ ਹੈ ਕਿ Electronਹੈ? ਉਹ ਕਹਿੰਦਾ ਹੈ, ਉਸਦੇ ਨਤੀਜੇ ਵਿਖਾਈ ਦਿੰਦੇ ਹਨ। ਕਾਰਣ ਸੂਖ਼ਮ (ਬਾਰੀਕ) ਹਨ, ਨਤੀਜੇ ਠੋਸ ਹਨ। ਪਰਮਾਤਮਾ ਦੇ ਹੱਥ ਵਿਖਾਈ ਨਹੀਂ ਦਿੰਦੇ, ਲੇਕਿਨ ਕ਼ਤਯ ਵਿਖਾਈ ਦਿੰਦਾ ਹੈ। Electron ਨੂੰ ਤਾਂ ਅਸੀਂ ਮੰਨ ਲੈਂਦੇ ਹਾਂ, ਕਿਉਂਕਿ ਨਤੀਜੇ ਵਿਖਾਈ ਪੈਂਦੇ ਹਨ। ਪਰਮਾਤਮਾ ਨੂੰ ਇਨਕਾਰ ਕਰਦੇ ਹਾਂ, ਨਤੀਜੇ ਤਾਂ ਚਾਰੇ ਪਾਸੇ ਮੌਜੂਦ ਹਨ।

ਫੁੱਲ ਖਿੜਦਾ ਹੈ, ਇਹ ਨਤੀਜਾ ਹੈ। ਪਰ ਕੋਈ ਹੱਥ ਲੁਕੇ ਹੋਏ ਉਸਨੂੰ ਖਿੜਾਉਂਦੇ ਹਨ, ਨਹੀਂ ਤਾਂ ਫੁੱਲ ਕਿਵੇਂ ਖਿੜੇਗਾ? ਬੀਜ ਟੁੱਟਦਾ ਹੈ, ਇਹ ਨਤੀਜਾ ਹੈ। ਪਰ ਕੋਈ ਬੀਜ ਨੂੰ ਤੋੜਦਾ ਹੈ, ਉਗਰਾਉਂਦਾ ਹੈ ਅਤੇ ਜਿੱਥੇ ਬੀਜ ਪੱਥਰ ਵਰਗਾ ਲੱਗ ਰਿਹਾ ਸੀ। ਉਥੇ ਸੁਕੋਮਲ (ਬਹੁਤ ਹੀ ਨਰਮ) ਫੁੱਲ ਖਿੜਨੇ ਸ਼ੁਰੂ ਹੋ ਜਾਂਦੇ ਹਨ।

ਸਾਰੇ ਪਾਸੇ ਉਸਦੇ ਦਸਖ਼ਤ ਹਨ, ਪਰ ਹੱਥ ਨਹੀਂ ਵਿਖਾਈ ਦਿੰਦੇ। ਹੱਥ ਵਿਖਾਈ ਪੈਣਗੇ ਵੀ ਨਹੀਂ। ਕਿਉਂਕਿ ਸੂਖਮ ਜੀਵਨ ਅਤੇ ਠੋਸ ਦਾ ਸੰਤੁਲਨ (Balance) ਹੈ। ਕਾਰਣ ਸਦਾ ਸੂਖਮ ਹੁੰਦੇ ਹਨ। ਕੰਮ ਸਦਾ ਠੋਸ ਹੁੰਦੇ ਹਨ। ਕਾਰਣ ਵਿਖਾਈ ਨਹੀਂ ਦਿੰਦੇ। ਪਰਮਾਤਮਾ ਮਹਾਂਕਾਰਣ ਹੈ। ਲੇਕਿਨ ਕੰਮ ਤਾਂ ਚਾਰੇ ਪਾਸੇ ਵਿਖਾਈ ਦੇ ਰਹੇ ਹਨ।

ਸੋ ਤਿੰਨ ਤਰ੍ਹਾਂ ਦੇ ਲੋਕ ਹਨ ਜਗਤ ਵਿੱਚ, ਤਿੰਨ ਤਰ੍ਹਾਂ ਦੇ ਘੋੜੇ, ਜਿਨ੍ਹਾਂ ਨੂੰ ਬੁੱਧ ਨੇ ਕਿਹਾ, ਇੱਕ ਜਿਨ੍ਹਾਂ ਨੂੰ ਉਸਦੇ ਕੰਮ ਵੀ ਵਿਖਾਈ ਨਹੀਂ ਦਿੰਦੇ। ਬਿਲਕੁਲ ਅੰਨ੍ਹੇ! ਉਹ ਪੁੱਛਦੇ ਹਨ, ਕਿਸ ਤਰ੍ਹਾਂ ਦਾ ਪਰਮਾਤਮਾ ਹੈ? ਕਿਸ ਤਰ੍ਹਾਂ ਦਾ ਸਿਰਜਨਹਾਰ? ਕੀ ਸਬੂਤ ਹੈ? ਏਨੀ ਵੱਡੀ ਸ੍ਰਿਸ਼ਟੀ ਸਬੂਤ ਨਹੀਂ ਹੈ। ਉਹ ਹੋਰ ਕੋਈ ਸਬੂਤ ਚਾਹੁੰਦੇ ਹਨ। ਏਨਾ ਵੱਡਾ ਪ੍ਰਮਾਣ, ਪ੍ਰਮਾਣ ਨਹੀਂ ਹੈ, ਉਹ ਹੋਰ ਕੋਈ ਪ੍ਰਮਾਣ ਚਾਹੁੰਦੇ ਹਨ! ਅਤੇ ਜਿਨ੍ਹਾਂ ਨੂੰ ਏਨਾ ਵੱਡਾ ਪ੍ਰਮਾਣ ਨਹੀਂ ਦਿੱਸਦਾ, ਉਨ੍ਹਾਂ ਨੂੰ ਕੋਈ ਹੋਰ ਪ੍ਰਮਾਣ ਸਮਝ ਵਿੱਚ ਆ ਸਕੇਗਾ?

ਇਸ ਤੋਂ ਵੱਡਾ ਹੋਰ ਕੀ ਪ੍ਰਮਾਣ ਹੋ ਸਕਦਾ ਹੈ ਕਿ ਜੀਵਨ ਇੱਕ ਕ੍ਰਮਬੱਧ (ਲੜੀਵਾਰ) ਰਫਤਾਰ ਨਾਲ, ਸੰਤੁਲਿਤ ਰਫ਼ਤਾਰ ਨਾਲ ਚੱਲ ਰਿਹਾ ਹੈ। ਵਿਰਾਟ ਲੀਲ੍ਹਾ ਵਿੱਚ ਕਿਤੇ ਵੀ ਕੋਈ ਰੁਕਾਵਟ ਨਹੀਂ ਹੈ। ਧਾਰਾ ਅਨਵਰਤ (ਬਿਨਾਂ ਰੁਕਾਵਟ) ਹੈ। ਅਹਿਰਨਿਸ (ਦਿਨ-ਰਾਤ) ਇੱਕ ਸੰਗੀਤ ਬੱਜ ਰਿਹਾ ਹੈ। ਜਿਸ ਤਰ੍ਹਾਂ ਦਾ ਹੋਣਾ ਚਾਹੀਦਾ ਹੈ ਉਸੇ ਤਰ੍ਹਾਂ ਹੀ ਹੋ ਰਿਹਾ ਹੈ। ਇਹ ਜਗਤ ਕੋਈ Chaos ਨਹੀਂ, Cosmos ਹੈ। ਇਹ ਕੋਈ ਐਵੇਂ ਹੀ ਸੰਜੋਗ ਵੱਸ ਵਾਪਰ ਰਿਹਾ ਹੈ, ਅਜਿਹਾ ਨਹੀਂ ਹੈ। ਉਸਦੇ ਪਿੱਛੇ ਸੁਨਿਸ਼ਚਿਤ ਨਿਯਮ ਕੰਮ ਕਰ ਰਿਹਾ ਹੈ।

ਉਸੇ ਨਿਯਮ ਨੂੰ ਅਸੀਂ, 'ਧੱਮ', ਕਿਹਾ ਹੈ, 'ਧਰਮ' ਕਿਹਾ ਹੈ। ਲਾਉਤਸੇ ਨੇ ਤਾਓ ਕਿਹਾ ਹੈ। ਨਾਨਕ ਨੇ 'ਹੁਕਮ' ਕਿਹਾ ਹੈ। ਉਸ ਨਿਯਮ ਦਾ ਨਾਉਂ ਹੈ। ਜਦ ਨਾਨਕ ਕਹਿੰਦੇ ਹਨ, ਸਭ ਉਸਦੇ ਹੁਕਮ ਨਾਲ ਹੋ ਰਿਹਾ ਹੈ ਤਾਂ ਤੁਸੀਂ ਅਜਿਹਾ ਨਾ ਸਮਝਣਾ ਕਿ ਉਹ ਕਿਤੇ ਖਲੋਤਾ ਹੈ ਸਿਪਾਹੀ ਦੀ ਤਰ੍ਹਾਂ ਅਤੇ ਕਹਿ ਰਿਹਾ ਹੈ, 'ਕਰੋ'। ਹੁਕਮ ਦਾ ਮਤਲਬ ਹੈ ਕਿ ਜਗਤ ਇੱਕ order (ਤਰਤੀਬ) ਹੈ। ਇੱਕ ਵਿਵਸਥਾ (ਪ੍ਰਬੰਧ) ਹੈ। ਇੱਕ ਅਰਾਜਕਤਾ (ਬਾਦਸ਼ਾਹਤ) ਨਹੀਂ ਹੈ। ਇਥੇ ਕੁਝ ਵੀ ਨਹੀਂ ਹੋ ਰਿਹਾ ਹੈ। ਹੋਣ ਦੇ ਪਿੱਛੇ ਸੁਨਿਯੋਜਿਤ (ਸੰਜੋ ਕੇ ਰੱਖਣ ਵਾਲਾ) ਹੱਥ ਹੈ। ਸੁਨਿਯੋਜਿਤ ਵਿਵਸਥਾ ਹੈ। ਹੋਣ ਦੇ ਪਿੱਛੇ ਕਾਰਣ ਹੈ। ਜੋ ਹੋ ਰਿਹਾ ਹੈ ਉਹ ਇੱਕ ਨਿਸ਼ਾਨੇ ਦੀ ਤਰਫ, ਇੱਕ ਅੰਤ ਦੀ ਤਰਫ ਵਿਕਾਸਮਾਨ ਹੈ।

ਜੇਕਰ ਤੁਹਾਨੂੰ ਸ੍ਰਿਸ਼ਟੀ ਵਿਖਾਈ ਨਹੀਂ ਦਿੰਦੀ ਤਾਂ ਤੁਸੀਂ ਬਿਲਕੁਲ ਅੰਨ੍ਹੇ ਹੋ।

ਬਹੁਤ ਲੋਕ ਹਨ, ਜਿਨ੍ਹਾਂ ਨੂੰ ਸ੍ਰਿਸ਼ਟੀ ਦੇ ਪਿੱਛੇ ਕੋਈ ਸਿਰਜਨ ਦਾ ਹੱਥ ਵਿਖਾਈ ਨਹੀਂ ਦਿੰਦਾ। ਇੱਕ ਨਿੱਕੀ ਜਿਹੀ ਮੂਰਤੀ ਰੱਖੀ ਹੋਵੇ, ਤਾਂ ਤੁਸੀਂ ਝੱਟ-ਪਟ ਪੁੱਛਦੇ ਹੋ, ਕਿਸ ਨੇ ਬਣਾਈ? ਇੱਕ ਨਿੱਕੀ ਜਿਹੀ ਤਸਵੀਰ ਦੀਵਾਰ ਉਤੇ ਟੰਗੀ ਹੋਵੇ ਤਾਂ ਤੁਸੀਂ ਉਸੇ ਵੇਲੇ ਪੁੱਛਦੇ ਹੋ, ਕੌਣ ਹੈ ਚਿੱਤ੍ਰਕਾਰ? ਤੁਸੀਂ ਕਦੇ ਵੀ ਨਹੀਂ ਸੋਚਦੇ ਕਿ ਅਚਾਨਕ ਸੰਜੋਗਵਿਸ਼ਾਤ ਇਹ ਮੂਰਤੀ ਬਣ ਗਈ ਹੋਏਗੀ। ਅਚਾਨਕ, ਸੰਜੋਗਵਿਸ਼ਾਤ, ਪ੍ਰਾਕ੍ਰਿਤਿਕ ਕਾਰਣ ਨਾਲ ਇਹ ਚਿੱਤ੍ਰ ਟੰਗਿਆ ਗਿਆ ਹੋਏਗਾ।

ਪਰ ਏਨੀ ਵਿਰਾਟ ਤਸਵੀਰ ਟੰਗੀ ਹੋਈ ਹੈ ਚਾਰੇ ਪਾਸੇ, ਪੱਤਿਆਂ-ਪੱਤਿਆਂ ਉਤੇ ਉਸਦੀ ਕਲਾ ਹੈ ਅਤੇ ਤੁਹਾਨੂੰ ਪਰਮਾਤਮਾ ਵਿਖਾਈ ਨਹੀਂ ਦਿੰਦਾ। ਤੁਸੀਂ ਜਿਵੇਂ ਪੱਕਾ ਹੀ ਕਰ ਰੱਖਿਆ ਹੈ ਕਿ ਉਸ ਵੱਲ ਪਿੱਠ ਕਰਕੇ ਰੱਖਣੀ ਹੈ, ਜਿਵੇਂ ਤੁਸੀਂ ਨਾ ਵੇਖਣ ਦੀ ਜ਼ਿੱਦ ਕਰ ਰਹੇ ਹੋ। ਜਿਵੇਂ ਤੁਸੀਂ ਵੇਖਣਾ ਹੀ ਨਹੀਂ ਚਾਹੁੰਦੇ। ਜਿਵੇਂ ਕਿ ਵੇਖਣ ਵਿੱਚ ਤੁਹਾਨੂੰ ਖ਼ਤਰਾ ਜਾਪਦਾ ਹੈ। ਜਿਵੇਂ ਕਿ ਵੇਖਣ ਨਾਲ ਤੁਸੀਂ ਡਰੇ ਹੋਏ ਹੋ, ਨਿਸ਼ਚਿਤ ਹੀ ਡਰ ਹੈ: ਕਿਉਂਕਿ ਜਿਵੇਂ ਹੀ ਤੁਹਾਨੂੰ ਉਸ ਦਾ ਹੱਥ ਵਿਖਾਈ ਦੇਵੇਗਾ, ਤੁਸੀਂ ਜਿਸ ਤਰ੍ਹਾਂ ਦੇ ਹੋ, ਉਸੇ ਤਰ੍ਹਾਂ ਦੇ ਨਹੀਂ ਰਹਿ ਸਕੋਗੇ। ਜਿਸ ਨੂੰ ਵੀ ਪਰਮਾਤਮਾ ਦੇ ਕੰਮ ਦੀ ਭਣਕ ਪੈ ਜਾਏਗੀ, ਉਸ ਨੂੰ ਪੂਰੀ ਜ਼ਿੰਦਗੀ ਬਦਲਨੀ ਪਏਗੀ। ਕਿਉਂਕਿ ਜੇਕਰ ਉਸ ਦਾ ਹੱਥ ਸਾਰੇ ਪਾਸੇ ਹੈ ਤਾਂ ਤੁਸੀਂ ਜਿਹੋ ਜਿਹਾ ਹੁਣ ਤੱਕ ਕਰ ਰਹੇ ਹੋ, ਉਹੋ ਜਿਹਾ ਹੀ ਨਹੀਂ ਕਰ ਸਕੋਗੇ। ਤੁਹਾਡਾ ਸਾਰਾ ਚਾਲ-ਚਲਣ ਗ਼ਲਤ ਹੋ ਜਾਏਗਾ। ਅਜੇ ਤੁਸੀਂ ਇਸ ਤਰ੍ਹਾਂ ਟੁਰ ਰਹੇ ਹੋ, ਜਿਵੇਂ ਕੋਈ ਪਰਮਾਤਮਾ ਨਹੀਂ ਹੈ। ਕਰੋ ਦੁਰਵਿਵਹਾਰ, ਕਰੋ ਪਾਪ, ਕਰੋ ਅਨਾਚਰਣ (ਦੁਰਾਚਾਰ)। ਅਜੇ ਜੋ ਵੀ ਕਰਨਾ ਹੈ ਕਰੋ, ਕਿਉਂਕਿ ਕੋਈ ਪਰਮਾਤਮਾ ਨਹੀਂ ਹੈ। ਅਜੇ ਜਿਵੇਂ ਤੁਹਾਨੂੰ ਪੂਰੀ ਖੁਲ੍ਹ ਹੈ।

ਜਿਵੇਂ ਹੀ ਤੁਹਾਨੂੰ ਉਸਦਾ ਹੱਥ ਵਿਖਾਈ ਦੇਵੇਗਾ, ਤੁਹਾਡੀ ਖੁੱਲ ਸਮਾਪਤ ਹੋ ਜਾਏਗੀ। ਤਦ ਤੁਹਾਨੂੰ ਸੋਚ ਕੇ ਕਰਨਾ ਪਏਗਾ। ਤਦ ਤੁਹਾਨੂੰ ਵਿਚਾਰ ਕੇ ਕਰਨਾ ਪਏਗਾ। ਤਦ ਤੁਹਾਨੂੰ ਬਹੁਤਾ ਧਿਆਨ ਅਤੇ ਸੁਰਤਿ ਰੱਖਣੀ ਪਏਗੀ। ਕਿਉਂਕਿ ਉਹ ਵੇਖ ਰਿਹਾ ਹੈ, ਕਿਉਂਕਿ ਉਹ ਮੌਜੂਦ ਹੈ। ਕਿਉਂਕਿ ਸਾਰੀਆਂ ਥਾਵਾਂ 'ਤੇ ਉਹ ਲੁਕਿਆ ਹੈ ਅਤੇ ਤੁਸੀਂ ਕਿਸੇ ਦੇ ਨਾਲ ਵੀ ਕੁਝ ਕਰੋ, ਤੁਸੀਂ ਉਸੇ ਨਾਲ ਕਰ ਰਹੇ ਹੋ। ਕਿਸੇ ਦੀ ਜੇਬ ਕਟੋਗੇ ਤਾਂ ਉਸੇ ਦੀ ਕਟੀ ਜਾਏਗੀ। ਚੋਰੀ ਕਰੋਗੇ ਕਿਸੇ ਦੀ ਤਾਂ ਉਸੇ ਦੀ ਹੋਏਗੀ। ਕਿਸੇ ਦੀ ਹੱਤਿਆ ਕਰੋਗੇ, ਤਾਂ ਤੁਸੀਂ ਉਸੇ ਨੂੰ ਹੀ ਮਾਰੋਗੇ।

ਇਸ ਲਈ ਆਦਮੀ ਦਾ ਇੱਕ ਵੱਡਾ ਤਬਕਾ ਉਸ ਨੂੰ ਵੇਖਣਾ ਹੀ ਨਹੀਂ ਚਾਹੁੰਦਾ। ਉਸ ਨੂੰ ਵੇਖਣ ਵਿੱਚ ਝੰਝਟ ਹੈ। ਉਸਦੀ ਮੌਜੂਦਗੀ—ਤੁਸੀਂ ਉਹ ਹੀ ਨਾ ਰਹਿ ਸਕੋਗੇ, ਜੋ ਤੁਸੀਂ ਹੋ। ਤੁਹਾਨੂੰ ਆਮੂਲ ਕ੍ਰਾਂਤੀ ਵਿਚੋਂ ਲੰਘਣਾ ਪਏਗਾ। ਤੁਹਾਨੂੰ ਜੜ੍ਹਾਂ ਤੱਕ ਬਦਲ

ਜਾਣਾ ਪਏਗਾ ਅਤੇ ਇਹ ਬਦਲਾਹਟ ਏਨੀ ਵੱਡੀ ਹੈ ਕਿ ਉਸ ਝੰਜਟ ਨਾਲੋਂ ਬੇਹਤਰ ਤਾਂ ਇਹ ਹੀ ਹੈ, ਕਿ ਤੁਸੀਂ ਉਸ ਨੂੰ ਨਾਂਹ ਹੀ ਕਰਦੇ ਚਲੇ ਜਾਓ।

ਨੀਤਸੇ ਨੇ ਸੌ ਸਾਲ ਪਹਿਲਾਂ ਕਿਹਾ ਹੈ, 'God is dead and now man is totally free' ਰੱਬ ਮਰ ਗਿਆ ਹੈ ਅਤੇ ਆਦਮੀ ਹੁਣ ਪੂਰੀ ਤਰ੍ਹਾਂ ਸੁਤੰਤਰ ਹੈ। ਉਹ ਹੀ ਪੂਰੀ ਤਰ੍ਹਾਂ ਸੁਤੰਤਰਤਾ ਚਾਹੁੰਣ ਲਈ ਤੁਸੀਂ ਰੱਬ ਨੂੰ ਨਾਂਹ ਕਰਦੇ ਹੋ। ਤਦ ਤੁਹਾਨੂੰ ਖੁੱਲ੍ਹੀ ਛੁੱਟੀ ਹੈ ਤਦ ਤੁਸੀਂ ਕੁਝ ਵੀ ਜਹੋ, ਕਰੋ। ਤਦ ਕੋਈ ਨਹੀਂ ਹੈ ਜਿਸਦੇ ਹੱਥ ਵਿੱਚ ਨਿਰਣਾ ਹੈ। ਤਦ ਤੁਸੀਂ ਸੁਤੰਤਰ ਹੋ। ਜਿਹੜਾ ਸੁਤੰਤਰ ਰਹਿਣਾ ਚਾਹੁੰਦਾ ਹੈ ਉਹ ਪਰਮਾਤਮਾ ਨੂੰ ਨਾ ਵੇਖਣ ਦੀ ਜ਼ਿੱਦ ਕਰਦਾ ਰਹੇਗਾ। ਤੁਸੀਂ ਉਸ ਨੂੰ ਕਿੰਨਾ ਹੀ ਵਿਖਾਓ ਉਹ ਨਾਂਹ ਹੀ ਕਰਦਾ ਰਹੇਗਾ। ਅਤੇ ਨਾਂਹ ਕੀਤੀ ਜਾ ਸਕਦੀ ਹੈ। ਕਿਉਂਕਿ ਠੋਸ ਕੰਮ ਵਿਖਾਈ ਦੇ ਸਕਦਾ ਹੈ, ਸੂਖ਼ਮ ਕਰਨ-ਹਾਰ ਵਿਖਾਈ ਨਹੀਂ ਦਿੰਦਾ।

ਤਾਂ ਲੋਕ ਕਹਿੰਦੇ ਹਨ, ਸ੍ਰਿਸ਼ਟੀ ਆਪਣੇ ਆਪ ਚੱਲ ਰਹੀ ਹੈ। ਸਭ ਕੁਝ ਆਪਣੇ ਆਪ ਹੋ ਰਿਹਾ ਹੈ। ਲੇਕਿਨ ਇਹ ਹੀ ਤਾਂ ਪਰਮਾਤਮਾ ਦੀ ਪਰਿਭਾਸ਼ਾ ਹੈ। ਜਿਹੜਾ ਆਪਣੇ ਆਪ ਚੱਲ ਰਿਹਾ ਹੈ, ਆਪਣੇ ਆਪ ਹੋ ਰਿਹਾ ਹੈ। ਜਿਹੜਾ ਸਵੈਅੰਭੂ (ਖੁੱਦ ਆਪ ਹੀ ਆਪ) ਹੈ।

ਦੂਜਾ ਤਬਕਾ ਹੈ ਜਿਹੜਾ ਪਰਮਾਤਮਾ ਦੇ ਕੰਮ ਤਾਂ ਵੇਖ ਲੈਂਦਾ ਹੈ ਅਤੇ ਉਸਦੇ ਪਿੱਛੇ ਹੱਥ ਨੂੰ ਵੀ ਸਵੀਕਾਰ ਕਰ ਲੈਂਦਾ ਹੈ; ਪਰ ਉਹ ਸਵੀਕਾਰਨਾ ਬੁੱਧੀ ਤੋਂ ਆਉਂਦਾ ਹੈ। ਉਹ ਧਮਕੀ ਵਿੱਚ ਆ ਗਿਆ ਹੈ। ਉਹ ਡਰਿਆ ਹੋਇਆ ਹੈ। ਭੈਅ-ਭੀਤ ਹੈ। ਤੁਸੀਂ ਇਹੋ ਜਿਹੇ ਆਦਮੀ ਨੂੰ ਹੀ ਮੰਦਰ ਵਿੱਚ, ਮਸਜਿਦ ਵਿੱਚ, ਗੁਰਦੁਆਰੇ 'ਚ ਪ੍ਰਾਰਥਨਾ ਕਰਦੇ ਪਾਓਗੇ। ਨੰਬਰ ਦੋ ਦਾ ਆਦਮੀ। ਉਹ ਭੈਅ ਦੇ ਕਾਰਣ ਉਥੇ ਗਿਆ ਹੈ। ਉਹ ਧਮਕੀ ਵਿੱਚ ਆ ਗਿਆ ਹੈ। ਜ਼ਿੰਦਗੀ ਦਾ ਕੋੜਾ ਉਸ ਉਤੇ ਜ਼ੋਰ ਨਾਲ ਪੈ ਗਿਆ ਹੈ। ਉਹ ਡਰਿਆ ਹੈ। ਉਹ ਪ੍ਰਾਰਥਨਾ ਕਰ ਰਿਹਾ ਹੈ, ਉਹ ਸੁਰੱਖਿਆ ਮੰਗ ਰਿਹਾ ਹੈ। ਭਰੋਸਾ, ਧਨ, ਮਾਣ ਇੱਜ਼ਤ, ਔਹਦਾ। ਉਹ ਕੁਝ ਮੰਗ ਲੈ ਕੇ ਗਿਆ ਹੈ।

ਡਰ ਹਮੇਸ਼ਾ ਭਿਖਾਰੀ ਹੈ ਅਤੇ ਡਰ ਹਮੇਸ਼ਾ ਮੰਗਦਾ ਹੈ। ਕੁਝ ਮਿਲ ਜਾਏ, ਕੁਝ ਮਿਲ ਜਾਏ। ਉਨ੍ਹਾਂ ਕੰਮਾਂ ਦੀ ਥੋੜ੍ਹੀ ਜਿਹੀ ਭਣਕ ਉਸਦੇ ਕੰਨਾਂ ਵਿੱਚ ਪਈ ਹੈ ਅਤੇ ਉਸ ਨੂੰ ਡਰ ਦੇ ਕਾਰਣ ਥੋੜ੍ਹਾ ਜਿਹਾ ਅਹਿਸਾਸ ਹੋਇਆ ਹੈ ਕਿ ਪਰਮਾਤਮਾ ਹੈ ਤਾਂ ਉਹ ਡਰਿਆ ਹੋਇਆ ਹੈ। ਪਰ ਉਸ ਨੂੰ ਤੀਜੀ ਗੱਲ ਦਾ ਕੋਈ ਪਤਾ ਨਹੀਂ ਲੱਗਦਾ ਹੈ—ਪਰਮਾਤਮਾ ਦੇ ਦਾਨਾਂ ਦਾ। ਇਸ ਲਈ ਤਾਂ ਉਹ ਮੰਗ ਰਿਹਾ ਹੈ।

ਤੀਜਾ ਆਦਮੀ ਹੈ, ਜਿਸ ਨੂੰ ਨਾਨਕ ਭਗਤ ਕਹਿਣਗੇ। ਉਸ ਨੂੰ ਕ੍ਰਤਘ ਵਿਖਾਈ ਦੇ ਰਹੇ ਹਨ। ਸ੍ਰਿਸ਼ਟੀ ਚਾਰੇ ਪਾਸੇ ਉਸਦੇ ਹੱਥ ਵਿਖਾ ਰਹੀ ਹੈ। ਅਤੇ ਕ੍ਰਤਘ ਹੀ ਨਹੀਂ

ਵਿਖਾਈ ਦਿੰਦੇ, ਉਸਨੂੰ ਪਰਮਾਤਮਾ ਦਾ ਦਾਨ, ਉਸ ਦਾ ਪ੍ਰਸ਼ਾਦ ਵੀ ਵਿਖਾਈ ਦੇ ਰਿਹਾ ਹੈ। ਪ੍ਰਸ਼ਾਦ ਨੂੰ ਵੇਖਣਾ ਸੂਖਮ ਗੱਲ ਹੈ। ਉਹ ਕੋੜੇ ਦੀ ਛਾਂ ਨੂੰ ਵੇਖਣਾ ਹੈ। ਉਸ ਨੂੰ ਵਿਖਾਈ ਪੈ ਰਿਹਾ ਹੈ ਕਿ ਦਿਨ-ਰਾਤ ਉਸਦਾ ਦਾਨ ਮਿਲ ਰਿਹਾ ਹੈ। ਮੰਗਣ ਲਈ ਹੋਰ ਬਚਿਆ ਕੀ ਹੈ? ਮੰਗਣਾ ਕੀ ਹੈ ਸਿਰਫ਼ ਉਸ ਨੂੰ ਧੰਨਵਾਦ ਦੇਣਾ ਹੈ। ਇਸ ਲਈ ਪਰਮ ਭਗਤ ਮੰਦਰ ਧੰਨਵਾਦ ਦੇਣ ਜਾਂਦਾ ਹੈ, ਮੰਗਣ ਲਈ ਨਹੀਂ। ਉਸ ਦੀ ਕੋਈ ਮੰਗ ਹੀ ਨਹੀਂ ਹੈ। ਜੇਕਰ ਪਰਮਾਤਮਾ ਉਸਦੇ ਸਾਹਮਣੇ ਖਲੋ ਕੇ ਵੀ ਕਹੇ ਕਿ ਤੂੰ ਕੁਝ ਮੰਗ ਲੈ, ਤਾਂ ਵੀ ਉਹ ਮੰਗੇਗਾ ਨਹੀਂ। ਕਿਉਂਕਿ ਉਹ ਕਹੇਗਾ, ਸਭ ਦਿੱਤਾ ਹੀ ਹੋਇਆ ਹੈ। ਸਭ ਕੁਝ ਪਹਿਲਾਂ ਤੋਂ ਹੀ ਜ਼ਰੂਰਤ ਤੋਂ ਵੱਧ ਦਿੱਤਾ ਹੋਇਆ ਹੈ। ਮੇਰੀ ਯੋਗਤਾ ਤੋਂ ਵੱਧ ਤੂੰ ਮੈਨੂੰ ਪਹਿਲਾਂ ਹੀ ਦਿੱਤਾ ਹੋਇਆ ਹੈ। ਕਿਹੜੇ ਮੂੰਹ ਨਾਲ ਮੰਗਾਂ! ਅਤੇ ਮੰਗਣ ਵਿੱਚ ਤਾਂ ਸ਼ਿਕਾਇਤ ਹੋਵੇਗੀ ਕਿ ਤੂੰ ਕੁਝ ਘੱਟ ਦਿੱਤਾ ਹੈ। ਤੁਹਾਨੂੰ ਜੀਵਨ ਮਿਲਿਆ ਹੈ ਇਹ ਕੀ ਘੱਟ ਹੈ? ਲੇਕਿਨ ਜੀਵਨ ਦੀ ਤੁਸੀਂ ਕੋਈ ਕੀਮਤ ਨਹੀਂ ਰੱਖਦੇ।

ਮੈਂ ਸੁਣਿਆ ਹੈ, ਇੱਕ ਕੰਜੂਸ-ਮਹਾਂਕੰਜੂਸ ਦੀ ਮੌਤ ਨੇੜੇ ਆਈ। ਉਸ ਨੇ ਕਰੋੜਾਂ ਰੁਪਈਏ ਇਕੱਠੇ ਕੀਤੇ ਹੋਏ ਸਨ ਅਤੇ ਉਹ ਸੋਚ ਰਿਹਾ ਸੀ ਕਿ ਅੱਜ ਨਹੀਂ ਕੱਲ੍ਹ ਜੀਵਨ ਨੂੰ ਭੋਗਾਂਗਾ। ਲੇਕਿਨ ਇਕੱਠਾ ਕਰਨ ਵਿੱਚ ਸਾਰਾ ਸਮਾਂ ਲੰਘ ਗਿਆ, ਜਿਵੇਂ ਕੀ ਹਮੇਸ਼ਾ ਹੀ ਹੁੰਦਾ ਹੈ। ਜਦ ਮੌਤ ਨੇ ਕੁੰਡਾ ਖੜਕਾਇਆ ਤਾਂ ਉਹ ਘਬਰਾਇਆ ਕਿ ਵਕਤ ਨੂੰ ਮੈਂ ਭੁੱਲ ਗਿਆ। ਧਨ ਵੀ ਇਕੱਠਾ ਹੋ ਗਿਆ, ਪਰ ਭੋਗ ਤਾਂ ਮੈਂ ਸਕਿਆ ਹੀ ਨਹੀਂ। ਸੋਚ ਹੀ ਰਿਹਾ ਸੀ ਕਿ ਮੈਂ ਭੋਗਣਾ ਹੈ। ਇਹ ਤਾਂ ਉਹ ਜ਼ਿੰਦਗੀ ਭਰ ਤੋਂ ਸੋਚ ਰਿਹਾ ਸੀ ਅਤੇ ਰੱਦ ਕਰ ਰਿਹਾ ਸੀ ਕਿ ਜਦ ਸਾਰਾ ਕੁਝ ਹੋ ਜਾਏਗਾ ਤਾਂ ਭੋਗ ਲਵਾਂਗਾ।

ਉਸ ਨੇ ਮੌਤ ਨੂੰ ਕਿਹਾ ਕਿ ਮੈਂ ਇੱਕ ਕਰੋੜ ਰੁਪਏ ਦੇ ਦਿੰਦਾ ਹਾਂ, ਸਿਰਫ਼ ਚੌਵੀ ਘੰਟੇ ਮੈਨੂੰ ਮਿਲ ਜਾਣ। ਕਿਉਂਕਿ ਮੈਂ ਭੋਗ ਤਾਂ ਸਕਿਆ ਹੀ ਨਹੀਂ। ਮੌਤ ਨੇ ਕਿਹਾ, ਇਹ ਸੌਦਾ ਨਹੀਂ ਹੋ ਸਕੇਗਾ। ਉਸ ਨੇ ਕਿਹਾ ਕਿ ਮੈਂ ਪੰਜ ਕਰੋੜ ਦੇ ਦਿੰਦਾ ਹਾਂ, ਦਸ ਕਰੋੜ ਦੇ ਦਿੰਦਾ ਹਾਂ—ਇੱਕ ਚੌਵੀ ਘੰਟੇ। ਆਖ਼ਰਕਾਰ ਉਹ ਇਸ ਗੱਲ ਉਤੇ ਰਾਜ਼ੀ ਹੋ ਗਿਆ ਕਿ ਮੈਂ ਸਭ ਕੁਝ ਦੇ ਦਿੰਦਾ ਹਾਂ—ਸਿਰਫ਼ ਚੌਵੀ ਘੰਟੇ!

ਇਹ ਸਾਰਾ ਕੁਝ ਉਸ ਨੇ ਸਾਰਾ ਜੀਵਨ ਗੁਆ ਕੇ ਇਕੱਠਾ ਕੀਤਾ। ਹੁਣ ਉਹ ਚੌਵੀ ਘੰਟਿਆਂ ਲਈ ਸਭ ਕੁਝ ਦੇਣ ਨੂੰ ਰਾਜ਼ੀ ਹੈ। ਕਿਉਂਕਿ ਨਾ ਤਾਂ ਉਸ ਨੇ ਪੂਰੇ ਮਨ ਨਾਲ ਕਦੇ ਸੁਆਸ ਲਿਆ ਨਾ ਕਦੇ ਫੁੱਲਾਂ ਦੇ ਕੋਲ ਬੈਠਿਆ। ਨਾ ਕਦੇ ਚੜ੍ਹਦੇ ਸੂਰਜ ਨੂੰ ਵੇਖਿਆ, ਨਾ ਚੰਨ-ਤਾਰਿਆਂ ਨਾਲ ਗੱਲ ਕੀਤੀ। ਨਾ ਖੁਲ੍ਹੇ ਆਕਾਸ਼ ਦੇ ਹੇਠਾਂ ਹਰੀ ਘਾਹ ਉਤੇ ਕਦੇ ਘੜੀ ਭਰ ਲਈ ਲੰਮਾ ਹੀ ਪਿਆ। ਜੀਵਨ ਨੂੰ ਵੇਖਣ ਦਾ ਮੌਕਾ ਹੀ ਨਹੀਂ ਮਿਲਿਆ। ਧਨ ਇਕੱਠਾ ਕਰਦਾ ਰਿਹਾ ਅਤੇ ਸੋਚਦਾ ਰਿਹਾ, ਅੱਜ ਨਹੀਂ ਕੱਲ੍ਹ,

ਜਦ ਸਭ ਕੁਝ ਮੇਰੇ ਕੋਲ ਹੋਏਗਾ, ਤਦ ਭੋਗ ਲਵਾਂਗਾ। ਸਭ ਦੇਣ ਲਈ ਰਾਜ਼ੀ ਹੈ, ਪਰ ਮੌਤ ਨੂੰ ਕਿਹਾ ਕਿ ਨਹੀਂ। ਕੋਈ ਉਪਾਅ ਨਹੀਂ। ਤੂੰ ਸਭ ਕੁਝ ਵੀ ਦੇਵੇਂ, ਤਾਂ ਵੀ ਚੌਵੀ ਘੰਟੇ ਮੈਂ ਨਹੀਂ ਦੇ ਸਕਦੀ। ਕੋਈ ਉਪਾਅ ਨਹੀਂ, ਸਮਾਂ ਲੰਘ ਗਿਆ। ਤੂੰ ਉੱਠ ਅਤੇ ਤਿਆਰ ਹੋ ਜਾ।

ਤਾਂ ਉਸ ਆਦਮੀ ਨੇ ਕਿਹਾ, ਇੱਕ ਘੜੀ: ਉਹ ਮੇਰੀ ਲਈ ਨਹੀਂ, ਮੈਂ ਲਿਖ ਦਿਆਂ ਮੇਰੇ ਪਿੱਛੇ ਆਣ ਵਾਲੇ ਲੋਕਾਂ ਲਈ, ਕਿ ਮੈਂ ਜ਼ਿੰਦਗੀ ਗੁਆਈ ਇਸ ਆਸ ਵਿੱਚ ਕਿ ਕਦੇ ਭੋਗਾਂਗਾ ਅਤੇ ਜੋ ਮੈਂ ਕਮਾਇਆ ਉਸ ਨਾਲ ਮੈਂ ਮੌਤ ਕੋਲੋਂ ਇੱਕ ਪਲ ਵੀ ਲੈਣ ਵਿੱਚ ਸਮਰੱਥ ਨਹੀਂ ਹੋ ਸਕਿਆ। ਉਸ ਆਦਮੀ ਨੇ ਇੱਕ ਕਾਗਜ਼ ਉਤੇ ਇਹ ਲਿੱਖ ਦਿੱਤਾ ਅਤੇ ਹੋਰਨਾਂ ਨੂੰ ਖ਼ਬਰ ਦਿੱਤੀ ਕਿ ਇਸ ਨੂੰ ਮੇਰੀ ਕਬਰ ਉਤੇ ਲਿੱਖ ਦੇਣਾ।

ਸਾਰੀਆਂ ਕਬਰਾਂ ਉਤੇ ਇਹ ਹੀ ਲਿਖਿਆ ਹੋਇਆ ਹੈ। ਤੁਹਾਡੇ ਕੋਲ ਪੜ੍ਹਣ ਲਈ ਅੱਖਾਂ ਹੋਣ ਤਾਂ ਪੜ੍ਹ ਲੈਣਾ ਅਤੇ ਤੁਹਾਡੀ ਕਬਰ ਉਤੇ ਵੀ ਇਹ ਹੀ ਲਿਖਿਆ ਜਾਏਗਾ। ਜੇਕਰ ਜਾਗੇ ਨਹੀਂ। ਜੇਕਰ ਤੁਸੀਂ ਵੇਖੋ ਤਾਂ ਤੁਹਾਨੂੰ ਜੋ ਮਿਲਿਆ ਹੈ ਉਹ ਅਪਰੰਪਾਰ ਹੈ।

ਜੀਵਨ ਦੀ ਕੋਈ ਕੀਮਤ ਹੈ? ਇੱਕ ਪਲ ਦੇ ਜੀਵਨ ਲਈ ਤੁਸੀਂ ਕੁਝ ਵੀ ਦੇਣ ਨੂੰ ਰਾਜ਼ੀ ਹੋ ਜਾਓਗੇ। ਪਰ ਸਾਲਾਂ ਦੇ ਜੀਵਨ ਲਈ ਤੁਸੀਂ ਪਰਮਾਤਮਾ ਨੂੰ ਧੰਨਵਾਦ ਵੀ ਨਹੀਂ ਦਿੱਤਾ। ਤੁਸੀਂ ਰੇਗਿਸਤਾਨ ਵਿੱਚ ਪਿਆਸੇ ਮਰ ਰਹੇ ਹੋਵੇਗੇ, ਘੁੱਟ ਪਾਣੀ ਲਈ ਤੁਸੀਂ ਕੁਝ ਵੀ ਦੇਣ ਨੂੰ ਰਾਜ਼ੀ ਹੋ ਜਾਓਗੇ। ਲੇਕਿਨ ਏਨੀਆਂ ਸਰਿਤਾਵਾਂ (ਛੋਟੀ ਨਦੀ) ਵਗ ਰਹੀਆਂ ਹਨ। ਬਰਸਾਤ ਵਿੱਚ ਏਨੇ ਬੱਦਲ ਤੁਹਾਡੇ ਘਰਾਂ ਉਤੇ ਘੁੰਮਦੇ ਹਨ। ਤੁਸੀਂ ਇੱਕ ਵਾਰ ਵੀ ਉਨ੍ਹਾਂ ਨੂੰ ਧੰਨਵਾਦ ਨਹੀਂ ਦਿੱਤਾ। ਜੇਕਰ ਸੂਰਜ ਠੰਢਾ ਹੋ ਜਾਏਗਾ ਤਾਂ ਅਸੀਂ ਸਾਰੇ ਏਥੇ ਦੇ ਏਥੇ ਹੀ ਮੁਰਦਾ ਹੋ ਜਾਵਾਂਗੇ, ਇਸੇ ਵੇਲੇ। ਲੇਕਿਨ ਅਸੀਂ ਕਦੇ ਸਵੇਰੇ ਉੱਠ ਕੇ ਸੂਰਜ ਨੂੰ ਧੰਨਵਾਦ ਨਹੀਂ ਦਿੱਤਾ।

ਅਸਲ ਵਿੱਚ ਆਦਮੀ ਦਾ ਇੱਕ ਵੱਡਾ ਅਨੋਖਾ ਤਰਕ ਹੈ, ਜੋ ਉਸ ਕੋਲ ਹੁੰਦਾ ਹੈ, ਉਹ ਉਸ ਨੂੰ ਵਿਖਾਈ ਨਹੀਂ ਦਿੰਦਾ। ਜੋ ਨਹੀਂ ਹੁੰਦਾ ਹੈ, ਉਹ ਵਿਖਾਈ ਦਿੰਦਾ ਹੈ। ਜਦ ਤੁਹਾਡਾ ਇੱਕ ਦੰਦ ਟੁੱਟ ਜਾਂਦਾ ਹੈ ਤਾਂ ਜੀਭ ਬਾਰ ਬਾਰ ਉਸੇ ਥਾਂ ਜਾਏਗੀ। ਜਦ ਉਹ ਦੰਦ ਸੀ ਤਾਂ ਕਦੇ ਨਹੀਂ ਗਈ। ਖਾਲੀ ਥਾਂ ਨੂੰ ਟਟੋਲੇਗੀ। ਤੁਸੀਂ ਕੋਸ਼ਿਸ਼ ਵੀ ਕਰੋ ਕਿ ਜੀਭ ਨੂੰ ਉਥੇ ਨਾ ਲਿਜਾਇਆ ਜਾਏ। ਸਾਰ ਕੀ ਹੈ? ਪਰ ਜੀਭ ਮੁੜ ਘਿੜ ਉਥੇ ਜਾਏਗੀ।

ਆਦਮੀ ਦਾ ਮਨ ਖਾਲੀ ਥਾਂ ਨੂੰ ਟਟੋਲਦਾ ਹੈ। ਭਰੀ ਹੋਈ ਥਾਂ ਲਈ ਅੰਨ੍ਹਾ ਹੈ। ਖ਼ਾਲੀ ਲਈ ਅੱਖਾਂ ਹਨ। ਜੋ ਤੁਹਾਡੇ ਕੋਲ ਹੈ, ਤੁਸੀਂ ਕਦੇ ਉਸਦਾ ਹਿਸਾਬ ਲਾਇਆ ਹੈ? ਅਤੇ ਜਦ ਤੱਕ ਤੁਹਾਨੂੰ ਉਹ ਹਿਸਾਬ ਸਾਫ਼ ਨਾ ਹੋ ਜਾਏ, ਤੁਸੀਂ ਪਰਮਾਤਮਾ ਦੇ

ਦਾਨਾਂ ਦਾ ਹਿਸਾਬ ਨਹੀਂ ਲਾ ਸਕੋਗੇ। ਉਹ ਅਨੰਤ ਹਨ। ਲੇਕਿਨ ਘੱਟੋ-ਘੱਟ ਜੋ ਤੁਹਾਨੂੰ ਮਿਲਿਆ ਹੈ ਉਥੋਂ ਤਾਂ ਤੁਸੀਂ ਸੋਚੋ ਜੋ ਤੁਸੀਂ ਪਾਇਆ ਹੈ, ਉਸ ਨੂੰ ਤੁਸੀਂ ਵੇਖੋ।

ਅਤੇ ਚੌਹੀਂ ਪਾਸੀਂ ਉਸਦੇ ਦਾਨਾਂ ਦਾ ਮੀਂਹ ਪੈ ਰਿਹਾ ਹੈ। ਜਿਵੇਂ ਹਰ ਕੰਮ ਦੇ ਪਿੱਛੇ ਉਸਦਾ ਹੱਥ ਹੈ, ਉਸੇ ਤਰ੍ਹਾਂ ਹਰ ਕ੍ਰਤਘ ਦੇ ਪਿੱਛੇ ਉਸ ਦਾ ਦਾਨ ਹੈ। ਇਹ ਪੂਰਾ ਅਸਤਿਤਵ ਤੁਹਾਡੇ ਲਈ ਖਿੜਿਆ ਹੈ। ਇਹ ਪੂਰੀ ਕੁਦਰਤ ਉਸ ਦੀ ਭੇਟਾ ਹੈ ਅਤੇ ਜਦ ਕੋਈ ਇਸ ਨੂੰ ਵੇਖ ਪਾਉਂਦਾ ਹੈ ਤਾਂ ਇੱਕ ਨਵੀਂ ਤਰ੍ਹਾਂ ਦੀ ਭਗਤੀ ਦਾ ਜਨਮ ਹੁੰਦਾ ਹੈ।

ਇੱਕ ਹੈ ਨਾਸਤਿਕ, ਉਹ ਹੰਕਾਰ ਨਾਲ ਆਕੜਿਆ ਹੋਇਆ ਹੈ। ਇੱਕ ਹੈ ਆਸਤਿਕ ਉਹ ਡਰ ਨਾਲ ਕੰਬ ਰਿਹਾ ਹੈ। ਉਹ ਦੋਵੇਂ ਹੀ ਧਾਰਮਿਕ ਨਹੀਂ ਹਨ। ਧਾਰਮਿਕ ਹੈ ਤੀਜਾ ਆਦਮੀ, ਜਿਹੜਾ ਨੱਚ ਰਿਹਾ ਹੈ ਅਹੋ-ਭਾਵ ਨਾਲ। ਜਿਹੜਾ ਆਨੰਦ ਮਗਨ ਹੈ ਕਿ ਜੋ ਮਿਲਿਆ ਹੈ ਉਹ ਅਪਰੰਪਾਰ ਹੈ।

ਨਾਨਕ ਕਹਿੰਦੇ ਹਨ ਕਿ ਨਾ ਉਸਦੇ ਕੰਮਾਂ ਦਾ ਕੋਈ ਅੰਤ ਹੈ, ਨਾ ਉਸ ਦੇ ਦਾਨਾਂ ਦਾ ਕੋਈ ਅੰਤ ਹੈ ਅਤੇ ਉਸਦੇ ਮਨ ਦੇ ਰਹੱਸਾਂ (ਭੇਦ) ਦਾ ਵੀ ਅੰਤ ਜਾਣਿਆਂ ਨਹੀਂ ਜਾ ਸਕਦਾ। ਉਸ ਦੀ ਕੀਤੀ ਹੋਈ ਸ੍ਰਿਸ਼ਟੀ ਦੇ ਪਸਾਰ ਦਾ ਵੀ ਕੋਈ ਅੰਤ ਨਹੀਂ। ਉਸਦੇ ਓਰ ਛੋਰ ਦਾ ਅੰਤ ਨਹੀਂ। ਉਸਦਾ ਅੰਤ ਜਾਨਣ ਲਈ ਕਿੰਨੇ ਹੀ ਰੌਲਾ ਪਾਉਂਦੇ ਹਨ ਤਾਂ ਵੀ ਉਸਦਾ ਅੰਤ ਨਹੀਂ ਪਾਇਆ ਜਾਂਦਾ। ਕੋਈ ਵੀ ਉਸ ਦਾ ਅੰਤ ਨਹੀਂ ਜਾਣਦਾ। ਜਿੰਨਾਂ ਬਹੁਤ ਉਸ ਨੂੰ ਕਹੀਏ ਓਨਾਂ ਹੀ ਉਹ ਬਹੁਤਾ ਹੁੰਦਾ ਜਾਂਦਾ ਹੈ। ਉਹ ਸਾਹਿਬ ਮਹਾਨ ਹੈ ਅਤੇ ਉਸਦਾ ਸਥਾਨ ਉੱਚਾ ਹੈ, ਉਸ ਤੋਂ ਵੀ ਉੱਚਾ ਉਸਦਾ ਨਾਉਂ ਹੈ।

ਇਹ ਜ਼ਰਾ ਔਖਾ ਲੱਗੇਗਾ ਸਮਝਣ ਵਿੱਚ। 'ਉਸ ਤੋਂ ਵੀ ਉੱਚਾ ਉਸਦਾ ਨਾਂ ਹੈ। ਨਾਉਂ ਕਿਵੇਂ ਉਸ ਤੋਂ ਉੱਚਾ ਹੋਏਗਾ? ਸਾਡੇ ਲਈ, ਯਾਤਰੀਆਂ ਦੇ ਲਈ, ਉਸ ਤੋਂ ਉਸਦਾ ਨਾਉਂ ਉੱਚਾ ਹੈ। ਕਿਉਂਕਿ ਉਸ ਦੇ ਨਾਂ ਦੇ ਰਾਹੀਂ ਹੀ ਅਸੀਂ ਉਸ ਤੱਕ ਪੁਜਾਂਗੇ। ਨਾਉਂ ਛੁੱਟ ਜਾਏ ਤਾਂ ਉਸ ਤੱਕ ਪੁੱਜਣ ਦਾ ਰਾਹ ਟੁੱਟ ਗਿਆ। ਸੇਤੂ ਢਹਿ ਗਿਆ। ਸੋ ਸਾਡੇ ਲਈ ਤਾਂ ਉਸ ਦਾ ਨਾਉਂ ਹੀ ਉਸ ਦੇ ਕੋਲੋਂ ਮਹਾਨ ਹੈ। ਯਾਤਰਾ-ਪੱਥ ਮੰਜ਼ਿਲ ਨਾਲੋਂ ਮਹੱਤਵਪੂਰਣ ਹੈ, ਕਿਉਂਕਿ ਯਾਤਰ-ਪੱਥ ਤੋਂ ਬਿਨਾਂ ਮੰਜ਼ਿਲ ਤੱਕ ਪੁੱਜਣਾ ਅਸੰਭਵ ਹੈ।

ਇਸ ਲਈ ਨਾਨਕ ਕਹਿੰਦੇ ਹਨ ਕਿ ਉਸਦਾ ਇੱਕ ਨਾਮ ਜਿਹੜਾ ਜਾਣ ਲੈਂਦਾ ਹੈ। ਉਸ ਨੂੰ ਕੁੰਜੀ ਮਿਲ ਗਈ। ਕੁੰਜੀ ਮਹਲ ਤੋਂ ਵੀ ਵੱਡੀ ਹੈ। ਕੁੰਜੀ ਮਹਲ ਵਿੱਚ ਲੁਕੀ ਹੋਈ ਪੂੰਜੀ ਨਾਲੋਂ ਬਹੁਤੀ ਕੀਮਤੀ ਹੈ। ਉਵੇਂ ਤਾਂ ਲੋਹੇ ਦਾ ਟੁਕੜਾ ਹੀ ਵਿਖਾਈ ਦਿੰਦੀ

ਹੈ। ਲੇਕਿਨ ਉਹ ਹੀ ਲੋਹੇ ਦਾ ਟੁਕੜਾ ਅਨੰਤ ਖਜ਼ਾਨੇ ਨੂੰ ਖੋਲ੍ਹੇਗਾ।

ਉਸ ਦਾ ਨਾਉਂ ਜਿਸ ਨੂੰ ਨਾਨਕ '੧ਓ' ਕਹਿੰਦੇ ਹਨ, ਉਹ ਹੀ ਕੁੰਜੀ ਹੈ। ਉਸ ਕੁੰਜੀ ਨਾਲ ਉਸਦਾ ਦਰਵਾਜ਼ਾਂ ਖੁਲ੍ਹੇਗਾ ਅਤੇ ਜੇਕਰ ੧ਓ ਦੀ ਸੁਰਤਿ ਤੁਹਾਡੇ ਅੰਦਰ ਬੈਠਣ ਲੱਗ ਪਈ ਤਾਂ ਉਹ ਕੁੰਜੀ ਤੁਸੀਂ ਆਪਣੇ ਅੰਦਰ ਢਾਲ ਲਵੋਗੀ। ਉਹ ਕੁੰਜੀ ਕੁਝ ਅਜਿਹੀ ਨਹੀਂ ਹੈ ਕਿ ਕੋਈ ਤੁਹਾਨੂੰ ਦੇ ਦੇਵੇ। ਉਹ ਤੁਹਾਨੂੰ ਢਾਲਣੀ ਪਏਗੀ। ਤੁਹਾਨੂੰ ਹੀ ਉਹ ਕੁੰਜੀ ਬਣ ਜਾਣਾ ਪਏਗਾ। ਤੁਸੀਂ ਹੀ ਹੌਲੀ-ਹੌਲੀ ੧ਓ ਦੀ ਧੁੰਨ ਵਿੱਚ ਗੂੰਜਦੇ ਗੂੰਜਦੇ ਕੁੰਜੀ ਬਣ ਜਾਓਗੇ। ਤੁਹਾਡੇ ਵਿੱਚ ਹੀ ਉਹ ਕਾਬਲੀਅਤ ਪ੍ਰਗਟ ਹੋ ਜਾਏਗੀ ਕਿ ਉਸ ਦੇ ਦਰਵਾਜ਼ੇ ਨੂੰ ਤੁਸੀਂ ਖੋਲ੍ਹ ਲਓ।

ਮਨੁੱਖ ਦੀਆਂ ਦੋ ਅਵਸਥਾਵਾਂ ਹਨ। ਇੱਕ ਅਵਸਥਾ ਹੈ ਵਿਚਾਰ ਦੀ। ਅਤੇ ਇੱਕ ਅਵਸਥਾ ਹੈ ਨਿਰ-ਵਿਚਾਰ ਦੀ। ਵਿਚਾਰ ਦੀ ਅਵਸਥਾ ਵਿੱਚ ਤੁਸੀਂ ਹੋ, ਜਿੱਥੇ ਮਨ 'ਚ ਤੂਫਾਨ ਟੁਰਦੇ ਹੀ ਰਹਿੰਦੇ ਹਨ। ਮਨ ਦਾ ਆਕਾਸ਼ ਸਦਾ ਬੱਦਲਾਂ ਨਾਲ ਘਿਰਿਆ ਹੀ ਰਹਿੰਦਾ ਹੈ। ਉਹਾ-ਪੋਹ, ਅਨੰਤ ਵਿਚਾਰ! ਇੱਕ ਭੀੜ ਮਨ ਵਿੱਚ ਲੱਗੀ ਰਹਿੰਦੀ ਹੈ। ਇੱਕ ਬਾਜ਼ਾਰ ਭਰਿਆ ਹੋਇਆ ਹੈ। ਇਹ ਵਿਛਿੱਪਤ (ਪਾਗਲ ਵਰਗੀ) ਦਸ਼ਾ ਹੈ। ਇੱਕ ਦੂਜੀ ਅਵਸਥਾ ਹੈ, ਨਿਰ-ਵਿਚਾਰ ਦੀ, ਜਿੱਥੇ ਬਾਜ਼ਾਰ ਖ਼ਾਲੀ ਹੋ ਗਿਆ, ਦੁਕਾਨਾਂ ਬੰਦ ਹੋ ਗਈਆਂ, ਵਿਚਾਰ ਜਾ ਚੁੱਕੇ। ਹੱਟ ਉੱਜੜ ਗਏ। ਸੰਨਾਟਾ ਹੋ ਗਿਆ। ਚੁੱਪੀ ਹੋ ਗਈ। ਜਦ ਤੱਕ ਤੁਸੀਂ ਵਿਚਾਰਾਂ ਨਾਲ ਭਰੇ ਹੋ, ਤਦ ਤੱਕ ਤੁਸੀਂ ਸੰਸਾਰ ਨਾਲ ਜੁੜੇ ਰਹੋਗੇ। ਜਿਵੇਂ ਹੀ ਤੁਸੀਂ ਨਿਰਵਿਚਾਰ ਹੋਏ ਕਿ ਪਰਮਾਤਮਾ ਨਾਲ ਜੁੜ ਗਏ। ਤੁਸੀਂ ਖ਼ਾਲੀ ਹੋਏ ਕਿ ਦਰਵਾਜ਼ਾ ਖੁਲ੍ਹਿਆ।

ਵਿਚਾਰ ਤੋਂ ਨਿਰ-ਵਿਚਾਰ ਤੱਕ ਜਾਣ ਦੀ ਜਿਹੜੀ ਕੁੰਜੀ ਹੈ ਉਹ ਉਸ ਦਾ ਨਾਉਂ ਹੈ। ੧ਓ ਦੀ ਧੁਨ ਤੁਹਾਡੇ ਅੰਦਰ ਸਮਾ ਜਾਏ। ਪਹਿਲਾਂ ਤਾਂ ੧ਓ ਦਾ ਜਪ ਸਵੇਰੇ ਉੱਠ ਗਏ ਜਾਂ ਰਾਤ ਕਦੇ ਇਕਾਂਤ ਹਨੇਰੇ ਵਿੱਚ ਬੈਠ ਗਏ, ਆਪਣੇ ਕਮਰੇ 'ਚ ਅਤੇ ਜ਼ੋਰ ਨਾਲ ੧ਓ ਦਾ ਉਚਾਰਣ ਕੀਤਾ ਕਿ ਤੁਹਾਡੇ ਚੌਹੀਂ ਪਾਸੀਂ ੧ਓ ਦੀ ਧੁਨ ਗੂੰਜਣ ਲੱਗੇ ਅਤੇ ੧ਓ ਬੜਾ ਮਿੱਠਾ ਸੰਗੀਤ ਹੈ, ਕਿਉਂਕਿ ਉਹ ਅਨੰਤ ਦਾ ਸੰਗੀਤ ਹੈ। ੧ਓ ਕੋਈ ਮਨੁੱਖ ਦੀ ਬਣਾਈ ਧੁਨ ਨਹੀਂ ਹੈ, ਉਹ ਕੁਦਰਤ ਵਿੱਚ ਗੂੰਜ ਦੀ ਹੋਈ ਗਤੀ ਹੈ। ਜਿਵੇਂ ਹੀ ਤੁਸੀਂ ੧ਓ ਦੀ ਧੁਨੀ ਜ਼ੋਰ ਨਾਲ ਕਹੋਗੇ ਤੁਹਾਡੇ ਚਾਰੇ ਪਾਸੇ ਤੁਹਾਡੇ ਰੋਮ-ਰੋਮ ਉਤੇ ਉਸਦੀ ਛਾਪ ਅੰਕਿਤ ਹੋਣ ਲੱਗ ਪਵੇਗੀ। ਉਹ ਜਾਪ ਦੀ ਸਥਿਤੀ ਹੈ-ਜਪ।

ਫ਼ਿਰ ਹੌਲੀ-ਹੌਲੀ ਹੋਂਠ ਬੰਦ ਕਰ ਲੈਣਾ ਅਤੇ ਜਿਸ ਤਰ੍ਹਾਂ ਬਾਹਰ ੧ਓ ਨੂੰ ਗੂੰਜਾ ਰਹੇ ਸੀ, ਉਸੇ ਤਰ੍ਹਾਂ ਅੰਦਰ ਗੂੰਜਾਉਂਣਾ। ਤਦ ਹੋਂਠ ਬੰਦ ਰਹਿਣਗੇ। ਜੀਭ ਸ਼ਾਂਤ ਰਹੇਗੀ। ਕੰਠ (ਗਲ੍ਹ) ਚੁੱਪ ਰਹੇਗਾ। ਸਿਰਫ਼ ਮਨ ਵਿੱਚ ਹੀ ਗੂੰਜ ਹੋਏਗੀ। ਇਹ ਜਾਪ

ਅਤੇ ਅਜਾਪ ਦੇ ਵਿਚਕਾਰਲੀ, ਮੱਧ ਕੜੀ ਹੈ।

ਇਹ ਗੂੰਜ ਅੰਦਰ ਵਧਦੀ ਜਾਏ, ਵਧਦੀ ਜਾਏ, ਤਾਂ ਹੌਲੀ-ਹੌਲੀ ਤੁਸੀਂ ਇਸ ਗੂੰਜ ਨੂੰ ਕਰਨਾ ਵੀ ਤੇ ਸੁਣਨਾ ਵੀ, ਦੋ ਕੰਮ ਕਰਨਾ। ਅੰਦਰ ੧ਓ ਦੀ ਗੂੰਜ ਵੀ ਕਰਨਾ ਅਤੇ ਸੁਣਨਾ ਵੀ, ਕਿ ਇਹ ਗੂੰਜ ਹੋ ਰਹੀ ਹੈ, ਫਿਰ ਹੌਲੀ-ਹੌਲੀ ਕਰਨੇ ਨੂੰ ਛੱਡਦੇ ਜਾਣਾ ਅਤੇ ਸੁਨਣੇ ਨੂੰ ਵਧਾਉਂਦੇ ਜਾਣਾ ਅਤੇ ਇੱਕ ਅਜਿਹੀ ਘੜੀ ਆਉਂਦੀ ਹੈ, ਜਦ ਕਰਨਾ ਤੁਸੀਂ ਬੰਦ ਕਰ ਦਿੰਦੇ ਹੋ ਅਤੇ ਗੂੰਜ ਆਪਣੇ ਆਪ ਹੁੰਦੀ ਹੈ। ਤੁਸੀਂ ਕੇਵਲ ਸੁਣਦੇ ਹੋ। ਤਦ ਅਜਪਾ ਜਾਪ ਸ਼ੁਰੂ ਹੋ ਗਿਆ।

ਅਤੇ ਜਦ ਗੂੰਜ ਆਪਣੇ ਆਪ ਹੁੰਦੀ ਹੈ, ਤਦ ਅਸਲੀ ੧ਓ ਪ੍ਰਗਟ ਹੋਇਆ। ਹੁਣ ਇਹ ਤੁਸੀਂ ਨਹੀਂ ਕਰ ਰਹੇ ਹੋ। ਹੁਣ ਇਹ ਤੁਹਾਡੀ ਹੋਂਦ ਵਿਚੋਂ ਹੀ ਪ੍ਰਗਟ ਹੋ ਰਹੀ ਹੈ। ਹੁਣ ਇਹ ਤੁਹਾਡੇ ਜੀਵਨ ਦੇ ਅੰਦਰ ਵਗਦੇ ਹੋਏ ਝਰਨੇ ਦਾ ਨਾਦ ਹੈ ਅਤੇ ਜਿਸ ਦਿਨ ਤੁਸੀਂ ਇਸ ਨੂੰ ਸੁਣ ਲਵੋਗੇ, ਫਿਰ ਤੁਸੀਂ ਉਸ ਨੂੰ ਚੌਵੀਂ ਘੰਟੇ ਸੁਣ ਸਕਦੇ ਹੋ, ਕਿਉਂਕਿ ਇਹ ਤਾਂ ਹੋ ਹੀ ਰਿਹਾ ਹੈ। ਇਸ ਨੂੰ ਕਰਨ ਦੀ ਜ਼ਰੂਰਤ ਨਹੀਂ ਹੈ। ਤੁਸੀਂ ਜਦ ਵੀ ਜ਼ਰਾ ਕੁ ਅੰਦਰ ਅੱਖ ਬੰਦ ਕਰੋਗੇ, ਉਥੇ ਇਹ ਨਾਦ ਸੁਣਾਈ ਪੈਣ ਲੱਗ ਪਵੇਗਾ।

ਜਦ ਵੀ ਚਿੰਤਾ ਫੜੇ, ਤਣਾਓ ਫੜੇ, ਬੇਚੈਨੀ ਹੋਵੇ, ਗੁੱਸਾ ਆਏ, ਤੁਸੀਂ ਅੱਖ ਬੰਦ ਕਰਕੇ ਜ਼ਰਾ ਇਸ ਨਾਦ ਨੂੰ ਸੁਣ ਲੈਣਾ। ਇੱਕ ਨਾਦ ਦੀ ਭਣਕ—ਗੁੱਸਾ ਚਲਾ ਜਾਏਗਾ। ਨਾਦ ਦਾ ਜ਼ਰਾ ਕੁ ਸਮਰਣ ਅਤੇ ਤੁਸੀਂ ਪਾਓਗੇ ਕਿ ਚਿੱਤ, ਜਿਸ ਨੇ ਤੁਹਾਨੂੰ ਬੇਚੈਨ ਕੀਤਾ ਹੋਇਆ ਸੀ, ਉਸੇ ਪਲ ਹਟ ਗਿਆ। ਇਹ ਇਵੇਂ ਹੀ ਹੋ ਜਾਂਦਾ ਹੈ, ਜਿਵੇਂ ਹਨੇਰੇ ਨਾਲ ਘਰ ਭਰਿਆ ਹੋਵੇ ਅਤੇ ਤੁਸੀਂ ਟਾਰਚ ਦਾ ਬਟਣ ਦਬਾਓ, ਚਾਨਣਾ ਹੋ ਜਾਂਦਾ ਹੈ ਅਤੇ ਹਨੇਰਾ ਗੁਆਚ ਜਾਂਦਾ ਹੈ। ਇਸੇ ਤਰ੍ਹਾਂ ਅੰਦਰ ਦੇ ਨਾਦ ਨੂੰ ਤੁਸੀਂ ਸੁਣੋ, ਘੜੀ, ਪਲ ਲਈ ਵੀ ਤੁਸੀਂ ਸੁਣ ਲਵੋ, ਤਾਂ ਬਾਹਰ ਦਾ ਜਿਹੜਾ ਵੀ ਹਨੇਰਾ ਸੀ, ਉਸੇ ਵੇਲੇ ਟੁੱਟ ਜਾਂਦਾ ਹੈ।

ਇਸ ਲਈ ਤਾਂ ਨਾਨਕ ਏਨਾ ਜ਼ੋਰ ਦਿੰਦੇ ਹਨ—'੧ਓ ਸਤਿਨਾਮੁ'। ਸਾਰੀ ਸਾਧਨਾ ਉਨ੍ਹਾਂ ਦੀ ਇਸ ਵਾਸਤਵਿਕ (ਅਸਲੀ) ੧ਓ ਦੇ ਨਾਦ ਨੂੰ ਪਾ ਲੈਣ ਦੀ ਹੈ। ਇਸੇ ਨੂੰ ਉਨ੍ਹਾਂ ਨੇ 'ਸ਼ਬਦ' ਕਿਹਾ ਹੈ, ਇਸੇ ਨੂੰ ਉਹ ਨਾਉਂ ਕਹਿੰਦੇ ਹਨ ਅਤੇ ਨਾਨਕ ਕਹਿੰਦੇ ਹਨ, ਤੇਰੇ ਤੋਂ ਵੀ ਵੱਡਾ ਤੇਰਾ ਨਾਉਂ ਹੈ। ਤੂੰ ਅੰਤਹੀਣ ਹੈਂ, ਤੂੰ ਵਿਰਾਟ ਹੈਂ, ਤੇਰੇ ਤੋਂ ਵੀ ਵੱਡਾ ਤੇਰਾ ਨਾਉਂ ਹੈ, ਕਿਉਂਕਿ ਸਾਡੇ ਲਈ ਤਾਂ ਨਾਉਂ ਦਾ ਹੀ ਸਹਾਰਾ ਹੈ। ਨਾਉਂ ਦੇ ਨਾਲ ਹੀ ਅਸੀਂ ਤੇਰੇ ਨਾਲ ਜੁੜਾਂਗੇ। ਤੂੰ ਹੈਂ ਭੀ, ਸਾਨੂੰ ਪਤਾ ਨਹੀਂ। ਨਾਮ ਨਾਲ ਹੀ ਸਾਨੂੰ ਤੇਰੀ ਖ਼ਬਰ ਮਿਲੇਗੀ। ਨਾਉਂ ਦੇ ਨਾਲ ਹੀ ਅਸੀਂ ਹੌਲੀ-ਹੌਲੀ ਤੇਰੇ ਵੱਲ ਖਿੱਚੇ ਜਾਵਾਂਗੇ ਅਤੇ ਇੱਕ ਇਹੋ ਜਿਹੀ ਘੜੀ ਵੀ ਆਉਂਦੀ ਹੈ ਕਿ ਜਦ ਨਾਦ ਆਪਣੇ

ਆਪ ਗੂੰਜਦਾ ਹੈ ਤਾਂ ਤੁਸੀਂ ਖਿੱਚ ਲਏ ਜਾਂਦੇ ਹੋ ਪਰਮਾਤਮਾ ਵੱਲ।

ਵਿਗਿਆਨਕ ਕਹਿੰਦੇ ਹਨ, ਇੱਕ ਊਰਜਾ ਹੈ ਜਿਸ ਦਾ ਨਾਂ Gravitation ਗੁਰੂਤਵਾਕਰਸ਼ਣ (ਗੁਰੂਤਾ-ਖਿੱਚ) ਹੈ। ਅਸੀਂ ਧਰਤੀ ਉਤੇ ਇਸ ਲਈ ਹਾਂ ਕਿ ਧਰਤੀ ਸਾਨੂੰ ਖਿੱਚੀ ਰੱਖਦੀ ਹੈ। ਜੇਕਰ ਧਰਤੀ ਸਾਨੂੰ ਛੱਡ ਦੇਵੇ, ਅਸੀਂ ਆਕਾਸ਼ ਵਿੱਚ ਗੁਆਚ ਜਾਈਏ। ਧਰਤੀ ਸਾਨੂੰ ਆਪਣੇ ਵੱਲ ਖਿੱਚ ਕੇ ਰੱਖਦੀ ਹੈ। ਇਸ ਲਈ ਤਾਂ ਪੱਥਰ ਨੂੰ ਅਸੀਂ ਉਤਾਹ ਸੁੱਟਦੇ ਹਾਂ, ਉਹ ਪਰਤ ਕੇ ਧਰਤੀ ਉਤੇ ਆ ਡਿੱਗਦਾ ਹੈ। ਧਰਤੀ ਉਸ ਨੂੰ ਖਿੱਚ ਰਹੀ ਹੈ। ਹਰ ਚੀਜ਼ ਨੂੰ ਜ਼ਮੀਨ ਨੇ ਖਿੱਚ ਰੱਖਿਆ ਹੈ। ਇਸ ਦਾ ਨਾਉਂ Gravitation ਇਸ ਯੁੱਗ ਵਿੱਚ ਇੱਕ ਬਹੁਤ ਮਹੱਤਵਪੂਰਣ ਇਸਤ੍ਰੀ ਹੋਈ—ਸਿਮਨ ਵੈਲ। ਉਸ ਨੇ ਕਿਹਾ ਕਿ ਜਿਸ ਤਰ੍ਹਾਂ Gravitation ਹੈ, ਉਸੇ ਤਰ੍ਹਾਂ ਇੱਕ ਹੋਰ ਸ਼ਕਤੀ ਹੈ ਜਿਸ ਦਾ ਨਾਂ ਹੈ ਭਗਫਕ ਉਸਨੇ ਇੱਕ ਬਹੁਤ ਮਹੱਤਵਪੂਰਣ ਕਿਤਾਬ ਲਿਖੀ ਹੈ, Grace and Gravitation ਨਾ ਤਾਂ Gravitation ਦਿਖਾਈ ਦਿੰਦਾ ਹੈ। ਧਰਤੀ ਦਾ ਗੁਰੂਤਾ-ਖਿੱਚ ਵਿਖਾਈ ਤਾਂ ਦਿੰਦਾ ਨਹੀਂ, ਪਰ ਫ਼ਿਰ ਵੀ ਖਿੱਚੀ ਰੱਖਦਾ ਹੈ।

ਹੁਣ ਵਿਗਿਆਨਕ ਚਿੰਤਾ ਕਰ ਰਹੇ ਹਨ, ਕਿਉਂਕਿ ਕੱਲ੍ਹ ਹੀ ਅਖ਼ਬਾਰ ਵਿੱਚ ਖ਼ਬਰ ਸੀ ਕਿ ਗੁਰੂਤਾ-ਖਿੱਚ ਘੱਟ ਹੋ ਰਿਹਾ ਹੈ। ਬਹੁਤ ਹੀ ਥੋੜ੍ਹੀ ਮਿਕਦਾਰ ਵਿੱਚ ਘੱਟ ਹੋ ਰਿਹਾ ਹੈ, ਪਰ ਘੱਟ ਹੋ ਰਿਹਾ ਹੈ ਅਤੇ ਜੇਕਰ ਘਟਦਾ ਗਿਆ ਤਾਂ ਜ਼ਮੀਨ ਖਿੰਡ ਜਾਏਗੀ। ਕਿਉਂਕਿ ਜ਼ਮੀਨ ਨੇ ਉਸੇ ਤਾਕਤ ਦੀ ਵਜ੍ਹਾ ਨਾਲ ਚੀਜ਼ਾਂ ਨੂੰ ਫੜਿਆ ਹੋਇਆ ਹੈ। ਰੁੱਖ ਧਰਤੀ ਵਿੱਚ ਲੱਗੇ ਹੋਏ ਹਨ। ਆਦਮੀ ਧਰਤੀ ਉਤੇ ਟੁਰ ਰਿਹਾ ਹੈ, ਪੰਛੀ ਆਕਾਸ਼ ਵਿੱਚ ਉਡ ਰਹੇ ਹਨ, ਜਾਨਵਰ ਧਰਤੀ ਉਤੇ ਟੁਰ ਰਹੇ ਹਨ, ਸਭ ਗੁਰੂਤਾ ਖਿੱਚ ਹੈ। ਧਰਤੀ ਦਾ ਗੁਰੂਤਾ-ਖਿੱਚ ਘੱਟ ਹੋ ਜਾਏ, ਉਸਦੀ ਚੁੰਬਕ ਘੱਟ ਹੋ ਜਾਏ। ਸਭ ਚੀਜ਼ਾਂ ਖਿੰਡ ਜਾਣਗੀਆਂ, ਅਨੰਤ ਵਿੱਚ ਗੁਆਚ ਜਾਣਗੀਆਂ। ਪਰ ਗੁਰੂਤਵਾਕਰਸ਼ਣ ਵਿਖਾਈ ਨਹੀਂ ਦਿੰਦਾ, ਜਿਸਨੇ ਧਰਤੀ ਨਾਲ ਬੰਨ੍ਹਿਆ ਹੋਇਆ ਹੈ।

ਸਿਮਨ ਵੈਲ ਨੇ ਬਹੁਤ ਚੰਗੀ ਗੱਲ ਕਹੀ ਹੈ ਕਿ ਠੀਕ ਏਸੇ ਤਰ੍ਹਾਂ ਗ੍ਰੇਸ ਵਿਖਾਈ ਨਹੀਂ ਦਿੰਦੀ। ਗ੍ਰੇਸ, ਜਿਸ ਨੂੰ ਨਾਨਕ ਪ੍ਰਸਾਦ ਕਹਿੰਦੇ ਹਨ। ਉਸਦੀ ਕਿਰਪਾ ਕਹਿੰਦੇ ਹਨ। ਜ਼ਮੀਨ ਨੇ ਸਾਨੂੰ ਹੇਠਾਂ ਵੱਲ ਖਿੱਚ ਕੇ ਬੰਨ੍ਹਿਆ ਹੋਇਆ ਹੈ। 'ਉਸ' ਨੇ ਸਾਨੂੰ ਉਪਰ ਵਾਲੇ ਪਾਸੇ ਬੰਨ੍ਹਿਆ ਹੋਇਆ ਹੈ, ਜਿਵੇਂ-ਜਿਵੇਂ ਹੀ ਤੁਹਾਡੇ ਅੰਦਰ ੧ਓ ਦਾ ਨਾਦ ਵਧਦਾ ਹੈ, ਉਵੇਂ ਹੀ ਉਵੇਂ ਜ਼ਮੀਨ ਦਾ ਕਸ਼ਿਸ਼ (ਖਿੱਚ) ਘੱਟ ਹੋ ਜਾਂਦੀ ਹੈ ਅਤੇ ਉਸਦੀ ਕਸ਼ਿਸ਼ ਵਧਦੀ ਜਾਂਦੀ ਹੈ। ਇੱਕ ਅਜਿਹੀ ਘੜੀ ਆਉਂਦੀ ਹੈ ਕਿ ਤੁਸੀਂ ਬਿਲਕੁਲ ਨਿਰਭਾਰ ਹੋ ਜਾਂਦੇ ਹੋ। ਇਸ ਲਈ ਤਾਂ ਯੋਗੀਆਂ ਨੂੰ ਬਹੁਤ ਵਾਰ ਅਜਿਹਾ ਅਨੁਭਵ ਹੁੰਦਾ ਹੈ।

ਇਥੇ ਮੇਰੇ ਕੋਲ ਜਿਹੜੇ ਲੋਕ ਗਹਿਰਾ ਧਿਆਨ ਕਰ ਰਹੇ ਹਨ, ਉਨ੍ਹਾਂ ਵਿਚੋਂ ਅਨੇਕਾਂ ਨੂੰ ਅਨੁਭਵ ਹੋਇਆ ਹੈ ਕਿ ਅਚਾਨਕ ਧਿਆਨ ਕਰਦੇ-ਕਰਦੇ ਉਨ੍ਹਾਂ ਨੂੰ ਲੱਗਦਾ ਹੈ ਕਿ ਉਹ ਜ਼ਮੀਨ ਤੋਂ ਉੱਪਰ ਉੱਠ ਗਏ। ਬਾਹਰੋਂ ਕਿਸੇ ਨੂੰ ਵਿਖਾਈ ਨਹੀਂ ਦਿੰਦਾ ਕਿ ਉਹ ਉੱਠ ਗਏ ਹਨ। ਉਹ ਵੀ ਆਪਣੀ ਅੱਖ ਖੋਲ੍ਹ ਕੇ ਵੇਖਦੇ ਹਨ, ਤਾਂ ਉੱਠੇ ਨਹੀਂ, ਆਪਣੀ ਥਾਂ ਤੇ ਬੈਠੇ ਹਨ, ਪਰ ਅੱਖ ਮੀਟਦੇ ਹੀ ਅੰਦਰ ਲੱਗਦਾ ਹੈ ਕਿ ਧਰਤੀ ਤੋਂ ਉੱਠੇ ਹੋਏ ਹਨ, ਉਹ ਭ੍ਰਾਂਤੀ ਨਹੀਂ ਹੈ। ਜਿਵੇਂ ਹੀ ਚਿੱਤ ਹਲਕਾ ਹੋ ਜਾਂਦਾ ਹੈ, ਉਸਦੀ ਧੁਨੀ ਗੂੰਜਦੀ ਹੈ, ਉਸੇ ਤਰ੍ਹਾਂ ਹੀ **weightlessness** ਦਾ ਅਨੁਭਵ ਹੁੰਦਾ ਹੈ। ਤੁਹਾਡੀ ਇਹ ਦੇਹ ਤਾਂ ਧਰਤੀ ਉਤੇ ਹੀ ਟਿਕੀ ਹੋਈ ਹੁੰਦੀ ਹੈ, ਪਰ ਤੁਹਾਡੀ ਅੰਦਰਲੀ ਦੇਹ ਧਰਤੀ ਤੋਂ ਹਟ ਜਾਂਦੀ ਹੈ, ਉੱਪਰ ਉੱਠ ਜਾਂਦੀ ਹੈ ਅਤੇ ਜੇਕਰ ਇਹ ਯਾਤਰਾ ਜਾਰੀ ਰਹੇ ਤਾਂ ਇੱਕ ਦਿਨ ਤੁਸੀਂ ਪਾਓਗੇ ਕਿ ਤੁਹਾਡੇ ਦੋ ਸ਼ਰੀਰ ਹੋ ਗਏ। ਇੱਕ ਸ਼ਰੀਰ ਧਰਤੀ ਉਤੇ ਬੈਠਾ ਹੈ। ਇੱਕ ਸ਼ਰੀਰ ਉੱਪਰ ਉੱਠ ਗਿਆ ਹੈ ਅਤੇ ਹੇਠਾਂ ਜ਼ਮੀਨ ਉਤੇ ਬੈਠੇ ਸ਼ਰੀਰ ਨੂੰ ਵੇਖ ਰਿਹਾ ਹੈ, ਉਨ੍ਹਾਂ ਦੋਹਾਂ ਦੇ ਵਿਚਕਾਰ ਪ੍ਰਕਾਸ਼ ਦਾ ਇੱਕ ਬਾਰੀਕ ਜਿਹਾ ਧਾਗਾ ਹੈ, ਜਿਸਨੇ ਜੋੜਿਆ ਹੋਇਆ ਹੈ।

ਇਸ ਲਈ ਧਿਆਨ ਰੱਖਣਾ, ਜੇਕਰ ਕੋਈ ਵੀ ੧ਓ ਦਾ ਪ੍ਰਯੋਗ ਕਰ ਰਿਹਾ ਹੋਵੇ ਅਤੇ ਧਿਆਨ ਨਾਲ ਬੈਠਾ ਹੋਵੇ, ਤਾਂ ਉਸ ਨੂੰ ਝੰਜੋੜ ਕੇ ਨਾ ਹਿਲਾਉਣਾ, ਉਸ ਨੂੰ ਕਦੇ ਧੱਕਾ ਦੇ ਕੇ ਨਾ ਉਠਾਉਂਣਾ। ਕਿਉਂਕਿ ਉਸ ਨਾਲ ਕਦੇ ਵੀ ਖ਼ਤਰੇ ਹੋ ਸਕਦੇ ਹਨ। ਜੇਕਰ ਉਸ ਵੇਲੇ ਉਸਦੇ ਦੋਹਾਂ ਸਰੀਰਾਂ ਵਿੱਚ ਫ਼ਾਸਲਾ ਹੋਵੇ, ਬਾਰੀਕ ਸ਼ਰੀਰ ਅਤੇ ਠੋਸ ਸ਼ਰੀਰ ਥੋੜ੍ਹੇ ਵੱਖਰੇ ਹੋ ਗਏ ਹੋਣ ਅਤੇ ਅੰਦਰਲਾ ਸ਼ਰੀਰ ਉੱਪਰ ਉੱਠ ਗਿਆ ਹੋਵੇ ਅਤੇ ਤੁਸੀਂ ਧੱਕੇ ਦੇ ਦਿਓ ਤਾਂ ਉਨ੍ਹਾਂ ਦੋਹਾਂ ਦਾ ਸੰਤੁਲਨ ਸਦਾ ਲਈ ਵਿਗੜ ਜਾਏਗਾ। ਉਨ੍ਹਾਂ ਦੋਹਾਂ ਦੇ ਵਿਚਾਲੇ ਜਿਹੜਾ ਤਾਲ-ਮੇਲ ਹੈ, ਉਹ ਸਦਾ ਲਈ ਅਸਤ-ਵਿਅਸਤ ਹੋ ਜਾਏਗਾ। ਉਹ ਤਾਲ-ਮੇਲ ਬਹੁਤ ਮਹੀਨ ਹੈ।

ਠੀਕ ਧਿਆਨ ਦੀ ਅਵਸਥਾ ਵਿੱਚ ਆਦਮੀ ਇਸ ਸ਼ਰੀਰ ਤੋਂ ਬਾਹਰ ਨਿਕਲਦਾ ਹੈ। ਫ਼ਿਰ ਵਾਪਸ ਪਰਤਦਾ ਹੈ ਅਤੇ ਜਦ ਤੁਸੀਂ ਇਸ ਕਲਾ ਵਿੱਚ ਪੂਰੀ ਤਰ੍ਹਾਂ ਪਾਰੰਗਤ (ਨਿਪੁੰਨ) ਹੋ ਜਾਂਦੇ ਹੋ ਕਿ ਕਿਵੇਂ ਬਾਹਰ ਨਿਕਲੀਏ, ਕਿਵੇਂ ਅੰਦਰ ਆ ਜਾਈਏ, ਤੁਸੀਂ ਜਾਣ ਲਿਆ ਕਿ ਕਿਵੇਂ ਪਰਮਾਤਮਾ ਵਿੱਚ ਪ੍ਰਵੇਸ਼ ਕਰੀਦਾ ਅਤੇ ਕਿਵੇਂ ਵਾਪਸ ਪਰਤੀਦਾ ਹੈ, ਤਦ ਇਸ ਸੰਸਾਰ ਅਤੇ ਪਰਮਾਤਮਾ ਦੇ ਵਿਚਕਾਰ ਕੋਈ ਵਿਰੋਧ ਨਹੀਂ ਰਹਿ ਜਾਂਦਾ। ਤੁਸੀਂ ਰਹੋ ਇਸ ਸ਼ਰੀਰ ਵਿੱਚ, ਪਰ ਉਸ ਦੀ ਸੁਰਤਿ ਬਣੀ ਰਹਿੰਦੀ ਹੈ। ਮਨ ਦਾ ਧਾਰਨ ਉਥੇ ਜੁੜਿਆ ਰਹਿੰਦਾ ਹੈ। ਨਾਨਕ ਕਹਿੰਦੇ ਹਨ ਕਿ ਉਸਦਾ ਨਾਉਂ ਉਸ ਨਾਲੋਂ ਵੀ ਮਹਾਨ ਹੈ। ਜਿੰਨਾਂ ਵੱਡਾ ਉਹ ਹੈ, ਉਹ ਆਪ ਹੀ ਆਪਣੇ ਆਪ ਨੂੰ

ਜਾਣ ਸਕਦਾ ਹੈ। ਜੇਕਰ ਕੋਈ ਏਨਾ ਉੱਚਾ ਹੋਵੇ ਤਾਂ ਹੀ ਉਹ ਉਸ ਉੱਚੇ ਨੂੰ ਜਾਣ ਸਕਦਾ ਹੈ। ਨਾਨਕ ਕਹਿੰਦੇ ਹਨ, ਜਿਸ ਉਤੇ ਉਸਦੀ ਕ੍ਰਿਪਾ-ਦ੍ਰਿਸ਼ਟੀ ਹੁੰਦੀ ਹੈ, ਉਸੇ ਉਤੇ ਉਸਦੀ ਦੇਨ ਅਤੇ ਉਸਦਾ ਦਾਨ ਉਤਰਦਾ ਹੈ।

ਇਹ ਜ਼ਰਾ ਸਮਝਣ ਯੋਗ ਹੈ, ਜ਼ਰਾ ਜ਼ਟਿਲ (ਉਲਝਿਆ) ਹੈ। ਕਿਉਂਕਿ ਜਗਤ ਵਿੱਚ ਦੋ ਸਾਧਨ-ਪੱਦਤੀਆਂ ਹਨ, ਸਿਰਫ਼ ਦੋ। ਇੱਕ ਸਾਧਨਾ ਪੱਦਤੀ ਦਾ ਆਧਾਰ ਸੰਕਲਪ ਹੈ ਅਤੇ ਇੱਕ ਸਾਧਨਾ ਪੱਦਤੀ ਦਾ ਆਧਾਰ ਸਮਰਪਣ ਹੈ। ਦੋਵੇਂ ਪਹੁੰਚਾ ਦਿੰਦੀਆਂ ਹਨ। ਪਰ ਰਾਹ ਦੋਵੇਂ ਬਹੁਤ ਇੱਕ ਦੂਜੇ ਤੋਂ ਉਲਟੇ ਹਨ।

ਮਹਾਂਵੀਰ, ਪਤੰਜਲੀ, ਗੋਰਖ, ਇਨ੍ਹਾਂ ਦੀ ਸਾਧਨਾ ਪੱਦਤੀ ਸੰਕਲਪ ਦੀ ਹੈ। ਯਤਨ ਕਰਨਾ ਹੈ। ਅਤੇ ਸੰਪੂਰਣ ਜੀਵਨ ਦੀ ਸ਼ਕਤੀ ਨੂੰ ਯਤਨ ਬਣਾ ਦੇਣਾ ਹੈ। ਜਿਸ ਦਿਨ ਤੁਹਾਡੇ ਅੰਦਰ ਰੱਤੀ ਭਰ ਵੀ ਸ਼ਕਤੀ ਬਚੀ ਨਹੀਂ ਰਹੇਗੀ। ਜਿਸ ਦਿਨ ਤੁਸੀਂ ਆਪਣੇ ਆਪ ਨੂੰ ਪੂਰਾ ਦਾਅ ਉਤੇ ਲਾ ਦਿਓਗੇ, ਉਸੇ ਦਿਨ ਘਟਨਾ ਵਾਪਰ ਜਾਏਗੀ। ਜਿਸ ਦਿਨ ਸੰਕਲਪ ਪੂਰਾ ਹੋ ਜਾਏਗਾ। ਅੰਦਰ ਕੋਈ ਹਿੱਸਾ ਨਹੀਂ ਬਚੇਗਾ, ਕੋਈ ਵੀ ਚੀਜ਼ ਤੁਸੀਂ ਬਚਾਈ ਨਹੀਂ ਹੋਵੇਗੀ। ਸਭ ਕੁਝ ਦਾਅ ਤੇ ਰੱਖ ਦਿੱਤਾ ਹੋਵੇਗਾ। ਉਸੇ ਦਿਨ ਸੰਕਲਪ ਪੂਰਾ ਹੋ ਜਾਏਗਾ। ਉਸੇ ਦਿਨ ਤੁਸੀਂ ਪਰਮਾਤਮਾ ਨਾਲ ਮਿਲ ਜਾਓਗੇ। ਉਸੇ ਦਿਨ ਘਟਨਾ ਵਾਪਰ ਜਾਏਗੀ।

ਦੂਜਾ ਰਾਹ ਹੈ ਸਮਰਪਣ ਦਾ। ਨਾਨਕ, ਮੀਰਾ, ਚੈਤਨਯ ਇਨ੍ਹਾਂ ਸਾਰਿਆਂ ਦਾ ਰਾਹ ਬਿਲਕੁਲ ਭਿੰਨ ਹੈ ਅਤੇ ਉਹ ਰਾਹ ਇਹ ਹੈ ਕਿ ਸਾਡੇ ਯਤਨ ਨਾਲ ਪ੍ਰਾਪਤੀ ਨਹੀਂ ਹੁੰਦੀ, ਉਸਦੇ ਪ੍ਰਮਾਦ ਨਾਲ ਪ੍ਰਾਪਤੀ ਹੁੰਦੀ ਹੈ। ਸਾਡੀ ਕੋਸ਼ਿਸ਼ ਨਾਲ ਕੁਝ ਨਹੀਂ ਹੋਏਗਾ। ਉਸਦੀ ਕ੍ਰਿਪਾ ਨਾਲ, ਮੇਹਰ ਨਾਲ ਸਭ ਹੋਏਗਾ। ਇਸਦਾ ਇਹ ਮਤਲਬ ਨਹੀਂ ਕਿ ਤੁਸੀਂ ਯਤਨ ਨਾ ਕਰਨਾ, ਇਸਦਾ ਮਤਲਬ ਏਨਾ ਹੀ ਹੈ ਕਿ ਤੁਸੀਂ ਯਤਨ ਉਤੇ ਭਰੋਸਾ ਨਾ ਰੱਖਣਾ, ਕੇਵਲ ਯਤਨ ਉਤੇ ਭਰੋਸਾ ਨਾ ਰੱਖਣਾ। ਯਤਨ ਤਾਂ ਤੁਸੀਂ ਕਰਨਾ, ਪਰ ਇਹ ਗੱਲ ਚੇਤੇ ਰੱਖਣਾ, ਕੀ ਹੋਏਗਾ ਉਸਦੀ ਮੇਹਰ ਨਾਲ। ਇਹ ਬਹੁਤ ਮਹੱਤਵਪੂਰਣ ਹੈ। ਕਿਉਂਕਿ ਜੇਕਰ ਯਤਨ ਦਾ ਹੀ ਭਰੋਸਾ ਹੋਵੇ ਤਾਂ ਹੰਕਾਰ ਦੇ ਜਨਮ ਲੈਣ ਦੀ ਸੰਭਾਵਨਾ ਹੈ। ਇਸ ਲਈ ਇਹ ਹੋ ਸਕਦਾ ਹੈ ਕਿ ਜੋਗੀ ਆਕੜ ਜਾਏ ਅਤੇ ਸਮਝਣ ਲੱਗ ਪਵੇ ਕਿ ਸਾਰਾ ਕੁਝ ਮੇਰੇ ਕਾਰਨ ਹੋ ਰਿਹਾ ਹੈ। ਜੋ ਵੀ ਹੋ ਰਿਹਾ ਹੈ, ਮੈਂ ਕਰ ਰਿਹਾ ਹਾਂ।

ਅਤੇ ਇਹ ਹੰਕਾਰ ਜੇਕਰ ਬਣ ਜਾਏ ਤਾਂ ਇਸ ਤੋਂ ਛੁਟਕਾਰਾ ਬਹੁਤ ਮੁਸ਼ਕਿਲ ਹੈ। ਧਨ ਦਾ ਹੰਕਾਰ ਛੱਡਣਾ ਆਸਾਨ ਹੈ। ਔਹਦੇ ਦਾ ਹੰਕਾਰ ਛੱਡਣਾ ਆਸਾਨ ਹੈ, ਪਰ ਯਤਨ ਦਾ ਹੰਕਾਰ ਛੱਡਣਾ ਬਹੁਤ ਔਖਾ ਹੈ। ਸੋ ਸੰਕਲਪ ਦੇ ਰਾਹ ਉਤੇ ਜਿਹੜਾ ਸਭ

ਤੋਂ ਵੱਡਾ ਖ਼ਤਰਾ ਹੈ ਉਹ ਇਹ ਹੈ ਕਿ ਕਿਤੇ ਕੋਸ਼ਿਸ਼ ਕਰਦੇ-ਕਰਦੇ ਹੰਕਾਰ ਮਜ਼ਬੂਤ ਨਾ ਹੋ ਜਾਏ, ਕਿਤੇ ਅਜਿਹਾ ਨਾ ਲੱਗੇ ਕਿ ਸਭ ਮੇਰੇ ਕੋਲੋਂ ਹੋ ਰਿਹਾ ਹੈ। ਮੈਂ ਕਰ ਰਿਹਾ ਹਾਂ, ਇਸ ਲਈ ਹੋ ਰਿਹਾ ਹੈ। ਤਾਂ 'ਮੈਂ' ਮਹੱਤਵਪੂਰਣ ਹੋ ਜਾਏਗਾ। ਪਰਮਾਤਮਾ ਵੀ ਗੌਣ ਹੋ ਜਾਏਗਾ। ਤਦ ਸਭ ਕਰਨ ਤੋਂ ਬਾਦ ਸਾਰੇ ਦਰਵਾਜ਼ੇ ਖੋਲ੍ਹਣ ਤੋਂ ਬਾਦ ਆਖਰੀ ਦਰਵਾਜ਼ੇ ਉਤੇ 'ਮੈਂ' ਅਟਕ ਜਾਏਗਾ। ਇਹ ਖ਼ਤਰਾ ਹੈ ਸੰਕਲਪ ਦੇ ਰਾਹ ਦਾ। ਇਸ ਲਈ ਮਹਾਂਵੀਰ, ਪਤੰਜਲੀ, ਗੋਰਖ, ਉਸ ਵਰਗ (ਤਬਕਾ) ਦੇ ਯਾਤਰੀ ਇੱਕ ਗੱਲ ਉਤੇ ਬਹੁਤ ਜ਼ੋਰ ਦਿੰਦੇ ਹਨ ਕਿ ਹੰਕਾਰ ਛੱਡੋ, ਹੰਕਾਰ ਛੱਡੋ। ਯਤਨ ਕਰੋ ਅਤੇ ਹੰਕਾਰ ਛੱਡੋ। ਕਿਤੇ ਹੰਕਾਰ ਯਤਨਾਂ ਦੇ ਨਾਲ ਟੁਰਿਆ ਤਾਂ ਹਰ ਯਤਨ ਹੰਕਾਰ ਨੂੰ ਮਜ਼ਬੂਤ ਕਰ ਦਿੰਦਾ ਹੈ। ਤੁਸੀਂ ਜੋ ਵੀ ਕਰਦੇ ਹੋ ਉਸ ਤੋਂ ਲੱਗਦਾ ਹੈ 'ਮੈਂ' ਮਜ਼ਬੂਤ ਹੋ ਰਿਹਾ ਹੈ, ਮੈਂ ਕੀਤਾ ਜਪ, ਤਪ, ਯੋਗ, ਮੈਂ ਸਿੱਧੀਆਂ ਪਾਈਆਂ ਅਤੇ ਇਹ ਆਕੜ ਜੇਕਰ ਨਾਲ ਆ ਗਈ ਤਾਂ ਸਭ ਵਿਅਰਥ ਹੋ ਗਿਆ।

ਇਸ ਲਈ ਨਾਨਕ ਕਹਿੰਦੇ ਹਨ, ਯਤਨ ਕਰੋ, ਪਰ ਚੇਤੇ ਰੱਖੋ ਮਨ ਵਿੱਚ, ਕਿ ਹੋਏਗਾ ਉਸਦੀ ਮੇਹਰ ਨਾਲ। ਤਾਂ ਉਹ ਜਿਹੜਾ ਆਖਰੀ ਖ਼ਤਰਾ ਸੰਕਲਪ ਵਿੱਚ ਆਉਂਦਾ ਹੈ, ਉਹ ਨਹੀਂ ਆਏਗਾ। ਪਰ ਫ਼ਿਰ ਦੂਜਾ ਖ਼ਤਰਾ ਹੈ। ਸੰਕਲਪ ਦੇ ਰਾਹ ਉਤੇ ਆਖ਼ਰ ਵਿੱਚ ਖ਼ਤਰਾ ਆਉਂਦਾ ਹੈ ਅਤੇ ਸਮਰਪਣ ਦੇ ਰਾਹ ਉਤੇ ਪਹਿਲਾਂ ਹੀ ਖ਼ਤਰਾ ਹੈ ਅਤੇ ਪਹਿਲੇ ਹੀ ਖ਼ਤਰੇ ਨਾਲ ਨਿੱਬੜ ਲੈਣਾ ਬੇਹਤਰ ਹੈ।

ਪਹਿਲਾ ਖ਼ਤਰਾ ਇਹ ਹੈ ਕਿ ਕਿਤੇ ਅਜਿਹਾ ਨਾ ਹੋ ਜਾਏ ਕਿ ਤੁਸੀਂ ਸੋਚੋ ਕਿ ਤਦ ਕੁਝ ਕਰਨ ਦੀ ਜ਼ਰੂਰਤ ਹੀ ਨਹੀਂ ਹੈ। ਹੋਏਗਾ ਜਦ ਉਸਦੀ ਕਿਰਪਾ ਨਾਲ ਤਾਂ ਅਸੀਂ ਕੀ ਕਰੀਏ? ਤਾਂ ਇਹ ਨਾ ਕਰਨ ਦਾ ਬਹਾਨਾ ਬਣ ਜਾਏ। ਤਦ ਤੁਸੀਂ ਸੋਚਦੇ ਰਹੋਗੇ। ਹੋਏਗਾ ਉਸਦੀ ਕਿਰਪਾ ਨਾਲ ਜਦ ਹੋਣਾ ਹੈ, ਸਾਡੇ ਕਰਨ ਨਾਲ ਕੀ ਹੋਣਾ ਹੈ? ਅਤੇ ਤੁਸੀਂ ਜ਼ਿੰਦਗੀ ਦੀ ਜਿਹੜੀ ਵਿਅਰਥਤਾ ਹੈ, ਉਸੇ 'ਚ ਉਲਝੇ ਰਹੋ। ਕਿਉਂਕਿ ਜਦ ਉਹ ਚਾਹੇਗਾ ਤਦ ਹੋਏਗਾ। ਜਦ ਉਸਦੀ ਮਰਜ਼ੀ ਹੋਏਗੀ, ਤਦ ਹੋਏਗਾ, ਅਸੀਂ ਕੀ ਕਰੀਏ? ਇਹ ਕਿਤੇ ਸੰਸਾਰ ਵਿੱਚ ਭਟਕਣ ਲਈ ਆਧਾਰ ਨਾ ਬਣ ਜਾਵੇ। ਇਹ ਕਿਤੇ ਤੁੱਛ ਨੂੰ ਕਰਨ ਦਾ ਰਾਹ ਨਾ ਬਣਿਆ ਰਹੇ ਅਤੇ ਇਹ ਕਿਤੇ ਤਰਕੀਬ ਨਾ ਹੋਵੇ, ਬਹਾਨਾ ਨਾ ਹੋਵੇ ਟਾਲਣ ਦਾ ਕਿ ਜਦ ਉਸ ਨੇ ਕਰਨਾ ਹੋਏਗਾ, ਕਰੇਗਾ। ਅਸੀਂ ਕੀ ਕਰ ਸਕਦੇ ਹਾਂ? ਸਮਰਪਣ ਦੇ ਰਾਹ ਉਤੇ ਪਹਿਲਾਂ ਹੀ ਖ਼ਤਰਾ ਹੈ ਕਿ ਕਿਤੇ ਤੁਸੀਂ ਆਲਸ ਵਿੱਚ ਨਾ ਡੁੱਬ ਜਾਓ।

ਇਸ ਲਈ ਯਤਨ ਤਾਂ ਪੂਰਾ ਕਰਨਾ ਹੈ ਅਤੇ ਫਲ ਸਦਾ ਉਸਦੀ ਕਿਰਪਾ ਨਾਲ ਮਿਲੇਗਾ, ਇਹ ਸਮਰਣ ਰੱਖਣਾ ਹੈ। ਸੋ ਨਾਨਕ ਬਾਰ-ਬਾਰ ਦੁਹਰਾਉਂਦੇ ਹਨ—ਕਿ

ਜਿਸ 'ਤੇ ਉਤੇ ਉਸਦੀ ਕ੍ਰਿਪਾ-ਦ੍ਰਿਸ਼ਟੀ ਹੁੰਦੀ ਹੈ, ਉਸੇ ਉਤੇ ਉਸਦੀ ਦੇਨ ਅਤੇ ਉਸਦਾ ਦਾਨ ਉਤਰਦਾ ਹੈ। ਪਰ ਕ੍ਰਿਪਾ-ਦ੍ਰਿਸ਼ਟੀ ਉਸਦੀ ਕਿਸ ਉਤੇ ਹੁੰਦੀ ਹੈ? ਉਸੇ ਉਤੇ ਹੁੰਦੀ ਹੈ, ਜਿਹੜਾ ਯਤਨ ਨਾਲ ਆਪਣੇ ਆਪ ਨੂੰ ਤਿਆਰ ਕਰਦਾ ਹੈ।

ਇਸ ਨੂੰ ਥੋੜ੍ਹਾ ਸਮਝੋ, ਕਿਉਂਕਿ ਸਾਧਾਰਣ ਜੀਵਨ ਵਿੱਚ ਕਿਰਪਾ-ਦ੍ਰਿਸ਼ਟੀ ਦਾ ਬਹੁਤ ਵੱਖਰਾ ਅਰਥ ਹੈ। ਕ੍ਰਿਪਾ-ਦ੍ਰਿਸ਼ਟੀ ਦਾ ਮਤਲਬ ਇਹ ਹੈ, ਕਿ ਕੀ ਉਹ ਵੀ ਪੱਖਪਾਤੀ ਹੈ, ਕਿ ਆਪਣਿਆਂ ਤੇ ਕਿਰਪਾ ਕਰਦਾ ਹੈ ਅਤੇ ਦੂਜਿਆਂ ਨੂੰ ਛੱਡ ਦਿੰਦਾ ਹੈ, ਕਿ ਕਿਸੇ ਨੂੰ ਚੁਣ ਲੈਂਦੇ ਹੈ ਅਤੇ ਉਸ ਉਤੇ ਕਿਰਪਾ ਕਰਦਾ ਹੈ ਅਤੇ ਕਿਸੇ ਨੂੰ ਛੱਡ ਦਿੰਦਾ ਹੈ। ਇਹ ਤਾਂ ਅੰਨਿਆਂ ਹੋ ਗਿਆ। ਪਰਮਾਤਮਾ ਦੇ ਨਾਲ ਅੰਨਿਆਂ ਨੂੰ ਤਾਂ ਅਸੀਂ ਜੋੜ ਹੀ ਨਹੀਂ ਸਕਦੇ। ਫਿਰ ਤਾਂ ਕੋਈ ਸਾਰ ਹੀ ਨਾ ਰਿਹਾ। ਫਿਰ ਤਾਂ ਪਾਪੀ ਉਤੇ ਉਸਦੀ ਕ੍ਰਿਪਾ ਹੋ ਸਕਦੀ ਹੈ ਅਤੇ ਪੁੰਨ-ਆਤਮਾ ਉਤੇ ਨਹੀਂ। ਫਿਰ ਤਾਂ ਸਭ ਕਰਨਾ ਵਿਅਰਥ ਹੈ।

ਨਹੀਂ, ਉਸਦੀ ਕ੍ਰਿਪਾ ਦ੍ਰਿਸ਼ਟੀ ਦਾ ਇਹ ਅਰਥ ਨਹੀਂ ਹੈ ਕਿ ਉਹ ਕਿਸੇ ਨੂੰ ਅਕਾਰਣ ਚੁਣ ਲੈਂਦਾ ਹੈ, ਕਿ ਖੁਸ਼ਾਮਦਾਂ ਨੂੰ ਚੁਣ ਲੈਂਦਾ ਹੈ, ਕਿ ਉਸਤਤ ਕਰਨ ਵਾਲਿਆਂ ਨੂੰ ਚੁਣ ਲੈਂਦਾ ਹੈ ਉਸਦੀ ਕ੍ਰਿਪਾ-ਦ੍ਰਿਸ਼ਟੀ ਤਾਂ ਸਾਰਿਆਂ ਉਤੇ ਵਰ੍ਹ ਰਹੀ ਹੈ, ਮੀਂਹ ਉਸਦਾ ਸਾਰਿਆਂ ਉਤੇ ਵਰ੍ਹ ਰਿਹਾ ਹੈ। ਪਰ ਕੁਝ ਲੋਕ ਆਪਣੇ ਘੜੇ ਨੂੰ ਮੂੱਧਾ ਮਾਰੀ ਬੈਠੇ ਹਨ। ਜਿਨ੍ਹਾਂ ਦਾ ਘੜਾ ਮੂੱਧਾ ਪਿਆ ਹੈ, ਕ੍ਰਿਪਾ-ਦ੍ਰਿਸ਼ਟੀ ਤਾਂ ਉਨ੍ਹਾਂ 'ਤੇ ਵੀ ਹੋ ਰਹੀ ਹੈ, ਪਰ ਉਨ੍ਹਾਂ ਦਾ ਘੜਾ ਭਰੀਂਦਾ ਨਹੀਂ। ਕੁਝ ਲੋਕ ਆਪਣਾ ਘੜਾ ਸਿੱਧਾ ਕਰਕੇ ਬੈਠੇ ਹਨ। ਉਨ੍ਹਾਂ ਦਾ ਘੜਾ ਭਰ ਜਾਂਦਾ ਹੈ। ਤੁਹਾਡਾ ਘੜਾ ਸਿੱਧਾ ਹੋਣ ਨਾਲ ਮੀਂਹ ਨਹੀਂ ਪੈ ਰਿਹਾ ਹੈ। ਮੀਂਹ ਤਾਂ ਪੈ ਹੀ ਰਿਹਾ ਹੈ। ਪਰ ਤੁਹਾਡਾ ਘੜਾ ਸਿੱਧਾ ਹੋਏਗਾ ਤਾਂ ਭਰ ਜਾਏਗਾ ਅਤੇ ਤੁਸੀਂ ਘੜਾ ਕਿੰਨਾ ਹੀ ਸਿੱਧਾ ਕਰੋ, ਜੇਕਰ ਮੀਂਹ ਨਹੀਂ ਪੈ ਰਿਹਾ ਤਾਂ ਕਿਵੇਂ ਭਰ ਸਕੇਗਾ?

ਇਸ ਲਈ ਨਾਨਕ ਕਹਿੰਦੇ ਹਨ, ਭਰਨਾ ਤਾਂ ਉਸਦੀ ਕਿਰਪਾ ਦ੍ਰਿਸ਼ਟੀ ਨਾਲ ਹੁੰਦਾ ਹੈ। ਪਰ ਏਨਾ ਤਾਂ ਯਤਨ ਤੁਹਾਨੂੰ ਕਰਨਾ ਪਵੇਗਾ ਕਿ ਘੜੇ ਨੂੰ ਤੁਸੀਂ ਸਿੱਧਾ ਰੱਖੋ। ਏਨਾ ਧਿਆਨ ਤੁਹਾਨੂੰ ਰੱਖਣਾ ਪਏਗਾ ਕਿ ਘੜੇ ਦਾ ਤਲਾ ਹੈ ਕਿ ਨਹੀਂ, ਤਲਾ ਟੁੱਟਾ ਤਾਂ ਨਹੀਂ ਹੋਇਆ। ਏਨਾ ਧਿਆਨ ਤੁਹਾਨੂੰ ਰੱਖਣਾ ਪਏਗਾ ਕਿ ਘੜਾ ਮੂੱਧਾ ਤਾਂ ਨਹੀਂ ਮਾਰਿਆ ਹੋਇਆ। ਟੇਢਾ ਤਾਂ ਨਹੀਂ ਰੱਖਿਆ ਹੋਇਆ, ਕਿ ਕਿਰਪਾ ਵਰ੍ਹੇ ਵੀ ਤਾਂ ਭਰ ਨਾ ਸਕੇ। ਮੇਹਰ ਹੋਵੇ ਵੀ ਤਾਂ ਵੀ ਵਗ ਜਾਵੇ। ਮਨੁੱਖ ਉਤੇ ਉਸਦੀ ਦਿਨ-ਰਾਤ ਬਾਰਿਸ਼ ਹੋ ਰਹੀ ਹੈ। ਪਰਮਾਤਮਾ ਦਿਨ ਰਾਤ ਵਰ੍ਹ ਰਿਹਾ ਹੈ। ਪਰ ਤੁਸੀਂ ਕੁਝ ਪੁੱਠੇ ਸਿੱਧੇ, ਟੇਢੇ-ਮੇਢੇ ਹੋ। ਤੁਸੀਂ ਆਪਣੇ ਹੀ ਕਾਰਣ ਵਾਂਝੇ ਰਹਿ ਜਾਂਦੇ ਹੋ। ਇਸ ਨੂੰ ਸਮਝ ਲੈਣਾ। ਇਹ

ਬਹੁਤ ਉਲਟਾ ਵਿਖਾਈ ਦੇਵੇਗਾ। ਵਾਂਝੇ ਰਹਿੰਦੇ ਹੋ ਤੁਸੀਂ ਆਪਣੇ ਕਾਰਣ, ਪਾਓਗੇ ਉਸਦੇ ਕਾਰਣ। ਮਿਲੇਗਾ ਉਸਦੇ ਪ੍ਰਸ਼ਾਦ ਨਾਲ, ਗੁਆਓਗੇ ਆਪਣੇ ਕਾਰਣ।

ਸਮਰਪਣ ਦੇ ਰਾਹ ਉਤੇ ਇਹ ਚੇਤੇ ਰੱਖਣਾ ਜ਼ਰੂਰੀ ਹੈ ਕਿ ਜੇਕਰ ਮੈਂ ਗੁਆ ਰਿਹਾ ਹਾਂ ਤਾਂ ਮੈਂ ਹੀ ਕੁਝ ਪੁੱਠਾ ਹਾਂ। ਜੇਕਰ ਪਾਵਾਂਗਾ ਤਾਂ ਉਸਦੀ ਮੇਹਰ ਹੈ। ਜੇਕਰ ਇਹ ਤੁਸੀਂ ਚੇਤੇ ਰੱਖ ਸਕੋ ਤਾਂ ਹੰਕਾਰ ਦੇ ਘਣੇ ਹੋਣ ਦੀ ਕੋਈ ਥਾਂ ਨਹੀਂ ਰਹਿ ਜਾਏਗੀ। ਤੁਹਾਡੇ ਅੰਦਰ ਕੋਈ ਥਾਂ ਨਹੀਂ ਬਚੇਗੀ ਜਿੱਥੇ ਹੰਕਾਰ ਮਜ਼ਬੂਤ ਹੋ ਜਾਏ ਅਤੇ ਜਿਸ ਦੇ ਕੋਲ ਹੰਕਾਰ ਨਹੀਂ, ਉਸਦੇ ਕੋਲ ਪਰਮਾਤਮਾ ਹੈ। ਉਸਦੀ ਮਹਾਨ ਕਿਰਪਾ ਦਾ ਵਰਨਣ ਨਹੀਂ ਹੋ ਸਕਦਾ। ਉਹ ਦਾਤਾ ਏਨਾ ਮਹਾਨ ਹੈ ਕਿ ਉਸ ਨੂੰ ਬਦਲੇ ਵਿੱਚ ਪਾਉਣ ਦਾ ਤਿਲ ਮਾਤ੍ਰ ਵੀ ਲਾਲਚ ਨਹੀਂ।

ਅਤੇ ਦਾਨ ਦਾ ਅਰਥ ਸਮਝ ਲੈਣਾ। ਤੁਸੀਂ ਵੀ ਦਾਨ ਦਿੰਦੇ ਹੋ, ਉਸ ਵਿੱਚ ਪਾਉਣ ਦੀ ਕੋਈ ਇੱਛਾ ਲੁਕੀ ਰਹਿੰਦੀ ਹੈ। ਤੁਸੀਂ ਜੇਕਰ ਭਿਖਾਰੀ ਨੂੰ ਦੋ ਪੈਸੇ ਵੀ ਦਿੰਦੇ ਹੋ ਤਾਂ ਵੀ ਪਾਉਣ ਦੀ ਇੱਛਾ ਰਹਿੰਦੀ ਹੈ ਕਿ ਸ਼ਾਇਦ ਸਵਰਗ ਵਿੱਚ ਇਸ ਦੇ ਬਦਲੇ ਕੁਝ ਮਿਲੇਗਾ ਅਤੇ ਨਾ ਸਹੀ ਸਵਰਗ ਵਿੱਚ, ਘੱਟੋ-ਘੱਟ ਮੁਹੱਲੇ ਦੇ ਲੋਕ ਵੇਖ ਲੈਣਗੇ ਕਿ ਮੈਂ ਦਾਨੀ ਹਾਂ। ਇੱਜ਼ਤ ਵਧੇਗੀ, ਮਾਣ-ਸਨਮਾਨ ਮਿਲੇਗਾ।

ਇੱਕ ਅੰਨ੍ਹਾਂ ਆਦਮੀ ਇੱਕ ਚਰਚ ਵਿੱਚ ਜਾਂਦਾ ਸੀ। ਅੰਨ੍ਹਾਂ ਵੀ ਸੀ ਤੇ ਬੋਲਾ ਵੀ ਸੀ। ਬਹੁਤ ਜ਼ੋਰ ਨਾਲ ਕੋਈ ਚੀਖੇ ਤਾਂ ਬੜੀ ਮੁਸ਼ਕਿਲ ਨਾਲ ਸੁਣ ਸਕਦਾ ਸੀ। ਸੋ ਚਰਚ ਵਿੱਚ ਨਾ ਤਾਂ ਪਾਦਰੀ ਦਾ ਪ੍ਰਵਚਨ ਉਸ ਨੂੰ ਸੁਣਾਈ ਦਿੰਦਾ ਸੀ ਤੇ ਨਾ ਹੀ ਚਰਚ ਵਿੱਚ ਹੋ ਰਿਹਾ ਭਜਨ ਕੀਰਤਨ ਸੁਣਦਾ ਸੀ। ਨਾ ਉਹ ਕੁਝ ਵੇਖ ਸਕਦਾ ਸੀ। ਪਰ ਜਾਂਦਾ ਨਿਯਮ ਨਾਲ ਸੀ। ਇੱਕ ਦਿਨ ਇੱਕ ਆਦਮੀ ਨੇ ਉਸ ਨੂੰ ਪੁੱਛਿਆ ਕਿ ਸਾਡੀ ਕੁਝ ਸਮਝ ਵਿੱਚ ਨਹੀਂ ਆਉਂਦਾ, ਤੂੰ ਕਾਹਦੇ ਲਈ ਇਥੇ ਆਉਂਦਾ ਹੈਂ? ਨਾ ਤੂੰ ਵੇਖ ਸਕਦਾ ਹੈਂ, ਨਾ ਤੂੰ ਸੁਣ ਸਕਦਾ ਹੈਂ, ਤਾਂ ਕਾਹਦੇ ਲਈ ਏਨੀ ਪਰੇਸ਼ਾਨੀ ਚੁੱਕਦਾ ਹੈਂ? ਉਸ ਆਦਮੀ ਨੇ ਕਿਹਾ, ਮੈਂ ਇਸ ਲਈ ਆਉਂਦਾ ਹਾਂ ਤਾਂ ਕਿ ਦੂਜੇ ਆਦਮੀ ਵੇਖ ਲੈਣ ਕਿ ਮੈਂ ਚਰਚ ਆਉਣ ਵਾਲਾ ਧਾਰਮਿਕ ਆਦਮੀ ਹਾਂ।

ਅਤੇ ਤੁਹਾਡੇ ਕੋਲ ਭਾਵੇਂ ਅੱਖਾਂ ਹੋਣ, ਆਉਂਦੇ ਤੁਸੀਂ ਵੀ ਇਸੇ ਲਈ ਹੋ ਅਤੇ ਭਾਵੇਂ ਤੁਹਾਡੇ ਕੋਲ ਕੰਨ ਹੋਣ, ਆਉਂਦੇ ਤੁਸੀਂ ਵੀ ਇਸੇ ਲਈ। ਮੰਦਰ, ਗੁਰਦੁਆਰਾ, ਮਸਜਿਦ ਜਾਣਾ ਵੀ ਸਾਮਾਜਿਕ ਕ੍ਰਿਤਯ ਹੋ ਗਿਆ ਹੈ। ਇੱਕ ਲੌਕਾਚਾਰੀ ਹੈ, ਜਿਹੜੀ ਨਿਭਾਉਣੀ ਪੈਂਦੀ ਹੈ। ਤੁਸੀਂ ਜੇਕਰ ਦੋ ਪੈਸੇ ਦਾਨ ਵੀ ਦਿੰਦੇ ਹੋ ਤਾਂ ਵੀ ਕੁਝ ਪਾਉਣ ਦੀ ਇੱਛਾ ਲੁਕੀ ਹੈ। ਤੁਸੀਂ ਕੁਝ ਪਾਉਣਾ ਚਾਹੁੰਦੇ ਹੋ। ਉਹ ਦਾਨ ਨਾ ਰਿਹਾ, ਸੌਦਾ ਹੋ ਗਿਆ।

ਸੌਦਾ ਅਤੇ ਦਾਨ ਵਿੱਚ ਇਹ ਹੀ ਤਾਂ ਫ਼ਰਕ ਹੈ। ਜਦ ਤੁਸੀਂ ਕੁਝ ਪਰਤਾ ਕੇ ਪਾਉਣਾ ਚਾਹੁੰਦੇ ਹੋ, ਤਦ ਸੌਦਾ। ਤਦ ਤਾਂ ਬਹੁਤ ਔਖਾ ਹੋ ਜਾਏਗਾ। ਤਦ ਤਾਂ ਤੁਸੀਂ ਕਦੇ ਦਾਨ ਨਹੀਂ ਦਿੱਤਾ। ਤੁਸੀਂ ਸਦਾ ਸੌਦਾ ਹੀ ਕੀਤਾ ਹੈ ਅਤੇ ਲੋਕ ਜਿਹੜੇ ਤੁਹਾਡਾ ਸ਼ੋਸ਼ਣ (ਗ਼ਲਤ ਵਰਤੋਂ) ਕਰਦੇ ਹਨ, ਉਹ ਚੰਗੀ ਤਰ੍ਹਾਂ ਸਮਝ ਗਏ ਹਨ ਕਿ ਤੁਸੀਂ ਸੌਦਾ ਹੀ ਕਰਦੇ ਹੋ। ਤਾਂ ਉਹ ਤੁਹਾਨੂੰ ਸਮਝਾਉਂਦੇ ਹਨ ਕਿ ਏਥੇ ਦਿਓ ਇੱਕ, ਉਥੇ ਮਿਲਣਗੇ ਲੱਖ। ਇਥੇ ਬ੍ਰਾਹਮਣ ਨੂੰ ਦਿਓ, ਉਥੇ ਪਾਓਗੇ। ਇਥੇ ਚੜ੍ਹਾਓ, ਉਥੇ ਫ਼ਲ ਮਿਲੇਗਾ। ਕਰੋੜ ਗੁਣਾਂ ਪ੍ਰਾਪਤ ਹੋਏਗਾ ਸਵਰਗ ਵਿੱਚ। ਜਿਹੜੇ ਤੁਹਾਡਾ ਸ਼ੋਸ਼ਣ (ਗ਼ਲਤ ਵਰਤੋਂ) ਕਰਦੇ ਹਨ, ਉਹ ਵੀ ਸਮਝ ਗਏ ਹਨ ਕਿ ਤੁਸੀਂ ਸੌਦਾਗਰ ਹੋ। ਦਾਨ ਤਾਂ ਤੁਸੀਂ ਦੇ ਨਹੀਂ ਸਕਦੇ।

ਕੀ ਤੁਸੀਂ ਇਹੋ ਜਿਹੇ ਮੰਦਰ ਵਿੱਚ ਵੀ ਦਾਨ ਦਿਓਗੇ, ਜਿਥੇ ਕਿਹਾ ਜਾਏ ਕਿ ਦਾਨ ਤੁਸੀਂ ਭਾਵੇਂ ਦਿਓ, ਪਰ ਮਿਲੇਗਾ ਕੁਝ ਵੀ ਨਹੀਂ? ਦਿਓ ਤੁਹਾਡੀ ਮਰਜ਼ੀ, ਤੁਹਾਡੀ ਖੁਸ਼ੀ: ਪਰਤਾ ਕੇ ਕੁਝ ਨਹੀਂ ਪਾਓਗੇ। ਉਸ ਮੰਦਰ ਵਿੱਚ ਦਾਨ ਦੇਣ ਵਾਲਾ ਲੱਭਣਾ ਮੁਸ਼ਕਿਲ ਹੋ ਜਾਏਗਾ। ਉਹ ਮੰਦਰ ਢਹਿ ਹੀ ਜਾਏਗਾ। ਉਸ ਦਾ ਬਣਨਾ ਹੀ ਮੁਸ਼ਕਿਲ ਹੈ। ਉਹੋ ਜਿਹਾ ਮੰਦਰ ਕਿਤੇ ਵੀ ਨਹੀਂ ਹੈ।

ਜਦ ਤੁਸੀਂ ਪਰਮਾਤਮਾ ਦੇ ਦਾਨ ਦੀ ਗੱਲ ਸੋਚੋ ਤਾਂ ਤੁਸੀਂ ਆਪਣੀ ਭਾਸ਼ਾ ਦਾ ਹਿਸਾਬ ਨਾ ਰੱਖਣਾ। ਤੁਸੀਂ ਇਹ ਨਾ ਸੋਚਣਾ ਕਿ ਜਿਸ ਤਰ੍ਹਾਂ ਦਾ ਦਾਨ ਤੁਸੀਂ ਦਿੰਦੇ ਹੋ। ਨਾਨਕ ਕਹਿੰਦੇ ਹਨ ਕਿ ਉਹ ਦਿੰਦਾ ਹੈ ਅਤੇ ਤੁਹਾਡੇ ਕੋਲੋਂ ਕੁਝ ਪਾਉਣਾ ਨਹੀਂ ਚਾਹੁੰਦਾ। ਤੁਹਾਡੇ ਕੋਲ ਹੈ ਵੀ ਕੀ ਜਿਹੜਾ ਤੁਸੀਂ ਦਿਓਗੇ? ਉਸ ਦਾ ਦਾਨ ਸ਼ੁੱਧ ਹੈ, ਬਿਨਾ ਸ਼ਰਤ ਹੈ। ਉਸ ਵਿੱਚ ਕੋਈ ਸ਼ਰਤ ਨਹੀਂ ਹੈ, ਬੇ-ਸ਼ਰਤ ਹੈ।

ਤੁਸੀਂ ਮੋੜ ਕੇ ਕੀ ਦਿੱਤਾ ਹੈ? ਜੀਵਨ ਤੁਸੀਂ ਪਾਇਆ ਤਾਂ। ਅਤੇ ਜੇਕਰ ਤੁਹਾਡੇ ਜੀਵਨ ਵਿੱਚ ਪ੍ਰੇਮ ਆਇਆ ਤਾਂ ਤੁਸੀਂ ਮੋੜ ਕੇ ਕੀ ਦਿੱਤਾ ਹੈ? ਅਤੇ ਜੇਕਰ ਤੁਸੀਂ ਹਲਕੀਆਂ ਝਲਕਾਂ ਵੀ ਪਾਈਆਂ, ਤੰਦਰੁਸਤੀ ਦੀਆਂ, ਖੂਬਸੂਰਤੀ ਦੀਆਂ, ਸਤਯ ਦੀਆਂ, ਤਾਂ ਤੁਸੀਂ ਮੋੜ ਕੇ ਕੀ ਦਿੱਤਾ ਹੈ? ਬਹੁਤ ਹੈਰਾਨੀ ਦੀ ਗੱਲ ਹੈ ਕਿ ਅਸੀਂ ਕਦੇ ਇਸ ਤਰ੍ਹਾਂ ਸੋਚਦੇ ਹੀ ਨਹੀਂ ਕਿ ਸਾਨੂੰ ਜੋ ਮਿਲਿਆ ਹੈ, ਉਸਦੇ ਜਵਾਬ ਵਿੱਚ ਅਸੀਂ ਕੀ ਦਿੱਤਾ ਹੈ?

ਤੁਹਾਨੂੰ ਜੋ ਮਿਲਿਆ ਹੈ, ਜੇਕਰ ਤੁਹਾਨੂੰ ਖਿਆਲ ਆ ਜਾਏ ਤਾਂ ਤੁਸੀਂ ਅਨੰਤ ਤੱਕ ਉਤਸਵ ਵਿੱਚ ਨੱਚਦੇ ਰਹੋਗੇ। ਤੁਸੀਂ ਉਸਦਾ ਗੁਣਗਾਨ ਕਰਦੇ ਰਹੋਗੇ। ਇਹ ਗੁਣਗਾਨ ਕਿਸੇ ਡਰ ਨਾਲ ਪੈਦਾ ਨਹੀਂ ਹੋਏਗਾ। ਇਹ ਗੁਣਗਾਨ ਸਿਰਫ਼ ਅਹੋ-ਭਾਵ ਹੋਏਗਾ ਕਿ ਜੋ ਦਿੱਤਾ ਹੈ ਉਹ ਏਨਾ ਬਹੁਤਾ ਹੈ—ਅਤੇ ਬਿਨਾਂ ਕਾਰਣ ਦਿੱਤਾ ਹੈ। ਨਾ ਕੋਈ ਯੋਗਤਾ

ਹੈ। ਨਾ ਕੋਈ ਮੋੜਣ ਦਾ ਉਪਾਅ ਹੈ। ਪਿਤਾ ਦੇ ਕਰਜ਼ੇ ਤੋਂ ਮੁਕਤ ਹੋਇਆ ਜਾ ਸਕਦਾ ਹੈ, ਮਾਂ ਦੇ ਕਰਜ਼ੇ ਤੋਂ ਮੁਕਤ ਹੋਇਆ ਜਾ ਸਕਦਾ ਹੈ, ਪਰਮਾਤਮਾ ਦੇ ਕਰਜੇ ਤੋਂ ਮੁਕਤ ਕਿਵੇਂ ਹੋਵੋਗੇ? ਉਹ ਦਾਨ ਬੇ-ਸ਼ਰਤ ਹੈ। ਨਾਨਕ ਕਹਿੰਦੇ ਹਨ, ਉਹ ਦਾਤਾ ਏਨਾ ਮਹਾਨ ਹੈ ਕਿ ਉਸ ਵਿੱਚ ਬਦਲੇ 'ਚ ਪਾਉਣ ਦਾ ਤਿਲ ਮਾਤਰ ਵੀ ਲਾਲਚ ਨਹੀਂ ਹੈ।

*ਬਹੁਤਾ ਕਰਮੁ ਲਿਖਿਆ ਨ ਜਾਇ॥ ਵਡਾ ਦਾਤਾ ਤਿਲੁ ਨ ਤਮਾਇ॥*

ਕਿੰਨੇ ਹੀ ਵੱਡੇ ਜੋਧਾ (ਸੂਰਬੀਰ-ਬਲਵਾਨ) ਹੋਣ, ਉਸਦੇ ਕੋਲੋਂ ਮੰਗਦੇ ਹੀ ਰਹਿੰਦੇ ਹਨ ਅਤੇ ਸਾਡੇ ਮੰਗਤੇ ਤਾਂ ਮੰਗਦੇ ਹੀ ਹਨ, ਸਾਡੇ ਬਲਵਾਨ-ਸੂਰਵੀਰ ਵੀ ਮੰਗਦੇ ਹਨ। ਸਾਡੇ ਭਿਖਾਰੀਆਂ ਅਤੇ ਸਾਡੇ ਸਮਰਾਟਾਂ ਵਿੱਚ ਬਹੁਤ ਫ਼ਰਕ ਨਹੀਂ ਹੈ। ਮਾਤਰਾ ਦਾ ਹੀ ਫ਼ਰਕ ਹੋਏਗਾ। ਕਿਉਂਕਿ ਮੰਗਦੇ ਤਾਂ ਦੋਵੇਂ ਹੀ ਰਹਿੰਦੇ ਹਨ।

ਅਤੇ ਧਿਆਨ ਰੱਖਣਾ ਜਦ ਮੰਗ ਮਿਟ ਜਾਂਦੀ ਹੈ, ਤਦ ਹੀ ਤੁਹਾਨੂੰ ਉਸ ਦਾ ਦਾਨ ਵਿਖਾਈ ਦਿੰਦਾ ਹੈ। ਤੁਹਾਡੀ ਮੰਗ ਦੇ ਕਾਰਣ ਤੁਹਾਨੂੰ ਵਿਖਾਈ ਨਹੀਂ ਦਿੰਦਾ। ਤੁਸੀਂ ਮੰਗਦੇ ਹੀ ਰਹਿੰਦੇ ਹੋ। ਤੁਹਾਨੂੰ ਫ਼ੁਰਸਤ ਨਹੀਂ ਕਿ ਤੁਸੀਂ ਵੇਖ ਲਓ ਜੋ ਮਿਲ ਰਿਹਾ ਹੈ। ਜਿਸ ਦਿਨ ਮੰਗ ਬੰਦ ਹੁੰਦੀ ਹੈ ਉਸੇ ਦਿਨ ਦਾਨ ਵਿਖਾਈ ਦਿੰਦਾ ਹੈ। ਜਿਸ ਦਿਨ ਮੰਗ ਬੰਦ ਹੁੰਦੀ ਹੈ ਉਸ ਦਿਨ ਪ੍ਰਾਰਥਨਾ ਦਾ ਗ਼ਲਤ ਰੂਪ ਢਹਿ ਜਾਂਦਾ ਹੈ, ਸਹੀ ਰੂਪ ਪ੍ਰਗਟ ਹੁੰਦਾ ਹੈ।

'ਮੰਗਣ ਵਾਲਿਆਂ ਦੀ ਗਿਣਤੀ ਦਾ ਵਿਚਾਰ ਵੀ ਨਹੀਂ ਕੀਤਾ ਜਾ ਸਕਦਾ। ਕਿੰਨੇ ਹੀ ਵਿਕਾਰਾਂ ਵਿੱਚ ਖਪ ਕੇ ਨਸ਼ਟ ਹੋ ਜਾਂਦੇ ਹਨ।'

ਨਾਨਕ ਇਥੇ ਬਹੁਤ ਮਹੱਤਵਪੂਰਣ ਗੱਲ ਕਹਿ ਰਹੇ ਹਨ। ਉਹ ਕਹਿ ਰਹੇ ਹਨ ਕਿ ਤੁਹਾਡਾ ਮੰਗਣਾ ਵੀ ਅਜਿਹਾ ਅੰਨ੍ਹਾਂ ਹੈ ਕਿ ਤੁਸੀਂ ਜੋ ਮੰਗਦੇ ਹੋ ਉਸ ਨੂੰ ਪ੍ਰਾਪਤ ਕਰਕੇ ਹੀ ਬਰਬਾਦ ਹੁੰਦੇ ਹੋ। ਤੁਸੀਂ ਮੰਗਦੇ ਵੀ ਗ਼ਲਤ ਹੋ। ਤੁਸੀਂ ਗ਼ੌਰ ਨਾਲ ਵੇਖੋ, ਤੁਹਾਡੀ ਜ਼ਿੰਦਗੀ ਜਿੰਨੇ ਕਸ਼ਟ ਵਿੱਚ ਹੈ ਉਸ ਦੁੱਖ ਦਾ ਕਾਰਣ ਜੇਕਰ ਤੁਸੀਂ ਲੱਭੋਗੇ, ਤਾਂ ਕਿਤੇ ਨਾ ਕਿਤੇ ਤੁਸੀਂ ਆਪਣੀ ਹੀ ਮੰਗ ਪਾਓਗੇ।

ਤੁਸੀਂ ਵੱਡੇ ਔਹਦੇ ਹੋਣਾ ਚਾਹੁੰਦੇ ਹੋ। ਫ਼ਿਰ ਵੱਡੇ ਔਹਦੇ ਦੀਆਂ ਚਿੰਤਾਵਾਂ ਹਨ। ਰਾਤ ਨੀਂਦ ਨਹੀਂ ਆਉਂਦੀ, ਦਿਨੇ ਚੈਨ ਨਹੀਂ ਮਿਲਦਾ। ਪੱਛਮ ਵਿੱਚ ਉਹ ਕਹਿੰਦੇ ਹਨ ਕਿ ਜੇਕਰ ਚਾਲ਼ੀ ਸਾਲ ਦੀ ਉਮਰ ਹੁੰਦੇ-ਹੁੰਦੇ ਤਹਾਨੂੰ **Heart Attack** ਦਾ ਦੌਰਾ ਨਾ ਪਵੇ ਤਾਂ ਉਸਦਾ ਮਤਲਬ ਸਾਫ਼ ਹੈ, ਕਿ ਤੁਸੀਂ ਅਸਫ਼ਲ ਆਦਮੀ ਹੋ। ਚਾਲ਼ੀ ਸਾਲ ਦੀ ਉਮਰ ਤੱਕ **Heart Attack** ਦਾ ਦੌਰਾ ਪੈਣਾ ਹੀ ਚਾਹੀਦਾ। ਸਫ਼ਲ ਆਦਮੀ ਦਾ ਲੱਖਣ ਇਹ ਹੈ ਕਿ ਜੇਕਰ ਢਿੱਡ ਵਿੱਚ ਅਲਸਰ ਨਾ ਹੋ ਜਾਏ ਤਾਂ ਤੁਸੀਂ ਗਰੀਬ ਆਦਮੀ ਹੋ। ਕਿਉਂਕਿ ਅਮੀਰ ਨੂੰ ਅਲਸਰ ਹੋਣਾ ਹੀ ਚਾਹੀਦਾ ਹੈ ਕਿਉਂਕਿ

ਚਿੰਤਾਵਾਂ ਏਨੀਆਂ ਹੋਣਗੀਆਂ ਕਿ ਅਲਸਰ ਹੋਣਾ ਜ਼ਰੂਰੀ ਹੈ।

ਸਫਲ ਆਦਮੀ ਸਫਲਤਾ ਦੀ ਮੰਗ ਕਰ ਕਰਕੇ ਪ੍ਰਾਪਤ ਕੀ ਕਰਦਾ ਹੈ? ਅਤੇ ਜੋ ਉਸ ਨੇ ਮੰਗਿਆ, ਉਹ ਮਿਲ ਜਾਂਦਾ ਹੈ। ਬੜੇ ਮਜ਼ੇ ਦੀ ਗੱਲ ਤਾਂ ਇਹ ਹੈ ਕਿ ਤੁਸੀਂ ਜੋ ਮੰਗੋਗੇ, ਮਿਲ ਜਾਏਗਾ। ਦੇਰ-ਸਵੇਰ ਮਿਲ ਹੀ ਜਾਏਗਾ। ਇਸ ਲਈ ਮੰਗਣਾ ਜ਼ਰਾ ਸੋਚ-ਸਮਝ ਕੇ, ਕਿਉਂਕਿ ਫਿਰ ਪਛਤਾਉਣਾ ਨਾ। ਪਹਿਲਾ ਮੰਗਣ ਵਿੱਚ ਸਮਾਂ ਗੁਆਇਆ, ਫਿਰ ਪਛਤਾਉਣ ਵਿੱਚ ਸਮਾਂ ਗੁਆਓ।

ਤੁਸੀਂ ਗ਼ੌਰ ਨਾਲ ਜੇਕਰ ਆਪਣੀ ਜ਼ਿੰਦਗੀ ਦਾ ਵਿਸ਼ਲੇਸ਼ਣ (ਜਾਂਚ-ਪੜਤਾਲ) ਕਰੋ ਤਾਂ ਤੁਸੀਂ ਪਾਓਗੇ ਕਿ ਤੁਸੀਂ ਆਪਣੀ ਹੱਥੀਂ ਆਪ ਹੀ ਮੁਸੀਬਤ ਵਿੱਚ ਫਸ ਗਏ ਹੋ। ਤੁਸੀਂ ਜੋ ਜੋ ਮੰਗਿਆ ਸੀ, ਉਹ ਹੀ ਪ੍ਰਾਪਤ ਕਰਕੇ ਫਸ ਗਏ ਹੋ। ਉਹ ਮਿਲ ਗਿਆ। ਤੁਹਾਨੂੰ ਧਨ ਚਾਹੀਦਾ ਸੀ, ਧਨ ਮਿਲ ਗਿਆ। ਪਰ ਧਨ ਦੇ ਨਾਲ ਧਨ ਦੀ ਚਿੰਤਾ ਵੀ ਆਉਂਦੀ ਹੈ ਅਤੇ ਧਨ ਦੇ ਨਾਲ ਆਤਮਾ ਦਾ ਸੁੰਗੜਨਾ ਵੀ ਆਉਂਦਾ ਹੈ ਅਤੇ ਧਨ ਦੇ ਨਾਲ ਹਜ਼ਾਰਾਂ ਤਰ੍ਹਾਂ ਦੇ ਰੋਗ ਵੀ ਆਉਂਦੇ ਹਨ। ਹੋਰ ਧਨ ਦੇ ਨਾਲ ਹਜ਼ਾਰ ਤਰ੍ਹਾਂ ਦਾ ਅਭਿਮਾਨ-ਹੰਕਾਰ ਵੀ ਆਉਂਦਾ ਹੈ। ਉਹ ਸਾਰਾ ਕੁਝ ਵੀ ਉਸੇ ਦੇ ਨਾਲ ਹੈ। ਉਹ ਜੁੜਿਆ ਹੋਇਆ ਹੈ। ਉਸ ਨੂੰ ਤੁਸੀਂ ਛੱਡ ਨਾ ਸਕੋਗੇ। ਤੁਸੀਂ ਜੋ ਮੰਗਦੇ ਹੋ ਮਿਲ ਜਾਂਦਾ ਹੈ ਅਤੇ ਫਿਰ ਤੁਸੀਂ ਪਛਤਾਉਂਦੇ ਹੋ। ਸੋ ਨਾਨਕ ਕਹਿੰਦੇ ਹਨ, ਕਿੰਨੇ ਹੀ ਵਿਕਾਰਾਂ ਵਿੱਚ ਖਪ ਕੇ ਨਸ਼ਟ ਹੋ ਜਾਂਦੇ ਹਨ, ਆਪਣੀ ਹੀ ਮੰਗ, ਆਪਣੀਆਂ ਹੀ ਪ੍ਰਾਰਥਨਾਵਾਂ। ਕਿੰਨੇ ਹੀ ਅਜਿਹੇ ਹਨ, ਜਿਹੜੇ ਲੈ-ਲੈ ਮੁਕਰ ਜਾਂਦੇ ਹਨ। ਅਹਿਸਾਨ ਵੀ ਨਹੀਂ ਮੰਨਦੇ, ਮੰਗ ਕਰ ਲੈਂਦੇ ਹਨ, ਮਿਲ ਜਾਂਦਾ ਹੈ। ਧੰਨਵਾਦ ਵੀ ਨਹੀਂ ਦਿੰਦੇ।

ਮੈਂ ਸੁਣਿਆ ਹੈ ਕਿ ਮੁੱਲਾ ਨਸਰੂਦੀਨ ਰੋਜ਼ ਸਵੇਰੇ ਨਮਾਜ਼ ਦੇ ਵੇਲੇ ਚੀਖ ਕੇ ਕਹਿੰਦਾ ਸੀ। 'ਹੇ ਪਰਮਾਤਮਾ ਇੱਕ ਗੱਲ ਖਿਆਲ ਰੱਖ। ਜਦ ਵੀ ਲਵਾਂਗਾ, ਪੂਰੇ ਸੌ ਰੁਪਏ ਲਵਾਂਗਾ। ਘੱਟ ਮੈਂ ਨਹੀਂ ਲਵਾਂਗਾ। ਜਦ ਵੀ ਤੂੰ ਦੇਣੇ ਹੋਣ ਤਾਂ ਸੌ ਦੀ ਪੂਰੀ ਥੈਲੀ ਸੁੱਟ ਦੇਵੀਂ ਅਤੇ ਧਿਆਨ ਰੱਖੀਂ ਨਿੜ੍ਹਨਵੇਂ ਵੀ ਨਹੀਂ ਲਵਾਂਗਾ।

ਗੁਆਂਢ ਦਾ ਇੱਕ ਆਦਮੀ ਇਹ ਰੋਜ਼ ਸੁਣਦਾ ਸੀ। ਉਸ ਨੂੰ ਮਜ਼ਾਕ ਸੁੱਝਿਆ। ਉਸ ਨੇ ਕਿਹਾ ਕਿ ਰੋਜ਼ ਹੀ ਇਹ ਇਕੋ ਗੱਲ ਕਹੀ ਜਾਂਦੀ ਹੈ ਅਤੇ ਨਿੜ੍ਹਨਵੇਂ ਤਾਂ ਇਹ ਲਵੇਗਾ ਨਹੀਂ, ਇਸ ਲਈ ਖ਼ਤਰਾ ਵੀ ਨਹੀਂ ਹੈ, ਅਤੇ ਉਸ ਨੇ ਇੱਕ ਥੈਲੀ ਵਿੱਚ ਨਿੜ੍ਹਨਵੇਂ ਰੁਪਈਏ ਰੱਖ ਕੇ, ਜਦ ਦੂਜੇ ਦਿਨ ਉਹ ਨਮਾਜ਼ ਪੜ੍ਹ ਰਿਹਾ ਸੀ, ਉਸਦੇ ਛੱਪਰ ਵਿਚੋਂ ਹੇਠਾਂ ਸੁੱਟ ਦਿੱਤੇ। ਮੁੱਲਾਂ ਨੇ ਨਮਾਜ਼ ਵਿੱਚੇ ਛੱਡ ਕੇ ਪਹਿਲਾਂ ਰੁਪਇਏ ਗਿਣੇ ਅਤੇ ਜ਼ੋਰ ਨਾਲ ਕਿਹਾ, "ਵਾਹ ਜੀ ਵਾਹ ਇੱਕ ਰੁਪਈਆ ਥੈਲੀ ਦਾ ਕੱਟ ਹੀ ਲਿਆ।"

ਆਦਮੀ ਧੰਨਵਾਦ ਵੀ ਦੇਣ ਲਈ ਰਾਜ਼ੀ ਨਹੀਂ ਹੈ। ਉਸ ਨੇ ਫਿਰ ਵੀ ਸ਼ਿਕਾਇਤ

ਹੀ ਕੀਤੀ, ਕਿ ਵਾਹ ਜੀ ਵਾਹ! ਇੱਕ ਰੁਪਇਆ ਕੱਟ ਹੀ ਲਿਆ ਥੈਲੀ ਦਾ।

ਮੈਂ ਸੁਣਿਆ ਹੈ, ਇੱਕ ਬਹੁਤ ਵੱਡਾ ਧਨਪਤੀ ਸਮੁੰਦਰ ਦੀ ਯਾਤਰਾ ਤੋਂ ਵਾਪਿਸ ਪਰਤ ਰਿਹਾ ਸੀ। ਖ਼ਤਰਨਾਕ ਤੂਫ਼ਾਨ ਉਠਿਆ। ਜਹਾਜ਼ ਹੁਣ ਡੁੱਬਿਆ, ਕਿ ਡੁੱਬਿਆ, ਅਜਿਹੀ ਹਾਲਤ ਹੋ ਗਈ। ਪਹਿਲਾਂ ਤਾਂ ਉਹ ਕੋਰੀਆਂ-ਕੋਰੀਆਂ ਪ੍ਰਾਰਥਨਾਵਾਂ ਕਰਦਾ ਰਿਹਾ। ਪਰ ਜਦ ਜ਼ਿੰਦਗੀ ਬਿਲਕੁਲ ਮੌਤ ਦੇ ਨੇੜੇ ਆ ਗਈ, ਤਦ ਉਸ ਨੇ ਕਿਹਾ ਕਿ ਜੇਕਰ ਅੱਜ ਬਚ ਗਿਆ, ਜੇਕਰ ਤੂੰ ਅੱਜ ਬਚਾ ਲਿਆ ਪਰਮਾਤਮਾ, ਤਾਂ ਮੇਰਾ ਜਿਹੜਾ ਰਾਜਧਾਨੀ ਵਿੱਚ ਮਹਲ ਹੈ, ਉਸ ਨੂੰ ਵੇਚ ਕੇ ਗਰੀਬਾਂ ਵਿੱਚ ਵੰਡ ਦਿਆਂਗਾ। ਤੂਫ਼ਾਨ ਸ਼ਾਂਤ ਹੋ ਗਿਆ। ਬੇੜੀ ਕੰਢੇ ਤੇ ਲੱਗ ਗਈ, ਹੁਣ ਉਹ ਅਮੀਰ ਮੁਸ਼ਕਿਲ ਵਿੱਚ ਪਿਆ ਪਛਤਾਉਣ ਲੱਗਾ ਕਿ ਇਹ ਤੂਫਾਨ ਤਾਂ ਸ਼ਾਂਤ ਹੋ ਹੀ ਜਾਣਾ ਸੀ। ਮੈਂ ਨਾਹਕ ਫਸ ਗਿਆ, ਕਿਉਂਕਿ ਲੋਕਾਂ ਨੇ ਵੀ ਸੁਣ ਲਿਆ। ਉਸ ਨੇ ਏਨੀ ਜ਼ੋਰ ਨਾਲ ਕਿਹਾ ਸੀ। ਉਹ ਵੀ ਇੱਕ ਗ਼ਲਤੀ ਹੋ ਗਈ। ਇਸ ਲਈ ਤਾਂ ਲੋਕ ਚੁੱਪ-ਚਾਪ ਪ੍ਰਾਰਥਨਾ ਕਰਦੇ ਹਨ।

ਸਾਰੇ ਜਹਾਜ਼ ਦੇ ਲੋਕਾਂ ਨੇ ਸੁਣ ਲਿਆ ਅਤੇ ਲੋਕ ਜਹਾਜ਼ ਤੋਂ ਉਤਰੇ ਨਹੀਂ ਕਿ ਸਾਰੇ ਸ਼ਹਿਰ ਵਿੱਚ ਖ਼ਬਰ ਫੈਲ ਗਈ ਕਿ ਧਨਪਤੀ ਨੇ ਪ੍ਰਾਰਥਨਾ ਕੀਤੀ ਹੈ ਕਿ ਆਪਣੇ ਮਹਲ ਨੂੰ ਵੇਚ ਕੇ ਗਰੀਬਾਂ ਵਿੱਚ ਵੰਡ ਦੇਵੇਗਾ। ਬਹੁਤ ਝੰਝਟ ਵਿੱਚ ਪਿਆ, ਸੋਚ-ਵਿਚਾਰ ਕੀਤਾ।

ਆਖ਼ਰ ਇੱਕ ਦਿਨ ਉਸ ਨੇ ਸ਼ਹਿਰ ਵਿੱਚ ਖ਼ਬਰ ਕਰ ਦਿੱਤੀ ਕਿ ਠੀਕ ਹੈ, ਮਹਲ ਵੇਚਣਾ ਹੈ, ਜਿਸ ਨੇ ਵੀ ਖਰੀਦਣਾ ਹੋਵੇ, ਆ ਜਾਏ। ਦਸ ਲੱਖ ਦਾ ਮਕਾਨ ਸੀ। ਬਹੁਤ ਖ਼ਰੀਦਦਾਰ ਇਕੱਠੇ ਹੋਏ। ਵੱਡਾ ਮਹਲ ਸੀ। ਰਾਜਧਾਨੀ ਵਿੱਚ ਉਸ ਤੋਂ ਵੱਡਾ ਕੋਈ ਮਕਾਨ ਨਹੀਂ ਸੀ। ਸਾਰੇ ਬਹੁਤ ਹੈਰਾਨ ਹੋਏ, ਜਦ ਉਹ ਅਮੀਰ ਨੇ ਐਲਾਨ ਕੀਤਾ ਕਿ ਇਹ ਮਕਾਨ ਅਤੇ ਇਹ ਬਿੱਲੀ ਜਿਹੜੀ ਦਰਵਾਜ਼ੇ ਉਤੇ ਬੰਨ੍ਹੀ ਹੋਈ ਹੈ। ਦੋਵੇਂ ਨਾਲ ਹੀ ਵਿਕਣਗੇ। ਬਿੱਲੀ ਦਾ ਮੁੱਲ ਦਸ ਲੱਖ ਰੁਪਈਏ ਤੇ ਮਕਾਨ ਦਾ ਮੁੱਲ ਇੱਕ ਰੁਪਈਆ। ਪਰ ਦੋਵੇਂ ਇਕੱਠੇ।

ਲੋਕ ਬਹੁਤ ਹੈਰਾਨ ਹੋਏ ਕਿ ਇਹ ਕੀ ਪਾਗਲਪਨ ਹੈ? ਬਿੱਲੀ ਦਾ ਮੁੱਲ ਕਦੇ ਸੁਣਿਆ ਹੈ ਦਸ ਲੱਖ? ਅਤੇ ਇਸ ਮਹਲ ਦਾ ਮੁੱਲ ਸਿਰਫ਼ ਇੱਕ ਰੁਪਈਆ? ਪਰ ਲੋਕਾਂ ਨੇ ਕਿਹਾ ਕਿ ਸਾਨੂੰ ਕੀ ਇਸ ਨਾਲ ਮਤਲਬ। ਖ਼ਰੀਦਦਾਰ ਮਿਲ ਗਏ। ਦਸ ਲੱਖ ਦਾ ਮਕਾਨ ਤਾਂ ਸੀ ਹੀ, ਤੇ ਬਿੱਲੀ ਇੱਕ ਰੁਪਈਏ ਦੀ ਸੀ, ਇਸ ਦੇ ਵਿੱਚ ਕੋਈ ਇਹੋ ਜਿਹੀ ਔਖਿਆਈ ਨਹੀਂ ਸੀ। ਸੋ ਦਸ ਲੱਖ ਵਿੱਚ ਬਿੱਲੀ ਖਰੀਦ ਲਈ ਤੇ ਇੱਕ ਰੁਪਏ ਵਿੱਚ ਮਹਲ। ਉਸ ਨੇ ਦਸ ਲੱਖ ਜੇਬ ਵਿੱਚ ਪਾ ਲਏ ਤੇ ਇੱਕ ਰੁਪਈਆ ਗਰੀਬਾਂ ਵਿੱਚ

ਵੰਡ ਦਿੱਤਾ। ਕਿਉਂਕਿ ਜਿਹੜਾ ਵਚਨ ਦੇ ਚੁਕਿਆ ਸੀ ਕਿ ਮਹਲ ਨੂੰ ਵੇਚ ਕੇ ਗਰੀਬਾਂ ਵਿੱਚ ਵੰਡ ਦਿਆਂਗਾ।

ਪਰਮਾਤਮਾ ਦੇ ਨਾਲ ਵੀ ਲੋਕ legal (ਕਾਨੂੰਨੀ) ਸੰਬੰਧ ਰੱਖਦੇ ਹਨ। ਉਥੋਂ ਵੀ ਹਿਸਾਬ ਲਾ ਕੇ ਰਾਹ ਕੱਢ ਹੀ ਲੈਂਦੇ ਹਨ। ਮਿਲ ਜਾਏ ਤਾਂ, ਨਾਨਕ ਕਹਿੰਦੇ ਹਨ, ਬਹੁਤ ਇਹੋ ਜਿਹੇ ਹਨ ਜਿਹੜੇ ਲੈ ਲੈ ਕੇ ਮੁੱਕਰ ਜਾਂਦੇ ਹਨ। ਮਿਲ ਜਾਂਦਾ ਹੈ, ਤਦ ਕਹਿੰਦੇ ਹਨ, ਸੰਜੋਗ ਦੀ ਗੱਲ ਹੈ। ਇਹ ਤਾਂ ਹੋਣ ਹੀ ਵਾਲਾ ਸੀ। ਹੋ ਗਿਆ। ਬਹੁਤ ਸਾਰੇ ਇਹੋ ਜਿਹੇ ਵੀ ਹਨ, ਜਿਹੜੇ ਏਨਾ ਵੀ ਨਹੀਂ ਕਹਿੰਦੇ। ਗੱਲ ਹੀ ਭੁੱਲ ਜਾਂਦੇ ਹਨ। ਕਿ ਮੰਗਿਆ ਕਿ ਮਿਲਿਆ। ਅਸੀਂ ਕਦੇ ਮੰਗਿਆ ਵੀ ਸੀ, ਇਹ ਵੀ ਭੁੱਲ ਜਾਂਦੇ ਹਨ। ਅਹਿਸਾਨ, ਉਸਦੀ ਮੇਹਰ ਵੀ ਨਹੀਂ ਮੰਨਦੇ।

ਕਿੰਨੇ ਇਹੋ ਜਿਹੇ ਹਨ, ਜਿਹੜੇ ਮੰਗਦੇ ਰਹਿੰਦੇ ਹਨ ਅਤੇ ਉਹ ਦਿੰਦਾ ਰਹਿੰਦਾ ਹੈ ਤੇ ਉਹ ਖਾਂਦੇ ਰਹਿੰਦੇ ਹਨ ਅਤੇ ਕਦੇ ਉਸ ਮੰਗਣ ਅਤੇ ਖਾਣ ਦੀ ਵਿਰਤੀ ਤੋਂ ਉਪਰ ਨਹੀਂ ਉੱਠਦੇ ਹਨ। ਭੋਗਦੇ ਰਹਿੰਦੇ ਹਨ ਅਤੇ ਭੋਗ ਕਰੀਬ ਕਰੀਬ ਅਜਿਹਾ ਹੈ ਕਿ ਉਸ ਨਾਲ ਕੋਈ ਕਿਤੇ ਪੁੱਜਦਾ ਨਹੀਂ। ਕੁਝ ਪ੍ਰਾਪਤ ਨਹੀਂ ਕਰਦਾ। ਸਿਰਫ਼ ਸਮਾਂ ਗੁਆਉਂਦਾ ਹੈ। ਕਿੰਨਾ ਹੀ ਖਾਓ, ਕੀ ਮਿਲੇਗਾ? ਕਿੰਨਾ ਹੀ ਪਾਓ-ਹੰਢਾਓ, ਕੀ ਮਿਲੇਗਾ? ਕਿੰਨੇ ਹੀ ਹੀਰੇ-ਜਵਾਹਰਾਤਾਂ ਨਾਲ ਦੇਹ ਨੂੰ ਸਜਾ ਲਵੋ, ਕੀ ਮਿਲੇਗਾ? ਜੀਵਨ ਦੀਆਂ ਵੱਡਮੁੱਲੀਆਂ ਘੜੀਆਂ ਐਵੇਂ ਹੀ ਜਾ ਰਹੀਆਂ ਹਨ? ਜਿਨ੍ਹਾਂ ਵਿੱਚ ਪ੍ਰਾਰਥਨਾ ਹੋ ਸਕਦੀ ਸੀ। ਜਿਨ੍ਹਾਂ ਵਿੱਚ ਧਿਆਨ ਦਾ ਧਨ ਮਿਲ ਸਕਦਾ ਸੀ। ਜੀਵਨ ਐਵੇਂ ਹੀ ਠੀਕਰੇ, ਪੱਥਰ ਇਕੱਠੇ ਕਰਨ ਵਿੱਚ ਜਾ ਰਿਹਾ ਹੈ।

ਨਾਨਕ ਕਹਿੰਦੇ ਹਨ, 'ਹੋਰ ਕਿੰਨੇ ਅਜਿਹੇ ਵੀ ਹਨ, ਜਿਨ੍ਹਾਂ ਉਤੇ ਸਦਾ ਦੁੱਖ ਅਤੇ ਭੁੱਖ ਦੀ ਮਾਰ ਪੈਂਦੀ ਰਹਿੰਦੀ ਹੈ, ਫ਼ਿਰ ਵੀ ਜਿਨ੍ਹਾਂ ਨੂੰ ਸਮਰਣ ਨਹੀਂ ਆਉਂਣਾ।'

ਖ਼ੁਦ ਆਪਣੀਆਂ ਮੰਗਾਂ ਦੇ ਕਾਰਣ ਹੀ ਮਾਰ ਪੈਂਦੀ ਰਹਿੰਦੀ ਹੈ ਫ਼ਿਰ ਵੀ ਜਾਗਦੇ ਨਹੀਂ, ਕਿ ਅਸੀਂ ਜੋ ਮੰਗਦੇ ਹਾਂ ਉਸੇ ਕਰਕੇ ਦੁੱਖ ਪਾਉਂਦੇ ਹਾਂ। ਸਾਡੇ ਦੁੱਖ ਸਾਡੀਆਂ ਹੀ ਇੱਛਾਵਾਂ ਦਾ ਫਲ ਹੈ। ਅਤੇ ਸਾਡੇ ਨਰਕ ਸਾਡੀਆਂ ਹੀ ਵਾਸ਼ਨਾਵਾਂ ਨਾਲ ਆਉਂਦੇ ਹਨ। ਪਰ ਅਸੀਂ ਸੰਬੰਧ ਹੀ ਨਹੀਂ ਜੋੜਦੇ। ਅਸੀਂ ਦੋਹਾਂ ਨੂੰ ਅਲਗ ਹੀ ਕਰਕੇ ਵੇਖਦੇ ਹਾਂ। ਤੁਸੀਂ ਸਦਾ ਸੁੱਖ ਮੰਗਦੇ ਹੋ, ਪਰ ਕਦੇ ਤੁਸੀਂ ਇਹ ਵੇਖਿਆ, ਕਿ ਤੁਹਾਡੀਆਂ ਸਾਰੀਆਂ ਇਛਾਵਾਂ ਤੁਹਾਨੂੰ ਦੁੱਖ ਵਿੱਚ ਲੈ ਜਾਂਦੀਆਂ ਹਨ? ਫ਼ਿਰ ਵੀ ਤੁਸੀਂ ਕਹਿੰਦੇ ਹੋ, ਸੁੱਖ ਕਿਉਂ ਨਹੀਂ ਮਿਲਦਾ?

ਜਿਵੇਂ ਕੋਈ ਆਦਮੀ ਸੂਰਜ ਵੱਲ ਪਿੱਠ ਕਰਕੇ ਟੁਰਦਾ ਹੋਵੇ ਅਤੇ ਕਹਿੰਦਾ ਹੋਵੇ ਕਿ ਮੈਨੂੰ ਪ੍ਰਕਾਸ਼ ਕਿਉਂ ਨਹੀਂ ਮਿਲਦਾ? ਸੂਰਜ ਦੇ ਦਰਸ਼ਨ ਕਿਉਂ ਨਹੀਂ ਹੁੰਦੇ? ਸੂਰਜ

ਦੇ ਦਰਸ਼ਨ ਤਾਂ ਹੁਣੇ ਹੋ ਸਕਦੇ ਹਨ, ਲੇਕਿਨ ਵਾਸਨਾ ਵਿੱਚ ਜਾਂਦਾ ਹੋਇਆ ਚਿੱਤ ਦੁੱਖ ਵਿੱਚ ਜਾਏਗਾ, ਨਰਕ ਵਿੱਚ ਜਾਏਗਾ, ਹਨੇਰੇ ਵਿੱਚ ਜਾਏਗਾ ਅਤੇ ਤੁਸੀਂ ਆਪਣੀਆਂ ਪ੍ਰਾਰਥਨਾਵਾਂ ਵੀ ਵਾਸਨਾਵਾਂ ਵਿੱਚ ਹੀ ਰੰਗ ਲੈਂਦੇ ਹੋ। ਭਗਤ ਆਪਣੀ ਵਾਸਨਾ ਨੂੰ ਵੀ ਪ੍ਰਾਰਥਨਾ ਲਈ ਸਮਰਪਣ ਕਰ ਦਿੰਦਾ ਹੈ। ਤੁਸੀਂ ਆਪਣੀ ਪ੍ਰਾਰਥਨਾ ਨੂੰ ਵੀ ਵਾਸਨਾ ਦੀ ਸੇਵਾ ਵਿੱਚ ਲਾ ਦਿੰਦੇ ਹੋ। ਤਾਂ ਨਾਨਕ ਕਹਿੰਦੇ ਹਨ, ਕਿੰਨੇ ਹੀ ਅਜਿਹੇ ਹਨ, ਜਿਨ੍ਹਾਂ ਉੱਤੇ ਦੁੱਖ ਦੀ ਮਾਰ ਪੈਂਦੀ ਰਹਿੰਦੀ ਹੈ। ਫਿਰ ਵੀ ਜਾਗਦੇ ਨਹੀਂ।

ਕਿੰਨੇ ਹੀ ਜਨਮਾਂ ਤੋਂ ਤੁਹਾਡੇ ਉਤੇ ਦੁੱਖ ਦੀ ਮਾਰ ਪੈ ਰਹੀ ਹੈ। ਨਹੀਂ, ਬੁੱਧ ਦਾ ਹਿਸਾਬ ਠੀਕ ਨਹੀਂ ਹੈ। ਘੋੜੇ ਚਾਰ ਤਰ੍ਹਾਂ ਦੇ ਹੁੰਦੇ ਹਨ। ਇੱਕ ਜਿਨ੍ਹਾਂ ਨੂੰ ਮਾਰੋ ਤਾਂ ਵੀ ਇੰਚ ਭਰ ਨਹੀਂ ਹਿਲਦੇ। ਜਿਨ੍ਹਾਂ ਨੂੰ ਮਾਰ-ਮਾਰ ਕੇ ਮਾਰ ਸੁਟੋ—ਅਸਲੀ ਅੜੀਅਲ ਘੋੜੇ। ਉਹ ਹਿੱਲਦੇ ਹੀ ਨਹੀਂ। ਤੁਸੀਂ ਜਿੰਨਾਂ ਮਾਰੋ, ਉਹ ਓਨੀ ਹੀ ਮਜ਼ਬੂਤੀ ਨਾਲ ਰੁਕ ਜਾਂਦੇ ਹਨ।

ਕਿੰਨੇ ਦੁੱਖ ਦੀ ਮਾਰ ਪੈ ਰਹੀ ਹੈ ਤਾਂ ਵੀ ਤੁਸੀਂ ਸੁਚੇਤ ਨਹੀਂ ਹੁੰਦੇ। ਤੁਸੀਂ ਝੱਲਦੇ ਹੀ ਰਹਿੰਦੇ ਹੋ। ਤੁਸੀਂ ਆਦੀ ਹੋ ਗਏ ਹੋ। ਤੁਸੀਂ ਹੌਲੀ-ਹੌਲੀ ਮੰਨ ਹੀ ਲਿਆ ਹੈ ਕਿ ਦੁੱਖ ਹੀ ਜੀਵਨ ਦਾ ਢੰਗ ਹੈ। ਤੁਸੀਂ ਭੁੱਲ ਹੀ ਚੁੱਕੇ ਹੋ ਕਿ ਜੀਵਨ ਪਰਮ ਆਨੰਦ ਹੈ। ਜੀਵਨ ਪਰਮ ਉਤਸਵ ਹੈ ਅਤੇ ਜੇਕਰ ਤੁਸੀਂ ਦੁਖੀ ਹੋ, ਤਾਂ ਤੁਸੀਂ ਆਪਣੀ ਹੀ ਕਿਸੇ ਭੁੱਲ ਦੇ ਕਾਰਣ ਹੋ।

'ਹੇ ਦਾਤਾ ਇਹ ਵੀ ਤੇਰੇ ਹੀ ਦਾਨ ਹਨ।'

ਅਤੇ ਨਾਨਕ ਕਹਿੰਦੇ ਹਨ ਕਿ ਇਹ ਵੀ ਤੇਰੇ ਹੀ ਦਾਨ ਹਨ। ਲੋਕ ਮੰਗਦੇ ਹਨ ਅਤੇ ਤੂੰ ਦੇਈ ਹੀ ਚਲਾ ਜਾਂਦਾ ਹੈਂ। ਧਿਆਨ ਰੱਖਣਾ ਤੁਸੀਂ ਜੇਕਰ ਗ਼ਲਤ ਮੰਗਿਆ ਤਾਂ ਗ਼ਲਤ ਵੀ ਮਿਲ ਜਾਏਗਾ। ਕਿਉਂਕਿ ਕੁਦਰਤ ਤੁਹਾਨੂੰ ਬਿਨਾਂ ਸ਼ਰਤ ਤੋਂ ਦੇਣ ਲਈ ਰਾਜ਼ੀ ਹੈ। ਤੁਸੀਂ ਜੇਕਰ ਗ਼ਲਤ ਮੰਗਿਆ ਤਾਂ ਗ਼ਲਤ ਵੀ ਮਿਲ ਜਾਏਗਾ। ਕਿਉਂਕਿ ਪਰਮਾਤਮਾ ਦਿੰਦਾ ਹੈ ਅਤੇ ਤੁਹਾਡੀ ਸੁਤੰਤਰਤਾ ਵਿੱਚ ਕੋਈ ਰੁਕਾਵਟ ਨਹੀਂ ਪਾਉਂਦਾ। ਤੁਸੀਂ ਜੇਕਰ ਭਟਕਣ ਮੰਗੀ ਤਾਂ ਭਟਕਣ ਮਿਲ ਜਾਏਗੀ।

ਇਸ ਨੂੰ ਜ਼ਰਾ ਸਮਝੋ। ਕਿਉਂਕਿ ਇਸ ਤੋਂ ਇੱਕ ਸਵਾਲ ਉੱਠਦਾ ਹੈ ਕਿ ਪਰਮਾਤਮਾ ਤਾਂ ਜਾਣਦਾ ਹੈ ਕਿ ਕੀ ਗ਼ਲਤ ਹੈ। ਅਸੀਂ ਭਾਵੇਂ ਗ਼ਲਤ ਮੰਗਦੇ ਹੋਈਏ। ਉਹ ਗ਼ਲਤ ਕਿਉਂ ਦਿੰਦਾ ਹੈ। ਜੇਕਰ ਪਰਮਾਤਮਾ ਤੁਹਾਡੀ ਮੰਗ ਨੂੰ ਪੂਰਾ ਨਾ ਕਰੇ ਤਾਂ ਤੁਹਾਡੀ ਸੁਤੰਤਰਤਾ ਸਮਾਪਤ ਹੋ ਜਾਂਦੀ ਹੈ। ਤਦ ਤੁਸੀਂ ਧਾਗਿਆਂ ਨਾਲ ਬੱਝੀਆਂ ਕਠਪੁਤਲੀਆਂ ਹੋ ਜਾਂਦੇ ਹੋ। ਫਿਰ ਉਹ ਜੋ ਚਾਹੇ ਉਹ ਤੁਹਾਨੂੰ ਦੇਵੇ। ਤੁਹਾਡੀ ਮੰਗ ਦੀ ਵੀ ਸੁਤੰਤਰਤਾ ਨਾ ਰਹਿ ਜਾਏ। ਤਦ ਤਾਂ ਮਨੁੱਖ ਦੀ ਸਾਰੀ ਗਰਿਮਾ ਗੁਆਚ ਜਾਂਦੀ ਹੈ।

ਮਨੁੱਖ ਦੀ ਗਰਿਮਾ ਇਹ ਹੈ ਕਿ ਉਹ ਗ਼ਲਤ ਵੀ ਜਾ ਸਕਦਾ ਹੈ। ਸਹੀ ਜਾਣਾ ਚਾਹੇ, ਸਹੀ ਜਾ ਸਕਦਾ ਹੈ। ਗ਼ਲਤ ਜਾਣਾ ਚਾਹੇ ਗ਼ਲਤ ਵੀ ਜਾ ਸਕਦਾ ਹੈ। ਸੁਤੰਤਰਤਾ ਦੀ ਸੰਭਾਵਨਾ ਹੈ। ਤੁਸੀਂ ਬਿਲਕੁਲ ਜ਼ੰਜੀਰਾਂ ਵਿੱਚ ਜਕੜੇ ਹੋਏ ਨਹੀਂ ਹੋ। ਤੁਹਾਨੂੰ ਸੁਚੇਤ ਰਹਿ ਕੇ ਚੁਣਾਓ ਦਾ ਮੌਕਾ ਹੈ। ਤੁਸੀਂ ਜਿੱਥੇ ਜਾਣਾ ਚਾਹੋ। ਤੁਹਾਨੂੰ ਪਰਮਾਤਮਾ ਕਿਤੋਂ ਵੀ ਰੁਕਾਵਟ ਨਹੀਂ ਦੇਂਦਾ। ਉਹ ਤੁਹਾਡਾ ਵਿਰੋਧ ਨਹੀਂ ਕਰਦਾ। ਉਹ ਤੁਹਾਡੇ ਵਿਚਕਾਰ ਖੜ੍ਹਾ ਨਹੀਂ ਹੁੰਦਾ। ਉਹ ਸਾਰੇ ਪਾਸਿਆਂ ਤੋਂ ਤੁਹਾਨੂੰ ਰਾਹ ਦਿੰਦਾ ਹੈ। ਸਾਰੇ ਪਾਸੇ ਦਿਸ਼ਾਵਾਂ ਖੁੱਲ੍ਹੀਆਂ ਹੋਈਆਂ ਹਨ। ਤੁਸੀਂ ਚਾਹੋ ਤਾਂ ਅਖ਼ੀਰ ਤੱਕ ਨਰਕ ਵਿੱਚ ਡਿੱਗੇ ਰਹੋ। ਤਾਂ ਵੀ ਉਹ ਤੁਹਾਨੂੰ ਰੋਕੇਗਾ ਨਹੀਂ। ਤੁਸੀਂ ਚਾਹੋ ਤਾਂ ਆਖ਼ਰੀ ਸਵਰਗ ਤੱਕ ਉੱਠ ਜਾਓ, ਤਾਂ ਵੀ ਉਹ ਤੁਹਾਨੂੰ ਰੋਕੇਗਾ ਨਹੀਂ। ਹਰ ਹਾਲਤ ਵਿੱਚ ਉਸਦੀ ਸ਼ਕਤੀ ਤੁਹਾਨੂੰ ਮਿਲਦੀ ਰਹੇਗੀ। ਉਸਦਾ ਦਾਨ ਬੇ-ਸ਼ਰਤ ਹੈ ਅਤੇ ਉਸ ਦੇ ਦਾਨ ਵਿੱਚ ਤੁਹਾਨੂੰ ਪਰ ਤੰਤਰ ਬਨਾਉਣ ਦੀ ਕੋਸ਼ਿਸ਼ ਨਹੀਂ ਹੈ। ਉਹ ਤੁਹਾਨੂੰ ਦਿੰਦਾ ਹੈ ਅਤੇ ਤੁਸੀਂ ਜਿਹੋ ਜਿਹੀ ਵੀ ਵਰਤੋਂ ਕਰਨੀ ਚਾਹੋ ਕਰ ਲਵੋ।

ਇਸ ਲਈ ਨਾਨਕ ਕਹਿੰਦੇ ਹਨ 'ਕਿ ਹੇ ਦਾਤਾ, ਇਹ ਵੀ ਤੇਰੇ ਹੀ ਦਾਨ ਹਨ। ਬੰਧਨ ਅਤੇ ਮੁਕਤੀ ਤੇਰੀ ਹੀ ਆਗਿਆ ਨਾਲ ਹੁੰਦੀ ਹੈ। ਪਰ ਮੰਗਦੇ ਅਸੀਂ ਹਾਂ। ਅਸੀਂ ਬੰਧਨ ਮੰਗਦੇ ਹਾਂ ਤਾਂ ਬੰਧਨ ਮਿਲ ਜਾਂਦਾ ਹੈ। ਆਗਿਆ ਉਸਦੀ ਹੈ, ਹੁਕਮ ਉਸਦਾ ਹੈ, ਕਾਨੂੰਨ ਉਸਦਾ ਹੈ, ਨਿਯਮ ਉਸਦਾ ਹੈ।'

ਜਿਵੇਂ ਤੁਸੀਂ ਦਰੱਖਤ ਤੇ ਚੜ੍ਹ ਜਾਓ ਅਤੇ ਛਾਲ ਮਾਰ ਦਿਓ ਤਾਂ ਹੱਡੀਆਂ ਟੁੱਟ ਜਾਣਗੀਆਂ। ਜਿਹੜੀ ਧਰਤੀ ਦਾ ਗੁਰੂਤਵਾਕਰਸ਼ਣ ਤੁਹਾਨੂੰ ਸਾਂਭਦਾ ਸੀ ਅਤੇ ਡਿੱਗਣ ਨਹੀਂ ਦਿੰਦਾ ਸੀ, ਉਹ ਹੀ ਹੱਡੀਆਂ ਟੁੱਟਣ ਦਾ ਕਾਰਣ ਹੋ ਜਾਏਗਾ। ਤੁਸੀਂ ਜ਼ਮੀਨ ਉਤੇ ਸਿੱਧੇ ਟੁਰੋ, ਗੁਰੂਤਵਾਕਰਸ਼ਣ ਤੁਹਾਡੇ ਟੁਰਨ ਵਿੱਚ ਸਹਾਰਾ ਦਿੰਦਾ ਹੈ। ਤੁਸੀਂ ਟੇਢੇ ਚਲੇ ਤਾਂ ਡਿੱਗ ਪੈਂਦੇ ਹੋ, ਫਰੈਕਚਰ ਹੋ ਜਾਂਦਾ ਹੈ। ਸ਼ਕਤੀ ਉਹ ਹੀ ਹੈ।

ਸ਼ਕਤੀ ਬੇਲਾਗ ਹੈ। ਤਟਸੱਥ ਹੈ। ਪਰਮਾਤਮਾ ਬਿਲਕੁਲ ਬੇਲਾਗ ਅਤੇ ਤਟਸੱਥ ਹੈ। ਤੁਸੀਂ ਜੇਕਰ ਠੀਕ ਤਰ੍ਹਾਂ ਵਰਤੋਂ ਕਰ ਲਵੋ, ਤਾਂ ਤੁਸੀਂ ਪਰਮ ਅਨੁਭਵ ਨੂੰ ਪ੍ਰਾਪਤ ਹੋ ਜਾਂਦੇ ਹੋ। ਤੁਸੀਂ ਜੇਕਰ ਗ਼ਲਤ ਭਟਕੋ ਤਾਂ ਤੁਸੀਂ ਜੀਵਨ ਦੇ ਡੂੰਘੇ ਤੋਂ ਡੂੰਘੇ ਗਰਤ ਵਿੱਚ ਡਿੱਗ ਜਾਂਦੇ ਹੋ। ਨਾਨਕ ਕਹਿੰਦੇ ਹਨ, ਸਭ ਤੇਰੇ ਕੋਲੋਂ ਹੀ ਮਿਲਦਾ ਹੈ, ਸਵਰਗ ਵੀ, ਨਰਕ ਵੀ, ਪਰ ਮੰਗ ਪਿੱਛੇ ਸਾਡੀ ਹੀ ਹੈ। ਕਾਨੂੰਨ ਤੇਰਾ ਕੰਮ ਕਰਦਾ ਹੈ। ਪਰ ਅਸੀਂ ਮੰਗ-ਮੰਗ ਕੇ ਆਪ ਹੀ ਫਸ ਜਾਂਦੇ ਹਾਂ। ਮੈਂ ਸੁਣਿਆ ਹੈ ਕਿ ਇੱਕ ਰਾਜਨੀਤਿਕ ਮਰਿਆ, ਵੱਡਾ ਨੇਤਾ ਸੀ, ਹੁਸ਼ਿਆਰ ਆਦਮੀ ਸੀ। ਪੁਰਾਣਾ ਖਿਡਾਰੀ ਸੀ। ਅਤੇ ਹਰ ਤਰ੍ਹਾਂ ਦੇ ਦਾਅ-ਪੇਚ ਜਾਣਦਾ ਸੀ। ਜਦ ਉਹ ਸਵਰਗ ਦੇ ਦਰਵਾਜ਼ੇ ਤੇ ਪੁੱਜਿਆ ਤਾਂ

ਉਸ ਨੇ ਕਿਹਾ ਕਿ ਪਹਿਲਾਂ ਮੈਂ ਸਵਰਗ ਅਤੇ ਨਰਕ ਦੋਵੇਂ ਵੇਖ ਲੈਣਾ ਚਾਹੁੰਦਾ ਹਾਂ। ਫ਼ਿਰ ਮੈਂ ਚੋਣ ਕਰਾਂਗਾ ਕਿ ਕਿਥੇ ਰਹਿਣਾ ਹੈ। ਸਵਰਗ ਵਿਖਾਇਆ ਗਿਆ। ਉਸ ਨੂੰ ਸਵਰਗ ਜ਼ਰਾ ਉਦਾਸ ਲੱਗਿਆ—ਰਾਜਨੀਤਿਕ ਸੀ, ਦਿੱਲੀ ਵਿੱਚ ਰਹਿਣ ਦਾ ਆਦੀ ਸੀ। ਸਵਰਗ ਜ਼ਰਾ ਉਦਾਸ ਲੱਗਿਆ। ਜਿਹੜੇ ਲੋਕ ਸਦਾ ਉਤੇਜਨਾ (ਜਲਦਬਾਜ਼ੀ) ਵਿੱਚ ਰਹੇ ਹੋਣ, ਉਨ੍ਹਾਂ ਨੂੰ ਸਵਰਗ ਉਦਾਸ ਲੱਗੇਗਾ ਹੀ। ਕਿਉਂਕਿ ਉਥੇ ਲੋਕ ਸ਼ਾਂਤ ਸਨ। ਨਾ ਕੋਈ ਸ਼ੋਰ-ਸ਼ਰਾਬਾ ਸੀ। ਨਾ ਕੋਈ ਉਪੱਦਰ ਹੀ ਸੀ। ਨਾ ਕੋਈ ਝਗੜਾ ਝਾਂਸਾ ਸੀ, ਨਾ ਕੋਈ ਅੰਦੋਲਨ ਹੀ ਚੱਲ ਰਿਹਾ ਸੀ।

ਨਾ ਘਿਰਾਓ ਹੋ ਰਿਹਾ ਸੀ, ਕੁਝ ਵੀ ਨਹੀਂ ਹੋ ਰਿਹਾ ਸੀ। ਪੁੱਛਿਆ, ਅਖ਼ਬਾਰ? ਕਿਹਾ, ਅਖ਼ਬਾਰ ਇਥੇ ਨਹੀਂ ਛਪਦਾ। ਕਿਉਂਕਿ ਅਖ਼ਬਾਰ ਤਦ ਹੀ ਛਪੇ ਜੇਕਰ ਕੋਈ ਖ਼ਬਰ ਹੋਏ। ਖ਼ਬਰਾਂ ਹੀ ਕੁਝ ਨਹੀਂ ਹਨ। ਇਥੇ ਬੱਸ, ਸਭ ਸ਼ਾਂਤੀ ਹੈ। ਖ਼ਬਰਾਂ ਦਾ ਮਤਲਬ ਹੀ ਉਪੱਦਰ [illegible] ਹੈ। ਕੁਝ ਉਪੱਦਰ ਹੋਵੇ ਤਾਂ ਖ਼ਬਰ, ਤੁਸੀਂ ਜੇਕਰ ਖ਼ਬਰ ਬਣਨਾ ਚਾਹੋਗੇ ਤਾਂ ਕੁਝ ਉਪੱਦਰ ਕਰ, ਖ਼ਬਰ ਬਣ ਜਾਓਗੇ। ਖਾਲੀ ਬੈਠੇ ਰਹੇ, ਦਰੱਖਤ ਦੇ ਹੇਠਾਂ ਬੁੱਧ ਬਣ ਕੇ, ਕੋਈ ਖ਼ਬਰ ਨਹੀਂ ਹੋਏਗੀ।

ਉਸ ਨੇ ਕਿਹਾ ਕਿ ਇਹ ਤਾਂ ਬਹੁਤ ਉਦਾਸ-ਉਦਾਸ ਫਿੱਕਾ-ਫਿੱਕਾ ਜਿਹਾ ਲੱਗਦਾ ਹੈ। ਮੈਂ ਤਾਂ ਨਰਕ ਵੀ ਵੇਖਣਾ ਚਾਹੁੰਦਾ ਹਾਂ। ਪੁੱਜਿਆ ਨਰਕ। ਬਹੁਤ ਜਚਿਆ। ਦਿੱਲੀ ਨੂੰ ਵੀ ਮਾਤ ਕਰਦਾ ਸੀ। ਕਈ ਅਖ਼ਬਾਰ ਛਪਦੇ ਸਨ। ਬੜੇ ਅੰਦੋਲਨ, ਬਹੁਤ ਸ਼ੋਰ-ਸ਼ਰਾਬਾ, ਬੜੀ ਰੌਣਕ, ਚਹਲ-ਪਹਲ, ਹੋਟਲ, ਸੰਗੀਤ, ਬਾਜੇ, ਉਹ ਜਚਿਆ। ਉਸ ਨੇ ਕਿਹਾ ਕਿ ਇਹ ਗੱਲ ਜਚਦੀ ਹੈ। ਲੇਕਿਨ ਅਸੀਂ ਤਾਂ ਸਦਾ ਧਰਤੀ ਤੇ ਉਲਟਾ ਹੀ ਸੁਣਦੇ ਰਹੇ ਕਿ ਸਵਰਗ ਵਿੱਚ ਬਹੁਤ ਆਨੰਦ ਹੈ ਅਤੇ ਨਰਕ ਵਿੱਚ ਬਹੁਤ ਕਸ਼ਟ ਹੈ। ਇਥੇ ਤਾਂ ਹਾਲਤ ਹੀ ਉਲਟੀ ਹੈ।

ਸ਼ੈਤਾਨ ਨੂੰ ਕਿਹਾ, ਜਿਹੜਾ ਕਿ ਦਰਵਾਜ਼ੇ ਉਤੇ ਸੁਆਗਤ ਕਰਨ ਆਇਆ ਸੀ, ਕਿ ਇਹ ਮਾਮਲਾ ਕੀ ਹੈ? ਧਰਤੀ ਉਤੇ ਤਾਂ ਲੋਕ ਉਲਟਾ ਹੀ ਸਮਝੀ ਬੈਠੀ ਹਨ। ਮੈਂ ਵੀ ਜੇਕਰ ਚੁੱਪ-ਚਾਪ ਸਵੀਕਾਰ ਕਰ ਲੈਂਦਾ, ਤਾਂ ਸਵਰਗ ਵਿੱਚ ਫਸ ਜਾਂਦਾ। ਅਸੀਂ ਤਾਂ ਜਿਹੜਾ ਮਰਦਾ ਹੈ ਉਸ ਨੂੰ ਕਹਿੰਦੇ ਹਾਂ ਸਵਰਗਵਾਸੀ ਹੋਇਆ। ਇਥੇ ਆਉਣਾ ਚਾਹੀਦਾ ਹੈ, ਇਹ ਆਉਣ ਦੇ ਲਾਇਕ ਥਾਂ ਹੈ। ਜ਼ਿੰਦਗੀ ਮਾਲੂਮ ਹੁੰਦੀ ਹੈ। ਰੰਗ ਹੈ, ਰੌਣਕ ਹੈ, ਐਸ਼ੋ-ਆਰਾਮ ਹੈ। ਧਰਤੀ ਉਤ ਉਲਟੀ ਖ਼ਬਰ ਕਿਉਂ ਹੈ?

ਸ਼ੈਤਾਨ ਨੇ ਕਿਹਾ, ਕਾਰਣ ਹੈ। ਮੇਰੀ ਉਥੇ ਕੋਈ ਸੁਣਦਾ ਨਹੀਂ ਅਤੇ ਉਲਟੇ ਪੱਖ ਦੇ ਲੋਕਾਂ ਨੇ ਪ੍ਰਚਾਰ ਕਰ ਰੱਖਿਆ ਹੈ। ਇਹ ਧਾਰਮਿਕ ਲੋਕਾਂ ਨੇ ਸਦਾ ਤੋਂ ਸਵਰਗ ਦਾ ਪ੍ਰਚਾਰ ਕਰ ਰੱਖਿਆ ਹੈ ਅਤੇ ਮੇਰੀ ਕੋਈ ਸੁਣਦਾ ਨਹੀਂ। ਮੈਂ ਜੇਕਰ ਕਿਸੇ ਨੂੰ ਕਹਾਂ ਵੀ,

ਤਾਂ ਲੋਕ ਕਹਿੰਦੇ ਹਨ, ਕਿ ਸ਼ੈਤਾਨ ਹੈ, ਖ਼ਬਰਦਾਰ। ਸੋ ਮੇਰੇ ਨਾਲ ਬਹੁਤ ਅੰਨਿਆਂ ਹੋਇਆ ਹੈ ਅਤੇ ਹੁਣ ਤੁਸੀਂ ਆਪ ਆਪਣੀਆਂ ਅੱਖਾਂ ਨਾਲ ਵੇਖ ਲਵੋ।

ਰਾਜਨੀਤਿਕ ਨੇ ਪਰਤ ਕੇ ਦੇਵਦੂਤ ਨੂੰ ਕਿਹਾ, ਜਿਹੜਾ ਸਵਰਗ ਤੋਂ ਇਥੇ ਤੱਕ ਛੱਡਣ ਆਇਆ ਸੀ, ਕਿ ਮੈਂ ਚੁਣ ਲਿਆ। ਤੂੰ ਵਾਪਸ ਪਰਤ ਜਾ ਮੈਂ ਨਰਕ ਵਿੱਚ ਹੀ ਰਹਾਂਗਾ। ਜਿਵੇਂ ਹੀ ਉਸ ਨੇ ਚੁਣਾਓ ਕੀਤਾ, ਦਰਵਾਜ਼ਾ ਬੰਦ ਹੋ ਗਿਆ ਅਤੇ ਇੱਕ ਦਮ ਨਰਕ ਦੀ ਸ਼ਕਲ ਬਦਲ ਗਈ। ਜਿਵੇਂ ਕਿ ਫਿਲਮਾਂ ਵਿੱਚ ਸੀਨ ਇੱਕ ਦਮ ਬਦਲ ਜਾਂਦੇ ਹਨ। ਅਨੇਕ ਲੋਕ ਉਸਦੇ ਉਤੇ ਟੁੱਟ ਪਏ, ਮੁੱਕੇਬਾਜ਼ੀ, ਉਸ ਨੂੰ ਸੜਦੇ ਕੜਾਹੇ ਵਿੱਚ ਸੁੱਟਣ ਲੱਗੇ। ਉਸ ਨੇ ਕਿਹਾ ਕਿ ਇਹ ਕੀ ਕਰ ਰਹੇ ਹੋ?ਅਤੇ ਹੁਣ ਤੱਕ ਤਾਂ ਸਭ ਠੀਕ ਸੀ। ਸ਼ੈਤਾਨ ਨੇ ਕਿਹਾ, ਕਿ ਇਹ **Visitors** (ਆਣ ਵਾਲਿਆਂ) ਲਈ ਸੀ। ਅਸਲੀ ਨਰਕ ਤਾਂ ਹੁਣ ਸ਼ੁਰੂ ਹੁੰਦਾ ਹੈ। ਉਹ ਤਾਂ ਇਵੇਂ ਹੀ, ਜਿਹੜੇ **Tourists** (ਟੂਰਿਸਟਸ) **Visitors** (ਵਿਜੀਟਰਸ), ਉਨ੍ਹਾਂ ਨੂੰ ਵਿਖਾਉਣ ਲਈ ਬਣਾ ਰੱਖਿਆ ਸੀ। ਹੁਣ ਅਸਲੀ ਚੀਜ਼! ਇੱਕ ਵਾਰ ਚੁਣ ਲਿਆ, ਹੁਣ ਤੁਸੀਂ ਨਿਵਾਸੀ ਹੋ ਗਏ। ਹੁਣ ਤੁਸੀਂ ਮਜ਼ਾ ਵੇਖੋਗੇ।

ਨਰਕ ਵੀ ਲੋਕ ਚੁਣਦੇ ਹਨ, ਕਿਉਂਕਿ ਹਰ ਵਾਸਨਾ ਦਾ ਸ਼ੁਰੂ ਦਾ ਹਿੱਸਾ ਆਉਣ ਵਾਲਿਆਂ (ਵਿਜੀਟਰਸ) ਲਈ ਹੈ। ਹਰ ਵਾਸਨਾ ਦਾ ਪਹਿਲਾ ਚਰਣ ਲੁਭਾਉਣ ਦੇ ਲਈ ਹੈ। ਉਹ **Show window** ਹੈ। ਉਹ ਅਸਲੀ ਚੀਜ਼ ਨਹੀਂ ਹੈ। ਉਹ ਕੇਵਲ ਲਾਲਚ ਹੈ, ਵਿਗਿਆਪਨ ਹੈ। ਇੱਕ ਵਾਰ ਵਾਸਨਾ ਚੁਣ ਲਈ, ਫ਼ਿਰ ਅਸਲੀ ਨਰਕ ਸ਼ੁਰੂ ਹੁੰਦਾ ਹੈ। ਤੁਸੀਂ ਆਪਣੇ ਹੱਥੀਂ ਹੀ ਚੁਣ-ਚੁਣ ਕੇ ਨਰਕ ਵਿੱਚ ਪਏ ਹੋ।

ਅਤੇ ਸਵਰਗ—ਸ਼ੁਰੂ ਵਿੱਚ ਬੇ-ਰੌਣਕ ਹੈ। ਕਿਉਂਕਿ ਆਨੰਦ ਸ਼ੁਰੂ ਵਿੱਚ ਬੇ-ਰੌਣਕ ਹੋਏਗਾ ਹੀ। ਕਿਉਂਕਿ ਆਨੰਦ ਪਰਮ ਸ਼ਾਂਤੀ ਹੈ ਅਤੇ ਦੁੱਖ ਸ਼ੁਰੂ ਵਿੱਚ ਬਹੁਤ ਰੰਗ-ਰੋਗਨ ਵਾਲਾ ਮਾਲੂਮ ਹੁੰਦਾ ਹੈ। ਕਿਉਂਕਿ ਉਤਾਵਲਾਪਨ ਹੈ। ਤੁਸੀਂ ਉਤਾਵਲੇਪਨ ਨੂੰ ਚੁਣਦੇ ਹੋ ਤੇ ਦੁੱਖ ਪਾਉਂਦੇ ਹੋ। ਜਿਸ ਦਿਨ ਤੁਸੀਂ ਸ਼ਾਂਤੀ ਨੂੰ ਚੁਣੋਗੇ, ਉਸ ਦਿਨ ਤੁਸੀਂ ਆਨੰਦ ਪਾਓਗੇ। ਹੁੰਦਾ ਸਭ ਉਸਦੇ ਹੁਕਮ ਨਾਲ ਹੈ, ਉਸੇ ਦੇ ਕਾਨੂੰਨ ਨਾਲ। ਲੇਕਿਨ ਉਸ ਦਾ ਕਾਨੂੰਨ ਜਿਹੋ ਜਿਹੀ ਤੁਸੀਂ ਮੰਗ ਕਰਦੇ ਹੋ ਉਹੋ ਜਿਹਾ ਹੀ ਤੁਹਾਡੇ ਮੁਤਾਬਿਕ ਢਲ ਜਾਂਦਾ ਹੈ। ਉਹ ਤਟੱਸਥ (ਨਿਰਪੱਕਸ਼) ਹੈ। ਉਹ ਆਪਣੀ ਮੰਗ ਨੂੰ ਤੁਹਾਡੇ ਉਪਰ ਨਹੀਂ ਥੋਪਦਾ, ਅਤੇ ਥੋਪ ਵੀ ਦੇਵੇ, ਤਾਂ ਵੀ ਤੁਸੀਂ ਰਾਜ਼ੀ ਨਹੀਂ ਹੋਵੋਗੇ।

ਕਿਉਂਕਿ ਸਵਰਗ ਜੇਕਰ ਤੁਹਾਨੂੰ ਜ਼ਬਰਦਸਤੀ ਦੇ ਦਿੱਤਾ ਜਾਏ ਤਾਂ ਨਰਕ ਤੋਂ ਵੀ ਬੁਰਾ ਮਾਲੂਮ ਹੋਏਗਾ। ਨਰਕ ਵੀ ਤੁਸੀਂ ਆਪਣੀ ਮੌਜ਼ ਨਾਲ ਚੁਣੇ, ਤਾਂ ਸੁਵਰਗ ਹੈ। ਕਿਉਂਕਿ ਤੁਹਾਡੀ ਸੁਤੰਤਰਤਾ ਅਛੁਤੀ ਰਹਿਣੀ ਚਾਹੀਦੀ ਹੈ।

ਇਹ ਇੱਕ ਬਾਰੀਕ ਤੋਂ ਬਾਰੀਕ ਸਵਾਲ ਹੈ। ਮਨੁੱਖ ਦੇ ਦਰਸ਼ਨ ਸ਼ਾਸਤ੍ਰ ਦਾ, ਕਿ ਪਰਮਾਤਮਾ ਅਤੇ ਮਨੁੱਖ ਦੀ ਸੁਤੰਤਰਤਾ ਨਾਲ-ਨਾਲ ਕਿਵੇਂ ਹੋ ਸਕਦੀ ਹੈ? ਇਸ ਲਈ ਮਹਾਂਵੀਰ ਨੇ ਪਰਮਾਤਮਾ ਨੂੰ ਨਾਂਹ ਕਰ ਦਿੱਤੀ। ਕਿਉਂਕਿ ਉਸਦੇ ਨਾਲ ਸੁਤੰਤਰਤਾ ਸਮਾਪਤ ਹੋ ਜਾਏਗੀ। ਜੇਕਰ ਸਭ ਉਸੇ ਦੇ ਹੁਕਮ ਨਾਲ ਹੋ ਰਿਹਾ ਹੈ ਤਾਂ ਤੁਹਾਡੀ ਸੁਤੰਤਰਤਾ ਦਾ ਵੀ ਅੰਤ ਹੋ ਗਿਆ ਅਤੇ ਜਦ ਸੁਤੰਤਰਤਾ ਨਾ ਰਹੀ, ਤਾਂ ਆਤਮਾ ਦਾ ਕੀ ਮੁੱਲ? ਇਸ ਲਈ ਮਹਾਂਵੀਰ ਨੇ ਕਿਹਾ, ਕੋਈ ਪਰਮਾਤਮਾ ਨਹੀਂ, ਸੁਤੰਤਰਤਾ ਹੈ। ਅਜਿਹੇ ਲੋਕ ਹੋਏ, ਜਿਨ੍ਹਾਂ ਨੇ ਕਿਹਾ, ਕੋਈ ਸੁਤੰਤਰਤਾ ਨਹੀਂ, ਭਾਗ ਹੈ। ਪਰਮਾਤਮਾ ਹੈ। ਕੋਈ ਸੁਤੰਤਰਤਾ ਨਹੀਂ ਹੈ।

ਨਾਨਕ ਦੋਹਾਂ ਦੇ ਮੱਧ ਵਿੱਚ ਹਨ। ਉਹ ਕਹਿੰਦੇ ਹਨ। ਮਨੁੱਖ ਦੀ ਸੁਤੰਤਰਤਾ ਵੀ ਹੈ ਅਤੇ ਪਰਮਾਤਮਾ ਵੀ ਹੈ। ਸੁਤੰਤਰਤਾ ਮੰਗਦੀ ਹੈ। ਤੁਸੀਂ ਜੋ ਚਾਹੋ ਮੰਗੋ। ਉਸਦੇ ਲਈ ਯਤਨ ਕਰੋ, ਉਹ ਮਿਲੇਗਾ। ਪਰ ਮਿਲਦਾ ਪਰਮਾਤਮਾ ਦੀ ਮਿਹਰ ਨਾਲ ਹੈ। ਦੁੱਖ ਮੰਗੋ ਤਾਂ ਵੀ ਮਿਲ ਜਾਂਦਾ ਹੈ। ਹੁਣ ਇਹ ਬਹੁਤ ਮਜ਼ੇ ਦੀ ਗੱਲ ਹੈ ਕਿ ਤੁਸੀਂ ਦੁੱਖ ਕਿਉਂ ਮੰਗਦੇ ਚਲੇ ਜਾਂਦੇ ਹੋ? ਤੇ ਜੇ ਤੁਸੀਂ ਸੁੱਖ ਨਹੀਂ ਮੰਗ ਰਹੇ ਹੋ ਤਾਂ ਪਰਮਾਤਮਾ ਲੱਖ ਉਪਾਅ ਕਰੇ, ਤੁਹਾਨੂੰ ਸੁੱਖ ਨਹੀਂ ਦੇ ਸਕਦਾ। ਅਜਿਹਾ ਹੋਇਆ। ਸੂਫ਼ੀ ਫ਼ਕੀਰ ਜੁਨੈਦ ਹੋਇਆ। ਉਹ ਕਹਿੰਦਾ ਸੀ, ਕਿਸੇ ਨੂੰ ਜ਼ਬਰਦਸਤੀ ਸੁੱਖ ਨਹੀਂ ਦਿੱਤਾ ਜਾ ਸਕਦਾ। ਕਿਸੇ ਨੂੰ ਜਬਰਦਸਤੀ ਸ਼ਾਂਤੀ ਨਹੀਂ ਦਿੱਤੀ ਜਾ ਸਕਦੀ।

ਮੈਂ ਵੀ ਰਾਜ਼ੀ ਹਾਂ। ਬਹੁਤ ਲੋਕਾਂ ਨੂੰ ਮੈਂ ਵੀ ਕੋਸ਼ਿਸ਼ ਕਰਕੇ ਵੇਖ ਲਈ ਕਿ ਜ਼ਬਰਦਸਤੀ ਵੀ ਦੇ ਦਿਓ—ਅਸੰਭਵ ਹੈ। ਤੁਸੀਂ ਜਿੰਨਾਂ ਦੇਣ ਦੀ ਜ਼ਬਰਦਸਤੀ ਕਰੋਗੇ, ਓਨਾਂ ਆਦਮੀ ਘਬਰਾ ਕੇ ਭੱਜਦਾ ਹੈ ਕਿ ਕੋਈ ਖ਼ਤਰਾ ਹੈ। ਆਨੰਦ ਵੀ ਨਹੀਂ ਦੇ ਸਕਦੇ ਕਿਸੇ ਨੂੰ। ਕਿਉਂਕਿ ਕੋਈ ਲੈਣ ਨੂੰ ਰਾਜ਼ੀ ਹੀ ਨਹੀਂ ਹੈ।

ਤਾਂ ਇੱਕ ਦਿਨ ਇੱਕ ਭਗਤ ਨੇ ਕਿਹਾ ਕਿ ਇਹ ਗੱਲ ਮੈਂ ਮੰਨ ਹੀ ਨਹੀਂ ਸਕਦਾ। ਸੋ ਅਸੀਂ ਇੱਕ ਪ੍ਰਯੋਗ ਕਰੀਏ। ਉਹ ਇੱਕ ਆਦਮੀ ਨੂੰ ਲਿਆਇਆ ਅਤੇ ਉਸ ਨੇ ਕਿਹਾ ਕਿ ਇਹ ਆਦਮੀ ਬਿਲਕੁਲ ਦੀਨ-ਦਰਿਦ੍ਰ ਹੈ ਅਤੇ ਸਮਰਾਟ ਤੁਹਾਡੇ ਭਗਤ ਹਨ। ਤੁਸੀਂ ਉਨ੍ਹਾਂ ਨੂੰ ਕਹੋ ਕਿ ਇਸ ਨੂੰ ਇੱਕ ਕਰੋੜ ਸੋਨੇ ਦੀਆਂ ਅਸ਼ਰਫੀਆਂ ਦੇ ਦੇਣ। ਫ਼ਿਰ ਅਸੀਂ ਵੇਖੀਏ ਕਿ ਕਿਵੇਂ ਇਹ ਆਦਮੀ ਦੀਨ-ਦਰਿਦ੍ਰ ਰਹਿੰਦਾ ਹੈ। ਕਿਸ ਤਰ੍ਹਾਂ ਦੁਖੀ ਰਹਿੰਦਾ ਹੈ। ਜੁਨੈਦ ਨੇ ਕਿਹਾ—ਠੀਕ। ਇੱਕ ਦਿਨ ਪ੍ਰਯੋਗ ਕੀਤਾ ਗਿਆ ਅਤੇ ਇੱਕ ਕਰੋੜ ਅਸ਼ਰਫੀਆਂ ਇੱਕ ਵੱਡੇ ਘੜੇ ਵਿੱਚ ਭਰ ਕੇ ਇੱਕ ਨਦੀ ਦੇ ਪੁਲ ਦੇ ਵਿਚਕਾਰ ਰੱਖ ਦਿੱਤੀਆਂ ਗਈਆਂ। ਪੁਲ ਉਤੇ ਆਉਣਾ-ਜਾਣਾ ਬੰਦ ਕਰ ਦਿੱਤਾ ਗਿਆ ਅਤੇ ਉਹ ਆਦਮੀ ਰੋਜ਼ ਸ਼ਾਮ ਨੂੰ ਸੈਰ ਕਰਨ ਲਈ ਉਸ ਪੁਲ ਉਤੋਂ ਦੀ ਲੰਘਦਾ

ਸੀ, ਠੀਕ ਉਸ ਵੇਲੇ ਆਉਣਾ-ਜਾਣਾ ਬੰਦ ਕੀਤਾ ਗਿਆ ਅਤੇ ਭਰਿਆ ਹੋਇਆ ਘੜਾ ਪੁਲ ਉਤੇ ਰੱਖ ਦਿੱਤਾ ਗਿਆ। ਉਸ ਵੇਲੇ ਕੋਈ ਨਹੀਂ ਸੀ ਪੁਲ ਉਤੇ। ਦੂਜੇ ਪਾਸੇ ਸਮਰਾਟ, ਜੁਨੈਦ ਤੇ ਉਸਦੇ ਸਾਥੀ, ਜਿਹੜੇ ਪ੍ਰਯੋਗ ਕਰ ਰਹੇ ਸੀ, ਚੁੱਪ-ਚਾਪ ਖਲੋ ਗਏ।

ਹੁਣ ਤਾਂ ਕੋਈ ਔਕੜ ਨਹੀਂ ਸੀ ਉਸ ਆਦਮੀ ਨੂੰ, ਕੋਈ ਪੁਲਿਸ ਨਹੀਂ ਸੀ, ਕੋਈ ਜਨਤਾ ਨਹੀਂ ਸੀ, ਪੁਲ ਖ਼ਾਲੀ ਸੀ। ਪੁਲ ਉਤੇ ਘੜਾ ਖੁੱਲ੍ਹਾ ਰੱਖਿਆ ਹੋਇਆ ਸੀ। ਸੂਰਜ ਦੀ ਧੁੱਪ ਵਿੱਚ ਸੋਨੇ ਦੀਆਂ ਅਸ਼ਰਫੀਆਂ ਚਮਕ ਰਹੀਆਂ ਸਨ ਅਤੇ ਇਹ ਆਦਮੀ ਟੁਰਿਆ ਆ ਰਿਹਾ ਸੀ, ਉਸੇ ਪਾਸਿਓਂ।

ਪਰ ਬਹੁਤ ਹੈਰਾਨੀ ਦੀ ਗੱਲ ਹੈ ਉਹ ਆਦਮੀ ਘੜੇ ਦੇ ਕੋਲੋਂ ਦੀ ਲੰਘ ਗਿਆ ਅਤੇ ਦੂਜੇ ਪਾਸੇ ਆ ਪੁੱਜਾ। ਉਸਨੇ ਘੜੇ ਨੂੰ ਨਾ ਤਾਂ ਵੇਖਿਆ ਅਤੇ ਨਾ ਹੀ ਛੁਹਿਆ। ਜੁਨੈਦ ਅਤੇ ਉਸਦੇ ਸਾਥੀਆਂ ਨੇ ਉਸ ਨੂੰ ਫੜਿਆ ਅਤੇ ਕਿਹਾ ਕਿ ਤੈਨੂੰ ਘੜਾ ਵਿਖਾਈ ਨਹੀਂ ਦਿੱਤਾ।

ਉਸ ਨੇ ਕਿਹਾ, ਕਿਹੋ ਜਿਹਾ ਘੜਾ? ਜਦ ਮੈਂ ਪੁਲ ਉਤੇ ਆਇਆ ਤਾਂ ਮੈਨੂੰ ਇੱਕ ਖਿਆਲ ਆਇਆ ਕਿ ਅੱਜ ਪੁਲ ਉਤੇ ਕੋਈ ਨਹੀਂ ਹੈ। ਕਈ ਦਿਨਾਂ ਤੋਂ ਸੋਚਦਾ ਸੀ ਕਿ ਅੱਖਾਂ ਬੰਦ ਕਰਕੇ ਪੁਲ ਪਾਰ ਕੀਤਾ ਜਾ ਸਕਦਾ ਹੈ। ਕਿ ਨਹੀਂ। ਪਰ ਭੀੜ ਰਹਿੰਦੀ ਸੀ, ਇਸ ਲਈ ਕਰ ਨਹੀਂ ਸਕਿਆ। ਅੱਜ ਸੁਨਸਾਨ ਵੇਖ ਕੇ ਖਿਆਲ ਆਇਆ ਕਿ ਅੱਜ ਕਰ ਲੈਣਾ ਚਾਹੀਦਾ ਹੈ। ਮੈਂ ਅੱਖਾਂ ਬੰਦ ਕਰਕੇ ਲੰਘ ਰਿਹਾ ਸੀ। ਕਿਹੜਾ ਘੜਾ? ਕਿਹੜੇ ਘੜੇ ਦੀ ਗੱਲ ਕਰ ਰਹੇ ਹੋ? ਅਤੇ ਪ੍ਰਯੋਗ ਸਫ਼ਲ ਰਿਹਾ। ਅੱਖਾਂ ਬੰਦ ਕਰਕੇ ਪੁਲ ਪਾਰ ਕੀਤਾ ਜਾ ਸਕਦਾ ਹੈ। ਜੁਨੈਦ ਨੇ ਕਿਹਾ, ਇਹ ਦੇਖੋ, ਜਿਸ ਨੂੰ ਉੱਕਣਾ ਹੈ ਉਹ ਕੋਈ ਖਿਆਲ ਪੈਦਾ ਕਰ ਲਵੇਗਾ ਅਤੇ ਉੱਕ ਜਾਏਗਾ। ਜੋ ਉੱਕਣ ਲਈ ਹੀ ਤਿਆਰ ਹੈ, ਤੁਸੀਂ ਉਸ ਨੂੰ ਬਚਾ ਨਾ ਸਕੋਗੇ। ਪਰਮਾਤਮਾ ਵੀ ਤੁਹਾਨੂੰ ਉਹ ਨਹੀਂ ਦੇ ਸਕਦਾ, ਜਿਸ ਨੂੰ ਲੈਣ ਲਈ ਤੁਸੀਂ ਤਿਆਰ ਨਹੀਂ ਹੋਏ ਹੁੰਦੇ। ਤੁਸੀਂ ਜੇਕਰ ਦੁੱਖ ਲਈ ਤਿਆਰ ਹੋ, ਦੁੱਖ। ਤੁਸੀਂ ਜੇਕਰ ਸੁੱਖ ਲਈ ਤਿਆਰ ਹੋ, ਤਾਂ ਸਵਰਗ, ਸੁੱਖ। ਤੁਹਾਨੂੰ ਉਹ ਹੀ ਮਿਲਦਾ ਹੈ ਜੋ ਤੁਹਾਡੀ ਤਿਆਰੀ ਹੈ। ਮਿਲਦਾ ਉਸਦੀ ਮਿਹਰ ਨਾਲ ਹੈ, ਪਾਉਂਦੇ ਆਪਣੀ ਤਿਆਰੀ ਨਾਲ ਹੋ। ਉਹ ਸਦਾ ਹੀ ਵਰ੍ਹਦਾ ਰਹਿੰਦਾ ਹੈ। ਭਰਦੇ ਤੁਸੀਂ ਤਦ ਹੀ ਹੋ, ਜਦ ਤੁਸੀਂ ਤਿਆਰ ਹੁੰਦੇ ਹੋ, ਉਨਮੁਖ ਹੁੰਦੇ ਹੋ।

ਬੰਧਨ ਅਤੇ ਮੁਕਤੀ ਤੇਰੀ ਹੀ ਆਗਿਆ ਨਾਲ ਹੈ। ਹੇ ਦਾਤਾ! ਇਹ ਵੀ ਤੇਰੇ ਹੀ ਦਾਨ ਹਨ। ਕੋਈ ਦੂਜਾ ਇਸ ਵਿੱਚ ਕੁਝ ਵੀ ਨਹੀਂ ਕਰ ਸਕਦਾ। ਜੋ ਕੋਈ ਗੱਪ ਮਾਰਨ

ਵਾਲਾ ਇਸ ਵਿੱਚ ਕੁਝ ਕਹਿਣ ਜਾਂਦਾ ਹੈ, ਉਸ ਨੂੰ ਆਪਣੀ ਮੂਰਖਤਾ ਦਾ ਪਤਾ ਤਦ ਲੱਗਦਾ ਹੈ ਜਦ ਉਸਦੇ ਮੂੰਹ ਉਤੇ ਮਾਰ ਪੈਂਦੀ ਹੈ। ਉਹ ਆਪ ਹੀ ਜਾਣਦਾ ਹੈ ਅਤੇ ਆਪ ਹੀ ਦਿੰਦਾ ਹੈ। ਉਸਦਾ ਵਰਨਣ ਵੀ ਵਿਰਲਾ ਹੀ ਕਰ ਸਕਦਾ ਹੈ। ਉਹ ਜਿਸ ਨੂੰ ਚਾਹੇ ਆਪਣੀ ਸਥਿਤੀ ਦਾ ਗੁਣ ਬਖਸ਼ ਸਕਦਾ ਹੈ। ਨਾਨਕ ਕਹਿੰਦੇ ਹਨ, ਉਹ ਬਾਦਸ਼ਾਹਾਂ ਦਾ ਵੀ ਬਾਦਸ਼ਾਹ ਹੈ।

ਕੋਈ ਗੱਪ ਮਾਰਨ ਵਾਲਾ—ਅਤੇ ਬਹੁਤ ਹਨ ਧਰਮ ਦੇ ਜਗਤ ਵਿੱਚ ਗੱਪ ਮਾਰਨ ਵਾਲੇ। ਕਿਉਂਕਿ ਜਿੰਨੀ ਸਹੂਲੀਅਤ ਗੱਪ ਮਾਰਨ ਦੀ ਧਰਮ ਦੇ ਜਗਤ ਵਿੱਚ ਹੈ, ਓਨੀ ਹੋਰ ਕਿਤੇ ਵੀ ਨਹੀਂ ਹੈ, ਕਿਉਂਕਿ ਸਾਰਾ ਮਾਮਲਾ ਹੀ ਨਿਰਾਲਾ ਹੈ ਅਤੇ ਸਾਰਾ ਮਾਮਲਾ ਹੀ ਭੇਦ ਯੁਕਤ ਹੈ। ਅਤੇ ਸਾਰਾ ਮਾਮਲਾ ਹਨੇਰੇ ਵਿੱਚ ਹੈ। ਪ੍ਰਮਾਣ ਤਾਂ ਕੁਝ ਹੈ ਨਹੀਂ। ਇਸ ਲਈ ਬਹੁਤ ਗੱਪਾਂ ਧਰਮ ਦੇ ਨਾਉਂ 'ਤੇ ਚਲਦੀਆਂ ਹਨ।

ਇਸ ਲਈ ਤਾਂ ਦੁਨੀਆਂ ਵਿੱਚ ਤਿੰਨ ਸੌ ਧਰਮ ਹਨ। ਨਹੀਂ ਤਾਂ ਤਿੰਨ ਸੌ ਧਰਮ ਹੋ ਸਕਦੇ ਹਨ? ਧਰਮ ਹੁੰਦਾ ਤਾਂ ਇੱਕ ਹੀ ਹੋਏਗਾ। ਤਿੰਨ ਸੌ ਧਰਮ ਕਿਵੇਂ ਹੋ ਸਕਦੇ ਹਨ? ਅਤੇ ਇਨ੍ਹਾਂ ਤਿੰਨ ਸੌ ਧਰਮਾਂ ਦੇ ਵੀ ਤਿੰਨ ਹਜ਼ਾਰ ਨਿੱਕੇ-ਨਿੱਕੇ ਸੰਪਰਦਾਇ ਹਨ। ਨਿਸ਼ਚਿਤ ਹੀ ਸਤਯ ਦੇ ਸੰਬੰਧ ਵਿੱਚ ਬਹੁਤ ਸਾਰੀਆਂ ਗੱਪਾਂ ਮਾਰੀਆਂ ਗਈਆਂ ਹਨ ਅਤੇ ਰਾਹ ਤਾਂ ਕੁਝ ਵੀ ਨਹੀਂ ਹੈ, ਜਾਂਚ-ਪੜਤਾਲ ਦਾ, ਕਿ ਕੀ ਗੱਪ ਹੈ ਅਤੇ ਕੀ ਸਹੀ ਹੈ ਅਤੇ ਗੱਪਾਂ ਮਾਰਨ ਵਾਲੇ ਬਹੁਤ ਹੁਸ਼ਿਆਰ ਹਨ।

ਮਹਾਂਵੀਰ ਸੱਤਾਂ ਨਰਕਾਂ ਦੀ ਗੱਲ ਕਰਦੇ ਸਨ ਕਿ ਸੱਤ ਨਰਕ ਹਨ। ਕਿਵੇਂ ਪ੍ਰਮਾਣ ਦਿਓਗੇ? ਕਿਵੇਂ ਪੱਕਾ ਕਰੋਗੇ ਕਿ ਸੱਤ ਹਨ? ਮਹਾਂਵੀਰ ਦਾ ਵਿਰੋਧੀ ਸੀ, ਮੱਖਲੀ ਗੋਸ਼ਾਲ ਨਾਉਂ ਦਾ ਇੱਕ ਆਦਮੀ। ਜਦ ਉਸਦੇ ਚੇਲਿਆਂ ਨੇ ਉਸ ਨੂੰ ਜਾ ਕੇ ਪੁੱਛਿਆ ਕਿ ਤੁਹਾਨੂੰ ਵੀ ਪਤਾ ਹੈ ਕਿ ਮਹਾਂਵੀਰ ਕਹਿੰਦੇ ਹਨ ਕਿ ਸੱਤ ਨਰਕ ਹਨ? ਉਸ ਨੇ ਕਿਹਾ, ਮਹਾਂਵੀਰ ਨੂੰ ਪੂਰਾ ਪਤਾ ਨਹੀਂ, ਨਰਕ ਸੱਤ ਸੌ ਹਨ।

ਹੁਣ ਕੀ ਕਰੋਗੇ? ਇਹ ਮੱਖਲੀ ਗੋਸ਼ਾਲ ਠੀਕ ਕਹਿੰਦਾ ਹੈ ਕਿ ਮਹਾਂਵੀਰ ਠੀਕ ਕਹਿੰਦੇ ਹਨ? ਰਾਹ ਕੀ ਹੈ? ਦੋਹਾਂ ਦੇ ਵਿਚਕਾਰ ਕੌਣ ਸਹੀ ਹੈ?

ਪਰ ਉਹ ਹੀ ਹੋਇਆ, ਜੋ ਨਾਨਕ ਕਹਿੰਦੇ ਹਨ। ਮੱਖਲੀ ਗੋਸ਼ਾਲ ਦੇ ਜੀਵਨ ਵਿੱਚ ਉਹ ਹੀ ਹੋਇਆ। ਉਸ ਨੇ ਜ਼ਿੰਦਗੀ ਭਰ ਗੱਪਾਂ ਮਾਰੀਆਂ, ਮਰਨ ਵੇਲੇ ਪਛਤਾਇਆ। ਕਿਉਂਕਿ ਜਦ ਮੌਤ ਨੇੜੇ ਆਈ, ਤਾਂ ਉਹ ਘਬਰਾਇਆ ਕਿ ਹੁਣ ਕੀ ਹੋਏਗਾ? ਜਦ ਮੌਤ ਨੇੜੇ ਆਈ ਤਾਂ ਉਹ ਕੰਬਣ ਲੱਗਾ। ਜਦ ਮੌਤ ਨੇੜੇ ਆਈ ਤਦ ਉਸ ਨੇ ਆਪਣੇ ਭਗਤਾਂ ਨੂੰ ਕਿਹਾ ਕਿ ਜੋ ਵੀ ਮੈਂ ਕਿਹਾ ਹੈ, ਉਹ ਸਾਰਾ ਕੁਝ ਝੂਠ ਸੀ। ਜਦ ਮੈਂ ਮਰ ਜਾਵਾਂ ਤਾਂ ਤੁਸੀਂ ਮੇਰੀ ਲਾਸ਼ ਨੂੰ ਸੜਕਾਂ ਉਤੇ ਘਸੀਟਣਾ ਅਤੇ ਲੋਕਾਂ ਨੂੰ

ਕਹਿਣਾ, ਮੇਰੇ ਮੂੰਹ ਉਤੇ ਥੁੱਕਣ। ਕਿਉਂਕਿ ਇਸ ਮੂੰਹ ਨਾਲ ਮੈ ਸਿਵਾਏ ਝੂਠ ਦੇ ਹੋਰ ਕੁਝ ਵੀ ਨਹੀਂ ਬੋਲਿਆ।

ਪਰ ਮੱਖਲੀ ਗੋਸ਼ਾਲ ਵੀ ਆਦਮੀ ਹਿੰਮਤਵਰ ਰਿਹਾ ਹੋਵੇਗਾ। ਨਹੀਂ ਤਾਂ ਇਹ ਵੀ ਕੌਣ ਕਹਿੰਦਾ ਅਤੇ ਇਹ ਆਦਮੀ ਵੀ ਈਮਾਨਦਾਰ ਹੋਇਆ, ਨਹੀਂ ਤਾਂ ਜ਼ਿੰਦਗੀ ਭਰ ਝੂਠ ਬੋਲਦਾ ਰਿਹਾ, ਇੱਕ ਘੜੀ ਲਈ ਹੋਰ ਚੁੱਪ ਸਾਧ ਲੈਂਦਾ ਅਤੇ ਮਰ ਜਾਂਦਾ। ਤਾਂ ਸ਼ਾਇਦ ਮੱਖਲੀ ਗੋਸ਼ਾਲ ਦਾ ਇੱਕ ਧਰਮ ਹੁੰਦਾ। ਕਿਉਂਕਿ ਉਸ ਦੇ ਬਹੁਤ ਭਗਤ ਸਨ ਅਤੇ ਉਸ ਨੂੰ ਮੰਨਣ ਵਾਲੇ ਕਈ ਸਨ। ਉਹ ਮਹਾਂਵੀਰ ਦੇ ਵੱਡੇ ਤੋਂ ਵੱਡੇ ਪ੍ਰਤਿਯੋਗੀਆਂ ਵਿਚੋਂ ਇੱਕ ਸੀ। ਪਹਿਲਾਂ ਮਹਾਂਵੀਰ ਦਾ ਚੇਲਾ ਸੀ। ਫਿਰ ਜਦ ਉਸ ਨੇ ਕੁਝ ਥੋੜ੍ਹਾ ਜਿਹਾ ਸਿੱਖ ਲਿਆ ਤਾਂ ਉਸ ਨੇ ਵੱਖਰਾ ਸੰਪਰਦਾਯ ਖੜ੍ਹਾ ਕਰਨ ਦਾ ਕੋਸ਼ਿਸ਼ ਕੀਤੀ।

ਨਿਸ਼ਚਿਤ ਹੀ ਗੱਪ ਮਾਰਨ ਵਾਲਾ ਹੋਏਗਾ। ਕਿਉਂਕਿ ਜਦ ਮਹਾਂਵੀਰ ਨੂੰ ਪਤਾ ਲੱਗਿਆ ਤਾਂ ਮਹਾਂਵੀਰ ਨੇ ਕਿਹਾ ਕਿ ਇਹ ਤਾਂ ਬਹੁਤ ਹੈਰਾਨਗੀ ਵਾਲੀ ਗੱਲ ਹੈ। ਉਸ ਨੂੰ ਤਾਂ ਹਾਲੇ ਪਹਿਲੀਆਂ ਝਲਕਾਂ ਵੀ ਨਹੀਂ ਮਿਲੀਆਂ ਸਨ। ਪਰ ਉਹ ਮਹਾਂਵੀਰ ਦੇ ਕੋਲ, ਜੋ ਉਸ ਨੂੰ ਕਹਿੰਦੇ ਸਨ, ਸਮਝਾਉਂਦੇ ਸਨ, ਉਹ ਸਭ ਉਸ ਨੇ ਸਮਝ ਲਿਆ। ਆਦਮੀ ਹੋਸ਼ਿਆਰ ਸੀ, ਕੁਸ਼ਲ ਸੀ, ਬੋਲ ਸਕਦਾ ਸੀ, ਲਿਖ ਸਕਦਾ ਸੀ। ਪੰਡਿਤ ਸੀ, ਉਸਨੇ ਆਪਣਾ ਸੰਪਰਦਾਯ ਖੜ੍ਹਾ ਕਰ ਲਿਆ। ਮਹਾਂਵੀਰ ਜਦ ਪਿੰਡ ਵਿੱਚ ਆਏ, ਜਿਸ ਪਿੰਡ ਵਿੱਚ ਮੱਖਲੀ ਗੋਸ਼ਾਲ ਠਹਿਰਿਆ ਸੀ ਤਾਂ ਉਨ੍ਹਾਂ ਨੇ ਕਿਹਾ ਕਿ ਮੈਂ ਤਾਂ ਮੱਖਲੀ ਗੋਸ਼ਾਲ ਨੂੰ ਮਿਲਾਂਗਾ, ਕਿਉਂਕਿ ਉਹ ਮੇਰਾ ਪੁਰਾਣਾ ਸ਼ਿੱਸ਼ ਹੈ ਅਤੇ ਉਸ ਨੂੰ ਪੁੱਛਾਂਗਾ, ਪਾਗਲ! ਤੂੰ ਇਹ ਕੀ ਕਰ ਰਿਹਾ ਹੈਂ? ਤੈਨੂੰ ਆਪ ਵੀ ਪਤਾ ਨਹੀਂ ਹੈ। ਮੱਖਲੀ ਗੋਸ਼ਾਲ ਨਾਲ ਮਿਲਣਾ ਹੋਇਆ। ਪਰ ਝੂਠ ਬੋਲਣ ਵਾਲੇ ਦਾ ਤਾਂ ਤੁਸੀਂ ਭਰੋਸਾ ਹੀ ਨਹੀਂ ਕਰ ਸਕਦੇ। ਉਸ ਨੇ ਮਹਾਂਵੀਰ ਨੂੰ ਇਸ ਤਰ੍ਹਾਂ ਵੇਖਿਆ ਜਿਵੇਂ ਕਦੇ ਵੇਖਿਆ ਹੀ ਨਾ ਹੋਵੇ। ਮਹਾਂਵੀਰ ਨੇ ਕਿਹਾ ਕਿ ਕੀ ਤੂੰ ਬਿਲਕੁਲ ਭੁੱਲ ਗਿਆ ਕਿ ਤੂੰ ਵਰ੍ਹਿਆਂ ਤੱਕ ਮੇਰੇ ਨਾਲ ਰਿਹਾ ਹੈਂ?

ਮੱਖਲੀ ਗੋਸ਼ਾਲ ਨੇ ਕਿਹਾ, ਤੁਸੀਂ ਭਰਮ ਵਿੱਚ ਹੋ। ਜਿਹੜਾ ਤੁਹਾਡੇ ਨਾਲ ਸੀ, ਉਹ ਆਤਮਾ ਤਾਂ ਜਾ ਚੁੱਕੀ ਅਤੇ ਉਸੇ ਸ਼ਰੀਰ ਵਿੱਚ ਇਹ ਨਵੀਂ ਆਤਮਾ ਤੀਰਥੰਕਰ ਦੀ ਪ੍ਰਵੇਸ਼ ਕਰ ਗਈ ਹੈ। ਮੈਂ ਉਹ ਨਹੀਂ ਹਾਂ ਜਿਹੜਾ ਤੁਹਾਡੇ ਨਾਲ ਸੀ, ਇਹ ਦੇਹ ਤੁਹਾਡੇ ਨਾਲ ਸੀ। ਇਹ ਮੈਨੂੰ ਪਤਾ ਹੈ। ਸੁਣਿਆ ਹੈ। ਪਰ ਉਹ ਆਦਮੀ ਮਰ ਗਿਆ, ਜਿਹੜਾ ਤੁਹਾਡਾ ਸ਼ਿੱਸ਼ ਸੀ। ਇਸ ਲਈ ਭੁੱਲ ਕੇ ਵੀ ਕਿਸੇ ਨੂੰ ਇਹ ਨਾ ਕਹਿਣਾ ਕਿ ਮੱਖਲੀ ਗੋਸ਼ਾਲ ਮੇਰਾ ਸ਼ਿੱਸ਼ ਸੀ। ਇਹ ਤਾਂ ਹੁਣ ਇੱਕ ਤੀਰਥੰਕਰ ਦੀ ਆਤਮਾ ਮੇਰੇ ਵਿੱਚ ਪ੍ਰਵੇਸ਼ ਕਰ ਗਈ ਹੈ। ਮਹਾਂਵੀਰ ਚੁੱਪ ਰਹਿ ਗਏ ਹੋਣਗੇ। ਹੁਣ ਇਸ ਆਦਮੀ ਨੂੰ ਕੀ

ਕਹਿਣਾ ਅਤੇ ਉਸਦਾ ਬਹੁਤ ਪ੍ਰਭਾਵ ਵੀ ਸੀ। ਉਸ ਦੇ ਹਜ਼ਾਰਾਂ ਭਗਤ ਸਨ। ਪਰ ਫ਼ਿਰ ਵੀ ਆਦਮੀ ਚੰਗਾ ਹੀ ਰਿਹਾ ਹੋਵੇਗਾ। ਮਰਨ ਵੇਲੇ ਉਸ ਨੂੰ ਇਹ ਅਹਿਸਾਸ ਤਾਂ ਹੋ ਗਿਆ।

ਉਹ ਹੀ ਨਾਨਕ ਕਹਿ ਰਹੇ ਹਨ, ਕਿ ਜਿਹੜਾ ਕੋਈ ਗੱਪਾਂ ਮਾਰਨ ਵਾਲਾ ਇਸ ਵਿੱਚ ਕੁਝ ਕਹਿਣ ਜਾਂਦਾ ਹੈ ਤਾਂ ਉਸ ਨੂੰ ਆਪਣੀ ਮੂਰਖਤਾ ਦਾ ਪਤਾ ਤਦ ਲੱਗਦਾ ਹੈ ਜਦ ਉਸਦੇ ਮੂੰਹ ਉਤੇ ਮਾਰ ਪੈਂਦੀ ਹੈ। ਜਦ ਮੌਤ ਦੀ ਮਾਰ ਪੈਂਦੀ ਹੈ। ਅਤੇ ਜਦ ਜ਼ਿੰਦਗੀ ਹੱਥੋਂ ਛੁੱਟਣ ਲੱਗਦੀ ਹੈ ਤਦ ਉਸ ਨੂੰ ਪਤਾ ਲੱਗਦਾ ਹੈ ਕਿ ਮੈਂ ਵਿਅਰਥ ਹੀ ਨਰਕ ਸੁਵਰਗ ਦੀਆਂ ਗੱਲਾਂ ਕਰਦਾ ਰਿਹਾ। ਮੈਨੂੰ ਕੁਝ ਵੀ ਪਤਾ ਨਹੀਂ। ਅਤੇ ਜ਼ਿੰਦਗੀ ਹੱਥੋਂ ਨਿਕਲ ਗਈ ਹੈ। ਮੈਂ ਜ਼ਿੰਦਗੀ ਦਾ ਕੋਈ ਆਧਾਰ ਨਾ ਰੱਖ ਸਕਿਆ। ਕਾਗਜ਼ ਦੀਆਂ ਬੇੜੀਆਂ ਤਰਾਉਂਦਾ ਰਿਹਾ। ਹੁਣ ਡੁੱਬਣ ਦਾ ਵੇਲਾ ਆਇਆ, ਤਦ ਪਤਾ ਲੱਗਦਾ ਹੈ।

ਸੰਭਲਣਾ! ਕਦੇ ਵੀ ਧਰਮ ਦੇ ਸੰਬੰਧ ਵਿੱਚ ਜੋ ਪਤਾ ਨਾ ਹੋਵੇ, ਭੁੱਲ ਕੇ ਨਾ ਕਹਿਣਾ। ਪਤਾ ਹੋਵੇ ਤਾਂ ਹੀ ਕਹਿਣਾ, ਨਹੀਂ ਤਾਂ ਚੁੱਪ ਰਹਿਣਾ। ਕਿਉਂਕਿ ਮਨ ਬਹੁਤ ਅਨਵੇਸ਼ਣ ਕਰ ਲੈਂਦਾ ਹੈ। ਮਨ ਵੱਡੇ ਆਵਿਸ਼ਕਾਰ (ਕਾਢਾਂ) ਕਰ ਲੈਂਦਾ ਹੈ। ਮਨ ਕੁਝ ਲੱਭਣ ਵਿੱਚ ਬਹੁਤ ਹੁਸ਼ਿਆਰ ਹੈ ਅਤੇ ਇੱਕ ਵਾਰ ਤੁਹਾਡਾ ਮਨ ਲੱਭਣ ਲੱਗੇ, ਗੱਲਾਂ ਕਰਨ ਲੱਗੇ ਅਤੇ ਚਰਚਾ ਚੱਲ ਪਏ ਤਾਂ ਇੱਕ ਜਾਲ ਸ਼ੁਰੂ ਹੋ ਜਾਂਦਾ ਹੈ। ਜੋ ਆਪਣੇ ਆਪ ਵਧਦਾ ਹੈ। ਤੁਹਾਨੂੰ ਫ਼ਿਰ ਕੁਝ ਕਰਨਾ ਨਹੀਂ ਪੈਂਦਾ। ਇੱਕ ਸ਼ਬਦ ਦੂਜੇ ਸ਼ਬਦ ਨੂੰ ਪੈਦਾ ਕਰ ਦਿੰਦਾ ਹੈ। ਇੱਕ ਗੱਲ ਦੂਜੀ ਗੱਲ ਨੂੰ ਪੈਦਾ ਕਰ ਦਿੰਦੀ ਹੈ। ਫ਼ਿਰ ਤੁਸੀਂ ਅੱਗੇ ਵੱਧਣ ਲੱਗਦੇ ਹੋ।

ਅਜਿਹਾ ਹੋਇਆ ਕਿ ਇੱਕ ਧਰਮ ਗੁਰੂ ਇੱਕ ਸਰਾਂ ਵਿੱਚ ਆ ਕੇ ਠਹਿਰਿਆ। ਉਸ ਨੇ ਆਪਣਾ ਘੋੜਾ ਦਰੱਖਤ ਹੇਠਾਂ ਬੰਨ੍ਹ ਦਿੱਤਾ। ਮੁੱਲਾ ਨਸਰੂਦੀਨ ਇਹ ਦੇਖ ਰਿਹਾ ਸੀ। ਘੋੜਾ ਬਹੁਤ ਪਿਆਰਾ ਸੀ ਅਤੇ ਬਹੁਤ ਕੀਮਤੀ ਸੀ ਅਤੇ ਧਰਮ ਗੁਰੂ ਵੀ ਮਸ਼ਹੂਰ ਸੀ, ਉਸ ਨੂੰ ਆਪਣੇ ਘੋੜੇ ਨਾਲ ਬਹੁਤ ਲਗਾਓ ਸੀ। ਉਹ ਦੂਰ-ਦੂਰ ਦੀ ਯਾਤਰਾ ਆਪਣੇ ਘੋੜੇ ਉਤੇ ਹੀ ਕਰਦਾ ਸੀ। ਉਹ ਦੁਪਹਿਰ ਕਟਣ ਅਤੇ ਕੁਝ ਆਰਾਮ ਕਰਨ ਲਈ ਰੁਕਿਆ ਸੀ।

ਮੁੱਲਾ ਨਸਰੂਦੀਨ ਘੋੜੇ ਦੇ ਕੋਲ ਗਿਆ। ਘੋੜੇ ਨੂੰ ਪੁਚਕਾਰਿਆ। ਜਦ ਉਹ ਘੋੜੇ ਨੂੰ ਪੁਚਕਾਰ ਰਿਹਾ ਸੀ ਅਤੇ ਖੁਸ਼ ਹੋ ਰਿਹਾ ਸੀ—ਘੋੜਾ ਸਚਮੁਚ ਬਹੁਤ ਕੀਮਤੀ ਸੀ—ਤਦ ਹੀ ਘੋੜਿਆਂ ਦਾ ਇੱਕ ਖਰੀਦਦਾਰ ਕੋਲੋਂ ਦੀ ਲੰਘਿਆ। ਉਸ ਨੇ ਨਸਰੂਦੀਨ ਨੂੰ ਪੁੱਛਿਆ, ਘੋੜਾ ਤੇਰਾ ਹੈ? ਹੁਣ ਏਨਾ ਸ਼ਾਨਦਾਰ ਘੋੜਾ! ਕਹਿਣਾ ਮੁਸ਼ਕਿਲ ਹੋ ਗਿਆ

ਕਿ ਆਪਣਾ ਨਹੀਂ ਹੈ। ਨਸਰੂਦੀਨ ਨੇ ਕਿਹਾ, ਹਾਂ ਆਪਣਾ ਹੀ ਘੋੜਾ ਹੈ। ਉਸ ਆਦਮੀ ਨੇ ਕਿਹਾ, ਬੇਚੋਗੇ? ਗੱਲ-ਗੱਲ ਵਿੱਚ ਗੱਲ ਵਧ ਗਈ।

ਨਸਰੂਦੀਨ ਨੇ ਕਿਹਾ, ਖਰੀਦਨ ਦੀ ਹਿੰਮਤ ਹੈ! ਹਜ਼ਾਰ ਰੁਪਈਏ ਦਾ ਘੋੜਾ ਸੀ, ਨਸਰੂਦੀਨ ਨੇ ਦੋ ਹਜ਼ਾਰ ਮੰਗੇ। ਨਾ ਕੋਈ ਦੇਵੇਗਾ, ਨਾ ਗੱਲ ਬਣੇਗੀ, ਗੱਲ ਮੁੱਕ ਜਾਏਗੀ। ਉਹ ਆਦਮੀ ਤਾਂ ਦੋ ਹਜ਼ਾਰ ਦੇਣ ਲਈ ਤਿਆਰ ਹੋ ਗਿਆ। ਹੁਣ ਗੱਲ ਇਥੇ ਤੱਕ ਵਧ ਗਈ ਸੀ ਕਿ ਪਿੱਛੇ ਮੁੜਣਾ ਮੁਸ਼ਕਿਲ ਹੋ ਗਿਆ। ਸੋ ਉਸ ਨੇ ਵੇਚ ਦਿੱਤਾ। ਫ਼ਿਰ ਉਸ ਨੇ ਸੋਚਿਆ, ਕੁਝ ਹਰਜ਼ ਵੀ ਕੀ ਹੈ? ਦੋ ਹਜ਼ਾਰ ਮੁਫਤ ਹੱਥ ਲੱਗ ਰਹੇ ਹਨ। ਧਰਮ ਗੁਰੂ ਵੀ ਸੁੱਤਾ ਪਿਆ ਹੈ।

ਉਹ ਜਦ ਦੋ ਹਜ਼ਾਰ ਗਿਣ ਕੇ ਜੇਬ ਵਿੱਚ ਪਾ ਹੀ ਰਿਹਾ ਸੀ, ਖਰੀਦਦਾਰ ਤਾਂ ਘੋੜਾ ਲੈ ਕੇ ਜਾ ਚੁਕਿਆ ਸੀ, ਧਰਮ ਗੁਰੂ ਬਾਹਰ ਆਇਆ। ਨੱਠਣ ਦਾ ਮੌਕਾ ਨਾ ਮਿਲਿਆ। ਰੁਪਈਏ ਤਾਂ ਉਸ ਨੇ ਜੇਬ ਵਿੱਚ ਪਾ ਲਏ, ਹੁਣ ਕੀ ਕਰੇ? ਕੁਝ ਸੁਝਿਆ ਨਹੀਂ, ਤਾਂ ਜਿੱਥੇ ਘੋੜਾ ਖੜ੍ਹਾ ਸੀ, ਉਥੇ ਘੋੜੇ ਦੀ ਰੱਸੀ ਆਪਣੇ ਗੱਲ ਵਿੱਚ ਪਾ ਲਈ ਤੇ ਇੱਕ ਘਾਹ ਦਾ ਤਿਣਕਾ ਮੂੰਹ ਵਿੱਚ ਪਾ ਕੇ ਖਲ੍ਹੋ ਗਿਆ। ਧਰਮ ਗੁਰੂ ਆਪ ਵੀ ਬਹੁਤ ਘਬਰਾਇਆ। ਉਸ ਨੇ ਇਹ ਹਾਲਤ ਵੇਖੀ, ਤਾਂ ਉਸ ਦੇ ਵੀ ਹੱਥ-ਪੈਰ ਕੰਬ ਗਏ ਕਿ ਇਹ ਹੋਇਆ ਕੀ ਹੈ? ਇਹ ਮਾਮਲਾ ਕੀ ਹੈ?

ਨਸਰੂਦੀਨ ਨੇ ਕਿਹਾ, 'ਹੁਣ ਤੁਹਾਡੇ ਕੋਲੋਂ ਕੀ ਲੁਕਾਉਣਾ! ਸੱਚੀ ਗੱਲ ਕਹਿ ਦਿਆਂ? ਉਸ ਧਰਮ ਗੁਰੂ ਨੇ ਕਿਹਾ ਕਿ ਮੈਨੂੰ ਤੇਰੀ ਸੱਚੀ ਗੱਲ ਜਾਨਣ ਨਾਲ ਕੋਈ ਮਤਲਬ ਨਹੀਂ, ਉਹ ਮੇਰਾ ਘੋੜਾ ਕਿੱਥੇ ਹੈ? ਕਿਉਂਕਿ ਮੈਨੂੰ ਤੂੰ ਤਾਂ ਪਾਗਲ ਆਦਮੀ ਮਾਲੂਮ ਹੁੰਦਾ ਹੈਂ, ਮੇਰਾ ਘੋੜਾ ਕਿੱਥੇ ਹੈ? ਨਸਰੂਦੀਨ ਨੇ ਕਿਹਾ, ਕਿ ਤੁਹਾਡੇ ਘੋੜੇ ਦੀ ਗੱਲ ਅਤੇ ਮੇਰੀ ਗੱਲ ਦੋ ਵੱਖਰੀਆਂ-ਵੱਖਰੀਆਂ ਗੱਲਾਂ ਨਹੀਂ ਹਨ। ਮੈਂ ਹੀ ਆਪ ਦਾ ਘੋੜਾ ਹਾਂ। ਧਰਮ ਗੁਰੂ ਨੇ ਕਿਹਾ ਕਿ ਇਹ ਤੁਸੀਂ ਕੀ ਕਹਿ ਰਹੇ ਹੋ? ਹੋਸ਼ ਵਿੱਚ ਹੋ? ਸ਼ਰਾਬ ਪੀਤੀ ਹੋਈ ਹੈ?'

ਨਸਰੂਦੀਨ ਨੇ ਕਿਹਾ ਕਿ ਤੁਸੀਂ ਪੂਰੀ ਕਹਾਣੀ ਸੁਣ ਲਓ, ਵੀਹ ਸਾਲ ਪਹਿਲਾਂ ਮੈਂ ਇੱਕ ਇਸਤ੍ਰੀ ਨਾਲ ਦੁਰਾਚਾਰ ਕੀਤਾ, ਪਾਪ ਕੀਤਾ। ਪਰਮਾਤਮਾ ਬਹੁਤ ਨਾਰਾਜ਼ ਹੋ ਗਿਆ ਅਤੇ ਉਸ ਨੇ ਗੁੱਸੇ ਵਿੱਚ ਮੈਨੂੰ ਘੋੜਾ ਬਣਾ ਦਿੱਤਾ, ਤੁਹਾਡਾ ਘੋੜਾ। ਅਜਿਹਾ ਜਾਪਦਾ ਹੈ ਕਿ ਮੇਰੀ ਸਜ਼ਾ ਪੂਰੀ ਹੋ ਗਈ ਹੈ ਅਤੇ ਮੈਂ ਪਰਤ ਕੇ ਆਦਮੀ ਹੋ ਗਿਆ ਹਾਂ। ਮੇਰਾ ਨਾ ਨਸਰੂਦੀਨ ਹੈ।

ਧਰਮ ਗੁਰੂ ਵੀ ਘਬਰਾ ਗਿਆ। ਪਰਮਾਤਮਾ ਦੀ ਇਹੋ ਜਿਹੀ ਨਾਰਾਜ਼ਗੀ ਕਿ ਆਦਮੀ ਨੂੰ ਘੋੜਾ ਬਣਾ ਦਿੱਤਾ। ਇੱਕ ਦਮ ਗੋਡਿਆਂ ਭਾਰ ਬਹਿ ਗਿਆ। ਖ਼ੁਦ ਵੀ ਉਸ

ਨੇ ਪਰਮਾਤਮਾ ਅੱਗੇ ਪ੍ਰਾਰਥਨਾ ਕੀਤੀ ਕਿ ਬਖਸ਼ ਦੇ, ਪਾਪ ਤਾਂ ਮੈਂ ਵੀ ਬਹੁਤ ਕੀਤੇ ਹਨ। ਪਰ ਦਇਆ ਕਰ। ਤੇਰੀ ਮਿਹਰ ਦਾ ਸਹਾਰਾ ਮੰਗਦਾ ਹਾਂ।

ਫਿਰ ਉਸ ਨੇ ਨਸਰੂਦੀਨ ਨੂੰ ਕਿਹਾ, ਭਾਈ ਇਹ ਤਾਂ ਠੀਕ ਹੈ, ਪਰ ਹੁਣ ਮੈਂ ਅੱਗੇ ਜਾਣਾ ਹੈ। ਹੁਣ ਜੋ ਹੋਇਆ, ਹੋਇਆ, ਤੂੰ ਆਪਣੇ ਘਰ ਜਾ, ਤੇ ਮੈਂ ਬਾਜ਼ਾਰ ਜਾ ਕੇ ਘੋੜਾ ਖਰੀਦ ਲਵਾਂ। ਉਹ ਬਾਜ਼ਾਰ ਗਿਆ ਤਾਂ ਘੋੜੇ ਵੇਚਣ ਵਾਲੇ ਦੀ ਦੁਕਾਨ ਉਤੇ ਆਪਣੇ ਘੋੜੇ ਨੂੰ ਖਲੋਤਾ ਵੇਖਿਆ ਤਾਂ ਉਸਦੀ ਛਾਤੀ ਹੋਰ ਵੀ ਘਬਰਾਈ। ਉਹ ਘੋੜੇ ਦੇ ਕੋਲ ਗਿਆ ਅਤੇ ਕੰਨ ਵਿੱਚ ਕਿਹਾ, ਨਸਰੂਦੀਨ ਫੇਰ ਤੋਂ? ਏਨੀ ਛੇਤੀ?

ਇੱਕ ਵਾਰ ਮਨ ਝੂਠ ਸ਼ੁਰੂ ਕਰ ਦੇਵੇ ਤਾਂ ਜਿਵੇਂ ਦਰੱਖਤਾਂ ਵਿੱਚ ਪੱਤੇ ਲੱਗਦੇ ਹਨ, ਇਸੇ ਤਰ੍ਹਾਂ ਝੂਠ ਵਿੱਚ ਹੋਰ ਝੂਠ ਲੱਗਦੇ ਜਾਂਦੇ ਹਨ। ਇੱਕ ਝੂਠ ਨੂੰ ਬਚਾਉਣਾ ਹੋਵੇ ਤਾਂ ਫਿਰ ਹਜ਼ਾਰ ਝੂਠ ਬੋਲਣੇ ਪੈਂਦੇ ਹਨ। ਫਿਰ ਝੂਠ ਏਨੇ ਹੋ ਜਾਂਦੇ ਹਨ ਕਿ ਤੁਸੀਂ ਭੁੱਲ ਹੀ ਜਾਂਦੇ ਹੋ ਕਿ ਉਹ ਝੂਠ ਹਨ। ਫਿਰ ਬਾਰ-ਬਾਰ ਬੋਲਣ ਨਾਲ ਉਹ ਸੱਚ ਹੀ ਮਾਲੂਮ ਦੇਣ ਲੱਗ ਪੈਂਦੇ ਹਨ। ਫਿਰ ਤੁਸੀਂ ਝੂਠ ਤੋਂ ਸੰਮੋਹਿਤ ਹੋ ਜਾਂਦੇ ਹੋ।

ਅਤੇ ਹਜ਼ਾਰਾਂ ਅਜਿਹੇ ਝੂਠ ਹਨ, ਜਿਹੜੇ ਪ੍ਰਚਲਿਤ ਹਨ, ਜਿਨ੍ਹਾਂ ਦਾ ਸਤਯ ਨਾਲ ਕੋਈ ਸੰਬੰਧ ਨਹੀਂ ਹੈ ਅਤੇ ਧਰਮ ਦੇ ਸੰਬੰਧ ਵਿੱਚ ਸਭ ਤੋਂ ਜ਼ਿਆਦਾ ਆਸਾਨੀ ਹੈ, ਕਿਉਂਕਿ ਉਥੇ ਜਾਂਚ-ਪੜਤਾਲ ਦਾ ਉਪਾਅ ਨਹੀਂ। ਕੋਈ ਪ੍ਰਯੋਗਸ਼ਾਲਾ ਨਹੀਂ। ਜਿਸ ਵਿੱਚ ਜਾਂਚ ਹੋ ਸਕੇ, ਕੌਣ ਸਹੀ ਹੈ? ਇਸ ਦੇ ਫ਼ੈਸਲੇ ਦਾ ਕੋਈ ਆਧਾਰ ਨਹੀਂ। ਧਰਮ ਤਾਂ ਭਰੋਸੇ ਉਤੇ ਜੀਉਂਦਾ ਹੈ। ਉਥੇ ਤਾਂ ਕੋਈ ਵਿਗਿਆਨਕ ਜਾਂਚ-ਪੜਤਾਲ ਨਹੀਂ ਹੋ ਸਕਦੀ। ਇਸ ਲਈ ਸਮਰਣ ਰੱਖਣਾ, ਨਹੀਂ ਤਾਂ ਪਛਤਾਓਗੇ। ਇੱਕ ਸ਼ਬਦ ਵੀ ਝੂਠ ਨਾ ਬੋਲਣਾ। ਝੂਠ ਬੋਲਣ ਦੀ ਮਨ ਦੀ ਬਹੁਤ ਡੂੰਘੀ ਆਦਤ ਹੈ।

ਮੇਰੇ ਕੋਲ ਲੋਕ ਆਉਂਦੇ ਹਨ। ਕਹਿੰਦੇ ਹਨ ਕਿ ਅਸੀਂ ਦਸ ਸਾਲ ਤੋਂ ਵਿਪੱਸਨਾ (ਧਿਆਨ ਦੀ ਇੱਕ ਵਿਧੀ) ਕਰ ਰਹੇ ਹਾਂ, ਬੋਧ ਧਿਆਨ ਕਰ ਰਹੇ ਹਾਂ। ਮੈਂ ਪੁੱਛਦਾ ਹਾਂ ਕਿ ਕੁਝ ਹੋਇਆ? ਅਤੇ ਉਨ੍ਹਾਂ ਦੇ ਚਿਹਰੇ ਤੇ ਝਟ-ਪਟ ਭਾਵ ਆ ਜਾਂਦਾ ਹੈ ਕਿ ਕੁਝ ਨਹੀਂ ਹੋਇਆ। ਪਰ ਉਹ ਕਹਿੰਦੇ ਹਨ ਕਿ ਹਾਂ, ਬਹੁਤ ਕੁਝ ਹੋਇਆ ਹੈ, ਕਈ ਅਨੁਭਵ ਹੋ ਰਹੇ ਹਨ ਅਤੇ ਮੈਂ ਉਨ੍ਹਾਂ ਦਾ ਚਿਹਰਾ ਵੇਖਦਾ ਹਾਂ ਕਿ ਕੁਝ ਵੀ ਨਹੀਂ ਹੋਇਆ ਹੈ। ਕਹਿੰਦੇ ਹਨ, ਅਨੁਭਵ ਹੋ ਰਹੇ ਹਨ। ਫਿਰ ਗੱਲ ਇਥੇ ਦੀ ਕਰਕੇ ਮੈਂ ਉਨ੍ਹਾਂ ਤੋਂ ਪੁੱਛਦਾ ਹਾਂ ਕਿ ਸੱਚ-ਸੱਚ ਕਹੋ, ਕੁਝ ਹੋਇਆ, ਜੇਕਰ ਹੋਇਆ ਹੋਵੇ ਤਾਂ ਫਿਰ ਮੇਰੇ ਨਾਲ ਗੱਲ ਕਰਨ ਦੀ ਲੋੜ ਨਹੀਂ ਸੀ। ਜੇਕਰ ਨਾ ਹੋਇਆ ਹੋਵੇ ਤਾਂ ਪਹਿਲਾਂ ਤਾਂ ਇੱਕ ਪੱਕਾ ਕਰੋ ਕਿ ਨਹੀਂ ਹੋਇਆ ਹੈ, ਤਾਂ ਮੈਂ ਅੱਗੇ ਹੱਥ ਵਧਾਵਾਂ। ਤਾਂ ਉਹ ਕਹਿੰਦੇ ਹਨ ਕਿ ਇਸ ਤਰ੍ਹਾਂ ਜੇ ਤੁਸੀਂ ਪੁੱਛਦੇ ਹੋ ਤਾਂ ਕੁਝ ਹੋਇਆ ਤਾਂ ਨਹੀਂ ਹੈ। ਹੁਣ ਦੋ

ਘੜੀਆਂ ਪਹਿਲਾਂ ਹੀ ਇਹ ਆਦਮੀ ਕਹਿ ਰਿਹਾ ਸੀ, ਬਹੁਤ ਕੁਝ ਹੋ ਰਿਹਾ ਹੈ। ਇਹ ਮੰਨਣ ਦਾ ਵੀ ਮਨ ਨਹੀਂ ਹੁੰਦਾ ਕਿ ਦਸ ਸਾਲ ਤੋਂ ਕੁਝ ਕਰ ਰਿਹਾ ਹਾਂ, ਅਤੇ ਕੁਝ ਵੀ ਨਹੀਂ ਹੋਇਆ।

ਮਨ ਬਹੁਤ ਬੇਈਮਾਨ ਹੈ। ਇਸ ਕੋਲੋਂ ਹੁਸ਼ਿਆਰ ਰਹਿਣਾ ਅਤੇ ਜਿੰਨਾਂ ਤੁਸੀਂ ਮਨ ਦੇ ਜਾਲ ਵਿੱਚ ਪੈ ਜਾਓਗੇ, ਓਨਾਂ ਹੀ ਇੱਕ ਦਿਨ ਪਛਤਾਓਗੇ। ਕਿਉਂਕਿ ਜੀਵਨ ਮੁੱਕ ਜਾਏਗਾ ਅਤੇ ਮੌਤ ਸਿਰ ਉਤੇ ਆ ਖਲੋਏਗੀ, ਤਦ ਤੁਸੀਂ ਪਛਤਾਓਗੇ ਕਿ ਕਿਉਂ ਵਿਅਰਥ ਮੈਂ ਆਪਣੇ ਆਪ ਨੂੰ ਝੂਠ ਵਿੱਚ ਗਵਾਉਂਦਾ ਰਿਹਾ? ਜਿਹੜਾ ਕੋਈ ਗੱਪ ਮਾਰਨ ਵਾਲਾ ਇਸ ਵਿੱਚ ਕੁਝ ਕਹਿਣ ਜਾਂਦਾ ਹੈ। ਉਸ ਨੂੰ ਆਪਣੀ ਮੂਰਖਤਾ ਦਾ ਪਤਾ ਉਸ ਵੇਲੇ ਲੱਗਦਾ ਹੈ ਜਦ ਉਸਦੇ ਮੂੰਹ ਉਤੇ ਮਾਰ ਪੈਂਦੀ ਹੈ। ਉਹ ਆਪ ਹੀ ਜਾਣਦਾ ਹੈ ਅਤੇ ਆਪ ਹੀ ਦਿੰਦਾ ਹੈ।

ਪਰਮਾਤਮਾ ਆਪ ਵੀ ਜਾਣਦਾ ਹੈ, ਆਪ ਹੀ ਦਿੰਦਾ ਹੈ। ਜਾਨਣਾ ਉਸਦਾ ਹੈ, ਦੇਣਾ ਵੀ ਉਸੇ ਦਾ ਹੈ। ਸਾਨੂੰ ਤਾਂ ਸਿਰਫ਼ ਪਾਤਰ ਹੋਣਾ ਕਾਫ਼ੀ ਹੈ। ਗਿਆਨ ਉਸਦਾ ਹੈ। ਕੁਦਰਤ ਉਸਦੀ ਹੈ। ਦੋਵੇਂ ਸਾਨੂੰ ਮਿਲ ਜਾਣਗੇ। ਸਿਰਫ਼ ਸਾਨੂੰ ਰਾਜ਼ੀ ਹੋਣਾ ਜ਼ਰੂਰੀ ਹੈ। ਉਨਮੁਖ ਹੋਣਾ ਜ਼ਰੂਰੀ ਹੈ। ਉਸ ਵੱਲ ਅੱਖਾਂ ਚੁੱਕਣੀਆਂ ਜ਼ਰੂਰੀ ਹਨ।

ਮਨ ਦੇ ਜਾਲ ਵਿੱਚ ਪੈਣ ਦੀ ਕੋਈ ਜ਼ਰੂਰਤ ਨਹੀਂ। ਨਾ ਤਾਂ ਮਨ ਗਿਆਨ ਦੇ ਸਕਦਾ ਹੈ, ਨਾ ਕੁਦਰਤ ਦੇ ਸਕਦਾ ਹੈ। ਮਨ ਤਾਂ ਸਿਰਫ਼ ਝੂਠ ਦੇ ਸਕਦਾ ਹੈ। ਮਨ ਦੀ ਜੋ ਸੁਣਦਾ ਹੈ, ਉਹ ਝੂਠ ਵਿੱਚ ਉਤਰ ਜਾਂਦਾ ਹੈ। ਮਨ ਕੁਝ ਵੀ ਨਹੀਂ ਦੇ ਸਕਦਾ।

ਤੁਸੀਂ ਸ਼ਾਇਦ ਇੱਕ ਪੁਰਾਣੀ ਕਹਾਣੀ ਸੁਣੀ ਹੋਵੇਗੀ ਕਿ ਇੱਕ ਆਦਮੀ ਨੇ ਬਹੁਤ ਭਗਤੀ ਕੀਤੀ ਅਤੇ ਦੇਵਤਾ ਪ੍ਰਸੰਨ ਹੋ ਗਏ। ਤਾਂ ਦੇਵਤੇ ਨੇ ਉਸ ਆਦਮੀ ਨੂੰ ਇੱਕ ਸ਼ੰਖ ਦਿੱਤਾ। ਸ਼ੰਖ ਦੀ ਖੂਬੀ ਇਹ ਸੀ ਕਿ ਜੋ ਤੁਸੀਂ ਉਸ ਦੇ ਕੋਲੋਂ ਮੰਗੋ ਮਿਲ ਜਾਂਦਾ ਸੀ। ਕਹੋ ਇੱਕ ਮਹਲ, ਤਾਂ ਉਸੇ ਵੇਲੇ ਇੱਕ ਮਹਲ ਤਿਆਰ ਹੋ ਜਾਏਗਾ। ਕਹੋ ਸੁਆਦਲੇ ਤੋਂ ਸੁਆਦਲੇ ਭੋਜਨ, ਉਸੇ ਵੇਲੇ ਥਾਲੀ ਹਾਜ਼ਰ ਹੋ ਜਾਏ। ਬਹੁਤ ਆਨੰਦਿਤ ਹੋਇਆ। ਉਹ ਆਦਮੀ ਵੱਡੇ ਮਹਲਾਂ ਵਿੱਚ ਬਹੁਤ ਸੁੱਖ ਨਾਲ ਰਹਿਣ ਲੱਗਾ।

ਫ਼ਿਰ ਇੱਕ ਦਿਨ ਇੱਕ ਧਰਮ ਗੁਰੂ ਯਾਤਰਾ ਕਰਦਾ ਹੋਇਆ ਉਸ ਮਹਲ ਵਿੱਚ ਠਹਿਰਿਆ। ਉਸ ਨੇ ਵੀ ਉਸ ਸ਼ੰਖ ਦੇ ਬਾਰੇ ਗੱਲ ਸੁਣੀ। ਲਾਲਚ ਨੇ ਫੜ ਲਿਆ। ਉਸ ਕੋਲ ਵੀ ਇੱਕ ਸ਼ੰਖ ਸੀ। ਉਸ ਸ਼ੰਖ ਦਾ ਨਾਂ ਮਹਾਂਸ਼ੰਖ ਸੀ। ਉਸ ਨੇ ਇਸ ਆਦਮੀ ਨੂੰ ਕਿਹਾ ਕਿ ਕੀ ਤੂੰ ਸ਼ੰਖ ਦੇ ਪਿੱਛੇ ਪਿਆ ਹੋਇਆ ਹੈਂ। ਮੈਂ ਵੀ ਬਹੁਤ ਭਗਤੀ ਕੀਤੀ ਹੈ, ਮੈਂ ਮਹਾਂਸ਼ੰਖ ਪ੍ਰਾਪਤ ਕੀਤਾ। ਇਸ ਮਹਾਂਸ਼ੰਖ ਦੀ ਵੱਡੀ ਖੂਬੀ ਹੈ, ਤੁਸੀਂ ਮੰਗੋ ਇੱਕ ਮਹਲ, ਇਹ ਦਿੰਦਾ ਹੈ ਦੋ।

ਉਹ ਆਦਮੀ ਨੂੰ ਵੀ ਲਾਲਚ ਪੈਦਾ ਹੋ ਗਿਆ। ਉਸ ਨੇ ਕਿਹਾ ਕਿ ਵਿਖਾਓ। ਤਾਂ ਉਸ ਆਦਮੀ ਨੇ ਮਹਾਂਸ਼ੰਖ ਕੰਢਿਆ। ਸ਼ੰਖ ਵੱਡਾ ਸੀ। ਉਸ ਧਰਮ ਗੁਰੂ ਨੇ ਉਸ ਨੂੰ ਹੇਠਾਂ ਰੱਖਿਆ ਤੇ ਕਿਹਾ ਕਿ ਭਾਈ, ਇੱਕ ਮਹਲ ਬਣਾ ਦੇ, ਉਸ ਨੇ ਕਿਹਾ, ਇੱਕ ਕਿਉਂ? ਦੋ ਕਿਉਂ ਨਹੀਂ? ਗੱਲ ਜਚ ਗਈ। ਉਸ ਆਦਮੀ ਦੇ ਆਪਣਾ ਸ਼ੰਖ ਧਰਮ ਗੁਰੂ ਨੂੰ ਦੇ ਦਿੱਤਾ ਤੇ ਉਸਦੇ ਕੋਲੋਂ ਮਹਾਂਸ਼ੰਖ ਲੈ ਲਿਆ। ਫ਼ਿਰ ਉਸ ਧਰਮ ਗੁਰੂ ਨੂੰ ਬਹੁਤ ਲੱਭਿਆ, ਉਸ ਦਾ ਪਤਾ ਹੀ ਨਹੀਂ ਚਲਿਆ ਕਿ ਕਿੱਧਰ ਗਿਆ। ਕਿਉਂਕਿ ਉਹ ਮਹਾਂਸ਼ੰਖ ਸਿਰਫ਼ ਬੋਲਦਾ ਹੀ ਸੀ। ਤੁਸੀਂ ਕਹੋ, ਦੋ ਤਾਂ ਉਹ ਕਹੇ ਚਾਰ ਕਿਉਂ ਨਹੀਂ? ਤੁਸੀਂ ਕਹੋ, ਚਾਰ ਤਾਂ ਉਹ ਕਹੇ ਅੱਠ ਕਿਉਂ ਨਹੀਂ? ਪਰ, ਬੱਸ, ਇਸੇ ਤਰ੍ਹਾਂ ਗੱਲ ਚਲਦੀ ਸੀ। ਲੈਣ-ਦੇਣ ਦਾ ਕੋਈ ਕੰਮ ਹੀ ਨਹੀਂ ਸੀ, ਉਹ ਬਿਲਕੁਲ ਮਹਾਂਸ਼ੰਖ ਸੀ।

ਮਨ ਮਹਾਂਸ਼ੰਖ ਹੈ, ਜੋ ਕੁਝ ਪਰਮਾਤਮਾ ਕੋਲੋਂ ਮਿਲਦਾ ਹੈ, ਮਨ ਕਹਿੰਦਾ ਹੈ ਏਨਾ ਕਿਉਂ ਨਹੀਂ? ਹੋਰ ਬਹੁਤਾ ਕਿਉਂ ਨਹੀਂ? ਮਨ ਤਾਂ ਗੱਲਬਾਤ ਹੈ। ਮਨ ਤਾਂ ਇੱਕ ਝੂਠ ਹੈ। ਮਨ ਤੋਂ ਕੁਝ ਵੀ ਨਹੀਂ ਵਾਪਰਦਾ। ਅਤੇ ਤੁਸੀਂ ਪਰਮਾਤਮਾ ਨੂੰ ਛੱਡ ਕੇ ਮਨ ਨੂੰ ਫੜ ਲਿਆ ਹੈ। ਉਹ ਦੋਹਰੇ ਦੀ ਗੱਲ ਕਰਦਾ ਹੈ। ਉਸ ਨਾਲ ਲੋਭ ਪੈਦਾ ਹੁੰਦਾ ਹੈ। ਪਰ ਤੁਸੀਂ ਸੋਚੋ ਮਨ ਨੇ ਕਦੇ ਕੁਝ ਦਿੱਤਾ? ਮਨ ਕੋਲੋਂ ਕੁਝ ਮਿਲਿਆ?

ਨਾਨਕ ਕਹਿੰਦੇ ਹਨ, ਉਹ ਆਪ ਹੀ ਜਾਣਦਾ ਹੈ, ਅਤੇ ਆਪ ਹੀ ਦਿੰਦਾ ਹੈ। ਉਸ ਦਾ ਵਰਨਣ ਵੀ ਵਿਰਲਾ ਹੀ ਕਰ ਸਕਦਾ ਹੈ। ਉਹ ਜਿਸ ਨੂੰ ਚਾਹੇ ਆਪਣੀ ਸਥਿਤੀ ਦਾ ਗੁਣ ਪ੍ਰਦਾਨ ਕਰ ਸਕਦਾ ਹੈ। ਨਾਨਕ ਕਹਿੰਦੇ ਹਨ, ਉਹ ਬਾਦਸ਼ਾਹਾਂ ਦਾ ਬਾਦਸ਼ਾਹ ਹੈ।

ਅਤੇ ਹੋਰ ਇੱਕ ਗੱਲ ਆਖਰੀ, ਜੋ ਇਸ ਸੂਤਰ ਵਿੱਚ ਬਹੁਤ ਕੀਮਤੀ ਹੈ। ਝੁਨ-ਝੁਨ ਇੱਕ ਫ਼ਕੀਰ ਹੋਇਆ ਇਜਿਪਟ ਵਿੱਚ। ਅਤੇ ਜਦ ਉਸ ਨੂੰ ਪਰਮਾਤਮਾ ਦੀ ਪ੍ਰਤੀਤੀ ਹੋਈ ਤਾਂ ਉਸ ਨੇ ਇਹ ਆਕਾਸ਼ਵਾਣੀ ਸੁਣੀ। ਪਰਮਾਤਮਾ ਨੇ ਕਿਹਾ ਕਿ ਇਸ ਤੋਂ ਪਹਿਲਾਂ ਤੂੰ ਮੈਨੂੰ ਲੱਭਣ ਨਿਕਲਿਆ ਸੀ, ਮੈਂ ਤੈਨੂੰ ਪਾ ਲਿਆ ਸੀ ਅਤੇ ਜੇਕਰ ਮੈਂ ਨਾ ਤੈਨੂੰ ਪਾਇਆ ਹੁੰਦਾ ਤਾਂ ਤੂੰ ਮੈਨੂੰ ਲੱਭਣ ਹੀ ਨਾ ਨਿਕਲਦਾ।

ਨਾਨਕ ਇਹ ਕਹਿ ਰਹੇ ਹਨ ਕਿ ਉਹ ਜਿਸ ਨੂੰ ਚਾਹੇ ਉਸ ਨੂੰ ਸਤੁਤੀ ਦਾ ਗੁਣ ਪ੍ਰਦਾਨ ਕਰ ਸਕਦਾ ਹੈ। ਸੱਚ ਤਾਂ ਇਹ ਹੈ ਕਿ ਤੁਸੀਂ ਉਸਨੂੰ ਲੱਭਣ ਹੀ ਤਦ ਨਿਕਲਦੇ ਹੋ ਜਦ ਉਹ ਤੁਹਾਡੇ ਦਰਵਾਜ਼ੇ ਤੇ ਦਸਤਕ ਦਿੰਦਾ ਹੈ। ਤੁਸੀਂ ਆਪਣੇ ਆਪ ਉਸ ਨੂੰ ਲੱਭਣ ਵੀ ਕਿਵੇਂ ਨਿਕਲੋਗੇ? ਤੁਹਾਨੂੰ ਉਸ ਨੂੰ ਲੱਭਣ ਦਾ ਗਿਆਨ ਵੀ ਕਿਵੇਂ ਆਏਗਾ? ਤੁਹਾਨੂੰ ਉਸਦਾ ਸਮਰਣ ਵੀ ਕਿਵੇਂ ਭਰੇਗਾ? ਉਸਦੀ ਸਤੁਤੀ ਵੀ ਕਿਵੇਂ ਪੈਦਾ ਹੋਵੇਗੀ।

ਫ਼ਿਰ ਕਿੰਨੀ ਵੀ ਦੇਰ ਲੱਗ ਜਾਏ ਲੱਭਣ ਵਿੱਚ, ਅਸਲ ਵਿੱਚ ਉਸਨੇ ਤੁਹਾਨੂੰ ਪਾ ਹੀ ਲਿਆ ਹੈ। ਇਸ ਲਈ ਤੁਸੀਂ ਲੱਭਣ ਨਿਕਲੋਗੇ। ਉਹ ਆ ਹੀ ਗਿਆ ਹੈ ਤੁਹਾਡੇ ਜੀਵਨ ਵਿੱਚ, ਇਸ ਵਾਸਤੇ ਤਾਂ ਖੋਜ ਸ਼ੁਰੂ ਹੋਈ। ਉਸਦੀ ਪਿਆਸ ਜਾਗ ਗਈ ਹੈ। ਨਾਨਕ ਕਹਿੰਦੇ ਹਨ, ਉਹ ਵੀ ਉਸੇ ਨੇ ਜਗਾਈ ਹੈ।

ਨਾਨਕ ਦਾ ਰਾਹ ਇਹ ਹੈ—ਸਭ ਉਸੇ ਉਤੇ ਛੱਡ ਦੇਣਾ ਹੈ। ਆਪਣੇ ਰੱਖ ਵਿੱਚ ਕੁਝ ਨਾ ਰੱਖਣਾ, ਕਿਉਂਕਿ ਆਕੜ ਬਹੁਤ ਬਰੀਕ ਹੈ। ਤੁਸੀਂ ਇਹ ਵੀ ਕਹੋਗੇ ਕਿ ਮੈਂ ਖੋਜੀ, ਮੈਂ ਸਾਧਕ, ਮੈਂ ਜਗਿਆਸੂ, ਮੈਂ ਸਮੁਕਛੂ। ਮੈਂ ਪਰਮਾਤਮਾ ਨੂੰ ਲੱਭ ਰਿਹਾ ਹਾਂ।

ਇਹ 'ਮੈਂ' ਕਿਤੋਂ ਵੀ ਨਿਰਮਿਤ ਨਾ ਹੋਵੇ, ਇਸ ਲਈ ਨਾਨਕ ਕਹਿੰਦੇ ਹਨ ਕਿ ਤੇਰੀ ਮਰਜ਼ੀ ਨਾਲ ਹੀ ਸਤੁਤੀ (ਉਸਤਤ) ਦਾ ਗੁਣ ਮਿਲਦਾ ਹੈ। ਅਸੀਂ ਤਾਂ ਤੇਰੀ ਮਹਿਮਾ ਵੀ ਤਦ ਹੀ ਗਾ ਸਕਾਂਗੇ ਜਦ ਤੂੰ ਗਵਾਵੇਂਗਾ। ਤੇਰੇ ਤੋਂ ਬਗੈਰ ਸਾਡੇ ਕੋਲੋਂ ਤੇਰੀ ਉਸਤਤ ਵੀ ਹੋ ਸਕੇਗੀ? ਹੋਰ ਤਾਂ ਗੱਲ ਕਰਨੀ ਫਜ਼ੂਲ ਹੈ। ਅਸੀਂ ਤੇਰੇ ਵੱਲ ਅੱਖ ਵੀ ਨਹੀਂ ਉਠਾ ਸਕਦੇ, ਜੇਕਰ ਤੂੰ ਵੀ ਉਨ੍ਹਾਂ ਨੂੰ ਉਸ ਪਾਸੇ ਨਾ ਲੈ ਜਾਏਂ। ਅਸੀਂ ਤੇਰੀ ਧਾਰਣਾ ਦਾ, ਤੇਰੇ ਵਿਚਾਰ ਦਾ, ਤੇਰਾ ਸੁਫ਼ਨਾ ਵੀ ਨਹੀਂ ਵੇਖ ਸਕਾਂਗੇ। ਜੇਕਰ ਤੂੰ ਪਹਿਲਾਂ ਹੀ ਸਾਨੂੰ ਚੁਣ ਨਾ ਲਿਆ ਹੋਵੇ।

ਨਾਨਕ ਇਸ ਤਰ੍ਹਾਂ ਹੰਕਾਰ ਦੀ ਸਾਰੀ ਜੜ੍ਹ ਵੱਢ ਸੁਟਦੇ ਹਨ ਅਤੇ ਜਿੱਥੇ ਹੰਕਾਰ ਨਹੀਂ, ਉਥੇ ਉਸਦਾ ਦਰਵਾਜ਼ਾ ਖੁੱਲ੍ਹਾ ਹੈ। ਜਿੱਥੇ ਹੰਕਾਰ ਨਹੀਂ, ਉਥੇ ਅਨਾਯਾਸ ੧ਓ ਦਾ ਨਾਦ ਸ਼ੁਰੂ ਹੋ ਜਾਂਦਾ ਹੈ। ਤੁਹਾਡੇ ਹੰਕਾਰ ਦੇ ਹੱਲੇ-ਗੁੱਲੇ ਦੇ ਕਾਰਣ ਹੀ ਉਹ ਮੱਧਮ ਅਤੇ ਨਿੱਕੀ ਆਵਾਜ਼ ਸੁਣਾਈ ਨਹੀਂ ਦਿੰਦੀ।

ਅੱਜ ਏਨਾ ਹੀ।

# ਆਖਿ ਆਖਿ ਰਹੇ ਲਿਵ ਲਾਇ

ਅਮੁਲ ਗੁਣ ਅਮੁਲ ਵਾਪਾਰ॥ ਅਮੁਲ ਵਾਪਾਰੀਏ ਅਮੁਲ ਭੰਡਾਰ॥
ਅਮੁਲ ਆਵਹਿ ਅਮੁਲ ਲੈ ਜਾਹਿ॥ ਅਮੁਲ ਭਾਇ ਅਮੁਲਾ ਸਮਾਹਿ॥
ਅਮੁਲੁ ਧਰਮੁ ਅਮੁਲੁ ਦੀਬਾਣੁ॥ ਅਮੁਲੁ ਤੁਲੁ ਅਮੁਲੁ ਪਰਵਾਣੁ॥
ਅਮੁਲੁ ਬਖਸੀਸ ਅਮੁਲੁ ਨੀਸਾਣੁ॥ ਅਮੁਲੁ ਕਰਮੁ ਅਮੁਲੁ ਫੁਰਮਾਣੁ॥
ਅਮੁਲੋ ਅਮੁਲੁ ਆਖਿਆ ਨ ਜਾਇ॥ ਆਖਿ ਆਖਿ ਰਹੇ ਲਿਵ ਲਾਇ॥
ਆਖਹਿ ਵੇਦ ਪਾਠ ਪੁਰਾਣ॥ ਆਖਹਿ ਪੜੇ ਕਰਹਿ ਵਖਿਆਣ॥
ਆਖਹਿ ਬਰਮੇ ਆਖਹਿ ਇੰਦ॥ ਆਖਹਿ ਗੋਪੀ ਤੈ ਗੋਵਿੰਦ॥
ਆਖਹਿ ਈਸਰ ਆਖਹਿ ਸਿਧ॥ ਆਖਹਿ ਕੇਤੇ ਕੀਤੇ ਬੁਧ॥
ਆਖਹਿ ਦਾਨਵ ਆਖਹਿ ਦੇਵ॥ ਆਖਹਿ ਸੁਰਿ ਨਰ ਮੁਨਿ ਜਨ ਸੇਵ॥
ਕੇਤੇ ਆਖਹਿ ਆਖਣਿ ਪਾਹਿ॥ ਕੇਤੇ ਕਹਿ ਕਹਿ ਉਠਿ ਉਠਿ ਜਾਹਿ॥
ਏਤੇ ਕੀਤੇ ਹੋਰਿ ਕਰੇਹਿ॥ ਤਾ ਆਖਿ ਨ ਸਕਹਿ ਕੇਈ ਕੇਇ॥
ਜੇਵਡੁ ਭਾਵੈ ਤੇਵਡੁ ਹੋਇ॥ ਨਾਨਕ ਜਾਣੈ ਸਾਚਾ ਸੋਇ॥
ਜੇ ਕੋ ਆਖੈ ਬੋਲੁ ਵਿਗਾੜੁ॥ ਤਾ ਲਿਖੀਐ ਸਿਰਿ ਗਾਵਾਰ ਗਾਵਾਰੁ॥ ੨੬॥

ਨਾਨਕ ਉਸ ਪਰਮਾਤਮਾ ਦੀ ਉਸਤਤ ਵਿੱਚ ਇਸ ਤਰ੍ਹਾਂ ਬੋਲਦੇ ਹਨ, ਜਿਵੇਂ ਇੱਕ ਮਦਹੋਸ਼ ਆਦਮੀ ਬੋਲਦਾ ਹੈ। ਉਹ ਕਿਸੇ ਪੰਡਿਤ ਦੇ ਵਚਨ ਨਹੀਂ ਹਨ। ਜਦ ਕਿ ਉਸ ਦੇ ਵਚਨ ਹਨ, ਜਿਹੜਾ ਪਰਮਾਤਮਾ ਦੀ ਸ਼ਰਾਬ ਵਿੱਚ ਪੂਰੀ ਤਰ੍ਹਾਂ ਡੁੱਬ ਗਿਆ ਹੈ। ਇਸ ਲਈ ਉਹ ਦੋਹਰਾਉਂਦੇ ਹੀ ਜਾਂਦੇ ਹਨ। ਮਸਤੀ ਵਿੱਚ ਬੋਲੇ ਗਏ ਵਚਨ ਹਨ। ਜਿਵੇਂ ਰਾਹ ਦੇ ਕੰਢੇ ਉਤੇ ਖਲੋ ਕੇ ਸ਼ਰਾਬੀ ਬੋਲਦਾ ਹੈ—ਬੋਲੀ ਹੀ ਜਾਂਦਾ ਹੈ। ਇੱਕ ਗੱਲ ਨੂੰ ਬਹੁਤੀ ਵਾਰ ਕਹੀ ਜਾਂਦਾ ਹੈ। ਅਜਿਹੀ ਹੀ ਕਿਸੇ ਡੂੰਘੀ ਸ਼ਰਾਬ ਵਿੱਚ ਉਹ ਡੁੱਬ ਕੇ ਬੋਲ ਰਹੇ ਹਨ।

ਬਾਬਰ, ਨਾਨਕ ਦੇ ਸਮੇਂ ਵਿੱਚ ਭਾਰਤ ਆਇਆ। ਉਸਦੇ ਸਿਪਾਹੀਆਂ ਨੇ ਨਾਨਕ ਨੂੰ ਵੀ ਸ਼ੱਕ ਦੇ ਕਾਰਣ ਕੈਦ ਕਰ ਲਿਆ। ਪਰ ਹੌਲੀ-ਹੌਲੀ ਬਾਬਰ ਤੱਕ ਖ਼ਬਰ ਪੁੱਜਣ ਲੱਗੀ ਕਿ ਇਹ ਕੈਦੀ ਅਨੋਖਾ ਹੈ ਅਤੇ ਇਸ ਕੈਦੀ ਦੇ ਆਲੇ-ਦੁਆਲੇ ਇੱਕ ਹਵਾ ਹੈ, ਜਿਹੜੀ ਸਾਧਾਰਣ ਮਨੁੱਖ ਦੀ ਨਹੀਂ ਅਤੇ ਇੱਕ ਮਸਤੀ ਹੈ ਕਿ ਇਹ ਕੈਦੀ ਕੈਦਖਾਨੇ ਵਿੱਚ ਗਾਉਂਦਾ ਰਹਿੰਦਾ ਹੈ ਅਤੇ ਇਹ ਖਬਰ ਵੀ ਬਾਬਰ ਨੂੰ ਮਿਲੀ ਕਿ ਇਹ ਕੁਝ ਅਜਿਹਾ ਆਦਮੀ ਹੈ ਜਿਸ ਨੂੰ ਕੈਦ ਨਹੀਂ ਕੀਤਾ ਜਾ ਸਕਦਾ। ਇਸ ਦੀ ਸੁਤੰਤਰਤਾ ਅੰਦਰੂਨੀ ਹੈ।

ਤਾਂ ਕਹਿੰਦੇ ਹਨ ਕਿ ਨਾਨਕ ਨੂੰ ਉਸ ਨੇ ਸਨੇਹਾ ਭੇਜਿਆ ਕਿ ਤੁਸੀਂ ਮੈਨੂੰ ਮਿਲਣ ਆਓ। ਨਾਨਕ ਨੇ ਕਿਹਾ ਕਿ ਮਿਲਣ ਤਾਂ ਤੁਹਾਨੂੰ ਹੀ ਆਉਣਾ ਪਏਗਾ, ਕਿਉਂਕਿ ਨਾਨਕ ਉਥੇ ਹੈ, ਜਿਥੋਂ ਹੁਣ ਕਿਸੇ ਨੂੰ ਮਿਲਣ ਜਾਣ ਦਾ ਕੋਈ ਸਵਾਲ ਨਹੀਂ।

ਬਾਬਰ ਖ਼ੁਦ ਕੈਦਖਾਨੇ ਵਿੱਚ ਮਿਲਣ ਆਇਆ ਅਤੇ ਨਾਨਕ ਤੋਂ ਬਹੁਤ ਪ੍ਰਭਾਵਿਤ ਹੋਇਆ। ਨਾਨਕ ਨੂੰ ਆਪਣੇ ਨਾਲ ਮਹਲ ਵਿੱਚ ਲੈ ਗਿਆ ਅਤੇ ਉਸ ਨੇ ਬਹੁਤ ਕੀਮਤੀ ਤੋਂ ਕੀਮਤੀ ਸ਼ਰਾਬ ਨਾਨਕ ਨੂੰ ਪੀਣ ਲਈ ਦਾਅਵਤ ਦਿੱਤੀ। ਨਾਨਕ ਹੱਸੇ ਅਤੇ ਉਨ੍ਹਾਂ ਨੇ ਇੱਕ ਗੀਤ ਗਾਇਆ ਜਿਸ ਗੀਤ ਦਾ ਅਰਥ ਹੈ ਕਿ ਮੈਂ ਪਰਮਾਤਮਾ ਦੀ ਸ਼ਰਾਬ ਪੀ ਚੁਕਿਆ ਹਾਂ। ਹੁਣ ਇਸ ਸ਼ਰਾਬ ਨਾਲ ਮੈਨੂੰ ਨਸ਼ਾ ਨਹੀਂ ਚੜ੍ਹੇਗਾ। ਆਖ਼ਰੀ ਨਸ਼ਾ ਚੜ੍ਹ ਗਿਆ ਹੈ। ਠੀਕ ਇਹ ਹੀ ਹੈ ਬਾਬਰ ਕਿ ਤੂੰ ਹੀ ਮੇਰੀ ਸ਼ਰਾਬ ਪੀ, ਬਜਾਇ ਆਪਣੀ ਸ਼ਰਾਬ ਮੈਨੂੰ ਪਿਲਾਉਣ ਦੇ।

ਇਹੀ ਗੀਤ ਸ਼ਰਾਬੀ ਦੇ ਗੀਤ ਹਨ। ਇਸ ਲਈ ਨਾਨਕ ਕਹੀ ਜਾਂਦੇ ਹਨ। ਜਾਂ ਤਾਂ ਇੱਕ ਨਿੱਕੇ ਬੱਚੇ ਦੀ ਤਰ੍ਹਾਂ ਜਾਂ ਇੱਕ ਸ਼ਰਾਬੀ ਦੇ ਵਾਂਗ। ਉਹ ਗੁਣਗਾਨ ਕਰਦੇ ਹਨ। ਉਸ ਵਿੱਚ ਬਹੁਤ ਹਿਸਾਬ ਨਹੀਂ ਹੈ ਅਤੇ ਨਾ ਹੀ ਇਨ੍ਹਾਂ ਵਚਨਾਂ ਨੂੰ ਸਜਾਇਆ ਸੰਵਾਰਿਆ ਗਿਆ ਹੈ। ਇਹ ਅਨਘੜਤ ਪੱਥਰਾਂ ਵਾਂਗ ਹਨ।

ਇੱਕ ਕਵੀ ਲਿਖਦਾ ਹੈ, ਤਾਂ ਸੁਧਾਰਦਾ ਹੈ। ਹੇਰ-ਫੇਰ ਕਰਦਾ ਹੈ। ਜਮਾਉਂਦਾ ਹੈ, ਵਿਆਕਰਣ ਦੀ ਚਿੰਤਾ ਕਰਦਾ ਹੈ। ਲੈਅ ਦੀ, ਪਦ ਦੀ, ਛੰਦ ਦੀ ਚਿੰਤਾ ਕਰਦਾ ਹੈ। ਮਾਤਰਾਵਾਂ ਦਾ ਹਿਸਾਬ ਰੱਖਦਾ ਹੈ। ਬਹੁਤ ਬਦਲਾਹਟ ਕਰਦਾ ਹੈ। ਰਵਿੰਦਰ ਨਾਥ ਦੀ ਹੈਸੀਅਤ ਦਾ ਮਹਾਂ ਕਵੀ ਵੀ! ਜੇਕਰ ਰਵਿੰਦਰ ਨਾਥ ਦੀਆਂ ਡਾਇਰੀਆਂ ਦੇਖੇ ਤਾਂ ਕਿੰਨੀ ਕੱਟ-ਵੱਢ ਹੈ। ਇੱਕ-ਇੱਕ ਲਾਇਨ ਨੂੰ ਕੱਟ-ਕੱਟ ਕੇ ਫੇਰ ਤੋਂ ਲਿਖਿਆ ਹੈ, ਬਦਲਿਆ ਹੈ, ਫੇਰ ਜਮਾਇਆ ਹੈ।

ਇਹ ਵਚਨ ਨਾ ਤਾਂ ਬਦਲੇ ਗਏ ਹਨ ਅਤੇ ਨਾ ਜਮਾਏ ਗਏ ਹਨ। ਇਹ ਤਾਂ ਉਹੋ ਜਿਹੇ ਦੇ ਉਹੋ ਜਿਹੇ ਹਨ, ਜਿਸ ਤਰ੍ਹਾਂ ਨਾਨਕ ਨੇ ਕਹੇ ਸਨ। ਇਹ ਤਾਂ ਬੋਲੇ ਗਏ ਹਨ। ਇਨ੍ਹਾਂ ਵਿੱਚ ਕੁਝ ਹਿਸਾਬ ਨਹੀਂ ਹੈ: ਨਾ ਭਾਸ਼ਾ ਦਾ, ਨਾ ਮਾਤਰਾ ਦਾ, ਨਾ ਪਦ ਦਾ, ਨਾ ਛੰਦ ਦਾ। ਜੇਕਰ ਇਨ੍ਹਾਂ ਵਿੱਚ ਕੋਈ ਛੰਦ ਹੈ ਤਾਂ ਅੰਦਰਲੀ ਆਤਮਾ ਦਾ ਹੈ ਅਤੇ ਜੇਕਰ ਇਨ੍ਹਾਂ ਵਿੱਚ ਕੋਈ ਵਿਆਕਰਣ ਹੈ ਤਾਂ ਮਨੁੱਖ ਦੀ ਨਹੀਂ, ਪਰਮਾਤਮਾ ਦੀ ਹੈ ਅਤੇ ਜੇਕਰ ਇਨ੍ਹਾਂ ਵਿੱਚ ਕੋਈ ਲੈਅ ਜਾਪਦੀ ਹੈ ਤਾਂ ਉਹ ਲੈਅ ਅੰਦਰਲੇ ਨਸ਼ੇ ਦੀ ਹੈ। ਉਹ ਕਵਿਤਾ ਦੀ ਨਹੀਂ ਹੈ। ਇਸੇ ਲਈ ਤਾਂ ਨਾਨਕ ਕਹੀ ਜਾਂਦੇ ਹਨ। ਜਦ ਵੀ ਉਨ੍ਹਾਂ ਤੋਂ ਕੋਈ ਪੁੱਛਦਾ ਹੈ, ਤਾਂ ਉਹ ਗਾ ਕੇ ਹੀ ਜਵਾਬ ਦਿੰਦੇ ਹਨ। ਉਨ੍ਹਾਂ ਤੋਂ ਕੋਈ ਸਵਾਲ ਪੁੱਛਦਾ ਹੈ, ਤਾਂ ਉਹ ਕਹਿੰਦੇ ਹਨ ਸੁਣੋ ਅਤੇ ਮਰਦਾਨਾ ਆਪਣਾ ਸਾਜ਼ ਛੇੜ ਦਿੰਦਾ ਤੇ ਉਹ ਗੀਤ ਗਾਉਣਾ ਸ਼ੁਰੂ ਕਰ ਦਿੰਦੇ। ਇਸ ਗੱਲ ਨੂੰ ਚੇਤੇ ਰੱਖਣਾ। ਜੇਕਰ ਇਸ ਗੱਲ ਨੂੰ ਚੇਤੇ ਨਾ ਰੱਖਿਆ ਤਾਂ ਅਜਿਹਾ ਲੱਗੇਗਾ ਕਿ ਕੀ ਨਾਨਕ ਪੁਨਰੁਕਤੀ (ਮੁੜ-ਮੁੜ ਓਹੀ ਗੱਲ) ਕਰੀ ਜਾਂਦੇ ਹਨ? ਕਿ ਉਸ ਦੇ ਗੁਣ ਅਪਾਰ, ਕਿ ਉਸਦਾ ਮੁੱਲ ਅਪਾਰ, ਫ਼ਿਰ ਕਹੀ ਹੀ ਜਾਂਦੇ ਹਨ।

ਨਾ! ਇਹ ਮਸਤੀ ਵਿੱਚ ਗੁਣ ਗੁਣਾਏ ਗਏ ਸ਼ਬਦ ਹਨ। ਇਹ ਕਿਸੇ ਦੂਜੇ ਨੂੰ ਕਹੇ ਗਏ ਨਹੀਂ। ਇਹ ਆਪਣੀ ਹੀ ਮਸਤੀ ਵਿੱਚ ਹਨ। ਆਪਣੇ ਹੀ ਅੰਦਰ ਗੁਣ ਗੁਣਾਏ ਗਏ ਹਨ। ਦੂਜੇ ਨੇ ਸੁਣ ਲਿਆ ਹੈ ਇਹ ਦੂਜੀ ਗੱਲ ਹੈ। ਇਹ ਖਿਆਲ ਵਿੱਚ ਰਹੇਗਾ ਤਾਂ ਬਹੁਤ ਅਰਥ ਪ੍ਰਗਟ ਹੋਣੇ ਸ਼ੁਰੂ ਹੋਣਗੇ। ਕਹਿੰਦੇ ਹਨ ਨਾਨਕ, ਉਸਦੇ ਗੁਣ ਅਮੁੱਲ ਹਨ। ਉਸਦੇ ਵਿਓਪਾਰ ਵੀ ਅਮੁੱਲ ਹਨ ਅਤੇ ਉਸਦੇ ਭੰਡਾਰ ਵੀ ਅਮੁੱਲ ਹਨ। ਜਿਹੜਾ ਲੈਣ ਆਉਂਦਾ ਹੈ ਉਹ ਅਮੁੱਲ ਹੈ, ਜਿਹੜਾ ਲੈ ਜਾਂਦਾ ਹੈ ਉਹ ਅਮੁੱਲ ਹੈ। ਉਸਦਾ ਭਾਵ ਅਮੁੱਲ ਹੈ। ਉਸਦੀ ਸਮਾਧੀ ਅਮੁੱਲ ਹੈ। ਉਸ ਦਾ ਧਰਮ ਅਮੁੱਲ ਹੈ। ਉਸਦਾ ਦਰਬਾਰ ਅਮੁੱਲ ਹੈ।

*ਅਮੁਲ ਗੁਣ ਅਮੁਲ ਵਾਪਾਰ॥ ਅਮੁਲ ਵਾਪਾਰੀਏ ਅਮੁਲ ਭੰਡਾਰ॥*
*ਅਮੁਲ ਆਵਹਿ ਅਮੁਲ ਲੈ ਜਾਹਿ॥ ਅਮੁਲ ਭਾਇ ਅਮੁਲਾ ਸਮਾਹਿ॥*

*ਅਮੁਲੁ ਧਰਮੁ ਅਮੁਲੁ ਦੀਬਾਣੁ॥ ਅਮੁਲੁ ਤੁਲੁ ਅਮੁਲੁ ਪਰਵਾਣੁ॥*
*ਅਮੁਲੁ ਬਖਸੀਸ ਅਮੁਲੁ ਨੀਸਾਣੁ॥ ਅਮੁਲੁ ਕਰਮੁ ਅਮੁਲੁ ਫੁਰਮਾਣੁ॥*

ਪਹਿਲੀ ਗੱਲ, ਕਿ ਉਹ ਅਮੁੱਲ ਹੈ। ਉਸਦਾ ਸਭ ਕੁਝ ਅਮੁੱਲ ਹੈ। ਮੁੱਲ ਆਂਕਣ ਦਾ ਕੋਈ ਉਪਾਅ ਵੀ ਨਹੀਂ ਹੈ, ਕਿਉਂਕਿ ਨਾ ਤਾਂ ਕੋਈ ਤੋਲਣ ਵਾਲੇ ਵੱਟੇ ਹਨ, ਜਿਨ੍ਹਾਂ ਨਾਲ ਅਸੀਂ ਉਸਨੂੰ ਤੋਲ ਸਕੀਏ। ਨਾ ਕੋਈ ਮਾਪ-ਤੋਲ ਹੈ, ਜਿਸ ਨਾਲ ਅਸੀਂ ਉਸ ਨੂੰ ਮਾਪ ਸਕੀਏ। ਕੋਈ ਉਪਾਅ ਹੀ ਨਹੀਂ ਹੈ, ਜਿਸ ਨਾਲ ਅਸੀਂ ਅੰਦਾਜ਼ਾ ਲਾ ਸਕੀਏ ਕਿ ਉਹ ਕਿੰਨਾ ਹੈ? ਕੀ ਹੈ? ਕਿਥੋਂ ਤੱਕ ਫੈਲਿਆ ਹੋਇਆ ਹੈ? ਅਤੇ ਜਿਹੜਾ ਵੀ ਉਸ ਨੂੰ ਨਾਪਣ ਜਾਂਦਾ ਹੈ। ਹੌਲੀ-ਹੌਲੀ ਪ੍ਰਤੀਤ ਕਰਦਾ ਹੈ ਕਿ ਸਾਰੇ ਮਾਪ-ਤੋਲ ਟੁੱਟ ਜਾਂਦੇ ਹਨ। ਸਾਰੀਆਂ ਤੱਕੜੀਆਂ ਢਹਿ ਪੈਂਦੀਆਂ ਹਨ। ਨਾ ਕੇਵਲ ਮਾਪ-ਤੋਲ ਟੁੱਟਦੇ ਹਨ, ਸਗੋਂ ਮਾਪ-ਤੋਲ ਕਰਨ ਵਾਲਾ ਮਨ ਵੀ ਟੁੱਟ ਜਾਂਦਾ ਹੈ।

ਸੰਸਕ੍ਰਿਤ ਵਿੱਚ ਸ਼ਬਦ ਹੈ 'ਮਾਯਾ'। ਮਾਯਾ ਉਸੇ ਧਾਤੂ ਨਾਲ ਬਣਿਆ ਹੈ ਜਿਸ ਨਾਲ ਮਾਪ। ਅਤੇ ਅੰਗਰੇਜ਼ੀ ਦਾ **Measure** ਸ਼ਬਦ ਵੀ ਉਸ ਤੋਂ ਬਣਿਆ ਹੈ ਜਿਸ ਤੋਂ 'ਮਾਪ'। ਫ੍ਰੈਂਚ ਦਾ 'ਮੀਟਰ' ਸ਼ਬਦ ਵੀ ਉਸੇ ਤੋਂ ਬਣਿਆ ਹੈ, ਜਿਸ ਤੋਂ 'ਮਾਪ'। ਅਤੇ ਅੰਗਰੇਜ਼ੀ ਦਾ **Matter** ਸ਼ਬਦ ਵੀ ਉਸੇ ਤੋਂ ਬਣਿਆ ਹੈ, ਜਿਸ ਤੋਂ 'ਮਾਪ'। ਜਿਸ ਤੋਂ 'ਮਾਯਾ' ਬਣਿਆ ਹੈ, ਉਸੇ ਤੋਂ **Matter** ਉਸੇ ਤੋਂ **Measure** ਅਤੇ ਉਸੇ ਤੋਂ ਮਾਪ।

ਬਹੁਤ ਮਹੱਤਵਪੂਰਣ ਸ਼ਬਦ ਹੈ, 'ਮਾਯਾ' ਮਾਯਾ ਦਾ ਅਰਥ ਹੈ ਜਿਹੜਾ ਮਾਪਿਆ ਜਾ ਸਕੇ। ਜਿਸ ਨੂੰ ਅਸੀਂ ਤੋਲ ਸਕੀਏ, ਜਿਸ ਦੀ ਨਾਪ ਹੋ ਸਕੇ। ਅਤੇ ਜਿਸ ਨੂੰ ਅਸੀਂ ਨਾ ਤੋਲ ਸਕੀਏ ਉਹ ਹੀ ਬ੍ਰਹਮ ਹੈ। ਜੋ-ਜੋ ਤੁਸੀਂ ਤੋਲ ਲਵੋ ਸਮਝਣਾ ਕਿ ਮਾਯਾ ਹੈ। ਜਿਸ- ਜਿਸ ਦਾ ਮੁੱਲ ਤੁਸੀਂ ਕਰ ਲਵੋ ਸਮਝ ਲੈਣਾ ਕਿ ਮਾਯਾ ਹੈ। ਜਿਸ-ਜਿਸ ਦੀ ਪਰਿਭਾਸ਼ਾ ਤੁਸੀਂ ਕਰ ਲਵੋ, ਸਮਝ ਲੈਣਾ ਕਿ ਮਾਯਾ ਹੈ। ਜਿਸ ਦੀ ਪਰਿਭਾਸ਼ਾ ਨਾ ਹੋ ਸਕੇ, ਜਿਸ ਨੂੰ ਤੁਸੀਂ ਤੋਲੋ, ਖੁਦ ਥੱਕ ਜਾਓ ਅਤੇ ਤੋਲਿਆ ਨਾ ਜਾ ਸਕੇ। ਜਿਸ ਨੂੰ ਤੋਲਣ ਬੈਠੋ ਅਤੇ ਪਾਓ ਕਿ ਇਨ੍ਹਾਂ ਵੱਟਿਆਂ ਨਾਲ ਕਿਵੇਂ ਅਸੀਂ ਉਸ ਨੂੰ ਤੋਲਾਂਗੇ? ਅਤੇ ਤੋਲਦੇ ਰਹਾਂਗੇ ਤਾਂ ਅਨੰਤ-ਅਨੰਤ ਕਾਲ ਬੀਤ ਜਾਣਗੇ ਤਾਂ ਵੀ ਕੁਝ ਵਾਪਰੇਗਾ ਨਹੀਂ, ਕੋਈ ਤੋਲ ਪੂਰੀ ਨਹੀਂ ਹੋਏਗੀ, ਜਿੱਥੇ ਤੁਸੀਂ ਅਮਾਪ ਦੇ ਨੇੜੇ ਆ ਜਾਓ, ਸਮਝ ਲੈਣਾ ਕੀ ਧਰਮ ਸ਼ੁਰੂ ਹੋਇਆ।

ਇਸ ਲਈ ਵਿਗਿਆਨ ਕਦੇ ਧਰਮ ਨੂੰ ਨਹੀਂ ਜਾਣ ਸਕੇਗਾ। ਕਿਉਂਕਿ ਵਿਗਿਆਨ ਦੀ ਪੂਰੀ ਵਿਧੀ ਹੀ ਤੋਲਣਾ ਹੈ। ਤੱਕੜੀ ਵਿਗਿਆਨ ਦੀ ਪ੍ਰਤੀਕ ਹੈ। ਮਾਪਣਾ ਢੰਗ ਹੈ। ਤਾਂ ਵਿਗਿਆਨ ਕਦੇ ਵੀ ਪਰਮਾਤਮਾ ਦੇ ਨੇੜੇ ਨਹੀਂ ਆ ਸਕੇਗਾ, ਇਸ ਲਈ ਵਿਗਿਆਨ ਸਦਾ ਕਹਿੰਦਾ ਰਹੇਗਾ ਕਿ ਪਰਮਾਤਮਾ ਨਹੀਂ ਹੈ, ਕਿਉਂਕਿ

ਵਿਗਿਆਨ ਮੰਨਦਾ ਹੀ ਉਸੇ ਚੀਜ਼ ਨੂੰ ਹੈ ਜਿਹੜੀ ਤੋਲੀ ਜਾ ਸਕੇ। ਜਿਸ ਨੂੰ ਅਸੀਂ ਪ੍ਰਯੋਗ ਕਰ ਸਕੀਏ। ਪ੍ਰਯੋਗਸ਼ਾਲਾ ਦੀ ਤੱਕੜੀ ਉਤੇ ਜਿਸ ਦੀ ਕੋਈ ਨਾਪ-ਖੋਜ ਹੋ ਸਕੇ। ਮਾਕ੍ਰਸ ਨੇ ਕਿਹਾ ਹੈ ਕਿ ਜੇਕਰ ਪਰਮਾਤਮਾ ਪ੍ਰਯੋਗਸ਼ਾਲਾ ਵਿੱਚ ਪ੍ਰਗਟ ਹੋ ਸਕੇ ਤਾਂ ਹੀ ਮੈਂ ਮੰਨਾਗਾਂ। ਪਰ ਜੇਕਰ ਪਰਮਾਤਮਾ ਪ੍ਰਯੋਗਸ਼ਾਲਾ ਵਿੱਚ ਪ੍ਰਗਟ ਹੋ ਜਾਏ ਤਾਂ ਪਰਮਾਤਮਾ ਹੀ ਨਾ ਹੋਏਗਾ।

ਕਿ ਤੁਹਾਨੂੰ ਮਹਿਸੂਸ ਨਹੀਂ ਹੁੰਦਾ ਕਿ ਕੁਝ ਅਮਾਪ ਸਾਡੇ ਚਾਰੇ ਪਾਸੇ ਹੈ? ਮਾਪ ਦੇ ਅੰਦਰ ਵੀ ਲੁਕਿਆ ਹੈ। ਇੱਕ ਫੁੱਲ ਹੈ। ਤੁਸੀਂ ਜਾਓ, ਉਸ ਨੂੰ ਪ੍ਰਯੋਗਸ਼ਾਲਾ ਵਿੱਚ ਤੋਲ ਸਕਦੇ ਹੋ। ਕਿਉਂਕਿ ਫੁੱਲ ਵਿੱਚ ਵਜ਼ਨ ਹੈ। ਲੰਬਾਈ ਚੌੜਾਈ ਨਾਪ ਸਕਦੇ ਹੋ। ਫੁੱਲ ਦਾ ਵਿਸ਼ਲੇਸ਼ਣ ਕਰ ਸਕਦੇ ਹੋ। ਸਭ ਪਤਾ ਲੱਗ ਜਾਏਗਾ ਕਿ ਕਿਸ ਕਿਸ ਦ੍ਰਵਯ ਨਾਲ ਮਿਲ ਕੇ ਬਣਿਆ ਹੈ। ਕੈਮਿਸਟ੍ਰੀ ਪਤਾ ਲੱਗ ਜਾਏਗੀ। ਪਰ ਇੱਕ ਚੀਜ਼ ਫੁੱਲ ਵਿੱਚ ਅਮਾਪ ਹੈ, ਉਹ ਖੂਬਸੂਰਤੀ ਹੈ। ਤੁਸੀਂ ਸਭ ਤੋਲ ਲਵੋਗੇ ਅਤੇ ਤੁਸੀਂ ਜਦ ਫੁੱਲ ਦਾ ਸਾਰਾ ਵਿਸ਼ਲੇਸ਼ਣ (Analysis) ਕਰ ਲਵੋਗੇ ਤਾਂ ਅਚਾਨਕ ਤੁਸੀਂ ਪਾਓਗੇ ਕਿ ਫੁੱਲ ਤਾਂ ਗੁਆਚ ਚੁੱਕਿਆ ਹੈ। ਉਸ ਦੇ ਵਿਸ਼ਲੇਸ਼ਣ ਵਿੱਚ ਖੂਬਸੂਰਤੀ ਦਾ ਤਾਂ ਕੋਈ ਪਤਾ ਨਹੀਂ ਲੱਗਾ। ਇਸ ਲਈ ਵਿਗਿਆਨਕ ਖੂਬਸੂਰਤੀ ਨੂੰ ਸਵੀਕਾਰ ਨਹੀਂ ਕਰੇਗਾ।

ਅਤੇ ਬਹੁਤ ਹੈਰਾਨਗੀ ਦੀ ਗੱਲ ਹੈ ਕਿ ਫੁੱਲ ਨੂੰ ਵੇਖ ਕੇ ਜਿਹੜਾ ਪਹਿਲਾ ਭਾਵ ਤੁਹਾਡੇ ਮਨ ਵਿੱਚ ਉਪਜਦਾ ਹੈ ਉਹ ਸੁੰਦਰਤਾ ਦਾ ਹੈ ਅਤੇ ਉਹ ਹੀ ਵਿਗਿਆਨ ਵਿੱਚ ਗੁਆਚ ਜਾਂਦਾ ਹੈ। ਵਿਗਿਆਨ ਵਿੱਚ ਜਿਹੜੀ ਚੀਜ਼ ਬਰਬਾਦ ਹੋ ਜਾਂਦੀ ਹੈ, ਉਹ ਹੀ ਪਹਿਲੀ ਚੀਜ਼ ਹੈ, ਜਿਹੜੀ ਤੁਹਾਨੂੰ ਮਹਿਸੂਸ ਹੁੰਦੀ ਹੈ। ਫੁੱਲ ਨੂੰ ਵੇਖ ਕੇ ਜਿਹੜਾ ਪਹਿਲਾ ਅੰਤਰ-ਭਾਵ, ਜਿਹੜੀ ਪਹਿਲੀ ਉਮੰਗ ਉੱਠਦੀ ਹੈ ਜੀਵਨ ਵਿੱਚ, ਜਿਹੜਾ ਅੰਦਰੂਨੀ ਚੇਤਨਾ ਵਿੱਚ ਪਹਿਲਾ ਪ੍ਰਤਿਬਿੰਬ (ਪਰਛਾਵਾਂ) ਪੈਦਾ ਹੁੰਦਾ ਹੈ, ਉਹ ਸੁੰਦਰਤਾ ਦਾ ਹੈ। ਅਨਕਿਹਾ! ਅਣਬੋਲਿਆ! ਅੰਦਰ ਇੱਕ ਭਾਵ ਜਾਗਦਾ ਹੈ ਇੱਕ ਸੁੰਦਰਤਾ ਦਾ ਬਦਲ, ਅੰਤਰ ਨੂੰ ਘੇਰ ਲੈਂਦਾ ਹੈ। ਉਹ ਹੀ ਵਿਗਿਆਨ ਦੀ ਪਕੜ ਵਿੱਚ ਗੁਆਚ ਜਾਂਦਾ ਹੈ।

ਇੱਕ ਨਿੱਕਾ ਬੱਚਾ ਨੱਚ ਰਿਹਾ ਹੈ, ਖੇਡ ਰਿਹਾ ਹੈ, ਹੱਸ ਰਿਹਾ ਹੈ। ਉਸ ਨੂੰ ਵੇਖ ਕੇ ਜਿਹੜੀ ਪਹਿਲੀ ਪ੍ਰਤੀਤੀ ਹੁੰਦੀ ਹੈ, ਉਹ ਜੀਵਨ ਦੀ ਊਰਜਾ ਦੀ। ਉਸ ਬੱਚੇ ਨੂੰ ਵਿਗਿਆਨ ਦੇ ਹਵਾਲੇ ਕਰ ਦਿਓ। ਵਿਗਿਆਨ ਉਸ ਦੀ ਜਾਂਚ-ਪੜਤਾਲ ਕਰਕੇ ਸਾਰਾ ਪਤ ਲੱਗਾ ਦੇਵੇਗਾ। ਨਾਪ-ਖੋਜ ਪੂਰਾ ਕਰ ਦੇਵੇਗਾ, ਲਿਸਟ ਬਣਾ ਦੇਵੇਗਾ। ਪਰ ਉਸ ਵਿੱਚ ਜੀਵਨ ਗੁੰਮ ਜਾਏਗਾ, ਵਿਗਿਆਨ ਦੱਸ ਦੇਵੇਗਾ, ਕਿੰਨਾ ਐਲਮਿਨਿਯਮ, ਕਿੰਨਾ ਲੋਹਾ, ਕਿੰਨਾ ਫਾਸਫੋਰਸ, ਕਿੰਨੀ ਮਿੱਟੀ, ਕਿੰਨਾ ਪਾਣੀ, ਕਿੰਨਾ ਮੈਨੇਸਿਯਮ,

ਇਸ ਬੱਚੇ ਦੀਆਂ ਹੱਡੀਆਂ ਵਿੱਚ ਹੈ। ਪਰ ਉਸ ਵਿਚੋਂ ਜੀਵਨ ਗੁਆਚ ਜਾਏਗਾ।

ਮੈਂ ਸੁਣਿਆ ਹੈ, ਇੱਕ ਵਿਗਿਆਨਕ ਆਪਣੇ ਦੋਸਤ ਨਾਲ ਰਾਹ ਤੋਂ ਗੁਜ਼ਰ ਰਿਹਾ ਸੀ ਤੇ ਇੱਕ ਬਹੁਤ ਸੋਹਣੀ ਨੌਜਵਾਨ ਕੁੜੀ ਕੋਲੋਂ ਦੀ ਲੰਘੀ। ਦੋਸਤ ਠਿੱਠਕ ਗਿਆ। ਵਿਗਿਆਨਕ ਨੇ ਕਿਹਾ ਬਹੁਤ ਪ੍ਰੇਸ਼ਾਨ ਨਾ ਹੋ। ਨੱਬੇ ਪ੍ਰਤੀਸ਼ਤ ਤਾਂ ਪਾਣੀ ਹੈ। ਆਦਮੀ ਦੀ ਦੇਹ ਵਿੱਚ ਨੱਬੇ ਪ੍ਰਤੀਸ਼ਤ ਪਾਣੀ ਤਾਂ ਹੈ ਹੀ ਅਤੇ ਬਾਕੀ ਦੱਸ ਪ੍ਰਤੀਸ਼ਤ ਵੀ ਚੀਜ਼ਾਂ ਹੀ ਹਨ। ਜਿਨ੍ਹਾਂ ਨੂੰ ਅਸੀਂ ਬੋਤਲਾਂ ਵਿੱਚ ਬੰਦ ਕਰ ਸਕਦੇ ਹਾਂ। ਕਹਿੰਦੇ ਹਨ ਕਿ ਆਦਮੀ ਦੇ ਸ਼ਰੀਰ ਦੀਆਂ ਸਭ ਚੀਜ਼ਾਂ ਦਾ ਮੁੱਲ ਪੰਜ ਰੁਪਏ ਤੋਂ ਵੱਧ ਨਹੀਂ ਹੈ। ਲੋਹਾ ਕੱਢ ਲਈਏ ਫਾਸਫੋਰਸ ਕੱਢ ਲਈਏ, ਅਤੇ ਬੇਚਣ ਜਾਈਏ ਤਾਂ ਪੰਜ ਰੁਪਏ ਤੋਂ ਵੱਧ ਨਹੀਂ ਹੈ, ਇਸ ਲਈ ਤਾਂ ਲਾਸ਼ ਨੂੰ ਸਾੜ ਦਿੰਦੇ ਹਨ। ਕਿਉਂਕਿ ਕੱਢਣ ਵਿੱਚ ਬਹੁਤ ਖਰਚਾ ਹੋ ਜਾਏਗਾ। ਓਨੀ ਵਿਕਰੀ ਨਹੀਂ ਹੋਵੇਗੀ, ਕਿਸੇ ਕੰਮ ਦਾ ਨਹੀਂ ਹੈ।

ਵਿਗਿਆਨ ਸਾਰਾ ਕੁਝ ਨਾਪ ਲਏਗਾ ਅਤੇ ਅਖ਼ੀਰ ਵਿੱਚ ਕਹੇਗਾ ਕੋਈ ਆਤਮਾ ਨਹੀਂ ਲੱਭੀ। ਆਤਮਾ ਮਿਲੇਗੀ ਵੀ ਨਹੀਂ। ਕਿਉਂਕਿ ਆਤਮਾ ਅਮਾਪ ਹੈ। ਇਹ ਬਹੁਤ ਮਹੱਤਵਪੂਰਣ ਸੁਆਲ ਹੈ ਅੱਜ, ਕਿ ਮਾਪਣ ਰਾਹੀਂ ਜੇਕਰ ਅਨਾਪ ਦਾ ਪਤਾ ਨਾ ਲੱਗੇ ਤਾਂ ਅਸੀਂ ਇਹ ਕਹਿੰਦੇ ਹਾਂ ਕਿ ਅਮਾਪ ਹੈ ਹੀ ਨਹੀਂ। ਜੇਕਰ ਅਸੀਂ ਬੁੱਧੀਮਾਨ ਹੋਈਏ ਤਾਂ ਅਸੀਂ ਕਹਾਂਗੇ, ਸਾਡੇ ਮਾਪ ਦੇ ਢੰਗ ਮਾਯਾ ਤੱਕ ਜਾਂਦੇ ਹਨ, ਬ੍ਰਹਮ ਤੱਕ ਨਹੀਂ। ਸੋ ਸਾਨੂੰ ਕੋਈ ਹੋਰ ਢੰਗ ਲੱਭਣਾ ਚਾਹੀਦਾ ਹੈ, ਜਿਹੜਾ ਮਾਪਣ ਦਾ ਨਹੀਂ ਹੈ। ਤਾਂ ਕਿ ਅਸੀਂ ਉਸ ਨੂੰ ਜਾਣ ਸਕੀਏ। ਵਿਗਿਆਨ ਦਾ ਢੰਗ ਹੈ—ਮਾਪਣਾ, ਲੱਭਣਾ, ਜਾਂਚਣਾ, ਪਰਿਭਾਸ਼ਾ, ਧਰਮ ਦਾ ਢੰਗ ਬਿਲਕੁਲ ਵੱਖਰਾ ਹੈ। ਧਰਮ ਦਾ ਢੰਗ ਹੈ, ਨਾ ਲੱਭਣਾ, ਨਾ ਮਾਪਣਾ, ਨਾ ਪਰਿਭਾਸ਼ਾ ਕਰਨਾ, ਸਗੋਂ ਗੁਆਚ ਜਾਣਾ, ਲੀਨ ਹੋ ਜਾਣਾ, ਡੁੱਬ ਜਾਣਾ। ਆਪਣੇ ਆਪ ਨੂੰ ਡੁਬੋ ਦੇਣਾ। ਵਿਗਿਆਨਕ ਵੱਖਰਾ ਹੀ ਰਹਿੰਦਾ ਹੈ ਆਪਣੀ ਖੋਜ ਵਿੱਚ। ਧਾਰਮਿਕ ਲੀਨ ਹੋ ਜਾਂਦਾ ਹੈ, ਡੁੱਬ ਜਾਂਦਾ ਹੈ, ਇੱਕ ਹੋ ਜਾਂਦਾ ਹੈ।

ਨਾਨਕ ਇੱਕ ਵਾਰ ਲਾਹੌਰ ਵਿੱਚ ਠਹਿਰੇ। ਤਾਂ ਲਾਹੌਰ ਦਾ ਜਿਹੜਾ ਸਭ ਤੋਂ ਧਨੀ ਆਦਮੀ, ਉਹ ਉਨ੍ਹਾਂ ਦੇ ਚਰਨਾਂ ਵਿੱਚ ਨਮਸਕਾਰ ਕਰਨ ਆਇਆ। ਉਹ ਬਹੁਤ ਧਨੀ ਆਦਮੀ ਸੀ। ਲਾਹੌਰ ਵਿੱਚ ਉਨ੍ਹੀਂ ਦਿਨੀਂ ਅਜਿਹਾ ਰਿਵਾਜ ਸੀ ਕਿ ਜਿਸ ਆਦਮੀ ਕੋਲ ਇੱਕ ਕਰੋੜ ਰੁਪਈਆ ਹੋਵੇ ਉਹ ਆਪਣੇ ਘਰ ਉਤੇ ਇੱਕ ਝੰਡਾ ਲਾਉਂਦਾ ਸੀ। ਇਸ ਆਦਮੀ ਦੇ ਘਰ ਉਤੇ ਕਈ ਝੰਡੇ ਲੱਗੇ ਹੋਏ ਸਨ। ਇਹ ਆਦਮੀ ਸੇਠ ਦੁਨੀ ਚੰਦ ਸੀ। ਉਸ ਨੇ ਨਾਨਕ ਦੇ ਚਰਨਾਂ ਵਿੱਚ ਸਿਰ ਰੱਖਿਆ ਅਤੇ ਕਿਹਾ ਕਿ ਮੈਨੂੰ ਕੁਝ ਆਗਿਆ ਦਿਓ। ਮੈਂ ਕੁਝ ਸੇਵਾ ਕਰਨਾ ਚਾਹੁੰਦਾ ਹਾਂ। ਤੁਹਾਡੀ ਕਿਰਪਾ ਨਾਲ ਬਹੁਤ

ਹੈ। ਤੁਸੀਂ ਜੋ ਵੀ ਕਹੋਗੇ, ਮੈਂ ਪੂਰਾ ਕਰ ਦਿਆਂਗਾ।

ਨਾਨਕ ਨੇ ਆਪਣੇ ਕਪੜਿਆਂ ਵਿੱਚ ਲੁਕੀ ਹੋਈ ਇੱਕ ਨਿੱਕੀ ਜਿਹੀ ਕਪੜੇ ਸੀਉਂਣ ਦੀ ਸੂਈ ਕੱਢੀ ਤੇ ਦੁਨੀ ਚੰਦ ਨੂੰ ਦਿੱਤੀ ਅਤੇ ਕਿਹਾ, ਇਸ ਨੂੰ ਸਾਂਭ ਕੇ ਰੱਖਣਾ ਅਤੇ ਮਰਨ ਤੋਂ ਬਾਦ ਮੈਨੂੰ ਵਾਪਸ ਮੋੜ ਦੇਣਾ। ਦੁਨੀ ਚੰਦ ਆਪਣੀ ਆਕੜ ਵਿੱਚ ਸੀ। ਉਸ ਨੂੰ ਸਮਝ ਨਾ ਆਈ। ਉਸ ਨੂੰ ਕੁਝ ਖ਼ਿਆਲ ਹੀ ਨਹੀਂ ਆਇਆ ਕਿ ਇਹ ਨਾਨਕ ਕੀ ਕਹਿ ਰਹੇ ਹਨ। ਉਸ ਨੇ ਕਿਹਾ, ਜਿਵੇਂ ਤੁਹਾਡੀ ਆਗਿਆ। ਜੋ ਤੁਸੀਂ ਕਹੋ ਕਰ ਦਿਆਂਗਾ। ਆਦਮੀ ਦੇ ਮਨ ਉਤੇ ਵੀ ਆਕੜ ਦਾ ਵਕਤ ਹੁੰਦਾ ਹੈ, ਤਦ ਆਦਮੀ ਅੰਨ੍ਹਾਂ ਹੁੰਦਾ ਹੈ ਕਿ ਕੁਝ ਚੀਜ਼ਾਂ ਅਸੰਭਵ ਹਨ। ਧਨ ਨਾਲ ਤਾਂ ਹੋ ਹੀ ਨਹੀਂ ਸਕਦੀਆਂ। ਘਰ ਪਰਤਿਆ। ਪਰ ਘਰ ਵਾਪਸ ਆਉਂਦੇ-ਆਉਂਦੇ ਉਸ ਨੂੰ ਵੀ ਖ਼ਿਆਲ ਆਇਆ ਕਿ ਮਰ ਕੇ ਮੋੜ ਦੇਣਾ। ਪਰ ਜਦੋਂ ਮੈਂ ਮਰ ਜਾਵਾਂਗਾ, ਤਦ ਇਸ ਸੂਈ ਨੂੰ ਨਾਲ ਕਿਵੇਂ ਲਿਜਾਵਾਂਗਾ। ਮੁੜ ਪਰਤਿਆ ਅਤੇ ਕਿਹਾ, ਤੁਸੀਂ ਕੁਝ ਜ਼ਰਾ ਬੜਾ ਕੰਮ ਦੇ ਦਿੱਤਾ ਹੈ; ਮੈਂ ਤਾਂ ਸੋਚਿਆ ਬਹੁਤ ਨਿੱਕਾ ਕੰਮ ਦਿੱਤਾ ਹੈ, ਕੀ ਮਖੌਲ ਕਰ ਰਹੇ ਹੋ? ਸੂਈ ਨੂੰ ਬਚਾਉਣ ਦੀ ਜ਼ਰੂਰਤ ਵੀ ਕੀ ਹੈ? ਪਰ ਸੰਤਾਂ ਦਾ ਰਹੱਸਯ! ਸੋਚਿਆ ਹੋਏਗਾ ਕੋਈ ਮਤਲਬ, ਲੇਕਿਨ ਮਾਫ਼ ਕਰੋ। ਇਹ ਹੁਣ ਹੀ ਵਾਪਿਸ ਲੈ ਲਓ। ਕਿਉਂਕਿ ਇਹ ਉਧਾਰ ਫ਼ਿਰ ਮੈਂ ਚੁਕਾ ਨਹੀਂ ਸਕਾਂਗਾ। ਜੇਕਰ ਮੈਂ ਮਰ ਗਿਆ ਤਾਂ ਇਸ ਸੂਈ ਨੂੰ ਨਾਲ ਕਿਵੇਂ ਲੈ ਜਾਵਾਂਗਾ?

ਤਾਂ ਨਾਨਕ ਨੇ ਕਿਹਾ, ਸੂਈ ਮੋੜ ਦਿਓ। ਮਤਲਬ ਪੂਰਾ ਹੋ ਗਿਆ ਹੈ। ਇਹ ਹੀ ਮੈਂ ਤੈਨੂੰ ਪੁੱਛਦਾ ਹਾਂ ਕਿ ਜੇਕਰ ਇੱਕ ਸੂਈ ਨਹੀਂ ਲਿਜਾ ਸਕੇਂਗਾ ਤਾਂ ਤੇਰੀ ਜਿਹੜੀ ਏਨੀ ਕਰੋੜਾਂ ਦੀ ਜਾਇਦਾਦ ਹੈ, ਉਸ ਵਿਚੋਂ ਕੀ ਲਿਜਾ ਸਕੇਂਗਾ? ਜੇਕਰ ਇੱਕ ਨਿੱਕੀ ਜਿੰਨੀ ਸੂਈ ਨੂੰ ਤੁਸੀਂ ਨਾਲ ਨਹੀਂ ਲਿਜਾ ਸਕੋਗੇ ਤਾਂ ਹੋਰ ਤੁਹਾਡੇ ਕੋਲ ਕੀ ਹੈ, ਜਿਹੜਾ ਤੁਸੀਂ ਲਿਜਾ ਸਕੋਗੇ? ਦੁਨੀ ਚੰਦ ਤੂੰ ਗਰੀਬ ਹੈਂ। ਕਿਉਂਕਿ ਅਮੀਰ ਤਾਂ ਉਹ ਹੀ ਹੈ ਜਿਹੜਾ ਮੌਤ ਦੇ ਪਾਰ ਕੁਝ ਲਿਜਾ ਸਕੇ। ਪਰ ਜੋ ਵੀ ਮਾਪਿਆ ਜਾ ਸਕਦਾ ਹੈ, ਉਹ ਮੌਤ ਤੋਂ ਪਾਰ ਨਹੀਂ ਲਿਜਾਇਆ ਜਾ ਸਕਦਾ। ਜੋ ਅਮਾਪ ਹੈ, **Immeasurable** ਹੈ, ਜਿਸ ਨੂੰ ਅਸੀਂ ਮਾਪ ਨਹੀਂ ਸਕਦੇ, ਉਹ ਹੀ ਕੇਵਲ ਮੌਤ ਤੋਂ ਪਾਰ ਲਿਜਾਂਦਾ ਹੈ। ਸੰਸਾਰ ਵਿੱਚ ਦੋ ਤਰ੍ਹਾਂ ਦੇ ਲੋਕ ਹਨ। ਇੱਕ ਜਿਹੜੇ ਮਾਪਣ ਦੀ ਹੀ ਚਿੰਤਾ ਕਰਦੇ ਹਨ, ਖੋਜ ਕਰਦੇ ਹਨ ਉਸਦੀ, ਜਿਹੜਾ ਮਾਪਿਆ ਜਾ ਸਕਦਾ ਹੈ, ਤੋਲਿਆ ਜਾ ਸਕਦਾ ਹੈ ਅਤੇ ਇੱਕ, ਜਿਹੜੇ ਉਸਦੀ ਖੋਜ ਕਰਦੇ ਹਨ ਜਿਹੜਾ ਤੋਲਿਆ ਨਹੀਂ ਜਾ ਸਕਦਾ। ਪਹਿਲੇ ਤਬਕੇ ਦੇ ਲੋਕ ਧਾਰਮਿਕ ਨਹੀਂ, ਸੰਸਾਰੀ ਹਨ। ਦੂਜੇ ਤਬਕੇ ਦੇ ਲੋਕ ਧਾਰਮਿਕ ਹਨ, ਸੰਨਿਆਸੀ ਹਨ।

ਅਮਾਪ ਦੀ ਖੋਜ ਧਰਮ ਹੈ ਅਤੇ ਜਿਸ ਨੇ ਅਮਾਪ ਨੂੰ ਲੱਭ ਲਿਆ, ਉਹ ਮੌਤ ਨੂੰ ਜਿੱਤਣ ਵਾਲਾ ਹੋ ਗਿਆ। ਉਸ ਨੇ ਅੰਮ੍ਰਿਤ ਨੂੰ ਪਾ ਲਿਆ। ਜਿਹੜਾ ਮਾਪਿਆ ਜਾ ਸਕਦਾ ਹੈ, ਉਹ ਮਿਟੇਗਾ। ਜਿਸ ਦੀ ਹੱਦ ਹੈ, ਉਹ ਗਲੇਗਾ। ਜਿਸ ਦੀ ਪਰਿਭਾਸ਼ਾ ਹੋ ਸਕਦੀ ਹੈ ਉਹ ਅੱਜ ਹੈ, ਕੱਲ੍ਹ ਗੁਆਚ ਜਾਏਗਾ। ਹਿਮਾਲੀਆ ਵਰਗੇ ਪਹਾੜ ਵੀ ਗੁਆਚ ਜਾਣਗੇ। ਉਹ ਵੀ ਨਹੀਂ ਬਚੇਗਾ। ਸੂਰਜ, ਚੰਨ, ਤਾਰੇ ਵੀ ਬੁੱਝ ਜਾਣਗੇ, ਵੱਡੇ ਤੋਂ ਵੱਡਾ, ਥਿਰ ਤੋਂ ਥਿਰ ਪਹਾੜ ਨੂੰ ਅਸੀਂ ਕਹਿੰਦੇ ਹਾਂ ਅਟਲ; ਉਹ ਵੀ ਚਲਾਏਮਾਨ ਹੈ। ਉਹ ਵੀ ਗੁਆਚ ਜਾਏਗਾ। ਉਹ ਵੀ ਨਹੀਂ ਬਚੇਗਾ। ਉਹ ਵੀ ਥਿਰ ਨਹੀਂ। ਜਿਥੋਂ ਤੱਕ ਮਾਪ ਜਾਂਦਾ ਹੈ ਉਥੋਂ ਤੱਕ ਸਾਰਾ ਕੁਝ ਅਸਥਿਰ ਹੈ। ਬਦਲਦਾ ਹੈ। ਜਿਥੋਂ ਤੱਕ ਮਾਪ ਜਾਂਦਾ ਹੈ ਉਥੋਂ ਤੱਕ ਲਹਿਰਾਂ ਹਨ। ਜਿੱਥੇ ਨਾਪ ਛੁੱਟ ਜਾਂਦਾ ਹੈ। ਹੱਦਾਂ ਗੁਆਚ ਜਾਂਦੀਆਂ ਹਨ, ਉਥੋਂ ਹੀ ਬ੍ਰਹਮ ਦਾ ਪ੍ਰਾਰੰਭ ਹੈ।

ਇਸ ਲਈ ਨਾਨਕ ਕਹਿੰਦੇ ਹਨ, ਗੁਣ ਅਮੁੱਲ ਹਨ। ਉਸ ਦੇ ਵਿਓਪਾਰ ਵੀ ਅਮੁੱਲ ਹਨ। ਤੁਸੀਂ ਕੀਮਤ ਨਹੀਂ ਲਾ ਸਕੋਗੇ। ਇਸੇ ਲਈ ਤਾਂ ਬਹੁਤ ਔਖਿਆਈ ਹੈ। ਨੈਪੋਲਿਅਨ ਦੀ ਤੁਸੀਂ ਕੀਮਤ ਲਾ ਸਕਦੇ ਹੋ। ਸਿਕੰਦਰ ਦਾ ਮੁੱਲ ਲਾ ਸਕਦੇ ਹੋ। ਕਿਉਂਕਿ ਉਸਦੀ ਸੰਪਤੀ ਅਤੇ ਸਲਤਨਤ ਹੀ ਉਸਦਾ ਮੁੱਲ ਹੈ। ਪਰ ਬੁੱਧ ਦਾ ਤੁਸੀਂ ਕਿਵੇਂ ਮੁੱਲ ਪਾਓਗੇ? ਨਾਨਕ ਦੀ ਕੀ ਕੀਮਤ ਹੈ? ਜਿਸ ਦੇ ਕੋਲ ਕੁਝ ਹੈ, ਪਕੜ ਹੈ ਉਨ੍ਹਾਂ ਦਾ ਤੁਸੀਂ ਮੁੱਲ ਪਾ ਸਕਦੇ ਹੋ। ਕਿਉਂਕਿ ਜੋ ਉਨ੍ਹਾਂ ਦੇ ਕੋਲ ਹੈ ਉਹ ਹੀ ਉਨ੍ਹਾਂ ਦੀ ਆਤਮਾ ਹੈ। ਜੇਕਰ ਕਰੋੜ ਹੈ; ਤਾਂ ਕਰੋੜ; ਜੇਕਰ ਦਸ ਕਰੋੜ ਹੈ, ਤਾਂ ਦਸ ਕਰੋੜ; ਪਰ ਜਿਨ੍ਹਾਂ ਦੇ ਕੋਲ ਕੁਝ ਵੀ ਨਹੀਂ ਹੈ, ਕੇਵਲ ਪਰਮਾਤਮਾ ਹੈ, ਉਨ੍ਹਾਂ ਦਾ ਮੁੱਲ ਤੁਸੀਂ ਕਿਵੇਂ ਲਾਓਗੇ।

ਇਸ ਲਈ ਤਾਂ ਬਹੁਤ ਵਾਰ ਅਸੀਂ ਨਾਨਕ ਨੂੰ ਵੇਖ ਨਹੀਂ ਪਾਉਂਦੇ। ਬਹੁਤ ਵਾਰ ਬੁੱਧ ਸਾਡੇ ਨੇੜਿਓਂ ਦੀ ਲੰਘਦੇ ਹਨ ਅਤੇ ਅਸੀਂ ਅੰਨ੍ਹਿਆਂ ਵਾਂਗ ਖਲੋਤੇ ਰਹਿੰਦੇ ਹਾਂ। ਕਿਉਂਕਿ ਅਸੀਂ ਤਾਂ ਨਾਪਣ ਦੀ ਹੀ ਕਲਾ ਸਿੱਖੀ ਹੈ। ਉਹ ਹੀ ਸਾਨੂੰ ਵਿਖਾਈ ਦਿੰਦੀ ਹੈ। ਜੇਕਰ ਬੁੱਧ ਦੇ ਹੱਥ ਵਿੱਚ ਹੀਰਾ ਹੋਵੇ ਤਾਂ ਉਹ ਸਾਨੂੰ ਵਿਖਾਈ ਦੇਵੇਗਾ। ਬੁੱਧ ਸਾਨੂੰ ਵਿਖਾਈ ਨਹੀਂ ਦੇਣਗੇ। ਤੇ ਹੀਰਾ ਦੋ ਕੌਡੀਆਂ ਦਾ ਹੈ ਅਤੇ ਬੁੱਧ ਅਮੁੱਲ ਹਨ, ਪਰ ਵਿਖਾਈ ਸਾਨੂੰ ਹੀਰਾ ਪਵੇਗਾ।

ਸਾਡੀਆਂ ਅੱਖਾਂ, ਸਾਡੇ ਸੋਚਣ ਦਾ ਢੰਗ, ਸਾਡਾ ਮਨ। ਇਸ ਨੂੰ ਖਿਆਲ ਵਿੱਚ ਲੈ ਲੈਣਾ। ਬਾਹਰ ਜਿਹੜਾ ਮਾਪਣ ਦਾ ਜਗਤ ਹੈ, ਉਹ ਹੀ ਅੰਦਰ ਮਨ ਹੈ। ਇਸ ਲਈ ਮਨ ਅਤੇ ਮਾਯਾ ਇੱਕ ਹੈ। ਬਾਹਰ ਮਾਪਣਾ ਹੈ, ਅੰਦਰ ਮਾਪਣ ਵਾਲਾ ਹੈ। ਉਹ ਮਨ ਹੈ। ਸੰਸਾਰ ਅਤੇ ਮਨ ਇੱਕ ਜੋੜਾ। ਬਾਹਰ ਜਿਹੜਾ ਅਮਾਪ ਹੈ—ਬ੍ਰਹਮ, ਉਸ ਨਾਲ

ਮਨ ਦਾ ਕੋਈ ਰਿਸ਼ਤਾ ਨਹੀਂ ਬਣਦਾ। ਉਸਦੇ ਨਾਲ ਆਤਮਾ ਦਾ ਰਿਸ਼ਤਾ ਬਣਦਾ ਹੈ। ਕਿਉਂਕਿ ਅੰਦਰ ਵੀ ਇੱਕ ਅਮਾਪ ਹੈ। ਤੁਸੀਂ ਜਿਸ ਤਰ੍ਹਾਂ ਦੇ ਹੋ, ਉਸੇ ਤੋਂ ਤੁਹਾਡਾ ਸੰਬੰਧ ਹੋ ਸਕੇਗਾ। ਮਨ ਦੀ ਹੱਦ ਹੈ। ਇਸ ਲਈ ਉਸ ਤੋਂ ਤੁਸੀਂ ਸੀਮਿਤ ਨੂੰ ਜਾਣ ਸਕੋਗੇ। ਆਤਮਾ ਦੀ ਕੋਈ ਹੱਦ ਨਹੀਂ ਹੈ। ਇਸ ਲਈ ਤੁਸੀਂ ਅਸੀਮ ਨੂੰ ਜਾਣ ਸਕੋਗੇ। ਮੁੱਲ ਕੀ ਹੈ ਪਰਮਾਤਮਾ ਦਾ? ਕੋਈ ਵੀ ਤਾਂ ਮੁੱਲ ਨਹੀਂ ਹੈ।

ਜੀਸਸ ਦੇ ਸੰਬੰਧ ਵਿੱਚ ਕਹਾਣੀ ਹੈ ਕਿ ਜੂਡਾਸ ਨੇ ਉਸ ਨੂੰ ਸਿਰਫ ਤੀਹ ਚਾਂਦੀ ਦੇ ਸਿੱਕਿਆਂ ਵਿੱਚ ਦੁਸ਼ਮਣਾਂ ਦੇ ਹੱਥਾਂ ਵਿੱਚ ਵੇਚ ਦਿੱਤਾ। ਸਾਨੂੰ ਹੈਰਾਨੀ ਹੁੰਦੀ ਹੈ ਕਿ ਜੀਸਸ ਵਰਗਾ ਮਨੁੱਖ, ਜਿਹੋ ਜਿਹਾ ਕਦੇ-ਕਦੇ ਸੰਸਾਰ ਵਿੱਚ ਹੁੰਦਾ ਹੈ, ਉਸ ਨੂੰ ਜੂਡਾਸ ਨੇ ਤੀਹ ਰੁਪਈਆਂ ਵਿੱਚ ਵੇਚ ਦਿੱਤਾ? ਭਰੋਸਾ ਨਹੀਂ ਆਉਂਦਾ।

ਪਰ ਤੁਸੀਂ ਵੀ ਵੇਚਦੇ, ਤੀਹ ਵਿੱਚ ਨਾ ਵੇਚਦੇ ਤੀਹ ਹਜ਼ਾਰ ਵਿੱਚ ਵੇਚਦੇ, ਫ਼ਰਕ ਕੀ ਪੈਂਦਾ ਹੈ। ਤੀਹ ਅਤੇ ਤੀਹ ਹਜ਼ਾਰ ਵਿੱਚ ਕੋਈ ਫ਼ਰਕ ਨਹੀਂ ਹੈ। ਕਿਉਂਕਿ ਮਾਪ ਯਾਨੀ ਨਾਪ। ਪਰ ਇੱਕ ਗੱਲ ਸਮਝ ਲੈਣ ਵਾਲੀ ਹੈ ਕਿ ਜੂਡਾਸ ਨੂੰ ਜੀਸਸ ਦੇ ਕੋਲ ਵਰ੍ਹਿਆਂ ਰਹਿ ਕੇ ਵੀ ਜੀਸਸ ਵਿਖਾਈ ਨਹੀਂ ਪਏ ਅਤੇ ਜਦ ਕਿਸੇ ਨੇ ਕਿਹਾ, ਅਸੀਂ ਤੀਹ ਰੁਪਏ ਦਿੰਦੇ ਹਾਂ। ਪਤਾ ਠਿਕਾਣਾ ਦੇ ਦਿਓ ਤਾਂ ਕਿ ਉਸ ਆਦਮੀ ਨੂੰ ਅਸੀਂ ਫੜ ਲਈਏ। ਤਾਂ ਤੀਹ ਰੁਪਏ ਬਹੁਤੇ ਕੀਮਤੀ ਪ੍ਰਤੀਤ ਹੋਏ। ਸਾਨੂੰ ਉਹ ਹੀ ਵਿਖਾਈ ਦਿੰਦਾ ਹੈ ਜਿਸ ਦਾ ਅਸੀਂ ਮੁੱਲ ਪਾ ਸਕਦੇ ਹਾਂ। ਅਸੀਂ ਮੁੱਲ ਨਾਲ ਫਸੇ ਹੋਏ ਹਾਂ। ਮੇਰੇ ਕੋਲ ਲੋਕ ਆਉਂਦੇ ਹਨ, ਉਹ ਕਹਿੰਦੇ ਹਨ, ਧਿਆਨ ਨਾਲ ਕੀ ਮਿਲੇਗਾ? ਕੀ ਫਾਇਦਾ? ਧਿਆਨ ਕਰਨ ਨਾਲ ਕਿਹੜਾ ਲਾਭ ਹੋਏਗਾ? ਅਜਿਹਾ ਨਹੀਂ ਹੈ ਕਿ ਉਨ੍ਹਾਂ ਨੂੰ ਪਤਾ ਨਹੀਂ ਹੈ ਕਿ ਧਿਆਨ ਨਾਲ ਉਨ੍ਹਾਂ ਨੂੰ ਪਰਮਾਤਮਾ ਮਿਲੇਗਾ। ਇਹ ਉਨ੍ਹਾਂ ਨੂੰ ਪਤਾ ਹੈ। ਪਰ ਪਰਮਾਤਮਾ ਵਿੱਚ ਕੋਈ ਲਾਭ ਵਿਖਾਈ ਨਹੀਂ ਪੈਂਦਾ। ਅਜਿਹਾ ਵੀ ਨਹੀਂ ਹੈ ਕਿ ਉਨ੍ਹਾਂ ਨੇ ਨਾ ਸੁਣਿਆ ਹੋਵੇ ਕਿ ਧਿਆਨ ਨਾਲ ਆਨੰਦ ਮਿਲੇਗਾ; ਪਰ ਆਨੰਦ ਦਾ ਬਾਜ਼ਾਰ ਵਿੱਚ ਕੋਈ ਵੀ ਤਾਂ ਮੁੱਲ ਨਹੀਂ ਹੈ। ਵੇਚਣ ਜਾਓ ਤਾਂ ਕੌਣ ਖਰੀਦੇਗਾ। ਉਹ ਪੁੱਛਦੇ ਹਨ; ਭਾਸ਼ਾ ਉਨ੍ਹਾਂ ਦੀ ਜੋ ਹੈ, ਉਹ ਇਹ ਪੁੱਛ ਰਹੇ ਹਨ ਕਿ ਕੁਝ ਮੁੱਲ ਕਰਕੇ ਦੱਸੋ: ਕਿ ਕਿੰਨੇ ਮੁੱਲ ਦੀ ਚੀਜ਼ ਧਿਆਨ ਨਾਲ ਮਿਲੇਗੀ?

ਉਨ੍ਹਾਂ ਦਾ ਪੁੱਛਣਾ, ਠੀਕ ਵੀ ਹੈ। ਕਿਉਂਕਿ ਸਾਰੀ ਇਕਨਾਮਿਕਸ, ਸਾਰਾ ਅਰਥ ਸ਼ਾਸਤਰ ਜੀਵਨ ਦਾ, ਮੁੱਲ ਦੇ ਹਿਸਾਬ ਨਾਲ ਚਲਦਾ ਹੈ। ਇੱਕ ਘੰਟਾ ਅਸੀਂ ਧਿਆਨ ਕਰਾਂਗੇ, ਉਸ ਇੱਕ ਘੰਟੇ ਵਿੱਚ ਜੇਕਰ ਅਸੀਂ ਬਾਜ਼ਾਰ ਵਿੱਚ ਕੰਮ ਕਰਾਂਗੇ ਤਾਂ ਪੰਜਾਹ, ਸੌ ਰੁਪਏ ਕਮਾ ਲਵਾਂਗੇ। ਸੌ ਰੁਪਏ ਘੰਟੇ ਭਰ ਵਿੱਚ ਬਜ਼ਾਰ ਵਿਚੋਂ ਕਮਾ ਲੈਣਗੇ ਅਤੇ ਸੌ ਰੁਪਏ ਦੇ ਮੁੱਲ ਦਾ ਕੁਝ ਧਿਆਨ ਵਿੱਚ ਮਿਲਦਾ ਹੋਵੇ, ਬਹੁਤਾ ਮਿਲਦਾ ਹੋਵੇ, ਤਾਂ

ਸਾਨੂੰ ਸਮਝ ਵਿੱਚ ਆਉਂਦਾ ਹੈ ਕਿ ਕੁਝ ਕਰਨ ਯੋਗ ਹੈ ਅਤੇ ਜੇਕਰ ਸੌ ਰੁਪਏ ਦੇ ਮੁੱਲ ਦੀ ਚੀਜ਼ ਧਿਆਨ ਵਿੱਚ ਨਾ ਮਿਲਦੀ ਹੋਵੇ ਤਾਂ ਕੀ ਸਾਰ! ਉਹ ਇਹ ਪੁੱਛ ਰਹੇ ਹਨ ਕਿ ਸਾਨੂੰ ਠੀਕ- ਠੀਕ ਮੁੱਲ ਕਰਕੇ ਦੱਸ ਦਿਓ ਕਿ ਧਿਆਨ ਵਿੱਚ ਕਿੰਨੀ ਕੀਮਤ ਦਾ ਲਾਭ ਹੋਏਗਾ? ਤਾਂ ਅਸੀਂ ਹਿਸਾਬ ਲਾ ਲਈਏ, ਆਪਣੀ ਇਕਨਾਮਿਕਸ ਨੂੰ ਠੀਕ ਤਰ੍ਹਾਂ ਜਮਾਂ ਲਈਏ। ਪਰ ਧਿਆਨ ਵਿੱਚ ਜੋ ਮਿਲਦਾ ਹੈ ਉਸਦਾ ਤਾਂ ਕੋਈ ਵੀ ਮੁੱਲ ਨਹੀਂ ਹੈ ਅਤੇ ਜਦ ਤੱਕ ਤੁਸੀਂ ਮੁੱਲ ਦੀ ਖੋਜ ਕਰ ਰਹੇ ਹੋ, ਤਦ ਤੱਕ ਤੁਸੀਂ ਧਿਆਨ ਵਿੱਚ ਨਹੀਂ ਜਾ ਸਕੋਗੇ, ਕਿਉਂਕਿ ਮੁੱਲ ਦਾ ਜਗਤ ਤੁਹਾਨੂੰ ਫੜੀ ਰੱਖੇਗਾ। ਸੰਸਾਰ ਯਾਨੀ ਮੁੱਲ ਦਾ ਜਗਤ ਅਤੇ ਪਰਮਾਤਮਾ ਯਾਨੀ ਜਿੱਥੇ ਤੁਸੀਂ ਨਿਰਮੂਲ ਵਿੱਚ ਪ੍ਰਵੇਸ਼ ਕਰਦੇ ਹੋ ਜਾਂ ਅਮੁੱਲ ਵਿੱਚ ਪ੍ਰਵੇਸ਼ ਕਰਦੇ ਹੋ। ਉਸਦੇ ਗੁਣ ਅਮੁੱਲ ਹਨ। ਉਸਦੇ ਵਿਓਪਾਰ ਅਮੁੱਲ ਹਨ, ਉਸਦੇ ਵਿਓਪਾਰੀ ਵੀ ਅਮੁੱਲ ਹਨ ਅਤੇ ਉਸਦੇ ਭੰਡਾਰ ਵੀ ਅਮੁੱਲ ਹਨ।

ਕੌਣ ਹੈ ਉਸਦਾ ਵਿਓਪਾਰੀ? ਜਿਨ੍ਹਾਂ ਨੂੰ ਅਸੀਂ ਸੰਤ ਕਹਿੰਦੇ ਹਾਂ, ਸਿੱਧ ਕਹਿੰਦੇ ਹਾਂ, ਬੁੱਧ ਕਹਿੰਦਾ ਹਾਂ, ਉਹ ਉਸ ਦੇ ਵਿਓਪਾਰੀ ਹਨ। ਉਹ ਤੁਹਾਡੇ ਕੋਲ ਕੁਝ ਵੇਚਣ ਆਏ ਹਨ। ਜਿਸ ਨੂੰ ਖਰੀਦਣ ਦੀ ਤੁਸੀਂ ਹਿੰਮਤ ਨਹੀਂ ਕਰ ਪਾਉਂਦੇ। ਉਹ ਤੁਹਾਨੂੰ ਕੁਝ ਦੇਣਾ ਚਾਹੁੰਦੇ ਹਨ, ਜਿਹੜਾ ਅਮੁੱਲ ਹੈ। ਪਰ ਤੁਸੀਂ ਲੈਣ ਨੂੰ ਤਿਆਰ ਨਹੀਂ। ਤੁਹਾਡੇ ਖਿਆਲ ਵਿੱਚ ਅਜਿਹਾ ਲੱਗਦਾ ਹੈ ਕਿ ਜੋ ਮੁਫਤ ਮਿਲਦਾ ਹੈ, ਉਹ ਬਿਨਾਂ ਮੁੱਲ ਦਾ ਹੋਏਗਾ। ਪਰਮਾਤਮਾ ਮੁਫ਼ਤ ਮਿਲਦਾ ਹੈ। ਇਸ ਲਈ ਤੁਸੀਂ ਉਸਦੀ ਚਿੰਤਾ ਨਹੀਂ ਕਰਦੇ। ਜੇਕਰ ਉਸ ਦੇ ਉਤੇ ਵੀ ਕੀਮਤ ਲੱਗੀ ਹੋਵੇ ਤਾਂ ਤੁਸੀਂ ਉਸਦੀ ਚਿੰਤਾ ਕਰੋਗੇ। ਬੁੱਧ, ਨਾਨਕ, ਕਬੀਰ, ਵਿਓਪਾਰੀ ਹਨ। ਪਰ ਵਿਓਪਾਰ ਉਨ੍ਹਾਂ ਦਾ ਬਹੁਤ ਗੜਬੜ ਹੈ। ਉਹ ਵਿਓਪਾਰ ਸਾਡੀ ਸਮਝ ਤੋਂ ਬਾਹਰ ਹੈ। ਉਹ ਸਾਨੂੰ ਵਿਓਪਾਰੀ ਪ੍ਰਤੀਤ ਹੀ ਨਹੀਂ ਹੁੰਦੇ।

ਅਜਿਹੀ ਕਹਾਣੀ ਹੈ ਕਿ ਨਾਨਕ ਨੂੰ ਘਰ ਵਿੱਚ ਕੁਝ ਕਰਦੇ ਨਾ ਵੇਖ ਕੇ ਪਿਤਾ ਨੇ ਕਿਹਾ ਕਿ ਹੁਣ ਤੁਸੀਂ ਘੱਟੋ-ਘੱਟ ਏਨਾ ਹੀ ਕਰੋ, ਬਿਲਕੁਲ, ਕਾਹਿਲ ਵਿਅਰਥ ਨਾ ਬਣੋ। ਕਿਸੇ ਕੰਮ ਦੇ ਵੀ ਤਾਂ ਥੋੜ੍ਹੇ ਜਿਹੇ ਸਿੱਧ ਹੋਵੋ। ਪਤਾ ਨੂੰ ਵੀ ਨਾਨਕ ਵਿੱਚ ਵਿਖਾਈ ਨਹੀਂ ਦਿੱਤਾ ਕਿ ਇਸ ਆਦਮੀ ਵਿੱਚ ਕੁਝ ਕੀਮਤੀ ਹੈ। ਕਦੇ ਦੂਜੇ ਆ ਕੇ ਨਾਨਕ ਦੇ ਪਿਤਾ ਨੂੰ ਕਹਿ ਜਾਂਦੇ ਸਨ ਕਿ ਬਹੁਤ ਕੀਮਤੀ ਹੈ, ਪਰ ਨਾਨਕ ਦੇ ਪਿਓ ਨੂੰ ਕਦੇ ਭਰੋਸਾ ਨਹੀਂ ਆਇਆ ਕਿ ਕੀਮਤੀ ਕੀ ਮਿੱਟੀ ਹੈ? ਇੱਕ ਪੈਸਾ ਕਮਾਉਣ ਦੀ ਅਕਲ ਨਹੀਂ, ਸਿਰਫ਼ ਗੁਆਉਣਾ ਜਾਣਦਾ ਹੈ। ਕੀਮਤੀ ਕਿਵੇਂ? ਇਸ ਜਗਤ ਵਿੱਚ ਜੋ ਕਮਾਉਣਾ ਹੈ, ਉਸ ਜਗਤ ਵਿੱਚ ਉਹ ਗੁਆਉਣਾ ਹੈ। ਉਸ ਜਗਤ ਵਿੱਚ ਜੋ ਕਮਾਉਣਾ ਹੈ, ਉਹ ਇਸ ਜਗਤ ਵਿੱਚ ਗੁਆਉਣ ਵਰਗਾ ਜਾਪਦਾ ਹੈ। ਸੋ ਨਾਨਕ

ਨੂੰ ਕਿਹਾ ਕਿ ਕੁਝ ਨਹੀਂ ਹੁੰਦਾ ਤਾਂ ਘੱਟੋ- ਘੱਟ ਜਾਨਵਰਾਂ ਨੂੰ ਜੰਗਲ ਵਿੱਚ ਲਿਜਾ, ਚਰਾ ਲਿਆ, ਏਨਾ ਤਾਂ ਕਰ ਹੀ ਸਕਦਾ ਹੈਂ। ਇਹ ਤਾਂ ਆਖ਼ਰੀ ਕੰਮ ਹੈ, ਜਿਹੜਾ ਬੁੱਧੂ ਤੋਂ ਬੁੱਧੂ ਵੀ ਕਰ ਸਕਦਾ ਹੈ? ਜਦ ਲੋਕੀ ਆਪਣੇ ਪੁੱਤਰਾਂ ਤੇ ਨਾਰਾਜ਼ ਹੁੰਦੇ ਹਨ, ਤਾਂ ਉਹ ਕਹਿੰਦੇ ਹਨ, ਜੇਕਰ ਕੁਝ ਨਹੀਂ ਹੁੰਦਾ ਤਾਂ ਢੋਰ ਚਰਾਵੇਂਗਾ, ਉਹ ਆਖ਼ਰੀ ਹੈ। ਨਾਨਕ ਦੇ ਪਿਓ ਨੇ ਕਿਹਾ, ਹੁਣ ਤੁਸੀਂ ਇਹ ਹੀ ਕਰੋ। ਇਹ ਬਹਿ ਕੇ ਗੀਤ ਗਾ ਕੇ, ਇਹ ਆਕਾਸ਼ ਵੱਲ ਅੱਖਾਂ ਚੁੱਕ ਕੇ ਕਦੇ ਦੁਨੀਆਂ ਚੱਲੀ ਹੈ। ਪਿਓ ਸੰਸਾਰੀ ਆਦਮੀ ਸੀ ਤੇ ਪੁੱਤਰ ਦੀ ਚਿੰਤਾ ਕਰਦਾ ਸੀ ਕਿ ਪੁੱਤਰ ਕੁਝ ਕੰਮ ਦਾ ਹੋ ਜਾਏ, ਨਹੀਂ ਤਾਂ ਕਿਵੇਂ ਜੀਏਗਾ।

ਨਾਨਕ ਮੰਨ ਗਏ। ਪਰ ਨਾਨਕ ਦੇ ਮੰਨਣ ਦਾ ਕਾਰਣ ਦੂਜਾ ਸੀ। ਨਾਨਕ ਮੰਨ ਇਸ ਲਈ ਗਏ, ਕਿਉਂਕਿ ਨਾਨਕ ਨੇ ਹਮੇਸ਼ਾਂ ਵੇਖਿਆ ਕਿ ਆਦਮੀਆਂ ਦੀ ਬਜਾਇ ਜਾਨਵਰਾਂ ਦੀ ਸੰਗਤ ਵਿੱਚ ਬਹੁਤੀ ਸ਼ਾਂਤੀ ਹੈ। ਕਿਉਂਕਿ ਜਾਨਵਰ ਘੱਟੋ-ਘੱਟ ਇਕਨਾਮਿਕਸ ਤਾਂ ਨਹੀਂ ਮੰਨਦੇ। ਉਨ੍ਹਾਂ ਦਾ ਕੋਈ ਅਰਥ ਸ਼ਾਸਤਰ ਤਾਂ ਨਹੀਂ ਹੈ, ਧਨ, ਪੈਸਾ ਹਿਸਾਬ ਤਾਂ ਨਹੀਂ ਲਾਉਂਦੇ। ਬੱਸ ਜੀਉਂਦੇ ਹਨ। ਸੋ ਨਾਨਕ ਇਕਦਮ ਮੰਨ ਗਏ, ਉਨ੍ਹਾਂ ਨੂੰ ਸਦਾ ਹੀ ਗਾਵਾਂ-ਮੱਝਾਂ ਦੇ ਕੋਲ ਬੈਠਣਾ ਪਸੰਦ ਸੀ। ਘੱਟੋ-ਘੱਟ ਪੈਸਿਆਂ ਦੀ ਗੱਲ ਤਾਂ ਉਥੇ ਨਹੀਂ ਚਲਦੀ, ਚੁੱਪ ਤਾਂ ਹੁੰਦੀ ਹੈ। ਨਫ਼ੇ-ਨੁਕਸਾਨ ਦਾ ਹਿਸਾਬ ਨਹੀਂ ਹੁੰਦਾ। ਘੱਟੋ-ਘੱਟ ਜਾਨਵਰਾਂ ਨੇ ਤਾਂ ਆਪਣੇ ਆਪ ਨੂੰ ਉਸਦੀ ਮਰਜ਼ੀ ਉਤੇ ਛੱਡ ਦਿੱਤਾ ਹੈ। ਉਨ੍ਹਾਂ ਦਾ ਕੋਈ ਹੰਕਾਰ ਤਾਂ ਨਹੀਂ ਹੈ। ਸੋ ਉਹ ਚਲੇ ਗਏ ਗਾਵਾਂ-ਮੱਝਾਂ ਨੂੰ ਲੈ ਕੇ। ਪਰ ਅਜਿਹੇ ਆਦਮੀ ਦੇ ਨਾਲ ਸਦਾ ਉਪੱਦਰ ਹੋਵੇਗਾ। ਗਾਵਾਂ-ਮੱਝਾਂ ਚਰਨ ਲੱਗੀਆਂ, ਉਨ੍ਹਾਂ ਨੇ ਕਿਹਾ, ਚਰੋ ਮਜ਼ੇ ਨਾਲ, ਆਨੰਦ ਨਾਲ।

ਉਹ ਅੱਖਾਂ ਬੰਦ ਕਰਕੇ ਆਪਣੀ ਮਸਤੀ ਵਿੱਚ ਲੀਨ ਹੋ ਗਏ। ਜਾਨਵਰ ਸਾਰੇ ਨੇੜੇ ਦੇ ਖੇਤ ਵਿੱਚ ਵੜ ਗਏ ਅਤੇ ਉਨ੍ਹਾਂ ਨੇ ਸਾਰਾ ਖੇਤ ਸਾਫ ਕਰ ਦਿੱਤਾ। ਖੇਤ ਦਾ ਮਾਲਿਕ ਪਾਗਲਾਂ ਵਾਂਗ ਭੱਜਾ ਹੋਇਆ ਆਇਆ ਅਤੇ ਉਸ ਨੇ ਕਿਹਾ, ਇਹ ਤੂੰ ਕੀ ਕਰਵਾਇਆ ਹੈ? ਇਸ ਦਾ ਇੱਕ-ਇੱਕ ਪੈਸਾ ਭਰਨਾ ਪਵੇਗਾ, ਮੇਰੀ ਪੂਰੀ ਫਸਲ ਬਰਬਾਦ ਹੋ ਗਈ। ਨਾਨਕ ਨੇ ਅੱਖ ਖੋਲ੍ਹੀ ਅਤੇ ਕਿਹਾ ਤੂੰ ਏਨਾ ਘਾਬਰ ਨਾ। ਜਾਨਵਰ 'ਉਸੇ' ਦੇ ਹਨ, ਖੇਤ ਵੀ ਉਸੇ ਦਾ ਹੈ। ਉਸ ਨੇ ਹੀ ਚਰਵਾਇਆ ਹੈ, ਤੂੰ ਘਬਰਾ ਨਾ। ਬਹੁਤ ਵਰਦਾਨ ਤੇਰੇ ਉਤੇ ਵਰ੍ਹੇਗਾ। ਉਸ ਆਦਮੀ ਨੇ ਕਿਹਾ, ਚੁੱਪ ਰਹਿ! ਬਕਵਾਸ ਨਾ ਕਰ। ਵਰਦਾਨ ਵਰ੍ਹੇਗਾ? ਮੈਂ ਬਰਬਾਦ ਹੋ ਗਿਆ।

ਉਹ ਭੱਜਦਾ ਹੋਇਆ ਗਿਆ। ਨਾਨਕ ਦੇ ਪਿਓ ਨੂੰ ਫੜਿਆ ਅਤੇ ਪਿੰਡ ਦਾ ਜਿਹੜਾ ਲੰਬੜਦਾਰ ਸੀ। ਉਸ ਦੇ ਕੋਲ ਲੈ ਗਿਆ ਤੇ ਪੂਰੀ ਫ਼ਸਲ ਦਾ ਹਰਜਾਨਾ ਦੇਣ

ਲਈ ਕਿਹਾ। ਉਹ ਜਿਹੜਾ ਮੁਖੀਆ ਸੀ, ਉਹ ਨਾਨਕ ਦਾ ਭਗਤ ਸੀ। ਉਹ ਮੁਸਲਮਾਨ ਸੀ। ਬੂਲਰ ਉਸ ਦਾ ਨਾਉਂ ਸੀ—ਬੂਲਰ ਸ਼ਾਹ। ਉਸ ਨੇ ਕਿਹਾ, ਨਾਨਕ ਨੂੰ ਵੀ ਪੁੱਛ ਲੈਣਾ ਚਾਹੀਦਾ ਹੈ, ਕੀ ਹੋਇਆ! ਨਾਨਕ ਨੂੰ ਸੱਦਿਆ ਗਿਆ। ਨਾਨਕ ਨੇ ਕਿਹਾ, ਸਭ ਉਸਦੀ ਮਰਜ਼ੀ ਨਾਲ ਹੋ ਰਿਹਾ ਹੈ। ਉਸ ਦੇ ਹੁਕਮ ਨਾਲ ਅਤੇ ਸਭ ਠੀਕ ਹੀ ਹੋਏਗਾ ਅਤੇ ਉਸੇ ਨੇ ਸਾਰੇ ਜਾਨਵਰ ਭੇਜੇ ਅਤੇ ਉਸੇ ਨੇ ਫਸਲ ਉਗਾਈ। ਸੋ ਉਸ ਨੇ ਜਦ ਇੱਕ ਵਾਰੀ ਉਗਾਈ, ਤਾਂ ਉਹ ਹਜ਼ਾਰ ਬਾਰ ਉਗਾ ਸਕਦਾ ਹੈ। ਘਬਰਾਉਣ ਦੀ ਕੀ ਗੱਲ ਹੈ? ਮੈਨੂੰ ਤਾਂ ਨਹੀਂ ਲੱਗਦਾ ਕਿ ਕੋਈ ਨੁਕਸਾਨ ਵੀ ਹੋਇਆ ਹੈ। ਤਾਂ ਉਸ ਆਦਮੀ ਨੇ ਕਿਹਾ ਕਿ ਸਾਰੇ ਜਣੇ ਨਾਲ ਚੱਲਣ, ਮੇਰਾ ਖੇਤ ਬਰਬਾਦ ਪਿਆ ਹੈ ਅਤੇ ਇਹ ਆਦਮੀ ਕਹਿੰਦਾ ਹੈ, ਕੋਈ ਨੁਕਸਾਨ ਨਹੀਂ ਹੋਇਆ।

ਕਹਾਣੀ ਕਹਿੰਦੀ ਹੈ ਕਿ ਜਦ ਉਹ ਵਾਪਸ ਪੁੱਜੇ ਤਾਂ ਵੇਖਿਆ ਕਿ ਖੇਤ ਖੂਬ ਲਹਿਲਹਾ ਰਿਹਾ ਸੀ, ਉਥੇ ਕੋਈ ਨੁਕਸਾਨ ਨਹੀਂ ਹੋਇਆ ਸੀ। ਸੱਚ ਤਾਂ ਅਜਿਹਾ ਕਿ ਆਲੇ-ਦੁਆਲੇ ਦੇ ਖੇਤ ਫਿੱਕੇ ਪਏ ਸਨ। ਇਸ ਖੇਤ ਵਿੱਚ ਜਿਸ ਤਰ੍ਹਾਂ ਦੀ ਫ਼ਸਲ ਹੋਈ ਸੀ, ਇਹੋ ਜਿਹੀ ਕਦੇ ਵੇਖੀ ਨਹੀਂ ਸੀ। ਇਹ ਕਹਾਣੀ ਵਾਪਰੀ ਹੋਵੇ, ਨਾ ਵਾਪਰੀ ਹੋਵੇ, ਪਰ ਬਹੁਤ ਮਤਲਬ ਦੀ ਹੈ। ਜਿਹੜਾ ਉਸ ਉਤੇ ਛੱਡ ਦਿੰਦਾ ਹੈ, ਉਸਦੇ ਖੇਤ ਦੀ ਫ਼ਸਲ ਦਾ ਕੀ ਕਹਿਣਾ ਅਤੇ ਨਾਨਕ ਨੇ ਉਸਦੇ ਉਤੇ ਛੱਡ ਦਿੱਤਾ। ਸੋ ਨਾਨਕ ਦੇ ਜੀਵਨ ਵਿੱਚ ਅਜਿਹੀ ਫਸਲ ਆਈ, ਜਿਸ ਤਰ੍ਹਾਂ ਕਿ ਕਿਸੇ ਦੇ ਜੀਵਨ ਵਿੱਚ ਕਦੇ-ਕਦੇ ਮੁਸ਼ਕਿਲ ਨਾਲ ਆਉਂਦੀ ਹੈ। ਪਰ ਛੱਡਣ ਦੀ ਹਿੰਮਤ.....।

ਉਸ ਖੇਤ ਦਾ ਮਾਲਿਕ ਤਾਂ ਭਰੋਸਾ ਹੀ ਨਾ ਕਰ ਸਕਿਆ ਕਿ ਇਹ ਕੀ ਹੋਇਆ ਹੈ। ਇਸ ਜਗਤ ਵਿੱਚ ਸਭ ਤੋਂ ਵੱਡਾ ਚਮਤਕਾਰ ਹੈ, ਪਰਮਾਤਮਾ ਉਤੇ ਆਪਣੇ ਆਪ ਨੂੰ ਛੱਡ ਦੇਣਾ। ਤਦ ਤੁਹਾਡੇ ਜੀਵਨ ਵਿੱਚ ਰੋਜ਼-ਰੋਜ਼ ਅਜਿਹਾ ਵਾਪਰਨ ਲੱਗ ਪਵੇਗਾ, ਜਿਸ ਲਈ ਜਵਾਬ ਦੇਣਾ ਬਿਲਕੁਲ ਮੁਸ਼ਕਿਲ ਹੈ। ਜਿਸ ਨੂੰ ਸਮਝਾਉਣਾ ਮੁਸ਼ਕਿਲ ਹੈ। ਜਿਸ ਦੀ ਕੋਈ ਰੈਸ਼ਨਲ, ਕੋਈ ਤਰਕਯੁਕਤ ਵਿਆਖਿਆ ਨਹੀਂ ਹੋ ਸਕਦੀ। ਕਹਾਣੀ ਦਾ ਏਨਾ ਹੀ ਅਰਥ ਹੈ ਕਿ ਜਿਹੜੇ ਉਸ ਉਤੇ ਛੱਡ ਦਿੰਦੇ ਹਨ, ਉਨ੍ਹਾਂ ਦੇ ਜੀਵਨ ਵਿੱਚ ਹਰ ਘੜੀ ਇਹੋ ਜਿਹੀਆਂ ਘਟਨਾਵਾਂ ਵਾਪਰਨ ਲੱਗ ਪੈਂਦੀਆਂ ਹਨ। ਜਿਨ੍ਹਾਂ ਦਾ ਕੋਈ ਬੁੱਧੀਯੁਕਤ ਹੱਲ ਨਹੀਂ ਹੋ ਸਕਦਾ। ਜਿਹੜੀਆਂ ਬੁਝਾਰਤਾਂ ਜਾਪਦੀਆਂ ਹਨ।

ਕਿਉਂ? ਕਿਉਂਕਿ ਜਦ ਅਮਾਪ ਤੁਹਾਡੇ ਜੀਵਨ ਵਿੱਚ ਪ੍ਰਵੇਸ਼ ਕਰ ਜਾਂਦਾ ਹੈ, ਤਦ ਬੁਝਾਰਤਾਂ ਸ਼ੁਰੂ ਹੋ ਜਾਂਦੀਆਂ ਹਨ। ਬੁਝਾਰਤ ਦਾ ਇੱਕ ਹੀ ਅਰਥ ਹੈ, ਰਹੱਸਯ ਦਾ ਇੱਕ ਹੀ ਅਰਥ ਹੈ ਕਿ ਤੁਸੀਂ ਮਾਪ ਦੀ ਦੁਨੀਆਂ ਤੋਂ ਅਮਾਪ ਵੱਲ ਅੱਖਾਂ ਚੁੱਕ ਲਈਆਂ। ਤੁਸੀਂ

ਹੱਦਾਂ ਦੇ ਵੱਲੋਂ ਹਟੇ ਅਤੇ ਅਸੀਮ ਵੱਲ ਝੁਕੇ। ਗਿਆਤ (ਜਾਨਣਾ) ਨੂੰ ਤੁਸੀਂ ਜ਼ਰਾ ਛੱਡਿਆ ਅਤੇ ਅਗਿਆਤ ਤੁਹਾਡੇ ਜੀਵਨ ਵਿੱਚ ਆਇਆ। ਜਿਵੇਂ ਹੀ ਅਣਜਾਣੇ ਨੂੰ ਤੁਸੀਂ ਆਪਣੇ ਜੀਵਨ ਵਿੱਚ ਥੋੜ੍ਹੀ ਜਿਹੀ ਥਾਂ ਦਿੰਦੇ ਹੋ, ਤਿਵੇਂ ਹੀ ਰਹੱਸਯ ਵਾਪਰਨੇ ਸ਼ੁਰੂ ਹੋ ਜਾਂਦੇ ਹਨ। ਚਮਤਕਾਰ ਦੀ ਫ਼ਸਲ ਆਉਣੀ ਸ਼ੁਰੂ ਹੋ ਜਾਂਦੀ ਹੈ।

ਨਾਨਕ ਕਿਸੇ ਹੋਰ ਦੂਜੀ ਦੁਨੀਆਂ ਦੇ ਵਿਓਪਾਰੀ ਹਨ ਅਤੇ ਉਸ ਦੂਜੀ ਦੁਨੀਆਂ ਦੇ ਵਿਓਪਾਰੀਆਂ ਨਾਲ਼ ਅਸੀਂ ਸਦਾ ਦੁਰਵਿਵਹਾਰ ਕੀਤਾ ਹੈ। ਜੀਸਸ ਨੂੰ ਅਸੀਂ ਸੂਲੀ ਉਤੇ ਚੜ੍ਹਾ ਦਿੱਤਾ। ਸ਼ੁਕਰਾਤ ਨੂੰ ਜ਼ਹਿਰ ਪਿਲਾ ਦਿੱਤਾ ਅਤੇ ਅਸੀਂ ਸੂਲੀ ਵੀ ਨਾ ਦਿੱਤੀ ਹੋਵੇ, ਜ਼ਹਿਰ ਵੀ ਨਾ ਪਿਲਾਇਆ ਹੋਵੇ ਤਾਂ ਵੀ ਅਸੀਂ ਉਸ ਦੁਨੀਆਂ ਦੇ ਵਿਓਪਾਰੀਆਂ ਦੀ ਗੱਲ ਕਦੇ ਨਹੀਂ ਸੁਣੀ। ਅਸੀਂ ਪੂਜਾ ਵੀ ਕੀਤੀ ਹੋਵੇ ਤਾਂ ਵੀ ਨਹੀਂ ਸੁਣੀ। ਪੂਜਾ ਵੀ ਸਾਡੀ ਇੱਕ ਬਚ ਨਿਕਲਣ ਦੀ ਤਰਕੀਬ ਹੈ। ਕਿ ਅਸੀਂ ਕਹਿੰਦੇ ਹਾਂ। ਕਿ ਤੁਸੀਂ ਬਹੁਤ ਮਹਾਨ ਹੋ। ਅਸੀਂ ਤੁਹਾਨੂੰ ਕਿਵੇਂ ਪਾ ਸਕਦੇ ਹਾਂ? ਤਾਂ ਤੁਹਾਡੇ ਚਰਣਾਂ ਵਿੱਚ ਅਸੀਂ ਫੁੱਲ ਚੜ੍ਹਾਉਂਦੇ ਹਾਂ। ਪਰ ਅਸੀਂ ਤਾਂ ਜਿਹੋ ਜਿਹੇ ਹਾਂ, ਉਹੋ ਜਿਹੇ ਹੀ ਰਹਾਂਗੇ ਅਤੇ ਅਸੀਂ ਪੂਜਾ ਕਰਕੇ ਉਹੋ ਹੀ ਜਿਹੇ ਬਣੇ ਰਹਿੰਦੇ ਹਾਂ। ਤੁਹਾਡੀ ਪੂਜਾ ਝੂਠੀ ਹੈ। ਜੇਕਰ ਤੁਸੀਂ ਉਹੋ ਜਿਹੇ ਹੀ ਬਣੇ ਰਹਿੰਦੇ ਹੋ। ਇੱਕ ਹੀ ਕਸੌਟੀ ਹੈ ਪੂਜਾ ਦੇ ਸੱਚ ਹੋਣ ਦੀ, ਕਿ ਪੂਜਾ ਤੁਹਾਨੂੰ ਬਦਲੇ। ਜੇਕਰ ਤੁਸੀਂ ਸੱਚ-ਮੁੱਚ ਹੀ ਨਾਨਕ ਨੂੰ ਆਦਰ ਦਿੱਤਾ ਤਾਂ ਤੁਸੀਂ ਦੂਜੇ ਹੀ ਆਦਮੀ ਹੋ ਜਾਓਗੇ। ਪਰ ਤੁਸੀਂ ਨਾਨਕ ਨੂੰ ਆਦਰ ਵੀ ਦਿੰਦੇ ਹੋ ਅਤੇ ਉਹੋ ਦੇ ਉਹੋ ਆਦਮੀ ਬਣੇ ਰਹਿੰਦੇ ਹੋ ਤੁਹਾਡਾ ਆਦਰ ਝੂਠਾ ਹੈ ਅਤੇ ਆਦਰ ਵੀ ਬਚਣ ਦੀ ਤਰਕੀਬ ਹੈ। ਤੁਸੀਂ ਕਹਿੰਦੇ ਹੋ ਕਿ ਹਾਂ ਅਸੀਂ ਮੰਨਦੇ ਹਾਂ ਤੁਸੀਂ ਜੋ ਕਹਿੰਦੇ ਹੋ ਬਿਲਕੁਲ ਠੀਕ ਹੈ। ਪਰ ਅਜੇ ਸਾਡਾ ਵੇਲਾ ਨਹੀਂ ਆਇਆ। ਜਦ ਆਏਗਾ ਤਦ ਅਸੀਂ ਵੀ ਇਸ ਰਾਹ 'ਤੇ ਟੁਰਾਂਗੇ। ਪਰ ਅਜੇ ਸੰਸਾਰ ਵਿੱਚ ਬਹੁਤ ਕੰਮ ਕਰਨੇ ਬਾਕੀ ਹਨ। ਪਹਿਲਾਂ ਉਨ੍ਹਾਂ ਨੂੰ ਨਬੇੜ ਲੈਣ ਦਿਓ ਅਤੇ ਛੇਤੀ ਵੀ ਕੀ ਹੈ? ਕੱਲ੍ਹ।

ਅਸੀਂ **Postpone** ਕਰਦੇ ਹਾਂ। ਸਾਡਾ ਆਦਰ ਵੀ ਬਹੁਤ ਹੁਸ਼ਿਆਰੀ ਨਾਲ ਭਰਿਆ ਹੈ। ਧਿਆਨ ਰੱਖਣਾ, ਆਦਰ ਬਹੁਤੀ ਚਾਲਾਕ ਤਰਕੀਬ ਹੈ। ਜ਼ਹਿਰ ਪਿਲਾਉਣਾ ਸਿੱਧੀ-ਸਾਦੀ ਗੱਲ ਹੈ। ਕਿ ਅਸੀਂ ਇਸ ਆਦਮੀ ਤੋਂ ਛੁਟਕਾਰਾ ਪਾਉਣਾ ਚਾਹੁੰਦੇ ਹਾਂ। ਇਸ ਲਈ ਯੂਨਾਨ ਵਿੱਚ ਸ਼ੁਕਰਾਤ ਨੂੰ ਉਨ੍ਹਾਂ ਨੇ ਜ਼ਹਿਰ ਪਿਲਾ ਦਿੱਤਾ। ਯਹੂਦੀਆਂ ਨੇ ਜੀਸਸ ਨੂੰ ਸੂਲੀ ਤੇ ਚੜ੍ਹਾ ਦਿੱਤਾ। ਹਿੰਦੋਸਤਾਨ ਬਹੁਤਾ ਚਾਲਾਕ ਹੈ। ਕਿਉਂਕਿ ਪੁਰਾਣੀ ਜਾਤੀ ਜ਼ਿਆਦਾ ਹੁਸ਼ਿਆਰ ਹੈ। ਅਸੀਂ ਬੁੱਧ ਨੂੰ, ਨਾਨਕ ਨੂੰ, ਮਹਾਂਵੀਰ ਨੂੰ, ਕ੍ਰਿਸ਼ਨ ਨੂੰ ਸੂਲੀ ਉਤੇ ਨਹੀਂ ਚਾੜ੍ਹਿਆ ਅਤੇ ਨਾ ਹੀ ਅਸੀਂ ਉਨ੍ਹਾਂ ਨੂੰ ਜ਼ਹਿਰ ਦਿੱਤਾ। ਅਸੀਂ ਉਨ੍ਹਾਂ ਦੀ ਪੂਜਾ ਕੀਤੀ।

ਅਤੇ ਧਿਆਨ ਰੱਖਣਾ, ਯਹੂਦੀ ਜੀਸਸ ਨੂੰ ਸੂਲੀ ਉਤੇ ਚੜ੍ਹਾ ਕੇ ਹੁਣ ਤੱਕ ਛੁਟਕਾਰਾ ਨਹੀਂ ਪਾ ਸਕੇ। ਯਹੂਦੀ ਦੇ ਪਿੱਛੇ ਜੀਸਸ ਘੁੰਮ ਰਿਹਾ ਹੈ, ਕਿਉਂਕਿ ਜਿਸ ਨੂੰ ਤੁਸੀਂ ਸੂਲੀ ਚੜ੍ਹਾਓਗੇ, ਉਸ ਲਈ ਤੁਹਾਡੇ ਅੰਦਰ ਇੱਕ ਅਪਰਾਧ ਦਾ ਭਾਵ ਪੈਦਾ ਹੋ ਜਾਏਗਾ। ਹੁਣ ਤੱਕ ਜੀਸਸ ਕੋਲੋਂ ਯਹੂਦੀਆਂ ਦਾ ਛੁਟਕਾਰਾ ਨਹੀਂ ਹੋਇਆ ਅਤੇ ਕਦੇ ਨਹੀਂ ਹੋਏਗਾ ਕਿਉਂਕਿ ਇੱਕ ਅਪਰਾਧ ਦਾ ਭਾਵ ਅੰਦਰ ਬੈਠ ਗਿਆ ਹੈ ਅਤੇ ਬਾਰ-ਬਾਰ ਉਨ੍ਹਾਂ ਨੂੰ ਜੀਸਸ ਦੀ ਯਾਦ ਆਉਂਦੀ ਹੈ।

ਲੇਕਿਨ ਅਸੀਂ ਪਹਿਲਾਂ ਹੀ ਛੁਟਕਾਰਾ ਕਰ ਲਿਆ ਹੈ। ਸਾਨੂੰ ਕਿਸੇ ਦੀ ਯਾਦ ਨਹੀਂ ਆਉਂਦੀ। ਅਸੀਂ ਬਹੁਤ ਹੁਸ਼ਿਆਰ ਲੋਕ ਹਾਂ। ਅਸੀਂ ਦਿਨ ਬੰਨ੍ਹ ਦਿੱਤੇ ਹਨ, ਯਾਦਾਸ਼ਤ ਲਈ ਕਿ ਤੁਹਾਡਾ ਜਨਮ ਦਿਨ ਆਏਗਾ, ਤਾਂ ਅਸੀਂ ਤੁਹਾਡੀ ਯਾਦ ਕਰ ਲਵਾਂਗੇ। ਬਾਕੀ ਸਮਾਂ ਤੁਸੀਂ ਸਾਡੇ ਤੇ ਕਿਰਪਾ ਕਰੋ। ਸਾਨੂੰ ਆਪਣਾ ਵਿਓਪਾਰ ਕਰਨ ਦਿਓ, ਅਜੇ ਸਾਡੀ ਉਤਸੁਕਤਾ, ਉਸ ਦੁਨੀਆਂ ਦੇ ਵਿਓਪਾਰ ਵਿੱਚ ਨਹੀਂ ਹੈ। ਭਾਰਤ ਬਹੁਤ ਚਾਲਾਕ ਹੈ। ਇਸ ਲਈ ਅਸੀਂ ਕਿਸੇ ਨੂੰ ਫਾਂਸੀ ਨਹੀਂ ਦਿੱਤੀ। ਕਿਉਂਕਿ ਅਸੀਂ ਛੁਟਕਾਰੇ ਦੀਆਂ ਸਰਲ ਤਰਕੀਬਾਂ ਜਾਣਦੇ ਹਾਂ; ਫ਼ਿਰ ਏਨਾ ਉਪੱਦਰ ਕਿਉਂ ਖੜ੍ਹਾ ਕਰਨਾ? ਅਤੇ ਸੂਲੀ ਚੜ੍ਹਾਉਣ ਦਾ ਮਤਲਬ ਇਹ ਹੈ ਕਿ ਅਸੀਂ ਤੁਹਾਨੂੰ ਬਹੁਤ ਗੰਭੀਰਤਾ ਨਾਲ ਲਿਆ।

ਅਸੀਂ ਤੁਹਾਡੀ ਪੂਜਾ ਕਰਾਂਗੇ। ਇਹ ਬਹੁਤ ਸਰਲ ਤੇ ਅਹਿੰਸਾਤਮਕ ਪ੍ਰਕ੍ਰਿਆ ਹੈ ਛੁਟਣ ਦੀ। ਅਸੀਂ ਤੁਹਾਨੂੰ ਭਗਵਾਨ ਕਹਾਂਗੇ, ਗੁਰੂ ਕਹਾਂਗੇ, ਸੰਤ ਕਹਾਂਗੇ। ਸਿੱਧ ਪੁਰਖ ਕਹਾਂਗੇ। ਪਰ ਤੁਸੀਂ ਸਾਨੂੰ, 'ਅਸੀਂ' ਰਹਿਣ ਦਿਓ। ਤੁਸੀਂ ਉਸ ਮੰਦਰ ਦੀ ਵੇਦੀ ਉਤੇ ਹੀ ਰਹੋ, ਅਸੀਂ ਇੱਥੇ ਸੰਸਾਰ ਵਿੱਚ ਅਤੇ ਜਦ ਕਦੀ ਸਾਨੂੰ ਸੰਸਾਰ ਦੀ ਕਿਸੇ ਚੀਜ਼ ਦੀ ਜ਼ਰੂਰਤ ਹੋਏਗੀ, ਤਾਂ ਅਸੀਂ ਤੁਹਾਡੇ ਕੋਲੋਂ ਮੰਗ ਲਵਾਂਗੇ। ਤੁਹਾਡੀ ਵਰਤੋਂ ਕਰਾਂਗੇ, ਪਰ ਅਸੀਂ ਤੁਹਾਡੇ ਕਾਰਣ ਬਦਲਾਂਗੇ ਨਹੀਂ।

ਇਹ ਬਹੁਤੀ ਚਾਲਾਕ ਅਤੇ ਬਹੁਤੀ ਹੁਸ਼ਿਆਰ ਕੌਮ ਹੈ। ਪੁਰਾਣੀ ਕੌਮ ਹੈ। ਬੁੱਢੇ ਆਦਮੀ ਹਮੇਸ਼ਾਂ ਚਾਲਾਕ ਹੋ ਜਾਂਦੇ ਹਨ, ਕਿਉਂਕਿ ਜ਼ਿੰਦਗੀ ਦਾ ਅਨੁਭਵ ਉਨ੍ਹਾਂ ਨੂੰ ਦੱਸ ਦਿੰਦਾ ਹੈ, ਬਚਣ ਦੀਆਂ ਤਰਕੀਬਾਂ, ਕੁਸ਼ਲਤਾ ਨਾਲ ਕੱਢੀਆਂ ਜਾ ਸਕਦੀਆਂ ਹਨ। ਏਨਾ ਜਾਲ, ਜ਼ਹਿਰ ਖਰੀਦਨਾ ਅਤੇ ਜ਼ਹਿਰ ਪਿਲਾਉਣਾ, ਸੂਲੀ ਚੜ੍ਹਾਉਣਾ ਏਨਾ ਉਪੱਦਰ ਕੀ ਕਰਨਾ। ਮੰਦਰ ਦੀ ਵੇਦੀ ਉਤੇ ਬਿਠਾ ਦਿਓ, ਛੁਟਕਾਰਾ ਹੋ ਜਾਂਦਾ ਹੈ। ਅਸੀਂ ਆਪਣੇ ਉਨ੍ਹਾਂ ਸਾਰੇ ਵਿਓਪਾਰੀਆਂ ਨੂੰ ਜਿਹੜੇ ਦੂਜੇ ਜਗਤ ਦੀ ਖ਼ਬਰ ਲਿਆਏ, ਪੂਜਨੀਕ ਬਣਾ ਲਿਆ ਅਤੇ ਪੂਜਨੀਕ ਬਣਾ ਕੇ ਸਾਡਾ ਨਿਪਟਾਰਾ ਹੋ ਗਿਆ। ਨਾਤਾ-ਰਿਸ਼ਤਾ ਤੈਅ ਹੋ ਗਿਆ। ਅਸੀਂ ਭਗਤ ਹਾਂ, ਤੁਸੀਂ ਭਗਵਾਨ ਹੋ। ਅਸੀਂ

ਪੁਜਾਰੀ ਹਾਂ, ਤੁਸੀਂ ਆਰਾਧਯ (ਪੂਜਾ ਦੇ ਲਾਇਕ) ਹੋ। ਗੱਲ ਨਿੱਬੜ ਗਈ। ਅਸਲੀ ਸਵਾਲ ਹੈ ਨਾਨਕ ਹੋ ਜਾਣਾ। ਅਸਲੀ ਸਵਾਲ ਨਾਨਕ ਦੀ ਪੂਜਾ ਨਹੀਂ ਹੈ। ਅਸਲੀ ਸਵਾਲ ਗੁਰੂ ਗ੍ਰੰਥ ਤੇ ਫੁੱਲ ਚੜ੍ਹਾਉਣਾ ਨਹੀਂ ਹੈ। ਅਸਲੀ ਸਵਾਲ ਗੁਰੂ ਗ੍ਰੰਥ ਹੋ ਜਾਣਾ ਹੈ। ਕਿ ਤੁਹਾਡੇ ਸ਼ਬਦ ਦਾ ਉਚਾਰਣ ਉਸ ੧ਓ ਦੀ ਧੁਨੀ ਲਿਆਉਣ ਲੱਗ ਪਵੇ। ਪਰ ਫਿਰ ਤੁਹਾਨੂੰ ਬਦਲਾਹਟ ਵਿਚੋਂ ਲੰਘਣਾ ਪਵੇਗਾ—'ਉਸ ਦੇ ਵਿਓਪਾਰੀ ਵੀ ਅਮੁੱਲ ਹਨ।'

ਇਸੇ ਲਈ ਤਾਂ ਅਸੀਂ ਪਛਾਣ ਨਹੀਂ ਸਕਦੇ। ਇਸੇ ਲਈ ਤਾਂ ਸਾਨੂੰ ਲੱਗਦਾ ਹੈ ਕਿ ਉਹ ਜੋ ਕੁਝ ਕਹਿ ਰਹੇ ਹਨ, ਉਹ ਸਾਡੇ ਤਰਕ ਵਿੱਚ ਨਹੀਂ ਬੈਠਦਾ। ਉਹ ਜੋ ਕੁਝ ਦੱਸ ਰਹੇ ਹਨ ਉਹਦਾ ਸਾਡੀ ਸਮਝ ਦੇ ਨਾਲ ਮੇਲ ਨਹੀਂ ਹੁੰਦਾ। ਤਾਂ ਅਸੀਂ ਆਪਣੇ ਅਤੇ ਉਨ੍ਹਾਂ ਦੇ ਵਿਚਕਾਰ ਇੱਕ ਕੰਧ ਖੜ੍ਹੀ ਕਰ ਲੈਂਦੇ ਹਾਂ। ਅਸੀਂ ਆਪਣੇ ਅੰਦਰ Compartment ਬਣਾ ਲਏ ਹਨ। ਜਦ ਤੁਸੀਂ ਗੁਰਦੁਆਰੇ ਜਾਂਦੇ ਹੋ, ਤਦ ਤੁਸੀਂ ਹੋਰ ਤਰ੍ਹਾਂ ਦੇ ਆਦਮੀ ਹੁੰਦੇ ਹੋ। ਜਦ ਤੁਸੀਂ ਦੁਕਾਨ ਉਤੇ ਬੈਠਦੇ ਹੋ, ਤਦ ਤੁਸੀਂ ਹੋਰ ਤਰ੍ਹਾਂ ਦੇ ਆਦਮੀ ਹੁੰਦੇ ਹੋ। ਜਦ ਤੁਸੀਂ ਮੰਦਰ ਜਾਂਦੇ ਹੋ, ਤਦ ਵੇਖੋ ਤੁਹਾਡਾ ਭਾਵ। ਅੱਖਾਂ ਤੋਂ ਅੱਥਰੂ ਵਗ ਰਹੇ ਹਨ, ਤੁਸੀਂ ਇਸ ਤਰ੍ਹਾਂ ਗਦ-ਗਦ ਜਾਪਦੇ ਹੋ ਮਸਜਿਦ ਵਿੱਚ ਤੁਹਾਨੂੰ ਨਮਾਜ਼ ਪੜ੍ਹਦੇ ਵੇਖਣਾ, ਤੇ ਫੇਰ ਬਾਜ਼ਾਰ ਵਿੱਚ ਤੁਹਾਨੂੰ ਦੁਕਾਨ ਉਤੇ ਵੇਖਣਾ। ਭਰੋਸਾ ਹੀ ਨਹੀਂ ਆਉਂਦਾ ਕਿ ਤੁਸੀਂ ਇੱਕ ਆਦਮੀ ਹੋ। ਅਜਿਹਾ ਲੱਗਦਾ ਹੈ ਕਿ ਤੁਸੀਂ ਦੋ ਆਦਮੀ ਹੋ। ਇਹ ਵੀ ਬਚਣ ਦੀ ਵੱਡੀ ਕੁਸ਼ਲ ਤਰਕੀਬ ਹੈ।

ਸੋ ਅਸੀਂ ਇੱਕ ਵੱਖਰਾ ਹੀ ਕੋਨਾ ਬਣਾ ਦਿੱਤਾ ਹੈ, ਧਰਮ ਦਾ। ਉਹ ਸਾਡਾ Sunday Corner ਹੈ। ਉਥੇ ਅਸੀਂ ਸਵੇਰੇ ਚਰਚ ਜਾਂਦੇ ਹਾਂ ਅਤੇ ਚਰਚ ਤੋਂ ਅਸੀਂ ਬਾਹਰ ਨਿਕਲੇ ਕਿ ਅਸੀਂ ਉਥੇ ਹੀ ਉਸ ਕੋਨੇ ਨੂੰ ਛੱਡ ਆਉਂਦੇ ਹਾਂ। ਫਿਰ ਸੱਤ ਦਿਨ ਅਸੀਂ ਉਸ ਨੂੰ ਅੱਖ ਚੁੱਕ ਕੇ ਵੀ ਨਹੀਂ ਵੇਖਦੇ। ਜਿਵੇਂ ਧਰਮ ਦਾ ਸੰਬੰਧ ਸਾਡੇ ਚਰਚ ਵਿੱਚ ਹੋਣ ਨਾਲ ਹੈ ਅਤੇ ਬਾਕੀ ਜ਼ਿੰਦਗੀ? ਬਾਕੀ ਜ਼ਿੰਦਗੀ ਅਸੀਂ ਆਪਣੇ ਹਿਸਾਬ ਨਾਲ ਚੱਲਦੇ ਹਾਂ। ਚਰਚ ਵਿੱਚ, ਗੁਰਦੁਆਰੇ ਵਿੱਚ, ਮੰਦਰ ਵਿੱਚ, ਅਸੀਂ ਇਨ੍ਹਾਂ ਵਿਓਪਾਰੀਆਂ ਦੀ ਗੱਲ ਸੁਣਦੇ ਹਾਂ। ਉਹ ਵੀ ਸੁਣਨ ਦੀ ਹੈ। ਉਹ ਵੀ ਅਸੀਂ ਠੀਕ ਤਰ੍ਹਾਂ ਕਿੱਥੇ ਸੁਣਦੇ ਹਾਂ। ਉਹ ਵੀ ਇੱਕ ਸਮਾਜਿਕ ਉਪਚਾਰ ਹੈ।

ਨਾਨਕ ਕਹਿੰਦੇ ਹਨ, ਉਸਦੇ ਵਿਓਪਾਰੀ ਵੀ ਅਮੁੱਲ ਹਨ ਅਤੇ ਜੇਕਰ ਤੁਸੀਂ ਉਸ ਵੱਲ ਜਾਣਾ ਚਾਹੁੰਦੇ ਹੋ, ਤਾਂ ਉਸ ਦੇ ਵਿਓਪਾਰੀਆਂ ਨੂੰ ਸਮਝਣ ਦੀ ਕੋਸ਼ਿਸ਼ ਕਰਨਾ ਅਤੇ ਉਸਦੇ ਵਿਓਪਾਰੀ ਵੀ ਤੁਹਾਨੂੰ ਬੇਬੂਝ ਜਾਪਣਗੇ। ਉਨ੍ਹਾਂ ਨੂੰ ਵੀ ਤੁਸੀਂ ਤੋਲ ਨਾ ਸਕੋਗੇ। ਤੁਹਾਡੀ ਬੁੱਧੀ ਉਨ੍ਹਾਂ ਦੇ ਨਾਲ ਵੀ ਥੱਕ ਜਾਏਗੀ। ਤੁਹਾਡੇ ਮਾਪ-ਤੋਲ ਉਥੇ ਵੀ

ਢਹਿ ਜਾਣਗੇ। ਤੁਸੀਂ ਪਾਓਗੇ, ਤੁਸੀਂ ਉਨ੍ਹਾਂ ਨੂੰ ਜਿਸ ਤਰ੍ਹਾਂ ਵੀ ਤੋਲੋ, ਉਹ ਤੁਹਾਡੀ ਤੋਲ ਤੋਂ ਵੱਡੇ ਹਨ। ਜੋ ਲੈਣ ਆਉਂਦਾ ਹੈ ਉਹ ਅਮੁੱਲ ਹੈ, ਜਿਹੜਾ ਲੈ ਜਾਂਦਾ ਉਹ ਅਮੁੱਲ ਹੈ। ਉਥੇ ਅਮੁੱਲ ਦਾ ਹੀ ਸਾਰਾ ਕਾਰੋਬਾਰ ਹੈ। ਬੇਬੂਝ ਦਾ ਅਮਾਪ ਦਾ। ਉਥੇ ਗਾਹਕ ਵੀ ਜੋ ਆਉਂਦਾ ਹੈ, ਉਹ ਵੀ ਅਮੁੱਲ ਹੈ। ਉਥੇ ਜਿਹੜਾ ਸਾਮਾਨ ਵੀ ਲੈ ਜਾਂਦਾ ਹੈ ਉਹ ਵੀ ਅਮੁੱਲ ਹੈ। ਉਥੇ ਵਿਕਰੀ ਹੀ ਉਸ ਇੱਕ ਦੀ ਹੋ ਰਹੀ ਹੈ—

ੴ ਸਤਿਨਾਮੁ

'ਉਸ ਦਾ ਭਾਵ ਅਮੁੱਲ ਹੈ, ਉਸਦੀ ਸਮਾਧੀ ਅਮੁੱਲ ਹੈ।'

ਤੁਹਾਡੇ ਅੰਦਰ ਉਸਦਾ ਭਾਵ ਵੀ ਪੈਦਾ ਹੋ ਜਾਏ ਤਾਂ ਤੁਸੀਂ ਦੂਜੇ ਜਗਤ ਵਿੱਚ ਪ੍ਰਵੇਸ਼ ਕਰ ਗਏ। ਤੁਸੀਂ ਫ਼ਿਰ ਉਥੇ ਨਹੀਂ ਹੋ। ਉਸਦਾ ਭਾਵ ਪੈਦਾ ਹੋ ਜਾਏ ਤਾਂ ਤੁਸੀਂ ਕਿਤੇ ਹੋਰ ਚਲੇ ਗਏ। ਰਾਮਕ੍ਰਿਸ਼ਨ ਦੇ ਸਾਹਮਣੇ ਕੋਈ ਪਰਮਾਤਮਾ ਦਾ ਨਾਉਂ ਲੈ ਦਿੰਦਾ, ਉਹ ਉਥੇ ਹੀ ਖੜ੍ਹੇ ਹੋ ਜਾਂਦੇ। ਅੱਖਾਂ ਬੰਦ ਹੋ ਜਾਂਦੀਆਂ ਅਤੇ ਅੱਥਰੂਆਂ ਦੀ ਧਾਰ ਵਗਣ ਲੱਗ ਜਾਂਦੀ। ਦੇਹ ਜੜ੍ਹ ਹੋ ਜਾਂਦੀ। ਉਹ ਕਿਤੇ ਹੋਰ ਚਲੇ ਗਏ। ਉਹ ਹੁਣ ਉਥੇ ਨਹੀਂ ਹਨ। ਸਮਰਣ ਮਾਤਰ! ਅਤੇ ਹੋਰ ਇੱਕ ਨਵਾਂ ਆਯਾਮ (ਪੱਖ) ਅੰਦਰ ਖੁੱਲ੍ਹ ਗਿਆ। ਉਸੇ ਵੇਲੇ ਕੋਈ ਹੋਰ ਦੁਨੀਆਂ ਖੁੱਲ੍ਹ ਗਈ। ਇਹ ਦੁਨੀਆਂ ਬੰਦ ਹੋ ਗਈ। ਨਾਨਕ ਕਹਿੰਦੇ ਹਨ, ਉਸਦਾ ਭਾਵ, ਸਮਰਣ ਮਾਤ੍ਰ। ਉਸਦੀ ਸੁਰਤਿ, ਜ਼ਰਾ ਕੁ ਉਸਦੀ ਸਮ੍ਰਿਤੀ, ਇੱਕ ਰੇਖਾ—ਅਤੇ ਤੁਸੀਂ ਕਿਤੇ ਹੋਰ ਚਲੇ ਗਏ। ਉਸ ਦਾ ਭਾਵ ਹੀ ਜਦੋਂ ਪੂਰੀ ਤਰ੍ਹਾ ਪੂਰਣ ਹੋ ਜਾਂਦਾ ਹੈ ਤਾਂ ਉਸ ਦਾ ਨਾਉਂ ਸਮਾਧੀ ਹੈ।

ਭਾਵ ਅਤੇ ਸਮਾਧੀ ਦੇ ਭੇਦ ਨੂੰ ਸਮਝ ਲਵੋ। ਭਾਵ ਦਾ ਅਰਥ ਹੈ ਇੱਕ ਝਲਕ। ਭਾਵ ਦਾ ਅਰਥ ਹੈ ਇੱਕ ਤਰੰਗ। ਭਾਵ ਦਾ ਅਰਥ ਹੈ ਇੱਕ ਪਲ ਲਈ ਤੁਸੀਂ ਉਸ ਵਿੱਚ ਡੁੱਬੇ, ਪਰ ਤੁਸੀਂ, ਤੁਸੀਂ ਰਹੇ, ਟੁੱਬੀ ਤਾਂ ਮਾਰੀ, ਪਰ ਮਿਟੇ ਨਹੀਂ। ਜਿਵੇਂ ਪਾਣੀ ਵਿੱਚ ਕੋਈ ਚੁੱਭੀ ਮਾਰੇ, ਕਿੰਨੀ ਦੇਰ ਕੋਈ ਚੁੱਭੀ ਮਾਰੇਗਾ? ਇੱਕ ਘੜੀ ਪਿਛੋਂ ਬਾਹਰ ਆ ਜਾਏਗਾ ਅਤੇ ਚੁੱਭੀ ਜਦ ਮਾਰੀ ਹੋਈ ਹੈ, ਤਦ ਵੀ ਮੌਜੂਦ ਤਾਂ ਹੈ ਹੀ। ਸ਼ੇਖ ਫਰੀਦ ਇੱਕ ਸਿੱਧ ਪੁਰਖ ਹੋਇਆ, ਕਰੀਬ ਨਾਨਕ ਦੇ ਵੇਲੇ ਹੀ ਹੋਇਆ। ਇੱਕ ਦਿਨ ਨਦੀ ਵੱਲ ਇਸ਼ਨਾਨ ਕਰਨ ਜਾ ਰਿਹਾ ਸੀ ਤਾਂ ਇੱਕ ਭਗਤ ਨੇ ਪੁੱਛਿਆ ਕਿ ਭਗਵਾਨ ਨੂੰ ਕਿਵੇਂ ਪਾਇਆ ਜਾਏ? ਉਸ ਨੇ ਕਿਹਾ, ਤੂੰ ਮੇਰੇ ਨਾਲ ਆ। ਨਦੀ ਦੇ ਕੰਢੇ ਉਤੇ ਜਾ ਕੇ ਕਿਹਾ ਕਿ ਚੱਲ ਪਹਿਲਾਂ ਇਸ਼ਨਾਨ ਕਰ ਲਈਏ। ਫ਼ਿਰ ਤੈਨੂੰ ਦੱਸ ਦਿਆਂਗਾ ਅਤੇ ਮੌਕਾ ਲੱਗਾ ਤਾਂ ਇਸ਼ਨਾਨ ਕਰਦਿਆਂ- ਕਰਦਿਆਂ ਹੀ ਦੱਸ ਦਿਆਂਗਾ।

ਭਗਤ ਜ਼ਰਾ ਡੋਰਿਆ। ਭਗਵਾਨ ਦੀ ਗੱਲ ਪੁੱਛੀ ਤੇ ਇਹ ਆਦਮੀ ਕਹਿ ਰਿਹਾ ਹੈ ਕਿ ਇਸ਼ਨਾਨ ਕਰਨ ਵਿੱਚ ਹੀ ਦੱਸ ਦਿਆਂਗਾ। ਜੇਕਰ ਮੌਕਾ ਲੱਗਿਆ। ਥੋੜ੍ਹਾ ਭੈਅ

ਵੀ ਆਇਆ। ਪਰ ਹੁਣ ਪੁੱਛ ਬੈਠਾ ਸੀ, ਫਸ ਗਿਆ। ਨਾਂਹ ਵੀ ਨਾ ਕਰ ਸਕਿਆ ਅਤੇ ਜਗਿਆਸਾ ਵੀ ਜਗੀ, ਕਿ ਪਤਾ ਨਹੀਂ ਸ਼ਾਇਦ ਨਦੀ ਵਿੱਚ ਕੁਝ ਦੱਸੇ। ਸੋ ਉਤਰ ਗਿਆ ਪਾਣੀ ਵਿੱਚ ਇਸ਼ਨਾਨ ਕਰਨ ਲਈ। ਜਿਵੇਂ ਹੀ ਉਸ ਨੇ ਚੁੱਭੀ ਮਾਰੀ। ਸ਼ੇਖ ਫਰੀਦ ਉਸ ਦੇ ਉਤੇ ਚੜ੍ਹ ਗਿਆ ਅਤੇ ਉਸ ਨੂੰ ਹੇਠਾਂ ਦੱਬਣ ਲੱਗ ਪਿਆ। ਉਹ ਭਗਤ ਤਾਂ ਤੜਫੜਾਉਣ ਲੱਗਾ। ਹੱਥ-ਪੈਰ ਮਾਰਨ ਲੱਗਾ। ਸਾਰੀ ਤਾਕਤ ਦਾਅ ਤੇ ਲਾ ਦਿੱਤੀ। ਭਗਤ ਉਵੇਂ ਦੁਬਲ-ਪੱਤਲਾ ਸੀ, ਕਮਜ਼ੋਰ ਸੀ। ਸ਼ੇਖ ਫਰੀਦ ਤਕੜਾ ਆਦਮੀ ਸੀ। ਬੜੀ ਮੁਸ਼ਕਿਲ ਨਾਲ—ਪਰ ਸਾਰੀ ਤਾਕਤ ਲਾ ਦਿੱਤੀ, ਤਾਂ ਫਰੀਦ ਨੂੰ ਵੀ ਉਸ ਨੇ ਚੁੱਕ ਕੇ ਦੂਰ ਸੁੱਟਿਆ।

ਬਾਹਰ ਨਿਕਲ ਕੇ ਬੋਲਿਆ ਕਿ ਤੂੰ, ਮੈਂ ਸਮਝਿਆ ਕਿ ਸੰਤ ਹੈਂ, ਤੂੰ ਹਤਿਆਰਾ ਜਾਪਦਾ ਹੈਂ। ਇਹ ਕੋਈ ਢੰਗ ਹੋਇਆ। ਇਹ ਕੋਈ ਗੱਲ ਹੈ? ਤੂੰ ਪਾਗਲ ਹੈਂ ਜਾਂ ਹੋਸ਼ ਵਿੱਚ ਨਹੀਂ ਹੈਂ? ਜੇਕਰ ਨਹੀਂ ਪਤਾ ਸੀ ਤਾਂ ਪਹਿਲਾਂ ਹੀ ਕਹਿ ਦੇਣਾ ਸੀ। ਫਰੀਦ ਨੇ ਕਿਹਾ, ਪਿਛੋਂ ਕਰ ਲਵਾਂਗੇ ਹਿਸਾਬ-ਕਿਤਾਬ ਕਿ ਹੋਸ਼ ਵਿੱਚ ਹਾਂ, ਕਿ ਪਾਗਲ ਹਾਂ, ਕਿ ਕੌਣ ਹੋਸ਼ ਵਿੱਚ ਹੈ, ਕੌਣ ਪਾਗਲ ਹੈ? ਪਹਿਲਾਂ ਮੈਂ ਇਹ ਪੁੱਛਦਾ ਹਾਂ, ਕਿਉਂਕਿ ਵਕਤ ਨਿਕਲ ਗਿਆ ਤਾਂ ਤੂੰ ਭੁੱਲ ਜਾਏਂਗਾ। ਤੇਰੀ ਸਮ੍ਰਿਤੀ ਕਮਜ਼ੋਰ ਹੈ। ਮੈਂ ਤੇਰੇ ਕੋਲੋਂ ਇਹ ਪੁੱਛਦਾ ਹਾਂ ਕਿ ਜਦ ਮੈਂ ਤੈਨੂੰ ਪਾਣੀ ਵਿੱਚ ਡੋਬੀ ਹੀ ਜਾ ਰਿਹਾ ਸੀ ਤਾਂ ਤੇਰੇ ਮਨ ਵਿੱਚ ਕਿੰਨੇ ਵਿਚਾਰ ਸਨ? ਉਸ ਨੇ ਕਿਹਾ, ਵਿਚਾਰ—ਪਾਗਲ ਹੋਏ ਹੋ? ਇੱਕ ਹੀ ਭਾਵ ਸੀ ਕਿ ਕਿਸੇ ਤਰ੍ਹਾਂ ਬਾਹਰ ਨਿਕਲ ਆਵਾਂ ਅਤੇ ਇੱਕ ਸਾਹ ਹਵਾ ਮਿਲ ਜਾਏ। ਵਿਚਾਰ ਕਿੱਥੇ, ਇੱਕ ਭਾਵ ਸੀ ਕਿ ਕਿਸੇ ਤਰ੍ਹਾਂ ਬਾਹਰ ਆ ਜਾਵਾਂ ਅਤੇ ਇੱਕ ਸਾਹ.....ਫਰੀਦ ਨੇ ਕਿਹਾ, ਬੱਸ ਤੂੰ ਸਮਝ ਗਿਆ। ਜਿਸ ਦਿਨ ਇਹੋ ਜਿਹਾ ਹੀ ਕੋਈ ਵਿਚਾਰ ਨਹੀਂ ਹੋਏਗਾ ਅਤੇ ਇੱਕ ਹੀ ਭਾਵ ਹੋਏਗਾ ਪਰਮਾਤਮਾ ਦਾ, ਉਸ ਦਿਨ ਤੂੰ ਜਾਣ ਲਵੇਂਗਾ। ਜਦ ਤੱਕ ਤੂੰ ਜੀਵਨ ਦਾਅ ਉਤੇ ਨਹੀਂ ਲਗਾਏਂਗਾ, ਤਦ ਤੱਕ ਪਰਮਾਤਮਾ ਨੂੰ ਜਾਨਣਾ ਮੁਸ਼ਕਿਲ ਹੈ।

ਭਾਵ ਦਾ ਅਰਥ ਹੈ, ਜਿੱਥੇ ਕੋਈ ਵਿਚਾਰ ਨਾ ਰਿਹਾ। ਕੇਵਲ ਉਸ ਦੀ ਸੁਰਤਿ ਰਹਿ ਗਈ। ਜੇਕਰ ਤੁਸੀਂ ਵੀ ਹੋਵੋ। ਥੋੜ੍ਹੀ ਦੇਰ ਵਿੱਚ ਪਾਣੀ ਤੋਂ ਬਾਹਰ ਆ ਜਾਓਗੇ।

ਸਮਾਧੀ, ਭਾਵ ਦੀ ਪਰਿਪੂਰਣ ਦਸ਼ਾ ਹੈ। ਤੁਸੀਂ ਗਏ ਸੋ ਗਏ। **Point of no return**। ਉਥੋਂ ਤੁਸੀਂ ਫੇਰ ਪਰਤ ਕੇ ਨਹੀਂ ਆਉਂਦੇ। ਫਿਰ ਉਹ ਭਾਵ ਸਦਾ ਰਹਿੰਦਾ ਹੈ। ਫਿਰ ਤੁਸੀਂ ਭਾਵ ਦੇ ਨਾਲ ਇੱਕ ਹੋ ਗਏ। ਉਹ ਡੁੱਬਕੀ ਨਹੀਂ ਹੈ, ਉਹ ਲੀਨਤਾ ਹੈ। ਤੁਸੀਂ ਪਾਣੀ ਹੀ ਹੋ ਗਏ। ਹੁਣ ਕੌਣ ਬਾਹਰ ਆਏਗਾ? ਕੌਣ ਅੰਦਰ ਜਾਏਗਾ?

ਜਿਵੇਂ ਤੁਸੀਂ ਲੂਣ ਦੇ ਪੁਤਲੇ ਸੀ, ਪਾਣੀ ਵਿੱਚ ਘੁੱਲ ਗਿਆ ਤੇ ਇੱਕ-ਮਿੱਕ ਹੋ ਗਿਆ। ਹੁਣ ਕੋਈ ਪਾਣੀ ਨੂੰ ਪੀਵੇਗਾ ਤਾਂ ਤੁਹਾਡਾ ਸੁਆਦ ਪਾਏਗਾ। ਪਰ ਹੁਣ ਤੁਸੀਂ ਇੱਕ ਹੋ ਗਏ। ਹੁਣ ਤੁਸੀਂ ਵੱਖਰੇ ਨਹੀਂ ਹੋ। ਭਾਵ ਵਿੱਚ ਤੁਸੀਂ ਵੱਖਰੇ ਹੁੰਦੇ ਹੋ। ਪਲ ਕੁ ਲਈ ਝਲਕ ਮਿਲਦੀ ਹੈ। ਸਮਾਧੀ ਵਿੱਚ ਤੁਸੀਂ ਇੱਕ ਹੁੰਦੇ ਹੋ। ਝਲਕ ਸ਼ਾਸਵਤ ਹੋ ਜਾਂਦੀ ਹੈ। ਨਾਨਕ ਕਹਿੰਦੇ ਹਨ, ਉਸ ਦਾ ਭਾਵ ਵੀ ਅਮੁੱਲ ਹੈ। ਤਾਂ ਸਮਾਧੀ ਦਾ ਤਾਂ ਕਹਿਣਾ ਹੀ ਕੀ।

*'ਅਮੁਲ ਭਾਇ ਅਮੁਲਾ ਸਮਾਹਿ॥'*

ਉਸ ਦਾ ਧਰਮ ਅਮੁੱਲ ਹੈ। ਉਸਦਾ ਦਰਬਾਰ ਅਮੁੱਲ ਹੈ। ਉਸ ਦਾ ਤੋਲ ਅਮੁੱਲ ਹੈ। ਪ੍ਰਭਾਵ ਅਮੁੱਲ ਹੈ। ਉਸਦਾ ਵਰਦਾਨ ਅਮੁੱਲ ਹੈ। ਉਸ ਦਾ ਪ੍ਰਤੀਕ ਅਮੁੱਲ ਹੈ, ਇਸ ਨੂੰ ਜ਼ਰਾ ਸਮਝੋ। ਉਸ ਦਾ ਪ੍ਰਤੀਕ ਵੀ ਅਮੁੱਲ ਹੈ। ਪ੍ਰਤੀਕ ਦੇ ਨਾਲ ਵੱਡੀ ਗੁੰਝਲ ਹੈ। ਹਿੰਦੂ ਹਨ, ਉਨ੍ਹਾਂ ਨੇ ਹਜ਼ਾਰਾਂ ਪ੍ਰਤੀਕ ਲੱਭੇ ਹਨ। ਮੂਰਤੀਆਂ ਬਣਾਈਆਂ, ਤੀਰਥ ਬਣਾਏ। ਇਹ ਸਾਰੇ ਪ੍ਰਤੀਕ ਹਨ। ਮੁਸਲਮਾਨ ਨੂੰ ਸਮਝ ਵਿੱਚ ਵੀ ਨਹੀਂ ਆਉਂਦਾ ਕਿ ਮੂਰਤੀ ਵਿੱਚ ਕੀ ਰੱਖਿਆ ਹੋਇਆ ਹੈ? ਉਹ ਮੂਰਤੀ ਨੂੰ ਤੋੜ ਦਿੰਦਾ ਹੈ ਅਤੇ ਤੋੜ ਕੇ ਉਸ ਨੂੰ ਅਜਿਹਾ ਵੀ ਲੱਗਦਾ ਹੈ ਕਿ ਜਦ ਮੂਰਤੀ ਆਪਣੀ ਹੀ ਸੁਰੱਖਿਆ ਨਹੀਂ ਕਰ ਸਕਦੀ, ਤਾਂ ਭਗਤਾਂ ਦੀ ਕੀ ਸੁਆਹ ਸੁਰੱਖਿਆ ਕਰੇਗੀ? ਦਯਾਨੰਦ ਨੂੰ ਇਹੋ ਜਿਹਾ ਹੀ ਅਨੁਭਵ ਹੋਇਆ। ਉਹ ਪੂਜਾ ਕਰਦੇ ਸੀ। ਰਾਤ ਸੌਂ ਗਏ ਅਤੇ ਦੇਖਿਆ ਕਿ ਇੱਕ ਚੂਹਾ ਮੂਰਤੀ ਉਤੇ ਚੜ੍ਹ ਗਿਆ ਤੇ ਮੂਰਤੀ ਚੂਹੇ ਨੂੰ ਵੀ ਭਜਾ ਨਹੀਂ ਸਕਦੀ। ਪਰ ਮੁਸਲਮਾਨ ਵੀ ਭੁੱਲਦੇ ਹਨ ਅਤੇ ਦਯਾਨੰਦ ਵੀ ਭੁੱਲੇ। ਕਿਉਂਕਿ ਪ੍ਰਤੀਕ, ਪ੍ਰਤੀਕ ਹੈ। ਪਰਮਾਤਮਾ ਨਹੀਂ ਹੈ।

ਪ੍ਰਤੀਕ ਦਾ ਅਰਥ ਹੁੰਦਾ ਹੈ ਕਿ ਉਸ ਦੇ ਸਹਾਰੇ ਤੁਸੀਂ ਕਿਸੀ ਯਾਤਰਾ ਉਤੇ ਜਾ ਰਹੇ ਹੋ। ਉਹ ਖ਼ੁਦ ਮੰਜ਼ਿਲ ਨਹੀਂ ਹੈ। ਸਮਝੋ, ਤੁਹਾਡੀ ਪ੍ਰੇਮਿਕਾ ਨੇ ਤੁਹਾਨੂੰ ਇੱਕ ਰੁਮਾਲ ਭੇਂਟ ਕਰ ਦਿੱਤਾ: ਉਹ ਇੱਕ ਚੁਆਨੀ ਦਾ ਹੈ। ਜੇਕਰ ਬਾਜ਼ਾਰ ਵਿੱਚ ਤੁਸੀਂ ਉਸ ਨੂੰ ਵੇਚਣ ਜਾਓਗੇ ਤਾਂ ਦੁਆਨੀ ਵੀ ਨਹੀਂ ਮਿਲੇਗੀ। ਪਹਿਲਾਂ ਤਾਂ ਕੋਈ ਖਰੀਦਣ ਨੂੰ ਤਿਆਰ ਹੀ ਨਹੀਂ ਹੋਏਗਾ ਕਿ ਪੁਰਾਣੇ ਰੁਮਾਲ ਨੂੰ ਕੀ ਕਰਾਂਗੇ? ਪਰ ਗੁਦੜੀ ਬਾਜ਼ਾਰ ਵਿੱਚ ਸ਼ਾਇਦ ਕੋਈ ਦੁਆਨੀ ਦੀ ਖਰੀਦ ਲਵੇ। ਪਰ ਤੁਹਾਨੂੰ ਤੁਹਾਡੀ ਪ੍ਰੇਮਿਕਾ ਨੇ ਦਿੱਤਾ ਹੈ ਉਹ ਰੁਮਾਲ। ਉਸ ਦਾ ਮੁੱਲ ਲਾਉਣਾ ਔਖਾ ਹੈ। ਹਿਸਾਬ ਹੀ ਲਾਉਣਾ ਔਖਾ ਹੈ। ਤੁਸੀਂ ਉਸ ਨੂੰ ਸਜਾ ਸੰਵਾਰ ਕੇ ਰੱਖਦੇ ਹੋ। ਉਹ ਕਿਤੇ ਗੁਆਚ ਨਾ ਜਾਏ। ਤੁਹਾਡੇ ਲਈ ਉਹ ਰੁਮਾਲ ਸਿਰਫ਼ ਰੁਮਾਲ ਨਹੀਂ ਹੈ, ਪ੍ਰਤੀਕ ਹੈ। ਉਸ ਰੁਮਾਲ ਦੇ ਨਾਲ ਤੁਹਾਡਾ ਪ੍ਰੇਮਿਕਾ ਨਾਲ ਰਿਸ਼ਤਾ ਜੁੜਿਆ ਹੈ, ਇਸ ਗੱਲ ਨੂੰ ਕੋਈ ਦੂਜਾ ਨਾ ਜਾਣ

ਸਕੇਗਾ, ਦੂਸਰੇ ਲਈ ਉਹ ਸਿਰਫ ਰੁਮਾਲ ਹੋਏਗਾ। ਤੁਹਾਡੇ ਲਈ ਉਹ ਸਿਰਫ ਰੁਮਾਲ ਨਹੀਂ ਹੈ। ਕਿਸੇ ਡੂੰਘੇ ਅਰਥ ਵਿੱਚ ਤੁਹਾਡੀ ਪ੍ਰੇਮਿਕਾ ਉਸ ਰੁਮਾਲ ਦੇ ਨਾਲ ਘੁਲੀ-ਮਿਲੀ ਹੈ। ਉਸ ਰੁਮਾਲ ਨੇ ਤੁਹਾਡੀ ਪ੍ਰੇਮਿਕਾ ਦੀ ਹਵਾ ਨੂੰ ਛੋਹਿਆ ਹੈ। ਉਸ ਰੁਮਾਲ ਨੇ ਤੁਹਾਡੀ ਪ੍ਰੇਮਿਕਾ ਦੇ ਹੱਥਾਂ ਦਾ ਸਪੱਰਸ਼ ਪਾਇਆ ਹੈ। ਪ੍ਰੇਮਕਾ ਨੇ ਉਸ ਰੁਮਾਲ ਨੂੰ ਚੁੰਮਿਆ ਹੈ ਅਤੇ ਤੁਹਾਨੂੰ ਭੇਂਟ ਕੀਤਾ ਹੈ। ਪ੍ਰੇਮਿਕਾ ਨੇ ਆਪਣੇ ਹੱਥਾਂ ਨਾਲ ਥੋੜ੍ਹੀ ਜਿਹੀ ਕਢਾਈ ਕੀਤੀ ਹੈ। ਉਹ ਪ੍ਰੇਮਿਕਾ ਬਹੁਤ ਡੂੰਘੇ ਅਰਥਾਂ ਵਿੱਚ ਉਸ ਰੁਮਾਲ ਵਿੱਚ ਸਮਾ ਗਈ ਹੈ। ਕਿਸੇ ਹੋਰ ਲਈ ਉਹ ਪ੍ਰਤੀਕ ਸਾਧਾਰਣ ਰੁਮਾਲ ਹੈ, ਤੁਹਾਡੇ ਲਈ ਉਹ ਸਾਧਾਰਣ ਰੁਮਾਲ ਨਹੀਂ ਹੈ।

ਕੀ ਫ਼ਰਕ ਹੈ? ਤੁਹਾਡੇ ਲਈ ਉਹ ਪ੍ਰਤੀਕ ਹੈ, ਦੂਜੀਆਂ ਲਈ ਰੁਮਾਲ ਹੈ। ਹਿੰਦੂ ਦੀ ਮੂਰਤੀ ਹਿੰਦੂ ਲਈ ਪ੍ਰਤੀਕ ਹੈ। ਜੇਕਰ ਉਸ ਨੇ ਭਾਵ ਨੂੰ ਸੰਜੋਇਆ ਹੈ। ਮੁਸਲਮਾਨ ਲਈ ਸਾਧਾਰਣ ਪੱਥਰ ਹੈ। ਜੈਨ ਦੀ ਮੂਰਤੀ ਜੈਨ ਲਈ ਪ੍ਰਤੀਕ ਹੈ, ਹਿੰਦੂ ਲਈ ਪੱਥਰ ਹੈ। ਬੁੱਧ ਦੀ ਮੂਰਤੀ ਬੌਧ ਲਈ ਪ੍ਰਤੀਕ ਹੈ, ਜੈਨ ਲਈ ਕਿਸੇ ਕੀਮਤ ਦੀ ਨਹੀਂ। ਪ੍ਰਤੀਕ ਦੀ ਕੀਮਤ ਭਾਵ ਉਤੇ ਨਿਰਭਰ ਹੁੰਦੀ ਹੈ। ਪ੍ਰਤੀਕ ਦਾ ਕੋਈ ਸਾਰਵਜਨਿਕ (ਸਭ ਲੋਕਾਂ ਨਾਲ ਸੰਬੰਧ ਰੱਖਣ ਵਾਲਾ) ਮੁੱਲ ਨਹੀਂ ਹੁੰਦਾ। ਪ੍ਰਤੀਕ **Private** ਹੈ। ਉਹ ਇੱਕ ਨਿਜੀ ਗੱਲ ਹੈ। ਜਿਹੜਾ ਜਾਣਦਾ ਹੈ, ਉਹ ਜਾਣਦਾ ਹੈ। ਜਿਸਦਾ ਉਸਦੇ ਨਾਲ ਲਗਾਓ ਹੈ, ਉਸਦਾ ਲਗਾਓ ਹੈ। ਇਸ ਲਈ ਭੁੱਲ ਕੇ ਵੀ ਕਦੇ ਕਿਸੇ ਦੇ ਪ੍ਰਤੀਕ ਦੇ ਖਿਲਾਫ ਕੁਝ ਨਾ ਕਹਿਣਾ। ਕਿਉਂਕਿ ਉਹ ਤੁਹਾਡੇ ਲਈ ਸਾਧਾਰਣ ਹੈ ਅਤੇ ਤੁਸੀਂ ਵੀ ਸੱਚ ਹੋ ਅਤੇ ਜਿਸ ਦੇ ਲਈ ਅਸਾਧਾਰਣ ਹੈ ਉਹ ਵੀ ਸੱਚ ਹੈ। ਤੁਸੀਂ ਵੀ ਸੱਚ ਹੋ ਕਿ ਇਹ ਰੁਮਾਲ, ਰੁਮਾਲ ਹੈ, ਕੀ ਛਾਤੀ ਨਾਲ ਲਾਈ ਫਿਰਦੇ ਹੋ? ਅਤੇ ਗੁਆਚ ਜਾਏ ਤਾਂ ਡਰ ਕੀ ਹੈ? ਹਜ਼ਾਰ ਖਰੀਦ ਕੇ ਲਿਆ ਦਿਆਂਗੇ। ਬਾਜ਼ਾਰ ਵਿੱਚ ਮਿਲਦੇ ਹਨ, ਪਰ ਜਿਸ ਦੇ ਲਈ ਉਹ ਪ੍ਰਤੀਕ ਹੈ, ਉਹ ਵੀ ਸੱਚ ਹੈ। ਕਿਉਂਕਿ ਉਹ ਰੁਮਾਲ ਫੇਰ ਨਹੀਂ ਮਿਲ ਸਕਦਾ। ਅਜਿਹਾ ਰੁਮਾਲ ਦੁਬਾਰਾ ਨਹੀਂ ਮਿਲ ਸਕਦਾ। ਇਹ ਰੁਮਾਲ ਅਨੂਠਾ ਹੈ। ਪਰ ਇਹ ਜਿਹੜਾ ਅਨੂਠਾਪਨ ਹੈ, ਇਹ ਨਿਜੀ ਘਟਨਾ ਹੈ।

ਨਾਨਕ ਕਹਿੰਦੇ ਹਨ, ਉਸਦੇ ਪ੍ਰਤੀਕ ਵੀ ਅਮੁੱਲ ਹਨ, ਉਹ ਤਾਂ ਅਮੁੱਲ ਹੈ ਹੀ, ਪਰ ਜੇਕਰ ਤੁਸੀਂ ਕਿਸੇ ਪ੍ਰਤੀਕ ਦੇ ਰਾਹੀਂ ਉਸ ਦੀ ਝਲਕ ਪਾਈ ਹੈ, ਉਹ ਵੀ ਅਮੁੱਲ ਹੈ ਅਤੇ ਹਰ ਇੱਕ ਪ੍ਰਤੀਕ ਦਾ ਸਨਮਾਨ ਕਰਨਾ ਹੈ, ਕਿਉਂਕਿ ਕੌਣ ਜਾਣੇ ਕਿਹੜੇ ਪ੍ਰਤੀਕ ਨਾਲ ਉਸ ਨੂੰ ਰਾਹ ਮਿਲਦਾ ਹੈ ਅਤੇ ਕਿਸੇ ਦੇ ਪ੍ਰਤੀਕ ਨੂੰ ਕਦੇ ਗ਼ਲਤ ਨਾ ਕਹਿਣਾ। ਕਿਉਂਕਿ ਪ੍ਰਤੀਕ ਗ਼ਲਤ ਅਤੇ ਸਹੀ ਹੁੰਦੇ ਹੀ ਨਹੀਂ। ਕਿਸੇ ਲਈ ਪ੍ਰਤੀਕ ਹੁੰਦੇ ਹਨ, ਕਿਸੇ ਲਈ ਨਹੀਂ ਹੁੰਦੇ। ਪ੍ਰਤੀਕ ਦੇ ਗ਼ਲਤ ਅਤੇ ਸਹੀ ਹੋਣ ਦਾ ਕੋਈ

ਸਵਾਲ ਹੀ ਨਹੀਂ ਉੱਠਦਾ।

ਹੁਣ ਬੜੀ ਹੈਰਾਨਗੀ ਦੀ ਗੱਲ ਹੈ। ਮੁਸਲਮਾਨ ਨੂੰ ਵਿਖਾਈ ਦਿੰਦਾ ਹੈ ਕਿ ਸਾਰੀਆਂ ਮੂਰਤੀਆਂ ਵਿਅਰਥ ਹਨ, ਪਰ ਕਾਬੇ ਦਾ ਪੱਥਰ? ਉਸ ਨੂੰ ਉਹ ਚੁੰਮਦੇ ਹਨ। ਉਸ ਪੱਥਰ ਉਤੇ ਜਿੰਨੇ ਚੁੰਬਨ ਪਏ ਹਨ, ਦੁਨੀਆਂ ਵਿੱਚ ਕਿਸੇ ਪੱਥਰ ਉੱਤੇ ਨਹੀਂ ਪਏ। ਉਹ ਪੱਥਰ ਚੁੰਮੀਆਂ ਨਾਲ ਹੀ ਭਰ ਗਿਆ ਹੈ। ਉਸ ਪੱਥਰ ਦੇ ਇੱਕ ਇੱਕ ਇੱਚ ਉਤੇ ਅਰਬਾਂ-ਖਰਬਾਂ ਚੁੰਮਣ ਪੈ ਚੁੱਕੇ ਹਨ। ਪਿਛਲੇ ਚੌਦਾਂ ਸੌ ਸਾਲਾਂ ਵਿੱਚ ਕਰੋੜਾਂ-ਕਰੋੜਾਂ ਲੋਕਾਂ ਨੇ ਉਸ ਪੱਥਰ ਨੂੰ ਚੁੰਮਿਆ ਹੈ, ਅਜਿਹਾ ਕੋਈ ਪੱਥਰ ਲੱਭਣਾ ਮੁਸ਼ਕਿਲ ਹੈ। ਮੁਸਲਮਾਨ ਨੂੰ ਉਹ ਪੱਥਰ ਤਾਂ ਚੁੰਮ ਲੈਣ ਵਰਗਾ ਲੱਗਦਾ ਹੈ, ਪਰ ਹਿੰਦੂ ਦੀ ਮੂਰਤੀ ਤੋੜਣ ਵਰਗੀ ਲੱਗਦੀ ਹੈ। ਕਿਉਂਕਿ ਉਹ ਪੱਥਰ ਉਸ ਲਈ ਪ੍ਰਤੀਕ ਹੈ ਅਤੇ ਇਹ ਪ੍ਰਤੀਕ ਨਹੀਂ ਹੈ।

ਪਰ ਧਾਰਮਿਕ ਮਨੁੱਖ ਨੂੰ ਏਨੀ ਸਮਝ ਤਾਂ ਹੋਣੀ ਹੀ ਚਾਹੀਦੀ ਹੈ ਕਿ ਜਿਹੜਾ ਮੇਰੇ ਲਈ ਪ੍ਰਤੀਕ ਨਹੀਂ ਹੈ, ਉਹ ਦੂਜੇ ਲਈ ਪ੍ਰਤੀਕ ਹੋ ਸਕਦਾ ਹੈ ਅਤੇ ਪ੍ਰਤੀਕ ਨਿਜੀ ਘਟਨਾ ਹੈ ਤੇ ਉਸ ਨੂੰ ਸਾਰਵਜਨਿਕ ਰੂਪ ਨਾਲ ਸਿੱਧ ਕਰਨ ਦਾ ਕੋਈ ਉਪਾਅ ਨਹੀਂ ਹੈ ਕਿਉਂਕਿ ਉਹ ਭਾਵ ਦੀ ਗੱਲ ਹੈ, ਉਹ ਅੰਤਰ ਭਾਵ ਹੈ। ਉਹ ਬਹੁਤ ਡੂੰਘੀ ਅਤੇ ਅੰਦਰੂਨੀ ਘਟਨਾ ਹੈ। ਉਸ ਨੂੰ ਬਾਹਰ ਲਿਆਉਣ ਦਾ ਕੋਈ ਉਪਾਅ ਨਹੀਂ ਹੈ। ਬਾਹਰ ਲਿਆਉਂਦੇ- ਲਿਆਉਂਦੇ ਹੀ ਉਹ ਗੁਆਚ ਜਾਂਦੀ ਹੈ। ਕਿਸੇ ਆਦਮੀ ਦੇ ਲਈ ਪਿੱਪਲ ਦਾ ਦਰੱਖਤ ਪ੍ਰਤੀਕ ਹੈ। ਤੁਸੀਂ ਉਸ ਨੂੰ ਨਾ ਕਹਿਣਾ, ਕਿ ਕੀ ਦਰੱਖਤ ਨੂੰ ਪੂਜ ਰਹੇ ਹੋ? ਪਾਗਲ ਹੋ ਗਏ ਹੋ? ਸਵਾਲ ਕਿਸ ਨੂੰ ਪੂਜ ਰਹੇ ਹੋ, ਇਹ ਹੈ ਹੀ ਨਹੀਂ, ਸਵਾਲ ਪੂਜਾ ਦਾ ਹੈ, ਕਿਸੇ ਬਹਾਨੇ ਪੂਜਾ ਹੋ ਜਾਏ? ਸਾਰੇ ਬਹਾਨੇ ਠੀਕ ਹਨ ਅਤੇ ਸਾਰੇ ਹੀ ਬਹਾਨੇ ਗ਼ਲਤ ਹਨ। ਜੇਕਰ ਤੁਸੀਂ ਵਿਗਿਆਨਕ ਢੰਗ ਨਾਲ ਸੋਚੋ ਤਾਂ ਪਿੱਪਲ ਦਾ ਦਰੱਖਤ, ਪਿੱਪਲ ਦਾ ਦਰੱਖਤ ਹੈ। ਪੱਥਰ, ਪੱਥਰ ਹੈ, ਰੁਮਾਲ, ਰੁਮਾਲ ਹੈ। ਪਰ ਵਿਗਿਆਨ ਦਾ ਏਥੇ ਕੀ ਲੈਣਾ-ਦੇਣਾ ਹੈ। ਧਰਮ ਪ੍ਰੇਮ ਦੀ ਹਕੂਮਤ ਹੈ, ਤਰਕ ਅਤੇ ਬੁੱਧੀ ਦੀ ਨਹੀਂ। ਪਰ ਬਹੁਤ ਮਜ਼ੇ ਦੀ ਗੱਲ ਹੈ ਕਿ ਹਰ ਆਦਮੀ ਆਪਣੇ ਪ੍ਰਤੀਕ ਨੂੰ ਤਾਂ ਮੰਨ ਕੇ ਟੁਰਦਾ ਹੈ, ਪਰ ਦੂਜੇ ਦੇ ਪ੍ਰਤੀਕ ਨਾਲ ਮੁਸੀਬਤ ਖੜ੍ਹੀ ਹੋ ਜਾਂਦੀ ਹੈ। ਤੁਸੀਂ ਆਪਣੀ ਪ੍ਰੇਮਿਕਾ ਦੇ ਰੁਮਾਲ ਨੂੰ ਤਾਂ ਸਾਂਭ ਕੇ ਰੱਖਿਆ ਹੈ, ਦੂਜਿਆਂ ਨੂੰ ਵੀ ਸਾਂਭ ਕੇ ਰੱਖਣ ਦਿਓ, ਉਹ ਉਨ੍ਹਾਂ ਦੀਆਂ ਪ੍ਰੇਮਿਕਾਵਾਂ ਦੇ ਰੁਮਾਲ ਹਨ।

ਨਾਨਕ ਕਹਿੰਦੇ ਹਨ, ਪ੍ਰਤੀਕ ਵੀ। ਜਿਸ ਤੋਂ ਵੀ ਇਸ਼ਾਰਾ ਮਿਲ ਜਾਏ। ਹੁਣ ਸਮਝੋ, ਜੇਕਰ ਕਿਸੇ ਆਦਮੀ ਨੂੰ ਪਿੱਪਲ ਦੇ ਦਰੱਖਤ ਦੇ ਦੇਵਤਾ ਵਿੱਚ ਹੀ ਰਸ ਹੈ ਅਤੇ ਉਹ ਜੇਕਰ ਪਿੱਪਲ ਦੇ ਦਰੱਖਤ ਦੇ ਕੋਲ ਹੀ ਸਮਾਧੀ ਨੂੰ ਪ੍ਰਾਪਤ ਹੋ ਜਾਂਦਾ ਹੈ

ਅਤੇ ਆਨੰਦ ਮਗਨ ਹੋ ਕੇ ਨੱਚਣ ਲੱਗਦਾ ਹੈ ਤਾਂ ਅਸਲੀ ਸਵਾਲ ਦਰੱਖਤ ਥੋੜ੍ਹੇ ਹੀ ਹੈ। ਅਸਲੀ ਸਵਾਲ ਤਾਂ ਇਹ ਆਨੰਦ ਮਗਨ ਨਾਚ ਹੈ। ਇਹ ਨਾਚ ਜਿੱਥੇ ਵੀ ਵਾਪਰ ਜਾਏ, ਜਿਸ ਬਹਾਨੇ ਵੀ ਉਸਦੀ ਯਾਦ ਆ ਜਾਏ, ਉਹ ਹੀ ਅਮੁੱਲ ਹੈ। ਉਸ ਦਾ ਵਰਦਾਨ ਅਮੁੱਲ ਹੈ। ਉਸਦਾ ਪ੍ਰਤੀਕ ਅਮੁੱਲ ਹੈ, ਉਸਦੀ ਕਿਰਪਾ ਅਮੁੱਲ ਹੈ ਅਤੇ ਉਸ ਦੀ ਆਗਿਆ ਅਮੁੱਲ ਹੈ। ਉਹ ਅਮੁੱਲ ਤੋਂ ਵੀ ਕਿੰਨਾ ਅਮੁੱਲ ਹੈ। ਇਸ ਦਾ ਬਖਾਨ ਨਹੀਂ ਹੋ ਸਕਦਾ। ਉਸ ਦਾ ਬਖਾਨ ਕਰਦੇ-ਕਰਦੇ ਹੀ ਕਿੰਨੇ ਧਿਆਨ ਮਗਨ ਹੁੰਦੇ ਰਹਿੰਦੇ ਹਨ। ਉਸਦੇ ਬਖ਼ਾਨ ਦਾ ਮਤਲਬ ਹੀ ਏਨਾ ਹੈ, ਇਸ ਨੂੰ ਜ਼ਰਾ ਸਮਝੋ। ਨਾਨਕ ਬਾਰ-ਬਾਰ ਕਹਿੰਦੇ ਹਨ। ਉਸ ਦਾ ਬਖ਼ਾਨ ਨਹੀਂ ਹੋ ਸਕਦਾ। ਕੋਈ ਉਪਾਅ ਨਹੀਂ ਬਖ਼ਾਨ ਕਰਨ ਦਾ ਅਤੇ ਫੇਰ ਵੀ ਬਖਾਨ ਕਰੀ ਜਾਂਦੇ ਹਨ।

ਕਰ ਕੀ ਰਹੇ ਹਨ ਨਾਨਕ? ਜੇਕਰ ਉਸ ਦਾ ਬਖ਼ਾਨ ਨਹੀਂ ਹੋ ਸਕਦਾ। ਤਾਂ ਇਹ ਸਾਰੇ ਸ਼ਬਦ ਕਰ ਕੀ ਰਹੇ ਹਨ? ਇਹ ਸਭ ਉਸਦਾ ਬਖ਼ਾਨ ਹੈ। ਤਦ ਇੱਕ ਵੱਡੀ ਤਰਕ ਵਾਲੀ ਬੁਝਾਰਤ ਖੜ੍ਹੀ ਹੋ ਜਾਂਦੀ ਹੈ। ਅਨੇਕ ਲੋਕ ਮੈਨੂੰ ਆ ਕੇ ਪੁੱਛਦੇ ਹਨ ਕਿ ਬੁੱਧ ਕਹਿੰਦੇ ਹਨ, ਕੁਝ ਕਿਹਾ ਨਹੀਂ ਜਾ ਸਕਦਾ, ਫ਼ਿਰ ਬੁੱਧ ਬੋਲਦੇ ਕਿਉਂ ਹਨ? ਮੈਨੂੰ ਕਹਿੰਦੇ ਹਨ ਕਿ ਤੁਸੀਂ ਕਹਿੰਦੇ ਹੋ ਕੁਝ ਕਿਹਾ ਨਹੀਂ ਜਾ ਸਕਦਾ ਅਤੇ ਤੁਸੀਂ ਰੋਜ਼ ਬੋਲੀ ਜਾਂਦੇ ਹੋ। ਸੰਗਤ ਮਾਲੂਮ ਨਹੀਂ ਹੁੰਦੀ। ਇਸ ਨੂੰ ਜ਼ਰਾ ਸਮਝੋ। ਨਾਨਕ ਕਹਿੰਦੇ ਹਨ, ਉਸ ਦਾ ਬਖ਼ਾਨ ਨਹੀਂ ਹੋ ਸਕਦਾ ਅਤੇ ਬਖ਼ਾਨ ਕਰੀ ਹੀ ਜਾਂਦੇ ਹਨ। ਕਿਉਂਕਿ ਬਖ਼ਾਨ ਕਰਦੇ-ਕਰਦੇ ਹੀ ਸਮਾਧੀ ਲੱਗ ਜਾਂਦੀ ਹੈ। ਬਖ਼ਾਨ ਤਾਂ ਨਹੀਂ ਹੋ ਸਕਦਾ। ਪਰ ਉਸਦੀ ਚਰਚਾ ਕਰਨੀ ਹੀ ਏਨੀ ਮਿੱਠੀ ਹੈ। ਚਰਚਾ ਹੋ ਹੀ ਨਹੀਂ ਸਕਦੀ। ਕਹਿ ਕੇ ਵੀ ਕੁਝ ਕਿਹਾ ਨਹੀਂ ਜਾਂਦਾ। ਅਣਕਿਹਾ, ਅਣਕਿਹਾ ਰਹਿ ਜਾਂਦਾ ਹੈ। ਪਰ ਉਸਦੀ ਚਰਚਾ ਕਰਨਾ ਹੀ ਏਨਾ ਆਨੰਦ ਪੂਰਣ ਹੈ ਕਿ ਉਸਦੀ ਚਰਚਾ ਕਰਦੇ-ਕਰਦੇ ਹੀ ਧਿਆਨ ਲੱਗ ਜਾਂਦਾ ਹੈ। ਬੋਲ-ਬੋਲ ਕੇ ਕੁਝ ਕਿਹਾ ਤਾਂ ਨਹੀਂ ਜਾ ਸਕਦਾ, ਪਰ ਬੋਲਦੇ-ਬੋਲਦੇ ਬੋਲਣ ਵਾਲਾ ਗੁਆਚ ਜਾਂਦਾ ਹੈ।

ਉਸ ਦਾ ਬਖ਼ਾਨ ਹੀ ਕਰਦੇ-ਕਰਦੇ ਕਿੰਨੇ ਧਿਆਨ ਮਗਨ ਹੋ ਜਾਂਦੇ ਹਨ। ਵੇਦ ਉਸਦਾ ਵਰਨਣ ਕਰਦੇ ਹਨ। ਪੁਰਾਣ ਉਸਦਾ ਪਾਠ ਕਰਦੇ ਹਨ। ਵਿਦਵਾਨ ਉਸ ਦਾ ਵਰਨਣ ਕਰਕੇ ਬਖ਼ਾਨ ਕਰਦੇ ਹਨ, ਇੰਦਰ ਅਤੇ ਬ੍ਰਹਮਾ ਉਸਦਾ ਵਰਨਣ ਕਰਦੇ ਹਨ, ਗੋਪੀ ਅਤੇ ਗੋਬਿੰਦ ਉਸਦਾ ਵਰਨਣ ਕਰਦੇ ਹਨ। ਵਿਸ਼ਨੂੰ ਅਤੇ ਸਿੱਧ ਉਸ ਦਾ ਵਰਨਣ ਕਰਦੇ ਹਨ। ਅਨੇਕ-ਅਨੇਕ ਬੁੱਧ ਉਸਦਾ ਵਰਨਣ ਕਰਦੇ ਹਨ। ਦਾਨਵ ਅਤੇ ਦੇਵ ਵੀ ਉਸਦਾ ਵਰਨਣ ਕਰਦੇ ਹਨ। ਸੁਰ, ਨਰ, ਮੁਨੀ ਜਨ ਅਤੇ ਸੇਵਕ ਜਨ ਉਸਦਾ ਵਰਨਣ ਕਰਦੇ ਹਨ।

ਉਸਦਾ ਵਰਨਣ, ਵਰਨਣ ਲਈ ਨਹੀਂ ਹੈ। ਉਸਦਾ ਵਰਨਣ ਵੀ ਧਿਆਨ ਦੀ ਇੱਕ ਵਿਧੀ ਹੈ। ਉਸਦੀ ਚਰਚਾ ਉਸਦੇ ਵਿੱਚ ਗੁਆਚ ਜਾਣ ਦਾ ਇੱਕ ਉਪਾਅ ਹੈ, ਉਸਦੀ ਗੱਲ ਕਰਨਾ, ਉਸ ਵੱਲ ਉਨਮੁਖ ਹੋਣ ਦਾ ਰਾਹ ਹੈ। ਜਿੱਥੇ ਉਸ ਦੀ ਗੱਲ ਹੁੰਦੀ ਹੈ, ਉਥੇ ਬੈਠ ਕੇ ਉਸ ਦੀ ਗੱਲ ਸੁਣ ਲੈਣਾ ਵੀ—ਤੁਹਾਡੇ ਅੰਦਰ ਵੀ ਸ਼ਾਇਦ ਇੱਕ ਅੱਧ ਮੀਂਹ ਦੀ ਕਣੀ ਪੈ ਜਾਏ। ਸ਼ਾਇਦ ਤੁਹਾਡੇ ਤਿਹਾਏ ਕੰਠ (ਸੰਘ) ਉਤੇ ਵੀ ਕੋਈ ਚੀਜ਼ ਪੈ ਜਾਏ। ਸ਼ਾਇਦ ਅਚਨਚੇਤ ਕੁਝ ਸੁਣਾਈ ਪੈ ਜਾਏ। ਸ਼ਾਇਦ ਤੁਹਾਡੇ ਬੋਲੇਪਨ ਨੂੰ ਤੋੜ ਕੇ ਕੋਈ ਸ਼ਬਦ ਅੰਦਰ ਪ੍ਰਵੇਸ਼ ਕਰ ਜਾਏ। ਸ਼ਾਇਦ ਤੁਹਾਡੀਆਂ ਅੰਨ੍ਹੀਆਂ ਅੱਖਾਂ ਵੀ ਥੋੜ੍ਹੀ ਜਿਹੀ ਰੌਸ਼ਨੀ ਨਾਲ ਭਰ ਜਾਣ ਅਤੇ ਤੁਹਾਡੀ ਬੁੱਧੀ ਦੇ ਵਿਚਾਰ ਵੀ ਥੋੜ੍ਹੀ ਦੇਰ ਲਈ ਉਸਦੀ ਚਰਚਾ ਦੇ ਰਾਗ, ਉਸ ਦੀ ਚਰਚਾ ਦੇ ਰੰਗ ਵਿੱਚ, ਉਸਦੀ ਚਰਚਾ ਦੇ ਸੰਗੀਤ ਵਿੱਚ ਡੁੱਬ ਜਾਣ। ਥੋੜ੍ਹੀ ਦੇਰ ਲਈ ਤੁਸੀਂ ਚੁੱਪ ਹੋ ਜਾਓ, ਤੁਹਾਡੇ ਅੰਦਰ, ਜਿਹੜੀ ਵਾਰਤਾਲਾਪ ਦੀ ਵਿਧੀ ਚੱਲ ਰਹੀ ਹੈ, ਉਹ ਖਿੰਡ ਜਾਏ। ਤੁਹਾਡਾ ਇਨਟਰਨਲ ਡਾਏਲਾਗ ਟੁੱਟ ਜਾਏ।

ਇਸ ਲਈ ਨਾਨਕ ਉਸਦੇ ਗੀਤ ਗਾਉਂਦੇ ਹਨ। ਉਸਦੇ ਗੀਤ ਗਾਉਂਦੇ ਹਨ, ਕਿਉਂਕਿ ਗਾਉਂਦੇ-ਗਾਉਂਦੇ ਗਾਇਕ ਉਸ ਵਿੱਚ ਗੁੰਮ ਹੋ ਸਕਦਾ ਹੈ। ਗਾਉਂਦੇ-ਗਾਉਂਦੇ ਸੁਣਨ ਵਾਲਾ ਵੀ ਉਸ ਵਿੱਚ ਗੁਆਚ ਸਕਦਾ ਹੈ ਅਤੇ ਇਸ ਲਈ ਨਾਨਕ ਨੇ ਕਿਹਾ ਨਹੀਂ, ਗਾਇਆ। ਕਿਉਂਕਿ ਗਾਉਣ ਨਾਲ ਬਹੁਤੀ ਸੋਖ ਹੋਏਗੀ ਅਤੇ ਸੰਗੀਤ ਦੀ ਵੀ ਵਰਤੋਂ ਕੀਤੀ, ਕਿਉਂਕਿ ਤੁਹਾਡੇ ਅੰਦਰ ਦਾ ਸੁਰ ਸੱਧ ਜਾਏਗਾ। ਥੋੜ੍ਹੀ ਦੇਰ ਲਈ ਸੰਗੀਤ ਦੀ ਥਾਪ ਵਿੱਚ ਸ਼ਾਇਦ ਉਸ ਡੂੰਘੀ ਸ਼ਾਂਤੀ ਨੂੰ ਇੱਕ ਪਲ ਕੁ ਲਈ ਵੀ ਛੋਹ ਲਓ। ਜਿਸ ਦਾ ਸੁਆਦ ਫੇਰ ਭੁਲਾਇਆਂ ਵੀ ਨਹੀਂ ਭੁੱਲੇਗਾ।

ਇਸ ਲਈ ਨਾਨਕ ਸਾਧ ਸੰਗਤ ਦੀ ਬਹੁਤ ਕੀਮਤ ਮੰਨਦੇ ਹਨ ਕਿ ਜਿੱਥੇ ਉਸ ਦੀ ਚਰਚਾ ਚੱਲ ਰਹੀ ਹੋਵੇ, ਉਥੇ ਬੈਠਣਾ, ਸੁਣਨਾ। ਸੁਣਦੇ-ਸੁਣਦੇ ਹੌਲੀ-ਹੌਲੀ ਤੁਹਾਡੇ ਉਤੇ ਵੀ ਰੰਗ ਚੜ੍ਹ ਜਾਏਗਾ। ਜੇਕਰ ਤੁਸੀਂ ਬਗੀਚੇ ਵਿਚੋਂ ਲੰਘੋਗੇ ਤਾਂ ਅਣਜਾਣੇ ਹੀ ਤੁਹਾਡੇ ਕਪੜਿਆਂ ਵਿੱਚ ਫੁੱਲਾਂ ਦੀ ਸੁਗੰਧ, ਥੋੜ੍ਹੀ ਜਿਹੀ ਨਾਲ ਆ ਹੀ ਜਾਏਗੀ ਅਤੇ ਜੇਕਰ ਤੁਸੀਂ ਸਵੇਰ ਦੇ ਸੂਰਜ ਕੋਲ ਖਲੋਵੋਗੇ, ਤਾਂ ਉਸ ਦੀ ਪੈਦਾਇਸ਼ ਅਤੇ ਤਾਜ਼ੀਆਂ ਕਿਰਨਾਂ ਤੁਹਾਡੇ ਖੂਨ ਨੂੰ ਵੀ ਅੰਦੋਲਿਤ ਕਰਨਗੀਆਂ ਅਤੇ ਰਾਤ ਜੇਕਰ ਤੁਸੀਂ ਚੰਨ ਦੀ ਚਾਨਣੀ ਵਿੱਚ ਬੈਠੋਗੇ, ਧਰਤੀ ਉਤੇ ਲੰਮੇ ਪੈ ਜਾਓਗੇ ਅਤੇ ਆਕਾਸ਼ ਵਿੱਚ ਚੰਨ ਨੂੰ ਵੇਖੋਗੇ ਤਾਂ ਉਸਦੀ ਸ਼ੀਤਲਤਾ ਥੋੜ੍ਹਾ ਜਿਹਾ ਤੁਹਾਡੇ ਅੰਦਰ ਵੀ ਰਾਹ ਬਣਾਏਗੀ।

ਸਾਧ ਸੰਗਤ ਦਾ ਅਰਥ ਹੈ, ਜਿੱਥੇ ਉਸ ਦਾ ਗੁਣਗਾਨ ਹੋ ਰਿਹਾ ਹੈ। ਹਿੰਦੂਆਂ ਨੇ ਕਿਹਾ ਹੈ, ਜਿੱਥੇ ਉਸ ਦੀ ਨਿੰਦਾ ਹੋ ਰਹੀ ਹੋਵੇ, ਉਥੇ ਆਪਣੇ ਕੰਨ ਬੰਦ ਕਰ ਲੈਣਾ।

ਜਿੱਥੇ ਉਸਦੀ ਚਰਚਾ ਹੋ ਰਹੀ ਹੋਵੇ, ਉਥੇ ਤੁਸੀਂ ਆਪਣੇ ਸਾਰੇ ਵਿਅਕਤਿਤਵ ਨੂੰ ਕੰਨ ਹੀ ਬਣਾ ਲੈਣਾ, ਕੇਵਲ ਸੁਣਨ ਵਾਲਾ ਹੋ ਜਾਣਾ। ਇਸ ਲਈ ਤਾਂ ਨਾਨਕ ਬਾਰ-ਬਾਰ ਕਹਿੰਦੇ ਹਨ, 'ਸੁਣੀਏ' ਉਹ ਉਸਦੀ ਚਰਚਾ ਕਰ ਰਹੇ ਹਨ। ਉਸਦਾ ਬਖ਼ਾਨ ਕਰ ਰਹੇ ਹਨ। ਪਰ ਇੱਕ ਗੱਲ ਬਾਰ-ਬਾਰ ਸਮਰਣ ਦਿਲਾਉਂਦੇ ਹਨ ਕਿ ਬਖ਼ਾਨ ਕਰਨ ਨਾਲ ਵੀ ਉਸ ਦਾ ਬਖ਼ਾਨ ਨਹੀਂ ਹੁੰਦਾ, ਕਿਉਂਕਿ ਕਿਤੇ ਤੁਸੀਂ ਇਸ ਭੁੱਲ ਵਿੱਚ ਨਾ ਪੈ ਜਾਣਾ ਕਿ ਜੋ ਕਿਹਾ ਹੈ, ਉਸਦੇ ਨਾਲ ਉਸਦਾ ਮਾਪ ਹੋ ਗਿਆ। ਜੋ ਕਿਹਾ ਹੈ, ਉਸ ਤੋਂ ਇਸ਼ਾਰਾ ਹੋਇਆ ਹੈ। ਉਸ ਤੋਂ ਮਾਪ ਨਹੀਂ ਹੋਇਆ। ਜੋ ਕਿਹਾ ਹੈ ਉਸ ਤੋਂ ਉਹ ਭੁੱਲ ਨਹੀਂ ਗਿਆ ਪੂਰੇ ਦਾ ਪੂਰਾ ਭੁੱਲ ਨਹੀਂ ਗਿਆ। ਸ਼ੁਰੂਆਤ ਹੋਈ ਹੈ, ਅੰਤ ਨਹੀਂ ਹੋਇਆ। ਇਸ ਲਈ ਬਖ਼ਾਨ ਵੀ ਕਰਦੇ ਹਨ ਅਤੇ ਕਹਿੰਦੇ ਹਨ ਕਿ ਉਸਦਾ ਬਖ਼ਾਨ ਹੋ ਨਹੀਂ ਸਕਦਾ।

ਵੇਦ ਉਸਦਾ ਵਰਨਣ ਕਰਦੇ ਹਨ। ਸ਼ਾਸਤ੍ਰ ਉਸਦਾ ਵਰਨਣ ਕਰਦੇ ਹਨ ਅਤੇ ਹੋਰ ਵੱਡੀ ਅਨੋਖੀ ਗੱਲ ਕਹੀ ਕਿ ਗੋਪੀ ਅਤੇ ਗੋਬਿੰਦ ਵੀ ਉਸ ਦਾ ਵਰਨਣ ਕਰਦੇ ਹਨ। ਗੋਪੀ ਅਤੇ ਗੋਬਿੰਦ ਤਾਂ ਬੋਲਦੇ ਹੀ ਨਹੀਂ, ਉਹ ਤਾਂ ਨੱਚਦੇ ਹਨ। ਪਰ ਉਸ ਨਾਚ ਵਿੱਚ ਵੀ ਉਸੇ ਦਾ ਹੀ ਵਰਨਣ ਹੈ। ਉਸ ਨਾਚ ਵਿੱਚ ਵੀ ਉਸੇ ਦੀ ਹੀ ਖ਼ਬਰ ਹੈ। ਗੋਪੀ ਅਤੇ ਗੋਬਿੰਦ ਤਾਂ ਚਰਚਾ ਹੀ ਕਿੱਥੇ ਕਰਦੇ ਹਨ। ਉਹ ਤਾਂ ਨੱਚਦੇ ਹਨ। ਚੰਨ ਦੇ ਹੇਠਾਂ ਰਾਸ ਲੀਲ੍ਹਾ ਹੁੰਦੀ ਹੈ। ਗੋਬਿੰਦ ਨੱਚਦੇ ਹਨ ਗੋਪੀਆਂ ਦੇ ਨਾਲ। ਲੇਕਿਨ ਨਾਨਕ ਕਹਿੰਦੇ ਹਨ ਉਹ ਵੀ ਉਸੇ ਦਾ ਵਰਨਣ ਹੈ। ਢੰਗ ਵੱਖਰਾ ਹੈ। ਕੋਈ ਨੱਚ ਕੇ ਕਹਿੰਦਾ ਹੈ, ਕੋਈ ਗਾ ਕੇ ਕਹਿੰਦਾ ਹੈ। ਕੋਈ ਚੁੱਪ ਹੋ ਕੇ ਕਹਿੰਦਾ ਹੈ, ਕੋਈ ਬੋਲ ਕੇ ਕਹਿੰਦਾ ਹੈ, ਲੇਕਿਨ ਸਭ ਉਸੇ ਦਾ ਵਰਨਣ ਹੈ।

ਅਤੇ ਜਿਸ ਨੇ ਉਸ ਨੂੰ ਜਾਣ ਲਿਆ, ਉਹ ਕੁਝ ਵੀ ਕਰੇ, ਉਸ ਦੇ ਹਰ ਕਰਮ ਵਿੱਚ ਉਸਦੇ ਹਰ ਇਸ਼ਾਰੇ ਵਿੱਚ, ਗੋਚਰ ਵਿੱਚ ਵੀ ਉਸੇ ਦਾ ਵਰਨਣ ਹੈ। ਬੁੱਧ ਦਾ ਹੱਥ ਵੀ ਉੱਠੇ ਤਾਂ ਉਸ ਹੱਥ ਵਿੱਚ ਵੀ ਉਸੇ ਦੇ ਵੱਲ ਇਸ਼ਾਰਾ ਹੈ। ਬੁੱਧ ਦੀ ਅੱਖ ਵੀ ਖੁੱਲ੍ਹੇ ਤਾਂ ਉਹ ਅੱਖ ਵੀ ਉਸੇ ਦੇ ਵੱਲ ਇਸ਼ਾਰਾ ਹੈ। ਬੁੱਧ ਚੁੱਪ ਹੋਣ, ਤਾਂ ਵੀ ਉਸੇ ਦੀ ਗੱਲ ਕਰ ਰਹੇ ਹਨ। ਬੁੱਧ ਬੋਲਣ, ਤਾਂ ਵੀ ਉਸੇ ਦੀ ਗੱਲ ਕਰ ਰਹੇ ਹਨ। ਫ਼ਿਰ ਹਰ ਪ੍ਰਾਣੀ ਦੇ ਵੱਖਰੇ ਢੰਗ ਹਨ। ਬੁੱਧ ਨੱਚ ਨਹੀਂ ਸਕਦੇ। ਉਹ ਉਨ੍ਹਾਂ ਦੀ ਨਿਜੀ ਹੋਂਦ ਵਿੱਚ ਨਹੀਂ ਹੈ। ਉਹ ਉਨ੍ਹਾਂ ਨੂੰ ਠੀਕ ਵੀ ਨਹੀਂ ਲੱਗੇਗਾ। ਨੱਚਦੇ ਹੋਏ ਬਹੁਤ ਅਸੰਗਤ ਮਾਲੂਮ ਹੋਣਗੇ। ਨਾਚ ਦੇ ਨਾਲ ਉਨ੍ਹਾਂ ਦਾ ਤਾਲ-ਮੇਲ ਨਹੀਂ ਹੋਏਗਾ। ਉਹ ਤਾਂ ਬੋਧੀਵ੍ਰਕਸ਼ ਦੇ ਹੇਠਾਂ ਹੀ ਪਿਆਰੇ ਲੱਗਦੇ ਹਨ। ਜਿਵੇਂ ਬੈਠੇ ਹਨ, ਉਸੇ ਤਰ੍ਹਾਂ ਹੀ। ਉਹ ਹੀ ਉਨ੍ਹਾਂ ਦਾ ਨਾਚ ਹੈ ਉਹ ਕੰਬਦੇ ਵੀ ਨਹੀਂ, ਕੰਪਨ ਹੈ ਵੀ ਨਹੀਂ। ਹਿੱਲਦੇ-ਡੁੱਲਦੇ ਵੀ ਨਹੀਂ।

ਠੀਕ ਪੱਥਰ ਦੇ ਵਾਂਗ।

ਬੁੱਧ ਦੀ ਮੂਰਤੀ ਦੇ ਕਾਰਣ ਹੀ ਅਰਬੀ ਅਤੇ ਅਰਬੀ ਦੇ ਨਾਲ ਸੰਬੰਧ ਰੱਖਣ ਵਾਲੀਆਂ ਭਾਸ਼ਾਵਾਂ ਵਿੱਚ, ਮੂਰਤੀ ਲਈ ਜਿਹੜਾ ਸ਼ਬਦ ਹੈ ਉਹ 'ਬੁੱਤ'।, 'ਬੁੱਧ-ਬੁੱਧ' ਦਾ ਅਪਭਰੰਸ਼ (ਵਿਗੜਿਆ ਰੂਪ) ਹੈ। ਬੁੱਧ ਏਨੇ ਮੂਰਤੀ ਵਰਗੇ ਹਨ ਕਿ ਜੇਕਰ ਤੁਸੀਂ ਉਨ੍ਹਾਂ ਨੂੰ ਜਿੰਦਾ ਵੀ ਪਾਓਗੇ ਤਾਂ ਲੱਗਣਗੇ ਕਿ ਸੰਗਮਰਮਰ ਦੀ ਮੂਰਤੀ ਹਨ। ਜੇਕਰ ਬੁੱਧ ਦੇ ਪਿੱਛੋਂ ਸੰਗਮਰਮਰ ਦੀਆਂ ਕਰੋੜਾਂ-ਕਰੋੜਾਂ ਮੂਰਤੀਆਂ ਬਣੀਆਂ ਤਾਂ ਉਨ੍ਹਾਂ ਦਾ ਕਾਰਣ ਸੀ। ਬੁੱਧ ਉਹੋ ਜਿਹੇ ਹੀ ਲੱਗਦੇ ਸਨ। ਉਨ੍ਹਾਂ ਦੇ ਹੋਣ ਦਾ ਢੰਗ ਏਨਾ ਮੌਨ ਸੀ। ਉਥੇ ਕੋਈ ਕੰਪਨ ਨਹੀਂ ਸੀ। ਨਾਚ ਤਾਂ ਬਹੁਤ ਮੁਸ਼ਕਿਲ ਹੈ। ਉਹ ਤਾਂ ਇਸ ਤਰ੍ਹਾਂ ਬੈਠੇ ਸਨ ਜਿਵੇਂ ਕਿ ਪੱਥਰ ਹੋਣ। ਸੰਗਮਰਮਰ ਦਾ ਪੱਥਰ ਠੀਕ ਉਨ੍ਹਾਂ ਦੀ ਯਾਦ ਦਿਲਾਉਂਦਾ ਹੈ। ਉਵੇਂ ਹੀ ਸ਼ੀਤਲ, ਉਵੇਂ ਹੀ ਸਿਥਿਰ। ਪਰ ਉਹ ਹੀ ਬੁੱਧ ਦਾ ਢੰਗ ਹੈ। ਉਸੇ ਤਰ੍ਹਾਂ ਉਹ ਕਹਿੰਦੇ ਹਨ।

ਕ੍ਰਿਸ਼ਨ ਨੱਚ ਰਹੇ ਹਨ। ਉਨ੍ਹਾਂ ਦਾ ਬੁੱਧ ਤੋਂ ਬਹੁਤ ਵੱਖਰਾ ਢੰਗ ਹੈ। ਤੁਸੀਂ ਸੋਚ ਵੀ ਨਹੀਂ ਸਕਦੇ ਕਿ ਬੁੱਧ ਮੋਰ ਮੁਕਟ ਬੰਨ੍ਹ ਕੇ ਖਲੋਤੇ ਹਨ। ਬਹੁਤ ਹੀ ਨਾਟਕੀਏ ਲੱਗਣਗੇ। ਜਚੇਗਾ ਵੀ ਨਹੀਂ। ਪਰ ਜੇਕਰ ਕ੍ਰਿਸ਼ਨ ਨੂੰ ਤੁਸੀਂ ਬੁੱਧ ਵਾਂਗ ਬਿਠਾ ਦਿਓ ਤਾਂ ਉਹ ਵੀ ਓਨੇ ਹੀ ਨਾਟਕੀਏ ਲੱਗਣਗੇ। ਉਹ ਵੀ ਨਹੀਂ ਜਚੇਗਾ; ਅਭਿਨਯ ਮਾਲੂਮ ਹੋਏਗਾ, ਝੂਠਾ ਲੱਗੇਗਾ। ਕ੍ਰਿਸ਼ਨ ਉਤੇ ਥੋਪਿਆ ਨਹੀਂ ਜਾ ਸਕੇਗਾ। ਕ੍ਰਿਸ਼ਨ ਦੀ ਪਰਸਨੈਲਟੀ ਹੋਰ ਢੰਗ ਦੀ ਹੈ। ਉਹ ਮੋਰ ਮੁਕਟ ਵਿੱਚ ਹੀ ਸ਼ੋਭਦੇ ਹਨ। ਉਹ ਨੱਚਦੇ ਹਨ। ਚਾਰੇ ਪਾਸੇ ਗੋਪੀਆਂ ਦਾ ਨਾਚ ਚੱਲਦਾ ਹੈ।

ਨਾਨਕ ਕਹਿੰਦੇ ਹਨ ਗੋਪੀ ਅਤੇ ਗੋਬਿੰਦ ਦੇ ਨਾਚ ਵਿੱਚ ਵੀ ਉਸੇ ਦਾ ਬਖਾਨ ਹੈ। ਇਹ ਬਹੁਤ ਪਿਆਰਾ ਕਥਨ ਹੈ ਨਾਨਕ ਦਾ ਕਿ ਉਸੇ ਦੀ ਹੀ ਖਬਰ ਹੈ। ਹਜ਼ਾਰਾਂ ਢੰਗਾਂ ਨਾਲ ਬੁੱਧ ਪੁਰਖਾਂ ਨੇ ਉਸ ਨੂੰ ਕਿਹਾ ਹੈ। ਜਾਗਰਤ ਪੁਰਖਾਂ ਨੇ ਉਸ ਨੂੰ ਕਿਹਾ ਹੈ। ਹਜ਼ਾਰਾਂ ਇਸ਼ਾਰੇ ਹਨ। ਜਿਸ ਵੱਲ ਇਸ਼ਾਰਾ ਹੈ, ਉਹ ਇੱਕ ਹੈ—ੴ ਸਤਿਨਾਮੁ। ਬ੍ਰਹਮਾ ਅਤੇ ਇੰਦਰ ਉਸ ਦਾ ਵਰਨਣ ਕਰਦੇ ਹਨ। ਵਿਸ਼ਨੂੰ ਅਤੇ ਸਿੱਧ ਉਸ ਦਾ ਵਰਨਣ ਕਰਦੇ ਹਨ। ਅਨੇਕ-ਅਨੇਕ ਬੁੱਧ ਉਸ ਦਾ ਵਰਨਣ ਕਰਦੇ ਹਨ। ਕਿੰਨੇ ਤਾਂ ਵਰਨਣ ਹੀ ਕਰਦੇ ਹਨ ਅਤੇ ਕਿੰਨੇ ਵਰਨਣ ਕਰਦੇ-ਕਰਦੇ ਵਿਦਾ ਹੋ ਜਾਂਦੇ ਹਨ। ਉਸ ਨੇ ਜੋ ਕੀਤਾ ਹੈ ਉਹ ਉਸ ਨੂੰ ਹੋਰ ਕਰੇਗਾ। ਉਸ ਦਾ ਹਿਸਾਬ ਕੋਈ ਵੀ ਨਹੀਂ ਲਾ ਸਕਦਾ। ਉਹ ਜਿਹੋ ਜਿਹਾ ਚਾਹੁੰਦਾ ਹੈ, ਉਹੋ ਜਿਹਾ ਹੀ ਹੋ ਜਾਂਦਾ ਹੈ। ਇਹ ਸ਼ਬਦ ਬਹੁਤ ਵਿਚਾਰਨ ਦੇ ਕਾਬਿਲ ਹਨ।

*ਏਤੇ ਕੀਤੇ ਹੋਰਿ ਕਰੇਹਿ॥ ਤਾ ਆਖਿ ਨ ਸਕਹਿ ਕੇਈ ਕੇਇ॥*

*ਜੇਵਡੁ ਭਾਵੈ ਤੇਵਡੁ ਹੋਇ॥ ਨਾਨਕ ਜਾਣੈ ਸਾਚਾ ਸੋਇ॥*

ਉਸ ਦਾ ਵਰਨਣ ਇਸ ਲਈ ਵੀ ਨਹੀਂ ਹੋ ਸਕਦਾ ਕਿ ਪਰਮਾਤਮਾ ਕੋਈ ਪੂਰੀ ਹੋ ਗਈ ਘਟਨਾ ਨਹੀਂ ਹੈ। ਜੇਕਰ ਕੋਈ ਚੀਜ਼ ਪੂਰੀ ਹੋ ਗਈ ਹੋਵੇ, ਤਾਂ ਵਰਨਣ ਹੋ ਸਕਦਾ ਹੈ। ਪਰ ਜੇ਼ਕਰ ਕੋਈ ਚੀਜ਼ ਅਧੂਰੀ ਹੋਵੇ, ਤਾਂ ਵਰਨਣ ਕਿਵੇਂ ਹੋਏਗਾ? ਕੋਈ ਚੀਜ਼ ਜੇਕਰ ਹੁੰਦੀ ਹੀ ਜਾ ਰਹੀ ਹੈ, ਤਾਂ ਵਰਣਨ ਕਿਵੇਂ ਹੋਏਗਾ? ਜੇਕਰ ਕਿਸੇ ਆਦਮੀ ਦੀ ਆਤਮ ਕਥਾ ਲਿਖਣੀ ਹੋਵੇ ਤਾਂ ਉਸ ਦੇ ਮਰਨ ਤੱਕ ਸਾਨੂੰ ਰੁਕਣਾ ਪਏਗਾ। ਜੇਕਰ ਉਸ ਦੀ ਜੀਵਨ ਕਥਾ ਸਾਨੂੰ ਲਿਖਣੀ ਹੀ ਹੈ? ਤਾਂ ਮੌਤ ਦੇ ਬਾਅਦ ਹੀ ਲਿਖੀ ਜਾ ਸਕਦੀ ਹੈ। ਕਿਉਂਕਿ ਆਦਮੀ ਅਜੇ ਅਧੂਰਾ ਹੈ। ਅਜੇ ਹੋਰ ਅਧਿਆਇ ਬਾਕੀ ਹਨ। ਪਰਮਾਤਮਾ ਦੀ ਜੀਵਨ ਕਥਾ ਕਿਵੇਂ ਲਿਖੀਏ? ਕਿਉਂਕਿ ਉਹ ਕਦੇ ਵੀ ਮਰੇਗਾ ਨਹੀਂ, ਕਦੇ ਬੁੱਢਾ ਨਹੀਂ ਹੋਏਗਾ। ਕਦੇ ਆਖਰੀ ਹਿੱਸਾ ਨਹੀਂ ਆਏਗਾ, ਜਿੱਥੇ ਅਸੀਂ ਕਹਿ ਦੇਈਏ **The End** ਜਿੱਥੇ 'ਇਤੀ ਸ਼੍ਰੀ' ਹੋ ਜਾਏ।

ਉਹ ਹੁੰਦਾ ਹੀ ਰਹੇਗਾ, ਪਰਮਾਤਮਾ ਲਗਾਤਾਰ ਹੋਣਾ ਹੈ। ਇਟਰਨਲ, ਸ਼ਾਸਵਤ ਅਭਿਵਯਕਿਤ। ਉਹ ਫੁੱਲ ਖਿੜਦਾ ਹੀ ਜਾਂਦਾ ਹੈ। ਉਸ ਦੀਆਂ ਪੱਤੀਆਂ ਉਸ ਥਾਂ ਨਹੀਂ ਆਉਂਦੀਆਂ, ਜਿੱਥੇ ਅਸੀਂ ਕਹਿ ਦੇਈਏ: ਫੁੱਲ ਪੂਰਾ ਖਿੜ ਗਿਆ, ਉਹ ਸਦਾ ਤੋਂ ਖਿੜਦਾ ਰਿਹਾ ਹੈ ਅਤੇ ਸਦਾ ਖਿੜਦਾ ਰਹੇਗਾ।

ਇਹ ਜਿਹੜੀ ਪਰਮਾਤਮਾ ਦੀ ਅਨੰਤ ਹੋਣ ਦੀ ਤਾਕਤ ਹੈ, ਇਸ ਲਈ ਵਰਨਣ ਸਾਰੇ ਅਧੂਰੇ ਹਨ। ਸਾਰੇ ਕਪੜੇ ਛੋਟੇ ਹੋ ਜਾਂਦੇ ਹਨ। ਉਹ ਵੱਡਾ ਹੁੰਦਾ ਜਾਂਦਾ ਹੈ। ਇਸ ਲਈ ਜਿੰਨੀਆਂ ਅਸੀਂ ਪਰਮਾਤਮਾਂ ਦੀਆਂ ਮੂਰਤੀਆਂ ਬਣਾਈਆਂ ਅਤੇ ਜਿੰਨੇ ਅਸੀਂ ਵਰਨਣ ਕੀਤੇ, ਉਹ ਸਾਰੇ ਅਧੂਰੇ ਪੈ ਗਏ। ਉਹ ਇਸ ਤਰ੍ਹਾਂ ਜਿਵੇਂ ਅਸੀਂ ਨਿੱਕੇ ਬੱਚੇ ਦੇ ਕੱਪੜੇ ਬਣਾ ਲੈਂਦੇ ਹਾਂ। ਉਹ ਫੇਰ ਛੋਟੇ ਹੋ ਜਾਂਦੇ ਹਨ, ਕਿਉਂਕਿ ਬੱਚਾ ਵੱਡਾ ਹੋ ਰਿਹਾ ਹੈ। ਇੱਕ ਉਮਰ ਆ ਜਾਂਦੀ ਹੈ, ਫ਼ਿਰ ਨਾਪ ਠਹਿਰ ਜਾਂਦਾ ਹੈ। ਫ਼ਿਰ ਕਪੜਿਆਂ ਦਾ ਡਰ ਨਹੀਂ ਹੁੰਦਾ। ਫ਼ਿਰ ਅਸੀਂ ਜਿਹੜਾ ਕਪੜਾ ਬਣਾ ਲੈਂਦੇ ਹਾਂ, ਉਹ ਕੰਮ ਆਉਂਦਾ ਹੈ। ਫ਼ਿਰ ਨਾਪ ਨਿਸ਼ਚਿਤ ਹੋ ਜਾਂਦਾ ਹੈ। ਫ਼ਿਰ ਦਰਜ਼ੀ ਨੂੰ ਬਾਰ-ਬਾਰ ਨਾਪ ਦੇਣ ਦੀ ਲੋੜ ਹੀ ਨਹੀਂ ਪੈਂਦੀ। ਉਹ ਨਾਪ ਨੋਟ ਕਰ ਲੈਂਦਾ ਹੈ। ਪਰ ਬੱਚਿਆਂ ਦੇ ਨਾਪ ਨੋਟ ਨਹੀਂ ਕੀਤੇ ਜਾ ਸਕਦੇ। ਕਿਉਂਕਿ ਉਹ ਵਧਦੇ ਜਾਂਦੇ ਹਨ।

ਅਤੇ ਪਰਮਾਤਮਾ ਸਦਾ ਵਧ ਰਿਹਾ ਹੈ। ਇਸ ਲਈ ਜਿੰਨੇ ਕੱਪੜੇ ਅਸੀਂ ਬਣਾਉਂਦੇ ਹਾਂ, ਸਾਰੇ ਛੋਟੇ ਹੋ ਜਾਂਦੇ ਹਨ। ਇਸ ਲਈ ਸਾਰੇ ਸ਼ਾਸਤ੍ਰ ਛੋਟੇ ਪੈ ਜਾਂਦੇ ਹਨ ਅਤੇ ਪੁਰਾਣੇ ਹੋ ਜਾਂਦੇ ਹਨ। ਇਸ ਲਈ ਤਾਂ ਨਵੇਂ ਧਰਮ ਦਾ ਜਾਗਰਣ ਹੁੰਦਾ ਹੈ ਅਤੇ ਨਵੇਂ ਬੁੱਧ ਪੁਰਖ ਫੇਰ ਤੋਂ ਉਸ ਦਾ ਬਖਾਨ ਕਰਦੇ ਹਨ ਅਤੇ ਜਦ ਨਵੇਂ ਬੁੱਧ ਪੁਰਖ ਉਸ ਦਾ

ਬਖ਼ਾਨ ਕਰਦੇ ਹਨ: ਥੋੜ੍ਹੀ ਦੇਰ ਤੱਕ ਉਹ ਬਖ਼ਾਨ ਸਹੀ ਰਹਿੰਦਾ ਹੈ। ਕਿਉਂਕਿ ਕਪੜੇ ਫੇਰ ਛੋਟੇ ਹੋ ਜਾਂਦੇ ਹਨ ਅਤੇ ਸਦਾ ਬੁੱਧ ਪੁਰਖਾਂ ਦੀ ਜ਼ਰੂਰਤ ਰਹੇਗੀ ਕਿ ਉਹ ਉਸਦਾ ਗੀਤ ਗਾਉਂਦੇ ਰਹਿਣ ਅਤੇ ਹਰ ਨਵਾਂ ਗੀਤ ਥੋੜ੍ਹੀ ਦੇਰ ਹੀ ਲਾਗੂ ਹੁੰਦਾ ਹੈ। ਜਿੰਨੀ ਦੇਰ ਅਸੀਂ ਗਾਉਂਦੇ ਹਾਂ, ਓਨੀ ਦੇਰ ਵੀ ਲਾਗੂ ਨਹੀਂ ਹੋ ਪਾਉਂਦਾ। ਕਿਉਂਕਿ ਉਹ ਰੋਜ਼ ਵਧਦਾ ਜਾ ਰਿਹਾ ਹੈ। ਸਾਡੇ ਗਾਉਣ ਦੀ ਤਾਕਤ ਨਿੱਕੀ ਅਤੇ ਉਸ ਦੇ ਵਧਣ ਦੀ ਤਾਕਤ ਬਹੁਤ ਵੱਡੀ ਹੈ। ਇਸ ਲਈ ਜੇਕਰ ਤੁਸੀਂ ਪਿਛਲੇ ਪੰਜ ਹਜ਼ਾਰ ਸਾਲ ਦੇ ਧਰਮਾਂ ਦਾ ਇਤਿਹਾਸ ਵੇਖੋ ਤਾਂ ਤੁਸੀਂ ਪਾਓਗੇ ਪਰਮਾਤਮਾ ਦੀ ਸ਼ਕਲ ਬਦਲਦੀ ਗਈ।

ਪਰਮਾਤਮਾ ਦੀ ਸ਼ਕਲ ਨਹੀਂ ਬਦਲਦੀ, ਸਾਡਾ ਵਰਨਣ ਛੋਟਾ ਹੁੰਦਾ ਹੈ। ਫ਼ਿਰ ਸਾਨੂੰ ਬਦਲਾਹਟ ਕਰਨੀ ਪੈਂਦੀ ਹੈ। ਫ਼ਿਰ ਸਾਨੂੰ ਉਸ ਵਿੱਚ ਹੇਰ-ਫੇਰ ਕਰਨਾ ਪੈਂਦਾ ਹੈ। ਫੇਰ ਕੁਝ ਕੱਟਣਾ-ਵੱਢਣਾ ਪੈਂਦਾ ਹੈ। ਫ਼ਿਰ ਨਵੇਂ ਨੈਣ-ਨਕਸ਼ ਦੇਣੇ ਪੈਂਦੇ ਹਨ। ਜਦ ਤੱਕ ਅਸੀਂ ਦੇ ਪਾਉਂਦੇ ਹਾਂ ਤਦ ਤੱਕ ਉਹ ਅੱਗੇ ਜਾ ਚੁੱਕਦਾ ਹੈ। ਜਦ ਤੱਕ ਅਸੀਂ ਨੈਣ-ਨਕਸ਼ ਸੁਧਾਰਦੇ ਹਾਂ, ਤਦ ਤੱਕ ਅਸੀਂ ਵੇਖਦੇ ਹਾਂ ਉਹ ਕੁਝ ਹੋਰ ਹੋ ਗਿਆ ਹੈ। ਸਾਰਾ ਕੁਝ ਅਧੂਰਾ ਰਹੇਗਾ।

ਹਿੰਦੂ ਬਹੁਤ ਅਨੋਖੇ ਲੋਕ ਹਨ। ਇਸ ਲਈ ਉਨ੍ਹਾਂ ਨੇ ਪਰਮਾਤਮਾ ਦੀਆਂ ਅਜਿਹੀਆਂ ਮੂਰਤੀਆਂ ਵੀ ਬਣਾਈਆਂ, ਜਿਨ੍ਹਾਂ ਵਿੱਚ ਨੈਣ-ਨਕਸ਼ ਨਹੀਂ ਹਨ। ਸਿਰਫ ਹਿੰਦੂਆਂ ਨੇ ਅਜਿਹਾ ਕੰਮ ਕੀਤਾ ਹੈ। ਨਹੀਂ ਤਾਂ ਦੁਨੀਆਂ ਵਿੱਚ ਹੋਰ ਥਾਵਾਂ 'ਤੇ ਵੀ ਮੂਰਤੀਆਂ ਬਣਦੀਆਂ ਹਨ, ਪਰ ਨੈਣ-ਨਕਸ਼ ਹਨ। ਹਿੰਦੂ ਇੱਕ ਪੱਥਰ ਨੂੰ ਚੁੱਕ ਲੈਂਦੇ ਹਨ, ਸਿੰਧੂਰ ਨਾਲ ਰੰਗ ਦਿੰਦੇ ਹਨ। ਹਨੂੰਮਾਨ ਜੀ ਬਣ ਗਏ। ਨਾ ਨੱਕ ਹੈ, ਨਾ ਨਕਸ਼। ਕਿਉਂਕਿ ਹਿੰਦੂ ਕਹਿੰਦੇ ਹਨ ਕੀ ਨੈਣ-ਨਕਸ਼ ਬਣਾਉਣੇ। ਜਦ ਤੱਕ ਅਸੀਂ ਬਣਾਵਾਂਗੇ, ਤਦ ਤੱਕ ਉਹ ਅੱਗੇ ਵਧ ਜਾਏਗਾ। ਤਾਂ ਇਹ ਪੱਥਰ ਕੰਮ ਦੇਵੇਗਾ। ਹਿੰਦੂਆਂ ਨੇ ਸ਼ੰਕਰ ਦੀ, ਸ਼ਿਵ ਦੀ ਜਿਹੜੀ ਮੂਰਤੀ ਬਣਾਈ ਹੈ ਸ਼ਿਵਲਿੰਗ ਉਸ ਵਿੱਚ ਕੋਈ ਵੀ ਨੈਣ-ਨਕਸ਼ ਨਹੀਂ ਹੈ। ਉਹ ਅੰਡਾਕਾਰ ਹੈ ਅਤੇ ਉਹ ਸ਼ਾਸਵਤ ਮੂਰਤੀ ਹੈ। ਉਹ ਸਦਾ ਲਾਗੂ ਰਹੇਗੀ। ਪਰਮਾਤਮਾ ਕਿਹੋ ਜਿਹਾ ਵੀ ਹੋ ਜਾਏ, ਇਸ ਦੇ ਨਾਲ ਕੋਈ ਫ਼ਰਕ ਨਹੀਂ ਪਏਗਾ। ਪਰ ਅਸੀਂ ਜੋ ਵੀ ਉਸ ਦਾ ਵਰਨਣ ਕਰਾਂਗੇ: ਅਸੀਂ ਕਰ ਵੀ ਨਹੀਂ ਸਕਾਂਗੇ ਕਿ ਅਸੀਂ ਦੇਖਾਂਗੇ ਕਿ ਵਰਨਣ ਪੁਰਾਣਾ ਹੋ ਗਿਆ।

ਨਾਨਕ ਕਹਿੰਦੇ ਹਨ: — *ਏਤੇ ਕੀਤੇ ਹੋਰਿ ਕਰੇਹਿ॥*

ਉਸਨੇ ਹੁਣ ਤੱਕ ਏਨਾ ਕੀਤਾ ਹੈ, ਹੋਰ ਵੀ ਕਰਦਾ ਹੀ ਰਹੇਗਾ। ਹੁਣ ਤੱਕ ਏਨਾ ਹੋਇਆ ਹੈ, ਹੋਰ ਵੀ ਹੁੰਦਾ ਰਹੇਗਾ। *ਤਾ ਆਖਿ ਨ ਸਕਹਿ ਕੇਈ ਕੇਇ॥*

ਜੇਕਰ ਉਹ ਪੂਰਾ ਹੋ ਗਿਆ ਹੁੰਦਾ ਤਾਂ ਅਸੀਂ ਕੁਝ ਆਂਕ ਲੈਂਦੇ। ਹਿਸਾਬ ਲਾ ਲੈਂਦੇ।

ਪਰ ਉਹ ਹੋਰ ਅੱਗੇ ਹੁੰਦਾ ਹੀ ਰਹੇਗਾ। ਹੋਰ ਕੀ ਹੁੰਦਾ ਰਹੇਗਾ ਇਸ ਦਾ ਅੰਦਾਜ਼ਾ ਲਾਉਣਾ ਵੀ ਅਸੰਭਵ ਹੈ। ਪਰਮਾਤਮਾ ਦੇ ਸੰਬੰਧ ਵਿੱਚ ਅਸੀਂ ਕੋਈ ਭਵਿੱਖਬਾਣੀ ਨਹੀਂ ਕਰ ਸਕਦੇ ਕਿ ਉਹ ਕਿਹੋ ਜਿਹਾ ਹੋ ਜਾਏਗਾ? ਜਾਂ ਸੰਸਾਰ ਕੀ ਰੂਪ-ਰੰਗ ਲਵੇਗਾ। ਸਭ ਅਗਿਆਤ ਵਿੱਚ ਲੁਕਿਆ ਹੈ। ਜੋ ਉਸ ਨੇ ਕੀਤਾ, ਉਹ ਉਸ ਨੂੰ ਹੋਰ ਵੀ ਕਰੇਗਾ। ਉਸਦਾ ਹਿਸਾਬ ਕੋਈ ਵੀ ਲਾ ਨਹੀਂ ਸਕਦਾ। ਉਹ ਜਿਹੋ ਜਿਹਾ ਚਾਹੁੰਦਾ ਹੈ ਉਹੋ ਜਿਹਾ ਹੋ ਜਾਂਦਾ ਹੈ। ਉਸਦਾ ਭਾਵ ਅਤੇ ਉਹੋ ਜਿਹੀ ਘਟਨਾ ਵਾਪਰ ਜਾਂਦੀ ਹੈ। ਇਸਾਈ ਕਹਿੰਦੇ ਹਨ, ਯਹੂਦੀ ਕਹਿੰਦੇ ਹਨ ਕਿ ਪਰਮਾਤਮਾ ਨੇ ਕਿਹਾ, 'ਹੋ ਜਾ' ਅਤੇ ਜਗਤ ਹੋ ਗਿਆ। ਸਾਡੇ ਕ੍ਰਤਯ ਵਿੱਚ ਅਤੇ ਭਾਵ ਵਿੱਚ ਫ਼ਰਕ ਹੁੰਦਾ ਹੈ। ਕਿਉਂਕਿ ਸਾਡੀ ਸ਼ਕਤੀ ਸੀਮਿਤ ਹੈ। ਜੇਕਰ ਤੁਸੀਂ ਇੱਕ ਮਕਾਨ ਬਨਾਉਣਾ ਚਾਹੁੰਦੇ ਹੋ ਤਾਂ ਅੱਜ ਭਾਵ ਉੱਠਦਾ ਹੈ, ਦੋ ਸਾਲਾਂ ਪਿਛੋਂ ਮਕਾਨ ਬਣ ਸਕੇਗਾ। ਇਹ ਦੋ ਸਾਲਾਂ ਦਾ ਸਮਾਂ ਲੱਗਦਾ ਹੈ, ਕਿਉਂਕਿ ਸਾਡੀ ਸ਼ਕਤੀ ਸੀਮਿਤ ਹੈ। ਜੇਕਰ ਸ਼ਕਤੀ ਜ਼ਰਾ ਬਹੁਤੀ ਹੋਵੇ ਤਾਂ ਇੱਕ ਸਾਲ ਵਿੱਚ ਬਣ ਜਾਏਗਾ, ਸ਼ਕਤੀ ਹੋਰ ਜ਼ਰਾ ਜ਼ਿਆਦਾ ਹੋਵੇ ਤਾਂ ਇੱਕ ਦਿਨ ਵਿੱਚ ਬਣ ਜਾਏਗਾ। ਜੇਕਰ ਸ਼ਕਤੀ ਭਰਪੂਰ ਹੋਵੇ ਪਰਿਪੂਰਣ ਹੋਵੇ, ਜਿਸ ਤਰ੍ਹਾਂ ਦੀ ਪਰਮਾਤਮਾ ਦੀ ਹੈ, ਤਾਂ ਫ਼ਿਰ ਭਾਵ ਅਤੇ ਕਰਮ ਵਿੱਚ ਸਮੇਂ ਦਾ ਭੇਦ ਨਹੀਂ ਰਹੇਗਾ। ਇਸ ਲਈ ਸਮਾਂ ਸਾਡੇ ਲਈ ਹੈ, ਪਰਮਾਤਮਾ ਲਈ ਕੋਈ ਸਮਾਂ ਨਹੀਂ। ਸਮਾਂ ਮਨੁੱਖੀ ਘਟਨਾ ਹੈ। ਪਰਮਾਤਮਾ ਲਈ ਸਮਾਂ ਹੈ ਹੀ ਨਹੀਂ। ਕਿਉਂਕਿ ਸਮਾਂ ਹੈ ਹੀ ਇਸ ਲਈ, ਕਿਉਂਕਿ ਅਸੀਂ ਕਮਜ਼ੋਰ ਹਾਂ। ਸਾਡੀ ਕਮਜ਼ੋਰੀ ਨਾਲ ਸਮਾਂ ਹੈ।

ਕਦੇ ਤੁਸੀਂ ਖਿਆਲ ਨਾ ਕੀਤਾ ਹੋਵੇ, ਪਰ ਹੁਣ ਖਿਆਲ ਕਰਨਾ। ਜਿੰਨੇ ਤੁਸੀਂ ਕਮਜ਼ੋਰ ਹੋਵੋਗੇ, ਓਨਾਂ ਹੀ ਸਮਾਂ ਲੰਮਾ ਪ੍ਰਤੀਤ ਹੋਏਗਾ। ਸਮਝੋ ਕਿ ਤੁਹਾਡੀ ਪਤਨੀ ਬੁਖ਼ਾਰ ਨਾਲ ਬੀਮਾਰ ਹੈ। ਇੱਕ ਸੌ ਚਾਰ ਡਿਗਰੀ ਬੁਖ਼ਾਰ ਹੈ ਅਤੇ ਤੁਸੀਂ ਭੱਜਦੇ-ਭੱਜਦੇ ਬਾਜ਼ਾਰ ਜਾਂਦੇ ਹੋ, ਦਵਾਈ ਖਰੀਦ ਕੇ ਪੰਜਾਂ ਮਿੰਟਾਂ ਵਿੱਚ ਮੁੜ ਪਰਤ ਆਉਂਦੇ ਹੋ। ਪਰ ਪਤਨੀ ਕਹਿੰਦੀ ਹੈ, ਬਹੁਤ ਦੇਰ ਕਰ ਦਿੱਤੀ। ਬੁਖ਼ਾਰ ਵਿੱਚ ਸਮਾਂ ਲੰਮਾ ਪ੍ਰਤੀਤ ਹੁੰਦਾ ਹੈ। ਹੁਣ ਤਾਂ ਇਸ ਦੇ ਵਿਗਿਆਨਕ ਪ੍ਰਮਾਣ ਵੀ ਮਿਲ ਗਏ ਹਨ ਕਿ ਜਦ ਆਦਮੀ ਬੁਖ਼ਾਰ ਵਿੱਚ ਹੁੰਦਾ ਹੈ ਤਾਂ ਸਮਾਂ ਲੰਮਾ ਪ੍ਰਤੀਤ ਹੁੰਦਾ ਹੈ। ਬੀਮਾਰ ਆਦਮੀ ਨੂੰ ਸਮਾਂ ਜ਼ਿਆਦਾ ਪ੍ਰਤੀਤ ਹੁੰਦਾ ਹੈ। ਬੀਮਾਰ ਆਦਮੀ ਨੂੰ ਹੀ ਨਹੀਂ, ਬੀਮਾਰ ਆਦਮੀ ਕੋਲ ਤੁਸੀਂ ਘੜੀ ਭਰ ਬੈਠੋ, ਤਾਂ ਬਹੁਤ ਲੰਮਾ ਪ੍ਰਤੀਤ ਹੁੰਦਾ ਹੈ। ਜੇਕਰ ਕੋਈ ਆਦਮੀ ਮਰ ਰਿਹਾ ਹੋਵੇ ਅਤੇ ਉਸ ਦੇ ਕੋਲ ਰਾਤ ਭਰ ਬੈਠੋ ਤਾਂ ਇਸ ਤਰ੍ਹਾਂ ਲੱਗੇਗਾ ਜਿਵੇਂ ਅੰਤ ਹੀ ਨਹੀਂ ਆਉਂਦਾ। ਰਾਤ ਲੰਮੀ ਹੀ ਹੁੰਦੀ ਜਾਂਦੀ ਹੈ।

ਜਦ ਤੁਸੀਂ ਤੰਦਰੁਸਤ ਹੁੰਦੇ ਹੋ, ਸਮਾਂ ਛੋਟਾ ਹੋ ਜਾਂਦਾ ਹੈ। ਜਦ ਤੁਸੀਂ ਪ੍ਰਫੁਲਿਤ

ਹੁੰਦੇ ਹੋ, ਸਮਾਂ ਛੋਟਾ ਹੋ ਜਾਂਦਾ ਹੈ। ਜਦ ਤੁਸੀਂ ਦੁਖੀ ਹੁੰਦੇ ਹੋ ਸਮਾਂ ਲੰਮਾ ਹੁੰਦਾ ਹੈ। ਸਾਡੀ ਸ਼ਕਤੀ ਉਤੇ ਸਮਾਂ ਨਿਰਭਰ ਹੈ। ਪਰਮਾਤਮਾ ਪਰਿਪੂਰਣ ਸ਼ਕਤੀ ਹੈ। ਓਮਨੀ ਪੋਟੈਂਟ, ਸਰਵਸ਼ਕਤੀਮਾਨ। ਉਸ ਲਈ ਕੋਈ ਵੀ ਸਮਾਂ ਨਹੀਂ ਹੈ। ਉਸ ਦਾ ਭਾਵ ਹੀ ਕਰਮ ਹੋ ਜਾਂਦਾ ਹੈ।

ਤਾਂ ਨਾਨਕ ਕਹਿੰਦੇ ਹਨ : *ਜੇਵਡੁ ਭਾਵੈ ਤੇਵਡੁ ਹੋਇ॥*

ਜੋ ਭਾਵ ਕਰਦਾ ਹੈ, ਉਹੋ ਜਿਹਾ ਹੀ ਵਾਪਰ ਜਾਂਦਾ ਹੈ। ਉਸੇ ਵੇਲੇ ਵਾਪਰ ਜਾਂਦਾ ਹੈ। ਪਲ ਕੁ ਦੀ ਵੀ ਦੇਰ ਨਹੀਂ ਹੁੰਦੀ—ਯੁਗਪਤ। ਇਧਰ ਭਾਵ, ਉਧਰ ਘਟਨਾ ਵਾਪਰ ਜਾਂਦੀ ਹੈ। ਭਾਵ ਹੀ ਕ੍ਰਤਯ ਹੈ। ਨਾਨਕ ਕਹਿੰਦੇ ਹਨ, ਇਸ ਨੂੰ ਜਿਹੜਾ ਜਾਣ ਲਵੇ, ਉਹ ਸਤਯ ਹੈ। ਇਸ ਵਚਨ ਦੇ ਦੋ ਅਰਥ ਹੋ ਸਕਦੇ ਹਨ।

*ਜੇਵਡੁ ਭਾਵੈ ਤੇਵਡੁ ਹੋਇ॥ ਨਾਨਕ ਜਾਣੈ ਸਾਚਾ ਸੋਇ॥*

ਇਸ ਵਚਨ ਦੇ ਦੋ ਅਰਥ ਹੋ ਸਕਦੇ ਹਨ ਕਿ ਇਸ ਗੱਲ ਨੂੰ ਜੋ ਜਾਣ ਲਵੇ। ਉਹ ਖੁਦ ਸਤਯ ਹੋ ਗਿਆ। ਉਹ ਹੀ ਸਤਯ ਹੈ। ਜਿਹੜਾ ਇਸ ਗੱਲ ਨੂੰ ਜਾਣ ਲਵੇ। ਪਰਮਾਤਮਾ ਦੀ ਇਸ ਸਰਵਸ਼ਕਤੀਮਤਾ ਨੂੰ ਜੋ ਜਾਣ ਲਵੇ। ਉਹ ਹੀ ਸਤਯ ਹੈ ਅਤੇ ਦੂਜਾ ਅਰਥ ਹੋ ਸਕਦਾ ਹੈ ਕਿ ਨਾਨਕ ਕਹਿੰਦੇ ਹਨ, ਉਹ ਸਤਯ ਪੁਰਖ ਹੀ ਆਪਣੇ ਨੂੰ ਜਾਣਦਾ ਹੈ। ਅਸੀਂ ਉਸ ਨੂੰ ਨਹੀਂ ਜਾਣ ਸਕਾਂਗੇ। ਕਿਉਂਕਿ ਨਾ ਉਸਦੇ ਭਵਿੱਖ ਦਾ ਕੋਈ ਸਾਨੂੰ ਬੋਧ ਹੈ ਅਤੇ ਨਾ ਅਤੀਤ ਦਾ ਅਤੇ ਉਹ ਕਦੇ ਵੀ ਪੂਰਾ ਨਹੀਂ ਹੋਏਗਾ। ਪੂਰਾ ਹੁੰਦਾ ਰਹੇਗਾ, ਪੂਰਣਤਾ ਨਾਲ ਹੋਰ ਪੂਰਣਤਾ.....ਹੋਰ ਪੂਰਣਤਾ.....। ਉਹ ਅਪੂਰਣ ਨਹੀਂ ਹੈ, ਜਿਹੜਾ ਅਪੂਰਣ ਤੋਂ ਪੂਰਣ ਹੋ ਰਿਹਾ ਹੋਵੇ। ਉਹ ਪੂਰਣ ਤੋਂ ਪੂਰਣਤਰ ਹੋ ਰਿਹਾ ਹੈ।

ਤਾਂ ਇੱਕ ਅਰਥ ਹੋ ਸਕਦਾ ਹੈ ਕਿ ਉਹ ਹੀ ਕੇਵਲ ਜਾਣਦਾ ਹੈ। ਸਾਡੇ ਸਾਰੇ ਅਨੁਮਾਨ, ਅੰਦਾਜ਼ੇ ਹਨ, ਦੂਜਾ ਅਰਥ ਹੋ ਸਕਦਾ ਹੈ ਕਿ ਜਿਹੜਾ ਪਰਮਾਤਮਾ ਦੀ ਇਸ ਸਰਵਸ਼ਕਤੀਮਤਾ ਨੂੰ ਅਨੁਭਵ ਕਰ ਲੈਂਦਾ ਹੈ, ਉਹ ਹੀ ਸੱਚ ਹੈ, ਉਹ ਪ੍ਰਾਣੀ ਵੀ ਸਤਯ ਹੋ ਗਿਆ। ਪਰ ਜੇਕਰ ਕੋਈ ਉਸਦਾ ਵਰਨਣ ਕਰਨ ਦਾ ਘੁਮੰਡ ਕਰੇ ਤਾਂ ਉਸਦੀ ਗਿਣਤੀ ਗੰਵਾਰਾਂ ਵਿੱਚ ਵੀ ਗੰਵਾਰ ਦੀ ਹੋਣੀ ਚਾਹੀਦੀ ਹੈ।

*ਜੇ ਕੋ ਆਖੈ ਬੋਲੁ ਵਿਗਾੜੁ॥ ਤ ਲਿਖੀਐ ਸਿਰਿ ਗਾਵਾਰਾ ਗਾਵਾਰੁ॥*

ਜੇਕਰ ਗੰਵਾਰਾਂ ਦੀ ਕੋਈ ਸੂਚੀ ਬਨਾਉਣੀ ਹੋਵੇ ਤਾਂ ਸਭ ਤੋਂ ਉਪਰ, ਸਿਰ ਉਤੇ ਉਸ ਦਾ ਨਾਉਂ ਲਿਖਣਾ ਚਾਹੀਦਾ ਹੈ ਜਿਹੜਾ ਇਹ ਘੁਮੰਡ ਕਰੇ ਕਿ ਉਸ ਦਾ ਵਰਨਣ ਕੀਤਾ ਜਾ ਸਕਦਾ ਹੈ। ਵਰਨਣ ਨਾਨਕ ਕਰਦੇ ਹਨ। ਕਿਉਂਕਿ ਵਰਨਣ ਬਹੁਤ ਰਸ

ਪੂਰਣ ਹੈ। ਵਰਨਣ ਡੋਬ ਦਿੰਦਾ ਹੈ। ਵਰਨਣ ਧਿਆਨ ਹੈ। ਉਸ ਦੇ ਭਾਵ ਦੀ ਗੱਲ ਕਰਦੇ, ਕਰਦੇ, ਕਰਦੇ, ਕਰਦੇ ਹਿਰਦਾ ਖਿੜ ਜਾਂਦਾ ਹੈ। ਅੰਦਰ ਉਮੰਗ ਪੈਦਾ ਹੋ ਜਾਂਦੀ ਹੈ। ਰਸ ਵਗਣ ਲੱਗਦਾ ਹੈ। ਪਰ ਜੇਕਰ ਕੋਈ ਸੋਚਦਾ ਹੋਵੇ ਕਿ ਉਸਦਾ ਵਰਨਣ ਹੋ ਸਕਦਾ ਹੈ, ਤਾਂ ਉਹ ਗੰਵਾਰਾਂ ਵਿਚੋਂ ਗੰਵਾਰ ਹੈ। ਗਿਆਨੀ ਉਹ ਹੀ ਹੈ ਜਿਹੜਾ ਜਾਣਦਾ ਹੈ। ਉਸ ਦਾ ਵਰਨਣ ਨਹੀਂ ਹੋ ਸਕਦਾ। ਵਰਨਣ ਕਰਦਾ ਹੈ, ਕਿਉਂਕਿ ਉਸ ਦਾ ਨਾਉਂ ਲੈਣ ਵਿੱਚ ਬਹੁਤ ਆਨੰਦ ਹੈ। ਉਸ ਦੀ ਚਰਚਾ ਕਰਦਾ ਹੈ, ਚਰਚਾ ਬਹੁਤ ਪ੍ਰੀਤੀਕਰ ਹੈ। ਉਸੇ ਉਸੇ ਦੀ ਗੱਲ ਕਰਦਾ ਹੈ। ਕੁਝ ਦੂਜੀ ਗੱਲ ਹੀ ਨਹੀਂ ਕਰਦਾ, ਕਿਉਂਕਿ ਉਸ ਦੀ ਗੱਲ ਕਰਦੇ-ਕਰਦੇ ਉਸ ਦਾ ਦਰਵਾਜ਼ਾ ਖੁੱਲ੍ਹਦਾ ਹੈ। ਉਸਦੀ ਚਰਚਾ ਉਸ ਦੇ ਦਰ 'ਤੇ ਦਸਤਕ ਦੇਣ ਵਰਗੀ ਹੈ। ਤੁਸੀਂ ਕਦੇ ਖਿਆਲ ਕੀਤਾ ਹੈ, ਜਦ ਪਹਿਲਾ ਬੱਚਾ ਪੈਦਾ ਹੁੰਦਾ ਹੈ, ਤਦ ਮਾਂ ਉਸੇ ਦੀਆਂ ਗੱਲਾਂ ਕਰਦੀ ਹੈ। ਗੁਆਂਢੀਆਂ ਨਾਲ ਕਰਦੀ ਹੈ, ਘਰ ਪ੍ਰਾਹੁਣੇ ਆਉਂਦੇ ਹਨ, ਉਨ੍ਹਾਂ ਨਾਲ ਕਰਦੀ ਹੈ। ਉਹ ਹੀ ਗੱਲਾਂ ਬਾਰ-ਬਾਰ ਕਰਦੀ ਹੈ।

ਪ੍ਰੇਮੀ ਜਦ ਕਿਸੇ ਦੇ ਪ੍ਰੇਮ ਵਿੱਚ ਪੈ ਜਾਂਦਾ ਹੈ, ਤਾਂ ਆਪਣੀ ਪ੍ਰੇਮਿਕਾ ਨੂੰ ਬਾਰ-ਬਾਰ ਕਹਿੰਦਾ ਹੈ, ਕਿ ਮੈਂ ਤੈਨੂੰ ਪ੍ਰੇਮ ਕਰਦਾ ਹਾਂ। ਬਾਰ-ਬਾਰ ਕਹਿੰਦਾ ਹੈ ਤੇਰੇ ਨਾਲੋਂ ਬਹੁਤੀ ਸੋਹਣੀ ਹੋਰ ਕੋਈ ਵੀ ਨਹੀਂ। ਬਾਰ-ਬਾਰ ਕਹਿੰਦਾ ਹੈ, ਤੂੰ ਅਨੋਖੀ ਹੈਂ, ਬੇਜੋੜ ਹੈਂ। ਬਾਰ-ਬਾਰ ਕਹਿੰਦਾ ਹੈ, ਤੇਰੇ ਵਰਗਾ ਕਦੇ ਕੋਈ ਹੋਇਆ ਹੀ ਨਹੀਂ। ਬਾਰ-ਬਾਰ ਕਹਿੰਦਾ ਹੈ ਕਿ ਮੈਂ ਧੰਨਭਾਗੀ ਹਾਂ ਅਤੇ ਨਾ ਤਾਂ ਪ੍ਰੇਮਿਕਾ ਸਮਝਦੀ ਹੈ ਕਿ ਪੁਨਰੁਕਤੀ ਕਿ ਕੀ ਬਾਰ-ਬਾਰ ਦੁਹਰਾ ਰਹੇ ਹੋ? ਅਤੇ ਨਾ ਪ੍ਰੇਮੀ ਨੂੰ ਇਹ ਖਿਆਲ ਆਉਂਦਾ ਹੈ ਕਿ ਇਹ ਮੈਂ ਮੁੜ ਘਿੜ ਉਹ ਹੀ ਗੱਲਾਂ ਕਿਉਂ ਕਰ ਰਿਹਾ ਹਾਂ? ਬਾਰ-ਬਾਰ ਦੁਹਰਾਉਣ ਨਾਲ ਪ੍ਰੇਮ ਵਧਦਾ ਹੈ, ਕਿਉਂਕਿ ਪ੍ਰੇਮ ਦੀ ਗੱਲ ਬਾਰ-ਬਾਰ ਕਹਿਣ ਨਾਲ ਡੂੰਘੀ ਹੁੰਦੀ ਹੈ। ਬਾਰ-ਬਾਰ ਦੁਹਰਾਉਣ ਨਾਲ ਜਿਵੇਂ ਭੋਰਾ ਫੁੱਲ ਦੇ ਕੋਲ ਘੁੰਮਦਾ ਹੈ ਇਹੋ ਜਿਹੀ ਗੁਣਗੁਣਾਹਟ ਪ੍ਰੇਮਿਕਾ ਦੇ ਕੋਲ ਗੂੰਜਣ ਲੱਗ ਪੈਂਦੀ ਹੈ।

ਜੋ ਸਾਧਾਰਣ ਪ੍ਰੇਮ ਵਿੱਚ ਹੁੰਦਾ ਹੈ, ਉਹੀ ਪਰਮਾਤਮਾ ਦੇ ਪ੍ਰੇਮ ਵਿੱਚ ਹੁੰਦਾ ਹੈ। ਵਿਰਾਟ ਪੈਮਾਨੇ ਉਤੇ ਹੁੰਦਾ ਹੈ। ਪੈਮਾਨਾ ਬਦਲ ਜਾਂਦਾ ਹੈ, ਗੱਲ ਉਹੀ ਹੈ। ਤਾਂ ਨਾਨਕ ਕਹੀ ਜਾਂਦੇ ਹਨ। ਜੇਕਰ ਤੁਸੀਂ ਪ੍ਰੇਮੀ ਨਹੀਂ ਹੋ, ਤਾਂ ਤੁਸੀਂ ਹੈਰਾਨ ਹੋਵੋਗੇ ਕਿ ਕੀ ਇਹ ਉਹ ਹੀ ਗੱਲ ਲੰਮੀ ਕੀਤੀ ਜਾ ਰਹੀ ਹੈ। ਇਹ ਜਪੁਜੀ ਤਿੰਨ ਸ਼ਬਦਾਂ ਵਿੱਚ ਪੂਰਾ ਹੋ ਜਾਂਦਾ ਹੈ '੧ਓ' ਜਾਂ ੧ਓ ਸਤਿਨਾਮੁ'। ਕੀ ਬਾਰ-ਬਾਰ ਕਹੀ ਜਾਂਦੇ ਹੋ? ਪਰ ਬਹੁਤ ਰਸ ਲੈ ਰਹੇ ਹਨ ਅਤੇ ਜੇਕਰ ਤੁਹਾਡੇ ਅੰਦਰ ਵੀ ਭਾਵ ਦਾ ਜਨਮ ਹੋਏਗਾ, ਤਾਂ ਤੁਸੀਂ ਦੇਖੋਗੇ, ਇਹ ਰਟ ਬਹੁਤ ਮਿੱਠੀ ਹੈ।

ਇੱਕ ਮਾਂ ਨੇ ਸੁਣਿਆ ਕਿ ਉਸਦਾ ਪੁੱਤਰ ਰਾਤ ਸੋਣ ਜਾ ਰਿਹਾ ਹੈ ਅਤੇ ਉਸ ਨੂੰ ਕਿਹਾ ਗਿਆ ਹੈ ਕਿ ਰੋਜ਼ ਪ੍ਰਾਰਥਨਾ ਕਰਕੇ ਸੌਂਣਾ। ਸੋ ਉਸ ਨੇ ਕੰਨ ਲਾ ਕੇ ਸੁਣਿਆ ਕਿ ਉਹ ਪ੍ਰਾਰਥਨਾ ਕਰ ਰਿਹਾ ਹੈ ਕਿ ਨਹੀਂ? ਉਸ ਨੇ ਇੱਕ ਸ਼ਬਦ ਕਿਹਾ ਅਤੇ ਕੰਬਲ ਤਾਣ ਕੇ ਅੰਦਰ ਹੋ ਗਿਆ। ਮਾਂ ਅੰਦਰ ਗਈ। ਉਸ ਨੇ ਕਿਹਾ ਕਿ ਏਨੀ ਛੇਤੀ ਪ੍ਰਾਰਥਨਾ ਪੂਰੀ ਹੋ ਗਈ? ਉਸ ਨੇ ਕਿਹਾ, ਰੋਜ਼ ਰੋਜ਼ ਉਹੀ, ਉਹੀ ਕੀ ਕਹਿਣਾ? ਮੈਂ ਰੋਜ਼ ਕਹਿ ਦਿੰਦਾ ਹਾਂ, 'ਡਿੱਟੋ'। ਜੋ ਕੱਲ੍ਹ ਕਿਹਾ ਸੀ, ਉਹ ਹੀ। ਅਤੇ ਕੀ ਪਰਮਾਤਮਾ ਏਨਾ ਸਮਝਦਾਰ ਨਹੀਂ ਹੈ ਕਿ ਸਮਝ ਨਾ ਸਕੇ?

ਬੁੱਧੀ ਤਾਂ ਇਹ ਹੀ ਕਹਿਣਾ ਚਾਹੇਗੀ, ਕਹਿ ਦਿਓ 'ਡਿੱਟੋ' ਕੀ ਬਾਰ-ਬਾਰ ਦੁਹਰਾਉਣਾ! ਪਰ ਭਾਵ ਦੁਹਰਾਉਣਾ ਚਾਹੇਗਾ। ਹਿਰਦਾ 'ਡਿੱਟੋ' ਨੂੰ ਜਾਣਦਾ ਹੀ ਨਹੀਂ। ਹਿਰਦਾ ਦੁਹਰਾਉਂਦਾ ਹੈ। ਦੁਹਰਾ ਦੁਹਰਾ ਕੇ ਰਸਲੀਨ ਹੁੰਦਾ ਹੈ। ਜਿੰਨਾ ਦੁਹਰਾਉਂਦਾ ਹੈ ਓਨਾਂ ਹੀ ਡੁੱਬਦਾ ਹੈ। ਇਹ ਭੋਰੇ ਦੀ ਗੁਣ-ਗੁਣ ਹੈ ਅਤੇ ਇਹ ਗੁਣ-ਗੁਣ ਬਹੁਤ ਕੀਮਤੀ ਹੈ। ਪਰ ਭਾਵ ਹੋਵੇ, ਤਾਂ ਹੀ ਸਮਝ ਵਿੱਚ ਆ ਸਕਦੀ ਹੈ। ਪਰ ਧਿਆਨ ਰੱਖਣਾ, ਇਸ ਲਈ ਨਾਨਕ ਅੰਤ ਵਿੱਚ ਫੇਰ ਦੁਹਰਾਉਂਦੇ ਹਨ ਕਿ ਇਸ ਘੁਮੰਡ ਵਿੱਚ ਨਾ ਪੈ ਜਾਂਣਾ ਕਿ ਉਸ ਦਾ ਵਰਨਣ ਹੋ ਸਕਦਾ ਹੈ। ਉਹੋ ਜਿਹਾ ਘੁਮੰਡ ਹੋ ਜਾਏ, ਤਾਂ ਗੰਵਾਰਾਂ ਵਿੱਚ ਗੰਵਾਰ। ਵਰਨਣ ਕਰ ਕਰਕੇ ਤੁਹਾਡਾ ਹੰਕਾਰ ਗੁਆਚ ਜਾਏ, ਤਾਂ ਤੁਸੀਂ ਬੁੱਧੀਮਾਨਾਂ ਵਿੱਚ ਬੁੱਧੀਮਾਨ ਅਤੇ ਵਰਨਣ ਕਰਦੇ-ਕਰਦੇ ਇਹ ਹੰਕਾਰ ਆ ਜਾਏ ਕਿ ਮੈਂ ਵਰਨਣ ਕਰਨ ਵਾਲਾ ਹਾਂ, ਮੈਂ ਵਰਨਣ ਕਰ ਲਿਆ, ਜਿਹੜਾ ਕੋਈ ਹੋਰ ਨਾ ਕਹਿ ਸਕੇ, ਉਹ ਮੈਂ ਕਹਿ ਦਿੱਤਾ, ਜਿਹੜਾ ਕੋਈ ਨਾ ਦੱਸ ਸਕਿਆ, ਉਹ ਮੈਂ ਦੱਸ ਦਿੱਤਾ, ਤਾਂ ਫ਼ਿਰ ਗੰਵਾਰਾਂ ਵਿੱਚ ਗੰਵਾਰ।

*ਅੱਜ ਏਨਾ ਹੀ।*

# ਸੋਈ ਸੋਈ ਸਦਾ ਸਚੁ ਸਾਹਿਬੁ

ਸੋ ਦਰੁ ਕੇਹਾ ਸੋ ਘਰੁ ਕੇਹਾ ਜਿਤੁ ਬਹਿ ਸਰਬ ਸਮਾਲੇ॥
ਵਾਜੇ ਨਾਦ ਅਨੇਕ ਅਸੰਖਾ ਕੇਤੇ ਵਾਵਣਹਾਰੇ॥
ਕੇਤੇ ਰਾਗ ਪਰੀ ਸਿਉ ਕਹੀਅਨਿ ਕੇਤੇ ਗਾਵਣਹਾਰੇ॥
ਗਾਵਹਿ ਤੁਹਨੋ ਪਉਣੁ ਪਾਣੀ ਬੈਸੰਤਰੁ ਗਾਵੈ ਰਾਜਾ ਧਰਮੁ ਦੁਆਰੇ॥
ਗਾਵਹਿ ਚਿਤੁ ਗੁਪਤੁ ਲਿਖਿ ਜਾਣਹਿ ਲਿਖਿ ਲਿਖਿ ਧਰਮੁ ਵੀਚਾਰੇ॥
ਗਾਵਹਿ ਈਸਰੁ ਬਰਮਾ ਦੇਵੀ ਸੋਹਨਿ ਸਦਾ ਸਵਾਰੇ॥
ਗਾਵਹਿ ਇੰਦ ਇਦਾਸਣਿ ਬੈਠੇ ਦੇਵਤਿਆ ਦਰਿ ਨਾਲੇ॥
ਗਾਵਹਿ ਸਿਧ ਸਮਾਧੀ ਅੰਦਰਿ ਗਾਵਨਿ ਸਾਧ ਵਿਚਾਰੇ॥
ਗਾਵਨਿ ਜਤੀ ਸਤੀ ਸੰਤੋਖੀ ਗਾਵਹਿ ਵੀਰ ਕਰਾਰੇ॥
ਗਾਵਨਿ ਪੰਡਿਤ ਪੜਨਿ ਰਖੀਸਰ ਜੁਗੁ ਜੁਗੁ ਵੇਦਾ ਨਾਲੇ॥
ਗਾਵਹਿ ਮੋਹਣੀਆ ਮਨੁ ਮੋਹਨਿ ਸੁਰਗਾ ਮਛ ਪਇਆਲੇ॥
ਗਾਵਨਿ ਰਤਨ ਉਪਾਏ ਤੇਰੇ ਅਠਸਠਿ ਤੀਰਥ ਨਾਲੇ॥
ਗਾਵਹਿ ਜੋਧ ਮਹਾਬਲ ਸੂਰਾ ਗਾਵਹਿ ਖਾਣੀ ਚਾਰੇ॥
ਗਾਵਹਿ ਖੰਡ ਮੰਡਲ ਵਰਭੰਡਾ ਕਰਿ ਕਰਿ ਰਖੇ ਧਾਰੇ॥
ਸੇਈ ਤੁਧੁਨੋ ਗਾਵਹਿ ਜੋ ਤੁਧੁ ਭਾਵਨਿ ਰਤੇ ਤੇਰੇ ਭਗਤ ਰਸਾਲੇ॥
ਹੋਰਿ ਕੇਤੇ ਗਾਵਨਿ ਸੇ ਮੈ ਚਿਤਿ ਨ ਆਵਨਿ ਨਾਨਕੁ ਕਿਆ ਵੀਚਾਰੇ॥
ਸੋਈ ਸੋਈ ਸਦਾ ਸਚੁ ਸਾਹਿਬੁ ਸਾਚਾ ਸਾਚੀ ਨਾਈ॥
ਹੈ ਭੀ ਹੋਸੀ ਜਾਇ ਨ ਜਾਸੀ ਰਚਨਾ ਜਿਨਿ ਰਚਾਈ॥
ਰੰਗੀ ਰੰਗੀ ਭਾਤੀ ਕਰਿ ਕਰਿ ਜਿਨਸੀ ਮਾਇਆ ਜਿਨਿ ਉਪਾਈ॥
ਕਰਿ ਕਰਿ ਵੇਖੈ ਕੀਤਾ ਆਪਣਾ ਜਿਵ ਤਿਸ ਦੀ ਵਡਿਆਈ॥
ਜੋ ਤਿਸੁ ਭਾਵੈ ਸੋਈ ਕਰਸੀ ਹੁਕਮੁ ਨ ਕਰਣਾ ਜਾਈ॥
ਸੋ ਪਾਤਿਸਾਹੁ ਸਾਹਾ ਪਾਤਿਸਾਹਿਬੁ ਨਾਨਕ ਰਹਣੁ ਰਜਾਈ॥ ੨੭॥

ਇੱਕ ਸੂਫੀ ਕਹਾਣੀ ਹੈ। ਇੱਕ ਸਮਰਾਟ ਆਪਣੇ ਵਜ਼ੀਰ ਉਤੇ ਨਾਰਾਜ਼ ਹੋ ਗਿਆ ਅਤੇ ਉਸ ਨੇ ਵਜ਼ੀਰ ਨੂੰ ਆਕਾਸ਼ ਨੂੰ ਛੋਹੰਦੀ ਇੱਕ ਮੀਨਾਰ ਵਿੱਚ ਕੈਦ ਕਰ ਦਿੱਤਾ। ਉਥੋਂ ਕੁੱਦ ਕੇ ਨੱਠ ਜਾਣ ਦਾ ਕੋਈ ਉਪਾਅ ਨਹੀਂ ਸੀ। ਕੁੱਦ ਕੇ ਨੱਠਦਾ ਤਾਂ ਪ੍ਰਾਣ ਹੀ ਨਿਕਲ ਜਾਂਦੇ। ਪਰ ਵਜ਼ੀਰ ਜਦੋਂ ਕੈਦ ਕੀਤਾ ਜਾ ਰਿਹਾ ਸੀ, ਤਾਂ ਉਸ ਨੇ ਆਪਣੀ ਪਤਨੀ ਦੇ ਕੰਨ ਵਿੱਚ ਕੁਝ ਕਿਹਾ।

ਪਹਿਲੀ ਹੀ ਰਾਤੀਂ ਪਤਨੀ ਮੀਨਾਰ ਦੇ ਨੇੜੇ ਗਈ। ਉਸ ਨੇ ਇੱਕ ਸਾਧਾਰਣ ਜਿਹਾ ਕੀੜਾ ਕੰਧ ਉਪਰ ਛੱਡਿਆ ਅਤੇ ਉਸ ਕੀੜੇ ਦੀਆਂ ਮੁੱਛਾਂ ਉਤੇ ਸ਼ਹਿਦ ਲੱਗਾ ਦਿੱਤਾ। ਕੀੜੇ ਨੂੰ ਸ਼ਹਿਦ ਦੀ ਖੁਸ਼ਬੂ ਆਈ। ਸ਼ਹਿਦ ਨੂੰ ਖਾਣ ਦੀ ਖਾਤਰ ਕੀੜਾ ਮੀਨਾਰ ਦੇ ਉਪਰਲੇ ਪਾਸੇ ਵੱਲ ਖਿਸਕਣ ਲੱਗਾ। ਮੁੱਛਾਂ 'ਤੇ ਸ਼ਹਿਦ ਲੱਗਿਆ ਹੋਇਆ ਸੀ। ਸੋ ਮਹਿਕ ਤਾਂ ਆਉਂਦੀ ਹੀ ਰਹੀ ਅਤੇ ਕੀੜਾ ਸ਼ਹਿਦ ਦੀ ਭਾਲ ਵਿੱਚ ਸਰਕਦਾ ਗਿਆ। ਉਸ ਕੀੜੇ ਦੀ ਪੂਛ ਨਾਲ ਪਤਨੀ ਨੇ ਇੱਕ ਬਾਰੀਕ ਰੇਸ਼ਮ ਦਾ ਧਾਗਾ ਬੰਨ੍ਹਿਆਂ ਹੋਇਆ ਸੀ। ਸਰਕਦਾ-ਸਰਕਦਾ ਕੀੜਾ ਉਸ ਤਿੰਨ ਸੌ ਫੁੱਟ ਉੱਚੀ ਮੀਨਾਰ ਦੇ ਆਖ਼ਰੀ ਸਿਰੇ 'ਤੇ ਪੁੱਜ ਗਿਆ। ਵਜ਼ੀਰ ਅੱਗੇ ਹੀ ਉਥੇ ਇੰਤਜ਼ਾਰ ਕਰ ਰਿਹਾ ਸੀ। ਉਸ ਨੇ ਕੀੜੇ ਨੂੰ ਚੁੱਕ ਲਿਆ, ਪਿੱਛੇ ਬੰਨ੍ਹਿਆਂ ਹੋਇਆ ਰੇਸ਼ਮ ਦਾ ਧਾਗਾ ਪੁੱਜ ਗਿਆ। ਰੇਸ਼ਮ ਦੇ ਧਾਗੇ ਵਿੱਚ ਇੱਕ ਪਤਲੀ ਜਿਹੀ ਸੂਤਲੀ ਬੱਝੀ ਹੋਈ ਸੀ, ਉਸ ਸੂਤਲੀ ਵਿੱਚ ਇੱਕ ਮੋਟਾ ਰੱਸਾ ਬੰਨ੍ਹਿਆ ਹੋਇਆ ਸੀ ਅਤੇ ਵਜ਼ੀਰ ਰੱਸੇ ਦੇ ਸਹਾਰੇ ਉਤਰ ਕੇ ਕੈਦ ਤੋਂ ਮੁਕਤ ਹੋ ਗਿਆ।

ਕਹਾਣੀ ਕਹਿੰਦੀ ਹੈ ਕਿ ਵਜ਼ੀਰ ਨਾ ਕਿ ਇਸ ਕੈਦ ਤੋਂ ਮੁਕਤ ਹੋਇਆ, ਸਗੋਂ ਉਸ ਨੂੰ ਉਸ ਮੁਕਤ ਹੋਣ ਦੇ ਢੰਗ ਵਿਚੋਂ ਜੀਵਨ ਦੀ ਆਖਰੀ ਕੈਦ ਵਿਚੋਂ ਮੁਕਤ ਹੋਣ ਦਾ ਵੀ ਸੂਤਰ ਮਿਲ ਗਿਆ।

ਪਤਲਾ ਜਿਹਾ ਧਾਗਾ ਵੀ ਪਕੜ ਵਿੱਚ ਆ ਜਾਏ ਤਾਂ ਛੁਟਕਾਰੇ ਵਿੱਚ ਕੋਈ ਰੁਕਾਵਟ ਨਹੀਂ ਹੈ। ਪਤਲੇ ਤੋਂ ਪਤਲਾ ਧਾਗਾ ਵੀ ਮੁਕਤੀ ਦਾ ਰਾਹ ਬਣ ਸਕਦਾ ਹੈ। ਪਰ ਧਾਗਾ ਪਕੜ ਵਿੱਚ ਆ ਜਾਏ। ਇੱਕ ਨਿੱਕੀ ਜਿਹੀ ਕਿਰਨ ਪਛਾਣ ਵਿੱਚ ਆ ਜਾਏ, ਤਾਂ ਉਸੇ ਕਿਰਨ ਦੇ ਸਹਾਰੇ ਅਸੀਂ ਸੂਰਜ ਤੱਕ ਪੁੱਜ ਸਕਦੇ ਹਾਂ।

ਸਾਰੇ ਧਰਮ, ਸਾਰੇ ਗੁਰੂ ਕਿਸੇ ਪਤਲੇ ਜਿਹੇ ਧਾਗੇ ਨੂੰ ਫੜ ਕੇ ਹੀ ਪਰਮਾਤਮਾ ਤੱਕ ਪੁੱਜੇ ਹਨ। ਉਹ ਧਾਗੇ ਅਨੇਕ ਹੋ ਸਕਦੇ ਹਨ। ਅਨੇਕ ਤਰ੍ਹਾਂ ਦੇ ਕੀੜਿਆਂ ਉਤੇ ਧਾਗਾ ਬੰਨ੍ਹਿਆ ਜਾ ਸਕਦਾ ਹੈ ਅਤੇ ਜ਼ਰੂਰੀ ਨਹੀਂ ਕੀੜੇ ਦੀ ਮੁੱਛ ਉਤੇ ਸ਼ਹਿਦ ਹੀ ਲਾਇਆ ਜਾਏ। ਕੁਝ ਹੋਰ ਵੀ ਲਾਇਆ ਜਾ ਸਕਦਾ ਹੈ। ਉਹ ਮਾਮੂਲੀ ਗੱਲਾਂ ਹਨ। ਅਸਲੀ ਗੱਲ ਇਹ ਹੈ ਕਿ ਧਾਗਾ ਕੈਦੀ ਤੱਕ ਪੁੱਜ ਜਾਏ। ਧਾਗਾ ਹੀ ਫ਼ਿਰ ਮੁਕਤੀ ਦਾ ਸੇਤੂ ਬਣ ਜਾਂਦਾ ਹੈ।

ਨਾਨਕ ਨੇ ਜੋ ਧਾਗਾ ਫੜਿਆ ਹੈ, ਉਹ ਧਾਗਾ ਬਹੁਤ ਸਾਫ਼ ਅਤੇ ਸਪੱਸ਼ਟ ਹੈ, ਪਰ ਚੂੰਕਿ ਅਸੀਂ ਬੋਲੇ ਅਤੇ ਅੰਨ੍ਹੇ ਹਾਂ, ਇਸ ਲਈ ਸਾਨੂੰ ਸੁਣਾਈ ਨਹੀਂ ਦਿੰਦਾ।

ਜੀਵਨ ਨੂੰ ਤੁਸੀਂ ਗ਼ੌਰ ਨਾਲ ਵੇਖੋਗੇ ਤਾਂ ਕੁਦਰਤ ਵਿੱਚ ਜਿਹੜੀ ਸਭ ਤੋਂ ਜ਼ਿਆਦਾ ਪ੍ਰਗਟ ਗੱਲ ਵਿਖਾਈ ਦਿੰਦੀ ਹੈ ਉਹ ਹੈ, 'ਗੀਤ'। ਪੰਛੀ ਅਜੇ ਵੀ ਗਾ ਰਹੇ ਹਨ। ਸਵੇਰ ਹੁੰਦੇ ਹੀ ਪੰਛੀਆਂ ਦੇ ਗੀਤ ਸ਼ੁਰੂ ਹੋ ਜਾਂਦੇ ਹਨ। ਹਵਾਵਾਂ ਦੇ ਬੁੱਲੇ ਦਰੱਖਤਾਂ ਨਾਲ ਟਕਰਾਉਂਦੇ ਹਨ ਅਤੇ ਗਾਉਂਦੇ ਹਨ। ਪਹਾੜਾਂ ਤੋਂ ਝਰਨੇ ਡਿੱਗਦੇ ਹਨ ਤੇ ਨਾਦ ਪੈਦਾ ਹੁੰਦਾ ਹੈ। ਆਕਾਸ਼ ਵਿੱਚ ਬੱਦਲ ਆਉਂਦੇ ਹਨ ਅਤੇ 'ਤੁਮੁਲਘੋਸ਼' ਹੁੰਦਾ ਹੈ। ਜੀਵਨ ਨੂੰ ਤੁਸੀਂ ਚੋਹਾਂ ਪਾਸਿਆਂ ਤੋਂ ਗ਼ੌਰ ਨਾਲ ਵੇਖੋ ਅਤੇ ਸੁਣੋ, ਤਾਂ ਤੁਹਾਨੂੰ ਪੂਰੀ ਕੁਦਰਤ ਗਾਉਂਦੀ ਪ੍ਰਤੀਤ ਹੋਏਗੀ।

ਗੀਤ ਤੋਂ ਜ਼ਿਆਦਾ ਸਪਸ਼ਟ ਅਸਤਿਤਵ ਵਿੱਚ ਹੋਰ ਕੋਈ ਗੱਲ ਨਹੀਂ ਹੈ। ਸਿਰਫ ਜਿਸ ਵੇਲੇ ਜੀਵਨ ਸ਼ਾਂਤ ਹੋ ਜਾਂਦਾ ਹੈ, ਮਰ ਜਾਂਦਾ ਹੈ, ਤਦ ਹੀ ਗੀਤ ਬੰਦ ਹੁੰਦਾ ਹੈ। ਜਦ ਕੋਈ ਮਰ ਜਾਂਦਾ ਹੈ, ਤਦ ਹੀ ਧੁਨੀ ਗੁੰਮ ਹੋ ਜਾਂਦੀ ਹੈ। ਨਹੀਂ ਤਾਂ ਜੀਵਨ ਵਿੱਚ ਧੁਨੀ ਹੈ। ਪਰ ਆਦਮੀ ਬੋਲਾ ਹੈ। ਇਸ ਲਈ ਸਾਫ਼ ਧਾਗਾ ਹੱਥ ਵਿੱਚ ਹੁੰਦੇ ਹੋਏ ਵੀ ਪਕੜ ਵਿੱਚ ਨਹੀਂ ਆਉਂਦਾ।

ਜੇਕਰ ਜੀਵਨ ਏਨਾ ਗੀਤ ਨਾਲ ਭਰਿਆ ਹੈ ਤਾਂ ਇਸ ਗੀਤ ਦੇ ਪਿੱਛੇ ਪਰਮਾਤਮਾ ਦਾ ਹੱਥ ਹੋਏਗਾ ਅਤੇ ਇਸ ਗੀਤ ਵਿੱਚ ਲੁੱਕਿਆ ਹੋਇਆ ਕਿਤੇ ਨਾ ਕਿਤੇ ਪਰਮਾਤਮਾ ਹੈ। ਜੇਕਰ ਅਸੀਂ ਵੀ ਗਾ ਸਕੀਏ, ਜੇਕਰ ਅਸੀਂ ਵੀ ਇਸ ਗੀਤ ਵਿੱਚ ਲੀਨ ਹੋ ਸਕੀਏ, ਤਾਂ ਧਾਗਾ ਹੱਥ ਵਿੱਚ ਆ ਜਾਏਗਾ। ਗੀਤ ਵਿੱਚ ਲੀਨ ਹੋਣਾ ਧਾਗਾ ਹੈ। ਫ਼ਿਰ ਇਸ ਸੰਸਾਰ ਦੀ ਕੈਦ ਤੋਂ ਪਰਮਾਤਮਾ ਦੇ ਮੋਕਸ਼ ਤੱਕ ਜਾਣ ਵਿੱਚ ਦੇਰ ਨਹੀਂ।

ਨਾਨਕ ਨੇ ਗੀਤ ਨੂੰ ਸਾਧਨਾ ਦਾ ਮਾਧਿਅਮ ਬਣਾਇਆ ਹੈ। ਤੁਹਾਨੂੰ ਵੀ, ਜਦ ਕਦੀ ਤੁਸੀਂ ਗਾਉਂਦੇ ਹੋ ਤਦ ਇੱਕ ਮਸਤੀ ਫੜਣ ਲੱਗਦੀ ਹੈ। ਤਦ ਇੱਕ ਨਸ਼ਾ ਛਾਣ ਲੱਗਦਾ ਹੈ, ਪਰ ਲੋਕ ਗਾਉਣ ਤੋਂ ਡਰ ਗਏ ਹਨ। ਕੋਈ ਪੰਛੀ ਇਸ ਦੀ ਚਿੰਤਾ ਨਹੀਂ ਕਰਦਾ ਕਿ ਉਸਦੀ ਧੁਨ ਮਿੱਠੀ ਹੈ ਕਿ ਨਹੀਂ, ਆਦਮੀ ਬਹੁਤ ਡਰਪੋਕ ਹੋ ਗਿਆ ਹੈ। ਥੋੜ੍ਹੇ ਜਿਹੇ ਲੋਕ ਗਾ ਸਕਦੇ ਹਨ। ਜਿਨ੍ਹਾਂ ਦੀ ਧੁਨੀ ਬਹੁਤ ਮਧੁਰ ਹੋਵੇ। ਬਾਕੀ ਲੋਕ ਬਹੁਤੇ ਤੋਂ ਬਹੁਤੇ ਗੁਸਲਖ਼ਾਨੇ ਵਿੱਚ ਥੋੜ੍ਹਾ ਗੁਣ-ਗੁਣਾਉਂਦੇ ਹਨ। ਉਹ ਵੀ ਡਰੇ-ਡਰੇ। ਗੁਸਲਖ਼ਾਨੇ ਵਿੱਚ ਗੁਣ-ਗੁਣਾਉਂਦੇ ਹਨ, ਕਿਉਂਕਿ ਕੋਈ ਵੇਖਣ ਵਾਲਾ ਨਹੀਂ, ਕੋਈ ਸੁਣਨ ਵਾਲਾ ਨਹੀਂ ਅਤੇ ਧਿਆਨ ਰੱਖਣਾ, ਇਸ਼ਨਾਨ ਨਾਲ ਵੀ ਤੁਹਾਨੂੰ ਏਨੀ ਤਾਜ਼ਗੀ ਨਹੀਂ ਮਿਲਦੀ, ਜਿੰਨੀ ਗੁਣਗਣਾਉਣ ਨਾਲ ਮਿਲਦੀ ਹੈ, ਕਿਉਂਕਿ ਇਸ਼ਨਾਨ ਤਾਂ ਸ਼ਰੀਰ ਨੂੰ ਉਪਰ-ਉਪਰ ਹੀ ਛੂਹੰਦਾ ਹੈ, ਗੁਣਗੁਣਾਹਟ ਅੰਦਰ ਉਤਰ ਜਾਂਦੀ ਹੈ ਅਤੇ

ਜਿਹੜਾ ਆਦਮੀ ਗੁਣਗੁਣਾਉਣਾ ਨਹੀਂ ਜਾਣਦਾ, ਉਸ ਆਦਮੀ ਦੇ ਸਾਰੇ ਸੰਬੰਧ ਪਰਮਾਤਮਾ ਨਾਲੋਂ ਟੁੱਟ ਜਾਂਦੇ ਹਨ। ਉਹ ਅਸਤਿਤਵ ਤੋਂ ਦੂਰ ਹੋ ਗਿਆ। ਉਹ ਜੀਉਂਦੇ ਜੀਅ ਮੁਰਦਾ ਹੈ।

ਕਬੀਰ ਨੇ ਕਿਹਾ ਹੈ ਕਿ 'ਈ ਮੁਰਦਨ ਕੇ ਗਾਂਵ'। ਸਾਡੇ ਪਿੰਡ ਦੇ ਲਈ ਕਿਹਾ ਕਿ ਇਹ ਮੁਰਦਿਆਂ ਦੇ ਪਿੰਡ ਹਨ। ਜ਼ਿੰਦਗੀ ਦਾ ਗੀਤ ਏਥੇ ਗੂੰਜਦਾ ਹੀ ਨਹੀਂ। ਨਾ ਕੋਈ ਅਹੋਭਾਵ ਵਿੱਚ ਨੱਚਦਾ ਹੈ, ਨਾ ਕੋਈ ਭਰੇ ਪੂਰੇ ਹਿਰਦੇ ਨਾਲ ਜੀਉਂਦਾ ਹੈ ਤੇ ਨਾ ਹੀ ਕੋਈ ਆਪਣੇ ਗੀਤ ਵਿੱਚ ਡੁੱਬਦਾ ਹੈ।

ਇਹ ਸਵਾਲ ਨਹੀਂ ਹੈ ਕਿ ਸੁਰ ਮਿੱਠਾ ਹੈ ਜਾਂ ਨਹੀਂ, ਕਿਉਂਕਿ ਗੀਤ ਕੋਈ ਬਾਜ਼ਾਰ ਵਿੱਚ ਵੇਚਣ ਲਈ ਨਹੀਂ, ਗੀਤ ਤਾਂ ਅਹੋਭਾਵ ਲਈ ਹਨ ਅਤੇ ਗੀਤ ਦੀ ਅਸਲੀ ਸਾਰਥਕਤਾ ਉਸਦੇ ਮਿੱਠੇਪਨ ਵਿੱਚ ਨਹੀਂ, ਉਸਦੀ ਲੀਨਤਾ ਵਿੱਚ ਹੈ।

ਤੁਸੀਂ ਉਸ ਵਿੱਚ ਲੀਨ ਹੋ ਸਕਦੇ ਹੋ। ਤੁਸੀਂ ਉਸ ਵਿੱਚ ਏਨੇ ਲੀਨ ਹੋ ਸਕਦੇ ਹੋ ਕਿ ਤੁਸੀਂ ਬਿਲਕੁਲ ਮਿਟ ਹੀ ਜਾਓ। ਤੁਸੀਂ ਬਚੋ ਹੀ ਨਾ, ਗੀਤ ਹੀ ਬਚੇ। ਗੁਣਗੁਣਾਹਟ ਰਹਿ ਜਾਏ ਤੇ ਕਰਤਾ ਗੁਆਚ ਜਾਏ। ਗੀਤ ਹੀ ਬਚੇ ਅਤੇ ਗਾਇਕ ਸਮਾਪਤ ਹੋ ਜਾਏ। ਇਹ ਹੋ ਸਕਦਾ ਹੈ ਅਤੇ ਇਹ ਸਰਲਤਮ ਹੈ। ਇਸ ਤੋਂ ਬਹੁਤਾ ਸਰਲ ਧਾਗਾ ਤੁਸੀਂ ਨਹੀਂ ਪਾ ਸਕੋਗੇ। ਪੰਛੀ ਗਾ ਲੈਂਦੇ ਹਨ, ਪੌਦੇ ਗੁਣਗੁਣਾ ਲੈਂਦੇ ਹਨ, ਝਰਨੇ ਗਾਉਂਦੇ ਹਨ, ਤੁਸੀਂ ਏਨੇ ਅਸਮਰੱਥ ਹੋ ਕਿ ਝਰਨਿਆਂ ਦਾ ਮੁਕਾਬਲਾ ਵੀ ਨਹੀਂ ਕਰ ਸਕਦੇ, ਕਿ ਪੰਛੀਆਂ ਦਾ ਮੁਕਾਬਲਾ ਵੀ ਨਹੀਂ ਕਰ ਸਕਦੇ, ਕਿ ਦਰੱਖਤਾਂ ਨਾਲ ਵੀ ਹੋੜ ਨਹੀਂ ਕਰ ਸਕਦੇ?

ਪਰ ਤੁਸੀਂ ਡਰ ਗਏ ਹੋ ਅਤੇ ਤੁਸੀਂ ਗੀਤ ਨੂੰ ਬਾਜ਼ਾਰ ਵਿੱਚ ਖੜ੍ਹਾ ਕਰ ਦਿੱਤਾ ਹੈ। ਤੁਸੀਂ ਗੀਤ ਨੂੰ ਵੇਚਦੇ ਹੋ ਅਤੇ ਫ਼ਿਰ ਮਜ਼ੇਦਾਰ ਘਟਨਾ ਵਾਪਰੀ ਹੈ ਕਿ ਜਦ ਗੀਤ ਵਿਕਦਾ ਹੈ, ਤਾਂ ਸਾਰੇ ਨਹੀਂ ਗਾ ਸਕਦੇ। ਕਿਉਂਕਿ ਤਦ ਗੀਤ ਜੀਵਨ ਦਾ ਸਹਿਜ ਕ੍ਰਿਤਯ (ਕੰਮ) ਨਹੀਂ ਰਹਿ ਜਾਂਦਾ। ਬਾਜ਼ਾਰ ਦੀ ਸਮੱਗਰੀ ਹੋ ਗਈ। ਫ਼ਿਰ ਤੁਸੀਂ ਸੋਚੋਗੇ ਧੁਨੀ ਯੋਗ ਹੈ ਜਾਂ ਨਹੀਂ। ਪੜ੍ਹਾਈ ਹੋਈ ਜਾਂ ਨਹੀਂ। ਤੁਸੀਂ ਸੰਗੀਤ ਸਿੱਖਿਆ ਹੈ ਜਾਂ ਨਹੀਂ, ਕੋਈ ਪੰਛੀ ਸੰਗੀਤ ਸਿੱਖਣ ਨਹੀਂ ਜਾਂਦਾ। ਕੋਈ ਝਰਨਾ ਸੰਗੀਤ ਸਿੱਖਣ ਨਹੀਂ ਜਾਂਦਾ। ਸੰਗੀਤ ਤਾਂ ਜੀਵਨ ਦੀ ਸਹਿਜ ਸਰਿਤਾ ਹੈ। ਸਿੱਖਣ ਦਾ ਕੋਈ ਸਵਾਲ ਨਹੀਂ। ਸੰਗੀਤ ਤਾਂ ਉਥੇ ਅਣਸਿੱਖਿਆ ਮੌਜੂਦ ਹੈ। ਸਿਰਫ਼ ਥੋੜ੍ਹੀ ਜਿਹੀ ਹਿੰਮਤ ਇਕੱਠੀ ਕਰਨ ਦੀ ਲੋੜ ਹੈ। ਜ਼ਰਾ ਪਾਗਲ ਹੋਣ ਦੀ ਹਿੰਮਤ ਚਾਹੀਦੀ ਹੈ, ਸੰਗੀਤ ਫੁੱਟ ਪਏਗਾ ਅਤੇ ਜਦ ਪੰਛੀ ਯੂਨੀਵਰਸਿਟੀ ਵਿੱਚ ਨਹੀਂ ਜਾਂਦੇ, ਤਾਂ ਤੁਹਾਨੂੰ ਜਾਣ ਦੀ ਕੀ ਜ਼ਰੂਰਤ ਹੈ? ਲੇਕਿਨ ਪੰਛੀਆਂ ਨੂੰ ਚਿੰਤਾ ਨਹੀਂ ਕਿ ਕੌਣ ਕੀ ਕਹਿੰਦਾ ਹੈ? ਪੰਛੀਆਂ ਨੂੰ ਇਹ ਵਿਚਾਰ

ਨਹੀਂ, ਕਿ ਬਾਜ਼ਾਰ ਵਿੱਚ ਇਹ ਗੀਤ ਵਿਕੇਗਾ ਕਿ ਨਹੀਂ? ਪੰਛੀ ਆਨੰਦ ਨਾਲ ਗਾਉਂਦੇ ਹਨ।

ਚੂੰਕਿ ਅਸੀਂ ਗੀਤ ਨੂੰ ਵੇਚਦੇ ਹਾਂ, ਹੌਲੀ-ਹੌਲੀ ਇੱਕ ਦੂਜੀ ਦੁਰਘਟਨਾ ਵਾਪਰਦੀ ਹੈ ਅਤੇ ਉਹ ਇਹ ਕਿ ਫ਼ਿਰ ਅਸੀਂ ਗਾ ਤਾਂ ਨਹੀਂ ਸਕਦੇ, ਅਸੀਂ ਕੇਵਲ ਸੁਣ ਸਕਦੇ ਹਾਂ, ਤਦ **Passivity** ਪੈਦਾ ਹੁੰਦੀ ਹੈ। ਤਦ ਕੋਈ ਗਾਉਂਦਾ ਹੈ। ਅਸੀਂ ਸੁਣਦੇ ਹਾਂ। ਕੋਈ ਨੱਚਦਾ ਹੈ, ਅਸੀਂ ਵੇਖਦੇ ਹਾਂ। ਤੁਸੀਂ ਜ਼ਰਾ ਸੋਚੋ, ਇਹ ਕਿੰਨੀ ਦੀਨਤਾ ਹੈ ਅਤੇ ਕੋਈ ਦਿਨ ਅਜਿਹਾ ਜ਼ਰੂਰ ਆ ਜਾਏਗਾ, ਜਦ ਕੋਈ ਖੁਸ਼ ਹੋਏਗਾ, ਅਸੀਂ ਵੇਖਾਂਗੇ।

ਤੁਸੀਂ ਫ਼ਰਕ ਸਮਝਦੇ ਹੋ? ਕੋਈ ਖੁਸ਼ ਹੁੰਦਾ ਹੈ, ਤੁਸੀਂ ਉਸ ਨੂੰ ਵੇਖਦੇ ਹੋ, ਤੁਸੀਂ ਖੁਸ਼ ਹੁੰਦੇ ਹੋ, ਇਸ 'ਚ ਫ਼ਰਕ ਵਿਖਾਈ ਨਹੀਂ ਦਿੰਦਾ? ਕੋਈ ਪ੍ਰੇਮ ਕਰ ਰਿਹਾ ਹੋਵੇ ਅਤੇ ਤੁਸੀਂ ਵੇਖਦੇ ਹੋ ਇਸ ਵਿੱਚ ਅਤੇ ਤੁਸੀਂ ਪ੍ਰੇਮ ਕਰਦੇ ਹੋ, ਇਸ ਵਿੱਚ ਤੁਹਾਨੂੰ ਭੇਦ ਨਹੀਂ ਮਹਿਸੂਸ ਹੁੰਦਾ? ਵੇਖਣ ਨਾਲ ਕਦੇ ਕੋਈ ਪ੍ਰੇਮ ਨੂੰ ਜਾਣ ਸਕੇਗਾ? ਪ੍ਰੇਮ ਤਾਂ ਕਰਕੇ ਹੀ ਜਾਣਿਆ ਜਾ ਸਕੇਗਾ।

ਦੂਜਾ ਗਾ ਰਿਹਾ ਹੋਵੇ, ਕੋਕਿਲ ਕੰਠ ਹੋਵੇ, ਵੱਡਾ ਸੰਗੀਤਕਾਰ ਹੋਵੇ, ਪਰ ਤੁਸੀਂ ਸੁਣ ਕੇ ਵੀ ਸੰਗੀਤ ਨੂੰ ਨਹੀਂ ਜਾਣ ਸਕੋਗੇ। ਇਹ ਤਾਂ ਉਧਾਰ ਹੋ ਗਿਆ। ਕੋਈ ਦੂਜਾ ਗਾ ਰਿਹਾ ਹੈ, ਤੁਸੀਂ ਮੁਰਦੇ ਵਾਂਗ ਬੈਠੇ ਸੁਣ ਰਹੇ ਹੋ, ਇਸ ਨਾਲ ਤੁਹਾਡਾ ਸੰਗੀਤ ਨਾਲ ਸੰਬੰਧ ਨਹੀਂ ਜੁੜੇਗਾ। ਸੰਗੀਤ ਵਿੱਚ ਉਤਰਨ ਲਈ ਤੁਹਾਨੂੰ ਸਕ੍ਰਿਅ (ਗਤਿ ਵਿੱਚ ਆਉਣਾ) ਹੋਣਾ ਪਏਗਾ। ਨੱਚ ਕੇ ਹੀ ਨਾਚ ਨੂੰ ਜਾਣਿਆ ਜਾ ਸਕਦਾ ਹੈ, ਦੇਖ ਕੇ ਨਹੀਂ। ਵੇਖਣਾ ਤਾਂ **Substitute** ਹੈ। ਉਹ ਤਾਂ ਪਰਿਪੂਰਕ ਹੈ। ਉਹ ਤਾਂ ਝੂਠਾ ਹੈ। ਅਸਲੀ ਨਹੀਂ ਹੈ, ਪ੍ਰਮਾਣਿਕ ਨਹੀਂ ਹੈ।

ਅਤੇ ਆਦਮੀ ਨੇ ਹੌਲੀ-ਹੌਲੀ ਸਾਰੀਆਂ ਚੀਜ਼ਾਂ ਦੂਜਿਆਂ ਉਤੇ ਛੱਡ ਦਿੱਤੀਆਂ ਹਨ। ਕੋਈ ਦੂਜੇ ਕਰਦੇ ਹਨ, ਤੁਸੀਂ ਵੇਖ ਲੈਂਦੇ ਹੋ। ਕੋਈ ਖੇਡਦਾ ਹੈ, ਲੱਖਾਂ ਲੋਕ ਵੇਖਦੇ ਹਨ। ਕੋਈ ਨੱਚਦਾ ਹੈ, ਹਜ਼ਾਰਾਂ ਲੋਕ ਵੇਖਦੇ ਹਨ। ਕੋਈ ਗਾਉਂਦਾ ਹੈ, ਹਜ਼ਾਰਾਂ ਲੋਕ ਸੁਣਦੇ ਹਨ। ਨਾ ਤੁਸੀਂ ਗਾਉਂਦੇ ਹੋ, ਨਾ ਤੁਸੀਂ ਨੱਚਦੇ ਹੋ, ਨਾ ਤੁਸੀਂ ਖੇਡਦੇ ਹੋ। ਤੁਹਾਡੇ ਜੀਉਂਣ ਦਾ ਮਤਲਬ ਕੀ ਹੈ? ਤੁਸੀਂ ਜੀਉਂਦੇ ਕਿਉਂ ਹੋ? ਸਾਰੇ ਕੰਮ ਤਾਂ ਵਿਸ਼ੇਸੱਗਯ **(Specialist)** ਪੂਰਾ ਕਰ ਦਿੰਦੇ ਹਨ?

ਅਤੇ ਹੋਰ ਮਜ਼ੇ ਦੀ ਗੱਲ ਇਹ ਹੈ ਕਿ ਵੇਖਣ ਵਾਲੇ ਨੂੰ ਵੀ ਉਹ ਪ੍ਰਾਪਤੀ ਨਹੀਂ ਹੋ ਪਾਉਂਦੀ, ਕਿਉਂਕਿ ਉਸਦੀ ਨਜ਼ਰ ਪੈਸੇ ਕਮਾਉਣ ਉਤੇ ਹੈ। ਉਹ ਵੀ ਨਾਚ ਆਤਮਾ ਦਾ ਨਹੀਂ ਹੈ ਅਤੇ ਉਹ ਵੀ ਨਾਚ ਸਿਰਫ਼ ਉਪਰਲੀ ਹੁਸ਼ਿਆਰੀ ਦਾ ਹੈ। ਉਸ ਨੂੰ ਕੋਈ ਮਤਲਬ ਨਹੀਂ ਹੈ। ਉਹ ਨੱਚ ਰਿਹਾ ਹੀ ਨਹੀਂ। ਉਸ ਦੇ ਅੰਦਰ ਵੀ ਨਾਚ ਏਨੀ

ਗਹਿਰਾਈ ਤੱਕ ਨਹੀਂ ਉਤਰਦਾ ਕਿ ਉਸ ਵਿੱਚ ਉਹ ਡੁੱਬ ਜਾਏ, ਕਿਉਂਕਿ ਉਸਦੀ ਨਜ਼ਰ ਪੈਸਿਆਂ ਉਤੇ ਲੱਗੀ ਹੋਈ ਹੈ।

ਅਜਿਹਾ ਹੋਇਆ ਕਿ ਅਕਬਰ ਨੇ ਤਾਨਸੇਨ ਨੂੰ ਪੁੱਛਿਆ ਕਿ ਤੇਰੇ ਗੁਰੂ ਨੂੰ ਮੈਂ ਮਿਲਣਾ ਚਾਹੁੰਦਾ ਹਾਂ, ਕਿਉਂਕਿ ਕੱਲ੍ਹ ਰਾਤੀਂ ਜਦ ਤੂੰ ਗਾ ਕੇ ਵਿਦਾ ਹੋਇਆ, ਤਾਂ ਮੇਰੇ ਮਨ ਵਿੱਚ ਅਜਿਹਾ ਭਾਵ ਸੀ ਕਿ ਤੇਰੇ ਤੋਂ ਉੱਤਮ ਗਾਇਕ ਨਾ ਤਾਂ ਕਦੇ ਹੋਇਆ ਹੈ ਅਤੇ ਨਾ ਕਦੇ ਹੋਏਗਾ। ਤੂੰ ਪਰਮ ਹੈਂ। ਤੂੰ ਆਖ਼ਰੀ ਹੈਂ। ਪਰ ਜਦ ਮੈਂ ਇਹ ਸੋਚ ਰਿਹਾ ਸੀ, ਤਦ ਹੀ ਮੈਨੂੰ ਖਿਆਲ ਆਇਆ ਕਿ ਤੂੰ ਵੀ ਕਿਸੇ ਤੋਂ ਸਿੱਖਿਆ ਹੋਵੇਗਾ। ਕੋਈ ਹੋਏਗਾ ਤੇਰਾ ਗੁਰੂ। ਤਾਂ ਮੇਰੇ ਮਨ ਵਿੱਚ ਜਿਗਿਆਸਾ ਉੱਠ ਖਲੋਤੀ ਕਿ ਕੌਣ ਜਾਣੇ ਤੇਰਾ ਗੁਰੂ ਤੇਰੇ ਤੋਂ ਵੱਧ ਹੋਵੇ। ਸੋ ਮੈਂ ਤੇਰੇ ਗੁਰੂ ਨੂੰ ਮਿਲਣਾ ਚਾਹੁੰਦਾ ਹਾਂ। ਮੈਂ ਤੇਰੇ ਗੁਰੂ ਨੂੰ ਸੁਣਨਾ ਵੀ ਚਾਹੁੰਦਾ ਹਾਂ।

ਤਾਨਸੇਨ ਨੇ ਕਿਹਾ, ਜ਼ਰਾ ਕੁ ਔਖਾ ਹੈ। ਗੁਰੂ ਮੇਰੇ ਹਨ ਅਤੇ ਇਸ ਵੇਲੇ ਜੀਉਂਦੇ ਵੀ ਹਨ। ਸੁਣਨਾ ਵੀ ਹੋ ਸਕਦਾ ਹੈ, ਪਰ ਬਹੁਤ ਔਖਿਆਈ ਹੈ। ਉਨ੍ਹਾਂ ਨੂੰ ਦਰਬਾਰ ਵਿੱਚ ਨਹੀਂ ਸੱਦਿਆਂ ਜਾ ਸਕਦਾ। ਫਰਮਾਇਸ਼ ਉਤੇ ਉਹ ਨਹੀਂ ਗਾਉਂਦੇ। ਉਨ੍ਹਾਂ ਦਾ ਗਾਣਾ ਤਾਂ ਪੰਛੀਆਂ ਵਰਗਾ ਹੈ। ਤੁਸੀਂ ਕੋਇਲ ਅੱਗੇ ਕਿੰਨੀ ਹੀ ਪ੍ਰਾਰਥਨਾ ਕਰੋ, ਕਿ ਗਾ। ਤੁਹਾਡੀ ਪ੍ਰਾਰਥਨਾ ਦੀ ਵਜ੍ਹਾ ਨਾਲ ਹੀ, ਕੋਇਲ ਜੇ ਗਾ ਰਹੀ ਹੋਵੇਗੀ ਤਾਂ ਚੁੱਪ ਹੋ ਜਾਏਗੀ, ਕਿ ਕੀ ਮਾਮਲਾ ਹੈ? ਉਹ ਜਦੋਂ ਗਾਉਂਦੇ ਹਨ ਤਦ ਹੀ ਸੁਣਿਆ ਜਾ ਸਕਦਾ ਹੈ। ਜੇਕਰ ਤੁਸੀਂ ਉਨ੍ਹਾਂ ਨੂੰ ਸੁਣਨਾ ਚਾਹੁੰਦੇ ਹੋ ਤਾਂ ਸਾਨੂੰ ਹੀ ਉਨ੍ਹਾਂ ਦੀ ਕੁਟੀਆਂ ਦੇ ਕੋਲ ਜਾਣਾ ਪਏਗਾ ਅਤੇ ਉਹ ਵੀ ਲੁਕ ਕੇ ਹੀ ਸੁਣਿਆ ਜਾ ਸਕਦਾ ਹੈ। ਕਿਉਂਕਿ ਅਸੀਂ ਪੁੱਜਾਂਗੇ ਤਾਂ ਸ਼ਾਇਦ ਉਹ ਰੁਕ ਜਾਣ। ਸੋ ਮੈਂ ਪਤਾ ਕਰਾਂਗਾ ਕਿ ਹੁਣ ਉਹ ਕਦੋਂ ਗਾਉਂਦੇ ਹਨ, ਕਿਉਂਕਿ ਜਦੋਂ ਉਹ ਗਾਉਂਦੇ ਹੋਣਗੇ ਤਾਂ ਅਸੀਂ ਛੁਪੇ ਰਹਾਂਗੇ।

ਪਤਾ ਲੱਗਿਆ ਕਿ ਰਾਤ ਨੂੰ ਉਹ ਤਿੰਨ ਵਜੇ ਉੱਠਦੇ ਹਨ। ਉਹ ਤਾਂ ਫ਼ਕੀਰ ਸਨ। ਹਰੀਦਾਸ ਉਨ੍ਹਾਂ ਦਾ ਨਾਉਂ ਸੀ। ਜਮਨਾਂ ਦੇ ਕੰਢੇ ਉਤੇ ਉਨ੍ਹਾਂ ਦੀ ਕੁਟੀਆ ਹੈ। ਹੁਣ ਉਥੇ ਹੀ ਉਹ ਆਪਣੀ ਕੁਟੀਆ ਵਿੱਚ ਗਾਉਂਦੇ ਹਨ। ਆਪਣੀ ਮਸਤੀ ਵਿੱਚ ਗਾਉਂਦੇ ਹਨ। ਉਹ ਗੀਤ ਪੰਛੀਆਂ ਦਾ ਹੈ। ਉਹ ਗੀਤ ਦਾ ਕਿਸੇ ਨਾਲ ਕੁਝ ਲੈਣਾ-ਦੇਣਾ ਨਹੀਂ ਹੈ। ਅਕਬਰ ਅਤੇ ਤਾਨਸੇਨ ਰਾਤ ਦੋ ਵਜੇ ਜਾ ਕੇ ਕੁਟੀਆ ਦੇ ਪਿੱਛੇ ਲੁਕ ਗਏ। ਤਿੰਨ ਵਜੇ ਸੰਗੀਤ ਸ਼ੁਰੂ ਹੋਇਆ। ਅਕਬਰ ਮੂਰਤੀ ਦੇ ਵਾਂਗ ਠਗਿਆ ਰਹਿ ਗਿਆ। ਅੱਖਾਂ ਤੋਂ ਅੱਥਰੂ ਝਰ-ਝਰ ਡਿੱਗਣ ਲੱਗੇ। ਜਦ ਵਾਪਸ ਆਪਣੇ ਰੱਥ ਵਿੱਚ ਪਰਤੇ, ਤਾਂ ਰਸਤੇ ਭਰ ਤਾਨਸੇਨ ਨਾਲ ਕੁਝ ਬੋਲ ਨਹੀਂ ਸਕਿਆ। ਅਜਿਹਾ ਭਾਵ ਨਾਲ ਭਰਿਆ ਕਿ ਭੁੱਲ ਹੀ ਗਿਆ ਤਾਨਸੇਨ ਨੂੰ।

ਮਹਲ ਵਿੱਚ ਉਤਰਨ ਲੱਗਿਆਂ ਏਨਾ ਹੀ ਕਿਹਾ ਕਿ ਹੁਣ ਤੱਕ ਮੈਂ ਸੋਚਦਾ ਸੀ ਤੇਰਾ ਕੋਈ ਮੁਕਾਬਲਾ ਨਹੀਂ ਹੈ। ਪਰ ਅੱਜ ਸੋਚਦਾ ਹਾਂ ਕਿ ਤੇਰੇ ਗੁਰੂ ਦੇ ਸਾਹਮਣੇ ਤੂੰ ਤਾਂ ਕੁਝ ਵੀ ਨਹੀਂ ਹੈਂ। ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਏਨਾ ਫ਼ਰਕ ਕਿਉਂ?

ਤਾਨਸੇਨ ਨੇ ਕਿਹਾ, ਫ਼ਰਕ ਪੁੱਛਣ ਦੀ ਵੀ ਜ਼ਰੂਰਤ ਹੈ ਕੀ? ਮੈਂ ਤੁਹਾਡੇ ਲਈ ਗਾਉਂਦਾ ਹਾਂ, ਮੇਰੇ ਗੁਰੂ ਪਰਮਾਤਮਾ ਲਈ ਗਾਉਂਦੇ ਹਨ ਅਤੇ ਜਦ ਮੈਂ ਗਾਉਂਦਾ ਹਾਂ ਤਾਂ ਮੇਰੀ ਨਜ਼ਰ ਤਾਂ ਇਨਾਮ ਉਤੇ ਲੱਗੀ ਹੈ ਕਿ ਕੀ ਮਿਲੇਗਾ? ਮੈਂ ਗਾਉਂਦਾ ਹਾਂ ਤਾਂਕਿ ਕੁਝ ਮਿਲੇ। ਮੇਰਾ ਗਾਉਣਾ ਵਿਓਪਾਰ ਹੈ। ਮੇਰੇ ਗੁਰੂ ਕੁਝ ਪ੍ਰਾਪਤ ਕਰਨ ਲਈ ਨਹੀਂ ਗਾਉਂਦੇ ਹਨ। ਠੀਕ ਹਾਲਤ ਉਲਟੀ ਹੈ। ਮੇਰੇ ਗੁਰੂ ਤਦੋਂ ਹੀ ਗਾਉਂਦੇ ਹਨ ਜਦ ਉਨ੍ਹਾਂ ਨੂੰ ਕੁਝ ਮਿਲਿਆ ਹੁੰਦਾ ਹੈ। ਜਦ ਉਹ ਏਨੇ ਭਰੇ ਹੋਏ ਹੁੰਦੇ ਹਨ, ਪਰਮਾਤਮਾ ਦੇ ਭਾਵ ਨਾਲ, ਜਦ ਉਨ੍ਹਾਂ ਨੂੰ ਕੁਝ ਮਿਲਿਆ ਹੁੰਦਾ ਹੈ। ਜਦ ਉਨ੍ਹਾਂ ਦਾ ਕੰਠ ਭਰਿਆ ਹੋਇਆ ਹੁੰਦਾ ਹੈ, ਜਦ ਉਨ੍ਹਾਂ ਦੇ ਹਿਰਦੇ ਵਿੱਚ ਲਹਿਰਾਂ ਉੱਠ ਰਹੀਆਂ ਹੁੰਦੀਆਂ ਹਨ, ਜਦ ਉਹ ਪੂਰੀ ਤਰ੍ਹਾਂ ਪੂਰਣ ਹੁੰਦੇ ਹਨ ਉਸ ਦੇ ਦਾਨ ਨਾਲ, ਤਦ ਬਹਿੰਦੇ ਹਨ ਉਨ੍ਹਾਂ ਨੂੰ ਜਦ ਕੁਝ ਮਿਲਿਆ ਹੋਇਆ ਹੁੰਦਾ ਹੈ, ਤਦ ਉਹ ਗਾਉਂਦੇ ਹਨ। ਗਾਣਾ ਉਨ੍ਹਾਂ ਦੀ ਛਾਂ ਦੀ ਤਰ੍ਹਾਂ ਹੈ। ਮਿਲਣਾ ਪਹਿਲਾਂ ਤੇ ਗੀਤ ਬਾਦ ਵਿੱਚ ਹੈ ਅਤੇ ਮੈਂ ਗਾਉਂਦਾ ਹਾਂ, ਮਿਲਣਾ ਤਾਂ ਪਿੱਛੇ ਹੈ, ਪਰ ਕਰਮ ਫਲ 'ਤੇ ਮੇਰੀ ਨਜ਼ਰ ਲੱਗੀ ਹੋਈ ਹੈ ਅਤੇ ਇਸ ਲਈ ਮੈਂ ਤੁੱਛ ਹਾਂ। ਤੁਸੀਂ ਠੀਕ ਕਹਿੰਦੇ ਹੋ, ਮੇਰੇ ਗੁਰੂ ਨਾਲ ਮੇਰਾ ਕੀ ਮੁਕਾਬਲਾ? ਮੈਂ ਕਿੰਨਾ ਹੀ ਕੁਸ਼ਲ ਹੋ ਜਾਵਾਂ, ਮੇਰੇ ਹੱਥ ਕਿੰਨੇ ਹੀ ਸਧ ਜਾਣ, ਮੇਰਾ ਗਲਾ ਕਿੰਨਾ ਹੀ ਕੁਸ਼ਲ ਹੋ ਜਾਏ, ਲੇਕਿਨ ਆਤਮਾ ਉਸ ਵਿੱਚ ਪ੍ਰਵੇਸ਼ ਨਹੀਂ ਪਾ ਸਕੇਗੀ। ਮੈਂ ਵਿਸ਼ੇਸ਼ੱਗਯ (Specialist) ਰਹਾਂਗਾ। ਮੇਰੇ ਗੁਰੂ ਵਿਸ਼ੇਸ਼ੱਗਯ ਨਹੀਂ ਹਨ। ਉਨ੍ਹਾਂ ਦਾ ਗੀਤ ਇੱਕ ਪੰਛੀ ਦਾ ਗੀਤ ਹੈ।

ਸੋ ਤੁਸੀਂ ਜਿਨ੍ਹਾਂ ਨੂੰ ਸੁਣਦੇ ਹੋ ਉਨ੍ਹਾਂ ਦੇ ਗੀਤ ਵਿਓਪਾਰ ਹਨ। ਸੁਣਨ ਵਾਲਾ ਵਿਓਪਾਰਿਕ ਹੈ। ਤੁਸੀਂ ਪਰਮਾਤਮਾ ਦੇ ਗੀਤ ਤੋਂ ਬਿਲਕੁਲ ਦੂਰ ਹੀ ਚਲੇ ਗਏ ਹੋ। ਜਿਹੜਾ ਚਿੱਤ੍ਰਪਟ ਉਤੇ ਪ੍ਰੇਮ ਦਾ ਪ੍ਰਦਰਸ਼ਨ ਕਰ ਰਿਹਾ ਹੈ, ਉਸ ਲਈ ਪ੍ਰੇਮ ਧੰਧਾ ਹੈ। ਉਹ ਉਸ ਪ੍ਰੇਮ ਵਿੱਚ ਜੋ ਵੀ ਕਰ ਰਿਹਾ ਹੈ ਉਹ ਅਭਿਨਯ ਹੈ ਅਤੇ ਵੇਖਣ ਵਾਲਾ ਨਿਸ਼ਕ੍ਰਿਅ (ਬਿਨਾਂ ਕੁਝ ਕਰਨ ਤੋਂ) ਬੈਠਾ ਹੈ, ਆਪਣੀ ਕੁਰਸੀ ਵਿੱਚ ਬਝਿਆ ਹੋਇਆ।

ਜੀਵਨ ਦੇ ਸਤਯ ਸਕ੍ਰਿਯੇਤਾ ਨਾਲ ਜਾਣੇ ਜਾ ਸਕਦੇ ਹਨ। ਜੀਵਨ ਦੀਆਂ ਸਚਾਈਆਂ ਵਿੱਚ ਤੁਹਾਨੂੰ ਉਤਰਨਾ ਪਵੇਗਾ। ਕੋਈ ਦੂਜਾ ਤੈਰੇਗਾ ਤਾਂ ਤੈਰਨ ਦਾ ਆਨੰਦ ਤੁਸੀਂ ਕਿਵੇਂ ਲੈ ਸਕੋਗੇ? ਜ਼ਰਾ ਸੋਚੋ, ਜਦ ਵੇਖਣ ਨਾਲ ਏਨਾ ਸੁੱਖ ਮਿਲਦਾ ਹੈ, ਤਾਂ ਹੋ ਜਾਣ ਨਾਲ ਕਿੰਨਾ ਸੁੱਖ ਨਾ ਮਿਲਣ ਹੋਏਗਾ! ਗਾਓ, ਨੱਚੋ, ਭੁੱਲ ਜਾਓ ਸਾਰੇ ਜਗਤ

ਨੂੰ। ਉਸ ਦੀ ਯਾਦ ਹੀ ਤਾਂ ਤੁਹਾਨੂੰ ਨੱਚਣ ਨਹੀਂ ਦਿੰਦੀ ਅਤੇ ਗਾਉਣ ਨਹੀਂ ਦਿੰਦੀ ਅਤੇ ਤਦ ਹੀ ਤੁਸੀਂ ਪਰਮਾਤਮਾ ਦੇ ਦਰਵਾਜ਼ੇ 'ਤੇ ਖਲੋਤੇ ਹੋ। ਨਾਨਕ ਬਹੁਤ ਮਧੁਰ ਸ਼ਬਦਾਂ ਵਿੱਚ ਇਹ ਗੱਲ ਕਹਿੰਦੇ ਹਨ। ਉਹ ਕਹਿੰਦੇ ਹਨ :- *ਸੋ ਦਰੁ ਕੇਹਾ ਸੋ ਘਰੁ ਕੇਹਾ ਜਿਤੁ ਬਹਿ ਸਰਬ ਸਮਾਲੇ॥*

ਉਹ ਦਰਵਾਜ਼ਾ ਕਿੱਥੇ ਹੈ? ਉਹ ਘਰ ਕਿੱਥੇ ਹੈ? ਜਿੱਥੇ ਬਹਿ ਕੇ ਤੂੰ ਸਭ ਦੀ ਸੰਭਾਲ ਕਰ ਰਿਹਾ ਹੈਂ? ਤੇਰੇ ਘਰ ਦਾ ਦਰਵਾਜ਼ਾ ਕਿੱਥੇ ਲੱਭਾਂ? ਜਿਸ ਦੇ ਅੰਦਰ ਲੁਕ ਕੇ ਤੂੰ ਸਭ ਨੂੰ ਸਾਂਭਿਆ ਹੈ। ਅਤੇ ਉੱਤਰ ਦਿੰਦੇ ਹਨ :-

*ਵਾਜੇ ਨਾਦ ਅਨੇਕ ਅਸੰਖਾ ਕੇਤੇ ਵਾਵਣਹਾਰੇ॥*
*ਕੇਤੇ ਰਾਗ ਪਰੀ ਸਿਉ ਕਹੀਅਨਿ ਕੇਤੇ ਗਾਵਣਹਾਰੇ॥*

ਉਹ ਦਰਵਾਜ਼ਾ ਕਿੱਥੇ ਹੈ, ਉਹ ਘਰ ਕਿੱਥੇ, ਜਿੱਥੇ ਬਹਿ ਕੇ ਤੂੰ ਸਭ ਦੀ ਸੰਭਾਲ ਕਰਦਾ ਹੈਂ? ਇਹ ਸਵਾਲ ਹੈ ਅਤੇ ਜਵਾਬ ਦਿੰਦੇ ਹਨ :

"ਅਨੇਕ ਨਾਦ ਵਜ ਰਹੇ ਹਨ ਅਤੇ ਕਿੰਨੇ ਅਸ਼ੰਖ ਵਜਾਉਣ ਵਾਲੇ ਹਨ, ਅਸ਼ੰਖ ਗਾਇਕ ਹਨ, ਅਨੰਤ ਰਾਗ ਰਾਗਨੀਆਂ ਹਨ, ਪਾਣੀ ਅਤੇ ਅਗਨੀ ਅਤੇ ਹਵਾ ਜੱਸ ਗਾ ਰਹੇ ਹਨ ਅਤੇ ਧਰਮਰਾਜ ਤੇਰੇ ਦਰਵਾਜ਼ੇ ਉਤੇ ਬੈਠ ਕੇ ਗੀਤ ਗਾ ਰਿਹਾ ਹੈ। ਚਿੱਤ੍ਰ ਗੁਪਤ ਵੀ ਸ਼ਿਵ, ਬ੍ਰਹਮਾ, ਦੇਵੀਆਂ ਸਭ ਤੇਰਾ ਗਾਣ ਕਰ ਰਹੇ ਹਨ। ਇੰਦ੍ਰਾਸਨ ਉਤੇ ਬੈਠੇ ਇੰਦਰ ਗਾਉਂਦੇ ਹਨ। ਦੇਵਤਾ ਤੇਰੇ ਦੁਆਰ ਉਤੇ ਬੈਠੇ ਗਾ ਰਹੇ ਹਨ। ਸਮਾਧੀ ਵਿੱਚ ਬੈਠ ਕੇ ਸਿੱਧ ਤੇ ਧਿਆਨ ਵਿੱਚ ਬੈਠ ਕੇ ਸਾਧੂ ਗਾਉਂਦੇ ਹਨ।"

ਨਾਨਕ ਪੁੱਛਦੇ ਹਨ, ਕਿੱਥੇ ਤੇਰਾ ਦੁਆਰ? ਕਿੱਥੇ ਤੇਰਾ ਘਰ? ਅਤੇ ਤੱਤਛੱਣ ਕਹਿੰਦੇ ਹਨ, ਅਨੇਕ ਨਾਦ ਵਜ ਰਹੇ ਹਨ, ਕਿੰਨੇ ਅਸ਼ੰਖ ਵਜਾਉਣ ਵਾਲੇ ਹਨ।

ਨਾਨਕ ਕਹਿ ਰਹੇ ਹਨ, ਨਾਦ ਤੇਰਾ ਦੁਆਰ ਹੈ। ਨਾਦ ਵਿੱਚ ਲੁਕਿਆ ਹੀ ਤੂੰ ਸਾਰੇ ਜਗਤ ਨੂੰ ਸਾਂਭੀ ਬੈਠਾ ਹੈਂ। ੧ਓ ਤੇਰਾ ਦੁਆਰ। ਉਸੇ ਵਿੱਚ ਲੁਕ ਕੇ ਤੂੰ ਸਾਰੇ ਜਗਤ ਨੂੰ ਸਾਂਭਿਆ ਹੋਇਆ ਹੈ ਅਤੇ ਜੇਕਰ ਗੀਤ ਦੀ ਇੱਕ ਕੜੀ ਵੀ ਤੁਹਾਡੀ ਪਕੜ ਵਿੱਚ ਆ ਜਾਏ, ਤਾਂ ਉਸ ਧਾਗੇ ਨੂੰ ਫੜ ਕੇ ਉਸ ਪਰਮਾਤਮਾ ਦੇ ਦੁਆਰੇ ਤੁਸੀਂ ਜਾ ਸਕੋਗੇ। ਨਾਦ ਜਦ ਤੁਹਾਡੇ ਅੰਦਰ ਵੱਜੇਗਾ, ਜਦ ਤੁਸੀਂ ਨਾਦ ਵਿੱਚ ਲੀਨ ਹੋ ਜਾਓਗੇ, ਉਸੇ ਘੜੀ ਦਰਵਾਜ਼ੇ ਦੇ ਸਾਹਮਣੇ ਆਪਣੇ ਆਪ ਨੂੰ ਪਾਓਗੇ:-

*ਸੋ ਦਰੁ ਕੇਹਾ ਸੋ ਘਰੁ ਕੇਹਾ ਜਿਤੁ ਬਹਿ ਸਰਬ ਸਮਾਲੇ॥*
*ਵਾਜੇ ਨਾਦ ਅਨੇਕ ਅਸੰਖਾ ਕੇਤੇ ਵਾਵਣਹਾਰੇ॥*
*ਕੇਤੇ ਰਾਗ ਪਰੀ ਸਿਉ ਕਹੀਅਨਿ ਕੇਤੇ ਗਾਵਣਹਾਰੇ॥*

ਕਿੰਨੇ ਰਾਗ ਕਿੰਨੀਆਂ ਰਾਗਨੀਆਂ, ਕਿੰਨੇ ਨਾਦ, ਕਿੰਨੇ ਗਾਇਕ। ਇਹ ਹੀ ਤੇਰਾ ਦੁਆਰ ਹੈ। ਸਵੇਰ ਤੋਂ ਸ਼ਾਮ ਤੱਕ, ਸ਼ਾਮ ਤੋਂ ਸਵੇਰੇ ਤੱਕ ਅਸ਼ੰਖ ਰਾਗ ਵਜ ਰਹੇ ਹਨ। ਤੁਸੀਂ ਜੀਵਨ ਵਿੱਚ ਉਨ੍ਹਾਂ ਰਾਗਾਂ ਨੂੰ ਪਛਾਨਣਾ ਸ਼ੁਰੂ ਕਰੋ।

ਮਨੁੱਖ ਦਾ ਸਾਰਾ ਸੰਗੀਤ ਕੁਦਰਤ ਦੇ ਰਾਗਾਂ ਤੋਂ ਪੈਦਾ ਹੋਇਆ ਹੈ। ਪੰਛੀ ਗਾਉਂਦੇ ਹਨ, ਝਰਨੇ ਗਾਉਂਦੇ ਹਨ, ਹਵਾਵਾਂ ਗਾਉਂਦੀਆਂ ਹਨ, ਆਕਾਸ਼ ਵਿੱਚ ਬੱਦਲ ਗਰਜਦੇ ਹਨ, ਇਨ੍ਹਾਂ ਹੀ ਸਾਰਿਆਂ ਤੋਂ ਨਾਦ ਪੈਦਾ ਹੋਏ। ਮਨੁੱਖ ਦੀਆਂ ਸਾਰੀਆਂ ਰਾਗ-ਰਾਗਨੀਆਂ ਪੈਦਾ ਹੋਈਆਂ। ਇਨ੍ਹਾਂ ਨਾਲ ਹੀ ਸਾਰੇ ਸਾਜ ਨਿਰਮਿਤ ਹੋਏ।

ਅਸਤਿੱਤਵ ਵਿਚੋਂ ਰਾਗ ਨੂੰ ਪਛਾਨਣ ਦੀ ਕੋਸ਼ਿਸ਼ ਕਰੋ। ਸਵੇਰੇ ਉੱਠ ਕੇ ਪਹਿਲਾਂ ਧਿਆਨ ਚਾਰੇ ਪਾਸੇ ਹੋ ਰਹੀਆਂ ਧੁਨੀਆਂ ਉਤੇ ਪਾਉਣਾ ਅਤੇ ਜੇਕਰ ਤੁਹਾਨੂੰ ਧੁਨੀਆਂ ਸੁਣਾਈ ਦੇਣ ਲੱਗ ਜਾਣ, ਤਾਂ ਤੁਸੀਂ ਪਾਓਗੇ ਕਿ ਉਹ ਦਿਨ ਭਰ ਤੁਹਾਨੂੰ ਸੁਣਾਈ ਪੈਂਦੀਆਂ ਰਹਿਣਗੀਆਂ, ਕਿਉਂਕਿ ਉਹ ਸਦਾ ਜਾਰੀ ਹਨ। ਸਿਰਫ਼ ਤੁਸੀਂ ਬੋਲੇ ਹੋ।

ਰਾਤ ਦੇ ਸੰਨਾਟੇ ਵਿੱਚ ਬੈਠ ਜਾਣਾ ਤੇ ਸੁਣਨਾ ਸੰਨਾਟੇ ਨੂੰ, ਸੰਨਾਟੇ ਦਾ ਨਾਦ ੧ਓ ਦੇ ਬਹੁਤ ਨੇੜੇ ਹੈ। ਇਸ ਲਈ ਜਦ ਵੀ ਤੁਹਾਡੇ ਅੰਦਰ ੧ਓ ਬਜੇਗਾ ਤਾਂ ਪਹਿਲਾਂ ਤਾਂ ਤੁਹਾਨੂੰ ਸੰਨਾਟੇ ਦਾ ਨਾਦ ਹੀ ਸੁਣਾਈ ਦੇਵੇਗਾ। ਸੰਨਾਟੇ ਦੀ ਝੰਕਾਰ ਜਿਵੇਂ ਝੀਂਗੁਰ ਬੋਲਦੇ ਹੋਣ ਅਤੇ ਰਾਤ ਬਿਲਕੁਲ ਚੁੱਪ ਹੋਵੇ, ਉਹੋ ਜਿਹੀ ਸ਼ਾਂ-ਸ਼ਾਂ ਤੁਹਾਨੂੰ ਪੂਰੇ ਵਕਤ ਸੁਣਾਈ ਦੇਣ ਲੱਗੇਗੀ, ਚੌਵੀ ਘੰਟੇ। ਬਾਜ਼ਾਰ ਵਿੱਚ, ਦੁਕਾਨ ਉਤੇ, ਦਫ਼ਤਰ ਵਿੱਚ ਤੁਸੀਂ ਪਾਓਗੇ ਕਿ ਉਹ ਸ਼ਾਂ-ਸ਼ਾਂ ਹੁੰਦੀ ਹੀ ਰਹਿੰਦੀ ਹੈ। ਕਿਉਂਕਿ ਉਹ ਵਜ ਹੀ ਰਹੀ ਹੈ। ਬਾਜ਼ਾਰ ਦੇ ਹੱਲੇ-ਗੁੱਲੇ ਵਿੱਚ ਦੱਬ ਜਾਂਦੀ ਹੈ। ਵੱਜਣੀ ਬੰਦ ਨਹੀਂ ਹੁੰਦੀ। ਉਪੱਦਰ ਵਿੱਚ ਗੁੰਮ ਹੋ ਜਾਂਦੀ ਹੈ, ਸਮਾਪਤ ਨਹੀਂ ਹੁੰਦੀ। ਤੁਹਾਨੂੰ ਫੜਨਾ ਆ ਜਾਏ, ਤਾਂ ਉਸ ਨੂੰ ਕਦੇ ਵੀ ਪਛਾਣ ਲਓਗੇ ਅਤੇ ਜਿਵੇਂ-ਜਿਵੇਂ ਤੁਹਾਡੀ ਪਕੜ ਸਾਫ਼ ਹੁੰਦੀ ਜਾਏਗੀ, ਹੋਰ ਪਛਾਣ ਨਿਖਰੇਗੀ, ਤਿਵੇਂ- ਤਿਵੇਂ ਤੁਸੀਂ ਪਾਓਗੇ ਚੌਵੀ ਘੰਟੇ ਅਹਿਰਨਿਸ (ਦਿਨ-ਰਾਤ) ਉਸ ਦੇ ਦੁਆਰ ਉਤੇ ਰਾਗ-ਰਾਗਨੀਆਂ ਦਾ ਮੇਲਾ ਲੱਗਿਆ ਹੋਇਆ ਹੈ।

ਧਿਆਨ ਰੱਖੋ, ਜਿਨ੍ਹਾਂ ਨੇ ਵੀ ਉਸ ਨੂੰ ਜਾਣਿਆ ਹੈ, ਉਨ੍ਹਾਂ ਨੇ ਉਸ ਨੂੰ 'ਸੱਚਿਦਾਨੰਦ' ਕਿਹਾ ਹੈ। ਜਦ ਵੀ ਕੋਈ ਆਨੰਦ ਨਾਲ ਭਰ ਜਾਂਦਾ ਹੈ, ਤਾਂ ਗੀਤ ਨਾਲ ਭਰ ਜਾਂਦਾ ਹੈ। ਗੀਤ ਅਤੇ ਆਨੰਦ ਵਿੱਚ ਬਹੁਤ ਨੇੜਤਾ ਹੈ। ਵੱਡੀ ਸਮੀਪਤਾ ਹੈ। ਦੁੱਖ ਵਿੱਚ ਕੋਈ ਨਹੀਂ ਗਾਉਂਦਾ, ਸਿਵਾਏ ਫਿਲਮਾਂ ਨੂੰ ਛੱਡ ਕੇ! ਦੁੱਖ ਵਿੱਚ ਆਦਮੀ ਰੋਂਦਾ ਹੈ, ਗਾਉਂਦਾ ਨਹੀਂ ਹੈ। ਦੁੱਖ ਵਿੱਚ ਅੱਥਰੂ ਵਗਦੇ ਹਨ, ਗੀਤ ਨਹੀਂ। ਜਦ ਕੋਈ ਆਲ੍ਹਾਦਿੱਤ ਹੁੰਦਾ ਹੈ, ਆਨੰਦਿਤ ਹੁੰਦਾ ਹੈ, ਤਦ ਗਾਉਂਦਾ ਹੈ ਅਤੇ ਤਦ ਜੇਕਰ ਅੱਥਰੂ ਵੀ ਵਗਣ, ਤਾਂ ਵੀ ਉਨ੍ਹਾਂ ਅੱਥਰੂਆਂ ਵਿੱਚ ਗੀਤ ਹੁੰਦਾ ਹੈ।

ਆਨੰਦ ਦੀਆਂ ਘੜੀਆਂ ਵਿੱਚ ਤੁਸੀਂ ਜੋ ਵੀ ਕਰੋਗੇ, ਉਸ ਵਿੱਚ ਗੀਤ ਹੋਵੇਗਾ। ਉਸ ਦੇ ਵਿੱਚ ਗੀਤ ਦੀ ਝੰਕਾਰ ਹੋਏਗੀ। ਤੁਹਾਡੇ ਉੱਠਣ-ਬੈਠਣ ਵਿੱਚ ਗੀਤ ਹੋਵੇਗਾ। ਤੁਹਾਡੇ ਤੁਰਨ-ਫਿਰਨ ਵਿੱਚ ਗੀਤ ਹੋਏਗਾ। ਤੁਹਾਡੇ ਸੁਆਸ ਲੈਣ ਵਿੱਚ ਅਤੇ ਛੱਡਣ ਵਿੱਚ ਗੀਤ ਹੋਏਗਾ। ਤੁਹਾਡੇ ਹਿਰਦੇ ਦੀ ਧੜਕਣ ਵਿੱਚ ਨਾਦ ਹੋਏਗਾ। ਜਿਵੇਂ-ਜਿਵੇਂ ਤੁਸੀਂ ਆਨੰਦ ਦੇ ਨੇੜੇ ਪੁੱਜਦੇ ਹੋ, ਉਵੇਂ-ਉਵੇਂ ਹੀ ਤੁਸੀਂ ਗੀਤ ਦੇ ਨੇੜੇ ਪੁੱਜਦੇ ਹੋ। ਨਿਸ਼ਚਿਤ ਹੀ ਗੀਤ ਉਸ ਦਾ ਦੁਆਰ ਹੈ, ਕਿਉਂਕਿ ਅੰਦਰ ਪਰਮਾਨੰਦ ਹੈ।

ਅਜਿਹੀ ਵੀ ਘੜੀ ਆਉਂਦੀ ਹੈ ਜਦ ਗੀਤ ਵੀ ਬੰਦ ਹੋ ਜਾਂਦਾ ਹੈ, ਕਿਉਂਕਿ ਗੀਤ ਵੀ ਦਰਵਾਜ਼ਾ ਹੈ। ਫਿਰ ਜਦ ਤੁਸੀਂ ਦਰਵਾਜ਼ੇ ਦੇ ਅੰਦਰ ਪ੍ਰਵੇਸ਼ ਕਰ ਜਾਂਦੇ ਹੋ, ਤਾਂ ਗੀਤ ਗੁਆਚ ਜਾਂਦਾ ਹੈ। ਕਿਉਂਕਿ ਅਜਿਹੀ ਘੜੀ ਵੀ ਆਉਂਦੀ ਹੈ ਜਦ ਗੀਤ ਵੀ ਰੁਕਾਵਟ ਮਾਲੂਮ ਹੁੰਦਾ ਹੈ। ਤਦ ਉਸ ਦਾ ਹੀ ਗੀਤ ਚਲਦਾ ਹੈ। ਤੁਹਾਡਾ ਗੀਤ ਬਿਲੁਕਲ ਗੁੰਮ ਹੋ ਜਾਂਦਾ ਹੈ। ਤਦ ਤੁਹਾਡੇ ਵਿੱਚ ਅਨੰਤ ਧੁਨੀਆਂ ਗੂੰਜਦੀਆਂ ਹਨ। ਤੁਹਾਡੀ ਆਪਣੀ ਕੋਈ ਧੁਨੀ ਨਹੀਂ ਹੁੰਦੀ। ਤੁਸੀਂ ਸੁੰਨੇ ਘਰ ਵਰਗੇ ਹੋ ਜਾਂਦੇ ਹੋ। ਅਸੀਂ ਮੰਦਰ ਇਸ ਢੰਗ ਨਾਲ ਬਣਾਏ ਸਨ ਕਿ ਉਨ੍ਹਾਂ ਵਿੱਚ ਆਵਾਜ਼ ਗੂੰਜੇ। ਆਵਾਜ਼ ਗੂੰਜਣ ਨੂੰ ਧਿਆਨ ਵਿੱਚ ਰੱਖਿਆ ਸੀ। ਮੰਦਰ ਦੀ ਪੂਰੀ ਸਥਾਪਨਾ ਇਹ ਧਿਆਨ ਵਿੱਚ ਰੱਖ ਕੇ ਕਿ ਉਸ ਵਿੱਚ ਪੂਰੀ ਆਵਾਜ਼ ਗੂੰਜੇ, ਕੀਤੀ ਜਾਂਦੀ ਸੀ। ਉਹ ਇਸ ਖ਼ਬਰ ਨੂੰ ਦੇਣ ਲਈ ਕਿ ਇੱਕ ਤਾਂ ਮੰਦਰ ਖ਼ਾਲੀ ਹੈ, ਉਸ ਵਿੱਚ ਅਸੀਂ ਕੁਝ ਰੱਖਦੇ ਨਹੀਂ। ਉਹ ਖ਼ਾਲੀ ਹੋਣਾ ਹੀ ਚਾਹੀਦਾ। ਕਿਉਂਕਿ ਉਹ ਸਾਡੀ ਆਖ਼ਰੀ ਅਵਸਥਾ ਦਾ ਪ੍ਰਤੀਕ ਹੈ। ਉਥੇ ਅਸੀਂ ਬਿਲਕੁਲ ਖ਼ਾਲੀ ਹੋ ਜਾਵਾਂਗੇ ਅਤੇ ਨਾਦ ਗੂੰਜੇਗਾ। ਮੰਦਰ ਦੇ ਦਰਵਾਜ਼ੇ ਉਤੇ ਹੀ ਅਸੀਂ ਘੰਟਾ ਲਟਕਾ ਕੇ ਰੱਖਿਆ ਸੀ। ਜਿਹੜਾ ਵੀ ਆਏ, ਪਹਿਲਾਂ ਘੰਟੇ ਨੂੰ ਬਜਾਏ, ਕਿਉਂਕਿ ਦਰਵਾਜ਼ੇ ਉਤੇ ਨਾਦ ਹੈ।

ਇਹ ਸਾਰੇ ਪ੍ਰਤੀਕ ਹਨ। ਉਸ ਪਰਮ ਦੁਆਰ ਦੇ, ਬਿਨਾਂ ਘੰਟਾ ਬਜਾਏ ਕੋਈ ਮੰਦਰ ਵਿੱਚ ਪ੍ਰਵੇਸ਼ ਨਾ ਕਰੇ। ਕਿਉਂਕਿ ਨਾਦ ਵਿੱਚ ਹੀ ਪ੍ਰਵੇਸ਼ ਹੈ ਅਤੇ ਘੰਟੇ ਦੀ ਇਹ ਖੂਬੀ ਹੈ ਕਿ ਤੁਸੀਂ ਬਜਾ ਦਿਓ, ਤਾਂ ਵੀ ਉਹ ਗੂੰਜਦਾ ਰਹਿੰਦਾ ਹੈ ਅਤੇ ਜਦ ਤੁਸੀਂ ਪ੍ਰਵੇਸ਼ ਕਰਦੇ ਹੋ ਮੰਦਰ ਦੇ ਦਰਵਾਜ਼ੇ ਵਿਚੋਂ ਤਦ ਵੀ ਘੰਟੇ ਦਾ ਨਾਦ ਗੂੰਜਦਾ ਰਹਿੰਦਾ ਹੈ। ਉਸ ਨਾਦ ਵਿੱਚ ਹੀ ਮੰਦਰ ਵਿੱਚ ਪ੍ਰਵੇਸ਼ ਕਰਨ ਦਾ ਪ੍ਰਬੰਧ ਹੈ। ਬਿਨਾਂ ਬਜਾਏ ਕੋਈ ਪ੍ਰਵੇਸ਼ ਨਾ ਕਰੇ।

ਕਿਉਂਕਿ ਉਵੇਂ ਹੀ ਨਾਦ ਵਿੱਚ, ਤੁਸੀਂ ਪਰਮਾਤਮਾ ਵਿੱਚ ਵੀ ਪ੍ਰਵੇਸ਼ ਕਰੋਗੇ। ਪਰਮਾਤਮਾ ਦਾ ਘਰ ਹੈ। ਇਹ ਮੰਦਰ ਉਸਦਾ ਪ੍ਰਤੀਕ ਘਰ ਹੈ। ਉਥੇ ਤੁਹਾਨੂੰ ਘੰਟਾ ਨਹੀਂ ਬਜਾਉਣਾ ਪਏਗਾ, ਉਥੇ ਨਾਦ ਵਜ ਹੀ ਰਿਹਾ ਹੈ। ਪਰ ਅਸੀਂ ਪ੍ਰਤੀਕ ਵਿੱਚ ਵੀ

ਪ੍ਰਬੰਧ ਕੀਤਾ ਸੀ। ਫਿਰ ਜਦ ਤੁਸੀਂ ਵਾਪਸ ਮੰਦਰ ਤੋਂ ਪਰਤੋ ਦਰਵਾਜ਼ੇ ਉਤੇ, ਫੇਰ ਘੰਟਾ ਵਜਾਉਣਾ। ਗੂੰਜਦੇ ਨਾਦ ਵਿੱਚ ਹੀ ਵਾਪਸ ਮੁੜਣਾ। ਪੂਜਾ ਹੈ, ਪ੍ਰਾਰਥਨਾ ਹੈ, ਉਹ ਘੰਟਾ ਨਾਦ ਨਾਲ ਹੀ ਸ਼ੁਰੂ ਹੁੰਦਾ ਹੈ।

ਨਾਨਕ ਕਹਿੰਦੇ ਹਨ, 'ਅਨੇਕ ਨਾਦ ਵੱਜ ਰਹੇ ਹਨ। ਕਿੰਨੇ ਅਸ਼ੰਖ ਵਜਾਉਣ ਵਾਲੇ ਹਨ।'

ਅਤੇ ਨਾਨਕ ਐਵੇਂ ਹੀ ਨਹੀਂ ਕਹਿ ਰਹੇ ਹਨ ਕਿ ਜਿਵੇਂ ਕਿਤੋਂ ਦੂਰੋਂ ਵਰਨਣ ਕਰ ਰਹੇ ਹੋਣ, ਜਿਵੇਂ ਦਰਵਾਜ਼ੇ ਉਤੇ ਖਲੋਤੇ ਹਨ। ਇਸ ਲਈ ਜਿਹੜੇ ਸ਼ਬਦ ਉਨ੍ਹਾਂ ਨੇ ਉਪਯੋਗ ਕੀਤੇ ਹਨ, ਉਹ ਸਿੱਧੇ ਹਨ।

"ਉਹ ਦੁਆਰ ਕਿਥੇ? ਉਹ ਘਰ ਕਿਹੜਾ? ਜਿੱਥੇ ਤੂੰ ਬੈਠ ਕੇ ਸਭ ਦੀ ਸੰਭਾਲ ਕਰ ਰਿਹਾ ਹੈਂ। ਅਨੇਕ ਨਾਦ ਬੱਜ ਰਹੇ ਹਨ। ਕਿੰਨੇ ਅਸ਼ੰਖ ਵਜਾਉਣ ਵਾਲੇ ਹਨ।"

ਜਿਵੇਂ ਇਹ ਸਭ ਨਾਨਕ ਦੀਆਂ ਅੱਖਾਂ ਦੇ ਸਾਹਮਣੇ ਹੈ। 'ਅਸ਼ੰਖ ਗਾਇਕ ਅਨੰਤ ਰਾਗ-ਰਾਗਨੀਆਂ, ਪਵਨ, ਪਾਣੀ, ਅਗਨੀ ਤੇਰਾ ਜੱਸ ਗਾਉਂਦੇ ਹਨ। ਧਰਮਰਾਜ ਵੀ ਤੇਰੇ ਦਰ 'ਤੇ ਬੈਠਾ ਗਾਉਂਦਾ ਹੈ।

ਥੋੜ੍ਹਾ ਸਮਝੋ, ਕਿਉਂਕਿ ਧਰਮਰਾਜ ਦਾ ਤਾਂ ਕੰਮ ਹੀ ਧਰਮ ਅਤੇ ਅਧਰਮ ਦਾ ਭੇਦ ਕਰਨਾ ਹੈ। ਧਰਮ-ਰਾਜ ਦਾ ਅਰਥ ਹੈ ਨੀਤੀ ਦਾ ਸ਼ਿਖਰ, ਉਹ ਨੀਤੀ ਦੇ ਦੇਵਤਾ ਹਨ। ਕੀ ਸ਼ੁਭ ਹੈ, ਕੀ ਅਸ਼ੁਭ ਹੈ, ਉਸੇ ਦੀ ਹੀ ਬਾਰੀਕ ਭਾਲ ਕਰਨਾ, ਸ਼ੁਭ-ਅਸ਼ੁਭ ਦਾ ਨਿਰਣੈ ਕਰਨਾ ਹੀ ਧਰਮਰਾਜ ਦੀ ਵਿਵਸਥਾ ਹੈ। ਨਾਨਕ ਕਹਿੰਦੇ ਹਨ, ਉਨ੍ਹਾਂ ਨੂੰ ਵੀ ਮੈਂ ਵੇਖ ਰਿਹਾ ਹਾਂ ਕਿ ਉਹ ਵੀ ਤੇਰੇ ਦਰ 'ਤੇ ਬੈਠੇ ਗੀਤ ਗਾ ਰਹੇ ਹਨ।

ਕਿਉਂਕਿ ਧਰਮਰਾਜ ਤੋਂ ਬਹੁਤਾ ਗੰਭੀਰ ਆਦਮੀ ਤਾਂ ਲੱਭਿਆ ਨਹੀਂ ਜਾ ਸਕਦਾ। ਧਰਮ ਰਾਜ ਦਾ ਅਰਥ ਹੀ ਇਹ ਹੈ, ਬਹੁਤ ਗੰਭੀਰ ਹੋਏਗਾ। ਇੰਚ-ਇੰਚ ਸੋਚੇਗਾ ਕਿ ਕੀ ਠੀਕ, ਕੀ ਗ਼ਲਤ, ਕੀ ਕਰਾਂ, ਕੀ ਨਾ ਕਰਾਂ ਕੀ ਕਰਨ ਜੋਗ, ਕੀ ਨਹੀਂ ਕਰਨੇ ਜੋਗ! ਉਨ੍ਹਾਂ ਨੂੰ ਵੀ ਵੇਖਦਾ ਹਾਂ ਕਿ ਉਹ ਵੀ ਮਸਤੀ ਵਿੱਚ ਗੀਤ ਗਾ ਰਹੇ ਹਨ। ਤੇਰੇ ਦਰ 'ਤੇ ਧਰਮਰਾਜ ਵਰਗੇ ਗੀਤ ਗਾ ਰਹੇ ਹਨ।

ਚਿੱਤ੍ਰਗੁਪਤ ਵੀ ਗੀਤ ਗਾ ਰਹੇ ਹਨ, ਜਿਨ੍ਹਾਂ ਦਾ ਸਾਰਾ ਕੰਮ ਹੀ ਪਾਪ-ਪੁੰਨ ਲਿਖਣਾ ਹੈ। ਪਾਪ-ਪੁੰਨ ਦਾ ਜਿਹੜਾ ਹਿਸਾਬ-ਕਿਤਾਬ ਰੱਖਦਾ ਹੈ, ਉਹ ਕੀ ਗੀਤ ਗਾਏਗਾ!

ਅਦਾਲਤ ਵਿੱਚ ਵੇਖਦੇ ਹੋ, ਮੈਜਿਸਟ੍ਰੇਟ ਕਿਵੇਂ ਬੈਠਾ ਹੁੰਦਾ ਹੈ। ਇਹ ਨਿੱਕੇ-ਮੋਟੇ ਚਿੱਤ੍ਰਗੁਪਤ ਹਨ। ਆਕੜ ਕੇ ਬੈਠਾ ਰਹਿੰਦਾ ਹੈ। ਕੱਪੜੇ ਵੀ ਉਸ ਦੇ ਅਸੀਂ ਉਸੇ ਤਰ੍ਹਾਂ

ਦੇ ਬਣਾਉਂਦੇ ਹਾਂ ਕਾਲੇ, ਕਿ ਗੰਭੀਰਤਾ ਦੀ, ਮੌਤ ਦੀ ਖਬਰ ਦੇਣ। ਪੁਰਾਣੀ ਵਿਵਸਥਾ ਤਾਂ ਇਹ ਹੀ ਸੀ ਕਿ ਜੱਜ ਜਦ ਅਦਾਲਤ ਵਿੱਚ ਬੈਠੇ ਤਾਂ ਉਹ ਚਿੱਟੇ ਵਾਲਾਂ ਦਾ ਵਿੱਗ (ਟੋਪਾ) ਪਾਵੇ। ਕਾਲੇ ਕੱਪੜੇ ਚਿੱਟੇ ਵਾਲ, ਉਹ ਵੀ ਵਿੱਗ, ਸਭ ਝੂਠਾ। ਅਤੇ ਚਿਹਰੇ ਉਤੇ ਗੰਭੀਰਤਾ, ਉਹ ਹੱਸੇ ਨਾ। ਅਦਾਲਤ ਵਿੱਚ ਹੱਸਣਾ ਤਾਂ ਅਦਾਲਤ ਦੀ ਬੇਇੱਜ਼ਤੀ। ਕੋਈ ਅਦਾਲਤ ਵਿੱਚ ਹੱਸੇ ਤਾਂ ਸਜ਼ਾ ਦਿੱਤੀ ਜਾ ਸਕਦੀ ਹੈ। ਉਥੇ ਗਾਣਾ ਕਿਹੜਾ। ਗੀਤ ਅਤੇ ਚਿੱਤ੍ਰਗੁਪਤ ਯਾਨੀ ਆਖ਼ਰੀ ਅਦਾਲਤ।

ਨਾਨਕ ਕਹਿੰਦੇ ਹਨ ਕਿ ਵੇਖਦਾ ਹਾਂ, ਕਿ ਚਿੱਤ੍ਰਗੁਪਤ ਵੀ ਗੀਤ ਗਾ ਰਹੇ ਹਨ। ਜਿਵੇਂ ਤੇਰੇ ਦਰ 'ਤੇ ਸਾਰੀ ਗੰਭੀਰਤਾ ਮਿਟ ਗਈ। ਤੇਰਾ ਦਰ ਉਤਸਵ ਦਾ ਦਰ ਹੈ।

ਇਸ ਨੂੰ ਜ਼ਰਾ ਸਮਝ ਲੈਣਾ। ਕਿਉਂਕਿ ਕਿਤੇ ਅਜਿਹਾ ਨਾ ਹੋਵੇ ਕਿ ਜੀਵਨ ਦੇ ਪਾਪ-ਪੁੰਨ ਦਾ ਹਿਸਾਬ ਲਾਉਂਦੇ, ਤੁਸੀਂ ਬਹੁਤ ਗੰਭੀਰ ਹੋ ਜਾਓ। ਜਿਹੜਾ ਗੰਭੀਰ ਹੋਇਆ, ਉਸ ਨੇ ਗੁਆਇਆ। ਜੀਵਨ ਵਿੱਚ ਕੀ ਠੀਕ ਹੈ, ਕੀ ਗ਼ਲਤ ਹੈ, ਇਸੇ ਵਿੱਚ ਉਲਝੇ-ਉਲਝੇ ਤੁਸੀਂ ਸੁੰਗੜ ਨਾ ਜਾਣਾ, ਸੁੱਕ ਨਾ ਜਾਣਾ। ਕਿਉਂਕਿ ਉਸ ਦੇ ਦਰ ਉਤੇ ਸੁੱਕੇ-ਸੜੇ ਜੜ੍ਹ ਹੋ ਗਏ, ਗੰਭੀਰ ਹੋ ਗਏ ਲੋਕਾਂ ਦਾ ਪ੍ਰਵੇਸ਼ ਨਹੀਂ ਹੈ। ਉਥੇ ਤਾਂ ਨੱਚਦੇ ਹੋਏ ਦੀ ਗਤਿ ਹੈ। ਉਥੇ ਤਾਂ ਗੀਤ ਗਾਉਂਦਾ ਹੋਇਆ ਹੀ ਪ੍ਰਵੇਸ਼ ਪਾ ਸਕੇਗਾ। ਇਸ ਲਈ ਅਕਸਰ ਅਜਿਹਾ ਹੋ ਜਾਂਦਾ ਹੈ ਕਿ ਤੁਹਾਡੇ ਤਥਾ- ਕਥਿਤ ਸਾਧੂ ਉਸ ਕੋਲੋਂ ਸਦਾ ਦੂਰ ਰਹਿ ਜਾਂਦੇ ਹਨ, ਕਿਉਂਕਿ ਉਹ ਬਹੁਤ ਹੀ ਗੰਭੀਰ ਹੋ ਗਏ ਹਨ। ਇੱਕ ਗੱਲ ਸਮਝ ਲੈਣਾ, ਗੰਭੀਰਤਾ ਹਮੇਸ਼ਾਂ ਹੰਕਾਰ ਦਾ ਹਿੱਸਾ ਹੈ। ਗੰਭੀਰ ਆਦਮੀ ਬਿਨਾਂ ਹੰਕਾਰ ਤੋਂ ਨਹੀਂ ਹੋ ਸਕੇਗਾ। ਗੰਭੀਰ ਆਦਮੀ ਤਾਂ ਹੰਕਾਰੀ ਹੋਏਗਾ ਹੀ ਅਤੇ ਹੰਕਾਰੀ ਆਦਮੀ ਹੀ ਗੰਭੀਰ ਹੋਏਗਾ, ਆਕੜਿਆ ਹੋਇਆ ਹੋਏਗਾ। ਨਿੱਕੇ ਬੱਚੇ ਵਰਗੀ ਸਰਲਤਾ ਉਥੇ ਨਹੀਂ ਹੋਏਗੀ।

ਅਤੇ ਨਾਨਕ ਦਾ ਤਾਂ ਨਾਉਂ ਹੀ ਨਿਰੰਕਾਰੀ ਸੀ। 'ਨਾਨਕ ਨਿਰੰਕਾਰੀ'। ਉਨ੍ਹਾਂ ਦਾ ਪੂਰਾ ਨਾਉਂ ਹੈ। ਅਤੇ ਮਰਦਾਨਾ ਸਦਾ ਰਬਾਬ ਵਜਾਉਣ ਲਈ ਤਿਆਰ ਹੈ। ਅਤੇ ਨਾਨਕ ਬੋਲਦੇ ਨਹੀਂ, ਗਾਉਂਦੇ ਹਨ। ਤੁਸੀਂ ਕਿੰਨਾ ਹੀ ਗੰਭੀਰ ਸਵਾਲ ਪੁੱਛੋ, ਉਨ੍ਹਾਂ ਦਾ ਤੇ ਜਵਾਬ ਖੁਸ਼ੀ ਹੈ। ਤੁਸੀਂ ਡੂੰਘੀ ਗੱਲ ਪੁੱਛੋ, ਜਵਾਬ ਉਤਸਵ ਹੈ। ਉਹ ਗਾ ਕੇ ਹੀ ਜਵਾਬ ਦਿੰਦੇ ਹਨ। ਮਰਦਾਨਾ ਸਾਜ ਛੇੜ ਦਿੰਦਾ ਹੈ ਅਤੇ ਨਾਨਕ ਗਾਉਣਾ ਸ਼ੁਰੂ ਕਰ ਦਿੰਦੇ ਹਨ। ਕਿਸੇ ਖਾਸ ਕਾਰਣ ਕਰਕੇ ਉਨ੍ਹਾਂ ਨੇ ਇਹ ਵਿਧੀ ਚੁਣੀ, ਕਿਉਂਕਿ ਉਸਦੇ ਦਰਵਾਜ਼ੇ 'ਤੇ ਸਾਜ਼ ਵੱਜ ਰਿਹਾ ਹੈ, ਨਾਦ ਵੱਜ ਰਿਹਾ ਹੈ।

ਉਤਸਵ ਧਾਰਮਿਕ ਆਦਮੀ ਦਾ ਲੱਖਣ ਹੈ, ਪਰ ਤੁਸੀਂ ਆਮ ਤੌਰ 'ਤੇ ਧਾਰਮਿਕ ਆਦਮੀ ਨੂੰ ਵੇਖੋ ਤਾਂ ਤੁਸੀਂ ਉਸ ਨੂੰ ਉਤਸਵ ਤੋਂ ਬਿਲਕੁਲ ਉਲਟ ਦੇਖੋਗੇ। ਤੁਸੀਂ ਉਨ੍ਹਾਂ

ਨੂੰ ਬਿਲਕੁਲ ਆਕੜਿਆ ਹੋਇਆ ਦੇਖੋਗੇ ਅਤੇ ਤੁਸੀਂ ਉਨ੍ਹਾਂ ਦੀਆਂ ਅੱਖਾਂ ਵਿੱਚ ਗੀਤ ਨਹੀਂ ਵੇਖੋਗੇ, ਕਿਉਂਕਿ ਉਨ੍ਹਾਂ ਦੀਆਂ ਅੱਖਾਂ ਵਿੱਚ ਨਿੰਦਾ ਹੈ। ਬੁਰੇ ਅਤੇ ਭਲੇ ਦਾ ਵਿਚਾਰ ਕਰਦੇ-ਕਰਦੇ ਉਹ ਜੜ੍ਹ ਹੋ ਗਏ ਹਨ। ਉਹ ਇਸ ਨੂੰ ਸੋਚ-ਸੋਚ ਕੇ ਮਰੀ ਜਾ ਰਹੇ ਹਨ—ਗੀਤ ਦੀ ਫ਼ੁਰਸਤ ਕਿਸ ਨੂੰ? ਕਿ ਕੀ ਠੀਕ ਹੈ ਅਤੇ ਕੀ ਗ਼ਲਤ? ਇਹ ਖਾਣਾ ਖਾਈਏ ਜਾਂ ਨਾ ਖਾਈਏ? ਏਨੇ ਵਜੇ ਉਠੀਏ ਜਾਂ ਨਾ ਉਠੀਏ? ਇਹ ਕਪੜਾ ਪਾਉਣਾ ਕਿ ਨਹੀਂ ਪਾਉਣਾ? ਉਨ੍ਹਾਂ ਦੇ ਚੌਵੀਂ ਘੰਟੇ ਅਨੁਸ਼ਾਸਨ ਦੀ ਜੜ੍ਹਤਾ ਵਿੱਚ ਜਕੜੇ ਹੋਏ ਹਨ।

ਜ਼ਰੂਰ ਹੀ ਉਤਸਵ ਦਾ ਵੀ ਇੱਕ ਅਨੁਸ਼ਾਸਨ ਹੈ, ਪਰ ਉਹ ਅਨੁਸ਼ਾਸਨ ਉਪਰੋਂ ਦੀ ਥੋਪਿਆ ਹੋਇਆ ਨਹੀਂ ਹੈ। ਉਤਸਵ ਦਾ ਵੀ ਇੱਕ ਅਨੁਸ਼ਾਸਨ ਹੈ, ਪਰ ਉਹ ਅੰਦਰੋਂ ਜਨਮਦਾ ਹੈ। ਉਹ ਇੱਕ **Inner-discipline** ਹੈ। ਉਦਾਸੀ ਦਾ ਵੀ ਇੱਕ ਅਨੁਸ਼ਾਸਨ ਹੈ। ਜਿਹੜਾ ਉਪਰੋਂ ਦੀ ਥੋਪਿਆ ਜਾਂਦਾ ਹੈ। ਅੰਦਰ ਕੁਝ ਵੀ ਹੋਵੇ, ਪਰ ਚਿਹਰੇ ਨੂੰ ਤੁਸੀਂ ਗੰਭੀਰ ਕਰਕੇ ਬੈਠ ਜਾਂਦੇ ਹੋ। ਸ਼ਰੀਰ ਨੂੰ ਤੁਸੀਂ ਮੁਰਦਾ ਕਰ ਲੈਂਦੇ ਹੋ। ਇਹ ਧਾਰਮਿਕ ਆਦਮੀ ਦੇ ਲੱਖਣ ਨਹੀਂ ਹਨ। ਸੱਚ ਤਾਂ ਇਹ ਹੈ ਕਿ ਇਹ ਬਹੁਤ ਭੈਅ-ਭੀਤ ਆਦਮੀ ਦੇ ਲੱਖਣ ਹਨ। ਇਹ ਆਦਮੀ ਏਨਾ ਡਰਿਆ ਹੋਇਆ ਹੈ ਕਿ ਹੱਸ ਵੀ ਨਹੀਂ ਸਕਦਾ। ਕਿਉਂਕਿ ਹਸਿਆ ਤਾਂ ਇਸ ਨੂੰ ਡਰ ਹੈ ਕਿ ਇਹ ਕਿਸੇ ਪਾਪ ਵਿੱਚ ਉਤਰ ਜਾਏਗਾ। ਹਾਸਾ ਪਾਪ ਹੋ ਗਿਆ ਅਤੇ ਉਦਾਸੀ ਅਤੇ ਲੰਮੇ ਚਿਹਰੇ ਪੁੰਨ ਦੇ ਪ੍ਰਤੀਕ ਹੋ ਗਏ।

ਨਾਨਕ ਦੀ ਵਿਧੀ ਵਿੱਚ ਉਤਸਵ ਹੈ, ਸੰਗੀਤ ਹੈ ਅਤੇ ਇਸੇ ਉਤਸਵ ਦੇ ਸੂਤਰ ਨੂੰ ਫੜ ਕੇ ਉਸਦੇ ਦੁਆਰ ਉਤੇ ਕੋਈ ਪ੍ਰਵੇਸ਼ ਕਰ ਸਕਦਾ ਹੈ।

ਕਹਿੰਦੇ ਹਨ, 'ਸਮਾਧੀ ਵਿੱਚ ਬਹਿ ਕੇ ਸਿੱਧ ਅਤੇ ਧਿਆਨ ਵਿੱਚ ਬੈਠ ਕੇ ਸਾਧੂ ਗਾ ਰਹੇ ਹਨ। ਜਤੀ, ਸਤੀ, ਸੰਤੋਖੀ, ਮਹਾਨ ਸੂਰਵੀਰ ਗਾ ਰਹੇ ਹਨ। ਪੰਡਿਤ, ਵਿੱਦਵਾਨ, ਰਿਸ਼ੀ-ਮੁਨੀ ਅਤੇ ਉਨ੍ਹਾਂ ਦੇ ਵੇਦ ਜੁਗਾਂ-ਜੁਗਾਂ ਤੋਂ ਤੈਨੂੰ ਹੀ ਗਾਉਂਦੇ ਹਨ। ਮਨ ਨੂੰ ਮੋਹਣ ਵਾਲੀਆਂ ਸਵਰਗ ਦੀਆਂ ਅਪਸਰਾਵਾਂ ਤੇਰਾ ਗੁਣਗਾਨ ਕਰਦੀਆਂ ਹਨ ਅਤੇ ਪਾਤਾਲ ਦੀਆਂ ਮਛਲੀਆਂ ਵੀ ਤੇਰੇ ਹੀ ਗੀਤ ਗਾਉਂਦੀਆਂ ਹਨ। ਸਵਰਗ ਤੋਂ ਲੈ ਕੇ ਪਤਾਲ ਤੱਕ ਤੇਰੇ ਗੀਤ ਤੋਂ ਇਲਾਵਾ ਹੋਰ ਕੋਈ ਧੁਨ ਨਹੀਂ ਹੈ। ਤੇਰੇ ਉਤਪੰਨ (ਪੈਦਾ) ਕੀਤੇ ਚੌਦਾਂ ਰਤਨ ਗਾਉਂਦੇ ਹਨ, ਅਠਸਠ ਤੀਰਥ ਗਾਉਂਦੇ ਹਨ, ਯੋਧਾ, ਸੂਰਵੀਰ, ਮਹਾਂਬਲੀ ਗਾਉਂਦੇ ਹਨ। ਚਾਰ ਯੋਨੀਆਂ ਦੇ ਜੀਵ ਗਾਉਂਦੇ ਹਨ। ਜਿਹੜੇ ਤੇਰੇ ਰਾਹੀਂ ਪੈਦਾ ਕੀਤੇ ਅਤੇ ਧਾਰਨ ਕੀਤੇ ਗਏ ਹਨ। ਉਹ ਖੰਡ, ਮੰਡਲ, ਬ੍ਰਹਮੰਡ ਤੇਰਾ ਹੀ ਗੀਤ ਗਾਉਂਦੇ ਹਨ। ਜਿਹੜੇ ਤੈਨੂੰ ਭਾਉਂਦੇ ਹਨ ਅਤੇ ਤੇਰੇ ਵਿੱਚ ਅਨੁਰਕਤ (ਰੰਗੇ

ਹੋਏ) ਹਨ। ਉਹੋ ਜਿਹੇ ਰਸ ਵਾਲੇ ਭਗਤ ਤੇਰਾ ਜੱਸ ਗਾਣ ਕਰਦੇ ਹਨ।

ਨਾਨਕ ਕਹਿੰਦੇ ਥੱਕਦੇ ਨਹੀਂ ਕਿ ਤੇਰਾ ਗੀਤ ਸਮਸਤ ਵਿੱਚ ਚੱਲ ਰਿਹਾ ਹੈ। ਸਾਰਿਆਂ ਪਾਸਿਆਂ ਤੋਂ, ਕੁਦਰਤ ਇੱਕ **celebration** ਹੈ, ਇੱਕ ਉਤਸਵ ਹੈ। ਪਰਮਾਤਮਾ ਹੱਸ ਰਿਹਾ ਹੈ, ਰੋ ਨਹੀਂ ਰਿਹਾ ਹੈ। ਰੋਂਦੀਆਂ ਸੂਰਤਾਂ ਉਸ ਨੂੰ ਭਾਉਂਦੀਆਂ ਹੀ ਨਹੀਂ। ਉਦਾਸੀ ਦਾ ਅਸਤਿਤਵ ਤੋਂ ਕੀ ਲੈਣਾ-ਦੇਣਾ? ਉਦਾਸ ਹੋਣ ਦਾ ਅਰਥ ਹੀ ਇਹ ਹੈ ਕਿ ਤੁਸੀਂ ਕੁਦਰਤ ਨਾਲੋਂ ਕਿਤੇ ਟੁੱਟ ਗਏ ਹੋ। ਕਿਤੇ ਪਰਮਾਤਮਾ ਤੋਂ ਉਲਟ ਹੋ ਗਏ।

ਜਦ ਤੁਹਾਡੇ ਜੀਵਨ ਵਿੱਚ ਉਦਾਸੀ ਛਾ ਜਾਵੇ, ਤਾਂ ਜਾਨਣਾ ਕਿ ਤੁਸੀਂ ਕੋਈ ਕਦਮ ਗ਼ਲਤ ਚੁੱਕਿਆ। ਜਦ ਤੁਸੀਂ ਦੁੱਖ ਨਾਲ ਭਰ ਜਾਓ ਤਾਂ ਜਾਨਣਾ ਕਿ ਤੁਸੀਂ ਕਿਤੇ ਭਟਕ ਗਏ। ਦੁੱਖ ਤਾਂ ਕੇਵਲ ਖ਼ਬਰ ਦੇਣ ਵਾਲਾ ਹੈ। ਦੁੱਖ ਨੂੰ ਤੁਸੀਂ ਜੀਵਨ ਦੀ ਵਿਧੀ ਨਾ ਬਣਾ ਲੈਣਾ। ਦੁੱਖ ਨੂੰ ਜੀਵਨ ਦਾ ਢੰਗ ਨਾ ਬਣਾ ਲੈਣਾ। ਆਤਮ-ਪੀੜਕ (ਆਤਮਾ ਨੂੰ ਦੁਖੀ ਕਰਨਾ) ਨਾ ਬਣ ਜਾਣਾ। ਕਿਉਂਕਿ ਆਤਮ-ਪੀੜਕ ਹੋਣਾ ਤਾਂ ਇੱਕ ਰੋਗ ਹੈ। ਮਨੋਵਿਗਿਆਨਕ ਉਸ ਨੂੰ ਇੱਕ ਖ਼ਾਸ ਨਾਂ ਦਿੰਦੇ ਹਨ, ਉਹ ਕਹਿੰਦੇ ਹਨ 'ਸੈਸੋਚਿਸਮ'। ਇਹੋ ਜਿਹੇ ਲੋਕ ਹਨ, ਜਿਹੜੇ ਖ਼ੁਦ ਨੂੰ ਦੁੱਖ ਦੇਣ ਦੇ ਰੋਗ ਨਾਲ ਦੁਖੀ ਹਨ।

ਸੈਸੋਚ ਇੱਕ ਲੇਖਕ ਹੋਇਆ ਹੈ, ਜਿਸ ਦੇ ਨਾਂ ਤੇ ਸੈਸੋਚਿਸਮ ਰੋਗ ਪੈਦਾ ਹੋਇਆ। ਸੈਸੋਚ ਆਪ ਨੂੰ ਹੀ ਮਾਰਦਾ ਸੀ। ਕੋੜਿਆਂ ਨਾਲ ਮਾਰਦਾ ਸੀ। ਕੰਡੇ ਚੁਭਾਉਂਦਾ ਸੀ, ਲਹੂ ਕੱਢ ਲੈਂਦਾ ਸੀ। ਸੈਸੋਚ ਨੇ ਆਪਣੇ ਹੱਥਾਂ, ਪੈਰਾਂ ਵਿੱਚ ਜ਼ਖਮ ਕੀਤੇ ਹੋਏ ਸਨ। ਆਪਣੇ ਬੂਟਾਂ ਵਿੱਚ ਅੰਦਰਲੇ ਪਾਸੇ ਕਿੱਲ ਲਾ ਰੱਖੇ ਸਨ। ਉਹ ਟੁਰਦੇ ਤਾਂ ਜ਼ਖਮਾਂ ਵਿੱਚ ਚੁੱਭਦੇ ਰਹਿੰਦੇ।

ਇਹੋ ਜਿਹੇ ਸੈਸੋਚਿਸਟ ਤੁਹਾਨੂੰ ਹਰ ਥਾਂ 'ਤੇ ਮਿਲਣਗੇ। ਕਾਸ਼ੀ ਵਿੱਚ ਤੁਸੀਂ ਉਨ੍ਹਾਂ ਨੂੰ ਕੰਡਿਆਂ ਉਤੇ ਲੇਟਿਆ ਹੋਇਆ ਪਾਓਗੇ। ਇਹ ਆਤਮਪੀੜਕ ਹਨ। ਇਹ ਬੀਮਾਰ ਹਨ। ਤੁਸੀਂ ਇਨ੍ਹਾਂ ਨੂੰ ਵਰਤ ਕਰਦੇ ਹੋਏ, ਸੜਦੇ-ਗਲਦੇ ਪਾਓਗੇ। ਥਾਂ-ਥਾਂ ਤੇ ਮੱਠਾਂ ਵਿੱਚ, ਮੰਦਰਾਂ ਵਿੱਚ ਇਸ ਤਰ੍ਹਾਂ ਦੇ ਰੋਗੀ ਲੋਕ ਬੈਠੇ ਹੋਏ ਹਨ ਅਤੇ ਲੋਕ ਉਨ੍ਹਾਂ ਦੀ ਪੂਜਾ ਵੀ ਕਰਨਗੇ।

ਕਿਉਂ? ਕਿਉਂਕਿ ਇੱਕ ਦੂਜੀ ਬੀਮਾਰੀ ਹੈ। ਜਿਸ ਨੂੰ ਮਨੋਵਿਗਿਆਨਕ ਸੈਡਇਜ਼ਮ (**Sadism**) ਕਹਿੰਦੇ ਹਨ। ਦੂਜੇ ਨੂੰ ਦੁੱਖ ਵਿੱਚ ਵੇਖਣ ਵਿੱਚ ਕੁਝ ਲੋਕਾਂ ਨੂੰ ਰਸ ਆਉਂਦਾ ਹੈ। ਇਨ੍ਹਾਂ ਦੋਹਾਂ ਦਾ ਬਹੁਤ ਜੋੜ ਬਹਿ ਜਾਂਦਾ ਹੈ। ਦੁੱਖ ਦੇਣ ਵਾਲੇ ਲੋਕ ਹਨ ਅਤੇ ਦੂਜੇ ਨੂੰ ਦੁੱਖ ਮਿਲੇ ਇਸ ਵਿੱਚ ਰਸ ਲੈਣ ਵਾਲੇ ਲੋਕ ਹਨ। ਉਹ ਤੁਸੀਂ

ਧਿਆਨ ਰੱਖਣਾ, ਜਦ ਤੁਸੀਂ ਕਿਸੇ ਦੁਖੀ, ਉਦਾਸ ਅਤੇ ਆਪਣੇ ਨੂੰ ਸਤਾਉਣ ਵਾਲੇ ਆਦਮੀ ਨੂੰ ਆਦਰ ਦਿੰਦੇ ਹੋ, ਤਾਂ ਤੁਸੀਂ ਵੀ ਬੀਮਾਰ ਹੋ। ਉਹ ਬੀਮਾਰ ਹੈ ਇੱਕ ਬੀਮਾਰੀ ਨਾਲ; ਅਤੇ ਤੁਹਾਡੀ ਬੀਮਾਰੀ ਦੂਜੀ ਬੀਮਾਰੀ ਹੈ। ਪਰ ਦੋਵੇਂ ਬੀਮਾਰੀਆਂ ਇੱਕ ਦੂਜੇ ਨਾਲ ਮੇਲ ਖਾਂਦੀਆਂ ਹਨ। ਇਸ ਲਈ ਤੁਸੀਂ ਇਨ੍ਹਾਂ ਦੁਸ਼ਟਾਂ ਕੋਲ, ਜਿਹੜੇ ਆਪਣੇ ਆਪ ਨੂੰ ਸਤਾ ਰਹੇ ਹਨ, ਦੂਜੇ ਤਰ੍ਹਾਂ ਦੇ ਦੁਸ਼ਟਾਂ ਦੀ ਜਮਾਤ ਪਾਓਗੇ ਜਿਹੜੇ ਇਨ੍ਹਾਂ ਨੂੰ ਸਤਾਉਣ ਵਿੱਚ ਮਜ਼ਾ ਲੈ ਰਹੇ ਹਨ। ਉਹ ਕਹਿਣਗੇ, 'ਆਹ! ਕਿਹੋ ਜਿਹੀ ਤਪੱਸਿਆ ਹੈ। ਧੰਨ, ਕਿ ਤੁਸੀਂ ਕੰਡਿਆਂ ਉਤੇ ਲੰਮੇ ਪਏ ਹੋ ਅਤੇ ਇਸ ਤਰ੍ਹਾਂ ਉਹ ਉਨ੍ਹਾਂ ਦੇ ਹੰਕਾਰ ਨੂੰ ਫੁਸਲਾ ਰਹੇ ਹਨ। ਉਨ੍ਹਾਂ ਨੂੰ ਸਹਾਰਾ ਦੇ ਰਹੇ ਹਨ।

ਧਿਆਨ ਰੱਖਣਾ, ਕਦੇ ਕਿਸੇ ਆਦਮੀ ਨੂੰ ਦੁੱਖ ਵਿੱਚ ਦੇਖ ਕੇ ਕੋਈ ਸਹਾਰਾ ਨਾ ਦੇਣਾ। ਕਿਉਂਕਿ ਦੂਜੇ ਨੂੰ ਦੁੱਖ ਵਿੱਚ ਸਹਾਰਾ ਦੇਣਾ ਪਾਪ ਹੈ। ਉਹ ਦੂਜੇ ਨੂੰ ਦੁੱਖ ਦੇਣ ਦੇ ਬਰਾਬਰ ਹੈ। ਉਹ ਬਹੁਤ ਮਹੀਨ ਤਰਕੀਬ ਹੈ। ਮੈਂ ਤੁਹਾਡੀ ਛਾਤੀ ਵਿੱਚ ਛੁਰਾ ਖੋਭਣਾ ਲਵੋ ਤਾਂ ਮੈਂ ਕਹਿੰਦਾ ਹਾਂ ਵੱਡੀ ਕੁਰਬਾਨੀ ਕੀਤੀ; ਤੁਸੀਂ ਸ਼ਹੀਦ ਹੋ ਗਏ। ਇਹ ਵੀ ਪਾਪ ਹੈ। ਕਿਉਂਕਿ ਮੈਂ ਵੀ ਉਸ ਵਿੱਚ ਹਿੱਸੇਦਾਰ ਹਾਂ। ਜਿਹੜਾ ਆਦਮੀ ਕੰਡਿਆਂ 'ਤੇ ਲੰਮਾ ਪਿਆ ਹੋਇਆ ਹੈ, ਉਹ ਖ਼ੁਦ ਤਾਂ ਹਿੱਸੇਦਾਰ ਹੈ, ਉਹ ਸਾਰੇ ਲੋਕ ਵੀ, ਜਿਹੜੇ ਉਸ ਦੇ ਪੈਰਾਂ ਵਿੱਚ ਪੈਸੇ ਚੜ੍ਹਾ ਜਾਂਦੇ ਹਨ ਅਤੇ ਫੁੱਲ ਰੱਖ ਜਾਂਦੇ ਹਨ, ਉਹ ਵੀ ਪਾਪ ਦੇ ਹਿੱਸੇਦਾਰ ਹਨ। ਕਿਉਂਕਿ ਉਹ ਸਾਰੇ ਉਸ ਆਦਮੀ ਨੂੰ ਸਹਾਰਾ ਦੇ ਰਹੇ ਹਨ, ਕਿ ਤੂੰ ਪਿਆ ਰਹਿ। ਉਹ ਕਹਿ ਰਹੇ ਹਨ ਕਿ ਤੂੰ ਵੱਡਾ ਮਹਾਤਮਾ ਹੈ।

ਜਗਤ ਵਿੱਚ ਦੋ ਤਰ੍ਹਾਂ ਦੇ ਰੋਗੀ ਲੋਕ ਹਨ। ਆਪਣੇ ਆਪ ਨੂੰ ਸਤਾਉਣ ਵਾਲੇ ਅਤੇ ਦੂਜਿਆਂ ਨੂੰ ਸਤਾਉਣ ਵਾਲੇ। ਇਹ ਦੋਵੇਂ ਹੀ ਚਿੱਤ ਦੀਆਂ ਬੀਮਾਰ ਵਿਗੜੀਆ ਹੋਈਆ ਹਾਲਤਾਂ ਹਨ। ਇਨ੍ਹਾਂ ਤੋਂ ਸਾਵਧਾਨ ਰਹਿਣਾ।

ਤੰਦਰੁਸਤ ਆਦਮੀ ਨਾ ਤਾਂ ਦੂਜੇ ਨੂੰ ਸਤਾਉਂਦਾ ਹੈ ਅਤੇ ਨਾ ਆਪਣੇ ਆਪ ਨੂੰ ਸਤਾਉਂਦਾ ਹੈ। ਤੰਦਰੁਸਤ ਆਦਮੀ ਸਤਾਉਂਦਾ ਹੀ ਨਹੀਂ। ਜਿਵੇਂ-ਜਿਵੇਂ ਤੰਦਰੁਸਤ ਹੁੰਦਾ ਹੈ, ਤਿਵੇਂ-ਤਿਵੇਂ ਆਨੰਦ ਵਿੱਚ ਹੁੰਦਾ ਹੈ। ਉਹ ਆਪਣਾ ਆਨੰਦ ਵੰਡਦਾ ਹੈ ਅਤੇ ਉਸਦਾ ਆਦਰ ਹਮੇਸ਼ਾਂ ਆਨੰਦ ਲਈ ਹੋਏਗਾ। ਜਦ ਤੁਸੀਂ ਕਿਸੇ ਆਦਮੀ ਨੂੰ ਨੱਚਦਿਆਂ ਵੇਖੋ, ਤਦ ਉਸ ਦੇ ਪੈਰਾਂ ਵਿੱਚ ਫੁੱਲ ਚੜ੍ਹਾ ਆਉਣਾ। ਪਰ ਇਹ ਤੁਸੀਂ ਕਦੇ ਨਹੀਂ ਕੀਤਾ ਹੈ। ਨਹੀਂ ਤਾਂ ਦੁਨੀਆਂ ਦੇ ਆਸ਼ਰਮ ਅਲੱਗ ਹੀ ਹੁੰਦੇ, ਮੱਠ ਅਲੱਗ ਹੁੰਦੇ। ਉਥੇ ਉਤਸਵ ਹੁੰਦਾ। ਉਥੇ ਗੀਤ ਹੁੰਦੇ, ਉਥੇ ਨਾਚ ਹੁੰਦਾ।

ਪਰ ਉਥੇ ਰੋਗੀ ਅਤੇ ਬੀਮਾਰ ਆਦਮੀ ਭਰੇ ਹਨ, ਜਿਨ੍ਹਾਂ ਨੂੰ ਪਾਗਲਖ਼ਾਨੇ ਵਿੱਚ ਹੋਣਾ ਚਾਹੀਦਾ ਹੈ ਅਤੇ ਜਿਨ੍ਹਾਂ ਨੂੰ ਮਾਨਸਿਕ ਇਲਾਜ ਦੀ ਜ਼ਰੂਰਤ ਹੈ, ਉਹ ਭਰੇ ਹੋਏ

ਹਨ। ਤੁਹਾਡੇ ਕਾਰਣ। ਕਿਉਂਕਿ ਤੁਸੀਂ ਉਨ੍ਹਾਂ ਨੂੰ ਆਦਰ ਦਿੱਤਾ ਹੈ, ਉਨ੍ਹਾਂ ਦੇ ਹੰਕਾਰ ਨੂੰ ਫੁਸਲਾਇਆ, ਵੱਡਾ ਕੀਤਾ। ਤੁਸੀਂ ਕਦੇ ਖੁਸ਼ ਆਦਮੀ ਨੂੰ ਆਦਰ ਦਿੱਤਾ ਹੈ।

ਕੱਲ੍ਹ ਹੀ ਇੱਕ ਸੰਨਿਆਸਨ ਨੇ ਸ਼ਾਮ ਨੂੰ ਆ ਕੇ ਮੈਨੂੰ ਕਿਹਾ ਕਿ ਇੱਕ ਬੜੀ ਹੈਰਾਨੀ ਦੀ ਘਟਨਾ ਵਾਪਰ ਰਹੀ ਹੈ। ਉਹ ਇਹ, ਜਿਵੇਂ-ਜਿਵੇਂ ਧਿਆਨ ਗਹਿਰਾ ਹੋ ਰਿਹਾ ਹੈ, ਬਹੁਤ ਆਨੰਦ ਅਨੁਭਵ ਕਰਦੀ ਹਾਂ, ਪਰ ਆਨੰਦ ਦੇ ਅਨੁਭਵ ਦੇ ਨਾਲ ਅਜਿਹਾ ਲੱਗਦਾ ਹੈ ਕਿ ਕੋਈ ਗ਼ਲਤੀ ਹੋ ਰਹੀ ਹੈ, ਅਪਰਾਧ ਹੋ ਰਿਹਾ ਹੈ। ਜਿਵੇਂ ਕੁਝ ਗ਼ਲਤ ਰਾਹ ਉਤੇ ਜਾ ਰਹੀ ਹਾਂ। ਆਨੰਦ ਦੇ ਭਾਵ ਨਾਲ ਅਜਿਹਾ ਪ੍ਰਤੀਤ ਹੁੰਦਾ ਹੈ।

ਅਜਿਹਾ ਸਾਰਿਆਂ ਨੂੰ ਹੋਏਗਾ। ਕਿਉਂਕਿ ਬਚਪਨ ਤੋਂ ਹੀ ਤੁਹਾਨੂੰ ਦੁਖੀ ਹੋਣ ਲਈ ਤਿਆਰ ਕੀਤਾ ਗਿਆ, ਆਨੰਦਿਤ ਹੋਣ ਲਈ ਨਹੀਂ। ਬੱਚਾ ਜੇਕਰ ਇੱਕ ਕੋਣੇ ਵਿੱਚ ਉਦਾਸ ਬੈਠਾ ਹੈ ਤਾਂ ਮਾਂ-ਪਿਓ ਕਹਿਣਗੇ, ਬਿਲਕੁਲ ਠੀਕ! ਰਾਜਾ ਬੇਟਾ ਅਤੇ ਬੱਚਾ ਜੇਕਰ ਨੱਚ ਰਿਹਾ ਹੈ, ਪ੍ਰਫੁਲਿਤ ਹੋ ਰਿਹਾ ਹੈ, ਤਾਂ ਸਾਰਾ ਘਰ ਉਸ ਦਾ ਦੁਸ਼ਮਣ ਹੈ। ਚੁੱਪ ਰਹਿ, ਸ਼ਾਂਤ ਬੈਠ, ਇਹ ਕੀ ਕਰ ਰਿਹਾ ਹੈਂ? ਬੰਦ ਕਰ ਇਹ ਆਵਾਜ਼। ਜਦ ਵੀ ਬੱਚਾ ਆਨੰਦਿਤ ਹੈ, ਤਦ ਕੋਈ ਨਾ ਕੋਈ ਕਹਿਣ ਵਾਲਾ ਮਿਲ ਜਾਂਦਾ ਹੈ ਕਿ ਬੰਦ ਕਰ, ਇਹ ਗ਼ਲਤ ਹੈ ਅਤੇ ਅੱਖਾਂ ਹੋਰ ਵੀ ਬਹੁਤਾ ਕਹਿੰਦੀਆਂ ਹਨ, ਜੋ ਕਿ ਸ਼ਬਦ ਨਹੀਂ ਕਹਿ ਸਕਦੇ। ਹਰ ਥਾਂ 'ਤੇ ਬੱਚਾ ਪਾਉਂਦਾ ਹੈ ਕਿ ਜਦ ਵੀ ਉਹ ਖੁਸ਼ ਹੁੰਦਾ ਹੈ, ਤਦ ਹੀ ਕਿਤੇ ਕੋਈ ਗ਼ਲਤੀ ਹੋ ਜਾਂਦੀ ਹੈ। ਜਦ ਉਦਾਸ ਹੁੰਦਾ ਹੈ, ਤਦ ਬਿਲਕੁਲ ਸਭ ਠੀਕ ਚਲਦਾ ਹੈ। ਹੌਲੀ-ਹੌਲੀ ਇਹ ਗੱਲ ਅਚੇਤਨ ਵਿੱਚ ਬਹਿ ਜਾਂਦੀ ਹੈ ਕਿ ਖੁਸ਼ ਹੋਣਾ ਕੁਝ ਭੁੱਲ ਹੈ। ਦੁਖੀ ਹੋਣ ਵਿੱਚ ਕੁਝ ਵੱਡਾ ਗੁਣ-ਗੌਰਵ ਹੈ।

ਸੋ ਜਦ ਧਿਆਨ ਵਿੱਚ ਕੋਈ ਡੂੰਘਾ ਉਤਰਦਾ ਹੈ ਤਾਂ ਪ੍ਰਸੰਨਤਾ ਅਤੇ ਗੀਤ ਪਰਮਾਤਮਾ ਦੇ ਦੁਆਰ ਵੱਲ ਵਧਿਆ ਕਿ ਉਤਸਵ ਨੇੜੇ ਆਉਂਦਾ ਹੈ। ਜਿਵੇਂ ਉਤਸਵ ਕੋਲ ਆਉਂਦਾ ਹੈ, ਸਦਾ ਦੀਆਂ ਦਬੀਆਂ ਹੋਈਆਂ ਬ੍ਰਿਤੀਆਂ ਦੂਜਿਆਂ ਦੀਆਂ ਅੱਖਾਂ, ਅਤੇ ਨਿੰਦਾ, ਅਤੇ ਹੋਰ ਨਿੰਦਾ ਦਾ ਭਾਵ ਵਿਚਾਲੇ ਖੜ੍ਹਾ ਹੋ ਜਾਂਦਾ ਹੈ। ਉਹ ਕਹਿੰਦਾ ਹੈ, ਆਨੰਦ ਮਾਣ ਰਿਹਾ ਹੈ? ਉਹ ਹਜ਼ਾਰ ਤਰ੍ਹਾਂ ਦੀ ਤਰਕੀਬ ਲੱਭਦਾ ਹੈ। ਉਹ ਦਮਨ ਦਾ ਭਾਵ ਹੈ।

ਇੱਕ ਮਿੱਤਰ ਨੇ ਮੈਨੂੰ ਆ ਕੇ ਕਿਹਾ ਕਿ ਧਿਆਨ ਤਾਂ ਠੀਕ ਲੱਗ ਰਿਹਾ ਹੈ। ਪਰ ਇੱਕ ਖਿਆਲ ਆਉਂਦਾ ਹੈ ਕਿ ਜਦ ਸਾਰੀ ਦੁਨੀਆਂ ਦੁਖੀ ਹੈ ਤਾਂ ਆਪਣੇ ਆਪ ਨੂੰ ਆਨੰਦਿਤ ਕਰਨਾ ਕੀ ਸੁਆਰਥ ਨਹੀਂ?

ਹੁਣ ਉਨ੍ਹਾਂ ਨੇ ਵੱਡੀ ਬੌਧਿਕ ਤਰਕੀਬ ਲੱਭੀ। ਉਹ ਆਪਣੇ ਆਨੰਦ ਤੋਂ ਭੈਅ-ਭੀਤ ਹਨ। ਛੇ ਮਹੀਨੇ ਪਹਿਲਾਂ ਆਏ ਸਨ, ਤਦ ਉਹ ਇਹ ਹੀ ਕਹਿੰਦੇ ਆਏ ਸਨ ਕਿ ਮੈਂ

ਦੁਖੀ ਹਾਂ, ਕਿਸੇ ਤਰ੍ਹਾਂ ਆਨੰਦ ਚਾਹੀਦਾ। ਤਦ ਉਨ੍ਹਾਂ ਨੂੰ ਦੁਨੀਆਂ ਨਾਲ ਮਤਲਬ ਨਹੀਂ ਸੀ। ਹੁਣ ਜਦ ਆਨੰਦ ਦੇ ਨੇੜੇ ਆਉਣ ਲੱਗੇ ਅਤੇ ਪਹਿਲਾ ਸੁਰਾਖ ਖੁੱਲਿਆ ਅਤੇ ਪਹਿਲੀ ਧੁਨ ਵਜਣ ਲੱਗੀ, ਤਦ ਉਹ ਭੈਅ-ਭੀਤ ਹੋ ਗਏ। ਉਨ੍ਹਾਂ ਨੇ ਛੇਤੀ ਨਾਲ ਆਪਣੇ ਮਨ ਨੂੰ ਬੰਦ ਕਰ ਲਿਆ। ਮੈਨੂੰ ਕਹਿਣ ਲੱਗੇ ਕਿ ਮੈਂ ਤਾਂ ਧਿਆਨ ਵਗੈਰਾ ਬੰਦ ਕਰ ਦਿੱਤਾ ਹੈ, ਕਿਉਂਕਿ ਇਹ ਤਾਂ ਬਹੁਤ ਸੁਆਰਥ ਮਾਲੂਮ ਹੁੰਦਾ ਹੈ। ਤਾਂ ਮੈਂ ਕਿਹਾ ਖੂਬ ਦੁਖੀ ਹੋਵੋ। ਉਸਦੇ ਨਾਲ ਬਹੁਤ ਸੇਵਾ ਹੋਏਗੀ, ਰੋਵੋ, ਛਾਤੀ ਕੁੱਟੋ, ਆਪਣੇ ਆਪ ਸਤਾਓ, ਆਤਮ- ਹੱਤਿਆ ਕਰ ਲਓ, ਉਸ ਦੇ ਨਾਲ ਜਗਤ ਦਾ ਬਹੁਤ ਭਲਾ ਹੋਵੇਗਾ।

ਤੁਹਾਡੇ ਦੁਖੀ ਹੋਣ ਨਾਲ ਕਿਵੇਂ ਦੂਜੇ ਦਾ ਭਲਾ ਹੋਏਗਾ? ਤੁਹਾਡੇ ਦੁਖੀ ਹੋਣ ਨਾਲ ਦੂਜੇ ਦਾ ਦੁੱਖ ਵਧੇਗਾ। ਤੁਸੀਂ ਦੁਖੀ ਹੋ ਤਾਂ ਤੁਸੀਂ ਇਸ ਜਗਤ ਦੀ ਮਿਕਦਾਰ ਵਧਾ ਰਹੇ ਹੋ। ਤੁਸੀਂ ਜੇਕਰ ਸੁਖੀ ਹੋ ਤਾਂ ਤੁਸੀਂ ਇਸ ਜਗਤ ਦੇ ਦੁੱਖ ਦੀ ਮਾਤ੍ਰਾ ਘੱਟ ਕਰ ਰਹੇ ਹੋ। ਅਤੇ ਇੱਕ ਵੀ ਆਦਮੀ ਜੇਕਰ ਸੁਖੀ ਹੋਵੇ ਤਾਂ ਉਸ ਕੋਲੋਂ ਇਹੋ ਜਿਹੀਆਂ ਤਰੰਗਾਂ ਪੈਦਾ ਹੋਣੀਆਂ ਸ਼ੁਰੂ ਹੋ ਜਾਂਦੀਆਂ ਹਨ, ਜਿਹੜੀਆਂ ਦੂਜੇ ਨੂੰ ਵੀ ਸੁਖੀ ਹੋਣ ਵਿੱਚ ਤਾਕਤ ਬਖਸ਼ਦੀਆਂ ਹਨ।

ਇੱਕ ਘਰ ਵਿੱਚ ਵੀ ਦੀਵਾ ਬਲਦਾ ਹੋਵੇ, ਤਾਂ ਇੱਕ ਤਾਂ, ਗੁਆਂਢੀਆਂ ਨੂੰ ਆਪਣੇ ਹਨੇਰੇ ਦਾ ਪਤਾ ਲੱਗਦਾ ਹੈ। ਅਤੇ ਜਦ ਇੱਕ ਦੀਵਾ ਬਲ ਰਿਹਾ ਹੋਵੇ, ਤਾਂ ਜਗਦੇ ਹੋਏ ਦੀਵੇ ਨਾਲ ਬੁੱਝੇ ਹੋਏ ਦੀਵੇ ਨੂੰ ਜਗਾ ਲੈਣ ਵਿੱਚ ਕਿੰਨੀ ਔਖਿਆਈ ਹੈ? ਇੱਕ ਦੀਵਾ ਸਾਰੇ ਸੰਸਾਰ ਦੇ ਦੀਵੇ ਜਗਾ ਸਕਦਾ ਹੈ।

ਲੇਕਿਨ ਮਨ ਦੁੱਖ ਲਈ ਰਾਜ਼ੀ ਕੀਤਾ ਗਿਆ ਹੈ ਅਤੇ ਸਾਰਾ ਜਗਤ ਦੋ ਤਰ੍ਹਾਂ ਦੇ ਦੁਖੀ ਲੋਕਾਂ ਨਾਲ ਵੰਡਿਆ ਹੈ। ਇੱਕ ਜਿਹੜੇ ਚਾਹੁੰਦੇ ਹਨ, ਦੁਖੀ ਕੀਤੇ ਜਾਣ, ਅਤੇ ਦੂਜੇ ਜਿਹੜੇ ਚਾਹੁੰਦੇ ਹਨ ਕਿ ਕੋਈ ਮਿਲੇ ਜਿਸ ਨੂੰ ਉਹ ਸਤਾਉਣ ਅਤੇ ਦੁੱਖ ਦੇਣ। ਇਨ੍ਹਾਂ ਦੋਹਾਂ ਨਾਲ ਧਰਮ ਦਾ ਕੋਈ ਸੰਬੰਧ ਨਹੀਂ। ਕਿਉਂਕਿ ਇਨ੍ਹਾਂ ਦੋਹਾਂ ਵਿਚੋਂ ਕਿਸੇ ਨੂੰ ਵੀ ਗੀਤ ਸੁਣਾਈ ਨਹੀਂ ਪਏਗਾ। ਇਹ ਤਾਂ ਇਕੋ ਦੁੱਖ ਦੇ ਸਿੱਕੇ ਦੇ ਦੋ ਪਾਸੇ ਹਨ ਅਤੇ ਦੁੱਖ ਨਾਲ ਪਰਮਾਤਮਾ ਦਾ ਕੋਈ ਰਿਸ਼ਤਾ ਨਹੀਂ।

ਤੁਹਾਡਾ ਜਦ ਰਿਸ਼ਤਾ ਟੁੱਟਦਾ ਹੈ ਤਦ ਤੁਸੀਂ ਦੁਖੀ ਹੁੰਦੇ ਹੋ। ਬੀਮਾਰੀ ਦਾ ਅਰਥ ਹੈ ਕਿ ਇਸ ਕੁਦਰਤ ਨਾਲ ਤੁਹਾਡਾ ਰਿਸ਼ਤਾ ਟੁੱਟਿਆ। ਦੁੱਖ ਦਾ ਅਰਥ ਹੈ ਕਿ ਪਰਮਾਤਮਾ ਨਾਲੋਂ ਤੁਹਾਡਾ ਰਿਸ਼ਤਾ ਟੁੱਟਿਆ। ਸ਼ਰੀਰ ਜਦੋਂ ਕੁਦਰਤ ਤੋਂ ਉਲਟ ਟੁਰਨ ਲੱਗਦਾ ਹੈ ਤਾਂ ਬੀਮਾਰੀ: ਅਤੇ ਜਦ ਚੇਤਨਾ ਪਰਮਾਤਮਾ ਦੇ ਉਲਟ ਟੁਰਨ ਲੱਗਦੀ ਹੈ, ਤਾਂ ਦੁੱਖ: ਜਦ ਸ਼ਰੀਰ ਕੁਦਰਤ ਦੇ ਮੁਤਾਬਿਕ ਚਲਦਾ ਹੈ ਅਤੇ ਨਾਲ-ਨਾਲ

ਵਗਦਾ ਹੈ, ਤਾਂ ਤੰਦਰੁਸਤੀ ਅਤੇ ਜਦ ਆਤਮਾ ਪਰਮਾਤਮਾ ਦੇ ਨਾਲ-ਨਾਲ ਟੁਰਦੀ ਹੈ, ਅਨੁਕੂਲ ਵਗਦੀ ਹੈ, ਤਾਂ ਆਨੰਦ।

ਨਾਨਕ ਕਹਿੰਦੇ ਹਨ ਕਿ ਗੀਤ ਉਸਦੇ ਦਰਵਾਜ਼ੇ ਉਤੇ ਹਨ। ਗੀਤ ਹੀ ਉਸ ਦਾ ਦੁਆਰ ਹੈ। ਉਤਸਵ ਉਸ ਦੀ ਸਾਧਨਾ ਹੈ। ਇਹ ਸਾਰਾ ਅਸਤਿਤਵ ਨਾਨਕ ਕਹਿੰਦੇ ਹਨ, ਉਸਦੇ ਗੀਤ ਨਾਲ ਭਰਿਆ ਹੈ। ਤੁਸੀਂ ਬੋਲੇ ਹੋ। ਵਿਖਾਈ ਨਹੀਂ ਦਿੰਦਾ, ਸੁਣਾਈ ਨਹੀਂ ਪੈਂਦਾ। ਇੱਕ-ਇੱਕ ਪੱਤੇ ਉਤੇ, ਇੱਕ-ਇੱਕ ਫੁੱਲ ਉਤੇ ਉਹ ਹੀ ਲਿਖਿਆ ਹੈ। ਏਨੇ ਰੰਗ ਉਸ ਨੇ ਲਏ ਹਨ। ਇਨ੍ਹਾਂ ਸਾਰਿਆਂ ਰੰਗਾਂ ਵਿੱਚ ਇਨ੍ਹਾਂ ਇੰਦਰ ਧਨੁਸ਼ੀ ਰੰਗਾਂ ਵਿੱਚ ਉਸੇ ਦਾ ਤਾਂ ਗਾਉਣ ਹੈ। ਉਸੇ ਦਾ ਉਤਸਵ ਹੈ।

ਜਿਹੜੇ ਤੈਨੂੰ ਭਾਉਂਦੇ ਹਨ ਅਤੇ ਤੇਰੇ ਵਿੱਚ ਅਨੁਰਕਤ ਹਨ, ਇਹੋ ਜਿਹੇ ਰਸਿਕ ਭਗਤ ਤੇਰਾ ਜਸ ਗਾਣ ਕਰਦੇ ਹਨ, 'ਨਾਨਕ ਦੇ ਸ਼ਬਦ ਪਿਆਰੇ ਹਨ—

*ਗਾਵਹਿ ਤੁਹਨੋ ਪਉਣੁ ਪਾਣੀ ਬੈਸੰਤਰੁ ਗਾਵੈ ਰਾਜਾਧਰਮੁ ਦੁਆਰੇ॥*
*ਗਾਵਹਿ ਚਿਤੁ ਗੁਪਤੁ ਲਿਖਿ ਜਾਣਹਿ ਲਿਖਿ ਲਿਖਿ ਧਰਮੁ ਵੀਚਾਰੇ॥*
*ਗਾਵਹਿ .ਈਸਰੁ ਬਰਮਾ ਦੇਵੀ ਸੋਹਨਿ ਸਦਾ ਸਵਾਰੇ॥*
*ਗਾਵਹਿ ਇੰਦ ਇਦਾਸਣਿ ਬੈਠੇ ਦੇਵਤਿਆ ਦਰਿ ਨਾਲੇ॥*
*ਗਾਵਹਿ ਸਿਧ ਸਮਾਧੀ ਅੰਦਰਿ ਗਾਵਨਿ ਸਾਧ ਵਿਚਾਰੇ॥*
*ਗਾਵਨਿ ਜਤੀ ਸਤੀ ਸੰਤੋਖੀ ਗਾਵਹਿ ਵੀਰ ਕਰਾਰੇ॥*
*ਗਾਵਨਿ ਪੰਡਿਤ ਪੜਨਿ ਰਖੀਸਰ ਜੁਗੁ ਜੁਗੁ ਵੇਦਾ ਨਾਲੇ॥*
*ਗਾਵਹਿ ਮੋਹਣੀਆ ਮਨੁ ਮੋਹਨਿ ਸੁਰਗਾ ਮਛ ਪਇਆਲੇ॥*
*ਗਾਵਨਿ ਰਤਨ ਉਪਾਏ ਤੇਰੇ ਅਠਸਠਿ ਤੀਰਥ ਨਾਲੇ॥*
*ਗਾਵਹਿ ਜੋਧ ਮਹਾਬਲ ਸੂਰਾ ਗਾਵਹਿ ਖਾਣੀ ਚਾਰੇ॥*
*ਗਾਵਹਿ ਖੰਡ ਮੰਡਲ ਵਰਭੰਡਾ ਕਰਿ ਕਰਿ ਰਖੇ ਧਾਰੇ॥*
*ਸੇਈ ਤੁਧੁਨੋ ਗਾਵਹਿ ਜੋ ਤੁਧੁ ਭਾਵਨਿ ਰਤੇ ਤੇਰੇ ਭਗਤ ਰਸਾਲੇ॥*
*ਹੋਰਿ ਕੇਤੇ ਗਾਵਨਿ ਸੇ ਮੈ ਚਿਤਿ ਨ ਆਵਨਿ ਨਾਨਕੁ ਕਿਆ ਵੀਚਾਰੇ॥*

ਨਾਨਕ ਕਹਿੰਦੇ ਹਨ ਕਿ "ਹੋਰ ਕਿੰਨੇ ਤੇਰਾ ਗੁਣਗਾਨ ਕਰਦੇ ਹਨ ਇਸ ਦਾ ਅੰਦਾਜ਼ਾ ਮੈਂ ਨਹੀਂ ਲਾ ਸਕਦਾ। ਮੈਂ ਕੀ ਵਿਚਾਰ ਕਰਾਂ? ਉਹ ਹੀ ਅਤੇ ਉਹ ਹੀ ਸੱਚਾ ਸਾਹਿਬ ਹੈ, ਉਹ ਹੀ ਸਤਯ ਹੈ, ਉਹ ਹੀ ਸਤਿਨਾਮੁ ਹੈ। ਉਹ ਹੈ, ਅਤੇ ਉਹ ਸਦਾ ਹੋਏਗਾ। ਉਹ ਨਾ ਜਾਂਦਾ ਹੈ, ਨਾ ਜਾਏਗਾ।"

*ਸੋਈ ਸੋਈ ਸਦਾ ਸਚੁ ਸਾਹਿਬੁ ਸਾਚਾ ਸਾਚੀ ਨਾਈ॥*
*ਹੈ ਭੀ ਹੋਸੀ ਜਾਇ ਨ ਜਾਸੀ ਰਚਨਾ ਜਿਨਿ ਰਚਾਈ॥*

ਉਹ ਪਰਮਾਤਮਾ ਇੱਕ ਮਾਤ੍ਰ ਸਤਯ ਹੈ ਅਤੇ ਬਾਕੀ ਸਭ ਉਸ ਸਤਯ ਦਾ ਉਤਸਵ ਹੈ। ਨਾਨਕ ਮਾਯਾ ਵਿੱਚ ਜਿਹੜਾ ਦੰਸ਼ (ਦੋਸ਼, ਡੰਕ) ਹੈ ਉਸ ਨੂੰ ਵੱਖਰਾ ਕਰ ਲੈਂਦੇ ਹਨ। ਮਾਯਾ ਵਿੱਚ ਜਿਹੜਾ ਨਿੰਦਾ ਦਾ ਭਾਵ ਹੈ, ਉਸ ਨੂੰ ਵੱਖਰਾ ਕਰ ਲੈਂਦੇ ਹਨ ਅਤੇ ਜਿਹੜੇ ਭੇਦ ਨੂੰ ਸ਼ੰਕਰ ਨਹੀਂ ਖੋਲ੍ਹ ਸਕੇ, ਉਸ ਨੂੰ ਨਾਨਕ ਖੋਲ੍ਹ ਲੈਂਦੇ ਹਨ। ਸ਼ੰਕਰ ਦੀ ਉਹ ਵੱਡੀ ਔਖਿਆਈ ਹੈ। ਕਿਉਂਕਿ ਸ਼ੰਕਰ ਬਹੁਤ ਤਰਕਨਿਸ਼ਠ (ਤਰਕ ਕਰਨ ਵਾਲੇ) ਵਿਚਾਰਵਾਨ ਹਨ ਅਤੇ ਉਨ੍ਹਾਂ ਦੀ ਪੂਰੀ ਚਾਹ ਇਹ ਹੈ ਕਿ ਜਗਤ ਦੀ ਪੂਰੀ ਵਿਵਸਥਾ ਨੂੰ ਤਰਕ ਦੇ ਢੰਗ ਨਾਲ ਸਮਝਾਇਆ ਜਾ ਸਕੇ, ਹਿਸਾਬ ਦੇ ਢੰਗ ਨਾਲ ਸਮਝਾਇਆ ਜਾ ਸਕੇ। ਉਹ ਵੱਡੀ ਔਕੜ ਵਿੱਚ ਹਨ। ਮਾਯਾ ਅਤੇ ਬ੍ਰਹਮ।

ਇੱਕ ਪਾਸੇ ਤਾਂ ਸ਼ੰਕਰ ਜਾਣਦੇ ਹਨ ਕਿ ਮਾਯਾ ਨਹੀਂ ਹੈ। ਕਿਉਂਕਿ ਜੋ ਨਹੀਂ ਹੈ, ਉਸੇ ਦਾ ਨਾਉਂ ਮਾਯਾ ਹੈ ਅਤੇ ਬ੍ਰਹਮ, ਜਿਹੜਾ ਵਿਖਾਈ ਨਹੀਂ ਦਿੰਦਾ ਅਤੇ ਹੈ। ਮਾਯਾ 'ਚ ਸਦਾ ਬਦਲਾਓ ਹੈ। ਸੁਫ਼ਨੇ ਦੇ ਵਾਂਗ। ਬ੍ਰਹਮ ਸਦਾ ਸਤਯ ਹੈ, ਸ਼ਾਸਵਤ (ਸਦਾ ਰਹਿਣ ਵਾਲਾ) ਹੈ।

ਸ਼ੰਕਰ ਦੇ ਸਾਹਮਣੇ ਸਵਾਲ ਹੈ, ਪੂਰੇ 'ਅਦਵੈਤ-ਵੇਦਾਂਤ' ਦੇ ਸਾਹਮਣੇ ਸਵਾਲ ਹੈ ਕਿ ਮਾਯਾ ਪੈਦਾ ਕਿਵੇਂ ਹੁੰਦੀ ਹੈ? ਕਿਉਂ ਹੁੰਦੀ ਹੈ? ਜੇਕਰ ਬਿਲਕੁਲ ਨਹੀਂ ਹੈ, ਤਦ ਤਾਂ ਸਵਾਲ ਹੀ ਕੀ ਹੈ। ਤਦ ਤਾਂ ਕਿਸੇ ਨੂੰ ਇਹ ਵੀ ਕਹਿਣਾ ਕਿ ਕਿਉਂ ਮਾਯਾ ਨਾਲ ਉਲਝੇ ਹੋਏ ਹੋ? ਇਹ ਤਾਂ ਨਾਸਮਝੀ ਹੈ। ਕਿਉਂਕਿ ਜਿਹੜੀ ਹੈ ਹੀ ਨਹੀਂ, ਉਹ ਉਸ ਵਿੱਚ ਕਿਉਂ ਉਲਝੇਗਾ? ਤਦ ਇਹ ਕਹਿਣ ਕਿ ਛੱਡੋ ਮਾਯਾ, ਵਿਅਰਥ ਦੀ ਬਕਵਾਸ ਹੈ। ਕਿਉਂਕਿ ਜਿਹੜੀ ਹੈ ਹੀ ਨਹੀਂ, ਉਸ ਨੂੰ ਕੋਈ ਛੱਡੇਗਾ ਕਿਵੇਂ? ਤਾਂ ਮਾਯਾ ਹੈ ਤਾਂ ਸਹੀ। ਕਦੇ ਛੱਡਣਾ ਹੈ। ਕਦੇ ਫੜਣਾ ਹੈ।

ਅਤੇ ਜੇਕਰ ਮਾਯਾ ਹੈ, ਤਾਂ ਬਿਨਾਂ ਪਰਮਾਤਮਾ ਦੇ ਕਿਵੇਂ ਹੋਏਗੀ? ਉਸ ਦੇ ਹੋਣ ਲਈ ਉਸ ਦਾ ਸਹਾਰਾ ਤਾਂ ਚਾਹੀਦਾ ਏ। ਸੁਫ਼ਨਾ ਵੀ ਹੋਏਗਾ, ਤਾਂ ਉਹ ਸੁਫ਼ਨਾ ਵੇਖਦੇ ਹਾਂ, ਇਸ ਲਈ। ਤਾਂ ਵੱਡੀ ਔਖਿਆਈ ਇਹ ਹੈ, 'ਅਦਵੈਤ-ਵੇਦਾਂਤ' ਦੇ ਸਾਹਮਣੇ, ਕਿ ਕਿਵੇਂ ਹੱਲ ਕਰੀਏ ਇਸ ਗੱਲ ਨੂੰ? ਜੇਕਰ ਪਰਮਾਤਮਾ ਹੀ ਮਾਯਾ ਪੈਦਾ ਕਰ ਰਿਹਾ ਹੈ ਤਾਂ ਇਹ ਮਹਾਤਮਾਜਨ ਜਿਹੜੇ ਲੋਕਾਂ ਨੂੰ ਸਮਝਾ ਰਹੇ ਹਨ ਛੱਡੋ ਮਾਯਾ; ਇਹ ਪਰਮਾਤਮਾ ਦੇ ਦੁਸ਼ਮਣ ਪ੍ਰਤੀਤ ਹੁੰਦੇ ਹਨ ਅਤੇ ਜੇਕਰ ਪਰਮਾਤਮਾ ਹੀ ਫੜ ਰਿਹਾ ਹੈ ਤਾਂ ਅਸੀਂ ਕਿਵੇਂ ਛੱਡ ਸਕਾਂਗੇ? ਸਾਡਾ ਕੀ ਬੱਸ? ਅਤੇ ਜਦ ਉਸੇ ਦੀ ਹੀ ਮਰਜ਼ੀ ਹੈ ਤਾਂ ਉਸਦੀ ਮਰਜ਼ੀ ਠੀਕ ਹੈ।

ਮਾਯਾ ਆਉਂਦੀ ਕਿਥੋਂ ਹੈ। ਜੇਕਰ ਬ੍ਰਹਮ ਤੋਂ ਹੀ ਪੈਦਾ ਹੁੰਦੀ ਹੈ, ਉਹ ਅਸਤਯ ਕਿਵੇਂ ਹੋਏਗੀ? ਸਤਯ ਤੋਂ ਤਾਂ ਸਤਯ ਹੀ ਪੈਦਾ ਹੋਏਗਾ। ਜਾਂ ਮਾਯਾ ਅਸਤਯ ਹੈ ਤਾਂ

ਜਿਹੜੇ ਬ੍ਰਹਮ ਤੋਂ ਪੈਦਾ ਹੁੰਦੀ ਹੈ ਉਹ ਅਸਤਯ ਹੋਏਗਾ। ਦੋਵੇਂ ਇਕੋ ਗੁਣ ਧਰਮ ਦੇ ਹੋਣਗੇ ਜਾਂ ਤਾਂ ਦੋਵੇਂ ਸਤਯ ਜਾਂ ਦੋਵੇਂ ਅਸਤਯ। ਸ਼ੰਕਰ ਸੁਲਝਾ ਨਹੀਂ ਸਕੇ।

ਪਰ ਨਾਨਕ ਸੁਲਝਾ ਲੈਂਦੇ ਹਨ। ਦਾਰਸ਼ਨਿਕ ਜਿਸਨੂੰ ਨਹੀਂ ਸੁਲਝਾ ਸਕਦੇ, ਉਸ ਨੂੰ ਜਗਤ ਸੁਲਝਾ ਲੈਂਦੇ ਹਨ। ਕਿਉਂਕਿ ਨਾਨਕ ਲਈ ਮਾਯਾ, ਇਹ ਜਿਹੜੇ ਅਨੰਤ ਰੂਪ ਰੰਗ ਹਨ, ਚੌਹੀਂ ਪਾਸੀਂ ਉਸਦਾ ਉਤਸਵ ਹੈ। ਇਹ ਜਿਹੜੀਆਂ ਏਨੀਆਂ ਰਾਗ-ਰਾਗਨੀਆਂ ਵੱਜ ਰਹੀਆਂ ਹਨ, ਇਹ ਉਸ ਦੇ ਦੁਆਰੇ ਉਤੇ ਦਿਨ-ਰਾਤ ਚੱਲ ਰਿਹਾ ਨਾਦ ਹੈ। ਇਹ ਜਿਹੜੇ ਫੁੱਲਾਂ ਦੇ ਏਨੇ ਰੰਗ ਹਨ ਤਿੱਤਲੀਆਂ ਦੇ, ਦਰੱਖਤਾਂ ਦੇ, ਪੌਤਿਆਂ ਦੇ ਇਹ ਉਨ੍ਹਾਂ ਦਾ ਆਨੰਦ-ਭਾਵ ਹੈ। ਉਹ ਏਨ-ਏਨੇ ਰੂਪਾਂ ਵਿੱਚ ਪ੍ਰਗਟ ਹੋ ਰਿਹਾ ਹੈ। ਉਹ ਏਨੇ-ਏਨੇ ਰੂਪਾਂ ਵਿੱਚ ਖੁਸ਼ ਹੋ ਰਿਹਾ ਹੈ। ਏਨੇ ਰੰਗਾਂ ਵਿੱਚ ਏਨੇ ਫੁੱਲਾਂ ਵਿੱਚ ਖਿੜ ਰਿਹਾ ਹੈ। ਇਹ ਉਸਦੀ ਪਰਮ ਊਰਜਾ ਦਾ ਫੈਲਾਓ ਹੈ। ਸੋ ਮਾਯਾ ਤੇ ਬ੍ਰਹਮ ਇੱਕ ਦੂਜੇ ਦੇ ਉਲਟ ਨਹੀਂ ਹਨ। ਮਾਯਾ ਉਤਸਵ ਹੈ ਅਤੇ ਬ੍ਰਹਮ ਦਾ ਨਾਚ ਹੈ ਜਾਂ ਬ੍ਰਹਮ ਦਾ ਗੀਤ ਹੈ।

ਸ਼ੰਕਰ ਦਾ ਬ੍ਰਹਮ ਬਿਲਕੁਲ ਰੁੱਖਾ-ਸੁੱਖਾ ਹੈ। ਕਿਉਂਕਿ ਮਾਯਾ ਤਾਂ ਬਿਲਕੁਲ ਕਟ ਜਾਂਦੀ ਹੈ। ਉਹ ਤਾਂ ਗਣਿਤ ਤੇ ਸਿਧਾਂਤ ਦੀ ਤਰ੍ਹਾਂ ਹੈ। ਉਸ ਵਿੱਚ ਕੋਈ ਰਾਗ ਨਹੀਂ, ਰੰਗ ਨਹੀਂ, ਉਸ ਵਿੱਚ ਕੋਈ ਦੁੱਖ ਨਹੀਂ, ਕੋਈ ਸੁੱਖ ਨਹੀਂ, ਕੋਈ ਖੁਸ਼ੀ ਨਹੀਂ, ਉਸ ਵਿੱਚ ਕੁਝ ਵੀ ਨਹੀਂ ਹੈ।

ਉਹ ਇੱਕ ਸ਼ੂਨਯ ਦੀ ਤਰ੍ਹਾਂ ਹੈ। ਉਸ ਨਾਲ ਤੁਸੀਂ ਕੀ ਪ੍ਰੇਮ ਕਰੋਗੇ? ਸ਼ੰਕਰ ਦੇ ਬ੍ਰਹਮ ਨਾਲ ਪ੍ਰੇਮ ਕਰਨਾ ਮੁਸ਼ਕਿਲ ਹੈ। ਕਿਵੇਂ ਪ੍ਰੇਮ ਕਰੋਗੇ। ਕਦੇ ਤਰਕ ਦੇ ਸਿਧਾਂਤ ਨਾਲ ਪ੍ਰੇਮ ਹੁੰਦਾ ਹੈ? ਗਣਿਤ ਦੇ ਸਿਧਾਂਤਾਂ ਨਾਲ ਕਦੇ ਪ੍ਰੇਮ ਹੁੰਦਾ ਹੈ? ਦੋ ਅਤੇ ਦੋ ਚਾਰ ਹੁੰਦੇ ਹਨ, ਇਹ ਠੀਕ ਹੈ। ਸਿਧਾਂਤ ਸਾਫ਼ ਹੈ ਪਰ ਇਸ ਦੇ ਨਾਲ ਕੀ ਪ੍ਰੇਮ ਕਰੋਗੇ? ਸ਼ੰਕਰ ਦਾ ਬ੍ਰਹਮ ਬਿਲਕੁਲ ਰੁੱਖਾ-ਸੁੱਖਾ ਹੈ। ਹਿਸਾਬੀ ਹੈ, ਮੈਥੇਮੇਟਿਕਲ ਹੈ।

ਨਾਨਕ ਦਾ ਬ੍ਰਹਮ ਬਿਲਕੁਲ ਭਿੰਨ ਹੈ। ਉਹ ਇੱਕ ਹਿਸਾਬ ਦੇ ਮਾਸਟਰ ਦੀ ਧਾਰਣਾ ਨਹੀਂ ਹੈ। ਸਗੋਂ ਇੱਕ ਸੁੰਦਰਤਾ ਪ੍ਰੇਮੀ ਦੀ, ਇੱਕ ਕਵੀ ਦੀ ਧਾਰਣਾ ਹੈ। ਨਾਨਕ ਕਵੀ ਹਨ। ਦਾਰਸ਼ਨਿਕ ਨਹੀਂ ਹਨ ਅਤੇ ਦਾਰਸ਼ਨਿਕ ਜੋ ਹੱਲ ਨਹੀਂ ਕਰ ਸਕਦਾ, ਉਹ ਕਵੀ ਹੱਲ ਕਰ ਲੈਂਦਾ ਹੈ। ਕਿਉਂਕਿ ਦਾਰਸ਼ਨਿਕ ਨੂੰ ਤਾਂ ਤਰਕ ਬਿਠਾਉਣਾ ਹੁੰਦਾ ਹੈ। ਕਵੀ ਨੂੰ ਤਰਕ ਦੀ ਕੋਈ ਚਿੰਤਾ ਨਹੀਂ। ਉਹ ਅਤਰਕ ਹੋ ਸਕਦਾ ਹੈ। ਉਹ ਜੋੜ ਲੈਂਦਾ ਹੈ। ਨਹੀਂ ਜੁੜਦਾ, ਉਹ ਜੁੜ ਜਾਂਦਾ ਹੈ, ਕਵੀ ਦੀ ਧਾਰਣਾ ਵਿੱਚ, ਉਸਦੀ ਭਗਤੀ ਵਿੱਚ, ਉਸ ਦੇ ਪ੍ਰੇਮ ਵਿੱਚ ਜਿਹੜਾ ਨਹੀਂ ਜੁੜਦਾ, ਉਹ ਜੁੜ ਜਾਦਾ ਹੈ।

ਇਸ ਨੂੰ ਖਿਆਲ ਵਿੱਚ ਰੱਖਣਾ ਕਿ ਨਾਨਕ ਲਈ ਮਾਯਾ ਉਸ ਦਾ ਉਤਸਵ ਹੈ।

ਉਸ ਲਈ ਨਾਨਕ ਨੇ ਆਪਣੇ ਚੇਲਿਆਂ ਨੂੰ, ਸਿੱਖਾਂ ਨੂੰ ਸੰਸਾਰ ਛੱਡਣ ਲਈ ਨਹੀਂ ਕਿਹਾ। ਛੱਡਣਾ ਕਿਥੇ ਹੈ? ਛੱਡਣਾ ਕੀ ਹੈ? ਜਿਹੜਾ ਉਸੇ ਦਾ ਹੀ ਹੈ, ਉਸ ਨੂੰ ਛੱਡ ਕੇ ਭੱਜਣਾ ਕੀ? ਇਸ ਲਈ ਨਾਨਕ ਨੇ ਆਪਣੇ ਚੇਲਿਆਂ ਨੂੰ ਕਿਹਾ ਕਿ ਤੁਸੀਂ ਸੰਸਾਰ ਵਿੱਚ ਰਹਿ ਕੇ ਹੀ ਉਸ ਨੂੰ ਲੱਭਣਾ, ਕਿਉਂਕਿ ਸੰਸਾਰ ਵੀ ਉਸੇ ਦਾ ਹੈ ਅਤੇ ਤੁਸੀਂ ਸੰਸਾਰ ਵਿਚੋਂ ਹੀ ਉਸ ਵੱਲ ਜਾਣ ਵਾਲਾ ਯਾਤਰਾ ਪੱਥ ਲੱਭਣਾ ਹੈ। ਮਾਯਾ ਤੋਂ ਡਰਨਾ ਨਹੀਂ, ਭੱਜਣਾ ਨਹੀਂ। ਉਹ ਉਸੇ ਦੀ ਖੇਡ ਹੈ।

ਏਨਾ ਪੱਕਾ ਹੈ ਕਿ ਤੁਸੀਂ ਖੇਡ ਵਿੱਚ ਹੀ ਨਾ ਗੁਆਚ ਜਾਣਾ, ਖੇਡਣ ਵਾਲੇ ਉਤੇ ਧਿਆਨ ਰੱਖਣਾ; ਉਹ ਸੁਰਤਿ ਹੈ ਨਾਚ ਵਿੱਚ ਹੀ ਨਾ ਗੁੰਮ ਹੋ ਜਾਣਾ, ਖੇਡਣ ਵਾਲੇ ਉਤੇ ਧਿਆਨ ਰੱਖਣਾ; ਉਹ ਸੁਰਤਿ ਹੈ ਨਾਚ ਵਿੱਚ ਹੀ ਨਾ ਗੁੰਮ ਹੋ ਜਾਣਾ, ਨਾਚ ਜਿਸ ਦਾ ਚੱਲ ਰਿਹਾ ਹੈ ਉਸ ਦਾ ਸਮਰਣ ਰੱਖਣਾ। ਦਰੱਖਤਾਂ ਨੂੰ ਵੇਖਣਾ, ਪੰਛੀਆਂ ਦੇ ਗੀਤ ਸੁਣਨਾ, ਉਨ੍ਹਾਂ 'ਚ ਏਨਾਂ ਨਾ ਗੁਆਚ ਜਾਣਾ ਕਿ ਤੁਸੀਂ ਇਹ ਭੁੱਲ ਜਾਓ ਕਿ ਉਸ ਗੀਤ ਦੇ ਪਿੱਛੇ ਕੌਣ ਲੁਕਿਆ ਹੈ। ਮਾਯਾ ਯਾਨੀ ਪ੍ਰਗਟ ਬ੍ਰਹਮ ਹੈ। ਤੁਸੀਂ ਪ੍ਰਗਟ ਦੇ ਅੰਦਰ ਅਪ੍ਰਗਟ ਨੂੰ ਲੱਭਦੇ ਰਹਿਣਾ। ਨਜ਼ਾਰੇ ਦੇ ਅੰਦਰ ਲੁਕੇ ਹੋਏ ਨਜ਼ਾਰੇ ਨੂੰ ਵੇਖਦੇ ਰਹਿਣਾ।

ਨਾਨਕ ਕਹਿੰਦੇ ਹਨ, ਹੋਰ ਕਿੰਨੇ ਤੇਰਾ ਗੁਣਗਾਨ ਕਰਦੇ ਹਨ। ਇਸ ਦਾ ਮੈਂ ਅੰਦਾਜ਼ਾ ਵੀ ਨਹੀਂ ਲਾ ਸਕਦਾ। ਮੈਂ ਕੀ ਵਿਚਾਰ ਕਰਾਂ? ਉਹ ਹੀ ਅਤੇ ਉਹ ਹੀ ਸੱਚਾ ਸਾਹਿਬ ਹੈ। ਉਹ ਹੀ ਸਤਯ ਹੈ। ਉਹ ਹੀ ਸਤਿਨਾਮੁ ਹੈ, ਉਹ ਹੈ, ਉਹ ਸਦਾ ਹੋਏਗਾ, ਉਹ ਨਾ ਜਾਂਦਾ ਹੈ, ਨਾ ਜਾਏਗਾ। ਉਸੇ ਨੇ ਇਹ ਸਾਰੀ ਰਚਨਾ ਰਚੀ ਹੈ। *ਰਚਨਾ ਜਿਨਿ ਰਚਾਈ*—ਉਸੇ ਨੇ ਹੀ ਇਹ ਸਾਰੀ ਰਚਨਾ ਰਚੀ ਹੈ। ਉਸ ਨੇ ਅਨੇਕ ਰੰਗ, ਭਾਵ ਅਤੇ ਅਨੇਕ ਪ੍ਰਕਾਰ ਦੀ ਮਾਯਾ ਦੀਆਂ ਚੀਜ਼ਾਂ ਉਤਪੰਨ ਕੀਤੀਆਂ ਹਨ। ਉਹ ਰਚ ਰਚ ਕੇ ਆਪਣੀ ਰਚਨਾ ਨੂੰ ਵੇਖਦਾ ਹੈ। ਉਸ ਦੀ ਦੇਖ ਭਾਲ ਕਰਦਾ ਹੈ, ਅਤੇ ਉਸ ਨੂੰ ਬੜਪਨ ਦੇਂਦਾ ਹੈ।

*ਸੋਈ ਸੋਈ ਸਦਾ ਸਚੁ ਸਾਹਿਬੁ ਸਾਚਾ ਸਾਚੀ ਨਾਈ॥*
*ਹੈ ਭੀ ਹੋਸੀ ਜਾਇ ਨ ਜਾਸੀ ਰਚਨਾ ਜਿਨਿ ਰਚਾਈ॥*
*ਰੰਗੀ ਰੰਗੀ ਭਾਤੀ ਕਰਿ ਕਰਿ ਜਿਨਸੀ ਮਾਇਆ ਜਿਨਿ ਉਪਾਈ॥*
*ਕਰਿ ਕਰਿ ਵੇਖੈ ਕੀਤਾ ਆਪਣਾ ਜਿਵ ਤਿਸ ਦੀ ਵਡਿਆਈ॥*
*ਜੋ ਤਿਸੁ ਭਾਵੈ ਸੋਈ ਕਰਸੀ ਹੁਕਮੁ ਨ ਕਰਣਾ ਜਾਈ॥*

ਬਹੁਤ ਅਨੋਖੀ ਗੱਲ ਨਾਨਕ ਕਹਿ ਰਹੇ ਹਨ। ਉਹ ਇਹ ਕਹਿ ਰਹੇ ਹਨ ਕਿ ਪਰਮਾਤਮਾ ਬਣਾਉਂਦਾ ਹੈ। ਬਣਾ ਕੇ ਆਪਣੀ ਸ੍ਰਿਸ਼ਟੀ ਨੂੰ ਵੇਖਦਾ ਹੈ।

ਜਿਵੇਂ ਕਿ ਚਿੱਤ੍ਰਕਾਰ ਆਪਣਾ ਚਿੱਤ੍ਰ ਬਣਾਏ। ਤੁਸੀਂ ਜੇਕਰ ਚਿੱਤ੍ਰਕਾਰ ਨੂੰ ਚਿੱਤ੍ਰ

ਬਣਾਉਂਦਿਆਂ ਵੇਖਿਆ ਹੈ? ਉਹ ਚਿੱਤ੍ਰ ਬਣਾਏਗਾ ਫ਼ਿਰ ਚਾਰ ਕਦਮ ਪਿੱਛੇ ਹਟੇਗਾ, ਫੇਰ ਗ਼ੌਰ ਨਾਲ ਵੇਖੇਗਾ, ਫੇਰ ਸੱਜੇ ਖਲੋਏਗਾ, ਫੇਰ ਖੱਬੇ ਖਲੋਏਗਾ, ਫੇਰ ਸੱਜੇ ਪਾਸੇ ਜਾਏਗਾ, ਫੇਰ ਖਿੜਕੀ ਦੇ ਕੋਲ, ਫੇਰ ਦਰਵਾਜ਼ੇ ਦੇ ਕੋਲ। ਫੇਰ ਚਿੱਤ੍ਰ ਨੂੰ ਪ੍ਰਕਾਸ਼ ਵਿੱਚ ਰੱਖਗੇ, ਫੇਰ ਛਾਂ ਵਿੱਚ ਰੱਖੇਗਾ। ਹਜ਼ਾਰ ਤਰ੍ਹਾਂ ਨਾਲ ਵੇਖੇਗਾ। ਮੂਰਤੀਕਾਰ ਮੂਰਤੀ ਨੂੰ ਬਣਾਏਗਾ ਤਾਂ ਹਰ ਪਾਸਿਓਂ ਵੇਖੇਗਾ।

ਨਾਨਕ ਕਹਿੰਦੇ ਹਨ, ਉਹ ਬਣਾ ਬਣਾ ਕੇ ਆਪਣੇ ਕ੍ਰਿਤਯ ਨੂੰ ਵੇਖਦਾ ਹੈ ਅਤੇ ਇਸ ਤਰ੍ਹਾਂ ਜਿਸ ਨੂੰ ਉਸ ਨੇ ਬਣਾਇਆ ਹੈ, ਉਸ ਨੂੰ ਬੜਪਨ ਦਿੰਦਾ ਹੈ।

ਸੋ ਪਰਮਾਤਮਾ ਸੰਸਾਰ ਦੇ ਵਿਪਰੀਤ (ਉਲਟ) ਨਹੀਂ, ਨਹੀਂ ਤਾਂ ਬਣਾਏ ਹੀ ਕਿਉਂ? ਅਤੇ ਪਰਮਾਤਮਾ ਮਾਯਾ ਦਾ ਦੁਸ਼ਮਣ ਨਹੀਂ ਹੈ। ਨਹੀਂ ਤਾਂ ਮਾਯਾ ਹੋਵੇ ਹੀ ਕਿਉਂ? ਤਰਕ ਲਈ ਜਿਹੜੀ ਔਖਿਆਈ ਸੀ, ਪ੍ਰੇਮ ਲਈ ਔਖਿਆਈ ਨਹੀਂ ਹੈ। ਨਾਨਕ ਕਹਿੰਦੇ ਹਨ, ਨਾ ਕੇਵਲ ਉਹ ਬਣਾਉਂਦਾ ਹੈ, ਸਗੋਂ ਬਣਾ ਬਣਾ ਕੇ ਵੇਖਦਾ ਹੈ ਅਤੇ ਬਣਾਏ ਹੋਏ ਨੂੰ ਬੜੱਪਨ ਦਿੰਦਾ ਹੈ।

ਧਿਆਨ ਰੱਖਣਾ,' ਜੇਕਰ ਤੁਹਾਨੂੰ ਇਹ ਸਮਝ ਵਿੱਚ ਆ ਜਾਏ ਕਿ ਤੁਹਾਨੂੰ ਪਰਮਾਤਮਾ ਨੇ ਬਣਾਇਆ ਹੈ ਅਤੇ ਤੁਹਾਨੂੰ ਬਣਾ ਕੇ ਚੌਹਾਂ ਪਾਸਿਆਂ ਤੋਂ ਵੇਖਿਆ ਹੈ ਅਤੇ ਵੇਖਦਾ ਹੀ ਜਾ ਰਿਹਾ ਹੈ ਅਤੇ ਤੁਹਾਨੂੰ ਬੜਪਨ ਅਤੇ ਮਹਿਮਾ ਦੇ ਰਿਹਾ ਹੈ, ਕਿਉਂਕਿ ਤੁਸੀਂ ਕ੍ਰਿਤਯ ਉਸ ਦੇ ਹੋ। ਜੇਕਰ ਇਹ ਤੁਹਾਨੂੰ ਸਮਰਣ ਆ ਜਾਏ, ਤਾਂ ਤੁਹਾਡੇ ਜੀਵਨ ਤੋਂ ਪਾਪ ਆਪਣੇ ਆਪ ਖਤਮ ਹੋ ਜਾਏਗਾ, ਕਿਉਂਕਿ ਤਦ ਤੁਸੀਂ ਉਸ ਤਰ੍ਹਾਂ ਉਠੋਗੇ ਅਤੇ ਟੁਰੋਗੇ, ਜਿਸ ਨੂੰ ਪਰਮਾਤਮਾ ਨੇ ਬਣਾਇਆ ਹੈ। ਤੁਸੀਂ ਉਸੇ ਤਰ੍ਹਾਂ ਬੋਲੋਗੇ, ਉਸੇ ਤਰ੍ਹਾਂ ਵਰਤਾਓ ਕਰੋਗੇ, ਜਿਸ ਨੂੰ ਪਰਮਾਤਮਾ ਨੇ ਬਣਾਇਆ ਹੈ। ਅਤੇ ਨਾ ਕੇਵਲ ਪਰਮਾਤਮਾ ਨੇ ਬਣਾਇਆ ਹੈ, ਪਰਮਾਤਮਾ ਜਿਸ ਨੂੰ ਬਚਾ ਰਿਹਾ ਹੈ। ਬਹੁਮੁੱਲਾ ਸਜਾ ਸੰਵਾਰ ਰਿਹਾ ਹੈ ਅਤੇ ਬਾਰ ਬਾਰ ਵੇਖ ਰਿਹਾ ਹੈ, ਨਿਰਖ (ਨਿਹਾਰ) ਰਿਹਾ ਹੈ। ਪਰਮਾਤਮਾ ਤੁਹਾਡੇ ਕੋਲ ਖੁਸ਼ ਹੈ ਅਤੇ ਤੁਸੀਂ ਕਿੰਨੇ ਹੀ ਭਟਕ ਜਾਓ, ਤਾਂ ਵੀ ਉਸਦੀ ਅੱਖ ਤੁਹਾਨੂੰ ਵੇਖਦੀ ਰਹੇਗੀ ਅਤੇ ਉਹ ਤੁਹਾਥੋਂ ਉਦਾਸ ਨਹੀਂ ਹੈ, ਨਿਰਾਸ਼ ਨਹੀਂ ਹੈ। ਨਹੀਂ ਤਾਂ ਤੁਹਾਨੂੰ ਹੁਣੇ ਹੀ ਮਿਟਾ ਦਿੰਦਾ। ਤੁਸੀਂ ਕਿੰਨੇ ਹੀ ਬੁਰੇ ਹੋ ਜਾਓ, ਤਾਂ ਵੀ ਉਸ ਦੀ ਆਸ ਦਾ ਦੀਵਾ ਨਹੀਂ ਬੁਝਦਾ। ਤੁਸੀਂ ਕਿੰਨੇ ਹੀ ਦੂਰ ਚਲੇ ਜਾਓ, ਤੁਸੀਂ ਬਿਲਕੁਲ ਉਸ ਵੱਲ ਪਿੱਠ ਕਰ ਲਵੋ, ਤੁਸੀਂ ਉਸ ਨੂੰ ਬਿਲਕੁਲ ਭੁੱਲ ਜਾਓ, ਤਾਂ ਵੀ ਉਹ ਵੇਖ ਰਿਹਾ ਹੈ ਅਤੇ ਜਾਣਦਾ ਹੈ ਕਿ ਅੱਜ ਨਹੀਂ ਕੱਲ੍ਹ ਤੁਸੀਂ ਵਾਪਸ ਪਰਤੋਗੇ। ਜਿਹੜਾ ਦੂਰ ਗਿਆ ਹੈ ਵਾਪਸ ਪਰਤੇਗਾ। ਮੁੜਨਾ ਜ਼ਰੂਰੀ ਹੈ, ਦੇਰ, ਆਬੇਰ ਇਹ ਹੋਰ ਗੱਲ। ਕਿਉਂਕਿ ਜਿੰਨੇ ਤੁਸੀਂ ਦੂਰ ਜਾਓਗੇ ਓਨੇ ਹੀ ਤੁਸੀਂ ਦੁਖੀ ਹੋਵੋਗੇ। ਓਨੇ

ਹੀ ਤੁਸੀਂ ਭਟਕੋਗੇ। ਜਿਵੇਂ ਨਿੱਕਾ ਜਿਹਾ ਬੱਚਾ ਘਰੋਂ ਨੱਠ ਜਾਏ।

ਇੱਕ ਨਿੱਕਾ ਬੱਚਾ, ਬਹੁਤਾ ਨਹੀਂ ਕੋਈ ਚਾਰ ਕੁ ਸਾਲ ਦੀ ਉਮਰ ਹੀ ਹੋਏਗੀ: ਇੱਕ ਨਿੱਕਾ ਜਿਹਾ ਬਿਸਤਰਾ ਅਤੇ ਪੋਟਲੀ ਬੰਨ੍ਹੀ ਹੋਈ ਲੈ ਕੇ ਸੜਕ ਦੇ ਇੱਕ ਕੰਢੇ ਤੋਂ ਦੂਜੇ ਕੰਢੇ ਉਤੇ ਆ ਜਾ ਰਿਹਾ ਸੀ। ਪੁਲਿਸ ਵਾਲੇ ਨੇ ਪੁੱਛਿਆ, ਮਾਮਲਾ ਕੀ ਹੈ? ਬਹੁਤ ਵਾਰ, ਕਿੱਥੇ ਜਾ ਰਿਹਾ ਸੀ। ਉਸ ਨੇ ਕਿਹਾ, ਘਰੋਂ ਭੱਜਿਆ ਹਾਂ। ਪਰ ਮਾਂ ਨੇ ਮਨ੍ਹਾਂ ਕੀਤਾ ਹੈ ਕਿ ਚੌਰਾਹੇ ਦੇ ਉਸ ਪਾਰ ਨਾ ਜਾਣਾ ਅਤੇ ਨਾ ਸੜਕ ਤੋਂ ਉਸ ਪਾਰ ਜਾਣਾ ਅਤੇ ਘਰੋਂ ਭੱਜ ਖਲੋਤਾ ਹਾਂ, ਇਸੇ ਲਈ ਚੌਰਾਹੇ ਅਤੇ ਘਰ ਦੇ ਵਿਚਕਾਰ ਆ ਜਾ ਰਿਹਾ ਹਾਂ। ਉਸ ਪਾਸੇ ਜਾ ਵੀ ਨਹੀਂ ਸਕਦਾ, ਕਿਉਂਕਿ ਮਾਂ ਨੇ ਮਨ੍ਹਾਂ ਕੀਤਾ ਹੈ।

ਨਿੱਕਾ ਬੱਚਾ ਹੈ ਘਰੋਂ ਭੱਜੇਗਾ ਵੀ ਕਿੰਨੀ ਦੂਰ ਅਤੇ ਮਾਂ ਨਾਲ ਨਾਰਾਜ਼ ਵੀ ਹੋ ਜਾਏ, ਤਾਂ ਵੀ ਮਾਂ ਨੇ ਮਨ੍ਹਾਂ ਕੀਤਾ ਹੈ। ਉਸ ਹੱਦ ਦਾ ਵਿਰੋਧ ਕਿਵੇਂ ਕਰੇਗਾ?

ਤੁਸੀਂ ਪਰਮਾਤਮਾ ਤੋਂ ਕਿੰਨੀ ਦੂਰ ਜਾਓਗੇ? ਚੌਰਾਹੇ ਅਤੇ ਘਰ ਦੇ ਵਿਚਕਾਰ ਹੀ ਘੁੰਮੋਗੇ! ਜਾ ਵੀ ਕਿੰਨੀ ਦੂਰ ਸਕਦੇ ਹੋ? ਜਾਓਗੇ ਵੀ ਕਿੱਥੇ? ਕਿਉਂਕਿ ਜਿੱਥੇ ਵੀ ਜਾਓਗੇ ਉਹ ਉਸੇ ਦੀ ਹੀ ਹੱਦ ਹੈ। ਜਿੱਥੇ ਵੀ ਹੋਵੋਗੇ, ਉਸੇ ਵਿੱਚ ਹੋਵੋਗੇ। ਤੁਹਾਡੀ ਨਾਰਾਜ਼ਗੀ ਨਿੱਕੇ ਬੱਚੇ ਦੀ ਨਾਰਾਜ਼ਗੀ ਹੈ, ਜਿਹੜਾ ਕਿ ਪ੍ਰੇਮ ਦਾ ਹਿੱਸਾ ਹੈ। ਤੁਹਾਡੀ ਨਾਰਾਜ਼ਗੀ ਨਾਲ ਪਰਮਾਤਮਾ ਨਾਰਾਜ਼ ਨਹੀਂ ਹੋ ਜਾਂਦਾ। ਨਾਨਕ ਕਹਿੰਦੇ ਹਨ, ਉਹ ਬਣਾਉਂਦਾ ਹੈ।

*ਕਰਿ ਕਰਿ ਵੇਖੈ ਕੀਤਾ ਆਪਣਾ ਜਿਵ ਤਿਸ ਦੀ ਵਡਿਆਈ॥*

ਅਤੇ ਵਡਿਆਈ ਦਿੰਦਾ ਹੈ ਅਤੇ ਮਹਿਮਾ ਦਿੰਦਾ ਹੈ। ਜੋ ਉਸ ਨੇ ਬਣਾਇਆ ਹੈ, ਉਹ ਉਸ ਨੂੰ ਵੇਖਦਾ ਹੈ। ਜੋ ਉਸ ਨੂੰ ਭਾਉਂਦਾ ਹੈ। ਉਹ ਉਹ ਹੀ ਕਰਦਾ ਹੈ। ਉਸ ਦੇ ਹੁਕਮ ਵਿੱਚ ਕੋਈ ਦਖ਼ਲ ਨਹੀਂ ਦੇ ਸਕਦਾ ਹੈ। ਉਹ ਬਾਦਸ਼ਾਹਾਂ ਦਾ ਬਾਦਸ਼ਾਹ ਹੈ।

ਨਾਨਕ ਕਹਿੰਦੇ ਹਨ ਕਿ ਉਸ ਦੀ ਮਰਜ਼ੀ ਦੇ ਅੰਦਰ ਹੀ ਰਹਿਣਾ।

*ਹੁਕਮੁ ਨ ਕਰਣਾ ਜਾਈ॥*

*ਸੋ ਪਾਤਿਸਾਹੁ ਸਾਹਾ ਪਾਤਿਸਾਹਿਬੁ ਨਾਨਕ ਰਹਣੁ ਰਜਾਈ॥*

ਉਸ ਦੀ ਰਜ਼ਾ ਹੈ, ਉਸ ਦੀ ਜੋ ਆਗਿਆ ਹੈ, ਉਸ ਦਾ ਜੋ ਹੁਕਮ ਹੈ, ਉਸਦੇ ਅੰਦਰ ਰਹਿਣਾ। ਬਾਹਰ ਚਲੇ ਜਾਣ ਨਾਲ ਉਹ ਨਾਰਾਜ਼ ਨਹੀਂ ਹੋ ਜਾਏਗਾ: ਬਾਹਰ ਚਲੇ ਜਾਣ ਨਾਲ ਤੁਸੀਂ ਅਕਾਰਣ ਦੁੱਖ ਪਾਓਗੇ। ਦੁੱਖ ਪਾਉਣਾ ਉਸ ਰਾਹੀਂ ਦਿੱਤਾ ਗਿਆ ਦੰਡ ਨਹੀਂ ਹੈ। ਦੁੱਖ ਪਾਉਣਾ ਉਸ ਤੋਂ ਉਲਟ ਜਾਣ ਦਾ ਸਹਜ ਫਲ ਹੈ।

ਜਿਵੇਂ ਤੁਸੀਂ ਕੰਧ ਦੇ ਵਿਚੋਂ ਦੀ ਨਿਕਲਣ ਦੀ ਕੋਸ਼ਿਸ਼ ਕਰੋ ਅਤੇ ਸਿਰ ਫਟ ਜਾਏ,

ਤਾਂ ਕੰਧ ਤੁਹਾਡੇ ਸਿਰ ਨੂੰ ਨਹੀਂ ਭੰਨ ਰਹੀ ਹੈ। ਤੁਸੀਂ ਕੰਧ ਦੇ ਵਿਚੋਂ ਦੀ ਨਿਕਲਣ ਦੀ ਕੋਸ਼ਿਸ਼ ਕਰ ਰਹੇ ਹੋ। ਤੁਸੀਂ ਖ਼ੁਦ ਹੀ ਆਪਣਾ ਸਿਰ ਭੰਨ ਰਹੇ ਹੋ, ਜਦ ਕਿ ਦਰਵਾਜ਼ਾ ਉਪਲਬਧ ਹੈ।

*ਨਾਨਕ ਰਹਣੁ ਰਜਾਈ॥*

ਉਹ ਦਰਵਾਜ਼ਾ ਉਸਦੀ ਰਜਾਈ ਹੈ। ਜਦ ਦਰਵਾਜ਼ਾ ਉਪਲਬਧ ਹੈ ਤਾਂ ਤੁਸੀਂ ਕੰਧ ਵਿਚੋਂ ਨਿਕਲਣਾ ਕਿਉਂ ਚਾਹ ਰਹੇ ਹੋ? ਨਿਕਲੋਗੇ, ਤਾਂ ਸਿਰ ਫਟੇਗਾ ਅਤੇ ਧਿਆਨ ਰੱਖਣਾ ਕਿ ਪਰਮਾਤਮਾ ਨਾਰਾਜ਼ ਹੋ ਕੇ ਸਿਰ ਨਹੀਂ ਭੰਨ ਰਿਹਾ ਹੈ। ਤੁਸੀਂ ਆਪਣੀ ਹੀ ਨਾ ਸਮਝੀ ਨਾਲ ਸਿਰ ਭੰਨ ਰਹੇ ਹੋ ਅਤੇ ਜਦ ਤੁਸੀਂ ਸਿਰ ਨੂੰ ਤੋੜ ਰਹੇ ਹੋ ਤਦ ਵੀ ਕੁਦਰਤ ਤੁਹਾਡੇ ਲਈ ਕਰੁਣਾ ਅਨੁਭਵ ਕਰਦੀ ਹੈ। ਇਸ ਲਈ ਤੁਸੀਂ ਕਿੰਨਾ ਹੀ ਸਿਰ ਭੰਨੋ, ਅਸਤਿਤਵ ਬਾਰ-ਬਾਰ ਤੁਹਾਡੇ ਸਿਰ ਨੂੰ ਠੀਕ ਕਰਦਾ ਰਹਿੰਦਾ ਹੈ। ਤੁਸੀਂ ਕਿੰਨੇ ਹੀ ਭਟਕੋ, ਹੱਥ-ਪੈਰ ਤੋੜ ਲਵੋ, ਫੇਰ ਠੀਕ ਹੋ ਜਾਂਦੇ ਹੋ। ਅਸਤਿਤਵ ਤੁਹਾਨੂੰ ਅਨੰਤ ਤੱਕ ਸਾਂਭਦਾ ਹੈ। ਪਤਾ ਨਹੀਂ, ਤੁਸੀਂ ਕਿੰਨਿਆਂ-ਕਿੰਨਿਆਂ ਜਨਮਾਂ ਤੋਂ ਕੰਧਾਂ ਨਾਲ ਟੱਕਰਾਂ ਮਾਰ ਰਹੇ ਹੋ। ਫਿਰ ਵੀ ਤੁਸੀਂ ਹੋ ਅਤੇ ਅਜੇ ਵੀ ਸਾਜੇ-ਨਿਵਾਜੇ ਹੋ, ਪੂਰੇ ਹੋ। ਅਜੇ ਕੁਝ ਟੁੱਟ ਨਹੀਂ ਗਿਆ। ਆਤਮਾ ਟੁੱਟਦੀ ਨਹੀਂ, ਪਰ ਵਿਅਰਥ ਦੁੱਖ ਝੱਲਣ ਦਾ ਆਪਣੇ ਹੱਥੀਂ ਉਪਾਅ ਹੋ ਜਾਂਦਾ ਹੈ।

ਇਸ ਲਈ ਨਾਨਕ ਕਹਿੰਦੇ ਹਨ, *'ਨਾਨਕ ਰਹਣੁ ਰਜਾਈ'*। ਉਸ ਦੀ ਆਗਿਆ ਵਿੱਚ ਰਹਿਣਾ। ਕਿਵੇਂ ਜਾਣੀਏ ਕਿ ਉਸਦਾ ਹੁਕਮ ਕੀ ਹੈ? ਕਿਵੇਂ ਪੱਕਾ ਕਰੋਗੇ ਕਿ ਕੀ ਹੈ ਉਸ ਦੀ ਰਜਾਈ? ਵੱਡੇ-ਵੱਡੇ ਚਿੰਤਨ ਕਰਨ ਵਾਲੇ ਉਥੇ ਜਾ ਕੇ ਅਟਕ ਗਏ ਹਨ, ਕਿਉਂਕਿ ਇਹ ਤਾਂ ਠੀਕ ਹੈ, ਮੰਨ ਲਿਆ ਉਸ ਦੀ ਆਗਿਆ ਵਿੱਚ ਰਹਿਣਾ। ਕੀ ਹੈ ਉਸਦੀ ਆਗਿਆ? ਕਿਵੇਂ ਤੁਸੀਂ ਪੱਕਾ ਕਰੋਗੇ, ਕਿ ਇਹ ਹੀ ਉਸਦੀ ਆਗਿਆ ਹੈ? ਉਸ ਦੀ ਆਵਾਜ਼ ਉਸੇ ਦੀ ਹੀ ਹੈ, ਤੁਹਾਡੀ ਨਹੀਂ, ਕਿਸੇ ਹੋਰ ਦੀ ਨਹੀਂ, ਕਿਵੇਂ ਪਛਾਣੋਗੇ? ਇਨ੍ਹਾਂ ਹਜ਼ਾਰਾਂ ਆਵਾਜ਼ਾਂ ਦੇ ਮੇਲੇ ਵਿੱਚ ਤੁਸੀਂ ਕਿਵੇਂ ਫੜ ਸਕੋਗੇ?

ਰਾਹ ਹੈ। ਰਾਹ ਵਿਚਾਰਾਂ ਨਾਲ ਨਹੀਂ ਖੁੱਲ੍ਹਦਾ। ਵਿਚਾਰਾਂ ਨਾਲ ਤੁਸੀਂ ਕਦੇ ਤੈਅ ਨਹੀਂ ਕਰ ਸਕੋਗੇ ਕਿ ਉਸਦੀ ਆਗਿਆ ਕੀ ਹੈ? ਰਾਹ ਖੁੱਲ੍ਹਦਾ ਹੈ, ਜਿਵੇਂ-ਜਿਵੇਂ ਤੁਸੀਂ ਉਸਦੀ ਧੁਨ ਵਿੱਚ ਡੁਬਦੇ ਹੋ, ਜਿਵੇਂ-ਜਿਵੇਂ ਤੁਹਾਡਾ ਹੰਕਾਰ ਗੁਆਚਦਾ ਹੈ, ਤਿਵੇਂ-ਤਿਵੇਂ ਤੁਸੀਂ ਧਿਆਨ ਵਿੱਚ ਲੀਨ ਹੁੰਦੇ ਹੋ, ਸਮਾਧੀ ਵਿੱਚ, ਉਸੇ ਵੇਲੇ ਉਸ ਦੀ ਆਵਾਜ਼ ਸੁਣਾਈ ਦੇਣ ਲੱਗ ਪੈਂਦੀ ਹੈ। ਤੁਹਾਡਾ ਹੰਕਾਰ ਅੰਦਰ ਰੌਲਾ-ਰੱਪਾ ਪਾ ਰਿਹਾ ਹੈ, ਇਸ ਲਈ ਤੁਸੀਂ ਆਵਾਜ਼ ਸੁਣ ਨਹੀਂ ਪਾ ਰਹੇ ਹੋ। ਤੁਹਾਡਾ ਹੰਕਾਰ ਸ਼ਾਂਤ ਹੋ ਜਾਏ। ਵਿਚਾਰਾਂ ਦਾ ਉਪੱਦਰ ਅੰਦਰ ਨਾ ਰਹੇ, ਝਟਪਟ ਉਸ ਦੀ ਆਵਾਜ਼ ਨਾਲੋਂ ਟੁੱਟੇ ਨਹੀਂ।

ਮਨੁੱਖ ਦੇ ਅੰਦਰ ਅੰਤ:ਕਰਣ ਹੈ। ਜਿਵੇਂ ਅੱਖਾਂ ਨਾਲ ਤੁਸੀਂ ਵੇਖਦੇ ਹੋ, ਕੰਨਾਂ ਨਾਲ ਤੁਸੀਂ ਸੁਣਦੇ ਹੋ, ਅਜਿਹਾ ਅੰਤ:ਕਰਣ ਤੁਹਾਡੇ ਅੰਦਰ ਇੱਕ ਯੰਤਰ ਹੈ, ਜਿਹੜਾ ਪਰਮਾਤਮਾ ਦੀ ਆਵਾਜ਼ ਨੂੰ ਫੜਦਾ ਹੈ। ਅੱਖ ਰੋਸ਼ਨੀ ਨੂੰ ਫੜਦੀ ਹੈ। ਹੁਣ ਤੱਕ ਵਿਗਿਆਨਕ ਸਮਝ ਨਹੀਂ ਸਕੇ ਕਿ ਕਿਵੇਂ ਫੜਦੀ ਹੈ? ਹੁਣ ਤੱਕ ਵਿਗਿਆਨਕ ਹੱਲ ਨਹੀਂ ਕਰ ਸਕੇ ਕਿ ਅੱਖ ਨਾਲ ਕਿਵੇਂ ਦਿਮਾਗ ਵਿੱਚ ਖ਼ਬਰ ਪੁੱਜਦੀ ਹੈ ਕਿ ਬਾਹਰ ਇੱਕ ਸੋਹਣੀ ਇਸਤ੍ਰੀ ਖਲੋਤੀ ਹੈ, ਜਾਂ ਫੁੱਲ ਖਿੜਿਆ ਹੈ, ਜਾਂ ਸੂਰਜ ਨਿਕਲਿਆ ਹੈ? ਅੱਖ ਕਿਵੇਂ ਰੋਸ਼ਨੀ ਨੂੰ ਅੰਦਰ ਲੈ ਜਾਂਦੀ ਹੈ। ਤੇ ਕਿਵੇਂ ਰੋਸ਼ਨੀ ਨਾਲ ਚਿੱਤ੍ਰ ਬਣਾਉਂਦੀ ਹੈ? ਹੁਣ ਤੱਕ ਰਾਜ ਖੁੱਲ੍ਹ ਨਹੀਂ ਸਕਿਆ ਹੈ। ਹੁਣ ਤੱਕ ਭੇਦ ਹੈ ਅਤੇ ਬਹੁਤ ਤਿਲਿਸਮ ਵਰਗਾ ਹੈ।

ਹੱਥ ਛੂੰਹਦੇ ਹਨ। ਜਦ ਤੁਸੀਂ ਕਿਸੇ ਨੂੰ ਛੂੰਹਦੇ ਹੋ ਤਾਂ ਹੱਥ ਤਾਂ ਛੂਹ ਰਿਹਾ ਹੈ, ਪਰ ਮਨ ਨੂੰ ਛੂਹਣ ਦਾ ਪਤਾ ਲੱਗਦਾ ਹੈ, ਕਿ ਚਮੜੀ ਖੁਰਦਰੀ ਹੈ, ਜਾਂ ਚੀਕਣੀ ਹੈ, ਜਾਂ ਮੁਲਾਇਮ ਹੈ, ਜਾਂ ਕੋਮਲ ਹੈ ਜਾਂ ਮਖਮਲੀ ਹੈ। ਇਹ ਸਾਰੀ ਘਟਨਾ ਤਾਂ ਉਂਗਲੀ ਦੀ ਚਮੜੀ ਉਤੇ ਵਾਪਰ ਰਹੀ ਹੈ, ਪਰ ਇਹ ਸਾਰੀ ਖ਼ਬਰ ਕਿਵੇਂ ਪੁੱਜ ਜਾਂਦੀ ਹੈ ਤੁਹਾਡੇ ਮਨ ਤੱਕ ? ਪਲ ਵੀ ਨਹੀਂ ਲੱਗਦਾ।

ਜਿਵੇਂ ਇਹ ਪੰਜ ਇੰਦਰੀਆਂ ਹਨ, ਇਸ ਜਗਤ ਨਾਲ ਸੰਬੰਧ ਜੋੜਣ ਲਈ, ਇੱਕ ਛੇਵੀਂ ਇੰਦਰੀ ਹੈ, ਜਿਸ ਨੂੰ ਅਸੀਂ ਅੰਤ:ਕਰਣ ਕਿਹਾ ਹੈ, ਚੇਤਨਾ। ਉਹ ਛੇਵੀਂ ਇੰਦਰੀ ਵੀ ਤੁਹਾਡੇ ਅੰਦਰ ਹੈ, ਅਤੇ ਹਰ ਵੇਲੇ ਕੰਮ ਕਰ ਰਹੀ ਹੈ। ਪਰ ਤੁਸੀਂ ਦੂਜੀਆਂ ਚੀਜ਼ਾਂ ਵਿੱਚ ਉਲਝੇ ਹੋਏ ਹੋ। ਤੁਸੀਂ ਵਿਚਾਰਾਂ ਵਿੱਚ ਉਲਝੇ ਹੋਏ ਹੋ ਤੇ ਉਸਦੀ ਮੱਧਮ ਆਵਾਜ਼ ਸੁਣਾਈ ਨਹੀਂ ਦਿੰਦੀ। ਜਦ ਤੁਹਾਡੇ ਅੰਦਰ ਸਭ ਸੰਨਾਟਾ ਹੋ ਜਾਂਦਾ ਹੈ, ਅਚਾਨਕ ਤੁਸੀਂ ਪਾਉਂਦੇ ਹੋ ਕਿ ਉਸ ਦੀ ਆਵਾਜ਼ ਸਦਾ ਮਿਲਦੀ ਰਹਿੰਦੀ ਹੈ।

ਨਾਨਕ ਕਹਿ ਰਹੇ ਹਨ, *'ਨਾਨਕ ਰਹਣੁ ਰਜਾਈ'* ਉਸ ਦੀ ਆਗਿਆ ਵਿੱਚ ਰਹਿਣਾ। ਪਰ ਪਹਿਲਾਂ ਉਸ ਦੀ ਆਗਿਆ ਨੂੰ ਲੱਭਣਾ ਪਏਗਾ ਅਤੇ ਉਸ ਆਗਿਆ ਨੂੰ ਲੱਭਣਾ ਔਖਾ ਨਹੀਂ ਹੈ। ਤੁਹਾਡੇ ਸੋਚਣ ਨਾਲ ਕੋਈ ਸੰਬੰਧ ਨਹੀਂ, ਕਿ ਕੀ ਠੀਕ ਹੈ ਕੀ ਗ਼ਲਤ ਹੈ। ਤੁਹਾਡਾ ਸੋਚਣਾ ਬੰਦ ਹੋਣਾ ਚਾਹੀਦਾ ਹੈ। ਜਿਵੇਂ ਹੀ ਸੋਚਣਾ ਬੰਦ ਹੋਇਆ, ਕੀ ਠੀਕ ਹੈ, ਉਹ ਸੁਣਾਈ ਦੇਣ ਲੱਗ ਪੈਂਦਾ ਹੈ ਅਤੇ ਤਦ ਤੁਹਾਡੀ ਸਾਰੀ ਚਿੰਤਾ ਗੁਆਚ ਜਾਂਦੀ ਹੈ, ਸਾਰੀ ਜਿੰਮੇਵਾਰੀ ਗੁੰਮ ਹੋ ਜਾਂਦੀ ਹੈ, ਉਸ ਦੀ ਜੋ ਮਰਜ਼ੀ, ਉਹ ਹੀ ਤੁਸੀਂ ਕਰਦੇ ਹੋ।

ਉਸ ਦੀ ਮਰਜ਼ੀ 'ਨਾਨਕ ਦਾ ਮਾਰਗ ਹੈ। ਇਸ ਲਈ ਉਨ੍ਹਾਂ ਨੇ ਜੀਵਨ ਦੇ ਪਰਮ ਸੂਤਰ ਨੂੰ 'ਹੁਕਮ' ਕਿਹਾ ਹੈ— ਉਸਦੀ ਮਰਜ਼ੀ। ਅਤੇ ਉਸਦੇ ਨਾਲ ਜੁੜਣ ਦਾ ਤੁਹਾਡੇ

ਕੌਲ ਉਪਾਅ ਹੈ।' ਉਹ ਉਪਾਅ ਤੁਸੀਂ ਜਨਮ ਦੇ ਨਾਲ ਲੈ ਕੇ ਪੈਦਾ ਹੋਏ ਹੋ। ਪਰ ਤੁਸੀਂ ਅਜੇ ਤੱਕ ਉਸ ਦੀ ਵਰਤੋਂ ਨਹੀਂ ਕੀਤੀ ਹੈ। ਧਿਆਨ ਤੁਹਾਨੂੰ ਅੰਤ:ਕਰਣ ਤੱਕ ਲੈ ਜਾਏਗਾ, ਬੱਸ! ਅਤੇ ਅੰਤ: ਕਰਣ ਨੇ ਤੁਹਾਨੂੰ ਪਰਮਾਤਮਾ ਨਾਲ ਜੋੜਿਆ ਹੋਇਆ ਹੈ। ਉਹ ਜਿਹੜਾ ਅੰਤਸ ਨਾਲ ਜੁੜਿਆ ਹੋਇਆ ਤਾਰ ਹੈ, ਉਹ ਹਰ ਵੇਲੇ ਕਹਿ ਰਿਹਾ ਹੈ, ਕੀ ਕਰੋ, ਕੀ ਨਾ ਕਰੋ।

ਨਾਨਕ ਕਹਿੰਦੇ ਹਨ, ਜਦ ਉਹ ਤੁਹਾਨੂੰ ਸੁਣਾਈ ਦੇਣ ਲੱਗ ਪਵੇ ਤਾਂ ਬੱਸ, ਉਸਦੀ ਹੱਦ ਵਿੱਚ ਰਹਿਣਾ। ਫ਼ਿਰ ਤੁਹਾਡੇ ਜੀਵਨ ਵਿੱਚ ਕੋਈ ਦੁੱਖ ਨਹੀਂ ਹੈ। ਫ਼ਿਰ ਤੁਹਾਡੇ ਜੀਵਨ ਵਿੱਚ ਉਤਸਵ ਦੀ ਸੰਘਣੀ ਬਾਰਿਸ਼ ਹੋਏਗੀ।

ਉਸ ਘੜੀ ਕਬੀਰ ਨੇ ਕਿਹਾ ਹੈ, 'ਗਰਜੇ ਗਗਨ ਬਰਸੇ ਅਮੀ'। ਆਨੰਦ ਦਾ ਜਨਮ ਹੋਇਆ ਹੈ। ਆਕਾਸ਼ ਗਰਜ ਰਿਹਾ ਹੈ। ਪਾਣੀ ਨਹੀਂ ਵਰ੍ਹ ਰਿਹਾ ਹੈ, ਅੰਮ੍ਰਿਤ ਵਰ੍ਹ ਰਿਹਾ ਹੈ।

ਅੰਤ:ਕਰਣ ਨਾਲ ਜੁੜਦਿਆਂ ਹੀ ਤੁਹਾਡੇ ਅਤੇ ਪਰਮਾਤਮਾ ਦੇ ਵਿਚਕਾਰ ਸਿੱਧਾ ਸੰਬੰਧ ਹੋ ਗਿਆ, ਉਹ ਹੁਣ ਵੀ ਹੈ। ਪਰਮਾਤਮਾ ਵਲੋਂ ਤਾਂ ਹੁਣ ਵੀ ਹੈ। ਤੁਹਾਡੇ ਵਲੋਂ ਅਜੇ ਨਹੀਂ ਹੈ। ਚੁੱਪ ਹੋਣ ਦੀ ਕਲਾ ਅੰਤ:ਕਰਣ ਨਾਲ ਜੁੜ ਜਾਣ ਦਾ ਉਪਾਅ ਹੈ। ਮੌਨ ਮਾਰਗ ਹੈ।

ਅੱਜ ਏਨਾ ਹੀ।

# ਆਦੇਸੁ ਤਿਸੈ ਆਦੇਸੁ

ਮੁੰਦਾ ਸੰਤੋਖੁ ਸਰਮੁ ਪਤੁ ਝੋਲੀ ਧਿਆਨ ਕੀ ਕਰਹਿ ਬਿਭੂਤਿ॥
ਖਿੰਥਾ ਕਾਲੁ ਕੁਆਰੀ ਕਾਇਆ ਜੁਗਤਿ ਡੰਡਾ ਪਰਤੀਤਿ॥
ਆਈ ਪੰਥੀ ਸਗਲ ਜਮਾਤੀ ਮਨਿ ਜੀਤੈ ਜਗੁ ਜੀਤੁ॥
ਆਦੇਸੁ ਤਿਸੈ ਆਦੇਸੁ॥
ਆਦਿ ਅਨੀਲੁ ਅਨਾਦਿ ਅਨਾਹਤਿ ਜੁਗੁ ਜੁਗੁ ਏਕੋ ਵੇਸੁ॥ ੨੮॥

ਭੁਗਤਿ ਗਿਆਨੁ ਦਇਆ ਭੰਡਾਰਣਿ ਘਟਿ ਘਟਿ ਵਾਜਹਿ ਨਾਦ॥
ਆਪਿ ਨਾਥੁ ਨਾਥੀ ਸਭ ਜਾ ਕੀ ਰਿਧਿ ਸਿਧਿ ਅਵਰਾ ਸਾਦ॥
ਸੰਜੋਗੁ ਵਿਜੋਗੁ ਦੁਇ ਕਾਰ ਚਲਾਵਹਿ ਲੇਖੇ ਆਵਹਿ ਭਾਗ॥
ਆਦੇਸੁ ਤਿਸੈ ਆਦੇਸੁ॥
ਆਦਿ ਅਨੀਲੁ ਅਨਾਦਿ ਅਨਾਹਤਿ ਜੁਗੁ ਜੁਗੁ ਏਕੋ ਵੇਸੁ॥ ੨੯॥

ਇੱਕ ਇੱਕ ਸ਼ਬਦ ਬਹੁਤ ਕੀਮਤੀ ਹੈ ਅਤੇ ਇੱਕ ਇੱਕ ਸ਼ਬਦ ਨੂੰ ਡੂੰਘਾਈ ਵਿੱਚ ਸਮਝਣ ਦੀ ਕੋਸ਼ਿਸ਼ ਕਰਨਾ।

*'ਮੁੰਦਾ ਸੰਤੋਖੁ ਸਰਮੁ ਪਤੁ ਝੋਲੀ ਧਿਆਨ ਕੀ ਕਰਹਿ ਬਿਭੂਤਿ॥'*

ਹੇ ਯੋਗੀ, ਸੰਤੋਖ ਅਤੇ ਸ਼ਰਮ ਦੀ ਮੁਦ੍ਰਾ (ਪੋਜ) ਬਣਾਓ। ਪ੍ਰਤਿਸ਼ਠਾ (ਸ਼ੋਭਾ) ਦੀ ਝੋਲੀ ਧਾਰਨ ਕਰੋ। ਅਤੇ ਧਿਆਨ ਦੀ ਵਿਭੂਤੀ (ਸੁਆਹ) ਲਗਾਓ।

ਲਗਾਤਾਰ ਅਜਿਹਾ ਹੋਇਆ ਹੈ, ਅਤੇ ਸਦਾ ਅਜਿਹਾ ਹੁੰਦਾ ਵੀ ਰਹੇਗਾ, ਕਿਉਂਕਿ ਆਦਮੀ ਦੇ ਮਨ ਦੀਆਂ ਕੁਝ ਬੁਨਿਆਦੀ ਭੁੱਲਾਂ ਹਨ, ਜਿਹੜੀਆਂ ਬਾਰ-ਬਾਰ ਦੁਹਰਾਈਆਂ ਜਾਂਦੀਆਂ ਹਨ। ਜਦ ਵੀ ਕਿਸੇ ਧਰਮ ਦਾ ਜਨਮ ਹੁੰਦਾ ਹੈ, ਤਾਂ ਅਨੇਕ ਵਿਧੀਆਂ, ਅਨੇਕ ਉਪਾਅ, ਅਨੇਕ ਪ੍ਰਯੋਗ ਪਰਮਾਤਮਾ ਤੱਕ ਪੁੱਜਣ ਲਈ ਲੱਭੇ ਜਾਂਦੇ ਹਨ।

ਧਰਮ ਦੇ ਮੂਲ ਸਰੋਤ ਦੇ ਨੇੜੇ ਤਾਂ ਕੇਵਲ ਪ੍ਰਤੀਕ ਹੁੰਦੇ ਹਨ, ਸਹਾਰੇ ਹੁੰਦੇ ਹਨ। ਪਰ ਜਿਵੇਂ-ਜਿਵੇਂ ਮੂਲ ਸਰੋਤ ਦੂਰ ਹੁੰਦਾ ਜਾਂਦਾ ਹੈ ਅਤੇ ਧਰਮ ਇੱਕ ਪਰੰਪਰਾ ਬਣ ਜਾਂਦੀ ਹੈ, ਉਵੇਂ-ਉਵੇਂ ਪ੍ਰਤੀਕ ਜੜ ਹੋ ਜਾਂਦੇ ਹਨ। ਉਨ੍ਹਾਂ ਦਾ ਅਰਥ ਗੁਆਚ ਜਾਂਦਾ ਹੈ। ਫਿਰ ਲੋਕ ਮੁਰਦੇ ਵਾਂਗ ਉਨ੍ਹਾਂ ਨੂੰ ਢੋਂਦੇ ਹਨ। ਫਿਰ ਹੌਲੀ-ਹੌਲੀ ਇਹ ਵੀ ਭੁੱਲ ਜਾਂਦਾ ਹੈ ਕਿ ਕਾਹਦੇ ਲਈ, ਕਿਉਂ ਪਹਿਲਾਂ ਇਨ੍ਹਾਂ ਨੂੰ ਸਵੀਕਾਰ ਕੀਤਾ ਸੀ? ਇੱਕ ਲੋਕਾਚਾਰ ਹੋ ਜਾਂਦਾ ਹੈ, ਜਿਸ ਨੂੰ ਨਿਭਾਉਣਾ ਸਮਾਜਿਕ ਕਰਮ ਬਣ ਜਾਂਦਾ ਹੈ।

ਸਮਝੋ। ਮੈਂ ਤੁਹਾਨੂੰ ਸੰਨਿਆਸ ਦਿੱਤਾ, ਗੇਰੂਏ ਕਪੜੇ ਦਿੱਤੇ, ਥੋੜ੍ਹੇ ਹੀ ਦਿਨਾਂ ਵਿੱਚ ਗੇਰੂਏ ਕਪੜਿਆਂ ਦਾ ਅੰਦਰੂਨੀ ਅਰਥ ਗੁਆਚ ਜਾਏਗਾ। ਜਿਵੇਂ-ਜਿਵੇਂ ਮੇਰੇ ਕੋਲੋਂ ਦੂਰ ਹੋਵੋਗੇ, ਤਿਵੇਂ-ਤਿਵੇਂ ਗੇਰੂਏ ਕਪੜੇ ਇੱਕ ਬਾਹਰੀ ਪ੍ਰਤੀਕ ਹੋ ਜਾਣਗੇ। ਪਰ ਕਪੜੇ ਰੰਗ ਲੈਣ ਨਾਲ ਕਿਤੇ ਆਤਮਾ ਰੰਗੀ ਜਾਂਦੀ ਹੈ। ਕਪੜੇ ਰੰਗ ਲੈਣਾ ਤਾਂ ਸਿਰਫ਼ ਇੱਕ ਸੁਰਤਿ ਦਾ ਉਪਾਅ ਸੀ। ਕਿ ਹੁਣ ਆਤਮਾ ਨੂੰ ਵੀ ਰੰਗਣਾ ਹੈ। ਉਹ ਤਾਂ ਅਜਿਹਾ ਹੈ, ਜਿਵੇਂ ਕੋਈ ਆਦਮੀ ਬਾਜ਼ਾਰ ਜਾਂਦਾ ਹੈ, ਕੁਝ ਖ਼ਰੀਦ ਕੇ ਲਿਆਉਂਦਾ ਹੈ, ਭੁੱਲ ਨਾ ਜਾਏ, ਤਾਂ ਆਪਣੇ ਕੁੜਤੇ ਵਿੱਚ ਇੱਕ ਗੰਢ ਦੇ ਲੈਂਦਾ ਹੈ। ਗੰਢ ਕੋਈ ਬਾਜ਼ਾਰੋਂ ਥੋੜ੍ਹੀ ਖ਼ਰੀਦ ਕੇ ਲਿਆਉਂਦੀ ਹੈ। ਗੰਢ ਦਾ ਆਪਣੇ ਆਪ ਵਿੱਚ ਕੋਈ ਅਰਥ ਥੋੜ੍ਹੇ ਹੀ ਹੈ। ਤੁਸੀਂ ਹਜ਼ਾਰ ਗੰਢਾਂ ਲਾ ਲਵੋ, ਇਸ ਨਾਲ ਕੀ ਹੋਏਗਾ? ਉਹ ਤਾਂ ਸਮਰਣ ਲਈ ਇੱਕ ਸਹਾਰਾ ਹੈ। ਦਿਨ ਭਰ ਬਾਜ਼ਾਰ ਵਿੱਚ ਕੰਮ ਵਿੱਚ ਉਲਝਿਆ ਰਹੇਗਾ, ਬਾਰ ਬਾਰ ਗੰਢ ਉੱਤੇ ਧਿਆਨ ਜਾਏਗਾ, ਖਿਆਲ ਆ ਜਾਏਗਾ, ਕਿ ਕੁਝ ਖ਼ਰੀਦ ਕੇ ਲਿਆਉਣਾ ਹੈ। ਸੁਰਤਿ ਬਣੀ ਰਹੇਗੀ। ਭੁੱਲਣ ਦੀ ਸੰਭਾਵਨਾ ਘੱਟ ਰਹੇਗੀ। ਹਜ਼ਾਰ ਕੰਮਾਂ ਵਿੱਚ

ਉਲਝਿਆ ਹੋਇਆ ਵੀ, ਜੋ ਚੀਜ਼ ਖਰੀਦ ਕੇ ਲਿਆਉਣੀ ਸੀ, ਖਰੀਦ ਕੇ ਲੈ ਆਏਗਾ। ਪਰ ਗੰਢ ਆਪਣੇ ਆਪ ਵਿੱਚ ਕੁਝ ਅਰਥ ਨਹੀਂ ਰੱਖਦੀ।

ਉਸ ਦਾ ਪੁੱਤਰ, ਹੋ ਸਕਦਾ ਹੈ ਇਹ ਦੇਖ ਕੇ, ਕਿ ਪਿਓ ਜਦ ਵੀ ਬਾਜ਼ਾਰ ਜਾਂਦਾ ਸੀ, ਤਾਂ ਅਕਸਰ ਆਪਣੇ ਕਪੜਿਆਂ ਵਿੱਚ ਗੰਢ ਬੰਨ੍ਹ ਲੈਂਦਾ ਸੀ, ਜ਼ਰੂਰ ਇਸ ਵਿੱਚ ਕੋਈ ਭੇਦ ਹੋਏਗਾ, ਜਦ ਪੁੱਤਰ ਵੀ ਬਾਜ਼ਾਰ ਜਾਏਗਾ, ਤਾਂ ਕੁੜਤੇ ਵਿੱਚ ਗੰਢ ਬੰਨ੍ਹ ਕੇ ਜਾਏਗਾ। ਨਾ ਤਾਂ ਕੁਝ ਸਮਰਣ ਰੱਖਣ ਲਈ ਹੈ, ਨਾ ਗੰਢ ਦਾ ਕੋਈ ਸੰਬੰਧ ਯਾਦਦਾਸ਼ਤ ਨਾਲ ਰਿਹਾ। ਹੁਣ ਤਾਂ ਗੰਢ ਇੱਕ ਔਪਚਾਰਿਕ ਪਰੰਪਰਾ ਹੋ ਗਈ। ਉਸ ਦਾ ਪੁੱਤਰ ਵੀ ਅਜਿਹਾ ਹੀ ਕਰੇਗਾ ਅਤੇ ਤਦ ਹਜ਼ਾਰਾਂ ਸਾਲਾਂ ਤੱਕ ਇਹ ਗੱਲ ਚੱਲਦੀ ਰਹੇਗੀ।

ਉਸ ਘਰ ਵਿੱਚ ਗੰਢ ਬੰਨ੍ਹਣੀ ਪਰੰਪਰਾ ਹੋ ਜਾਏਗੀ। ਜਿਹੜਾ ਤੋੜੇਗਾ, ਨਹੀਂ ਮੰਨੇਗਾ, ਉਹ ਅਧਾਰਮਿਕ ਸਮਝਿਆ ਜਾਏਗਾ, ਜਿਹੜਾ ਮੰਨੇਗਾ ਉਹ ਧਾਰਮਿਕ ਸਮਝਿਆ ਜਾਏਗਾ। ਜਿਹੜਾ ਮੰਨੇਗਾ, ਉਹ ਪੁਰਖਿਆਂ ਦਾ ਆਦਰ ਕਰਦਾ ਹੈ। ਜਿਹੜਾ ਨਹੀਂ ਮੰਨੇਗਾ, ਉਹ ਬਗਾਵਤੀ ਹੈ, ਵਿਦ੍ਰੋਹੀ ਹੈ। ਪਰ ਨਾ ਮੰਨਣ ਵਾਲਾ ਦੱਸ ਸਕੇਗਾ ਕਿ ਇਹ ਗੰਢ ਕਾਹਦੇ ਲਈ? ਅਤੇ ਨਾ, ਨਾ ਮੰਨਣ ਵਾਲਾ ਦੱਸ ਸਕੇਗਾ ਕਿ ਗੰਢ ਕਿਸ ਵਾਸਤੇ ਨਹੀਂ? ਸਾਰਿਆਂ ਧਰਮਾਂ ਵਿੱਚ ਇਸ ਤਰ੍ਹਾਂ ਦਾ ਉਪੱਦਰ ਸੁਭਾਵਿਕ ਹੈ। ਕਿਉਂਕਿ ਮਨ ਥੋਥੇ ਨੂੰ ਫੜ ਲੈਂਦਾ ਹੈ, ਡੂੰਘੇ ਨੂੰ ਭੁੱਲ ਜਾਂਦਾ ਹੈ। ਮਨ ਦੀ ਕੋਈ ਡੂੰਘਾਈ ਨਹੀਂ ਹੈ। ਮਨ ਡੂੰਘਾਈ ਨੂੰ ਚੇਤੇ ਰੱਖ ਹੀ ਨਹੀਂ ਸਕਦਾ।

ਮੈਂ ਤੁਹਾਨੂੰ ਗੈਰਿਕ—ਕਪੜੇ ਦਿੱਤੇ ਹਨ, ਉਹ ਤਾਂ ਸਿਰਫ ਤੁਹਾਡੇ ਅੰਦਰ ਚੋਵੀ ਘੰਟੇ ਯਾਦ ਬਣੀ ਰਹੇ, ਕਿ ਤੁਸੀਂ ਸੰਨਿਆਸੀ ਹੋ ਅਤੇ ਤੁਹਾਨੂੰ ਇਸ ਤਰ੍ਹਾਂ ਉੱਠਣਾ, ਇਸ ਤਰ੍ਹਾਂ ਬੈਠਣਾ, ਇਸ ਤਰ੍ਹਾਂ ਟੁਰਨਾ ਹੈ, ਜਿਵੇਂ ਇੱਕ ਸੰਨਿਆਸੀ ਨੂੰ ਉਠਣਾ ਚਾਹੀਦਾ, ਬੈਠਣਾ ਚਾਹੀਦਾ, ਟੁਰਨਾ ਚਾਹੀਦਾ ਤੁਹਾਨੂੰ ਉਹ ਹੀ ਬੋਲਣਾ ਹੈ, ਜਿਹੜਾ ਇੱਕ ਸੰਨਿਆਸੀ ਨੂੰ ਬੋਲਣਾ ਚਾਹੀਦਾ ਹੈ। ਤੁਹਾਡਾ ਇਸ ਜਗਤ ਵਿੱਚ ਵਰਤਾਵ ਇੱਕ ਕੈਦੀ ਦਾ ਨਾ ਹੋਵੇ, ਇੱਕ ਮਾਲਿਕ ਦਾ ਹੋਵੇ। ਇਸ ਲਈ ਮੈਂ ਤੁਹਾਨੂੰ 'ਸੁਆਮੀ' ਕਿਹਾ। ਇੱਕ ਬੱਝੇ ਹੋਏ ਪ੍ਰਾਣੀ ਦਾ ਨਾ ਹੋਵੇ, ਮੁਕਤਾ ਚਰਣ ਹੋਵੇ। ਮੰਨਿਆ ਕਿ ਅੱਜ ਤੁਸੀਂ ਅਚਾਨਕ ਮੁਕਤ ਨਹੀਂ ਹੋ ਜਾਓਗੇ, ਪਰ ਕਿਤੋਂ ਤਾਂ ਸ਼ੁਰੂਆਤ ਕਰਨੀ ਹੋਏਗੀ। ਇਹ ਤਾਂ ਕਪੜੇ ਤੁਹਾਡੀ ਦੇਹ ਉਤੇ ਗੰਢ ਦੇ ਵਾਂਗ ਹਨ। ਇਨ੍ਹਾਂ ਦੀ ਵਰਤੋਂ ਏਨੀ ਹੈ ਕਿ ਇਨ੍ਹਾਂ ਦੇ ਕਾਰਣ ਸੁਰਤਿ ਕਾਇਮ ਰਹੇਗੀ ਅਤੇ ਹੁਣ ਸੁਰਤਿ ਕਾਇਮ ਰੱਖਣਾ ਸਭ ਤੋਂ ਬਹੁਤਾ ਮਹੱਤਵ ਪੂਰਣ ਹੈ।

ਨਾਨਕ ਇਹ ਜਿਹੜੇ ਵਚਨ ਕਹਿ ਰਹੇ ਹਨ, ਉਹ ਨਾਥ-ਸੰਪਰਦਾਇ ਦੇ ਸਾਧੂਆਂ ਨੂੰ ਸੰਬੋਧਿਤ (ਸਾਹਮਣੇ ਰੱਖ ਕੇ) ਕਰਕੇ ਕਹਿ ਰਹੇ ਹਨ। ਉਸ ਵੇਲੇ ਨਾਥ ਸੰਪਰਦਾਇ ਦੇ ਸਾਧੂਆਂ ਦਾ ਬਹੁਤ ਪ੍ਰਭਾਵ ਸੀ। ਦੇਸ਼ ਦੇ ਕੋਨੇ-ਕੋਨੇ ਵਿੱਚ ਉਨ੍ਹਾਂ ਦੇ ਮੱਠ ਸਨ ਅਤੇ ਜਿਸ ਤੋਂ ਨਾਥ ਸੰਪਰਦਾਇ ਦਾ ਜਨਮ ਹੋਇਆ ਸੀ, 'ਉਹ ਆਦਮੀ ਬਹੁਤ ਅਨੋਖਾ ਸੀ—ਗੋਰਖ ਨਾਥ। ਪਰ ਜਿਵੇਂ ਹੀ ਗੋਰਖ ਨਾਥ ਗੁਆਚਿਆ, ਉਵੇਂ ਹੀ ਉਸ ਦੀਆਂ ਵਿਧੀਆਂ ਸਾਧਾਰਣ ਆਦਮੀ ਦੇ ਹੱਥ ਵਿੱਚ ਪੈ ਗਈਆਂ ਤੇ ਉਹ ਸਾਰੀਆਂ ਵਿਧੀਆਂ ਥੋਥੀਆਂ ਹੋ ਗਈਆਂ। ਨਾਥ ਸੰਪਰਦਾਇ ਦੇ ਸਾਧੂ ਆਪਣੇ ਕੰਨ ਵਿੰਨ੍ਹ ਲੈਂਦੇ ਹਨ। ਹੁਣ ਉਹ ਵੀ ਗੰਢ ਹੈ ਅਤੇ ਬਹੁਤ ਉਪਯੋਗੀ ਹੈ।

'ਆਕਯੁਪੰਕਚਰ' ਚੀਨ ਵਿੱਚ ਇੱਕ ਬਹੁਤ ਪੁਰਾਣਾ ਵਿਗਿਆਨ ਹੈ ਅਤੇ ਹੁਣ ਪੱਛਮ ਵਿੱਚ ਵੀ ਉਸ ਨੂੰ ਸਵੀਕਾਰ ਕੀਤਾ ਜਾਂਦਾ ਹੈ। 'ਆਕਯੁਪੰਕਚਰ' ਮਨੁੱਖ ਦੇ ਸ਼ਰੀਰ ਵਿੱਚ ਸੱਤ ਸੌ ਬਿੰਦੂ ਮੰਨਦਾ ਹੈ, ਜਿੱਥੇ ਜੀਵਨ ਊਰਜਾ ਵਗਦੀ ਹੈ। ਦੋਹਾਂ ਕੰਨਾਂ ਦਾ ਲਟਕਦਾ ਹੋਇਆ ਹਿੱਸਾ, ਇੱਕ ਵੱਡਾ ਮਹੱਤਵਪੂਰਣ 'ਆਕਯੁਪੰਕਚਰ' ਦਾ ਕੇਂਦਰ ਹੈ ਅਤੇ ਇਸ ਕੇਂਦਰ ਨਾਲ ਅੰਦਰ ਦੀ ਸਮ੍ਰਿਤੀ ਦਾ ਬਹੁਤ ਡੂੰਘਾ ਸੰਬੰਧ ਹੈ। ਜੇਕਰ ਕੰਨ ਵਿੰਨ੍ਹ ਦਿੱਤੇ ਜਾਣ, ਤਾਂ ਉਸ ਅੰਦਰਲੀ ਊਰਜਾ ਵਿੱਚ ਸੱਟ ਵੱਜਦੀ ਹੈ। ਡੂੰਘੀ ਸੱਟ ਵੱਜਦੀ ਹੈ। ਦਿਮਾਗ ਦੇ ਕੁਝ ਵਿਕਾਰਾਂ (ਰੋਗਾਂ) ਨੂੰ ਦੂਰ ਕਰਨ ਦਾ ਚੀਨ ਵਿੱਚ ਇੱਕ ਹੀ ਉਪਾਅ ਹੈ ਕਿ ਕੰਨ ਵਿੰਨ੍ਹ ਦਿੱਤੇ ਜਾਣ। ਕੰਨ ਵਿੰਨ੍ਹਦੇ ਹੀ ਵਿਕਾਰ ਦੂਰ ਹੋ ਜਾਂਦੇ ਹਨ।

ਇਸ ਗਹਿਰੇ ਤਜੁਰਬੇ ਦੇ ਕਾਰਣ ਨਾਥ ਸੰਪਰਦਾਇ ਦੇ ਸਾਧੂ ਕੰਨ ਵਿੰਨ੍ਹਦੇ ਹਨ ਅਤੇ ਉਨ੍ਹਾਂ ਦਾ ਇੱਕ ਤਬਕਾ ਤਾਂ ਕੰਨਪਾਟੇ ਜੋਗੀਆਂ ਦਾ ਹੁੰਦਾ ਹੈ। ਉਹ ਵਿੰਨ੍ਹਦੇ ਹੀ ਨਹੀਂ, ਕੰਨ ਨੂੰ ਬਿਲਕੁਲ ਫਾੜ ਲੈਂਦੇ ਹਨ। ਕਿਉਂਕਿ ਸ਼ਰੀਰ ਦੀ ਊਰਜਾ ਦੇ ਬਿੰਦੂ ਹਨ ਅਤੇ ਜਦ ਕੰਨ ਫੱਟ ਜਾਂਦਾ ਹੈ, ਤਾਂ ਉਥੇ ਜਿਹੜੀ ਸੱਟ ਵੱਜਦੀ ਸੀ, ਉਹ ਗੁਆਚ ਜਾਂਦੀ ਹੈ। ਉਥੋਂ ਜੀਵਨ ਦੀ ਵਿਦ੍ਯੁੱਤੀ ਧਾਰਾ (ਬਿਜਲੀ ਦੀ ਧਾਰ) ਸਿੱਧੀ ਦਿਮਾਗ ਵੱਲ ਵਗਣ ਲੱਗਦੀ ਹੈ, ਵਿਚਕਾਰ ਦੀ ਇੱਕ ਰੁਕਾਵਟ ਵੱਖਰੀ ਹੋ ਜਾਂਦੀ ਹੈ। ਇਹ ਅੰਦਰੂਨੀ ਸਮ੍ਰਿਤੀ ਨੂੰ ਜਗਾਉਣ ਦਾ ਬੜਾ ਕੀਮਤੀ ਉਪਾਅ ਹੈ।

ਤੁਸੀਂ ਕਦੇ ਥੋੜ੍ਹੀ ਜਿਹੀ ਕੋਸ਼ਿਸ਼ ਕਰਨਾ। ਕੰਨ ਵਿੰਨ੍ਹਣ ਦੀ ਕੋਈ ਲੋੜ ਨਹੀਂ ਹੈ, ਪਰ ਜਦ ਵੀ ਤੁਹਾਡਾ ਮਨ ਉਦਾਸ ਹੋਵੇ, ਚਿੰਤਾ ਫ਼ਿਕਰ ਵਿੱਚ ਹੋਵੇ, ਦੁਖੀ ਹੋਵੇ, ਕ੍ਰੋਧ ਨਾਲ ਭਰਿਆ ਹੋਵੇ, ਤੁਸੀਂ ਦੋਹਾਂ ਕੰਨਾਂ ਦੇ ਹੇਠਲੇ ਹਿੱਸੇ ਨੂੰ ਫੜ ਕੇ ਜ਼ੋਰ ਨਾਲ ਰਗੜਨਾ। ਕੇਵਲ ਰਗੜਣ ਨਾਲ ਹੀ ਤੁਸੀਂ ਪਾਓਗੇ ਕਿ ਅੰਦਰ ਚਿੱਤ ਦੀ ਦਸ਼ਾ ਬਦਲਣ ਲੱਗੀ। ਪਰ ਏਨਾਂ ਤਾਂ ਸਾਫ ਹੀ ਹੈ ਕਿ ਕੰਨ ਪਾੜਣ ਨਾਲ ਕੋਈ ਸਿੱਧ ਨਹੀਂ

ਹੋ ਜਾਏਗਾ ਅਤੇ ਕੰਨ ਵਿੰਨ ਲਏ ਤਾਂ ਸਭ ਕੁਝ ਹੋ ਗਿਆ, ਅਜਿਹਾ ਵੀ ਨਹੀਂ ਹੈ।

ਭਾਰਤ ਵਿੱਚ ਬਹੁਤ ਪੁਰਾਣੀ ਪੇਂਡੂ ਪਰੰਪਰਾ ਹੈ। ਹੁਣ ਵੀ ਕੁਝ ਲੋਕ ਪਿੰਡ ਵਿੱਚ ਮਿਲ ਜਾਣਗੇ। ਜੇਕਰ ਤੁਹਾਨੂੰ ਕਦੇ ਕੋਈ ਆਦਮੀ ਮਿਲੇ, ਜਿਸ ਦਾ ਨਾਮ ਹੋਵੇ ਕੰਨਛੇਦੀ ਲਾਲ ਜਾਂ ਜਿਸਦਾ ਨਾਮ ਹੋਵੇ ਨੱਥੂ ਲਾਲ ਤਾਂ ਤੁਸੀਂ ਪੁੱਛਣਾ ਕਿ ਇਹ ਨਾਮ ਕਿਉਂ ਰੱਖਿਆ ਗਿਆ ਹੈ? ਜਿਨ੍ਹਾਂ ਘਰਾਂ ਵਿੱਚ ਬੱਚੇ ਮਰ ਜਾਂਦੇ ਹਨ, ਦੋ ਚਾਰ ਬੱਚੇ ਹੋਏ ਅਤੇ ਮਰ ਗਏ, ਤਾਂ ਬਹੁਤ ਪੁਰਾਣੀ ਪਰੰਪਰਾ ਹੈ ਕਿ ਜਿਵੇਂ ਹੀ ਬੱਚਾ ਪੈਦਾ ਹੋਏ, ਝਟ ਪਟ ਉਸ ਦੀ ਜਾਂ ਤਾਂ ਨੱਕ ਵਿੰਨ੍ਹ ਦਿਓ ਜਾਂ ਕੰਨ ਵਿੰਨ੍ਹ ਦਿਓ। ਜੇਕਰ ਨੱਕ ਵਿੰਨ੍ਹਿਆਂ ਤਾਂ ਨੱਥੂ ਲਾਲ, ਕੰਨ ਵਿੰਨ੍ਹਿਆਂ ਤਾਂ ਉਸ ਦਾ ਨਾਉਂ ਕੰਨਛੇਦੀ ਲਾਲ।

ਅਤੇ ਇਹ ਗੱਲ ਬੜੇ ਅਨੁਭਵ ਦੀ ਹੈ ਕਿ ਨੱਕ ਜਾਂ ਕੰਨ ਵਿੰਨ੍ਹਣ ਤੋਂ ਬਾਦ ਫੇਰ ਬੱਚੇ ਨਹੀਂ ਮਰਦੇ। ਉਨ੍ਹਾਂ ਦੀ ਜੀਵਨ ਊਰਜਾ ਵਿੱਚ ਕੁਝ ਬੁਨਿਆਦੀ ਅੰਤਰ ਆ ਜਾਂਦਾ ਹੈ। ਬੱਚਾ ਬਚ ਜਾਂਦਾ ਹੈ। ਇਹ ਹਜ਼ਾਰਾਂ ਸਾਲਾਂ ਦੇ ਅਨੁਭਵ ਤੋਂ ਬਾਦ ਲੋਕਾਂ ਨੇ ਹੌਲੀ-ਹੌਲੀ ਪ੍ਰਯੋਗ ਲੱਭਿਆ ਹੈ। ਹੁਣ ਤਾਂ ਇਸ ਉਤੇ ਰੂਸ ਵਿੱਚ ਬਹੁਤ ਖੋਜ ਹੋਈ ਹੈ ਅਤੇ **Kirliyan-Photography** ਨੇ ਮਹੱਤਵਪੂਰਣ ਨਤੀਜੇ ਕੱਢੇ ਹਨ ਕਿ ਮਨੁੱਖ ਦੇ ਸ਼ਰੀਰ ਵਿੱਚ ਜਿਹੜਾ ਵਿਦ੍ਯੁੱਤ ਦਾ ਚਲਨ ਹੈ, ਸਾਰੀ ਖੇਡ ਤੰਦਰੁਸਤੀ ਦੀ, ਬੀਮਾਰੀ ਦੀ, ਜਨਮ ਦੀ, ਮਰਨ ਦੀ, ਉਸ ਵਿਦ੍ਯੁੱਤ ਦੇ ਚਲਨ ਉਤੇ ਨਿਰਭਰ ਹੈ ਅਤੇ ਇਸ ਚਲਨ ਨੂੰ ਕੁਝ ਬਿੰਦੂਆਂ ਨਾਲ ਬਦਲਿਆ ਜਾ ਸਕਦਾ ਹੈ। ਉਸ ਚਲਨ ਦੇ ਰਾਹ ਨੂੰ ਬਦਲਿਆ ਜਾ ਸਕਦਾ ਹੈ। ਉਸ ਚਲਨ ਨੂੰ ਇੱਕ ਪਾਸੇ ਜਾਣ ਤੋਂ ਰੋਕਿਆ ਜਾ ਸਕਦਾ ਹੈ, ਦੂਜੇ ਪਾਸੇ ਲੈ ਜਾਇਆ ਜਾ ਸਕਦਾ ਹੈ।

'ਆਕਯੁਪੰਕਚਰ' ਦੀ ਸਾਰੀ ਕਲਾ ਇਹ ਹੈ ਕਿ ਜਦ ਕੋਈ ਆਦਮੀ ਬੀਮਾਰ ਹੁੰਦਾ ਹੈ, ਤਾਂ ਸ਼ਰੀਰ ਦੇ ਕਈ ਖਾਸ ਬਿੰਦੂਆਂ ਉਤੇ ਗਰਮ ਸੂਈ ਚੁਭਾਉਂਦੇ ਹਨ ਅਤੇ ਜ਼ਰਾ ਕੁ ਸੂਈ ਦੀ ਚੋਭ ਨਾਲ ਅੰਦਰਲੀ ਵਿਦ੍ਯੁੱਤ ਦੀ ਧਾਰ ਬਦਲ ਜਾਂਦੀ ਹੈ। ਉਸ ਵਿਦ੍ਯੁੱਤ ਦੇ ਬਦਲਣ ਨਾਲ ਸੈਂਕੜੇ ਬੀਮਾਰੀਆਂ ਖ਼ਤਮ ਹੋ ਜਾਂਦੀਆਂ ਹਨ। ਚੀਨ ਵਿੱਚ ਤਾਂ ਕੋਈ ਪੰਜ ਹਜ਼ਾਰ ਸਾਲਾਂ ਤੋਂ ਉਹ ਇਸ ਦਾ ਪ੍ਰਯੋਗ ਕਰਦੇ ਹਨ, ਉਨ੍ਹਾਂ ਨੇ ਜਿਹੜੇ ਬਿੰਦੂ ਸ਼ਰੀਰ ਵਿੱਚ ਮੰਨੇ ਹਨ, ਹੁਣ ਤਾਂ ਵਿਗਿਆਨ ਨੇ ਵੀ ਸਵੀਕਾਰ ਕਰ ਲਿਆ ਹੈ ਕਿ ਉਹ ਬਿੰਦੂ ਹਨ ਅਤੇ ਇਹ ਵੀ ਸਵੀਕਾਰ ਹੋ ਗਿਆ ਹੈ—ਰੂਸ ਵਿੱਚ ਘੱਟੋ-ਘੱਟ ਅਤੇ ਰੂਸ ਦੇ ਤਾਂ ਹਸਪਤਾਲਾਂ ਵਿੱਚ ਵੀ 'ਆਕਯੁਪੰਕਚਰ' ਦਾ ਪ੍ਰਯੋਗ ਸ਼ੁਰੂ ਹੋ ਗਿਆ। ਅਤੇ ਹੁਣ ਤਾਂ ਉਨ੍ਹਾਂ ਨੇ ਯੰਤਰ ਵੀ ਲੱਭ ਲਏ ਕਿ ਮਰੀਜ਼ ਨੂੰ ਯੰਤਰ ਵਿੱਚ ਖੜ੍ਹਾ ਕਰ ਦਿੰਦੇ ਹਨ। ਜਿਵੇਂ ਐਕਸਰੇ ਨਾਲ ਪਤਾ ਲੱਗਦਾ ਹੈ ਕਿ ਅੰਦਰ ਕਿੱਥੇ ਖਰਾਬੀ ਹੈ, ਉਸ ਯੰਤਰ ਨਾਲ ਪਤਾ ਲੱਗਦਾ ਹੈ ਕਿ ਦੇਹ ਵਿੱਚ ਘੁੰਮਣ ਵਾਲੀ electric ਕਰੰਟ ਕਿੱਥੇ ਬੀਮਾਰ ਹੋ ਗਈ

ਹੈ। ਜਿੱਥੇ ਬੀਮਾਰ ਹੋ ਗਈ ਹੈ ਉਥੇ ਇਲੈਕਟ੍ਰਿਕ ਦਾ ਸ਼ਾਕ (Shock) ਦਿੰਦੇ ਹਨ। ਇਲੈਕਟ੍ਰਿਕ ਦਾ ਸ਼ਾਕ ਦਿੰਦੇ ਹੀ ਵਿਦੁੱਤ ਦੀ ਧਾਰ ਦਾ ਚਲਨ ਹੋ ਜਾਂਦਾ ਹੈ ਅਤੇ ਬੀਮਾਰੀ ਚਲੀ ਜਾਂਦੀ ਹੈ।

ਕੰਨ ਵਿੰਨ੍ਹਣਾ, ਨਾਥ ਸੰਪਰਦਾਇ ਦੇ ਜੋਗੀਆਂ ਨੇ ਵੱਡੇ ਮਹੱਤਵਪੂਰਣ Shock ਵਾਂਗ ਲੱਭਿਆ ਸੀ। ਇਸ ਤਰ੍ਹਾਂ ਦੇ Shock ਬਹੁਤ ਤਰ੍ਹਾਂ ਦੇ ਲੱਭੇ ਗਏ ਹਨ। ਤੁਹਾਨੂੰ ਪਤਾ ਹੈ ਕਿ ਯਹੂਦੀ ਅਤੇ ਮੁਸਲਮਾਨ ਖ਼ਤਨਾ (ਸੁੰਨਤ) ਕਰਦੇ ਹਨ। ਖ਼ਤਨਾ ਵੀ ਇਸੇ ਤਰ੍ਹਾਂ ਦਾ Shock ਹੈ ਅਤੇ ਬਹੁਤ ਮਹੱਤਵਪੂਰਣ ਹੈ। ਯਹੂਦੀ ਤਾਂ ਬੱਚਾ ਪੈਦਾ ਹੁੰਦਾ ਹੈ ਉਸ ਦੇ ਚੌਦ੍ਹਾਂ ਦਿਨਾਂ ਦੇ ਅੰਦਰ ਉਸਦਾ ਖਤਨਾ ਕਰ ਦਿੰਦੇ ਹਨ ਅਤੇ ਜਨਨੇਂਦ੍ਰਿਯ ਦੇ ਉਪਰ ਦੀ ਚਮੜੀ ਨੂੰ ਕੱਟ ਕੇ ਵੱਖਰੀ ਕਰ ਦਿੰਦੇ ਹਨ।

ਇਸ ਸੰਬੰਧ ਵਿੱਚ ਬਹੁਤ ਅਧਿਐਨ (ਪੜ੍ਹਾਈ) ਚਲਦੀ ਰਹੀ ਹੈ ਕਿ ਇਸ ਤੋਂ ਕੀ ਲਾਭ ਹੁੰਦੇ ਹੋਣਗੇ? ਅਤੇ ਲਾਭ ਗਹਿਰੇ ਜਾਪਦੇ ਹਨ। ਕਿਉਂਕਿ ਯਹੂਦੀਆਂ ਤੋਂ ਬਹੁਤੀ ਪ੍ਰਭਾਵਸ਼ਾਲੀ ਕੌਮ ਲੱਭਣੀ ਮੁਸ਼ਕਿਲ ਹੈ। ਉਨ੍ਹਾਂ ਦੀ ਗਿਣਤੀ ਤਾਂ ਥੋੜ੍ਹੀ ਹੈ, ਪਰ ਜਿੰਨੇ ਨੋਬਲ ਪ੍ਰਾਈਜ਼ ਯਹੂਦੀ ਲੈ ਜਾਂਦੇ ਹਨ, ਓਨੇ ਕੋਈ ਦੂਜੀ ਕੌਮ ਨਹੀਂ ਲੈ ਜਾਂਦੀ ਅਤੇ ਯਹੂਦੀ ਜਿਸ ਦਿਸ਼ਾ ਵਿੱਚ ਵੀ ਕੰਮ ਕਰੇਗਾ, ਹਮੇਸ਼ਾਂ ਅਗ੍ਰਣੀ (ਅਗਾਂਹ ਵਧੂਣਾ) ਹੋ ਜਾਏਗਾ। ਅਗੇ ਪੁੱਜ ਜਾਏਗਾ। ਦੂਜਿਆਂ ਨੂੰ ਪਿੱਛੇ ਧੱਕ ਦੇਵੇਗਾ। ਯਹੂਦੀ ਕੋਲ ਪ੍ਰਤਿਭਾ (Intelligence) ਬਹੁਤੀ ਪ੍ਰਤੀਤ ਹੁੰਦੀ ਹੈ। ਇਸ ਸਦੀ ਵਿੱਚ ਜਿਨ੍ਹਾਂ ਲੋਕਾਂ ਨੇ ਵੱਡੇ ਪ੍ਰਭਾਵ ਪੈਦਾ ਕੀਤੇ ਹਨ, ਉਹ ਸਾਰੇ ਯਹੂਦੀ ਹਨ। ਕਾਰਲ ਮਾਰਕਸ, ਸਿਗਮਨ-ਫਰਾਈਡ (Sigman Freud) ਅਤੇ ਅਲਬਰਟ ਆਈਨਸਟੀਨ, ਤਿੰਨੋਂ ਯਹੂਦੀ ਹਨ। ਅਤੇ ਇਨ੍ਹਾਂ ਤਿੰਨਾਂ ਨੇ ਇਸ ਸਦੀ ਨੂੰ ਬਣਾਇਆ ਹੈ। ਅਤੇ ਯਹੂਦੀਆਂ ਨੇ ਜਿੰਨੇ ਪ੍ਰਗਾੜ੍ਹ ਵਿਚਾਰਕ ਪੈਦਾ ਕੀਤੇ ਹਨ, ਵਿਗਿਆਨਕ ਪੈਦਾ ਕੀਤੇ ਹਨ, ਕਿਸੇ ਨੇ ਪੈਦਾ ਨਹੀਂ ਕੀਤੇ। ਉਨ੍ਹਾਂ ਦਾ ਕੋਈ ਮੁਕਾਬਲਾ ਨਹੀਂ ਹੈ ਅਤੇ ਹੁਣ ਇਸ ਸੰਬੰਧ ਵਿੱਚ ਵਿਚਾਰ ਸ਼ੁਰੂ ਹੋ ਰਿਹਾ ਹੈ ਕਿ ਹੋ ਸਕਦਾ ਹੈ, ਚੌਦ੍ਹਾਂ ਦਿਨਾਂ ਦੇ ਅੰਦਰ ਜੋ ਖਤਨਾ ਕੀਤਾ ਜਾਂਦਾ ਹੈ, ਉਸਦਾ ਕੁਝ ਨਾ ਕੁਝ ਡੂੰਘਾ ਸੰਬੰਧ ਕਾਬਲਿਅਤ ਨਾਲ ਹੈ।

ਮੁਸਲਮਾਨ ਉਹ ਨਹੀਂ ਕਰ ਸਕੇ, ਕਿਉਂਕਿ ਉਹ ਖਤਨਾ ਬਹੁਤ ਦੇਰ ਨਾਲ ਕਰਦੇ ਹਨ। ਯਹੂਦੀਆਂ ਦਾ ਖਿਆਲ ਹੈ ਕਿ ਚੌਦ੍ਹਾਂ ਦਿਨਾਂ ਦੇ ਅੰਦਰ ਬੱਚੇ ਨੂੰ ਜਿਹੜਾ ਪਹਿਲਾ Shock ਮਿਲਦਾ ਹੈ। ਕਿਉਂਕਿ ਖਤਨਾ ਜਨਮ ਦੇਣ ਵਾਲੀ ਇੰਦਰੀ ਦਾ ਕੀਤਾ ਜਾਂਦਾ ਹੈ, ਸੋ ਪਹਿਲਾ Shock ਜਨਮ ਦੇਣ ਵਾਲੀ ਇੰਦਰੀ ਦੇ ਕੋਲ ਜਿਹੜੀ ਇਕੱਠੀ ਊਰਜਾ ਹੈ, ਜਿਹੜੀ ਵਿਦੁੱਤ-ਊਰਜਾ ਹੈ, ਉਸ ਨੂੰ ਲੱਗਦਾ ਹੈ ਅਤੇ ਉਹ Shock ਏਨਾ ਗਹਿਰਾ ਹੈ ਕਿ ਉਹ ਵਿਦੁੱਤ ਊਰਜਾ ਉਸ ਥਾਂ ਤੋਂ ਹਟ ਕੇ ਸਿੱਧੀ

ਦਿਮਾਗ ਵਿੱਚ ਸੱਟ ਮਾਰਦੀ ਹੈ ਅਤੇ ਨਿੱਕੇ ਬੱਚੇ ਨੂੰ ਉਹ ਜਿਹੜੀ ਸੱਟ ਹੈ, ਸਦਾ ਲਈ ਮਹੱਤਵਪੂਰਣ ਹੋ ਜਾਂਦੀ ਹੈ। ਉਸ ਦੀ ਜੀਵਨ ਧਾਰਾ ਬਦਲ ਜਾਂਦੀ ਹੈ। ਇਸ ਗੱਲ ਦੀ ਸੰਭਾਵਨਾ ਹੈ। ਰੂਸ ਵਿੱਚ ਕਿਰਲਿਆਨ ਵੀ ਇਸ ਨਾਲ ਰਾਜ਼ੀ ਹੈ ਅਤੇ 'ਆਕਯੁਪੰਕਚਰ' ਦਾ ਤਾਂ ਬਹੁਤ ਪੁਰਾਣਾ ਖਿਆਲ ਹੈ, ਕਿ ਇਹ ਗੱਲ ਸੱਚ ਹੈ। ਕਿਉਂਕਿ ਜਨਮ ਦੇਣ ਵਾਲੀ ਇੰਦਰੀ ਸਭ ਤੋਂ ਵੱਧ ਸੰਵੇਦਨਸ਼ੀਲ ਥਾਂ ਹੈ। ਉਸ ਤੋਂ ਬਹੁਤਾ ਨਾਜ਼ੁਕ ਕੋਈ ਹਿੱਸਾ ਸਰੀਰ ਵਿੱਚ ਨਹੀਂ ਹੈ ਅਤੇ ਨਿੱਕੇ ਜਿਹੇ ਬੱਚੇ ਦੀ ਚਮੜੀ ਕੱਟ ਦੇਣਾ, ਉਸ ਲਈ ਭਾਰੀ **Shock** ਹੈ ਅਤੇ ਇਸ ਧੱਕੇ ਦੇ ਲੱਗਦੇ ਹੀ ਊਰਜਾ ਛਿਟਕ ਕੇ ਦਿਮਾਗ ਵੱਲ ਚਲੀ ਜਾਂਦੀ ਹੈ।

ਜਦ ਕਦੇ ਇਹ ਚੀਜ਼ਾਂ ਲੱਭੀਆਂ ਗਈਆਂ ਤਾਂ ਇਨ੍ਹਾਂ ਦੀ ਵਰਤੋਂ ਸ਼ੁਰੂ ਹੋਈ। ਫਿਰ ਵਰਤਣ ਦਾ ਅਰਥ ਗੁਆਚ ਜਾਂਦਾ ਹੈ। ਤਦ ਲੋਕ ਉੱਪਰ-ਉੱਪਰ ਚੀਜ਼ਾਂ ਨੂੰ ਢੋਂਦੇ ਰਹਿੰਦੇ ਹਨ। ਉਨ੍ਹਾਂ ਨੂੰ ਵੀ ਪਤਾ ਨਹੀਂ ਹੁੰਦਾ, ਉਹ ਕਿਉਂ ਕਰ ਰਹੇ ਹਨ?

ਗੋਰਖ ਨਾਥ ਨੇ ਬਹੁਤ ਸਾਰੀਆਂ ਚੀਜ਼ਾਂ ਲੱਭੀਆਂ। ਗੋਰਖ ਨਾਥ ਅਨੋਖਾ ਖੋਜੀ ਸੀ ਅਤੇ ਉਸਦਾ ਪ੍ਰਭਾਵ ਪਿਆ ਅਤੇ ਲੱਖਾਂ ਲੋਕ ਨਾਥ ਸੰਪਰਦਾਇ ਵਿੱਚ ਸ਼ਾਮਿਲ ਹੋਏ, ਕਿਉਂਕਿ ਨਤੀਜੇ ਸਾਫ਼ ਸਨ, ਪਰ ਨਾਨਕ ਦੇ ਵੇਲੇ ਤੱਕ ਆਉਂਦੀ-ਆਉਂਦੀ ਚੀਜ਼ ਧੁੰਧਲੀ ਹੋ ਗਈ। ਲੋਕੀਂ ਢੋਅ ਰਹੇ ਸਨ। ਪਰ ਗੋਰਖ ਨੇ ਜਿਹੜੇ ਅਰਥ ਦਿੱਤੇ ਸਨ ਉਹ ਗੁਆਚ ਗਏ ਸਨ। ਤਾਂ ਨਾਨਕ ਕਹਿੰਦੇ ਹਨ ਕਿ ਹੇ ਯੋਗੀ, ਸੰਤੋਖ ਅਤੇ ਲਾਜ ਦੀ ਮੁਦ੍ਰਾ (ਪੋਜ਼) ਬਣਾਓ। ਕਿਉਂਕਿ ਗੋਰਖ ਨਾਥ ਨੇ ਬਹੁਤ ਸਾਰੀਆਂ ਮੁਦ੍ਰਾਵਾਂ ਲੱਭੀਆਂ, ਮੁਦ੍ਰਾਵਾਂ ਬਹੁਤ ਮਹੱਤਵਪੂਰਣ ਹਨ।

ਤੁਹਾਨੂੰ ਵੀ ਸ਼ਾਇਦ ਜੀਵਨ ਵਿੱਚ ਕਦੇ ਅਨੁਭਵ ਹੁੰਦਾ ਹੋਵੇ ਕਿ ਤੁਹਾਡੇ ਮਨ ਦੀ ਦਸ਼ਾ ਤੁਹਾਡੀ ਮੁਦ੍ਰਾ ਨਾਲ ਜੁੜੀ ਹੁੰਦੀ ਹੈ। ਜਦ ਤੁਸੀਂ ਸ਼ਾਂਤ ਹੁੰਦੇ ਹੋ ਤਦ ਤੁਹਾਡੇ ਚਿਹਰੇ, ਤੁਹਾਡੇ ਹੱਥ, ਤੁਹਾਡੇ ਸ਼ਰੀਰ ਦੀ ਮੁਦ੍ਰਾ ਅਲਗ ਹੁੰਦੀ ਹੈ। ਜਦ ਤੁਸੀਂ ਗੁੱਸੇ ਵਿੱਚ ਹੁੰਦੇ ਹੋ, ਤਦ ਅਲਗ ਹੁੰਦੀ ਹੈ। ਜਦ ਤੁਸੀਂ ਕਿਸੇ ਲਈ ਕਰੁਣਾ ਨਾਲ ਭਰੇ ਹੁੰਦੇ ਹੋ, ਤਦ ਅਲੱਗ ਹੁੰਦੀ ਹੈ। ਤੁਸੀਂ ਕਰੁਣਾ (ਰਹਿਮ) ਦੇ ਵੇਲੇ ਮੁੱਕੇ ਤਾਂ ਬੰਨ੍ਹ ਕੇ ਕਿਸੇ ਦੇ ਸਾਹਮਣੇ ਖੜ੍ਹੇ ਨਹੀਂ ਹੋ ਜਾਓਗੇ। ਕਿਉਂਕਿ ਬੇਤੁਕੀ ਹੋਏਗੀ ਉਹ ਮੁਦ੍ਰਾ। ਕਰੁਣਾ ਵੇਲੇ ਤਾਂ ਤੁਹਾਡੇ ਹੱਥ ਵਿੱਚ ਵੀ ਕਰੁਣਾ ਹੋਏਗੀ। ਹੱਥ ਵਿੱਚ ਵੀ ਅਭੈਅ ਹੋਏਗਾ। ਹੱਥ ਵਿੱਚ ਵੀ ਦਾਨ ਦਾ ਭਾਵ ਹੋਏਗਾ। ਹੱਥ ਵੀ ਦੇਵੇਗਾ। ਮੁੱਕਾ ਤਾਂ ਕਿਸੇ ਨੂੰ ਨਸ਼ਟ ਕਰਨ ਲਈ ਹੈ। ਮੁੱਠ ਬੱਝੀ ਨਹੀਂ ਹੋ ਸਕਦੀ, ਕਿਉਂਕਿ ਬੱਝੀ ਹੋਈ ਮੁੱਠੀ ਤਾਂ ਕੰਜੂਸ ਦੀ ਹੈ। ਕਰੁਣਾ ਦੇ ਪਲ ਵਿੱਚ ਮੁੱਠੀ ਖੁੱਲ੍ਹੀ ਹੋਏਗੀ। ਤੁਹਾਡੇ ਕੋਲੋਂ ਕੁਝ ਵੀ ਦਿੱਤਾ ਜਾ ਸਕਦਾ ਹੈ।

ਮਨ ਅਤੇ ਮਨ ਦੇ ਭਾਵ ਅਤੇ ਸ਼ਰੀਰ ਦੀਆਂ ਹਾਲਤਾਂ ਦਾ ਡੂੰਘਾ ਸੰਬੰਧ ਹੈ। ਤਾਂ ਗੋਰਖ ਨਾਥ ਨੇ ਬਹੁਤ ਸਾਰੀਆਂ ਮੁਦ੍ਰਾਵਾਂ ਲੱਭੀਆਂ, ਜਿਨ੍ਹਾਂ ਨੂੰ ਸਾਧਨ ਨਾਲ ਯੋਗੀ ਦੇ ਅੰਦਰ ਦੀ ਚਿੱਤ ਦਸ਼ਾ ਬਦਲਦੀ ਹੈ। ਤੁਸੀਂ ਸਮਝੋ, ਕਿ ਤੁਸੀਂ ਬਿਲਕੁਲ ਗੁੱਸੇ ਦੀ ਮੁਦ੍ਰਾ ਸਾਧ ਕੇ ਖੜ੍ਹੇ ਹੋ ਜਾਓ, ਗੁੱਸਾ ਬਿਲਕੁਲ ਨਹੀਂ ਹੈ। ਪਰ ਤੁਸੀਂ ਗੁੱਸੇ ਵਾਲੀ ਮੁਦ੍ਰਾ ਬਣਾ ਲਓ, ਠੀਕ ਉਸੇ ਤਰ੍ਹਾਂ ਲਾਲ ਅੱਖਾਂ ਕਰ ਲਓ। ਮੁੱਕਾ ਵੱਟ ਲਵੋ, ਜਿਵੇਂ ਕਿਸੇ ਦੀ ਜਾਨ ਲੈ ਲੈਣੀ ਹੋਵੇ, ਤਿਆਰ ਹੋ ਜਾਓ, ਬਿਲਕੁਲ ਹਮਲਾ ਕਰਨਾ ਹੈ, ਤਾਂ ਤੁਸੀਂ ਅਚਾਨਕ ਪਾਓਗੇ ਕੀ ਤੁਹਾਡੇ ਅੰਦਰ ਗੁੱਸੇ ਦੀ ਸਰਸਰਾਹਟ ਸ਼ੁਰੂ ਹੋ ਗਈ। ਕੇਵਲ ਮੁਦ੍ਰਾ ਤੁਸੀਂ ਬਣਾਈ ਤੇ ਗੁੱਸਾ ਪੈਦਾ ਹੋ ਗਿਆ।

ਅਮਰੀਕਾ ਵਿੱਚ ਇਸ ਸਦੀ ਵਿੱਚ ਦੋ ਵੱਡੇ ਮਨੋਵਿਗਿਆਨਕ ਹੋਏ ਜੇਮਸ ਅਤੇ ਲੇਂਗੇ। ਉਨ੍ਹਾਂ ਦੋਹਾਂ ਨੇ ਮਿਲ ਕੇ ਇੱਕ ਸਿਧਾਂਤ ਵਿਕਸਿਤ (ਪੈਦਾ) ਕੀਤਾ। ਜਿਹੜਾ 'ਜੇਮਸ-ਲੇਂਗੇ' ਕਹਿਲਾਉਂਦਾ ਹੈ। ਉਨ੍ਹਾਂ ਬਹੁਤ ਉਲਟੀ ਗੱਲ ਕਹੀ। ਉਨ੍ਹਾਂ ਨੇ ਇਹ ਸਿੱਧ ਕਰਨ ਦੀ ਕੋਸ਼ਿਸ਼ ਕੀਤੀ ਕਿ ਲੋਕ ਕਹਿੰਦੇ ਹਨ ਕਿ ਡਰ ਲੱਗਦਾ ਹੈ, ਇਸ ਲਈ ਭੈਅ-ਭੀਤ ਆਦਮੀ ਨੱਠਦਾ ਹੈ। ਜੇਮਸ ਅਤੇ ਲੇਂਗੇ ਨੇ ਸਿੱਧ ਕੀਤਾ ਕਿ ਆਦਮੀ ਨੱਠਦਾ ਹੈ ਇਸ ਲਈ ਡਰ ਲੱਗਦਾ ਹੈ। ਜੇਮਸ ਅਤੇ ਲੇਂਗੇ ਨੇ ਕਿਹਾ ਕਿ ਮੁਦ੍ਰਾ ਮਹੱਤਵਪੂਰਣ ਹੈ। ਅਸੀਂ ਕਹਿੰਦੇ ਹਾਂ ਕਿ ਆਦਮੀ ਡਰ ਗਿਆ ਇਸ ਲਈ ਭੱਜ ਰਿਹਾ ਹੈ। ਜੇਮਸ ਅਤੇ ਲੇਂਗੇ ਕਹਿੰਦੇ ਹਨ, ਉਹ ਭੱਜ ਰਿਹਾ ਹੈ ਇਸ ਲਈ ਡਰ ਰਿਹਾ ਹੈ। ਜੇਕਰ ਉਹ ਭੱਜਣਾ ਰੋਕ ਦੇਵੇ, ਤਾਂ ਡਰ ਗੁਆਚ ਜਾਏਗਾ। ਜੇਕਰ ਮੁਦ੍ਰਾ ਬਦਲ ਦੇਵੇ ਤਾਂ ਅੰਦਰ ਦੀ ਹਾਲਤ ਬਦਲ ਜਾਏਗੀ।

ਚਿੱਤ ਦੀ ਹਰ ਸਥਿਤੀ ਨਾਲ ਮੁਦ੍ਰਾ ਜੁੜੀ ਹੈ। ਇਸ ਦਾ ਇਹ ਅਰਥ ਹੋਇਆ ਕਿ ਚਿੱਤ ਅਤੇ ਸ਼ਰੀਰ ਪੈਰੇਲਲ, ਇੱਕ ਬਰਾਬਰ ਧਾਰ ਵਿੱਚ ਚੱਲਦੇ ਹਨ। ਜਦ ਤੁਸੀਂ ਆਨੰਦ ਵਿੱਚ ਹੁੰਦੇ ਹੋ, ਤਦ ਤੁਹਾਡੇ ਸ਼ਰੀਰ ਦੀ ਇੱਕ ਹਾਲਤ ਹੁੰਦੀ ਹੈ। ਜਦ ਤੁਸੀਂ ਦੁਖੀ ਹੁੰਦੇ ਹੋ, ਤਦ ਦੂਜੀ ਹਾਲਤ ਹੁੰਦੀ ਹੈ। ਤੁਸੀਂ ਅਧਿਐਨ ਕਰਨਾ, ਜਦ ਤੁਸੀਂ ਪ੍ਰਸੰਨ ਹੋ, ਪ੍ਰਫੁਲਿਤ ਹੋ, ਖੁਸ਼ ਹੋ, ਤਾਂ ਤੁਸੀਂ ਪਾਓਗੇ ਕਿ ਜਿਵੇਂ ਤੁਹਾਡਾ ਸ਼ਰੀਰ ਫੈਲ ਰਿਹਾ ਹੈ। ਜਿਵੇਂ ਤੁਸੀਂ ਵੱਡੇ ਹੋ ਗਏ ਹੋ। ਇੱਕ ਫੈਲਾਅ ਉਪਲਬਧ ਹੁੰਦਾ ਹੈ। ਤੁਸੀਂ ਫੈਲਦੇ ਜਾਂਦੇ ਹੋ।

ਜਦ ਤੁਸੀਂ ਦੁਖੀ ਹੋ, ਪਰੇਸ਼ਾਨ ਹੋ ਤਦ ਤੁਸੀਂ ਸੁੰਗੜਦੇ ਹੋ। ਜਿਵੇਂ ਤੁਸੀਂ ਅੰਦਰ ਸੁੰਗੜ ਕੇ ਬੰਦ ਹੁੰਦੇ ਜਾ ਰਹੇ ਹੋ। ਜਿਵੇਂ ਦਰੱਖਤ ਬੀਜ ਵਿੱਚ ਬੰਦ ਹੋ ਜਾਣਾ ਚਾਹੇ। ਇਸ ਤਰ੍ਹਾਂ ਤੁਸੀਂ ਆਪਣੇ ਅੰਦਰ ਸੁੰਗੜਦੇ ਜਾਂਦੇ ਹੋ ਅਤੇ ਤੁਸੀਂ ਧਿਆਨ ਰੱਖਣਾ, ਦੁਖੀ ਆਦਮੀ ਦਾ ਜੇਕਰ ਤੁਸੀਂ ਸ਼ਰੀਰ ਵੇਖੋਗੇ ਤੁਸੀਂ ਉਸ ਨੂੰ ਵੀ ਸੁੰਗੜੀ ਹੋਈ ਮੁਦ੍ਰਾ ਵਿੱਚ

ਪਾਓਗੇ। ਜੇਕਰ ਤੁਸੀਂ ਮੁਦ੍ਰਾਵਾਂ ਦਾ ਅਧਿਐਨ (ਪੜ੍ਹਾਈ) ਕਰੋ ਤਾਂ ਤੁਸੀਂ ਸ਼ਰੀਰ ਦੀ ਹਾਲਤ ਨੂੰ ਵੇਖ ਕੇ ਦੱਸ ਸਕਦੇ ਹੋ ਕਿ ਅੰਦਰੂਨੀ ਹਾਲਤ ਕੀ ਹੋਏਗੀ, ਜਦ ਆਦਮੀ ਖੁਸ਼ ਹੁੰਦਾ ਹੈ, ਤਾਂ ਸ਼ਰੀਰ ਫੈਲਾਓ ਦੀ ਹਾਲਤ ਵਿੱਚ ਹੁੰਦਾ ਹੈ, ਦੁਖੀ ਹੋਵੇ ਤਾਂ ਸੁੰਗੜਦਾ ਹੈ। ਜਦ ਗੁੱਸਾ ਹੁੰਦਾ ਹੈ ਤਾਂ ਮੱਥੇ ਦੀ ਵੱਖਰੀ ਅਵਸਥਾ ਹੁੰਦੀ ਹੈ, ਲਕੀਰਾਂ ਬਦਲ ਜਾਂਦੀਆਂ ਹਨ। ਜਦ ਤੁਸੀਂ ਚਿੰਤਾ ਵਿੱਚ ਹੁੰਦੇ ਹੋ, ਤਾਂ ਮੱਥੇ ਉਤੇ ਵੱਖਰੇ ਬਲ ਪੈਂਦੇ ਹਨ। ਜਦ ਤੁਸੀਂ ਨਿਸ਼ਚਿੰਤ ਹੁੰਦੇ ਹੋ, ਬਲ ਗੁਆਚ ਜਾਂਦੇ ਹਨ। ਇਸ ਸਦੀ ਵਿੱਚ ਇਸ ਰਹੱਸਯ ਦੀ ਭਾਲ ਜੇਮਸ-ਲੇਂਗੇ ਨੇ ਨਹੀਂ ਕੀਤੀ। ਇਸ ਰਹੱਸਯ ਦੀ ਭਾਲ ਭਾਰਤ ਵਿੱਚ ਬਹੁਤ ਪੁਰਾਣੀ ਹੈ। 'ਹਠਯੋਗ-ਪ੍ਰਦੀਪਿਕਾ' ਤੋਂ ਲੈ ਕੇ ਗੋਰਖ ਨਾਥ ਤੱਕ, ਲੱਖਾਂ-ਲੱਖਾਂ ਜੋਗੀਆਂ ਨੇ ਅਨੁਭਵ ਕੀਤਾ। ਜੋਗੀਆਂ ਤੋਂ ਬਹੁਤੇ ਕਿਸੇ ਨੇ ਮਨੁੱਖ ਦੇ ਸ਼ਰੀਰ ਅਤੇ ਚਿੱਤ ਉਤੇ ਪ੍ਰਯੋਗ ਵੀ ਨਹੀਂ ਕੀਤੇ ਹਨ, ਏਨੀ ਤਲਾਸ਼ ਵੀ ਨਹੀਂ ਕੀਤੀ ਹੈ, ਏਨੀ ਜਾਂਚ ਪੜਤਾਲ ਵੀ ਨਹੀਂ ਕੀਤੀ ਹੈ।

ਉਨ੍ਹਾਂ ਨੇ ਵੇਖਿਆ ਕਿ ਇੱਕ-ਇੱਕ ਚਿੱਤ ਦੀ ਦਸ਼ਾ ਦੇ ਨਾਲ ਸਰੀਰ ਦੀ ਮੁਦ੍ਰਾ ਦਾ ਜੋੜ ਹੈ। ਤਦ ਇੱਕ ਸੂਤਰ ਹੱਥ ਆ ਗਿਆ। ਜੇਕਰ ਚਿੱਤ ਨੂੰ ਬਦਲਣਾ ਹੋਵੇ ਤਾਂ ਮੁਦ੍ਰਾ ਦੇ ਬਦਲਣ ਨਾਲ ਚਿੱਤ ਨੂੰ ਬਦਲਣ ਵਿੱਚ ਸਹਾਇਤਾ ਮਿਲੇਗੀ। ਤੁਸੀਂ ਮੁਦ੍ਰਾ ਬਦਲ ਲਵੋ। ਜਦ ਗੁੱਸਾ ਆ ਰਿਹਾ ਹੋਵੇ, ਤਦ ਤੁਸੀਂ ਮੁਦ੍ਰਾ ਅਜਿਹੀ ਬਣਾਓ ਜਿਹੜੀ ਕਿ ਸ਼ਾਂਤ ਚਿੱਤ ਦੀ ਮੁਦ੍ਰਾ ਹੋਵੇ, ਤੁਸੀਂ ਅਚਾਨਕ ਪਾਓਗੇ ਕਿ ਅੰਦਰ ਦੀ ਊਰਜਾ ਵਿੱਚ ਬਦਲਾਓ ਹੋਇਆ। ਉਹ ਜਿਹੜੀ ਸ਼ਕਤੀ ਗੁੱਸਾ ਬਨਣ ਵਾਲੀ ਸੀ ਉਹ ਸ਼ਕਤੀ ਸ਼ਾਂਤੀ ਬਣ ਗਈ।

ਸ਼ਕਤੀ ਬਿਨਾਂ ਪਕਸ਼ਪਾਤ ਤੋਂ ਹੈ। ਤੁਸੀਂ ਜਿਸ ਤਰ੍ਹਾਂ ਦਾ ਢਾਂਚਾ ਉਸ ਨੂੰ ਦਿੰਦੇ ਹੋ। ਉਹੋ ਜਿਹੀ ਹੀ ਢਲ ਜਾਂਦੀ ਹੈ। ਸ਼ਕਤੀ ਤਾਂ ਪਾਣੀ ਵਾਂਗ ਤਰਲ ਹੈ। ਤੁਸੀਂ ਉਸ ਨੂੰ ਗਿਲਾਸ ਵਿੱਚ ਭਰ ਦਿੰਦੇ ਹੋ ਤਾਂ ਉਸ ਦਾ ਢੰਗ ਗਿਲਾਸ ਦਾ ਹੋ ਜਾਂਦਾ ਹੈ। ਤੁਸੀਂ ਗੜਵੀਂ ਵਿੱਚ ਭਰ ਦਿੰਦੇ ਹੋ ਤਾਂ ਉਸ ਦਾ ਰੂਪ ਗੜਵੀ ਦਾ ਹੋ ਜਾਂਦਾ ਹੈ। ਮੁਦ੍ਰਾਵਾਂ ਨਾਲ ਤੁਸੀਂ ਰੂਪ ਦਿੰਦੇ ਹੋ। ਸ਼ਕਤੀ ਤਾਂ ਨਿਰਪੇਕਸ਼ ਹੈ। ਜੇਕਰ ਤੁਸੀਂ ਗੁੱਸੇ ਦਾ ਰੂਪ ਦੇ ਦਿੰਦੇ ਹੋ ਤਾਂ ਸ਼ਕਤੀ ਗੁੱਸਾ ਬਣ ਜਾਦੀ ਹੈ। ਮੁਦ੍ਰਾ ਢਾਂਚਾ ਹੈ। ਅਤੇ ਜਦ ਤੁਸੀਂ ਪ੍ਰੇਮ ਦਾ ਰੂਪ ਦੇ ਦਿੰਦੇ ਹੋ ਉਹ ਹੀ ਸ਼ਕਤੀ ਪ੍ਰੇਮ ਬਣ ਜਾਂਦੀ ਹੈ। ਇਹ ਵੱਡੀ ਤੋਂ ਵੱਡੀ ਡੂੰਘੀ ਖੋਜ ਹੈ। ਸੋ ਜੇਕਰ ਤੁਸੀਂ ਸ਼ਰੀਰ ਦੀਆਂ ਮੁਦ੍ਰਾਵਾਂ ਨੂੰ ਸਮਝ ਲਵੋ, ਤਾਂ ਤੁਸੀਂ ਪਾਓਗੇ ਕਿ ਤੁਸੀਂ ਅੰਦਰਲੇ ਮਨ ਨੂੰ ਬਦਲਣਾ ਸ਼ੁਰੂ ਕਰ ਦਿੱਤਾ। ਲੇਕਿਨ ਖ਼ਤਰਾ ਕੀ ਹੈ? ਖ਼ਤਰਾ ਇਹ ਹੈ ਕਿ ਤੁਸੀਂ ਭੁੱਲ ਹੀ ਜਾਓ ਅਤੇ ਤੁਸੀਂ ਸ਼ਰੀਰ ਦੀ ਮੁਦ੍ਰਾ ਦੇ ਹੀ ਅਭਿਆਸ ਵਿੱਚ ਲੱਗੇ ਰਹੋ ਅਤੇ ਤੁਸੀਂ ਇਹ ਭੁੱਲ ਹੀ ਜਾਓ ਕਿ ਅੰਦਰ ਦੇ ਮਨ ਨੂੰ ਬਦਲਣ ਦਾ ਇਸ

ਨਾਲ ਕੋਈ ਸੰਬੰਧ ਹੈ। ਤਾਂ ਅਜਿਹਾ ਹੋ ਸਕਦਾ ਹੈ ਕਿ ਤੁਸੀਂ ਸਰੀਰ ਦੀ ਮੁਦ੍ਰਾ ਦਾ ਤਾਂ ਬਿਲਕੁਲ ਅਭਿਆਸ ਕਰ ਲਵੋ, ਅਤੇ ਅੰਦਰ ਕੁਝ ਵੀ ਨਾ ਹੋਵੇ। ਇਹ ਤਾਂ ਕੇਵਲ ਸਹਾਰਾ ਹੈ। ਅਸਲੀ ਕ੍ਰਾਂਤੀ ਤਾਂ ਅੰਦਰ ਕਰਨੀ ਹੈ। ਬਾਹਰ ਦੇ ਜਿੰਨੇ ਸਹਾਰੇ ਲਏ ਜਾਣ ਓਨਾਂ ਹੀ ਅੱਛਾ ਹੈ। ਜਿਵੇਂ ਕੋਈ ਆਦਮੀ ਨਵਾਂ ਮਕਾਨ ਬਣਾਉਂਦਾ ਹੈ, ਤਾਂ ਮਕਾਨ ਬਣਾਉਣ ਲਈ ਪਹਿਲਾਂ ਇੱਕ ਢਾਂਚਾ ਖੜ੍ਹਾ ਕਰਦਾ ਹੈ। ਪਰ ਜੇਕਰ ਤੁਸੀਂ ਢਾਂਚਾ ਹੀ ਖੜ੍ਹਾ ਕਰਕੇ ਤੁਸੀਂ ਰਹਿ ਜਾਓ, ਢਾਂਚੇ ਵਿੱਚ ਹੀ ਰਹਿ ਜਾਓ, ਮਕਾਨ ਕਦੇ ਬਣਾਓ ਹੀ ਨਾ ਤਾਂ, ਉਹ ਢਾਂਚਾ ਮਕਾਨ ਨਹੀਂ ਹੈ। ਉਸਦੇ ਵਿੱਚ ਰਿਹਾ ਨਹੀਂ ਜਾ ਸਕਦਾ। ਉਹ ਢਾਂਚਾ ਸਹਿਯੋਗੀ ਸੀ, ਜਦ ਮਕਾਨ ਬਣ ਜਾਂਦਾ ਤਾਂ ਢਾਂਚਾ ਹਟਾ ਦੇਣਾ ਸੀ। ਢਾਂਚਾ ਰਹਿਣ ਲਈ ਨਹੀਂ ਹੈ।

ਮੁਦ੍ਰਾ ਤਾਂ ਢਾਂਚਾ ਹੈ। ਨਾਨਕ ਦੇ ਸਮੇਂ ਤੱਕ ਆਉਂਦੇ-ਆਉਂਦੇ ਲੋਕ ਢਾਂਚੇ ਨੂੰ ਹੀ ਮਕਾਨ ਸਮਝ ਕੇ ਰਹਿਣ ਲੱਗੇ। ਤਾਂ ਜੋਗੀ ਬੈਠਾ ਹੈ ਇੱਕ ਮੁਦ੍ਰਾ ਵਿੱਚ। ਉਸ ਨੇ ਮੁਦ੍ਰਾ ਤਾਂ ਕਰੁਣਾ ਦੀ ਬਣਾਈ ਹੋਈ ਹੈ, ਪਰ ਉਸ ਨੂੰ ਯਾਦ ਹੀ ਨਹੀਂ ਕਿ ਕਰੁਣਾ ਲਈ ਵੀ ਕੁਝ ਅੰਦਰ ਕਰਨਾ ਜ਼ਰੂਰੀ ਹੈ। ਸੋ ਮੁਦ੍ਰਾ ਤਾਂ ਕਰੁਣਾ ਦੀ ਹੈ ਅਤੇ ਅੰਦਰ ਗੁੱਸਾ ਉਬਲ ਰਿਹਾ ਹੈ। ਹੱਥ-ਪੈਰ ਤਾਂ ਉਸਨੇ ਨਿਡਰਤਾ ਦੇ ਬਣਾਏ ਹੋਏ ਹਨ। ਪਰ ਜੇਕਰ ਤੁਸੀਂ ਉਸਦੇ ਅੰਦਰ ਝਾਕੋਂ, ਤਾਂ ਉਹ ਖ਼ਤਰਨਾਕ ਹੈ ਅਤੇ ਤੁਹਾਨੂੰ ਨੁਕਸਾਨ ਪਹੁੰਚਾ ਸਕਦਾ ਹੈ। ਦਰਵਾਜ਼ੇ 'ਤੇ ਖਲੋਤਾ ਤਾਂ ਭਿੱਖਿਆ ਮੰਗ ਰਿਹਾ ਹੈ—ਨਾਥ ਜੋਗੀਆਂ ਤੋਂ ਲੋਕ ਡਰਨ ਲੱਗੇ ਸੀ। ਜੇਕਰ ਉਹ ਭਿੱਖਿਆ ਮੰਗਣ ਅਤੇ ਨਾ ਮਿਲੇ ਤਾਂ ਉਹ ਸ਼ਰਾਪ ਦੇ ਦੇਵੇ। ਸੋ ਭਿਖਾਰੀ ਦਾ ਉਸ ਦਾ ਰੂਪ ਝੂਠਾ ਹੈ।

ਬੁੱਧ ਨੇ, ਗੋਰਖ ਨੇ, ਆਪਣੇ ਸੰਨਿਆਸੀਆਂ ਨੂੰ ਭਿਖਾਰੀ ਬਨਣ ਲਈ ਕਿਹਾ ਹੈ, ਕਿਉਂਕਿ ਉਸਦੇ ਨਾਲ ਨਿਮਰਤਾ ਆਏਗੀ। ਜਦ ਤੁਸੀਂ ਮੰਗੋਗੇ ਤਾਂ ਕਿਹੋ ਜਿਹੀ ਆਕੜ ਬਚੇਗੀ? ਜਦ ਤੁਸੀਂ ਭਿੱਖਿਆ ਪਾਤਰ ਲੈ ਕੇ ਕਿਸੇ ਦੇ ਦਰ 'ਤੇ ਖਲੋਤੇ ਰਹੋਗੇ, ਤਾਂ ਕਿਹੋ ਜਿਹਾ ਹੰਕਾਰ? ਕਰਮ ਕਰਨ ਨਾਲ ਹੰਕਾਰ ਮਿਲਦਾ ਹੈ, ਭਿਖਾਰੀ ਹੋ ਗਏ ਹੁਣ ਕਿਹੋ ਜਿਹਾ ਹੰਕਾਰ? ਭਿਖਾਰੀ ਦਾ ਅਰਥ ਹੈ ਮੈਂ ਨਾ ਕੁਝ ਹਾਂ। ਮੇਰੀ ਕੋਈ ਕੀਮਤ ਨਹੀਂ। ਇਹ ਭਿੱਖਿਆ ਮੰਗਣ ਵਾਲਾ ਕਮੰਡਲ ਹੀ ਮੇਰਾ ਸਭ ਕੁਝ ਹੈ ਅਤੇ ਤੁਸੀਂ ਦੇ ਦਿਓਗੇ ਤਾਂ ਮੈਂ ਰਾਜ਼ੀ ਹਾਂ। ਤੁਸੀਂ ਕਹੋਗੇ ਕਿ ਚਲੇ ਜਾਓ ਹਟ ਜਾਓ, ਤਾਂ ਮੈਂ ਚੁੱਪ ਚਾਪ ਹਟ ਜਾਵਾਂਗਾ। ਕਿਉਂਕਿ ਭਿਖਾਰੀ ਦਾ ਕੀ ਬਲ? ਮੰਗ ਉਤੇ ਜ਼ੋਰ ਜ਼ਬਰਦਸਤੀ ਕੀ? ਦੇਣ ਵਾਲਾ ਦੇ ਦੇਵੇ, ਨਾ ਦੇਵੇ, ਉਸਦੀ ਮਰਜ਼ੀ।

ਤਾਂ ਬੁੱਧ ਨੇ ਤਾਂ ਆਪਣੇ ਭਿਕਸ਼ੂਆਂ ਨੂੰ ਕਿਹਾ ਸੀ ਕਿ ਤੁਸੀਂ ਦਰਵਾਜ਼ੇ 'ਤੇ ਖੜ੍ਹੇ ਹੋ ਜਾਣਾ, ਮੰਗਣਾ ਵੀ ਨਹੀਂ। ਕਿਉਂਕਿ ਮੰਗਣ ਨਾਲ ਵੀ ਹੋ ਸਕਦਾ ਹੈ, ਜ਼ੋਰ ਪਵੇ।

ਮੰਗਣ ਨਾਲ ਹੋ ਸਕਦਾ ਹੈ ਉਸ ਆਦਮੀ ਨੂੰ ਨਾਂਹ ਕਰਨ ਵਿੱਚ ਮੁਸ਼ਕਿਲ ਹੋ ਜਾਏ। ਲਾਜ ਸ਼ਰਮ ਵਿੱਚ ਦੇ ਦੇਵੇ, ਪਰ ਉਹ ਤਾਂ ਲੈਣਾ ਨਾ ਹੋਇਆ। ਉਹ ਤਾਂ ਹਿੰਸਾ ਹੋ ਗਈ। ਸੋ ਤੁਸੀਂ ਤਾਂ ਕੇਵਲ ਦਰਵਾਜ਼ੇ ਉਤੇ ਖਲੋ ਜਾਣਾ। ਜੇਕਰ ਉਸ ਨੇ ਦੇਣਾ ਹੋਏਗਾ ਤਾਂ ਦੇ ਦੇਵੇਗਾ। ਜੇਕਰ ਨਹੀਂ ਦੇਣਾ ਹੋਏਗਾ ਤਾਂ ਤੁਸੀਂ ਚੁੱਪ ਚਾਪ ਟੁਰ ਜਾਣਾ। ਤੁਸੀਂ ਉਸ ਨੂੰ ਕਿਸੇ ਸ਼ਸ਼ੋਪੰਜ ਵਿੱਚ ਨਾ ਪਾਉਣਾ। ਜੇਕਰ ਤੁਸੀਂ ਮੰਗਿਆ ਵੀ, ਤਾਂ ਘੱਟੋ ਘੱਟ ਉਸ ਨੂੰ ਨਾਂਹ ਤਾਂ ਕਹਿਣੀ ਹੋਏਗੀ। ਹੋ ਸਕਦਾ ਹੈ, ਕਿ ਸੰਕੋਚੀ ਆਦਮੀ ਹੋਵੇ, ਨਾ ਦੇਣਾ ਚਾਹੁੰਦਾ ਹੋਵੇ, ਲੇਕਿਨ 'ਨਾਂਹ' ਕਹਿਣਾ ਮੁਸ਼ਕਿਲ ਲੱਗੇ, ਤਾਂ ਉਸ ਦੇ ਸੰਕੋਚ ਦਾ ਸ਼ੋਸ਼ਣ (ਗ਼ਲਤ ਫਾਇਦਾ) ਨਾ ਕਰਨਾ। ਤੁਸੀਂ ਚੁੱਪ ਚਾਪ ਅੱਖਾਂ ਬੰਦ ਕਰਕੇ ਖਲੋਤੇ ਰਹਿਣਾ। ਥੋੜ੍ਹੀ ਦੇਰ ਉਡੀਕ ਕਰਨਾ, ਫ਼ਿਰ ਉਥੋਂ ਹਟ ਜਾਣਾ, ਤਾਂ ਕਿ ਉਸ ਨੂੰ, 'ਨਾਂਹ' ਕਹਿਣ ਦਾ ਵੀ ਕਸ਼ਟ ਨਾ ਚੁੱਕਣਾ ਪਵੇ ਅਤੇ ਮਜ਼ਬੂਰੀ ਵਿੱਚ ਦੇਣ ਦੀ ਹਾਲਤ ਨਾ ਬਣਾ ਦੇਣਾ ਅਤੇ ਤੁਸੀਂ ਏਨਾ ਨਿਮ੍ਰਤਾਵਾਨ ਰਹਿਣਾ ਕਿ ਮੇਰਾ ਕੀ ਮੁੱਲ? ਦੇ ਦਿੱਤਾ ਤਾਂ ਉਸਦੀ ਮਰਜ਼ੀ, ਨਹੀਂ ਦਿੱਤਾ ਤਾਂ ਉਸ ਦੀ ਮਰਜ਼ੀ। ਹਰ ਹਾਲਤ ਵਿੱਚ ਤੁਸੀਂ ਆਸ਼ੀਰਵਾਦ ਦੇਣਾ। ਉਸਦੇ ਦੇਣ ਨਾ ਦੇਣ ਨਾਲ ਤੁਹਾਡੇ ਆਸ਼ੀਰਵਾਦ ਦਾ ਕੋਈ ਸੰਬੰਧ ਨਾ ਹੋਵੇ।

ਬੁੱਧ ਦਾ ਇੱਕ ਭਿਕਸ਼ੂ ਸੀ ਪੂਰਣ। ਜਦ ਉਹ ਨਿਸ਼ਣਾਤ (ਗਿਆਨ ਨੂੰ ਪ੍ਰਾਪਤ) ਹੋ ਗਿਆ, ਬੁੱਧਤਵ ਨੂੰ ਪ੍ਰਾਪਤ ਹੋ ਗਿਆ, ਤਾਂ ਬੁੱਧ ਨੇ ਕਿਹਾ, ਤੂੰ ਜਾਹ ਅਤੇ ਦੂਜਿਆਂ ਨੂੰ ਵੰਡ, ਜੋ ਮੈਂ ਤੈਨੂੰ ਦਿੱਤਾ ਹੈ। ਬਹੁਤ ਦੀਵੇ ਬੁੱਝੇ ਹੋਏ ਹਨ ਉਨ੍ਹਾਂ ਨੂੰ ਜਲਾ। ਹੁਣ ਤੇਰੀ ਮੇਰੇ ਕੋਲ ਰਹਿਣ ਦੀ ਕੋਈ ਜ਼ਰੂਰਤ ਨਹੀਂ, ਤੂੰ ਪ੍ਰਾਪਤ ਕਰ ਲਿਆ ਹੈ। ਤਾਂ ਪੂਰਣ ਨੇ ਕਿਹਾ ਕਿ ਮੈਨੂੰ ਆਗਿਆ ਦਿਓ ਕਿ, ਬਿਹਾਰ ਦਾ ਇੱਕ ਇਲਾਕਾ ਸੀ ਜਿਸਦਾ ਨਾਮ 'ਸੁੱਖਾ' ਸੀ, ਮੈਂ ਉਥੇ ਜਾਵਾਂ। ਬੁੱਧ ਨੇ ਕਿਹਾ, ਉਥੇ ਨਾ ਜਾਵੇਂ ਤਾਂ ਚੰਗਾ ਹੈ, ਕਿਉਂਕਿ ਉਥੋਂ ਦੇ ਲੋਕ ਬਹੁਤ ਕੌੜੇ ਅਤੇ ਕਠੋਰ ਹਨ। ਉਹ ਤੈਨੂੰ ਗਾਲੀਆਂ ਕੱਢਣਗੇ, ਅਪਮਾਨ ਕਰਨਗੇ। ਪੂਰਣ ਨੇ ਕਿਹਾ ਕਿ ਜਿੱਥੇ ਲੋਕ ਬੀਮਾਰ ਹਨ ਉਥੇ ਹੀ ਡਾਕਟਰ ਦੀ ਜ਼ਰੂਰਤ ਹੈ। ਤਾਂ ਮੈਨੂੰ ਆਗਿਆ ਦਿਓ ਕਿ ਮੈਂ ਉਥੇ ਹੀ ਜਾਵਾਂ, ਉਨ੍ਹਾਂ ਲੋਕਾਂ ਨੂੰ ਜ਼ਰੂਰਤ ਹੈ।

ਤਾਂ ਬੁੱਧ ਨੇ ਕਿਹਾ, ਮੈਨੂੰ ਤਿੰਨ ਜਵਾਬ ਜਾਣ ਤੋਂ ਪਹਿਲਾਂ ਦੇ ਦੇ। ਪਹਿਲਾ, ਜੇਕਰ ਤੈਨੂੰ ਗਾਲ੍ਹਾਂ ਕੱਢਣਗੇ, ਅਪਮਾਨਿਤ ਕਰਨਗੇ, ਤਾਂ ਤੈਨੂੰ ਕੀ ਹੋਏਗਾ? ਤਾਂ ਪੂਰਣ ਨੇ ਕਿਹਾ ਕਿ ਮੈਨੂੰ ਲੱਗੇਗਾ ਕਿ ਕਿੰਨੇ ਭਲੇ ਲੋਕ ਹਨ। ਸਿਰਫ ਗਾਲ੍ਹੀਆਂ ਹੀ ਕੱਢਦੇ ਹਨ, ਅਪਮਾਨ ਹੀ ਕਰਦੇ ਹਨ, ਮਾਰਦੇ ਤਾਂ ਨਹੀਂ, ਮਾਰ ਵੀ ਸਕਦੇ ਸੀ।

ਤਾਂ ਬੁੱਧ ਨੇ ਕਿਹਾ, ਹੋਰ ਜੇਕਰ ਉਹ ਮਾਰਨ, ਪੱਥਰ ਸੁੱਟਣ, ਜੁੱਤੀਆਂ ਨਾਲ

ਸਵਾਗਤ ਕਰਨ, ਫ਼ਿਰ ਤੈਨੂੰ ਕੀ ਹੋਏਗਾ? ਤਾਂ ਪੂਰਣ ਨੇ ਕਿਹਾ, ਕਿੰਨੇ ਭਲੇ ਲੋਕ ਹਨ, ਜਿਹੜੇ ਕੇਵਲ ਮਾਰਦੇ ਹੀ ਹਨ, ਮਾਰ ਹੀ ਤਾਂ ਨਹੀਂ ਸੁੱਟਦੇ। ਮਾਰ ਕੇ ਸੁੱਟ ਵੀ ਸਕਦੇ ਹਨ।

ਤਾਂ ਬੁੱਧ ਨੇ ਕਿਹਾ, ਆਖਰੀ ਸਵਾਲ ਹੋਰ। ਜੇਕਰ ਉਹ ਤੈਨੂੰ ਮਾਰ ਹੀ ਸੁੱਟਣ ਤਾਂ ਉਸ ਮਰਣ ਦੀ ਘੜੀ ਵਿੱਚ ਤੈਨੂੰ ਕੀ ਹੋਏਗਾ? ਤਾਂ ਪੂਰਣ ਨੇ ਕਿਹਾ, ਇਹ ਹੀ ਹੋਏਗਾ ਕਿ ਕਿੰਨੇ ਭਲੇ ਲੋਕ ਹਨ ਕਿ ਇਸ ਜੀਵਨ ਤੋਂ ਛੁਟਕਾਰਾ ਦਿਲਾ ਦਿੱਤਾ, ਜਿਸ ਵਿੱਚ ਕੋਈ ਭੁੱਲ-ਚੁੱਕ ਹੋ ਸਕਦੀ ਸੀ। ਬੁੱਧ ਨੇ ਕਿਹਾ, 'ਹੁਣ ਤੂੰ ਪੂਰੀ ਤਰ੍ਹਾਂ ਭਿਕਸ਼ੂ ਹੋਇਆ। ਹੁਣ ਤੂੰ ਜਾ ਸਕਦਾ ਹੈਂ।

ਏਨੀ ਨਿਮਰਤਾ ਹੋਵੇ ਤਾਂ ਹੀ ਕੋਈ ਭਿਕਸ਼ੂ ਹੈ। ਲੇਕਿਨ ਨਾਨਕ ਦਾ ਸਮਾਂ ਆਉਂਦੇ-ਆਉਂਦੇ ਗੋਰਖ ਦੇ ਭਿਕਸ਼ੂ ਦਰਵਾਜ਼ੇ ਉਤੇ ਖੜ੍ਹੇ ਹੋ ਜਾਂਦੇ ਸਨ। ਹੁਣ ਵੀ ਕਦੇ ਗੋਰਖਪੰਥੀ ਸਾਧੂ ਖੜ੍ਹਾ ਹੋ ਜਾਏ, ਤਾਂ ਉਹ ਖੜ੍ਹਾ ਨਹੀਂ ਰਹਿ ਸਕਦਾ, ਉਹ ਅੱਗੇ-ਪਿੱਛੇ ਹੁੰਦਾ ਰਹੇਗਾ ਅਤੇ ਆਪਣੇ ਡੰਡੇ ਨੂੰ ਹਿਲਾਉਂਦਾ ਰਹਿੰਦਾ ਹੈ, ਜਾਂ ਆਪਣਾ ਚਿਮਟਾ ਬਜਾਉਂਦਾ ਰਹਿੰਦਾ ਹੈ।

ਸੋ ਨਾਥ ਸੰਪਰਦਾਇ ਦੇ ਸਾਧੂਆਂ ਤੋਂ ਲੋਕਾਂ ਨੂੰ ਇਹੋ ਜਿਹੀ ਡਰਾਉਣੀ ਘਬਰਾਹਟ ਹੁੰਦੀ ਸੀ ਕਿ ਉਨ੍ਹਾਂ ਨੂੰ ਡਰ ਕੇ ਦਿੰਦੇ ਹੀ ਸਨ, ਕਿਉਂਕਿ ਸ਼ਰਾਪ ਮਿਲਣਾ ਪੱਕਾ ਸੀ। ਹਾਲਤ ਬਿਲਕੁਲ ਉਲਟੀ ਹੋ ਗਈ ਸੀ। ਨਾਥ ਸੰਪਰਦਾਇ ਦਾ ਜੋਗੀ ਆਸ਼ੀਰਵਾਦ ਤਾਂ ਦਿੰਦਾ ਹੀ ਨਹੀਂ ਸੀ। ਤੁਸੀਂ ਦਿੱਤਾ ਇਸ ਵਿੱਚ ਕੁਝ ਆਸ਼ੀਰਵਾਦ ਦਾ ਸਵਾਲ ਹੀ ਨਹੀਂ ਸੀ। ਤੁਸੀਂ ਹੀ ਉਸਦੇ ਸ਼ੁਕਰਗੁਜ਼ਾਰ ਹੋ ਕਿ ਉਸ ਨੇ ਲਿਆ। ਆਸ਼ੀਰਵਾਦ ਤਾਂ ਦੇਵੇਗਾ ਹੀ ਨਹੀਂ, ਆਸ਼ੀਰਵਾਦ ਕੀ? ਉਸਦਾ ਜਿਵੇਂ ਹੱਕ ਹੈ ਅਤੇ ਜੇਕਰ ਨਾ ਦਿੱਤਾ ਤਾਂ ਸ਼ਰਾਪ ਦੇਵੇਗਾ। ਗੋਰਖ ਨੇ ਕਿਹਾ ਸੀ, ਕੋਈ ਦੇਵੇ, ਕੋਈ ਨਾ ਦੇਵੇ, ਤਾਂ ਵੀ ਆਸ਼ੀਰਵਾਦ। ਪਰ ਹਾਲਤ ਬਿਲਕੁਲ ਉਲਟੀ ਹੋ ਗਈ ਅਤੇ ਉਹ ਮੁਦ੍ਰਾਵਾਂ ਬੰਨ੍ਹ ਕੇ ਖੜ੍ਹਾ ਸੀ।

ਇਹੋ ਜਿਹੇ ਨਾਥ ਜੋਗੀ ਹੁਣ ਵੀ ਹਨ, ਜਿਹੜੇ ਖਲੋਤੇ ਹਨ ਤਾਂ ਦਸ ਸਾਲਾਂ ਤੋਂ ਖਲੋਤੇ ਹੀ ਹਨ। ਹਿੱਲੇ ਨਹੀਂ ਹਨ। ਇਸਦਾ ਕਦੇ ਮੁੱਲ ਸੀ। ਕਿਉਂਕਿ ਜੇਕਰ ਤੁਸੀਂ ਬਹੁਤ ਦੇਰ ਤੱਕ ਸਥਿਰ ਹੋ ਕੇ ਖਲੋਤੇ ਰਹੋ ਅਤੇ ਅੰਦਰ ਦੀ ਯਾਦ ਰਹੇ, ਤਾਂ ਚੇਤਨਾ ਵੀ ਸਥਿਰ ਹੋ ਜਾਏਗੀ। ਜੇਕਰ ਤੁਹਾਡਾ ਸ਼ਰੀਰ ਬਿਲਕੁਲ ਸਥਿਰ ਹੋ ਜਾਏਗਾ ਤਾਂ ਚੇਤਨਾ ਵੀ ਸਥਿਰ ਹੋ ਜਾਏਗੀ। ਪਰ ਇਹ ਖਿਆਲ ਰਹੇ, ਨਹੀਂ ਤਾਂ ਸ਼ਰੀਰ ਜੜ੍ਹ ਹੋ ਜਾਵੇਗਾ ਅਤੇ ਚੇਤਨਾ ਚਲਦੀ ਰਹੇਗੀ ਅਤੇ ਖੜ੍ਹੇ-ਖੜ੍ਹੇ ਤੁਸੀਂ ਜ਼ਮਾਨੇ ਭਰ ਦੀ ਯਾਤਰਾ ਕਰੋਗੇ। ਹਜ਼ਾਰ ਸੁਫ਼ਨੇ ਆਉਂਣਗੇ, ਵਿਚਾਰ ਚਲਣਗੇ। ਮੁਦ੍ਰਾਵਾਂ ਤੋਂ ਸਹਾਰਾ ਮਿਲ

ਸਕਦਾ ਹੈ, ਪਰ ਮੁਦ੍ਰਾਵਾਂ ਅੰਤ ਨਹੀਂ ਹਨ। ਨਾਨਕ ਦੇ ਸਮੇਂ ਵਿੱਚ ਆ ਕੇ ਸਾਰੀਆਂ ਮੁਦ੍ਰਾਵਾਂ ਭ੍ਰਿਸ਼ਟ ਹੋ ਗਈਆਂ। ਸਾਰੇ ਪੰਥ ਖ਼ਰਾਬ ਹੋ ਗਏ।

ਸੋ ਨਾਨਕ ਕਹਿ ਰਹੇ ਹਨ, 'ਹੇ ਜੋਗੀ, ਸੰਤੋਖ ਅਤੇ ਲਾਜ ਦੀ ਮੁਦ੍ਰਾ ਬਣਾਓ।' ਮੁਦ੍ਰਾ ਬਨਾਉਣ ਨਾਲ ਹੀ ਕੰਮ ਨਹੀਂ ਚਲੇਗਾ। ਸੰਤੋਖ ਹੀ ਮੁਦ੍ਰਾ ਹੈ, ਲਾਜ ਮੁਦ੍ਰਾ ਹੈ। 'ਪ੍ਰਤਿਸ਼ਠਾ ਦੀ ਝੋਲੀ ਧਾਰਨ ਕਰੋ'। ਇਹ ਝੋਲੀ ਜਿਹੜੀ ਮੋਢੇ ਉਤੇ ਟੰਗ ਕੇ ਟੁਰਦੇ ਹੋ, ਇਹ ਕੰਮ ਨਹੀਂ ਦੇਵੇਗੀ। 'ਸੰਤੋਖ' ਬਹੁਤ ਮਹੱਤਵਪੂਰਣ ਸ਼ਬਦ ਹੈ ਅਤੇ ਗੰਦਾ ਹੋ ਗਿਆ ਹੈ। ਕੋਈ ਆਦਮੀ ਜਦ ਆਪਣੇ ਆਪ ਨੂੰ ਬੇ-ਸਹਾਰਾ ਪਾਉਂਦਾ ਹੈ ਤਾਂ ਸੰਤੋਖ ਕਰ ਲੈਂਦਾ ਹੈ। ਉਸ ਦਾ ਸੰਤੋਖ Consolation ਹੈ, ਤਸੱਲੀ ਹੈ। ਉਸਦਾ ਸੰਤੋਖ, ਸੰਤੋਖ ਨਹੀਂ ਹੈ। ਜਦ ਉਹ ਸਹਾਰੇ ਤੋਂ ਬਗੈਰ ਹੈ, ਜਦ ਕੁਝ ਵੀ ਨਹੀਂ ਕੀਤਾ ਜਾ ਸਕਦਾ, ਜਦ ਜੋ ਵੀ ਕੀਤਾ ਜਾ ਸਕਦਾ ਸੀ, ਕਰ ਚੁੱਕਿਆ ਅਤੇ ਆਪਣੇ ਆਪ ਨੂੰ ਅਸਫ਼ਲ ਪਾਉਂਦਾ ਹੈ, ਤਦ ਉਹ ਕਹਿੰਦਾ ਹੈ, 'ਸਭ ਠੀਕ'। ਇਹ ਸੰਤੋਖ ਦੀ ਮੁਦ੍ਰਾ ਨਾ ਹੋਈ। ਇਹ ਤਾਂ ਮਜ਼ਬੂਰੀ ਦੀ ਹਾਲਤ ਹੋਈ।

ਇਹ ਤਾਂ ਇਵੇਂ ਹੋਇਆ ਕਿ ਰਾਮ ਕ੍ਰਿਸ਼ਨ ਦੇ ਕੋਲ ਇੱਕ ਭਗਤ ਆਉਂਦਾ ਸੀ। ਜਿਹੜਾ ਹਮੇਸ਼ਾਂ ਕਾਲੀ ਦੇ ਉਤਸਵ ਵਿੱਚ ਬੱਕਰੇ ਚੜ੍ਹਾਉਂਦਾ ਸੀ। ਸੈਂਕੜੇ ਬੱਕਰੇ ਵੱਢਦਾ ਸੀ। ਫ਼ਿਰ ਅਚਾਨਕ ਬੱਕਰਿਆਂ ਦਾ ਵੱਢਣਾ ਬੰਦ ਕਰ ਦਿੱਤਾ ਅਤੇ ਰਾਮ ਕ੍ਰਿਸ਼ਨ ਨੇ ਉਸ ਨੂੰ ਬਹੁਤ ਵਾਰ ਕਿਹਾ ਵੀ ਸੀ, ਪਰ ਉਸ ਨੇ ਕਦੇ ਸੁਣਿਆ ਹੀ ਨਹੀਂ ਸੀ। ਤਾਂ ਰਾਮ ਕ੍ਰਿਸ਼ਨ ਨੇ ਪੁੱਛਿਆ ਕਿ ਕੀ ਮਾਮਲਾ ਹੋਇਆ? ਹੁਣ ਬੱਕਰੇ ਵੱਢਣੇ ਬੰਦ ਕਰ ਦਿੱਤੇ? ਅਤੇ ਮੈਂ ਪਹਿਲਾਂ ਕਿਹਾ ਤਾਂ ਤੂੰ ਕਦੇ ਸੁਣਿਆ ਨਹੀਂ। ਉਸ ਨੇ ਕਿਹਾ ਕਿ ਪਹਿਲਾਂ ਕਦੇ ਸੁਣ ਹੀ ਨਹੀਂ ਸਕਦਾ ਸੀ। ਹੁਣ ਦੰਦ ਹੀ ਨਾ ਰਹੇ, ਤਾਂ ਬੱਕਰੇ ਕੋਈ ਕਾਲੀ ਲਈ ਥੋੜ੍ਹੀ ਵੱਢਦਾ ਸੀ। ਆਪਣੇ ਦੰਦਾਂ ਲਈ ਵੱਢਦਾ ਰਿਹਾ ਸੀ। ਹੁਣ ਦੰਦ ਹੀ ਨਹੀਂ ਰਹੇ ਤਾਂ ਮੈਂ ਸੰਤੋਖ ਕਰ ਲਿਆ ਹੈ। ਬੁਢਾਪੇ ਵਿੱਚ ਲੋਕ ਸੰਤੋਖ ਕਰ ਲੈਂਦੇ ਹਨ, ਗਰੀਬੀ ਵਿੱਚ ਲੋਕ ਸੰਤੋਖ ਕਰ ਲੈਂਦੇ ਹਨ। ਪਰ ਇਹ ਸੰਤੋਖ ਝੂਠਾ ਹੈ। ਕਿਉਂਕਿ ਸੰਤੋਖ ਸ਼ਕਤੀ ਹੈ, ਕਮਜ਼ੋਰੀ ਨਹੀਂ। ਸੰਤੋਖ ਵਿਧਾਇਕ, ਪਾਜ਼ਿਟਿਵ ਊਰਜਾ ਹੈ। ਨਕਾਰਾਤਮਿਕ ਨਹੀਂ। ਸੰਤੋਖ ਕੋਈ ਅਸਹਾਇਤਾ, Helplessness ਨਹੀਂ ਹੈ। ਸੰਤੋਖ ਤਾਂ ਪਰਮ ਸਹਾਇਤਾ ਹੈ। ਉਹ ਤਾਂ ਬਹੁਤ ਉੱਚੀ ਅਵਸਥਾ ਹੈ। ਸੰਤੋਖ ਦਾ ਤਾਂ ਮਤਲਬ ਹੈ ਕਿ ਜਿੰਨਾਂ ਮੈਨੂੰ ਚਾਹੀਦਾ ਹੈ ਉਸ ਤੋਂ ਬਹੁਤਾ ਮੇਰੇ ਕੋਲ ਹੈ। ਜਿਹੜੀ ਮੇਰੀ ਜ਼ਰੂਰਤ ਹੈ ਉਸ ਤੋਂ ਬਹੁਤਾ ਮੇਰੇ ਕੋਲ ਹੈ। ਜੋ ਮੈਂ ਮੰਗਿਆ ਸੀ, ਜਿਹੜਾ ਮੈਂ ਨਹੀਂ ਮੰਗਿਆ ਸੀ, ਉਹ ਵੀ ਮੈਨੂੰ ਮਿਲਿਆ ਹੈ। ਸੰਤੋਖ ਦਾ ਅਰਥ ਤਾਂ ਸ਼ੁਕਰਗੁਜ਼ਾਰੀ ਦਾ ਭਾਵ ਹੈ ਕਿ ਪਰਮਾਤਮਾ ਤੇਰੀ ਮਰਜ਼ੀ ਬਹੁਤ ਅਨੋਖੀ ਹੈ। ਤੂੰ ਏਨਾ ਦਿੱਤਾ ਹੈ।

ਉਹ ਕਿਸੇ ਲਾਚਾਰ ਅਵਸਥਾ ਵਿੱਚ, ਕਿਸੇ ਹਾਰੀ, ਪਰਾਜਿਤ ਚਿੱਤ ਦੀ ਦਸ਼ਾ ਵਿੱਚ ਫੜ ਲਈ ਤਸੱਲੀ ਦਾ ਸੁਰ ਨਹੀਂ ਹੈ। ਉਹ ਤਾਂ ਵੱਡੀ ਜਿੱਤ ਦੀ ਯਾਤਰਾ ਹੈ, ਉਥੇ ਤਾਂ ਹਾਰਨ ਦਾ ਕੋਈ ਸਵਾਲ ਹੀ ਨਹੀਂ। ਉਹ ਤਾਂ ਸਿਰਫ ਜਿੱਤਣ ਵਾਲਿਆਂ ਨੂੰ ਪ੍ਰਾਪਤ ਹੁੰਦੀ ਹੈ। ਯੋਧਿਆਂ ਨੂੰ ਪ੍ਰਾਪਤ ਹੁੰਦੀ ਹੈ। ਮਹਾਂਵੀਰ ਨੇ ਕਿਹਾ ਹੈ, 'ਜਿਨਾਂ' ਨੂੰ ਪ੍ਰਾਪਤ ਹੁੰਦੀ ਹੈ 'ਜਿਨ' ਯਾਨੀ ਜਿਨ੍ਹਾਂ ਨੇ ਸਭ ਜਿੱਤ ਲਿਆ। ਉਨ੍ਹਾਂ ਨੂੰ ਹੀ ਸੰਤੋਖ ਉਪਲਬਧ ਹੁੰਦਾ ਹੈ।

ਨਾਨਕ ਕਹਿੰਦੇ ਹਨ, 'ਜੋਗੀ ਸੰਤੋਖ ਦੀ ਮੁਦ੍ਰਾ ਬਣਾਓ'। ਇਹ ਹੱਥਾਂ-ਪੈਰਾਂ ਦੀ ਮੁਦ੍ਰਾਵਾਂ ਨੂੰ ਸਾਧਦੇ-ਸਾਧਦੇ ਬਹੁਤ ਸਮਾਂ ਹੋ ਗਿਆ। ਇਨ੍ਹਾਂ ਨਾਲ ਕੁਝ ਹੋ ਨਹੀਂ ਰਿਹਾ ਹੈ। ਛੱਡੋ ਇਨ੍ਹਾਂ ਨੂੰ। ਅੰਦਰੂਨੀ ਮੁਦ੍ਰਾ ਸਾਧੋ ਅਤੇ ਸਭ ਤੋਂ ਵੱਡੀ ਮੁਦ੍ਰਾ ਹੈ 'ਸੰਤੋਖ'।

ਕਿਉਂ? ਕਿਉਂਕਿ ਜਿਹੜਾ ਸੰਤੁਸ਼ਟ ਹੋਇਆ, ਉਸ ਦੀਆਂ ਸਾਰੀਆਂ ਚਿੰਤਾਵਾਂ ਢਹਿ ਗਈਆਂ। ਸਾਰੀਆਂ ਚਿੰਤਾਵਾਂ ਅਸੰਤੋਖ ਨਾਲ ਪੈਦਾ ਹੁੰਦੀਆਂ ਹਨ। ਸਾਰੀਆਂ ਚਿੰਤਾਵਾਂ ਇਸ ਗੱਲ ਤੋਂ ਪੈਦਾ ਹੁੰਦੀਆਂ ਹਨ ਕਿ ਜੋ ਮੈਨੂੰ ਮਿਲਣਾ ਚਾਹੀਦਾ ਸੀ, ਉਹ ਨਹੀਂ ਮਿਲਿਆ। ਅਭਾਵ ਨਾਲ ਪੈਦਾ ਹੁੰਦੀਆਂ ਹਨ। ਜਿਸ ਦਿਨ ਤੁਸੀਂ ਸੰਤੁਸ਼ਟ ਹੋਏ। ਉਸ ਦਿਨ ਤੁਸੀਂ ਘੋੜੇ ਵੇਚ ਕੇ ਸੌਂ ਜਾਓਗੇ। ਫਿਰ ਕੋਈ ਚਿੰਤਾ ਨਹੀਂ ਹੈ। ਫਿਰ ਰਾਤ ਨੂੰ ਕੋਈ ਸੁਫ਼ਨਾ ਵੀ ਨਹੀਂ ਆਏਗਾ, ਕਿਉਂਕਿ ਸਾਰੇ ਸੁਫ਼ਨੇ ਅਸੰਤੋਖ ਦੇ ਨਾਲ ਪੈਦਾ ਹੁੰਦੇ ਹਨ। ਦਿਨ ਭਰ ਜਿਹੜਾ ਤੁਸੀਂ ਸੰਤੋਖ ਪਾਲਦੇ ਹੋ ਉਹ ਰਾਤ ਸੁਫ਼ਨਾ ਬਣ ਜਾਂਦਾ ਹੈ।

ਅਸੰਤੋਖ ਦਾ ਅਰਥ ਹੈ। ਭਿਖਾਰੀ ਪਨ। ਸੰਤੋਖ ਦਾ ਅਰਥ ਹੈ ਮਾਲਿਕ ਹੋ ਗਏ। ਸਵਾਮੀ ਹੋ ਗਏ। ਉਹ ਹੀ ਸੰਨਿਆਸੀ ਦਾ ਲੱਖਣ ਹੈ। ਉਹ ਹਰ ਹਾਲ ਵਿੱਚ ਸੰਤੁਸ਼ਟ ਹੈ। ਤੁਸੀਂ ਅਜਿਹੀ ਕੋਈ ਹਾਲਤ ਪੈਦਾ ਨਹੀਂ ਕਰ ਸਕਦੇ, ਜਿੱਥੇ ਤੁਸੀਂ ਉਸਨੂੰ ਅਸੰਤੁਸ਼ਟ ਕਰ ਦਿਓ, ਕਿਉਂਕਿ ਹਰ ਹਾਲਤ ਵਿੱਚ ਉਹ ਸ਼ੁਭ ਨੂੰ ਵੇਖੇਗਾ ਅਤੇ ਹਰ ਹਾਲਤ ਵਿੱਚ 'ਉਸਦੇ' ਹੱਥ ਨੂੰ ਪਛਾਣ ਲਵੇਗਾ। ਦੁੱਖ ਦੀ ਡੂੰਘੀ ਤੋਂ ਡੂੰਘੀ ਅਵਸਥਾ ਵਿੱਚ ਵੀ, ਤੁਸੀਂ ਉਸਦੀ ਸੁੱਖ ਦੀ ਕਿਰਣ ਨਹੀਂ ਖੋਹ ਸਕੋਗੇ। ਕਿਉਂਕਿ ਹਨੇਰੇ ਤੋਂ ਹਨੇਰੇ ਵਿੱਚ ਵੀ ਉਹ ਜਾਣਦਾ ਹੈ ਕਿ ਸਵੇਰ ਆ ਰਹੀ ਹੈ, ਸਵੇਰਾ ਨੇੜੇ ਹੈ। ਸੰਘਣੇ ਤੋਂ ਸੰਘਣਾ ਹਨੇਰਾ ਜਦ ਹੁੰਦਾ ਹੈ, ਤਦ ਉਹ ਹੱਸਦਾ ਹੈ, ਖੁਸ਼ ਹੁੰਦਾ ਹੈ ਕਿ ਇਹ ਸਵੇਰੇ ਦੇ ਨੇੜੇ ਆਉਣ ਦਾ ਲੱਖਣ ਹੈ। ਤੁਸੀਂ ਉਸ ਨੂੰ ਹਨੇਰੇ ਵਿੱਚ ਨਹੀਂ ਪਾ ਸਕਦੇ। ਉਸ ਨੂੰ ਹਰ ਹਨੇਰੇ ਬੱਦਲ ਵਿੱਚ ਵੀ ਚਮਕਦੀ ਹੋਈ ਬਿਜਲੀ ਦੀ ਸਫੇਦੀ ਵਿਖਾਈ ਦਿੰਦੀ ਹੈ। ਡੂੰਘੀ ਤੋਂ ਡੂੰਘੀ ਦੁੱਖ ਦੀ ਅਵਸਥਾ ਵਿੱਚ ਵੀ ਤੁਸੀਂ ਉਸ ਦਾ ਸੂਤਰ ਨਹੀਂ ਖੋਹ ਸਕਦੇ। ਉਸਦੇ ਸੰਤੋਖ ਦਾ ਧਾਗਾ ਉਸਦੇ ਹੱਥ ਵਿੱਚ ਹੈ। ਉਹ ਸਭ ਨੂੰ ਸਵੀਕਾਰ ਕਰਦਾ ਹੈ। ਉਸ ਨੇ ਪਰਮ ਸਵੀਕਾਰ ਧਾਰਣ ਕੀਤਾ ਹੈ। ਇਸ ਨੂੰ ਨਾਨਕ ਕਹਿੰਦੇ ਹਨ, "ਜੋਗੀ

ਮੁਦ੍ਰਾ ਬਣਾਓ।'' ਹੱਥਾਂ-ਪੈਰਾਂ ਨੂੰ ਸਾਧ ਲੈਣ ਨਾਲ ਕੁਝ ਵੀ ਨਹੀਂ ਹੋਏਗਾ। ਸ਼ਰੀਰ ਨੂੰ ਸਾਧ ਲੈਣ ਨਾਲ ਕੁਝ ਵੀ ਨਾ ਹੋਵੇਗਾ। ਚੈਤਨਯ ਦਾ ਅਭਿਆਸ ਕਰੋ ਅਤੇ ਚੈਤਨਯ (ਆਤਮਾ) ਦੇ ਅਭਿਆਸ ਦਾ ਪਹਿਲਾ ਸੂਤਰ ਹੈ, 'ਸੰਤੋਖ'।

ਪਰ ਧਿਆਨ ਰੱਖਣਾ ਗ਼ਲਤ ਸੰਤੋਖ ਵੀ ਹਨ। ਗ਼ਲਤ ਸੰਤੋਖ ਲਾਚਾਰ ਅਵਸਥਾ ਦਾ ਹੈ। ਮਜ਼ਬੂਰੀ ਹੈ। ਆਪਣੇ ਵੱਲੋਂ ਸਭ ਕਰ ਲਿਆ। ਮੁੱਲਾ ਨਸਰੂਦੀਨ ਇੱਕ ਜੰਗਲ ਵਿੱਚ ਯਾਤਰਾ ਕਰ ਰਿਹਾ ਸੀ। ਇੱਕ ਦੋਸਤ ਨਾਲ ਸੀ। ਦੋਵੇਂ ਆਪਦੀ ਬੈਲ ਗੱਡੀ ਵਿੱਚ ਜਾ ਰਹੇ ਸਨ ਕਿ ਅਚਾਨਕ ਡਾਕੂਆਂ ਨੇ ਹਮਲਾ ਕੀਤਾ। ਕੋਈ ਪੰਜਾਹ ਕਦਮਾਂ 'ਤੇ ਡਾਕੂ ਬੰਦੂਕਾਂ ਲਈ ਖਲੋਤੇ ਸਨ। ਉਨ੍ਹਾਂ ਨੇ ਕਿਹਾ, 'ਰੁੱਕ ਜਾਓ'। ਮੁੱਲਾਂ ਨਸਰੂਦੀਨ ਨੇ ਝੱਟ-ਪੱਟ ਆਪਣੀ ਜੇਬ ਵਿਚੋਂ ਪੰਜ ਸੌ ਰੁਪਈਏ ਕੱਢੇ ਅਤੇ ਮਿੱਤਰ ਨੂੰ ਦਿੱਤੇ ਕਿ ਭਾਈ ! ਤੇਰੇ ਕੋਲੋਂ ਜਿਹੜਾ ਕਰਜ਼ਾ ਲਿਆ ਸੀ, ਨਿਪਟਾਰਾ ਕਰ ਲਈਏ। ਹਿਸਾਬ ਸਾਫ ਹੋ ਗਿਆ। ਤੁਹਾਡਾ ਸੰਤੋਖ ਅਜਿਹੀ ਹਾਲਤ ਵਿੱਚ ਹੀ ਹੁੰਦਾ ਹੈ। ਜਦ ਤੁਸੀਂ ਵੇਖਦੇ ਹੋ ਹੁਣ ਕੁਝ ਕਰਨ ਨੂੰ ਨਹੀਂ ਬਚਿਆ। ਸਾਰਾ ਜਾ ਰਿਹਾ ਹੈ। ਜਦ ਜਾ ਹੀ ਚੁੱਕਿਆ ਹੁੰਦਾ ਹੈ, ਤਦ ਹੀ ਤੁਸੀਂ ਛੱਡਦੇ ਹੋ। ਅਸਲ ਵਿੱਚ ਤੁਸੀਂ ਛੱਡਦੇ ਨਹੀਂ। ਤੁਹਾਡੇ ਕੋਲੋਂ ਖੋਲ੍ਹ ਲਿਆ ਜਾਂਦਾ ਹੈ ਅਤੇ ਜਦ ਤੁਹਾਡੇ ਤੋਂ ਖੋਹ ਲਿਆ ਜਾਂਦਾ ਹੈ, ਤਦ ਕਿਹੋ ਜਿਹਾ ਸੰਤੋਖ। ਜਿਹੜਾ ਛੱਡਦਾ ਹੈ, ਉਹ ਸੰਤੁਸ਼ਟ ਹੋ ਸਕਦਾ ਹੈ, ਜਿਸ ਦੇ ਕੋਲੋਂ ਖੋਹਿਆ ਜਾਂਦਾ ਹੈ, ਉਹ ਉਪਰੋਂ ਕਿੰਨੀ ਹੀ ਮੁਦ੍ਰਾ ਸਾਧੇ, ਅੰਦਰ ਤਾਂ ਅਸੰਤੋਖ ਹੈ। ਉਹ ਉਪਰੋਂ ਕਿੰਨਾ ਹੀ ਕਹੇ, 'ਸਭ ਠੀਕ ਹੈ, ਪਰ ਉਸਦੇ 'ਸਭ ਠੀਕ' ਵਿੱਚ ਵੀ ਤੁਸੀਂ ਸੁਰ ਨੂੰ ਸੁਣ ਲਵੋਗੇ ਕਿ ਉਹ ਕਹਿ ਰਿਹਾ ਹੈ ਕਿ ਕੁਝ ਵੀ ਠੀਕ ਨਹੀਂ।

ਸੰਤੋਖ ਦੀ ਸਹੀ ਰੂਪ-ਰੇਖਾ ਹੈ ਕਿ ਪਹਿਲਾਂ ਤਾਂ ਇਹ ਭਾਵ ਕਿ ਜੋ ਮੈਨੂੰ ਮਿਲਿਆ ਹੈ, ਉਹ ਪਹਿਲਾਂ ਨਾਲੋਂ ਵੀ ਜ਼ਰੂਰਤ ਤੋਂ ਵੀ ਵੱਧ ਹੈ। ਇਸ ਤੋਂ ਵੱਧ ਹੋ ਵੀ ਸਕਦਾ ਹੈ? ਜਿਹੜਾ ਸੁੱਖ ਮੈਂ ਪਾਇਆ ਹੈ, ਉਸ ਲਈ ਮੇਰਾ ਅਹੋਭਾਵ ਹੈ, ਧੰਨਵਾਦ ਹੈ। ਜਿਹੜਾ ਦੁੱਖ ਹੈ, ਉਨ੍ਹਾਂ ਦੁੱਖਾਂ ਪਿੱਛੇ ਵੀ ਲੁਕਿਆ ਹੋਇਆ ਸੁੱਖ ਹੈ। ਕਿਤੇ ਗੁਲਾਬ ਖਿੜ ਰਹੇ ਹੋਣਗੇ। ਕੰਡਿਆਂ ਉਤੇ ਨਜ਼ਰ ਨਾ ਰਹੇ, ਗੁਲਾਬ ਉਤੇ ਨਜ਼ਰ ਰਹੇ।

ਕੋਈ ਆਦਮੀ ਗਾਲ੍ਹੀਆਂ ਵੀ ਕੱਢ ਜਾਏ, ਤਾਂ ਸੰਤੋਖੀ ਪ੍ਰਾਣੀ ਸੋਚੇਗਾ ਕਿ ਜਾਂ ਤਾਂ ਉਸ ਨੇ ਠੀਕ ਹੀ ਕਿਹਾ: ਤਦ ਹੁਣ ਮੈਨੂੰ ਧੰਨਵਾਦ ਦੇਣਾ ਚਾਹੀਦਾ ਕਿ ਉਸ ਦੀ ਗਾਲ੍ਹੀ ਸੱਚ ਹੈ ਅਤੇ ਜਾਂ ਸੋਚੇਗਾ ਕਿ ਗਾਲ੍ਹੀ ਸੱਚ ਨਹੀਂ ਹੈ। ਵਿਚਾਰੇ ਨੇ ਨਾਹਕ ਮਿਹਨਤ ਕੀਤੀ, ਕਸ਼ਟ ਚੁੱਕਿਆ, ਏਨੀ ਦੂਰ ਤੱਕ ਆਇਆ। ਜੇਕਰ ਸੱਚ ਹੈ ਤਾਂ ਧੰਨਵਾਦ ਹੋਏਗਾ, ਜੇਕਰ ਝੂਠ ਹੈ ਤਾਂ ਦਇਆ ਦਾ ਭਾਵ ਹੋਏਗਾ। ਲੇਕਿਨ ਗੁੱਸਾ ਕਿਸੇ ਵੀ ਹਾਲਤ ਵਿੱਚ ਸੰਤੋਖੀ ਪ੍ਰਾਣੀ ਨੂੰ ਨਹੀਂ ਹੋ ਸਕਦਾ। ਉਹ ਹਰ ਹਾਲ ਵਿੱਚ ਕੁਝ

ਲੱਭ ਲਵੇਗਾ।

ਦੋ ਫ਼ਕੀਰਾਂ ਦੀ ਕਹਾਣੀ ਮੈਨੂੰ ਬਹੁਤ ਪ੍ਰੀਤੀਕਰ ਰਹੀ ਹੈ। ਜਾਪਾਨ ਵਿੱਚ ਹੋਏ ਹਨ। ਦੋਵੇਂ ਬਰਸਾਤ ਦਾ ਮੌਸਮ ਕੱਟਣ ਲਈ ਆਪਣੀ ਕੁਟੀਆਂ ਵੱਲ ਵਾਪਸ ਪਰਤ ਰਹੇ ਸਨ। ਅੱਠ ਮਹੀਨੇ ਘੁੰਮਦੇ ਸਨ। ਪਿੰਡ-ਪਿੰਡ ਭਟਕਦੇ, ਉਸ ਪਰਮਾਤਮਾ ਦਾ ਗੀਤ ਗਾਉਂਦੇ ਸੀ। ਬਰਸਾਤ ਦੇ ਮੌਸਮ ਵਿੱਚ ਆਪਣੀ ਕੁਟੀਆ ਵਿੱਚ ਪਰਤ ਆਉਂਦੇ ਸਨ। ਗੁਰੂ ਬੁੱਢਾ ਸੀ। ਚੇਲਾ ਜਵਾਨ ਸੀ। ਜਿਵੇਂ ਹੀ ਝੀਲ ਦੇ ਕੰਢੇ 'ਤੇ ਆਪਣੀ ਕੁਟੀਆ ਦੇ ਨੇੜੇ ਪੁੱਜੇ, ਤਾਂ ਵੇਖਿਆ ਛੱਪਰ ਜ਼ਮੀਨ ਉਤੇ ਪਿਆ ਹੈ। ਰਾਤੀਂ ਕਿਤੇ ਜ਼ੋਰ ਦੀ ਹਨੇਰੀ ਆਈ ਹੋਣੀ, ਤੇ ਅੱਧਾ ਛੱਪਰ ਉੱਡ ਗਿਆ ਸੀ। ਨਿੱਕੀ ਜਿਹੀ ਕੁਟੀਆ ਉਸ ਦਾ ਵੀ ਅੱਧਾ ਛੱਪਰ ਉੱਡ ਗਿਆ ਹੈ। ਬਰਸਾਤ ਸਿਰ ਉਤੇ ਹੈ। ਹੁਣ ਕੁਝ ਕਰਨਾ ਵੀ ਮੁਸ਼ਕਿਲ ਹੋਏਗਾ। ਦੂਰ ਜੰਗਲ ਵਿੱਚ ਨਿਵਾਸ ਹੈ।

ਨੌਜਵਾਨ ਸੰਨਿਆਸੀ ਚੇਲੇ ਨੇ ਕਿਹਾ, ਵੇਖੋ, ਅਸੀਂ ਪ੍ਰਾਰਥਨਾ ਕਰਦੇ-ਕਰਦੇ ਮਰ ਜਾਂਦੇ ਹਾਂ, ਅਤੇ ਉਸ ਦੇ ਵਲੋਂ ਇਹ ਫਲ! ਇਸ ਲਈ ਤਾਂ ਮੈਂ ਕਹਿੰਦਾ ਹਾਂ ਕਿ ਕੁਝ ਸਾਰ ਨਹੀਂ ਹੈ, ਪ੍ਰਾਰਥਨਾ, ਪੂਜਾ ਮਿਲਦਾ ਕੀ ਹੈ? ਦੁਸ਼ਟਾਂ ਦੇ ਮਹਿਲ ਸਾਬਤ ਹਨ, ਸਾਡੀ ਗਰੀਬ ਫ਼ਕੀਰਾਂ ਦੀ ਝੌਂਪੜੀ ਹਨੇਰੀ ਵਿੱਚ ਡਿੱਗ ਪਈ। ਇਹ ਹਨੇਰੀ ਉਸੇ ਦੀ ਹੈ। ਜਦ ਉਹ ਗੁੱਸੇ ਵਿੱਚ ਗੱਲਾਂ ਕਹਿ ਰਿਹਾ ਸੀ, ਤਦੋਂ ਹੀ ਉਸ ਨੇ ਵੇਖਿਆ ਕਿ ਉਸ ਦਾ ਗੁਰੂ ਗੋਡਿਆਂ ਭਾਰ ਹੋ ਕੇ, ਬਹੁਤ ਆਨੰਦ ਭਾਵ ਨਾਲ ਆਕਾਸ਼ ਦੇ ਵੱਲ ਹੱਥ ਜੋੜ ਕੇ ਬੈਠਾ ਹੈ। ਉਸ ਦੀਆਂ ਅੱਖਾਂ ਤੋਂ ਪਰਮ ਸੰਤੋਖ ਦੇ ਅੱਥਰੂ ਵਗ ਰਹੇ ਹਨ। ਅਤੇ ਉਹ ਗੁਨਗੁਨਾ ਕੇ ਕਹਿ ਰਿਹਾ ਹੈ ਕਿ ਪਰਮਾਤਮਾ ਤੇਰੀ ਕਿਰਪਾ। ਹਨੇਰੀ ਦਾ ਕੀ ਭਰੋਸਾ। ਪੂਰਾ ਹੀ ਛੱਪਰ ਲੈ ਜਾਂਦੀ। ਜ਼ਰੂਰ ਤੂੰ ਵਿਚਾਲੇ ਆ ਕੇ ਰੋਕਿਆ ਹੋਣਾ ਹੈ ਅਤੇ ਅੱਧਾ ਬਚਾਇਆ। ਅੱਧਾ ਛੱਪਰ ਅਜੇ ਵੀ ਉਪਰ ਹੈ। ਹਨੇ ਦਾ ਕੀ ਭਰੋਸਾ? ਹਨੇਰੀ ਹਨੇਰੀ ਹੈ। ਪੂਰਾ ਲੈ ਜਾਂਦੀ। ਜ਼ਰੂਰ ਤੂੰ ਵਿਘਨ ਪਾਇਆ ਹੋਏਗਾ ਅਤੇ ਅੱਧਾ ਤੂੰ ਬਚਾਇਆ।

ਫ਼ਿਰ ਉਹ ਦੋਵੇਂ ਗਏ। ਇੱਕੋ ਕੁਟੀਆ ਵਿੱਚ ਦੋਵੇਂ ਪ੍ਰਵੇਸ਼ ਕਰ ਰਹੇ ਹਨ। ਪਰ ਦੋ ਵੱਖਰੀ ਤਰ੍ਹਾਂ ਦੇ ਲੋਕ ਹਨ। ਇੱਕ ਸੰਤੁਸ਼ਟ ਅਤੇ ਇੱਕ ਅਸੰਤੁਸ਼ਟ। ਹਾਲਾਤ ਇੱਕ ਹਨ, ਪਰ ਦੋਹਾਂ ਦੇ ਭਾਵ ਵੱਖਰੇ ਹਨ। ਇਸ ਲਈ ਦੋਵੇਂ ਵੱਖਰੇ-ਵੱਖਰੇ ਝੌਂਪੜੇ ਵਿੱਚ ਜਾ ਰਹੇ ਹਨ। ਉਪਰੋਂ ਤਾਂ ਵਿਖਾਈ ਦਿੰਦਾ ਹੈ, ਕਿ ਇਕੋ ਝੌਂਪੜੇ ਵਿੱਚ ਜਾ ਰਹੇ ਹਨ। ਰਾਤ ਦੋਵੇਂ ਸੁੱਤੇ। ਜਿਹੜਾ ਅਸੰਤੁਸ਼ਟ ਸੀ ਉਹ ਤਾਂ ਸੌਂ ਹੀ ਨਾ ਸਕਿਆ। ਉਸ ਨੇ ਅਨੇਕ ਕਰਵਟਾਂ ਬਦਲੀਆਂ ਅਤੇ ਬਾਰ-ਬਾਰ ਕਿਹਾ ਕਿ ਕੀ ਭਰੋਸਾ ਕਦੋਂ ਮੀਂਹ ਪੈਣ ਲੱਗ ਜਾਏ। ਅਜੇ ਮੀਂਹ ਪਿਆ ਨਹੀਂ। ਪਰ ਉਹ ਚਿੰਤਾ ਵਿੱਚ ਹੈ, ਪ੍ਰੇਸ਼ਾਨ ਹੈ। ਉਸ ਨੇ ਕਿਹਾ, ਨੀਂਦ ਨਹੀਂ ਆਉਂਦੀ। ਨੀਂਦ ਆ ਵੀ ਕਿਵੇਂ ਸਕਦੀ ਹੈ? ਇਹ ਕੋਈ ਰਹਿਣ ਦੀ ਥਾਂ ਹੈ? ਅਤੇ

ਉਸਦਾ ਗੁੱਸਾ.....

ਪਰ ਗੁਰੂ ਰਾਤ ਬਹੁਤ ਡੂੰਘੀ ਨੀਂਦ ਸੁੱਤਾ। ਜਦ ਚਾਰ ਵਜੇ ਉਠਿਆ ਤਾਂ ਉਸ ਨੇ ਇੱਕ ਗੀਤ ਲਿਖਿਆ। ਕਿਉਂਕਿ ਅੱਧੇ ਝੋਂਪੜੇ ਵਿਚੋਂ ਚੰਨ ਵਿਖਾਈ ਪੈ ਰਿਹਾ ਸੀ ਅਤੇ ਉਸ ਨੇ ਲਿਖਿਆ ਕਿ ਪਰਮਾਤਮਾ ਜੇਕਰ ਸਾਨੂੰ ਪਹਿਲਾਂ ਪਤਾ ਹੁੰਦਾ, ਤਾਂ ਅਸੀਂ ਤੇਰੀ ਹਨੇਰੀ ਨੂੰ ਵੀ ਏਨਾ ਕਸ਼ਟ ਨਾ ਦਿੰਦੇ ਕਿ ਅੱਧਾ ਛੱਪਰ ਵੱਖਰਾ ਕਰੇ। ਅਸੀਂ ਖ਼ੁਦ ਹੀ ਅਲਗ ਕਰ ਦਿੰਦੇ। ਅਜੇ ਤੱਕ ਅਸੀਂ ਨਾ-ਸਮਝੀ ਵਿੱਚ ਹੀ ਰਹੇ। ਸੌਂ ਵੀ ਸਕਦੇ ਹਾਂ, ਚੰਨ ਵੀ ਵੇਖ ਸਕਦੇ ਹਾਂ। ਅੱਧਾ ਛੱਪਰ ਦੂਰ ਜੋ ਹੋ ਗਿਆ। ਤੇਰਾ ਆਕਾਸ਼ ਏਨਾ ਨੇੜੇ ਅਤੇ ਅਸੀਂ ਛੱਪਰ ਨਾਲ ਰੋਕੀ ਰੱਖਿਆ। ਤੇਰਾ ਚੰਨ ਏਨਾ ਨੇੜੇ ਕਿੰਨੀ ਵਾਰੀ ਆਇਆ ਤੇ ਗਿਆ ਅਤੇ ਅਸੀਂ ਉਸ ਨੂੰ ਛੱਪਰ ਨਾਲ ਰੋਕੀ ਰੱਖਿਆ। ਸਾਨੂੰ ਪਤਾ ਹੀ ਨਹੀਂ ਸੀ। ਤੂੰ ਮਾਫ਼ ਕਰੀਂ। ਨਹੀਂ ਤਾਂ ਅਸੀਂ ਤੇਰੀ ਹਨੇਰੀ ਨੂੰ ਇਹ ਕਸ਼ਟ ਨਾ ਦਿੰਦੇ, ਅਸੀਂ ਖ਼ੁਦ ਹੀ ਅੱਧਾ ਵੱਖਰਾ ਕਰ ਦਿੰਦੇ।

ਇਹ ਜਿਹੜਾ ਗੀਤ ਗਾ ਸਕਦਾ ਹੈ, ਇਹ ਸੰਤੋਖ ਹੈ। ਮਜ਼ਬੂਰੀ ਵਿੱਚ ਨਹੀਂ, ਲਾਚਾਰ ਅਵਸਥਾ ਵਿੱਚ ਨਹੀਂ। ਉਹ ਤਾਂ ਨਪੁੰਸਕਾਂ ਦਾ ਰਾਹ ਹੈ। ਉਹ ਤਾਂ ਹਮੇਸ਼ਾਂ ਹੀ ਅਜਿਹਾ ਕਰਦੇ ਹਨ। ਜਦ ਸਾਰਾ ਕੁਝ ਖੁੱਸ ਜਾਂਦਾ ਹੈ, ਤਦ ਉਹ ਸੰਤੋਖ ਕਰਦੇ ਹਨ। ਕਾਸ਼, ਉਨ੍ਹਾਂ ਨੇ ਸੰਤੋਖ ਪਹਿਲਾਂ ਕਰ ਲਿਆ ਹੁੰਦਾ। ਤਾਂ ਕੁਝ ਵੀ ਖੁੱਸ ਨਹੀਂ ਸਕਦਾ ਸੀ। ਕਿਉਂਕਿ ਸੰਤੋਖੀ ਤੋਂ ਤੁਸੀਂ ਕੁਝ ਵੀ ਖੋਹ ਨਹੀਂ ਸਕਦੇ। ਤੁਸੀਂ ਖੋਹੋ, ਪਰ ਤੁਸੀਂ ਫ਼ਿਰ ਵੀ ਸੰਤੋਖੀ ਕੋਲੋਂ ਕੁਝ ਖੋਹ ਨਹੀਂ ਸਕਦੇ। ਤੁਸੀਂ ਉਸ ਦਾ ਸੰਤੋਖ ਨਹੀਂ ਖੋਹ ਸਕਦੇ, ਤੁਸੀਂ ਕੀ ਕੁਝ ਉਸ ਕੋਲੋਂ ਖੋਹੋਗੇ? ਤੁਸੀਂ ਉਸ ਕੋਲੋਂ ਸਭ ਖੋਹ ਲਓਗੇ, ਪਰ ਸੰਤੋਖ ਉਥੇ ਹੀ ਰਹੇਗਾ, ਜਿੱਥੇ ਸੀ। ਕਿਉਂਕਿ ਉਸ ਦੀ ਪੂੰਜੀ ਅੰਦਰੂਨੀ ਹੈ।

ਨਾਨਕ ਕਹਿੰਦੇ ਹਨ, 'ਸੰਤੋਖ ਦੀ ਮੁਦ੍ਰਾ ਬਣਾ, ਲਾਜ ਦੀ ਮੁਦ੍ਰਾ ਬਣਾ ਯੋਗੀ! ਪ੍ਰਤਿਸ਼ਠਾ ਦੀ ਝੋਲੀ ਬਣਾ।' ਉਹ ਅੰਦਰ ਦੇ ਇਸ਼ਾਰੇ ਦੇ ਰਹੇ ਹਨ। ਅਸਲ ਵਿੱਚ ਗੋਰਖ ਨਾਥ ਨੇ ਵੀ ਇਹ ਹੀ ਕਿਹਾ ਸੀ। ਬਾਹਰ ਦੇ ਇਸ਼ਾਰੇ ਅੰਦਰ ਦੀ ਯਾਦਦਾਸ਼ਤ ਲਈ ਸਨ। ਅੰਦਰ ਦੀ ਗੱਲ ਤਾਂ ਭੁੱਲ ਗਈ। ਕਮੀਜ਼ ਵਿੱਚ ਲੱਗੀ ਗੰਢ ਹੱਥ ਵਿੱਚ ਰਹਿ ਗਈ। ਇਹ ਭੁੱਲ ਹੀ ਗਏ ਕਿ ਬਾਜ਼ਾਰ ਲੈਣ ਕੀ ਆਏ ਸਨ? ਇਹ ਵੀ ਭੁੱਲ ਗਏ ਕਿ ਗੰਢ ਇਸ ਲਈ ਲਾਈ ਸੀ ਕਿ ਬਾਜ਼ਾਰ ਵਿੱਚ ਕੁਝ ਯਾਦ ਰੱਖਣਾ ਹੈ। ਬੱਸ, ਗੰਢ ਹੱਥ ਰਹਿ ਗਈ। ਹੁਣ ਗੰਢ ਨੂੰ ਢੋਅ ਰਹੇ ਹਨ। ਗੰਢ ਆਪਣੇ ਆਪ ਵਿੱਚ ਬੋਝ ਹੈ। ਲੱਜਾ ਸ਼ਬਦ ਨੂੰ ਸਮਝਣ ਦੀ ਕੋਸ਼ਿਸ਼ ਕਰੋ, ਕਿਉਂਕਿ ਸ਼ਬਦ ਬਹੁਤ ਡੂੰਘਾ ਹੈ ਅਤੇ ਬਹੁਤ ਪੂਰਬ ਦਾ ਹੈ। ਪੱਛਮ ਦੀਆਂ ਭਾਸ਼ਾਵਾਂ ਵਿੱਚ ਅਜਿਹਾ ਕੋਈ ਸ਼ਬਦ ਨਹੀਂ ਹੈ। ਕਿਉਂਕਿ ਲੱਜਾ (ਸ਼ਰਮ) ਇੱਕ ਪੂਰਬ ਦੀ ਅਨੂਠੀ ਖੋਜ ਹੈ। ਲੱਜਾ ਨੂੰ ਅਸੀਂ ਇਸਤ੍ਰੈਣ

ਵਿਅਕਤਿਤਵ ਦੀ ਆਖ਼ਰੀ ਪਰਮ ਅਵਸਥਾ ਕਿਹਾ ਹੈ। ਵੇਸਵਾ ਨੂੰ ਅਸੀਂ ਨਿਰਲੱਜ ਕਹਿੰਦੇ ਹਾਂ, ਕਿਉਂਕਿ ਉਹ ਸ਼ਰੀਰ ਨੂੰ ਵੇਚਦੀ ਹੈ। ਸ਼ਰੀਰ ਨੂੰ ਵੇਚਣਾ ਨਿਰਲੱਜ ਦਸ਼ਾ ਹੈ, ਕਿਉਂਕਿ ਦੇਹ ਪਰਮਾਤਮਾ ਦਾ ਮੰਦਰ ਹੈ, ਵੇਚਣ ਲਈ ਨਹੀਂ ਹੈ। ਇਹ ਤਾਂ ਅਰਾਧਨਾ ਲਈ ਹੈ। ਇਹ ਠੀਕਰਿਆਂ ਲਈ ਗੁਆਉਣ ਲਈ ਨਹੀਂ ਹੈ। ਇਹ ਤਾਂ ਪਰਮ ਧਨ ਪ੍ਰਾਪਤ ਕਰਨ ਦੀ ਪੌੜੀ ਹੈ। ਤਾਂ ਜਿਹੜੇ ਵੀ ਸ਼ਰੀਰ ਨੂੰ ਵੇਚ ਰਹੇ ਹਨ। ਚਾਹੇ ਵੇਸਵਾਵਾਂ ਹਨ, ਚਾਹੇ ਦੁਕਾਨਦਾਰ ਹਨ ਅਤੇ ਚਾਹੇ ਤੁਸੀਂ ਹੋ, ਜੇਕਰ ਤੁਸੀਂ ਦੇਹ ਨੂੰ ਵੇਚ ਰਹੇ ਹੋ ਅਤੇ ਠੀਕਰੇ ਕਮਾ ਰਹੇ ਹੋ ਤਾਂ ਨਿਰਲੱਜ ਹੋ।

ਨਿਰਲੱਜ ਦਾ ਇੱਕ ਹੀ ਅਰਥ ਹੁੰਦਾ ਹੈ ਕਿ ਜਿਹੜਾ ਦੇਹ ਨੂੰ ਪਰਮਤਾਮਾ ਦੀ ਚਾਲ ਤੋਂ ਇਲਾਵਾ ਹੋਰ ਕਿਸੇ ਤਰ੍ਹਾਂ ਨਾਲ ਵੇਚ ਰਿਹਾ ਹੈ। ਉਸ ਦੇ ਜੀਵਨ ਵਿੱਚ ਕੋਈ ਲਾਜ-ਸ਼ਰਮ ਨਹੀਂ ਹੈ। ਤੁਸੀਂ ਵੇਸਵਾ ਦੀ ਨਿੰਦਾ ਕਰਦੇ ਹੋ, ਪਰ ਦੂਜੇ ਲੋਕਾਂ ਦੀ ਕੀ ਹਾਲਤ ਹੈ? ਫ਼ਰਕ ਕੀ ਹੈ? ਜੇਕਰ ਤੁਸੀਂ ਸ਼ਰੀਰ ਨੂੰ ਵੇਚ ਰਹੇ ਹੋ ਧਨ ਕਮਾਉਣ ਲਈ, ਇਸ ਸੰਸਾਰ ਵਿੱਚ ਇੱਜਤ ਕਮਾਉਣ ਲਈ ਤਾਂ ਵੇਸਵਾ ਅਤੇ ਤੁਹਾਡੇ ਵਿੱਚ ਫ਼ਰਕ ਕੀ ਹੈ? ਵੇਸਵਾ ਵੀ ਦੇਹ ਨੂੰ ਵੇਚ ਰਹੀ ਹੈ ਧਨ ਕਮਾਉਣ ਲਈ, ਤੁਸੀਂ ਵੀ ਵੇਚ ਰਹੇ ਹੋ ਸ਼ਰੀਰ ਨੂੰ ਧਨ ਕਮਾਉਣ ਲਈ।

ਲੱਜਾ ਦੀ ਅਵਸਥਾ ਦਾ ਅਰਥ ਹੈ, ਸ਼ਰੀਰ ਨੂੰ ਧਨ ਲਈ ਨਹੀਂ ਵੇਚਣਾ ਹੈ। ਉਹ ਪਰਮਾਤਮਾ ਦਾ ਮੰਦਰ ਹੈ। ਉਸ ਵਿੱਚ ਪਰਮਾਤਮਾ ਕਦੇ ਮਹਿਮਾਨ ਬਣੇਗਾ। ਉਸ ਨੂੰ ਪਰਮਾਤਮਾ ਲਈ ਉਡੀਕ ਸਿਖਾਉਣੀ ਹੈ ਅਤੇ ਉਹ ਉਡੀਕ ਨਿਸ਼ਚਿੱਤ ਹੀ ਉਹੋ ਜਿਹੀ ਹੀ ਹੋਏਗੀ। ਜਿਹੋ ਜਿਹੀ ਪ੍ਰੇਮਿਕਾ ਆਪਣੇ ਪ੍ਰੇਮੀ ਲਈ ਕਰਦੀ ਹੈ ਅਤੇ ਜਦ ਪ੍ਰੇਮੀ ਕੋਲ ਆਉਂਦਾ ਹੈ ਤਾਂ ਪ੍ਰੇਮਿਕਾ ਘੁੰਡ ਕਢ ਲੈਂਦੀ ਹੈ, ਲੁਕਦੀ ਹੈ।

ਉਹ ਪ੍ਰੇਮੀ ਸਾਹਮਣੇ ਆਪਣੇ ਆਪ ਨੂੰ ਪ੍ਰਗਟ ਨਹੀਂ ਕਰਦੀ, ਕਿਉਂਕਿ ਪ੍ਰਗਟ ਕਰਨਾ ਤਾਂ ਨਿਰਲੱਜ ਅਵਸਥਾ ਹੈ।

ਲੁਕਾਉਂਦੀ ਹੈ, ਪ੍ਰੇਮੀ ਲਈ ਉਡੀਕ ਕਰਦੀ ਹੈ। ਪ੍ਰੇਮੀ ਨੂੰ ਸੁਨੇਹੇ ਭੇਜਦੀ ਹੈ। ਜਦ ਪ੍ਰੇਮੀ ਕੋਲ ਆਉਂਦਾ ਹੈ ਤਾਂ ਆਪਣੇ ਆਪ ਨੂੰ ਲੁਕਾਉਂਦੀ ਹੈ, ਕਿਉਂਕਿ ਪ੍ਰੇਮੀ ਦੇ ਸਾਹਮਣੇ ਪ੍ਰਗਟ ਕਰਨਾ ਤਾਂ ਹੰਕਾਰ ਹੋਏਗਾ। ਸਭ ਪ੍ਰਗਟ ਕਰਨ ਦੀ ਇੱਛਾ ਪ੍ਰਦਰਸ਼ਨ ਹੰਕਾਰ ਹੈ। ਪਰਮਾਤਮਾ ਦੇ ਸਾਹਮਣੇ ਕੀ ਤੁਸੀਂ ਆਪਣੇ ਆਪ ਨੂੰ ਪ੍ਰਗਟ ਕਰਨਾ ਚਾਹੋਗੇ? ਤੁਸੀਂ ਪਰਮਾਤਮਾ ਦੇ ਸਾਹਮਣੇ ਤਾਂ ਛੁਪ ਜਾਓਗੇ, ਜ਼ਮੀਨ ਵਿੱਚ ਗੱਡੇ ਜਾਓਗੇ। ਤੁਸੀਂ ਤਾਂ ਪਰਮਾਤਮਾ ਦੇ ਸਾਹਮਣੇ ਘੁੰਡ ਵਿੱਚ ਲੁਕ ਜਾਓਗੇ। ਪਰਮਾਤਮਾ ਸਾਹਮਣੇ ਆਪਣੇ ਆਪ ਨੂੰ ਪ੍ਰਗਟ ਕਰਨ ਦਾ ਭਾਵ ਤਾਂ ਹੰਕਾਰ ਹੈ। ਉਥੇ ਤਾਂ ਤੁਸੀਂ ਪ੍ਰੇਮਿਕਾ ਦੇ ਵਾਂਗ ਜਾਓਗੇ, ਪੰਡਿਤ ਦੇ ਵਾਂਗ ਨਹੀਂ। ਉਥੇ ਤਾਂ ਤੁਸੀਂ ਇਸ ਤਰ੍ਹਾਂ ਜਾਓਗੇ

ਕਿ ਪੈਰਾਂ ਦੀ ਆਵਾਜ਼ ਵੀ ਪਤਾ ਨਾ ਲੱਗੇ। ਉਥੇ ਤਾਂ ਤੁਸੀਂ ਲੁਕਦੇ-ਲੁਕਦੇ ਜਾਓਗੇ, ਕਿਉਂਕਿ ਤੁਹਾਡੇ ਕੋਲ ਹੈ ਕੀ ਜਿਹੜਾ ਵਿਖਾਓ? ਲੱਜਾ ਦਾ ਅਰਥ ਹੈ, ਹੈ ਕੀ ਸਾਡੇ ਕੋਲ ਜਿਹੜਾ ਵਿਖਾਉਣਾ? ਕੁਝ ਵੀ ਤਾਂ ਨਹੀਂ ਹੈ ਵਿਖਾਉਣ ਵਾਸਤੇ, ਇਸ ਲਈ ਲੁਕਾਉਂਦੇ ਹਨ।

ਇਸ ਲਈ ਭਾਰਤ ਵਿੱਚ ਇਸਤ੍ਰੀ ਦਾ ਜਿਹੜਾ ਅਸੀਂ ਪਰਮ ਗੁਣ ਮੰਨਿਆ ਹੈ, ਉਹ ਲਾਜ ਹੈ। ਇਸ ਲਈ ਭਾਰਤ ਦੀਆਂ ਇਸਤ੍ਰੀਆਂ ਵਿੱਚ ਜਿਹੜੀ ਇੱਕ ਗਰੇਸ ਇੱਕ ਪ੍ਰਸਾਦ ਮਿਲ ਸਕਦਾ ਹੈ, ਉਹ ਪੱਛਮ ਦੀ ਇਸਤ੍ਰੀ ਵਿੱਚ ਨਹੀਂ ਮਿਲ ਸਕਦਾ। ਕਿਉਂਕਿ ਪੱਛਮ ਦੀ ਇਸਤ੍ਰੀ ਨੂੰ ਲੱਜਾ ਕਦੇ ਸਿਖਾਈ ਹੀ ਨਹੀਂ ਗਈ। ਲਾਜ ਦੁਰਗੁਣ ਜਾਪਦੀ ਹੈ। ਉਸ ਨੂੰ ਵਿਖਾਉਣਾ ਹੈ ਨੁਮਾਇਸ਼ ਕਰਨਾ ਹੈ। ਉਸ ਨੂੰ ਦੱਸਣਾ ਹੈ, ਉਸ ਨੇ ਦੱਸ ਕੇ ਖਿਚਾਵ ਪੈਦਾ ਕਰਨਾ ਹੈ। ਜਿਵੇਂ ਬਾਜ਼ਾਰ ਵਿੱਚ ਖਲੋਤੀ ਹੈ। ਪੂਰਬ ਵਿੱਚ ਅਸੀਂ ਇਸਤ੍ਰੀ ਨੂੰ ਲਾਜ ਸਿਖਾਈ ਹੈ। ਲੁਕਾਉਣਾ ਹੈ, ਇਸ ਦੇ ਨਾਲ ਘੁੰਡ ਪੈਦਾ ਹੋਇਆ। ਘੁੰਡ ਲੱਜਾ ਦਾ ਹਿੱਸਾ ਸੀ। ਫ਼ਿਰ ਘੁੰਡ ਗੁੰਮ ਹੋ ਗਿਆ ਅਤੇ ਜਿਵੇਂ ਹੀ ਘੁੰਡ ਗੁਆਚਿਆ, ਲਾਜ-ਸ਼ਰਮ ਵੀ ਖਤਮ ਹੋਣ ਲੱਗ ਪਈ, ਕਿਉਂਕਿ ਘੁੰਡ ਲਾਜ ਦਾ ਹਿੱਸਾ ਸੀ। ਉਹ ਉਸ ਦਾ ਬਾਹਰੀ ਅੰਗ ਸੀ। ਹੁਣ ਸਾਡੀ ਇਸਤ੍ਰੀ ਵੀ ਆਪਾ ਪ੍ਰਗਟ ਕਰਕੇ ਘੁੰਮ ਰਹੀ ਹੈ। ਉਹ ਚਾਹੁੰਦੀ ਹੈ ਲੋਕ ਵੇਖਣ। ਜਦ ਤੁਸੀਂ ਸੱਜ ਸੰਵਰ ਕੇ ਘੁੰਮਦੇ ਹੋ ਕਿ ਲੋਕ ਵੇਖਣ ਤਾਂ ਅੰਦਰ ਇਹ ਇੱਛਾ ਹੈ। ਸੋ ਤੁਸੀਂ ਬਾਜ਼ਾਰ ਵਿੱਚ ਖੜ੍ਹੇ ਹੋ ਗਏ।

ਨਾਨਕ ਕਹਿੰਦੇ ਹਨ, ਪਰਮਾਤਮਾ ਦੇ ਸਾਹਮਣੇ ਸਾਡੀ ਲੱਜ-ਸ਼ਰਮ ਉਹੋ ਜਿਹੀ ਹੀ ਹੋਏਗੀ, ਜਿਹੋ ਜਿਹੀ ਪ੍ਰੇਮੀ ਦੇ ਸਾਹਮਣੇ ਪ੍ਰੇਮਿਕਾ ਦੀ ਹੁੰਦੀ ਹੈ। ਉਹ ਆਪਣੇ ਆਪ ਨੂੰ ਲੁਕਾਏਗੀ। ਵਿਖਾਉਣ ਦੇ ਲਾਇਕ ਕੀ ਹੈ? ਇਸ ਲਈ ਲੱਜਾ। ਦੱਸਣ ਦੇ ਲਾਇਕ ਕੀ ਹੈ? ਇਸ ਲਈ ਲਾਜ, ਇਸ ਲਈ ਘੁੰਡ ਹੈ।

ਅਤੇ ਧਿਆਨ ਰੱਖਣਾ, ਜਿੰਨੀ ਇਸਤ੍ਰੀ ਲੱਜਾਵਾਨ ਹੋਏਗੀ ਓਨੀ ਹੀ ਮਨਮੋਹਨ ਵਾਲੀ ਹੋ ਜਾਂਦੀ ਹੈ। ਜਿੰਨੀ ਪ੍ਰਗਟ ਹੋਏਗੀ ਓਨੀ ਹੀ ਮਨਮੋਹਨ ਵਾਲੀ ਹੋ ਜਾਂਦੀ ਹੈ। ਜਿੰਨੀ ਪ੍ਰਗਟ ਹੋਏਗੀ, ਓਨਾਂ ਹੀ ਖਿਚਾਵ ਗੁਆਚ ਜਾਂਦਾ ਹੈ। ਪੱਛਮ ਵਿੱਚ ਇਸਤ੍ਰੀ ਦਾ ਖਿਚਾਵ ਗੁਆਚ ਗਿਆ ਹੈ। ਗੁਆਚ ਹੀ ਜਾਏਗਾ। ਕਿਉਂਕਿ ਜਿਹੜੀ ਚੀਜ਼ ਬਾਜ਼ਾਰ ਵਿੱਚ ਖਲੋਤੀ ਹੈ ਉਸਦਾ ਖਿਚਾਵ ਸਮਾਪਤ ਹੋ ਜਾਏਗਾ।

ਪਰਮਾਤਮਾ ਦੇ ਸਾਹਮਣੇ ਅਸੀਂ ਆਪਣੇ ਆਪ ਨੂੰ ਵੇਚਣ ਲਈ ਤਾਂ ਨਹੀਂ ਗਏ ਹਾਂ ਅਤੇ ਪਰਮਾਤਮਾ ਦੇ ਕੋਲ ਸਾਨੂੰ ਵਿਖਾਉਣ ਲਈ ਵੀ ਕੀ ਹੈ? ਇਸ ਲਈ ਪਰਮਾਤਮਾ ਦੇ ਸਾਹਮਣੇ ਤਾਂ ਅਸੀਂ ਪ੍ਰੇਮਿਕਾ ਦੇ ਵਾਂਗ ਜਾਵਾਂਗੇ। ਕੰਬਦੇ ਪੈਰਾਂ ਨਾਲ, ਕੀ ਪਤਾ ਸਵੀਕਾਰ ਵੀ ਹੋਵਾਂਗੇ ਕਿ ਨਹੀਂ ਸੰਕੋਚ ਨਾਲ, ਕਿ ਪਤਾ ਨਹੀਂ, ਉਸ ਦੇ ਲਾਇਕ ਹੋ

ਵੀ ਸਕਾਂਗੇ ਕਿ ਨਹੀਂ। ਲੱਜਾ ਨਾਲ, ਕਿਉਂਕਿ ਵਿਖਾਉਣ ਦੇ ਲਾਇਕ ਕੁਝ ਵੀ ਨਹੀਂ ਹੈ।

ਲਾਜ ਬਹੁਤ ਨਿਮਰਤਾ ਵਾਲੀ ਦਸ਼ਾ ਹੈ ਅਤੇ ਓਨੀ ਨਿਮਰਤਾ ਨਾਲ ਕੋਈ ਉਸ ਦੇ ਕੋਲ ਜਾਏਗਾ ਤਾਂ ਹੀ ਅੰਗੀਕਾਰ ਹੋਏਗਾ ਅਤੇ ਜਿਹੜਾ ਭਗਤ ਜਿੰਨਾ ਆਪਣੇ ਆਪ ਨੂੰ ਲੁਕਾਉਂਦਾ ਹੈ, ਓਨਾ ਹੀ ਪਰਮਾਤਮਾ ਲਈ ਮਨਮੋਹਨ ਵਾਲਾ ਹੋ ਜਾਂਦਾ ਹੈ ਅਤੇ ਜਿਹੜਾ ਭਗਤ ਆਪਣੇ ਆਪ ਨੂੰ ਜਿੰਨਾ ਖੋਲ੍ਹਦਾ ਹੈ ਅਤੇ ਢੋਲ ਵਜਾਉਂਦਾ ਹੈ ਕਿ ਵੇਖੋ ਮੈਂ ਪੂਜਾ ਕਰ ਰਿਹਾ ਹਾਂ, ਵੇਖੋ ਮੈਂ ਪ੍ਰਾਰਥਨਾ ਕਰ ਰਿਹਾ ਹਾਂ ਕਿ ਵੇਖੋ ਮੈਂ ਮੰਦਰ ਜਾ ਰਿਹਾ ਹਾਂ ਕਿ ਵੇਖੋ ਮੈਂ ਕਿੰਨੇ ਜਪ-ਤਪ ਕੀਤੇ, ਉਹ ਓਨਾ ਹੀ ਦੂਰ ਹੋ ਜਾਂਦਾ ਹੈ। ਕਿਉਂਕਿ ਇਹ ਕੋਈ ਹੰਕਾਰ ਨਹੀਂ ਹੈ, ਪਰਮਾਤਮਾ ਨਾਲ ਮਿਲਣਾ ਇੱਕ ਨਿਰਹੰਕਾਰ ਚਿੱਤ ਦੀ ਗੱਲ ਹੈ।

ਨਾਨਕ ਕਹਿੰਦੇ ਹਨ ਕਿ ਸੰਤੋਖ, ਲੱਜਾ ਦੀ ਮੁਦ੍ਰਾ ਬਣਾਓ। ਪ੍ਰਤਿਸ਼ਠਾ (ਇੱਜਤ) ਦੀ ਝੋਲੀ ਧਾਰਨ ਕਰੋ।

ਕਿਹੜੀ ਪ੍ਰਤਿਸ਼ਠਾ ਦੀ? ਜਿਵੇਂ ਹੀ ਕਿਸੇ ਪ੍ਰਾਣੀ ਨੂੰ ਇਹ ਅਹਿਸਾਸ ਹੋਣਾ ਸ਼ੁਰੂ ਹੁੰਦਾ ਹੈ ਕਿ ਮੈਂ ਸ਼ਰੀਰ ਨਹੀਂ ਆਤਮਾ ਹਾਂ, ਪ੍ਰਤਿਸ਼ਠਾ ਮਿਲੀ। ਆਤਮ-ਭਾਵ ਪ੍ਰਤਿਸ਼ਠਾ ਹੈ ਕਿਉਂਕਿ ਸ਼ਰੀਰ ਵਿੱਚ ਤਾਂ ਤੁਸੀਂ ਪ੍ਰਤਿਸਠਿਤ (ਸੋਭਾਇਮਾਨ) ਹੋ ਹੀ ਨਹੀਂ ਸਕਦੇ। ਉਹ ਤਾਂ ਰਸਤੇ ਦਾ ਪੜਾਓ ਹੈ, ਮੰਜ਼ਿਲ ਨਹੀਂ ਹੈ। ਉਥੇ ਕਜਿਹੀ ਪ੍ਰਤਿਸ਼ਠਾ? ਉਥੇ ਘੜੀ ਪਲ ਲਈ ਠਹਿਰ ਸਕਦੇ ਹੋ, ਉਹ ਘਰ ਨਹੀਂ ਬਣ ਸਕਦਾ। ਪ੍ਰਤਿਸ਼ਠਿਤ ਦਾ ਅਰਥ ਹੈ, ਜਿਸ ਨੇ ਉਸ ਨੂੰ ਪਾ ਲਿਆ, ਜਿਹੜਾ ਸ਼ਾਸਵਤ ਹੈ। ਜਿਸ ਨੇ ਉਸ ਵਿੱਚ ਆਪਣੀਆਂ ਜੜ੍ਹਾਂ ਜਮਾ ਲਈਆਂ, ਜਿਹੜਾ ਕਦੇ ਨਹੀਂ ਮਿਟੇਗਾ। *'ਆਦਿ ਸਚੁ ਜੁਗਾਦਿ ਸਚੁ॥* ਜਿਹੜਾ ਸਦਾ ਸੱਚ ਹੈ। ਜਿਸ ਨੇ ਉਸਦੇ ਵਿੱਚ ਜੜ੍ਹ ਫਸਾ ਲਈ ਉਹ ਸੋਭਾਇਮਾਨ ਹੋਇਆ ਅਤੇ ਜਿਹੜਾ ਸਦਾ ਝੂਠ ਹੈ, ਉਸ ਦੇ ਨਾਲ ਜਿਹੜਾ ਤਰਦਾ ਰਿਹਾ, ਉਸ ਦੀ ਕਜਿਹੀ ਪ੍ਰਤਿਸ਼ਠਾ?

ਤੁਸੀਂ ਜਦ ਤੱਕ ਪਰਮਾਤਮਾ ਦੇ ਨਾਲ ਖੜ੍ਹੇ ਨਾ ਹੋ ਜਾਓ, ਤਦ ਤੱਕ ਸੋਭਾਇਮਾਨ ਨਹੀਂ ਹੋ। ਤਦ ਤੱਕ ਤੁਸੀਂ ਰਾਜ ਸਿੰਘਾਸਣ 'ਤੇ ਭਾਵੇਂ ਬੈਠ ਜਾਓ, ਪਰ ਕੋਈ ਸ਼ੋਭਾ ਨਹੀਂ ਮਿਲੇਗੀ। ਇਸ ਸੰਸਾਰ ਦੀ ਇੱਜ਼ਤ ਕੋਈ ਇੱਜ਼ਤ ਨਹੀਂ ਹੈ, ਕਿਉਂਕਿ ਇਸ ਸੰਸਾਰ ਵਿੱਚ ਤਾਂ ਸਾਰੀ ਲਹਿਰਾਂ ਦੀ ਖੇਡ ਹੈ। ਚਾਰ ਦਿਨਾਂ ਪਿੱਛੋਂ ਤੁਹਾਨੂੰ ਕੌਣ ਯਾਦ ਰੱਖੇਗਾ? ਅੱਜ ਵੀ ਜਦ ਤੁਸੀਂ ਸਿੰਘਾਸਣ ਉਤੇ ਹੋ, ਕੋਣ ਤੁਹਾਡੀ ਫ਼ਿਕਰ ਕਰਦਾ ਹੈ?

ਸਿੰਘਾਸਣ ਉਤੇ ਬੈਠੇ ਲੋਕਾਂ ਦੀ ਹਾਲਤ ਵੇਖੋ। ਜਿੱਥੇ ਜਾਣਗੇ ਉਥੇ ਜੁੱਤੀਆਂ ਪੈਂਦੀਆਂ, ਉਥੇ ਪੱਥਰਾਂ ਨਾਲ ਸੁਆਗਤ ਹੁੰਦਾ। ਜੇਕਰ ਤੁਸੀਂ ਫੁੱਲ ਚਾਹੋ ਤਾਂ ਪੱਥਰ

ਮਿਲਦੇ ਹਨ। ਜੇਕਰ ਤੁਸੀਂ ਆਦਰ ਚਾਹਿਆ ਤਾਂ ਅਪਮਾਨ ਮਿਲਦਾ ਹੈ। ਤੁਸੀਂ ਜਬਰਦਸਤੀ ਔਹਦੇ ਉਤੇ ਬੈਠੋ ਤਾਂ ਕੋਈ ਨਾ ਕੋਈ ਤੁਹਾਡੀ ਲੱਤ ਖਿੱਚਦਾ ਹੀ ਰਹਿੰਦਾ ਹੈ। ਰਾਜਨੀਤਕਾਂ ਕੋਲੋਂ ਪੁੱਛੋ, ਅਖਬਾਰਾਂ ਵਿੱਚ ਭਾਵੇਂ ਹੀ ਨਾਂ ਛਪਦੇ ਹੋਣ, ਚਰਚਾ ਹੁੰਦੀ ਹੋਵੇ, ਪਰ ਉਸੇ ਮਿਕਦਾਰ ਵਿੱਚ ਬੁਰਿਆਈ ਚਲਦੀ ਹੈ। ਉਸੇ ਮਿਕਦਾਰ ਵਿੱਚ ਅਪਮਾਨ ਚਲਦਾ ਹੈ। ਇਸ ਜਗਤ ਵਿੱਚ ਜੇਕਰ ਤੁਸੀਂ ਜਿੱਤਣਾ ਚਾਹਿਆ ਤਾਂ ਤੁਸੀਂ ਹਾਰ ਹੀ ਜਾਓਗੇ ਅਤੇ ਤੁਸੀਂ ਆਦਰ ਚਾਹਿਆ ਤਾਂ ਅਪਮਾਨ ਪਾਓਗੇ। ਇੱਜ਼ਤ ਤਾਂ ਸਿਰਫ਼ ਪਰਮਾਤਮਾ ਦੇ ਨਾਲ ਹੋਣ ਵਿੱਚ ਹੈ।

ਤਾਂ ਨਾਨਕ ਕਹਿੰਦੇ ਹਨ, ਪ੍ਰਤਿਸ਼ਠਾ ਦੀ ਝੋਲੀ ਧਾਰਨ ਕਰੋ। ਇਹ ਆਕੜ ਅਤੇ ਹੰਕਾਰ ਦੀ ਝੋਲੀ ਲੈ ਕੇ ਨਾ ਟੁਰੋ। ਨਿਰਹੰਕਾਰ, ਲੱਜਾ ਅਤੇ ਸੰਤੋਖ ਅਤੇ ਤੁਹਾਡੀਆਂ ਜੜ੍ਹਾਂ ਪਰਮਾਤਮਾ ਵਿੱਚ ਪੁੱਜਣ ਲੱਗ ਪੈਣਗੀਆਂ।

ਧਿਆਨ ਦੀ ਵਿਭੂਤੀ ਬਣਾਓ ਯੋਗੀ। ਸੁਆਹ ਮਲ ਲੈਣ ਨਾਲ ਕੁਝ ਵੀ ਨਹੀਂ ਹੋਏਗਾ। ਅੰਦਰ ਧਿਆਨ ਨੂੰ ਉਪਲਬਧ ਕਰੋ। ਉਹ ਹੀ ਤੁਹਾਡੀ ਸੁਆਹ ਹੋਵੇ, ਉਸੇ ਨੂੰ ਮਲੋ।

'ਮੌਤ ਨੂੰ ਗੁਦੜੀ ਬਣਾਓ ਕਿ ਉਸਦੀ ਯਾਦ ਸਦਾ ਬਣੀ ਰਵੇ।'

ਜਿਸ ਨੂੰ ਮੌਤ ਦੀ ਯਾਦ ਹਰ ਪਲ ਆਉਂਦੀ ਰਹਿੰਦੀ ਹੈ, ਉਹ ਪਰਮਾਤਮਾ ਨੂੰ ਨਹੀਂ ਭੁੱਲ ਸਕਦਾ ਅਤੇ ਜਿਸ ਨੂੰ ਮੌਤ ਭੁੱਲ ਗਈ, ਉਹ ਪਰਮਾਤਮਾ ਨੂੰ ਭੁੱਲ ਜਾਂਦਾ ਹੈ ਅਤੇ ਅਸੀਂ ਸਾਰੇ ਮੌਤ ਨੂੰ ਬਿਲਕੁਲ ਭੁੱਲਾ ਕੇ ਜੀਉਂਦੇ ਹਾਂ। ਅਸੀਂ ਅਜਿਹਾ ਮੰਨ ਕੇ ਟੁਰਦੇ ਹਾਂ ਕਿ ਅਸੀਂ ਤਾਂ ਮਰਨਾ ਹੀ ਨਹੀਂ ਹੈ। ਇਸ ਲਈ ਤਾਂ ਪਰਮਾਤਮਾ ਦੀ ਯਾਦ ਭੁੱਲ ਜਾਂਦੀ ਹੈ।

'ਮੌਤ ਨੂੰ ਗੁਦੜੀ ਬਣਾਓ, ਯੋਗੀ। ਕਾਇਆ ਨੂੰ ਕੁਆਰੀ।'

ਨਾਥ ਸੰਪਰਦਾਇ ਅਤੇ ਤਾਂਤ੍ਰਿਕਾਂ ਦੇ ਬਹੁਤ ਸਾਰੇ ਸੰਪਰਦਾਇ ਜਿਹੜੇ ਸਾਧਨਾ ਕਰਨ ਲਈ ਕਿਸੇ ਕੁਆਰੀ ਇਸਤ੍ਰੀ ਨੂੰ ਲੱਭਦੇ ਹਨ। ਕਿਉਂਕਿ ਕੁਆਰੀ ਇਸਤ੍ਰੀ ਨਾਲ ਖਾਸ ਤਾਂਤ੍ਰਿਕ ਸੰਭੋਗ ਦੇ ਮਾਧਿਅਮ ਨਾਲ ਧਿਆਨ ਦੀ ਉਪਲਬਧੀ ਹੋ ਸਕਦੀ ਹੈ। ਇਹ ਗੱਲ ਠੀਕ ਹੈ। ਇਹ ਹੋ ਸਕਦਾ ਹੈ। ਤੰਤਰ ਨੇ ਇਸ ਦਾ ਮਾਰਗ ਲੱਭਿਆ ਹੈ।

ਪਰ ਆਦਮੀ ਤਾਂ ਬੇਈਮਾਨ ਹੈ। ਤੰਤਰ ਦੇ ਨਾਮ ਉਤੇ ਹਜਾਰਾਂ ਯੋਗੀ ਤਾਂਤ੍ਰਿਕ ਕੁਆਰੀਆਂ ਨੂੰ ਲੈ ਕੇ ਘੁੰਮ ਰਹੇ ਸਨ। ਲੱਖਾਂ ਲੋਕ ਸਨ ਜਿਨ੍ਹਾਂ ਨੂੰ ਤੰਤਰ ਦੀ ਆੜ ਮਿਲ ਗਈ, ਦੱਸਣ ਲਈ ਵੀ ਹੋ ਗਿਆ ਕਿ ਅਸੀਂ ਤਾਂਤ੍ਰਿਕ ਹਾਂ ਅਤੇ ਇਹ ਜਿਹੜੀ ਕੁਆਰੀ ਹੈ ਸਾਡੇ ਨਾਲ, ਇਹ ਤੰਤਰ ਦੀ ਸੰਗਣੀ ਹੈ ਅਤੇ ਇਸ ਨਾਮ ਦੇ ਨਾਲ ਬਹੁਤ ਵਿਭਚਾਰ ਚਲਿਆ। ਇਸ ਦੁਰਾਚਾਰ ਦੇ ਕਾਰਣ ਬੰਧ ਉਖੜੇ। ਨਾਥ ਸੰਪਰਦਾਇ ਮਿਟਿਆ ਇਸ

ਦੁਰਾਚਾਰ ਦੇ ਕਾਰਣ। ਅਤੇ ਤਾਂਤ੍ਰਿਕ ਦੀ ਇੱਕ ਵੱਡੀ ਪਰੰਪਰਾ ਗੁਆਚ ਗਈ ਇਸੇ ਦੁਰਾਚਾਰ ਦੇ ਕਾਰਣ। ਆਦਮੀ ਤਾਂ ਬਹੁਤ ਹੁਸ਼ਿਆਰ ਹੈ। ਉਹ ਹਰ ਚੀਜ਼ ਵਿੱਚ ਆੜ ਲੱਭ ਲੈਂਦਾ ਹੈ। ਉਸ ਨੇ ਵੇਖਿਆ ਕਿ ਇਹ ਤਾਂ ਵੱਡੀ ਆੜ ਮਿਲ ਗਈ ਕਿ ਅਸੀਂ ਤੰਤਰ ਦੇ ਸਾਧਕ ਹਾਂ। ਸੋ ਅਸੀਂ ਤਾਂ ਕਿਸੇ ਵੀ ਕੁਆਰੀ ਇਸਤ੍ਰੀ ਨੂੰ ਨਾਲ ਲੈ ਕੇ ਟੁਰ ਸਕਦੇ ਹਾਂ।

ਨਾਨਕ ਕਹਿੰਦੇ ਹਨ, 'ਕਾਯਾ ਨੂੰ ਕੁਆਰੀ ਬਣਾਓ, ਯੋਗੀ।'

ਨਾਨਕ ਏਥੇ ਬਹੁਤ ਮਹੱਤਵਪੂਰਣ ਗੱਲ ਕਹਿ ਰਹੇ ਹਨ। ਉਹ ਤੰਤਰ ਦਾ ਹੀ ਗਹਿਰੇ ਤੋਂ ਗਹਿਰਾ ਸੂਤਰ ਹੈ। ਉਹ ਇਹ ਹੈ ਕਿ ਤੁਹਾਡੀ ਕਾਇਆ ਹੀ ਤੁਹਾਡੀ ਸੰਗਣੀ ਬਣ ਜਾਏ ਅਤੇ ਤੁਹਾਡੀ ਆਤਮਾ ਪੁਰਖ ਹੋਵੇ ਅਤੇ ਤੁਹਾਡੀ ਕਾਇਆ ਕੁਆਰੀ ਹੋਵੇ। ਤਾਂ ਇਨ੍ਹਾਂ ਦੋਹਾਂ ਦੇ ਵਿਚਕਾਰ ਵੀ ਸੰਭੋਗ ਹੋ ਸਕਦਾ ਹੈ ਅਤੇ ਉਹ ਜਿਹੜਾ ਸੰਭੋਗ ਹੈ ਉਹ ਪਰਮ ਸੰਭੋਗ ਹੈ। ਉਸ ਨਾਲ ਹੀ ਕੋਈ ਮੁਕਤੀ ਨੂੰ ਉਪਲਬਧ ਹੋਏਗਾ। ਤੰਤਰ ਦਾ ਵੀ ਸੂਤਰ ਤਾਂ ਇਹ ਹੀ ਸੀ ਕਿ ਬਾਹਰ ਦੀ ਕੁਆਰੀ ਤਾਂ ਕੇਵਲ ਸਹਾਰਾ ਹੈ। ਉਸ ਸਹਾਰੇ ਦੇ ਨਾਲ ਹੌਲੀ-ਹੌਲੀ, ਹੌਲੀ-ਹੌਲੀ, ਤੁਸੀਂ ਅੰਦਰ ਦੀ ਕੁਆਰੀ ਨੂੰ ਲੱਭ ਲੈਣਾ ਹੈ।

ਹਰ ਪੁਰਖ ਦੇ ਅੰਦਰ ਇਸਤ੍ਰੀ ਲੁਕੀ ਹੋਈ ਹੈ। ਹਰ ਇਸਤ੍ਰੀ ਦੇ ਅੰਦਰ ਪੁਰਖ ਲੁਕਿਆ ਹੋਇਆ ਹੈ ਅਤੇ ਜਦੋਂ ਤੁਹਾਡੇ ਦੇਵ ਇਸਤ੍ਰੀ ਅਤੇ ਪੁਰਖ ਦਾ ਅੰਦਰ ਮਿਲਣ ਹੁੰਦਾ ਹੈ ਤਾਂ ਸਮਾਧੀ ਦੀ ਆਖ਼ਰੀ ਅਵਸਥਾ ਫਲਿਤ ਹੁੰਦੀ ਹੈ।

ਹੁਣ ਆਧੁਨਿਕ ਮਨੋਵਿਗਿਆਨ ਵੀ ਇਸ ਨੂੰ ਸਵੀਕਾਰ ਕਰਦਾ ਹੈ ਕਿ ਆਦਮੀ 'ਬਾਯੋ-ਸੈਕਸੁਅਲ' ਹੈ। ਹੋਏਗਾ ਵੀ, ਕਿਉਂਕਿ ਹਰ ਇੱਕ ਦਾ ਜਨਮ ਮਾਂ ਅਤੇ ਪਿਓ ਦੇ ਮਿਲਣ ਨਾਲ ਹੁੰਦਾ ਹੈ। ਸੋ ਤੁਹਾਡੇ ਅੰਦਰ ਮਾਂ ਦਾ ਹਿੱਸਾ ਵੀ ਹੈ ਅਤੇ ਪਿਓ ਦਾ ਹਿੱਸਾ ਵੀ ਹੈ। ਤੁਹਾਡੇ ਅੰਦਰ ਇਸਤ੍ਰੀ ਵੀ, ਪੁਰਖ ਵੀ ਹੈ ਅਤੇ ਜੇਕਰ ਦੋਨੋਂ ਊਰਜਾਵਾਂ ਅੰਦਰ ਮਿਲ ਜਾਣ, ਤਾਂ ਬਾਹਰ ਦਾ ਸੰਭੋਗ ਤਾਂ ਘੜੀ ਪਲ ਦਾ ਹੈ, ਇਹ ਸੰਭੋਗ ਸ਼ਾਸਵਤ ਹੋ ਸਕਦਾ ਹੈ। ਤਾਂ ਨਾਨਕ ਤੰਤਰ ਦੀ ਬਹੁਤ ਡੂੰਘੀ ਗੱਲ ਕਹਿ ਰਹੇ ਹਨ। ਉਹ ਕਹਿ ਰਹੇ ਹਨ, ਯੋਗੀ, ਕਾਇਆ ਨੂੰ ਕੁਆਰੀ ਬਣਾਓ। ਪ੍ਰਤੀਤੀ ਨੂੰ ਮੁਕਤੀ ਦਾ ਡੰਡਾ ਬਣਾਓ। ਸਾਰੀ ਜਮਾਤ ਨੂੰ ਇੱਕ ਸਮਝਣਾ ਹੀ ਨਾਥ-ਪੰਥ ਹੈ। ਮਨ ਨੂੰ ਜਿੱਤਣਾ ਹੀ ਜਗਤ ਨੂੰ ਜਿੱਤਣਾ ਹੈ। ਜੇਕਰ ਪ੍ਰਣਾਮ ਹੀ ਕਰਨਾ ਹੋਵੇ ਤਾਂ ਉਸ ਨੂੰ ਹੀ ਪ੍ਰਣਾਮ ਕਰੋ, ਉਹ ਆਦਿ ਹੈ, ਸ਼ੁੱਧ ਹੈ, ਅਨਾਦਿ ਹੈ, ਅਨਾਹਤ ਹੈ ਅਤੇ ਜੁਗ-ਜੁਗ ਤੋਂ ਇੱਕ ਹੀ ਭੇਸ ਵਾਲਾ ਹੈ।

*ਮੁੰਦਾ ਸੰਤੋਖੁ ਸਰਮੁ ਪਤੁ ਝੋਲੀ ਧਿਆਨ ਕੀ ਕਰਹਿ ਬਿਭੂਤਿ॥*
*ਖਿੰਥਾ ਕਾਲੁ ਕੁਆਰੀ ਕਾਇਆ ਜੁਗਤਿ ਡੰਡਾ ਪਰਤੀਤਿ॥*

*ਆਦੀ ਪੰਥੀ ਸਗਲ ਜਮਾਤੀ ਮਨਿ ਜੀਤੈ ਜਗੁ ਜੀਤੁ॥*
*ਆਦੇਸੁ ਤਿਸੈ ਆਦੇਸੁ॥*
*ਆਦਿ ਅਨੀਲੁ ਅਨਾਦਿ ਅਨਾਹਤਿ ਜੁਗੁ ਜੁਗੁ ਏਕੋ ਵੇਸੁ॥*

ਜਿਹੜਾ ਸਦਾ ਇੱਕ ਹੀ ਭੇਸ ਵਿੱਚ ਹੈ, ਜਿਹੜਾ ਇਕੋ ਜਿਹਾ ਹੈ, ਉਸ ਨੂੰ ਹੀ ਪ੍ਰਣਾਮ ਕਰੋ। ਕਿਸੇ ਹੋਰ ਨੂੰ ਪ੍ਰਣਾਮ ਕਰਨ ਨਾਲ ਕੁਝ ਵੀ ਨਹੀਂ ਹੋਏਗਾ। ਮੰਦਰਾਂ ਵਿੱਚ, ਮਸਜਿਦਾਂ ਵਿੱਚ, ਕਿੰਨੇ ਹੀ ਪ੍ਰਣਾਮ ਕਰੋ, ਪਰ ਜੇਕਰ ਪ੍ਰਣਾਮ ਉਸ ਇੱਕ ਵੱਲ ਨਹੀਂ ਜਾ ਰਹੇ ਹਨ ਤਾਂ ਵਿਅਰਥ ਹਨ। ਕਿਤੇ ਵੀ ਪ੍ਰਣਾਮ ਕਰੋ, ਪ੍ਰਣਾਮ ਉਸੇ ਨੂੰ ਹੋਵੇ। ਉਹ ਯਾਦ ਬਣੀ ਰਹੇ।

ਇਸ ਨੂੰ ਜ਼ਰਾ ਖਿਆਲ 'ਚ ਲੈਣਾ। ਜਦ ਗੁਰੂ ਨੂੰ ਵੀ ਪ੍ਰਣਾਮ ਕਰੋ, ਤਦ ਵੀ ਧਿਆਨ ਰੱਖਣਾ ਕਿ ਗੁਰੂ ਦੇ ਮਾਧਿਅਮ ਨਾਲ ਪ੍ਰਣਾਮ ਉਸੇ ਨੂੰ ਹੈ। *'ਆਦੇਸੁ ਤਿਸੈ ਆਦੇਸੁ'॥* ਮੰਦਰ ਦੀ ਮੂਰਤੀ ਦੇ ਸਾਹਮਣੇ ਝੁਕੇ, ਤਾਂ ਵੀ ਚੇਤੇ ਰੱਖਣਾ ਕੀ ਪ੍ਰਣਾਮ ਉਸੇ ਨੂੰ ਹੈ- *'ਆਦੇਸੁ ਤਿਸੈ ਆਦੇਸੁ'॥* ਉਸੇ ਨੂੰ ਪ੍ਰਣਾਮ ਹੈ। ਤਾਂ ਫ਼ਿਰ ਮੂਰਤੀ ਵੀ ਸਹਿਯੋਗੀ ਹੈ।

ਨਹੀਂ ਤਾਂ ਮੂਰਤੀ ਵੀ ਖ਼ਤਰਾ ਹੈ ਅਤੇ ਗੁਰੂ ਵੀ ਖ਼ਤਰਾ ਹੈ। ਜੇਕਰ ਪ੍ਰਣਾਮ ਉਸ ਨੂੰ ਹੀ ਨਹੀਂ ਹੈ, ਤਾਂ ਜਿਸ ਨੂੰ ਵੀ ਤੁਸੀਂ ਪ੍ਰਣਾਮ ਕਰੋਗੇ ਉਥੇ ਹੀ ਬੰਧਨ ਪੈਦਾ ਹੋ ਜਾਏਗਾ। ਉਥੇ ਹੀ ਰੁਕਾਵਟ ਖੜ੍ਹੀ ਹੋ ਜਾਏਗੀ ਅਤੇ ਜੇਕਰ ਉਸੇ ਨੂੰ ਹੀ ਤੁਸੀਂ ਪ੍ਰਣਾਮ ਕਰਨਾ ਜਾਣ ਜਾਓ, ਤਾਂ ਹਰ ਪੱਥਰ ਵਿੱਚ ਵੀ ਦਰਵਾਜ਼ਾ ਹੈ। ਕਿਉਂਕਿ ਉਸੇ ਨੂੰ ਪ੍ਰਣਾਮ ਹੈ। ਕਿਥੋਂ ਤੁਸੀਂ ਕਰ ਰਹੇ ਹੋ ਇਸ ਦਾ ਕੀ ਮਤਲਬ ਹੈ? ਕਿਤੇ ਵੀ ਤੁਸੀਂ ਝੁਕੇ, ਮਸਜਿਦ ਹੋਵੇ, ਗੁਰੂਦੁਆਰਾ ਹੋਵੇ, ਮੰਦਰ ਹੋਵੇ, ਚਰਚ ਹੋਵੇ, ਪਰ ਇੱਕ ਗੱਲ ਖਿਆਲ ਰਹੇ ਕਿ - *ਆਦੇਸੁ ਤਿਸੈ ਆਦੇਸੁ॥* ਪ੍ਰਣਾਮ ਉਸਨੂੰ ਹੀ ਹੈ।

'ਉਸ ਨੂੰ, ਜੋ ਆਦਿ ਹੈ, ਸ਼ੁੱਧ ਹੈ, ਅਨਾਦਿ ਹੈ, ਅਨਾਹਤ ਹੈ। ਜੁਗ ਜੁਗ ਤੋਂ ਇੱਕ ਹੀ ਭੇਸ ਵਾਲਾ ਹੈ।'

ਗਿਆਨ ਨੂੰ ਭੋਗ ਬਣਾਓ, ਯੋਗੀ ਅਤੇ ਦਇਆ ਨੂੰ ਭੰਡਾਰੀ। ਘਟ ਘਟ ਵਿੱਚ ਜੋ ਅਨਾਹਦ ਨਾਦ ਵੱਜਦਾ ਹੈ ਉਸ ਨੂੰ ਸ਼ੰਖ ਬਣਾਓ। ਉਹ ਹੀ ਨਾਥ ਹੈ ਜਿਸ ਵਿੱਚ ਸਾਰੇ ਨਥੇ ਗੁਥੇ ਹਨ। ਰਿੱਧੀ-ਸਿੱਧੀ ਤਾਂ ਘਟੀਆ ਸੁਆਦ ਹੈ। ਸੰਜੋਗ ਅਤੇ ਵਿਜੋਗ ਇਹ ਦੋਵੇਂ ਸਾਰੇ ਕੰਮ ਚਲਾਉਂਦੇ ਹਨ ਅਤੇ ਭਾਗ ਤੇ ਲੇਖ ਮੁਤਾਬਿਕ ਆਪਣਾ-ਆਪਣਾ ਹਿੱਸਾ ਪ੍ਰਾਪਤ ਹੁੰਦਾ ਹੈ। ਜੇਕਰ ਪ੍ਰਣਾਮ ਹੀ ਕਰਨਾ ਹੈ ਤਾਂ ਉਸ ਨੂੰ ਹੀ ਪ੍ਰਣਾਮ ਕਰੋ। ਉਹ ਆਦਿ ਹੈ, ਸ਼ੁੱਧ ਹੈ, ਅਨਾਦਿ ਹੈ, ਅਨਾਹਦ ਹੈ ਅਤੇ ਜੁਗ ਜੁਗ ਤੋਂ ਇੱਕ ਹੀ ਭੇਸ ਵਾਲਾ ਹੈ।

ਗਿਆਨ ਨੂੰ ਭੋਗ ਬਣਾਓ, ਦਇਆ ਨੂੰ ਭੰਡਾਰੀ। ਗਿਆਨ ਅਤੇ ਦਇਆ, ਪ੍ਰਗਿਆ ਅਤੇ ਕਰੁਣਾ ਦੋ ਖੰਭ ਹਨ। ਜਿਸ ਨੇ ਦੋਵੇਂ ਸਾਧ ਲਏ, ਉਹ ਪਰਮਾਤਮਾ ਦੇ ਆਕਾਸ਼ ਵਿੱਚ ਉੱਡਣ ਲੱਗਾ। ਅੰਦਰ ਗਿਆਨ, ਬਾਹਰ ਦਇਆ। ਕਿਉਂਕਿ ਖ਼ਤਰਾ ਹੈ, ਕਿ ਅੰਦਰ ਜੇਕਰ ਇਕਲਾ ਗਿਆਨ ਹੋਵੇ ਅਤੇ ਬਾਹਰ ਦਇਆ। ਤਾਂ ਵੀ ਤੁਸੀਂ ਪੂਰਣ ਨਹੀਂ ਹੋ ਪਾਓਗੇ। ਤਾਂ ਵੀ ਤੁਸੀਂ ਅਧੂਰੇ ਰਹਿ ਜਾਓਗੇ। ਇੱਕ ਖੰਭ ਨਾਲ ਕਦੇ ਕੋਈ ਉਡਿਆ ਹੈ? ਜੇਕਰ ਬਾਹਰ ਦਇਆ ਹੋਵੇ ਅਤੇ ਅੰਦਰ ਗਿਆਨ ਨਾ ਹੋਵੇ, ਤਾਂ ਵੀ ਤੁਸੀਂ ਅਧੂਰੇ ਰਹਿ ਜਾਓਗੇ। ਇੱਕ ਪੈਰ ਨਾਲ ਕਦੇ ਕੋਈ ਟਰਿਆ ਹੈ।

ਗਿਆਨ ਦਾ ਅਰਥ ਹੈ ਆਪਣੇ ਆਪ ਨੂੰ ਜਾਨਣਾ, ਦਇਆ ਦਾ ਅਰਥ ਹੈ ਦੂਜਿਆਂ ਨੂੰ ਪਛਾਨਣਾ। ਤਦ ਪੂਰੀ ਘਟਨਾ ਵਾਪਰ ਜਾਂਦੀ ਹੈ। ਕਿਉਂਕਿ ਗਿਆਨ ਆਪਣੇ ਆਪ ਨੂੰ ਜਾਣਦਾ ਹੈ, ਜਾਣਦੇ ਸਾਰ ਹੀ ਦੇਖਦਾ ਹੈ ਕਿ ਮੈਂ ਹੀ ਸਭ ਦੇ ਅੰਦਰ ਹਾਂ। ਜਿਸ ਗਿਆਨ ਨੇ ਇਹ ਨਾ ਪਾਇਆ ਕਿ ਮੈਂ ਹੀ ਸਭ ਦੇ ਅੰਦਰ ਹਾਂ ਉਹ ਗਿਆਨ ਗਿਆਨ ਨਹੀਂ ਹੈ। ਤਾਂ ਜਦੋਂ ਗਿਆਨ ਦਾ ਅਸਲੀ ਦੀਵਾ ਜਗੇਗਾ, ਤਦ ਦਇਆ ਦਾ ਪ੍ਰਕਾਸ਼ ਸਭ ਤੇ ਪਏਗਾ ਹੀ। ਦੀਵਾ ਜਗੇਗਾ, ਤਾਂ ਦੀਵਾ ਕੋਈ ਆਪਣੇ ਆਪ ਨੂੰ ਥੋੜ੍ਹੇ ਹੀ ਪ੍ਰਕਾਸ਼ਿਤ ਕਰੇਗਾ। ਉਸ ਦੀ ਦੂਜਿਆਂ ਉਤੇ ਵੀ ਰੌਸ਼ਨੀ ਪਏਗੀ। ਉਹ ਜਿਹੜੀ ਦੀਵੇ ਦੀ ਰੌਸ਼ਨੀ ਦੂਜਿਆਂ ਉਤੇ ਪੈ ਰਹੀ ਹੈ ਉਸੇ ਦਾ ਨਾਂ ਦਇਆ ਹੈ। ਇੱਕ ਅਪਰੰਪਾਰ ਕਰੁਣਾ ਪੈਦਾ ਹੋਏਗੀ, ਜਦ ਗਿਆਨ ਪੈਦਾ ਹੋਏਗਾ। ਤਦ ਤੁਸੀਂ ਲੁਟਾਓਗੇ, ਵੰਡੋਗੇ। ਤਦ ਤੁਸੀਂ ਹਰ ਤਰ੍ਹਾਂ ਦਾ ਦੂਜੇ ਨੂੰ ਸਹਾਰਾ ਦਿਓਗੇ। ਤਦ ਤੁਹਾਡੇ ਕੋਲੋਂ ਜੋ ਵੀ ਹੋ ਸਕੇਗਾ, ਦੂਜੇ ਨੂੰ ਵੀ ਲਿਜਾਣ ਦੀ ਪਰਮਾਤਮਾ ਤੱਕ ਪਹੁੰਚਾਉਣ ਦੀ ਕੋਸ਼ਿਸ਼ ਕਰੋਗੇ। ਸਾਰੇ ਹੀ ਭਟਕ ਰਹੇ ਹਨ। ਤਦ ਤੁਸੀਂ ਆਪਣੇ ਗਿਆਨ ਵਿੱਚ ਹੀ ਲੀਨ ਨਹੀਂ ਹੋ ਜਾਓਗੇ। ਕਿਉਂਕਿ ਉਹ ਵੀ ਸੁਆਰਥ ਹੋਏਗਾ। ਉਹ ਵੀ ਹੋਏਗਾ ਕਿ ਅਜੇ ਤੁਸੀਂ ਪੁਰਾਣੇ ਨਾਲ ਬਝੇ ਹੋ। ਅਜੇ ਹੰਕਾਰ ਗਿਆ ਨਹੀਂ। ਪਰ ਇਹ ਘਟਨਾ ਵਾਪਰਦੀ ਹੈ, ਇਸ ਲਈ ਨਾਨਕ ਯਾਦ ਦਿਲਾਉਂਦੇ ਹਨ।

ਅਜਿਹੇ ਲੋਕ ਜਿਹੜੇ ਗਿਆਨ ਵਿੱਚ ਡੁੱਬ ਗਏ ਹਨ। ਜਿਵੇਂ ਜੈਨੀਆਂ ਦੇ ਸੰਨਿਆਸੀ ਹਨ, ਮੁਨੀ ਹਨ। ਉਨ੍ਹਾਂ ਦਾ ਮਤਲਬ ਆਪਣੇ ਨਾਲ ਹੀ ਹੈ। ਉਨ੍ਹਾਂ ਨੂੰ ਕੋਈ ਮਤਲਬ ਨਹੀਂ ਕਿਸੇ ਨਾਲ, ਬਾਹਰ ਕੀ ਹੋ ਰਿਹਾ ਹੈ। ਦੂਜਿਆਂ ਨਾਲ ਕੀ ਵਾਪਰ ਰਿਹਾ ਹੈ, ਇਸ ਨਾਲ ਕੋਈ ਵਾਸਤਾ ਨਹੀਂ ਹੈ। ਉਹ ਆਪਣੇ ਵਿੱਚ ਹੀ ਬੰਦ ਹਨ। ਉਹ ਆਪਣਾ ਹੀ ਸਾਧ ਰਹੇ ਹਨ, ਆਪਣੀ ਮੁਕਤੀ ਸਾਧ ਰਹੇ ਹਨ। ਉਨ੍ਹਾਂ ਦਾ ਆਪਣਾ ਹੀ ਘੇਰਾ ਹੈ, ਬੱਸ ਇਸ ਤੋਂ ਬਾਹਰ ਉਨ੍ਹਾਂ ਨੂੰ ਰੱਤੀ ਭਰ ਫ਼ਿਕਰ ਨਹੀਂ ਹੈ ਅਤੇ ਉਨ੍ਹਾਂ ਦੀ ਦਇਆ ਵੀ ਜੇਕਰ ਹੈ, ਤਾਂ ਉਹ ਵੀ ਗਿਆਨ ਹੀ ਸਾਧਣ ਦੇ ਲਈ। ਦਇਆ

ਵੀ ਉਨ੍ਹਾਂ ਦੀ ਝੂਠੀ ਹੈ।

ਜੇਕਰ ਜੈਨ ਮੁਨੀ ਪੈਰ ਸੰਭਾਲ ਕੇ ਟੁਰਦਾ ਹੈ ਕਿ ਕੀੜੀ ਨਾ ਮਰ ਜਾਏ, ਤਾਂ ਤੁਸੀਂ ਇਹ ਨਾ ਸੋਚਣਾ ਕਿ ਕੀੜੀ ਉਤੇ ਦਇਆ ਦੇ ਕਾਰਣ ਉਹ ਅਜਿਹਾ ਕਰ ਰਿਹਾ ਹੈ। ਮਹਾਂਵੀਰ ਨੇ ਦਇਆ ਦੇ ਕਾਰਣ ਕੀਤਾ ਸੀ। ਜੈਨ ਮੁਨੀ ਨਹੀਂ ਕਰ ਰਿਹਾ ਹੈ। ਉਹ ਤਾਂ ਇਸ ਲਈ ਸੰਭਲ਼-ਸੰਭਲ ਕੇ ਟੁਰ ਰਿਹਾ ਹੈ ਕਿ ਕਿਤੇ ਪਾਪ ਨਾ ਹੋ ਜਾਵੇ।

ਫ਼ਰਕ ਸਮਝ ਲੈਣਾ। ਉਸ ਨੂੰ ਡਰ ਇਹ ਹੈ ਕਿ ਕੀੜੀ ਮਰ ਗਈ ਤਾਂ ਪਾਪ ਹੋਏਗਾ। ਪਾਪ ਹੋਏਗਾ ਤਾਂ ਭਟਕਣਾ ਪਏਗਾ। ਪਰ ਨਜ਼ਰ ਆਪਣੇ ਉਤੇ ਹੈ, ਕੀੜੀ ਉਤੇ ਨਹੀਂ। ਜੇਕਰ ਕੀੜੀ ਦੇ ਮਰਨ ਨਾਲ ਪਾਪ ਨਾ ਹੁੰਦਾ ਹੋਵੇ ਤਾਂ ਉਸ ਨੂੰ ਰੱਤੀ ਭਰ ਫ਼ਿਕਰ ਨਹੀਂ। ਲੇਕਿਨ ਪਾਪ ਹੁੰਦਾ ਹੈ। ਇਸ ਲਈ ਉਹ ਪਾਣੀ ਵੀ ਛਾਣ ਕੇ ਪੀ ਰਿਹਾ ਹੈ। ਪਾਣੀ ਇਸ ਲਈ ਛਾਣ ਕੇ ਨਹੀਂ ਪੀ ਰਿਹਾ ਹੈ ਕਿ ਪਾਣੀ ਦੇ ਕੀਟਾਣੂ ਮਰ ਜਾਣਗੇ ਤਾਂ ਉਸ ਨੂੰ ਕਸ਼ਟ ਹੋਏਗਾ, ਨਜ਼ਰ ਉਸ ਦੀ ਇਹ ਹੈ ਕਿ ਕਿਸੇ ਨੂੰ ਕਸ਼ਟ ਦੇਣ ਨਾਲ ਪਾਪ ਹੁੰਦਾ ਹੈ ਅਤੇ ਪਾਪ ਹੋਣ ਨਾਲ ਆਦਮੀ ਭਟਕਦਾ ਹੈ। ਸੋ ਉਪਰੋਂ ਉਹ ਠੀਕ ਉਸੇ ਤਰ੍ਹਾਂ ਕਰਦਾ ਹੈ, ਜਿਸ ਤਰ੍ਹਾਂ ਮਹਾਂਵੀਰ ਕਰਦੇ ਸਨ। ਪਰ ਅੰਦਰ ਉਸ ਦੀ ਨਜ਼ਰ ਵੱਖਰੀ ਹੈ, ਉਸ ਦਾ ਸੁਆਰਥ ਭਿੰਨ ਹੈ। ਉਹ ਚੌਵੀ ਘੰਟੇ ਇਹ ਹੀ ਵੇਖ ਰਿਹਾ ਹੈ ਕਿ ਉਹੀ ਕਰੋ, ਜਿਸ ਨਾਲ ਆਪਣੀ ਮੁਕਤੀ ਹੋਵੇ। ਉਹ ਨਾ ਕਰੋ ਜਿਸ ਨਾਲ ਕਿ ਨਰਕ ਹੋ ਜਾਏ। ਤਾਂ ਇਸ ਵਿੱਚ ਦਇਆ ਵੀ ਉਸਦੀ ਝੂਠੀ ਹੈ, ਅਸਲੀਅਤ ਵਿੱਚ ਨਹੀਂ। ਕਿਉਂਕਿ ਦਇਆ ਤਾਂ ਅਸਲੀਅਤ ਵਿੱਚ ਤਦ ਹੀ ਹੋਏਗੀ ਕਿ ਜੇਕਰ ਤੁਹਾਨੂੰ ਪਹੁੰਚਾਉਣ ਵਿੱਚ ਹੋਏਗੀ। ਅਜੇ ਤਾਂ ਇਹ ਆਪਣੇ ਹੀ ਸੁਆਰਥ ਦਾ ਹਿਸਾਬ ਹੈ। ਉਹ ਤਾਂ ਹਿਸਾਬ ਬਿਠਾ ਰਿਹਾ ਹੈ ਕਿ ਉਹ ਹੀ ਕਰੋ, ਜਿਸ ਨਾਲ ਆਪਣਾ ਆਨੰਦ ਮਿਲੇ, ਮੋਕਸ਼ ਮਿਲੇ। ਅਜਿਹਾ ਕੋਈ ਕੰਮ ਭੁੱਲ ਕੇ ਵੀ ਨਾ ਕਰਨਾ, ਜਿਸ ਨਾਲ ਮੋਕਸ਼ ਗੁਆਚ ਜਾਏ। ਤਾਂ ਇਹ ਵੀ ਠੀਕ ਵਿਓਪਾਰੀ ਦੀ ਨਜ਼ਰ ਹੈ।

ਅਤੇ ਇਸ ਲਈ ਕੁਝ ਹੈਰਾਨਗੀ ਨਹੀਂ ਕਿ ਮਹਾਂਵੀਰ ਦੇ ਪਿੱਛੇ ਜਿਹੜੇ ਲੋਕ ਟੁਰੇ, ਉਹ ਸਾਰੇ ਵਿਓਪਾਰੀ ਹੋ ਗਏ। ਮਹਾਂਵੀਰ ਖੁਦ ਤਾਂ ਖੱਤਰੀ ਸੀ, ਪਰ ਉਨ੍ਹਾਂ ਦੇ ਪਿੱਛੇ ਦੀ ਜਮਾਤ ਬਾਣੀਆਂ ਹੋ ਗਈ। ਜ਼ਰਾ ਹੈਰਾਨੀ ਦੀ ਗੱਲ ਹੈ, ਕੀ ਹੋਇਆ? ਜੈਨੀਆਂ ਦੇ ਚੌਵੀ ਤੀਰਥੰਕਰ ਖੱਤਰੀ ਸੀ। ਅਤੇ ਜਮਾਤ ਕਿਉਂ ਬਾਣੀਆ ਹੋ ਗਈ? ਕੀ ਕਾਰਣ ਹੋਇਆ? ਕਿਹੜੀ ਦੁਰਘਟਨਾ ਵਾਪਰੀ ਕਿ ਪੂਰੀ ਜਮਾਤ ਕਾਇਰ, ਡਰਪੋਕ ਅਤੇ ਦੁਕਾਨ ਉਤੇ ਸਿਮਟ ਗਈ? ਇਸ ਘਟਨਾ ਵਿੱਚ ਘਟਨਾ ਲੁਕੀ ਹੈ ਕਿ ਮਹਾਂਵੀਰ ਦੀ ਦਇਆ ਤਾਂ ਦਇਆ ਸੀ, ਪਰ ਹੁਸ਼ਿਆਰ ਅਤੇ ਪਿੱਛੇ ਟੁਰਨ ਵਾਲੇ ਲੋਕਾਂ ਦੀ ਦਇਆ ਹਿਸਾਬੀ ਹੋ ਗਈ, ਵਿਓਪਾਰਿਕ ਹੋ ਗਈ। ਉਨ੍ਹਾਂ ਨੇ ਵਿਓਪਾਰ ਕਰ ਲਿਆ। ਉਨ੍ਹਾਂ

ਨੇ ਉਹ ਸਾਰੇ ਕੰਮ ਛੱਡ ਦਿੱਤੇ, ਜਿਨ੍ਹਾਂ ਨਾਲ ਪਾਪ ਹੋ ਸਕਦਾ ਸੀ। ਖੇਤੀ ਛੱਡ ਦਿੱਤੀ, ਕਿਉਂਕਿ ਉਸਦੇ ਨਾਲ ਪੌਦੇ ਮਰਨਗੇ। ਪੌਦੇ ਪੁੱਟਣੇ ਪੈਣਗੇ, ਜੰਗ ਦੇ ਮੈਦਾਨ ਵਿੱਚ ਜਾਣਾ ਛੱਡ ਦਿੱਤਾ, ਕਿਉਂਕਿ ਉਸਦੇ ਵਿੱਚ ਹਿੰਸਾ ਹੋਏਗੀ। ਤਾਂ ਫ਼ਿਰ ਕੁਝ ਉਪਾਅ ਨਹੀਂ ਬਚਿਆ। ਇਕੋ ਹੀ ਉਪਾਅ ਬਚਿਆ ਕਿ ਉਹ ਵਿਓਪਾਰੀ ਹੋ ਜਾਣ, ਉਹ ਉਸਦੇ ਵਿੱਚ ਸਿਮਟ ਗਏ।

ਇਹ ਬਹੁਤ ਸੋਚਣ ਵਾਲੀ ਗੱਲ ਹੈ ਕਿ ਭਾਰਤ ਵਿੱਚ ਜਿੰਨੇ ਗਿਆਨੀ ਪੁਰਖ ਹੋਏ ਉਨ੍ਹਾਂ ਵਿੱਚੋਂ ਨੱਬੇ ਪ੍ਰਤਿਸ਼ਤ ਖੱਤਰੀ ਸਨ। ਖੱਤਰੀ ਵਿੱਚ ਕੁਝ ਗੁਣ ਹਨ ਜਿਨ੍ਹਾਂ ਦੇ ਕਾਰਣ ਗਿਆਨ ਤੱਕ ਪੁੱਜਣ ਦੀ ਕੁਝ ਅਸਾਨੀ ਪ੍ਰਤੀਤ ਹੁੰਦੀ ਹੈ। ਉਹ ਗੁਣ ਹੈ ਸਾਹਸ ਦਾ, ਹਿੰਮਤ ਦਾ। ਉਹ ਖ਼ਤਰਾ ਮੁੱਲ ਲੈ ਸਕਦਾ ਹੈ ਅਤੇ ਦਾਅ ਤੇ ਲਾ ਸਕਦਾ ਹੈ। ਏਨੇ ਬ੍ਰਾਹਮਣ ਵੀ ਨਹੀਂ ਪੁੱਜੇ। ਏਨੇ ਕਿਸੇ ਕੌਮ ਦੇ ਲੋਕ ਨਹੀਂ ਪੁੱਜੇ ਪਰਮ ਸਤਯ ਤੱਕ, ਜਿੰਨੇ ਖੱਤਰੀ ਪੁੱਜੇ।

ਕਾਰਣ ਏਨਾ ਹੀ ਹੈ ਕਿ ਖੱਤਰੀ ਦਾਅ ਤੇ ਲਾ ਸਕਦਾ ਹੈ, ਉਹ ਖ਼ਤਰਾ ਵੀ ਮੁੱਲ ਲੈ ਸਕਦਾ ਹੈ ਅਤੇ ਖ਼ੱਤਰੀ ਨੂੰ ਮੌਤ ਵੀ ਭੁੱਲਣੀ ਆਸਾਨ ਨਹੀਂ ਹੈ, ਕਿਉਂਕਿ ਉਹ ਹਰ ਪਲ ਦਰਵਾਜ਼ੇ 'ਤੇ ਖੜ੍ਹੀ ਹੈ ਅਤੇ ਮੌਤ ਦੀ ਜਿਸ ਨੂੰ ਯਾਦ ਹੈ, ਉਸ ਨੂੰ ਪਰਮਾਤਮਾ ਦੀ ਯਾਦ ਆਉਣੀ ਸ਼ੁਰੂ ਹੋ ਜਾਂਦੀ ਹੈ। ਖੱਤਰੀ ਦਾ ਧੰਦਾ ਤਾਂ ਮੌਤ ਦਾ ਧੰਦਾ ਹੈ। ਉਥੇ ਤਾਂ ਕੰਮ ਹੀ ਮੌਤ ਨਾਲ ਹੈ। ਉਹ ਵਿਓਪਾਰ ਹੀ ਮੌਤ ਦਾ ਹੈ। ਉਥੇ ਹਰ ਪਲ ਕਿਸੇ ਵੀ ਘੜੀ ਮੌਤ ਹੋ ਸਕਦੀ ਹੈ ਅਤੇ ਜਿਸ ਨੂੰ ਮੌਤ ਦੀ ਯਾਦ ਕਰਨੀ ਹੀ ਪਏਗੀ, ਉਹ 'ਐਨਟੀ ਡੋਜ਼' ਹੈ। ਜਦ ਮੌਤ ਦੀ ਯਾਦ ਗਹਿਰੀ ਹੋਵੇ ਤਾਂ ਕੀ ਕਰੋਗੇ, ਕਿਸਨੂੰ ਯਾਦ ਕਰੋਗੇ? ਕਿਸਨੂੰ ਪੁਕਾਰੋਗੇ? ਕੌਣ ਬਚਾਏਗਾ? ਤਦ ਅੰਮ੍ਰਿਤ ਦੀ ਸਮ੍ਰਿਤੀ ਆਉਣੀ ਸੁਭਾਵਿਕ ਹੋ ਜਾਂਦੀ ਹੈ। 'ਗਿਆਨ ਨੂੰ ਭੋਗ ਬਣਾਓ, ਦਇਆ ਨੂੰ ਭੰਡਾਰੀ।' ਇਹ ਉਪਰ ਦੇ ਭੰਡਾਰ ਚਲਾਉਣ ਨਾਲ ਕੁਝ ਵੀ ਨਹੀਂ ਹੋਏਗਾ। ਪਰ ਉਪਰਲੇ ਹੀ ਭੰਡਾਰ ਚੱਲ ਰਹੇ ਹਨ। ਨਾਥ ਸੰਪਰਦਾਇ ਭੰਡਾਰ ਚਲਾਉਂਦੇ ਸੀ, ਸਿੱਖ ਲੰਗਰ ਚਲਾਉਂਦੇ ਹਨ, ਬਾਕੀ ਸਾਰਾ ਮਾਮਲਾ ਉਪਰਲਾ ਹੈ, ਭੰਡਾਰ ਨੂੰ ਲੰਗਰ ਕਹੋ ਕੀ ਫ਼ਰਕ ਪਏਗਾ?

ਨਾਨਕ ਕਹਿੰਦੇ ਹਨ, ਦਇਆ ਨੂੰ ਲੰਗਰ ਬਣਾਓ। ਤੁਹਾਡੇ ਜੀਵਨ ਵਿੱਚ ਪ੍ਰਤਿਪਲ ਦਇਆ ਹੋਵੇ। ਤੁਸੀਂ ਦੂਜੇ ਦਾ ਵੀ ਵਿਚਾਰ ਕਰੋ। ਤੁਸੀਂ ਦੂਜੇ ਉਤੇ ਵੀ ਧਿਆਨ ਦਿਓ। ਤੁਸੀਂ ਜੋ ਵੀ ਕਰ ਰਹੇ ਹੋ, ਉਸ ਵਿੱਚ ਇਹ ਵੀ ਖਿਆਲ ਰੱਖੋ ਕਿ ਦੂਜੇ ਦਾ ਵੀ ਹਿੱਤ ਹੋਵੇ, ਕਲਿਆਣ ਹੋਵੇ, ਮੰਗਲ ਹੋਵੇ, ਤੁਸੀਂ ਆਪਣਾ ਗਿਆਨ ਲੱਭੋ, ਪਰ ਦੂਜੇ ਦੇ ਗਿਆਨ ਲੱਭਣ ਵਿੱਚ ਵੀ ਸਹਿਯੋਗੀ ਬਣੋ। ਤੁਸੀਂ ਮੋਕਸ਼ ਦੇ ਵੱਲ ਜਾਓ, ਤਾਂ ਦੂਜਿਆਂ ਨੂੰ ਵੀ ਨਾਲ ਲਈ ਚਲੋ ਅਤੇ ਧਿਆਨ ਰੱਖਣਾ, ਜਿੰਨੇ ਹੀ ਤੁਸੀਂ ਦੋਵੇਂ

ਸਾਧੇ—ਬਾਹਰ ਦਇਆ, ਅੰਦਰ ਗਿਆਨ—ਓਨੇ ਹੀ ਛੇਤੀ ਤੁਸੀਂ ਪੁੱਜ ਜਾਓਗੇ। ਕਿਉਂਕਿ ਇੱਕ ਖੰਭ ਨਾਲ ਕਦੇ ਕੋਈ ਨਹੀਂ ਪੁੱਜਾ ਅਤੇ ਇਹ ਦੋਵੇਂ ਖੰਭ ਸਾਧਣੇ ਜ਼ਰੂਰੀ ਹਨ।

ਦੂਜੇ ਪਾਸੇ ਇਸਾਈ ਹਨ। ਇੱਕ ਪਾਸੇ ਜੈਨ, ਦੂਜੇ ਪਾਸੇ ਇਸਾਈ ਹਨ। ਉਹ ਸੇਵਾ ਵਿੱਚ ਲੱਗੇ ਹਨ। ਸਕੂਲ, ਹਸਪਤਾਲ, ਸਾਰੀ ਦੁਨੀਆਂ 'ਚ ਖੋਲ੍ਹਦੇ ਜਾਂਦੇ ਹਨ। ਉਨ੍ਹਾਂ ਵਰਗੀ ਸੇਵਾ ਕੋਈ ਵੀ ਨਹੀਂ ਕਰਦਾ, ਪਰ ਗਿਆਨ ਦੀ ਉਨ੍ਹਾਂ ਨੂੰ ਫ਼ਿਕਰ ਹੀ ਨਹੀਂ ਹੈ ਅਤੇ ਉਨ੍ਹਾਂ ਨੂੰ ਵੀ ਫ਼ਿਕਰ ਨਾ ਹੋਣ ਦਾ ਕਾਰਣ ਹੈ, ਕਿਉਂਕਿ ਉਨ੍ਹਾਂ ਨੂੰ ਇਹ ਭਰਮ ਹੋ ਗਿਆ ਹੈ, ਜਿਵੇਂ ਜੈਨੀਆਂ ਨੂੰ ਭਰਮ ਹੈ ਕਿ ਆਪਣੇ ਨੂੰ ਸਮਝ ਲੈਣਾ ਕਾਫ਼ੀ ਹੈ, ਉਨ੍ਹਾਂ ਨੂੰ ਇਹ ਭਰਮ ਹੈ ਕਿ ਸੇਵਾ ਕਰ ਦੇਣਾ ਕਾਫੀ ਹੈ। ਜਿਸ ਨੇ ਸੇਵਾ ਕੀਤੀ ਉਹ ਮੋਕਸ਼ ਪਾ ਲਏਗਾ। ਉਨ੍ਹਾਂ ਨੂੰ ਵੀ ਫ਼ਿਕਰ ਨਹੀਂ ਹੈ ਕਿ ਜਿਸ ਕੋੜ੍ਹੀ ਦੇ ਉਹ ਪੈਰ ਦੱਬ ਰਹੇ ਹਨ, ਜਾਂ ਜਿਸ ਬੀਮਾਰ ਦਾ ਉਹ ਇਲਾਜ ਕਰ ਰਹੇ ਹਨ, ਜਾਂ ਜਿਸ ਅਨਾਥ ਬੱਚੇ ਨੂੰ ਪੜ੍ਹਾ ਰਹੇ ਹਨ, ਉਸ ਨੂੰ ਪੜ੍ਹਾਉਣ ਨਾਲ ਕੁਝ ਲਾਭ ਹੋਣ ਵਾਲਾ ਹੈ? ਉਨ੍ਹਾਂ ਨੂੰ ਵੀ ਇਸ ਦੀ ਫ਼ਿਕਰ ਨਹੀਂ ਹੈ। ਉਨ੍ਹਾਂ ਨੂੰ ਕੁੱਲ ਫ਼ਿਕਰ ਏਨੀ ਹੈ ਕਿ ਜਿੰਨਾਂ ਦੂਜਿਆਂ ਨੂੰ ਲਾਭ ਦਿਓਗੇ, ਓਨਾਂ ਹੀ ਤੁਹਾਡਾ ਵੀ ਮੋਕਸ ਨਿਸ਼ਚਿੱਤ ਹੈ। ਆਦਮੀ ਦਾ ਸੁਆਰਥ ਬਹੁਤ ਅਨੋਖਾ ਹੈ। ਗਿਆਨ ਵਿਚੋਂ ਦਇਆ ਵਿਚੋਂ ਸੁਆਰਥ ਕੱਢ ਲੈਂਦਾ ਹੈ।

ਇੱਕ ਬਹੁਤ ਪੁਰਾਣੀ ਚੀਨੀ ਕਥਾ ਹੈ। ਇੱਕ ਪਿੰਡ ਵਿੱਚ ਮੇਲਾ ਲੱਗਾ ਹੋਇਆ ਸੀ। ਉਸ ਮੇਲੇ ਵਿੱਚ ਇੱਕ ਨਿੱਕਾ ਜਿਹਾ ਖੂਹ ਸੀ। ਜਿਸ ਵਿੱਚ ਭੁੱਲ ਭੁਲੇਖੇ ਇੱਕ ਆਦਮੀ ਡਿੱਗ ਪਿਆ। ਉਹ ਆਦਮੀ ਰੌਲਾ ਪਾਉਣ ਲੱਗਾ ਕਿ ਮੈਨੂੰ ਬਚਾਓ। ਮੇਲੇ ਵਿੱਚ ਬਹੁਤ ਰੌਲਾ-ਰੱਪਾ ਸੀ, ਕੌਣ ਸੁਣੇ? ਲੋਕ ਆਪਣੇ ਕੰਮ ਧੰਧੇ ਵਿੱਚ ਲੱਗੇ ਹੋਏ ਸਨ ਚੀਜ਼ਾਂ ਬਿਕ ਰਹੀਆਂ ਸਨ, ਖਰੀਦੀਆਂ ਜਾ ਰਹੀਆਂ ਸਨ ਅਤੇ ਤਰਕਾਲਾਂ ਪੈਣ ਵਾਲੀਆਂ ਸਨ। ਲੋਕ ਤਾਂ ਕਾਹਲੀ ਵਿੱਚ ਸਨ। ਮੇਲਾ ਖ਼ਤਮ ਹੁੰਦਾ ਜਾ ਰਿਹਾ ਸੀ। ਕੌਣ ਸੁਣੇ? ਪਰ ਇੱਕ ਕਨਫਯੂਸ਼ਿਯਸ ਨੂੰ ਮੰਨਣ ਵਾਲਾ ਸੰਨਿਆਸੀ ਖੂਹ ਦੇ ਕੋਲ ਆ ਕੇ ਬੈਠਾ। ਉਸ ਨੂੰ ਆਵਾਜ਼ ਸੁਣਾਈ ਦਿੱਤੀ।

ਉਸ ਨੇ ਕਿਹਾ, ਭਾਈ, ਚੁੱਪ ਕਰ। ਮੈਂ ਹੁਣੇ ਜਾਂਦਾ ਹਾਂ ਅਤੇ ਪੂਰੀ ਕੋਸ਼ਿਸ਼ ਕਰਾਂਗਾ, ਕਿਉਂਕਿ ਇਹ ਗੱਲ ਕਾਨੂੰਨ ਦੇ ਖ਼ਿਲਾਫ਼ ਹੈ ਕਿ ਬਿਨਾਂ ਕੰਧ ਤੋਂ ਖੂਹ ਬਣਾਇਆ ਜਾਏ। ਉਸ ਖੂਹ ਦੇ ਉਤੇ ਕੋਈ ਮੋਣ ਨਹੀਂ ਸੀ। ਇਸੇ ਲਈ ਤੂੰ ਡਿੱਗ ਪਿਆ ਹੈਂ। ਪਰ ਪੱਕਾ ਭਰੋਸਾ ਰੱਖ ਕਿ ਅਸਾਂ ਸਾਰੇ ਮੁਲਕ ਵਿੱਚ ਕ੍ਰਾਂਤੀ ਕਰ ਦਿਆਂਗੇ, ਹਰ ਖੂਹ ਉਤੇ ਮੋਣ ਬਣਵਾ ਦਿਆਂਗੇ।

ਕਿਉਂਕਿ ਕਨਫਯੂਸ਼ਿਯਸ ਨਿਯਮ ਨੂੰ ਮੰਨਣ ਵਾਲਾ ਹੈ। ਸਮਾਜ ਵਿਵਸਥਾ ਨਿਯਮ

ਕਨਫਯੂਸ਼ਿਯਸ ਸੁਧਾਰਕ ਹਨ, ਕ੍ਰਾਂਤੀਕਾਰੀ ਹੈ। ਸੁਧਾਰਕ, ਕ੍ਰਾਂਤੀਕਾਰੀ ਹੈ। ਉਸ ਨੇ ਕਿਹਾ ਕਿ ਤੂੰ ਬਿਲਕੁਲ ਫ਼ਿਕਰ ਨਾ ਕਰ। ਉਸ ਆਦਮੀ ਨੇ ਕਿਹਾ, ਇਸ ਨਾਲ ਕੀ ਹੋਏਗਾ ਕਿ ਖੂਹਾਂ ਉਤੇ ਮੁੰਡੇਰਾਂ ਬਣ ਜਾਣਗੀਆਂ, ਮੈਂ ਤਾਂ ਮਰ ਰਿਹਾ ਹਾਂ। ਉਸ ਕਨਫਯੂਸ਼ਿਯਸ ਨੂੰ ਮੰਨਣ ਵਾਲੇ ਨੇ ਕਿਹਾ, ''ਸਵਾਲ ਤੇਰਾ ਨਹੀਂ ਹੈ। ਸਵਾਲ ਸਭ ਦਾ ਹੈ ਅਤੇ ਇੱਕ ਇੱਕ ਆਦਮੀ ਦਾ ਨਹੀਂ ਹੈ, ਸਮਾਜ ਦਾ ਸਵਾਲ ਹੈ। ਆਦਮੀ ਨੂੰ ਬਚਾਉਣ ਦਾ ਕਿੱਥੇ ਉਪਾਅ ਹੈ। ਸਮਾਜ ਨੂੰ ਬਚਾਉਣਾ ਹੋਏਗਾ। ਤਾਂ ਹੀ ਆਦਮੀ ਬਚਣਗੇ। 'ਉਹ ਗਿਆ ਕਿ ਕ੍ਰਾਂਤੀ ਫੈਲਾ ਦੇਵੇ ਅਤੇ ਖੜ੍ਹਾ ਹੋ ਕੇ ਰੌਲਾ ਪਾਉਣ ਲੱਗਾ ਕਿ ਹਰ ਖੂਹ ਉਤੇ ਮੁੰਡੇਰ ਹੋਣੀ ਚਾਹੀਦੀ ਹੈ। ਉਸ ਤੋਂ ਪਿੱਛੋਂ ਇੱਕ ਬੌਧ ਭਿਕਸ਼ੂ ਆ ਕੇ ਉਸ ਘਾਟ 'ਤੇ ਬੈਠਾ। ਉਹ ਆਦਮੀ ਅਜੇ ਵੀ ਰੌਲਾ ਪਾ ਰਿਹਾ ਸੀ। ਬੌਧ ਭਿਕਸ਼ੂ ਨੇ ਹੇਠਾਂ ਝੁਕ ਕੇ ਵੇਖਿਆ ਅਤੇ ਉਸ ਨੇ ਕਿਹਾ, 'ਭਾਈ, ਤੂੰ ਪਿਛਲੇ ਜਨਮ ਵਿੱਚ ਕੁਝ ਕਰਮ ਕੀਤੇ ਹੋਣਗੇ, ਜਿਸ ਦਾ ਫ਼ਲ ਭੋਗ ਰਿਹਾ ਹੈਂ ਅਤੇ ਆਪਣਾ ਫ਼ਲ ਸਾਰਿਆਂ ਨੂੰ ਭੋਗਣਾ ਪੈਂਦਾ ਹੈ। ਇਸ ਦੇ ਵਿੱਚ ਕੁਝ ਕੀਤਾ ਨਹੀਂ ਜਾ ਸਕਦਾ। ਉਸ ਆਦਮੀ ਨੇ ਕਿਹਾ, ''ਇਹ ਤੁਸੀਂ ਮਗਰੋਂ ਸਮਝਾਉਣਾ, ਪਹਿਲਾਂ ਮੈਨੂੰ ਖੂਹ ਵਿੱਚੋਂ ਕੱਢੋ।'

ਪਰ ਉਸ ਨੇ ਕਿਹਾ ਕਿ ਮੈਂ ਤਾਂ ਕਰਮਾਂ ਦਾ ਤਿਆਗ ਕਰ ਚੁੱਕਾਂ ਹਾਂ। ਕਿਉਂਕਿ ਕਰਮਾਂ ਨਾਲ ਬੰਧਨ ਹੁੰਦਾ ਹੈ। ਬੰਧਨ ਨਾਲ ਆਦਮੀ ਸੰਸਾਰ ਵਿੱਚ ਭਟਕਦਾ ਹੈ ਅਤੇ ਮੈਂ ਸਾਰੇ ਕਰਮਾਂ ਦਾ ਤਿਆਗ ਕਰ ਦਿੱਤਾ ਹੈ। ਮੈਂ ਤਾਂ ਆਵਾਗਵਣ ਤੋਂ ਛੁਟਣਾ ਚਾਹੁੰਦਾ ਹਾਂ। ਹੁਣ ਤੈਨੂੰ ਬਚਾ ਕੇ ਮੈਂ ਹੋਰ ਝੰਝਟ ਨਹੀਂ ਲਵਾਂਗਾ ਅਤੇ ਫ਼ਿਰ ਕੀ ਪੱਕਾ ਹੈ ਕਿ ਤੂੰ ਬਚ ਕੇ ਕੀ ਕਰੇਂ। ਤੂੰ ਕਿਸੇ ਦੀ ਹੱਤਿਆ ਕਰ ਦੇਵੇਂ, ਤਾਂ ਉਸ ਵਿੱਚ ਮੈਂ ਹਿੱਸੇਦਾਰ ਹੋ ਗਿਆ। ਨਾ ਤੈਨੂੰ ਬਚਾਉਂਦਾ, ਨਾ ਤੂੰ ਕਿਸੇ ਦੀ ਹੱਤਿਆ ਕਰਦਾ। ਕਿਸੇ ਦੇ ਘਰ ਵਿੱਚ ਅੱਗ ਲਾ ਦੇਵੇਂ, ਤਾਂ ਮੈਂ ਤੇਰੇ ਪਿੱਛੇ ਫਸਣ ਲਈ ਕਿੱਥੇ ਜਾਂਦਾ ਫ਼ਿਰੂੰਗਾ? ਅਤੇ ਤੂੰ ਸ਼ਾਂਤ ਰਹਿ, ਕਿਉਂਕਿ ਇਸ ਖੂਹ ਉਤੇ ਮੈਂ ਧਿਆਨ ਕਰਨ ਰੁਕਿਆ ਹਾਂ ਅਤੇ ਤੂੰ ਵਿਅਰਥ ਉਪੱਦਰ ਨਾ ਕਰ। ਤੂੰ ਆਪਣਾ ਭੋਗ, ਮੈਨੂੰ ਆਪਣਾ ਭੋਗਣ ਦੇ। ਆਪਣਾ ਆਪਣਾ। ਕੋਈ ਕਿਸੇ ਦੇ ਰਾਹ 'ਤੇ ਨਾ ਆਉਂਦਾ ਹੈ, ਨਾ ਆ ਸਕਦਾ ਹੈ। ਬਹੁਤਾ ਰੌਲਾ-ਰੱਪਾ ਸੁਣ ਕੇ ਭਿਕਸ਼ੂ ਉਥੋਂ ਚਲਾ ਗਿਆ, ਕਿਉਂਕਿ ਉਹ ਧਿਆਨ ਨਹੀਂ ਕਰਨ ਦੇਵੇਗਾ ਅਤੇ ਧਿਆਨ ਬੜੀ ਚੀਜ਼ ਹੈ। ਹੁਣ ਇਸ ਤਰ੍ਹਾਂ ਇੱਕ ਇੱਕ ਖੂਹ ਵਿੱਚੋਂ ਬਚਾਉਣ ਜਾਣ ਲੱਗੋਗੇ ਤਾਂ ਕਿੰਨੇ ਖੂਹ ਹਨ। ਕਿੰਨੇ ਲੋਕ ਹਨ, ਕਿੰਨੇ ਮੇਲੇ ਹਨ। ਤੁਸੀਂ ਕੀ ਕਰ ਸਕੋਗੇ? ਆਪਣਾ ਧਿਆਨ ਹੀ ਸਾਂਭ ਲਿਆ ਤਾਂ ਸਭ ਸੰਭਲ ਗਿਆ।

ਉਸ ਦੇ ਪਿੱਛੋਂ ਇੱਕ ਇਸਾਈ ਮਿਸ਼ਨਰੀ ਆ ਕੇ ਉਸ ਖੂਹ ਉਤੇ ਰੁਕਿਆ। ਉਸ ਨੇ ਆਵਾਜ਼ ਸੁਣੀ ਅਤੇ ਛੇਤੀ ਨਾਲ ਆਪਣੇ ਝੋਲੇ ਚੋਂ ਇੱਕ ਰੱਸੀ ਕੱਢੀ ਅਤੇ ਖੂਹ ਵਿੱਚ

ਸੁੱਟੀ। ਖੂਹ ਵਿੱਚ ਉਤਰਿਆ ਤੇ ਉਸ ਆਦਮੀ ਨੂੰ ਬਚਾ ਲਿਆਇਆ। ਬਾਹਰ ਆ ਕੇ ਉਸ ਆਦਮੀ ਨੇ ਉਸ ਇਸਾਈ ਮਿਸ਼ਨਰੀ ਦੇ ਪੈਰ ਫੜ ਲਏ ਅਤੇ ਕਿਹਾ ਕਿ ਭਾਈ, ਤੂੰ ਹੀ ਇੱਕ ਸੱਚਾ ਧਾਰਮਿਕ ਹੈਂ। ਬਾਕੀ ਕਨਫਯੂਸ਼ਿਯਸ ਨੂੰ ਮੰਨਣ ਵਾਲਾ ਗਿਆ, ਬੁੱਧ ਨੂੰ ਮੰਨਣ ਵਾਲਾ ਗਿਆ। ਕਿਸੇ ਨੇ ਮੇਰੀ ਨਹੀਂ ਸੁਣੀ।

ਉਸ ਇਸਾਈ ਨੇ ਕਿਹਾ ਕਿ ਭਾਈ, ਬੱਸ ਇੱਕ ਹੀ ਪ੍ਰਾਰਥਨਾ ਹੈ ਕਿ ਤੂੰ ਡਿੱਗਦਾ ਰਹੀਂ ਤਾਂ ਕਿ ਅਸੀਂ ਬਚਾਉਂਦੇ ਰਹੀਏ। ਅਸੀਂ ਰੱਸੀ ਹਮੇਸ਼ਾਂ ਆਪਣੇ ਝੋਲੇ ਵਿੱਚ ਰੱਖਦੇ ਹਾਂ, ਕਿਉਂਕਿ ਨਾ ਤੁਸੀਂ ਡਿੱਗੋਗੇ, ਨਾ ਅਸੀਂ ਬਚਾਵਾਂਗੇ, ਤਾਂ ਮੋਕਸ਼ ਕਿਵੇਂ ਪਾਵਾਂਗੇ?

ਕਿਸੇ ਨੂੰ ਕਿਸੇ ਦੇ ਨਾਲ ਮਤਲਬ ਨਹੀਂ ਹੈ। ਆਦਮੀ ਦਾ ਸੁਆਰਥ ਬਹੁਤ ਡੂੰਘਾ ਹੈ। ਬਚਾਉਣ ਵਾਲਾ ਵੀ ਆਪਣੇ ਲਈ ਬਚਾ ਰਿਹਾ ਹੈ। ਨਹੀਂ ਬਚਾਉਣ ਵਾਲਾ ਵੀ ਆਪਣੇ ਲਈ ਬਚਾ ਰਿਹਾ ਹੈ। ਧਿਆਨ ਕਰਨ ਕਰਨਾ ਆਪਣੀ ਫ਼ਿਕਰ ਕਰ ਰਿਹਾ ਹੈ। ਸੇਵਾ ਕਰਨ ਵਾਲਾ ਵੀ ਆਪਣੀ ਫ਼ਿਕਰ ਕਰ ਰਿਹਾ ਹੈ ਅਤੇ ਦਇਆ ਦਾ ਅਰਥ ਹੈ, ਦੂਜੇ ਦੀ ਫ਼ਿਕਰ। ਦੂਜਾ ਵੀ ਜੀਵੰਤ ਹੈ। ਉਸ ਦਾ ਵੀ ਮੁੱਲ ਹੈ। ਉਸਦਾ ਮੁੱਲ ਓਨਾ ਹੀ ਹੈ। ਜਿੰਨਾ ਤੁਹਾਡਾ ਮੁੱਲ ਹੈ। ਰੱਤੀ ਭਰ ਘੱਟ ਨਹੀਂ, ਰੱਤੀ ਭਰ ਬਹੁਤਾ ਨਹੀਂ ਅਤੇ ਦੂਜੇ ਤੋਂ ਪਰਮਾਤਮਾ ਪ੍ਰਗਟ ਹੋਇਆ ਹੈ। ਤਾਂ ਤੁਸੀਂ ਆਪਣੇ ਅੰਦਰ ਦੇ ਪਰਮਾਤਮਾ ਨੂੰ ਵੇਖਣਾ, ਉਹ ਗਿਆਨ ਹੈ ਅਤੇ ਤੁਸੀਂ ਦੂਜੇ ਦੇ ਪਰਮਾਤਮਾ ਨੂੰ ਨਾ ਭੁੱਲਣਾ, ਉਹ ਕਰੁਣਾ ਹੈ, ਦਇਆ ਹੈ।

ਨਾਨਕ ਕਹਿੰਦੇ ਹਨ, "ਗਿਆਨ ਨੂੰ ਭੋਗ ਬਣਾ, ਦਇਆ ਨੂੰ ਭੰਡਾਰੀ। ਘਟ-ਘਟ ਵਿੱਚ ਜੋ ਅਨਾਹਦ ਨਾਦ ਵੱਜਦਾ ਹੈ, ਉਸ ਨੂੰ ਸ਼ੰਖ ਬਣਾਓ, ਯੋਗੀ।

ਸ਼ੰਖਾਂ ਨੂੰ ਫੂਕਾਂ ਮਾਰਨ ਨਾਲ ਕੀ ਹੋਏਗਾ? ਉਹ ਅੰਦਰ ਨਾਦ ਵੱਜ ਰਿਹਾ ਹੈ, ਸਤਤ (ਲਗਾਤਾਰ) ਜੋ ਅਨਾਹਦ, ਬਿਨਾਂ ਕਿਸੇ ਕਾਰਣ ਦੇ, ਜਿਹੜਾ ਸਦਾ ਅੰਦਰ ਵੱਜ ਹੀ ਰਿਹਾ ਹੈ, ਉਸੇ ਨੂੰ ਵਜਾਓ। ਹੋਰ ਸ਼ੰਖਾਂ ਨੂੰ ਬਜਾਉਣ ਨਾਲ ਕੀ ਹੋਏਗਾ?

'ਉਹ ਹੀ ਨਾਥ ਹੈ, ਜਿਸ ਵਿੱਚ ਸਾਰੇ ਨੱਥੇ-ਗੁੱਥੇ ਹਨ। ਉਸੇ ਦੀ ਹੀ ਯਾਦ ਕਰੋ, ਰਿੱਧੀ-ਸਿੱਧੀ ਤਾਂ ਘਟੀਆ ਸੁਆਦ ਹਨ।

ਤੁਸੀਂ ਕੁਝ ਚਮਤਕਾਰ ਕਰ ਲਿਆ ਕਿ ਹੱਥ ਨਾਲ ਸੁਆਹ ਪੈਦਾ ਕਰ ਲਈ, ਕਿ ਸਤਯ ਸਾਂਈ ਬਾਬਾ ਹੋ ਗਏ, ਕਿ ਤਾਬੀਜ਼ ਕੱਢ ਕੇ ਕਿਸੇ ਨੂੰ ਦੇ ਦਿੱਤਾ। ਇਸ ਦੇ ਨਾਲ ਕੀ ਹੋਏਗਾ? ਰਿੱਧੀ-ਸਿੱਧੀ ਤਾਂ ਘਟੀਆ ਸੁਆਦ ਹੈ।

ਕਿਉਂ? ਕਿਉਂਕਿ ਰਿੱਧੀ-ਸਿੱਧੀ ਵੀ ਹੰਕਾਰ ਨੂੰ ਹੀ ਭਕਦੇ ਹਨ। ਉਸ ਨਾਲ ਵੀ ਤੁਹਾਡੀ ਆਕੜ ਮਜ਼ਬੂਤ ਹੁੰਦੀ ਹੈ ਕਿ ਮੈਂ ਕੁਝ ਖਾਸ ਹਾਂ। ਮੈਂ ਕੁਝ ਵਿਸ਼ੇਸ਼ ਹਾਂ। ਸੋ ਧਰਮ

ਦੀ ਸਿੱਧੀ ਤਾਂ ਇਕੋ ਹੀ ਹੈ ਕਿ ਮੈਂ ਨਾ ਕੁਝ ਹਾਂ ਅਤੇ ਜਿਸ ਨੇ ਇਸ 'ਨਾ ਕੁਝ' ਹੋਣ ਨੂੰ ਜਾਣ ਲਿਆ, ਉਹ ਸਭ ਕੁਝ ਹੋ ਗਿਆ। ਜਿਹੜਾ ਏਧਰ ਮਿਟਿਆ, ਉਹ ਪਰਮਾਤਮਾ ਹੋ ਗਿਆ। ਉਸ ਤੋਂ ਘੱਟ ਵਿੱਚ ਰਾਜ਼ੀ ਨਾ ਹੋਣਾ। ਉਸ ਤੋਂ ਘੱਟ ਵਿੱਚ ਰਾਜ਼ੀ ਹੋਏ ਤਾਂ ਘਟੀਆ ਸੁਆਦ ਉਤੇ ਰਾਜੀ ਹੋ ਗਏ।

ਕੀ ਹੋਏਗਾ, ਕਿੰਨੇ ਹੀ ਤਾਬੀਜ਼ ਹੱਥ ਨਾਲ ਪੈਦਾ ਕਰੋ? ਕੀ ਹੋਏਗਾ, ਤੁਹਾਡੀ ਮਦਾਰੀਗੀਰੀ ਨਾਲ? ਨਾ ਤੁਹਾਡਾ ਕੋਈ ਭਲਾ ਹੈ, ਨਾ ਕਿਸੇ ਦੂਜੇ ਦਾ ਕੋਈ ਭਲਾ ਹੈ। ਹਾਂ, ਇਸ ਬਾਜ਼ਾਰ ਵਿੱਚ ਥੋੜ੍ਹੀ ਬਹੁਤੀ ਇਜ਼ੱਤ ਮਿਲ ਜਾਏਗੀ। ਪਰ ਇਸ ਬਾਜ਼ਾਰ ਦੀ ਇਜ਼ੱਤ ਇਜ਼ੱਤ ਹੀ ਕਿੱਥੇ ਹੈ? ਅਤੇ ਉਸ ਪਰਮਾਤਮਾ ਦੇ ਸਾਹਮਣੇ ਤੁਹਾਡੇ ਹੱਥਾਂ ਚੋਂ ਨਿਕਲੀਆਂ ਹੋਈਆਂ ਤਾਬੀਜ਼ਾਂ ਦਾ ਕੀ ਮੁੱਲ ਹੋਏਗਾ? ਤੁਹਾਡੇ ਹੱਥਾਂ ਚੋਂ ਪੈਦਾ ਹੋਈ ਸੁਆਹ ਦਾ ਕੀ ਮੁੱਲ ਹੋਏਗਾ? ਜਿਸ ਪਰਮਾਤਮਾ ਨਾਲ ਸਾਰੀ ਦੁਨੀਆਂ ਪੈਦਾ ਹੋ ਰਹੀ ਹੈ, ਉਥੇ ਤੁਸੀਂ ਆਪਣੀ ਸੁਆਹ ਪੈਦਾ ਕਰਕੇ ਸੋਚਦੇ ਹੋ, ਪਰਮਾਤਮਾ ਕੋਲ ਤੁਹਾਡੀ ਸ਼ੋਭਾ ਹੋ ਜਾਏਗੀ? ਤੁਹਾਡੀਆਂ ਤਰਕੀਬਾਂ ਮਨੁੱਖਾਂ ਨੂੰ ਧੋਖਾ ਦੇਣ ਵਿੱਚ ਭਾਵੇਂ ਸਫ਼ਲ ਹੋ ਜਾਣ ਅਤੇ ਤੁਹਾਡੇ ਹੰਕਾਰ ਨੂੰ ਥੋੜ੍ਹੀ ਤ੍ਰਿਪਤੀ ਮਿਲ ਜਾਏ। ਪਰ ਇਸ ਦੇ ਨਾਲ ਕੁਝ ਆਤਮ-ਗਿਆਨ ਨਹੀਂ ਹੋਏਗਾ।

ਇਸ ਲਈ ਨਾਨਕ ਕਹਿੰਦੇ ਹਨ ਕਿ ਰਿੱਧੀ-ਸਿੱਧੀ ਤਾਂ ਘਟੀਆ ਸੁਆਦ ਹਨ। ਸੰਜੋਗ ਅਤੇ ਵਿਜੋਗ ਨਾਲ ਸਾਰੇ ਦੋਵੇਂ ਕੰਮ ਚਲਾਉਂਦੇ ਹਨ। ਸੋ ਇੱਕ ਹੀ ਸਿੱਧੀ ਹੈ ਕਿ ਸੰਜੋਗ ਅਤੇ ਵਿਜੋਗ ਤੋਂ ਮੁਕਤ ਹੋ ਜਾਣਾ। ਜਿਹੜੀਆਂ ਚੀਜ਼ਾਂ ਜੁੜਦੀਆਂ ਹਨ, ਉਹ ਵੱਖਰੀਆਂ ਹੋਣਗੀਆਂ। ਜਿਹੜੀਆਂ ਚੀਜ਼ਾਂ ਬਣਦੀਆਂ ਹਨ, ਉਹ ਮਿਟਣਗੀਆਂ। ਜਿਸ ਦਾ ਜਨਮ ਹੋਇਆ ਹੈ, ਉਹ ਮਰੇਗਾ। ਜੋ ਪਾਇਆ ਹੈ ਉਹ ਗੁਆਚ ਵੀ ਜਾਏਗਾ। ਜਿਹੜੀ ਅੱਜ ਪੂੰਜੀ ਹੈ, ਉਹ ਕੱਲ੍ਹ ਮੁਸੀਬਤ ਹੋ ਜਾਏਗੀ। ਜਿਹੜਾ ਅੱਜ ਸੁੱਖ ਹੈ ਉਹ ਕੱਲ੍ਹ ਦੁੱਖ ਹੋ ਜਾਏਗਾ। ਹਰ ਚੀਜ਼ ਆਪਣੇ ਵਿਪਰੀਤ ਵਿੱਚ ਚਲੀ ਜਾਂਦੀ ਹੈ। ਸੰਜੋਗ ਅਤੇ ਵਿਜੋਗ ਨਾਲ ਇਹ ਚਾਕ ਚੱਲਦਾ ਹੈ। ਜਿਸਦੇ ਨਾਲ ਅੱਜ ਮਿਲਣਾ ਹੋਇਆ ਹੈ ਉਹ ਕੱਲ੍ਹ ਛੁੱਟ ਜਾਏਗਾ।

ਜਿਹੜਾ ਇਸ ਸਤਯ ਨੂੰ ਸਮਝ ਲੈਂਦਾ ਹੈ ਕਿ ਸੰਸਾਰ ਦਾ ਚਾਕ ਸੰਜੋਗ ਅਤੇ ਵਿਜੋਗ ਨਾਲ ਚੱਲਦਾ ਹੈ। ਵਿਪਰੀਤ ਨਾਲ ਚੱਲਦਾ ਹੈ ਅਤੇ ਦੋਹਾਂ ਤੋਂ ਪਾਰ ਆਪਣੇ ਆਪ ਨੂੰ ਸਾਂਭ ਲੈਂਦਾ ਹੈ। ਉਹ ਨਾ ਤਾਂ ਸੰਜੋਗ ਵਿੱਚ ਸੁੱਖੀ ਹੁੰਦਾ ਹੈ। ਨਾ ਵਿਜੋਗ ਵਿੱਚ ਦੁਖੀ ਹੁੰਦਾ ਹੈ। ਇਹ ਹੀ ਇੱਕ ਸਿੱਧੀ ਹੈ, ਇਸੇ ਨੂੰ ਹੀ ਸਾਧ ਲਵੋ।

'ਅਤੇ ਭਾਗ ਦੇ ਲੇਖ ਦੇ ਮੁਤਾਬਿਕ ਆਪਣਾ ਆਪਣਾ ਦਾਏ (ਕੀਤਾ-ਹੋਇਆ) ਪ੍ਰਾਪਤ ਹੁੰਦਾ ਹੈ।

ਇਸ ਲਈ ਜੋ ਮਿਲੇ ਜੋ ਘਟੇ, ਉਸ ਵਿੱਚ ਸ਼ਾਂਤ ਰਹੋ। ਉਹ ਤੁਹਾਡੇ ਭਾਗ ਦਾ ਹਿੱਸਾ ਹੈ। ਅਜਿਹਾ ਹੋਣਾ ਸੀ। ਇਸ ਲਈ ਹੋਇਆ ਹੈ। ਜਿਹੜਾ ਹੋਣਾ ਸੀ, ਉਹ ਹੀ ਹੋਇਆ। ਇਸ ਲਈ ਕੀ ਅਸੰਤੋਖ? ਇਸ ਲਈ ਕਿਹੋ ਜਿਹਾ ਰੋਣਾ-ਧੋਣਾ? ਇਸ ਲਈ ਕਿਸ ਦੇ ਨਾਲ ਸ਼ਿਕਾਇਤ? ਕਿਹੋ ਜਿਹੀ ਸ਼ਿਕਾਇਤ? ਇਸ ਲਈ ਜੋ ਭਾਗ ਵਿੱਚ ਹੋਵੇ, ਉਸ ਨੂੰ ਚੁੱਪ-ਚਾਪ ਸਵੀਕਾਰ ਕਰ ਲਵੋ ਅਤੇ ਸੰਜੋਗ-ਵਿਜੋਗ ਤੋਂ ਆਪਣੇ ਆਪ ਨੂੰ ਮੁਕਤ ਕਰਦੇ ਚਲੇ ਜਾਓ। ਇਹ ਹੀ ਸਿੱਧੀ ਹੈ। ਬਾਕੀ ਸਾਰੇ ਘਟੀਆ ਸੁਆਦ ਹਨ।

'ਜੇਕਰ ਪ੍ਰਣਾਮ ਹੀ ਕਰਨਾ ਹੈ ਤਾਂ ਉਸ ਨੂੰ ਹੀ ਪ੍ਰਣਾਮ ਕਰੋ, ਉਹ ਆਦਿ ਹੈ, ਸ਼ੁੱਧ ਹੈ, ਅਨਾਦਿ ਹੈ, ਅਨਾਹਦ ਹੈ, ਜੁਗਾਂ-ਜੁਗਾਂ ਤੋਂ ਇੱਕ ਹੀ ਭੇਸ ਵਾਲਾ ਹੈ।'

*ਅੱਜ ਏਨਾ ਹੀ।*

# ੴ ਸਤਿਨਾਮੁ

## ਨਾਨਕ ਬਾਣੀ

ਓਸ਼ੋ ਨੇ ਨਾਨਕ ਬਾਣੀ-ਜਪੁਜੀ ਸਾਹਿਬ ਉਤੇ ਹਿੰਦੀ ਭਾਸ਼ਾ ਵਿੱਚ 20 ਪ੍ਰਵਚਨ ਦਿੱਤੇ ਸਨ। ਉਸ ਕਿਤਾਬ ਦਾ ਨਾਮ —ੴ ਸਤਿਨਾਮੁ ਹੈ। ਇਹ ਪੰਜਾਬੀ ਅਨੁਵਾਦ ਉਨ੍ਹਾਂ ਹੀ 20 ਪ੍ਰਵਚਨਾ ਦੀ ਲਫ਼ਜ਼-ਬ-ਲਫ਼ਜ਼ ਰਚਨਾ ਹੈ।




# ਜੁਗੁ ਜੁਗੁ ਏਕੋ ਵੇਸੁ

ਏਕਾ ਮਾਈ ਜੁਗਤਿ ਵਿਆਈ ਤਿਨਿ ਚੇਲੇ ਪਰਵਾਣੁ॥
ਇਕੁ ਸੰਸਾਰੀ ਇਕੁ ਭੰਡਾਰੀ ਇਕੁ ਲਾਏ ਦੀਬਾਣੁ॥
ਜਿਵ ਤਿਸੁ ਭਾਵੈ ਤਿਵੈ ਚਲਾਵੈ ਜਿਵ ਹੋਵੈ ਫੁਰਮਾਣੁ॥
ਓਹੁ ਵੇਖੈ ਓਨਾ ਨਦਰਿ ਨ ਆਵੈ ਬਹੁਤਾ ਏਹੁ ਵਿਡਾਣੁ॥
ਆਦੇਸੁ ਤਿਸੈ ਆਦੇਸੁ॥
ਆਦਿ ਅਨੀਲੁ ਅਨਾਦਿ ਅਨਾਹਤਿ ਜੁਗੁ ਜੁਗੁ ਏਕੋ ਵੇਸੁ॥ ੩੦॥

ਆਸਣੁ ਲੋਇ ਲੋਇ ਭੰਡਾਰ॥ ਜੋ ਕਿਛੁ ਪਾਇਆ ਸੁ ਏਕਾ ਵਾਰ॥
ਕਰਿ ਕਰਿ ਵੇਖੈ ਸਿਰਜਣਹਾਰੁ॥ ਨਾਨਕ ਸਚੇ ਕੀ ਸਾਚੀ ਕਾਰ॥
ਆਦੇਸੁ ਤਿਸੈ ਆਦੇਸੁ॥
ਆਦਿ ਅਨੀਲੁ ਅਨਾਦਿ ਅਨਾਹਤਿ ਜੁਗੁ ਜੁਗੁ ਏਕੋ ਵੇਸੁ॥ ੩੧॥

ਪਰਮਾਤਮਾ ਦੀ ਖੋਜ ਵਿੱਚ, ਉਸੇ ਮਾਰਗ ਤੋਂ ਵਾਪਿਸ ਜਾਣਾ ਹੋਏਗਾ, ਜਿਸ ਰਾਹ ਤੋਂ ਪਰਮਾਤਮਾ ਸੰਸਾਰ ਤੱਕ ਆਇਆ ਹੈ। ਪਰਮਾਤਮਾ ਜਿਸ ਤਰ੍ਹਾਂ ਸ੍ਰਿਸਟੀ ਬਣ ਗਿਆ ਹੈ, ਠੀਕ ਉਸ ਤੋਂ ਉਲਟੀ ਯਾਤਰਾ ਕਰਨੀ ਹੋਏਗੀ। ਰਾਹ ਤਾਂ ਉਹ ਹੀ ਹੋਏਗਾ, ਦਿਸ਼ਾ ਬਿਲਕੁਲ ਬਦਲ ਜਾਏਗੀ। ਤੁਸੀਂ ਆਪਣੇ ਘਰ ਤੋਂ ਇੱਥੇ ਤੱਕ ਆਏ ਹੋ। ਮੁੜਦੇ ਸਮੇਂ ਵੀ ਉਸੇ ਰਾਹ ਤੋਂ ਮੁੜੋਗੇ। ਰਸਤਾ ਉਹ ਹੀ ਹੋਏਗਾ, ਤੁਸੀਂ ਉਹ ਹੀ ਹੋਵੋਗੇ, ਪੈਰ ਉਹ ਹੀ ਹੋਣਗੇ, ਟੁਰਨ ਦੀ ਸ਼ਕਤੀ ਉਹ ਹੀ ਹੋਵੇਗੀ, ਸਿਰਫ ਦਿਸ਼ਾ ਭਿੰਨ ਹੋਏਗੀ। ਇੱਥੇ ਆਉਣ ਵੇਲੇ ਘਰ ਵੱਲ ਪਿੱਠ ਸੀ, ਜਾਂਦੇ ਸਮੇਂ ਘਰ ਵੱਲ ਮੂੰਹ ਹੋਏਗਾ।

ਸ੍ਰਿਸਟੀ ਤੱਕ ਪਰਮਾਤਮਾ ਜਿਸ ਤਰ੍ਹਾਂ ਉਤਰਿਆ ਹੈ, ਉਸੇ ਤਰ੍ਹਾਂ ਤੁਹਾਨੂੰ ਵਾਪਿਸ ਪਰਤਣਾ ਹੋਏਗਾ। ਆਉਣ ਵੇਲੇ ਪਰਮਾਤਮਾ ਵੱਲ ਪਿੱਠ ਸੀ, ਜਾਂਦੇ ਸਮੇਂ ਮੂੰਹ ਹੋਏਗਾ। ਇਸ ਲਈ ਬੇਮੁੱਖਤਾ ਸੰਸਾਰ ਵਿੱਚ ਉਤਰਨ ਦਾ ਮਾਰਗ ਹੈ ਅਤੇ ਪਰਮਾਤਮਾ ਵੱਲ ਉਨਮੁੱਖਤਾ ਉਸ ਤੱਕ ਪੁੱਜਣ ਦਾ ਮਾਰਗ ਹੈ। ਪੌੜੀ ਉਹ ਹੀ ਹੈ, ਰਾਹ ਉਹ ਹੀ ਹੈ, ਸਭ ਕੁਝ ਉਹ ਹੀ ਹੈ; ਕੇਵਲ ਦਿਸ਼ਾ ਬਦਲ ਜਾਂਦੀ ਹੈ। ਕਿਵੇਂ ਪਰਮਾਤਮਾ ਸ੍ਰਿਸਟੀ ਹੋਇਆ ਹੈ, ਇਸ ਸੰਬੰਧ ਵਿੱਚ ਨਾਨਕ ਦਾ ਇਹ ਸੂਤਰ ਹੈ। ਇਹ ਸੂਤਰ, ਜਿਨ੍ਹਾਂ ਨੇ ਵੀ ਉਸਦੀ ਖੋਜ ਕੀਤੀ ਹੈ, ਅਜਿਹਾ ਹੀ ਪਾਇਆ ਹੈ। ਨਾ ਕੇਵਲ ਧਾਰਮਿਕਾਂ ਨੇ, ਸਗੋਂ ਵਿਗਿਆਨਕਾਂ ਨੇ ਵੀ। ਇਸ ਸੰਬੰਧ ਵਿੱਚ ਧਰਮ ਅਤੇ ਵਿਗਿਆਨ ਦੀ ਵੀ ਰਜ਼ਾਮੰਦੀ ਹੈ, ਹੋਏਗੀ ਵੀ। ਕਿਉਂਕਿ ਧਰਮ ਇਸੇ ਪਰਮ ਰਚਣਹਾਰੇ ਨੂੰ ਲੱਭਦਾ ਹੈ, ਵਿਗਿਆਨ ਸ੍ਰਿਸਟੀ ਨੂੰ ਲੱਭਦਾ ਹੈ। ਇੱਕ ਤਰਫੋਂ ਧਰਮ ਲੱਭਦਾ ਹੈ, ਦੂਜੇ ਤਰਫੋਂ ਵਿਗਿਆਨ ਲੱਭਦਾ ਹੈ। ਵਿਗਿਆਨ ਉਥੋਂ ਲੱਭਦਾ ਹੈ, ਜਿੱਥੇ ਤੁਸੀਂ ਹੋ ਅਤੇ ਧਰਮ ਉਥੋਂ ਲੱਭਦਾ ਹੈ ਜਿਥੋਂ ਤੁਸੀਂ ਆਏ ਹੋ ਅਤੇ ਜਿੱਥੇ ਜਾਓਗੇ। ਧਰਮ ਤੁਹਾਡਾ ਪ੍ਰਾਰੰਭ ਅਤੇ ਅੰਤ ਲੱਭਦਾ ਹੈ, ਅਤੇ ਮੱਧ ਵਿਗਿਆਨ ਲੱਭਦਾ ਹੈ।

ਵਿਗਿਆਨਕ ਉਪਲਬਧੀਆਂ ਵਿੱਚ ਸਭ ਤੋਂ ਕੀਮਤੀ ਉਪਲਬਧੀ ਹੈ, ਕਿ ਜਗਤ ਇੱਕ ਹੀ ਤੱਤ ਨਾਲ ਬਣਿਆ ਹੈ। ਉਸ ਤੱਤ ਨੂੰ ਵਿਗਿਆਨਕ ਵਿਦ੍ਯੁੱਤ Electricity ਕਹਿੰਦੇ ਹਨ। ਉਹ ਹੀ ਊਰਜਾ ਸਾਰੇ ਜਗਤ ਦੀ ਬੁਨਿਆਦੀ ਸ਼ਿਲਾ ਹੈ। ਵਿਦ੍ਯੁੱਤ ਦੇ ਕਣਾਂ ਨਾਲ ਹੀ ਸਭ ਕੁਝ ਬਣਿਆ ਹੈ। ਇੱਕ ਤੋਂ ਸਭ ਬਣਿਆ ਹੈ। ਇਸ ਸੰਬੰਧ ਵਿੱਚ ਧਰਮ ਨਾਲ ਵਿਗਿਆਨ ਰਜ਼ਾਮੰਦ ਹੈ। ਧਰਮ ਉਸ ਇੱਕ ਨੂੰ ਕਹਿੰਦਾ ਹੈ, ਪਰਮਾਤਮਾ। ਵਿਗਿਆਨ ਉਸ ਨੂੰ ਕਹਿੰਦਾ ਹੈ ਊਰਜਾ, Energy.

ਸ਼ਬਦ ਦਾ ਹੀ ਭੇਦ ਹੈ। ਪਰ ਸ਼ਬਦ ਦੇ ਹੀ ਭੇਦ ਨਾਲ ਤੁਹਾਡੇ ਲਈ ਬਹੁਤ ਫ਼ਰਕ ਪੈ ਜਾਏਗਾ। ਕਿਉਂਕਿ ਵਿਦ੍ਯੁੱਤ (ਬਿਜਲੀ) ਦੀ ਤੁਸੀਂ ਕਿਵੇਂ ਪੂਜਾ ਕਰੋਗੇ? ਅਤੇ ਵਿਦ੍ਯੁੱਤ

ਨਾਲ ਤੁਸੀਂ ਕਿਵੇਂ ਪਿਆਰ ਜਤਾਓਗੇ? ਅਤੇ ਵਿਦੁੱਤ ਨੂੰ ਤੁਸੀਂ ਕਿਵੇਂ ਪੁਕਾਰੋਗੇ? ਵਿਦੁੱਤ ਦੀ ਕਿਵੇਂ ਪ੍ਰਾਰਥਨਾ ਹੋਏਗੀ, ਕਿਵੇਂ ਅਰਚਨਾ ਹੋਏਗੀ? ਵਿਦੁੱਤ ਦਾ ਤੁਸੀਂ ਕਿਵੇਂ ਮੰਦਰ ਬਣਾਓਗੇ? ਵਿਦੁੱਤ ਤਾਂ ਦਿਮਾਗ਼ ਵਿੱਚ ਰਹਿ ਜਾਏਗੀ। ਹਿਰਦੇ ਨਾਲ ਤਾਂ ਉਸ ਦਾ ਕੋਈ ਰਿਸ਼ਤਾ ਨਹੀਂ ਜੁੜੇਗਾ। ਪਰ ਪਰਮਾਤਮਾ ਉਸੇ ਹੀ ਊਰਜਾ (ਸ਼ਕਤੀ) ਦਾ ਨਾਉਂ ਹੈ। ਨਾਉਂ ਦੇ ਨਾਲ ਹੀ ਸਾਰੇ ਫ਼ਰਕ ਪੈ ਜਾਂਦੇ ਹਨ। ਪਰਮਾਤਮਾ ਕਹਿੰਦੇ ਹੀ ਗੱਲ ਦਿਮਾਗ਼ ਦੀ ਨਹੀਂ ਰਹਿ ਜਾਂਦੀ, ਹਿਰਦੇ ਦੀ ਹੋ ਜਾਂਦੀ ਹੈ। ਅਤੇ ਜਿੱਥੇ ਹਿਰਦਾ ਆਇਆ, ਉਥੇ ਜੁੜਨ ਦੀ ਸੰਭਾਵਨਾ ਹੈ। ਦਿਮਾਗ਼ ਤੋੜਦਾ ਹੈ, ਹਿਰਦਾ ਜੋੜਦਾ ਹੈ। ਦਿਮਾਗ਼ ਤੋਂ ਅਸੀਂ ਵੱਖਰੇ ਹੁੰਦੇ ਹਾਂ ਕਿਉਂਕਿ ਦਿਮਾਗ ਭੇਦ ਖੜ੍ਹੇ ਕਰਦਾ ਹੈ ਅਤੇ ਹਿਰਦੇ ਨਾਲ ਅਸੀਂ ਇੱਕ ਹੁੰਦੇ ਹਾਂ, ਕਿਉਂਕਿ ਹਿਰਦੇ ਦੇ ਕੋਲ ਅਭੇਦ ਹੈ। ਉਥੇ ਹੱਦਾਂ ਮਿਟਦੀਆਂ ਹਨ, ਬਣਦੀਆਂ ਨਹੀਂ। ਉਥੇ ਪਰਿਭਾਸ਼ਾਵਾਂ ਖਿੰਡਦੀਆਂ ਹਨ।

ਜਿਵੇਂ ਧਰਮ ਉਸ ਇੱਕ ਨੂੰ ਪਰਮਾਤਮਾ ਕਹਿੰਦਾ ਹੈ, ਉਵੇਂ ਹੀ ਅਸੀਂ ਊਰਜਾ ਨੂੰ ਵਿਅਕਤਿਤਵ (personality) ਦੇ ਦਿੱਤਾ ਹੈ। ਅਸੀਂ ਊਰਜਾ ਨੂੰ ਮਨੁੱਖ ਬਣਾ ਦਿੱਤਾ ਅਤੇ ਹੁਣ ਰਿਸ਼ਤਾਨਾਤਾ ਹੋ ਸਕਦਾ ਹੈ ਅਤੇ ਰਿਸ਼ਤੇ-ਨਾਤੇ ਉਤੇ ਸਭ ਕੁਝ ਨਿਰਭਰ ਕਰੇਗਾ। ਕਿਉਂਕਿ ਜਿਸ ਨਾਲ ਤੁਸੀਂ ਜੁੜ ਹੀ ਨਹੀਂ ਸਕੋਗੇ, ਉਸ ਨਾਲ ਤੁਹਾਡੇ ਜੀਵਨ ਵਿੱਚ ਬਦਲਾਓ ਨਹੀਂ ਹੋਏਗਾ। ਵਿਗਿਆਨ ਊਰਜਾ ਦੀ ਵਰਤੋਂ ਤਾਂ ਕਰ ਸਕੇਗਾ, ਪਰ ਪੂਜਾ ਨਹੀਂ ਕਰ ਸਕੇਗਾ ਅਤੇ ਧਰਮ ਉਸੇ ਊਰਜਾ ਦੀ ਪੂਜਾ ਕਰ ਸਕਦਾ ਹੈ। ਸੋ ਵਿਗਿਆਨ ਪਿੰਡ-ਪਿੰਡ ਵਿੱਚ ਵਿਦੁੱਤ ਪਹੁੰਚਾ ਦੇਵੇਗਾ, ਅਟਾਮਿੱਕ ਇਨਰਜੀ ਨਿਰਮਾਣ ਕਰ ਲਵੇਗਾ, ਬਰਬਾਦੀ ਦੇ ਵੱਡੇ ਉਪਾਅ ਲੱਭ ਲਵੇਗਾ, ਪਰ ਵਿਗਿਆਨਕ ਅਛੂਤਾ ਰਹਿ ਜਾਏਗਾ, ਉਸਦੇ ਜੀਵਨ ਵਿੱਚ ਕੋਈ ਫੁੱਲ ਨਹੀਂ ਖਿੜਣਗੇ।

ਧਾਰਮਿਕ ਨਾ ਤਾਂ ਪਿੰਡ-ਪਿੰਡ ਵਿੱਚ ਰੋਸ਼ਨੀ ਕਰ ਸਕੇਗਾ, ਨਾ ਅਣੂ ਬੰਮ ਬਣਾ ਸਕੇਗਾ, ਪਰ ਹਿਰਦੇ-ਹਿਰਦੇ ਵਿੱਚ ਰੋਸ਼ਨੀ ਕਰ ਸਕੇਗਾ ਅਤੇ ਉਹ ਰੋਸ਼ਨੀ ਵੱਡੀ ਹੈ। ਹਿਰਦੇ-ਹਿਰਦੇ ਵਿੱਚ ਇੱਕ ਗੀਤ, ਇੱਕ ਨਾਚ ਭਰ ਸਕੇਗਾ ਅਤੇ ਉਹ ਪ੍ਰਕਾਸ਼ ਵੱਡਾ ਹੈ। ਪਰ ਇੱਕ ਸੰਬੰਧ ਵਿੱਚ ਸਹਿਮਤੀ ਹੈ ਕਿ ਇੱਕ ਨਾਲ ਹੀ ਸਭ ਹੋਇਆ ਹੈ। ਦੂਜੀ ਗੱਲ ਵਿੱਚ ਵੀ ਸਹਿਮਤੀ ਹੈ ਕਿ ਜਦ ਇੱਕ ਵਿਘਟਿਤ (ਟੁਕੜੇ-ਟੁਕੜੇ) ਹੁੰਦਾ ਹੈ ਤਾਂ ਤਿੰਨ ਵਿੱਚ ਵਿਘਟਿਤ ਹੁੰਦਾ ਹੈ। ਵਿਗਿਆਨ ਕਹਿੰਦਾ ਹੈ ਇਲੈਕਟ੍ਰਿਸਿਟੀ ਤਿੰਨ ਵਿੱਚ ਟੁੱਟਦੀ ਹੈ, ਇਲੈਕਟ੍ਰਾਨ, ਨਿਉਟ੍ਰਾਨ ਅਤੇ ਪ੍ਰੋਟ੍ਰਾਨ। ਫ਼ਿਰ ਇਨ੍ਹਾਂ ਤਿੰਨਾਂ ਕਣਾਂ ਨਾਲ ਸਾਰਾ ਜਗਤ ਬਣਦਾ ਹੈ। ਧਰਮ ਵੀ ਕਹਿੰਦਾ ਹੈ ਕਿ ਉਹ ਇੱਕ ਤ੍ਰਿਮੂਰਤੀ ਹੋ ਜਾਂਦਾ ਹੈ, ਈਸਾਈ ਕਹਿੰਦੇ ਹਨ, ਉਹ ਇੱਕ ਟ੍ਰਿਕਿਟੀ ਹੋ ਜਾਂਦਾ ਹੈ।

ਹਿੰਦੂਆਂ ਨੇ ਤ੍ਰਿਮੂਰਤੀ ਬਣਾਈ, ਉਸਦੇ ਚਿਹਰੇ ਤਿੰਨ ਹਨ, ਪਰ ਅੰਦਰ ਇੱਕ

ਵਿਅਕਤੀ ਹੈ। ਚਿਹਰੇ ਤਿੰਨ ਹਨ। ਜੇਕਰ ਚਿਹਰਿਆਂ ਵਿਚੋਂ ਅਸੀਂ ਪ੍ਰਵੇਸ਼ ਕਰੀਏ ਤਾਂ ਅਸੀਂ ਇੱਕ ਵਿੱਚ ਪੁੱਜ ਜਾਵਾਂਗੇ—ਬ੍ਰਹਮਾ, ਵਿਸ਼ਨੂੰ, ਮਹੇਸ਼। ਹਿੰਦੂਆਂ ਨੇ ਤਿੰਨ ਨਾਉਂ ਦਿੱਤੇ ਹਨ। ਜਦ ਉਹ ਇੱਕ ਵਿਘਟਿਤ ਹੁੰਦਾ ਹੈ, ਦੁਨੀਆਂ ਤੱਕ ਆਉਂਦਾ ਹੈ ਤਾਂ ਤਿੰਨ ਹੋ ਜਾਂਦਾ ਹੈ।

ਅਤੇ ਵੱਡੀ ਹੈਰਾਨਗੀ ਵਾਲੀ ਗੱਲ ਤਾਂ ਇਹ ਹੈ, ਬ੍ਰਹਮਾ, ਵਿਸ਼ਨੂੰ, ਮਹੇਸ਼ ਨੂੰ ਹਿੰਦੂਆਂ ਨੇ ਜਿਹੜੇ ਅਰਥ ਦਿੱਤੇ ਹਨ, ਉਹ ਹੀ ਅਰਥ, ਇਲੈਕਟ੍ਰਾਨ, ਨਿਉਟ੍ਰਾਨ, ਪ੍ਰੋਟ੍ਰਾਨ ਨੂੰ ਵਿਗਿਆਨ ਨੇ ਦਿੱਤੇ ਹਨ। ਉਹ ਹੀ ਅਰਥ, ਕਿਉਂਕਿ ਸ਼੍ਰਿਸਟੀ ਦੀ ਪੂਰੀ ਪ੍ਰਕ੍ਰਿਆ ਲਈ ਜਨਮ ਚਾਹੀਦਾ , ਜਨਮ ਦੇਣ ਵਾਲਾ ਚਾਹੀਦਾ, ਫਿਰ ਜਿਸ ਦਾ ਜਨਮ ਹੋਏਗਾ, ਉਸਦੀ ਮੌਤ ਵੀ ਹੋਏਗੀ, ਤਾਂ ਮੌਤ ਚਾਹੀਦੀ, ਮਾਰਨ ਵਾਲਾ ਚਾਹੀਦਾ ਹੈ ਅਤੇ ਜਨਮ ਤੇ ਮੌਤ ਦੇ ਵਿਚਕਾਰ ਸਮਾਂ ਬੀਤੇਗਾ, ਤਾਂ ਕੋਈ ਸਾਂਭਣ ਵਾਲਾ ਚਾਹੀਦਾ। ਸੋ ਬ੍ਰਹਮਾ ਜਨਮ ਦਾ ਸੂਤਰ, ਵਿਸ਼ਨੂੰ ਸੰਭਾਲਣ ਦਾ ਸੂਤਰ ਅਤੇ ਸ਼ਿਵ ਵਿਨਾਸ਼ ਦਾ ਸੂਤਰ। ਅਤੇ ਇਹ ਹੀ ਤਿੰਨ ਗੁਣ ਇਲੈਕਟ੍ਰਾਨ, ਨਿਉਟ੍ਰਾਨ ਅਤੇ ਪਾਜਿਟ੍ਰਾਨ ਦੇ ਹਨ। ਉਸ ਵਿੱਚ ਇੱਕ ਸੰਭਾਲਦਾ ਹੈ, ਇੱਕ ਬੁਨਿਆਦੀ ਹੈ, ਜਿਸ ਤੋਂ ਜਨਮ ਹੁੰਦਾ ਹੈ ਅਤੇ ਇੱਕ ਵਿਘਟਨ ਵਿੱਚ ਲੈ ਜਾਂਦਾ ਹੈ, ਜਿਸ ਨਾਲ ਵਿਨਾਸ਼ ਹੁੰਦਾ ਹੈ। ਇੱਕ ਤਿੰਨਾਂ ਵਿੱਚ ਹੋਇਆ ਅਤੇ ਫਿਰ ਅਨੰਤ ਵਿੱਚ ਹੋ ਗਿਆ ਹੈ ਅਤੇ ਪਰਮਾਤਮਾ ਤੱਕ ਜਾਣਾ ਹੋਵੇ ਤਾਂ ਅਨੰਤ ਨੂੰ ਪਹਿਲਾਂ ਤਿੰਨ ਵਿੱਚ ਲਿਆਉਣਾ ਪਏ ਅਤੇ ਤਿੰਨਾਂ ਨੂੰ ਫਿਰ ਇੱਕ ਨਾਲ ਜੋੜਣਾ ਪਏ ਅਤੇ ਇੱਕ ਹੋ ਜਾਣਾ ਪਏ। ਇਹ ਪੁੱਠੀ ਯਾਤਰਾ ਹੋਏਗੀ। ਗੰਗਾ ਨੂੰ ਗੰਗੋਤ੍ਰੀ ਵੱਲ ਲੈ ਜਾਣਾ ਪਏਗਾ, ਮੂਲ ਸਰੋਤ ਵੱਲ।

ਤਾਂ ਅਨੇਕ ਤੋਂ ਦ੍ਰਿਸ਼ਟੀ ਤਿੰਨ ਉਤੇ ਰੋਕਣੀ ਪਏਗੀ। ਤਿੰਨ ਵਿਚਕਾਰਲੀ ਮੰਜ਼ਿਲ ਹੋਏਗੀ ਅਤੇ ਤਿੰਨਾਂ ਤੋਂ ਪਿਛੋਂ ਇੱਕ ਰਹਿ ਜਾਏਗਾ।

ਸਾਧਾਰਣ ਸੰਸਾਰਿਕ ਆਦਮੀ ਅਨੇਕ ਵਿੱਚ ਭਟਕਿਆ ਹੋਇਆ ਹੈ। ਕਿੰਨੀਆਂ ਵਾਸ਼ਨਾਵਾਂ ਹਨ, ਕਿੰਨੀਆਂ ਇੱਛਾਵਾਂ ਹਨ, ਕੋਈ ਹਿਸਾਬ? ਹਰ ਵਾਸਨਾ ਵਿੱਚ ਕਿੰਨੀਆਂ- ਕਿੰਨੀਆਂ ਹੋਰ ਵਾਸ਼ਨਾਵਾਂ ਲੱਗ ਜਾਂਦੀਆਂ ਹਨ। ਜਿਵੇਂ ਦਰੱਖਤਾਂ ਨਾਲ ਪੱਤੇ ਲੱਗਦੇ ਹਨ। ਕੋਈ ਅੰਤ ਨਹੀਂ। ਕਿੰਨੀਆਂ ਚਾਹਾਂ ਹਨ। ਪੂਰੀਆਂ ਹੋਣ ਦਾ ਕੋਈ ਉਪਾਅ ਨਹੀਂ ਵਿਖਾਈ ਦਿੰਦਾ ਅਤੇ ਹੋਰ ਕਿੰਨਾ ਸਾਧਨ, ਕਿੰਨੀ ਸਾਮਗਰੀ ਹੈ, ਸਾਰੀ ਵੀ ਤੁਸੀਂ ਪ੍ਰਾਪਤ ਕਰ ਲਓ, ਤਾਂ ਵੀ ਕੁਝ ਹੱਲ ਨਹੀਂ ਹੋਏਗਾ। ਕਿਉਂਕਿ ਪਾਉਣ ਵਾਲਾ ਅੜ੍ਰਿਪਤ ਹੀ ਰਹੇਗਾ ਅਤੇ ਜਿੰਨਾ ਤੁਸੀਂ ਪਾਉਂਦੇ ਜਾਓਗੇ, ਓਨਾਂ ਹੀ ਤੁਸੀਂ ਅਨੇਕ ਵਿੱਚ ਭਟਕਦੇ ਜਾਓਗੇ। ਓਨੀ ਹੀ ਇੱਕ ਨਾਲੋਂ ਦੂਰੀ ਹੋਣ ਲੱਗੇਗੀ। ਜਿੰਨਾ ਤੁਸੀਂ ਇੱਕ ਨਾਲੋਂ ਦੂਰ ਹੁੰਦੇ ਹੋ, ਓਨੇ ਹੀ ਦੁਖੀ ਹੋ ਜਾਓਗੇ। ਜਿੰਨਾ ਫਾਸਲਾ ਵਧੇਗਾ, ਓਨੇ ਤੁਸੀਂ

ਦੁਖੀ ਹੋ ਜਾਓਗੇ। ਜਿਵੇਂ ਕੋਈ ਪ੍ਰਕਾਸ਼ ਦੀ ਲੋ ਕੋਲੋਂ ਦੂਰ ਹੁੰਦਾ ਜਾਏਗਾ। ਓਨਾਂ ਹੀ ਹਨੇਰੇ ਵਿੱਚ ਪੈਂਦਾ ਜਾਏਗਾ। ਬਹੁਤ ਦੂਰ ਹੋ ਜਾਏਗਾ, ਤਾਂ ਘਣੇ ਹਨੇਰੇ ਵਿੱਚ ਹੋ ਜਾਏਗਾ।

ਅਨੇਕ ਵਿੱਚ ਜਾਣ ਦਾ ਅਰਥ ਹੈ, ਇੱਕ ਨਾਲੋਂ ਬਹੁਤ ਫਾਸਲਾ ਹੋ ਗਿਆ ਅਤੇ ਅਸੀਂ ਸਭ ਅਨੇਕ ਵਿੱਚ ਹਾਂ। ਇਸੇ ਨੂੰ ਅਸੀਂ ਸੰਸਾਰਿਕ ਕਹਿੰਦੇ ਹਾਂ, ਜੋ ਅਨੇਕ ਵਿੱਚ ਹੈ। ਜਿਹੜਾ ਅਨੇਕ 'ਚੋਂ ਤਿੰਨ ਵਿੱਚ ਆ ਗਿਆ ਉਸ ਨੂੰ ਅਸੀਂ ਸਾਧਕ ਕਹਿੰਦੇ ਹਾਂ। ਉਹ ਦੋਹਾਂ ਦੇ ਮੱਧ ਵਿੱਚ ਹੈ ਅਤੇ ਜਿਹੜਾ ਤਿੰਨਾਂ 'ਚੋਂ ਇੱਕ ਵਿੱਚ ਆ ਗਿਆ, ਉਸ ਨੂੰ ਅਸੀਂ ਸਿੱਧ ਕਹਿੰਦੇ ਹਾਂ। ਉਹ ਵਾਪਸ ਉਥੇ ਪੁੱਜ ਗਿਆ ਹੈ, ਜਿੱਥੇ ਪਰਮਾਤਮਾ ਮੂਲ ਵਿੱਚ ਸੀ।

ਹੁਣ ਇਸ ਨੂੰ ਅਸੀਂ ਥੋੜ੍ਹਾ ਜਿਹਾ ਸਮਝੀਏ। ਅਨੇਕ ਤੋਂ ਤਿੰਨਾਂ ਨੂੰ ਤੁਸੀਂ ਕਿਵੇਂ ਪੈਦਾ ਕਰੋਗੇ? ਅਨੇਕ ਤੋਂ ਤਿੰਨਾਂ ਨੂੰ ਪੈਦਾ ਕਰਨ ਦੀ ਵਿਧੀ ਦਾ ਨਾਮ ਹੀ ਸਾਖਸ਼ੀ-ਭਾਵ ਹੈ, ਵਿਟਨੈਸਿੰਗ (witnessing) ਹੈ। ਜੇਕਰ ਤੁਸੀਂ ਆਪਣੀਆਂ ਵਾਸ਼ਨਾਵਾਂ ਨੂੰ ਵੇਖੋ, ਉਨ੍ਹਾਂ ਦੇ ਸਾਖਸ਼ੀ ਬਣ ਜਾਓ। ਭੋਗਤਾ (ਭੋਗਣ ਵਾਲੇ) ਨਹੀਂ। ਭੋਗਤਾ ਅਨੇਕ ਹੋਣ ਦੀ ਵਿਧੀ ਹੈ। ਭੋਗਤਾ ਅਤੇ ਕਰਤਾ। ਮੈਂ ਕਰ ਰਿਹਾ ਹਾਂ, ਮੈਂ ਭੋਗ ਰਿਹਾ ਹਾਂ ਤਾਂ ਫ਼ਿਰ ਤੁਸੀਂ ਅਨੇਕ ਵਿੱਚ ਖਿੰਡ ਜਾਓਗੇ। ਇਸ ਅਨੇਕ ਨੂੰ ਤਿੰਨਾਂ ਵਿੱਚ ਲਿਆਉਣ ਦੀ ਵਿਧੀ ਹੈ ਸਾਖਸ਼ੀ-ਭਾਵ। ਤੁਸੀਂ ਜੋ ਵੀ ਕਰ ਰਹੇ ਹੋ, ਉਸ ਨੂੰ ਕਰਨ ਵਾਲੇ ਦੀ ਤਰ੍ਹਾਂ ਨਹੀਂ, ਦਰਸ਼ਕ ਦੀ ਤਰ੍ਹਾਂ, ਵੇਖਣ ਵਾਲੇ ਦੇ ਵਾਂਗ ਤੁਹਾਡੇ ਜੀਵਨ ਵਿੱਚ ਜੋ ਵੀ ਸੁੱਖ-ਦੁੱਖ ਵਾਪਰਦੇ ਹਨ, ਉਨ੍ਹਾਂ ਨੂੰ ਵੀ ਤੁਸੀਂ ਦ੍ਰਸ਼ਟਾ ਦੀ ਤਰ੍ਹਾਂ, ਤਦ ਤੁਸੀਂ ਅਚਾਨਕ ਪਾਓਗੇ ਕਿ ਤਿੰਨ ਆ ਗਏ। ਇੱਕ ਹੈ ਦ੍ਰਸ਼ਟਾ ਅਤੇ ਇੱਕ ਉਹ ਜਿਹੜਾ ਅਨੇਕ ਦਾ ਜਗਤ ਹੈ, ਉਹ ਪੂਰੇ ਦਾ ਪੂਰਾ ਨਜ਼ਾਰਾ ਹੋ ਗਿਆ। ਹੁਣ ਉਸਦੇ ਵਿੱਚ ਅਨੇਕਤਾ ਨਾ ਰਹੀ। ਉਹ ਸਭ ਨਜ਼ਾਰਾ ਹੋ ਗਿਆ ਅਤੇ ਦੋਹਾਂ ਦੇ ਵਿਚਕਾਰ ਜੋ ਸੰਬੰਧ ਹੈ, ਉਹ ਦਰਸ਼ਨ। ਦ੍ਰਸ਼ਟਾ, ਦਰਸ਼ਨ, ਅਤੇ ਦਰੱਸ਼—ਤੁਸੀਂ ਤਿੰਨ ਉਤੇ ਪਰਤ ਆਏ।

ਜਿਵੇਂ ਹੀ ਸਾਖਸ਼ੀ—ਭਾਵ ਸਧਦਾ ਹੈ, ਤੁਸੀਂ ਸਾਧਕ ਹੋ ਜਾਂਦੇ ਹੋ। ਉਹ ਸੰਨਿਆਸੀ ਦੀ ਦਸ਼ਾ ਹੈ। ਅਨੇਕ 'ਤੇ ਤਿੰਨਾਂ ਤੋਂ ਆ ਜਾਣਾ, ਸੰਨਿਆਸ। ਤੁਸੀਂ ਜੋ ਵੀ ਕਰੋ, ਉਸ ਨੂੰ ਦ੍ਰਸ਼ਟਾ-ਭਾਵ ਨਾਲ—ਰਸਤੇ ਉਤੇ ਟੁਰੋ, ਭਜਨ ਕਰੋ, ਕਪੜੇ ਪਹਿਨੋ, ਪੈਰ ਟੁੱਟ ਜਾਣ, ਦਰਦ ਹੋਵੇ, ਬੀਮਾਰੀ ਆਏ, ਸੁੱਖ ਹੋਵੇ, ਲਾਟਰੀ ਮਿਲ ਜਾਏ, ਕੁਝ ਵੀ ਹੋਵੇ, ਤੁਸੀਂ ਵੇਖਦੇ ਰਹਿਣਾ ਅਤੇ ਇੱਕ ਹੀ ਗੱਲ ਸਾਂਭਣ ਦੀ ਹੈ ਕਿ ਤੁਸੀਂ ਆਪਣੇ ਸਾਖਸ਼ੀ-ਭਾਵ ਨੂੰ ਨਾ ਗੁਆਉਣਾ।

ਅਤੇ ਉਸ ਨੂੰ ਗੁਆਉਣ ਦੇ ਦੋ ਢੰਗ ਹਨ। ਜੇਕਰ ਤੁਸੀਂ ਭੋਗਤਾ ਬਣ ਗਏ ਤਾਂ

ਗੁਆਚ ਗਿਆ। ਜੇਕਰ ਤੁਸੀਂ ਕਰਤਾ ਬਣ ਗਏ ਤਾਂ ਗੁਆਚ ਗਿਆ। ਜੇਕਰ ਤੁਸੀਂ ਇਹ ਕਿਹਾ ਕਿ ਇਹ ਮੈਂ ਕੀਤਾ, ਤਾਂ ਉਸ ਘੜੀ ਵਿੱਚ ਤੁਸੀਂ ਸਾਖਸ਼ੀ ਨਹੀਂ ਰਹਿ ਸਕੋਗੇ। ਨਸ਼ੇ ਨੇ ਫੜ ਲਿਆ। ਆਕੜ ਆ ਗਈ ਅਤੇ ਜਿਵੇਂ ਹੀ ਨਸ਼ਾ ਫੜਦਾ ਹੈ, ਤੁਸੀਂ ਉਹ ਹੀ ਨਾ ਰਹੇ, ਜਿਹੜੇ ਬਗੈਰ ਨਸ਼ੇ ਤੋਂ ਸੀ।

ਮੈਂ ਮੁੱਲਾ ਨਸਰੂਦੀਨ ਕੋਲੋਂ ਪੁੱਛਿਆ ਕਿ ਰੋਜ਼ ਸਵੇਰੇ ਵੇਖਦਾ ਹਾਂ ਕਿ ਤੇਰਾ ਨੌਕਰ ਥਾਲੀ ਵਿੱਚ ਸਜਾ ਕੇ ਦੋ ਗਿਲਾਸ ਸ਼ਰਾਬ ਦੇ ਲੈ ਜਾਂਦਾ ਹੈ। ਕਮਰੇ ਵਿੱਚ ਤਾਂ ਤੂੰ ਇਕੱਲਾ ਹੀ ਹੈਂ। ਇਸ ਤਰ੍ਹਾਂ ਲੱਗਦਾ ਹੈ, ਜਿਵੇਂ ਕੋਈ ਹੋਰ ਵੀ ਹੈ। ਨਸਰੂਦੀਨ ਨੇ ਕਿਹਾ ਕਿ ਮੈਂ ਜਦ ਇੱਕ ਗਿਲਾਸ ਪੀ ਲੈਂਦਾ ਹਾਂ ਤਾਂ ਹੋਰ ਹੀ ਆਦਮੀ ਹੋ ਜਾਂਦਾ ਹਾਂ ਅਤੇ ਦੂਜੇ ਦੀ ਵੀ ਖ਼ਾਤਰ ਕਰਨਾ ਮੇਰਾ ਫਰਜ਼ ਹੈ।

ਜਿਵੇਂ ਹੀ ਤੁਸੀਂ ਨਸ਼ੇ ਵਿੱਚ ਗਏ ਕਿ ਤੁਸੀਂ ਦੂਜੇ ਆਦਮੀ ਹੋ ਗਏ, ਉਹ ਹੀ ਤਾਂ ਤੁਸੀਂ ਨਹੀਂ ਹੋ। ਬੱਸ ਨਸ਼ੇ ਵਿੱਚ ਹੋਣ ਦਾ ਫ਼ਾਸਲਾ ਹੀ ਤਾਂ ਸੰਨਿਆਸੀ ਅਤੇ ਸੰਸਾਰੀ ਦਾ ਫਾਸਲਾ ਹੈ ਅਤੇ ਵੱਡੇ ਤੋਂ ਵੱਡਾ ਨਸ਼ਾ ਕੀ ਹੈ? ਵੱਡੇ ਤੋਂ ਵੱਡਾ ਨਸ਼ਾ ਹੰਕਾਰ ਦਾ ਹੈ। ਹੋਰ ਸਾਰੇ ਨਸ਼ੇ ਟੁੱਟ ਜਾਂਦੇ ਹਨ, ਹੋਰ ਸਾਰੇ ਨਸ਼ੇ ਉੱਪਰ-ਉੱਪਰ ਹਨ। ਘੜੀ ਕੁ ਰਹਿੰਦੇ ਹਨ, ਚਲੇ ਜਾਂਦੇ ਹਨ। ਹੰਕਾਰ ਦਾ ਨਸ਼ਾ ਵੱਡੇ ਤੋਂ ਵੱਡਾ ਹੈ, ਕਿਉਂਕਿ ਜਨਮਾਂ-ਜਨਮਾਂ ਤੱਕ ਚੱਲਦਾ ਹੈ। ਛੱਡ-ਛੱਡ ਕੇ ਵੀ ਤੁਸੀਂ ਦੇਖਦੇ ਹੋ ਕਿ ਉਹ ਖਲੋਤਾ ਹੈ। ਭੱਜ-ਭੱਜ ਕੇ ਵੀ ਤੁਸੀਂ ਵੇਖਦੇ ਹੋ ਕਿ ਛਾਂ ਦੇ ਵਾਂਗ ਨਾਲ ਟੁਰਿਆ ਆਉਂਦਾ ਹੈ। ਹਜ਼ਾਰ ਬਚਣ ਦੇ ਉਪਾਅ ਕਰਦੇ ਹੋ, ਫੇਰ ਵੀ ਤੁਸੀਂ ਦੇਖਦੇ ਹੋ ਕਿ ਉਹ ਤੁਹਾਡੇ ਨਾਲ ਹੀ ਬਚ ਗਿਆ ਹੈ। ਨਿਮਰਤਾ ਦੀ ਕਿੰਨੀ ਸਾਧਨਾ ਕਰਦੇ ਹੋ, ਫ਼ੇਰ ਵੀ ਦੇਖਦੇ ਹੋ, ਉਹ ਅੰਦਰ ਮੌਜੂਦ ਹੈ।

ਹੰਕਾਰ ਮਹੀਨ ਤੋਂ ਮਹੀਨ ਨਸ਼ਾ ਹੈ, ਸਾਖਸ਼ੀ ਜਾਗਣਾ ਹੈ ਅਤੇ ਹੰਕਾਰ ਸੌਂ ਜਾਣਾ ਹੈ। ਜਿਵੇਂ ਹੀ ਤੁਸੀਂ ਕਰਤਾ ਬਣੇ, ਤੁਸੀਂ ਸੌਂ ਗਏ, ਨੀਂਦਰ ਆ ਗਈ। ਜਿਵੇਂ ਹੀ ਤੁਸੀਂ ਭੋਗਤਾ ਬਣੇ ਕਿ ਮੈਂ ਭੋਗ ਰਿਹਾ ਹਾਂ, ਤੁਸੀਂ ਸੌਂ ਗਏ, ਨੀਂਦਰ ਆ ਗਈ। ਜਿਵੇਂ ਹੀ ਤੁਸੀਂ ਸਾਖਸ਼ੀ ਬਣੇ, ਜਾਗਰਣ ਉਠਿਆ, ਹੋਸ਼ ਆਇਆ। ਹੋਸ਼ ਆਉਂਦੇ ਹੀ ਅਨੇਕ ਗੁਆਚ ਜਾਂਦੇ ਹਨ, ਤਿੰਨ ਰਹਿ ਜਾਂਦੇ ਹਨ। ਜਿਸ ਦਾ ਹੋਸ਼ ਹੈ, ਉਹ, ਜਿਸ ਨੂੰ ਹੋਸ਼ ਹੈ ਉਹ ਅਤੇ ਦੋਹਾਂ ਦੇ ਵਿਚਕਾਰ ਜਿਹੜਾ ਰਿਸ਼ਤਾ ਹੈ। ਉਸ ਨੂੰ ਹਿੰਦੂਆਂ ਨੇ 'ਤ੍ਰਿਪੁਟੀ' ਕਿਹਾ ਹੈ। ਅਤੇ ਇਹ ਤ੍ਰਿਪੁਟੀ ਜਿਸ ਦੀ ਜਾਗ ਗਈ, ਉਹ ਸੰਨਿਆਸੀ। ਉਹ ਸਾਧਨਾ ਵਿੱਚ ਗੁੰਥਣ ਲੱਗਾ। ਜਿਵੇਂ-ਜਿਵੇਂ ਇਨ੍ਹਾਂ ਤਿੰਨਾਂ ਵਿੱਚ ਤੁਸੀਂ ਰਮੋਗੇ ਤਾਂ ਅਨੇਕ ਦਾ ਭਟਕਾਵ ਘੱਟ ਹੋਣ ਲੱਗੇਗਾ, ਹੌਲੀ-ਹੌਲੀ ਇੱਕ ਅਜਿਹੀ ਹਾਲਤ ਸਧ ਜਾਏਗੀ, ਅਨੇਕ ਪੈਦਾ ਹੀ ਨਹੀਂ ਹੋਵੇਗਾ, ਤਿੰਨ ਹੀ ਰਹਿਣਗੇ। ਜਦ ਅਨੇਕ ਦੇ ਪੈਦਾ ਹੋਣ ਦੀਆਂ ਸਾਰੀਆਂ

ਸੰਭਾਵਨਾਵਾਂ ਨਸ਼ਟ ਹੋ ਜਾਣਗਿਆਂ, ਜਦ ਤੁਸੀਂ ਸਦਾ ਹੀ ਸਾਖਸ਼ੀ ਬਣੇ ਰਹੋਗੇ, ਤਦ ਅਚਾਨਕ ਇੱਕ ਦਿਨ ਤੁਸੀਂ ਦੇਖੋਗੇ, ਤਿੰਨ ਵੀ ਗੁਆਚ ਗਏ, ਕਿਉਂਕਿ ਸਾਖਸ਼ੀ ਜਿਸ ਨੂੰ ਵੇਖ ਰਿਹਾ ਹੈ, ਉਹ ਅਤੇ ਜਿਹੜਾ ਦੇਖ ਰਿਹਾ ਹੈ ਉਹ, ਅਤੇ ਦੋਹਾਂ ਦੇ ਵਿਚਾਲੇ ਜਿਹੜਾ ਰਿਸ਼ਤਾ ਹੈ, ਜਦ ਤੁਸੀਂ ਠਹਿਰ ਜਾਓਗੇ, ਤਦ ਤੁਸੀਂ ਅਚਾਨਕ ਪਾਓਗੇ ਕਿ ਉਹ ਤਿੰਨੋਂ ਤਾਂ ਇੱਕ ਹਨ।

ਇਸ ਲਈ ਕ੍ਰਿਸ਼ਨ ਮੂਰਤੀ ਬਾਰ-ਬਾਰ ਕਹਿੰਦੇ ਹਨ, ਉਹ ਜਿਹੜਾ ਵੇਖ ਰਿਹਾ ਹੈ, ਉਹ, ਉਹ ਹੀ ਹੈ, ਜਿਸ ਨੂੰ ਵੇਖ ਰਿਹਾ ਹੈ। ਪਰ ਇਹ ਤਾਂ ਆਖ਼ਰੀ ਘੜੀ ਵਿੱਚ, ਜਦ ਤਿੰਨਾਂ ਦੀ ਸਥਿਤੀ ਵੀ ਇੱਕ ਹੋ ਜਾਂਦੀ ਹੈ, ਸੱਧਦੇ, ਸੱਧਦੇ, ਸੱਧਦੇ ਅਨੇਕ ਦਾ ਉਪਅਬੰਦ ਹੋ ਜਾਂਦਾ ਹੈ, ਸੰਸਾਰ ਮਿਟ ਜਾਂਦਾ ਹੈ, ਤਿੰਨ ਹੀ ਰਹਿ ਜਾਂਦੇ ਹਨ, ਤਦ ਹੌਲੀ-ਹੌਲੀ, ਹੌਲੀ-ਹੌਲੀ, ਹੌਲੀ ਤੁਸੀਂ ਦੇਖਦੇ ਹੋ ਕਿ ਇਹ ਤਿੰਨੋਂ ਤਾਂ ਇੱਕ ਹਨ। ਅਚਾਨਕ ਇੱਕ ਦਿਨ ਜਾਗ ਕੇ ਤੁਹਾਨੂੰ ਵਿਖਾਈ ਦਿੰਦਾ ਹੈ ਕਿ ਇਹ ਤਿੰਨ ਤਾਂ ਤਿੰਨ ਨਹੀਂ ਹਨ। ਜਿਹੜਾ ਵੇਖ ਰਿਹਾ ਹੈ, ਉਹ, ਉਹ ਹੀ ਹੈ, ਜਿਸ ਨੂੰ ਵੇਖ ਰਿਹਾ ਹੈ ਅਤੇ ਜਦ ਦ੍ਰਸ਼ਯ ਅਤੇ ਦ੍ਰਸ਼ਟਾ ਇੱਕ ਹੋ ਗਏ ਤਾਂ ਵਿਚਕਾਰਲਾ ਸੰਬੰਧ ਗੁਆਚ ਗਿਆ।

ਕਿਉਂਕਿ ਸੰਬੰਧ ਤਾਂ ਤਦ ਤੱਕ ਸੀ ਜਦ ਤੱਕ ਦੋ ਸੀ। ਜਿੱਥੇ ਦੋ ਹਨ, ਉਥੇ ਤਿੰਨ ਹੋਣਗੇ, ਕਿਉਂਕਿ ਦੋ ਦੇ ਵਿਚਕਾਰ ਸੰਬੰਧ ਹੋਏਗਾ ਅਤੇ ਜਿੱਥੇ ਇੱਕ ਬਚਿਆ, ਉਥੇ ਕਿਵੇਂ ਸੰਬੰਧ ਹੋਏਗਾ? ਕੌਣ ਕਿਸਦੇ ਨਾਲ ਸੰਬੰਧਿਤ ਹੋਏਗਾ? ਇਸ ਲਈ ਵਿਚਕਾਰਲਾ ਸੰਬੰਧ ਗੁਆਚ ਜਾਂਦਾ ਹੈ। ਇਹ ਯਾਤਰਾ ਹੈ ਵਾਪਿਸ ਮੁੜਣ ਦੀ। ਜਿੱਥੇ ਤੁਸੀਂ ਇੱਕ ਹੋ ਗਏ, ਉਥੇ ਤੁਸੀਂ ਪਰਮਾਤਮਾ। ਜਿੱਥੇ ਤੁਸੀਂ ਅਨੇਕ ਹੋ ਗਏ, ਉਥੇ ਤੁਸੀਂ ਸੰਸਾਰ ਅਤੇ ਉਹ ਤ੍ਰਿਮੂਰਤੀ ਵਿਚਕਾਰ ਖਲੋਤੀ ਹੈ। ਇਹ ਹੀ ਨਾਨਕ ਇਨ੍ਹਾਂ ਸੂਤਰਾਂ ਵਿੱਚ ਕਹਿ ਰਹੇ ਹਨ। ਇਨ੍ਹਾਂ ਨੂੰ ਸਮਝਣ ਦੀ ਕੋਸ਼ਿਸ਼ ਕਰੋ।

*ਏਕਾ ਮਾਈ ਜੁਗਤਿ ਵਿਆਈ ਤਿਨਿ ਚੇਲੇ ਪਰਵਾਣੁ॥*
*ਇਕੁ ਸੰਸਾਰੀ ਇਕੁ ਭੰਡਾਰੀ ਇਕੁ ਲਾਏ ਦੀਬਾਣੁ॥*
*ਜਿਵ ਤਿਸੁ ਭਾਵੈ ਤਿਵੈ ਚਲਾਵੈ ਜਿਵ ਹੋਵੈ ਫੁਰਮਾਣੁ॥*

ਇੱਕ ਮਾਇਆ ਨੇ ਯੁਕਤੀ ਪੂਰਵਕ (ਵੱਡੀ ਜੁਗਤ ਨਾਲ ਇੱਕ ਤੋਂ ਬਾਦ ਇੱਕ) ਤਿੰਨ ਚੇਲਿਆਂ ਨੂੰ ਜਨਮ ਦਿੱਤਾ। ਉਸ ਵਿੱਚ ਇੱਕ ਸੰਸਾਰੀ ਬ੍ਰਹਮਾ ਹੈ, ਇੱਕ ਭੰਡਾਰੀ ਵਿਸ਼ਨੂੰ ਹੈ ਅਤੇ ਇੱਕ ਦੀਵਾਣ ਪ੍ਰਲੈ ਲਿਆਉਣਾ ਵਾਲਾ ਮਹੇਸ਼ (ਸ਼ਿਵ) ਹੈ। ਪਰ ਪਰਮਾਤਮਾ ਆਪਣੀ ਇੱਛਾ ਦੇ ਅਨੁਸਾਰ ਫੁਰਮਾਨ ਦੇ ਮੁਤਾਬਿਕ ਉਨ੍ਹਾਂ ਨੂੰ ਵੀ ਚਲਾਉਂਦਾ ਹੈ।

ਇੱਕ ਤੋਂ ਤਿੰਨ, ਤਿੰਨਾਂ ਤੋਂ ਅਨੇਕ, ਪਰ ਕਿੰਨੇ ਹੀ ਤੁਸੀਂ ਦੂਰ ਹੋ ਜਾਓ, ਉਸ ਦੇ

ਫੁਰਮਾਨ ਤੋਂ ਬਾਹਰ ਨਹੀਂ ਹੋ ਸਕਦੇ। ਕਿੰਨੇ ਹੀ ਖਿੰਡ ਜਾਓ, ਕਿੰਨੇ ਹੀ ਅਨੇਕਾਂ ਵਿੱਚ ਟੁੱਟ ਜਾਓ, ਉਹ ਫ਼ਿਰ ਵੀ ਤੁਹਾਡੇ ਅੰਦਰ ਮੌਜੂਦ ਹੈ। ਕਿਉਂਕਿ ਉਸ ਦੇ ਗੁਆਚਦੇ ਸਾਰ ਹੀ ਤੁਸੀਂ ਬਚੋਗੇ ਹੀ ਨਹੀਂ। ਤੁਸੀਂ ਭਟਕ ਸਕਦੇ ਹੋ, ਤੁਸੀਂ ਦੂਰ ਜਾ ਸਕਦੇ ਹੋ, ਪਰ ਏਨੇ ਦੂਰ ਨਹੀਂ ਜਾ ਸਕਦੇ ਜਿੱਥੋਂ ਕਿ ਪਰਤ ਕੇ ਆਉਣ ਦਾ ਉਪਾਅ ਨਾ ਰਹਿ ਜਾਏ, ਕਿਉਂਕਿ ਅਜਿਹੀ ਕੋਈ ਥਾਂ ਹੀ ਨਹੀਂ, ਜਿੱਥੇ ਤੁਸੀਂ ਜਾ ਸਕੋ, ਜਿਥੋਂ ਮੁੜਣਾ ਸੰਭਵ ਨਾ ਹੋਵੇ।

ਇਸ ਲਈ ਕੋਈ ਵੀ ਪ੍ਰਾਣੀ ਅਸਾਧਯ (ਬਿਨਾਂ ਸਾਧਨਾਂ ਤੋਂ) ਨਹੀਂ ਹੈ। ਡੂੰਘੇ ਤੋਂ ਡੂੰਘੇ ਪਾਪ ਵਿੱਚ ਪਿਆ ਹੋਇਆ, ਘਣੇ ਤੋਂ ਘਣੇ ਹਨੇਰੇ ਵਿੱਚ ਪਿਆ ਹੋਇਆ ਵੀ ਅਸਾਧਯ ਨਹੀਂ ਹੈ। ਧਾਰਮਿਕ ਅਰਥਾਂ ਵਿੱਚ ਤੁਸੀਂ ਏਨੀ ਦੂਰ ਜਾ ਹੀ ਨਹੀਂ ਸਕਦੇ, ਜਿਥੋਂ ਮੁੜਣਾ ਮੁਸ਼ਕਿਲ ਹੋ ਜਾਏ। ਕਿਉਂਕਿ ਜਿੱਥੇ ਵੀ ਤੁਸੀਂ ਜਾਓਗੇ, ਉਹ ਮੌਜੂਦ ਹੈ। ਜਿੰਨੀ ਦੂਰ ਵੀ ਜਾਓਗੇ, ਉਹ ਹੀ ਤੁਹਾਨੂੰ ਲੈ ਜਾਏਗਾ। ਉਸਦੇ ਸਹਾਰੇ ਹੀ ਤੁਸੀਂ ਦੂਰ ਵੀ ਜਾਓਗੇ। ਪਾਪ ਵੀ ਕਰੋਗੇ, ਉਸ ਦਾ ਹੀ ਸਹਾਰਾ ਚਾਹੀਦਾ। ਕਿਉਂਕਿ ਪਾਪੀ ਵਿੱਚ ਵੀ ਉਹ ਹੀ ਸਾਹ ਲੈ ਰਿਹਾ ਹੈ। ਪਾਪੀ ਦੇ ਹਿਰਦੇ ਵਿੱਚ ਵੀ ਉਹ ਹੀ ਧੜਕ ਰਿਹਾ ਹੈ। ਅਸੀਂ ਦੂਰ ਜਾ ਸਕਦੇ ਹਾਂ, ਵਿਸਮਰਣ ਕਰ ਸਕਦੇ ਹਾਂ, ਪਰ ਪਰਮਾਤਮਾ ਨੂੰ ਗੁਆ ਦੇਣ ਦਾ ਕੋਈ ਉਪਾਅ ਨਹੀਂ।

ਤਾਂ ਤੁਸੀਂ ਜਦ ਪੁੱਛਦੇ ਹੋ ਕਿ ਪਰਮਾਤਮਾ ਨੂੰ ਕਿਵੇਂ ਲੱਭੀਏ? ਤੁਹਾਡਾ ਸਵਾਲ ਠੀਕ ਨਹੀਂ ਹੈ, ਕਿਉਂਕਿ ਤੁਸੀਂ ਉਸਨੂੰ ਗੁਆਇਆ ਨਹੀਂ। ਤੁਸੀਂ ਚਾਹੋ ਤਾਂ ਵੀ ਉਸ ਨੂੰ ਗੁਆ ਨਹੀਂ ਸਕਦੇ। ਕਿਉਂਕਿ ਉਹ ਤੁਹਾਡਾ ਸੁਭਾਅ ਹੈ, ਉਹ ਤੁਸੀਂ ਹੀ ਹੋ, ਤੁਸੀਂ ਉਸ ਨੂੰ ਗੁਆਓਗੇ ਕਿਵੇਂ? ਉਹ ਤੁਹਾਡੇ ਕੋਲੋਂ ਵੱਖਰਾ ਹੁੰਦਾ, ਤਾਂ ਗੁਆ ਦਿੰਦੇ। ਕਿਤੇ ਭੁੱਲ ਆਉਂਦੇ, ਕਿਤੇ ਰੱਖ ਆਉਂਦੇ। ਤੁਸੀਂ ਭੁੱਲ ਕੇ ਵੀ ਉਸ ਨੂੰ ਕਿਤੇ ਰੱਖ ਕੇ ਨਹੀਂ ਆ ਸਕਦੇ, ਕਿਉਂਕਿ ਉਹ ਤੁਸੀਂ ਹੀ ਹੋ। ਤੁਸੀਂ ਉਸ ਨੂੰ ਭੁੱਲ ਨਹੀਂ ਸਕਦੇ। ਤੁਸੀਂ ਉਸ ਨੂੰ ਗੁਆ ਨਹੀਂ ਸਕਦੇ। ਫ਼ਿਰ ਕੀ ਹੋ ਜਾਂਦਾ ਹੈ? ਤੁਸੀਂ ਕੇਵਲ ਵਿਸਮਰਣ ਕਰ ਸਕਦੇ ਹੋ। ਆਪਣੇ ਆਪ ਨੂੰ ਵੀ ਭੁੱਲਣ ਦਾ ਉਪਾਅ ਹੈ। ਆਪਣੇ ਆਪ ਨੂੰ ਵੀ ਆਦਮੀ ਭੁੱਲ ਸਕਦਾ ਹੈ। ਸੁਭਾਅ ਨੂੰ ਭੁੱਲ ਸਕਦਾ ਹੈ। ਫ਼ਿਰ ਵੀ ਸੁਭਾਅ ਅੰਦਰ ਮੌਜੂਦ ਰਹੇਗਾ।

ਮੇਰੇ ਇੱਕ ਮਿੱਤਰ ਹਨ, ਵਕੀਲ ਹਨ। ਭੁਲੱਕੜ, ਬਹੁਤ ਹੀ ਭੁਲੱਕੜ ਸੁਭਾਅ ਦੇ ਹਨ। ਕੁਝ ਵੀ ਭੁੱਲ ਜਾਂਦੇ ਹਨ। ਅਦਾਲਤ ਵਿੱਚ ਕਿਹੜੇ ਪੱਖ ਵਲੋਂ ਬੋਲ ਰਹੇ ਹਨ, ਇਹ ਵੀ ਭੁੱਲ ਜਾਂਦੇ ਹਨ। ਪਰ ਵੱਡੇ ਵਕੀਲ ਹਨ। ਸੋ ਇੱਕ ਵਾਰ ਦੂਜੇ ਸ਼ਹਿਰ ਕਿਸੇ ਅਦਾਲਤ, ਕਿਸੇ ਮਾਮਲੇ ਦੇ ਲਈ ਗਏ। ਉਥੇ ਜਾ ਕੇ ਉਹ ਮੁਅੱਕਿਲ ਦਾ ਨਾਮ ਭੁੱਲ ਗਏ। ਤਾਂ ਸਟੇਸ਼ਨ ਤੋਂ ਉਨ੍ਹਾਂ ਨੇ ਆਪਣੇ ਮੁਨਸ਼ੀ ਨੂੰ ਤਾਰ ਦਿੱਤੀ ਕਿ ਨਾਮ ਕੀ ਹੈ? ਤਾਂ

ਮੁਨਸ਼ੀ ਨੇ ਤਾਰ ਦਿੱਤੀ ਤੇ ਉਨ੍ਹਾਂ ਦਾ ਹੀ ਨਾਉਂ ਲਿੱਖ ਭੇਜਿਆ, ਲੱਛਮੀ-ਨਾਰਾਇਣ। ਮੁਨਸ਼ੀ ਸਮਝਿਆ ਕਿ ਸ਼ਾਇਦ ਆਪਣਾ ਹੀ ਨਾਮ ਭੁੱਲ ਗਏ।

ਆਪਣੇ ਆਪ ਨੂੰ ਵੀ ਭੁੱਲਣ ਦੀ ਸੰਭਾਵਨਾ ਹੈ। ਤੁਸੀਂ ਸਾਰੇ ਉਸ ਦੇ ਸਬੂਤ ਹੋ। ਸਾਰਾ ਸੰਸਾਰ ਉਸਦਾ ਪ੍ਰਮਾਣ ਹੈ ਕਿ ਆਪਣੇ ਆਪ ਨੂੰ ਭੁੱਲਣ ਦੀ ਸੰਭਾਵਨਾ ਹੈ ਅਤੇ ਭੁੱਲਣ ਦਾ ਉਪਾਅ ਕੀ ਹੈ? ਜਿਹੜਾ ਭੁੱਲਣ ਦਾ ਉਪਾਅ ਹੈ, ਉਹ ਹੀ ਯਾਦਦਾਸ਼ਤ ਦਾ ਉਪਾਅ ਹੋਏਗਾ। ਜਿਸ ਢੰਗ ਨਾਲ ਭੁੱਲੇ ਹੋ, ਉਸੇ ਨਾਲ ਯਾਦ ਆਏਗੀ। ਭੁੱਲਣ ਦਾ ਉਪਾਅ ਕੀ ਹੈ? ਭੁੱਲਣ ਦਾ ਉਪਾਅ ਹੈ ਤੁਹਾਡਾ ਧਿਆਨ, ਚੀਜ਼ਾਂ ਉਤੇ ਬਹੁਤ ਜ਼ਿਆਦਾ ਅਟਕ ਜਾਏ ਤਾਂ ਤੁਸੀਂ ਆਪਣੇ ਆਪ ਨੂੰ ਭੁੱਲ ਜਾਓਗੇ, ਕਿਉਂਕਿ ਧਿਆਨ ਨਾਲ ਹੀ ਸਮਰਣ ਆਉਂਦਾ ਹੈ, ਧਿਆਨ ਨਾਲ ਹੀ ਵਿਸਮਰਣ ਹੁੰਦਾ ਹੈ। ਜਿਸ ਪਾਸੇ ਤੁਸੀਂ ਧਿਆਨ ਦਿੰਦੇ ਹੋ, ਉਸ ਦੀ ਯਾਦ ਆ ਜਾਂਦੀ ਹੈ। ਜਿਸ ਪਾਸੇ ਵਲੋਂ ਧਿਆਨ ਹਟ ਜਾਂਦਾ ਹੈ। ਉਸਦੀ ਯਾਦ ਗੁਆਚ ਜਾਂਦੀ ਹੈ। ਜਦ ਤੁਸੀਂ ਕਿਸੇ ਚੀਜ਼ ਦੇ ਪਿੱਛੇ ਲੱਗ ਜਾਂਦੇ ਹੋ, ਜਦ ਤੁਹਾਡਾ ਧਿਆਨ ਚੀਜ਼ ਵੱਲ ਜਾਂਦਾ ਹੈ ਅਤੇ ਧਿਆਨ ਦੇ ਪਿੱਛੇ ਹਨੇਰਾ ਹੋ ਜਾਂਦਾ ਹੈ— ਦੀਵੇ ਤਲੇ ਹਨੇਰਾ। ਤੁਸੀਂ ਸੰਸਾਰ ਨੂੰ ਵੇਖਣ ਲੱਗਦੇ ਹੋ ਅਤੇ ਆਪਣੇ ਆਪ ਨੂੰ ਭੁੱਲ ਜਾਂਦੇ ਹੋ। ਵੇਖਣ ਵਿੱਚ ਦੇਨੇ ਲੀਨ ਹੋ ਜਾਂਦੇ ਹੋ, ਇਸ ਲਈ ਆਪਣੇ ਆਪ ਨੂੰ ਭੁੱਲ ਜਾਂਦੇ ਹੋ। ਜਾਗਣ ਦਾ ਇੱਕ ਹੀ ਉਪਾਅ ਹੈ ਕਿ ਵੇਖਣ ਦੀ ਲੀਨਤਾ ਨੂੰ ਤੋੜੋ। ਵੇਖਦੇ ਸਮੇਂ ਵੀ ਯਾਦ ਰੱਖੋ ਕਿ ਮੈਂ ਵੇਖ ਰਿਹਾ ਹਾਂ। ਵੇਖਦੇ ਵੇਲੇ ਵੀ ਵੇਖਣ ਵਾਲੇ ਨੂੰ ਨਾ ਭੁੱਲੋ। ਨਜ਼ਾਰਾ ਕਿੰਨਾ ਹੀ ਸੋਹਣਾ ਹੋਵੇ, ਤੁਸੀਂ ਝੰਜੋੜ ਕੇ ਆਪਣੇ ਆਪ ਨੂੰ ਯਾਦ ਰੱਖੋ। ਨਜ਼ਾਰਾ ਕਿੰਨਾ ਹੀ ਮਨਮੋਹਣਾ ਹੋਵੇ, ਨਜ਼ਾਰਾ ਕਿੰਨਾ ਹੀ ਤੁਹਾਨੂੰ ਪਕੜ ਵਿੱਚ ਲੈਣ ਵਾਲਾ ਹੋਵੇ ਤਾਂ ਵੀ ਤੁਸੀਂ ਆਪਣੇ ਨੂੰ ਝੰਜੋੜ ਕੇ ਯਾਦ ਰੱਖੋ।

ਲੇਕਿਨ ਅਸਲ ਵਿੱਚ ਤਾਂ ਤੁਸੀਂ ਭੁੱਲੋਗੇ ਹੀ। ਤੁਸੀਂ ਤਾਂ ਇੱਕ ਫਿਲਮ ਵੀ ਵੇਖਦੇ ਹੋ, ਤਾਂ ਵੀ ਆਪਣੇ ਆਪ ਨੂੰ ਭੁੱਲ ਜਾਂਦੇ ਹੋ। ਤੁਸੀਂ ਭੁੱਲ ਹੀ ਜਾਂਦੇ ਹੋ ਕਿ ਇਹ ਪਰਦਾ ਹੈ। ਤੁਸੀਂ ਭੁੱਲ ਹੀ ਜਾਂਦੇ ਹੋ ਕਿ ਇਹ ਧੁੱਪ-ਛਾਂ ਦੀ ਖੇਡ ਹੈ। ਉਥੇ ਵੀ ਲੋਕ ਰੋਂਦੇ ਹਨ, ਅੱਥਰੂ ਵੱਗਦੇ ਹਨ, ਉਥੇ ਵੀ ਲੋਕ ਹੱਸਦੇ ਹਨ। ਉਥੇ ਵੀ ਲੋਕ ਉਦਾਸ ਹੋ ਜਾਂਦੇ ਹਨ। ਉਦਾਸ ਚਿੱਤ੍ਰ ਹੋਵੇ, ਕੋਈ ਟ੍ਰੈਜਡੀ ਹੋਵੇ, ਤਾਂ ਤੁਸੀਂ ਹਾਲ ਤੋਂ ਬਾਹਰ ਆਉਂਦੇ ਲੋਕਾਂ ਨੂੰ ਵੇਖੋ। ਜਿਵੇਂ ਕੋਈ ਮਰ ਗਿਆ ਹੈ, ਵੱਡਾ ਮਾਤਮ ਹੈ। ਫਿਲਮ ਜੇਕਰ ਬਹੁਤ ਸਨਸਨੀਖੇਜ਼ ਹੋਵੇ, ਤਾਂ ਤੁਸੀਂ ਹਾਲ 'ਚ ਬੈਠੇ ਲੋਕਾਂ ਨੂੰ ਵੇਖੋ, ਲੋਕ ਉੱਠ ਉੱਠ ਕੇ ਸਜਗ ਹੋ ਜਾਂਦੇ ਹਨ, ਰੀੜ੍ਹ ਸਿੱਧੀ ਕਰ ਲੈਂਦੇ ਹਨ। ਫਿਰ ਆਰਾਮ ਕਰਨ ਲੱਗਦੇ ਹਨ। ਭੁੱਲ ਹੀ ਜਾਂਦੇ ਹਨ ਕਿ ਸਾਹਮਣੇ ਕੇਵਲ ਪਰਦਾ ਹੈ ਅਤੇ ਧੁੱਪ-ਛਾਂ ਦੀ ਖੇਡ ਹੈ ਅਤੇ ਅਜਿਹਾ ਨਹੀਂ ਕਿ ਛੋਟੇ-ਛੋਟੇ ਲੋਕ ਭੁੱਲ ਜਾਂਦੇ ਹਨ ਕਿ ਨਾ ਸਮਝ ਭੁੱਲ ਜਾਂਦੇ ਹਨ, ਵੱਡੇ ਸਮਝਦਾਰ

ਵੀ ਭੁੱਲ ਜਾਂਦੇ ਹਨ।

ਈਸ਼ਵਰ-ਚੰਦਰ ਦੇ ਜੀਵਨ ਵਿੱਚ ਇੱਕ ਉਲੇਖ ਹੈ। ਵੱਡੇ ਵਿਦਵਾਨ ਸਨ। ਵਿਦਿਆ ਸਾਗਰ ਦੀ ਉਨ੍ਹਾਂ ਨੂੰ ਉਪਾਧੀ ਮਿਲੀ ਹੋਈ ਸੀ। ਉਹ ਇੱਕ ਨਾਟਕ ਵੇਖਣ ਗਏ ਹੋਏ ਸਨ ਅਤੇ ਉਸ ਨਾਟਕ ਵਿੱਚ ਇੱਕ ਆਦਮੀ ਹੈ, ਜਿਹੜਾ ਵਿਭਚਾਰੀ ਹੈ, ਪਾਪੀ ਹੈ, ਚੋਰ ਹੈ, ਗੁੰਡਾ ਹੈ, ਲਫੰਗਾ ਹੈ, ਉਹ ਹਰ ਤਰ੍ਹਾਂ ਨਾਲ ਲੋਕਾਂ ਨੂੰ ਸਤਾ ਰਿਹਾ ਹੈ ਅਤੇ ਅਖ਼ੀਰ 'ਚ ਉਸ ਨੇ ਇੱਕ ਇਸਤ੍ਰੀ ਨੂੰ, ਰਾਤ ਦੇ ਹਨੇਰੇ ਵਿੱਚ ਇੱਕ ਜੰਗਲ ਵਿੱਚ ਫੜ ਲਿਆ ਹੈ। ਈਸ਼ਵਰ ਚੰਦਰ ਸਾਹਮਣੇ ਹੀ ਬੈਠੇ ਸਨ। ਪ੍ਰਸਿੱਧ ਵਿਦਵਾਨ ਸਨ। ਸਨਮਾਨ ਸਤਿਕਾਰ ਵਾਲੇ ਮਹਿਮਾਨ ਦੇ ਵਾਂਗ ਆਏ ਸੀ। ਉਨ੍ਹਾਂ ਨੂੰ ਏਨਾ ਗੁੱਸਾ ਚੜ੍ਹ ਗਿਆ ਕਿ ਉਹ ਇਹ ਭੁੱਲ ਹੀ ਗਏ ਕਿ ਇਹ ਨਾਟਕ ਹੈ। ਛਾਲ ਮਾਰ ਕੇ ਮੰਚ ਉਤੇ ਚੜ੍ਹ ਗਏ, ਜੁੱਤੀ ਖੋਲ੍ਹ ਕੇ ਉਸ ਦੀ ਠੁਕਾਈ ਕਰ ਦਿੱਤੀ।

ਉਹ ਆਦਮੀ ਵਿਦਿਆ ਸਾਗਰ ਤੋਂ ਬਹੁਤਾ ਸਮਝਦਾਰ ਸਾਬਿਤ ਹੋਇਆ। ਉਸ ਨੇ ਜੁੱਤੀ ਲੈ ਲਈ ਅਤੇ ਕਿਹਾ ਕਿ ਹੁਣ ਜੁੱਤੀ ਮੋੜਾਂਗਾ ਨਹੀਂ, ਕਿਉਂਕਿ ਇਹ ਮੇਰਾ ਸਭ ਤੋਂ ਵੱਡਾ ਇਨਾਮ ਹੈ। ਮੇਰੀ ਅਦਾਕਾਰੀ ਤੋਂ ਏਨਾ ਪ੍ਰਭਾਵਿਤ ਕਦੇ ਵੀ ਕੋਈ ਨਹੀਂ ਹੋਇਆ ਸੀ। ਇਹ ਜੁੱਤੀ ਮੈਂ ਤੁਹਾਨੂੰ ਨਹੀਂ ਦੇਵਾਂਗਾ। ਜੁੱਤੀ ਉਸ ਨੇ ਨਹੀਂ ਮੋੜੀ। ਵਿਦਿਆ ਸਾਗਰ ਬਹੁਤ ਪਛਤਾਏ ਕਿ ਇਹ ਕਿਹੋ ਜਿਹੀ ਭੁੱਲ ਹੋ ਗਈ।

ਪਰ ਜੇਕਰ ਧਿਆਨ ਬਹੁਤ ਲੱਗ ਜਾਏ ਤਾਂ ਇਹੋ ਜਿਹੀਆਂ ਭੁੱਲਾਂ ਰੋਜ਼ ਹੋ ਰਹੀਆਂ ਹਨ, ਵੇਖਦੇ-ਵੇਖਦੇ ਦ੍ਰਸ਼ਟਾ ਭੁੱਲ ਹੀ ਜਾਂਦਾ ਹੈ। ਨਜ਼ਾਰਾ ਸਭ ਕੁਝ ਹੋ ਜਾਂਦਾ ਹੈ ਅਤੇ ਜਦ ਨਜ਼ਾਰਾ ਸਭ ਕੁਝ ਹੋ ਜਾਂਦਾ ਹੈ, ਤਦ ਤੁਸੀਂ ਮਰਿੱਗ-ਮਰੀਚਕਾ ਵਿੱਚ ਚੱਲੇ। ਹੁਣ ਤੁਸੀਂ ਭਟਕੇ ਅਤੇ ਇਹ ਆਦਤ ਜੇਕਰ ਮਜ਼ਬੂਤ ਹੋ ਜਾਏ ਤਾਂ ਜੋ ਵੀ ਤੁਸੀਂ ਵੇਖੋਗੇ ਉਹ ਵੀ ਸੱਚ ਹੋ ਜਾਏਗਾ।

ਇਸ ਲਈ ਤਾਂ ਰਾਤ ਵਿੱਚ ਸੁਫ਼ਨਾ ਵੀ ਸੱਚ ਜਾਪਦਾ ਹੈ ਕਿਉਂਕਿ ਇਹ ਆਦਤ ਬਹੁਤ ਮਜ਼ਬੂਤ ਹੋ ਗਈ ਹੈ। ਜੋ ਵੀ ਵਿਖਾਈ ਦਿੰਦਾ ਹੈ, ਉਹ ਹੀ ਸੱਚ ਹੈ। ਤਾਂ ਰਾਤ ਤੁਸੀਂ ਸੁਫ਼ਨਾ ਵੇਖਦੇ ਹੋ, ਰੋਜ਼ ਤੁਸੀ ਵੇਖਦੇ ਹੋ ਤੇ ਸਵੇਰੇ ਉੱਠ ਕੇ ਜਾਣਦੇ ਹੋ, ਕਿ ਝੂਠ ਸੀ। ਫੇਰ ਤੁਸੀਂ ਵੇਖੋਗੇ ਫੇਰ ਭੁੱਲ ਜਾਓਗੇ ਅਤੇ ਰਾਤ ਜਦ ਸੁਫ਼ਨਾ ਵੇਖਦੇ ਹੋ ਤਾਂ ਬਿਲਕੁਲ ਸੱਚ ਹੋ ਜਾਂਦਾ ਹੈ। ਜੇਕਰ ਸੁਫ਼ਨੇ ਵਿੱਚ ਤੁਹਾਨੂੰ ਕੋਈ ਮਾਰ ਸੁੱਟਦਾ ਹੈ, ਤਾਂ ਤੁਸੀਂ ਚੀਖਦੇ ਹੋ। ਸੁਫ਼ਨਾ ਟੁੱਟ ਜਾਂਦਾ ਹੈ, ਪਰ ਤਦ ਵੀ ਥੋੜ੍ਹੀ ਦੇਰ ਤੱਕ ਛਾਤੀ ਧੜਕਦੀ ਰਹਿੰਦੀ ਹੈ। ਸੁਫ਼ਨੇ ਵਿੱਚ ਕੋਈ ਮਰ ਗਿਆ ਹੈ ਤਾਂ ਤੁਸੀਂ ਰੋਂਦੇ ਹੋ। ਸਵੇਰੇ ਉੱਠ ਕੇ ਵੇਖਦੇ ਹੋ ਕਿ ਅੱਥਰੂ ਵਗੇ ਹੋਣਗੇ, ਕਿਉਂਕਿ ਸਿਰਹਾਣਾ ਗਿੱਲਾ ਹੈ ਅਤੇ ਤੁਸੀਂ ਕਿੰਨੀ ਵਾਰੀ ਸੁਫ਼ਨਾ ਵੇਖਿਆ ਅਤੇ ਹਰ ਵਾਰੀ ਸਵੇਰੇ ਤੁਸੀਂ ਵੇਖਿਆ ਕਿ ਸੁਫ਼ਨਾ ਝੂਠਾ ਹੈ।

ਸੁਫ਼ਨਾ ਸੁਫ਼ਨਾ ਹੈ। ਪਰ ਦਸ ਬਾਰਾਂ ਘੰਟਿਆਂ ਮਗਰੋਂ ਫੇਰ ਭੁੱਲ ਹੋ ਜਾਂਦੀ ਹੈ। ਕੀ ਕਾਰਣ ਹੋਏਗਾ ਕਿ ਸੁਫ਼ਨਾ ਸੱਚ ਪ੍ਰਤੀਤ ਹੁੰਦਾ ਹੈ? ਏਨੀ ਵਾਰੀ ਵੇਖਣ ਮਗਰੋਂ ਵੀ ਸੁਫ਼ਨਾ ਸੱਚ ਪ੍ਰਤੀਤ ਹੁੰਦਾ ਹੈ। ਕੀ ਕਾਰਣ ਹੈ? ਕਿਉਂਕਿ ਤੁਸੀਂ ਜੋ ਵੀ ਵੇਖਦੇ ਹੋ, ਉਸ ਨੂੰ ਤੁਸੀਂ ਸੱਚ ਮੰਨਣ ਦੀ ਆਦਤ ਬਣਾ ਲਈ ਹੈ। ਜਦ ਤੱਕ ਇਹ ਆਦਤ ਨਾ ਟੁੱਟੇ, ਤਦ ਤੱਕ ਬਹੁਤ ਔਖਿਆਈ ਹੋਵੇਗੀ।

ਤੰਤਰ ਵਿੱਚ ਇੱਕ ਬਹੁਤ ਪੁਰਾਣੀ ਪ੍ਰਕ੍ਰਿਆ ਹੈ ਅਤੇ ਉਹ ਪ੍ਰਕ੍ਰਿਆ ਇਹ ਹੈ ਕਿ ਤੁਸੀਂ ਜਦ ਤੱਕ ਸੁਫ਼ਨੇ ਵਿੱਚ ਇਹ ਨਾ ਜਾਣ ਲਓ ਕਿ ਸੁਫ਼ਨਾ ਝੂਠ ਹੈ, ਤਦ ਤੱਕ ਤੁਸੀਂ ਸੰਸਾਰ ਨੂੰ ਝੂਠਾ ਨਹੀਂ ਜਾਣ ਸਕੋਗੇ। ਇਹ ਉਲਟ ਹੋਇਆ। ਹੁਣੇ ਤੁਸੀਂ ਸੰਸਾਰ ਨੂੰ ਸੱਚ ਮੰਨਿਆ ਹੈ, ਇਸ ਲਈ ਸੁਫ਼ਨਾ ਵੀ ਸੱਚ ਪ੍ਰਤੀਤ ਹੁੰਦਾ ਹੈ। ਤੰਤਰ ਕਹਿੰਦਾ ਹੈ, ਸੁਫ਼ਨੇ ਵਿੱਚ ਤੁਸੀਂ ਜਦ ਤੱਕ ਨਾ ਜਾਣ ਲਵੋ ਕਿ ਸੁਫ਼ਨਾ ਝੂਠਾ ਹੈ, ਤਦ ਤੱਕ ਤੁਸੀਂ ਸੰਸਾਰ ਨੂੰ ਮਾਇਆ ਨਹੀਂ ਸਮਝ ਸਕੋਗੇ ਅਤੇ ਤੰਤਰ ਨੇ ਵੱਡੀਆਂ ਮਹੀਨ ਵਿਧੀਆਂ ਵਿਕਸਿਤ ਕੀਤੀਆਂ ਹਨ, ਸੁਫ਼ਨਿਆਂ ਨੂੰ ਕਿਵੇਂ ਜਾਨਣਾ?

ਤੁਸੀਂ ਜ਼ਰਾ ਪ੍ਰਯੋਗ ਕਰਨਾ। ਕੁਝ ਵੀ ਇੱਕ ਗੱਲ ਤੈਅ ਕਰ ਲਓ। ਰਾਤ ਸੌਣ ਵੇਲੇ ਉਸ ਨੂੰ ਪੱਕਾ ਕਰੀ ਜਾਓ। ਇਹ ਤੈਅ ਕਰ ਲਵੋ ਕਿ ਜਦੋਂ ਵੀ ਮੈਨੂੰ ਸੁਫ਼ਨਾ ਆਵੇਗਾ, ਤਦ ਮੈਂ ਆਪਣਾ ਖੱਬਾ ਹੱਥ ਉਪਰ ਉਠਾ ਦਿਆਂਗਾ। ਜਾਂ ਆਪਣੀ ਹਥੇਲੀ ਨੂੰ ਆਪਣੀ ਅੱਖ ਦੇ ਸਾਹਮਣੇ ਲੈ ਆਵਾਂਗਾ — ਸੁਫ਼ਨੇ ਵਿੱਚ। ਇਸ ਨੂੰ ਰੋਜ਼ ਯਾਦ ਕਰਦੇ ਹੋਏ ਸੌਵੋਂ। ਇਸ ਦੀ ਗੂੰਜ ਤੁਹਾਡੇ ਅੰਦਰ ਹੁੰਦੀ ਹੀ ਰਹੇ। ਕੋਈ ਤਿੰਨ ਮਹੀਨੇ ਲੱਗਣਗੇ। ਜੇਕਰ ਤੁਸੀਂ ਉਸ ਨੂੰ ਰੋਜ਼ ਦੁਹਰਾਉਂਦੇ ਰਹੇ, ਤਾਂ ਤਿੰਨ ਮਹੀਨਿਆਂ ਦੇ ਅੰਦਰ ਜਾਂ ਤਿੰਨ ਮਹੀਨਿਆਂ ਦੇ ਨੇੜੇ- ਤੇੜੇ ਇੱਕ ਦਿਨ ਅਚਾਨਕ ਤੁਸੀਂ ਸੁਫ਼ਨੇ ਵਿੱਚ ਪਾਓਗੇ ਕਿ ਉਹ ਯਾਦਦਾਸ਼ਤ ਏਨੀ ਡੂੰਘੀ ਹੋ ਗਈ ਹੈ, ਅਚੇਤਨ ਵਿੱਚ ਉਤਰ ਗਈ, ਕਿ ਜਿਵੇਂ ਹੀ ਸੁਫ਼ਨਾ ਚਾਲੂ ਹੁੰਦਾ ਹੈ, ਤੁਹਾਡੀ ਹਥੇਲੀ ਸਾਹਮਣੇ ਆ ਜਾਂਦੀ ਹੈ ਅਤੇ ਜਿਵੇਂ ਹੀ ਹਥੇਲੀ ਸਾਹਮਣੇ ਆਈ, ਤੁਹਾਨੂੰ ਸਮਝ ਵਿੱਚ ਆ ਜਾਏਗਾ, ਇਹ ਸੁਫ਼ਨਾ ਹੈ। ਕਿਉਂਕਿ ਉਹ ਦੋਵੇਂ ਇਕੱਠੇ ਹਨ। ਸੁਫ਼ਨੇ ਵਿੱਚ ਹਥੇਲੀ ਸਾਹਮਣੇ ਆ ਜਾਏ।

ਤੰਤਰ ਵਿੱਚ ਇੱਕ ਪ੍ਰਕ੍ਰਿਆ ਹੈ ਕਿ ਸੁਫ਼ਨੇ ਵਿੱਚ ਤੁਸੀਂ ਜੋ ਵੀ ਵੇਖੋ, ਜੇਕਰ ਤੁਸੀ ਇੱਕ ਰਾਹ ਤੋਂ ਲੰਘ ਰਹੇ ਹੋ, ਬਾਜ਼ਾਰ ਭਰਿਆ ਹੈ, ਦੁਕਾਨਾਂ ਲੱਗੀਆਂ ਹਨ, ਤਾਂ ਤੁਸੀਂ ਕਿਸੇ ਵੀ ਇੱਕ ਚੀਜ਼ ਨੂੰ ਧਿਆਨ ਨਾਲ ਵੇਖੋ, ਦੁਕਾਨ ਨੂੰ ਧਿਆਨ ਨਾਲ ਵੇਖੋ ਅਤੇ ਤੁਸੀਂ ਹੈਰਾਨ ਹੋਵੋਗੇ ਕਿ ਜਿਵੇਂ ਹੀ ਤੁਸੀਂ ਧਿਆਨ ਦਿੰਦੇ ਹੋ, ਦੁਕਾਨ ਗੁਆਚ ਜਾਂਦੀ ਹੈ, ਕਿਉਂਕਿ ਹੈ ਤਾਂ ਨਹੀਂ ਸੁਫ਼ਨਾ ਹੈ। ਫ਼ਿਰ ਤੁਸੀਂ ਹੋਰ ਚੀਜ਼ਾਂ ਧਿਆਨ ਨਾਲ ਵੇਖੋ। ਰਾਹ ਤੋਂ ਲੋਕ ਲੰਘ ਰਹੇ ਹਨ। ਜੋ ਵੀ ਵਿਖਾਈ ਪਏ, ਉਸ ਨੂੰ ਗੌਰ ਨਾਲ ਵੇਖਦੇ ਰਹੋ,

ਇੱਕ ਟੱਕ। ਤੁਸੀਂ ਦੇਖੋਗੇ, ਉਹ ਗੁਆਚ ਗਿਆ। ਜੇਕਰ ਤੁਸੀਂ ਸੁਫ਼ਨੇ ਨੂੰ ਪੂਰਾ ਗੌਰ ਨਾਲ ਵੇਖ ਲਵੋ, ਤੁਸੀਂ ਦੇਖੋਗੇ ਸੁਫ਼ਨਾ ਗੁਆਚ ਗਿਆ। ਜਿਵੇਂ ਹੀ ਸੁਫ਼ਨਾ ਗੁੰਮ ਹੁੰਦਾ ਹੈ, ਨੀਂਦ ਵਿੱਚ ਵੀ ਧਿਆਨ ਲੱਗ ਗਿਆ। ਸਮਾਧੀ ਆ ਗਈ।

ਸੁਫ਼ਨੇ ਤੋਂ ਸ਼ੁਰੂ ਕਰੋ ਕੋਈ ਜਾਗਣਾ, ਤਾਂ ਇਹ ਸਾਰਾ ਸੰਸਾਰ ਸੁਫ਼ਨਾ ਪ੍ਰਤੀਤ ਹੋਏਗਾ। ਇਹ ਖੁੱਲ੍ਹੀ ਅੱਖ ਦਾ ਸੁਫ਼ਨਾ ਹੈ। ਪਰ ਸਾਡੀ ਆਦਤ ਡੂੰਘੀ ਹੈ। ਨਜ਼ਾਰੇ ਵਿੱਚ ਹੀ ਅਸੀਂ ਗੁਆਚ ਜਾਂਦੇ ਹਾਂ ਅਤੇ ਜਦ ਨਜ਼ਾਰੇ ਵਿੱਚ ਗੁਆਚ ਜਾਂਦੇ ਹਾਂ ਤਾਂ ਵੇਖਣ ਵਾਲਾ ਵੀ ਗੁਆਚ ਜਾਂਦਾ ਹੈ। ਸਾਡੀ ਚੇਤਨਾ ਦਾ ਤੀਰ ਇੱਕ-ਤਰਫ਼ਾ ਹੈ।

ਗੁਰਜ਼ਿਏਫ਼ ਆਪਣੇ ਚੇਲਿਆਂ ਨੂੰ ਆਖਦਾ ਸੀ ਕਿ ਜਿਸ ਦਿਨ ਤੁਹਾਡੀ ਚੇਤਨਾ ਦਾ ਤੀਰ ਦੋ ਤਰਫ਼ਾ ਹੋ ਜਾਏਗਾ, ਤੀਰ ਵਿੱਚ ਦੋਵੇਂ ਪਾਸੇ ਫਲ਼ ਲੱਗ ਜਾਣਗੇ, ਉਸੇ ਦਿਨ ਤੁਸੀ ਸਿੱਧ ਹੋ ਜਾਓਗੇ। ਤਾਂ ਸਾਰੀ ਕੋਸ਼ਿਸ਼ ਗੁਰਜ਼ਿਏਫ਼ ਕਰਵਾਉਂਦਾ ਸੀ ਕਿ ਜਦ ਤੁਸੀਂ ਕਿਸੇ ਨੂੰ ਵੇਖੋ ਤਦ ਉਸ ਨੂੰ ਵੀ ਵੇਖੋ, ਅਤੇ ਆਪਣੇ ਆਪ ਨੂੰ ਵੇਖਣ ਦੀ ਵੀ ਕੋਸ਼ਿਸ਼ ਜਾਰੀ ਰੱਖੋ ਕਿ ਮੈਂ ਵੇਖ ਰਿਹਾ ਹਾਂ, ਮੈਂ ਦ੍ਰਿਸ਼ਟਾ ਹਾਂ। ਤਾਂ ਤੁਸੀ ਤੀਰ ਵਿੱਚ ਇੱਕ ਨਵਾਂ ਫਲ਼ ਪੈਦਾ ਕਰ ਰਹੇ ਹੋ। ਤੀਰ ਤੁਹਾਡੇ ਵੱਲ ਵੀ ਤੇ ਦੂਜੇ ਵੱਲ ਵੀ।

ਮੈਨੂੰ ਤੁਸੀਂ ਸੁਣ ਰਹੇ ਹੋ, ਸੁਣਦੇ ਸਮੇਂ ਤੁਸੀਂ ਮੇਰੇ ਵਿੱਚ ਗੁਆਚ ਜਾਓਗੇ। ਤੁਸੀਂ ਸੁਣਨ ਵਾਲੇ ਨੂੰ ਭੁੱਲ ਹੀ ਜਾਓਗੇ। ਤੁਸੀਂ ਸੁਣਨ ਵਾਲੇ ਨੂੰ ਭੁੱਲ ਗਏ, ਤਾਂ ਭੁੱਲ ਹੋ ਗਈ। ਸੁਣਦੇ ਵੇਲੇ ਸੁਣਨ ਵਾਲਾ ਵੀ ਚੇਤੇ ਰਹੇ। ਸੋ ਮੈਂ ਏਥੇ ਬੋਲ ਰਿਹਾ ਹਾਂ ਤੁਸੀਂ ਸੁਣ ਰਹੇ ਹੋ ਅਤੇ ਤੁਸੀਂ ਇਹ ਵੀ ਜਾਣ ਰਹੇ ਹੋ ਕਿ ਮੈਂ ਸੁਣ ਰਿਹਾ ਹਾਂ, ਤਦ ਤੁਸੀਂ ਸੁਣਨ ਵਾਲੇ ਤੋਂ ਪਾਰ ਹੋ ਗਏ। ਇੱਕ **Transcendence** ਹੋ ਗਿਆ। ਸਾਖਸ਼ੀ ਦਾ ਜਨਮ ਹੋਇਆ।

ਅਤੇ ਜਿਵੇਂ ਹੀ ਸਾਖਸ਼ੀ ਪੈਦਾ ਹੁੰਦਾ ਹੈ, ਉਸੇ ਤਰ੍ਹਾਂ ਮਨੁੱਖ ਅਨੇਕ ਤੋਂ ਤਿੰਨ ਵਿੱਚ ਆ ਗਿਆ। ਤ੍ਰਿਵੇਣੀ ਆ ਗਈ। ਤ੍ਰਿਵੇਣੀ ਤੋਂ ਬਾਦ ਇੱਕ ਤੱਕ ਪੁੱਜਣਾ ਬਹੁਤ ਅਸਾਨ ਹੈ, ਕਿਉਂਕਿ ਇੱਕ ਕਦਮ ਹੋਰ। ਅਤੇ ਜਿਵੇਂ-ਜਿਵੇਂ ਤ੍ਰਿਵੇਣੀ ਡੂੰਘੀ ਹੁੰਦੀ ਜਾਂਦੀ ਹੈ, ਤਿਵੇਂ-ਤਿਵੇਂ ਇੱਕ ਹੀ ਰਹਿ ਜਾਂਦਾ ਹੈ, ਕਿਉਂਕਿ ਤ੍ਰਿਵੇਣੀ, ਤਿੰਨੋਂ ਨਦੀਆਂ ਇੱਕ ਵਿੱਚ ਗੁੰਮ ਹੋ ਜਾਂਦੀਆਂ ਹਨ। ਅਸੀਂ ਪ੍ਰਯਾਗ ਨੂੰ ਤੀਰਥ ਰਾਜ ਕਹਿੰਦੇ ਹਾਂ ਅਤੇ ਤੀਰਥ ਰਾਜ ਇਸ ਲਈ ਕਹਿੰਦੇ ਹਾਂ ਕਿ ਉਹ ਤ੍ਰਿਵੇਣੀ ਹੈ ਅਤੇ ਤ੍ਰਿਵੇਣੀ ਵੀ ਬਹੁਤ ਅਨੋਖੀ ਹੈ। ਉਸ ਵਿੱਚ ਦੋ ਤਾਂ ਵਿਖਾਈ ਦਿੰਦੀਆਂ ਹਨ ਅਤੇ ਇੱਕ ਵਿਖਾਈ ਨਹੀਂ ਦਿੰਦੀ। ਸਰਸਵਤੀ ਵਿਖਾਈ ਨਹੀਂ ਦਿੰਦੀ। ਉਹ ਲੁਕੀ ਹੋਈ ਹੈ। ਗੰਗਾ ਅਤੇ ਜਮਨਾ ਹੀ ਵਿਖਾਈ ਦਿੰਦੀਆਂ ਹਨ।

ਤੁਸੀਂ ਜਦ ਵੀ ਕਿਸੇ ਚੀਜ਼ ਉਤੇ ਧਿਆਨ ਦਿਓਗੇ ਤਾਂ ਧਿਆਨ ਦੇਣ ਵਾਲਾ ਅਤੇ

ਜਿਸ ਉਤੇ ਤੁਸੀਂ ਧਿਆਨ ਦਿੱਤਾ—Subject ਅਤੇ Object ਦੋ ਤਾਂ ਵਿਖਾਈ ਦੇਣ ਲੱਗਣਗੇ। ਉਨ੍ਹਾਂ ਦੋਹਾਂ ਦੇ ਵਿਚਕਾਰ ਦਾ ਜੋ ਸੰਬੰਧ ਹੈ, ਉਹ ਸਰਸਵਤੀ ਹੈ। ਉਹ ਵਿਖਾਈ ਨਹੀਂ ਦੇਵੇਗਾ। ਲੇਕਿਨ ਤਿੰਨੋਂ ਉਥੇ ਮਿਲ ਰਹੇ ਹਨ। ਦੋ ਦ੍ਰਿਸ਼ ਨਦੀਆਂ ਅਤੇ ਇੱਕ ਲੁਕੀ ਹੋਈ ਨਦੀ ਅਤੇ ਜਦ ਤਿੰਨੋਂ ਮਿਲ ਜਾਂਦੇ ਹਨ, ਤਾਂ ਇੱਕ ਆਪਣੇ ਆਪ ਘਟਿਤ ਹੋ ਜਾਂਦਾ ਹੈ।

ਨਾਨਕ ਕਹਿੰਦੇ ਹਨ, *'ਏਕਾ ਮਾਈ ਜੁਗਤਿ ਵਿਆਈ ਤਿਨਿ ਚੇਲੇ ਪਰਵਾਣੁ॥'*

ਇੱਕ ਮਾਂ ਤੋਂ, ਇੱਕ ਮਾਇਆ ਤੋਂ ਤਿੰਨ ਪ੍ਰਮਾਣਿਕ ਚੇਲਿਆਂ ਦਾ ਜਨਮ ਹੋਇਆ। ਉਸ ਵਿੱਚ ਇੱਕ ਸੰਸਾਰੀ ਬ੍ਰਹਮਾ ਹੈ, ਇੱਕ ਭੰਡਾਰੀ ਵਿਸ਼ਨੂੰ, ਇੱਕ ਦੀਵਾਨ ਪ੍ਰਲੈ ਲਿਆਉਣ ਵਾਲਾ ਮਹੇਸ਼। ਤੁਸੀਂ ਕਦੇ ਬ੍ਰਹਮਾ ਦਾ ਕੋਈ ਮੰਦਰ ਵੇਖਿਆ? ਸਿਰਫ਼ ਇੱਕ ਮੰਦਰ ਹੈ ਭਾਰਤ ਵਿੱਚ। ਲੋਕਾਂ ਨੇ ਬ੍ਰਹਮਾ ਦੇ ਮੰਦਰ ਤਾਂ ਬਣਾਏ ਹੀ ਨਹੀਂ। ਕਿਉਂਕਿ ਬ੍ਰਹਮਾ ਸੰਸਾਰੀ ਹੈ। ਉਨ੍ਹਾਂ ਦੇ ਨਾਲ ਸੰਸਾਰ ਦਾ ਜਨਮ ਹੁੰਦਾ ਹੈ, ਉਨ੍ਹਾਂ ਦੀ ਕੀ ਪੂਜਾ ਕਰਨੀ।

ਸ਼ਿਵ ਦੇ ਮੰਦਰ ਸੰਸਾਰ ਵਿੱਚ ਸਭ ਤੋਂ ਵੱਧ ਹਨ। ਪਿੰਡ-ਪਿੰਡ, ਗਲੀ-ਗਲੀ ਕਿਤੇ ਵੀ ਪੱਥਰ ਰੱਖ ਦਿੱਤਾ ਅਤੇ ਝਾੜ ਦੇ ਹੇਠਾਂ ਸ਼ਿਵ ਦਾ ਮੰਦਰ ਹੋ ਗਿਆ। ਕਿਉਂਕਿ ਸ਼ਿਵ ਦੇ ਨਾਲ ਸੰਸਾਰ ਦਾ ਅੰਤ ਹੁੰਦਾ ਹੈ। ਉਹ ਮੌਤ ਦੇ ਦੇਵਤਾ ਹਨ। ਉਹ ਪੂਜਾ ਦੇ ਲਾਇਕ ਹਨ। ਬ੍ਰਹਮਾ ਸੰਸਾਰ ਨੂੰ ਜਨਮ ਦਿੰਦੇ ਹਨ, ਸ਼ਿਵ ਮਿਟਾਉਂਦੇ ਹਨ ਅਤੇ ਭਾਰਤ ਦੀ ਵੱਡੀ ਇੱਛਾ ਕਿ ਕਿਸੇ ਤਰ੍ਹਾਂ ਸੰਸਾਰ ਮਿਟ ਜਾਏ, ਉਹ ਹੀ ਹੈ। ਕਿਵੇਂ, ਮੁਕਤੀ ਹੋ ਜਾਏ। ਇਸ ਲਈ ਸ਼ਿਵ ਦੇ ਮੰਦਰ ਥਾਂ-ਥਾਂ ਹਨ। ਵਿਸ਼ਨੂੰ ਦੇ ਵੀ ਮੰਦਰ ਹਨ। ਕਿਉਂਕਿ ਸਾਡੇ ਵਿਚੋਂ ਬਹੁਤ ਸਾਰੇ ਲੋਕ ਅਜਿਹੇ ਹਨ, ਜਿਹੜੇ ਮਿਟਣ ਤੋਂ ਭੈਅ-ਭੀਤ ਹਨ। ਡਰੇ ਹੋਏ ਹਨ। ਉਹ ਵਿਸ਼ਨੂੰ ਦੇ ਪੁਜਾਰੀ ਹਨ। ਇਸ ਲਈ ਦੁਕਾਨਦਾਰ ਵਿਸ਼ਨੂੰ ਦੇ ਪੁਜਾਰੀ ਹਨ, ਉਹ ਭੈਅ-ਭੀਤ ਹਨ, ਉਹ ਸੰਸਾਰ ਨੂੰ ਫੜਣਾ ਚਾਹੁੰਦੇ ਹਨ। ਵਿਸ਼ਨੂੰ ਭੰਡਾਰੀ ਹੈ। ਉਹ ਮੱਧ ਵਿੱਚ ਹੈ। ਉਨ੍ਹਾਂ ਨੇ ਸਾਂਭਿਆ ਹੋਇਆ ਹੈ। ਇਸ ਲਈ ਉਹ ਲੱਛਮੀ-ਪਤੀ ਹਨ। ਇਸ ਲਈ ਉਨ੍ਹਾਂ ਦੀ ਪਤਨੀ ਦਾ ਨਾਉਂ ਲੱਛਮੀ ਹੈ। ਉਹ ਧਨ ਦੇ ਦੇਵਤਾ ਹਨ। ਤਾਂ ਜਿਨ੍ਹਾਂ ਨੂੰ ਧਨ ਦੀ ਪਕੜ ਹੈ, ਉਹ ਲੱਛਮੀ ਦੀ ਪੂਜਾ ਕਰ ਰਹੇ ਹਨ।

ਇਹ ਵੀ ਬਹੁਤ ਵਿਚਾਰਨ ਵਾਲਾ ਹੈ, ਕਿਉਂਕਿ ਜੇਕਰ ਪਤੀ ਨੂੰ ਫੜਣਾ ਹੋਵੇ, ਤਾਂ ਪਤਨੀ ਦੇ ਵੱਲੋਂ ਫੜਣ ਤੋਂ ਸਿਵਾਇ ਹੋਰ ਕੋਈ ਉਪਾਅ ਨਹੀਂ। ਨਿੱਕੀ ਮੋਟੀ ਰਿਸ਼ਵਤ ਵਿੱਚ ਵੀ ਉਹ ਹੀ ਕਰਨਾ ਪੈਂਦਾ ਹੈ, ਵੱਡੀ ਤੋਂ ਵੱਡੀ ਰਿਸ਼ਵਤ ਵਿੱਚ ਵੀ ਉਹ ਹੀ ਕਰਨਾ ਪੈਂਦਾ ਹੈ। ਜੇਕਰ ਪਤਨੀ ਨੂੰ ਖੁਸ਼ ਕਰ ਲਿਆ ਤਾਂ ਸਾਹਿਬ ਖੁਸ਼ ਹੈ। ਜੇਕਰ

ਪਤਨੀ ਨੂੰ ਪ੍ਰਸੰਨ ਕਰ ਲਿਆ ਤਾਂ ਮੰਤਰੀ ਰਾਜ਼ੀ ਹੈ। ਜੇਕਰ ਲੱਛਮੀ ਨੂੰ ਖੁਸ਼ ਕਰ ਲਿਆ ਤਾਂ ਵਿਸ਼ਨੂੰ ਰਾਜ਼ੀ ਹਨ। ਆਦਮੀ ਦੇ ਮਨ ਦਾ ਫੈਲਾਅ ਤਾਂ ਇੱਕੋ ਜਿਹਾ ਹੀ ਹੈ।

ਵਿਸ਼ਨੂੰ ਨੇ ਸੰਸਾਰ ਨੂੰ ਸਾਂਭਿਆ ਹੋਇਆ ਹੈ। ਇਸ ਲਈ ਜਿਨ੍ਹਾਂ ਨੂੰ ਸੰਸਾਰ ਵਿੱਚ ਰਹਿਣ ਦੀ ਇੱਛਾ ਹੈ। ਉਹ ਵਿਸ਼ਨੂੰ ਦੀ ਪੂਜਾ ਕਰ ਰਹੇ ਹਨ। ਸ਼ਿਵ ਅੰਤ ਹੈ। ਉਹ ਮਹਾਂ ਮੌਤ ਹਨ। ਸੰਨਿਆਸੀ ਦੇ ਦੇਵਤਾ ਸ਼ਿਵ ਹਨ। ਇਸ ਲਈ ਸ਼ਿਵ ਦੇ ਬਹੁਤ ਮੰਦਰ ਹਨ। ਪਿੰਡ-ਪਿੰਡ, ਗਲੀ-ਗਲੀ ਅਤੇ ਸਸਤੇ ਵਿੱਚ ਬਨਣੇ ਚਾਹੀਦੇ ਹਨ, ਕਿਉਂਕਿ ਸੰਨਿਆਸੀ ਦੇ ਦੇਵਤਾ ਹਨ। ਸੋ ਵਿਸ਼ਨੂੰ ਦੇ ਮੰਦਰ ਤਾਂ ਬਿਰਲਾ (ਬਿਰਲਾ ਨਾਂ ਹੈ ਇੱਕ ਵੱਡੇ ਆਦਮੀ ਦਾ) ਬਣਾ ਦੇਵੇਗਾ। ਸ਼ਿਵ ਦਾ ਮੰਦਰ ਕੌਣ ਬਣਾਏਗਾ? ਇਸ ਲਈ ਸ਼ਿਵ ਦਾ ਮੰਦਰ ਬਹੁਤ ਸਸਤਾ ਹੈ। ਉਸ ਵਿੱਚ ਕੁਝ ਖ਼ਰਚ ਹੁੰਦਾ ਹੀ ਨਹੀਂ। ਇੱਕ ਪੱਥਰ ਤੁਸੀਂ ਗੋਲ ਜਿਹਾ ਰੱਖ ਦਿੱਤਾ, ਕਿਤੋਂ ਵੀ ਲੱਭ ਕੇ, ਉਹ ਸ਼ਿਵਲਿੰਗ ਹੋ ਗਿਆ। ਦੋ ਪੱਤੇ ਚੜ੍ਹਾ ਦਿੱਤੇ—ਫੁੱਲ ਦੀ ਵੀ ਜ਼ਰੂਰਤ ਨਹੀਂ ਹੈ। ਬੇਲ ਪੱਤੇ ਚੜ੍ਹਾ ਦਿੱਤੇ, ਪੂਜਾ ਹੋ ਗਈ।

ਇਹ ਤਿੰਨ ਦੇਵਤਾ, ਜੀਵਨ ਦੇ ਤਿੰਨ ਸੂਤਰ ਹਨ। ਜਨਮ, ਜੀਵਨ, ਮੌਤ। ਅਤੇ ਧਿਆਨ ਰੱਖਣਾ, ਜਨਮ ਤਾਂ ਹੋ ਚੁਕਿਆ ਹੈ, ਇਸ ਲਈ ਬ੍ਰਹਮਾ ਦੀ ਕੀ ਪੂਜਾ? ਜਿਹੜਾ ਹੋ ਹੀ ਚੁੱਕਿਆ ਹੈ, ਉਸ ਦੀ ਤਾਂ ਗੱਲ ਮੁੱਕ ਗਈ, ਜੀਵਨ ਅਜੇ ਹੈ, ਇਸ ਲਈ ਕੁਝ ਵਿਸ਼ਨੂੰ ਦੀ ਪੂਜਾ ਵਿੱਚ ਲੀਨ ਹਨ। ਪਰ ਉਹ ਬਹੁਤ ਸਮਝਦਾਰ ਨਹੀਂ ਹਨ, ਕਿਉਂਕਿ ਜੀਵਨ ਹੱਥੋਂ ਜਾ ਰਿਹਾ ਹੈ ਅਤੇ ਜਦ ਤੱਕ ਤੁਹਾਡੇ ਜੀਵਨ ਵਿੱਚ ਮੌਤ ਦਾ ਬੋਧ ਨਾ ਆਵੇ, ਤਦ ਤੱਕ ਤੁਸੀਂ ਸੰਨਿਆਸੀ ਨਹੀਂ ਹੋ ਸਕੋਗੇ। ਤੁਸੀਂ ਸੰਸਾਰੀ ਬਣੇ ਰਹੋਗੇ।

ਸੰਸਾਰੀ ਅਤੇ ਸੰਨਿਆਸੀ ਦਾ ਫ਼ਰਕ ਕੀ ਹੈ? ਸੰਨਿਆਸੀ ਨੂੰ ਇਹ ਸਮਝ ਵਿੱਚ ਆ ਗਿਆ, ਕਿ ਸਾਰਾ ਜੀਵਨ ਮੌਤ ਵਿੱਚ ਸਮਾਪਤ ਹੋਵੇਗਾ। ਸਭ ਹੋਣਾ, ਅੰਤ ਵਿੱਚ ਨਾ ਹੋਣਾ ਹੋ ਜਾਏਗਾ। ਜਿਹੜਾ ਬਣਿਆ ਹੈ, ਉਹ ਮਿਟੇਗਾ। ਜਿਹੜਾ ਸਜਾਇਆ ਹੈ, ਸੰਵਾਰਿਆ ਹੈ, ਉਹ ਉਜੜੇਗਾ। ਜਿਹੜਾ ਭਵਨ ਬਣਿਆ ਹੈ ਉਹ ਡਿੱਗੇਗਾ। ਜਿਸ ਨੂੰ ਮੌਤ ਵਿਖਾਈ ਪੈ ਗਈ, ਜਿਸ ਨੂੰ ਮੌਤ ਦਾ ਚੇਤਾ ਆ ਗਿਆ ਅਤੇ ਜਿਸ ਨੂੰ ਲੱਗਣ ਲੱਗਾ ਕਿ ਇਹ ਤਾਂ ਖੰਡਰ ਹੈ, ਜਿਸ ਵਿੱਚ ਅਸੀਂ ਥੋੜ੍ਹੀ ਦੇਰ ਰੁਕੇ ਹਾਂ ਇਹ ਜ਼ਿਆਦਾ ਤੋਂ ਜ਼ਿਆਦਾ ਪੜਾਵ ਹੈ, ਮੰਜ਼ਿਲ ਨਹੀਂ। ਜਿਸ ਨੂੰ ਮੌਤ ਦਾ ਬੋਧ ਆ ਗਿਆ, ਉਸ ਦੇ ਜੀਵਨ ਵਿੱਚ ਕ੍ਰਾਂਤੀ ਹੋ ਜਾਂਦੀ ਹੈ।

ਵੇਖਿਆ, ਮਨੁੱਖ ਨੂੰ ਛੱਡ ਕੇ, ਪਸ਼ੂ ਹਨ, ਪੰਛੀ ਹਨ, ਪੌਦੇ ਹਨ, ਉਨ੍ਹਾਂ ਵਿੱਚ ਕੋਈ ਧਰਮ ਨਹੀਂ ਹੈ, ਕਿਉਂਕਿ ਉਨ੍ਹਾਂ ਨੂੰ ਮੌਤ ਦਾ ਕੋਈ ਬੋਧ ਨਹੀਂ ਹੈ ਉਹ ਵੀ ਮਰਨਗੇ, ਪਰ ਉਨ੍ਹਾਂ ਨੂੰ ਕੁਝ ਪਤਾ ਨਹੀਂ ਕਿ ਮੌਤ ਆ ਰਹੀ ਹੈ। ਕਿਉਂਕਿ ਮੌਤ ਨੂੰ ਵੇਖਣ

ਲਈ ਜਿਹੜੀ ਚੇਤਨਾ ਚਾਹੀਦੀ ਹੈ, ਉਹ ਉਨ੍ਹਾਂ ਦੇ ਕੋਲ ਨਹੀਂ ਹੈ। ਮਨੁੱਖਾਂ ਵਿੱਚ ਵੀ ਤੁਸੀਂ ਤਦ ਤੱਕ ਪਸ਼ੂ ਹੀ ਹੋ, ਜਦ ਤੱਕ ਤੁਹਾਨੂੰ ਮੌਤ ਸਾਫ਼-ਸਾਫ਼ ਵਿਖਾਈ ਨਾ ਦੇਣ ਲੱਗੇ। ਜਦ ਤੁਹਾਨੂੰ ਸਾਫ਼ ਵਿਖਾਈ ਦੇਣ ਲੱਗੇ ਕਿ ਇਹ ਅੰਤ ਆ ਰਿਹਾ ਹੈ, ਜਿਵੇਂ ਹੀ ਤੁਹਾਨੂੰ ਅੰਤ ਵਿਖਾਈ ਪਏਗਾ, ਤੁਹਾਡੇ ਜੀਵਨ ਦੇ ਮੁੱਲ ਬਦਲ ਜਾਣਗੇ। ਕੱਲ੍ਹ ਤੱਕ ਜਿਹੜਾ ਮਹੱਤਵਪੂਰਣ ਪ੍ਰਤੀਤ ਹੁੰਦਾ ਸੀ, ਉਹ ਵਿਅਰਥ ਪ੍ਰਤੀਤ ਹੋਣ ਲੱਗੇਗਾ। ਕੱਲ੍ਹ ਤੱਕ ਜਿਹੜਾ ਬਹੁਤ ਸਾਰਥਕ (ਗੁਣਕਾਰੀ) ਲੱਗਦਾ ਸੀ। ਮੌਤ ਵਿਖਾਈ ਦਿੰਦੇ ਹੀ ਵਿਅਰਥ ਹੋ ਜਾਏਗਾ। ਕੱਲ੍ਹ ਤੱਕ ਬਹੁਤ ਸੁਫ਼ਨੇ ਇਕੱਠੇ ਸਨ, ਵੱਡੇ ਇੰਦਰ ਧਨੁਸ਼ ਬੰਨ੍ਹੇ ਸੀ ਵਾਸ਼ਨਾਵਾਂ ਦੇ ਅਤੇ ਮੌਤ ਨੇ ਦਰਵਾਜ਼ੇ 'ਤੇ ਦਸਤਕ ਦਿੱਤੀ, ਸਭ ਢਹਿ ਜਾਣਗੇ।

ਦਸਤਕ ਤਾਂ ਮੌਤ ਨੇ ਉਸੇ ਦਿਨ ਦੇ ਦਿੱਤੀ, ਜਿਸ ਦਿਨ ਤੁਸੀਂ ਪੈਦਾ ਹੋਏ। ਜਿਸ ਦਿਨ ਬ੍ਰਹਮਾ ਨੇ ਕੰਮ ਸ਼ੁਰੂ ਕੀਤਾ, ਸ਼ਿਵ ਦਾ ਕੰਮ ਉਸੇ ਦਿਨ ਹੋ ਗਿਆ। ਪਰ ਤੁਹਾਨੂੰ ਹੋਸ਼ ਨਹੀਂ ਹੈ। ਮੌਤ ਦੀ ਹੋਸ਼ ਆ ਜਾਏ, ਤਾਂ ਮੌਤ ਦੇ ਹੋਸ਼ ਦੇ ਨਾਲ ਹੀ ਬਦਲਾਓ ਹੁੰਦਾ ਹੈ। ਜਿਵੇਂ ਹੀ ਮੌਤ ਦੀ ਹੋਸ਼ ਆਉਂਦੀ ਹੈ, ਤੁਸੀਂ ਪਰਤਦੇ ਹੋ ਸਰੋਤ ਵੱਲ। ਤੁਹਾਡਾ ਮੁੱਖ ਬਦਲਦਾ ਹੈ। ਤੁਸੀਂ ਫ਼ਿਰ ਸੰਸਾਰ ਵੱਲ ਨਹੀਂ ਜਾਂਦੇ, ਕਿਉਂਕਿ ਉਥੇ ਸਿਵਾਏ ਮੌਤ ਦੇ ਕੁਝ ਵੀ ਨਹੀਂ ਹੈ। ਤਦ ਤੁਸੀਂ ਆਪਣੇ ਵੱਲ ਆਉਂਦੇ ਹੋ ਅਤੇ ਆਪਣੇ ਵੱਲ ਆਉਣਾ ਪਰਮਾਤਮਾ ਵੱਲ ਆਉਣਾ ਹੈ। ਜਿਸ ਨੇ ਮੌਤ ਨੂੰ ਜਾਣ ਲਿਆ, ਮੌਤ ਦੀ ਸੱਟ ਤੁਹਾਨੂੰ ਪਰਮਾਤਮਾ ਦਾ ਸਮਰਣ ਦਿਲਾਏਗੀ। ਇਸ ਤੋਂ ਘੱਟ ਕੁਝ ਵੀ ਨਹੀਂ ਹੋਏਗਾ ਅਤੇ ਜਿਸ ਨੇ ਭੁਲਾ ਦਿੱਤਾ ਮੌਤ ਨੂੰ, ਉਹ ਪਰਮਾਤਮਾ ਨੂੰ ਭੁਲਾ ਹੀ ਛੱਡੇਗਾ। ਬਹੁਤ ਵਾਰੀ ਤੁਸੀਂ ਮਰੇ ਹੋ, ਬਹੁਤ ਵਾਰੀ ਤੁਸੀਂ ਜਨਮੇ ਹੋ, ਪਰ ਹੁਣ ਤੱਕ ਤੁਸੀਂ ਮੌਤ ਨੂੰ ਭੁੱਲੇ ਹੋਏ ਰਹੇ ਹੋ।

ਮੌਤ ਨੂੰ ਯਾਦ ਕਰੋ। ਮੌਤ ਨੂੰ ਜੀਵਨ ਦਾ ਕੇਂਦਰੀ **(Main)** ਤੱਥ ਬਣਾ ਲਵੋ। ਕਿਉਂਕਿ ਜੀਵਨ ਵਿੱਚ ਹੋਰ ਕੁਝ ਵੀ ਪੱਕਾ (ਨਿਸ਼ਚਿਤ) ਨਹੀਂ ਹੈ, ਇੱਕ ਮੌਤ ਹੀ ਸਿਰਫ਼ ਪੱਕੀ ਹੈ। ਹੋਰ ਸਭ ਤਾਂ ਪੱਕਾ ਨਹੀਂ ਹੈ। ਹੋਏਗਾ ਨਾ ਹੋਏਗਾ। ਪਰ ਮੌਤ ਤਾਂ ਜ਼ਰੂਰ ਹੀ ਹੋਏਗੀ। ਉਸ ਨਿਸ਼ਚਿਤ (ਪੱਕੇ) ਨੂੰ ਤੁਸੀਂ ਕੇਂਦਰੀ ਤੱਤਵ ਬਣਾ ਲਓ ਅਤੇ ਉਸ ਨਿਸ਼ਚਿਤ ਦੇ ਆਧਾਰ ਉਤੇ ਤੁਸੀਂ ਜੀਵਨ ਦੀ ਯਾਤਰਾ ਕਰੋ ਤਾਂ ਤੁਸੀਂ ਪਾਓਗੇ ਕਿ ਅਨੇਕ ਤੋਂ ਤਿੰਨਾਂ ਵੱਲ ਆਉਣ ਲਗੇ ਅਤੇ ਜਿਹੜਾ ਤਿੰਨ ਦੇ ਨੇੜੇ ਆ ਗਿਆ, ਉਸਦਾ ਇੱਕ ਦਰਵਾਜ਼ਾ ਖੁੱਲ੍ਹ ਜਾਂਦਾ ਹੈ।

ਨਾਨਕ ਕਹਿੰਦੇ ਹਨ, 'ਪਰ ਪਰਮਾਤਮਾ ਆਪਣੀ ਇੱਛਾ ਦੇ ਅਨੁਸਾਰ, ਆਪਣੇ ਫ਼ੁਰਮਾਨ ਦੇ ਮੁਤਾਬਿਕ ਹੀ, ਉਨ੍ਹਾਂ ਨੂੰ ਵੀ ਚਲਾਉਂਦਾ ਹੈ।'

ਇਸ ਨੂੰ ਤੁਸੀਂ ਧਿਆਨ ਵਿੱਚ ਰੱਖਣਾ। ਕੁਝ ਵੀ ਤੁਸੀਂ ਕਰੋ, ਪਾਪ ਜਾਂ ਪੁੰਨ, ਅੱਛਾ ਜਾਂ ਬੁਰਾ, ਨੇੜੇ ਜਾਓ, ਦੂਰ ਭਟਕੋ ਜਾਂ ਮਾਰਗ ਫੜੋ, ਇੱਕ ਗੱਲ ਯਾਦ ਰੱਖਣਾ, ਤੁਸੀਂ

ਉਸਦੀ ਹੱਦ ਤੋਂ ਬਾਹਰ ਨਹੀਂ ਜਾ ਸਕਦੇ ਹੋ। ਜੇਕਰ ਇਹ ਯਾਦ ਬਣੀ ਰਹੇ, ਤਾਂ ਪਾਪ ਤੋਂ ਵੀ ਬਾਹਰ ਆਉਣ ਦਾ ਉਪਾਅ ਹੈ, ਕਿਉਂਕਿ ਇਸੇ ਯਾਦ ਦੇ ਸਹਾਰੇ ਤੁਸੀਂ ਵਾਪਸ ਬਾਹਰ ਆ ਜਾਓਗੇ। ਇਹ ਯਾਦ ਬਣੀ ਰਵੇ ਤਾਂ ਪੁੰਨ ਤੋਂ ਵੀ ਬਾਹਰ ਆ ਜਾਓਗੇ। ਕਿਉਂਕਿ ਇਸ ਯਾਦ ਦਾ ਅਰਥ ਹੈ ਕਿ ਕਰਤਾ ਮੈਂ ਨਹੀਂ ਹਾਂ। ਕਰਤਾ ਉਹ ਹੈ। ਮੈਂ ਸਿਰਫ਼ ਉਪਕਰਣ (ਇੱਕ ਮਾਤਰ ਰਾਹ) ਹਾਂ। ਇੱਕ ਨਿਮਿੱਤ ਹਾਂ, ਇੱਕ ਮਾਧਿਅਮ ਹਾਂ, ਉਹ ਜੋ ਕਰਵਾ ਰਿਹਾ ਹੈ, ਮੈਂ ਕਰ ਰਿਹਾ ਹਾਂ। ਮੇਰਾ ਕੀਤਾ ਕੁਝ ਵੀ ਨਹੀਂ। ਫਿਰ ਮੈਂ ਦੀ ਕਜਿਹੀ ਆਕੜ ਤਾਂ ਫ਼ਿਰ ਹੰਕਾਰ ਦਾ ਕੀ ਉਪਾਅ? ਉਹ ਹੀ ਜਨਮ ਦਿੰਦਾ, ਉਹ ਹੀ ਜੀਵਨ ਦਿੰਦਾ, ਉਹ ਹੀ ਲੈ ਲੈਂਦਾ ਹੈ। ਤਾਂ ਮੈਂ ਕਿਉਂ ਆਕੜਾਂ? ਤਾਂ ਮੈਂ ਵਿਚਾਲੇ ਵਿਅਰਥ ਹੀ ਕਿਉਂ ਪ੍ਰੇਸ਼ਾਨ ਹੋ ਜਾਵਾਂ?

ਤੁਸੀਂ ਉਸ ਮੱਖੀ ਦੀ ਕਹਾਣੀ ਸੁਣੀ ਹੋਵੇਗੀ, ਜਿਹੜੀ ਇੱਕ ਰੱਥ ਦੇ ਪਹੀਏ ਉਤੇ ਬੈਠੀ ਸੀ। ਰੱਥ ਦੀ ਬਹੁਤ ਧੂੜ ਉੱਡ ਰਹੀ ਸੀ। ਕਿਉਂਕਿ ਅਨੇਕ ਘੋੜੇ ਜੁੜੇ ਹੋਏ ਸਨ। ਉਸ ਮੱਖੀ ਨੇ ਚਾਰੇ ਪਾਸੇ ਵੇਖ ਕੇ ਕਿਹਾ ਕਿ ਅੱਜ ਮੈਂ ਬਹੁਤ ਧੂੜ ਉਡਾ ਰਹੀ ਹਾਂ, ਮੱਖੀ ਵੀ ਰੱਥ ਦੇ ਪਹੀਏ ਉਤੇ ਬੈਠ ਕੇ ਸੋਚਦੀ ਹੈ ਕਿ ਅੱਜ ਮੈਂ ਬੜੀ ਧੂੜ ਉਡਾ ਰਹੀ ਹਾਂ। ਤੁਸੀਂ ਵੀ ਰੱਥ ਦੇ ਪਹੀਏ ਉਤੇ ਹੋ। ਇਹ ਵਿਰਾਟ ਰੱਥ ਹੈ ਅਤੇ ਇਹ ਜਿਹੜੀ ਧੂੜ ਉੱਡ ਰਹੀ ਹੈ, ਉਹ ਤੁਹਾਡੇ ਕਾਰਣ ਨਹੀਂ ਉਡ ਰਹੀ ਹੈ। ਜਿਸ ਦਿਨ ਤੁਸੀ ਸਮਝ ਲਓਗੇ, ਉਸ ਸਮਝ ਦੇ ਨਾਲ ਹੀ ਪਰਮ ਸ਼ਾਂਤੀ ਅਨੁਭਵ ਹੋਏਗੀ। ਕਿਉਂਕਿ ਸਾਰੀ ਅਸ਼ਾਂਤੀ ਹੰਕਾਰ ਦੀ ਹੈ ਅਤੇ ਹੰਕਾਰ ਵਿਅਰਥ ਹੀ ਚੀਜ਼ਾਂ ਨੂੰ ਵਿਚਕਾਰ ਲੈ ਆਉਂਦਾ ਹੈ। ਜਿਨ੍ਹਾਂ ਨੂੰ ਤੁਸੀਂ ਕਰ ਹੀ ਨਹੀਂ ਰਹੇ ਹੋ, ਉਨ੍ਹਾਂ ਨੂੰ ਵੀ ਆਪਣੇ ਮੋਢਿਆਂ 'ਤੇ ਚੁੱਕ ਲੈਂਦਾ ਹੈ।

ਜਿਵੇਂ ਹੀ ਤੁਹਾਡੀ ਸਮਝ ਸਾਫ਼ ਹੋ ਜਾਏਗੀ, ਤੁਸੀਂ ਮੱਖੀ ਤੋਂ ਜ਼ਿਆਦਾ ਨਹੀਂ ਹੋ, ਰੱਥ ਦੇ ਪਹੀਏ ਉਪਰ ਅਤੇ ਵਿਰਾਟ ਰੱਥ ਹੈ, ਧੂੜ ਤੁਸੀਂ ਨਹੀਂ ਉਡਾ ਰਹੇ ਹੋ, ਧੂੜ ਰੱਥ ਨਾਲ ਹੀ ਉਡ ਰਹੀ ਹੈ, ਉਸੇ ਦਿਨ ਤੁਸੀਂ ਸ਼ਾਂਤ ਹੋ ਜਾਓਗੇ। ਉਸੇ ਦਿਨ ਤੁਹਾਨੂੰ ਲੱਗੇਗਾ, ਜਦ ਮੈਂ ਹੀ ਨਹੀਂ ਹਾਂ ਤਾਂ ਅਸ਼ਾਂਤ ਕੀ ਹੋਣਾ? ਅਸ਼ਾਂਤ ਹੋਣ ਲਈ ਕੌਣ ਬਚਿਆ? ਜਦ ਤੱਕ ਤੁਸੀਂ ਹੋ, ਤੁਸੀਂ ਅਸ਼ਾਂਤ ਰਹੋਗੇ। ਲੋਕ ਮੇਰੇ ਕੋਲ ਆਉਂਦੇ ਹਨ, ਉਹ ਕਹਿੰਦੇ ਹਨ, ਅਸੀਂ ਸ਼ਾਂਤ ਕਿਵੇਂ ਹੋਈਏ? ਮੈਂ ਕਹਿੰਦਾ ਹਾਂ, ਜਦ ਤੱਕ 'ਅਸੀਂ' ਹਾਂ, ਤਦ ਤੱਕ ਕਿਵੇਂ ਸ਼ਾਂਤ ਹੋਵੋਗੇ? ਲੋਕ ਪੁੱਛਦੇ ਹਨ ਕਿ ਸਾਨੂੰ ਕੋਈ ਸ਼ਾਂਤੀ ਨਹੀਂ ਮਿਲ ਰਹੀ, ਸਾਨੂੰ ਸ਼ਾਂਤੀ ਦਿਓ। ਮੈਂ ਉਨ੍ਹਾਂ ਨੂੰ ਕਹਿੰਦਾ ਹਾਂ 'ਤੁਸੀਂ' ਜਦ ਤੱਕ ਹੋ, ਤਦ ਤੱਕ ਸ਼ਾਂਤੀ ਵੀ ਦਿੱਤੀ ਨਹੀਂ ਜਾ ਸਕਦੀ। ਤੁਹਾਡੇ ਨਾ ਹੋਣ ਦਾ ਨਾਮ ਹੀ ਸ਼ਾਂਤੀ ਹੈ। ਤੁਸੀਂ ਆਪਣੇ ਆਪ ਨੂੰ ਵਿਚੋਂ ਹਟਾਓ। ਤੁਸੀਂ ਇੱਕ ਝੂਠ ਹੋ। ਤੁਸੀਂ ਇੱਕ ਸੁਫ਼ਨਾ ਹੋ। ਜੇਕਰ ਠੀਕ ਤਰ੍ਹਾਂ ਸਮਝੋ, ਤਾਂ ਤੁਸੀਂ ਸੁਫ਼ਨੇ ਵਿੱਚ ਵੇਖੇ ਗਏ ਸੁਫ਼ਨੇ ਹੋ।

ਤੁਸੀਂ ਸੁਫ਼ਨੇ ਵੀ ਨਹੀਂ ਹੋ। ਤੁਹਾਨੂੰ ਕਦੇ ਖਿਆਲ ਹੋਵੇ ਕਿ ਕਦੇ-ਕਦੇ ਸੁਫ਼ਨੇ ਵਿੱਚ ਸੁਫ਼ਨਾ ਵੀ ਆਉਂਦਾ ਹੈ ਕਿ ਤੁਸੀਂ ਸੁਫ਼ਨੇ ਵਿੱਚ ਵੇਖਦੇ ਹੋ ਕਿ ਤੁਸੀਂ ਸੌਣ ਜਾ ਰਹੇ ਹੋ ਕਿ ਤੁਸੀਂ ਬਿਸਤਰੇ ਉਤੇ ਸੌਂ ਗਏ ਅਤੇ ਫਿਰ ਤੁਸੀਂ ਵੇਖਦੇ ਹੋ ਕਿ ਹੁਣ ਤੁਸੀਂ ਸੁਫ਼ਨਾ ਵੇਖ ਰਹੇ ਹੋ। ਸੁਫ਼ਨੇ ਵਿੱਚ ਸੁਫ਼ਨਾ ਆ ਸਕਦਾ ਹੈ।

ਚੀਨ ਵਿੱਚ ਇੱਕ ਬਹੁਤ ਪੁਰਾਣੀ ਕਹਾਣੀ ਹੈ ਕਿ ਇੱਕ ਲੱਕੜਹਾਰਾ ਜੰਗਲ ਵਿੱਚ ਲੱਕੜੀਆਂ ਵੱਢ ਰਿਹਾ ਸੀ। ਥੱਕ ਗਿਆ ਸੀ। ਤਾਂ ਹੇਠਾਂ ਉਤਰ ਕੇ ਲੰਮਾਂ ਪੈ ਗਿਆ। ਉਸ ਨੂੰ ਇੱਕ ਸੁਫ਼ਨਾ ਆਇਆ। ਸੁਫ਼ਨਾ ਆਇਆ ਕਿ ਕੋਲ ਹੀ ਇੱਕ ਖਜ਼ਾਨਾ ਗੱਡਿਆ ਹੋਇਆ ਹੈ ਅਤੇ ਉਹ ਗਿਆ ਤੇ ਉਸ ਨੇ ਪੁੱਟ ਕੇ ਵੇਖਿਆ ਤਾਂ ਸੱਚ-ਮੁੱਚ ਘੜੇ ਗੱਡੇ ਹੋਏ ਸਨ ਅਤੇ ਹੋਰ ਜ਼ਰਾ ਕੁ ਪੁੜ ਉਤੇ ਪਈ ਹੋਈ ਸੀ। ਘੜਿਆਂ ਵਿੱਚ ਹੀਰੇ ਜਵਾਹਰਾਤ ਸਨ। ਤਾਂ ਉਸ ਨੇ ਸੋਚਿਆ ਕਿ ਰਾਤ ਨੂੰ ਚੁੱਪ ਚਾਪ ਆ ਕੇ ਕੱਢ ਕੇ ਲੈ ਜਾਵਾਂਗਾ। ਹੁਣੇ ਕੱਢਾਗਾਂ ਤਾਂ ਫਸ ਜਾਵਾਂਗਾ। ਲੱਕੜਹਾਰਾ, ਗਰੀਬ ਆਦਮੀ! ਅਤੇ ਉਹ ਤਾਂ ਕਰੋੜਾਂ ਦੀ ਪੂੰਜੀ ਸੀ, ਤਾਂ ਉਸ ਨੇ ਇੱਕ ਨਿਸ਼ਾਨੀ ਲਈ ਉਥੇ ਇੱਕ ਲੱਕੜੀ ਗੱਡ ਦਿੱਤੀ, ਘਰ ਪਰਤ ਆਇਆ। ਸੋ ਜਦ ਰਾਤ ਪੈ ਗਈ, ਤਾਂ ਉਹ ਗਿਆ। ਉਸ ਨੇ ਵੇਖਿਆ ਲੱਕੜੀ ਤਾਂ ਗੱਡੀ ਹੋਈ ਹੈ, ਪਰ ਘੜੇ ਕੋਈ ਕੱਢ ਕੇ ਲੈ ਗਿਆ। ਤਾਂ ਉਹ ਬਹੁਤ ਹੈਰਾਨ ਹੋਇਆ। ਉਹ ਪਰਤ ਆਇਆ ਤੇ ਆਪਣੀ ਪਤਨੀ ਨੂੰ ਕਿਹਾ ਕਿ ਮੇਰੀ ਸਮਝ ਵਿੱਚ ਨਹੀਂ ਆ ਰਿਹਾ ਹੈ, ਮੈਂ ਸੁਫ਼ਨਾ ਵੇਖਿਆ ਤਾਂ ਸੱਚ, ਕਿਉਂਕਿ ਲੱਕੜੀ ਗੱਡੀ ਹੋਈ ਹੈ, ਇਸ ਤੋਂ ਸਬੂਤ ਮਿਲਦਾ ਹੈ ਕਿ ਮੈਂ ਸੁਫ਼ਨਾ ਨਹੀਂ ਵੇਖਿਆ। ਮੈਂ ਸੱਚ-ਮੁੱਚ ਹੀ ਅਤੇ ਘੜੇ ਵੀ ਸਨ, ਕਿਉਂਕਿ ਹੁਣ ਸਾਰੇ ਟੋਏ ਖ਼ਾਲੀ ਪਏ ਹਨ। ਉਹ ਵੀ ਪ੍ਰਮਾਣ ਹਨ ਕਿ ਮੈਂ ਸੁਫ਼ਨਾ ਨਹੀਂ ਵੇਖਿਆ। ਪਰ ਘੜਿਆਂ ਨੂੰ ਕੋਈ ਕੱਢ ਕੇ ਲੈ ਗਿਆ ਹੈ। ਉਸ ਦੀ ਪਤਨੀ ਨੇ ਕਿਹਾ, ਤੁਸੀਂ ਸੁਫ਼ਨਾ ਹੀ ਵੇਖਿਆ ਹੋਣਾ। ਤੁਸੀਂ ਇਹ ਵੀ ਸੁਫ਼ਨਾ ਵੇਖਿਆ ਹੋਣਾ ਕਿ ਤੁਸੀਂ ਰਾਤ ਨੂੰ ਗਏ ਤੇ ਲੱਕੜੀ ਗੱਡੀ ਹੋਈ ਵੇਖੀ ਅਤੇ ਲੋਕ ਘੜੇ ਲੈ ਗਏ। ਸ਼ਾਂਤੀ ਨਾਲ ਸੌਂ ਜਾਓ।

ਪਰ ਇੱਕ ਦੂਜੇ ਆਦਮੀ ਨੇ ਉਸੇ ਹੀ ਰਾਤ ਸੁਫ਼ਨਾ ਵੇਖਿਆ ਸੀ ਕਿ ਸੁਫ਼ਨੇ ਵਿੱਚ ਉਸ ਨੇ ਵੀ ਇਨ੍ਹਾਂ ਘੜਿਆਂ ਨੂੰ ਦੱਬੇ ਹੋਇਆ ਵੇਖਿਆ ਅਤੇ ਇੱਕ ਲੱਕੜਹਾਰਾ ਲੱਕੜੀ ਗੱਡ ਰਿਹਾ ਹੈ। ਜਦ ਉਸ ਦੀ ਨੀਂਦਰ ਟੁੱਟੀ—ਉਸ ਆਦਮੀ ਦੀ, ਤਾਂ ਉਹ ਭੱਜਦਾ ਹੋਇਆ ਜੰਗਲ ਵੱਲ ਗਿਆ। ਸੱਚ-ਮੁੱਚ ਉਥੇ ਲੱਕੜੀ ਗੱਡੀ ਹੋਈ ਸੀ, ਉਸ ਨੇ ਘੜੇ ਕੱਢੇ ਲਏ ਅਤੇ ਉਹ ਘਰ ਆ ਗਿਆ। ਘਰ ਆ ਕੇ ਉਸ ਨੇ ਵੀ ਆਪਣੀ ਪਤਨੀ ਨੂੰ ਕਿਹਾ, ਮੇਰੀ ਸਮਝ ਵਿੱਚ ਨਹੀਂ ਆਉਂਦਾ ਕਿ ਮੈਂ ਸੁਫ਼ਨਾ ਵੇਖਿਆ ਜਾਂ ਸੱਚ ਵਿੱਚ ਹੀ, ਮੈਨੂੰ ਅਜਿਹਾ ਅੰਤਰ-ਦਰਸ਼ਨ ਹੋਇਆ। ਕੁਝ ਵੀ ਹੋਵੇ, ਘੜੇ ਮੈਂ ਲੈ ਆਇਆ ਹਾਂ,

ਇਹ ਹਨ ਘੜੇ। ਇਸ ਲਈ ਅਜਿਹਾ ਲੱਗਦਾ ਹੈ ਕਿ ਮੈਂ ਸੁਫ਼ਨਾ ਨਹੀਂ ਵੇਖਿਆ, ਸੱਚ-ਮੁੱਚ ਹੀ ਮੈਂ ਉਸ ਲੱਕੜਹਾਰੇ ਨੂੰ ਲੱਕੜੀ ਗੱਡਦਿਆਂ ਵੇਖਿਆ, ਤਦ ਤਾਂ ਮੈਂ ਘੜੇ ਲੈ ਆਇਆ।

ਪਤਨੀ ਨੇ ਕਿਹਾ ਕਿ ਘੜੇ ਤਾਂ ਠੀਕ ਹਨ ਅਤੇ ਜੇਕਰ ਤੁਸੀਂ ਲੱਕੜਹਾਰੇ ਨੂੰ ਲੱਕੜੀ ਗੱਡਦੇ ਵੇਖਿਆ ਹੈ ਤਾਂ ਇਹ ਠੀਕ ਨਹੀਂ ਹੈ ਕਿ ਅਸੀਂ ਇਨ੍ਹਾਂ ਘੜਿਆਂ ਨੂੰ ਰੱਖੀਏ, ਇਹ ਘੜੇ ਸਮ੍ਰਾਟ ਨੂੰ ਪਹੁੰਚਾ ਦਿਓ ਅਤੇ ਉਹ ਜੋ ਵੀ ਫ਼ੈਸਲਾ ਕਰਨ।

ਆਦਮੀ ਭਲਾ ਸੀ, ਘੜੇ ਸਮ੍ਰਾਟ ਨੂੰ ਪਹੁੰਚਾ ਦਿੱਤੇ। ਤਦ ਤੱਕ ਲੱਕੜਹਾਰੇ ਦੀ ਸ਼ਿਕਾਇਤ ਵੀ ਆ ਗਈ ਸੀ। ਸਮ੍ਰਾਟ ਬਹੁਤ ਪ੍ਰੇਸ਼ਾਨ ਹੋਇਆ। ਉਸ ਨੇ ਕਿਹਾ, ਕੁਝ ਵੀ ਹੋਵੇ, ਤੁਸੀਂ ਦੋਹਾਂ ਨੇ ਸੁਫ਼ਨਾ ਵੇਖਿਆ ਹੈ ਜਾਂ ਅਸਲੀਅਤ ਵਿੱਚ ਵੇਖਿਆ, ਹੁਣ ਇਸ ਦਾ ਫ਼ੈਸਲਾ ਕੌਣ ਕਰੇ? ਇੱਕ ਗੱਲ ਪੱਕੀ ਹੈ ਕਿ ਘੜੇ ਹਨ। ਤਦ ਇਸ ਝੰਝਟ ਵਿੱਚ ਤੁਸੀਂ ਨਾ ਪਵੋ, ਮੈਂ ਘੜੇ ਅੱਧੇ-ਅੱਧੇ ਕਰ ਦਿੰਦਾ ਹਾਂ, ਉਸ ਨੇ ਘੜੇ ਅੱਧੇ ਅੱਧੇ ਕਰਕੇ ਵੰਡ ਦਿੱਤੇ। ਰਾਤ ਨੂੰ ਆਪਣੀ ਪਤਨੀ ਨੂੰ ਕਿਹਾ ਕਿ ਅੱਜ ਇੱਕ ਬਹੁਤ ਅਨੋਖੀ ਗੱਲ ਹੋਈ ਕਿ ਇਸ ਤੰਰਾਂ ਦੇ ਦੋ ਆਦਮੀਆਂ ਨੇ ਸੁਫ਼ਨੇ ਵੇਖੇ। ਹੁਣ ਸੁਫ਼ਨੇ ਵੇਖੇ ਕਿ ਸੱਚ, ਕਿ ਝੂਠ? ਪਰ ਘੜੇ ਤਾਂ ਸੀ, ਸੋ ਮੈਂ ਵੰਡ ਦਿੱਤੇ। ਪਤਨੀ ਨੇ ਕਿਹਾ ਕਿ ਤੁਸੀਂ ਚੁੱਪ ਚਾਪ ਸੌਂ ਜਾਓ, ਤੁਸੀਂ ਵੀ ਸੁਫ਼ਨਾ ਵੇਖਿਆ ਹੋਏਗਾ।

ਚੀਨ ਵਿੱਚ ਇਸ ਉਤੇ ਹਜ਼ਾਰਾਂ ਸਾਲਾਂ ਤੋਂ ਵਿਚਾਰ ਚਲਦਾ ਹੈ ਕਿ ਸੱਚ ਵਿੱਚ ਸੁਫ਼ਨਾ ਕਿਸ ਨੇ ਵੇਖਿਆ? ਪਰ ਜ਼ਿੰਦਗੀ ਦੇ ਅਖ਼ੀਰ ਵਿੱਚ ਅਜਿਹਾ ਹੀ ਹੁੰਦਾ ਹੈ। ਜੋ ਵੀ ਹੋਇਆ ਸਭ ਸੁਫ਼ਨੇ ਦੇ ਵਾਂਗ ਹੋ ਜਾਂਦਾ ਹੈ। ਪੱਕਾ ਕਰਨਾ ਮੁਸ਼ਕਿਲ ਹੋ ਜਾਂਦਾ ਹੈ ਕਿ ਅਸਲੀਅਤ ਵਿੱਚ ਘੜੇ ਸਨ, ਕਿ ਅਸਲੀਅਤ ਵਿੱਚ ਲੱਕੜੀ ਗੱਡੀ ਸੀ? ਕਿ ਅਸਲੀਅਤ ਵਿੱਚ ਪਤੀ- ਪਤਨੀ ਸਨ, ਬੱਚੇ ਸਨ, ਪਰਿਵਾਰ ਸੀ, ਮਿੱਤਰ ਸਨ, ਸੁੱਖ ਸੰਪਦਾ ਸੀ, ਦੁੱਖ ਸੀ, ਆਪਣੇ ਸੀ, ਪਰਾਏ ਸੀ, ਸੰਘਰਸ਼ (ਘੋਲ) ਹੋਇਆ, ਮੁਕਾਬਲੇ ਹੋਏ? ਜਿੱਤੇ, ਹਾਰੇ, ਸਫਲ, ਅਸਫਲ ਹੋਏ? ਮਰਨ ਵੇਲੇ ਹਰ ਆਦਮੀ ਦੇ ਸਾਹਮਣੇ ਇਹ ਸਭ ਸੁਫ਼ਨੇ ਦੌੜਦੇ ਹਨ ਅਤੇ ਉਸ ਨੂੰ ਤੈਅ ਕਰਨਾ ਮੁਸ਼ਕਿਲ ਹੋ ਜਾਂਦਾ ਹੈ ਕਿ ਇਹ ਮੈਂ ਸੁਫ਼ਨੇ ਵੇਖੇ ਜਾਂ ਸੱਚ ਵਿੱਚ ਅਜਿਹਾ ਹੋਇਆ?

ਜਿਨ੍ਹਾਂ ਨੇ ਜਾਣਿਆ ਹੈ ਉਹ ਕਹਿੰਦੇ ਹਨ, ਇਹ ਖੁੱਲ੍ਹੀ ਅੱਖ ਦਾ ਸੁਫ਼ਨਾ ਹੈ। ਅੱਖ ਖੁੱਲ੍ਹੀ ਜ਼ਰੂਰ, ਪਰ ਹੈ ਸੁਫ਼ਨਾ। ਸੁਫ਼ਨਾ ਇਸ ਲਈ ਹੈ ਕਿ ਇਸ ਦਾ ਉਸ ਨਾਲ ਕੋਈ ਵੀ ਸੰਬੰਧ ਨਹੀਂ, ਜਿਹੜਾ ਸਦਾ ਰਹਿੰਦਾ ਹੈ। ਇਹ ਵਿਚਕਾਰਲੀ ਭਾਵ ਦਸ਼ਾ ਹੈ। ਇਹ ਵਿਚਕਾਰਲਾ ਖਿਆਲ ਹੈ ਅਤੇ ਤੁਸੀਂ ਜਾਗ ਕੇ ਵੇਖਿਆ ਹੈ, ਕਿ ਸੌਂ ਕੇ ਵੇਖਿਆ ਹੈ, ਕੀ ਫ਼ਰਕ ਪੈਂਦਾ ਹੈ? ਸੁਫ਼ਨੇ ਦਾ ਲੱਖਣ ਇਹ ਹੈ ਕਿ ਹੁਣੇ ਹੈ, ਹੁਣੇ ਨਹੀਂ ਹੈ। ਇਹ

ਜੀਵਨ ਵੀ ਹੁਣੇ ਹੈ, ਹੁਣੇ ਨਹੀਂ ਹੈ। ਮਰਨ ਵੇਲੇ ਇਹ ਗੁਆਚ ਜਾਂਦਾ ਹੈ ਅਤੇ ਸੁਫ਼ਨੇ ਦੇ ਅੰਦਰ ਤੁਸੀਂ ਇੱਕ ਹੋਰ ਸੁਫ਼ਨਾ ਵੇਖ ਰਹੇ ਹੋ। ਜਿਸ ਦਾ ਨਾਮ ਹੰਕਾਰ ਹੈ। ਇਨ੍ਹਾਂ ਸਾਰੇ ਸੁਫ਼ਨਿਆਂ ਦੇ ਅੰਦਰ ਤੁਸੀਂ ਆਪਣੇ ਆਪ ਨੂੰ ਕਰਤਾ ਮੰਨ ਰਹੇ ਹੋ ਅਤੇ ਤੁਸੀਂ ਬਹੁਤ ਆਕੜੇ ਹੋਏ ਹੋ ਅਤੇ ਸਾਰੀ ਦੁਨੀਆਂ ਨੂੰ ਤੁਹਾਡਾ ਹੰਕਾਰ ਵਿਖਾਈ ਦਿੰਦਾ ਹੈ। ਸਿਰਫ਼ ਤੁਹਾਨੂੰ ਵਿਖਾਈ ਨਹੀਂ ਦਿੰਦਾ। ਅਤੇ ਉਸ ਸਾਰੀ ਦੁਨੀਆਂ ਨੂੰ ਵੀ ਆਪਣੇ-ਆਪਣੇ ਹੰਕਾਰ ਵਿਖਾਈ ਨਹੀਂ ਦਿੰਦੇ। ਤੁਹਾਡਾ ਹੰਕਾਰ ਸਾਰਿਆਂ ਨੂੰ ਵਿਖਾਈ ਦਿੰਦਾ ਹੈ।

ਮੇਰੇ ਕੋਲ ਲੋਕ ਆਉਂਦੇ ਹਨ, ਉਹ ਕਹਿੰਦੇ ਹਨ ਕਿ ਫਲਾਂ ਆਦਮੀ ਬਹੁਤ ਹੰਕਾਰੀ ਹੈ। ਉਹ ਆਦਮੀ ਵੀ ਆਉਂਦਾ ਹੈ। ਉਹ ਵੀ ਦੂਜਿਆਂ ਨੂੰ ਹੰਕਾਰੀ ਵੇਖਦਾ ਹੈ।

ਮੁੱਲਾ ਨਸਰੂਦੀਨ ਹਮੇਸ਼ਾਂ ਕਿਹਾ ਕਰਦਾ ਸੀ ਕਿ ਮੈਂ ਇੱਕ ਸੌ ਨੜਿਨਵੇਂ ਕਚੌਰੀਆਂ ਖਾ ਸਕਦਾ ਹਾਂ ਤਾਂ ਮੈਂ ਕਿਹਾ, 'ਬੜੇ ਮੀਆਂ' ਇੱਕ ਖਾ ਕੇ ਦੋ ਸੌ ਪੂਰੀਆਂ ਕਿਉਂ ਨਹੀਂ ਕਰ ਦਿੰਦੇ? ਇੱਕ ਹੋਰ ਖਾ ਲਓ। 'ਉਸ ਨੇ ਕਿਹਾ' ਕੀ ਸਮਝਿਆ ਹੈ ਤੁਸੀਂ ਮੈਨੂੰ? ਢਿੱਡ ਹੈ ਮੇਰਾ ਕਿ ਮਾਲ ਗੋਦਾਮ? ਇੱਕ ਸੌ ਨੜਿਨਵੇਂ ਤੱਕ ਮਾਲ ਗੋਦਾਮ ਨਹੀਂ ਹੈ। ਆਪਣਾ ਤਾਂ ਵਿਖਾਈ ਹੀ ਨਹੀਂ ਦਿੰਦਾ। ਪਰ ਦੂਜਾ ਇੱਕ ਵੀ ਜੋੜ ਦੇਵੇ ਤਾਂ ਝੱਟ-ਪੱਟ ਵਿਖਾਈ ਦੇ ਜਾਂਦਾ ਹੈ। ਅਸੀਂ ਆਪਣੇ ਵੱਲ ਬਿਲਕੁਲ ਅੰਨ੍ਹੇ ਹਾਂ। ਜੇਕਰ ਦੂਜਾ ਨਾ ਹੋਵੇ ਤਾਂ ਸਾਨੂੰ ਪਤਾ ਹੀ ਨਾ ਲੱਗੇ। ਇਸ ਲਈ ਦੂਜਿਆਂ ਦੀ ਬਹੁਤ ਕਿਰਪਾ ਹੈ ਅਤੇ ਸਾਧਕ ਸਮਝ ਲੈਂਦਾ ਹੈ ਕਿ ਜੇਕਰ ਦੂਜੇ ਨਾ ਹੋਣ, ਤਾਂ ਤੁਹਾਨੂੰ ਨਾ ਆਪਣੇ ਹੰਕਾਰ ਦਾ ਪਤਾ ਲੱਗੇਗਾ, ਨਾ ਆਪਣੇ ਰੋਗ ਦਾ ਪਤਾ ਲੱਗੇਗਾ। ਇਸ ਲਈ ਸਾਧਕ ਆਖ਼ਰੀ ਘੜੀਆਂ ਵਿੱਚ ਸਾਰਿਆਂ ਨੂੰ ਧੰਨਵਾਦ ਦਿੰਦਾ ਹੈ, ਜਿੰਨ੍ਹਾਂ-ਜਿੰਨ੍ਹਾਂ ਨੇ ਯਾਦ ਦਿਲਾਈ, ਜਿਨ੍ਹਾਂ-ਜਿਨ੍ਹਾਂ ਨੇ ਸੁਫ਼ਨੇ ਤੋੜੇ। ਇਸ ਲਈ ਤਾਂ ਕਬੀਰ ਕਹਿੰਦੇ ਹਨ, *"ਨਿੰਦਕ ਨਿਯਰੇ ਰਾਖੀਏ, ਆਂਗਣ ਕੁਟੀ ਛਵਾਏ।"* ਉਹ ਜਿਹੜਾ ਤੁਹਾਡੀ ਨਿੰਦਾ ਕਰਦਾ ਹੋਵੇ, ਉਸ ਨੂੰ ਤਾਂ ਆਪਣੇ ਘਰ ਹੀ ਲੈ ਆਉਣਾ। ਵੇਹੜੇ ਵਿੱਚ ਕੁਟੀਆ ਬਣਾ ਕੇ, ਉਸ ਨੂੰ ਤਾਂ ਆਪਣੇ ਕੋਲ ਹੀ ਰੱਖਣਾ। ਕਿਉਂਕਿ ਉਹ ਤਾਂ ਵੇਖ ਲਵੇਗਾ, ਤੁਸੀਂ ਵੇਖ ਨਹੀਂ ਸਕੋਗੇ।

ਜਦ ਤੱਕ ਕਿ ਤੁਹਾਡਾ ਆਪਣਾ ਸਾਖਸ਼ੀ ਨਾ ਜਾਗ ਜਾਏ, ਤਦ ਤੱਕ ਤੁਸੀਂ ਬਿਲਕੁਲ ਅੰਨ੍ਹੇ ਹੋ। ਸੁਫ਼ਨੇ ਦੇ ਅੰਦਰ ਇੱਕ ਸੁਫ਼ਨਾ ਹੈ ਕਿ ਮੈਂ ਹਾਂ। ਸੰਸਾਰ ਮਾਇਆ ਹੈ ਅਤੇ ਮਾਇਆ ਦੇ ਅੰਦਰ ਇੱਕ ਕਰਤਾ ਦਾ ਭਾਵ ਹੈ ਕਿ ਮੈਂ ਹਾਂ; ਸੁਫ਼ਨੇ ਦਾ ਵੀ ਸੁਫ਼ਨਾ ਹੈ ਅਤੇ ਉਹ ਹੀ ਅੜਚਨ ਹੈ। ਜਿਸ ਦਿਨ ਤੁਸੀ ਮੌਤ ਨੂੰ ਵੇਖੋਗੇ, ਸਭ ਤੋਂ ਪਹਿਲਾਂ 'ਮੈਂ' ਡਿੱਗਦਾ ਹੈ।

ਕੀ ਕਰੋਗੇ ਤੁਸੀ ਮੌਤ ਦੇ ਮੁਕਾਬਲੇ? ਕਿਵੇਂ ਬਚਾਓਗੇ ਆਪਣੇ ਆਪ ਨੂੰ? ਸੁਆਸ

ਨਹੀਂ ਆਏਗੀ ਤਾਂ ਤੁਸੀਂ ਕੀ ਕਰੋਗੇ? ਮੌਤ ਦੇ ਮੁਕਾਬਲੇ, ਤੁਹਾਡੀ ਤਾਕਤ ਟੁੱਟ ਜਾਂਦੀ ਹੈ। ਅਤੇ ਇਸੇ ਲਈ ਤਾਂ ਅਸੀਂ ਮੌਤ ਨੂੰ ਭੁਲਾਈ ਰੱਖਦੇ ਹਾਂ; ਕਿਉਂਕਿ ਜੇਕਰ ਮੌਤ ਨੂੰ ਯਾਦ ਰੱਖਾਂਗੇ ਤਾਂ ਆਕੜ ਟੁੱਟ ਜਾਂਦੀ ਹੈ, ਕਿਉਂਕਿ ਮੌਤ ਦੇ ਮੁਹਰੇ ਅਸੀਂ ਬਿਲਕੁਲ ਬੇ-ਆਸਰਾ ਹਾਂ ਅਤੇ ਸਾਡੀ ਆਕੜ ਕਹਿੰਦੀ ਹੈ ਕਿ ਅਸੀਂ ਤੇ ਬੇ-ਆਸਰਾ? ਮੈਂ ਅਤੇ ਬੇਸਹਾਰਾ? ਮੇਰੇ ਵਰਗਾ ਬਲੀ, ਸ਼ਕਤੀਸ਼ਾਲੀ, ਮੈਂ ਅਤੇ ਬੇਸਹਾਰਾ? ਤਾਂ ਬੇਹਤਰ ਇਹ ਹੀ ਹੈ ਕਿ ਮੌਤ ਦੀ ਸਚਾਈ ਨੂੰ ਹੀ ਭੁਲਾ ਦਿਓ। ਨਾ ਰਹੇਗੀ ਮੌਤ ਦੀ ਯਾਦ, ਨਾ ਆਪਣੇ ਹੰਕਾਰ ਨੂੰ ਸੱਟ ਵੱਜੇਗੀ।

ਗਿਆਨੀ ਮੌਤ ਨੂੰ ਯਾਦ ਰੱਖਦਾ ਹੈ, ਕਿਉਂਕਿ ਮੌਤ ਹੰਕਾਰ ਨੂੰ ਕੱਟਦੀ ਹੈ। ਜਿਸ ਦਿਨ ਤੁਸੀਂ ਮੌਤ ਨੂੰ ਪੂਰਾ ਸਮਝ ਲਓਗੇ, ਕਿਵੇਂ ਹੰਕਾਰ ਨੂੰ ਬਚਾਓਗੇ? ਕੀ ਹੈ ਬਚਾਉਣ ਦੇ ਯੋਗ ਫ਼ਿਰ? ਮੌਤ ਦੇ ਸਾਹਮਣੇ ਤਾਂ ਹਾਰ ਹੈ। ਉਥੇ ਤਾਂ ਕਦੇ ਕੋਈ ਵਿਜੇਤਾ (ਜਿੱਤਣ ਵਾਲਾ) ਨਹੀਂ ਹੋਇਆ। ਨਾ ਕੋਈ ਸਿਕੰਦਰ, ਨਾ ਕੋਈ ਨਿਪੋਲੀਅਨ, ਨਾ ਕੋਈ ਹਿਟਲਰ। ਉਥੇ ਤਾਂ ਸਭ ਹਾਰ ਗਏ ਹਨ, ਮੌਤ ਦੇ ਮੁਹਰੇ ਤਾਂ ਸਾਰੇ ਹੀ ਹਾਰੇ ਹੋਏ ਹਨ, ਹਮੇਸ਼ਾਂ ਹਾਰ ਹੈ, ਇਸ ਲਈ ਅਸੀਂ ਲੁਕਾਉਂਦੇ ਹਾਂ। ਅਸੀਂ ਹੰਕਾਰ ਨੂੰ ਤਾਂ ਫੜਦੇ ਹਾਂ, ਜਿਹੜਾ ਝੂਠ ਹੈ ਅਤੇ ਮੌਤ ਨੂੰ ਭੁੱਲਦੇ ਹਾਂ, ਜਿਹੜੀ ਸੱਚ ਹੈ। ਜੇਕਰ ਤੁਹਾਨੂੰ ਜ਼ਰੂਰ ਹੀ ਇੱਕ ਵੱਲ ਜਾਣਾ ਹੋਵੇ, ਤਾਂ ਮੌਤ ਨੂੰ ਚੇਤੇ ਰੱਖੋ। ਕਿਉਂਕਿ ਉਹ ਵੱਡੀ ਸਚਾਈ ਹੈ ਅਤੇ ਉਸ ਸਚਾਈ ਦਾ ਸਭ ਤੋਂ ਵੱਡਾ ਪ੍ਰਮਾਣ ਇਹ ਹੈ ਕਿ ਹੰਕਾਰ ਢਹਿ ਜਾਂਦਾ ਹੈ।

ਚੁਆਂਗਤਸੂ, ਇੱਕ ਰਾਤ ਆਪਣੇ ਘਰ ਪਰਤ ਰਿਹਾ ਸੀ। ਇੱਕ ਸ਼ਮਸ਼ਾਨ ਵਿੱਚੋਂ ਲੰਘ ਰਿਹਾ ਸੀ। ਇੱਕ ਖੋਪੜੀ ਉਤੇ ਉਸਦੀ ਲੱਤ ਵੱਜ ਗਈ। ਰਾਤ ਦਾ ਹਨੇਰਾ ਸੀ। ਉਹ ਸ਼ਮਸ਼ਾਨ ਵੀ ਕੋਈ ਨਿੱਕਾ ਮੋਟਾ ਸ਼ਮਸ਼ਾਨ ਨਹੀਂ ਸੀ। ਵੱਡੇ ਲੋਕਾਂ ਦਾ ਸ਼ਮਸ਼ਾਨ ਸੀ। ਰਾਇਲ ਫੈਮਲੀ। ਅਤੇ ਵੱਡੇ ਤੋਂ ਵੱਡੇ ਧਨੀ ਅਤੇ ਵੱਡੇ ਤੋਂ ਵੱਡੇ ਸੰਪੰਨ (ਭਰੇ ਪੂਰੇ) ਲੋਕ ਹੀ ਉਥੇ ਦਬਾਏ ਜਾਂਦੇ ਸਨ। ਸੋ ਖੋਪੜੀ ਕੋਈ ਨਿੱਕੀ ਮੋਟੀ ਨਹੀਂ ਸੀ। ਉਸ ਨੇ ਖੋਪੜੀ ਨੂੰ ਚੁੱਕ ਲਿਆ ਤੇ ਕਿਹਾ, ਮਾਫ਼ ਕਰਨਾ। ਉਹ ਤਾਂ ਜ਼ਰਾ ਸਮੇਂ ਦੀ ਦੇਰ ਹੋ ਗਈ, ਜੇਕਰ ਅੱਜ ਤੂੰ ਜੀਉਂਦਾ ਹੁੰਦਾ ਤਾਂ ਮੇਰੀ ਕੀ ਗਤ ਹੁੰਦੀ। ਖੋਪੜੀ ਨੂੰ ਨਾਲ ਲੈ ਆਇਆ। ਚੇਲਿਆਂ ਨੇ ਬਹੁਤ ਕਿਹਾ ਕਿ ਸੁੱਟੋ ਇਸ ਨੂੰ। ਖੋਪੜੀ ਨੂੰ ਕੋਈ ਘਰ 'ਚ ਥੋੜ੍ਹੇ ਹੀ ਰੱਖਦਾ ਹੈ।

ਕਿਉਂ ਨਹੀਂ ਰੱਖਦੇ ਖੋਪੜੀ ਨੂੰ ਘਰ 'ਚ? ਰੱਖਣੀ ਚਾਹੀਦੀ ਹੈ, ਸਜਾ ਕੇ। ਇਸ ਤੋਂ ਜ਼ਿਆਦਾ ਏਨਟੀਕ, ਕੀਮਤੀ ਹੋਰ ਕੀ ਹੋਏਗਾ? ਇਸ ਤੋਂ ਜ਼ਿਆਦਾ ਸਮਰਣ ਦਿਲਾਉਣ ਵਾਲਾ ਕੀ ਹੋਏਗਾ? ਠੀਕ ਆਪਣੇ ਡਰੈਸਿੰਗ ਟੇਬਲ ਉਤੇ ਰੱਖਣੀ ਚਾਹੀਦੀ ਹੈ ਕਿ ਆਪਣੀ ਸ਼ਕਲ ਵੀ ਸ਼ੀਸ਼ੇ ਵਿੱਚ ਵੇਖ ਲਈ, ਤੇ ਆਪਣੀ ਖੋਪੜੀ ਵੀ ਵੇਖੀ,

ਬਗਲ ਵਿੱਚ ਰੱਖੀ ਹੋਈ। ਚੁਆਂਗਤਸੂ ਨੇ ਰੱਖ ਲਈ ਸੀ। ਉਹ ਆਪਣੀ ਬਗਲ ਵਿੱਚ ਹੀ ਉਸ ਨੂੰ ਰੱਖਦਾ। ਸਭ ਭੁੱਲ ਜਾਂਦਾ, ਪਰ ਖੋਪੜੀ ਆਪਣੇ ਨਾਲ ਹੀ ਲੈ ਕੇ ਟੁਰਦਾ। ਲੋਕ ਉਸ ਨੂੰ ਕਹਿੰਦੇ ਕਿ ਇਸ ਨੂੰ ਹਟਾਓ, ਇਹ ਕੀ ਕਰ ਰਹੇ ਹੋ ਤੁਸੀਂ? ਚੁਆਂਗਤਸੂ ਕਹਿੰਦਾ, ਤੁਸੀ ਏਨੇ ਨਾਰਾਜ਼ ਕਿਉਂ ਹੋ? ਇਸ ਖੋਪੜੀ ਨੇ ਤੁਹਾਡਾ ਕੀ ਵਿਗਾੜਿਆ? ਅਤੇ ਮੈਂ ਇਸ ਨੂੰ ਨਾਲ ਰੱਖਦਾ ਹਾਂ ਕਿ ਇਹ ਮੇਰੀ ਯਾਦਦਾਸ਼ਤ ਹੈ ਕਿ ਅੱਜ ਨਹੀਂ ਤਾਂ ਕੱਲ੍ਹ ਇਸੇ ਖੋਪੜੀ ਦੀ ਤਰ੍ਹਾਂ ਮੇਰੀ ਖੋਪੜੀ ਕਿਤੇ ਪਈ ਹੋਵੇਗੀ। ਭਿਖਾਰੀਆਂ ਦੇ ਪੈਰ ਲੱਗਣਗੇ, ਕੋਈ ਮਾਫ਼ੀ ਵੀ ਨਹੀਂ ਮੰਗੇਗਾ ਅਤੇ ਮੈਂ ਕੁਝ ਵੀ ਨਹੀਂ ਕਰ ਸਕਾਂਗਾ। ਇਹ ਖੋਪੜੀ ਇਥੇ ਹੀ ਰਹੀ, ਹੁਣ ਵੀ ਉਹ ਹੀ ਹੈ। ਚੁਆਂਗਤਸੂ ਕਹਿੰਦਾ, ਇਹ ਖੋਪੜੀ ਮੇਰੇ ਕੋਲ ਰੱਖੀ ਹੋਈ ਹੈ ਤਾਂ ਤੁਸੀਂ ਮੇਰੇ ਸਿਰ 'ਤੇ ਵੀ ਜੁੱਤੀ ਮਾਰ ਜਾਓ ਤਾਂ ਮੈਂ ਤੁਹਾਡੇ ਵੱਲ ਨਹੀਂ ਵੇਖਾਂਗਾ, ਇਸ ਖੋਪੜੀ ਵੱਲ ਵੇਖਾਂਗਾ ਅਤੇ ਤਦ ਮੈਂ ਮੁਸਕਰਾਵਾਂਗਾ ਕਿ ਇਹ ਤਾਂ ਹੋਣਾ ਹੀ ਹੈ। ਇਹ ਤਾਂ ਸਦਾ ਹੋਏਗਾ। ਕਿੰਨੀ ਦੇਰ ਬਚਾਵਾਂਗਾ?

ਜਦ ਮੌਤ ਬਿਲਕੁਲ ਸਚਾਈ ਦੀ ਤਰ੍ਹਾਂ ਵਿਖਾਈ ਦੇਣ ਲੱਗਦੀ ਹੈ ਤਾਂ ਹੰਕਾਰ ਮਿਟ ਜਾਂਦਾ ਹੈ। ਮੌਤ ਦਾ ਸਮਰਣ ਹੰਕਾਰ ਲਈ ਜ਼ਹਿਰ ਹੈ। ਇਸ ਲਈ ਅਸੀਂ ਮੌਤ ਨੂੰ ਭੁੱਲੇ ਹੋਏ ਹਾਂ ਅਤੇ ਜਦ ਤੱਕ ਹੰਕਾਰ ਹੈ, ਤਦ ਤੱਕ ਤੁਸੀਂ ਜਾਗ ਨਹੀਂ ਸਕੋਗੇ। ਜਿਵੇਂ ਹੀ ਮੌਤ ਵਿਖਾਈ ਪਈ, ਹੰਕਾਰ ਟੁੱਟਿਆ ਕਿ ਤੁਸੀਂ ਸਮਝੋਗੇ ਕਿ ਸਭ ਪਰਮਾਤਮਾ ਦੀ ਆਗਿਆ ਨਾਲ ਹੋ ਰਿਹਾ ਹੈ। ਮੈਂ ਕਰਨ ਵਾਲਾ ਨਹੀਂ ਹਾਂ। 'ਉਹ ਪ੍ਰਭੂ ਤਾਂ ਉਨ੍ਹਾਂ ਨੂੰ ਵੇਖਦਾ ਰਹਿੰਦਾ ਹੈ, ਪਰ ਉਹ ਉਨ੍ਹਾਂ ਦੀ ਨਜ਼ਰ ਵਿੱਚ ਨਹੀਂ ਆਉਂਦਾ।' ਇਹ ਬਹੁਤ ਹੈਰਾਨੀ ਦੀ ਗੱਲ ਹੈ। ਇਸ ਨੂੰ ਜ਼ਰਾ ਸਮਝੋ।

*'ਓਹੁ ਵੇਖੈ ਓਨਾ ਨਦਰਿ ਨ ਆਵੈ ਬਹੁਤਾ ਏਹੁ ਵਿਡਾਣੁ॥'*

ਇਹ ਬਹੁਤ ਹੈਰਾਨੀ ਦੀ ਗੱਲ ਹੈ। ਨਾਨਕ ਕਹਿੰਦੇ ਹਨ, ਉਹ ਪ੍ਰਭੂ ਤਾਂ ਇਹ ਸਭ ਵੇਖਦਾ ਰਹਿੰਦਾ ਹੈ। ਇਨ੍ਹਾਂ ਤਿੰਨਾਂ—ਬ੍ਰਹਮਾ, ਵਿਸ਼ਨੂੰ, ਮਹੇਸ਼ ਨੂੰ ਵੇਖਦਾ ਰਹਿੰਦਾ ਹੈ। ਪਰ ਇਹ ਤਿੰਨੋਂ ਉਸ ਨੂੰ ਨਹੀਂ ਵੇਖ ਪਾਉਂਦੇ। ਇਸ ਨੂੰ ਜ਼ਰਾ ਸਮਝੋ, ਇਹ ਬਹੁਤ ਕੀਮਤੀ ਅਤੇ ਵੱਡਮੁੱਲੀ ਗੱਲ ਹੈ ਅਤੇ ਸਾਧਕ ਇਸ ਨੂੰ ਯਾਦ ਰੱਖੇ। ਤੁਸੀਂ ਆਪਣੀ ਅੱਖ ਨਾਲ ਸਾਰੇ ਸੰਸਾਰ ਨੂੰ ਵੇਖਦੇ ਹੋ ਅਤੇ ਤੁਹਾਡੇ ਅੰਦਰ ਲੁਕਿਆ ਹੋਇਆ ਦ੍ਰਸ਼ਟਾ ਤੁਹਾਡੀ ਅੱਖ ਨੂੰ ਵੀ ਵੇਖਦਾ ਹੈ। ਪਰ ਤੁਹਾਡੀ ਅੱਖ ਉਸ ਨੂੰ ਨਹੀਂ ਵੇਖ ਸਕਦੀ। ਤੁਸੀਂ ਆਪਣੇ ਹੱਥ ਨਾਲ ਸਾਰੇ ਜਗਤ ਨੂੰ ਛੂਹ ਸਕਦੇ ਹੋ ਅਤੇ ਤੁਹਾਡੇ ਅੰਦਰ ਬੈਠਾ ਹੋਇਆ ਦ੍ਰਸ਼ਟਾ ਤੁਹਾਡੇ ਹੱਥ ਨੂੰ ਵੀ ਵੇਖਦਾ ਹੈ, ਪਰ ਤੁਹਾਡਾ ਹੱਥ ਉਸ ਦ੍ਰਸ਼ਟਾ ਨੂੰ ਨਹੀਂ ਛੂਹ ਸਕਦਾ।

ਬ੍ਰਹਮਾ, ਵਿਸ਼ਨੂੰ, ਮਹੇਸ਼ ਪਰਮਾਤਮਾ ਦੀਆਂ ਤਿੰਨ ਅੱਖਾਂ ਹਨ, ਜਾਂ ਤਿੰਨ ਚਿਹਰੇ ਹਨ। ਇਹ ਚਿਹਰੇ ਸੰਸਾਰ ਨੂੰ ਤਾਂ ਵੇਖਦੇ ਹਨ, ਪਰ ਪਰਤ ਕੇ ਪਰਮਾਤਮਾ ਨੂੰ ਨਹੀਂ

ਵੇਖ ਸਕਦੇ। ਕਿਉਂਕਿ ਜਿਹੜਾ ਅੰਦਰ ਲੁਕਿਆ ਹੈ ਉਹ ਇਨ੍ਹਾਂ ਦੀ ਪਹੁੰਚ ਤੋਂ ਬਾਹਰ ਹੈ। ਇਸ ਲਈ ਤਾਂ ਤੁਸੀਂ ਤਦ ਹੀ ਉਸ ਨੂੰ ਵੇਖ ਸਕੋਗੇ, ਜਦ ਤੁਹਾਡੀ ਬਾਹਰ ਦੀ ਅੱਖ ਬਿਲਕੁਲ ਬੰਦ ਹੋ ਜਾਏ। ਇਨ੍ਹਾਂ ਅੱਖਾਂ ਨਾਲ ਤੁਸੀਂ ਉਸ ਨੂੰ ਨਹੀਂ ਵੇਖ ਸਕੋਗੇ। ਇਸ ਚਿਹਰੇ ਨਾਲ ਤੁਸੀਂ ਉਸ ਨੂੰ ਨਹੀਂ ਪਛਾਣ ਸਕੋਗੇ। ਇਹ ਚਿਹਰਾ ਤਾਂ ਬਿਲਕੁਲ ਭੁੱਲ ਜਾਏ, ਤਦ ਹੀ ਤੁਸੀਂ ਉਸ ਨੂੰ ਪਛਾਣ ਸਕੋਗੇ, ਕਿਉਂਕਿ ਅੰਦਰ ਜਾਣਾ ਹੋਵੇ ਤਾਂ ਬਾਹਰ ਜਾਣ ਦੇ ਜਿਹੜੇ-ਜਿਹੜੇ ਵੀ ਉਪਾਅ ਹਨ ਉਹ ਸਾਰੇ ਛੱਡ ਦੇਣੇ ਪੈਣਗੇ। ਕਿਉਂਕਿ ਉਹ ਕੋਈ ਕੰਮ ਦੇ ਨਹੀਂ ਹਨ। ਬ੍ਰਹਮਾ, ਵਿਸ਼ਨੂੰ, ਮਹੇਸ਼ ਤਾਂ ਬਾਹਰ ਜਾਣ ਦੇ ਉਪਾਅ ਹਨ। ਉਹ ਤ੍ਰਿਮੂਰਤੀ ਤਾਂ ਬਾਹਰ ਵੱਲ ਹੈ। ਉਨ੍ਹਾਂ ਤਿੰਨਾਂ ਦੇ ਅੰਦਰ ਜੋ ਲੁਕਿਆ ਹੈ, ਉਹਦੇ ਤੱਕ ਉਨ੍ਹਾਂ ਤਿੰਨਾਂ ਦੀ ਕੋਈ ਪਹੁੰਚ ਨਹੀਂ। ਬਹੁਤ ਮਿੱਠੀ ਕਥਾ ਹੈ ਭਾਰਤ ਵਿੱਚ। ਅਨੇਕ ਕਥਾਵਾਂ ਹਨ ਜਿਨ੍ਹਾਂ ਵਿੱਚ ਕਿਹਾ ਗਿਆ ਹੈ ਕਿ ਜਦ ਵੀ ਕੋਈ ਬੁੱਧ-ਪੁਰਖ ਹੁੰਦਾ ਹੈ? ਜਿਵੇਂ ਗੌਤਮ ਹੋਏ, ਤਾਂ ਬ੍ਰਹਮਾ ਆਪ ਉਨ੍ਹਾਂ ਦੇ ਚਰਣਾਂ ਵਿੱਚ ਆਇਆ ਅਤੇ ਬ੍ਰਹਮਾ ਨੇ ਉਨ੍ਹਾਂ ਦੇ ਚਰਣਾਂ ਵਿੱਚ ਸਿਰ ਰੱਖਿਆ ਅਤੇ ਕਿਹਾ ਕਿ ਮੈਨੂੰ ਗਿਆਨ ਦਿਓ। ਇਹ ਬਹੁਤ ਮਿੱਠੀ ਕਹਾਣੀ ਹੈ। ਨਾਨਕ ਉਸੇ ਵੱਲ ਇਸ਼ਾਰਾ ਕਰ ਰਹੇ ਹਨ। ਕਿਉਂਕਿ ਬੁੱਧ ਪੁਰਖ ਬ੍ਰਹਮਾ ਤੋਂ ਉਚਾ ਹੋ ਗਿਆ। ਬੁੱਧ-ਪੁਰਖ ਸਾਰਿਆਂ ਦੇਵਤਾਵਾਂ ਤੋਂ ਪਾਰ ਹੋ ਗਿਆ। ਬ੍ਰਹਮਾ, ਵਿਸ਼ਨੂੰ, ਮਹੇਸ਼ ਪਿੱਛੇ ਰਹਿ ਗਏ ਕਿਉਂਕਿ ਉਹ ਤਾਂ ਤਿੰਨਾਂ ਦੇ ਹਿਰਦੇ ਸਨ। ਇਸ ਨੇ ਇੱਕ ਨੂੰ ਜਾਣ ਲਿਆ ਅਤੇ ਜਿਸ ਨੇ ਇੱਕ ਨੂੰ ਜਾਣ ਲਿਆ, ਉਹ ਤਿੰਨਾਂ ਨੂੰ ਜਾਨਣ ਵਾਲਿਆਂ ਤੋਂ ਉਪਰ ਹੋ ਗਿਆ, ਖੁਦ ਬ੍ਰਹਮਾ ਵੀ ਉਸਦੀ ਸ਼ਰਣ ਆਉਂਦੇ ਹਨ ਅਤੇ ਕਹਿੰਦੇ ਹਨ ਕਿ ਮੈਨੂੰ ਦਸੋ, ਕਿ ਕਿਵੇਂ ਮੈਂ ਆਪਣੇ ਆਪ ਨੂੰ ਜਾਣਾਂ ਤੇ ਕਿਵੇਂ ਉਸ ਨੂੰ ਪਛਾਣਾਂ?

ਇਹ ਗੱਲ ਕੀਮਤੀ ਹੈ। ਕਿਉਂਕਿ ਬ੍ਰਹਮਾ, ਵਿਸ਼ਨੂੰ, ਮਹੇਸ਼ ਹੁਣ ਵੀ ਤਿੰਨ ਹਨ ਅਤੇ ਤਿੰਨਾਂ ਤੋਂ ਇੱਕ ਨੂੰ ਨਹੀਂ ਜਾਣਿਆ ਜਾ ਸਕਦਾ। ਤਿੰਨ ਛੱਡ ਕੇ ਇੱਕ ਨੂੰ ਜਾਣਿਆ ਜਾ ਸਕਦਾ ਹੈ। ਹਿੰਦੂਆਂ ਨੇ ਬਹੁਤ ਅਨੋਖੀਆਂ ਕਥਾਵਾਂ ਲਿਖੀਆਂ ਹਨ ਅਤੇ ਸਾਰੇ ਜਗਤ ਵਿੱਚ ਅਜਿਹੀਆਂ ਕਥਾਵਾਂ ਨਹੀਂ ਹਨ ਅਤੇ ਜਗਤ ਵਿੱਚ ਉਨ੍ਹਾਂ ਕਥਾਵਾਂ ਨੂੰ ਸਮਝਣਾ ਵੀ ਬਹੁਤ ਔਖਾ ਹੈ। ਕਥਾ ਹੈ ਕਿ ਬ੍ਰਹਮਾ ਨੇ ਧਰਤੀ ਨੂੰ ਪੈਦਾ ਕੀਤਾ, ਸੋ ਧਰਤੀ ਤਾਂ ਉਨ੍ਹਾਂ ਦੀ ਧੀ ਹੈ ਅਤੇ ਜਿਵੇਂ ਹੀ ਇਹ ਧਰਤੀ ਪੈਦਾ ਹੋਈ, ਬ੍ਰਹਮਾ ਉਸ ਉਤੇ ਆਸ਼ਿਕ ਹੋ ਗਏ ਅਤੇ ਉਸਦੇ ਪਿੱਛੇ ਭੱਜਣ ਲੱਗੇ। ਆਪਣੇ ਆਪ ਨੂੰ ਬਚਾਉਣ ਦੇ ਲਈ ਧੀ ਨੇ ਬਹੁਤ ਰੂਪ ਧਾਰੇ ਅਤੇ ਜਿਹੜੇ ਜਿਹੜੇ ਰੂਪ ਧੀ ਨੇ ਧਾਰੇ, ਪਿਓ ਨੇ ਵੀ ਉਹ ਹੀ ਰੂਪ ਲੈ ਕੇ ਉਸ ਦਾ ਪਿੱਛਾ ਕੀਤਾ। ਧੀ ਗਾਂ ਹੋ ਗਈ ਤਾਂ ਪਿਓ ਸਾਂਢ ਹੋ ਗਿਆ।

ਪੱਛਮ ਵਿੱਚ ਜਦ ਪਹਿਲੀ ਵਾਰ ਪੂਰਬ ਦੀਆਂ ਕਥਾਵਾਂ ਪੁੱਜੀਆਂ ਤਾਂ ਉਨ੍ਹਾਂ ਨੇ ਕਿਹਾ, ਇਹ ਕਿਸ ਤਰ੍ਹਾਂ ਦਾ ਦੇਵਤਾ। ਇਹ ਤਾਂ ਦੇਵਤਾ ਵਰਗਾ ਪ੍ਰਤੀਤ ਹੀ ਨਹੀਂ ਹੁੰਦਾ। ਪਰ ਭਾਰਤ ਦੀਆਂ ਕਥਾਵਾਂ ਮੁੱਲ ਰੱਖਦੀਆਂ ਹਨ। ਕਿਉਂਕਿ ਭਾਰਤ ਇਹ ਕਹਿੰਦਾ ਹੈ ਕਿ ਦੇਵਤਾ ਵੀ ਸੰਸਾਰਿਕ ਹੈ। ਉਸਦਾ ਮੁੱਖ ਵੀ ਬਾਹਰ ਵਾਲੇ ਪਾਸੇ ਹੈ ਅਤੇ ਬ੍ਰਹਮਾ ਵੀ ਆਪਣੀ ਧੀ ਦੇ ਉਤੇ ਆਸ਼ਿਕ ਹੋ ਸਕਦਾ ਹੈ। ਧੀ ਤੋਂ ਮਤਲਬ ਇਹ ਹੈ ਕਿ ਜੋ ਉਸ ਤੋਂ ਪੈਦਾ ਹੋਇਆ ਹੈ, ਉਸੇ ਦੇ ਲਈ ਆਸ਼ਿਕ ਹੋ ਜਾਂਦਾ ਹੈ। ਅਸੀਂ ਵੀ ਤਾਂ ਉਹ ਹੀ ਕਰ ਰਹੇ ਹਾਂ। ਜਿਹੜਾ ਸਾਡੇ ਤੋਂ ਪੈਦਾ ਹੋਇਆ ਹੈ, ਜਿਹੜਾ ਸਾਡਾ ਹੀ ਹੈ, ਜਿਹੜਾ ਸਾਡਾ ਹੀ ਸੁਫ਼ਨਾ ਹੈ, ਉਸੇ 'ਚ ਅਸੀਂ ਮੋਹਿਤ ਹੋ ਜਾਂਦੇ ਹਾਂ। ਉਸੇ ਦੇ ਪਿਛੇ ਅਸੀਂ ਨੱਠਦੇ-ਭੱਜਦੇ ਹਾਂ। ਜਿਹੜੀ ਵਾਸਨਾ ਸਾਥੋਂ ਪੈਦਾ ਹੋਈ, ਉਸੇ ਦਾ ਅਸੀਂ ਪਿੱਛਾ ਕਰਦੇ ਹਾਂ। ਇਹ ਹੀ ਉਸ ਕਥਾ ਦਾ ਅਰਥ ਹੈ। ਜਿਹੜੀ ਵਾਸਨਾ ਸਾਡੇ ਹੀ ਚਿੱਤ ਦੀ ਖੇਡ ਹੈ। ਜਿਸ ਨੂੰ ਅਸੀਂ ਹੀ ਜਨਮਾਇਆ, ਜਿਹੜੀ ਸਾਡੀ ਧੀ ਹੈ, ਅਸੀਂ ਉਸਦੇ ਪਿੱਛੇ ਜੀਵਨ ਲਾ ਦਿੰਦੇ ਹਾਂ ਅਤੇ ਅਨੇਕ-ਅਨੇਕ ਰੂਪਾਂ ਵਿੱਚ ਉਸਦਾ ਪਿੱਛਾ ਕਰਦੇ ਹਾਂ ਕਿ ਕਿਸੇ ਤਰ੍ਹਾਂ ਉਹ ਪੂਰੀ ਹੋ ਜਾਏ। ਦੇਵਤਾ ਓਨੇ ਹੀ ਬੱਝੇ ਹੋਏ ਹਨ, ਜਿੰਨਾਂ ਆਦਮੀ ਬੱਝਿਆ ਹੈ। ਤਾਂ ਬ੍ਰਹਮਾ ਨੂੰ ਵੀ ਬੁੱਧ-ਪੁਰਖਾਂ ਦੇ ਚਰਣਾਂ ਵਿੱਚ ਆਉਣਾ ਪੈਂਦਾ ਹੈ। ਪੁੱਛਣ ਦੇ ਲਈ, ਇੱਕ ਦਾ ਰਾਜ਼। ਨਾਨਕ ਕਹਿੰਦੇ ਹਨ, ਇਹ ਅਸਚਰਜ ਹੈ ਕਿ ਉਹ ਪ੍ਰਭੂ ਤਾਂ ਉਨ੍ਹਾਂ ਤਿੰਨਾਂ ਨੂੰ ਵੇਖਦਾ ਹੈ, ਪਰ ਉਹ ਆਪ ਉਨ੍ਹਾਂ ਦੀ ਨਜ਼ਰ ਵਿੱਚ ਨਹੀਂ ਆਉਂਦਾ। ਇਹ ਬਹੁਤ ਅਸਚਰਜ ਦੀ ਗੱਲ ਹੈ, ਅਸਚਰਜ ਦੀ ਹੈ ਵੀ, ਨਹੀਂ ਵੀ। ਅਸਚਰਜ ਦੀ ਇਸ ਲਈ ਕਿ ਉਨ੍ਹਾਂ ਵਿਚੋਂ ਇੱਕ ਤਾਂ ਵੇਖ ਰਿਹਾ ਹੈ, ਪਰ ਇਹ ਤਿੰਨ ਕਿਉਂ ਨਹੀਂ ਵੇਖ ਸਕਦੇ? ਅਤੇ ਅਸਚਰਜ ਦੀ ਇਸ ਲਈ ਨਹੀਂ ਵੀ ਹੈ ਕਿ ਇਹ ਤਿੰਨ ਵੇਖ ਕਿਵੇਂ ਸਕਣਗੇ? ਕਿਉਂਕਿ ਜੇਕਰ ਇਹ ਪਿੱਛੇ ਮੁੜੇ ਤਾਂ ਇੱਕ ਰਹਿ ਜਾਂਦੇ, ਤਿੰਨ ਨਹੀਂ ਰਹਿੰਦੇ।

ਇਸ ਨੂੰ ਤੁਸੀਂ ਇਸ ਤਰ੍ਹਾਂ ਸਮਝੋ, ਆਸਾਨ ਹੋ ਜਾਏਗਾ। ਮੈਂ ਲਗਾਤਾਰ ਕਹਿੰਦਾ ਹਾਂ ਕਿ ਤੁਸੀਂ ਕਦੇ ਪਰਮਾਤਮਾ ਨੂੰ ਨਹੀਂ ਮਿਲ ਸਕੋਗੇ। ਕਿਉਂਕਿ ਜਿਸ ਦਿਨ ਤੁਸੀਂ ਮਿਲੋਗੇ, ਤੁਸੀਂ ਨਹੀਂ ਰਹਿ ਜਾਓਗੇ। ਮਿਲਣ ਤੋਂ ਪਹਿਲਾਂ ਤੁਹਾਨੂੰ ਗੁਆਚ ਜਾਣਾ ਪਏਗਾ ਅਤੇ ਜਦ ਤੱਕ ਤੁਸੀਂ ਹੋ, ਤਦ ਤੱਕ ਮਿਲਣ ਨਹੀਂ ਹੋਏਗਾ। ਤਾਂ ਤੁਹਾਡਾ ਮਿਲਣਾ ਤਾਂ ਕਦੇ ਵੀ ਨਹੀਂ ਹੋਵੇਗਾ। ਤੁਸੀਂ ਜਦ ਤੱਕ ਹੋ, ਤਦ ਤੱਕ ਪਰਮਾਤਮਾ ਨਹੀਂ ਹੈ ਅਤੇ ਤੁਸੀਂ ਜਦ ਨਾ ਰਹੇ ਤਾਂ ਪਰਮਾਤਮਾ ਹੈ। ਮੇਲ ਕਿਵੇਂ ਹੋਏਗਾ।

ਉਹ ਹੀ ਘਟਨਾ ਬ੍ਰਹਮਾ, ਵਿਸ਼ਨੂੰ, ਮਹੇਸ਼ ਨਾਲ ਵਾਪਰੇਗੀ। ਜੇਕਰ ਉਹ ਪਿਛੇ ਮੁੜਣ ਤਾਂ ਉਹ ਇੱਕ ਹੋ ਜਾਣਗੇ। ਇੱਕ ਹੁੰਦੇ ਹੀ ਉਹ ਨਹੀਂ ਰਹਿਣਗੇ। ਅਤੇ ਜਦ

ਤੱਕ ਉਹ ਹਨ, ਤਦ ਤੱਕ ਉਹ ਪਿੱਛੇ ਨਹੀਂ ਮੁੜੇ। ਇਸ ਲਈ ਅਸਚਰਜ ਵੀ ਅਤੇ ਅਸਚਰਜ ਨਹੀਂ ਵੀ।

ਅਤੇ ਧਿਆਨ ਰੱਖਣਾ, ਇਹ ਕੋਈ ਬ੍ਰਹਮਾ, ਵਿਸ਼ਨੂੰ, ਮਹੇਸ਼ ਦੀ ਗੱਲ ਨਹੀਂ ਹੈ, ਇਹ ਤੁਹਾਡੀ ਗੱਲ ਹੋ ਰਹੀ ਹੈ। ਇਹ ਤਾਂ ਸਿਰਫ਼ ਪ੍ਰਤੀਕ ਹਨ।

'ਜੇਕਰ ਪ੍ਰਣਾਮ ਕਰਨਾ ਹੋਵੇ ਤਾਂ ਉਸੇ ਨੂੰ ਹੀ ਪ੍ਰਣਾਮ ਕਰੋ।' ਤਾਂ ਨਾਨਕ ਕਹਿੰਦੇ ਹਨ, ਕੀ ਬ੍ਰਹਮਾ, ਵਿਸ਼ਨੂੰ, ਮਹੇਸ਼ ਨੂੰ ਤੁਸੀਂ ਪ੍ਰਣਾਮ ਕਰ ਰਹੇ ਹੋ? ਇਹ ਤਾਂ ਉਸ ਨੂੰ ਵੇਖ ਵੀ ਨਹੀਂ ਸਕਦੇ। ਉਹ ਹੀ ਇਨ੍ਹਾਂ ਨੂੰ ਵੇਖ ਰਿਹਾ ਹੈ। ਇਸ ਲਈ ਜੇਕਰ ਪ੍ਰਣਾਮ ਹੀ ਕਰਨਾ ਹੋਵੇ ਤਾਂ ਉਸ ਨੂੰ ਹੀ ਪ੍ਰਣਾਮ ਕਰੋ। 'ਉਹ ਹੀ ਆਦਿ, ਸ਼ੁੱਧ, ਅਨਾਦਿ, ਅਨਾਹਦ, ਅਤੇ ਜੁਗ-ਜੁਗ ਤੋਂ ਇੱਕ ਹੀ ਭੇਸ ਵਾਲਾ ਹੈ।'

*'ਆਦੇਸੁ ਤਿਸੈ ਆਦੇਸੁ॥ ਆਦਿ ਅਨੀਲੁ ਅਨਾਦਿ ਅਨਾਹਤਿ ਜੁਗੁ ਜੁਗੁ ਏਕੋ ਵੇਸੁ॥'*

ਜਿਹੜਾ ਸਦਾ ਇੱਕ ਹੈ, ਉਸੇ ਨੂੰ ਹੀ ਪ੍ਰਣਾਮ ਕਰੋ। ਉਸ ਨੂੰ ਹੀ ਲੱਭੋ, ਜਿਹੜਾ ਆਦਿ ਵੀ ਹੈ, ਅਨਾਦਿ ਵੀ ਹੈ। ਜਿਹੜਾ ਪ੍ਰਾਰੰਭ ਵੀ ਸਾਰਿਆਂ ਦਾ ਹੈ ਅਤੇ ਜਿਸ ਦਾ ਕੋਈ ਪ੍ਰਾਰੰਭ ਨਹੀਂ। ਜਿਹੜਾ ਸਭ ਤੋਂ ਪਹਿਲਾਂ ਹੈ ਅਤੇ ਜਿਸ ਤੋਂ ਪਹਿਲਾਂ ਕੋਈ ਹੋਰ ਨਹੀਂ ਅਤੇ ਜਿਹੜਾ ਸਾਰਿਆਂ ਦੇ ਅੰਤ ਵਿੱਚ ਹੋਏਗਾ, ਹੋਰ ਜਿਸ ਦੇ ਅੰਤ ਵਿੱਚ ਕੋਈ ਨਹੀਂ। ਉਸ ਇੱਕ ਨੂੰ ਹੀ ਪ੍ਰਣਾਮ ਕਰੋ। ਉਸ ਇੱਕ ਤੋਂ ਘੱਟ ਨੂੰ ਪ੍ਰਣਾਮ ਕੀਤਾ ਤਾਂ ਤੁਸੀਂ ਭਟਕੋਗੇ, ਪਰ ਉਸ ਇੱਕ ਨੂੰ ਪ੍ਰਣਾਮ ਕਰਨ ਦੀ ਸਾਡੀ ਹਿੰਮਤ ਨਹੀਂ ਹੁੰਦੀ। ਕਿਉਂਕਿ ਅਸੀਂ ਤਾਂ ਪ੍ਰਣਾਮ ਵੀ ਮਤਲਬ ਨਾਲ ਕਰਦੇ ਹਾਂ ਅਤੇ ਉਸ ਇੱਕ ਨੂੰ ਪ੍ਰਣਾਮ ਕਰਨਾ ਹੋਵੇ ਤਾਂ ਸਾਰੇ ਮਤਲਬ ਛੱਡਣੇ ਪੈਂਦੇ ਹਨ। ਅਸੀਂ ਤਾਂ ਮਤਲਬ ਨਾਲ ਪ੍ਰਣਾਮ ਕਰਦੇ ਹਾਂ।

ਜੇਕਰ ਮਤਲਬ ਨਾਲ ਪ੍ਰਣਾਮ ਕਰਦੇ ਹੋ ਤਾਂ ਦੇਵਤਿਆਂ ਦੇ ਕੋਲ ਜਾਓ। ਕਿਉਂਕਿ ਉਹ ਤੁਹਾਡੇ ਹੀ ਵਰਗੇ ਹਨ। ਤੁਹਾਡੀਆਂ ਵੀ ਵਾਸ਼ਨਾਵਾਂ ਹਨ, ਉਨ੍ਹਾਂ ਦੀਆਂ ਵੀ ਵਾਸ਼ਨਾਵਾਂ ਹਨ। ਉਨ੍ਹਾਂ ਅੱਗੇ ਤੁਸੀਂ ਮੰਗ ਕਰੋ ਤਾਂ ਉਹ ਤੁਹਾਡੀ ਮੰਗ ਪੂਰੀ ਕਰ ਦੇਣਗੇ, ਕਿਉਂਕਿ ਤੁਹਾਡੇ ਅਤੇ ਉਨ੍ਹਾਂ ਦੇ ਵਿਚਕਾਰ ਇੱਕ ਤਾਲ ਮੇਲ ਹੈ। ਉਹ ਤੁਹਾਡੇ ਨਾਲੋਂ ਬਹੁਤੇ ਸ਼ਕਤੀਸ਼ਾਲੀ ਹੋਣਗੇ। ਪਰ ਤੁਹਾਡੇ ਤੋਂ ਭਿੰਨ ਨਹੀਂ ਹਨ ਅਤੇ ਜਿਸ ਤਰ੍ਹਾਂ ਦੀਆਂ ਤੁਹਾਡੀਆਂ ਚਾਹਾਂ ਹਨ, ਉਸ ਤਰ੍ਹਾਂ ਦੀਆਂ ਉਨ੍ਹਾਂ ਦੀਆਂ ਚਾਹਾਂ ਹਨ। ਸੋ ਉਨ੍ਹਾਂ ਦੀ ਤੁਸੀਂ ਸਤੁਤੀ ਕਰੋ, ਉਨ੍ਹਾਂ ਦੀ ਤੁਸੀਂ ਪ੍ਰਾਰਥਨਾ-ਪੂਜਾ ਕਰੋ, ਪਰ ਤੁਸੀਂ ਮੰਗੋਗੇ ਸੰਸਾਰ ਹੀ। ਇਸ ਲਈ ਵਿਸ਼ਨੂੰ ਦੀ ਪੂਜਾ ਕਰੋ, ਸੰਸਾਰ ਚਾਹੀਦਾ ਹੋਵੇ ਤਾਂ।

ਉਸ ਇੱਕ ਨੂੰ ਤਾਂ ਤਦ ਮੰਗ ਸਕੋਗੇ, ਜੇਕਰ ਸੰਸਾਰ ਛੱਡਣ ਦੀ ਤਿਆਰੀ ਹੋਵੇ ਅਤੇ ਧਿਆਨ ਰੱਖਣਾ, ਉਸ ਇੱਕ ਨੂੰ ਪਾ ਕੇ ਹੀ ਕੁਝ ਪਾਇਆ। ਜਿਸ ਨੇ ਵੀ ਪਾਇਆ,

ਉਸ ਇੱਕ ਨੂੰ ਪਾ ਕੇ ਹੀ ਪਾਇਆ ਹੈ, ਬਾਕੀ ਤਾਂ ਸਭ ਭਟਕਣ ਹੈ। ਇਸ ਸੰਸਾਰ ਵਿੱਚ ਕਿੰਨੇ ਲੋਕ ਮਿਹਨਤ ਕਰਦੇ ਹਨ, ਕੁਝ ਵੀ ਤਾਂ ਮਿਲਦਾ ਨਹੀਂ। ਫਿਰ ਵੀ ਤੁਸੀਂ ਅੱਖ ਖੋਲ੍ਹ ਕੇ ਨਹੀਂ ਵੇਖਦੇ, ਫਿਰ ਵੀ ਤੁਹਾਡੇ ਵਿੱਚ ਬੁੱਧੀਮਤਾ ਦਾ ਜ਼ਰਾ ਕੁ ਵੀ ਜਾਗਰਣ ਨਹੀਂ ਹੁੰਦਾ। ਏਨੇ ਲੋਕ ਲੱਭਦੇ ਹਨ, ਪ੍ਰਾਪਤ ਵੀ ਕਰ ਲੈਂਦੇ ਹਨ, ਫਿਰ ਵੀ ਕੁਝ ਨਹੀਂ ਮਿਲਦਾ। ਇਥੇ ਹਾਰੇ ਹੋਏ ਵੀ ਹਾਰੇ ਹਨ, ਇਥੇ ਜਿੱਤੇ ਹੋਏ ਵੀ ਹਾਰੇ ਹਨ।

ਦੋ ਮਿੱਤਰ ਇੱਕ ਹੋਟਲ ਵਿੱਚ ਬੈਠੇ ਸਨ। ਇੱਕ ਜ਼ਰਾ ਪ੍ਰੌੜ੍ਹ ਅਤੇ ਇੱਕ ਜੁਆਨ। ਇੱਕ ਸੁੰਦਰ ਇਸਤਰੀ ਦਰਵਾਜ਼ੇ ਤੋਂ ਅੰਦਰ ਲੰਘੀ। ਜੁਆਨ ਦੇ ਅੰਦਰੋਂ ਡੂੰਘੀ ਸੁਆਸ ਨਿਕਲ ਗਈ ਅਤੇ ਕਿਹਾ ਕਿ ਇਹ ਇਸਤਰੀ ਜਦ ਤੱਕ ਮੈਨੂੰ ਨਾ ਮਿਲ ਜਾਵੇ, ਮੈਂ ਸੁਖੀ ਨਹੀਂ ਹੋ ਸਕਾਂਗਾ। ਅਤੇ ਇਸ ਲਈ ਮੈਂ ਪਾਗਲ ਹਾਂ ਅਤੇ ਇਸ ਦੇ ਲਈ ਤਾਂ ਮੇਰੀ ਨੀਂਦ ਗੁਆਚ ਗਈ ਹੈ, ਮੇਰੀ ਸ਼ਾਂਤੀ ਗੁੰਮ ਹੋ ਗਈ। ਮੇਰਾ ਸਾਰਾ ਸੁੱਖ-ਚੈਨ ਗੁਆਚ ਗਿਆ ਅਤੇ ਹੋਰ ਕੋਈ ਰਾਹ ਨਹੀਂ ਸੁੱਝਦਾ, ਮੈਂ ਕੀ ਕਰਾਂ? ਜਦ ਤੱਕ ਇਹ ਮੈਨੂੰ ਨਹੀਂ ਮਿਲੇਗੀ, ਮੈਨੂੰ ਨਾ ਕੋਈ ਸ਼ਾਂਤੀ ਹੈ, ਨਾ ਕੋਈ ਆਨੰਦ ਹੈ।

ਉਸ ਦੂਜੇ ਪ੍ਰੌੜ੍ਹ ਆਦਮੀ ਨੇ ਕਿਹਾ ਕਿ ਜਦ ਤੂੰ ਇਸ ਇਸਤਰੀ ਨੂੰ ਫੁਸਲਾਉਣ ਵਿੱਚ ਰਾਜ਼ੀ ਹੋ ਜਾਵੇਂ, ਤਾਂ ਮੈਨੂੰ ਖ਼ਬਰ ਦੇ ਦੇਵੀਂ। ਉਸ ਨੇ ਕਿਹਾ, ਕੀ ਮਤਲਬ! ਤੁਹਾਨੂੰ ਕਿਸ ਲਈ ਖ਼ਬਰ? ਉਸ ਨੇ ਕਿਹਾ, ਇਹ ਮੇਰੀ ਪਤਨੀ ਹੈ ਅਤੇ ਮੇਰਾ ਜਦੋਂ ਤੋਂ ਇਸ ਦੇ ਨਾਲ ਸਤਸੰਗ ਹੋਇਆ, ਮੇਰੀ ਸਾਰੀ ਸ਼ਾਂਤੀ ਗੁੰਮ ਹੋ ਗਈ ਹੈ। ਮੇਰਾ ਆਨੰਦ ਮੈਨੂੰ ਵਾਪਿਸ ਮਿਲ ਜਾਏਗਾ ਜੇਕਰ ਤੂੰ ਇਸ ਨੂੰ ਰਾਜ਼ੀ ਕਰ ਲਵੇਂ ਕਿਸੇ ਤਰ੍ਹਾਂ। ਇਥੇ ਜਿਨ੍ਹਾਂ ਨੂੰ ਮਿਲ ਜਾਂਦਾ ਹੈ, ਉਹ ਰੋ ਰਹੇ ਹਨ ਅਤੇ ਜਿਨ੍ਹਾਂ ਨੂੰ ਇਥੇ ਨਹੀਂ ਮਿਲਦਾ, ਉਹ ਵੀ ਰੋ ਰਹੇ ਹਨ। ਇਥੇ ਹੋਣ ਦਾ ਢੰਗ ਹੀ ਰੋਣਾ ਹੈ। ਇਥੇ ਤੁਸੀਂ ਸਾਰਿਆਂ ਨੂੰ ਰੋਂਦਿਆਂ ਪਾਓਗੇ, ਗਰੀਬ ਨੂੰ ਅਤੇ ਅਮੀਰ ਨੂੰ, ਸਫ਼ਲ ਨੂੰ ਅਤੇ ਅਸਫ਼ਲ ਨੂੰ, ਜਿੱਤੇ ਹੋਏ ਨੂੰ ਤੇ ਹਾਰੇ ਹੋਏ ਨੂੰ, ਸਭ ਨੂੰ ਰੋਂਦਿਆਂ ਪਾਓਗੇ। ਇਥੇ ਇੱਕ ਸੰਬੰਧ ਵਿੱਚ ਬਹੁਤ ਸਮਾਨਤਾ ਹੈ, ਕਿ ਸਾਰੇ ਦੁਖੀ ਹਨ। ਉਸ ਇੱਕ ਨੂੰ ਪਾ ਕੇ ਹੀ ਕੁਝ ਪਾਇਆ ਜਾ ਸਕਦਾ ਹੈ। ਉਸ ਇੱਕ ਦਾ ਕੋਈ ਮੰਦਰ ਨਹੀਂ ਹੈ। ਬ੍ਰਹਮਾ ਦਾ ਵੀ ਇੱਕ ਮੰਦਰ ਹੈ, ਵਿਸ਼ਨੂੰ ਦੇ ਬਹੁਤ ਹਨ, ਸ਼ਿਵ ਦੇ ਤਾਂ ਅਨੰਤ ਹਨ। ਉਸਦਾ ਇੱਕ ਵੀ ਮੰਦਰ ਨਹੀਂ ਹੈ। ਉਸ ਦਾ ਮੰਦਰ ਹੋ ਵੀ ਨਹੀਂ ਸਕਦਾ। ਇਸ ਲਈ ਨਾਨਕ ਨੇ ਜੋ ਆਪਣੇ ਮੰਦਰ ਨੂੰ ਨਾਉਂ ਦਿੱਤਾ, ਉਹ ਬਹੁਤ ਪਿਆਰਾ ਹੈ 'ਗੁਰਦੁਆਰਾ'।

ਉਹ ਪਰਮਾਤਮਾ ਦਾ ਮੰਦਰ ਨਹੀਂ, ਉਹ ਸਿਰਫ ਗੁਰੂ ਦਾ ਦੁਆਰ ਹੈ। ਉਸ ਤੋਂ ਤੁਸੀਂ ਉਸ ਇੱਕ ਦੇ ਵੱਲ ਪੁੱਜੋਗੇ। ਪਰ ਉਹ ਸਿਰਫ਼ ਦਰਵਾਜ਼ਾ ਹੈ। ਉਥੇ ਕੁਝ ਅੰਦਰ ਹੈ ਨਹੀਂ। ਨਾਮ ਬੜਾ ਪਿਆਰਾ ਹੈ। ਤਾਂ ਉਹ ਸਿਰਫ਼ ਦੁਆਰ ਹੈ, ਜਿਸ ਵਿਚੋਂ ਤੁਸੀਂ

ਲੰਘੋਗੇ। ਉਹ ਕੋਈ ਰੁਕਣ ਦੀ ਥਾਂ ਨਹੀਂ ਹੈ। ਜਿਹੜਾ ਗੁਰਦੁਆਰੇ ਵਿੱਚ ਰੁਕ ਗਿਆ ਉਹ ਨਾ ਸਮਝ ਹੈ। ਜਿਹੜਾ ਦਰਵਾਜ਼ੇ ਵਿੱਚ ਬੈਠਾ ਹੈ। ਦਰਵਾਜ਼ੇ 'ਚ ਬੈਠਣ ਵਿੱਚ ਕੋਈ ਸਾਰ ਨਹੀਂ ਹੈ। ਉਥੋਂ ਤਾਂ ਲੰਘਣਾ ਹੈ। ਉਥੋਂ ਤਾਂ ਪਾਰ ਜਾਣਾ ਹੈ। ਗੁਰੂ ਦੁਆਰ ਹੈ। ਉਸ ਉਤੇ ਰੁਕਣਾ ਨਹੀਂ ਹੈ। ਉਸ ਵਿਚੋਂ ਲੰਘ ਜਾਣਾ ਹੈ। ਉਸ ਦੇ ਵੀ ਪਾਰ ਹੋ ਜਾਣਾ ਹੈ। ਉਸ ਦੇ ਪਾਰ ਉਹ ਇੱਕ ਹੈ। ਉਸ ਇੱਕ ਦਾ ਕੋਈ ਮੰਦਰ ਨਹੀਂ ਹੋ ਸਕਦਾ।

ਅਤੇ ਨਾਨਕ ਕਹਿੰਦੇ ਹਨ ਕਿ ਜੇਕਰ ਪ੍ਰਣਾਮ ਹੀ ਕਰਨ ਦਾ ਭਾਵ ਉਠਿਆ, ਜੇਕਰ ਸੱਚ-ਮੁੱਚ ਹੀ ਪ੍ਰਣਾਮ ਕਰਨ ਦੀ ਭਾਵਨਾ ਜਾਗ ਗਈ ਹੈ, ਹਿਰਦਾ ਰਾਜ਼ੀ ਹੈ, ਪ੍ਰਣਾਮ ਕਰਨ ਦੀ ਭਾਵਨਾ ਜਾਗ ਗਈ ਹੈ, ਹਿਰਦਾ ਰਾਜ਼ੀ ਹੈ ਪ੍ਰਣਾਮ ਕਰਨ ਨੂੰ—*'ਆਦੇਸੁ ਤਿਸੈ ਆਦੇਸੁ॥*—ਤਾਂ ਉਸ ਇੱਕ ਨੂੰ ਹੀ ਪ੍ਰਣਾਮ ਕਰੋ। ਲੋਕ, ਅਲੋਕ ਉਸ ਦਾ ਆਸਣ ਹੈ। ਇਸ ਲਈ ਉਸ ਦਾ ਕੋਈ ਮੰਦਰ ਹੋ ਨਹੀਂ ਸਕਦਾ। ਲੋਕ ਲੋਕ ਉਸਦਾ ਭੰਡਾਰ ਹੈ। ਉਸ ਨੇ ਇੱਕੋ ਵਾਰ ਹੀ ਸਦਾ ਲਈ ਪਾਉਣ ਲਾਇਕ ਸਭ ਕੁਝ ਉਸ ਵਿੱਚ ਰੱਖ ਦਿੱਤਾ ਹੈ। ਉਹ ਸਿਰਜਣਹਾਰ ਰਚਨਾ ਕਰਕੇ ਉਸ ਨੂੰ ਵੇਖਦਾ ਰਹਿੰਦਾ ਹੈ। ਨਾਨਕ ਕਹਿੰਦੇ ਹਨ, ਸੱਚੇ ਦਾ ਕੰਮ ਸੱਚਾ ਹੈ। ਪ੍ਰਣਾਮ ਕਰਨਾ ਹੋਵੇ ਤਾਂ ਉਸੇ ਨੂੰ ਹੀ ਪ੍ਰਣਾਮ ਕਰੋ। ਉਹ ਆਦਿ, ਸ਼ੁੱਧ, ਅਨਾਦਿ ਅਨਾਹਦ ਅਤੇ ਜੁਗ ਜੁਗ ਤੋਂ ਇੱਕ ਹੀ ਵੇਸ ਵਾਲਾ ਹੈ।'

ਨਾਨਕ ਕਹਿੰਦੇ ਹਨ, ਸੱਚੇ ਦਾ ਕੰਮ ਸੱਚਾ ਹੈ। ਨਾਨਕ ਸੱਚੇ ਕੀ ਸਾਚੀ ਕਾਰ॥

ਉਸ ਪਰਮਾਤਮਾ ਦਾ ਜੋ ਕੁਝ ਵੀ ਹੈ, ਉਹ ਸਤਯ ਹੈ। ਤੁਹਾਡਾ ਜੋ ਕੁਝ ਵੀ ਹੈ, ਉਹ ਅਸਤਯ ਹੈ। ਕਿਉਂਕਿ ਤੁਹਾਡਾ ਹੋਣਾ ਹੀ ਅਸਤਯ ਹੈ। ਅਸਤਯ ਤੋਂ ਸਤਯ ਦਾ ਕੋਈ ਜਨਮ ਨਹੀਂ ਹੋ ਸਕਦਾ। ਤੁਸੀਂ ਜੋ ਵੀ ਬਣਾਓਗੇ ਉਹ ਤਾਸ਼ ਦੇ ਪੱਤਿਆਂ ਦੇ ਘਰ ਹੋਣਗੇ। ਹਵਾ ਦਾ ਜ਼ਰਾ ਕੁ ਜਿੰਨਾਂ ਬੁੱਲਾ ਵੀ ਉਨ੍ਹਾਂ ਨੂੰ ਡੇਗ ਦੇਵੇਗਾ। ਤੁਸੀਂ ਜੋ ਵੀ ਬਣਾਓਗੇ ਉਹ ਕਾਗਜ਼ ਦੀ ਬੇੜੀ ਹੋਏਗੀ। ਛੱਡਦੇ ਸਾਰ ਹੀ ਡੁੱਬਣ ਲੱਗੇਗੀ। ਉਸ ਵਿੱਚ ਯਾਤਰਾ ਨਹੀਂ ਹੋ ਸਕਦੀ। ਹੰਕਾਰ ਨਾਲ ਉਸਰਿਆ ਹੋਇਆ ਸਭ ਕੁਝ ਅਸਤਯ ਹੋਏਗਾ। ਕਿਉਂਕਿ ਹੰਕਾਰ ਅਸਤਯ ਹੈ। ਉਸ ਪਰਮਾਤਮਾ ਦਾ ਜੋ ਵੀ ਹੈ ਉਹ ਸਤਯ ਹੈ। ਤੁਹਾਡਾ ਜੋ ਵੀ ਹੈ, ਉਹ ਅਸਤਯ ਹੈ।

ਇਹ ਜਿਸ ਦਿਨ ਤੁਹਾਨੂੰ ਸਮਝ ਵਿੱਚ ਆ ਜਾਏਗਾ, ਉਸ ਦਿਨ ਤੁਸੀਂ ਅਸਤਯ ਨੂੰ ਪੈਦਾ ਕਰਨ ਵਿੱਚ ਮਿਹਨਤ ਨਹੀਂ ਕਰੋਗੇ। ਸੰਸਾਰੀ ਦਾ ਅਰਥ ਹੈ, ਜਿਹੜਾ ਅਸਤਯ ਨੂੰ ਪੈਦਾ ਕਰਨ 'ਚ ਲੱਗਿਆ ਹੈ। ਤੁਹਾਡੇ ਸੰਸਾਰ ਦੀ ਅਸਤਯਤਾ ਦਾ ਤੁਹਾਨੂੰ ਖਿਆਲ ਹੀ ਨਹੀਂ ਆਉਂਦਾ, ਕਿਉਂਕਿ ਤੁਸੀਂ ਉਸ ਵਿੱਚ ਲੀਨ ਹੋ। ਤੁਸੀਂ ਕਦੇ ਵੀ ਜ਼ਰਾ ਕੁ ਦੂਰ ਖਲੋ ਕੇ ਨਹੀਂ ਵੇਖਿਆ ਕਿ ਅਸਤਯਤਾ (ਝੂਠਾਪਨ) ਕਿੰਨੀ ਭਿਅੰਕਰ ਹੈ।

ਖ਼ਤਰਨਾਕ ਹੈ।

ਇੱਕ ਆਦਮੀ ਨੋਟ ਇਕੱਠੇ ਕਰਦਾ ਜਾ ਰਿਹਾ ਹੈ। ਉਹ ਕਦੇ ਨਹੀਂ ਸੋਚਦਾ ਕਿ ਨੋਟ ਇੱਕ ਮਾਨਯਤਾ ਹੈ। ਕੱਲ੍ਹ ਸਰਕਾਰ ਬਦਲ ਜਾਏ, ਕਾਨੂੰਨ ਬਦਲ ਜਾਏ, ਸਰਕਾਰ ਤੈਅ ਕਰ ਲਵੇ, ਇਹ ਨੋਟ ਰੱਦ ਹੋਏ, ਕੰਮ ਦੇ ਨਾ ਰਹੇ, ਤਾਂ ਕਾਗਜ਼ ਹੋ ਗਏ। ਇੱਕ ਮਾਨਯਤਾ ਨੂੰ ਇਹ ਆਦਮੀ ਇਕੱਠਾ ਕਰ ਰਿਹਾ ਹੈ ਅਤੇ ਮਾਨਯਤਾ ਅਜਿਹੀ ਕਿ ਜਿਸ ਦਾ ਕੋਈ ਭਰੋਸਾ ਨਹੀਂ।

ਅਮਰੀਕਾ ਵਿੱਚ ਇੱਕ ਹੋਟਲ ਹੈ, ਉਨੀ ਸੌ ਤੀਹ ਦੇ ਜ਼ਮਾਨੇ ਵਿੱਚ, ਜਦ ਕਿ ਅਮਰੀਕਾ ਵਿੱਚ ਬਹੁਤ ਵੱਡੀ ਗਿਰਾਵਟ ਆਈ, ਜਿਸ ਆਦਮੀ ਦਾ ਇਹ ਹੋਟਲ ਹੈ, ਉਸ ਦੇ ਕਰੋੜਾਂ ਰੁਪਏ ਦੇ ਬਾਂਡ ਵਿਅਰਥ ਗਏ। ਤਾਂ ਉਸ ਨੇ ਸਾਰੀਆਂ ਕੰਧਾਂ ਤੇ ਬਾਂਡ ਚਿਪਕਾ ਦਿੱਤੇ। ਉਹ ਜਿਹੜੇ ਕਰੋੜਾਂ ਰੁਪਏ ਦੇ ਬਾਂਡ ਸਨ, ਪੂਰੀਆਂ ਹੋਟਲ ਦੀਆਂ ਕੰਧਾਂ ਉਸ ਨੇ ਬਾਂਡਾਂ ਨਾਲ ਬਣਾ ਦਿੱਤੀਆਂ। ਉਹ ਕਿਸੇ ਕੰਮ ਦੇ ਨਾ ਰਹੇ। ਉਹ ਕੰਧਾਂ ਤੇ ਚਿਪਕਾਉਣ ਲਾਇਕ ਹੋ ਗਏ। ਉਨ੍ਹਾਂ ਦੀ ਕੋਈ ਵਰਤੋਂ ਨਾ ਰਹੀ।

ਅਤੇ ਇੱਕ ਆਦਮੀ ਨੋਟ ਉਤੇ ਜ਼ਿੰਦਗੀ ਲਾ ਰਿਹਾ ਹੈ। ਬੱਸ, ਉਸਦਾ ਕੰਮ ਹੀ ਏਨਾ ਹੈ ਕਿ ਕਿੰਨੇ ਨੋਟ ਵਧਦੇ ਜਾਂਦੇ ਹਨ, ਉਨ੍ਹਾਂ ਦੀ ਉਹ ਗਿਣਤੀ ਕਰ ਰਿਹਾ ਹੈ। ਤਿਜੋਰੀ ਵਿੱਚ ਨੋਟ ਭਰਦਾ ਜਾਂਦਾ ਹੈ, ਉਸ ਨੂੰ ਪਤਾ ਨਹੀਂ ਕਿ ਹਰ ਨੋਟ ਦੇ ਬਦਲੇ ਵਿੱਚ ਜ਼ਿੰਦਗੀ ਵੇਚ ਰਿਹਾ ਹੈ, ਕਿਉਂਕਿ ਇੱਕ ਇੱਕ ਪਲ ਕੀਮਤੀ ਹੈ ਅਤੇ ਜਿਸ ਊਰਜਾ ਰਾਹੀਂ ਪਰਮਾਤਮਾ ਦੇ ਨਾਲ ਮਿਲਣ ਹੁੰਦਾ ਹੈ, ਉਸ ਊਰਜਾ ਨੂੰ ਉਹ ਨੋਟਾਂ ਵਿੱਚ ਲਾ ਰਿਹਾ ਹੈ ਅਤੇ ਨੋਟ ਸਿਰਫ਼ ਮਾਨਯਤਾ ਹੈ। ਹਜ਼ਾਰਾਂ ਤਰ੍ਹਾਂ ਦੀਆਂ ਮਾਨਯਤਾਵਾਂ ਦੁਨੀਆਂ ਵਿੱਚ ਰਹੀਆਂ। ਹਜ਼ਾਰਾਂ ਤਰ੍ਹਾਂ ਦੇ ਸਿੱਕੇ ਰਹੇ। ਮੈਕਸਿਕੋ ਵਿੱਚ ਲੋਕ, ਇਸ ਸਦੀ ਦੇ ਆਰੰਭ ਤੱਕ, ਕੰਕੜ-ਪੱਥਰਾਂ ਨੂੰ ਸਿੱਕਿਆਂ ਦੇ ਵਾਂਗ ਉਪਯੋਗ ਕਰਦੇ ਸਨ। ਕੰਕੜ-ਪੱਥਰ ਨਾਲ ਹੀ ਕੰਮ ਹੋ ਜਾਂਦਾ ਸੀ, ਕਿਉਂਕਿ ਮੰਨਣ ਦੀ ਗੱਲ ਹੈ। ਤੁਸੀਂ ਕਾਗਜ਼ ਦੀ ਵਰਤੋਂ ਕਰ ਰਹੇ ਹੋ। ਕੰਕੜ-ਪੱਥਰ ਕਾਗਜ਼ ਨਾਲੋਂ ਤਾਂ ਬਹੁਤੇ ਕੀਮਤੀ ਹਨ। ਸੋਨਾ ਮਾਨਯਤਾ ਦੇ ਕਾਰਣ ਸੋਨਾ ਹੈ। ਜੇਕਰ ਦੁਨੀਆਂ ਦੀ ਹਵਾ ਬਦਲ ਜਾਏ—ਕਦੇ ਵੀ ਬਦਲ ਸਕਦੀ ਹੈ—ਲੋਕ ਸੋਨੇ ਦੀ ਕੀਮਤ ਨਾ ਦੇਣ, ਲੋਹੇ ਦੀ ਕੀਮਤ ਦੇਣ ਲੱਗਣਗੇ, ਤਾਂ ਤੁਸੀਂ ਲੋਹੇ ਦਾ ਸ਼ਿੰਗਾਰ ਕਰ ਲਵੋਗੇ।

ਅਫਰੀਕਾ ਵਿੱਚ ਕੌਮਾਂ ਹਨ। ਜਿਹੜੀਆਂ ਹੱਡੀਆਂ ਦੀ ਕੀਮਤ ਲਾਉਂਦੀਆਂ ਹਨ, ਸੋਨੇ ਦੀ ਕੀਮਤ ਨਹੀਂ ਲਾਉਂਦੀਆਂ। ਹੱਡੀਆਂ ਨੂੰ ਗਲ ਵਿੱਚ ਲਟਕਾਇਆ ਹੋਇਆ ਹੈ, ਸੋਨਾ ਫਿਜ਼ੂਲ ਹੈ। ਤੁਸੀਂ ਉਨ੍ਹਾਂ ਨੂੰ ਕਹੋ, ਸੋਨੇ ਨੂੰ ਲਟਕਾ ਲੈਣ। ਉਹ ਰਾਜ਼ੀ ਨਹੀਂ ਹਨ।

ਮਾਨਯਤਾ (ਮੰਨਣ) ਦੀ ਸਾਰੀ ਖੇਡ ਹੈ ਅਤੇ ਉਸ ਮਾਨਯਤਾ ਲਈ ਤੁਸੀਂ ਜੀਵਨ ਗੁਆ ਦਿੰਦੇ ਹੋ। ਲੋਕ ਪ੍ਰਤਿਸ਼ਠਾ ਦੇਣ, ਉਸ ਦੇ ਲਈ ਤੁਸੀਂ ਜੀਵਨ ਗੁਆ ਦਿੰਦੇ ਹੋ। ਲੋਕਾਂ ਦੇ ਆਦਰ ਸਤਿਕਾਰ ਦੇਣ ਦਾ ਕੀ ਅਰਥ ਹੈ? ਕੌਣ ਹਨ ਇਹ ਲੋਕ ਜਿਨ੍ਹਾਂ ਦੀ ਮਾਣ-ਮਰਿਆਦਾ ਲਈ ਤੁਸੀਂ ਦੀਵਾਨੇ ਹੋ। ਇਹ ਉਹ ਹੀ ਲੋਕ ਹਨ, ਜਿਹੜੇ ਤੁਹਾਡੀ ਪ੍ਰਤਿਸ਼ਠਾ ਲਈ ਦੀਵਾਨੇ ਹਨ। ਇਨ੍ਹਾਂ ਦੀ ਕੀਮਤ ਕੀ ਹੈ? ਨਾ-ਸਮਝਾਂ ਤੋਂ ਜੇਕਰ ਆਦਰ-ਸਤਿਕਾਰ ਮਿਲ ਜਾਏ, ਤਾਂ ਇਸ ਤੋਂ ਤੁਹਾਨੂੰ ਕੀ ਮਿਲੇਗਾ? ਅਤੇ ਹੋਰ ਨਾ-ਸਮਝ ਭੀੜ ਦਾ ਕੋਈ ਹਿਸਾਬ ਹੈ।

ਵਿਨਸਟਨ ਚਰਚਿਲ ਅਮਰੀਕਾ ਗਿਆ। ਇੱਕ ਸਭਾ ਵਿੱਚ ਬੋਲਿਆ—ਬਹੁਤ ਭੀੜ ਸੀ, ਹਾਲ ਖਚਾਖਚ ਭਰਿਆ ਸੀ। ਸਭਾ ਤੋਂ ਪਿੱਛੋਂ ਇੱਕ ਇਸਤਰੀ ਨੇ ਉਸ ਨੂੰ ਕਿਹਾ ਕਿ ਤੁਸੀਂ ਜ਼ਰੂਰ ਖੁਸ਼ ਹੁੰਦੇ ਹੋਵੋਗੇ। ਜਦ ਵੀ ਤੁਸੀਂ ਬੋਲਦੇ ਹੋ, ਹਾਲ ਖਚਾ-ਖਚ ਭਰਿਆ ਹੁੰਦਾ ਹੈ।

ਵਿਨਸਟਨ ਚਰਚਿਲ ਨੇ ਕਿਹਾ, ਜਦ ਵੀ ਮੈਂ ਹਾਲ ਨੂੰ ਖਚਾ-ਖਚ ਭਰਿਆ ਵੇਖਦਾ ਹਾਂ, ਤਾਂ ਸੋਚਦਾ ਹਾਂ ਕਿ ਜੇਕਰ ਮੈਨੂੰ ਫਾਂਸੀ ਲੱਗ ਰਹੀ ਹੁੰਦੀ ਤਾਂ ਘੱਟੋ-ਘੱਟ ਪੰਜਾਹ ਗੁਣਾਂ ਜ਼ਿਆਦਾ ਲੋਕ ਮੈਨੂੰ ਵੇਖਣ ਆਏ ਹੁੰਦੇ। ਇਨ੍ਹਾਂ ਲੋਕਾਂ ਦਾ ਕੀ ਭਰੋਸਾ? ਇਹ ਮੇਰੇ ਲਈ ਤਾਲੀਆਂ ਵਜਾਉਣ ਆਏ ਹਨ, ਇਹ ਮੇਰੀ ਫਾਂਸੀ ਵੇਖਦੇ, ਤਾਂ ਉਥੇ ਵੀ ਤਾਲੀਆਂ ਵਜਾਉਂਦੇ। ਸੋ ਜਦ ਵੀ ਮੈਂ ਵੇਖਦਾ ਹਾਂ ਕਿ ਹਾਲ ਖਚਾ-ਖਚ ਭਰਿਆ ਹੈ, ਤਾਂ ਪਹਿਲਾਂ ਮੈਂ ਸੋਚ ਲੈਂਦਾ ਹਾਂ ਕਿ ਇਹ ਉਹ ਹੀ ਲੋਕ ਹਨ ਕਿ ਜੇਕਰ ਮੈਨੂੰ ਫਾਂਸੀ ਲੱਗ ਰਹੀ ਹੋਵੇ, ਤਾਂ ਵੀ ਵੇਖਣ ਆਉਣਗੇ ਅਤੇ ਮਜ਼ਾ ਲੁੱਟਣਗੇ ਅਤੇ ਆਪਣੇ ਬੱਚਿਆਂ ਨੂੰ ਵੀ ਲਿਆਉਣਗੇ ਕਿ ਚਲੋ ਵੇਖ ਲਵੋ, ਅਜਿਹਾ ਮੌਕਾ ਫ਼ੇਰ ਆਏ ਨਾ ਆਏ। ਇਨ੍ਹਾਂ ਦਾ ਕੋਈ ਭਰੋਸਾ ਨਹੀਂ।

ਉਹ ਹੀ ਚਿਹਰੇ ਜਦ ਤੁਸੀਂ ਡਿੱਗ ਰਹੇ ਹੋਵੋਗੇ, ਤਦ ਵੀ ਤਾਲੀਆਂ ਵਜਾਉਣਗੇ। ਉਹ ਹੀ ਚਿਹਰੇ, ਜਦ ਤੁਸੀਂ ਉੱਠ ਰਹੇ ਹੋਵੋਗੇ ਤਦ ਵੀ ਤਾਲੀਆਂ ਵਜਾਉਣਗੇ। ਇਨ੍ਹਾਂ ਚਿਹਰਿਆਂ ਨੂੰ ਵੇਖ ਕੇ, ਇਨ੍ਹਾਂ ਦੀ ਗਿਣਤੀ ਕਰਕੇ, ਇਨ੍ਹਾਂ ਤੋਂ ਵੋਟ ਮੰਗ ਕੇ ਤੁਸੀਂ ਕਿਥੇ ਪੁੱਜ ਜਾਓਗੇ? ਇਹ ਤਹਾਡੇ ਨਾਲ ਹਨ, ਇਸ ਦੇ ਨਾਲ ਕੀ ਸਾਥ ਮਿਲਦਾ ਹੈ? ਇਹ ਤੁਹਾਨੂੰ ਸਿਰ ਉਤੇ ਵੀ ਚੁੱਕ ਲੈਣ, ਤਾਂ ਵੀ ਇਨ੍ਹਾਂ ਦਾ ਮੁੱਲ ਕੀ? ਇਨ੍ਹਾਂ ਦੀ ਉਚਾਈ ਕਿੰਨੀ ਹੈ? ਇਨ੍ਹਾਂ ਦੇ ਮੋਢਿਆਂ ਤੇ ਚੜ੍ਹ ਕੇ ਤੁਸੀਂ ਕਿੰਨੇ ਉਚੇ ਹੋ ਜਾਓਗੇ? ਪਰ ਆਦਮੀ ਜੀਵਨ ਲਾ ਦਿੰਦਾ ਹੈ। ਕਿਵੇਂ ਮਾਣ ਇਜ਼ਤ ਮਿਲੇ। ਕਿਵੇਂ ਔਹਦਾ ਮਿਲੇ। ਕਿਸ ਤਰ੍ਹਾਂ ਲੋਕਾਂ ਕੋਲੋਂ ਆਦਰ ਮਿਲੇ।

ਨਾਨਕ ਕਹਿੰਦੇ ਹਨ, ਹੰਕਾਰ ਤੋਂ ਤਾਂ ਜੋ ਵੀ ਪੈਦਾ ਹੋਏਗਾ, ਉਹ ਝੂਠ ਹੀ ਹੋਏਗਾ।

ਇਹ ਸਭ ਹੰਕਾਰ ਦੀ ਹੀ ਖੋਜ ਹੈ ਅਤੇ ਇਹ ਲੈਣ-ਦੇਣ ਹੈ।

ਨੇਤਾ ਤੁਹਾਡੇ ਦਰਵਾਜ਼ੇ 'ਤੇ ਆਉਂਦਾ ਹੈ। ਸਿਰ ਝੁਕਾ ਕੇ ਪ੍ਰਣਾਮ ਕਰਦਾ ਹੈ ਕਿ ਵੋਟ ਦੇਣਾ। ਤੁਸੀਂ ਉਸ ਨੂੰ ਵੋਟ ਦਿੰਦੇ ਹੋ। ਉਹ ਔਹਦੇ 'ਤੇ ਪਹੁੰਚ ਜਾਂਦਾ ਹੈ। ਇੱਕ ਮਿਯੁਚੁਅੱਲ, ਇੱਕ ਲੈਣ-ਦੇਣ ਹੰਕਾਰ ਦੀ ਤ੍ਰਿਪਤੀ ਕਰ ਰਹੇ ਹੋ।

ਮੈਂ ਸੁਣਿਆ ਹੈ ਕਿ ਇੱਕ ਪਿੰਡ ਵਿੱਚ ਅਜਿਹਾ ਹੋਇਆ ਕਿ ਇੱਕ ਆਦਮੀ, ਪਿੰਡ ਦਾ ਘੰਟਾਘਰ ਸੀ, ਉਹ ਉਸ ਵਿੱਚ ਘੰਟੇ ਵਜਾਉਂਦਾ ਸੀ ਅਤੇ ਪਿੰਡ ਵਿੱਚ ਇੱਕ ਨਿੱਕਾ ਜਿਹਾ ਟੈਲੀਫੋਨ ਐਕਸਚੇਂਜ ਸੀ। ਰੋਜ਼ ਟੈਲੀਫੋਨ ਐਕਸਚੇਂਜ ਵਿੱਚ ਨੌਂ ਵਜੇ ਸਵੇਰੇ, ਕਿਸੇ ਦਾ ਫੋਨ ਆਉਂਦਾ ਸੀ। ਕਿ ਕਿੰਨਾ ਵਕਤ ਹੈ? ਸੋ ਟੈਲੀਫੋਨ ਐਕਸਚੇਂਜ ਉਸ ਨੂੰ ਟਾਈਮ ਦੱਸ ਦਿੰਦਾ ਸੀ। ਉਹ ਨੌਂ ਦੇ ਘੰਟੇ ਵਜਾ ਦਿੰਦਾ ਸੀ ਅਤੇ ਨੌਂ ਵਜੇ ਟੈਲੀਫੋਨ ਐਕਸਚੇਂਜ, ਘੰਟੇ ਵੱਜਦੇ, ਘੰਟਾ ਘਰ ਦੇ, ਤਾਂ ਆਪਣੀ ਘੜੀ ਠੀਕ ਕਰ ਦਿੰਦਾ ਸੀ। ਇਹ ਸਾਲਾਂ ਤੱਕ ਚਲਿਆ। ਇਹ ਤਾਂ ਅਚਾਨਕ ਇੱਕ ਦਿਨ ਉਸ ਟੈਲੀਫੋਨ ਐਕਸਚੇਂਜ ਵਾਲੇ ਨੇ ਪੁੱਛਿਆ, ਕਿ ਭਾਈ, ਤੂੰ ਹੈਂ ਕੌਣ? ਰੋਜ਼ ਹੀ ਪੁੱਛਦਾ ਹੈਂ, ਠੀਕ ਨੌਂ ਵਜੇ। ਉਸ ਨੇ ਕਿਹਾ ਕਿ ਮੈਂ ਘੰਟਾ ਘਰ ਦਾ ਰਖਵਾਲਾ ਹਾਂ। ਘੰਟੇ ਵਜਾਉਣ ਦੇ ਲਈ ਪੁੱਛਦਾ ਹਾਂ ਕਿ ਕਿੰਨੇ ਵੱਜੇ ਹਨ? ਉਨ੍ਹਾਂ ਨੇ ਕਿਹਾ ਕਿ ਹੱਦ ਹੋ ਗਈ। ਹੁਣ ਪਤਾ ਹੀ ਨਹੀਂ ਕਿ ਕੀ ਹਾਲਤ ਹੋਵੇਗੀ ਸਮੇਂ ਦੀ। ਕਿਉਂਕਿ ਅਸੀਂ ਤੇਰੇ ਉਤੇ ਭਰੋਸਾ ਕਰ ਰਹੇ ਹਾਂ, ਤੂੰ ਸਾਡੇ ਉਤੇ ਭਰੋਸਾ ਕਰ ਰਿਹਾ ਹੈਂ।

ਇੱਕ ਲੈਣ-ਦੇਣ ਦੀ ਹਾਲਤ ਹੈ। ਮੈਂ ਤੁਹਾਡੇ ਵੱਲ ਵੇਖਦਾ ਹਾਂ, ਤੁਸੀਂ ਮੇਰੇ ਵੱਲ ਵੇਖਦੇ ਹੋ। ਮੈਂ ਤੁਹਾਡਾ ਸਨਮਾਨ ਕਰਦਾ ਹਾਂ, ਤੁਸੀਂ ਮੇਰਾ ਸਨਮਾਨ ਕਰਦੇ ਹੋ। ਮੈਂ ਤੁਹਾਡੇ ਹੰਕਾਰ ਨੂੰ ਸਹਾਰਾ ਦਿੰਦਾ ਹਾਂ। ਤੁਸੀਂ ਮੇਰੇ ਹੰਕਾਰ ਨੂੰ ਸਹਾਰਾ ਦਿੰਦੇ ਹੋ। ਅਜਿਹਾ ਇਹ ਸਾਰੇ ਦਾ ਸਾਰਾ ਵੱਡਾ ਝੂਠ ਦਾ ਜਾਲ ਹੈ।

ਨਾਨਕ ਕਹਿੰਦੇ ਹਨ, 'ਉਸ ਮਾਲਿਕ ਦਾ ਕੰਮ ਸੱਚਾ। ਸੱਚੇ ਦਾ ਕੰਮ ਸੱਚਾ। ਤੁਸੀਂ ਪਹਿਲਾਂ ਸਤਯ ਨੂੰ ਲੱਭੋ। ਉਸ ਤੋਂ ਪਹਿਲਾਂ ਕੁਝ ਵੀ ਨਾ ਕਰੋ। ਕਿਉਂਕਿ ਉਸ ਤੋਂ ਪਹਿਲਾਂ ਤੁਸੀਂ ਜੋ ਵੀ ਕਰੋਗੇ, ਉਹ ਅਸਤਯ ਹੋ ਜਾਏਗਾ। ਇੱਕ ਹੀ ਗੱਲ ਕਰਨ ਜੋਗ ਹੈ ਕਿ ਸਤਯ ਨੂੰ ਪਛਾਣੋ। ਫਿਰ ਤੁਸੀਂ ਕੁਝ ਕਰਨਾ। ਕਿਉਂਕਿ ਫਿਰ ਸਤਯ ਤੁਹਾਡੇ ਅੰਦਰੋਂ ਕੁਝ ਕਰੇਗਾ।

ਪ੍ਰਣਾਮ ਕਰਨਾ ਹੋਵੇ ਤਾਂ ਉਸੇ ਨੂੰ ਹੀ ਪ੍ਰਣਾਮ ਕਰੋ। ਉਹ ਆਦਿ, ਸ਼ੁੱਧ, ਅਨਾਦਿ, ਅਨਾਹਦ ਹੈ ਅਤੇ ਜੁਗ-ਜੁਗ ਤੋਂ ਇੱਕ ਹੀ ਭੇਸ ਵਾਲਾ ਹੈ।

ਇਹ ਇੱਕ ਹੀ ਭੇਸ ਵਾਲਾ ਹੈ, ਇਸ ਨੂੰ ਚੇਤੇ ਰੱਖਣਾ। ਜਿਹੜੀ ਚੀਜ਼ ਵੀ ਬਦਲਦੀ ਹੋਵੇ, ਉਹ ਮਾਯਾ ਹੈ। ਉਹ ਸੰਸਾਰ ਹੈ, ਅਸਤਯ ਹੈ, ਸੁਫ਼ਨਾ ਹੈ। ਅਤੇ

ਜਿਹੜੀ ਸਦਾ ਸ਼ਾਸ਼ਵਤ ਰਹਿੰਦੀ ਹੋਵੇ, ਅਤੇ ਕਦੇ ਨਾ ਬਦਲਦੀ ਹੋਵੇ, ਉਹ ਹੀ ਪਰਮਾਤਮਾ ਹੈ। ਤਾਂ ਤੁਸੀਂ ਜੇਕਰ ਇਸ ਸੂਤਰ ਨੂੰ ਠੀਕ ਤਰ੍ਹਾਂ ਫੜ ਲਓਗੇ, ਤਾਂ ਤੁਹਾਡੇ ਅੰਦਰ ਤੁਸੀਂ ਅੱਜ ਨਹੀਂ ਕੱਲ੍ਹ, ਉਸ ਨੂੰ ਲੱਭ ਲਵੋਗੇ। ਜਿਹੜਾ ਕਦੇ ਨਹੀਂ ਬਦਲਦਾ ਹੈ। ਸ਼ਾਇਦ ਨਿਰੀਕਸ਼ਣ (ਦੇਖ-ਰੇਖ) ਕੀਤਾ ਹੋਵੇ, ਨਾ ਕੀਤਾ ਹੋਵੇ, ਤੁਹਾਡੇ ਅੰਦਰ ਕੋਈ ਅਜਿਹਾ ਤੱਤਵ ਹੈ, ਜਿਹੜਾ ਕਦੇ ਨਹੀਂ ਬਦਲਦਾ ਹੈ, ਕਦੇ ਗੁੱਸਾ ਆਉਂਦਾ ਹੈ, ਪਰ ਚੌਵੀ ਘੰਟੇ ਨਹੀਂ ਰਹਿੰਦਾ। ਇਸ ਲਈ ਗੁੱਸਾ ਮਾਇਆ ਹੈ। ਕਦੇ ਪ੍ਰੇਮ ਆਉਂਦਾ ਹੈ, ਪਰ ਚੌਵੀ ਘੰਟੇ ਨਹੀਂ ਰਹਿੰਦਾ। ਪ੍ਰੇਮ ਮਾਇਆ ਹੈ। ਕਦੇ ਤੁਸੀਂ ਖੁਸ਼ ਹੁੰਦੇ ਹੋ, ਪਰ ਖੁਸ਼ੀ ਟਿਕਦੀ ਨਹੀਂ, ਮਾਇਆ ਹੈ। ਕਦੇ ਤੁਸੀਂ ਉਦਾਸ ਹੁੰਦੇ ਹੋ, ਉਦਾਸੀ ਚੌਵੀ ਘੰਟੇ ਨਹੀਂ ਰਹਿੰਦੀ, ਸਦਾ ਨਹੀਂ ਰਹਿੰਦੀ, ਇਸ ਲਈ ਮਾਇਆ ਹੈ।

ਫਿਰ ਕੀ ਹੈ ਤੁਹਾਡੇ ਅੰਦਰ ਕੁਝ, ਜਿਹੜਾ ਚੌਵੀ ਘੰਟੇ ਟਿਕਦਾ ਹੈ? ਉਹ ਸਾਖਸ਼ੀ ਦਾ ਭਾਵ ਹੈ, ਜਿਹੜਾ ਚੌਵੀ ਘੰਟੇ ਟਿਕਦਾ ਹੈ। ਜਿਹੜਾ ਚੌਵੀ ਘੰਟੇ ਹੈ। ਚਾਹੇ ਤੁਸੀਂ ਜਾਣੋ, ਚਾਹੇ ਨਾ ਜਾਣੋ। ਕੌਣ ਵੇਖਦਾ ਹੈ ਗੁੱਸੇ ਨੂੰ? ਕੌਣ ਵੇਖਦਾ ਹੈ ਲੋਭ ਨੂੰ? ਕੌਣ ਵੇਖਦਾ ਹੈ ਪ੍ਰੇਮ ਨੂੰ, ਨਫ਼ਰਤ ਨੂੰ? ਕੌਣ ਪਛਾਣਦਾ ਹੈ ਕਿ ਮੈਂ ਉਦਾਸ ਹਾਂ? ਕੌਣ ਕਹਿੰਦਾ ਹੈ ਕਿ ਖੁਸ਼ ਹਾਂ? ਕੌਣ ਕਹਿੰਦਾ ਹੈ ਕਿ ਬੀਮਾਰ ਹਾਂ, ਤੰਦਰੁਸਤ ਹਾਂ? ਕੌਣ ਕਹਿੰਦਾ ਹੈ ਕਿ ਰਾਤ ਨੀਂਦ ਚੰਗੀ ਆਈ? ਕੌਣ ਕਹਿੰਦਾ ਹੈ ਕਿ ਰਾਤ ਸੁਫ਼ਨੇ ਬਹੁਤ ਆਏ? ਕਿ ਨੀਂਦ ਆ ਹੀ ਨਹੀਂ ਸਕੀ?

ਚੌਵੀਂ ਘੰਟੇ ਤੁਹਾਡੇ ਅੰਦਰ ਇੱਕ ਜਾਨਣ ਵਾਲਾ ਹੈ। ਜਾਗ ਰਿਹਾ ਹੈ। ਉਹ ਹੀ ਚੌਵੀਂ ਘੰਟੇ ਹੈ। ਬਾਕੀ ਸਭ ਆਉਂਦਾ ਹੈ, ਜਾਂਦਾ ਹੈ। ਤੁਸੀਂ ਉਸੇ ਨੂੰ ਫੜੋ, ਕਿਉਂਕਿ ਉਸੇ ਵਿੱਚ ਥੋੜ੍ਹੀ ਪਰਮਾਤਮਾ ਦੀ ਝਲਕ ਹੈ।

ਇਸ ਲਈ ਨਾਨਕ ਕਹਿੰਦੇ ਹਨ ਕਿ ਤੁਸੀਂ ਪ੍ਰਣਾਮ ਕਰਨਾ ਹੋਵੇ ਤਾਂ ਉਸੇ ਨੂੰ ਹੀ, ਕਿਉਂਕਿ ਉਹ ਅਨਾਹਦ ਹੈ। ਜੁਗ-ਜੁਗ ਤੋਂ ਇੱਕ ਹੀ ਭੇਸ ਵਾਲਾ ਹੈ।

*ਆਦੇਸੁ ਤਿਸੈ ਆਦੇਸੁ॥*
*ਆਦਿ ਅਨੀਲੁ ਅਨਾਦਿ ਅਨਾਹਤਿ ਜੁਗੁ ਜੁਗੁ ਏਕੋ ਵੇਸੁ॥*

*ਅੱਜ ਏਨਾ ਹੀ।*

# ਨਾਨਕ ਉਤਮੁ ਨੀਚੁ ਨ ਕੋਇ

ਇਕ ਦੂ ਜੀਭੈ ਲਖ ਹੋਹਿ ਲਖ ਹੋਵਹਿ ਲਖ ਵੀਸ॥
ਲਖੁ ਲਖੁ ਗੇੜਾ ਆਖੀਅਹਿ ਏਕੁ ਨਾਮੁ ਜਗਦੀਸ॥
ਏਤੁ ਰਾਹਿ ਪਤਿ ਪਵੜੀਆ ਚੜੀਐ ਹੋਇ ਇਕੀਸ॥
ਸੁਣਿ ਗਲਾ ਆਕਾਸ ਕੀ ਕੀਟਾ ਆਈ ਰੀਸ॥
ਨਾਨਕ ਨਦਰੀ ਪਾਈਐ ਕੂੜੀ ਕੂੜੈ ਠੀਸ॥ ੩੨॥

ਆਖਣਿ ਜੋਰੁ ਚੁਪੈ ਨਹ ਜੋਰੁ॥ ਜੋਰੁ ਨ ਮੰਗਣਿ ਦੇਣਿ ਨ ਜੋਰੁ॥
ਜੋਰੁ ਨ ਜੀਵਣਿ ਮਰਣਿ ਨਹ ਜੋਰੁ॥ ਜੋਰੁ ਨ ਰਾਜਿ ਮਾਲਿ ਮਨਿ ਸੋਰੁ॥
ਜੋਰੁ ਨ ਸੁਰਤੀ ਗਿਆਨਿ ਵੀਚਾਰਿ॥ ਜੋਰੁ ਨ ਜੁਗਤਿ ਛੁਟੈ ਸੰਸਾਰੁ॥
ਜਿਸੁ ਹਥਿ ਜੋਰੁ ਕਰਿ ਵੇਖੈ ਸੋਇ॥ ਨਾਨਕ ਉਤਮੁ ਨੀਚੁ ਨ ਕੋਇ॥ ੩੩॥

ਸੂਤਰ ਤੋਂ ਪਹਿਲਾਂ ਕੁਝ ਗੱਲਾਂ ਸਮਝ ਲਵੋ।

ਪਰਮਾਤਮਾ ਦੀ ਖੋਜ ਵਿੱਚ ਹਜ਼ਾਰਾਂ-ਹਜ਼ਾਰ ਉਪਾਅ ਕੀਤੇ ਗਏ ਹਨ, ਪਰ ਜਦ ਵੀ ਕਿਸੇ ਨੇ ਉਸ ਨੂੰ ਪਾਇਆ ਤਾਂ ਨਾਲ ਇਹ ਵੀ ਪਾਇਆ ਕਿ ਉਪਾਅ ਨਾਲ ਉਹ ਨਹੀਂ ਮਿਲਦਾ। ਮਿਲਦਾ ਤਾਂ ਪ੍ਰਸਾਦ ਨਾਲ ਹੈ। ਉਸ ਦੀ ਮਿਹਰ ਨਾਲ ਮਿਲਦਾ ਹੈ।

ਪਰ ਗੱਲ ਬਹੁਤ ਗੁੰਝਲ ਵਾਲੀ ਹੋ ਜਾਂਦੀ ਹੈ, ਕਿਉਂਕਿ ਉਸਦੀ ਮਿਹਰ ਬਿਨਾਂ ਯਤਨ ਦੇ ਨਹੀਂ ਮਿਲਦੀ। ਇਸ ਨੂੰ ਜ਼ਰਾ ਚੰਗੀ ਤਰ੍ਹਾਂ ਸਮਝ ਲਓ। ਕਿਉਂਕਿ ਜਿਨ੍ਹਾਂ ਨੇ ਵੀ ਉਸ ਰਾਹ 'ਤੇ ਜਾਣਾ ਹੈ, ਇਸ ਵਿਵਾਦ, ਉਲਝਨ ਦੀ ਹਾਲਤ ਨੂੰ ਬਿਨਾਂ ਸਮਝੇ ਉਹ ਨਾ ਜਾ ਸਕਣਗੇ।

ਕੁਝ ਉਧਾਰਣ ਲਈਏ। ਕੋਈ ਸ਼ਬਦ ਭੁੱਲ ਗਿਆ ਹੈ, ਕਿਸੇ ਦਾ ਨਾਉਂ ਭੁੱਲ ਗਿਆ ਹੈ। ਲੱਖ ਉਪਾਅ ਕਰਦੇ ਹਾਂ, ਚੇਤੇ ਕਰਨ ਦਾ। ਲੱਗਦਾ ਹੈ ਜੀਭ ਉਤੇ ਰੱਖਿਆ ਹੈ। ਹੁਣ ਆਇਆ, ਹੁਣ ਆਇਆ, ਫ਼ਿਰ ਵੀ ਆਉਂਦਾ ਨਹੀਂ। ਸਭ ਪਾਸਿਓਂ ਸਿਰ ਮਾਰਦੇ ਹਾਂ। ਹਜ਼ਾਰ ਤਰਕੀਬਾਂ ਨਾਲ ਲੱਭਣ ਦੀ ਕੋਸ਼ਿਸ਼ ਕਰਦੇ ਹਾਂ ਅਤੇ ਅੰਦਰ ਬਹੁਤ ਬੇਚੈਨੀ ਜਾਪਦੀ ਹੈ, ਕਿਉਂਕਿ ਇਹ ਵੀ ਲੱਗਦਾ ਹੈ ਕਿ ਬਿਲਕੁਲ ਜੀਭ ਉਤੇ ਰੱਖਿਆ ਹੈ। ਏਨੇ ਨੇੜੇ ਹੈ ਅਤੇ ਫ਼ਿਰ ਵੀ ਏਨੀ ਦੂਰ ਪ੍ਰਤੀਤ ਹੁੰਦਾ ਹੈ। ਅਖ਼ੀਰ ਥੱਕ ਜਾਂਦੇ ਹਾਂ। ਕਿਉਂਕਿ ਆਦਮੀ ਕੀ ਕਰੇਗਾ? ਉਪਾਅ ਕਰ ਲਵੇਗਾ, ਬੇਚੈਨ ਹੋ ਲਵੇਗਾ, ਫ਼ਿਰ ਥੱਕ ਜਾਏਗਾ। ਥੱਕ ਕੇ ਦੂਜੇ ਕੰਮ ਵਿੱਚ ਲੱਗ ਜਾਂਦੇ ਹੋ। ਅਖ਼ਬਾਰ ਪੜ੍ਹਦੇ ਹੋ, ਬਾਹਰ ਮਕਾਨ ਦੇ ਘੁੰਮਣ ਨਿਕਲ ਜਾਂਦੇ ਹੋ। ਦੋਸਤਾਂ ਨਾਲ ਗੱਪ-ਸ਼ੱਪ ਕਰਦੇ ਹੋ, ਚਾਹ ਪੀਂਦੇ ਹੋ ਤੇ ਅਚਾਨਕ, ਅਨਾਯਾਸ, ਜਦ ਕਿ ਕੋਈ ਵੀ ਯਤਨ ਨਹੀਂ ਕਰ ਰਹੇ ਸੀ, ਉਹ ਨਾਉਂ ਉੱਠ ਕੇ ਯਾਦ ਵਿੱਚ ਆ ਜਾਂਦਾ ਹੈ।

ਜਦ ਅਸੀਂ ਬਹੁਤ ਕੋਸ਼ਿਸ਼ ਕਰਦੇ ਹਾਂ, ਤਦ ਸਾਡੀ ਕੋਸ਼ਿਸ਼ ਵੀ ਵਿਘਨ ਬਣ ਜਾਂਦੀ ਹੈ, ਕਿਉਂਕਿ ਬਹੁਤੀ ਕੋਸ਼ਿਸ਼ ਦਾ ਅਰਥ ਹੈ ਕਿ ਮਨ 'ਚ ਬਹੁਤ ਤਣਾਓ ਹੋ ਜਾਂਦਾ ਹੈ। ਜਦ ਅਸੀਂ ਬਹਤੇ ਜ਼ੋਰ ਨਾਲ ਖੋਜ ਕਰਦੇ ਹਾਂ, ਤਦ ਸਾਡਾ ਜ਼ੋਰ ਹੀ ਅੜਚਨ ਹੋ ਜਾਂਦਾ ਹੈ, ਕਿਉਂਕਿ ਓਨੇ ਜ਼ੋਰ ਨਾਲ ਅਸੀਂ ਖੁੱਲ੍ਹੇ ਨਹੀਂ ਰਹਿ ਜਾਂਦੇ, ਬੰਦ ਹੋ ਜਾਂਦੇ ਹਾਂ ਅਤੇ ਮਨ ਜਦ ਬਹੁਤ ਇਕਾਗਰ ਹੁੰਦਾ ਹੈ, ਤਦ ਇਕਾਗ੍ਰਤਾ ਦੇ ਕਾਰਣ ਸੰਕੀਰਣਤਾ (ਸੰਗੜਾਓ, ਤੰਗੀ) ਪੈਦਾ ਹੋ ਜਾਂਦੀ ਹੈ, ਚਿੱਤ ਦਾ ਆਕਾਸ਼ ਛੋਟਾ ਹੋ ਜਾਂਦਾ ਹੈ ਅਤੇ ਸੰਕੀਰਣਤਾ ਏਨੀ ਛੋਟੀ ਹੋ ਸਕਦੀ ਹੈ ਕਿ ਇੱਕ ਨਿੱਕਾ ਜਿਹਾ ਸ਼ਬਦ ਵੀ ਉਸਦੇ ਵਿਚੋਂ ਲੰਘ ਨਾ ਸਕੇ।

ਇਕਾਗ੍ਰਤਾ ਦਾ ਅਰਥ ਹੀ ਸੰਕੀਰਣਤਾ ਹੈ। ਜਦ ਤੁਸੀਂ ਚਿੱਤ ਨੂੰ ਇਕਾਗਰ ਕਰਦੇ

ਹੋ ਤਾਂ ਉਸ ਦਾ ਅਰਥ ਹੈ, ਸਭ ਥਾਵਾਂ ਤੋਂ ਬੰਦ ਅਤੇ ਕੇਵਲ ਇੱਕ ਥਾਂ ਤੋਂ ਖੁੱਲ੍ਹਾ ਹੋਇਆ। ਇੱਕ ਛੇਦ ਭਰ ਖੁੱਲ੍ਹਿਆ ਹੈ, ਜਿਸ ਤੋਂ ਤੁਸੀਂ ਵੇਖਦੇ ਹੋ। ਬਾਕੀ ਸਭ ਬੰਦ ਕਰ ਲਿਆ। ਤਦੇ ਤਾਂ ਇਕਾਗ੍ਰਤਾ ਹੋਏਗੀ। ਜਿਵੇਂ ਕਿਸੇ ਆਦਮੀ ਦੇ ਘਰ ਅੱਗ ਲੱਗੀ ਹੈ, ਤਾਂ ਉਸ ਦਾ ਮਨ ਘਰ ਦੀ ਅੱਗ ਉਤੇ ਇਕਾਗਰ ਹੋ ਜਾਂਦਾ ਹੈ। ਉਸ ਵੇਲੇ ਪੈਰ ਵਿੱਚ ਜੁੱਤੀ ਲੱਗਦੀ ਵੀ ਹੋਵੇ, ਉਸਦਾ ਵੀ ਪਤਾ ਨਹੀਂ ਚੱਲੇਗਾ। ਉਸ ਵੇਲੇ ਉਸਦੀ ਜੇਬ ਵਿੱਚ ਹੱਥ ਪਾ ਕੇ ਕਿਸੇ ਨੇ ਰੁਪਈਏ ਵੀ ਕੱਢ ਲਏ ਤਾਂ ਵੀ ਪਤਾ ਨਭੀਂ ਲੱਗੇਗਾ। ਉਸ ਵੇਲੇ ਤਾਂ ਉਹ ਅੱਗ ਬੁਝਾਉਣ ਵਿੱਚ ਲੱਗਿਆ ਹੈ। ਹੱਥ ਸੜ ਜਾਣਗੇ, ਤਾਂ ਵੀ ਪਿੱਛੋਂ ਪਤਾ ਲੱਗੇਗਾ। ਚਿੱਤ ਇਕਾਗਰ ਹੈ। ਸਾਰੀ ਸ਼ਕਤੀ ਤਾਂ ਅੱਗ ਉਤੇ ਲੱਗੀ ਹੋਈ ਹੈ। ਸਭ ਭੁੱਲ ਗਿਆ। ਇਕਾਗ੍ਰਤਾ ਦਾ ਅਰਥ ਸੰਕੀਰਣਤਾ ਹੈ। ਜਦ ਤੁਸੀਂ ਯਤਨ ਕਰਦੇ ਹੋ ਕਿਸੇ ਵੀ ਇੱਕ ਚੀਜ਼ ਨੂੰ ਪਾਉਣ ਦਾ, ਇੱਕ ਨਾਉਂ ਹੀ ਯਾਦ ਨਹੀਂ ਆ ਰਿਹਾ ਹੈ, ਤਦ ਤੁਹਾਡਾ ਚਿੱਤ ਇਕਾਗਰ ਹੋ ਜਾਂਦਾ ਹੈ। ਇਕਾਗਰ ਹੁੰਦੇ ਹੀ ਤੰਗ ਹੋ ਜਾਂਦਾ ਹੈ।

ਅਤੇ ਗੁੰਝਲ ਏਥੇ ਹੀ ਹੈ। ਪਰਮਾਤਮਾ ਵਿਰਾਟ ਹੈ। ਤੰਗ ਚਿੱਤ ਨਾਲ ਉਸ ਨੂੰ ਪਾਇਆ ਨਹੀਂ ਜਾ ਸਕਦਾ। ਇੱਕ ਨਿੱਕਾ ਸ਼ਬਦ ਯਾਦ ਨਹੀਂ ਆਉਂਦਾ ਤਾਂ ਉਸ ਪਰਮਾਤਮਾ ਦਾ ਨਾਉਂ ਤਾਂ ਕਿਵੇਂ ਯਾਦ ਆਏਗਾ? ਅਤੇ ਜੀਭ ਉਤੇ ਹੀ ਨਹੀਂ ਰੱਖਿਆ ਹੈ, ਹਿਰਦੇ ਵਿੱਚ ਰੱਖਿਆ ਹੈ; ਯਾਦ ਨਹੀਂ ਆਉਂਦਾ। ਫਿਰ ਅਚਨਚੇਤ, ਜਦ ਤੁਸੀਂ ਕੁਝ ਵੀ ਨਹੀਂ ਕਰ ਰਹੇ ਹੁੰਦੇ, ਚਿੱਤ ਢਿੱਲ੍ਹਾ ਹੋ ਜਾਂਦਾ ਹੈ। ਦੁਆਰ ਦਰਵਾਜ਼ੇ ਖੁੱਲ੍ਹ ਜਾਂਦੇ ਹਨ। ਇਕਾਗ੍ਰਤਾ ਦੀ ਤੰਗੀ ਲੁਪਤ ਹੋ ਜਾਂਦੀ ਹੈ। ਫਿਰ ਤੁਸੀਂ ਖੁੱਲ੍ਹ ਗਏ। ਉਸ ਪਲ ਪਰਮਾਤਮਾ ਪ੍ਰਵੇਸ਼ ਕਰ ਜਾਂਦਾ ਹੈ।

ਪਰ ਮਜ਼ਾ ਇਹ ਹੀ ਹੈ ਕਿ ਜੇਕਰ ਤੁਸੀਂ ਪਹਿਲਾਂ ਕੋਸ਼ਿਸ਼ ਕੀਤੀ ਹੋਵੇ, ਤਾਂ ਹੀ ਇਹ ਦੂਜੀ ਘਟਨਾ ਘਟੇਗੀ। ਜੇਕਰ ਪਹਿਲਾਂ ਯਤਨ ਹੀ ਨਾ ਕੀਤਾ ਹੋਵੇ, ਤਾਂ ਇਹ ਦੂਜੀ ਘਟਨਾ ਨਹੀਂ ਘਟੇਗੀ। ਉਹ ਜਿਹੜੀ ਤੁਸੀਂ ਪਹਿਲਾਂ ਨਾਉਂ ਨੂੰ ਯਾਦ ਕਰਨ ਦੀ ਜੱਦੋ-ਜਹਿਦ ਕੀਤੀ, ਉਸ ਜੱਦੋ-ਜਹਿਦ ਦਾ ਹੀ ਇਹ ਅੰਤਿਮ ਹਿੱਸਾ ਹੈ। ਤੁਸੀਂ ਏਨੀ ਜ਼ੋਰ ਨਾਲ ਕੀਤੀ ਕਿ ਹਾਰ ਗਏ। ਫਿਰ ਕੋਸ਼ਿਸ਼ ਛੱਡ ਦਿੱਤੀ। ਪਰ ਉਹ ਜਿਹੜੀ ਜ਼ੋਰ ਦੀ ਕੋਸ਼ਿਸ਼ ਤੁਸੀਂ ਕੀਤੀ ਸੀ, ਚਿੱਤ ਤੋਂ ਸਰਕ ਕੇ ਅਚੇਤਨ ਵਿੱਚ ਚਲੀ ਗਈ। ਉਹ ਕੋਸ਼ਿਸ਼ ਅੰਦਰ ਅਜੇ ਵੀ ਜਾਰੀ ਹੈ। ਹੁਣ ਉਪਰੋਂ ਤਾਂ ਕੋਸ਼ਿਸ਼ ਬੰਦ ਹੋ ਗਈ, ਪਰ ਹੁਣ ਅੰਦਰ ਕੋਸ਼ਿਸ਼ ਜਾਰੀ ਹੈ। ਇਸ ਲਈ ਚਾਹ ਪੀਂਦੇ ਵਕਤ, ਅਖ਼ਬਾਰ ਪੜ੍ਹਦੇ ਸਮੇਂ ਉਹ ਨਾਮ ਆ ਗਿਆ।

ਤਾਂ ਕੋਸ਼ਿਸ਼ ਦੋ ਤਰ੍ਹਾਂ ਦੀ ਹੈ। ਇੱਕ, ਤੁਸੀਂ ਜੋ ਕਰਦੇ ਹੋ। ਤੁਹਾਡੀ ਕੀਤੀ ਗਈ ਕੋਸ਼ਿਸ਼ ਨਾਲ ਪਰਮਾਤਮਾ ਨਹੀਂ ਮਿਲੇਗਾ। ਫਿਰ ਤੁਸੀਂ ਹਾਰ ਗਏ, ਥੱਕ ਗਏ, ਫਿਰ

ਤੁਸੀਂ ਕੋਸ਼ਿਸ਼ ਛੱਡ ਦਿੱਤੀ। ਪਰ ਤੁਸੀਂ ਜਿਹੜੀ ਕੋਸ਼ਿਸ਼ ਕੀਤੀ, ਉਹ ਤੁਹਾਡੇ ਰੋਮ-ਰੋਮ ਵਿੱਚ ਸਮਾ ਗਈ। ਤੁਹਾਡੀ ਧੜਕਨ-ਧੜਕਨ ਵਿੱਚ ਵਿਆਪਕ ਹੋ ਗਈ। ਉਹ ਕੋਸ਼ਿਸ਼ ਤੁਹਾਡੇ ਹੋਣ ਦਾ ਢੰਗ ਹੋ ਗਈ। ਹੁਣ ਤੁਸੀਂ ਉਸ ਨੂੰ ਛੱਡ ਵੀ ਨਹੀਂ ਸਕਦੇ। ਹੁਣ ਤੁਸੀਂ ਕੁਝ ਵੀ ਕਰੋ, ਉਹ ਅੰਦਰ ਚੱਲ ਰਹੀ ਹੈ। ਉਸ ਦੀ ਇੱਕ ਅੰਤਰਧਾਰਾ ਵਗ ਰਹੀ ਹੈ। ਉਸੇ ਅੰਤਰਧਾਰਾ ਵਿੱਚ ਪਰਮਾਤਮਾ ਦਾ ਉਜਾਗਰ ਹੋਏਗਾ। ਕਿਉਂਕਿ ਹੁਣ ਉਹ ਕੋਸ਼ਿਸ਼ ਅਚੇਤਨ ਦੀ ਹੈ। ਜਿਸ ਨੂੰ ਮਨੋਵਿਗਿਆਨਕ, Unconscious ਕਹਿੰਦੇ ਹਨ।

ਕਾਨਸ਼ਿਸ਼ ਬਹੁਤ ਛੋਟਾ ਹੈ। ਚੇਤਨ ਮਨ ਇੱਕ ਹਿੱਸਾ ਹੈ। ਅਚੇਤਨ ਮਨ ਨੌਂ ਗੁਣਾ ਵੱਡਾ ਹੈ। ਤਾਂ ਚੇਤਨ, ਮਨ ਦਾ ਇੱਕ ਦਰਵਾਜ਼ਾ ਹੈ, ਅਚੇਤਨ ਮਨ ਦੇ, ਨੌਂ ਦਰਵਾਜ਼ੇ ਹਨ। ਇਵੇਂ ਹੀ ਜਿਵੇਂ ਬਰਫ਼ ਦਾ ਇੱਕ ਟੁਕੜਾ ਪਾਣੀ ਵਿੱਚ ਤਰ ਰਿਹਾ ਹੋਵੇ, ਤਾਂ ਇੱਕ ਹਿੱਸਾ ਉਪਰ ਹੁੰਦਾ ਹੈ, ਨੌਂ ਹਿੱਸੇ ਹੇਠਾਂ ਡੁੱਬੇ ਹੁੰਦੇ ਹਨ। ਜਦ ਤੁਸੀਂ ਚੇਤਨ ਤੋਂ ਕੋਸ਼ਿਸ਼ ਕਰਦੇ ਹੋ, ਤਦ ਤੁਹਾਨੂੰ ਕੁਝ ਲਾਭ ਨਹੀਂ ਹੋਏਗਾ। ਲਾਭ ਇਹ ਹੀ ਹੋਏਗਾ, ਪ੍ਰੋਕਸ਼ ਕਿ ਚੇਤਨ ਦੀ ਕੋਸ਼ਿਸ਼ ਜਦ ਆਖ਼ਰੀ ਹੱਦ ਤੱਕ ਆ ਜਾਏਗੀ ਅਤੇ ਤੁਸੀਂ ਥੱਕ ਜਾਓਗੇ, ਤਦ ਤੁਸੀਂ ਤਾਂ ਕੋਸ਼ਿਸ਼ ਬੰਦ ਕਰ ਦਿਓਗੇ। ਲੇਕਿਨ ਕੋਸ਼ਿਸ਼ ਅਚੇਤਨ ਵਿੱਚ ਜਾਰੀ ਰਹੇਗੀ। ਤੁਸੀਂ ਤਾਂ ਛੱਡ ਦਿਓਗੇ, ਪਰ ਅਚੇਤਨ ਹੁਣ ਛੱਡਣ ਵਾਲਾ ਨਹੀਂ ਹੈ।

ਇਸ ਦਾ ਅਰਥ ਇਹ ਹੋਇਆ ਕਿ ਚੇਤਨ ਦੀ ਕੋਸ਼ਿਸ਼ ਹੌਲੀ-ਹੌਲੀ ਅਚੇਤਨ ਦੀ ਕੋਸ਼ਿਸ਼ ਬਣ ਜਾਂਦੀ ਹੈ ਅਤੇ ਜਦ ਅਚੇਤਨ ਦੀ ਕੋਸ਼ਿਸ਼ ਬਣ ਜਾਂਦੀ ਹੈ, ਤਦ ਜਪ ਅਜਪਾ ਹੋ ਗਿਆ। ਹੁਣ ਤੁਹਾਨੂੰ ਜਪ ਕਰਨਾ ਨਹੀਂ ਪੈਂਦਾ। ਹੁਣ ਹੋ ਰਿਹਾ ਹੈ। ਹੁਣ ਅੰਦਰ ਚੱਲ ਰਿਹਾ ਹੈ। ਤੁਸੀਂ ਬਾਜ਼ਾਰ ਜਾਓ, ਦੁਕਾਨ ਉਤੇ ਬੈਠੋ, ਧੰਦਾ ਕਰੋ, ਸੌਂਵੋ, ਤਾਂ ਵੀ ਜਪ ਚੱਲ ਰਿਹਾ ਹੈ, ਕਿਉਂਕਿ ਜਪ ਅਚੇਤਨ ਵਿੱਚ ਪ੍ਰਵਿੱਸ਼ਟ ਹੋ ਗਿਆ। ਹੁਣ ਤੁਹਾਡੀ ਰਾਈ—ਰੱਤੀ, ਕਣ-ਕਣ ਵਿੱਚ ਉਹ ਹੀ ਧੁਨ ਵੱਜ ਰਹੀ ਹੈ। ਤੁਹਾਨੂੰ ਵੀ ਸੁਣਾਈ ਨਹੀਂ ਪੈਂਦੀ, ਪਰ ਵੱਜ ਰਹੀ ਹੈ।

ਚੇਤਨ ਦਾ ਏਨਾ ਹੀ ਉਪਾਅ ਹੈ ਕਿ ਉਹ ਅਚੇਤਨ ਤੱਕ ਪਹੁੰਚਾ ਦੇਵੇ। ਕਿਸੇ ਦਿਨ ਵਿਸਫੋਟ ਹੋਏਗਾ ਅਤੇ ਅਚਾਨਕ ਪਰਮਾਤਮਾ ਨੂੰ ਤੁਸੀਂ ਸਾਹਮਣੇ ਪਾਓਗੇ। ਤਦ ਤੁਹਾਨੂੰ ਲੱਗੇਗਾ, ਉਸ ਦੀ ਮਿਹਰ ਨਾਲ ਮਿਲਿਆ, ਕਿਉਂਕਿ ਤੁਸੀਂ ਤਾਂ ਖੋਜ ਵੀ ਛੱਡ ਦਿੱਤੀ ਸੀ। ਤੁਸੀਂ ਤਾਂ ਯਤਨ ਵੀ ਨਹੀਂ ਕੀਤਾ ਸੀ। ਤੁਸੀਂ ਤਾਂ ਥੱਕ ਕੇ ਹਾਰ ਵੀ ਚੁੱਕੇ ਸੀ। ਤੁਸੀਂ ਤਾਂ ਕਦੋਂ ਦੇ ਰੁੱਕ ਗਏ ਸੀ ਅਤੇ ਮੰਜ਼ਿਲ ਆ ਗਈ। ਸੋ ਤੁਹਾਡੇ ਟੁਰਨ ਨਾਲ ਤਾਂ ਨਹੀਂ ਆਈ, ਕਿਉਂਕਿ ਜਦੋਂ ਤੱਕ ਤੁਸੀਂ ਟੁਰਦੇ ਰਹੇ, ਤਦ ਤੱਕ ਤਾਂ ਆਈ ਵੀ ਨਹੀਂ। ਫ਼ਿਰ ਤੁਸੀਂ ਤਾਂ ਠਹਿਰ ਗਏ। ਤੁਸੀਂ ਤਾਂ ਯਾਤਰਾ ਹੀ ਬੰਦ ਕਰ ਦਿੱਤੀ ਅਤੇ ਅਚਾਨਕ ਤੀਰਥ ਸਾਹਮਣੇ ਆ ਗਿਆ। ਯਾਤਰਾ ਬੰਦ ਕਰਦੇ ਹੀ ਸਾਹਮਣੇ ਆ ਗਿਆ ਤਾਂ ਸਭਾਵਿਕ

ਹੈ, ਤੁਹਾਨੂੰ ਲੱਗੇਗਾ ਕਿ ਉਸ ਦੀ ਮਿਹਰ ਨਾਲ ਹੋਇਆ। ਸਾਰੇ ਪੁੱਜਣ ਵਾਲਿਆਂ ਨੂੰ ਲੱਗਿਆ ਹੈ ਕਿ ਉਸ ਦੀ ਮਿਹਰ ਨਾਲ ਹੋਇਆ ਹੈ। ਤਾਂ ਇੱਕ ਤਾਂ ਕਾਰਣ ਇਹ ਹੈ।

ਲੇਕਿਨ ਪਹਿਲਾਂ ਚੇਤਨ ਤੋਂ ਪੂਰੀ ਕੋਸ਼ਿਸ਼ ਕਰ ਲੈਣੀ ਹੈ। ਤੁਸੀਂ ਇਹ ਨਾ ਸੋਚਣਾ ਕਿ ਜੇਕਰ ਉਸ ਦੀ ਮਿਹਰ ਨਾਲ ਹੋਣਾ ਹੈ, ਤਾਂ ਅਸੀਂ ਕਿਉਂ ਕੁਝ ਕਰੀਏ? ਜਦ ਹੋਣਾ ਹੀ ਉਸਦੀ ਕਿਰਪਾ ਨਾਲ ਹੈ, ਤਾਂ ਜਦ ਹੋਣਾ ਹੋਏਗਾ, ਹੋ ਜਾਏਗਾ। ਅਸੀਂ ਕਿਉਂ ਝੰਝਟ ਵਿੱਚ ਪਈਏ?

ਤਦ ਕਦੇ ਵੀ ਨਹੀਂ ਹੋਏਗਾ ਅਤੇ ਜੇਕਰ ਤੁਸੀਂ ਸੋਚਿਆ ਕਿ ਸਾਡੀ ਹੀ ਕੋਸ਼ਿਸ਼ ਨਾਲ ਹੋਣਾ ਹੈ, ਇਸ ਲਈ ਅਸੀਂ ਕੋਸ਼ਿਸ਼ ਕਰਨ ਤੋਂ ਕਦੇ ਵੀ ਬੰਦ ਨਹੀਂ ਹੋਵਾਂਗੇ, ਅਸੀਂ ਕੋਸ਼ਿਸ਼ ਜਾਰੀ ਰੱਖਾਂਗੇ, ਤਦ ਵੀ ਨਹੀਂ ਹੋਏਗਾ। ਤੁਹਾਡੀ ਕੋਸ਼ਿਸ਼ ਅਤੇ ਉਸਦੀ ਮਿਹਰ ਦਾ ਜਿੱਥੇ ਮਿਲਨ ਹੁੰਦਾ ਹੈ, ਉਥੇ ਤੁਹਾਡੀ ਕੋਸ਼ਿਸ਼ ਤਾਂ ਸ਼ਾਂਤ ਹੋ ਗਈ ਹੁੰਦੀ ਹੈ, ਉਸਦੀ ਮਿਹਰ ਹੀ ਰਹਿ ਜਾਂਦੀ ਹੈ। ਤੁਸੀਂ ਤੁਹਾਡੇ ਚੇਤਨ ਤੱਕ ਸੀਮਿਤ ਹੋ, ਅਚੇਤਨ ਵਿੱਚ ਉਹ ਹੀ ਲੁਕਿਆ ਹੈ। ਤੁਸੀਂ ਤੁਹਾਡੇ ਚੇਤਨ ਮਨ ਅਤੇ ਵਿਚਾਰ ਦੀ ਹੱਦ ਵਿੱਚ ਬੰਦ ਹੋ। ਉਸ ਤੋਂ ਡੂੰਘੇ ਵਿੱਚ ਉਹ ਹੀ ਬੈਠਾ ਹੈ। ਉਹ ਮਿਲਿਆ ਹੀ ਹੋਇਆ ਹੈ, ਪਰ ਚੇਤਨ ਅਤੇ ਅਚੇਤਨ ਦੇ ਵਿਚਕਾਰ ਦਾ ਦਰਵਾਜ਼ਾ ਤੋੜਣਾ ਤੁਹਾਡੀ ਕੋਸ਼ਿਸ਼ ਨਾਲ ਹੋਏਗਾ ਅਤੇ ਮਿਲਨ ਦੀ ਪ੍ਰਤੀਤੀ ਉਸਦੀ ਮਿਹਰ ਨਾਲ ਹੋਏਗੀ।

ਜਿਨ੍ਹਾਂ ਨੇ ਲੱਭਣਾ ਹੈ, ਉਨ੍ਹਾਂ ਨੂੰ ਪੂਰੀ ਖੋਜ ਕਰਨੀ ਪਏਗੀ ਅਤੇ ਖੋਜ ਛੱਡਣੀ ਵੀ ਪਏਗੀ। ਪਰ ਪੂਰੀ ਕਰਕੇ ਹੀ ਛੱਡਣਾ। ਵਿਚੋਂ ਛੱਡ ਦਿੱਤਾ, ਤਾਂ ਵਿਅਰਥ ਹੈ, ਕਿਉਂਕਿ ਜਦ ਤੁਹਾਡੀ ਖੋਜ ਪੂਰੀ ਹੋ ਜਾਂਦੀ ਹੈ ਅਤੇ ਤੁਸੀਂ ਆਪਣੇ ਆਪ ਨੂੰ ਦਾਅ 'ਤੇ ਪੂਰਾ ਲਾ ਦਿੱਤਾ, ਕੁਝ ਵੀ ਬਚਾਇਆ ਨਹੀਂ, ਉਸੇ ਪਲ ਵਿੱਚ ਜਿਹੜੀ ਚੇਤਨਾ ਦੀ ਖੋਜ ਸੀ, ਉਹ ਅਚੇਤਨ ਵਿੱਚ ਪ੍ਰਵੇਸ਼ ਕਰ ਜਾਂਦੀ ਹੈ। ਉਹ ਹੀ ਹੱਦ ਹੈ। ਉਥੇ ਤੁਹਾਡੀ ਹੋਸ਼ ਦੀ ਦੁਨੀਆਂ ਸਮਾਪਤ ਹੋਈ। ਉਥੇ ਤੁਸੀਂ ਸਮਾਪਤ ਹੋਏ, ਤੁਹਾਡਾ ਹੰਕਾਰ ਸਮਾਪਤ ਹੋਇਆ।

ਨੀਂਦ ਵਿੱਚ ਤੁਹਾਡਾ ਕੋਈ ਹੰਕਾਰ ਹੁੰਦਾ ਹੈ? ਨੀਂਦ ਵਿੱਚ ਤੁਹਾਡੀ ਕੋਈ ਵੀ ਤਾਂ ਆਕੜ ਨਹੀਂ ਰਹਿ ਜਾਂਦੀ। ਨੀਂਦ ਵਿੱਚ ਤਾਂ ਕੋਈ ਇਹ ਵੀ ਕਹਿਣ ਵਾਲਾ ਨਹੀਂ ਰਹਿ ਜਾਂਦਾ ਕਿ ਮੈਂ ਹਾਂ। ਸਮ੍ਰਾਟ ਹਾਂ, ਧਨਪਤੀ ਹਾਂ। ਨੀਂਦ ਵਿੱਚ 'ਮੈਂ' ਬਿਲਕੁਲ ਗੁਆਚ ਜਾਂਦਾ ਹੈ। ਠੀਕ ਇਸੇ ਤਰ੍ਹਾਂ ਹੀ, ਤੁਹਾਡੇ ਅਚੇਤਨ ਵਿੱਚ 'ਮੈਂ' ਦਾ ਕੋਈ ਸੁਰ ਨਹੀਂ ਰਹਿ ਜਾਂਦਾ। 'ਮੈਂ' ਚੇਤਨ ਮਨ ਦੇ ਵਿਚਾਲੇ ਬਣੀ ਹੋਈ ਘਟਨਾ ਹੈ। ਯਤਨ ਨਾਲ 'ਮੈਂ' ਟੁੱਟੇਗਾ, ਕਿਉਂਕਿ ਜਦ ਤੁਸੀਂ ਥੱਕੋਗੇ, ਤਦ ਹੰਕਾਰ ਵਿਸਰਜਿਤ ਹੋ ਜਾਏਗਾ। ਹੰਕਾਰ ਵਿਸਰਜਿਤ ਹੁੰਦੇ ਹੀ ਅਚੇਤਨ ਦੇ ਦਰਵਾਜ਼ੇ ਖੁੱਲ੍ਹ ਗਏ ਅਤੇ ਅਚੇਤਨ ਦੇ ਦੁਆਰ ਹੀ ਪਰਮਾਤਮਾ ਦੇ ਦੁਆਰ ਹਨ। ਉਥੋਂ ਹੀ ਕੋਈ ਪੁੱਜਾ ਹੈ। ਪਰ ਤਦ ਤੁਸੀਂ ਤਾਂ ਉਥੇ ਹੋ

ਹੀ ਨਹੀਂ ਕਹਿਣ ਨੂੰ, ਕਿ 'ਮੈਂ'। ਇਸ ਲਈ ਜਦ ਵੀ ਪ੍ਰਾਪਤੀ ਹੋਏਗੀ, ਤੁਸੀਂ ਕਹੋਗੇ, ਉਸਦੀ ਕਿਰਪਾ, ਉਸਦੀ ਮਿਹਰ।

ਇਸ ਦੇ ਨਾਲ ਇੱਕ ਹੋਰ ਭਰਮ ਪੈਦਾ ਹੁੰਦਾ ਹੈ। ਇਸ ਨਾਲ ਇਹ ਭਰਮ ਪੈਦਾ ਹੁੰਦਾ ਹੈ ਕਿ ਕੀ ਕਿਸੇ 'ਤੇ ਉਸਦੀ ਬਹੁਤੀ ਕਿਰਪਾ ਅਤੇ ਕਿਸੇ 'ਤੇ ਉਸਦੀ ਘੱਟ ਕਿਰਪਾ ਹੈ? ਕਿਉਂਕਿ ਜੇਕਰ ਉਸਦੀ ਕਿਰਪਾ ਨਾਲ ਹੁੰਦਾ ਹੈ, ਤਾਂ ਕਿਸੇ ਨੂੰ ਹੋ ਰਿਹਾ ਹੈ ਅਤੇ ਕਿਸੇ ਨੂੰ ਨਹੀਂ ਹੋ ਰਿਹਾ। ਤਦ ਤਾਂ ਬਹੁਤ ਅਨਿਆਇ ਹੈ। ਧਿਆਨ ਰੱਖਣਾ, ਤੁਹਾਡੇ ਯਤਨ ਨਾਲ ਹੀ ਤੁਸੀਂ ਉਸਦੀ ਕਿਰਪਾ ਦੇ ਲਾਇਕ ਬਣਦੇ ਹੋ। ਉਸਦੀ ਕਿਰਪਾ ਤਾਂ ਵਰ੍ਹ ਹੀ ਰਹੀ ਹੈ, ਪਰ ਤੁਸੀਂ ਯੋਗ ਨਹੀਂ ਹੁੰਦੇ। ਇਸ ਲਈ ਜੋ ਮਿਲ ਰਿਹਾ ਹੈ ਉਸ ਨੂੰ ਵੀ ਤੁਸੀਂ ਸਵੀਕਾਰ ਨਹੀਂ ਕਰ ਪਾਉਂਦੇ। ਉਸਦੀ ਕਿਰਪਾ ਵਿੱਚ ਕੋਈ ਅੰਤਰ ਨਹੀਂ ਹੈ।

ਨਾਨਕ ਕਹਿੰਦੇ ਹਨ, ਉਸਦੇ ਸਾਹਮਣੇ ਨਾ ਤਾਂ ਕੋਈ ਉੱਚਾ, ਨਾ ਕੋਈ ਨੀਚਾ; ਉਸਦੇ ਸਾਹਮਣੇ ਨਾ ਕੋਈ ਯੋਗ, ਨਾ ਕੋਈ ਅਯੋਗ, ਉਹ ਵੰਡੀ ਜਾ ਰਿਹਾ ਹੈ। ਪਰ ਜੇਕਰ ਤੁਸੀਂ ਲੈਣ ਨੂੰ ਤਿਆਰ ਨਹੀਂ ਹੋ। ਤਾਂ ਤੁਸੀਂ ਚੂਕਦੇ ਚਲੇ ਜਾਓਗੇ। ਤੁਹਾਡੀ ਤਿਆਰੀ ਦੇ ਕਾਰਣ ਉਹ ਤੁਹਾਨੂੰ ਨਹੀਂ ਦਿੰਦਾ ਹੈ, ਉਹ ਤਾਂ ਦੇਈ ਹੀ ਚਲਾ ਜਾਂਦਾ ਹੈ। ਤੁਹਾਡੀ ਤਿਆਰੀ ਦੇ ਕਾਰਣ ਤੁਸੀਂ ਲੈਣ ਵਿੱਚ ਸਮਰੱਥ ਹੁੰਦੇ ਹੋ।

ਜਿਵੇਂ ਇੱਕ ਜੌਹਰੀ ਆਏ ਅਤੇ ਇੱਕ ਹੀਰਾ ਪਿਆ ਹੋਵੇ, ਤੇ ਉਹ ਚੁੱਕ ਲਵੇ। ਤੁਸੀਂ ਵੀ ਉਸਦੇ ਕੋਲੋਂ ਦੀ ਲੰਘੇ ਸੀ। ਹੀਰਾ ਤੁਹਾਡੇ ਲਈ ਵੀ ਓਨਾਂ ਹੀ ਉਪਲਬਧ ਸੀ। ਹੀਰੇ ਨੇ ਤਾਂ ਜ਼ਰਾ ਵੀ ਫਾਸਲਾ ਨਹੀਂ ਕੀਤਾ ਹੈ ਕਿ ਜੌਹਰੀ ਦੇ ਹੱਥ ਜਾਵਾਂਗਾ ਅਤੇ ਤੁਹਾਡੇ ਹੱਥ ਨਹੀਂ ਜਾਵਾਂਗਾ। ਤੁਸੀਂ ਚੁੱਕਿਆ ਹੁੰਦਾ ਤਾਂ ਹੀਰਾ ਮਨ੍ਹਾਂ ਨਹੀਂ ਕਰਦਾ। ਹੀਰਾ ਤੁਹਾਡੇ ਲਈ ਓਨਾਂ ਹੀ ਪ੍ਰਾਪਤ ਸੀ, ਪਰ ਤੁਹਾਡੇ ਕੋਲ ਅੱਖ ਨਹੀਂ ਸੀ, ਕਿ ਤੁਸੀਂ ਪਛਾਣ ਸਕੋ ਕਿ ਹੀਰਾ ਹੈ ਅਤੇ ਤੁਹਾਡੇ ਕੋਲ ਉਹ ਪਰਖ ਨਹੀਂ ਸੀ ਕਿ ਤੁਸੀਂ ਹੀਰੇ ਨੂੰ ਚੁੱਕ ਲਵੋ। ਜੌਹਰੀ ਦੇ ਕੋਲ ਪਰਖ ਸੀ। ਜੌਹਰੀ ਦੇ ਕੋਲ ਅੱਖ ਸੀ, ਤਿਆਰੀ ਸੀ।

ਪਰਮਾਤਮਾ ਤਾਂ ਤੁਹਾਡੇ ਸਾਹਮਣੇ ਹੀ ਪਿਆ ਹੈ। ਜਿਧਰ ਵੀ ਤੁਸੀਂ ਨਜ਼ਰ ਚੁੱਕਦੇ ਹੋ, ਉਹ ਹੀ ਹੈ। ਪਰ ਤੁਹਾਡੇ ਕੋਲ ਨਜ਼ਰ ਨਹੀਂ ਹੈ। ਤੁਹਾਡੀਆਂ ਅੱਖਾਂ ਉਸ ਨੂੰ ਵੇਖ ਨਹੀਂ ਸਕਦੀਆਂ, ਤੁਹਾਡੇ ਹੱਥ ਉਸ ਨੂੰ ਛੂਹ ਨਹੀਂ ਸਕਦੇ। ਤੁਹਾਡੇ ਕੰਨ ਉਸ ਨੂੰ ਸੁਣਦੇ ਨਹੀਂ ਹਨ। ਤੁਸੀਂ ਬੋਲੇ ਹੋ, ਅੰਨੇ ਹੋ, ਲੰਗੜੇ ਹੋ। ਉਹ ਬੁਲਾਉਂਦਾ ਹੈ ਤਾਂ ਵੀ ਬੁੱਜ ਨਹੀਂ ਸਕਦੇ। ਤੁਸੀਂ ਉਸ ਨੂੰ ਸੁਣ ਹੀ ਨਹੀਂ ਪਾ ਰਹੇ ਹੋ ਅਤੇ ਉਹ ਚਾਰੇ ਪਾਸੇ ਮੌਜੂਦ ਹੈ। ਉਸਦੀ ਪ੍ਰਾਪਤੀ ਵਿੱਚ ਕਿਸੇ ਲਈ ਅੰਤਰ ਨਹੀਂ ਹੈ। ਉਸ ਦੇ ਸਾਹਮਣੇ ਸਾਰੇ ਬਰਾਬਰ ਹਨ। ਹੋਣਗੇ ਹੀ। ਕਿਉਂਕਿ ਸਾਰੇ ਉਸ ਤੋਂ ਆਉਂਦੇ ਹਨ। ਸਭ ਉਸੇ ਵਿੱਚ ਹੀ

ਲੀਨ ਹੋ ਜਾਂਦੇ ਹਨ। ਭੇਦ ਕਿਵੇਂ ਹੋਏਗਾ?

ਤੁਸੀਂ ਕੀ ਆਪਣੇ ਸੱਜੇ ਹੱਥ ਅਤੇ ਖੱਬੇ ਹੱਥ ਵਿੱਚ ਫ਼ਰਕ ਕਰਦੇ ਹੋ ਕਿ ਖੱਬੇ ਹੱਥ ਵਿੱਚ ਸੱਟ ਲੱਗੇ ਤਾਂ ਬਹੁਤਾ ਦਰਦ ਹੁੰਦਾ ਹੈ, ਸੱਜੇ ਹੱਥ ਵਿੱਚ ਲੱਗੇ ਤਾਂ ਘੱਟ ਹੁੰਦਾ ਹੈ? ਦੋਵੇਂ ਤੁਹਾਡੇ ਹਨ। ਸੱਜੇ ਖੱਬੇ ਦਾ ਫ਼ਰਕ ਤਾਂ ਉਪਰੀ ਹੈ, ਅੰਦਰ ਤਾਂ ਤੁਸੀਂ ਇੱਕ ਹੀ ਹੋ। ਤਾਂ ਕੀ ਗਰੀਬ ਅਤੇ ਅਮੀਰ ਵਿੱਚ ਪਰਮਾਤਮਾ ਅੰਤਰ ਕਰਦਾ ਹੈ? ਕੀ ਗਿਆਨੀ ਅਤੇ ਅਗਿਆਨੀ ਵਿੱਚ ਅੰਤਰ ਕਰਦਾ ਹੈ? ਕੀ ਅਛੇ ਬੁਰੇ ਵਿੱਚ ਫ਼ਰਕ ਕਰਦਾ ਹੈ? ਪਾਪੀ ਪੁੰਨ ਆਤਮਾ ਵਿੱਚ ਫ਼ਰਕ ਕਰਦਾ ਹੈ? ਤਦ ਤਾਂ ਉਸਦਾ ਦਾਨ ਵੀ ਸ਼ਰਤ ਨਾਲ ਹੋ ਗਿਆ, ਕੰਨਡੀਸ਼ਨਲ ਹੋ ਗਿਆ। ਤਦ ਤਾਂ ਉਹ ਵੀ ਕਹਿੰਦਾ ਹੈ ਕਿ ਤੁਸੀਂ ਅਜਿਹੇ ਹੋਵੋਗੇ ਤਾਂ ਮੈਂ ਦਿਆਂਗਾ। ਤਦ ਉਹ ਤੁਹਾਨੂੰ ਨਹੀਂ ਦਿੰਦਾ। ਆਪਣੀ ਸ਼ਰਤ ਨੂੰ ਹੀ ਦਿੰਦਾ ਹੈ। ਤਦ ਇਹ ਤਾਂ ਇੱਕ ਸੌਦਾ ਹੋ ਗਿਆ। ਨਹੀਂ, ਪਰਮਾਤਮਾ ਤਾਂ ਦੇ ਹੀ ਰਿਹਾ ਹੈ ਬੇਸ਼ਰਤ: unconditional ਉਸ ਦੀ ਬਾਰਸ਼ ਹੈ। ਜੇਕਰ ਤੁਸੀਂ ਨਹੀਂ ਲੈ ਪਾ ਰਹੇ ਹੋ ਤਾਂ ਕਿਤੇ ਤੁਸੀਂ ਹੀ ਭੁੱਲ ਕਰ ਰਹੇ ਹੋ। ਉਹ ਤਾਂ ਦਰਵਾਜ਼ਾ ਖੜਕਾਉਂਦਾ ਹੈ, ਪਰ ਤੁਸੀਂ ਸੋਚਦੇ ਹੋ, ਸ਼ਾਇਦ ਹਵਾ ਦਾ ਬੁੱਲ੍ਹਾ ਆਇਆ ਹੋਏਗਾ। ਉਸਦੇ ਪਦ-ਚਿੰਨ੍ਹ ਤੁਹਾਨੂੰ ਵਿਖਾਈ ਪੈਂਦੇ ਹਨ, ਪਰ ਤੁਸੀਂ ਵਿਆਖਿਆ ਕਰਦੇ ਹੋ ਅਤੇ ਵਿਆਖਿਆ ਵਿੱਚ ਹੀ ਤੁਸੀਂ ਭੁੱਲ ਜਾਂਦੇ ਹੋ। ਤੁਸੀਂ ਵਿਆਖਿਆ ਅਜਿਹੀ ਕਰ ਲੈਂਦੇ ਹੋ, ਜਿਹੜੀ ਤੁਹਾਡੇ ਅੰਨ੍ਹੇਪਨ ਨੂੰ ਵਧਾਉਂਦੀ ਹੈ।

ਬਹੁਤ ਪਾਸਿਓਂ ਪਰਮਾਤਮਾ ਤੁਹਾਡੇ ਵੱਲ ਆਉਂਦਾ ਹੈ। ਉਸਦੇ ਆਉਣ ਵਿੱਚ ਜ਼ਰਾ ਕੁ ਵੀ ਕਮੀ ਨਹੀਂ ਹੈ। ਜਿੰਨਾਂ ਉਹ ਬੁੱਧ ਦੇ ਕੋਲ ਆਇਆ, ਜਿੰਨਾਂ ਨਾਨਕ ਦੇ ਕੋਲ ਆਇਆ। ਓਨਾਂ ਹੀ ਤੁਹਾਡੇ ਕੋਲ ਆਉਂਦਾ ਹੈ। ਉਸ ਲਈ ਕੋਈ ਵੀ ਫ਼ਰਕ ਨਹੀਂ ਹੈ, ਤੁਹਾਡੇ ਅਤੇ ਨਾਨਕ ਦੇ ਵਿਚਕਾਰ। ਪਰ ਨਾਨਕ ਉਸ ਨੂੰ ਪਛਾਣ ਲੈਂਦੇ ਹਨ, ਜੌਹਰੀ ਹਨ। ਬੁੱਧ ਉਸ ਦਾ ਪੱਲਾ ਫੜ ਲੈਂਦੇ ਹਨ, ਤੁਸੀਂ ਭੁੱਲਦੇ ਚਲੇ ਜਾਂਦੇ ਹੋ। ਤੁਹਾਡੇ ਪ੍ਰਯਾਸ ਨਾਲ ਹੀ ਤੁਸੀਂ ਲਾਇਕ ਬਣੋਗੇ। ਪਰਖ ਦੇ ਲਾਇਕ ਬਣੋਗੇ ਅਤੇ ਤੁਹਾਡੇ ਯਤਨ ਨਾਲ ਤੁਹਾਡਾ ਅੰਨ੍ਹਾਪਨ ਟੁੱਟੇਗਾ, ਤੁਹਾਡੇ ਯਤਨ ਨਾਲ ਤੁਹਾਡਾ ਹੰਕਾਰ ਡਿੱਗੇਗਾ। ਹਾਰੋਗੇ, ਥੱਕੋਗੇ, ਡਿੱਗ ਪਓਗੇ ਅਤੇ ਜਿਵੇਂ ਹੀ ਤੁਸੀਂ ਨਹੀਂ ਰਹੋਗੇ, ਉਵੇਂ ਹੀ ਤੁਸੀਂ ਪਾਓਗੇ ਕਿ ਉਹ ਸਦਾ ਸਾਹਮਣੇ ਸੀ, ਨੱਕ ਦੀ ਬਿਲਕੁਲ ਸੇਧ ਵਿੱਚ ਸੀ, ਜਿਧਰ ਨੱਕ ਘੁੰਮਦੀ ਸੀ ਉਥੇ ਹੀ ਸੀ ਅਤੇ ਉਹ ਸਦਾ ਉਪਲਬਧ ਸੀ! ਜੇਕਰ ਭੁੱਲ ਰਹੇ ਸੀ, ਤਾਂ ਤੁਸੀਂ ਭੁੱਲ ਰਹੇ ਸੀ। ਆਪਣੇ ਕਾਰਣ।

ਇਸ ਨੂੰ ਚੰਗੀ ਤਰ੍ਹਾਂ ਹਿਰਦੇ ਵਿੱਚ ਸਮੋ ਲੈਣਾ, ਜੇਕਰ ਭੁੱਲ ਕਰ ਰਹੇ ਹੋ ਤਾਂ ਤੁਸੀਂ ਕਰ ਰਹੇ ਹੋ, ਆਪਣੇ ਕਾਰਣ। ਜੇਕਰ ਪਾਓਗੇ ਤਾਂ ਆਪਣੇ ਕਾਰਣ ਨਹੀਂ ਪਾਓਗੇ,

ਉਸਦੇ ਪ੍ਰਸਾਦ ਨਾਲ ਪਾਓਗੇ। ਇਹ ਗੱਲ ਬੇ-ਬੂਝ ਲੱਗਦੀ ਹੈ, ਜਿਨ੍ਹਾਂ ਨੇ ਨਹੀਂ ਜਾਣਿਆ। ਕਿਉਂਕਿ ਤਦ ਸਾਨੂੰ ਲੱਗਦਾ ਕਿ ਜਦ ਅਸੀਂ ਆਪਣੇ ਕਾਰਣ ਭੁੱਲ ਰਹੇ ਹਾਂ, ਤਾਂ ਅਸੀਂ ਪਾਵਾਂਗੇ ਵੀ ਆਪਣੇ ਹੀ ਕਾਰਣ। ਇਹ ਬਹੁਤਾ ਸਾਫ਼ ਤਰਕ ਜਾਪਦਾ ਹੈ ਕਿ ਜਿਸ ਚੀਜ਼ ਨੂੰ ਮੈਂ ਆਪਣੇ ਕਾਰਣ ਭੁੱਲ ਰਿਹਾ ਹਾਂ, ਆਪਣੇ ਹੀ ਕਾਰਣ ਪਾਵਾਂਗਾ। ਬੱਸ, ਇਹ ਹੀ ਤਰਕ ਦੀ ਭੁੱਲ ਹੋ ਜਾਂਦੀ ਹੈ। ਭੁੱਲ ਤੁਸੀਂ ਆਪਣੇ ਕਾਰਣ ਰਹੇ ਹੋ, ਪਾਓਗੇ ਤੁਸੀਂ ਉਸਦੀ ਕਿਰਪਾ ਨਾਲ। ਇਸ ਦਾ ਮਤਲਬ ਕੀ ਹੋਇਆ? ਇਸਦਾ ਮਤਲਬ ਹੋਇਆ ਕਿ ਤੁਸੀਂ ਜਦ ਤੱਕ ਹੋ, ਤਦ ਤੱਕ ਤਾਂ ਤੁਸੀਂ ਉਸ ਨੂੰ ਪਾ ਹੀ ਨਹੀਂ ਸਕੋਗੇ। ਇਸ ਲਈ ਤੁਸੀਂ ਆਪਣੇ ਕਾਰਣ ਕਿਵੇਂ ਪਾਓਗੇ? ਤੁਸੀਂ ਹੀ ਤਾਂ ਵਿਘਨ ਹੋ। ਤੁਹਾਡੇ ਕਾਰਣ ਹੀ ਤਾਂ ਤੁਸੀਂ ਭੁੱਲ ਰਹੇ ਹੋ। ਉਸੇ ਨਾਲ ਤੁਸੀਂ ਕਿਵੇਂ ਪਾਓਗੇ? ਉਹ ਹੀ ਤਾਂ ਕਾਰਣ ਹੈ ਭੁੱਲਣ ਦਾ। ਤੁਸੀਂ ਜਿੰਨੇ ਸਮਝਦੇ ਹੋ ਕਿ ਮੈਂ ਹਾਂ, ਓਨੀ ਹੀ ਅੜਚਨ ਹੈ। ਓਨੀ ਹੀ ਮਜ਼ਬੂਤ ਕੰਧ ਹੈ। ਇਹ ਕੰਧ ਹਟ ਜਾਏ, ਉਹ ਮੌਜੂਦ ਹੈ। ਜਾਗਰਣ ਦੇ ਯਤਨ ਨਾਲ ਕੰਧ ਟੁੱਟੇਗੀ, ਦਰਵਾਜ਼ਾ ਖੁੱਲ੍ਹੇਗਾ। ਪਰ ਪਰਮਾਤਮਾ ਦੀ ਰੋਸ਼ਨੀ ਸਦਾ ਬਾਹਰ ਮੌਜੂਦ ਸੀ।

ਜਦ ਤੁਸੀਂ ਉਸ ਨੂੰ ਪਾਓਗੇ ਤਾਂ ਬਹੁਤ ਗੱਲਾਂ ਸਾਫ਼ ਹੋ ਜਾਣਗੀਆਂ। ਇੱਕ ਗੱਲ ਸਾਫ਼ ਹੋਏਗੀ ਕਿ ਆਪਣੇ ਕਾਰਣ ਭੁੱਲਿਆ ਅਤੇ ਤੇਰੇ ਕਾਰਣ ਪਾਇਆ। ਦੂਜੀ ਗੱਲ ਸਾਫ਼ ਹੋ ਜਾਏਗੀ ਕਿ ਤੂੰ ਕੋਲ ਸੀ, ਪਰ ਮੈਂ ਤੈਨੂੰ ਦੂਰ ਲੱਭ ਰਿਹਾ ਸੀ। ਤੂੰ ਜਿੱਥੇ ਸੀ ਉਥੇ ਨਾ ਲੱਭ ਕੇ, ਮੈਂ ਉਥੇ ਲੱਭ ਰਿਹਾ ਸੀ ਜਿੱਥੇ ਤੂੰ ਹੈ ਹੀ ਨਹੀਂ ਸੀ। ਇਸ ਲਈ ਭਟਕ ਰਿਹਾ ਸੀ। ਮੈਂ ਇੱਕ ਅਜਿਹੀ ਚੀਜ਼ ਦੇ ਸਹਾਰੇ ਲੱਭ ਰਿਹਾ ਸੀ, ਜਿਸਦੇ ਸਹਾਰੇ ਖੋਜ ਹੋ ਹੀ ਨਹੀਂ ਸਕਦੀ ਸੀ।

ਹਰ ਜੀਵਨ ਦੇ ਪੱਖ ਵਿੱਚ ਯਾਤਰਾ ਦੇ ਵਾਹਨ (ਸਵਾਰੀ) ਹੁੰਦੇ ਹਨ। ਤੁਸੀਂ ਬੇੜੀ ਵਿੱਚ ਸਵਾਰ ਹੋ ਕੇ ਸਮੁੰਦਰ ਦੀ ਯਾਤਰਾ ਕਰ ਸਕਦੇ ਹੋ। ਪਰ ਬੇੜੀ ਵਿੱਚ ਸਵਾਰ ਹੋ ਕੇ ਤੁਸੀਂ ਧਰਤੀ ਦੀ ਯਾਤਰਾ ਨਹੀਂ ਕਰ ਸਕੋਗੇ ਅਤੇ ਤੁਸੀਂ ਕਿੰਨੇ ਹੀ ਕੁਸ਼ਲ ਬੇੜੀ ਚਲਾਉਣ ਵਾਲੇ ਹੋਵੋ ਤੇ ਤੁਸੀਂ ਕਿੰਨੀ ਹੀ ਦੂਰ ਦੇ ਸਾਗਰ ਪਾਰ ਕੀਤੇ ਹੋਣ ਅਤੇ ਤੁਹਾਨੂੰ ਕਿੰਨਾ ਹੀ ਅਨੁਭਵ ਹੋਵੇ ਸਮੁੰਦਰਾਂ ਦਾ। ਆਪਣੀ ਬੇੜੀ ਨੂੰ ਚੁੱਕ ਕੇ ਸੜਕ ਉਤੇ ਨਾ ਰੱਖ ਲੈਣਾ। ਕਿਉਂਕਿ ਉਸ ਵਿੱਚ ਬਹਿ ਕੇ ਯਾਤਰਾ ਨਹੀਂ ਹੋ ਸਕਦੀ। ਉਸਦੇ ਕਾਰਣ ਚੱਲ ਵੀ ਨਹੀਂ ਸਕੋਗੇ। ਉਸ ਦੇ ਕਾਰਣ ਪੈਦਲ ਵੀ ਟੁਰ ਸਕੋ, ਉਹ ਵੀ ਨਹੀਂ ਹੋ ਸਕੇਗਾ। ਉਹ ਬੇੜੀ ਤੁਹਾਡੇ ਗਲ਼ ਨਾਲ ਬੱਝ ਗਈ ਅਤੇ ਤੁਹਾਡੇ ਅਨੁਭਵ ਦੇ ਕਾਰਣ। ਕਿਉਂਕਿ ਤੁਸੀਂ ਵੱਡੇ-ਵੱਡੇ ਸਾਗਰ ਪਾਰ ਕੀਤੇ ਹਨ। ਕੀ ਇਹ ਨਿੱਕੀ ਜਿਹੀ ਧਰਤੀ ਦਾ ਟੁਕੜਾ? ਏਨੇ ਖਤਰਨਾਕ ਸਾਗਰ ਪਾਰ ਕੀਤੇ ਤਾਂ ਕੀ ਇਸ ਨਿੱਕੀ ਜਿਹੀ ਜ਼ਮੀਨ ਨੂੰ

ਪਾਰ ਨਾ ਕਰ, ਸਕੋਗੇ? ਪਰ ਬੇੜੀ ਇਥੇ ਸਵਾਰੀ ਨਹੀਂ ਬਣ ਸਕਦੀ।

ਇਹ ਹੀ ਹੋ ਰਿਹਾ ਹੈ। ਹੰਕਾਰ ਦੀ ਬੇੜੀ ਸੰਸਾਰ ਵਿੱਚ ਤਾਂ ਸਵਾਰੀ ਹੈ। ਉਥੇ ਤਾਂ ਉਸ ਤੋਂ ਬਿਨਾਂ ਕੋਈ ਟੁਰ ਨਹੀਂ ਸਕਦਾ। ਉਥੇ ਤਾਂ ਜਿਹੜਾ ਉਸ ਤੋਂ ਬਿਨਾਂ ਟੁਰੇਗਾ, ਡਿੱਗੇਗਾ। ਉਥੇ ਤਾਂ ਹੰਕਾਰ ਦੀ ਹੀ ਹੋੜ ਹੈ। ਉਥੇ ਤਾਂ ਸਾਰਾ ਸੰਘਰਸ਼ (ਘੋਲ) 'ਮੈਂ' ਦਾ ਹੈ ਅਤੇ ਜਿਹੜਾ ਜਿੰਨੇ ਵੱਡੇ ਹੰਕਾਰ ਨਾਲ ਟੁਰੇਗਾ, ਓਨਾਂ ਹੀ ਉਥੇ ਸਫ਼ਲ ਹੋਏਗਾ। ਉਹ ਸਫ਼ਲਤਾ ਅੰਤ ਵਿੱਚ ਅਸਫ਼ਲਤਾ ਸਿੱਧ ਹੋਵੇ, ਉਹ ਦੂਜੀ ਗੱਲ! ਪਰ ਉਥੇ ਆਕੜ ਜਿੱਤਦੀ ਹੈ। ਉਥੇ ਆਕੜ ਦਾ ਪਾਗਲਪਨ ਜਿੱਤਦਾ ਹੈ, ਕਿਉਂਕਿ ਉਹ ਦੁਨੀਆਂ ਪਾਗਲਾਂ ਦੀ ਹੈ। ਪਰ ਜੇਕਰ ਇਸੇ ਹੰਕਾਰ ਨੂੰ ਲੈ ਕੇ ਤੁਸੀਂ ਪਰਮਾਤਮਾ ਵੱਲ ਜਾਣ ਲੱਗੇ, ਤਦ ਭੁੱਲ ਹੋ ਜਾਏਗੀ। ਤੁਸੀਂ ਚਾਹੇ ਕਿੰਨੇ ਹੀ ਸਫ਼ਲ ਰਹੇ ਹੋਵੋ, ਸਿਕੰਦਰ ਰਹੇ ਹੋਵੋ, ਨੈਪੋਲੀਅਨ ਰਹੇ ਹੋਵੋ, ਸੰਸਾਰ ਵਿੱਚ ਤੁਸੀਂ ਕਿੰਨੀ ਹੀ ਸਫ਼ਲਤਾ ਪਾਈ ਹੋਵੇ, ਇਸ ਬੇੜੀ ਨੂੰ ਲੈ ਕੇ ਤੁਸੀਂ ਪਰਮਾਤਮਾ ਵੱਲ ਨਾ ਜਾਣਾ। ਕਿਉਂਕਿ ਇਹ ਹੀ ਵਿਘਨ ਹੋ ਜਾਏਗੀ। ਇਸੇ ਦੀ ਵਜ੍ਹਾ ਨਾਲ ਤੁਸੀਂ ਪਰਮਾਤਮਾ ਵੱਲ ਨਾ ਜਾਣਾ। ਕਿਉਂਕਿ ਇਹ ਹੀ ਵਿਘਨ ਹੋ ਜਾਏਗੀ। ਇਸੇ ਦੀ ਵਜ੍ਹਾ ਨਾਲ ਤੁਸੀਂ ਜਕੜੇ ਜਾਓਗੇ। ਬੇੜੀ ਨੂੰ ਰੱਖ ਕੇ ਉਸੇ ਵਿੱਚ ਬੈਠੇ ਰਹਿ ਜਾਓਗੇ। ਯਾਤਰਾ ਤਾਂ ਅਸੰਭਵ ਹੋਏਗੀ ਅਤੇ ਜਿਸ ਦਿਨ ਕੋਈ ਉਸ ਦੀ ਝਲਕ ਪਾਉਂਦਾ ਹੈ, ਉਸ ਦਿਨ ਪਾਉਂਦਾ ਹੈ, ਆਪਣੇ ਕਾਰਣ ਗੁਆ ਰਿਹਾ ਸੀ। ਤੇਰੇ ਹੀ ਪ੍ਰਸਾਦ ਨਾਲ ਤੂੰ ਮਿਲਿਆ ਅਤੇ ਇਹ ਵੀ ਸਮਝ ਵਿੱਚ ਆਉਂਦਾ ਹੈ ਕਿ ਅਸੀਂ ਜਿਹੜੇ ਯਤਨ ਕੀਤੇ, ਉਹ ਏਨੇ ਛੋਟੇ ਸੀ ਜੋ ਮਿਲਦਾ ਹੈ ਉਹ ਏਨਾ ਵੱਡਾ ਹੈ ਕਿ ਉਨ੍ਹਾਂ ਦੋਹਾਂ ਦੇ ਵਿਚਾਲੇ ਕੋਈ ਮੇਲ ਨਹੀਂ ਹੋ ਸਕਦਾ। ਜਿਵੇਂ ਕੋਈ ਸੁਈ ਦੇ ਨਾਲ ਸੁਈ ਨੂੰ ਫੜ ਕੇ ਯਾਤਰਾ ਕਰ ਰਿਹਾ ਹੋਵੇ ਅਤੇ ਸਾਗਰਾਂ ਦੀ ਪ੍ਰਾਪਤੀ ਹੋ ਜਾਏ। ਤਾਂ ਤੁਸੀਂ ਵੀ ਨਹੀਂ ਸੋਚ ਸਕੋਗੇ ਕਿ ਸੁਈ ਦੇ ਨਾਲ, ਸਾਗਰ ਦੀ ਪ੍ਰਾਪਤੀ ਦਾ ਕੀ ਲੈਣਾ-ਦੇਣਾ?

ਆਦਮੀ ਦੇ ਸਾਰੇ ਯਤਨ ਸੁਈ ਵਰਗੇ ਹਨ, ਛੋਟੇ ਹਨ, ਬਹੁਤ ਹੀ ਛੋਟੇ ਹਨ। ਜਦ ਤੱਕ ਤੁਹਾਨੂੰ ਮਿਲਿਆ ਨਹੀਂ ਪਰਮਾਤਮਾ, ਤਦ ਤੱਕ ਤੁਸੀਂ ਤੋਲ ਨਹੀਂ ਸਕਦੇ ਕਿ ਤੁਸੀਂ ਜੋ ਕਰ ਰਹੇ ਹੋ, ਉਸ ਦਾ ਮਤਲਬ ਕੀ ਹੈ? ਕੋਈ ਆਦਮੀ ਕਹਿ ਰਿਹਾ ਹੈ ਕਿ ਮੈਂ ਮੰਦਰ ਵਿੱਚ ਪੂਜਾ ਕਰ ਰਿਹਾ ਹਾਂ। ਕੀ ਕਰ ਰਹੇ ਹੋ ਤੁਸੀਂ ਪੂਜਾ ਵਿੱਚ? ਘੰਟਾ ਵਜਾ ਰਹੇ ਹੋ ਕਿ ਫੁੱਲ ਚੜ੍ਹਾ ਰਹੇ ਹੋ। ਮੰਨਿਆ ਕਿ ਬਹੁਤ ਚੰਗਾ ਕੰਮ ਕਰ ਰਹੇ ਹੋ, ਪਰ ਕੀ ਇਸ ਦੀ ਸੰਗਤਿ ਹੈ ਪਰਮਾਤਮਾ ਨੂੰ ਪਾਉਣ ਨਾਲ? ਕੀ ਤੁਸੀਂ ਕਹੋਗੇ ਕਿ ਮੈਂ ਰੋਜ਼ ਘੰਟਾ ਬਹਿ ਕੇ ਤੇਰਾ ਜਪ ਕਰਦਾ ਹਾਂ। ਤੁਸੀਂ ਪਾਗਲ ਹੋ ਗਏ ਹੋ। ਤੁਸੀਂ ਬਾਰ-ਬਾਰ ਘੰਟਾਂ ਭਰ ਪਰਮਾਤਮਾ ਦਾ ਨਾਮ ਲੈ ਲੈਂਦੇ ਹੋ, ਇਸ ਨਾਲ ਤੁਸੀਂ ਸੋਚਦੇ ਹੋ ਕਿ ਪਰਮਾਤਮਾ ਦੇ ਮਿਲਣ ਦੀ ਕੋਈ ਸੰਗਤਿ ਹੈ। ਤੁਸੀਂ ਕੀਤਾ ਕੀ ਹੈ? ਤੁਸੀਂ ਕਹਿੰਦੇ ਹੋ ਮੈਂ ਚੀਖਦਾ ਸੀ,

ਆਵਾਜ਼ਾਂ ਮਾਰਦਾ ਸੀ। ਤੁਹਾਡਾ ਕੰਠ (ਸੰਘਾ) ਅਤੇ ਤੁਹਾਡੀ ਆਵਾਜ਼, ਇਨ੍ਹਾਂ ਦਾ ਮੁੱਲ ਕਿੰਨਾ ਹੈ? ਤੁਹਾਡੇ ਚੀਖ਼ਣ ਦੀ ਪਹੁੰਚ ਕਿੰਨੀ ਹੈ?

ਅਤੇ ਹੋਰ ਜੋ ਤੁਸੀਂ ਪਾਓਗੇ, ਪਾਉਂਦੇ ਹੀ ਤੁਹਾਨੂੰ ਲੱਗੇਗਾ ਕਿ ਮੇਰੇ ਯਤਨ ਤਾਂ ਬਿਲਕੁਲ ਬਚਕਾਨੇ ਸਨ। ਜਿਨ੍ਹਾਂ ਦਾ ਕੋਈ ਵੀ ਮੁੱਲ ਨਹੀਂ ਸੀ। ਚਾਹੇ ਮੰਦਰ ਜਾਓ, ਚਾਹੇ ਤੀਰਥ ਜਾਓ, ਕਾਬਾ-ਕਾਸੀ ਜਾਓ, ਪੂਜਾ ਕਰੋ, ਪ੍ਰਾਰਥਨਾ ਕਰੋ, ਜਪ-ਤਪ ਕਰੋ, ਪੁੱਠੇ-ਸਿੱਧੇ ਆਸਣ ਵਿੱਚ ਲੱਗੇ ਰਹੋ, ਚੀਖੋ, ਪੁਕਾਰੋ, ਨਾਮ ਜਪੋ, ਤੁਸੀਂ ਜੋ ਵੀ ਕਰ ਰਹੇ ਹੋ, ਤੁਸੀਂ ਹੀ ਕਰ ਰਹੇ ਹੋ, ਤੁਹਾਡੇ ਕਰਨ ਦਾ ਮੁੱਲ ਕਿੰਨਾ ਹੈ। ਉਸ ਨਿਰਮੂਲ ਨੂੰ ਪਾਉਣ ਲਈ ਤੁਸੀਂ ਇਹ ਤੁੱਛ ਯਤਨ ਕਰ ਰਹੇ ਹੋ, ਜਿਨ੍ਹਾਂ ਦੀ ਬਾਜ਼ਾਰ ਵਿੱਚ ਕੀਮਤ ਹੈ। ਤੁਸੀਂ ਜੇਕਰ ਇੱਕ ਘੰਟਾ ਬਾਜ਼ਾਰ ਵਿੱਚ ਜਾ ਕੇ ਕੰਮ ਕਰੋ, ਤਾਂ ਤੁਹਾਨੂੰ ਇੱਕ ਰੁਪਈਆ ਮਿਲ ਜਾਂਦਾ ਹੈ। ਤੁਸੀਂ ਇੱਕ ਘੰਟਾ ਪੂਜਾ ਕਰਕੇ ਪਰਮਾਤਮਾ ਪਾਉਣਾ ਚਾਹੁੰਦੇ ਹੋ? ਇੱਕ ਰੁਪਈਆ ਸਮਝ ਵਿੱਚ ਆਉਂਦਾ ਹੈ ਕਿ ਤੁਸੀਂ ਘੰਟਾ ਭਰ ਕੰਮ ਕਰਦੇ ਹੋ। ਜੇਕਰ ਘੰਟਾ ਭਰ ਮਿਹਨਤ ਕਰੋਗੇ ਤਾਂ ਕੁਝ ਕਮਾ ਲਓਗੇ, ਉਸ ਦੀ ਕੁਝ ਸੰਗਤਿ ਹੈ। ਪਰ ਧਿਆਨ ਨਾਲ਼ ਤੁਸੀਂ ਕਿਵੇਂ ਕਮਾ ਲਓਗੇ, ਇਸ ਦਾ ਕੀ ਮੇਲ ਹੈ?

ਜੋ ਮਿਲਦਾ ਹੈ ਉਹ ਅਪਰੰਪਾਰ ਹੈ। ਜੋ ਅਸੀਂ ਕੀਤਾ ਸੀ ਉਹ ਨਾ ਕੁਝ ਹੈ। ਜਿਵੇਂ ਹੀ ਤੁਸੀਂ ਪਾਓਗੇ, ਇਹ ਭੇਦ ਵਿਖਾਈ ਦੇਵੇਗਾ ਕਿ ਅਸੀਂ ਤਾਂ ਚਮਚ ਲੈ ਕੇ ਟੁਰੇ ਸੀ ਅਤੇ ਇਹ ਸਾਗਰ ਉਤਰ ਆਇਆ। ਉਸ ਘੜੀ ਤੁਸੀਂ ਜ਼ਰੂਰ ਹੀ ਕਹੋਗੇ ਕਿ ਇਹ ਤੇਰੀ ਕਿਰਪਾ ਹੈ, ਤੇਰੀ ਮਿਹਰ ਹੈ। ਇਸ ਲਈ ਸਾਰੇ ਸੰਤਾਂ ਨੇ ਯਤਨ ਕੀਤੇ ਹਨ ਅਤੇ ਸਾਰੇ ਸੰਤਾਂ ਨੇ ਅੰਤਿਮ ਵਕਤਵਯ (ਸਟੇਟਮੈਂਟ) ਯਤਨ ਦੇ ਉਲਟ ਦਿੱਤੇ ਹਨ ਅਤੇ ਫ਼ਿਰ ਵੀ ਆਪਣੇ ਭਗਤਾਂ ਨੂੰ ਕਿਹਾ ਕਿ ਯਤਨ ਕਰਦੇ ਰਹਿਣਾ, ਯਤਨ ਨਾ ਛੱਡ ਦੇਣਾ। ਇਸ ਲਈ ਸੰਤਾਂ ਦੀ ਬਾਣੀ ਬਿਨਾਂ ਤਰਕ ਤੋਂ ਜਾਪਦੀ ਹੈ, ਸਿੱਧਾ ਸਾਫ਼ ਹਿਸਾਬ ਹੈ ਕਿ ਜੇਕਰ ਯਤਨ ਨਾਲ ਮਿਲਦਾ ਹੋਵੇ ਤਾਂ ਕਰਦੇ ਰਹੀਏ।

ਮੈਂ ਕਦੇ ਬੋਲਦਾ ਹਾਂ ਕਿ ਨਹੀਂ, ਯਤਨ ਨਾਲ ਨਹੀਂ ਮਿਲੇਗਾ। ਉਸੇ ਸ਼ਾਮ ਲੋਕ ਮੇਰੇ ਕੋਲ ਆ ਜਾਂਦੇ ਹਨ। ਉਹ ਕਹਿੰਦੇ ਹਨ ਕਿ ਫ਼ਿਰ ਅਸੀਂ ਯਤਨ ਕਿਉਂ ਕਰੀਏ? ਤਾਂ ਅਸੀਂ ਸਭ ਛੱਡ ਦੇਈਏ? ਤਾਂ ਧਿਆਨ ਵਗੈਰਾ ਦੀ ਜਿਹੜੀ ਅਸੀਂ ਮਿਹਨਤ ਕਰਦੇ ਹਾਂ, ਕਿਉਂ ਕਰੀਏ, ਜੇਕਰ ਉਹ ਬਿਨਾਂ ਯਤਨ ਤੋਂ ਮਿਲੇਗਾ? ਅਤੇ ਤੁਸੀਂ ਹੀ ਕਿਹਾ ਕਿ ਯਤਨ ਨਾਲ ਨਹੀਂ ਮਿਲਦਾ, ਤਾਂ ਫ਼ਿਰ ਯਤਨ ਦਾ ਕੀ ਸਾਰ? ਇਨ੍ਹਾਂ ਪਾਗਲਾਂ ਦਾ ਜਿਹੜਾ ਤਰਕ ਹੈ ਉਹ ਜੀਵਨ ਦਾ ਡੂੰਘਾ ਰੂਹ ਤੁਹਾਡੇ ਤਰਕ ਨੂੰ ਮੰਨ ਕੇ ਨਹੀਂ ਚਲਦਾ। ਤੁਹਾਨੂੰ ਆਪਣੇ ਤਰਕ ਨੂੰ ਹੀ ਉਸਦੇ ਹਿਸਾਬ ਨਾਲ ਰੱਖਣਾ ਪੈਂਦਾ ਹੈ। ਉਹ ਤੁਹਾਡੀ ਫ਼ਿਕਰ ਨਹੀਂ ਕਰਦਾ। ਸਤਯ ਤੁਹਾਡੇ ਮਨ ਦੀਆਂ ਧਾਰਣਾਵਾਂ ਦੀ ਚਿੰਤਾ ਨਹੀਂ

ਕਰਦਾ। ਤੁਹਾਨੂੰ ਆਪਣੇ ਮਨ ਦੀਆਂ ਧਾਰਣਾਵਾਂ ਹੀ ਉਸਦੇ ਮੁਤਾਬਿਕ ਰੱਖਣੀਆਂ ਪੈਂਦੀਆਂ ਹਨ। ਅਜਿਹਾ ਹੋਇਆ। ਇਸ ਸਦੀ ਦੇ ਆਰੰਭ ਵਿੱਚ ਭੌਤਿਕ ਸ਼ਾਸਤ੍ਰੀਆਂ ਨੇ ਇੱਕ ਖੋਜ ਕੀਤੀ ਅਤੇ ਉਹ ਖੋਜ ਬਹੁਤ ਤਰਕ ਤੋਂ ਬਾਹਰ ਸੀ। ਉਹ ਖੋਜ ਇਹ ਸੀ ਕਿ ਜਿਹੜਾ ਪਦਾਰਥ ਦਾ ਅੰਤਿਮ ਕਣ ਹੈ, ਇਲੈਕਟ੍ਰਾਨ ਉਸ ਦਾ ਵਰਤਾਵ ਬਹੁਤ ਬੇ-ਬੂਝ ਹੈ। ਉਹ ਸੰਤਾਂ ਦੀ ਬਾਣੀ ਨਾਲ ਤਾਂ ਮੇਲ ਖਾਂਦਾ ਹੈ, ਵਿਗਿਆਨ ਦੀ ਜਾਂਚ ਅਤੇ ਵਿਗਿਆਨ ਦੀ ਪ੍ਰਯੋਗਸ਼ਾਲਾ ਵਿੱਚ ਉਸਦੀ ਕੋਈ ਸੰਗਤਿ ਨਹੀਂ ਹੈ। ਉਸ ਤੋਂ ਬਹੁਤੀ ਬੁਝਾਰਤ ਦੀ ਘਟਨਾ ਕਦੇ ਵਿਗਿਆਨ ਦੀ ਸਮਝ ਵਿੱਚ ਨਹੀਂ ਆਈ ਸੀ। ਉਹ ਜਿਹੜਾ ਇਲੈਕਟ੍ਰਾਨ ਹੈ, ਉਹ ਇਕੋ ਵਾਰੀ ਦੋਹਰਾ ਵਰਤਾਵ ਕਰਦਾ ਹੈ: ਜਿਹੜਾ ਕਿ ਬਿਲਕੁਲ ਹਿਸਾਬ ਤੋਂ ਬਾਹਰ ਹੈ। ਇਕੋ ਵਾਰੀ, ਉਹ ਕਣ ਦੀ ਤਰ੍ਹਾਂ ਵੀ ਵਰਤਾਵ ਕਰਦਾ ਹੈ ਅਤੇ ਤਰੰਗ ਦੀ ਤਰ੍ਹਾਂ ਵੀ। ਇਹ ਅਸੰਭਵ ਹੈ।

ਜੇਕਰ ਰੇਖਾ-ਗਣਿਤ ਤੁਸੀਂ ਪੜ੍ਹੀ ਹੈ ਤਾਂ ਲਕੀਰ ਲਕੀਰ ਹੈ ਅਤੇ ਬਿੰਦੂ ਬਿੰਦੂ ਹੈ। ਬਿੰਦੂ ਕਦੇ ਲਕੀਰ ਵਰਗਾ ਨਹੀਂ ਹੋ ਸਕਦਾ ਅਤੇ ਲਕੀਰ ਕਦੇ ਬਿੰਦੂ ਵਰਗੀ ਨਹੀਂ ਹੋ ਸਕਦੀ। ਕਿਉਂਕਿ ਬਿੰਦੂ ਤਾਂ ਇੱਕ ਬਿੰਦੂ ਹੈ। ਲਕੀਰ ਬਹੁਤ ਸਾਰੇ ਬਿੰਦੂਆਂ ਦਾ ਜੋੜ ਹੈ। ਅਨੰਤ ਬਿੰਦੂਆਂ ਦਾ ਜੋੜ ਹੈ। ਜੇਕਰ ਤੁਸੀਂ ਕਿਸੇ ਇੱਕ ਅਜਿਹੇ ਬਿੰਦੂ ਨੂੰ ਬਣਾ ਸਕੋ। ਆਪਣੀ ਕਿਤਾਬ ਵਿੱਚ, ਜਿਸ ਨੂੰ ਤੁਸੀਂ ਵੇਖਦੇ ਹੀ ਰਹੋ, ਕਦੇ ਤਾਂ ਉਹ ਲਕੀਰ ਹੋ ਜਾਏ ਅਤੇ ਕਦੇ ਬਿੰਦੂ ਹੋ ਜਾਏ, ਤਾਂ ਤੁਸੀਂ ਖੁਦ ਹੀ ਘਬਰਾ ਜਾਓਗੇ। ਜਾਂ ਤਾਂ ਤੁਸੀਂ ਪਾਗਲ ਹੋ ਗਏ ਹੋ ਜਾਂ ਕੋਈ ਮਜ਼ਾਕ ਕਰ ਰਿਹਾ ਹੈ ਜਾਂ ਕੋਈ ਜਾਦੂ ਕਰ ਰਿਹਾ ਹੈ। ਕਿਉਂਕਿ ਬਿੰਦੂ ਜਾਂ ਤਾਂ ਬਿੰਦੂ ਹੈ ਜਾਂ ਲਕੀਰ। ਦੋਵੇਂ ਇਕੱਠੇ, ਇੱਕ ਚੀਜ਼ ਦੇ ਰੂਪ ਨਹੀਂ ਹੋ ਸਕਦੇ।

ਅਤੇ ਇਸੇ ਤਰ੍ਹਾਂ ਹੀ ਕਣ ਅਤੇ ਤਰੰਗ ਹਨ। ਕਣ ਇੱਕ ਗੱਲ ਹੈ, ਬਿੰਦੂ ਹੈ ਅਤੇ ਤਰੰਗ ਹੈ ਲਹਿਰ। ਪਰ ਭੌਤਿਕ ਸ਼ਾਸਤ੍ਰੀ ਇਸ ਸਦੀ ਦੇ ਆਰੰਭ ਵਿੱਚ ਇਸ ਨਤੀਜੇ 'ਤੇ ਪੁੱਜੇ ਕਿ ਇਲੈਕਟ੍ਰਾਨ ਦੋਵੇਂ ਵਰਤਾਵ ਇਕੱਠੇ ਕਰ ਰਿਹਾ ਹੈ। ਇਕੱਠੇ ਇੱਕ ਹੀ ਸਮੇਂ ਵਿੱਚ ਉਹ ਤਰੰਗ ਵੀ ਹੈ ਅਤੇ ਕਣ ਵੀ। ਬਹੁਤ ਮੁਸੀਬਤ ਹੋ ਗਈ—ਸਾਰਾ ਤਰਕ।

ਅਤੇ ਵਿਗਿਆਨ ਤਾਂ ਤਰਕਨਿਸ਼ਠ ਹੈ। ਉਹ ਕੋਈ ਰਹੱਸਯਵਾਦੀਆਂ ਦੀ ਖੇਡ ਨਹੀਂ ਹੈ। ਉਹ ਕੋਈ ਕਵਿਤਾ ਤਾਂ ਨਹੀਂ ਹੈ। ਉਹ ਤਾਂ ਹਿਸਾਬ ਹੈ। ਤਾਂ ਕੀ ਕਰਨਾ? ਜਿੰਨੀ ਹੀ ਖੋਜ ਕੀਤੀ, ਓਨੀ ਹੀ ਮੁਸੀਬਤ ਵਧਦੀ ਗਈ ਅਤੇ ਆਖੀਰ ਵਿੱਚ ਸਵੀਕਾਰ ਕਰ ਲੈਣਾ ਪਿਆ ਕਿ ਇਹ ਦੋਵੇਂ ਹੀ ਉਸਦਾ ਇਕੱਠਾ ਵਰਤਾਵ ਹੋ ਰਿਹਾ ਹੈ। ਲੋਕਾਂ ਨੇ ਖੋਜੀਆਂ ਕੋਲੋਂ ਪੁੱਛਿਆ ਕਿ ਤੁਹਾਨੂੰ ਕਹਿੰਦਿਆਂ ਸ਼ਰਮ ਨਹੀਂ ਆਉਂਦੀ? ਕਿ ਦੋਵੇਂ ਚੀਜ਼ਾਂ ਇਕੱਠੀਆਂ ਕਿਵੇਂ ਹੋ ਸਕਦੀਆਂ ਹਨ? ਇਹ ਤਾਂ ਬਿਲਕੁਲ ਹਿਸਾਬ ਦੇ ਉਲਟ

ਹਨ ਅਤੇ ਇਸ ਦੇ ਨਾਲ ਯੂਕਿਲਡ ਦੀ ਪੂਰੀ ਜਮੈਟਰੀ ਗ਼ਲਤ ਹੋ ਜਾਂਦੀ ਹੈ।

ਤਾਂ ਵਿਗਿਆਨਕਾਂ ਨੇ ਜਿਹੜੇ ਜਵਾਬ ਦਿੱਤੇ, ਉਨ੍ਹਾਂ ਨੇ ਕਿਹਾ, ਅਸੀਂ ਕਰੀਏ ਵੀ ਕੀ? ਜੇਕਰ ਉਹ ਕਣ ਜਮੈਟਰੀ ਨੂੰ ਨਹੀਂ ਮੰਨਦਾ, ਯੂਕਿਲਡ ਨੂੰ ਨਹੀਂ ਮੰਨਦਾ ਤਾਂ ਅਸੀਂ ਕੀ ਕਰੀਏ? ਅਸੀਂ ਸਾਰੇ ਪਾਸਿਆਂ ਤੋਂ ਲੱਭ ਕੇ ਵੇਖ ਲਿਆ, ਉਹ ਜੋ ਵਰਤਾਵ ਕਰ ਰਿਹਾ ਹੈ ਅਸੀਂ ਤਾਂ ਉਹ ਹੀ ਕਹਾਂਗੇ। ਜੇਕਰ ਉਹ ਤਰਕ ਤੋਂ ਬਾਹਰ ਹੈ, ਤਾਂ ਤਰਕੋਂ ਬਾਹਰ ਹੈ। ਤਰਕ ਨੂੰ ਤੁਸੀਂ ਸੁਧਾਰ ਲਓ। ਪਰ ਉਸ ਕਣ ਨੂੰ ਕੌਣ ਸਮਝਾਉਣ ਜਾਏ ਕਿ ਤੂੰ ਤਰਕ ਦੇ ਹਿਸਾਬ ਨਾਲ ਟੁਰ?

ਇਸ ਲਈ ਨਵੀਂ ਜਮੈਟਰੀ ਦਾ ਜਨਮ ਹੋਇਆ—'ਨਾਨ ਯੂਕਿਲਡਿਯਨ ਜਮੈਟਰੀ' ਬਦਲਨੀ ਪਈ ਜਮੈਟਰੀ। ਉਹ ਕਣ ਤਾਂ ਮੰਨੇਗਾ ਨਹੀਂ। ਇਲੈਕਟ੍ਰਾਨ, ਉਹ ਤਾਂ ਕਿਸੇ ਦੀ ਸੁਣੇਗਾ ਨਹੀਂ। ਉਹ ਤਾਂ ਜਿਹੋ ਜਿਹਾ ਕਰ ਰਿਹਾ ਹੈ, ਕਰ ਰਿਹਾ ਹੈ, ਤੁਸੀਂ ਆਪਣਾ ਹਿਸਾਬ ਠੀਕ ਕਰ ਲਵੋ। ਤੁਸੀਂ ਆਪਣੇ ਤਰਕ ਵਿੱਚ ਫ਼ਰਕ ਕਰ ਲਓ। ਪਹਿਲੀ ਵਾਰੀ ਇਲੈਕਟ੍ਰਾਨ ਦੇ ਅਧਿਐਨ ਨਾਲ ਯੂਕਿਲਡ ਦੀਆਂ ਸਾਰੀਆਂ ਪਰਿਭਾਸ਼ਾਵਾਂ ਖ਼ਰਾਬ ਹੋ ਗਈਆਂ ਅਤੇ ਆਰਿਸਟੋਟਲ ਦੇ ਸਾਰੇ ਤਰਕਾਂ ਦੇ ਸਿਧਾਂਤ ਵਿਅਰਥ ਹੋ ਗਏ।

ਇਹ ਹੀ ਮੁਸੀਬਤ ਸੰਤਾਂ ਦੀ ਹੈ। ਉਨ੍ਹਾਂ ਨੇ ਵਿਗਿਆਨਕਾਂ ਤੋਂ ਪਹਿਲਾਂ ਉਸ ਦੇ ਦਰਵਾਜ਼ੇ ਉਤੇ ਦਸਤਕ ਦਿੱਤੀ ਹੈ ਅਤੇ ਉਥੇ ਉਨ੍ਹਾਂ ਨੇ ਪਾਇਆ ਕਿ ਯਤਨ ਤੋਂ ਬਿਨਾਂ ਨਹੀਂ ਮਿਲਦਾ, ਯਤਨ ਨਾਲ ਵੀ ਨਹੀਂ ਮਿਲਦਾ। ਇਹ ਹਾਲਤ ਹੈ। ਇਸ 'ਦੇ ਵਿੱਚ ਕੁਝ ਕੀਤਾ ਨਹੀਂ ਜਾ ਸਕਦਾ। ਯਤਨ ਵੀ ਕਰਨਾ ਪੈਂਦਾ ਹੈ, ਮਿਲਦਾ ਬਿਨਾਂ ਯਤਨ ਤੋਂ ਹੈ। ਪਰ ਜੇਕਰ ਤੁਸੀਂ ਸਮਝੋ, ਤਾਂ ਅੰਦਰ ਇੱਕ ਡੂੰਘੀ ਸੰਗਤਿ ਹੈ। ਉਹ ਖਿਆਲ ਵਿੱਚ ਆ ਜਾਏ ਤਾਂ ਆਪਣੀ ਵਲੋਂ ਤੁਸੀਂ ਪੂਰਾ ਦਾਅ 'ਤੇ ਲਾ ਦੇਣਾ। ਮਿਲੇਗਾ ਤਾਂ ਉਹ ਉਸੇ ਦੀ ਮਿਹਰ ਨਾਲ, ਪਰ ਉਸ ਦੀ ਮਿਹਰ ਪਾਉਣ ਦੇ ਲਾਇਕ ਤੁਸੀਂ ਤਦੇ ਬਣੋਗੇ, ਜਦ ਤੁਸੀਂ ਆਪਣੇ ਆਪ ਨੂੰ ਪੂਰਾ ਦਾਅ 'ਤੇ ਲਾ ਦਿੱਤਾ। ਇਹ ਹੀ ਇਸ ਸੂਤਰ ਦਾ ਸਾਰ ਹੈ, ਹੁਣ ਇਸ ਨੂੰ ਸਮਝਣ ਦੀ ਕੋਸ਼ਿਸ਼ ਕਰੋ।

*"ਇਕ ਦੂ ਜੀਭੈ ਲਖ ਹੋਹਿ ਲਖ ਹੋਵਹਿ ਲਖ ਵੀਸ॥*
*ਲਖੁ ਲਖੁ ਗੇੜਾ ਆਖੀਅਹਿ ਏਕੁ ਨਾਮੁ ਜਗਦੀਸ॥"*

'ਜੇਕਰ ਇੱਕ ਜੀਭ ਤੋਂ ਲੱਖ ਜੀਭਾਂ ਹੋ ਜਾਣ ਅਤੇ ਲੱਖ ਤੋਂ ਵੀ ਵੀਹ ਲੱਖ ਹੋ ਜਾਣ, ਤਾਂ ਮੈਂ ਹਰ ਇੱਕ ਜੀਭ ਨਾਲ ਲੱਖ-ਲੱਖ ਵਾਰ ਜਗਦੀਸ਼ ਦਾ ਨਾਉਂ ਜਪਾਂਗਾ।

ਤਦ ਤੁਸੀਂ ਥੱਕੋਗੇ, ਉਸ ਤੋਂ ਪਹਿਲਾਂ ਨਹੀਂ ਥੱਕੋਗੇ। ਤੁਸੀਂ ਅਜੇ ਜਪਿਆ ਹੀ ਕੀ ਹੈ? ਤੁਸੀਂ ਅਜੇ ਧਿਆਨ ਹੀ ਕਿੰਨਾ ਕੀਤਾ? ਤੁਸੀਂ ਅਜੇ ਪੁਕਾਰਿਆ ਹੀ ਕੀ ਹੈ? ਤੁਸੀਂ

ਚੀਖ਼ੇ ਹੀ ਕਿੱਥੇ? ਤੁਸੀਂ ਪੂਰੀ ਤਾਕਤ ਹੀ ਨਹੀਂ ਲਾਈ ਹੈ। ਜੇਕਰ ਤੁਹਾਡੇ ਘਰ 'ਚ ਅੱਗ ਲੱਗੀ ਹੋਵੇ, ਤਾਂ ਤੁਸੀਂ ਜਿੰਨੀ ਤੇਜ਼ੀ ਨਾਲ ਬਾਹਰ ਭੱਜਦੇ ਹੋ, ਏਨੀ ਤੇਜ਼ੀ ਨਾਲ ਵੀ ਤੁਸੀਂ ਪਰਮਾਤਮਾ ਵੱਲ ਨਹੀਂ ਭੱਜੇ ਹੋ। ਕਿ ਤੁਹਾਡੀ ਵਹੁੱਟੀ ਮਰ ਜਾਏ, ਤਾਂ ਜਿਵੇਂ ਜਾਰ-ਜਾਰ ਹੋ ਕੇ ਤੁਸੀਂ ਰੋਂਦੇ ਹੋ, ਅਜਿਹਾ ਤੁਸੀਂ ਉਸਦੇ ਵਿਜੋਗ ਵਿੱਚ ਹੁਣ ਤੱਕ ਨਹੀਂ ਰੋਏ। ਕਿ ਤੁਹਾਡਾ ਬੱਚਾ ਭਟਕ ਜਾਏ, ਤਾਂ ਤੁਸੀਂ ਜਿਵੇਂ ਪਾਗਲ ਹੋ ਕੇ ਬੇਤਹਾਸ਼ਾ ਲੱਭਣ ਨਿੱਕਲਦੇ ਹੋ, ਅਜਿਹੀ ਤੁਸੀਂ ਉਸ ਦੀ ਹੁਣ ਤੱਕ ਖੋਜ ਨਹੀਂ ਕੀਤੀ। ਤੁਹਾਡੀ ਖੋਜ ਕੁਣਕੁਣੀ ਹੈ। ਹਾਲੀਂ ਤੁਸੀਂ ਉਬਲੇ ਨਹੀਂ।

ਨਾਨਕ ਉਸ ਉਬਲਣ ਦੀ ਗੱਲ ਕਹਿ ਰਹੇ ਹਨ, ਉਹ ਇਹ ਕਹਿ ਰਹੇ ਹਨ ਕਿ ਇੱਕ ਜੀਭ ਨਾਲ ਲੱਖ ਜੀਭਾਂ ਹੋ ਜਾਣ ਅਤੇ ਲੱਖ ਨਾਲ ਵੀਹ ਲੱਖ ਜੀਭਾਂ ਹੋ ਜਾਣ, ਤਾਂ ਮੈਂ ਇਸ ਹਰੇਕ ਜੀਭ ਨਾਲ ਲੱਖ-ਲੱਖ ਵਾਰ ਇੱਕ ਜਗਦੀਸ਼ ਦਾ ਨਾਉਂ ਜਪਾਂਗਾ। ਰੋਮ-ਰੋਮ ਉਸਦੇ ਨਾਉਂ ਨਾਲ ਭਰ ਜਾਏ, ਅਤੇ ਰੋਮ-ਰੋਮ ਉਸ ਦੀ ਤ੍ਰੇਹ ਅਨੁਭਵ ਕਰੇ ਅਤੇ ਰੋਮ-ਰੋਮ ਵਿੱਚ ਇੱਕ ਹੀ ਪੁਕਾਰ ਗੂੰਜਣ ਲੱਗੇ ਕਿ ਤੈਨੂੰ ਪਾਉਣਾ ਹੈ ਅਤੇ ਜੀਵਨ ਵਿੱਚ ਸਭ ਵਿਅਰਥ ਹੋ ਜਾਏ। ਬੱਸ, ਇੱਕ ਪਰਮਾਤਮਾ ਦੀ ਸਾਰਥਕਤਾ ਬਚੇ। ਹੋਰ ਸਭ ਗੌਣ ਹੋ ਜਾਣ ਅਤੇ ਸਭ ਛੱਡਣ ਨੂੰ ਤੁਸੀਂ ਤਿਆਰ ਹੋ ਜਾਓ। ਇੱਕ ਉਸ ਨੂੰ ਪਾਉਣਾ ਹੀ ਲੱਖਸ਼ ਬਚੇ, ਤਦ ਤੁਸੀਂ ਇਕਾਗਰ ਹੋਵੋਗੇ। 'ਸੁਆਮੀ ਦੇ ਨਾਉਂ ਦੀਆਂ ਇਹ ਹੀ ਪਉੜੀਆਂ ਹਨ ਕਿ ਇੱਕ ਜੀਭ ਨਾਲ ਲੱਖਾਂ ਬਾਰ ਉਸਦਾ ਹੀ ਨਾਉਂ ਜਪੇ। ਸੁਆਮੀ ਦੇ ਨਾਉਂ ਦੀਆਂ ਇਹ ਹੀ ਪਉੜੀਆਂ ਹਨ, ਜਿਨ੍ਹਾਂ ਉਤੇ ਚੜ੍ਹ ਕੇ ਸਾਧਕ ਇਕੀਸ ਹੋ ਜਾਂਦਾ ਹੈ। ਯਾਨੀ ਭਗਵਤ-ਸਵਰੂਪ ਨੂੰ ਪ੍ਰਾਪਤ ਹੋ ਜਾਂਦਾ ਹੈ।'

'ਇੱਕੀਸ' ਸ਼ਬਦ ਆਉਂਦਾ ਹੈ ਸਾਂਖਿਆਂ ਦੀ ਗਿਣਤੀ ਨਾਲ। ਕਿਉਂਕਿ ਸਾਂਖਯ ਕਹਿੰਦੇ ਹਨ, ਦੋ ਤਰ੍ਹਾਂ ਨਾਲ ਇੱਕੀਸ ਹੋ ਸਕਦੇ ਹਾਂ। ਸਾਂਖਿਆਂ ਦੀ ਗਿਣਤੀ ਬਹੁਤ ਕੀਮਤੀ ਹੈ। ਸਾਂਖਯ ਸ਼ਬਦ ਦਾ ਅਰਥ ਵੀ ਹੁੰਦਾ ਹੈ ਗਿਣਤੀ, ਸੰਖਿਆ। ਉਸੇ ਨਾਲ ਸਾਂਖਯ ਬਣਿਆ ਹੈ। ਕਿਉਂਕਿ ਉਨ੍ਹਾਂ ਨੇ ਪਹਿਲੀ ਗਿਣਤੀ ਕੀਤੀ ਹੈ ਮਨੁੱਖ ਦੀ ਹੋਂਦ ਦੀ, ਇਸ ਲਈ ਉਸ ਦਰਸ਼ਨ ਦਾ ਨਾਉਂ ਹੀ ਸਾਂਖਯ ਹੋ ਗਿਆ।

ਸਾਂਖਯ ਕਹਿੰਦੇ ਹਨ ਕਿ ਪੰਜ ਮਹਾਂਭੂਤ ਉਸ ਇੱਕ ਤੋਂ ਪੈਦਾ ਹੁੰਦੇ ਹਨ। ਇਹ ਜਿਹੜੀ ਧਰਤੀ, ਜਲ, ਆਕਾਸ਼ ਇਹ ਪੰਜ ਮਹਾਂਭੂਤ, ਉਸ ਤੋਂ ਪੈਦਾ ਹੁੰਦੇ ਹਨ, ਪਰ ਇਹ ਮਹਾਂਭੂਤ ਤਾਂ ਸਥੂਲ ਹਨ। ਇਨ੍ਹਾਂ ਮਹਾਂਭੂਤਾਂ ਨੂੰ ਬਣਾਉਣ ਵਾਲੀਆਂ ਪੰਜ ਤਨਮਾਤ੍ਰਾਵਾਂ (ਤਨਮਾਤ੍ਰਾ ਸਾਂਖਯ ਦੇ ਮੱਤ ਅਨੁਸਾਰ ਪੰਜ ਮਹਾਂਭੂਤ, ਅਰਥਾਤ ਸ਼ਬਦ, ਰੂਪ, ਰਸ, ਸਪ੍ਰਸ਼ ਅਤੇ ਗੰਧ ਦਾ ਸੂਖਮ ਮਿਲਿਆ ਜੁਲਿਆ ਰੂਪ) ਹਨ। ਜਿਹੜੀਆਂ ਸੂਖਮ ਹਨ ਜਿਹੜੀਆਂ ਅੱਖਾਂ ਰਾਹੀਂ ਵਿਖਾਈ ਨਹੀਂ ਦਿੰਦੀਆਂ। ਵਿਗਿਆਨਕ ਵੀ

ਰਾਜ਼ੀ ਹਨ ਕਿ ਤੁਹਾਨੂੰ ਜਿਹੜੀ ਕੰਧ ਵਿਖਾਈ ਦਿੰਦੀ ਹੈ ਉਹ ਤਾਂ ਤੁਹਾਨੂੰ ਵਿਖਾਈ ਦਿੰਦੀ ਹੈ। ਇਹ ਤਾਂ ਠੋਸ ਰੂਪ ਹੈ। ਜਿਵੇਂ ਕੰਧ ਹੈ 'ਤਨਮਾਤ੍ਰਾ'। ਉਹ ਤਾਂ ਤੁਸੀਂ ਕਦੇ ਵੇਖੀ ਨਹੀਂ। ਉਹ ਤਾਂ ਵਿਗਿਆਨਕ ਨੂੰ ਥੋੜ੍ਹੀ ਜਿਹੀ ਉਸਦੀ ਝਲਕ ਮਿਲਦੀ ਹੈ। ਕਿਉਂਕਿ ਇਹ ਕੰਧ ਜਿਹੜੀ ਤੁਹਾਨੂੰ ਥਿਰ ਜਾਪਦੀ ਹੈ, ਇਹ ਥਿਰ ਨਹੀਂ ਹੈ। ਇੱਥੇ ਬਹੁਤ ਰਫ਼ਤਾਰ ਹੈ ਅਤੇ ਬਹੁਤ ਜੀਵਨ ਹੈ। ਇੱਕ-ਇੱਕ ਕਣ ਪ੍ਰਕਾਸ਼ ਦੀ ਰਫ਼ਤਾਰ ਨਾਲ ਘੁੰਮ ਰਿਹਾ ਹੈ। ਪਰ ਰਫ਼ਤਾਰ ਏਨੀ ਜ਼ਿਆਦਾ ਹੈ ਕਿ ਤੁਸੀਂ ਉਸ ਨੂੰ ਫੜ ਨਹੀਂ ਸਕਦੇ। ਉਹ ਏਨੀ ਸੂਖਮ ਤੇ ਤੇਜ਼ ਹੈ।

ਪ੍ਰਕਾਸ਼ ਦੀ ਕਿਰਨ ਇੱਕ ਸੈਕਿੰਡ ਵਿੱਚ ਇੱਕ ਲੱਖ ਛਿਆਸੀ ਹਜ਼ਾਰ ਮੀਲ ਟੁਰਦੀ ਹੈ। ਇੱਕ ਸੈਕਿੰਡ ਵਿੱਚ ਇੱਕ ਲੱਖ ਛਿਆਸੀ ਹਜ਼ਾਰ ਮੀਲ ਪ੍ਰਕਾਸ਼ ਦੀ ਰਫ਼ਤਾਰ ਹੈ। ਪ੍ਰਕਾਸ਼ ਦੀ ਰਫ਼ਤਾਰ ਨਾਲ ਕੰਧ ਦੇ ਅਤੀ ਸੂਖਮ ਕਣ-ਇਲੈਕਟ੍ਰਾਨ ਘੁੰਮ ਰਹੇ ਹਨ। ਉਨ੍ਹਾਂ ਦੀ ਰਫ਼ਤਾਰ ਏਨੀ ਤੇਜ਼ ਹੈ ਕਿ ਤੁਸੀਂ ਵੇਖ ਨਹੀਂ ਸਕਦੇ। ਇਸ ਲਈ ਕੰਧ ਥਿਰ ਜਾਪਦੀ ਹੈ। ਲੇਕਿਨ ਕੰਧ ਮਹਾਨ ਸਕ੍ਰਿਅਤਾ ਵਿਚੋਂ ਲੰਘ ਰਹੀ ਹੈ। ਹਰ ਚੀਜ਼, ਪੱਥਰ ਵੀ ਸਕ੍ਰਿਏ ਹੈ ਅਤੇ ਜੀਵੰਤ ਹੈ ਅਤੇ ਵੱਡਾ ਕਾਰੋਬਾਰ ਚੱਲ ਰਿਹਾ ਹੈ। ਇਸ ਲਈ ਤਾਂ ਇਹ ਕੰਧ ਇੱਕ ਦਿਨ ਢਹਿ ਜਾਏਗੀ ਤੇ ਖੰਡਰ ਹੋ ਜਾਏਗੀ। ਕਿਉਂਕਿ ਜੇਕਰ ਇਹ ਬਿਲਕੁਲ ਥਿਰ ਹੁੰਦੀ ਤਾਂ ਖੰਡਰ ਕਿਵੇਂ ਹੁੰਦੀ? ਜੇਕਰ ਕੋਈ ਚੀਜ਼ ਬਿਲਕੁਲ ਥਿਰ ਹੋਵੇ ਤਾਂ ਕਦੇ ਨਸ਼ਟ ਹੀ ਨਹੀਂ ਹੋ ਸਕਦੀ। ਕਿਉਂਕਿ ਕ੍ਰਿਆ ਨਾ ਚੱਲ ਰਹੀ ਹੋਵੇ, ਤਾਂ ਅੰਦਰ ਸੰਘਰਸ਼ਣ (ਘੋਲ-ਮਥੋਲਾ) ਹੀ ਨਹੀਂ ਹੋਏਗਾ। ਸੰਘਰਸ਼ਣ ਨਹੀਂ ਹੋਏਗਾ ਤਾਂ ਬਰਬਾਦੀ ਕਿਵੇਂ ਹੋਏਗੀ।

ਇਸ ਲਈ ਵਿਗਿਆਨਕ ਸੋਚਦੇ ਹਨ, ਕਿ ਜੇਕਰ ਕਿਸੇ ਆਦਮੀ ਨੂੰ ਬਚਾਉਣਾ ਹੋਵੇ ਲੰਮੀ ਉਮਰ ਤੱਕ, ਤਾਂ ਉਸ ਨੂੰ ਜੀਰੋ ਡਿਗਰੀ ਤੋਂ ਵੀ ਹੇਠਾਂ ਠੰਡਾ ਕਰਕੇ ਬਰਫ਼ ਵਿੱਚ ਰੱਖ ਦੇਣਾ ਚਾਹੀਦਾ ਹੈ ਤਾਂ ਫ਼ਿਰ ਉਸ ਨੂੰ ਅਨੰਤਕਾਲ ਤੱਕ ਬਚਾਇਆ ਜਾ ਸਕਦਾ ਹੈ। ਕਿਉਂਕਿ ਰਫ਼ਤਾਰ ਘੱਟ ਹੋ ਜਾਂਦੀ ਹੈ। ਇਸ ਲਈ ਤਾਂ ਅਸੀਂ ਫਲਾਂ ਨੂੰ ਫਰਿਜ ਵਿੱਚ ਰੱਖਦੇ ਹਾਂ। ਉਹ ਠੰਡਾ ਰਹਿੰਦਾ ਹੈ ਤਾਂ ਦੇਰ ਤੱਕ ਸੜਦਾ ਨਹੀਂ। ਕਿਉਂਕਿ ਜਿੰਨੀ ਠੰਡਕ ਹੁੰਦੀ, ਓਨੀ ਹੀ ਰਫ਼ਤਾਰ ਘੱਟ ਹੋ ਜਾਂਦੀ ਹੈ। ਇਸ ਲਈ ਤਾਂ ਠੰਡੇ ਮੁਲਕਾਂ ਦੇ ਲੋਕਾਂ ਦੀ ਉਮਰ ਬਹੁਤੀ ਹੁੰਦੀ ਹੈ, ਗਰਮ ਮੁਲਕਾਂ ਦੇ ਲੋਕਾਂ ਦੇ ਬਜਾਏ। ਕਿਉਂਕਿ ਜਿੰਨੀ ਗਰਮੀ ਹੁੰਦੀ ਹੈ ਓਨੀ ਹੀ ਰਫ਼ਤਾਰ ਹੁੰਦੀ ਹੈ, ਜਿੰਨੀ ਰਫ਼ਤਾਰ ਹੁੰਦੀ ਹੈ, ਓਨੀ ਛੇਤੀ ਘੱਟਦੀ ਜਾਂਦੀ ਹੈ। ਇਸ ਲਈ ਤੁਸੀਂ ਗਰਮੀ ਵਿੱਚ ਬੇਚੈਨੀ ਮਹਿਸੂਸ ਕਰਦੇ ਹੋ। ਠੰਡ ਵਿੱਚ ਚੰਗਾ ਲੱਗਦਾ ਹੈ। ਸਰਦੀ ਦੇ ਦਿਨਾਂ ਵਿੱਚ ਤੰਦਰੁਸਤ ਜਾਪਦੇ ਹੋ। ਗਰਮੀ ਦੇ ਦਿਨਾਂ ਵਿੱਚ ਕੁਝ ਗੈਰ ਤੰਦਰੁਸਤੀ ਫੜਣ ਲੱਗਦੀ ਹੈ।

ਇਹ ਕੰਧ ਪਰਮ ਰਫਤਾਰ ਵਿੱਚ ਲੀਨ ਹੈ।, ਇਸ ਲਈ ਡਿੱਗੇਗੀ। ਕਿਉਂਕਿ ਇਸ ਦੇ ਅੰਦਰ ਸੰਘਰਸ਼ਣ ਹੋ ਰਿਹਾ ਹੈ ਅਤੇ ਘੋਲ-ਮਥੋਲਾ ਹੁੰਦੇ-ਹੁੰਦੇ ਸ਼ਕਤੀ ਖ਼ਤਮ ਹੋ ਜਾਏਗੀ। ਇਹ ਖਿੰਡ ਜਾਏਗੀ, ਖੰਡਰ ਹੋ ਜਾਏਗੀ। ਸਾਂਖਯ ਕਹਿੰਦੇ ਹਨ ਕਿ ਪੰਜ ਤਨਮਾਤ੍ਰਾਵਾਂ ਹਨ। ਉਹ ਸੂਖਮ ਰੂਪ ਹਨ ਅਤੇ ਉਨ੍ਹਾਂ ਪੰਜ ਤਨਮਾਤ੍ਰਾਵਾਂ ਦੇ ਪੰਜ ਮਹਾਂਭੂਤ ਹਨ। ਜਿਹੜਾ ਉਨ੍ਹਾਂ ਦਾ ਠੋਸ ਰੂਪ ਹਨ-ਦਸ।

ਫਿਰ ਪੰਜ ਗਿਆਨ ਇੰਦ੍ਰੀਆਂ ਹਨ, ਜਿਹੜੀਆਂ ਸੂਖਮ ਰੂਪ ਹਨ, ਅਤੇ ਪੰਜ ਕਰਮ ਇੰਦ੍ਰੀਆਂ ਹਨ, ਜਿਹੜੀਆਂ ਸਥੂਲ (ਠੋਸ) ਰੂਪ ਹਨ। ਅੱਖ ਤੁਹਾਡੀ ਕਰਮ ਇੰਦ੍ਰੀਆਂ ਹੈ ਅਤੇ ਵੇਖਣ ਦੀ ਤਾਕਤ ਤੁਹਾਡੀ ਸੂਖਮ ਇੰਦ੍ਰੀ ਹੈ। ਵੇਖਣ ਦੀ ਤਾਕਤ ਨਾ ਹੋਵੇ ਤਾਂ ਅੱਖ ਗੁਆਚ ਜਾਏਗੀ, ਅੱਖ ਰਹੇ ਤਾਂ ਵੀ। ਕਦੇ-ਕਦੇ ਅਜਿਹਾ ਹੁੰਦਾ ਹੈ ਕਿ ਤੁਸੀਂ ਅੱਖਾਂ ਹੋਏ ਵੀ ਅੰਨ੍ਹੇ ਹੋ ਜਾਂਦੇ ਹੋ, ਕਿਉਂਕਿ ਤੁਹਾਡਾ ਧਿਆਨ ਕਿਧਰੇ ਹੋਰ ਚਲਾ ਗਿਆ ਅਤੇ ਜਦ ਧਿਆਨ ਕਿਤੇ ਹੋਰ ਚਲਾ ਗਿਆ ਤਾਂ ਵੇਖਣ ਦੀ ਸ਼ਕਤੀ ਕਿਧਰੇ ਹੋਰ ਚਲੀ ਗਈ। ਕੰਨ ਹੈ, ਉਹ ਠੋਸ ਹੈ ਕਰਮ-ਇੰਦ੍ਰੀ, ਸੁਣਨ ਦੀ ਸ਼ਕਤੀ ਸੂਖਮ ਇੰਦ੍ਰੀ ਹੈ।

ਇਸ ਲਈ ਤਾਂ ਨਾਨਕ ਬਾਰ-ਬਾਰ ਕਹਿੰਦੇ ਹਨ 'ਸੁਣਿਐ' ਤਾਂ ਉਹ ਤੁਹਾਡੇ ਇਸ ਕੰਨ ਲਈ ਨਹੀਂ ਕਹਿੰਦੇ ਹਨ। ਕਿਉਂਕਿ ਇਹ ਕੰਨ ਤਾਂ ਸੁਣ ਹੀ ਰਿਹਾ ਹੈ। ਇਹ ਕੰਨ ਤਾਂ ਬੰਦ ਹੀ ਨਹੀਂ ਹੁੰਦਾ, ਕਿਉਂਕਿ ਅੱਖ ਦੀ ਤਰ੍ਹਾਂ ਕੰਨ ਤਾਂ ਝਪਕਦਾ ਵੀ ਨਹੀਂ। ਤਾਂ ਵੀ ਬਾਰ-ਬਾਰ ਕਹਿ ਰਹੇ ਹਨ 'ਸੁਣਿਐ' ਉਹ ਅੰਦਰਲੀ ਮਹੀਨ ਇੰਦ੍ਰੀ ਨੂੰ ਇਸ਼ਾਰਾ ਕਰ ਰਹੇ ਹਨ। ਜਦ ਉਹ ਕਹਿੰਦੇ ਹਨ, 'ਸੁਣਿਐ' ਉਹ ਇਹ ਕਹਿ ਰਹੇ ਹਨ ਕਿ ਕੰਨ ਦੇ ਕੋਲ ਆ ਜਾਓ, ਇਧਰ-ਉਧਰ ਨਾ ਭਟਕੋ। ਨਹੀਂ ਤਾਂ ਕੰਨ ਤਾਂ ਸੁਣ ਲਵੇਗਾ, ਤੁਸੀਂ ਸੁਣਨ ਤੋਂ ਵਾਂਝੇ ਰਹਿ ਜਾਓਗੇ।

ਤਾਂ ਪੰਜ ਮਹੀਨ ਇੰਦ੍ਰੀਆਂ ਹਨ, ਜਿਨ੍ਹਾਂ ਦਾ ਨਾਉਂ ਗਿਆਨ ਇੰਦ੍ਰੀਆਂ ਹਨ ਅਤੇ ਪੰਜ ਸਥੂਲ ਇੰਦ੍ਰੀਆਂ ਹਨ। ਜਿਨ੍ਹਾਂ ਦਾ ਨਾਮ ਕਰਮ ਇੰਦ੍ਰੀਆਂ ਹੈ, ਇਸ ਤਰ੍ਹਾਂ ਵੀਹ।

ਨਾਨਕ ਕਹਿੰਦੇ ਹਨ ਕਿ ਜਿਹੜਾ ਆਪਣਾ ਸਭ ਕੁਝ ਦਾਅ ਉਤੇ ਲਾ ਦੇਵੇਗਾ, ਉਹ ਇੱਕੀਸ ਹੋ ਜਾਂਦਾ ਹੈ। ਉਹ ਇੱਕੀਸਵਾਂ ਪਰਮਾਤਮਾ ਹੈ ਅਤੇ ਜੇਕਰ ਤੁਸੀਂ ਦਾਅ ਉਤੇ ਨਾ ਲਾਇਆ ਅਤੇ ਉਸ ਨੂੰ ਨਾ ਲੱਭਿਆ ਤਾਂ ਵੀ ਤੁਸੀਂ ਇੱਕੀਸ ਹੋ ਜਾਂਦੇ ਹੋ, ਉਹ ਇੱਕੀਸਵਾਂ ਤੁਹਾਡਾ ਹੰਕਾਰ ਹੈ।

ਇਸ ਲਈ ਇੱਕੀਸ ਹੋਣ ਦੇ ਦੋ ਢੰਗ ਹਨ। ਵੀਹ ਤਾਂ ਸਥਿਤੀ ਹੈ, ਇੱਕੀਸ ਹੋਣ ਦੇ ਦੋ ਢੰਗ ਹਨ। ਜਾਂ ਤਾਂ ਤੁਸੀਂ ਪਰਮਾਤਮਾ ਨੂੰ ਪਾ ਲਓ, ਅਰਥਾਤ ਅਸਲੀ ਆਤਮਾ ਨੂੰ ਪਾ ਲਵੋ। ਆਪਣੇ ਸਵਰੂਪ ਨੂੰ ਪਾ ਲਵੋ ਤਾਂ ਇੱਕੀਸ ਹੋ ਜਾਓਗੇ ਅਤੇ ਜਾ ਫਿਰ ਇੱਕ

ਝੂਠੇ ਸਵਰੂਪ ਦੀ ਕਲਪਣਾ ਕਰ ਲਵੋ ਕਿ ਮੈਂ ਇਹ ਹਾਂ, ਧਨੀ ਹਾਂ, ਗਿਆਨੀ ਹਾਂ, ਸ਼ਕਤੀਸ਼ਾਲੀ ਹਾਂ, ਤਿਆਗੀ ਹਾਂ, ਰਾਜਾ ਹਾਂ। ਕੁਝ ਆਕੜ ਬਣਾ ਲਵੋ ਤਾਂ ਵੀ ਇੱਕੀਸ ਹੋ ਜਾਓਗੇ। ਪਰ ਇਹ ਇੱਕੀਸਵਾਂ ਝੂਠਾ ਹੈ।

ਤੋ ਜਾਂ ਤਾਂ ਵੀਹਾਂ ਵਿੱਚ ਇੱਕ ਝੂਠ ਜੋੜ ਦਿਓ, ਵੀਹ ਝੂਠ ਜਾਂ ਵੀਹਾਂ ਵਿੱਚ ਸਤਯ ਜੋੜ ਦਿਓ ਤਾਂ ਵੀਹ ਸਤਯ। ਤੁਸੀਂ ਇੱਕੀਸ ਹੋ ਜਾਓਗੇ। ਅਸੀਂ ਸਾਰੇ ਵੀ ਇੱਕੀਸ ਹਾਂ ਅਤੇ ਨਾਨਕ ਵੀ ਇੱਕੀਸ ਹਨ। ਇਸ ਤੋਂ ਜ਼ਿਆਦਾ ਤਾਂ ਕੋਈ ਹੋ ਨਹੀਂ ਸਕਦਾ, ਪਰ ਅਸੀਂ ਝੂਠ ਨੂੰ ਜੋੜਿਆ ਹੋਇਆ ਹੈ। ਅਸੀਂ ਬਿਨਾਂ ਲੱਭੇ ਹੀ ਜੋੜ ਲਿਆ ਹੈ। ਇਹ ਬਹੁਤ ਮਜ਼ੇ ਦੀ ਗੱਲ ਹੈ। ਤੁਸੀਂ ਕਦੇ ਆਪਣੇ ਆਪ ਨੂੰ ਲੱਭਿਆ ਨਹੀਂ ਅਤੇ ਤੁਹਾਨੂੰ ਖ਼ਿਆਲ ਹੈ ਕਿ ਤੁਸੀਂ ਆਪਣੇ ਆਪ ਨੂੰ ਜਾਣਦੇ ਹੋ। ਇਸ ਤੋਂ ਵੱਡਾ ਝੂਠ ਜਗਤ ਵਿੱਚ ਦੂਜਾ ਨਹੀਂ ਹੈ। ਤੁਸੀਂ ਨਾ ਕਦੇ ਆਪਣੇ ਆਪ ਨੂੰ ਲੱਭਿਆ ਅਤੇ ਨਾ ਕਦੇ ਆਪਣੀ ਝਲਕ ਪਾਈ। ਫ਼ਿਰ ਵੀ ਤੁਸੀਂ ਕਹਿੰਦੇ ਹੋ, 'ਮੈਂ ਹਾਂ।' ਅਤੇ ਤੁਹਾਨੂੰ ਕੁਝ ਵੀ ਪਤਾ ਨਹੀਂ ਕਿ ਤੁਸੀਂ ਕੌਣ ਹੋ?

ਤੁਹਾਨੂੰ ਓਨਾਂ ਹੀ ਪਤਾ ਹੈ ਜਿੰਨਾ ਸੀਸਾ ਦੱਸਦਾ ਹੈ, ਸੀਸਾ ਕੀ ਸੁਆਹ ਦੱਸੇਗਾ? ਸੀਸੇ ਵਿੱਚ ਤੁਸੀਂ ਥੋੜ੍ਹੇ ਹੀ ਵਿਖਾਈ ਦਿੰਦੇ ਹੋ। ਤੁਹਾਡੀ ਆਤਮਾ ਥੋੜ੍ਹੀ ਸ਼ੀਸ਼ੇ ਵਿੱਚ ਝਲਕਦੀ ਹੈ। ਤੁਹਾਡਾ ਸਵਰੂਪ ਥੋੜ੍ਹੀ ਸ਼ੀਸੇ ਵਿੱਚ ਝਲਕਦਾ ਹੈ। ਸ਼ੀਸ਼ਾ ਜਿੰਨਾ ਦੱਸਦਾ ਹੈ, ਉਸ ਨੂੰ ਤੁਸੀਂ ਸਮਝਦੇ ਹੋ 'ਮੈਂ ਹਾਂ।'

ਅਤੇ ਇਸ 'ਮੈਂ' ਨੂੰ ਅਸੀਂ 'ਇੱਕੀਸ' ਮੰਨਿਆ ਹੋਇਆ ਹੈ। ਇਹ ਹੀ ਦੁੱਖ ਹੈ। ਇਹ ਹੀ ਨਰਕ ਹੈ। ਜੇਕਰ ਤੁਸੀਂ ਇੱਕੀਸਵਾਂ ਝੂਠ ਜੋੜ ਲਿਆ, ਤਾਂ ਤੁਸੀਂ ਦੁੱਖ ਵਿੱਚ ਪਵੋਗੇ। ਵੀਹ ਤਾਂ ਉਹ ਹੀ ਰਹਿਣਗੇ, ਇਹ ਇਕੀਸਵਾਂ ਝੂਠ ਰਹੇਗਾ, ਇਸ ਲਈ ਤੁਸੀਂ ਨਰਕ ਵਿੱਚ ਪੈ ਜਾਓਗੇ। ਵੀਹ ਤਾਂ ਜੋ ਹਨ, ਉਹ ਤਾਂ ਉਹ ਹੀ ਰਹਿਣਗੇ। ਜੇਕਰ ਇਹ ਇੱਕੀਸਵਾਂ ਸੱਚ ਹੋ ਜਾਏ, ਤਾਂ ਸੱਚ ਹੁੰਦੇ ਹੀ ਤੁਸੀਂ ਪਰਮ ਮੁਕਤੀ ਨੂੰ ਅਨੁਭਵ ਕਰੋਗੇ। ਕਿਉਂਕਿ ਉਨ੍ਹਾਂ ਵੀਹ ਦੇ ਕਾਰਣ ਕੋਈ ਉਪੱਦਰ ਨਹੀਂ ਹੈ। ਉਹ ਤਾਂ ਜੀਵਨ ਦੀ ਵਿਵਸਥਾ (ਪ੍ਰਬੰਧ) ਹੈ। ਇਹ ਇੱਕੀਸਵਾਂ ਉਪੱਦਰ ਹੈ। ਜੇਕਰ ਝੂਠ ਹੈ ਤਾਂ ਪੀੜਾ ਲਿਆਏਗਾ।

ਇਸ ਲਈ ਹੰਕਾਰ ਜਿੰਨਾਂ ਦੁੱਖ ਦਿੰਦਾ ਹੈ, ਓਨਾਂ ਹੋਰ ਕੋਈ ਚੀਜ਼ ਦੁੱਖ ਨਹੀਂ ਦਿੰਦੀ। ਹੰਕਾਰ ਤੋਂ ਇਲਾਵਾ ਦੁੱਖ ਦਾ ਹੋਰ ਕੋਈ ਸੂਤਰ ਹੀ ਨਹੀਂ ਹੈ। ਜਿੰਨਾਂ ਦੁੱਖ ਚਾਹੀਦਾ ਹੋਵੇ ਹੰਕਾਰ ਵਧਾਓ, ਜਿੰਨਾਂ ਹੰਕਾਰ ਵਧਾਓਗੇ, ਓਨਾ ਨਰਕ ਤੁਹਾਡੀ ਮੁੱਠ ਵਿੱਚ ਹੋਵੇਗਾ। ਜਦੋਂ ਚਾਹੋ ਪੈਦਾ ਕਰ ਲਵੋ।

ਜਿੰਨਾ ਆਨੰਦ ਚਾਹੀਦਾ ਹੋਵੇ, ਓਨਾਂ ਹੰਕਾਰ ਘਟਾਓ। ਜਿਸ ਦਿਨ ਹੰਕਾਰ

ਬਿਲਕੁਲ ਨਹੀਂ ਹੋਏਗਾ, ਸਵਰਗ ਤੁਹਾਡੀ ਮੁੱਠ ਵਿੱਚ ਹੋਏਗਾ। ਤੁਹਾਡੀ ਛਾਂ ਬਣ ਜਾਏਗਾ। ਤੁਸੀਂ ਜਿੱਥੇ ਜਾਓਗੇ, ਉਥੇ ਸਵਰਗ ਹੋਏਗਾ। ਫ਼ਿਰ ਤੁਹਾਨੂੰ ਨਰਕ 'ਚ ਨਹੀਂ ਭੇਜਿਆ ਜਾ ਸਕਦਾ। ਜੇਕਰ ਤੁਹਾਨੂੰ ਨਰਕ ਵਿੱਚ ਵੀ ਪਟਕ ਦਿੱਤਾ ਜਾਏ ਤਾਂ ਤੁਸੀਂ ਪਾਓਗੇ ਕਿ ਉਥੇ ਵੀ ਸਵਰਗ ਹੈ। ਕਿਉਂਕਿ ਜਿਸ ਦੇ ਕੋਲ ਹੰਕਾਰ ਨਹੀਂ, ਉਸ ਲਈ ਸਭ ਥਾਂ ਸਵਰਗ ਹੈ ਅਤੇ ਜਿਸ ਦੇ ਕੋਲ ਹੰਕਾਰ ਹੈ, ਉਸ ਨੂੰ ਕੋਈ ਜ਼ਬਰਦਸਤੀ ਸਵਰਗ ਵਿੱਚ ਵੀ ਪਾ ਦੇਵੇ ਤਾਂ ਉਥੇ ਵੀ ਦੁੱਖ ਹੀ ਪਾਏਗਾ, ਕਿਉਂਕਿ ਸੁੱਖ ਦਾ ਸੰਬੰਧ ਜਾਂ ਦੁੱਖ ਦਾ ਸੰਬੰਧ ਸਥਿਤੀਆਂ ਨਾਲ ਨਹੀਂ ਹੈ। ਉਹ ਅੰਦਰਲਾ ਇੱਕੀਸਵਾਂ ਸੱਚ ਹੈ ਜਾਂ ਝੂਠ....।

ਨਾਨਕ ਕਹਿੰਦੇ ਹਨ ਕਿ ਜਿਸ ਨੇ ਸਭ ਦਾਅ ਉਤੇ ਲਾ ਦਿੱਤਾ, ਸੁਆਮੀ ਦੇ ਨਾਉਂ ਦੀਆਂ ਇਹ ਹੀ ਪੌੜੀਆਂ ਹਨ—ਦਾਅ ਉਤੇ ਲਾਉਣਾ। ਲਾਉਂਦੇ ਜਾਣਾ। ਅਜਿਹੀ ਘੜੀ ਆ ਜਾਏ ਕਿ ਕੁਝ ਦਾਅ 'ਤੇ ਲਾਉਣ ਲਈ ਬਚੇ ਹੀ ਨਾ, ਸਭ ਲਾ ਦਿੱਤਾ....।

ਜਿਨ੍ਹਾਂ ਉਤੇ ਟੁਰ ਕੇ ਸਾਧਕ ਇੱਕੀਸ ਹੋ ਜਾਂਦਾ ਹੈ, ਅਰਥਾਤ ਭਗਵਤ-ਸਵਰੂਪ ਨੂੰ ਪ੍ਰਾਪਤ ਕਰਦਾ ਹੈ। ਆਕਾਸ਼ ਦੀ ਉੱਚੇ ਪਦ ਦੀ ਚਰਚਾ ਸੁਣ ਕੇ, ਕੀੜਿਆਂ ਦੇ ਬਰਾਬਰ ਨੀਚ ਲੋਕਾਂ ਨੂੰ ਵੀ ਸਪ੍ਰਧਾ (ਹੌਂਸਲਾ ਜਾਂ ਹੋੜ) ਹੋ ਜਾਂਦੀ ਹੈ। ਇਥੇ ਉਹ ਇੱਕ ਬਹੁਤ ਮਹੱਤਵਪੂਰਣ ਗੱਲ ਕਹਿ ਰਹੇ ਹਨ, ਕਿਵੇਂ ਧਰਮ ਭ੍ਰਿਸ਼ਟ ਹੁੰਦਾ ਹੈ।

ਨਾਨਕ ਕਹਿੰਦੇ ਹਨ, ਉਸਦੀ ਕਿਰਪਾ ਦ੍ਰਿਸ਼ਟੀ ਨਾਲ ਹੀ ਕੋਈ ਉਸ ਨੂੰ ਪ੍ਰਾਪਤ ਕਰਦਾ ਹੈ। ਝੂਠੇ ਲੋਕ ਤਾਂ ਝੂਠੀਆਂ ਡੀਗਾਂ ਮਾਰਦੇ ਰਹਿੰਦੇ ਹਨ। ਜਦ ਕਿਸੇ ਦੇ ਜੀਵਨ ਵਿੱਚ ਉਸਦਾ ਪ੍ਰਕਾਸ਼ ਆਉਂਦਾ ਹੈ ਤਾਂ ਉਹ ਰੁਕ ਨਹੀਂ ਸਕਦਾ, ਉਸਦੀ ਚਰਚਾ ਕਰਨ ਤੋਂ। ਜਿਵੇਂ ਫੁੱਲ ਖਿੜੇਗਾ ਤਾਂ ਕਿਵੇਂ ਰੁਕੇਗਾ ਸੁਗੰਧ ਦੇਣ ਤੋਂ ਅਤੇ ਦੀਵਾ ਜਦ ਬਲੇਗਾ ਤਾਂ ਕਿਵੇਂ ਰੁਕੇਗਾ ਪ੍ਰਕਾਸ਼ ਦੇਣ ਤੋਂ? ਜਦ ਕਿਸੇ ਦੇ ਵੀ ਜੀਵਨ ਵਿੱਚ ਭਗਵੱਤਾ (ਪਰਮਾਤਮਾ) ਦਾ ਅਵਤਰਣ (ਓਵਤਾਰ) ਹੁੰਦਾ ਹੈ, ਤਾਂ ਉਹ ਉਸਦੀ ਚਰਚਾ ਕਰੇਗਾ। ਉਸਦੀ ਮਹਿਮਾ ਦੇ ਗੀਤ ਗਾਏਗਾ। ਜੋ ਉਸ ਨੇ ਪਾਇਆ ਹੈ, ਉਹ ਉਸਦੇ ਰੋਮ-ਰੋਮ 'ਤੇ ਪ੍ਰਗਟ ਹੋਣ ਲੱਗੇਗਾ। ਸੁਗੰਧ ਦੀ ਤਰ੍ਹਾਂ ਪ੍ਰਕਾਸ਼ ਦੇ ਵਾਂਗ। ਉਹ ਬੋਲੇਗਾ ਤਾਂ ਉਸ ਨੂੰ ਬੋਲੇਗਾ, ਉਹ ਚੁੱਪ ਰਹੇਗਾ ਤਾਂ ਉਸੇ ਵਿੱਚ ਹੀ ਚੁੱਪ ਰਹੇਗਾ। ਉਸ ਦਾ ਸਾਰਾ ਹੋਣਾ ਉਸ ਦੀ ਖ਼ਬਰ ਦੇਵੇਗਾ।

ਨਾਨਕ ਕਹਿੰਦੇ ਹਨ, ਇਸ ਨੂੰ ਵੇਖ ਕੇ ਆਕਾਸ਼ ਦੀ ਉੱਚੇ ਪਦ ਦੀ ਚਰਚਾ ਸੁਣ ਕੇ ਕੀੜਿਆਂ ਦੇ ਸਮਾਨ ਤੁੱਛ ਲੋਕਾਂ ਨੂੰ ਵੀ ਸਪ੍ਰਧਾ (ਹੋੜ) ਹੋ ਜਾਂਦੀ ਹੈ। ਜਿਹੜੇ ਬਹੁਤ ਛੋਟੇ-ਛੋਟੇ ਲੋਕ ਹਨ, ਉਨ੍ਹਾਂ ਦੇ ਮਨ 'ਚ ਵੀ ਬਹੁਤ ਪ੍ਰਤਿਸਪ੍ਰਧਾ (ਬਹੁਤ ਹੋੜ) ਅਤੇ ਬਹੁਤ ਈਰਖਾ ਜਾਗਦੀ ਹੈ ਕਿ ਅੱਛਾ, ਤੂੰ ਪਾ ਲਿਆ! ਤਾਂ ਪਹਿਲਾਂ ਤਾਂ ਕੰਮ ਇਹ ਹੈ

ਕਿ ਉਹ ਨਾਂਹ ਕਰਨਗੇ, ਪਾਇਆ ਨਹੀਂ ਹੈ, ਸਭ ਗੱਲਬਾਤ ਹੈ।

ਇਸ ਲਈ ਜਦ ਵੀ ਕੋਈ ਪਰਮਾਤਮਾ ਨੂੰ ਅਨੁਭਵ ਕਰੇਗਾ, ਤਾਂ ਪਹਿਲੀ ਘਟਨਾ ਤਾਂ ਇਹ ਘਟੇਗੀ ਕਿ ਚਾਰੇ ਪਾਸੇ ਲੋਕ ਨਾਂਹ ਕਰਨ ਲੱਗਣਗੇ ਕਿ ਇਸ ਆਦਮੀ ਨੇ ਪਾਇਆ ਵਾਇਆ ਕੁਝ ਨਹੀਂ ਹੈ। ਇਹ ਸਾਰੀ ਗੱਲਬਾਤ ਹੈ। ਹੁਣ ਕਿੱਥੇ ਕਲਯੁਗ ਵਿੱਚ ਕੋਈ ਪਾ ਸਕਦਾ ਹੈ? ਉਹ ਹੋ ਗਈਆਂ ਸਤਜੁਗ ਦੀਆਂ ਗੱਲਾਂ। ਉਹ ਹਜ਼ਾਰ ਤਰ੍ਹਾਂ ਦੀ ਮੀਨ-ਮੇਖ ਕਰਨਗੇ। ਉਹ ਹਜ਼ਾਰ ਤਰ੍ਹਾਂ ਦੇ ਉਪਾਅ ਕੱਢਣਗੇ ਕਿ ਸਿੱਧ ਕਰ ਦੇਈਏ ਕਿ ਇਸ ਨੇ ਕੁਝ ਪਾਇਆ ਨਹੀਂ।

ਜੇਕਰ ਉਹ ਅਸਫ਼ਲ ਹੋਏ, ਜਿਹੜੇ ਕਿ ਉਹ ਅਸਫਲ ਹੋਣਗੇ, ਜੇਕਰ ਪਾਇਆ ਹੈ ਤਾਂ ਕੋਈ ਸਿੱਧ ਕਰਨ ਦਾ ਉਪਾਅ ਨਹੀਂ। ਨਾ ਚਾਲ ਚਲਨ ਤੋਂ ਤੁਸੀਂ ਸਿੱਧ ਕਰ ਸਕਦੇ ਹੋ, ਕਿ ਨਹੀਂ ਪਾਇਆ। ਨਾ ਕਪੜਿਆ-ਲੱਤਿਆਂ ਤੋਂ, ਨਾ ਖਾਣ ਪੀਣ ਤੋਂ, ਨਾ ਵਰਤਾਵ ਤੋਂ, ਫ਼ਿਰ ਕੋਈ ਚੀਜ਼ ਤੋਂ ਤੁਸੀਂ ਸਿੱਧ ਨਹੀਂ ਕਰ ਸਕਦੇ, ਕਿ ਨਹੀਂ ਪਾਇਆ। ਜਿਸ ਨੇ ਪਾ ਲਿਆ ਹੈ, ਉਸਦੀ ਰੌਸ਼ਨੀ ਸਾਰੇ ਪਾਸਿਆਂ ਤੋਂ ਵਿਖਾਈ ਦੇਵੇਗੀ।

ਤਦ ਕੀ ਕਰੋਗੇ? ਤਦ ਦੂਜਾ ਉਪਾਅ ਹੈ ਕਿ ਤੁਹਾਡੇ ਵਿਚਕਾਰ ਜਿਹੜੇ ਸੱਚਮੁੱਚ ਸਭ ਤੋਂ ਵੱਧ ਹੰਕਾਰ ਅਤੇ ਹੋੜ ਨਾਲ ਭਰੇ ਹੋਏ ਲੋਕ ਹਨ, ਉਹ ਐਲਾਨ ਕਰਨਗੇ ਕਿ ਅਸੀਂ ਵੀ ਪਾ ਲਿਆ ਹੈ। ਹੰਕਾਰ ਪਹਿਲਾਂ ਤਾਂ ਨਾਂਹ ਕਰੇਗਾ ਕਿ ਤੁਸੀਂ ਕਿਵੇਂ ਪਾ ਸਕਦੇ ਹੋ ਮੇਰੇ ਤੋਂ ਪਹਿਲਾਂ, ਜਦ ਮੈਂ ਮੌਜੂਦ ਹਾਂ? ਜਦ ਵੇਖੇਗਾ ਕਿ ਕੋਈ ਉਪਾਅ ਅਸਿੱਧ ਕਰਨ ਦਾ ਨਹੀਂ ਹੈ, ਤਾਂ ਹੰਕਾਰ ਦੂਜੀ ਘੋਸ਼ਣਾ ਕਰੇਗਾ ਕਿ ਮੈਂ ਵੀ ਪਾ ਲਿਆ ਹੈ।

ਨਾਨਕ ਕਹਿੰਦੇ ਹਨ ਕਿ ਨੀਚ ਲੋਕ ਵੀ—ਸਭ ਤੋਂ ਵੱਡੀ ਨੀਚਤਾ ਹੰਕਾਰ ਹੈ, ਹੋਰ ਕੋਈ ਨੀਚਤਾ ਨਹੀਂ ਹੈ—ਕੀੜਿਆਂ ਦੀ ਤਰ੍ਹਾਂ ਨੀਚ ਲੋਕ ਵੀ, ਹੋੜ ਨਾਲ ਭਰ ਜਾਂਦੇ ਹਨ ਅਤੇ ਜਦ ਉਹ ਝੂਠੀਆਂ ਡੀਂਗਾਂ ਮਾਰਨ ਲੱਗਦੇ ਹਨ। ਤਾਂ ਦੁਨੀਆਂ 'ਚ ਜੇਕਰ ਇੱਕ ਸਤਿਗੁਰੂ ਹੁੰਦਾ ਹੈ, ਤਾਂ ਘੱਟੋ-ਘੱਟ ਨੜ੍ਹਿਨਵੇਂ ਝੂਠੇ ਸਤਿਗੁਰੂ ਹੁੰਦੇ ਹਨ। ਇਸੇ ਮਿਕਦਾਰ ਵਿੱਚ ਘਟਨਾ ਵਾਪਰਦੀ ਹੈ ਅਤੇ ਮਜ਼ਾ ਇਹ ਹੈ ਕਿ ਝੂਠਾ ਸਤਿਗੁਰੂ ਤੁਹਾਨੂੰ ਆਸਾਨੀ ਨਾਲ ਆਕਰਸ਼ਿਤ (ਖਿੱਚ ਲੈਣਾ) ਕਰ ਸਕਦਾ ਹੈ, ਬਜਾਇ ਸਤਿਗੁਰੂ ਦੇ। ਕਿਉਂਕਿ ਝੂਠਾ ਸਤਿਗੁਰੂ ਤੁਹਾਡੀ ਹੀ ਭਾਸ਼ਾ ਬੋਲਦਾ ਹੈ ਅਤੇ ਝੂਠਾ ਸਤਿਗੁਰੂ ਤੁਹਾਨੂੰ ਚੰਗੀ ਤਰ੍ਹਾਂ ਪਛਾਣਦਾ ਹੈ, ਅਤੇ ਉਹ ਹੀ ਸਭ ਕਰਦਾ ਹੈ ਜੋ ਤੁਸੀਂ ਚਾਹੁੰਦੇ ਹੋ, ਜਿਹੜੀ ਤੁਹਾਡੀ ਅੰਦਰੂਨੀ ਮਨੋਕਾਮਨਾ ਹੈ। ਜੇਕਰ ਤੁਸੀਂ ਚਾਹੁੰਦੇ ਹੋ, ਹੱਥ 'ਚ ਸੁਆਹ ਪ੍ਰਗਟ ਹੋਵੇ, ਤਾਂ ਸੁਆਹ ਪ੍ਰਗਟ ਕਰਵਾ ਦਿੰਦਾ ਹੈ, ਜੇਕਰ ਤੁਸੀਂ ਚਾਹੁੰਦੇ ਹੋ ਕਿ ਤਾਬੀਜ਼ ਹੱਥ ਵਿੱਚ ਆ ਜਾਏ ਆਕਾਸ਼ ਵਿਚੋਂ, ਤਾਂ ਤਾਬੀਜ਼ ਲਿਆ ਦਿੰਦਾ ਹੈ।

ਇਹ ਹੀ ਧੰਧਾ ਤੁਸੀਂ ਸੜਕ ਉਤੇ ਮਦਾਰੀ ਦਾ ਵੇਖਦੇ ਹੋ, ਪਰ ਜ਼ਰਾ ਵੀ ਪ੍ਰਭਾਵਿਤ ਨਹੀਂ ਹੁੰਦੇ। ਇਹ ਹੀ ਧੰਦਾ ਜਦ ਕੋਈ ਸਾਧੂ-ਸੰਤ ਕਰਦਾ ਹੈ, ਤਦ ਤੁਸੀਂ ਸ਼ੁਦਾਈ ਹੋ ਜਾਂਦੇ ਹੋ ਕਿ ਬੱਸ, ਮਿਲ ਗਿਆ ਸਤਿਗੁਰੂ। ਤੁਸੀਂ ਜੋ ਚਾਹੁੰਦੇ ਹੋ: ਤੁਸੀਂ ਚਾਹੁੰਦੇ ਕਿ ਬੀਮਾਰੀ ਮਿਟ ਜਾਏ, ਤਾਂ ਆਸ਼ੀਰਵਾਦ ਦਿੰਦਾ ਹੈ। ਤੁਸੀਂ ਚਾਹੁੰਦੇ ਹੋ ਪੁੱਤਰ ਪੈਦਾ ਹੋ ਜਾਏ, ਤਾਂ ਆਸ਼ੀਰਵਾਦ ਦਿੰਦਾ ਹੈ। ਤੁਸੀਂ ਚਾਹੁੰਦੇ ਹੋ ਕਿ ਮੁਕੱਦਮਾ ਜਿੱਤਿਆ ਜਾਏ, ਤਾਂ ਆਸ਼ੀਰਵਾਦ ਦਿੰਦਾ ਹੈ। ਤੁਹਾਡੀਆਂ ਵਾਸ਼ਨਾਵਾਂ ਨੂੰ ਤ੍ਰਿਪਤ ਕਰਾਉਣ ਦੀ ਕੋਸ਼ਿਸ਼ ਕਰਦਾ ਹੈ। ਇਸ ਲਈ ਤੁਸੀਂ ਅਸਤਿਗੁਰੂ ਦੇ ਕੋਲ ਲੱਖਾਂ ਦੀ ਗਿਣਤੀ ਵਿੱਚ ਇਕੱਠੇ ਹੋ ਜਾਓਗੇ। ਕਿਉਂਕਿ ਉਹ ਤੁਹਾਡੀ ਹੀ ਜ਼ਿੰਦਗੀ ਦਾ ਹਿੱਸਾ ਹੈ।

ਸਤਿਗੁਰੂ ਨੂੰ ਪਛਾਨਣਾ ਤੁਹਾਡੇ ਲਈ ਮੁਸ਼ਕਿਲ ਹੈ, ਕਿਉਂਕਿ ਉਸ ਦੀ ਪਛਾਣ ਦਾ ਮਤਲਬ ਹੀ ਹੈ, ਜੀਵਨ ਵਿੱਚ ਬਦਲਾਓ। ਤੁਸੀਂ ਬਦਲੋ? ਅਸਤਿਗੁਰੂ ਤੁਹਾਨੂੰ ਕੁਝ ਦੇਵੇਗਾ। ਸਤਿਗੁਰੂ ਤਾਂ ਤੁਹਾਡੇ ਕੋਲੋਂ ਸਭ ਕੁਝ ਖੋਹ ਲਵੇਗਾ। ਅਸਤਿਗੁਰੂ ਤਾਂ ਤੁਹਾਡੀਆਂ ਵਾਸ਼ਨਾਵਾਂ ਨੂੰ ਤ੍ਰਿਪਤ ਕਰਨ ਦੀ ਕੋਸ਼ਿਸ਼ ਕਰੇਗਾ ਅਤੇ ਮਜ਼ਾ ਇਹ ਹੈ ਜ਼ਿੰਦਗੀ ਦਾ ਅਤੇ ਹਿਸਾਬ ਵੱਡਾ ਮਹੱਤਵਪੂਰਣ ਹੈ, ਜੇਕਰ ਤੁਸੀਂ ਵੀ ਧੂਣੀ ਰਮਾ ਕੇ ਬਹਿ ਜਾਓ ਅਤੇ ਜੋ ਵੀ ਆਉਣ, ਸਭ ਨੂੰ ਆਸ਼ੀਰਵਾਦ ਦਿੰਦੇ ਜਾਓ ਤਾਂ ਘੱਟੋ-ਘੱਟ ਪੰਜਾਹ ਫੀਸਦੀ ਤਾਂ ਆਸ਼ੀਰਵਾਦ ਸਹੀ ਹੋਣਗੇ ਹੀ। ਇਹ ਤਾਂ ਸਿੱਧਾ ਹਿਸਾਬ ਹੈ। ਇਸ ਵਿੱਚ ਕੁਝ ਕਰਨ ਕਰਾਉਣ ਦੀ ਲੋੜ ਨਹੀਂ ਹੈ। ਤੁਸੀਂ ਸਿਰਫ ਆਸ਼ੀਰਵਾਦ ਦਿੰਦੇ ਜਾਓ। ਜਿਹੜਾ ਵੀ ਮੁਕੱਦਮੇ ਵਾਲਾ ਆਵੇ ਕਹੋ ਕਿ ਜਿਤੋਗੇ। ਪੰਜਾਹ ਫੀਸਦੀ ਤਾਂ ਜਿੱਤਣਗੇ ਹੀ। ਤੁਹਾਡੇ ਬਿਨਾਂ ਆਸ਼ੀਰਵਾਦ ਦੇ ਵੀ ਜਿੱਤਦੇ। ਪਰ ਹੁਣ ਤੁਹਾਡੇ ਵੱਲ ਧਿਆਨ ਰੱਖਣਗੇ ਕਿ ਤੁਹਾਡੇ ਆਸ਼ੀਰਵਾਦ ਦੇ ਕਾਰਨ ਜਿੱਤੇ ਹਾਂ। ਜਿਹੜੇ ਪੰਜਾਹ ਹਾਰ ਜਾਣਗੇ, ਉਹ ਕਿਸੇ ਦੂਜੇ ਬਾਬੇ ਨੂੰ ਕਿਸੇ ਦੂਜੇ ਗੁਰੂ ਨੂੰ ਲੱਭਣਗੇ। ਕਿਉਂਕਿ ਇਹ ਉਨ੍ਹਾਂ ਦੇ ਕੰਮ ਦਾ ਨਹੀਂ ਹੈ।

ਪਰ ਜਿਹੜੇ ਪੰਜਾਹ ਜਿੱਤ ਜਾਣਗੇ, ਉਹ ਤੁਹਾਡੇ ਕੋਲ ਆਉਂਦੇ ਰਹਿਣਗੇ ਅਤੇ ਇਨ੍ਹਾਂ ਪੰਜਾਹ ਦੀ ਭੀੜ ਜਿਹੜੀ ਤੁਹਾਡੇ ਕੋਲ ਇਕੱਠੀ ਹੋਏਗੀ, ਜਦ ਨਵਾਂ ਕੋਈ ਗਾਹਕ ਆਏਗਾ ਤਾਂ ਇਹ ਸਾਰੀ ਭੀੜ ਉਸ ਨੂੰ ਪ੍ਰਭਾਵਿਤ ਕਰੇਗੀ ਕਿ ਏਨਿਆਂ ਲੋਕਾਂ ਨੂੰ ਘਟਨਾਵਾਂ ਘਟ ਚੁਕੀਆਂ ਹਨ। ਕੋਈ ਮੁਕੱਦਮਾ ਜਿੱਤ ਗਿਆ, ਕਿਸੇ ਨੂੰ ਪਤਨੀ ਮਿਲ ਗਈ, ਕਿਸੇ ਦਾ ਪ੍ਰੇਮ ਸਫ਼ਲ ਹੋਇਆ, ਕਿਸੇ ਦੀ ਬੀਮਾਰੀ ਚਲੀ ਗਈ, ਕਿਸੇ ਦਾ ਬੱਚਾ ਬਚ ਗਿਆ, ਕਿਸ ਦਾ ਕੁਝ ਹੋਇਆ, ਕਿਸੇ ਦਾ ਕੁਝ। ਇਨ੍ਹਾਂ ਦੀ ਤੁਸੀਂ ਭੀੜ ਵੇਖੋਗੇ। ਕਿਉਂਕਿ ਜਿਹੜੇ ਹਾਰ ਗਏ ਹਨ, ਉਹ ਤਾਂ ਕਿਤੇ ਹੋਰ ਜਾ ਚੁੱਕੇ ਹਨ। ਉਹ ਤਾਂ ਉਥੇ ਰੁਕਣਗੇ, ਜਿੱਥੇ ਜਿੱਤਣਗੇ। ਉਹ ਵੀ ਕਦੇ ਨਾ ਕਦੇ ਕਿਸੇ ਦੇ ਕੋਲ ਰੁਕ

ਜਾਣਗੇ। ਸੰਜੋਗ ਕਿਤੇ ਨਾ ਕਿਤੇ ਵਾਪਰੇਗਾ। ਕਿਤੇ ਨਾ ਕਿਤੇ ਉਨ੍ਹਾਂ ਦੀ ਵੀ ਵਾਸਨਾ ਪੂਰੀ ਹੋਏਗੀ, ਉਥੇ ਰੁਕਣਗੇ।

ਤੁਸੀਂ ਵਾਸਨਾ ਤੋਂ ਗੁਰੂ ਨੂੰ ਪਛਾਣਦੇ ਹੋ। ਤਦ ਤੁਸੀਂ ਭਟਕੋਗੇ, ਕਿਉਂਕਿ ਗੁਰੂ ਦਾ ਵਾਸਨਾ ਨਾਲ ਕੀ ਲੈਣਾ-ਦੇਣਾ ਹੈ? ਗੁਰੂ ਤੁਹਾਡੀਆਂ ਵਾਸ਼ਨਾਵਾਂ ਪੂਰੀਆਂ ਕਰਨ ਲਈ ਨਹੀਂ ਹੈ, ਤੁਹਾਨੂੰ ਜਗਾਉਣ ਲਈ ਹੈ ਅਤੇ ਜਗਾਉਣ ਦਾ ਮਤਲਬ ਹੈ, ਤੁਹਾਡੀਆਂ ਵਾਸ਼ਨਾਵਾਂ ਜਿੰਨੀਆਂ ਟੁੱਟ ਜਾਣ, ਉਨਾਂ ਬੇਹਤਰ। ਉਸਦੀ ਉਤਸੁਕਤਾ ਤੁਹਾਡੀ ਬੀਮਾਰੀ, ਤੁਹਾਡੀ ਅਦਾਲਤ, ਤੁਹਾਡੀ ਪਤਨੀ ਅਤੇ ਬੱਚਿਆਂ ਵਿੱਚ ਨਹੀਂ ਹੈ। ਉਸਦੀ ਉਤਸੁਕਤਾ ਤੁਹਾਡੇ 'ਚ ਅਤੇ ਤੁਹਾਡੇ ਪਰਮਾਤਮਾ ਵਿੱਚ ਹੈ ਅਤੇ ਉਹ ਰਾਹ ਵਾਸਨਾ ਦਾ ਨਹੀਂ ਹੈ, ਉਹ ਰਾਹ ਤਾਂ ਨਿਰਵਾਸ਼ਨਾ ਦਾ ਹੈ। ਉਹ ਤੁਹਾਨੂੰ ਇਸ ਲਈ ਆਕਰਸ਼ਿਤ ਕਰ ਵੀ ਨਹੀਂ ਸਕੇਗਾ।

ਇਸ ਲਈ ਅਕਸਰ ਤੁਸੀਂ ਭੀੜ ਵੇਖੋਗੇ। ਜਿੱਥੇ ਭੀੜ ਵੇਖੋ, ਉਥੇ ਜ਼ਰਾ ਸਾਵਧਾਨ ਹੋ ਜਾਣਾ, ਕਿਉਂਕਿ ਭੀੜ ਅਕਸਰ ਗ਼ਲਤ ਜਗ੍ਹਾ ਹੁੰਦੀ ਹੈ। ਸਹੀ ਥਾਂ ਤਾਂ ਤੁਸੀਂ ਬਹੁਤ ਥੋੜ੍ਹੇ ਲੋਕਾਂ ਨੂੰ ਦੇਖੋਗੇ, ਕਿਉਂਕਿ ਥੋੜ੍ਹੇ ਲੋਕਾਂ ਦਾ ਵੀ ਹੋਣਾ ਉਥੇ ਮੁਸ਼ਕਿਲ ਹੈ। ਉਥੇ ਤੁਸੀਂ ਚੁਣਿਆ ਹੋਇਆਂ ਨੂੰ ਪਾਓਗੇ, ਕਿ ਜਿਨ੍ਹਾਂ ਦੀ ਅੱਕਾਂਕਸ਼ਾ ਤਾਂ ਪਰਮਾਤਮਾ ਲਈ ਹੈ। ਉਥੇ ਤੁਸੀਂ ਭੀੜ ਨਹੀਂ ਵੇਖੋਗੇ, ਕਿਉਂਕਿ ਭੀੜ ਤਾਂ ਵਾਸਨਾ ਵਿੱਚ ਡੁੱਬੇ ਹੋਏ ਲੋਕਾਂ ਦੀ ਹੈ।

ਨਾਨਕ ਕਹਿੰਦੇ ਹਨ, ਫ਼ਿਰ ਝੂਠੇ ਲੋਕ ਝੂਠੀਆਂ ਡੀਂਗਾਂ ਮਾਰਨ ਲੱਗਦੇ ਹਨ ਅਤੇ ਮਜ਼ਾ ਇਹ ਹੈ, ਉਨ੍ਹਾਂ ਦੀਆਂ ਡੀਂਗਾਂ ਵੀ ਸਿੱਧ ਹੁੰਦੀਆਂ ਜਾਪਦੀਆਂ ਹਨ, ਕਿਉਂਕਿ ਜੀਵਨ ਦਾ ਢੰਗ ਅਜਿਹਾ ਹੈ। ਪੰਜਾਹ ਫੀਸਦੀ ਤਾਂ ਸਾਰੇ ਸਹੀ ਹੋ ਜਾਣਗੇ ਅਤੇ ਜਿਹੜੇ ਗ਼ਲਤ ਸਿੱਧ ਹੁੰਦੇ ਹਨ, ਉਹ ਕਿਤੇ ਹੋਰ ਚਲੇ ਜਾਂਦੇ ਹਨ। ਉਨ੍ਹਾਂ ਨੂੰ ਤੁਸੀਂ ਪਾਓਗੇ ਹੀ ਨਹੀਂ। ਜਿਹੜਾ ਸਾਂਈ ਬਾਬਾ ਦੇ ਕੋਲ ਗ਼ਲਤ ਹੋਇਆ, ਉਹ ਕਿਸੇ ਹੋਰ ਸਾਂਈ ਬਾਬਾ ਦੇ ਕੋਲ ਹੋਏਗਾ। ਜਿਹੜਾ ਸਹੀ ਹੋਇਆ, ਉਹ ਉਥੇ ਰੁਕੇਗਾ। ਉਹ ਹੀ ਤੁਹਾਨੂੰ ਮਿਲੇਗਾ। ਉਹ ਖ਼ਬਰ ਦੇਵੇਗਾ ਕਿ ਮੇਰਾ ਇਹ ਹੋ ਗਿਆ ਹੈ। ਮੈਨੂੰ ਇਹ ਲਾਭ ਹੋਇਆ, ਮੈਨੂੰ ਇਹ ਲਾਭ ਹੋਇਆ। ਉਨ੍ਹਾਂ ਦੀ ਭੀੜ ਵਧਦੀ ਜਾਏਗੀ। ਇੱਕ ਅੰਦਰੂਨੀ ਹਿਸਾਬ ਨਾਲ ਚੀਜ਼ਾਂ ਫੈਲਣ ਲੱਗਦੀਆਂ ਹਨ ਅਤੇ ਤੁਸੀਂ ਜਦ ਵੇਖੋਗੇ ਹਜ਼ਾਰਾਂ ਲੋਕਾਂ ਨੂੰ ਲਾਭ ਹੋਇਆ ਹੈ.....।

ਅਤੇ ਤੁਸੀਂ ਵੀ ਵਾਸਨਾ ਦੀ ਪ੍ਰੇਰਣਾ ਨਾਲ ਉਥੇ ਤੱਕ ਆਏ ਹੋ। ਤੁਸੀਂ ਵੀ ਸ਼ਰਧਾ ਕਰਦੇ ਹੋ। ਬਹੁਤ ਵਾਰੀ ਤੁਹਾਡੀ ਸ਼ਰਧਾ ਦੇ ਕਾਰਣ ਵੀ ਨਤੀਜਾ ਹੁੰਦਾ ਹੈ। ਕਿਉਂਕਿ ਵਿਗਿਆਨਕ ਕਹਿੰਦੇ ਹਨ ਕਿ ਸੌ ਬੀਮਾਰੀਆਂ ਵਿਚੋਂ ਸੱਤਰ ਬੀਮਾਰੀਆਂ ਦੀਮਾਗ

ਦੀਆਂ ਹਨ। ਜੇਕਰ ਤੁਹਾਨੂੰ ਪੂਰਾ ਭਰੋਸਾ ਆ ਜਾਏ ਕਿ ਠੀਕ ਹੋ ਜਾਣਗੀਆਂ, ਤਾਂ ਠੀਕ ਹੋ ਜਾਂਦੀਆਂ ਹਨ।

ਬਹੁਤ ਸਾਰੇ ਹਸਪਤਾਲਾਂ ਵਿੱਚ ਪ੍ਰਯੋਗ ਕੀਤੇ ਗਏ ਹਨ। ਵਿਗਿਆਨਕ ਉਸ ਨੂੰ 'ਪਲੈਸਬੋ' ਕਹਿੰਦੇ ਹਨ, ਝੂਠੀ ਦਵਾਈ। ਤਾਂ ਜੇਕਰ ਇੱਕ ਹੀ ਬੀਮਾਰੀ ਦੇ ਦਸ ਮਰੀਜ਼ ਹੋਣ, ਤਾਂ ਪੰਜਾਂ ਨੂੰ ਅੱਸਲੀ ਦਵਾਈ ਦਿੰਦੇ ਹਨ, ਪੰਜਾਂ ਨੂੰ ਸਿਰਫ਼ ਪਾਣੀ ਦਿੰਦੇ ਹਨ ਅਤੇ ਮਜ਼ਾ ਇਹ ਹੈ ਕਿ ਤਿੰਨ ਦਵਾਈ ਦੇਣ ਨਾਲ ਵੀ ਠੀਕ ਹੋ ਜਾਂਦੇ ਹਨ ਅਤੇ ਤਿੰਨ ਪਾਣੀ ਪੀਣ ਵਾਲਿਆਂ 'ਚੋਂ ਵੀ ਠੀਕ ਹੋ ਜਾਂਦੇ ਹਨ। ਕਰੋ ਕੀ? ਇਸ ਲਈ ਤਾਂ ਏਨੀ 'ਪੈਥੀ' ਚਲਦੀ ਹੈ ਦੁਨੀਆਂ ਵਿੱਚ। ਐਲੋਪੈਥੀ ਹੈ, ਆਯੁਰਵੈਦਿਕ ਹੈ, ਨੈਚਰੋਪੈਥੀ ਹੈ। ਹਜ਼ਾਰ ਚੀਜ਼ਾਂ ਚਲਦੀਆਂ ਹਨ ਅਤੇ ਸਾਰੀਆਂ ਨਾਲ ਲੋਕਾਂ ਨੂੰ ਲਾਭ ਹੁੰਦਾ ਹੈ। ਨਹੀਂ ਤਾਂ ਚਲਣਗੀਆਂ ਕਿਵੇਂ?

ਅਜਿਹਾ ਲੱਗਦਾ ਹੈ ਕਿ ਦਵਾਈਆਂ ਨਾਲ ਆਦਮੀ ਘੱਟ ਠੀਕ ਹੁੰਦਾ ਹੈ। ਸ਼ਰਧਾ ਨਾਲ ਜ਼ਿਆਦਾ ਠੀਕ ਹੁੰਦਾ ਹੈ। ਉਹ ਹੀ ਦਵਾਈ ਛੋਟਾ ਡਾਕਟਰ ਤੁਹਾਨੂੰ ਦੇਵੇ ਜਿਸ ਉਤੇ ਤੁਹਾਨੂੰ ਭਰੋਸਾ ਨਹੀਂ, ਹੁਣੇ ਪੁੱਤਰ ਮੈਡੀਕਲ ਕਾਲਜ ਤੋਂ ਆਇਆ ਹੋਏ ਤਾਂ ਦਵਾਈ ਬਿਲਕੁਲ ਕੰਮ ਨਹੀਂ ਕਰੇਗੀ। ਕਿਉਂਕਿ ਪਿਓ ਪੁੱਤਰ ਉਤੇ ਕਦੇ ਭਰੋਸਾ ਕਰ ਸਕਦਾ ਹੈ? ਉਹ ਹੀ ਦਵਾਈ ਵੱਡਾ ਡਾਕਟਰ ਦੇਵੇ, ਵੱਡਾ ਡਾਕਟਰ ਯਾਨੀ ਵੱਡੀ ਫੀਸ ਲਵੇ। ਜਿੰਨੀ ਵੱਡੀ ਫੀਸ ਲਵੇ ਓਨਾ ਭਰੋਸਾ ਆਉਂਦਾ ਹੈ, ਕਿਉਂਕਿ ਏਨਾ ਵੱਡਾ ਡਾਕਟਰ ਹੈ। ਠੀਕ ਹੋਣਾ ਹੀ ਪਏਗਾ। ਹੁਣ ਇਸ ਤੋਂ ਅੱਗੇ ਜਾਣ ਦਾ ਕੋਈ ਉਪਾਅ ਨਹੀਂ। ਅੱਧਾ ਇਲਾਜ ਤਾਂ ਡਾਕਟਰ ਉਤੇ ਭਰੋਸਾ ਕਰਨ ਨਾਲ ਹੁੰਦਾ ਹੈ। ਜਿਸ ਡਾਕਟਰ ਉਤੇ ਤੁਹਾਨੂੰ ਭਰੋਸਾ ਹੈ, ਉਸ ਡਾਕਟਰ ਦਾ ਇਲਾਜ ਕੰਮ ਕਰਦਾ ਹੈ। ਜਿਸ ਉਤੇ ਭਰੋਸਾ ਨਹੀਂ, ਇਲਾਜ ਕੰਮ ਨਹੀਂ ਕਰਦਾ।

ਇਸ ਲਈ ਡਾਕਟਰ ਆਪਣੇ ਆਫਿਸ ਵਿੱਚ ਆਪਣੇ ਸਰਟੀਫਿਕੇਟ ਟੰਗ ਰੱਖਦਾ ਹੈ। ਬੀਮਾਰੀਆਂ ਲਈ ਉਹ ਵੀ ਦਵਾਈ ਹੈ। ਜਿੰਨੇ ਬਹੁਤੇ ਸਰਟੀਫਿਕੇਟ, ਲੰਦਨ ਤੋਂ ਸਰਟੀਫਿਕੇਟ ਹੈ ਤਾਂ ਗੱਲ ਹੀ ਹੋਰ। ਸਰਟੀਫਿਕੇਟ ਟੰਗ ਕੇ ਰੱਖਦਾ ਹੈ। ਉਨ੍ਹਾਂ ਨੂੰ ਵੇਖ ਕੇ ਹੀ ਮਰੀਜ਼ ਦੀ ਕਾਫ਼ੀ ਬੀਮਾਰੀ ਤਾਂ ਠੀਕ ਹੋ ਜਾਂਦੀ ਹੈ। ਤੁਸੀਂ ਕਦੇ ਖਿਆਲ ਕੀਤਾ ਹੈ ਕਿ ਜਦ ਡਾਕਟਰ ਤੁਹਾਡਾ ਮੁਆਇਨਾ ਕਰਦਾ ਹੈ, ਤਦ ਹੀ ਤੁਹਾਡੀ ਅੱਧੀ ਬੀਮਾਰੀ ਠੀਕ ਹੋ ਜਾਂਦੀ ਹੈ। ਮੁਆਇਨਾ ਕਰਦੇ ਕਰਦੇ। ਅਜੇ ਉਸ ਨੇ ਕੋਈ ਦਵਾ ਨਹੀਂ ਦਿੱਤੀ। ਨਬਜ਼ ਵੇਖੀ, ਸਟੇਟੱਸਕੋਪ ਲਾਇਆ, ਬਲੱਡਪ੍ਰੈਸ਼ਰ ਲਿਆ, ਜੇਕਰ ਤੁਸੀਂ ਗੌਰ ਕਰੋਗੇ ਤਾਂ ਵੇਖੋਗੇ ਕਿ ਕਾਫ਼ੀ ਤਾਂ ਤੁਸੀਂ ਠੀਕ ਹੀ ਹੋ ਗਏ। ਦਰਦ ਘੱਟ ਹੈ, ਬੁਖ਼ਾਰ ਉਤਰ ਰਿਹਾ ਹੈ।

ਭੀੜ ਭਰੋਸਾ ਦੁਆਉਂਦੀ ਹੈ। ਭਰੋਸੇ ਨਾਲ ਨਤੀਜੇ ਨਿਕਲਦੇ ਹਨ ਅਤੇ ਵਿਚਕਾਰ ਜਿਹੜਾ ਝੂਠਾ ਆਦਮੀ ਹੈ, ਉਹ ਮੁਫ਼ਤ ਲਾਭ ਲੈ ਰਿਹਾ ਹੈ। ਤੁਸੀਂ ਆਪਣੇ ਹੀ ਮਨ ਦੀ ਖੇਡ ਵਿੱਚ ਪਏ ਹੋ। ਨਾਨਕ ਕਹਿੰਦੇ ਹਨ ਕਿ ਝੂਠੇ ਲੋਕ ਝੂਠੀਆਂ ਡੀਂਗਾਂ ਮਾਰਦੇ ਹਨ :

*"ਸੁਣਿ ਗਲਾ ਆਕਾਸ ਕੀ ਕੀਟਾ ਆਈ ਰੀਸ॥"*

ਹੁਣ ਆਕਾਸ਼ ਦੀ ਗੱਲ ਸੁਣ ਕੇ, ਕੀੜਿਆਂ ਨੂੰ ਵੀ ਈਰਖਾ ਪੈਦਾ ਹੋ ਜਾਂਦੀ ਹੈ। ਕੀੜਾ ਯਾਨੀ ਹੰਕਾਰ। ਹੰਕਾਰੀ ਵੀ ਰੋਭ ਨਾਲ ਭਰ ਜਾਂਦੇ ਹਨ। ਇਹ ਕਿਵੇਂ ਸੰਭਵ ਹੈ? ਇਹ ਨਾਨਕ, ਨਾਨਕ ਸ਼ਬਦ ਦਾ ਅਰਥ ਹੁੰਦਾ ਹੈ, 'ਛੋਟਾ' ਨਿੱਕਾ। ਇਹ ਨਿੱਕਾ ਜਿਹਾ ਆਦਮੀ ਪਹੁੰਚ ਗਿਆ ਤਾਂ ਅਸੀਂ ਪਹੁੰਚ ਨਹੀਂ ਸਕੇ? ਅਸੀਂ, ਜਿਹੜੇ ਕਿ ਜ਼ਿੰਦਗੀ ਵਿੱਚ ਇਸ ਕੋਲੋਂ ਵਧੇਰੇ ਅੱਗੇ ਹਾਂ ਅਤੇ ਇਹ ਕਤਾਰ ਵਿੱਚ ਕਿਤੇ ਵੀ ਨਹੀਂ, ਇਹ ਪੁੱਜ ਗਿਆ? ਬਿਨਾਂ ਪੜ੍ਹਿਆਂ-ਲਿਖਿਆਂ। ਧਨ ਨਾ ਪੂੰਜੀ, ਪਦ ਨਾ ਔਹਦਾ, ਨਾ ਮਾਣ-ਸਤਿਕਾਰ, ਪਰਿਵਾਰ ਨਹੀਂ, ਕੁਝ ਵੀ ਨਹੀਂ। ਕੋਈ ਜਾਣਦਾ ਹੈ ਕਿ ਨਾਨਕ ਦੇ ਪਰਿਵਾਰ ਵਿੱਚ ਪਹਿਲਾਂ ਹੋਰ ਕੌਣ-ਕੌਣ ਮਹਾਨ ਪੁਰਖ ਹੋਏ? ਕੋਈ ਵੀ ਨਹੀਂ ਹੋਏ। ਕਿਹੜਾ ਸੀ ਕੁਲ? ਕਿਹੜਾ ਸੀ ਘਰ ਦੁਆਰ? ਕੀ ਪਤਾ ਠਿਕਾਣਾ ਇਸ ਆਦਮੀ ਦਾ? ਪੁੱਜ ਗਏ ਅਤੇ ਅਸੀਂ ਨਾ ਪੁੱਜ ਸਕੇ। ਇਹ ਨਹੀਂ ਹੋ ਸਕਦਾ।

ਤਾਂ ਨਾਨਕ ਕਹਿੰਦੇ ਹਨ, *"ਸੁਣਿ ਗਲਾ ਆਕਾਸ ਕੀ ਕੀਟਾ ਆਈ ਰੀਸ॥"* ਕੀੜੇ ਨੂੰ ਵੀ ਈਰਖਾ ਪੈਦਾ ਹੁੰਦੀ ਹੈ, *"ਨਾਨਕ ਨਦਰੀ ਪਾਈਐ ਕੂੜੀ ਕੂੜੈ ਠੀਸ॥"*

ਮਿਲਦਾ ਤਾਂ ਪਰਮਾਤਮਾ ਉਸ ਦੀ ਕਿਰਪਾ ਨਾਲ ਹੈ। ਤੁਹਾਡੀ ਆਕੜ ਨਾਲ ਨਹੀਂ। ਤੁਸੀਂ ਕੌਣ ਹੋ, ਇਸਦੇ ਨਾਲ ਨਹੀਂ ਮਿਲਦਾ। ਤੁਸੀਂ ਕੀ ਹੋ, ਇਸ ਦੇ ਨਾਲ ਨਹੀਂ ਮਿਲਦਾ। ਪਰਮਾਤਮਾ ਤਾਂ ਮਿਹਰ ਦੇ ਨਾਲ ਮਿਲਦਾ ਹੈ, ਉਸ ਦੀ ਕਿਰਪਾ ਨਾਲ ਮਿਲਦਾ ਹੈ ਅਤੇ ਤੁਹਾਡੇ ਕੋਲ ਜਿੰਨੀ ਆਕੜ ਹੈ ਕਿ ਮੈਂ ਇਹ ਹਾਂ, ਓਨਾਂ ਹੀ ਮਿਲਣਾ ਮੁਸ਼ਕਿਲ ਹੈ।

ਪਰ ਫਿਰ ਝੂਠੇ ਲੋਕ ਝੂਠੀਆਂ ਡੀਂਗਾਂ ਮਾਰਦੇ ਹਨ ਅਤੇ ਧਰਮ ਦੇ ਜਗਤ ਵਿੱਚ ਝੂਠੀਆਂ ਡੀਂਗਾਂ ਮਾਰਨੀਆਂ ਸਭ ਤੋਂ ਆਸਾਨ ਹਨ। ਇਸ ਲਈ ਤਾਂ ਧਰਮ ਦੇ ਜਗਤ ਵਿੱਚ ਜਿੰਨਾ ਪਾਖੰਡ ਚਲਦਾ ਹੈ, ਓਨਾ ਕਿਸੇ ਜਗਤ ਵਿੱਚ ਨਹੀਂ ਚਲ ਸਕਦਾ। ਕੋਈ ਦੂਜੀ ਦਿਸ਼ਾ ਵਿੱਚ ਏਨਾ ਨਹੀਂ ਚੱਲ ਸਕਦਾ, ਜਿੰਨਾ ਧਰਮ ਵਿੱਚ ਚੱਲ ਸਕਦਾ ਹੈ।

ਕਿਉਂਕਿ ਗੱਲ ਆਕਾਸ਼ ਦੀ ਹੈ, ਗੱਲ ਏਨੀ ਵੱਡੀ ਹੈ, ਏਨੀ ਦੂਰ ਦੀ ਹੈ, ਏਨੀ ਅਲੌਕਿਕ ਹੈ, ਏਨੀ ਰਹੱਸਯਪੂਰਣ ਹੈ ਕਿ ਝੂਠ ਚੱਲ ਸਕਦਾ ਹੈ। ਜੇਕਰ ਬਾਜ਼ਾਰ ਵਿੱਚ ਤੁਸੀਂ ਅਜਿਹਾ ਕਪੜਾ ਵੇਖੋ, ਜਿਹੜਾ ਕਿਸੇ ਨੂੰ ਵਿਖਾਈ ਨਾ ਦਿੰਦਾ ਹੋਵੇ, ਕਿੰਨੀ ਦੇਰ

ਤੱਕ ਵੇਚ ਸਕੋਗੇ? ਪਹਿਲਾ ਗਾਹਕ ਹੀ ਮਿਲਣਾ ਮੁਸ਼ਕਿਲ ਹੋਏਗਾ। ਤੁਹਾਡੇ ਕੋਲ ਸਮਾਨ ਹੀ ਨਾ ਹੋਵੇ, ਤਾਂ ਬਾਜ਼ਾਰ ਵਿੱਚ ਕਿੰਨੀ ਦੇਰ ਤੱਕ ਦੁਕਾਨ ਚਲਾ ਸਕੋਗੇ? ਆਖ਼ਿਰ ਬਾਜ਼ਾਰ ਦਾ ਸਮਾਨ ਵਿਖਾਈ ਦੇਣ ਵਾਲਾ ਸਮਾਨ ਹੈ। ਕਿੰਨਿਆਂ ਨੂੰ ਤੁਸੀਂ ਧੋਖਾ ਦਿਓਗੇ? ਕਿਵੇਂ ਧੋਖਾ ਦਿਓਗੇ?

ਮੈਂ ਸੁਣਿਆ ਹੈ ਕਿ ਅਮਰੀਕਾ ਵਿੱਚ ਉਨ੍ਹਾਂ ਨੇ ਇਸਤ੍ਰੀਆਂ ਦੇ ਵਾਲਾਂ ਵਿੱਚ ਲਾਉਣ ਦੀ ਇੱਕ ਆਲਪਿੰਨ ਲੱਭ ਲਈ। ਇਹ ਭਵਿੱਖ ਦੀ ਘਟਨਾ ਸਮਝੋ। ਅਦ੍ਰਿਸ਼ (ਜੋ ਵਿਖਾਈ ਨਾ ਦੇ) ਆਲਪਿੰਨ ਇਸਤ੍ਰੀਆਂ ਚਾਹੁੰਣਗੀਆਂ, ਕਿਉਂਕਿ ਆਲਪਿੰਨ ਵਿਖਾਈ ਨਾ ਪਏ। ਅਦ੍ਰਿਸ਼ ਆਲਪਿੰਨ ਲੱਭ ਲਈ। ਇੱਕ ਔਰਤ ਦੁਕਾਨ ਉਤੇ ਗਈ ਅਤੇ ਉਸ ਨੇ ਕਿਹਾ ਅਦ੍ਰਿਸ਼ ਆਲਪਿੰਨਾਂ ਦਾ ਇੱਕ ਡੱਬਾ ਚਾਹੀਦਾ ਹੈ। ਉਸ ਨੂੰ ਇੱਕ ਡੱਬਾ ਦਿੱਤਾ ਗਿਆ। ਉਸ ਇਸਤ੍ਰੀ ਨੇ ਪੁੱਛਿਆ, ਇਨ੍ਹਾਂ ਦੀ ਵਿਕਰੀ ਹੋ ਰਹੀ ਹੈ ਜਾਂ ਨਹੀਂ? ਦੁਕਾਨਦਾਰ ਨੇ ਕਿਹਾ ਕਿ ਵਿਕਰੀ ਦਾ ਤਾਂ ਪੁੱਛ ਹੀ ਨਾ। ਅਦ੍ਰਿਸ਼ ਆਲਪਿੰਨ ਤਿੰਨਾਂ ਦਿਨਾਂ ਤੋਂ ਸਾਡੇ ਸਟਾਕ ਵਿੱਚ ਹੀ ਨਹੀਂ ਹਨ ਅਤੇ ਹਜ਼ਾਰਾਂ ਲੋਕ ਲੈ ਜਾ ਚੁੱਕੇ ਹਨ। ਹੁਣ ਅਦ੍ਰਿਸ਼ ਆਲਪਿੰਨ ਹੋਵੇ ਤਾਂ ਵਿਕਰੀ ਹੋ ਸਕਦੀ ਹੈ। ਹੋਵੇ ਜਾਂ ਨਾ ਹੋਵੇ। ਕਿਉਂਕਿ ਪਹਿਲਾ ਹੀ ਤਾਂ ਮਾਮਲਾ ਹੈ ਕਿ ਉਹ ਵਿਖਾਈ ਨਹੀਂ ਦਿੰਦੀ। ਤੁਸੀਂ ਡੱਬਾ ਖੋਲ੍ਹਕੇ ਵੇਖੋਗੇ ਤਾਂ ਕੁਝ ਵਿਖਾਈ ਤਾਂ ਦਿੰਦਾ ਨਹੀਂ। ਹੋਵੇ, ਜਾਂ ਨਾ ਹੋਵੇ। ਇਹ ਪਰਮਾਤਮਾ ਦਾ ਧੰਧਾ ਅਦ੍ਰਿਸ਼ ਆਲਪਿੰਨਾਂ ਦਾ ਧੰਧਾ ਹੈ। ਕੁਝ ਵਿਖਾਈ ਤਾਂ ਦਿੰਦਾ ਨਹੀਂ।

ਇਸ ਲਈ ਬਹੁਤ ਪਾਖੰਡ ਇੱਥੇ ਹੈ। ਇਸ ਲਈ ਤੁਸੀਂ ਹੈਰਾਨ ਹੋਵੋਗੇ ਕਿ ਜਿੰਨਾ ਧਾਰਮਿਕ ਮੁਲਕ ਹੋਵੇ, ਓਨਾਂ ਹੀ ਪਾਖੰਡੀ ਹੋ ਜਾਂਦਾ ਹੈ।

ਇਹ ਸਾਡਾ ਮੁਲਕ ਇਸਦਾ ਸਬੂਤ ਹੈ। ਇਸ ਤੋਂ ਬਹੁਤਾ ਪਾਖੰਡੀ ਮੁਲਕ ਦੁਨੀਆਂ ਵਿੱਚ ਕਿਤੇ ਵੀ ਨਹੀਂ। ਉਸ ਦਾ ਕਾਰਣ ਇਹ ਹੈ ਕਿ ਇਸ ਦੇਸ਼ ਨੇ ਧਰਮ ਦੇ ਸੰਬੰਧ ਵਿੱਚ ਏਨਾ ਚਿੰਤਨ ਕੀਤਾ ਹੈ, ਤੇ ਇਸ ਦੇਸ਼ ਨੇ ਧਰਮ ਦੇ ਏਨੇ ਸਤਿਗੁਰੂ ਪੈਦਾ ਕੀਤੇ ਹਨ ਕਿ ਹਰ ਗੁਰੂ ਦੇ ਨਾਲ ਨਝਿਨਵੇਂ ਅਸਤਿਗੁਰੂ ਪੈਦਾ ਹੁੰਦੇ ਹਨ। ਸਤਿਗੁਰੂ ਤਾਂ ਮਰ ਜਾਂਦੇ ਹਨ, ਅਸਤਿਗੁਰੂ ਚੱਲਦੇ ਹਨ। ਉਨ੍ਹਾਂ ਦੀ ਜਮਾਤ ਵਧਦੀ ਜਾਂਦੀ ਹੈ ਅਤੇ ਤੈਅ ਕਰਨਾ ਬਹੁਤ ਮੁਸ਼ਕਿਲ ਹੈ।

ਅਤੇ ਮਨੁੱਖ ਨੂੰ ਨਾਸਤਿਕ ਬਣਾਉਣ ਵਿੱਚ ਜਿੰਨੇ ਅਸਤਿਗੁਰੂ ਸਹਿਯੋਗੀ ਹੁੰਦੇ ਹਨ, ਓਨਾਂ ਕੋਈ ਵੀ ਸਹਿਯੋਗੀ ਨਹੀਂ ਹੁੰਦਾ। ਤੁਸੀਂ ਏਨੇ ਥੱਕ ਜਾਂਦੇ ਹੋ, ਧੋਖੇ, ਬੇਈਮਾਨੀ, ਉਪੱਦਰ ਤੋਂ ਕਿ ਤੁਸੀਂ ਹੌਲੀ-ਹੌਲੀ ਸੋਚ ਲੈਂਦੇ ਹੋ ਕਿ ਪਰਮਾਤਮਾ ਦਾ ਧੰਧਾ ਹੀ ਧੋਖਾਧੜੀ ਹੈ। ਹੌਲੀ-ਹੌਲੀ ਤੁਸੀਂ ਸੋਚ ਲੈਂਦੇ ਹੋ ਕਿ ਇਸ ਉਪੱਦਰ ਵਿੱਚ ਪੈਣਾ

ਹੀ ਨਹੀਂ, ਇਸ ਤੋਂ ਬਾਹਰ ਹੀ ਰਹਿਣਾ ਬੇਹਤਰ ਹੈ।

ਮੁੱਲਾ ਨਸਰੂਦੀਨ ਆਪਣੇ ਭਤੀਜੇ ਨੂੰ ਇੱਕ ਯਾਦ ਬਾਰੇ ਦੱਸ ਰਿਹਾ ਸੀ ਕਿ ਮੈਂ ਜੰਗਲ ਵਿਚੋਂ ਲੰਘ ਰਿਹਾ ਸੀ। ਦਸ ਲਕੜਬਘਿਆਂ ਨੇ ਮੈਨੂੰ ਘੇਰ ਲਿਆ। ਪੰਜ ਤਾਂ ਮੈਂ ਉਸ ਵੇਲੇ ਮਾਰ ਸੁੱਟੇ। ਉਸ ਭਤੀਜੇ ਨੇ ਉਨ੍ਹਾਂ ਨੂੰ ਟੋਕ ਕੇ ਕਿਹਾ ਕਿ ਚਾਚਾ ਜੀ, ਤਿੰਨ ਮਹੀਨੇ ਪਹਿਲਾਂ ਤਾਂ ਤੁਸੀਂ ਕਹਿ ਰਹੇ ਸੀ ਕਿ ਪੰਜ ਲਕੜਬੱਘਿਆਂ ਨੇ ਘੇਰਿਆ ਅਤੇ ਹੁਣ ਕਹਿੰਦੇ ਹੋ 'ਦਸਾਂ ਨੇ'। ਮੁੱਲਾ ਨਸਰੂਦੀਨ ਨੇ ਸਹਿਜ ਭਾਵ ਨਾਲ ਕਿਹਾ,' ਤਦ ਤੂੰ ਬਹੁਤ ਛੋਟਾ ਸੀ। ਏਨੀ ਖ਼ਤਰਨਾਕ ਗੱਲ ਸੁਣਨ ਦੀ ਤੇਰੀ ਕਾਬਲੀਅਤ ਵੀ ਨਹੀਂ ਸੀ ਅਤੇ ਤੂੰ ਸਮਝ ਵੀ ਨਹੀਂ ਸਕਦਾ ਤੇ ਘਬਰਾ ਜਾਂਦਾ।

ਸੋ ਤੁਹਾਡੀ ਜਿੰਨੀ ਝੂਠ ਨੂੰ ਸੁਣਨ ਦੀ ਲਿਆਕਤ ਵਧਦੀ ਹੈ, ਤਿਵੇਂ-ਤਿਵੇਂ ਝੂਠ ਬੋਲਣ ਵਾਲਿਆਂ ਦੇ ਦਾਵੇ ਵਧਦੇ ਜਾਂਦੇ ਹਨ। ਉਹ ਵੇਖਦਾ ਰਹਿੰਦਾ ਹੈ ਕਿ ਕਿੰਨੀ ਸ਼ਰਧਾ ਵੱਧ ਰਹੀ ਹੈ, ਓਨੇ ਦਾਵੇ ਵਧਦੇ ਜਾਂਦੇ ਹਨ। ਤੁਹਾਡੀ ਸ਼ਰਧਾ ਪਤਾ ਨਹੀਂ ਕਿੰਨਿਆਂ ਝੂਠੇ ਗੁਰੂਆਂ ਨੂੰ ਪਾਲਦੀ ਪੋਸਦੀ ਰਹਿੰਦੀ ਹੈ।

ਅਤੇ ਜਦ ਤੁਹਾਨੂੰ ਭਰੋਸਾ ਆ ਜਾਂਦਾ ਹੈ, ਤਦ ਤੁਸੀਂ ਬਿਲਕੁਲ ਅੰਨ੍ਹੇ ਹੋ ਜਾਂਦੇ ਹੋ। ਕੁਝ ਵੀ ਮੰਨ ਲੈਂਦੇ ਹੋ।

ਕੱਲ੍ਹ ਰਾਤੀਂ ਹੀ ਮੈਂ ਇੱਕ ਕਿਤਾਬ ਪੜ੍ਹ ਰਿਹਾ ਸੀ, ਇੱਕ ਇਸਾਈ ਪਾਦਰੀ ਦੇ ਬਿਆਨ। ਕਿਤਾਬ ਦੇ ਪਹਿਲੇ ਹੀ ਜੋ ਲਿਖਿਆ ਹੈ, ਉਹ ਅਜਿਹਾ ਸਰਾਸਰ ਝੂਠ ਹੈ ਕਿ ਉਸ ਨੂੰ ਕੋਈ ਕਿਵੇਂ ਮੰਨੇਗਾ। ਪਰ ਉਸ ਨੂੰ ਮੰਨਣ ਵਾਲੇ ਬਹੁਤ ਲੋਕ ਹਨ ਅਤੇ ਉਹ ਪਾਦਰੀ ਕਾਫ਼ੀ ਪ੍ਰਸਿੱਧ ਨਾਉਂ ਵਾਲਾ ਹੈ। ਪੱਛਮ ਵਿੱਚ ਉਸ ਦੇ ਹਜ਼ਾਰਾਂ ਭਗਤ ਹਨ। ਭੂਮਿਕਾ ਵਿੱਚ ਜੋ ਉਸਨੇ ਲਿਖਿਆ ਹੈ, ਉਹ ਕਾਫ਼ੀ ਪੜ੍ਹਣ ਵਾਲਾ ਹੈ। ਭੂਮਿਕਾ ਵਿੱਚ ਉਸ ਨੇ ਲਿਖਿਆ ਹੈ ਕਿ ਛੇਤੀ ਹੀ ਜੀਸਸ ਦਾ ਆਗਮਨ ਹੋਣ ਵਾਲਾ ਹੈ, ਤਾਰੀਖ, ਦਿਨ, ਸਭ ਤੈਅ ਹੋ ਗਿਆ ਹੈ ਅਤੇ ਹੋਰ ਜ਼ਿਆਦਾ ਦੇਰ ਨਹੀਂ ਹੈ। ਕਿਸੇ ਵੀ ਦਿਨ, ਰਾਤ ਕਦੇ ਵੀ ਜੀਸਸ ਦਾ ਆਗਮਨ ਹੋ ਜਾਏਗਾ ਅਤੇ ਜੀਸਸ ਆਪਣੇ ਕਰੋੜਾਂ ਭਗਤਾਂ ਨੂੰ ਲੈ ਕੇ ਅਲੋਪ ਹੋ ਜਾਣਗੇ। ਤਾਂ ਧਰਤੀ ਤੋਂ ਕਰੋੜਾਂ ਈਸਾਈ ਇੱਕ ਦਮ ਅਲੋਪ ਹੋ ਜਾਣਗੇ ਅਤੇ ਪਿੱਛੋਂ ਸਾਰੀ ਦੁਨੀਆਂ ਹੈਰਾਨ ਖਲੋਤੀ ਰਹੇਗੀ ਕਿ ਕੀ ਹੋਇਆ? ਅਤੇ ਜਿਵੇਂ ਹੀ ਈਸਾ ਆਪਣੇ ਭਗਤਾਂ ਨੂੰ ਲੈ ਜਾਣਗੇ, ਫ਼ਿਰ ਦੁਨੀਆਂ 'ਤੇ ਮੁਸੀਬਤਾਂ ਆਉਣੀਆਂ ਸ਼ੁਰੂ ਹੋਣਗੀਆਂ। ਫ਼ਿਰ ਮਹਾਨਰਕ ਪੈਦਾ ਹੋਏਗਾ। ਇਸ ਲਈ ਦੇਰ ਨਾ ਕਰੋ। ਜਲਦੀ ਨਾਲ ਭਰੋਸਾ ਲਿਆਓ ਈਸਾ ਉਪਰ ਅਤੇ ਈਸਾ ਦੇ ਪਿੱਛੇ ਸ਼ਾਮਿਲ ਹੋ ਜਾਓ ਅਤੇ ਭੂਮਿਕਾ ਦੇ ਅੰਤ ਵਿੱਚ ਲਿਖਿਆ ਹੈ ਕਿ ਇਸ ਕਿਤਾਬ ਨੂੰ ਪੜ੍ਹਣ ਵਾਲਿਆਂ ਲਈ ਸਿਰਫ਼ ਦੋ ਗੱਲਾਂ ਹਨ। ਇੱਕ ਗੱਲ ਜੇਕਰ ਤੁਸੀਂ ਪਾਪੀ ਹੋ, ਤਾਂ

ਇਸ ਵਿੱਚ ਜੋ ਵੀ ਕਿਹਾ ਹੈ, ਉਸ ਉਤੇ ਤੁਹਾਨੂੰ ਭਰੋਸਾ ਨਾ ਆਏਗਾ ਅਤੇ ਜੇਕਰ ਤੁਸੀਂ ਪੁੰਨ-ਆਤਮਾ ਹੋ, ਤਾਂ ਤੁਸੀਂ ਛੇਤੀ, ਦੇਰ ਨਾ ਕਰੋ ਤੇ ਜੀਸਸ ਨੂੰ ਮੰਨਣ ਵਾਲੇ ਹੋ ਜਾਓ।

ਦੋ ਹੀ ਗੱਲਾਂ ਛੱਡੀਆਂ ਹਨ। ਜੇ ਤੁਸੀਂ ਮਹਾਂਪਾਪੀ ਹੋ ਤਦ ਤਾਂ ਤੁਹਾਨੂੰ ਕਿਤਾਬ ਜਚੇਗੀ ਹੀ ਨਹੀਂ। ਜੇਕਰ ਤੁਹਾਡੇ ਵਿੱਚ ਜ਼ਰਾ ਵੀ ਬੁੱਧੀ ਹੈ, ਪੁੰਨ ਦਾ ਭਾਵ ਹੈ, ਧਾਰਮਿਕਤਾ ਹੈ, ਕਿਤਾਬ ਜਚੇਗੀ। ਜੀਸਸ ਦੇ ਨਾਲ ਖੜ੍ਹੇ ਹੋ ਜਾਓ।

ਜੀਸਸ ਦੇ ਨਾਲ ਖੜ੍ਹੇ ਹੋਣ ਵਿੱਚ ਕੋਈ ਬੁਰਾਈ ਨਹੀਂ ਹੈ। ਪਰ ਇਹ ਆਦਮੀ ਜੀਸਸ ਦੇ ਨਾਉਂ ਦੀ ਗ਼ਲਤ ਵਰਤੋਂ ਕਰ ਰਿਹਾ ਹੈ। ਜੀਸਸ ਪਿਆਰੇ ਹਨ। ਪਰ ਇਹ ਆਦਮੀ ਅਤੇ ਇਹ ਜੋ ਕਹਿ ਰਿਹਾ ਹੈ ਸਰਾਸਰ ਝੂਠ ਹੈ। ਪਰ ਇਸ ਨੂੰ ਸਿੱਧ ਕਿਵੇਂ ਕਰੋ? ਅਜਿਹੀਆਂ ਹਜ਼ਾਰਾਂ ਘਟਨਾਵਾਂ ਘਟ ਚੁੱਕੀਆਂ ਹਨ।

ਉਨੀ ਸੌ ਤੀਹ ਵਿੱਚ ਇੱਕ ਇਸਾਈ ਪਾਦਰੀ ਨੇ ਐਲਾਨ ਕਰ ਦਿੱਤਾ ਕਿ ਇੱਕ ਜਨਵਰੀ ਨੂੰ ਜਗਤ ਦਾ ਵਿਨਾਸ਼ ਹੋ ਜਾਏਗਾ। ਵਕਤ ਆ ਗਿਆ, ਕਿਆਮਤ ਦਾ ਦਿਨ ਆ ਗਿਆ। ਉਸ ਦੇ ਮੰਨਣ ਵਾਲੇ ਪੰਜਾਹ ਹਜ਼ਾਰ ਲੋਕਾਂ ਨੇ ਸਭ ਕੁਝ ਵੇਚ ਵਾਚ ਸੁੱਟਿਆ, ਕਿਉਂਕਿ ਜਦ ਆਖ਼ਰੀ ਦਿਨ ਆ ਗਿਆ ਤਾਂ ਕੀ ਕਰਨਾ ਹੈ ਰੱਖ ਕੇ? ਮਕਾਨ ਵੇਚ ਦਿੱਤੇ, ਸਮਾਨ ਵੇਚ ਸੁੱਟਿਆ, ਉਤਸਵ ਮਨਾ ਲਿਆ, ਧਨ ਪੈਸਾ ਵੰਡ ਦਿੱਤਾ। ਕਿਉਂਕਿ ਆਖ਼ਰੀ ਦਿਨ ਆ ਰਿਹਾ ਹੈ। ਜਿਹੜੇ ਮੰਨਣਗੇ ਉਹ ਪੁੰਨ-ਆਤਮਾ ਅਤੇ ਜਿਹੜੇ ਨਹੀਂ ਮੰਨਦੇ ਹਨ, ਉਹ ਪਾਪੀ ਹਨ।

ਉਹ ਸਾਰੇ ਪਹਾੜ ਉਤੇ ਚਲੇ ਗਏ, ਕਿਉਂਕਿ ਆਖ਼ਰੀ ਦਿਨ। ਇੱਕ ਜਨਵਰੀ ਨੂੰ ਜਦੋਂ ਸਵੇਰੇ ਦਾ ਸੂਰਜ ਚੜ੍ਹੇਗਾ, ਜਗਤ ਦਾ ਵਿਨਾਸ਼ ਹੋਏਗਾ, ਉਸ ਵੇਲੇ ਉਹ ਸਾਰੇ ਪਹਾੜ ਉਤੇ ਪ੍ਰਾਰਥਨਾ ਕਰਦੇ ਰਹਿਣਗੇ। ਉਨ੍ਹਾਂ ਨੂੰ ਤਾਂ ਈਸ਼ਵਰ ਚੁੱਕ ਲਵੇਗਾ। ਇੱਕ ਜਨਵਰੀ ਆ ਗਈ, ਸੂਰਜ ਚੜ੍ਹ ਗਿਆ, ਕੁਝ ਵੀ ਨਹੀਂ ਹੋਇਆ। ਪਿੰਡ ਅਤੇ ਆਲੇ-ਦੁਆਲੇ ਦੇ ਹਜ਼ਾਰਾਂ ਲੋਕ ਪਹਾੜਾਂ ਦੇ ਵੱਲ ਟੁਰੇ ਕਿ ਹੁਣ ਉਨ੍ਹਾਂ ਤੋਂ ਪੁੱਛੀਏ ਕਿ ਕੀ ਹੋਇਆ? ਉਹ ਲੋਕ ਉਥੋਂ ਉਤਰ ਰਹੇ ਸੀ। ਉਨ੍ਹਾਂ ਨੂੰ ਪੁੱਛਿਆ ਕਿ ਹੁਣ ਕਹੋ ਕਿ ਅਕਲ ਆਈ? ਉਨ੍ਹਾਂ ਨੇ ਕਿਹਾ ਕਿ ਅਕਲ? ਸਾਡੀ ਪ੍ਰਾਰਥਨਾ ਦੀ ਵਜ੍ਹਾ ਨਾਲ ਉਸ ਨੇ ਦਿਨ ਬਦਲ ਦਿੱਤਾ। ਜਿਹੜੀ ਅਸੀਂ ਪਹਾੜ ਉਤੇ ਪ੍ਰਾਰਥਨਾ ਕਰ ਰਹੇ ਸੀ ਪਰਮਾਤਮਾ ਕੋਲ ਕਿ ਦਇਆ ਕਰ, ਉਸ ਨੇ ਸੁਣ ਲਈ।

ਉਹ ਪੰਥ ਵੀ ਚੱਲਦਾ ਹੈ। ਹੁਣ ਇਹ ਅਸਚਰਜ ਦੀ ਗੱਲ ਹੈ ਕਿ ਅੰਨ੍ਹਾਪਣ ਕਿਵੇਂ ਚੱਲ ਸਕਦਾ ਹੈ? ਤੁਸੀਂ ਉਨ੍ਹਾਂ ਨੂੰ ਗ਼ਲਤ ਵੀ ਸਿੱਧ ਨਹੀਂ ਕਰ ਸਕਦੇ। ਲੋਕਾਂ ਨੇ ਸੋਚਿਆ ਸੀ ਕਿ ਹੁਣ ਤਾਂ ਇਨ੍ਹਾਂ ਨਾ-ਸਮਝਾਂ ਨੂੰ ਅਕਲ ਆ ਜਾਏਗੀ। ਤਾਂ ਪਹਾੜ ਤੇ ਚੜ੍ਹ ਕੇ ਲੋਕ ਵੇਖਣ ਗਏ ਕਿ ਹੁਣ ਤਾਂ ਉਹ ਰੋ ਰਹੇ ਹੋਣਗੇ ਕਿ ਸਾਥੋਂ ਭੁੱਲ ਹੋ ਗਈ,

ਬਰਬਾਦ ਹੋ ਗਏ। ਪਰ ਉਹ ਲੋਕ ਖੁਸ਼ ਸੀ। ਉਨ੍ਹਾਂ ਦੇ ਪਾਦਰੀ ਨੇ ਸਮਝਾ ਦਿੱਤਾ ਕਿ ਵੇਖਿਆ ਸਾਡੀ ਪ੍ਰਾਰਥਨਾ ਦਾ ਨਤੀਜਾ।

ਮੁੱਲਾ ਨਸਰੂਦੀਨ ਰੋਜ਼ ਆਪਣੇ ਘਰ ਦੇ ਬਾਹਰ ਲੂਣ ਛਿੜਕਦਾ। ਕਿਸੇ ਨੇ ਪੁੱਛਿਆ ਕਿ ਇਹ ਤੂੰ ਰੋਜ਼-ਰੋਜ਼ ਕੀ ਕਰਦਾ ਹੈਂ? ਉਸ ਨੇ ਕਿਹਾ ਕਿ ਜੰਗਲੀ ਜਾਨਵਰਾਂ ਨੂੰ ਨਠਾਉਣ ਦੇ ਲਈ। ਲੋਕਾਂ ਨੇ ਕਿਹਾ ਕਿ ਜੰਗਲੀ ਜਾਨਵਰ ਇੱਥੇ ਬਸਤੀ ਵਿੱਚ ਕਿੱਥੇ? ਤਾਂ ਉਸ ਨੇ ਕਿਹਾ ਕਿ ਇਹ ਲੂਣ ਦਾ ਨਤੀਜਾ ਹੈ।

ਹੁਣ ਅਜਿਹੇ ਆਦਮੀ ਦੇ ਨਾਲ ਕਰੋਗੇ ਕੀ? ਉਹ ਤੁਹਾਡੇ ਲਈ ਉਪਾਅ ਹੀ ਨਹੀਂ ਛੱਡਦਾ। ਕਹਿੰਦਾ ਹੈ ਕਿ ਵੇਖ ਲਓ ਪ੍ਰਤਖ ਪ੍ਰਮਾਣ ਹੈ। ਮੇਰੇ ਘਰ ਦੇ ਨੇੜੇ ਤਾਂ ਦੂਰ, ਪਿੰਡ ਵਿੱਚ ਵੀ ਨਹੀਂ ਆ ਸਕਦੇ ਹਨ। ਇਹ ਲੂਣ ਛਿੜਕਣ ਨਾਲ ਹੋ ਰਿਹਾ ਹੈ। ਆਦਮੀ ਧੋਖੇ ਵਿੱਚ ਪੈਣ ਨੂੰ ਤਿਆਰ ਹੈ। ਕਿਉਂਕਿ ਧੋਖੇ ਦੇ ਵੀ ਤਰਕ ਹਨ ਅਤੇ ਧੋਖਾ ਵੀ ਪ੍ਰਚਾਰ ਕਰਦਾ ਹੈ। ਧੋਖਾ ਹੀ ਪ੍ਰਚਾਰ ਕਰਦਾ ਹੈ ਅਤੇ ਧੋਖਾ ਹੀ ਤਰਕ ਦਿੰਦਾ ਹੈ ਅਤੇ ਧੋਖਾ ਤੁਹਾਡੀਆਂ ਵਾਸ਼ਨਾਵਾਂ ਨੂੰ ਰੀਝਾਉਂਦਾ ਹੈ। ਉਹ ਤੁਹਾਨੂੰ ਉਕਸਾਉਂਦਾ ਹੈ। ਨਾਨਕ ਕਹਿੰਦੇ ਹਨ ਕਿ ਝੂਠੇ ਲੋਕ ਝੂਠੀਆਂ ਡੀਂਗਾਂ ਮਾਰਦੇ ਹਨ:

*"ਨਾਨਕ ਨਦਰੀ ਪਾਈਐ ਕੂੜੀ ਕੂੜੈ ਠੀਸ॥"*

ਅਤੇ ਉਹ ਤਾਂ ਮਿਲਦਾ ਹੈ ਉਨ੍ਹਾਂ ਨੂੰ, ਜਿਨ੍ਹਾਂ ਨੇ ਸਾਰੀ ਡੀਂਗ ਛੱਡ ਦਿੱਤੀ। ਉਹ ਤਾਂ ਮਿਲਦਾ ਹੈ, ਉਸਨੂੰ, ਜਿਸ ਦਾ 'ਮੈਂ' ਦਾ ਭਾਵ ਵੀ ਚਲਿਆ ਗਿਆ। ਉਹ ਤਾਂ ਉਸ ਨੂੰ ਮਿਲਦਾ ਹੈ, ਜਿਸ ਉਤੇ ਉਸਦੀ ਮਿਹਰ ਹੋ ਜਾਏ।

ਨਾ ਬੋਲਣ ਵਿੱਚ ਸ਼ਕਤੀ ਹੈ, ਨਾ ਮੌਨ ਵਿੱਚ ਸ਼ਕਤੀ ਹੈ, ਨਾ ਮੰਗਣ ਵਿੱਚ ਸ਼ਕਤੀ ਹੈ, ਨਾ ਦਾਨ ਵਿੱਚ ਸ਼ਕਤੀ ਹੈ, ਨਾ ਜੀਵਨ ਵਿੱਚ ਸ਼ਕਤੀ ਹੈ ਅਤੇ ਨਾ ਮਰਨ ਵਿੱਚ ਸ਼ਕਤੀ ਹੈ, ਨਾ ਰਾਜ ਸੰਪਤੀ ਵਿੱਚ, ਨਾ ਮਨ ਦੇ ਸੰਕਲਪ ਵਿੱਚ, ਨਾ ਸਮ੍ਰਿਤੀ ਵਿੱਚ, ਨਾ ਗਿਆਨ ਵਿੱਚ, ਨਾ ਵਿਚਾਰ ਵਿੱਚ, ਨਾ ਸੰਸਾਰ ਵਿੱਚ। ਸੰਸਾਰ ਤੋਂ ਛੁੱਟਕਾਰਾ ਪਾਉਣ ਦੀ ਜੁਗਤ ਵਿੱਚ ਸ਼ਕਤੀ ਹੈ। ਅਸਲੀ ਸ਼ਕਤੀ ਤਾਂ ਉਸ ਪਰਮਾਤਮਾ ਦੇ ਹੱਥ ਵਿੱਚ ਹੈ, ਜਿਹੜਾ ਸ੍ਰਿਸ਼ਟੀ ਰਚਦਾ ਹੈ ਅਤੇ ਉਸਨੂੰ ਵੇਖਦਾ ਹੈ। ਨਾਨਕ ਕਹਿੰਦੇ ਹਨ, ਉਥੇ ਨਾ ਕੋਈ ਉੱਚਾ ਹੈ, ਨਾ ਨਿੱਚਾ। ਇਹ ਸ਼ਬਦ ਬਹੁਤ ਡੂੰਘੇ ਹਨ—

*"ਆਖਣਿ ਜੋਰੁ ਚੁਪੈ ਨਹ ਜੋਰੁ॥ ਜੋਰੁ ਨ ਮੰਗਣਿ ਦੇਣਿ ਨ ਜੋਰੁ॥*
*ਜੋਰੁ ਨ ਜੀਵਣਿ ਮਰਣਿ ਨਹ ਜੋਰੁ॥ ਜੋਰੁ ਨ ਰਾਜਿ ਮਾਲਿ ਮਨਿ ਸੋਰੁ॥*
*ਜੋਰੁ ਨ ਸੁਰਤੀ ਗਿਆਨਿ ਵੀਚਾਰਿ॥ ਜੋਰੁ ਨ ਜੁਗਤੀ ਛੁਟੈ ਸੰਸਾਰੁ॥*
*ਜਿਸੁ ਹਥਿ ਜੋਰੁ ਕਰਿ ਵੇਖੈ ਸੋਇ॥ ਨਾਨਕ ਉਤਮੁ ਨੀਚੁ ਨ ਕੋਇ॥"*

ਵੱਡੇ ਕ੍ਰਾਂਤੀਕਾਰੀ ਵਚਨ ਹਨ। ਕਿਉਂਕਿ ਨਾਨਕ ਪੂਰੇ ਜਪੁਜੀ ਵਿੱਚ ਇੱਕ ਹੀ ਗੱਲ ਉਤੇ ਜ਼ੋਰ ਦੇ ਰਹੇ ਹਨ। ਉਸਦੇ ਨਾਉਂ ਦਾ ਸਮਰਣ, ਸੁਰਤਿ ਅਤੇ ਇੱਥੇ ਉਹ ਕਹਿੰਦੇ ਹਨ, ਸੁਰਤਿ 'ਚ ਵੀ ਜ਼ੋਰ ਨਹੀਂ। ਇਹ ਆਖ਼ਰੀ ਚਰਣ ਨੇੜੇ ਆ ਰਿਹਾ ਹੈ। ਨਾਨਕ ਇੱਥੇ ਤੁਹਾਡੇ ਹੱਥੋਂ ਸਾਰਾ ਕੁਝ ਖੋਹ ਲੈਣਾ ਚਾਹੁੰਦੇ ਹਨ। ਕਿਉਂਕਿ ਤੁਹਾਨੂੰ ਜੇਕਰ ਜ਼ਰਾ ਕੁ ਵੀ ਅਜਿਹਾ ਲੱਗੇ ਕਿ ਕਿਸੇ ਚੀਜ਼ ਵਿੱਚ ਜ਼ੋਰ ਹੈ, ਤਾਂ ਤੁਸੀਂ ਬਚੋਗੇ, ਮਜ਼ਬੂਤ ਰਹੋਗੇ। ਸਭ ਜ਼ੋਰ ਆਖ਼ਿਰਕਾਰ ਤੁਹਾਡੇ ਹੰਕਾਰ ਦਾ ਜ਼ੋਰ ਹੈ।

ਤਾਂ ਨਾਨਕ ਕਹਿੰਦੇ ਹਨ ਕਿ ਨਾ ਬੋਲਣ ਵਿੱਚ ਸ਼ਕਤੀ ਹੈ, ਨਾ ਤੁਸੀਂ ਬੋਲ ਕੇ ਉਸ ਨੂੰ ਪਾ ਸਕਦੇ ਹੋ ਅਤੇ ਨਾ ਮੌਨ ਵਿੱਚ ਸ਼ਕਤੀ ਹੈ।

ਉਹ ਤੁਹਾਡੇ ਹੱਥ ਵਿਚੋਂ ਸਭ ਖੋਹ ਰਹੇ ਹਨ। ਤੁਸੀਂ ਸੋਚਿਆ ਹੋਏਗਾ ਕਿ ਬੋਲਣ ਵਿੱਚ ਨਹੀਂ, ਤਾਂ ਚਲੋ ਠੀਕ, ਬਕਵਾਸ ਹੈ। ਪਰ ਚੁੱਪ ਹੋ ਗਏ, ਧਿਆਨ ਵਿੱਚ ਬੈਠ ਗਏ; ਫ਼ਿਰ।

ਨਾਨਕ ਕਹਿੰਦੇ ਹਨ, ਉਸ ਵਿੱਚ ਵੀ ਸ਼ਕਤੀ ਨਹੀਂ ਹੈ, ਤੁਸੀਂ ਹੀ ਤਾਂ ਮੌਨ ਬੈਠੋਗੇ, ਜਿਹੜਾ ਬੋਲ ਰਿਹਾ ਸੀ। ਗੁਣ-ਧਰਮ ਤਾਂ ਉਹ ਹੀ ਰਹੇਗਾ। ਬੋਲਣ ਵਿੱਚ ਜੇਕਰ ਤੁਸੀਂ ਪਾਪੀ ਸੀ, ਤਾਂ ਚੁੱਪ ਹੋ ਜਾਣ ਵਿੱਚ ਕਿਵੇਂ ਤੁਸੀਂ ਪੁੰਨ ਆਤਮਾ ਹੋ ਜਾਵੋਗੇ? ਇਸ ਨੂੰ ਜ਼ਰਾ ਸਮਝੋ। ਤੁਹਾਡੀ ਖਾਸਿਅਤ.....।

ਇੱਕ ਸ਼ੈਤਾਨ ਆਦਮੀ ਚੁੱਪ ਬੈਠਾ ਹੈ, ਸ਼ੈਤਾਨ ਹੀ ਰਹੇਗਾ। ਕਿਵੇਂ ਫ਼ਰਕ ਹੋ ਜਾਏਗਾ ਚੁੱਪ ਹੋ ਜਾਣ ਨਾਲ? ਚੁੱਪ ਬੋਲਣ ਨਾਲ ਕੀ, ਅੰਤਰ ਪਵੇਗਾ? ਅੱਛਾ ਆਦਮੀ ਚੁੱਪ ਬੈਠੇ, ਅੱਛਾ ਰਹੇਗਾ। ਬੋਲੇ, ਅੱਛਾ ਆਦਮੀ ਹੀ ਰਹੇਗਾ, ਬੁਰਾ ਆਦਮੀ ਬੋਲੇ, ਬੁਰਾ। ਚੁੱਪ ਬੈਠੇ ਤਾਂ ਬੁਰਾ ਰਹੇਗਾ। ਬੁਰਾ ਆਦਮੀ ਚੁੱਪ ਵਿਚੋਂ ਵੀ ਕੋਈ ਤਰਕੀਬ ਕੱਢ ਲਏਗਾ ਕਿ ਕਿਵੇਂ ਦੂਜਿਆਂ ਨੂੰ ਨੁਕਸਾਨ ਪੁਜਾਏ। ਬੁਰਾ ਆਦਮੀ ਮੌਨ ਵਿਚੋਂ ਵੀ ਸ਼ਤਾਨੀ ਲੱਭ ਲਏਗਾ। ਤੁਹਾਡੀ ਖਾਸਿਅਤ ਕਿਵੇਂ ਬਦਲ ਜਾਏਗੀ?

ਤੁਸੀਂ ਸੋਚਦੇ ਹੋ, ਸਿਰਫ਼ ਤੁਸੀਂ ਚੁੱਪ ਹੋ ਗਏ ਤਾਂ ਸਭ ਹੋ ਜਾਏਗਾ, ਵੱਡੀ ਸ਼ਕਤੀ ਆ ਜਾਏਗੀ। ਤੁਸੀਂ ਹੀ ਤਾਂ ਚੁੱਪ ਰਹੋਗੇ। ਕੀ ਫ਼ਰਕ ਪੈ ਜਾਏਗਾ? ਚੁੱਪ ਵੀ ਤੁਹਾਡੀ, ਬਚਨ ਤੁਹਾਡੇ, ਬਚਨਾਂ ਵਿੱਚ ਤੁਸੀਂ ਮੌਜੂਦ ਸੀ। ਚੁੱਪ ਵਿੱਚ ਤੁਸੀਂ ਮੌਜੂਦ ਰਹੋਗੇ। ਤੁਸੀਂ ਤਾਂ ਰਹੋਗੇ। ਤੁਸੀਂ ਕਹੋਗੇ, ਹੁਣ ਮੈਂ ਮੌਨ ਹੋ ਗਿਆ। ਮੈਂ ਧਿਆਨ ਵਿੱਚ ਹੋ ਗਿਆ, ਮੈਂ ਧਿਆਨੀ ਹਾਂ। ਇਹ ਹੀ ਆਕੜ ਪਹਿਲਾਂ ਸੀ ਕਿ ਮੈਂ ਵਕਤਾ (ਬੋਲਣ ਵਾਲਾ) ਹਾਂ। ਵੱਡਾ ਬੋਲਣ ਵਾਲਾ ਹਾਂ। ਆਕੜ ਅੰਨ੍ਹੀ ਹੈ। ਬੋਲਣ ਵਿੱਚ ਵੀ ਤੁਸੀਂ ਅੰਨ੍ਹੇ ਹੋ।

ਮੈਂ ਸੁਣਿਆ ਹੈ ਕਿ ਵਗਦੀ ਗੰਗਾ ਵੇਖ ਕੇ ਮੁੱਲਾ ਨਸਰੁਦੀਨ ਨੇ ਵੀ ਸੋਚਿਆ ਕਿ ਮੈਂ ਵੀ ਹੱਥ ਧੋ ਲਵਾਂ। ਤਾਂ ਉਹ ਇੱਕ ਰਾਜ ਵਿੱਚ ਮੰਤ੍ਰੀਆਂ ਦਾ ਵਧਾਵ ਹੋ ਰਿਹਾ ਸੀ,

ਮੰਤ੍ਰੀ ਹੋ ਗਿਆ। ਖਿਆਲ ਉਸ ਨੂੰ ਹਮੇਸ਼ਾਂ ਤੋਂ ਹੀ ਇਹ ਸੀ ਕਿ ਮੈਂ ਵੱਡਾ ਬੋਲਣ ਵਾਲਾ ਹਾਂ। ਇਸ ਲਈ ਨੇਤਾ ਬਨਣ ਵਿੱਚ ਹੋਰ ਤਾਂ ਕੋਈ ਕਮੀ ਹੈ ਨਹੀਂ। ਵੱਡਾ ਵਕਤਾ ਹਾਂ। ਪਰ ਉਸ ਨੇ ਏਨੇ ਲੰਮੇ ਭਾਸ਼ਣ ਦਿੱਤੇ ਕਿ ਲੋਕ ਬੋਰ ਹੋ ਗਏ। ਪੁਲਿਸ ਨੂੰ ਚਾਰੇ ਪਾਸੇ ਰੱਖਣਾ ਪੈਂਦਾ ਸੀ। ਜਿਹੋ ਜਿਹਾ ਕਿ ਸਾਰਿਆਂ ਨੇਤਾਵਾਂ ਦੀ ਸਭਾ ਵਿੱਚ ਰੱਖਣਾ ਪੈਂਦਾ ਹੈ। ਉਹ ਲੋਕਾਂ ਨੂੰ ਬਾਹਰ ਜਾਣ ਤੋਂ ਰੋਕਣ ਲਈ। ਨਹੀਂ ਤਾਂ ਭਾਸ਼ਣ ਚਲੇ। ਤੇ ਲੋਕੀ ਬਾਹਰ ਭੱਜ ਜਾਣ। ਤਾਂ ਉਸ ਨੇ ਸਖਤ ਪਹਿਰਾ ਲਾ ਦਿੱਤਾ। ਪਰ ਫ਼ਿਰ ਵੀ ਲੋਕ ਬੋਰ ਤਾਂ ਹੁੰਦੇ ਹੀ। ਉਵਾਸੀਆਂ ਲੈਂਦੇ ਉਸਦੇ ਹੀ ਸਾਹਮਣੇ।

ਤਾਂ ਉਸ ਨੇ ਆਪਣੇ ਪੀ. ਏ. ਨੂੰ ਕਿਹਾ ਕਿ ਭਾਸ਼ਣ ਥੋੜ੍ਹੇ ਛੋਟੇ ਲਿਖਿਆ ਕਰ। ਏਨੇ-ਏਨੇ ਵੱਡੇ ਭਾਸ਼ਣ ਲਿਖਦਾ ਹੈਂ ਕਿ ਲੋਕ ਬੋਰ ਹੋ ਜਾਂਦੇ ਹਨ। ਮੇਰੀ ਮਾਣ ਇੱਜ਼ਤ ਗੁਆਚ ਰਹੀ ਹੈ। ਪੀ. ਏ. ਨੇ ਛੋਟਾ ਭਾਸ਼ਣ ਲਿਖਿਆ। ਮੁੱਲਾ ਨਸਰੂਦੀਨ ਬਹੁਤ ਖੁਸ਼ੀ ਵਿੱਚ ਬੋਲਿਆ, ਪਰ ਲੋਕ ਫ਼ਿਰ ਵੀ ਬੋਰ ਹੋਏ। ਪਰਤ ਕੇ ਆ ਕੇ ਉਸ ਨੇ ਕਿਹਾ ਕਿ ਮੈਂ ਹਜ਼ਾਰ ਬਾਰ ਤੈਨੂੰ ਕਿਹਾ ਹੈ ਕਿ ਭਾਸ਼ਣ ਛੋਟਾ ਲਿਖ। ਲੋਕ ਬੋਰ ਹੋ ਰਹੇ ਹਨ, ਅੱਕ ਰਹੇ ਹਨ। ਫ਼ਿਰ ਵੀ ਤੂੰ ਵੱਡਾ ਲਿਖਿਆ। ਪੀ. ਏ. ਨੇ ਕਿਹਾ, 'ਮਹਾਰਾਜ' ਮੈਂ ਤਾਂ ਛੋਟਾ ਹੀ ਲਿਖਿਆ ਸੀ, ਪਰ ਤੁਸੀਂ ਤਿੰਨ ਕਾਪੀਆਂ ਪੜ੍ਹ ਛੱਡੀਆਂ।

ਬੁੱਧੀ ਤਾਂ ਉਧਾਰ ਨਹੀਂ ਮਿਲ ਸਕਦੀ। ਭਾਸ਼ਣ ਤੁਸੀਂ ਲਿਖ ਸਕਦੇ ਹੋ। ਗੁਣ ਤਾਂ ਉਧਾਰ ਨਹੀਂ ਮਿਲ ਸਕਦਾ। ਵਿਅਕਤਿਤਵ ਦਾ ਜਿਹੜਾ ਗੁਣ ਹੈ ਉਸ ਨੂੰ ਪਾਉਣ ਦੇ ਤਾਂ ਕੋਈ ਸਸਤੇ ਉਪਾਅ ਨਹੀਂ ਹਨ। ਕੋਈ ਦੂਜਾ ਨਹੀਂ ਦੇ ਸਕਦਾ। ਤੁਸੀਂ ਜੇਕਰ ਸ਼ੈਤਾਨ ਹੋ, ਤਾਂ ਤੁਸੀਂ ਚੁੱਪ ਹੋ ਕੇ ਵੀ ਬਹਿ ਜਾਓਗੇ ਪਰ ਅੰਦਰ ਤਾਂ ਤੁਸੀਂ ਸ਼ੈਤਾਨ ਹੀ ਰਹੋਗੇ ਅਤੇ ਤੁਹਾਡੀ ਅਕਲ ਕੱਲ੍ਹ ਤੱਕ ਬੋਲਣ ਦੇ ਵਲੋਂ ਫੜਦੀ ਸੀ, ਹੁਣ ਸ਼ੂਨਯ ਦੇ ਵੱਲੋਂ, ਚੁੱਪ ਦੇ ਵਲੋਂ ਫੜ ਲਵੇਗੀ।

ਝੇਂਨ ਫ਼ਕੀਰ ਬੋਕੋਜੂ ਆਪਣੇ ਗੁਰੂ ਦੇ ਕੋਲ ਗਿਆ ਅਤੇ ਉਸ ਨੇ ਕਿਹਾ ਕਿ ਹੁਣ ਮੈਂ ਬਿਲਕੁਲ ਚੁੱਪ ਹੋ ਗਿਆ ਹਾਂ। ਸ਼ੂਨਯ ਆ ਗਿਆ। ਹੁਣ ਬੋਲੋ। ਉਸਦੇ ਗੁਰੂ ਨੇ ਕਿਹਾ ਕਿ ਪਹਿਲਾਂ ਤੂੰ ਬਾਹਰ ਜਾ ਤੇ ਇਹ ਸ਼ੂਨਯ ਸੁੱਟ ਕੇ ਆ। ਫ਼ਿਰ ਅੰਦਰ ਆ ਬੋਕੋਜੂ ਨੇ ਕਿਹਾ, ਕਿ ਸ਼ੂਨਯ ਸੁੱਟ ਆਵਾਂ? ਅਤੇ ਹੁਣ ਤੱਕ ਤੁਸੀਂ ਇਹ ਹੀ ਸਮਝਾਉਂਦੇ ਰਹੇ ਕਿ ਸ਼ੂਨਯ ਹੋ ਜਾ। ਬੋਕੋਜੂ ਦੇ ਗੁਰੂ ਨੇ ਕਿਹਾ, 'ਉਹ ਪਹਿਲੀ ਪੌੜੀ ਸੀ, ਹੁਣ ਇਹ ਦੂਜੀ। ਫ਼ਿਰ ਮੌਨ ਸੁੱਟ ਦਿਓ। ਨਹੀਂ ਤਾਂ ਮੌਨ ਨਾਲ ਵੀ ਅਕੜ ਜਾਓਗੇ। ਹੁਣ ਇਹ ਕੌਣ ਕਹਿ ਰਿਹਾ ਹੈ ਕਿ ਮੈਂ ਸ਼ੂਨਯ ਹੋ ਗਿਆ? ਇਸੇ ਨੂੰ ਤਾਂ ਭਿਗਾਉਣਾ ਹੈ। ਤਾਂ ਨਾਨਕ ਕਹਿੰਦੇ ਹਨ, *'ਆਖਣਿ ਜੋਰੁ ਚੁਪੈ ਨਹ ਜੋਰੁ॥'* ਨਾ ਬੋਲਣ ਵਿੱਚ ਤਾਕਤ ਹੈ, ਨਾ ਚੁੱਪ ਹੋਣ ਵਿੱਚ ਤਾਕਤ ਹੈ। *'ਜੋਰੁ ਨ ਮੰਗਣਿ ਦੇਣਿ ਨ ਜੋਰੁ॥'*

ਨਾ ਮੰਗਣ ਵਿੱਚ ਸ਼ਕਤੀ ਹੈ ਅਤੇ ਨਾ ਦਾਨ ਵਿੱਚ ਸ਼ਕਤੀ ਹੈ। ਕੀ ਦਿਓਗੇ ਤੁਸੀਂ? ਤੁਹਾਡੇ ਕੋਲ ਹੈ ਕੀ? ਇੱਕ ਆਦਮੀ ਮੰਗ ਰਿਹਾ ਹੈ, ਇੱਕ ਆਦਮੀ ਦੇ ਰਿਹਾ ਹੈ। ਮੰਗਣ ਵਾਲਾ ਵੀ ਉਹ ਹੀ ਮੰਗਦਾ ਹੈ, ਦੇਣ ਵਾਲਾ ਵੀ ਉਹ ਹੀ ਦਿੰਦਾ ਹੈ। ਕੀ ਦਿਓਗੇ ਤੁਸੀਂ? ਇੱਕ ਆਦਮੀ ਧਨ ਮੰਗ ਰਿਹਾ ਹੈ ਪਰਮਾਤਮਾ ਤੋਂ। ਪਰ ਦੋਹਾਂ ਦੀ ਨਜ਼ਰ ਤਾਂ ਧਨ ਉਤੇ ਹੈ। ਮੰਗਣ ਵਾਲੇ ਦੀ ਵੀ ਤੇ ਦੇਣ ਵਾਲੇ ਦੀ ਵੀ। ਤੇ ਇਹ ਤਾਂ ਹੋ ਵੀ ਸਕਦਾ ਹੈ। ਕਿ ਮੰਗਣ ਵਾਲਾ ਨਿਮਰਤਾ ਵਾਲਾ ਹੋਵੇ, ਦਾਨ ਕਰਨ ਵਾਲਾ ਕਿਵੇਂ ਨਿਮਰਤਾਵਾਨ ਹੋਏਗਾ? ਉਹ ਤਾਂ ਕਹੇਗਾ ਮੈਂ ਦਾਤਾ ਹਾਂ ਅਤੇ ਦਾਤਾ ਕੇਵਲ ਇੱਕ ਹੈ। ਤੁਸੀਂ ਕਿਵੇਂ ਦਾਤਾ ਹੋ ਸਕਦੇ ਹੋ। ਦਿਓਗੇ ਤੁਸੀਂ ਕੀ? ਜੋ ਤੁਹਾਡੇ ਕੋਲ ਹੈ। ਉਹ ਹੀ ਦਿਓਗੇ ਨਾ? ਤੁਹਾਡੇ ਕੋਲ ਕੀ ਹੈ? ਕੰਕੜ, ਪੱਥਰ, ਚਾਂਦੀ, ਸੋਨੇ ਦੇ ਠੀਕਰੇ, ਕਾਗਜ਼ ਦੇ ਨੋਟ ਸਭ ਆਦਮੀ ਦੀਆਂ ਮਾਨਯਤਾਵਾਂ ਹਨ। ਤੁਸੀਂ ਦਿਓਗੇ ਕੀ?

ਨਾਨਕ ਕਹਿੰਦੇ ਹਨ, ਨਾ ਮੰਗਣ ਵਿੱਚ ਸ਼ਕਤੀ ਹੈ, ਨਾ ਦਾਨ ਵਿੱਚ ਸ਼ਕਤੀ ਹੈ, ਨਾ ਜੀਵਨ ਵਿੱਚ ਸ਼ਕਤੀ ਹੈ, ਨਾ ਮਰਨ ਵਿੱਚ ਸ਼ਕਤੀ ਹੈ।

ਤੁਸੀਂ ਜੀ ਕੇ ਉਸ ਨੂੰ ਨਹੀਂ ਪਾ ਰਹੇ ਹੋ। ਕਈ ਲੋਕ ਸੋਚਦੇ ਹਨ ਕਿ ਮਰ ਜਾਈਏ। ਉਨ੍ਹਾਂ ਨੂੰ ਤੁਸੀਂ ਥਾਂ-ਥਾਂ ਤੇ ਆਸ਼ਰਮਾਂ ਵਿੱਚ ਬੈਠੇ ਹੋਏ ਪਾਓਗੇ। ਇੱਕ ਦਮ ਮਰਨ ਦੀ ਹਿੰਮਤ ਨਹੀਂ ਹੈ, ਤਾਂ ਹੌਲੀ-ਹੌਲੀ ਮਰਦੇ ਹਨ। ਹੌਲੀ-ਹੌਲੀ ਮਰਨ ਦਾ ਨਾਮ ਲੋਕਾਂ ਨੇ ਸੰਨਿਆਸ ਬਣਾ ਰੱਖਿਆ ਹੈ। ਹੌਲੀ-ਹੌਲੀ ਮਰਦੇ ਹਨ....।

ਪਹਿਲਾਂ ਸੰਸਾਰ ਤੋਂ ਭੱਜ ਗਏ। ਤਾਂ ਨੱਬੇ ਫੀਸਦੀ ਜ਼ਿੰਦਗੀ ਤਾਂ ਖ਼ਤਮ ਹੀ ਹੋ ਗਈ, ਕਿਉਂਕਿ ਜ਼ਿੰਦਗੀ ਨੱਬੇ ਫੀਸਦੀ ਤਾਂ ਉਥੇ ਸੀ। ਫ਼ਿਰ ਆਸ਼ਰਮ ਵਿੱਚ ਬਹਿ ਗਏ। ਦੋ ਵਾਰ ਖਾਣਾ ਨਾ ਖਾਧਾ ਇੱਕ ਵਾਰ ਖਾਧਾ ਅਤੇ ਪੰਜਾਹ ਫੀਸਦੀ ਮਰੇ। ਇਸ ਤਰ੍ਹਾਂ ਰੋਜ਼ ਕਟਦੇ ਜਾਂਦੇ ਹਨ। ਇਸੇ ਤਰ੍ਹਾਂ ਰੋਜ਼ ਆਪਣੇ ਆਪ ਨੂੰ ਕੱਟ ਕੇ ਅਪੰਗ ਕਰਦੇ ਹਨ। ਫ਼ਿਰ ਜੀਉਂਦੇ ਹਨ। ਉਹ ਜੀਊਂਣਾ ਕਰੀਬ-ਕਰੀਬ ਮਰਨ ਵਰਗਾ ਹੈ।

ਨਾਨਕ ਕਹਿੰਦੇ ਹਨ, 'ਨਾ ਤੁਹਾਡੇ ਜੀਉਂਣ 'ਚ ਸ਼ਕਤੀ ਹੈ, ਨਾ ਤੁਹਾਡੇ ਮਰਨ 'ਚ।' ਤੁਸੀਂ ਜੀ ਕੇ ਉਸ ਨੂੰ ਨਹੀਂ ਪਾ ਸਕੇ, ਮਰ ਕੇ ਉਸ ਨੂੰ ਕਿਵੇਂ ਪਾ ਲਓਗੇ? ਤੁਸੀਂ ਹੀ ਤਾਂ ਮਰੋਗੇ ਨਾ! ਤੁਸੀਂ ਫ਼ੇਰ ਪੈਦਾ ਹੋ ਜਾਓਗੇ। ਤੁਸੀਂ ਇਥੋਂ ਹਟੋਗੇ, ਉਥੇ ਹੋ ਜਾਓਗੇ। ਥਾਂ ਬਦਲੇਗਾ, ਤੁਸੀਂ ਕਿਵੇਂ ਬਦਲੋਗੇ?

ਨਾਨਕ ਵੱਡੀ ਮਹੱਤਵਪੂਰਨ ਗੱਲ ਕਹਿ ਰਹੇ ਹਨ। ਖਿਆਲ ਰੱਖਣਾ। ਹਿਰਦੇ ਵਿੱਚ ਉਨ੍ਹਾਂ ਨੂੰ ਗੂੰਜਣ ਦੇਣਾ। ਨਾ ਜੀਵਨ ਵਿੱਚ ਸ਼ਕਤੀ ਹੈ, ਨਾ ਮਰਨ ਵਿੱਚ।

*ਜੋਰੁ ਨ ਜੀਵਣਿ ਮਰਣਿ ਨਹ ਜੋਰੁ॥ ਜੋਰੁ ਨ ਰਾਜਿ ਮਾਲਿ ਮਨਿ ਸੋਰੁ॥*

ਨਾ ਰਾਜ ਸੰਪਤੀ ਵਿੱਚ ਸ਼ਕਤੀ ਹੈ, ਨਾ ਮਨ ਦੇ ਸੰਕਲਪ-ਵਿਕਲਪ ਵਿੱਚ ਸ਼ਕਤੀ

ਹੈ। ਕੁਝ ਲੋਕ ਧਨ ਜੋੜਦੇ ਹਨ, ਕੁਝ ਲੋਕ ਯੋਗ ਜੋੜਦੇ ਹਨ। ਉਹ ਬੈਠ ਕੇ ਸੰਕਲਪ ਕਰਦੇ ਹਨ, ਮਨ ਨੂੰ ਇਕਾਗਰ ਕਰਦੇ ਹਨ। ਬਹੁਤ ਤਪੱਸਿਆ ਕਰਦੇ ਹਨ। ਪਰ ਨਾਨਕ ਕਹਿੰਦੇ ਹਨ, ਨਾ ਧਨ-ਸੰਪਤੀ ਵਿੱਚ ਜ਼ੋਰ ਹੈ, ਨਾ ਮਨ ਦੇ ਸੰਕਲਪ-ਵਿਕਲਪ ਵਿੱਚ ਜ਼ੋਰ ਹੈ।

ਅਤੇ ਸਭ ਤੋਂ ਮਹੱਤਵਪੂਰਨ ਗੱਲ ਕਹਿੰਦੇ ਹਨ ਕਿ ਨਾ ਸ੍ਰਿਸ਼ਟੀ ਵਿੱਚ, ਨਾ ਗਿਆਨ ਵਿੱਚ, ਨਾ ਵਿਚਾਰ ਵਿੱਚ। *'ਜੋਰੁ ਨ ਸੁਰਤੀ ਗਿਆਨਿ ਵੀਚਾਰਿ॥'*

ਵਿਚਾਰ ਵਿੱਚ ਤਾਂ ਜ਼ੋਰ ਨਹੀਂ ਹੈ, ਇਹ ਤਾਂ ਬਹੁਤ ਲੋਕਾਂ ਨੇ ਕਿਹਾ ਹੈ, ਕਿਉਂਕਿ ਵਿਚਾਰ ਤਾਂ ਸਤਹ ਦੀ ਹਲਚਲ ਹੈ। ਗਿਆਨ ਵਿੱਚ ਜ਼ੋਰ ਨਹੀਂ ਹੈ, ਬਹੁਤ ਲੋਕਾਂ ਨੇ ਕਿਹਾ ਹੈ। ਕਿਉਂਕਿ ਸ਼ਾਸਤ੍ਰ ਚੋਂ ਪੜ੍ਹ ਕੇ ਤੇ ਸੁਣ ਕੇ ਗੁਰੂ ਦੇ ਕੋਲੋਂ ਤੁਸੀਂ ਜੋ ਵੀ ਇਕੱਠਾ ਕਰ ਲੈਂਦੇ ਹੋ, ਉਸ ਵਿੱਚ ਕੀ ਜ਼ੋਰ ਹੈ? ਸਭ ਉਧਾਰ ਅਤੇ ਬੇਹਾ ਹੈ। ਪਰ ਨਾਨਕ ਆਖ਼ਰੀ ਸੱਟ ਮਾਰਦੇ ਹਨ। ਉਹ ਕਹਿੰਦੇ ਹਨ, 'ਜ਼ੋਰੁ ਨ ਸੁਰਤੀ, ਤੁਹਾਡੀ ਸਮ੍ਰਿਤੀ ਵਿੱਚ, ਤੁਹਾਡੇ ਸਮਰਣ ਕਰਨ ਦੀ ਸ਼ਕਤੀ ਵਿੱਚ, ਉਸਦੇ ਵਿੱਚ ਵੀ ਕੋਈ ਜ਼ੋਰ ਨਹੀਂ ਹੈ। ਤੁਸੀਂ ਹੀ ਤਾਂ ਸਮੱਰਣ ਕਰੋਗੇ ਨਾ?

ਹੁਣ ਇਹ ਬਹੁਤ ਮਜ਼ੇ ਦੀ ਗੱਲ ਹੈ। ਇਹ ਹੀ ਸਾਰੇ ਰਾਜ਼ ਦਾ ਜਿਹੜਾ ਵਿਵਾਦਸਪਦ (ਜਿਸ ਦੇ ਵਿਸ਼ੇ ਵਿੱਚ ਜਿਰਹ ਹੋਵੇ) ਰੂਪ ਹੈ, ਜੋ **Paradox** ਹੈ, ਉਹ ਪ੍ਰਗਟ ਹੁੰਦਾ ਹੈ। ਪੂਰੇ ਸਮੇਂ ਨਾਨਕ ਕਹਿੰਦੇ ਹਨ ਸੁਰਤਿ। ਉਸਦੀ ਯਾਦ। ਅਤੇ ਇਥੋਂ ਉਹ ਕਹਿੰਦੇ ਹਨ, ਉਸਦੀ ਯਾਦ ਵਿੱਚ ਵੀ ਕੋਈ ਜ਼ੋਰ ਨਹੀਂ।

ਇੱਕ ਚਰਣ (ਹਿੱਸਾ) ਹੈ ਉਸਦੀ ਯਾਦ, ਅਤੇ ਦੂਜਾ ਚਰਣ ਹੈ ਇਹ ਅਨੁਭਵ ਕਿ ਉਸਦੀ ਯਾਦ ਨਾਲ ਵੀ ਕੀ ਹੋਏਗਾ? ਮੈਂ ਹੀ ਤਾਂ ਉਸਦੀ ਯਾਦ ਕਰਾਂਗਾ ਨਾ? ਉਹ ਯਾਦ ਵੀ ਤਾਂ ਮੇਰੀ ਹੀ ਹੋਏਗੀ। ਮੈਂ ਹੀ ਤਾਂ ਪੁਕਾਰਾਂਗਾ? ਉਹ ਪੁਕਾਰ ਵੀ ਮੇਰੀ ਹੋਏਗੀ ਅਤੇ ਮੇਰੀ ਹੀ ਖਾਸਿਅਤ ਉਸਦੇ ਵਿੱਚ ਸਮਾਈ ਹੋਏਗੀ। ਉਸ ਵਿੱਚ ਵੀ ਕੀ ਜ਼ੋਰ ਹੋ ਸਕਦਾ ਹੈ।

ਦੂਜੀ ਘੜੀ ਨੇੜੇ ਆ ਰਹੀ ਹੈ, ਜਿੱਥੇ ਸਾਧਕ ਸਭ ਛੱਡ ਦਿੰਦਾ ਹੈ—ਸਭ ਕਰਕੇ, ਧਿਆਨ ਰੱਖਣਾ। ਛੇਤੀ ਨਾ ਕਰਨਾ ਛੱਡਣ ਦੀ। ਜੇਕਰ ਜ਼ਰਾ ਕੁ ਵੀ ਬਾਕੀ ਰਹਿ ਗਿਆ, ਕੋਈ ਫਲ ਨਹੀਂ ਹੋਏਗਾ। ਇਹ ਤਾਂ ਆਖ਼ਰੀ ਹੈ। ਜਦ ਕਰਨ ਨੂੰ ਕੁਝ ਵੀ ਨਹੀਂ ਬਚਦਾ। ਸੱਚ ਤਾਂ ਇਹ ਹੈ ਕਿ ਤੁਸੀਂ ਛੱਡਦੇ ਵੀ ਨਹੀਂ, ਛੁੱਟ ਜਾਂਦਾ ਹੈ। ਕਿਉਂਕਿ ਤੁਸੀਂ ਛਡੋਗੇ ਤਾਂ ਅਜੇ ਕੁਝ ਬਾਕੀ ਸੀ। ਤੁਸੀਂ ਕਰ ਲੈਂਦੇ ਹੋ, ਕਰ ਲੈਂਦੇ ਹੋ, ਥੱਕ ਜਾਂਦੇ ਹੋ, ਥੱਕ ਜਾਂਦੇ ਹੋ, ਆਖ਼ਰੀ ਘੜੀ ਆ ਜਾਂਦੀ ਹੈ ਕਿ ਤੁਸੀਂ ਡਿੱਗ ਪੈਂਦੇ ਹੋ। ਡਿੱਗਦੇ ਵੀ ਨਹੀਂ, ਆਪਣੇ ਵੱਲੋਂ। ਤੁਸੀਂ ਅਚਾਨਕ ਪਾਉਂਦੇ ਹੋ ਕਿ ਡਿੱਗ ਪਏ, ਹੁਣ ਕੋਈ ਹਿੱਲਣ ਦਾ

ਉਪਾਅ ਨਾ ਰਿਹਾ, ਕਿਤੇ ਜਾਣ ਦਾ ਉਪਾਅ ਨਾ ਰਿਹਾ, ਇਸ ਨੂੰ ਉਹ ਕਹਿ ਰਹੇ ਹਨ ਕਿ ਕਿਸੇ ਚੀਜ਼ ਵਿੱਚ ਜ਼ੋਰ ਨਹੀਂ। ਕਿਉਂਕਿ ਜ਼ੋਰ ਜੇਕਰ ਥੋੜ੍ਹਾ ਵੀ ਬਚਿਆ ਹੈ, ਤਾਂ ਹੋਰ ਟੁਰੋਗੇ।

ਨਾਨਕ ਕਹਿੰਦੇ ਹਨ —

*ਜੋਰੁ ਨ ਸੁਰਤੀ ਗਿਆਨਿ ਵੀਚਾਰਿ॥ ਜੋਰੁ ਨ ਜੁਗਤੀ ਛੁਟੈ ਸੰਸਾਰੁ॥*

ਅਤੇ ਸੰਸਾਰ ਨੂੰ ਛੱਡਣ ਦੀਆਂ ਜਿੰਨੀਆਂ ਜੁਗਤਾਂ ਹਨ, ਸਾਧਨ ਹਨ, ਵਿਧੀਆਂ ਹਨ, ਮੈਥਡਜ਼ ਹਨ, ਉਨ੍ਹਾਂ ਵਿੱਚ ਵੀ ਕੋਈ ਜ਼ੋਰ ਨਹੀਂ। ਸੱਚੀ ਸ਼ਕਤੀ ਤਾਂ ਉਸ ਪਰਮਾਤਮਾ ਦੇ ਹੱਥ ਵਿੱਚ ਹੈ, ਜਿਹੜਾ ਸ੍ਰਿਸ਼ਟੀ ਰਚਦਾ ਅਤੇ ਉਸ ਨੂੰ ਵੇਖਦਾ ਹੈ।

*ਜਿਸੁ ਹਥਿ ਜੋਰੁ ਕਰਿ ਵੇਖੈ ਸੋਇ॥ ਨਾਨਕ ਉਤਮੁ ਨੀਚੁ ਨ ਕੋਇ॥*

ਉਸਦੇ ਹੱਥ ਵਿੱਚ ਹੈ। ਪਰਮਾਤਮਾ ਦੇ ਹੱਥ ਵਿੱਚ ਸਾਰਾ ਜ਼ੋਰ ਹੈ, ਸਾਰੀ ਤਾਕਤ ਹੈ। ਤੁਸੀਂ ਨਿਰਬਲ ਹੋ ਜਾਓ, ਉਸਦਾ ਸਹਾਰਾ ਮਿਲ ਜਾਏਗਾ। ਤੁਸੀਂ ਬਲਵਾਨ ਰਹੇ, ਸਹਾਰੇ ਦੀ ਕੋਈ ਲੋੜ ਹੀ ਨਹੀਂ ਹੈ। 'ਨਿਰਬਲ ਕੇ ਬਲਰਾਮ'।

ਤੁਸੀਂ ਇਥੇ ਨਿਰਬਲ ਹੋਏ ਅਤੇ ਉਥੇ ਤੁਹਾਨੂੰ ਰਾਮ ਉਪਲਬਧ ਹੋਏ, ਉਹ ਨਿਰਬਲ ਦੇ ਹਨ, ਬਲਸ਼ਾਲੀ ਦੇ ਨਹੀਂ। ਬਲਸ਼ਾਲੀ ਨੂੰ ਕੋਈ ਜ਼ਰੂਰਤ ਹੀ ਨਹੀਂ। ਉਹ ਕਹਿੰਦਾ ਹੈ ਚੁੱਪ ਬੈਠੋ, ਤੁਸੀਂ ਆਪਣਾ ਕੰਮ ਕਰੋ। ਮੈਂ ਖੁਦ ਹੀ ਕਰ ਲਵਾਂਗਾ। ਉਹ ਰਾਮ ਨੂੰ ਛੱਡ ਦਿੰਦਾ ਹੈ। ਉਹ ਖੁਦ ਆਪਣੀ ਆਕੜ ਉਤੇ ਜੀਉਂਦਾ ਹੈ। ਉਹ ਰਾਮ ਦਾ ਸਹਾਰਾ ਵੀ ਨਹੀਂ ਚਾਹੁੰਦਾ। ਉਸ ਦੀ ਆਕੜ ਅਜੇ ਮਿਟੀ ਨਹੀਂ। ਅਜੇ ਉਹ ਇਹ ਨਹੀਂ ਸੋਚਦਾ ਕਿ ਮੈਨੂੰ ਉਸ ਦੀ ਕੋਈ ਜ਼ਰੂਰਤ ਹੈ। ਮੈਂ ਖੁਦ ਹੀ ਕਰ ਲਵਾਂਗਾ।

ਅਜਿਹਾ ਹੋਇਆ। ਇੱਕ ਈਸਾਈ ਫ਼ਕੀਰ ਔਰਤ ਹੋਈ ਸੇਂਟ ਥੇਰੇਸਾ। ਬਹੁਤ ਹੀ ਕੀਮਤੀ ਇਸਤ੍ਰੀ ਸੀ। ਉਸ ਨੇ ਇੱਕ ਦਿਨ ਪਿੰਡ ਦੇ ਚਰਚ ਵਿੱਚ ਜਾ ਕੇ ਐਲਾਨ ਕੀਤਾ ਕਿ ਮੈਂ ਇੱਕ ਬਹੁਤ ਵੱਡਾ ਪਰਮਾਤਮਾ ਦਾ ਮੰਦਰ ਬਨਾਉਣਾ ਚਾਹੁੰਦੀ ਹਾਂ। ਪਿੰਡ ਛੋਟਾ ਸੀ। ਚਰਚ ਵੀ ਬਹੁਤ ਛੋਟਾ ਸੀ। ਲੋਕਾਂ ਨੇ ਕਿਹਾ, ਅਸੀਂ ਕਿੱਥੋਂ ਪੈਸਾ ਇਕੱਠਾ ਕਰਾਂਗੇ? ਕਿੱਥੇ ਵੱਡਾ ਮੰਦਰ ਇੱਥੇ ਬਣਾਵਾਂਗੇ? ਕੌਣ ਦੇਵੇਗਾ, ਕਿੱਥੋਂ ਆਏਗਾ?

ਇੱਕ ਆਦਮੀ ਨੇ ਉਸ ਦੇ ਕੋਲੋਂ ਪੁੱਛਿਆ ਕਿ ਥੇਰੇਸਾ, ਇਹ ਤਾਂ ਠੀਕ ਹੈ ਕਿ ਤੂੰ ਬਣਾਉਣਾ ਚਾਹੁੰਦੀ ਹੈ, ਅਸੀਂ ਵੀ ਬਣਾਉਣਾ ਚਾਹਾਂਗੇ। ਪਰ ਤੇਰੇ ਕੋਲ ਪੈਸੇ ਕਿੰਨੇ ਹਨ?

ਥੇਰੇਸਾ ਨੇ ਆਪਣੀ ਜੇਬ੍ਹ ਵਿੱਚ ਹੱਥ ਪਾਇਆ, ਦੋ ਪੈਸੇ ਸਨ ਉਸ ਦੇ ਕੋਲ। ਉਸ

ਨੇ ਕਿਹਾ ਕਿ ਦੋ ਮੇਰੇ ਕੋਲ ਹਨ—ਇਨ੍ਹਾਂ ਨਾਲ ਕੰਮ ਸ਼ੁਰੂ ਹੋ ਜਾਏਗਾ। ਤਾਂ ਲੋਕ ਹੱਸਣ ਲੱਗੇ। ਲੋਕਾਂ ਨੇ ਕਿਹਾ ਕਿ ਸਾਨੂੰ ਪਹਿਲਾਂ ਹੀ ਸ਼ੱਕ ਸੀ ਕਿ ਤੇਰਾ ਦਿਮਾਗ਼ ਖ਼ਰਾਬ ਹੈ। ਦੋ ਪੈਸਿਆਂ ਨਾਲ ਮਹਾਨ ਮੰਦਰ ਬਣਾਉਣ ਦੀ ਯੋਜਨਾ ਬਣਾ ਰਹੀ ਹੈ? ਕਰੋੜਾਂ ਰੁਪਏ ਦੀ ਜ਼ਰੂਰਤ ਪਏਗੀ।

ਸੇਂਟ ਥੇਰੇਸਾ ਨੇ ਕਿਹਾ ਕਿ ਤੁਹਾਨੂੰ ਇਹ ਦੋ ਵਿਖਾਈ ਦਿੰਦੇ ਹਨ, ਇਹ ਤਾਂ ਠੀਕ ਹੈ। ਮੇਰੇ ਕੋਲ ਦੋ ਹਨ। ਪਰ ਉਸ ਦੇ ਕੋਲ? ਉਹ ਵੀ ਮੇਰੇ ਨਾਲ ਹੈ। ਦੋ ਪੈਸੇ+ਪਰਮਾਤਮਾ, ਕਿੰਨਾ ਹੁੰਦਾ ਹੈ ਹਿਸਾਬ, ਉਸ ਨੇ ਕਿਹਾ? ਅਤੇ ਦੋ ਪੈਸੇ ਤਾਂ ਸਿਰਫ਼ ਸ਼ੁਰੂਆਤ ਦੇ ਲਈ ਹਨ। ਆਖ਼ਰ ਵਿੱਚ ਤਾਂ ਉਸੇ ਨੇ ਕਿਹਾ ਦੋ ਹੀ ਪੈਸਿਆਂ ਦੀ ਸਾਡੀ ਸ਼ਕਤੀ ਹੈ, ਬਾਕੀ ਤਾਂ ਉਸੇ ਦੀ ਹੈ ਅਤੇ ਦੋ ਪੈਸੇ ਸਾਡੇ ਕੋਲ ਹਨ, ਓਨੇ ਤੱਕ ਅਸੀਂ ਜਾਵਾਂਗੇ, ਫ਼ਿਰ ਉਸ ਨੂੰ ਕਹਾਂਗੇ, ਹੁਣ ਤੇਰੀ ਮਰਜ਼ੀ।

ਅਤੇ ਉਹ ਮੰਦਰ ਬਣਿਆ, ਉਹ ਮੰਦਰ ਅੱਜ ਵੀ ਖਲੋਤਾ ਹੈ। ਵਿਰਾਟ ਮੰਦਰ ਬਣਿਆ ਹੈ। ਉਹ ਮੰਦਰ ਤੁਹਾਡੀ ਸ਼ਕਤੀ ਨਾਲ ਨਹੀਂ ਬਣਦਾ। ਤੁਹਾਡੇ ਕੋਲ ਤਾਂ ਦੋ ਪੈਸੇ ਹਨ, ਉਨ੍ਹਾਂ ਨਾਲ ਤਾਂ ਤੁਸੀਂ ਕਲਪਣਾ ਵੀ ਨਹੀਂ ਕਰ ਸਕਦੇ, ਬਣਾਉਣ ਦੀ। ਕੀ ਬਣੇਗਾ? ਤੁਸੀਂ ਹੋ ਕੀ? ਤੁਹਾਡੇ ਕੋਲੋਂ ਹੋਏਗਾ ਕੀ? ਤੁਸੀਂ ਕੀ ਪਾ ਸਕੋਗੇ? ਵੱਡੇ ਮੰਦਰ ਨੂੰ ਬਣਾਉਣ ਚੱਲੇ ਹੋ, ਲੇਕਿਨ ਦੋ ਪੈਸੇ+ਪਰਮਾਤਮਾ ਤਦ ਅਪਾਰ ਸੰਪੱਤੀ ਤੁਹਾਡੇ ਕੋਲ ਹੈ। ਫ਼ਿਰ ਕੋਈ ਹਰਜ਼ਾ ਨਹੀਂ। ਫ਼ਿਰ ਤੁਸੀਂ ਜੋ ਵੀ ਬਣਾਉਣਾ ਚਾਹੋਗੇ, ਬਣੇਗਾ। ਪਰ ਤੁਸੀਂ ਦੋ ਹੀ ਪੈਸੇ ਰਹਿਣਾ।

ਜਿਵੇਂ ਹੀ ਤੁਸੀਂ ਨਿਰਬਲ ਹੋਏ, ਪਰਮ ਸ਼ਕਤੀ ਦਾ ਸਰੋਤ (ਝਰਨਾ) ਉਪਲਬਧ ਹੋ ਜਾਂਦਾ ਹੈ। ਜਦ ਤੱਕ ਤੁਸੀਂ ਬਲਵਾਨ ਹੋ, ਤਦ ਤੱਕ ਦੋ ਪੈਸਿਆਂ ਤੋਂ ਜ਼ਿਆਦਾ ਤੁਹਾਡੀ ਸ਼ਕਤੀ ਨਹੀਂ।

ਇਸ ਲਈ ਨਾਨਕ ਦੋਹਰਾ ਰਹੇ ਹਨ, ਨਾ ਇਸ ਵਿੱਚ ਸ਼ਕਤੀ ਹੈ, ਨਾ ਉਸ ਵਿੱਚ ਸ਼ਕਤੀ। ਉਹ ਤੁਹਾਡੇ ਤੋਂ ਸ਼ਕਤੀ ਖੋਹ ਰਹੇ ਹਨ। ਇਸ ਲਈ ਮੈਂ ਕਹਿੰਦਾ ਹਾਂ, ਸਤਿਗੁਰੂ ਤੁਹਾਡੇ ਕੋਲੋਂ ਖੋਹ ਲੈਂਦਾ ਹੈ, ਤੁਹਾਨੂੰ ਦਿੰਦਾ ਨਹੀਂ। ਤੁਹਾਨੂੰ ਨਿਰਬਲ ਬਣਾ ਦਿੰਦਾ ਹੈ, ਤੁਹਾਨੂੰ ਬੇ-ਸਹਾਰਾ ਕਰ ਦਿੰਦਾ ਹੈ। ਤੁਹਾਨੂੰ ਉਸ ਹਾਲਤ ਵਿੱਚ ਛੱਡ ਦਿੰਦਾ ਹੈ ਜਿਵੇਂ ਰੇਗਿਸਤਾਨ ਵਿੱਚ ਕੋਈ ਪਿਆ ਹੋਵੇ ਅਤੇ ਪਿਆਸਾ ਹੋਵੇ, ਤੇ ਜਲ-ਸਰੋਤ (ਪਾਣੀ ਦਾ ਝਰਨਾ) ਕੋਈ ਨੇੜੇ ਨਾ ਹੋਵੇ। ਉਸ ਪਲ ਜੋ ਪਿਆਸ ਪ੍ਰਾਰਥਨਾ ਦੀ ਉੱਠੇਗੀ, ਉਥੇ ਹੀ ਤੁਸੀਂ ਪਾਓਗੇ, 'ਨਿਰਬਲ ਕੇ ਬਲਰਾਮ।' ਉਥੇ ਹੀ ਤੁਸੀਂ ਪਾਓਗੇ, ਕਿ ਪਰਮਾਤਮਾ ਉਪਲਬਧ ਹੈ।

ਰੇਗਿਸਤਾਨ ਤੋਂ ਉਠੀ ਪਿਆਸ ਜਦ ਤੁਹਾਡੇ ਜੀਵਨ ਵਿੱਚ ਉੱਠੇਗੀ ਉਸ ਪਲ।

ਜਦ ਤੁਸੀਂ ਪੂਰੀ ਤਰ੍ਹਾਂ ਅਸਹਾਏ (ਬੇ-ਸਹਾਰਾ) ਹੋਵੋ, ਤਦ ਹੀ ਉਸ ਪਰਮ ਦਾ ਸਹਾਰਾ ਮਿਲਦਾ ਹੈ। ਇਸ ਲਈ ਨਾਨਕ ਕਹਿੰਦੇ ਹਨ ਅਤੇ ਧਿਆਨ ਰੱਖਣਾ, ਉਥੇ ਨਾ ਕੋਈ ਉੱਚ ਹੈ, ਨਾ ਕੋਈ ਨੀਚ।

*'ਨਾਨਕ ਉਤਮੁ ਨੀਚੁ ਨ ਕੋਇ॥'*

ਇਸ ਲਈ ਤੁਸੀਂ ਇਹ ਫ਼ਿਕਰ ਨਾ ਕਰਨਾ। ਉਥੇ ਸਭ ਬਰਾਬਰ ਹਨ। ਇਸ ਲਈ ਡਰਨਾ ਨਹੀਂ ਕਿ ਸ਼ਕਤੀਸ਼ਾਲੀ ਪਹਿਲਾਂ ਪੁੱਜ ਜਾਣਗੇ ਕਿ ਗਿਆਨੀ ਪਹਿਲਾਂ ਪੁੱਜ ਜਾਣਗੇ ਕਿ ਜਿਨ੍ਹਾਂ ਨੇ ਚੰਗੇ ਕਰਮ ਕੀਤੇ ਹਨ, ਉਹ ਪਹਿਲਾਂ ਪੁੱਜ ਜਾਣਗੇ ਕਿ ਦਾਨੀ ਪਹਿਲਾਂ ਪੁੱਜ ਜਾਣਗੇ, ਫ਼ਿਰਕ ਨਾ ਕਰਨਾ। ਉਥੇ ਕੋਈ ਉੱਚ-ਨੀਚ ਨਹੀਂ ਹੈ।

ਜੇਕਰ ਉੱਚ-ਨੀਚ ਹੈ ਤਾਂ ਤੁਹਾਡੇ ਆਪਣੇ ਕਾਰਣ ਹੈ। ਉਸ ਦੇ ਕਾਰਣ ਨਹੀਂ। ਉਸ ਦੀਆਂ ਅੱਖਾਂ ਦੇ ਕਾਰਣ ਨਹੀਂ। ਜੇਕਰ ਤੁਸੀਂ ਆਪਣੇ ਆਪ ਨੂੰ ਬਿਲਕੁਲ ਗੁਆਇਆ, ਤੁਸੀਂ ਉਚੇ ਹੋ ਜਾਓਗੇ। ਜੇਕਰ ਤੁਸੀਂ ਆਪਣੇ ਆਪ ਨੂੰ ਬਚਾਇਆ, ਤੁਸੀਂ ਨੀਚ ਹੋ ਜਾਓਗੇ।

ਜੀਸਸ ਦਾ ਵਚਨ ਹੈ, 'ਜਿਹੜਾ ਆਪਣੇ ਆਪ ਨੂੰ ਗੁਆਏਗਾ, ਉਹ ਪਾ ਲਵੇਗਾ ਅਤੇ ਜਿਹੜਾ ਆਪਣੇ ਆਪ ਨੂੰ ਬਚਾਏਗਾ, ਉਹ ਸਦਾ ਦੇ ਲਈ ਗੁਆ ਦੇਵੇਗਾ।'

ਤੁਸੀਂ ਆਪਣੇ ਨੂੰ ਬਚਾਉਣਾ ਨਹੀਂ। ਉਹ ਹੀ ਇੱਕ ਮਾਤ੍ਰ ਭੁੱਲ ਹੈ। ਜਿਹੜੀ ਆਦਮੀ ਕਰ ਸਕਦਾ ਹੈ। ਤਦ ਦੋ ਹੀ ਪੈਸੇ ਕੋਲ ਰਹਿ ਜਾਂਦੇ ਹਨ। ਤਦ ਜੀਵਨ ਗ਼ਰੀਬੀ ਦਾ ਹੋ ਜਾਂਦਾ ਹੈ। ਤੁਸੀਂ ਆਪਣੇ ਆਪ ਨੂੰ ਬਚਾਉਣਾ ਨਾ। ਅਤੇ ਤਦ ਤੁਸੀਂ ਪਾਉਂਦੇ ਹੋ ਕਿ ਦੋ ਪੈਸੇ ਤਾਂ ਕੁਝ ਵੀ ਨਹੀਂ ਰਹੇ, ਪੂਰੇ ਪਰਮਾਤਮਾ ਦੀ ਊਰਜਾ ਤੁਹਾਨੂੰ ਮਿਲ ਗਈ। ਤਦ ਜੀਵਨ ਬਾਦਸ਼ਾਹ ਦਾ ਹੋ ਜਾਂਦਾ ਹੈ। ਭਿਖਾਰੀ ਤੁਸੀਂ ਆਪਣੇ ਹੱਥ ਨਾਲ ਹੋ। ਬਾਦਸ਼ਾਹ ਤੁਸੀਂ ਉਸਦੀ ਕਿਰਪਾ ਨਾਲ ਹੋ ਸਕਦੇ ਹੋ।

*ਅੱਜ ਏਨਾ ਹੀ।*

# ੴ ਸਤਿਨਾਮੁ

## ਨਾਨਕ ਬਾਣੀ

ਓਸ਼ੋ ਨੇ ਨਾਨਕ ਬਾਣੀ-ਜਪੁਜੀ ਸਾਹਿਬ ਉਤੇ ਹਿੰਦੀ ਭਾਸ਼ਾ ਵਿੱਚ 20 ਪ੍ਰਵਚਨ ਦਿੱਤੇ ਸਨ। ਉਸ ਕਿਤਾਬ ਦਾ ਨਾਮ —ੴ ਸਤਿਨਾਮੁ ਹੈ। ਇਹ ਪੰਜਾਬੀ ਅਨੁਵਾਦ ਉਨ੍ਹਾਂ ਹੀ 20 ਪ੍ਰਵਚਨਾ ਦੀ ਲਫ਼ਜ਼-ਬ-ਲਫ਼ਜ਼ ਰਚਨਾ ਹੈ।




# ਕਰਮੀ ਕਰਮੀ ਹੋਇ ਵੀਚਾਰੁ

ਰਾਤੀ ਰੁਤੀ ਥਿਤੀ ਵਾਰ॥ ਪਵਣ ਪਾਣੀ ਅਗਨੀ ਪਾਤਾਲ॥
ਤਿਸੁ ਵਿਚਿ ਧਰਤੀ ਥਾਪਿ ਰਖੀ ਧਰਮਸਾਲ॥
ਤਿਸੁ ਵਿਚਿ ਜੀਅ ਜੁਗਤਿ ਕੇ ਰੰਗ॥
ਤਿਨ ਕੇ ਨਾਮ ਅਨੇਕ ਅਨੰਤ॥ ਕਰਮੀ ਕਰਮੀ ਹੋਇ ਵੀਚਾਰੁ॥
ਸਚਾ ਆਪਿ ਸਚਾ ਦਰਬਾਰੁ॥ ਤਿਥੈ ਸੋਹਨਿ ਪੰਚ ਪਰਵਾਣੁ॥
ਨਦਰੀ ਕਰਮਿ ਪਵੈ ਨੀਸਾਣੁ॥ ਕਚ ਪਕਾਈ ਓਥੈ ਪਾਇ॥
ਨਾਨਕ ਗਇਆ ਜਾਪੈ ਜਾਇ॥ ੩੪॥

ਨਾਨਕ ਦੇ ਸੂਤਰ ਤੋਂ ਪਹਿਲਾਂ ਕੁਝ ਗੱਲਾਂ ਸਮਝ ਲੈਣੀਆਂ ਜ਼ਰੂਰੀ ਹਨ। ਪਹਿਲੀ ਗੱਲ ਕਿ ਜੀਵਨ ਨੂੰ ਜੋ ਨਿਸ਼ਾਨਾ ਮੰਨ ਲੈਂਦਾ ਹੈ, ਉਹ ਭਟਕ ਜਾਂਦਾ ਹੈ। ਜੀਵਨ ਕੇਵਲ ਇੱਕ ਮੌਕਾ ਹੈ, ਨਿਸ਼ਾਨਾ ਨਹੀਂ। ਮਾਰਗ ਹੈ, ਮੰਜ਼ਿਲ ਨਹੀਂ। ਉਸ ਨਾਲ ਕਿਤੇ ਪੁੱਜਣਾ ਹੈ। ਜੀਉਂਦੇ ਹੋਣ ਨਾਲ ਹੀ ਨਾ ਸਮਝ ਲੈਣਾ ਕਿ ਪੁੱਜ ਗਏ। ਜੀਵਨ ਕੋਈ ਸਿੱਧੀ ਨਹੀਂ ਹੈ। ਕੇਵਲ ਇੱਕ ਪ੍ਰਕ੍ਰਿਆ ਹੈ, ਉਸ ਵਿਚੋਂ ਠੀਕ ਤਰ੍ਹਾਂ ਲੰਘੇ ਤਾਂ ਪੁੱਜ ਜਾਓਗੇ। ਠੀਕ ਤਰ੍ਹਾਂ ਨਾ ਲੰਘੇ, ਤਾਂ ਭਟਕ ਜਾਓਗੇ।

ਜੀਵਨ ਨੂੰ ਹੀ ਜਿਹੜਾ ਸਭ ਕੁਝ ਮੰਨ ਲੈਂਦਾ ਹੈ, ਉਹ ਹੀ ਨਾਸਤਿਕ ਹੈ ਅਤੇ ਜੀਵਨ ਤੋਂ ਪਾਰ ਪੁੱਜਣ ਦੀ ਜਿਸ ਕੋਲ ਕੋਈ ਮੰਜਿਲ ਹੈ, ਉਹ ਹੀ ਆਸਤਿਕ ਹੈ। ਆਸਤਿਕ ਲਈ ਜੀਵਨ ਵਿੱਚ ਪੜਾਓ ਹੈ। ਨਾਨਕ ਕਹਿੰਦੇ ਹਨ, 'ਧਰਮਸ਼ਾਲਾ', ਉਥੇ ਰੁਕਣਾ ਹੈ ਕੁਝ ਦੇਰ। ਪਰ ਸਦਾ ਲਈ ਉਸ ਨੂੰ ਘਰ ਨਹੀਂ ਬਣਾ ਲੈਣਾ। ਜਿਸ ਨੇ ਉਸ ਨੂੰ ਹੀ ਘਰ ਬਣਾ ਲਿਆ, ਉਹ ਅਸਲੀ ਘਰ ਤੋਂ ਵਾਂਝਿਆ ਰਹਿ ਜਾਵੇਗਾ। ਟੁਰੇ ਸੀ, ਕੁਝ ਪਾਉਂਣ ਲਈ, ਰਾਹ ਵਿੱਚ ਹੀ ਘਰ ਸਮਝ ਲਿਆ, ਤਾਂ ਫ਼ਿਰ ਮੰਜ਼ਿਲ ਤੱਕ ਕਿਵੇਂ ਪੱਜੋਗੇ? ਕੌਣ ਚਲੇਗਾ।

ਸੰਸਾਰ ਘਰ ਨਹੀਂ ਹੈ ਅਤੇ ਜਿਨ੍ਹਾਂ ਨੇ ਸੰਸਾਰ ਨੂੰ ਘਰ ਬਣਾ ਲਿਆ, ਉਨ੍ਹਾਂ ਨੂੰ ਹੀ ਅਸੀਂ ਗ੍ਰਹਿਸਥ ਕਹਿੰਦੇ ਹਾਂ। ਗ੍ਰਹਿਸਥੀ ਦਾ ਅਰਥ ਇਹ ਨਹੀਂ ਕਿ ਤੁਸੀਂ ਘਰ ਵਿੱਚ ਰਹਿੰਦੇ ਹੋ। ਗ੍ਰਹਿਸਥ ਦਾ ਅਰਥ ਹੈ ਕਿ ਸੰਸਾਰ ਨੂੰ ਘਰ ਬਣਾ ਲਿਆ।

ਸੰਨਿਆਸੀ ਦਾ ਅਰਥ ਹੈ ਕਿ ਸੰਸਾਰ ਧਰਮਸ਼ਾਲਾ ਹੈ, ਘਰ ਨਹੀਂ। ਰਹਿੰਦਾ ਤਾਂ ਉਹ ਵੀ ਉਥੇ ਹੀ ਹੈ, ਜਾਏਗਾ ਕਿੱਥੇ? ਰਹਿਣਾ ਤਾਂ ਘਰ ਵਿੱਚ ਹੀ ਪਏਗਾ, ਪਰ ਘਰ ਨੂੰ ਵੇਖਣ ਦਾ ਢੰਗ ਬਦਲ ਜਾਂਦਾ ਹੈ। ਤੁਸੀਂ ਘਰ ਨੂੰ ਸਮਝਦੇ ਹੋ। ਇਹ ਹੀ ਮੰਜ਼ਿਲ ਹੈ, ਪਹੁੰਚ ਗਏ ਅਤੇ ਸੰਨਿਆਸੀ ਸਮਝਦਾ ਹੈ, ਧਰਮਸ਼ਾਲਾ ਹੈ, ਸਰਾਂ ਹੈ, ਕਿਤੇ ਹੋਰ ਜਾਣਾ ਹੈ ਅਤੇ ਮੰਜ਼ਿਲ ਨੂੰ ਭੁੱਲਦਾ ਨਹੀਂ। ਕਿਤੇ ਵੀ ਰੁਕੇ, ਹਜ਼ਾਰਾਂ ਧਰਮਸ਼ਾਲਾਵਾਂ ਵਿੱਚ ਰੁਕਣਾ ਪਏ, ਤਾਂ ਵੀ ਮੰਜ਼ਿਲ ਦੀ ਯਾਦ ਰੱਖਦਾ ਹੈ, ਉਹ ਹੀ 'ਸੁਰਤਿ' ਹੈ।

ਉਸ ਯਾਦ ਨੂੰ ਜਿਸ ਨੇ ਰੱਖਿਆ, ਜਿਸ ਨੇ ਉਸ ਯਾਦ ਦੇ ਧਾਗੇ ਨੂੰ ਨਾ ਗੁਆਇਆ, ਉਹ ਸਾਰੀਆਂ ਧਰਮਸ਼ਾਲਾਵਾਂ ਵਿੱਚ ਰੁਕੇਗਾ ਅਤੇ ਪਾਰ ਹੁੰਦਾ ਜਾਏਗਾ। ਕੋਈ ਧਰਮਸ਼ਾਲਾ ਉਸ ਨੂੰ ਫੜ ਨਹੀਂ ਸਕੇਗੀ। ਰਹੇਗਾ ਸੰਸਾਰ ਵਿੱਚ, ਪਰ ਸੰਸਾਰ ਤੋਂ ਬਾਹਰ ਰਹੇਗਾ। ਤੁਹਾਡੀ ਮੰਜ਼ਿਲ ਜਿੱਥੇ ਹੈ, ਉਥੇ ਹੀ ਤੁਸੀਂ ਹੋ, ਜਿੱਥੇ ਤੁਸੀਂ ਜਾ ਨਾ ਹੋ, ਉਥੇ ਹੀ ਤੁਸੀਂ ਹੋ। ਉਥੇ ਤੁਸੀਂ ਨਹੀਂ ਹੁੰਦੇ, ਜਿੱਥੇ ਤੁਸੀਂ ਹੋ। ਜਿੱਥੇ ਤੁਸੀਂ ਪੁੱਜਣਾ ਚਾਹੁੰਦੇ ਹੋ, ਜਿੱਥੇ ਤੁਹਾਡਾ ਧਿਆਨ ਹੁੰਦਾ ਹੈ, ਉਥੇ ਹੀ ਤੁਸੀਂ ਹੋ। ਇਹ ਪਹਿਲੀ ਗੱਲ ਸਮਝ ਲੈਣੀ ਜ਼ਰੂਰੀ ਹੈ।

ਬਹੁਤ ਲੋਕ, ਕਰੀਬ-ਕਰੀਬ ਸਭ ਹੀ, ਕਰੋੜਾਂ ਵਿਚੋਂ ਕਦੇ ਇੱਕ ਅੱਧੇ ਨੂੰ ਛੱਡ ਕੇ, ਜੋ ਮਿਲਿਆ ਹੈ, ਸਮਝਦੇ ਹਨ ਇਹ ਹੀ ਅੰਤ ਹੈ। ਜੋ ਮਿਲਿਆ ਹੈ ਇਹ ਤਾਂ ਆਰੰਭ ਵੀ ਨਹੀਂ ਹੈ। ਇਹ ਤਾਂ ਭਵਨ ਦਾ ਦਰਵਾਜ਼ਾ ਵੀ ਨਹੀਂ ਹੈ। ਇਹ ਤਾਂ ਭਵਨ ਦੀਆਂ ਪੌੜੀਆਂ ਵੀ ਨਹੀਂ ਹਨ। ਤੁਸੀਂ ਤਾਂ ਮਾਰਗ ਉਤੇ ਹੋ, ਜੇ ਤਾਂ ਪੌੜੀਆਂ ਆਉਣਗੀਆਂ, ਜਿਸ ਦੇ ਜੀਵਨ ਵਿੱਚ ਪੌੜੀਆਂ ਆ ਗਈਆਂ, ਧਰਮ ਆ ਗਿਆ। ਜਿਹੜਾ ਮਾਰਗ ਉਤੇ ਹੈ, ਉਹ ਸੰਸਾਰੀ ਹੈ। ਜਿਸ ਦੇ ਜੀਵਨ ਵਿੱਚ ਪੌੜੀਆਂ ਆ ਗਈਆਂ, ਉਹ ਸਾਧਕ ਅਤੇ ਜਿਹੜਾ ਭਵਨ ਦੇ ਵਿੱਚ ਇਜ਼ਤਦਾਰ ਹੋ ਗਿਆ, ਉਹ ਸਿੱਧ। ਤੁਹਾਡੇ ਜੀਵਨ ਵਿੱਚ ਅਜੇ ਪੌੜੀਆਂ ਵੀ ਨਹੀਂ ਆਈਆਂ ਹਨ। ਅਜੇ ਤੁਸੀਂ ਸਾਧਨਾ ਵੀ ਸ਼ੁਰੂ ਨਹੀਂ ਕੀਤੀ ਹੈ।

ਅਤੇ ਇਸ ਭਰਮ ਦਾ ਡੂੰਘੇ ਤੋਂ ਡੂੰਘਾ ਕਾਰਣ ਇਹੀ ਹੈ ਕਿ ਤੁਹਾਨੂੰ ਜੋ ਮਿਲ ਗਿਆ ਹੈ, ਤੁਸੀਂ ਉਸਦੇ ਨਾਲ ਸੰਤੁਸ਼ਟ ਹੋ ਗਏ ਹੋ। ਧਿਆਨ ਰੱਖਣਾ, ਧਾਰਮਿਕ ਆਦਮੀ ਇੱਕ ਅਰਥ ਵਿੱਚ ਤਾਂ ਬਿਲਕੁਲ ਸੰਤੁਸ਼ਟ ਹੁੰਦਾ ਹੈ ਅਤੇ ਇੱਕ ਦੂਜੇ ਅਰਥ ਵਿੱਚ ਉਸ ਤੋਂ ਬਹੁਤਾ ਅਸੰਤੁਸ਼ਟ ਆਦਮੀ ਲੱਭਣਾ ਮੁਸ਼ਕਿਲ ਹੈ। ਸੰਤੁਸ਼ਟ ਹੁੰਦਾ ਹੈ ਇਸ ਅਰਥ ਵਿੱਚ ਕਿ ਪਰਮਾਤਮਾ ਨਾਲ ਉਸਦੀ ਕੋਈ ਸ਼ਿਕਾਇਤ ਨਹੀਂ ਅਤੇ ਅਸੰਤੁਸ਼ਟ ਹੁੰਦਾ ਹੈ ਇਸ ਅਰਥ ਵਿੱਚ ਕਿ ਆਪਣੇ ਆਪ ਨਾਲ ਉਸ ਨੂੰ ਬਹੁਤ ਸ਼ਿਕਾਇਤ ਹੈ।

ਅਧਾਰਮਿਕ ਆਦਮੀ ਦੀ ਪਰਮਾਤਮਾ ਨਾਲ ਤਾਂ ਸ਼ਿਕਾਇਤ ਹੁੰਦੀ ਹੈ—ਤੂੰ ਇਹ ਨਹੀਂ ਦਿੱਤਾ, ਤੂੰ ਉਹ ਨਹੀਂ ਦਿੱਤਾ, ਆਪਣੇ ਆਪ ਨਾਲ ਕੋਈ ਸ਼ਿਕਾਇਤ ਨਹੀਂ ਹੁੰਦੀ। ਆਪਣੇ ਆਪ ਨਾਲ ਅਧਾਰਮਿਕ ਆਦਮੀ ਸੰਤੁਸ਼ਟ ਹੁੰਦਾ ਹੈ। ਉਹ ਹੀ ਸੰਤੋਖ ਕਬਰ ਬਣ ਜਾਂਦੀ ਹੈ ਕਿਉਂਕਿ ਜੇਕਰ ਤੁਸੀਂ ਆਪਣੇ ਆਪ ਨਾਲ ਸੰਤੁਸ਼ਟ ਹੋ, ਤਾਂ ਵਿਕਸਿਤ ਕਿਵੇਂ ਹੋਵੋਗੇ? ਵਧੋਗੇ ਕਿਵੇਂ? ਆਕਾਸ਼ ਨੂੰ ਛੂਹਣ ਦੇ ਲਈ ਖੰਭ ਕਿਵੇਂ ਖੋਲ੍ਹੋਗੇ? ਤੁਸੀਂ ਆਪਣੇ ਆਲ੍ਹਣੇ ਵਿੱਚ ਹੀ ਕੈਦ ਹੋ ਜਾਓਗੇ। ਤੁਸੀਂ ਆਪਣੇ ਪਿੰਜਰੇ ਵਿੱਚ ਹੀ ਮਰ ਜਾਓਗੇ।

ਪਰਮਾਤਮਾ ਕੋਲੋਂ ਤਾਂ ਸੰਤੋਖ ਚਾਹੀਦਾ ਹੈ, ਆਪਣੇ ਆਪ ਤੋਂ ਅਸੰਤੋਖ। ਹਾਲਤ ਉਲਟੀ ਹੈ। ਆਪਣੇ ਆਪ ਤੋਂ ਤਾਂ ਅਸੀਂ ਸੰਤੁਸ਼ਟ ਹਾਂ। ਪਰਮਾਤਮਾ ਨਾਲ ਅਸੰਤੋਖ ਹੈ। ਸਾਰੇ ਜਗਤ ਲਈ ਸਾਡਾ ਅਸੰਤੋਖ ਹੈ। ਕੁਝ ਵੀ ਠੀਕ ਨਹੀਂ ਜਾਪਦਾ, ਸਿਰਫ਼ ਅਸੀਂ ਠੀਕ ਜਾਪਦੇ ਹਾਂ ਅਤੇ ਉਹ ਹੀ ਠੀਕ ਨਹੀਂ ਹੈ, ਬਾਕੀ ਸਭ ਠੀਕ ਹੈ। ਤੁਹਾਡੇ ਇਲਾਵਾ ਕਿਤੇ ਕੋਈ ਭੁੱਲ ਚੁੱਕ ਨਹੀਂ ਹੈ। ਸਾਰਾ ਜਗਤ ਬਹੁਤ ਸ਼ਾਂਤੀ ਅਤੇ ਆਨੰਦ-ਮਗਨਤਾ ਨਾਲ ਚੱਲ ਰਿਹਾ ਹੈ। ਕਿਤੇ ਕੋਈ ਰੁਕਾਵਟ ਨਹੀਂ ਹੈ। ਕੇਵਲ ਤੁਹਾਡੇ ਅੰਦਰ ਕੋਈ ਰੁਕਾਵਟ ਹੈ।

ਤਾਂ ਧਾਰਮਿਕ ਆਦਮੀ ਵਿੱਚ ਡੂੰਘਾ ਅਸੰਤੋਖ ਹੈ ਆਪਣੇ ਲਈ ਕਿ ਮੈਂ ਜਿਹੋ ਜਿਹਾ

ਹਾਂ ਪਰਮਾਤਮਾ ਦੇ ਲਾਇਕ ਨਹੀਂ ਹਾਂ। ਮੈਂ ਜਿਹੋ ਜਿਹਾ ਹਾਂ ਅਜੇ ਅਰਚਨਾ ਨਹੀਂ ਕਰ ਸਕਾਂਗਾ। ਅਜੇ ਪੂਜਾ ਨਹੀਂ ਕਰ ਸਕਾਂਗਾ। ਅਜੇ ਮੈਂ ਜਿਹੋ ਜਿਹਾ ਹਾਂ, ਕਿਵੇਂ ਸਵੀਕਾਰ ਹੋ ਸਕਾਂਗਾ ਅਤੇ ਮੈਂ ਜਿਹੋ ਜਿਹਾ ਹਾਂ, ਉਹੋ ਜਿਹਾ ਉਸਦੇ ਲਾਇਕ ਨਹੀਂ ਹਾਂ। ਉਸ ਦੇ ਯੋਗ ਬਨਣਾ ਹੈ। ਉਸਦੇ ਸਵੀਕਾਰ ਦੇ ਯੋਗ ਪਾਤਰ ਬਨਣਾ ਹੈ। ਆਪਣੇ ਆਪ ਨੂੰ ਇਸ ਲਾਇਕ ਬਨਾਉਣਾ ਹੈ ਕਿ ਉਹ ਮਹਿਮਾਨ ਬਨਣ ਨੂੰ ਰਾਜ਼ੀ ਹੋ ਜਾਏ। ਆਪਣੇ ਹਿਰਦੇ ਵਿੱਚ ਉਸ ਦੇ ਲਾਇਕ ਸਿੰਘਾਸਣ ਬਣਾਉਣਾ ਹੈ।

ਧਾਰਮਿਕ ਆਦਮੀ ਆਪਣੇ ਕੋਲੋਂ ਤਾਂ ਅਸੰਤੁਸ਼ਟ ਹੁੰਦਾ ਹੈ। ਇਸ ਲਈ ਇੱਕ ਦਿਨ ਅਜਿਹੀ ਘੜੀ ਆਉਂਦੀ ਹੈ ਕਿ ਉਹ ਆਪਣੇ ਆਪ ਨੂੰ ਵਧਾਉਂਦਾ-ਵਧਾਉਂਦਾ ਨਿਖਾਰਦਾ-ਨਿਖਾਰਦਾ, ਸੋਨੇ ਦਾ ਸਿੰਘਾਸਣ ਬਣ ਜਾਂਦਾ ਹੈ। ਉਹ ਪਰਮਾਤਮਾ ਦੇ ਵਿਰਾਜਮਾਨ ਹੋਣ ਦੇ ਯੋਗ ਹੋ ਜਾਂਦਾ ਹੈ। ਉਸਦੇ ਦੁਆਰ 'ਤੇ ਪਰਮਾਤਮਾ ਅੱਜ ਨਹੀਂ ਕੱਲ੍ਹ ਦਸਤਕ ਦਿੰਦਾ ਹੈ। ਇੱਕ ਪਲ ਦੀ ਦੇਰ ਵੀ ਨਹੀਂ ਹੋਏਗੀ। ਜਿਸ ਪਲ ਤੁਸੀਂ ਤਿਆਰ ਹੋ, ਉਸੇ ਪਲ ਤੁਹਾਡੇ ਦਰਵਾਜ਼ੇ 'ਤੇ ਦਸਤਕ ਪੈ ਜਾਏਗੀ। ਦੇਰ ਤਦ ਤੱਕ ਹੈ, ਜਦ ਤੱਕ ਤੁਸੀਂ ਤਿਆਰ ਨਹੀਂ ਹੋ। ਰੋਣ ਨਾਲ ਕੁਝ ਨਹੀਂ ਹੋਏਗਾ। ਚੀਖਣ ਪੁਕਾਰਨ ਨਾਲ ਕੁਝ ਨਹੀਂ ਹੋਏਗਾ। ਤਿਆਰੀ ਚਾਹੀਦੀ ਹੈ।

ਅਤੇ ਤਿਆਰੀ ਦਾ ਅਰਥ ਹੈ, ਬਦਲਾਓ। ਤੁਹਾਨੂੰ ਆਪਣੇ ਆਪ ਨੂੰ ਬਹੁਤ-ਬਹੁਤ ਰੂਪਾਂ ਵਿੱਚ ਬਦਲਣਾ ਹੋਏਗਾ। ਜੇਕਰ ਤੁਸੀਂ ਗ਼ੌਰ ਨਾਲ ਆਪਣੇ ਆਪ ਨੂੰ ਵੇਖੋਗੇ ਤਾਂ ਤੁਸੀਂ ਖ਼ੁਦ ਹੀ ਪਾਓਗੇ, ਕਿ ਪਰਮਾਤਮਾ ਤਾਂ ਦੂਰ, ਜੇਕਰ ਤੁਹਾਨੂੰ ਵੀ ਇਸ ਘਰ ਵਿੱਚ ਰਹਿਣ ਲਈ ਪੁੱਛਿਆ ਗਿਆ ਹੁੰਦਾ, ਜੋ ਤੁਸੀਂ ਹੋ, ਤਾਂ ਸ਼ਾਇਦ ਤੁਸੀਂ ਵੀ ਰਾਜ਼ੀ ਨਾ ਹੁੰਦੇ। ਤੁਸੀਂ ਜਿਸ ਤਰ੍ਹਾਂ ਦੇ ਹੋ, ਜੇਕਰ ਅਜਿਹੇ ਹੀ ਮਨੁੱਖ ਨਾਲ ਤੁਹਾਨੂੰ ਪ੍ਰੇਮ ਕਰਨਾ ਪਏ, ਤਾਂ ਤੁਸੀਂ ਨਾਂਹ ਕਰ ਦਿਓਗੇ। ਇਸ ਲਈ ਤਾਂ ਕੋਈ ਆਪਣੇ ਆਪ ਨੂੰ ਪ੍ਰੇਮ ਨਹੀਂ ਕਰਦਾ। ਤੁਸੀਂ ਆਪਣੇ ਪ੍ਰੇਮ ਦੇ ਪਾਤਰ ਹੋਣ ਦੇ ਲਾਇਕ ਵੀ ਨਹੀਂ ਹੋ। ਇਸ ਲਈ ਤਾਂ ਲੋਕ ਇਕੱਲੇਪਨ ਵਿੱਚ ਪ੍ਰੇਸ਼ਾਨ ਹੁੰਦੇ ਹਨ। ਆਪਣੇ ਆਪ ਨਾਲ ਰਹਿਣ ਨੂੰ ਕੋਈ ਰਾਜ਼ੀ ਨਹੀਂ। ਜੇਕਰ ਤੁਹਾਨੂੰ ਘੜੀ ਦੋ ਘੜੀਆਂ ਇਕੱਠੇ ਬੈਠਣਾ ਪਏ, ਤਾਂ ਤੁਸੀਂ ਬੇਚੈਨ ਹੁੰਦੇ ਹੋ। ਕਹਿੰਦੇ ਹੋ ਮਿੱਤਰ ਚਾਹੀਦੇ ਹਨ, ਕਲੱਬ, ਸਿਨਮਾਂ, ਬਾਜ਼ਾਰ, ਰੇਡਿਓ, ਟੈਲੀਵਿਜ਼ਨ, ਅਖ਼ਬਾਰ, ਕੁਝ ਚਾਹੀਦਾ ਹੈ। ਇਸ ਤਰ੍ਹਾਂ ਆਪਣੇ ਨਾਲ ਕਿਵੇਂ ਬੈਠੇ ਰਹੀਏ? ਬਹੁਤ ਔਕੇਵਾਂ ਪੈਦਾ ਹੁੰਦਾ ਹੈ। ਤੁਸੀਂ ਆਪਣੇ ਕੋਲੋਂ ਔਕੇ ਹੋਏ ਹੋ। ਤੁਸੀਂ ਆਪਣੇ ਸਤਸੰਗ ਵਿੱਚ ਜ਼ਰਾ ਵੀ ਨਹੀਂ ਰਹਿ ਸਕਦੇ ਅਤੇ ਤੁਸੀਂ ਪਰਮਾਤਮਾ ਦੀ ਇੱਛਾ ਕਰਦੇ ਹੋ। ਜਦ ਤੁਸੀਂ ਖ਼ੁਦ ਹੀ ਆਪਣੇ ਨਾਲ ਰਹਿਣ ਨੂੰ ਰਾਜ਼ੀ ਨਹੀਂ, ਤਾਂ ਏਨਾ ਤਾਂ ਪੱਕਾ ਸਮਝਣਾ ਕਿ ਤੁਹਾਡੇ ਨਾਲ ਰਹਿਣ ਨੂੰ ਕੌਣ ਰਾਜ਼ੀ ਹੋਏਗਾ?

ਅਤੇ ਪਰਮਾਤਮਾ ਤਾਂ ਫ਼ਿਰ ਬਹੁਤ ਦੂਰ ਹੈ। ਪਰਮਾਤਮਾ ਦਾ ਅਰਥ ਹੈ, ਕੁਦਰਤ ਦਾ ਡੂੰਘੇ ਤੋਂ ਡੂੰਘਾ ਸ਼ਿਖਰ ਤੁਹਾਡੇ ਹਿਰਦੇ ਵਿੱਚ ਉਤਰੇ। ਪਰ ਫ਼ਿਰ ਉਸ ਦੇ ਲਈ ਡੂੰਘਾਈ ਬਣਾਓ। ਉਥੇ ਓਨੀ ਡੂੰਘਾਈ ਤਾਂ ਚਾਹੀਦੀ ਹੈ। ਤੁਸੀਂ ਏਨੇ ਛਿਛਲੇ (ਘੱਟ ਡੂੰਘੇ) ਹੋ ਕਿ ਜ਼ਰਾ ਕੁ ਜਿਨੀ ਗੱਲ ਤੁਹਾਡੇ ਅੰਦਰ ਤੁਫਾਨ ਲੈ ਆਉਂਦੀ ਹੈ। ਜ਼ਰਾ ਕੁ ਜਿਨੇ ਕਾਂਬੇ ਨਾਲ ਤੁਸੀਂ ਕੰਬ ਜਾਂਦੇ ਹੋ। ਜ਼ਰਾ ਕੁ ਜਿੰਨਾ ਅਪਮਾਨ ਅਤੇ ਤੁਸੀਂ ਅੱਗ-ਬਬੂਲਾ ਹੋ ਜਾਂਦੇ ਹੋ, ਜ਼ਰਾ ਕੁ ਜਿੰਨਾ ਦੁੱਖ ਅਤੇ ਤੁਸੀਂ ਸਮਝਦੇ ਹੋ ਨਰਕ ਟੁੱਟ ਪਿਆ। ਤੁਸੀਂ ਨਿੱਕੇ-ਨਿੱਕੇ ਤੋਂ ਏਨੇ ਵਿਆਕੁਲ ਹੋ ਜਾਂਦੇ ਹੋ ਕਿ ਤੁਹਾਡੀ ਕੋਈ ਗਹਿਰਾਈ ਹੈ ਹੀ ਨਹੀਂ। ਕੋਈ ਇੱਕ ਨਿੱਕਾ ਜਿਹਾ ਪੱਥਰ ਸੁੱਟ ਦੇਵੇ ਤਾਂ ਤੁਹਾਡੇ ਅੰਦਰ ਤੂਫ਼ਾਨ ਆ ਜਾਂਦਾ ਹੈ ਤਾਂ ਜ਼ਾਹਿਰ ਹੈ ਕਿ ਤੁਸੀਂ ਕੋਈ ਡੂੰਘੇ ਸਾਗਰ ਨਹੀਂ ਹੋ।

ਸਾਗਰ ਵਿੱਚ ਤਾਂ ਹਿਮਾਲੀਆ ਵੀ ਡੁੱਬ ਜਾਏ, ਤਾਂ ਵੀ ਲਹਿਰਾਂ ਨੂੰ ਕੋਈ ਖ਼ਬਰ ਨਹੀਂ ਹੋਏਗੀ ਕੋਈ ਫ਼ਰਕ ਨਹੀਂ ਪਏਗਾ। ਏਨੀਆਂ ਨਦੀਆਂ ਡਿੱਗਦੀਆਂ ਹਨ ਸਾਗਰ ਵਿੱਚ, ਇੰਚ ਭਰ ਸਾਗਰ ਉੱਚਾ ਨਹੀਂ ਉੱਠਦਾ। ਜਿਹੋ ਜਿਹਾ ਹੈ ਉਸੇ ਤਰ੍ਹਾਂ ਦਾ ਹੀ ਰਹਿੰਦਾ ਹੈ।

ਤੁਸੀਂ ਪਰਮਾਤਮਾ ਦੀ ਆਕਾਂਕਸ਼ਾ (ਇੱਛਾ) ਕਰ ਰਹੇ ਹੋ। ਕਦੇ ਤੁਸੀਂ ਸੋਚਿਆ ਹੈ ਕਿ ਜੇਕਰ ਪਰਮਾਤਮਾ ਆ ਜਾਏ, ਤਾਂ ਤੁਹਾਡੀ ਕੀ ਹਾਲਤ ਹੋਏਗੀ। ਤੁਸੀਂ ਤਾਂ ਬਹੁਤ ਮੁਸ਼ਕਿਲ ਵਿੱਚ ਪੈ ਜਾਓਗੇ। ਤੁਸੀਂ ਕਿੱਥੇ ਬਿਠਾਓਗੇ ਉਸ ਨੂੰ? ਤੁਸੀਂ ਕਿਵੇਂ ਉਸਦਾ ਸਵਾਗਤ ਕਰੋਗੇ? ਤੁਸੀਂ ਤਾਂ ਭੱਜ ਜਾਓਗੇ ਆਪਣੇ ਘਰ ਤੋਂ।

ਤੁਹਾਡੇ ਕੋਲ ਨਾ ਸਿੰਘਾਸਣ ਹੈ, ਕਿਉਂਕਿ ਸਿੰਘਾਸਣ ਕੋਈ ਸੋਨੇ ਦਾ ਬਣਾਉਣਾ ਹੁੰਦਾ ਤਾਂ ਤੁਸੀਂ ਬਣਾ ਵੀ ਲੈਂਦੇ, ਸਿੰਘਾਸਣ ਤਾਂ ਹਿਰਦੇ ਦਾ ਬਨਾਉਣਾ ਹੈ। ਸਿੰਘਾਸਣ ਪ੍ਰੇਮ ਦਾ ਬਨਾਉਣਾ ਹੈ। ਸੋਨਾ ਤਾਂ ਬਾਜ਼ਾਰ ਵਿੱਚ ਮਿਲ ਜਾਏਗਾ, ਪ੍ਰੇਮ ਕਿੱਥੇ ਪਾਓਗੇ?

ਮਹਿਲ ਬਨਾਉਣਾ ਹੁੰਦਾ, ਤਾਂ ਬਹੁਤ ਮਹਿਲ ਹਨ, ਬਣ ਜਾਂਦੇ, ਮਿਲ ਜਾਂਦੇ, ਫ਼ਿਰ ਤਾਂ ਬਾਦਸ਼ਾਹਾਂ ਦੇ ਘਰ ਪਰਮਾਤਮਾ ਉਤਰ ਆਉਂਦਾ। ਲੇਕਿਨ ਅੰਦਰ ਮਹਿਲ ਬਨਾਉਣਾ ਹੈ। ਸ਼ੂਨਯ (ਇਕਾਂਤ) ਦਾ ਮਹਲ ਬਨਾਉਣਾ ਹੈ। ਧਿਆਨ ਦਾ ਮਹਿਲ ਬਨਾਉਣਾ ਹੈ। ਬਹੁਤ ਔਖਾ ਹੈ। ਲੰਮੀ ਯਾਤਰਾ ਤੁਸੀਂ ਜਿੱਥੇ ਹੋ, ਤੁਸੀਂ ਜੇਕਰ ਸਮਝ ਲਿਆ ਕਿ ਇਹ ਹੀ ਘਰ ਹੈ ਤਾਂ ਤੁਸੀਂ ਗ੍ਰਿਹਸਥ ਅਤੇ ਜੇਕਰ ਤੁਸੀਂ ਸਮਝਿਆ ਕਿ ਧਰਮਸ਼ਾਲਾ ਹੈ। ਕੁਝ ਦੇਰ ਟਿਕੇ ਹਾਂ, ਵਿਸ਼ਰਾਮ ਕਰਦੇ ਹੀ ਅੱਗੇ ਜਾਣਾ ਹੈ।

ਇੱਕ ਬਹੁਤ ਪੁਰਾਣੀ ਸੂਫ਼ੀ ਕਹਾਣੀ ਹੈ। ਇੱਕ ਸੂਫ਼ੀ ਫ਼ਕੀਰ ਕੋਲੋਂ ਕਿਸੇ ਨੇ ਪੁੱਛਿਆ ਕਿ ਪਰਮਾਤਮਾ ਨੂੰ ਪਾਉਣ ਦਾ ਰਾਜ ਕੀ ਹੈ? ਤਾਂ ਉਸ ਨੇ ਕਿਹਾ ਕਿ ਮੈਂ ਤੈਨੂੰ ਇੱਕ ਕਹਾਣੀ ਸੁਣਾਉਦਾ ਹਾਂ ਅਤੇ ਉਸ ਨੇ ਕਿਹਾ ਕਿ ਇੱਕ ਲਕੜਹਾਰਾ ਸੀ, ਉਹ ਰੋਜ

ਲੱਕੜੀਆਂ ਕੱਟਦਾ, ਜੰਗਲ ਤੋਂ ਸ਼ਹਿਰ ਲਿਆਉਂਦਾ। ਉਹ ਪੂਰੇ ਜੀਵਨ ਰੋਜ਼ ਇਹ ਹੀ ਕਰਦਾ ਰਿਹਾ, ਏਨਾ ਵੀ ਨਹੀਂ ਕਮਾ ਸਕਿਆ ਕਿ ਦੋ ਵਕਤ ਵੀ ਰੋਟੀ ਮਿਲ ਜਾਏ। ਇੱਕ ਵਾਰੀ ਕਦੇ ਰੋਟੀ ਮਿਲ ਜਾਂਦੀ ਤੇ ਕਦੇ ਭੁੱਖਾ ਵੀ ਸੌਂ ਜਾਂਦਾ।

ਇੱਕ ਫ਼ਕੀਰ ਜੰਗਲ ਵਿੱਚ ਰਹਿੰਦਾ ਸੀ, ਉਹ ਉਸ ਨੂੰ ਰੋਜ਼ ਵੇਖਦਾ ਸੀ, ਉਸ ਨੂੰ ਦਇਆ ਆ ਗਈ। ਉਸ ਨੇ ਕਿਹਾ ਕਿ ਤੂੰ ਬਹੁਤ ਨਾ-ਸਮਝ ਹੈਂ। ਜ਼ਰਾ ਜੰਗਲ ਵਿੱਚ ਹੋਰ ਅੱਗੇ ਕਿਉਂ ਨਹੀਂ ਜਾਂਦਾ? ਉਸ ਲੱਕੜਹਾਰੇ ਨੇ ਕਿਹਾ, ਅੱਗੇ ਜਾਣ ਨਾਲ ਕੀ ਹੋਏਗਾ? ਫ਼ਕੀਰ ਨੇ ਕਿਹਾ, ਤੂੰ ਜ਼ਰਾ ਅੱਗੇ ਜਾਹ। ਤੂੰ ਏਥੋਂ ਹੀ ਲੱਕੜੀਆਂ ਵੱਢ ਕੇ ਮੁੜ ਜਾਂਦਾ ਹੈਂ। ਨਾਹਕ ਦਰਿਦ੍ਰ ਹੈ। ਜਿਹੜਾ ਜ਼ਰਾ ਅੱਗੇ ਗਿਆ, ਧਨਵਾਨ ਹੋ ਗਿਆ। ਕਿਉਂਕਿ ਹੋਰ ਅੱਗੇ ਤਾਂਬੇ ਦੀ ਖ਼ਾਨ ਹੈ।

ਉਹ ਆਦਮੀ ਜ਼ਰਾ ਹੋਰ ਅੱਗੇ ਗਿਆ। ਤਾਂਬੇ ਦੀ ਖ਼ਾਨ ਮਿਲ ਗਈ। ਉਹ ਤਾਂਬਾ ਵੇਚਣ ਲੱਗਾ, ਲਿਆ ਕੇ। ਫ਼ਿਰ ਉਹ ਫ਼ਕੀਰ ਮਿਲਿਆ, ਉਸ ਨੇ ਕਿਹਾ ਨਾ-ਸਮਝ, ਹੁਣ ਵੀ ਤੈਨੂੰ ਖਿਆਲ ਨਹੀਂ ਆਇਆ? ਹੁਣ ਲੱਕੜੀਆਂ ਤੋਂ ਤੈਨੂੰ ਤਾਂਬਾ ਮਿਲ ਗਿਆ। ਜ਼ਰਾ ਹੋਰ ਅੱਗੇ ਕਿਉਂ ਨਹੀਂ ਜਾਂਦਾ, ਚਾਂਦੀ ਦੀ ਖ਼ਾਨ ਹੈ। ਜ਼ਰਾ ਕੁ ਹੋਰ ਅੱਗੇ ਗਿਆ, ਚਾਂਦੀ ਦੀ ਖ਼ਾਨ ਮਿਲ ਗਈ, ਉਹ ਸੰਪੱਨ ਹੋਣ ਲੱਗ ਪਿਆ।

ਉਹ ਫ਼ਕੀਰ ਫ਼ਿਰ ਇੱਕ ਦਿਨ ਲੰਘਦਾ ਸੀ ਅਤੇ ਉਸ ਨੇ ਕਿਹਾ ਕਿ ਤੈਨੂੰ ਅਕਲ ਹੈ ਜਾਂ ਨਹੀਂ? ਤੂੰ ਮੰਤਰ ਨੂੰ ਸਮਝ ਹੀ ਨਹੀਂ ਰਿਹਾ। ਹੋਰ ਅੱਗੇ ਜਾਹ, ਸੋਨੇ ਦੀ ਖ਼ਾਨ ਹੈ। ਉਹ ਹੋਰ ਅੱਗੇ ਗਿਆ, ਪਰ ਸੋਨੇ ਵਿੱਚ ਉਲਝ ਗਿਆ। ਸਾਡੇ ਵਰਗਾ ਹੀ ਲੱਕੜਹਾਰਾ ਹੋਏਗਾ। ਜਿੱਥੇ ਪੁੱਜ ਜਾਂਦੇ ਹਾਂ, ਉਥੇ ਹੀ ਉਲਝ ਜਾਂਦੇ ਹਾਂ। ਜਿੱਥੇ ਬਹਿ ਗਏ, ਉਥੋਂ ਉੱਠਣ ਦਾ ਨਾਂ ਹੀ ਨਹੀਂ ਲੈਂਦੇ। ਉਸ ਫ਼ਕੀਰ ਨੇ ਕਿਹਾ ਕਿ ਨਾ-ਸਮਝ, ਤੈਨੂੰ ਕਿੰਨੀ ਵਾਰੀ ਮੈਂ ਕਿਹਾ ਕਿ ਹੋਰ ਅੱਗੇ: ਅੱਗੇ ਸੋਨੇ ਦੀ ਖ਼ਾਨ ਹੈ। ਉਹ ਹੋਰ ਅੱਗੇ ਗਿਆ ਅਤੇ ਸੋਨੇ ਦੀ ਖ਼ਾਨ ਵਿੱਚ ਉਲਝ ਗਿਆ, ਜਿੱਥੇ ਕਿ ਬਹੁਤ ਲੋਕ ਉਲਝ ਗਏ ਹਨ। ਫ਼ਕੀਰ ਨੇ ਇੱਕ ਦਿਨ ਉਸਦੇ ਕੋਲੋਂ ਦੀ ਲੰਘਦੇ ਹੋਏ ਕਿਹਾ, ਤੈਨੂੰ ਕਦੇ ਵੀ ਅਕਲ ਨਹੀਂ ਆਏਗੀ। ਤੂੰ ਜੜ੍ਹ-ਬੁੱਧੀ ਦਾ ਜੜ੍ਹ-ਬੁੱਧੀ ਹੀ ਰਿਹਾ। ਤੂੰ ਬਾਹਰੋਂ ਤਾਂ ਹੁਣ ਧਨਵਾਨ ਹੋ ਗਿਆ ਹੈਂ, ਪਰ ਅੰਦਰ ਅਜੇ ਵੀ ਦਰਿਦ੍ਰ ਹੈ। ਮੈਨੂੰ ਤੇਰੇ ਉਤੇ ਤਰਸ ਆਉਂਦਾ ਹੈ। ਤੈਨੂੰ ਕਿੰਨੀ ਵਾਰ ਕਿਹਾ ਹੈ, ਹੋਰ ਅੱਗੇ। ਅੱਗੇ ਹੀਰਿਆਂ ਦੀ ਖ਼ਾਨ ਹੈ। ਉਹ ਹੋਰ ਅੱਗੇ ਗਿਆ।

ਫ਼ਿਰ ਕਈ ਵਰ੍ਹਿਆਂ ਤੋਂ ਪਿੱਛੋਂ ਫ਼ਕੀਰ ਫ਼ਿਰ ਉਥੋਂ ਦੀ ਲੰਘ ਰਿਹਾ ਸੀ। ਤਦ ਉਹ ਆਦਮੀ ਹੀਰਿਆਂ ਵਿੱਚ ਉਲਝਿਆ ਹੋਇਆ ਸੀ। ਉਸ ਨੇ ਵੱਡੇ ਮਹਿਲ ਖੜ੍ਹੇ ਕਰ ਲਏ ਸੀ। ਉਸਦੇ ਕੋਲ ਬਹੁਤ ਧਨ ਸੀ, ਅੰਬਾਰ ਲੱਗੇ ਹੋਏ ਸਨ। ਫ਼ਕੀਰ ਨੇ ਕਿਹਾ, ਤੂੰ ਇੱਕ

ਦਇਆ ਦਾ ਪਾਤਰ ਹੀ ਬਣਿਆ ਹੋਇਆ ਹੈਂ। ਤੂੰ ਅੰਦਰ ਗ਼ਰੀਬ ਦਾ ਗ਼ਰੀਬ ਹੀ ਹੈਂ। ਜਿਸ ਤਰ੍ਹਾਂ ਦਾ ਤੂੰ ਲੱਕੜਹਾਰਾ ਸੀ, ਉਹੋ ਜਿਹਾ ਹੀ ਹੈਂ। ਕਿਉਂਕਿ ਸੋਨਾ, ਧਨ-ਸੰਪੱਤੀ, ਹੀਰੇ ਜਵਾਹਰਾਤ ਸਭ ਬਾਹਰ ਹੀ ਹਨ। ਤੂੰ ਹੋਰ ਅੱਗੇ ਕਿਉਂ ਨਹੀਂ ਜਾਂਦਾ?

ਉਸ ਆਦਮੀ ਨੇ ਕਿਹਾ, ਕਿਉਂ ਮੇਰੇ ਪਿੱਛੇ ਪਏ ਹੋਏ ਹੋ? ਤੁਸੀਂ ਮੈਨੂੰ ਚੈਨ ਨਾਲ ਕਿਉਂ ਨਹੀਂ ਰਹਿਣ ਦਿੰਦੇ? ਤੁਸੀਂ ਕਿਉਂ ਹੋਰ ਅੱਗੇ, ਹੋਰ ਅੱਗੇ ਦੀ ਰਟ ਲਾਈ ਹੋਈ ਹੈ? ਹੁਣ ਹੋਰ ਕੀ ਅੱਗੇ ਮਿਲ ਸਕਦਾ ਹੈ? ਹੁਣ ਹੀਰੇ ਮਿਲ ਗਏ।

ਉਸ ਫ਼ਕੀਰ ਨੇ ਕਿਹਾ, ਹੋਰ ਅੱਗੇ ਮੇਰਾ ਆਸ਼ਰਮ ਹੈ ਅਤੇ ਅਸਲੀ ਹੀਰੇ ਤੈਨੂੰ ਮੈਂ ਦੇ ਸਕਦਾ ਹਾਂ। ਉਹ ਧਿਆਨ ਦੇ ਹੀਰੇ ਹਨ। ਹੁਣ ਤੱਕ ਤਾਂ ਤੂੰ ਬਾਹਰ ਦੀਆਂ ਖਾਨਾਂ ਹੀ ਲੱਭਦਾ ਰਿਹਾ ਅਤੇ ਹੋਰ ਅੱਗੇ ਅੰਦਰ ਦੀ ਖ਼ਾਨ ਸ਼ੁਰੂ ਹੁੰਦੀ ਹੈ। ਉਸਨੇ ਤਦ ਤੱਕ ਤਾਂ ਸੁਣਿਆ ਸੀ, ਪਰ ਉਸ ਨੇ ਕਿਹਾ ਕਿ ਇਹ ਜ਼ਰਾ ਜ਼ਿਆਦਾ, ਮੇਰੀ ਸਮਝ ਤੋਂ ਬਾਹਰ ਹੈ। ਮੈਨੂੰ ਤਾਂ ਇਥੇ ਹੀ ਰੁਕ ਜਾਣ ਦਿਓ। ਫ਼ਕੀਰ ਨੇ ਕਿਹਾ, ਤੇਰੀ ਮਰਜ਼ੀ। ਪਰ ਇਹ ਖ਼ਾਨ ਜਿਹੜੀ ਹੋਰ ਅੱਗੇ ਹੈ, ਸਦਾ ਨਹੀਂ ਰਹੇਗੀ। ਕਿਉਂਕਿ ਮੈਂ ਅੱਜ ਹਾਂ, ਕੱਲ੍ਹ ਨਹੀਂ ਹੋਵਾਂਗਾ। ਜਿਹੜੀਆਂ ਖ਼ਾਨਾਂ ਤੂੰ ਹੁਣ ਤੱਕ ਪਾਈਆਂ ਹਨ, ਉਹ ਸਦਾ ਰਹਿਣਗੀਆਂ। ਅਸੀਂ ਰਹੀਏ ਜਾਂ ਨਾ ਰਹੀਏ। ਸਾਥੋਂ ਪਹਿਲਾਂ ਸਨ, ਸਾਥੋਂ ਪਿੱਛੋਂ ਵੀ ਰਹਿਣਗੀਆਂ।

ਧਿਆਨ ਦੀ ਖ਼ਾਨ ਕਦੇ-ਕਦੇ ਪ੍ਰਗਟ ਹੁੰਦੀ ਹੈ। ਹਜ਼ਾਰਾਂ ਵਰ੍ਹਿਆਂ ਵਿੱਚ ਕਦੇ-ਕਦੇ ਪ੍ਰਗਟ ਹੁੰਦੀ ਹੈ। ਕਦੇ ਕੋਈ ਆਦਮੀ ਉਸ ਖ਼ਾਨ ਨੂੰ ਲੱਭ ਲੈਂਦਾ ਹੈ ਅਤੇ ਦੁਆਰ ਬਣ ਜਾਂਦਾ ਹੈ। ਉਸੇ ਨੂੰ ਨਾਨਕ ਗੁਰੂ ਕਹਿੰਦੇ ਹਨ। ਉਸੇ ਦੇ ਦੁਆਰ ਨੂੰ ਨਾਨਕ 'ਗੁਰੂਦੁਆਰਾ' ਕਹਿੰਦੇ ਹਨ। ਜਿਸ ਆਦਮੀ ਦੇ ਜੀਵਨ ਵਿੱਚ ਧਿਆਨ ਦੀ ਖ਼ਾਨ ਆ ਜਾਂਦੀ ਹੈ, ਉਹ ਦੁਆਰ ਬਣ ਜਾਂਦਾ ਹੈ। ਪਰ ਉਹ ਸਦਾ ਨਹੀਂ ਰਹਿੰਦਾ।

ਅਤੇ ਤੁਸੀਂ ਅਜਿਹੇ ਅੰਨ੍ਹੇ ਹੋ ਕਿ ਤੁਸੀਂ ਉਸ ਦੁਆਰ ਦੇ ਕੋਲੋਂ ਦੀ ਵੀ ਲੰਘ ਜਾਓਗੇ, ਉਹ ਤਾਂ ਵੀ ਤੁਹਾਨੂੰ ਵਿਖਾਈ ਨਹੀਂ ਪਏਗਾ, ਕਿਉਂਕਿ ਤੁਹਾਡੀ ਨਜ਼ਰ ਤਾਂ ਜੋ ਵਿਖਾਈ ਦੇਵੇ ਉਸ ਧਨ ਉਤੇ ਲੱਗੀ ਹੈ, ਗੁਪਤ ਧਨ ਦੀ ਤਾਂ ਤੁਹਾਨੂੰ ਕੋਈ ਖ਼ਬਰ ਨਹੀਂ ਹੈ।

ਇਹ 'ਹੋਰ ਅੱਗੇ' ਦਾ ਸੂਤਰ ਜਿਸ ਆਦਮੀ ਦੇ ਖ਼ਿਆਲ ਵਿੱਚ ਬਣਿਆ ਰਹਿੰਦਾ ਹੈ....ਤਦ ਤੱਕ ਤੁਸੀਂ ਇਸ ਮੰਤਰ ਨੂੰ ਨਾ ਭੁੱਲਣਾ, ਜਦ ਤੱਕ ਪਰਮਾਤਮਾ ਹੀ ਨਾ ਮਿਲ ਜਾਏ। ਇਸ ਤੋਂ ਪਹਿਲਾਂ ਜਿਹੜਾ ਰਾਜ਼ੀ ਹੋ ਗਿਆ, ਉਹ ਭਟਕ ਗਿਆ, ਉਹ ਗ੍ਰਹਿਸਥ ਹੋ ਗਿਆ।

ਇਸ ਲਈ ਸੰਨਿਆਸੀ ਦੀ ਅੜ੍ਹਿਪਤੀ ਦਾ ਕੋਈ ਅੰਤ ਨਹੀਂ ਹੈ। ਪਰਮਾਤਮਾ ਨੂੰ

ਹੀ ਪੀ ਲਵੇਗਾ, ਤਦ ਹੀ ਤ੍ਰੇਹ ਨੂੰ ਬੁਝਾਏਗਾ। ਉਸ ਤੋਂ ਛੋਟੇ ਪਾਣੀ ਉਸ ਦੇ ਕੰਮ ਦੇ ਨਹੀਂ ਹਨ। ਨਾਨਕ ਇਸ ਲਈ ਇਸ ਸੰਸਾਰ ਨੂੰ ਧਰਮਸ਼ਾਲਾ ਕਹਿੰਦੇ ਹਨ। ਉਨ੍ਹਾਂ ਦਾ ਸੂਤਰ ਸਮਝੋ।

*ਰਾਤੀ ਰੁਤੀ ਥਿਤੀ ਵਾਰ॥ ਪਵਣ ਪਾਣੀ ਅਗਨੀ ਪਾਤਾਲ॥*
*ਤਿਸੁ ਵਿਚਿ ਧਰਤੀ ਥਾਪਿ ਰਖੀ ਧਰਮਸਾਲ॥*

ਪਰਮਾਤਮਾ ਨੇ ਰਾਤ, ਰੁੱਤ, ਤਿਥਿ, ਵਾਰ, ਹਵਾ, ਪਾਣੀ, ਅੱਗ ਅਤੇ ਪਾਤਾਲ ਰਚ ਕੇ ਉਨ੍ਹਾਂ ਸਭ ਦੇ ਵਿੱਚ ਧਰਤੀ ਨੂੰ ਧਰਮਸ਼ਾਲਾ ਦੇ ਰੂਪ ਵਿੱਚ ਸਥਾਪਿਤ ਕੀਤਾ। ਉਸਦੇ ਵਿੱਚ ਉਸ ਨੇ ਰੰਗ-ਰੰਗ ਦੇ ਜੀਵਾਂ ਦਾ ਨਿਰਮਾਣ ਕੀਤਾ, ਜਿਨ੍ਹਾਂ ਦੇ ਨਾਉਂ ਅਨੇਕ ਅਤੇ ਅਨੰਤ ਹਨ। ਉਥੇ ਆਪਣੇ-ਆਪਣੇ ਕਰਮ ਦੇ ਮੁਤਾਬਿਕ ਉਨ੍ਹਾਂ ਦਾ ਵਿਚਾਰ ਹੁੰਦਾ ਹੈ।

ਤਾਂ ਪਹਿਲੀ ਤਾਂ ਗੱਲ ਇਹ ਸੰਸਾਰ ਧਰਮਸ਼ਾਲਾ ਹੈ, ਸਰਾਂ ਹੈ, ਇਸ ਨੂੰ ਤੁਸੀਂ ਜਿੰਨੇ ਡੂੰਘੇ ਆਪਣੇ ਅੰਦਰ ਲੈ ਜਾ ਸਕੋ, ਓਨਾ ਹੀ ਉਪਯੋਗੀ ਹੈ। ਕਿਉਂਕਿ ਜਿੰਨੀ ਇਹ ਗੱਲ ਤੁਹਾਡੇ ਅੰਦਰ ਉਤਰ ਜਾਏ ਕਿ ਤੁਸੀਂ ਜਿੱਥੇ ਹੋ, ਉਥੇ ਹੀ ਰੁਕੇ ਰਹਿਣਾ ਮੌਤ ਹੈ। ਹੋਰ ਅੱਗੇ, ਹੋਰ ਅੱਗੇ, ਹੋਰ ਅੱਗੇ; ਜਦ ਤੱਕ ਕਿ ਪਰਮਾਤਮਾ ਦਾ ਦੁਆਰ ਹੀ ਨਾ ਆ ਜਾਏ, ਤਦ ਤੱਕ ਯਾਤਰਾ ਜਾਰੀ ਰੱਖਣਾ। ਤਦ ਤੱਕ ਯਾਤਰਾ ਬੰਦ ਨਹੀਂ ਕਰਨਾ। ਜਦੋਂ ਥੱਕ ਜਾਓ ਤਾਂ ਆਰਾਮ ਕਰ ਲੈਣਾ, ਪਰ ਆਰਾਮ ਘਰ ਨੂੰ ਘਰ ਨਾ ਬਣਾ ਲੈਣਾ।

ਥਕਾਵਟ ਹੋਏਗੀ, ਕਿਉਂਕਿ ਯਾਤਰਾ ਵੱਡੀ ਹੈ, ਮੰਜ਼ਿਲ ਦੂਰ ਹੈ। ਹਜ਼ਾਰਾਂ ਵਾਰ ਤੁਸੀਂ ਭਟਕੋਗੇ, ਕਿਉਂਕਿ ਕੋਈ ਬੱਧਾ-ਬੱਧਾਇਆ ਰਾਹ ਨਹੀਂ ਹੈ, ਕੋਈ ਰਾਜ-ਪਥ ਨਹੀਂ ਹੈ। ਕੋਈ 'ਹਾਈਵੇ' ਨਹੀਂ ਹੈ ਕਿ ਤੁਸੀਂ ਚਲੇ ਜਾਓ। ਆਦਮੀ ਚੱਲ ਕੇ ਹੀ ਆਪਣਾ ਰਾਹ ਬਣਾਉਂਦਾ ਹੈ। ਪਰਮਾਤਮਾ ਦਾ ਮਾਰਗ ਇਸ ਲਈ ਦੂਰ ਹੈ। ਜਿਵੇਂ ਆਕਾਸ਼ ਵਿੱਚ ਪੰਛੀ ਉਡਦੇ ਹਨ ਅਤੇ ਉਨ੍ਹਾਂ ਦੇ ਪੈਰਾਂ ਦੇ ਕੋਈ ਨਿਸ਼ਾਨ ਨਹੀਂ ਛੁਟਦੇ, ਅਜਿਹੇ ਹੀ ਪਰਮਾਤਮਾ ਦੇ ਆਕਾਸ਼ ਵਿੱਚ ਸਿੱਧ ਪੁਰਖ ਟੁਰਦੇ ਹਨ, ਪੁੱਜ ਜਾਂਦੇ ਹਨ, ਪਰ ਉਨ੍ਹਾਂ ਦੇ ਪੈਰਾਂ ਦੇ ਕੋਈ ਨਿਸ਼ਾਨ ਨਹੀਂ ਹੁੰਦੇ। ਆਕਾਸ਼ ਫ਼ਿਰ ਖ਼ਾਲੀ ਦਾ ਖ਼ਾਲੀ ਹੁੰਦਾ ਹੈ।

ਤੁਸੀਂ ਜਦ ਟੁਰੋਗੇ, ਤਦ ਤੁਸੀਂ ਕਿਸੇ ਦੇ ਪੈਰਾਂ ਦੇ ਨਿਸ਼ਾਨਾਂ ਉਤੇ ਨਹੀਂ ਟੁਰ ਸਕਦੇ, ਉਧਾਰ, ਸਤਯ ਦੇ ਜਗਤ ਵਿੱਚ ਸੰਭਵ ਨਹੀਂ ਹੈ। ਸਤਯ ਕੋਈ ਤੁਹਾਨੂੰ ਦੇ ਨਹੀਂ ਸਕਦਾ। ਇਸ਼ਾਰੇ ਮਿਲ ਸਕਦੇ ਹਨ। ਪ੍ਰੇਮ ਮਿਲ ਸਕਦਾ ਹੈ। ਗੁਰੂ ਦੀ ਕਿਰਪਾ ਮਿਲ ਸਕਦੀ ਹੈ। ਪਰ ਸਤਯ ਤੁਹਾਨੂੰ ਹੀ ਲੱਭਣਾ ਪਏਗਾ। ਉਸ ਦੀ ਕਿਰਪਾ ਤੁਹਾਡੇ ਪੈਰਾਂ ਨੂੰ ਮਜ਼ਬੂਤੀ ਦੇ ਸਕਦੀ ਹੈ, ਮਾਰਗ ਨਹੀਂ ਦੇ ਸਕਦੀ। ਉਸ ਦੀ ਕਿਰਪਾ ਤੁਹਾਨੂੰ

ਵਿਸ਼ਵਾਸ਼ ਦੇ ਸਕਦੀ ਹੈ, ਰਾਹ ਨਹੀਂ ਦੇ ਸਕਦੀ। ਉਸ ਦੀ ਕਿਰਪਾ ਤੁਹਾਨੂੰ ਡਗਮਗਾਓ ਨਾ, ਡਰੋ ਨਾ, ਇਸਦੇ ਲਈ ਹਿੰਮਤ ਦੇ ਸਕਦੀ ਹੈ। ਪਰ ਮਾਰਗ ਉਤੇ ਤੁਹਾਨੂੰ ਹੀ ਟੁਰਨਾ ਪਏਗਾ।

ਅਤੇ ਮਾਰਗ ਕੁਝ ਅਜਿਹਾ ਹੈ ਕਿ ਤੁਸੀਂ ਟੁਰੋ ਤਾਂ ਬਣਦਾ ਹੈ; ਟੁਰਨ ਨਾਲ ਹੀ ਬਣਦਾ ਹੈ। ਬੱਝਿਆ, ਬਝਾਇਆ ਤਿਆਰ ਮਾਰਗ ਨਹੀਂ ਹੈ। 'ਰੈਡੀ ਮੇਡ' ਪਰਮਾਤਮਾ ਵੱਲ ਜਾਣ ਦਾ ਕੋਈ ਉਪਾਅ ਨਹੀਂ ਹੈ। ਹਰ ਪ੍ਰਾਣੀ ਨੂੰ ਆਪਣਾ ਮਾਰਗ ਲੱਭਣਾ ਪੈਂਦਾ ਹੈ।

ਇਹ ਹੀ ਔਖਿਆਈ ਹੈ, ਪਰ ਇਹ ਗਰਿਮਾ ਵੀ ਹੈ। ਜੇਕਰ ਬਝਿਆ ਬਝਾਇਆ ਮਾਰਗ ਹੁੰਦਾ, ਜਿਸ ਉਤੇ ਲੱਖਾਂ ਲੋਕ ਚੱਲ ਚੁੱਕੇ ਹੁੰਦੇ ਅਤੇ ਤੁਸੀਂ ਵੀ ਟੁਰਦੇ, ਤਾਂ ਪਰਮਾਤਮਾ ਨੂੰ ਪਾਉਣ ਦਾ ਕੁਝ ਮਜ਼ਾ ਨਾ ਰਹਿ ਜਾਂਦਾ।

ਪਰਮਾਤਮਾ ਜਦ ਵੀ ਕਿਸੇ ਮਨੁੱਖ ਨੂੰ ਮਿਲਦਾ ਹੈ, ਤਾਂ ਤਾਜ਼ਾ ਅਤੇ ਨਵਾਂ, ਮੌਲਿਕ। ਜਿਵੇਂ ਤੁਹਾਨੂੰ ਹੀ ਪਹਿਲੀ ਵਾਰ ਮਿਲ ਰਿਹਾ ਹੋਵੇ। ਇਸ ਤੋਂ ਪਹਿਲਾਂ ਇਹ ਮਿਲਣ ਦੀ ਘਟਨਾ ਕਦੇ ਵਾਪਰੀ ਹੀ ਨਹੀਂ। ਬੇਹਾ ਨਹੀਂ, ਕਿ ਦੂਜੇ ਵੀ ਉਸ ਨੂੰ ਮਿਲੇ ਤੁਹਾਥੋਂ ਪਹਿਲਾਂ, ਕਿ ਦੂਜੇ ਵੀ ਉਸਦੇ ਦਰ ਉਤੇ ਆਪਣੇ ਪੈਰਾਂ ਦੇ ਨਿਸ਼ਾਨ ਛੱਡ ਗਏ ਹਨ, ਕਿ ਦੂਜਿਆਂ ਨੇ ਵੀ ਉਸਦੇ ਦਰਵਾਜ਼ੇ ਉਤੇ ਦਸਖ਼ਤ ਕਰ ਦਿੱਤੇ ਹਨ। ਨਹੀਂ, ਤੁਸੀਂ ਜਿਵੇਂ ਨਵੇਂ ਆਏ ਹੋ, ਪਹਿਲੀ ਦਫ਼ਾ ਆਏ ਹੋ। ਜਿਵੇਂ ਉਹ ਕੁਆਰਾ ਤੁਹਾਡੇ ਲਈ ਉਡੀਕ ਕਰ ਰਿਹਾ ਹੋਵੇ। ਪਰਮਾਤਮਾ ਸਦਾ ਕੁਆਰਾ ਹੈ। ਜੇਕਰ ਬਹੁਤ ਲੋਕਾਂ ਨਾਲ ਉਸ ਦਾ ਵਿਆਹ ਪਹਿਲਾਂ ਰਚ ਗਿਆ ਹੁੰਦਾ, ਤਾਂ ਜਾਨਣ ਦੇ ਯੋਗ ਵੀ ਨਾ ਰਹਿ ਜਾਂਦਾ। ਉਸ ਦਾ ਕੁਆਰਾਪਨ ਸਦਾ ਰਹਿਣ ਵਾਲਾ ਹੈ। ਜਿਹੜਾ ਵੀ ਪੁੱਜੇਗਾ ਉਸ ਨੂੰ ਕੁਆਰਾ ਪਾਏਗਾ, ਤਾਜ਼ਾ ਅਤੇ ਨਵਾਂ ਪਾਏਗਾ; ਇਸ ਤਰ੍ਹਾਂ ਜਿਵੇਂ ਸਵੇਰੇ ਦੀ ਤ੍ਰੇਲ ਤਾਜ਼ੀ ਹੁੰਦੀ ਹੈ, ਜਿਵੇਂ ਸਵੇਰੇ ਦੀ ਪਹਿਲੀ ਕਿਰਨ ਤਾਜ਼ੀ ਹੁੰਦੀ ਹੈ। ਠੀਕ ਅਜਿਹਾ ਹੀ ਤਾਜ਼ਾ ਤੁਸੀਂ ਪਾਓਗੇ। ਬੱਝੇ-ਬਝਾਏ ਗਸਤੇ ਨਹੀਂ ਹਨ।

ਅਤੇ ਨਾ ਕੋਈ ਨਕਸ਼ਾ ਹੈ ਕਿ ਤੁਹਾਨੂੰ ਦੇ ਦਿੱਤਾ ਜਾਏ, ਕਿ ਇਸ ਨਕਸ਼ੇ ਦੇ ਅਨੁਸਾਰ ਟੁਰਨਾ ਹੈ। ਕਿਉਂਕਿ ਜੀਵਨ ਲਗਾਤਾਰ ਬਦਲਦਾ ਰਹਿੰਦਾ ਹੈ। ਉਥੇ ਸਭ ਪ੍ਰਤੀਪਲ ਬਦਲ ਰਿਹਾ ਹੈ। ਜਿਸ ਢੰਗ ਨਾਲ ਮੈਂ ਪਹੁੰਚਿਆ, ਉਹ ਢੰਗ ਤੁਹਾਡੇ ਕੰਮ ਨਹੀਂ ਆਏਗਾ। ਉਹ ਢੰਗ ਮੇਰੇ ਕੰਮ ਆਇਆ। ਉਹ ਢੰਗ ਤੁਹਾਡੇ ਕੰਮ ਨਹੀਂ ਆਏਗਾ।

ਕਿਉਂਕਿ ਨਾਨਕ ਕਹਿੰਦੇ ਹਨ ਕਿ ਪਰਮਾਤਮਾ ਨੇ ਅਨੇਕ-ਅਨੇਕ ਜੀਵ, ਅਨੇਕ-ਅਨੇਕ ਆਤਮਾਵਾਂ ਭਿੰਨ-ਭਿੰਨ ਰੰਗਾਂ ਵਿੱਚ ਬਣਾਈਆਂ ਹਨ। ਇੱਕ ਇੱਕ

ਮਨੁੱਖ ਅਨੋਖਾ ਹੈ। ਜੇਕਰ ਇੱਕ-ਇੱਕ ਮਨੁੱਖ ਅਨੂਠਾ ਹੈ ਤਾਂ ਜੋ ਜੋ ਮੇਰੇ ਕੰਮ ਆਇਆ, ਉਹ ਤੁਹਾਡੇ ਕੰਮ ਨਹੀਂ ਆਏਗਾ। ਮੇਰੀ ਸਮਝ ਤੁਹਾਡੇ ਕੰਮ ਆ ਸਕਦੀ ਹੈ, ਮੇਰਾ ਮਾਰਗ ਨਹੀਂ। ਮੇਰੀ ਸਮਝ ਤੁਹਾਨੂੰ ਰਾਹ ਲੱਭਣ ਵਿੱਚ ਸਹਿਯੋਗੀ ਹੋ ਸਕਦੀ ਹੈ, ਪਰ ਤੁਸੀਂ ਜਿਹੜਾ ਰਾਹ ਲੱਭੋਗੇ, ਉਹ ਬਿਲਕੁਲ ਤੁਹਾਡਾ ਹੋਏਗਾ। ਉਹ ਤੁਹਾਡਾ ਨਿੱਜੀ ਹੋਏਗਾ। ਉਸ ਉਤੇ ਤੁਹਾਡੀ ਛਾਪ ਹੋਏਗੀ। ਜਿਵੇਂ ਤੁਹਾਡੇ ਅੰਗੂਠੇ ਦਾ ਨਿਸ਼ਾਨ ਸਿਰਫ ਤੁਹਾਡਾ ਹੈ। ਅਰਬਾਂ-ਖ਼ਰਬਾਂ ਲੋਕ ਹੋਏ ਹਨ ਇਸ ਧਰਤੀ ਤੇ, ਅਤੇ ਅਰਬਾਂ-ਖਰਬਾਂ ਲੋਕ ਅੱਜ ਹਨ, ਅਤੇ ਅਰਬਾਂ-ਖਰਬਾਂ ਲੋਕ ਅੱਗੇ ਹੋਣਗੇ, ਪਰ ਤੁਹਾਡੇ ਅੰਗੂਠੇ ਦਾ ਨਿਸ਼ਾਨ ਫੇਰ ਕਦੇ ਨਹੀਂ ਹੋਏਗਾ। ਜਦ ਤੁਹਾਡੇ ਅੰਗੂਠੇ ਦਾ ਨਿਸ਼ਾਨ ਕੁਦਰਤ ਏਨਾ ਮੌਲਿਕ ਬਣਾਉਂਦੀ ਹੈ। ਤਾਂ ਤੁਹਾਡੀ ਆਤਮਾ ਨੂੰ ਕਿੰਨੀ ਮੌਲਿਕ ਬਣਾਉਂਦੀ ਹੋਏਗੀ। ਤੁਸੀਂ ਸੋਚ ਸਕਦੇ ਹੋ।

ਨਵੀਂ ਚਿਕਿਤਸਾ ਸ਼ਾਸ਼ਤ੍ਰ (ਡਾਕਟਰੀ) ਦੀਆਂ ਖੋਜਾਂ ਬਹੁਤ ਗਹਿਰੀਆਂ ਗੱਲਾਂ ਵਿੱਚ ਉਲਝ ਗਈਆਂ ਹਨ। ਉਨ੍ਹਾਂ ਵਿੱਚ ਇੱਕ ਗਹਿਰੀ ਗੱਲ ਇਹ ਹੈ, ਤੁਸੀਂ ਜੇਕਰ ਡਾਕਟਰੀ ਦੀਆਂ ਕਿਤਾਬਾਂ ਪੜ੍ਹੋ ਤਾਂ ਤੁਸੀਂ ਹਿਰਦੇ ਦਾ ਚਿੱਤ੍ਰ ਬਣਿਆ ਹੋਇਆ ਵੇਖੋਗੇ। ਕਿਡਨੀ ਦਾ, ਫ਼ੁਪਫ਼ਸ ਦਾ, ਫੇਫੜਿਆਂ ਦੇ ਚਿੱਤ੍ਰ ਤੁਸੀਂ ਬਣੇ ਹੋਏ ਪਾਓਗੇ। ਉਹ ਚਿੱਤ੍ਰ ਕੇਵਲ ਔਸਤ ਹਨ। ਹਰ ਆਦਮੀ ਦਾ ਫੇਫੜਾ ਵੱਖਰੇ ਰੰਗ ਅਤੇ ਆਕਾਰ ਦਾ ਹੈ। ਕਿਸੇ ਦੂਜੇ ਆਦਮੀ ਦਾ ਫੇਫੜਾ ਉਹੋ ਜਿਹਾ ਨਹੀਂ ਹੈ। ਨਵੀਆਂ ਤੋਂ ਨਵੀਆਂ ਖੋਜਾਂ ਕਹਿੰਦੀਆਂ ਹਨ ਕਿ ਸ਼ਰੀਰ ਦਾ ਹਰ ਅੰਗ, ਹਰ ਆਦਮੀ ਦਾ ਅਨੋਖਾ ਹੈ। ਦੋ ਆਦਮੀਆਂ ਦੇ ਹਿਰਦੇ ਇੱਕ ਜਿਹੇ ਨਹੀਂ ਹਨ। ਅੰਗੂਠੇ ਦੀ ਛਾਪ ਨਹੀਂ, ਸ਼ਰੀਰ ਦਾ ਕਣ ਕਣ ਤੁਹਾਡਾ, ਬੱਸ ਤੁਹਾਡੇ ਵਰਗਾ ਹੈ ਅਤੇ ਪਰਮਾਤਮਾ ਤੁਹਾਨੂੰ ਦੁਬਾਰਾ ਪੈਦਾ ਨਹੀਂ ਕਰਦਾ। ਤੁਹਾਡੇ ਵਰਗਾ ਫੇਰ ਉਹ ਕਿਸੇ ਨੂੰ ਨਹੀਂ ਬਣਾਏਗਾ। ਤੁਸੀਂ ਅਨੂਠੇ ਹੋ। ਤੁਹਾਡੇ ਪੁੱਜਣ ਦਾ ਮਾਰਗ ਵੀ ਅਨੂਠਾ ਹੋਏਗਾ। ਤੁਸੀਂ ਬੇਜੋੜ ਹੋ। ਤੁਹਾਡੇ ਪਹੁੰਚਣ ਦਾ ਰਾਹ ਵੀ ਬੇਜੋੜ ਹੋਏਗਾ। ਮਜ਼ਬੂਰੀ ਅਤੇ ਔਖਿਆਈ ਵੀ ਇਹ ਹੀ ਹੈ, ਗੌਰਵ ਵੀ ਇਹ ਹੀ ਹੈ ਕਿ ਤੁਸੀਂ ਨਵੀਨਤਮ, ਇੱਕ ਦਮ ਨਵੇਂ-ਨਕੋਰ ਰਾਹ ਤੋਂ ਉਸਦੇ ਕੋਲ ਪੁੱਜੋਗੇ। ਉਹ ਤੁਹਾਡੇ ਲਈ ਬੇਹਾ ਨਹੀਂ ਹੋਏਗਾ।

ਇਹ ਜਿਹੜੀ ਗੱਲ ਹੈ, ਜੇਕਰ ਠੀਕ ਤਰ੍ਹਾਂ ਸਮਝ ਵਿੱਚ ਆ ਜਾਏ ਤਾਂ ਇਸੇ ਦਾ ਅਰਥ ਆਤਮਾ ਹੈ। ਮਸ਼ੀਨਾਂ ਅਸੀਂ ਹਜ਼ਾਰਾਂ ਇਕੋ ਜਿਹੀਆਂ ਬਣਾ ਸਕਦੇ ਹਾਂ। 'ਫੋਰਡ' ਦੀ ਇੱਕ ਕਾਰ ਵਰਗੀਆਂ ਲੱਖਾਂ ਕਾਰਾਂ ਹੋ ਸਕਦੀਆਂ ਹਨ। ਦਸ ਲੱਖ ਕਾਰਾਂ ਹੋ ਸਕਦੀਆਂ ਹਨ, ਇੱਕ ਦਾ ਕਲ ਪੁਰਜਾ ਦੂਜੇ ਵਿੱਚ ਫਿੱਟ ਹੋ ਜਾਏਗਾ। ਇੱਕ ਕਾਰ ਅਤੇ ਦੂਜੀ ਕਾਰ ਵਿੱਚ ਫ਼ਰਕ ਕਰਨਾ ਮੁਸ਼ਕਿਲ ਹੋਏਗਾ ਕਿ ਕੀ ਫ਼ਰਕ ਹੈ। ਪਰ ਦੋ

ਆਤਮਾਵਾਂ ਇੱਕ ਜਿਹੀਆਂ ਨਹੀਂ ਹੁੰਦੀਆਂ। ਹਰ ਇੱਕ ਆਤਮਾ ਵਿਚਿੱਤ੍ਰ ਹੁੰਦੀ ਹੈ।

ਇਸ ਦਾ ਅਰਥ ਇਹ ਹੈ, ਜੇਕਰ ਇਸ ਨੂੰ ਅਸੀਂ ਕਵੀ, ਸੰਤ ਜਾਂ ਭਗਤਾਂ ਦੀ ਦਸ਼ਾ ਵਿੱਚ ਕਹੀਏ, ਤਾਂ ਇਸਦਾ ਅਰਥ ਇਹ ਹੋਇਆ ਕਿ ਆਤਮਾ ਕਿਨ੍ਹਾਂ ਜੰਤਰਾਂ ਵਿੱਚ ਢਾਲ ਕੇ ਨਹੀਂ ਬਣਾਈ ਜਾ ਸਕਦੀ। ਪਰਮਾਤਮਾ ਜਿਵੇਂ ਇੱਕ-ਇੱਕ ਆਤਮਾ ਨੂੰ ਆਪਣੇ ਹੱਥ ਨਾਲ ਰਚਦਾ ਹੈ। ਇਹ ਹੀ ਉਸਦਾ ਸ੍ਰਿਸ਼ਟੀ ਨੂੰ ਬਨਾਉਣ ਵਾਲਾ ਹੋਣ ਦਾ ਅਰਥ ਹੈ। ਜਿਵੇਂ ਇੱਕ ਚਿੱਤ੍ਰਕਾਰ ਇੱਕ ਚਿੱਤ੍ਰ ਬਣਾਉਂਦਾ ਹੈ। ਤੁਸੀਂ ਉਸ ਨੂੰ ਕਹੋ ਕਿ ਦੁਬਾਰਾ ਇਸੇ ਨੂੰ ਬਣਾਓ ਤਾਂ ਉਹ ਠੀਕ ਉਹੋ ਜਿਹਾ ਚਿੱਤ੍ਰ ਬਣਾਉਦਾ ਹੈ। ਤੁਸੀਂ ਉਸ ਨੂੰ ਕਹੋ ਕਿ ਦੁਬਾਰਾ ਇਸੇ ਨੂੰ ਬਣਾਓ ਤਾਂ ਉਹ ਠੀਕ ਓਹੋ ਜਿਹਾ ਚਿੱਤ੍ਰ ਦੁਬਾਰਾ ਨਹੀਂ ਬਣਾ ਸਕੇਗਾ। ਖੁਦ ਉਹ ਹੀ ਚਿੱਤ੍ਰਕਾਰ ਵੀ ਨਹੀਂ ਬਣਾ ਸਕੇਗਾ। ਭੇਦ ਹੋ ਜਾਣਗੇ। ਕਿਉਂਕਿ ਸਮਾਂ ਬੀਤ ਗਿਆ। ਚਿੱਤ੍ਰਕਾਰ ਵੀ ਭਿੰਨ ਹੋ ਗਿਆ। ਉਸ ਦੀਆਂ ਭਾਵ-ਦਿਸ਼ਾਵਾਂ ਭਿੰਨ ਹੋ ਗਈਆਂ। ਜਿਹੜੀ ਭਾਵ-ਦਸ਼ਾ ਵਿੱਚ ਪਹਿਲਾਂ ਚਿੱਤ੍ਰ ਬਣਾਇਆ ਸੀ, ਹੁਣ ਉਹ ਭਾਵ-ਦਸ਼ਾ ਨਾ ਰਹੀ।

ਪਿਕਾਸੋ ਇੱਕ ਵਾਰ ਚਿੱਤ੍ਰ ਬਣਾ ਰਿਹਾ ਸੀ ਅਤੇ ਇੱਕ ਦੋਸਤ ਉਸਦੇ ਕੋਲ ਆਇਆ। ਉਸ ਨੇ ਉਸ ਨੂੰ ਚਿੱਤ੍ਰ ਬਣਾਉਂਦੇ ਵੇਖਿਆ। ਪਰ ਉਹ ਏਨਾ ਮਗਨ ਸੀ ਕਿ ਵਾਪਿਸ ਮੁੜ ਗਿਆ। ਫ਼ਿਰ ਉਹ ਚਿੱਤ੍ਰ ਬਾਜ਼ਾਰ ਵਿੱਚ ਵਿਕਿਆ ਤਾਂ ਉਸ ਆਦਮੀ ਨੇ ਖਰੀਦ ਲਿਆ। ਕਿਉਂਕਿ ਪਿਕਾਸੋ ਦੇ ਝੂਠੇ ਚਿੱਤ੍ਰ ਬਾਜ਼ਾਰ ਵਿੱਚ ਵਿਕ ਰਹੇ ਹਨ। ਪਰ ਇਹ ਚਿੱਤ੍ਰ ਤਾਂ ਉਹ ਆਪਣੀਆਂ ਅੱਖਾਂ ਨਾਲ ਪਿਕਾਸੋ ਨੂੰ ਬਣਾਉਂਦੇ ਵੇਖ ਆਇਆ ਸੀ। ਤਾਂ ਉਸ ਨੇ ਖ਼ਰੀਦ ਲਿਆ। ਲੱਖਾਂ ਰੁਪਈਏ ਉਸਦੇ ਵਿੱਚ ਲੱਗੇ। ਚਿੱਤ੍ਰਕਾਰ ਨੂੰ ਮਿਲਣ ਆਇਆ ਸੀ, ਪਿਕਾਸੋ ਨੂੰ ਉਹ ਮਿੱਤਰ, ਤਾਂ ਉਸ ਨੇ ਇੱਕ ਵਾਰ ਪੁੱਛਿਆ— ਉਹ ਚਿੱਤ੍ਰ ਨਾਲ ਲੈ ਆਇਆ ਅਤੇ ਉਸ ਨੇ ਕਿਹਾ ਕਿ ਇਹ ਚਿੱਤ੍ਰ ਪ੍ਰਮਾਣਿਕ ਤਾਂ ਹੈ ਨਾ, ਕਿਉਂਕਿ ਮੈਂ ਤੈਨੂੰ ਬਣਾਉਂਦੇ ਵੇਖਿਆ ਸੀ। ਪਿਕਾਸੋ ਨੇ ਕਿਹਾ, ਬਣਾਇਆ ਤਾਂ ਮੈਂ ਹੀ ਹੈ, ਪਰ ਪ੍ਰਮਾਣਿਕ ਨਹੀਂ ਹੈ। ਉਹ ਮਿੱਤਰ ਤਾਂ ਹੈਰਾਨ ਹੋਇਆ। ਕਿਉਂਕਿ ਪ੍ਰਮਾਣਿਕ ਦਾ ਤਾਂ ਇੱਕ ਹੀ ਅਰਥ ਹੁੰਦਾ ਹੈ ਕਿ ਚਿੱਤ੍ਰਕਾਰ ਨੇ ਖੁਦ ਬਣਾਇਆ ਹੈ। ਕਿਸੇ ਨੇ ਨਕਲ ਅਤੇ ਕਾਪੀ ਨਹੀਂ ਕੀਤੀ। **Authentic** ਹੈ। ਪਿਕਾਸੋ ਨੇ ਕਿਹਾ ਕਿ ਇਸ ਅਰਥ ਵਿੱਚ ਕਿ ਮੈਂ ਬਣਾਇਆ ਹੈ। ਅਤੇ **Authentic** ਨਹੀਂ, ਕਿਉਂਕਿ ਮੈਂ ਆਪਣੇ ਪਹਿਲੇ ਬਣਾਏ ਚਿੱਤ੍ਰਾਂ ਦੀ ਕਾਪੀ ਕੀਤੀ ਹੈ। ਬਣਾਉਂਦੇ ਵੇਲੇ ਮੈਂ ਰਚਨਾਕਾਰ ਨਹੀਂ ਸੀ। ਬਣਾਉਂਦੇ ਵੇਲੇ ਮੈਂ ਸਿਰਫ਼ ਕਾਪੀ ਕਰ ਰਿਹਾ ਸੀ ਆਪਣੇ ਹੀ ਚਿੱਤ੍ਰਾਂ ਦੀ। ਪਰ ਬਣਾਉਂਦੇ ਵੇਲੇ ਮੇਰਾ ਸ੍ਰਸ਼ਟਾ ਮੌਜੂਦ ਨਹੀਂ ਸੀ। ਉਸ ਮਿੱਤਰ ਨੇ ਪੁੱਛਿਆ, ਸ੍ਰਸ਼ਟਾ ਦਾ ਤੇਰਾ ਕੀ ਅਰਥ ਹੈ, ਤਾਂ ਪਿਕਾਸੋ ਨੇ ਕਿਹਾ, 'ਸ੍ਰਸ਼ਟਾ ਮੈਂ ਤਦੇ ਹੁੰਦਾ ਹਾਂ ਜਦ ਮੈਂ

ਬੇਜੋੜ ਬਣਾਉਂਦਾ ਹਾਂ, 'ਯੂਨੀਕ' ਅਤੇ ਜਦ ਮੈਂ ਨਕਲ ਕਰਦਾ ਹਾਂ ਤਾਂ ਕਿਹੋ ਜਿਹਾ ਬਣਾਉਣ ਵਾਲਾ।

ਇਸ ਲਈ ਕਵੀ, ਚਿੱਤ੍ਰਕਾਰ, ਮੂਰਤੀਕਾਰ, ਜਦ ਸੱਚ ਵਿੱਚ ਹੀ ਕੋਈ ਮੌਲਿਕ ਚੀਜ਼ ਬਣਾਉਂਦੇ ਹਨ, ਤਦ ਪਰਮਾਤਮਾ ਦੇ ਬਹੁਤ ਨੇੜੇ ਹੁੰਦੇ ਹਨ। ਓਨੇ ਹੀ ਨੇੜੇ— ਜਿੰਨੇ ਭਗਤ, ਜਿੰਨੇ ਸੰਤ। ਜਿੰਨਾਂ ਧਿਆਨ ਵਿੱਚ ਪਰਮਾਤਮਾ ਦੇ ਨੇੜੇ ਬੁੱਧ ਹੁੰਦੇ ਹਨ, ਓਨਾਂ ਹੀ ਅਲੋਰਾ ਦੀਆਂ ਮੂਰਤੀਆਂ ਨੂੰ ਅਜੰਤਾ ਦੇ ਚਿੱਤ੍ਰਾਂ ਨੂੰ ਬਣਾਉਂਦਾ ਹੋਇਆ ਚਿੱਤ੍ਰਕਾਰ ਵੀ ਹੁੰਦਾ ਹੈ। ਇਹ ਦੂਜੇ ਰਾਹ ਹਨ। ਜਦ ਵੀ ਤੁਸੀਂ ਕਿਸੇ ਚੀਜ਼ ਦਾ ਸਿਰਜਣ ਕਰਦੇ ਹੋ ਅਤੇ ਜੇਕਰ ਸਿਰਜਣ ਮੌਲਿਕ ਹੈ, ਤੁਸੀਂ ਨਕਲ ਨਹੀਂ ਕਰ ਰਹੇ ਹੋ, **Imitation** ਨਹੀਂ ਹੈ, ਤਾਂ ਇਸ ਤੋਂ ਵੱਡੀ ਕੋਈ ਪ੍ਰਾਰਥਨਾ ਨਹੀਂ ਹੋ ਸਕਦੀ। ਕਿਉਂਕਿ ਪਰਮਾਤਮਾ ਦੇ ਤੁਸੀਂ ਬਹੁਤ ਨੇੜੇ ਹੋ। ਉਸ ਘੜੀ ਤੁਸੀਂ ਉਸ ਦੇ ਵਰਗੇ ਹੀ ਹੋ। ਤੁਸੀਂ ਵੀ ਬਣਾਉਣ ਵਾਲੇ ਹੋ। ਇਸ ਲਈ ਤਾਂ ਸਿਰਜਣ ਦਾ ਏਨਾ ਆਨੰਦ ਹੈ। ਤੁਸੀਂ ਨਿੱਕੀ ਜਿਹੀ ਚੀਜ਼ ਵੀ ਬਣਾ ਲੈਂਦੇ ਹੋ ਤਾਂ ਕਿੰਨੇ ਖੁਸ਼ ਹੁੰਦੇ ਹੋ।

ਇੱਕ ਨਿੱਕਾ ਜਿਹਾ ਬੱਚਾ ਭਾਸ਼ ਦਾ ਘਰ ਬਣਾ ਲੈਂਦਾ ਹੈ ਤਾਂ ਆਂਢ-ਗੁਆਂਢ ਖਬਰ ਦਿੰਦਾ ਹੈ ਕਿ ਮੈਂ ਇੱਕ ਘਰ ਬਣਾ ਲਿਆ। ਇੱਕ ਰੇਤ ਵਿੱਚ ਘਰ ਬਣਾ ਲੈਂਦਾ ਹੈ ਜਿਹੜਾ ਕਿ ਹੁਣੇ ਘੜੀ ਕੁ ਪਿੱਛੋਂ ਢਹਿ ਜਾਏਗਾ। ਪਰ ਬੱਚੇ ਦੀ ਖੁਸ਼ੀ ਵੇਖੋ, ਉਹ ਨੱਚ ਰਿਹਾ ਹੈ।

ਜੀਵਨ ਵਿੱਚ ਆਨੰਦ ਦੀਆਂ ਘੜੀਆਂ ਸਿਰਜਣ ਦੀਆਂ ਘੜੀਆਂ ਹਨ। ਜਦ ਤੁਸੀਂ ਬਣਾਉਂਦੇ ਹੋ, ਤਦ ਤੁਸੀਂ ਆਨੰਦਿਤ ਹੁੰਦੇ ਹੋ ਅਤੇ ਜਿਨ੍ਹਾਂ ਦੇ ਜੀਵਨ ਬਿਨਾਂ ਸਿਰਜਣ ਤੋਂ ਬੀਤ ਜਾਂਦੇ ਹਨ, ਉਨ੍ਹਾਂ ਦੇ ਜੀਵਨ ਵਿੱਚ ਸਿਵਾਏ ਦੁੱਖ ਤੋਂ ਹੋਰ ਕੁਝ ਵੀ ਨਹੀਂ ਹੁੰਦਾ।

ਕਿਉਂਕਿ ਅਜਿਹਾ ਹੈ? ਜਦ ਤੁਸੀਂ ਕੁਝ ਬਣਾਉਂਦੇ ਹੋ ਤਾਂ ਕਿਉਂ ਆਨੰਦਿਤ ਹੁੰਦੇ ਹੋ? ਕਿਉਂਕਿ ਬਣਾਉਣ ਦੀ ਘੜੀ ਵਿੱਚ ਇੱਕ ਝਲਕ ਬਣਾਉਣ ਵਾਲੇ ਦੀ ਮਿਲਦੀ ਹੈ। ਉਹ ਬਣਾਉਣ ਵਾਲਾ ਹੈ। ਤੁਸੀਂ ਵੀ ਉਸ ਪਲ ਵਿੱਚ ਨਿੱਕੇ-ਮੋਟੇ ਬਣਾਉਣ ਵਾਲੇ ਹੋ ਜਾਂਦੇ ਹੋ। ਤੁਸੀਂ ਬਗੀਚੇ ਵਿੱਚ ਇੱਕ ਪੌਦਾ ਲਾਓ, ਜਦ ਪੌਦੇ ਵਿੱਚ ਫੁੱਲ ਆਏ ਤਾਂ ਤੁਹਾਨੂੰ ਇੱਕ ਆਨੰਦ ਹੋਏਗਾ। ਉਹ ਆਨੰਦ ਉਹ ਹੀ ਹੈ। ਵੱਡੀ ਛੋਟੀ ਮਿਕਦਾਰ ਵਿੱਚ, ਜ਼ਰੂਰ ਹੀ ਬੂੰਦ ਦੇ ਵਾਂਗ ਹੈ, ਪਰ ਆਨੰਦ ਉਹ ਹੀ ਹੈ, ਜਿਹੜਾ ਪਰਮਾਤਮਾ ਨੂੰ ਸਾਰੇ ਜਗਤ ਨੂੰ ਖਿੜਦਾ ਹੋਇਆ ਵੇਖਕੇ ਹੁੰਦਾ ਹੈ। ਮਾਤ੍ਰਾ ਦਾ ਭੇਦ ਹੋਵੇ, ਗੁਣ ਦਾ ਭੇਦ ਨਹੀਂ ਹੈ।

'ਨਾਨਕ ਕਹਿੰਦੇ ਹਨ, ਉਸ ਨੇ ਰੰਗ-ਰੰਗ ਦੇ ਜੀਆਂ ਦਾ ਵਿਧਾਨ ਕੀਤਾ, ਜਿਨ੍ਹਾਂ

ਦੇ ਨਾਮ ਅਨੇਕ ਹਨ ਅਤੇ ਅਨੰਤ ਹਨ।'

ਇਹ ਜਿਹੜਾ ਪਰਮਾਤਮਾ ਦਾ ਫੈਲਾਓ ਹੈ, ਜਿਹੜਾ ਸਿਰਜਣ ਹੈ Creativity ਹੈ, ਜੇ ਤੁਸੀਂ ਇਸ ਨੂੰ ਪਛਾਣ ਲਓ, ਪਰਮਾਤਮਾ ਨੂੰ ਪਛਾਨਣਾ ਤਾਂ ਮੁਸ਼ਕਿਲ ਹੈ। ਕਿਉਂਕਿ ਉਹ ਤਾਂ ਲੁਕਿਆ ਹੋਇਆ ਹੈ। ਪਰ ਜੇਕਰ ਤੁਸੀਂ ਉਸ ਦੀ ਦ੍ਰਸ਼ਯ-ਕ੍ਰਿਤੀ (ਵਿਖਾਈ ਦੇਣ ਵਾਲੀ ਚੀਜ਼) ਨੂੰ ਪਛਾਣ ਲਓ, ਤਾਂ ਪਹਿਲੀ ਪਛਾਣ ਹੋ ਗਈ। ਇੱਕ ਕਦਮ ਚੁੱਕ ਲਿਆ। ਵੇਖੋ ਜਗਤ ਨੂੰ, ਇੱਕ ਡੂੰਘੇ ਪ੍ਰਬੰਧ ਨਾਲ ਭਰਿਆ ਹੋਇਆ ਹੈ। ਚੰਨ ਚੜ੍ਹਦਾ ਹੈ, ਸੂਰਜ ਚੜ੍ਹਦਾ ਹੈ, ਤਾਰੇ ਘੁੰਮਦੇ ਹਨ, ਰੁੱਤਾਂ ਆਉਂਦੀਆਂ ਹਨ, ਫੁੱਲ ਖਿੜ ਜਾਂਦੇ ਹਨ, ਸਵੇਰ ਹੁੰਦੀ ਹੈ, ਪੰਛੀ ਚਹਿਕਦੇ ਹਨ। ਝਰਨੇ ਵਗ-ਵਗ ਕੇ ਸਾਗਰ 'ਚ ਪੁੱਜਦੇ ਰਹਿੰਦੇ ਹਨ। ਸਾਗਰ ਬੱਦਲਾਂ ਵਿੱਚ ਉਮੜ-ਘੁਮੜ ਕੇ ਵਾਪਸ ਝਰਨਿਆਂ ਵਿੱਚ ਵਗ੍ਹਦਾ ਰਹਿੰਦਾ ਹੈ। ਇੱਕ ਪ੍ਰਬੰਧ ਹੈ। ਜਗਤ ਇੱਕ cosmos ਹੈ, chaos ਨਹੀਂ। ਇੱਕ ਅਰਾਜਕਤਾ ਨਹੀਂ ਹੈ। ਇੱਕ ਸਹੀ ਵਿਵਸਥਾ ਹੈ। ਇਸ ਮਹੱਤਵਪੂਰਣ ਪ੍ਰਬੰਧ ਨੂੰ ਜੇਕਰ ਤੁਸੀਂ ਪਛਾਨਣ ਲੱਗੋ—

ਜਿੰਨਾਂ ਤੁਸੀਂ ਇਸ ਵਿਵਸਥਾ ਨੂੰ ਪਛਾਣੋਗੇ ਅਤੇ ਜਿੰਨੀ ਤੁਹਾਨੂੰ ਟੁਰਦੇ ਹੋਏ ਜਗਤ ਦੇ ਨਿਯਮ ਦੀ ਧਾਰਾ ਵਿਖਾਈ ਪਏਗੀ, ਓਨਾਂ ਹੀ ਤੁਹਾਨੂੰ ਪਰਮਾਤਮਾ ਦਾ ਹੱਥ ਸਮਰਣ ਆਉਣ ਲੱਗੇਗਾ। ਕਿਉਂਕਿ ਵਿਵਸਥਾ ਬਿਨਾਂ ਹੱਥਾਂ ਦੇ ਨਹੀਂ ਹੋ ਸਕਦੀ ਅਤੇ ਜਿੱਥੇ ਏਨੀ ਵਿਰਾਟ ਵਿਵਸਥਾ ਹੈ, ਉਥੇ ਓਨੇ ਹੀ ਵਿਰਾਟ ਹੱਥ ਹੋਣਗੇ। ਇਸ ਲਈ ਤਾਂ ਹਿੰਦੂ ਕਹਿੰਦੇ ਹਨ ਕਿ ਉਸਦੇ ਹਜ਼ਾਰ ਹੱਥ ਹਨ, ਹਜ਼ਾਰ ਦਾ ਮਤਲਬ ਅਨੰਤ ਹੱਥ ਹਨ। ਕਿਉਂਕਿ ਦੋ ਹੱਥਾਂ ਨਾਲ ਇਹ ਕ੍ਰਿਤ ਨਹੀਂ ਹੋ ਸਕਦਾ। ਇਹ ਜਿਹੜਾ ਅਨੰਤ ਅਸਤਿਤਵ ਹੈ, ਇਹ ਅਨੰਤ ਹੱਥਾਂ ਨਾਲ ਹੀ ਸਾਂਭਿਆ ਜਾ ਸਕਦਾ ਹੈ।

ਨਾਨਕ ਕਹਿੰਦੇ ਹਨ, ਉਸੇ ਨੇ ਬਣਾਈ ਰਾਤ, ਉਸੇ ਨੇ ਬਣਾਈ ਰੁੱਤ, ਉਸੇ ਨੇ ਬਣਾਈ ਤਿਥਿ, ਉਸੇ ਨੇ ਬਣਾਈ ਹਵਾ, ਪਾਣੀ, ਅੱਗ, ਪਾਤਾਲ, ਧਰਤੀ। ਸਭ ਉਸ ਨੇ ਬਣਾਇਆ ਹੈ ਅਤੇ ਇਨ੍ਹਾਂ ਸਭ ਦੇ ਵਿਚਕਾਰ ਬਣਾਈ ਧਰਤੀ ਕਿ ਤੁਸੀਂ ਇਸ ਅਨੰਤ ਦੀ ਯਾਤਰਾ ਵਿੱਚ ਆਰਾਮ ਕਰ ਸਕੋ। ਲੇਕਿਨ ਉਹ ਧਰਮਸ਼ਾਲਾ ਹੈ। ਉਥੇ ਤੁਸੀਂ ਘਰ ਬਣਾ ਕੇ ਨਾ ਬਹਿ ਜਾਣਾ। ਲੋਕ ਅਨੇਕ-ਅਨੇਕ ਤਰ੍ਹਾਂ ਦੇ ਘਰ ਬਣਾ ਕੇ ਬੈਠ ਗਏ ਹਨ। ਭੁੱਲ ਹੀ ਗਏ ਹਨ। ਜਿਵੇਂ ਕੋਈ ਆਦਮੀ ਰਾਤ ਧਰਮਸ਼ਾਲਾ 'ਚ ਠਹਿਰੇ ਅਤੇ ਸਵੇਰੇ ਭੁੱਲ ਹੀ ਜਾਏ ਕਿ ਧਰਮਸ਼ਾਲਾ ਹੈ ਅਤੇ ਫ਼ਿਰ ਉਥੇ ਹੀ ਰਹਿਣ ਲੱਗੇ ਅਤੇ ਧਰਮਸ਼ਾਲਾ ਦੀ ਉਲਝਨ ਨੂੰ ਹੀ ਆਪਣੀ ਉਲਝਨ ਬਣਾ ਲਵੇ। ਧਰਮਸ਼ਾਲਾ ਦੀ ਚਿੰਤਾ ਨੂੰ ਆਪਣੀ ਚਿੰਤਾ ਸਮਝ ਲਵੇ। ਫ਼ਿਰ ਪ੍ਰੇਸ਼ਾਨ ਹੋਵੇ, ਦੁਖੀ ਹੋਵੇ ਅਤੇ ਪੁੱਛਦਾ ਫ਼ਿਰ ਸ਼ਾਂਤੀ ਦਾ ਮਾਰਗ।

ਅਤੇ ਜਦ ਵੀ ਕੋਈ ਉਸ ਨੂੰ ਕਹੇ ਕਿ ਧਰਮਸ਼ਾਲਾ ਨੂੰ ਤੁਸੀਂ ਘਰ ਕਿਉਂ ਬਣਾਇਆ ਹੋਇਆ ਹੈ? ਤਦ ਹੀ ਉਹ ਕਹੇ ਕਿ ਹਾਲੀ ਛੱਡਣਾ ਮੁਸ਼ਕਿਲ ਹੈ। ਅਜੇ ਜ਼ਰਾ ਔਖਿਆਈ ਹੈ। ਸਮਝ 'ਚ ਤਾਂ ਮੈਨੂੰ ਵੀ ਆਉਂਦਾ ਹੈ, ਲੇਕਿਨ ਜ਼ਰਾ ਵਕਤ ਦੀ ਜ਼ਰੂਰਤ ਹੈ। ਹੌਲੀ-ਹੌਲੀ ਛੱਡਾਂਗਾ।

ਸਵਾਲ ਹੌਲੀ-ਹੌਲੀ ਛੱਡਣ ਦਾ ਨਹੀਂ ਹੈ। ਸਵਾਲ ਛੱਡਣ ਦਾ ਹੈ ਹੀ ਨਹੀਂ। ਸਵਾਲ ਵੇਖਣ ਦਾ ਹੈ। ਵੇਖਣ ਦੇ ਲਈ ਕੀ ਸਮਾਂ ਲਾਉਣ ਦੀ ਜ਼ਰੂਰਤ ਪੈਂਦੀ ਹੈ। ਇੱਕ ਪਲ ਵਿੱਚ ਵਿਖਾਈ ਪੈ ਜਾਂਦਾ ਹੈ। ਵੇਖਣ ਦੇ ਲਈ ਸਮਾਂ ਬਿਲਕੁਲ ਹੀ ਗ਼ੈਰ ਜ਼ਰੂਰੀ ਹੈ। ਜੇਕਰ ਤੁਸੀਂ ਵੇਖਣ ਨੂੰ ਰਾਜ਼ੀ ਹੋ, ਤਾਂ ਤੁਹਾਨੂੰ ਬਿਲਕੁਲ ਸਾਫ਼ ਵਿਖਾਈ ਪੈ ਸਕਦਾ ਹੈ ਕਿ ਜਿੱਥੇ ਤੁਸੀਂ ਹੋ, ਉਹ ਧਰਮਸ਼ਾਲਾ ਹੈ। ਕਿਉਂਕਿ ਤੁਸੀਂ ਸਦਾ ਤਾਂ ਉਥੇ ਨਹੀਂ ਸੀ। ਜਨਮ ਤੋਂ ਪਹਿਲਾਂ ਤੁਸੀਂ ਕਿੱਥੇ ਸੀ? ਮਰਨ ਤੋਂ ਪਿੱਛੋਂ ਤੁਸੀਂ ਕਿੱਥੇ ਹੋਵੋਗੇ? ਥੋੜ੍ਹੇ ਜਿਹੇ ਦਿਨਾਂ ਦਾ ਮੇਲਾ ਹੈ ਅਤੇ ਇਨ੍ਹਾਂ ਥੋੜ੍ਹੇ ਜਿਹੇ ਦਿਨਾਂ ਵਿੱਚ ਤੁਸੀਂ ਏਨੇ ਜੜ੍ਹ ਹੋ ਕੇ ਚਿੰਬੜ ਗਏ ਹੋ, ਜੋ ਹੈ ਉਸ ਨੂੰ ਵੀ ਫੜ ਲਿਆ ਹੈ। ਜੋ ਨਹੀਂ ਹੈ ਉਸ ਤੱਕ ਨੂੰ ਤੁਸੀਂ ਫੜਿਆ ਹੋਇਆ ਹੈ। ਆਦਮੀ ਦੇ ਕੋਲ ਜਿਹੜੀ ਸੰਪੱਤੀ ਹੈ ਉਸ ਨੂੰ ਉਹ ਫੜਦਾ ਹੀ ਹੈ, ਭਵਿੱਖ ਦੀਆਂ ਜਿਹੜੀਆਂ ਵਾਸ਼ਨਾਵਾਂ ਅਤੇ ਸੁਫ਼ਨੇ ਹਨ, ਉਨ੍ਹਾਂ ਨੂੰ ਵੀ ਫੜਿਆ ਹੋਇਆ ਹੈ।

ਮੁੱਲਾ ਨਸਰੂਦੀਨ ਨੇ ਇੱਕ ਘਰ ਬਣਾਇਆ। ਉਹ ਮੈਨੂੰ ਵਿਖਾਉਣ ਲੈ ਗਿਆ। ਉਸ ਨੇ ਵੱਡਾ ਬਗੀਚਾ ਲਾਇਆ ਸੀ। ਉਸ ਨੇ ਇਸ਼ਨਾਨ ਲਈ ਤਲਾਅ ਬਣਾਏ। ਉਸ ਨੇ ਕਿਹਾ ਕਿ ਇਹ ਗਰਮ ਪਾਣੀ ਦਾ ਤਲਾਅ ਹੈ। ਇਹ ਸਰਦੀਆਂ ਵਿੱਚ ਇਸ਼ਨਾਨ ਲਈ ਬਣਾਇਆ ਹੈ, ਫਿਰ ਉਸ ਨੇ ਕਿਹਾ ਕਿ ਇਹ ਠੰਡੇ ਪਾਣੀ ਦਾ ਤਲਾਅ ਹੈ। ਇਹ ਦੂਜਾ ਤਲਾਅ ਹੈ। ਇਹ ਅਸੀਂ ਗਰਮੀਆਂ ਵਿੱਚ ਇਸ਼ਨਾਨ ਲਈ ਬਣਾਇਆ ਹੈ। ਫਿਰ ਉਸ ਨੇ ਤੀਜਾ ਤਲਾਅ ਦੱਸਿਆ ਕਿ ਇਹ ਬਿਨਾਂ ਪਾਣੀ ਦਾ ਤਲਾਅ ਹੈ। ਮੈਂ ਉਸ ਨੂੰ ਪੁੱਛਿਆ ਕਿ ਇਹ ਕਿਸ ਲਈ ਬਣਾਇਆ ਹੈ? ਉਸਨੇ ਕਿਹਾ ਕਿ ਇਹ ਉਨ੍ਹਾਂ ਵਕਤਾਂ ਲਈ ਜਦੋਂ ਨਾ ਨਹਾਉਣਾ ਹੋਵੇ, ਉਸ ਮੌਕੇ ਲਈ।

ਆਦਮੀ ਨਹਾਉਣ ਦਾ ਵੀ ਇੰਤਜ਼ਾਮ ਕਰਦਾ ਹੈ ਅਤੇ ਨਾ ਨਹਾਉਣ ਦਾ ਵੀ ਕਰਦਾ ਹੈ। ਜੋ ਤੁਹਾਡੇ ਕੋਲ ਹੈ, ਉਸਦਾ ਵੀ ਤੁਸੀਂ ਇੰਤਜ਼ਾਮ ਕਰਦੇ ਹੋ, ਜੋ ਤੁਹਾਡੇ ਕੋਲ ਨਹੀਂ ਹੈ ਉਸਦਾ ਵੀ ਤੁਸੀਂ ਇੰਤਜ਼ਾਮ ਕਰਦੇ ਹੋ। ਤੁਸੀਂ ਜੋ ਹੈ ਉਸ ਦੀ ਪੀੜਾ ਨਾਲ ਤਾਂ ਭਰੇ ਹੀ ਹੋ, ਜਿਹੜਾ ਕਦੇ ਹੋਏਗਾ, ਉਸਦੀ ਚਿੰਤਾ ਵੀ ਤੁਹਾਨੂੰ ਘੇਰਦੀ ਹੈ। ਤੁਸੀਂ ਕਦੇ ਆਪਣੇ ਮਨ ਨੂੰ ਗੌਰ ਨਾਲ ਵੇਖੋ, ਤਾਂ ਤੁਸੀਂ ਪਾਓਗੇ ਕਿ ਉਹ ਅਤੀਤ ਦੀਆਂ ਚਿੰਤਾਵਾਂ ਨਾਲ ਭਰਿਆ ਹੈ। ਜਿਹੜੀਆਂ ਹੁਣ ਹੈ ਹੀ ਨਹੀਂ। ਕੋਈ ਘਟਨਾ

ਜਿਹੜੀ ਵੀਹ ਸਾਲ ਪਹਿਲਾਂ ਵਾਪਰੀ ਸੀ, ਉਹ ਤੁਹਾਡੇ ਮਨ ਵਿੱਚ ਚਲਦੀ ਹੈ। ਉਹ ਬਾਕੀ ਹੀ ਨਹੀਂ ਹੈ। ਹੁਣ ਕੁਝ ਵੀ ਨਹੀਂ ਬਚਿਆ ਹੈ ਅਤੇ ਜਿਹੜੀ ਕੋਈ ਗੱਲ ਵੀਹ ਸਾਲਾਂ ਬਾਅਦ ਹੋਏਗੀ, ਉਸਦਾ ਤੁਸੀਂ ਵਿਚਾਰ ਕਰ ਰਹੇ ਹੋ। ਤੁਸੀਂ ਆਪਣੀਆਂ ਚਿੰਤਾਵਾਂ ਨੂੰ ਹਜ਼ਾਰ ਗੁਣਾ ਕਰ ਲੈਂਦੇ ਹੋ ਅਤੇ ਕਿਸ ਦੇ ਲਈ ਤੁਸੀਂ ਚਿੰਤਾ ਕਰ ਰਹੇ ਹੋ। ਰਾਹ ਵਿੱਚ ਬਣੀ ਹੋਈ ਇੱਕ ਸਰਾਂ ਲਈ ਅਤੇ ਇਸ ਸਰਾਂ ਵਿੱਚ ਜਿਨ੍ਹਾਂ ਨਾਲ ਤੁਹਾਡਾ ਮਿਲਣ ਹੋ ਗਿਆ ਹੈ, ਤੁਸੀਂ ਉਨ੍ਹਾਂ ਲਈ ਪ੍ਰੇਸ਼ਾਨ ਹੋ ਗਏ ਹੋ। ਪਤੀ ਹੈ, ਪਤਨੀ ਹੈ, ਪੁੱਤਰ ਹੈ, ਮਾਂ ਹੈ, ਪਿਤਾ ਹੈ ਅਤੇ ਸਾਰਿਆਂ ਦੀ ਮੁਲਾਕਾਤ ਸਰਾਂ ਵਿੱਚ ਹੋਈ ਹੈ। ਰਾਹ ਦੇ ਕੰਢੇ ਮਿਲਣ ਹੋ ਗਿਆ ਹੈ ਅਤੇ ਤੁਸੀਂ ਭਾਰੀ ਪ੍ਰੇਸ਼ਾਨ ਹੋ। ਤੁਹਾਨੂੰ ਸਿਰਫ ਇੱਕ ਰੱਤੀ ਕੁ ਚਿੰਤਾ ਨਹੀਂ ਹੈ ਕਿ ਘਰ ਨੂੰ ਲੱਭੋ, ਹੋਰ ਸਭ ਚਿੰਤਾਵਾਂ ਤੁਹਾਡੇ ਕੋਲ ਹਨ।

ਨਾਨਕ ਕਹਿੰਦੇ ਹਨ, ਇਸ ਧਰਤੀ ਨੂੰ ਉਸ ਨੇ ਧਰਮਸ਼ਾਲਾ ਦੀ ਤਰ੍ਹਾਂ ਬਣਾਇਆ। ਇਸ ਪ੍ਰਤੀਕ ਨੂੰ ਠੀਕ ਤਰ੍ਹਾਂ ਸਮਝ ਲੈਣਾ। ਹੋਰ, ਉਥੇ ਆਪਣੇ-ਆਪਣੇ ਕਰਮਾਂ ਦੇ ਅਨੁਸਾਰ ਉਨ੍ਹਾਂ ਦਾ ਵਿਚਾਰ ਹੁੰਦਾ ਹੈ।

ਅਤੇ ਇਸ ਜਗਤ ਵਿੱਚ ਜੋ ਵੀ ਤੁਸੀਂ ਕਰ ਰਹੇ ਹੋ ਉਹ ਬਹੁਤ ਮਹੱਤਵਪੂਰਨ ਹੈ, ਕਿਉਂਕਿ ਆਖ਼ਰਕਾਰ ਤੁਹਾਡੇ ਜੀਵਨ ਦੀ ਨਿਯਤਿ ਉਸੇ ਨਾਲ ਨਿਰਧਾਰਿਤ ਹੋਏਗੀ। ਜਗਤ ਹੈ, ਧਰਮਸ਼ਾਲਾ ਜਿੱਥੇ ਰੁਕ ਕੇ ਅੱਗੇ ਵਧ ਜਾਣ ਦੀ ਜ਼ਰੂਰਤ ਹੈ, ਲੇਕਿਨ ਉਥੇ ਤੁਸੀਂ ਬਹੁਤ ਸਾਰੇ ਕੰਮਾਂ ਵਿੱਚ ਲੱਗੇ ਹੋ। ਧਰਮਸ਼ਾਲਾ ਤਾਂ ਖੋਹ ਲਈ ਜਾਏਗੀ, ਕੰਮ ਦਾ ਜਾਲ ਤੁਹਾਡੇ ਕੋਲ ਰਹਿ ਜਾਏਗਾ। ਮਰੋਗੇ ਤੁਸੀਂ, ਧਰਮਸ਼ਾਲਾ ਤਾਂ ਪਿੱਛੇ ਛੁੱਟ ਜਾਏਗੀ। ਪਰ ਤੁਸੀਂ ਜੋ ਧਰਮਸ਼ਾਲਾ ਵਿੱਚ ਕੀਤਾ ਉਹ ਹੀ ਤੁਹਾਡਾ ਸੰਗ ਸਾਥ ਕਰੇਗਾ ਅਤੇ ਅੰਤਮ ਫ਼ੈਸਲਾ ਤੁਸੀਂ ਕੀ ਕੀਤਾ, ਕੀ ਤੁਹਾਡੇ ਕਰਮ ਸੀ, ਉਨ੍ਹਾਂ ਉਤੇ ਨਿਰਧਾਰਿਤ ਹੋਏਗਾ।

ਹੁਣ ਇਹ ਥੋੜ੍ਹਾ ਜਿਹਾ ਸੋਚ ਲੈਣ ਵਰਗਾ ਹੈ। ਜੇਕਰ ਤੁਹਾਨੂੰ ਯਾਦ ਆ ਜਾਏ ਕਿ ਤੁਸੀਂ ਧਰਮਸ਼ਾਲਾ ਵਿੱਚ ਹੋ ਅਤੇ ਇਹ ਯਾਦ ਬਣੀ ਰਹੇ, ਤਾਂ ਬਹੁਤ ਸਾਰੇ ਕਰਮ ਤਾਂ ਉਸੇ ਪਲ ਵਿਲੀਨ ਹੋ ਜਾਣਗੇ। ਤੁਸੀਂ ਕੀ ਪਤਨੀ ਉਤੇ ਗੁੱਸਾ ਕਰੋਗੇ? ਗੁੱਸੇ ਦਾ ਮਤਲਬ ਕੀ ਹੈ, ਦੋ ਘੜੀਆਂ ਦਾ ਮਿਲਣ ਹੈ ਫਿਰ ਛੁੱਟ ਜਾਣਾ ਹੈ। ਇਨ੍ਹਾਂ ਦੋ ਪਲਾਂ ਵਿੱਚ ਤੁਸੀਂ ਪਤਨੀ ਨੂੰ ਆਪਣਾ ਮੰਨ ਲੈਂਦੇ ਹੋ, ਇਸ ਲਈ ਗੁੱਸਾ ਵੀ ਕਰਦੇ ਹੋ, ਆਪਣਾ ਮੰਨ ਲੈਂਦੇ ਹੋ, ਇਸ ਲਈ ਝਗੜਦੇ ਵੀ ਹੋ। ਪਤਨੀ ਤਾਂ ਛੁੱਟ ਜਾਏਗੀ, ਕਿਉਂਕਿ ਮੌਤ ਦੇ ਵੇਲੇ ਤੁਸੀਂ ਪਤਨੀ ਨੂੰ ਨਾਲ ਨਹੀਂ ਲੈ ਜਾ ਸਕੋਗੇ। ਪਰ ਤੁਸੀਂ ਜਿਹੜਾ ਗੁੱਸਾ ਕੀਤਾ, ਤੁਸੀਂ ਜਿਹੜੀ ਨਾਰਾਜਗੀ ਕੀਤੀ, ਤੁਸੀਂ ਜੋ ਦੁੱਖ ਪਹੁੰਚਾਇਆ, ਉਹ ਸਾਰੇ ਕ੍ਰਿਤਯ ਤੁਹਾਡੇ ਨਾਲ ਚਲੇ ਜਾਣਗੇ। ਸੁਫ਼ਨੇ ਤਾਂ ਟੁੱਟ ਜਾਣਗੇ, ਲੇਕਿਨ

ਸੁਫਨਿਆਂ ਵਿੱਚ ਤੁਸੀਂ ਜੋ ਕੀਤਾ, ਉਹ ਤੁਹਾਡਾ ਪਿੱਛਾ ਕਰੇਗਾ। ਇਹ ਸੌਦਾ ਮਹਿੰਗਾ ਹੈ। ਇਹ ਸੌਦਾ ਬਿਲਕੁਲ ਹੀ ਮਹਿੰਗਾ ਹੈ। ਇਸ ਤੋਂ ਮਿਲਦਾ ਤਾਂ ਕੁਝ ਨਹੀਂ, ਸਿਵਾਏ ਗੁਆਉਣ ਦੇ। ਸੰਸਾਰ ਵਿੱਚ ਆਦਮੀ ਪਾਉਂਦਾ ਕੁਝ ਨਹੀਂ, ਸਿਰਫ਼ ਗੁਆਉਂਦਾ ਹੈ।

ਨਾਨਕ ਕਹਿੰਦੇ ਹਨ, ਇਸ ਧਰਮਸ਼ਾਲਾ ਵਿੱਚ ਜੇਕਰ ਤੁਸੀਂ ਸਮਰਣ ਰੱਖ ਸਕੋ ਕਿ ਇਹ ਧਰਮਸ਼ਾਲਾ ਹੈ, ਤਾਂ ਤੁਹਾਡੇ ਨਜ਼ਿਨਵੇਂ ਫੀਸਦੀ ਕ੍ਰਿਤਯ ਤਾਂ ਬੰਦ ਹੋ ਜਾਣਗੇ। ਤੁਸੀਂ ਰੇਲਵੇ ਸਟੇਸ਼ਨ ਦੇ ਪਲੇਟਫਾਰਮ ਉਤੇ ਬੈਠੇ ਹੋਏ ਹੋਵੋ ਜਾਂ ਵਿਸ਼ਰਾਮ-ਘਰ ਵਿੱਚ ਬੈਠੇ ਹੋਵੋ, ਉਥੇ ਤੁਸੀਂ ਕਿਹੋ ਜਿਹਾ ਵਰਤਾਓ ਕਰਦੇ ਹੋ? ਉਥੇ ਕਿਸੇ ਆਦਮੀ ਦਾ ਟੁਰਦੇ ਵੇਲੇ ਪੈਰ ਤੇ ਜੁੱਤੀ ਵੀ ਪੈ ਜਾਏ, ਤਾਂ ਵੀ ਤੁਸੀਂ ਕਹਿੰਦੇ ਹੋ ਸਟੇਸ਼ਨ ਹੈ, ਭੀੜ ਭੜਕਾ ਹੈ। ਤੁਸੀਂ ਨਾਰਾਜ਼ ਨਹੀਂ ਹੁੰਦੇ।

ਮੁੱਲਾ ਨਸਰੂਦੀਨ ਨੇ ਜੀਵਨ ਵਿੱਚ ਬਹੁਤ ਦੇਰ ਤੱਕ ਸ਼ਾਦੀ ਨਹੀਂ ਕੀਤੀ। ਜਦ ਉਹ ਪੰਜਾਹ ਸਾਲ ਦਾ ਹੋ ਗਿਆ ਤਾਂ ਮਿੱਤਰਾਂ ਨੇ ਉਸ ਨੂੰ ਪੁੱਛਿਆ ਕਿ ਤੂੰ ਡਰਦਾ ਕਿਉਂ ਹੈਂ? ਵਿਆਹ ਕਿਉਂ ਨਹੀਂ ਕਰ ਲੈਂਦਾ? ਉਸ ਨੇ ਕਿਹਾ ਕਿ ਅਜਿਹਾ ਹੋਇਆ ਕਿ ਮੈਂ ਇੱਕ ਸਿਨੇਮਾ ਘਰ ਤੋਂ ਬਾਹਰ ਨਿਕਲ ਰਿਹਾ ਸੀ ਅਤੇ ਇੱਕ ਇਸਤ੍ਰੀ ਦੇ ਪੈਰ ਉਤੇ ਮੇਰਾ ਪੈਰ ਪੈ ਗਿਆ। ਉਹ ਝਟਕੇ ਨਾਲ ਮੁੜੀ: ਜਿਵੇਂ ਰਣਚੰਡਿਕਾ ਹੋਵੇ, ਕਾਲੀ ਦਾ ਅਵਤਾਰ ਹੋਵੇ ਅਤੇ ਉਸ ਦੀਆਂ ਅੱਖਾਂ ਚੋਂ ਅੱਗ! ਅਤੇ ਅਜਿਹਾ ਲੱਗਾ ਕਿ ਉਹ ਜਾਂ ਤਾਂ ਮੈਨੂੰ ਮਾਰੇਗੀ ਜਾਂ ਮੇਰਾ ਗਲਾ ਘੁੱਟ ਦੇਵੇਗੀ, ਜਾਂ ਝਪਟ ਪਏਗੀ। ਲੇਕਿਨ ਤਦ ਹੀ ਉਹ ਇੱਕ ਦਮ ਸ਼ਾਂਤ ਹੋ ਗਈ, ਮੈਨੂੰ ਵੇਖਕੇ ਅਤੇ ਉਸਨੇ ਕਿਹਾ ਕੋਈ ਗੱਲ ਨਹੀਂ। ਮੈਂ ਸਮਝੀ ਮੇਰਾ ਪਤੀ ਹੈ। ਤਦੋਂ ਹੀ ਮੈਂ ਤੈਅ ਕਰ ਲਿਆ ਕਿ ਵਿਆਹ ਦੇ ਝੰਝਟ ਵਿੱਚ ਨਹੀਂ ਪੈਣਾ। ਪਰਾਇਆ ਆਦਮੀ ਹੈ, ਕੀ ਝੰਝਟ ਲੈਣੀ ਹੈ। ਹੋ ਗਈ ਭੁੱਲ ਉਸਦੇ ਕੋਲੋਂ ਪੈਰ ਪੈ ਗਿਆ।

ਅਸੀਂ ਪਰਾਇਆਂ ਨੂੰ ਮਾਫ਼ ਕਰ ਦਿੰਦੇ ਹਾਂ, ਪਰ ਆਪਣਿਆਂ ਨੂੰ ਮਾਫ ਨਹੀਂ ਕਰ ਸਕਦੇ। ਬਹੁਤ ਹੈਰਾਨੀ ਹੈ, ਅਜਨਬੀ ਨੂੰ ਅਸੀਂ ਮਾਫ਼ ਕਰ ਦਿੰਦੇ ਹਾਂ। ਨੇੜੇ ਜੋ ਹੈ, ਉਸ ਨੂੰ ਮਾਫ਼ ਨਹੀਂ ਕਰ ਸਕਦੇ। ਕਿਉਂ? ਕੀ ਕਾਰਣ ਹੈ? ਅਜਨਬੀ ਅਤੇ ਨੇੜੇ ਵਿੱਚ ਫ਼ਰਕ ਕੀ ਹੈ? ਅਜਨਬੀ, ਅਜਨਬੀ ਹੈ, ਉਸ ਦੇ ਨਾਲ ਸੰਬੰਧ ਧਰਮਸ਼ਾਲਾ ਦਾ ਹੈ। ਨੇੜੇ ਜੋ ਹੈ, ਉਹ ਅਜਨਬੀ ਨਹੀਂ ਰਿਹਾ ਹੈ, ਅਜਿਹਾ ਸਾਡਾ ਭਰਮ ਹੈ। ਉਸਦੇ ਨਾਲ ਸੰਬੰਧ ਘਰ ਦਾ ਹੈ। ਜਿਹੜਾ ਆਦਮੀ ਇਸ ਪੂਰੇ ਸੰਸਾਰ ਨੂੰ ਧਰਮਸ਼ਾਲਾ ਸਮਝ ਲਵੇਗਾ, ਉਸ ਲਈ ਸਾਰੇ ਅਜਨਬੀ ਹਨ, ਸਟੇਂਜਰ ਹਨ-ਹਨ ਵੀ! ਪਤਨੀ ਚਾਹੇ ਤੀਹ ਸਾਲ ਤੁਹਾਡੇ ਕੋਲ ਰਹੇ, ਕੀ ਤੁਸੀਂ ਸੋਚਦੇ ਹੋ, ਉਹ ਅਜਨਬੀ ਨਹੀਂ ਰਹੀ? ਕੀ ਤੁਸੀਂ ਸੋਚਦੇ ਹੋ, ਤੀਹ ਸਾਲ ਨਾਲ ਰਹਿਣ ਨਾਲ ਜਿਹੜਾ ਪਰਾਇਆ ਹੈ ਉਹ ਆਪਣਾ ਹੋ ਜਾਂਦਾ ਹੈ?

ਭਰਮ ਹੁੰਦਾ ਹੈ।

ਆਪਣਾ ਤਾਂ ਹੋ ਹੀ ਨਹੀਂ ਸਕਦਾ ਇਸ ਜਗਤ ਵਿੱਚ। ਆਪਣਾ ਹੋਣ ਦਾ ਇਹ ਉਪਾਅ ਨਹੀਂ ਹੈ। ਆਪਣਾ ਤਾਂ ਸਿਰਫ਼ ਪਰਮਾਤਮਾ ਹੋ ਸਕਦਾ ਹੈ। ਪਰ ਉਸ ਦੀ ਤੁਹਾਨੂੰ ਕੋਈ ਖੋਜ ਨਹੀਂ ਹੈ। ਤੁਸੀਂ ਅਣਜਾਣਿਆਂ ਨੂੰ ਆਪਣਾ ਮੰਨ ਕੇ ਬੈਠੇ ਹੋ। ਇੱਕ ਪੁੱਤਰ ਤੁਹਾਡੇ ਘਰ ਪੈਦਾ ਹੋਇਆ ਤਾਂ ਤੁਸੀਂ ਸੋਚਦੇ ਹੋ ਕਿ ਤੁਹਾਡੇ ਤੋਂ ਪੈਦਾ ਹੋਇਆ, ਇਸ ਲਈ ਅਜਨਬੀ ਨਹੀਂ ਹੈ। ਤਾਂ ਜ਼ਿੰਦਗੀ ਤੁਹਾਨੂੰ ਗ਼ਲਤ ਸਿੱਧ ਕਰੇਗੀ। ਪਿਓ ਵੀ ਤਾਂ ਪੁੱਤਰ ਦੇ ਜੀਵਨ ਬਾਰੇ ਕੁਝ ਤੈਅ ਨਹੀਂ ਕਰ ਪਾਉਂਦਾ। ਪਿਓ ਕੁਝ ਬਨਾਉਣਾ ਚਾਹੁੰਦਾ ਹੈ, ਪੁੱਤਰ ਕੁਝ ਹੋਰ ਚਾਹੁੰਦਾ ਹੈ। ਪਿਓ ਕੁਝ ਹੋਰ ਚਾਹੁੰਦਾ ਹੈ, ਪੁੱਤਰ ਕੁਝ ਹੋਰ ਚਾਹੁੰਦਾ ਹੈ। ਪਿਓ ਦੀ ਇੱਛਾ ਕੁਝ ਹੋਰ ਸੀ, ਪੁੱਤਰ ਦੀ ਇਛਾ ਕੁਝ ਹੋਰ ਹੈ। ਕਿਹੜਾ ਪਿਓ ਆਪਣੇ ਪੁੱਤਰ ਕੋਲੋਂ ਤ੍ਰਿਪਤ ਹੁੰਦਾ ਹੈ? ਤੁਸੀਂ ਕੋਈ ਪਿਓ ਵੇਖਿਆ, ਜਿਹੜਾ ਪੁੱਤਰ ਕੋਲੋਂ ਤ੍ਰਿਪਤ ਹੋਵੇ? ਤੁਹਾਡੇ ਤੋਂ ਪੈਦਾ ਹੋਇਆ, ਪਰ ਅਜਨਬੀ ਹੈ। ਪਿਓ ਵੀ ਤਾਂ ਪ੍ਰਡਿਕਟ ਨਹੀਂ ਕਰ ਸਕਦਾ ਪੁੱਤਰ ਨੂੰ ਕਿ ਕੀ ਇਸ ਦਾ ਭੱਵਿਖ ਹੋਏਗਾ। ਪਿਓ ਵੀ ਤਾਂ ਤੈਅ ਨਹੀਂ ਕਰ ਸਕਦਾ ਕਿ ਪੁੱਤਰ ਨੂੰ ਉਹ ਹੀ ਬਣਾ ਲਵੇ, ਜੋ ਬਨਾਉਣਾ ਚਾਹੁੰਦਾ ਹੈ। ਵੱਡੇ ਤੋਂ ਵੱਡੇ ਪਿਓ ਹਾਰ ਜਾਂਦੇ ਹਨ। ਕੋਈ ਉਪਾਅ ਨਹੀਂ ਹੈ। ਪਤੀ ਲੱਖ ਕੋਸ਼ਿਸ਼ ਕਰਦਾ ਹੈ ਪਤਨੀ ਨੂੰ ਸੁਧਾਰਣ ਦੀ। ਪਤਨੀ ਕਿੰਨੀਆਂ ਕੋਸ਼ਿਸ਼ਾਂ ਕਰਦੀ ਹੈ ਪਤੀ ਨੂੰ ਸੁਧਾਰਨ ਦੀਆਂ। ਕੌਣ ਕਿਸ ਨੂੰ ਸੁਧਾਰ ਸਕਿਆ ਹੈ? ਸੁਧਾਰਨ ਵਿੱਚ ਵਿਗਾੜ ਭਾਵੇਂ ਹੋ ਜਾਵੇ, ਪਰ ਸੁਧਾਰ ਨਹੀਂ ਹੋ ਪਾਉਂਦਾ।

ਕਿਉਂਕਿ ਅਸੀਂ ਸਾਰੇ ਅਜਨਬੀ ਹਾਂ। ਅਸੀਂ ਸਾਰੇ ਆਪਣੇ-ਆਪਣੇ ਕਰਮਾਂ ਨਾਲ ਜੀ ਰਹੇ ਹਾਂ। ਸਾਨੂੰ ਕੋਈ ਦੂਜਾ ਨਾ ਸੁਧਾਰ ਸਕਦਾ ਹੈ, ਨਾ ਬਦਲ ਸਕਦਾ ਹੈ। ਸਾਡੀ ਆਪਣੀ-ਆਪਣੀ ਵੱਖਰੀ-ਵੱਖਰੀ ਯਾਤਰਾ ਹੈ। ਕੁਝ ਦੇਰ ਲਈ ਚੌਰਾਹੇ 'ਤੇ ਮਿਲ ਗਏ ਹਾਂ ਅਤੇ ਇਸ ਮਿਲਣ ਨੂੰ ਅਸੀਂ ਏਨਾ ਜ਼ਿਆਦਾ ਮੰਨ ਲਿਆ ਹੈ। ਇਸ ਨਾਲ ਕੀ ਫ਼ਰਕ ਪੈਂਦਾ ਹੈ ਕਿ ਤੁਸੀਂ ਇੱਕ ਇਸਤ੍ਰੀ ਦੇ ਨਾਲ ਸੱਤ ਫ਼ੇਰੇ ਅੱਗ ਦੇ ਦੁਆਲੇ ਲੈ ਲਏ? ਸੱਤ ਫੇਰੇ ਲੈਣ ਨਾਲ ਕੋਈ ਇਸਤ੍ਰੀ ਤੁਹਾਡੀ ਹੋ ਜਾਏਗੀ? ਸੱਤ ਕੀ ਤੁਸੀਂ ਸੱਤ ਹਜ਼ਾਰ ਫ਼ੇਰੇ ਲਓ। ਸੱਤ ਤਾਂ ਸ਼ੁਰੂਆਤ ਹੈ, ਜ਼ਿੰਦਗੀ ਵਿੱਚ ਕਿੰਨੇ ਲੱਖ ਫ਼ੇਰੇ ਲਾਉਣੇ ਪੈਂਦੇ ਹਨ। ਕੁਝ ਹੱਲ ਨਹੀਂ ਹੁੰਦਾ। ਤੁਸੀਂ ਜਿੱਥੇ ਸੀ ਉਥੇ ਹੀ ਹੋ।

ਇਥੇ ਇਸ ਸੰਸਾਰ ਵਿੱਚ ਪਰਾਇਆਪਨ ਮਿਟ ਹੀ ਨਹੀਂ ਸਕਦਾ। ਇਥੇ ਤੁਸੀਂ ਕਿੰਨੇ ਹੀ ਨੇੜੇ ਆ ਜਾਓ ਤਾਂ ਵੀ ਦੂਰੀ ਰਹੇਗੀ। ਇਹ ਹੀ ਤਾਂ ਤਕਲੀਫ਼ ਹੈ ਸਾਰੇ ਪ੍ਰੇਮੀਆਂ ਦੀ। ਪ੍ਰੇਮੀ ਚਾਹੁੰਦਾ ਹੈ ਕਿ ਏਨੇ ਨੇੜੇ ਆ ਜਾਏ ਕਿ ਦੂਰੀ ਨਾ ਰਹੇ। ਪਰ ਜਿੰਨੇ ਹੀ ਤੁਸੀਂ ਨੇੜੇ ਆਉਂਦੇ ਹੋ, ਓਨਾਂ ਹੀ ਤੁਹਾਨੂੰ ਲੱਗਦਾ ਹੈ ਕਿ ਦੂਰੀ ਹੈ। ਦੂਰ ਸੀ,

ਤਾਂ ਇਹ ਵੀ ਖ਼ਿਆਲ ਸੀ ਕਿ ਸ਼ਾਇਦ ਕੋਲ ਆਵਾਂਗੇ ਤਾਂ ਦੂਰੀ ਮਿਟ ਜਾਏਗੀ। ਨੇੜੇ ਆ ਕੇ ਪਤਾ ਲੱਗਦਾ ਹੈ ਕਿ ਦੂਰੀ ਦੇ ਮਿਟਣ ਦਾ ਕੋਈ ਉਪਾਅ ਹੀ ਨਹੀਂ ਹੈ। ਇਸ ਦੂਰੀ ਦਾ ਮਿਟਣਾ ਅਸੰਭਵ ਹੈ। ਤੁਸੀਂ ਬਿਲਕੁਲ ਨੇੜੇ-ਨੇੜੇ ਬਹਿ ਸਕਦੇ ਹੋ। ਸ਼ਰੀਰ ਹੀ ਨੇੜੇ-ਨੇੜੇ ਹੋਣਗੇ। ਤੁਹਾਡੀ ਅੰਦਰੂਨੀ ਦੂਰੀ ਤਾਂ ਬਣੀ ਹੀ ਰਹੇਗੀ। ਤੁਸੀਂ ਆਪਣੇ ਖਿਆਲ ਵਿੱਚ, ਤੁਹਾਡੀ ਪ੍ਰੇਮਿਕਾ ਆਪਣੇ ਖਿਆਲ ਵਿੱਚ। ਤੁਹਾਡੇ ਕੋਲ ਤੁਹਾਡਾ ਮਨ ਹੈ, ਤੁਹਾਡੀ ਪ੍ਰੇਮਿਕਾ ਦੇ ਕੋਲ ਉਸ ਦਾ ਮਨ ਹੈ। ਇਨ੍ਹਾਂ ਦੋਹਾਂ ਦਾ ਕਿਵੇਂ ਮਿਲਾਪ ਹੋਏਗਾ।

ਇਸ ਜਗਤ ਵਿੱਚ ਮਿਲਾਪ ਝੂਠਾ ਹੈ। ਵਿਛੋੜਾ ਸੱਚ ਹੈ। ਮਿਲਣ ਸੁਫ਼ਨਾ ਹੈ। ਮੇਲ ਤਾਂ ਸਿਰਫ਼ ਪਰਮਾਤਮਾ ਨਾਲ ਹੋ ਸਕਦਾ ਹੈ। ਇੱਕ ਹੀ ਮਿਲਣ ਹੈ। ਇਸ ਲਈ ਤਾਂ ਕਬੀਰ, ਨਾਨਕ ਅਤੇ ਦਾਦੂ ਗਾਉਂਦੇ ਹੀ ਚਲੇ ਜਾਂਦੇ ਹਨ ਕਿ ਅਸੀਂ ਰਾਮ ਦੀਆਂ ਵਹੁਟੀਆਂ ਹਾਂ। ਕਬੀਰ ਕਹਿੰਦੇ ਹਨ ਕਿ ਬੱਸ, ਅਸੀਂ ਸਮਝ ਗਏ ਕਿ ਵਹੁਟੀ ਤਾਂ ਰਾਮ ਦੀ ਹੀ ਹੋਇਆ ਜਾ ਸਕਦਾ ਹੈ। ਉਥੇ ਹੀ ਮਿਲਣਾ ਪੂਰਾ ਹੋਏਗਾ। ਜਿੱਥੇ ਸਾਰੀ ਬਾਹਰ-ਅੰਦਰ ਦੀ ਦੂਰੀ ਮਿਟ ਜਾਏਗੀ। ਉਥੇ ਹੀ ਤ੍ਰੇਹ ਬੁਝੇਗੀ, ਤ੍ਰਿਪਤੀ ਹੋਏਗੀ। ਉਥੇ ਹੀ ਅਸੀਂ ਉਸਦੇ ਨਾਲ ਮਿਲਾਂਗੇ, ਜਿਹੜਾ ਸਾਡਾ ਹੈ। ਉਥੇ ਹੀ ਅਸੀਂ ਵਿਛੋੜੇ ਨੂੰ ਸਮਾਪਤ ਕਰ ਸਕਾਂਗੇ। ਉਸ ਤੋਂ ਪਹਿਲਾਂ ਤਾਂ ਵਿਆਕੁਲਤਾ ਰਹੇਗੀ।

ਕਿੰਨੇ ਹੀ ਖੂਹਾਂ ਤੋਂ ਪਾਣੀ ਪੀਓ, ਤ੍ਰੇਹ ਨਹੀਂ ਬੁਝੇਗੀ। ਕਿੰਨੇ ਹੀ ਘਾਟਾਂ 'ਤੇ ਭਟਕੋ, ਭਟਕਣ ਹੀ ਰਹੇਗੀ। ਸਿਰਫ ਉਸ ਇੱਕ ਦੇ ਘਾਟ ਉਤੇ ਭਟਕਣ ਮਿਟਦੀ ਹੈ ਅਤੇ ਉਸਦੀ ਸਾਨੂੰ ਚਿੰਤਾ ਨਹੀਂ ਅਤੇ ਤੁਸੀਂ ਜੋ ਇਸ ਭਟਕਣ ਦੀ ਅਵਸਥਾ ਵਿੱਚ ਕਰ ਰਹੇ ਹੋ, ਉਹ ਸਾਰੇ ਕਰਮ ਤੁਹਾਡੇ ਨਾਲ ਇਕੱਠੇ ਹੋ ਰਹੇ ਹਨ। ਉਹ ਸਾਰੇ ਜਮ੍ਹਾ ਹੋ ਰਹੇ ਹਨ ਅਤੇ ਉਹ ਸਾਰੇ ਜਮ੍ਹਾਂ ਕਰਮਾਂ ਤੋਂ ਤੁਹਾਡਾ ਅੱਗੇ ਦਾ ਜੀਵਨ ਤੈਅ ਹੋਏਗਾ। ਇਸ ਨੂੰ ਥੋੜ੍ਹਾ ਸਮਝੋ।

ਤੁਸੀਂ ਜੋ ਵੀ ਕਰਦੇ ਹੋ, ਉਸਦੇ ਨਾਲ ਤੁਹਾਡਾ ਭਵਿੱਖ ਰੋਜ਼ ਤੈਅ ਹੁੰਦਾ ਹੈ। ਜੇਕਰ ਤੁਸੀਂ ਅੱਜ ਸਵੇਰੇ ਉੱਠ ਕੇ ਗੁੱਸਾ ਕੀਤਾ, ਤਾਂ ਤੁਸੀਂ ਇੱਕ ਸੰਸਕਾਰ ਪੈਦਾ ਕਰ ਰਹੇ ਹੋ। ਜੇਕਰ ਤੁਸੀਂ ਕੱਲ੍ਹ ਸਵੇਰੇ ਵੀ ਉੱਠ ਕੇ ਗੁੱਸਾ ਕੀਤਾ ਸੀ ਤਾਂ ਸੰਸਕਾਰ ਹੋਰ ਵੀ ਡੂੰਘਾ ਹੈ। ਜੇਕਰ ਪਰਸੋਂ ਸਵੇਰੇ ਉੱਠ ਕੇ ਵੀ ਤੁਸੀਂ ਗੁੱਸਾ ਕੀਤਾ ਸੀ ਤਾਂ ਸੰਸਕਾਰ ਦੀ ਲਕੀਰ ਮਜਬੂਤ ਬਣ ਗਈ। ਹੁਣ ਜਦ ਕੱਲ੍ਹ ਸਵੇਰੇ ਉਠੋਗੇ ਤਾਂ ਬਹੁਤ ਸੰਭਾਵਨਾ ਹੈ ਕਿ ਤੁਸੀਂ ਫ਼ੇਰ ਗੁੱਸਾ ਕਰੋ, ਕਿਉਂਕਿ ਆਦਮੀ ਸੰਸਕਾਰ ਨਾਲ ਜੀਉਂਦਾ ਹੈ, ਜਦ ਤੱਕ ਕਿ ਆਦਮੀ ਬੁੱਧਤੱਵ ਨੂੰ ਉਪਲਬਧ ਨਾ ਹੋ ਜਾਏ। ਸਿਰਫ਼ ਬੁੱਧਤੱਵ ਨੂੰ ਪ੍ਰਾਪਤ ਮਨੁੱਖ ਸੰਸਕਾਰ ਨਾਲ ਨਹੀਂ ਜੀਉਂਦਾ। ਉਹ ਆਦਤ ਨਾਲ ਨਹੀਂ ਜੀਉਂਦਾ। ਉਹ ਹੋਸ਼ ਨਾਲ

ਜੀਉਂਦਾ ਹੈ। ਤੁਸੀਂ ਤਾਂ ਆਦਤ ਨਾਲ ਜੀਉਂਦੇ ਹੋ। ਜੋ ਕੱਲ੍ਹ ਹੋਇਆ ਸੀ ਉਹ ਹੀ ਅੱਜ ਹੋ ਰਿਹਾ ਹੈ। ਜੋ ਅੱਜ ਹੁੰਦਾ ਹੈ, ਉਹ ਹੀ ਕੱਲ੍ਹ ਹੋਏਗਾ। ਤਾਂ ਤੁਸੀਂ ਜੋ ਵੀ ਕਰ ਰਹੇ ਹੋ, ਉਸਦੇ ਨਾਲ ਤੁਸੀਂ ਆਦਤਾਂ ਨਿਰਮਿਤ ਕਰਦੇ ਹੋ।

ਕਰਮ ਦਾ ਸਿਧਾਂਤ ਬਹੁਤ ਵਿਗਿਆਨਕ ਹੈ। ਉਸ ਦਾ ਫ਼ਲਸਫ਼ੇ ਨਾਲ ਕੁਝ ਲੈਣਾ-ਦੇਣਾ ਨਹੀਂ। ਬੱਸ, ਸਿੱਧੀ ਸਾਧੀ ਗੱਲ ਹੈ। ਉਹ ਮਨੋਵਿਗਿਆਨ ਦੀ ਸਿੱਧੀ ਜਿਹੀ ਸਚਾਈ ਹੈ ਕਿ ਤੁਸੀਂ ਜੋ ਕਰਦੇ ਹੋ, ਉਸ ਨੂੰ ਕਰਨ ਦੀ ਵਿਰਤੀ ਵਧਦੀ ਜਾਂਦੀ ਹੈ, ਕਰਨਾ ਇੱਕ ਆਦਤ ਹੋ ਜਾਂਦੀ ਹੈ। ਤੁਸੀਂ ਯੰਤਰ ਦੀ ਤਰ੍ਹਾਂ ਉਸ ਨੂੰ ਕਰਦੇ ਰਹਿੰਦੇ ਹੋ। ਜੇਕਰ ਮੁੜ ਕੇ ਆਪਣੇ ਜੀਵਨ ਵੱਲ ਵਿਚਾਰ ਕਰੋ ਤਾਂ ਤੁਸੀਂ ਦੇਖੋਗੇ ਕਿ ਤੁਸੀਂ ਇੱਕ ਪੁਨਰੁਕਤੀ (ਬਾਰ- ਬਾਰ ਕਰਨਾ) ਹੋ। ਰਿਪਿਟੀਸ਼ਨ। ਤੁਸੀਂ ਉਹੀ ਰੋਜ਼ ਕਰਦੇ ਹੋ।

ਮੇਰੇ ਕੋਲ ਲੋਕ ਆਉਂਦੇ ਹਨ। ਉਹ ਕਹਿੰਦੇ ਹਨ ਕਿ ਗੁੱਸਾ ਨਹੀਂ ਕਰਨਾ ਚਾਹੁੰਦੇ, ਪਰ ਹੋ ਜਾਂਦਾ ਹੈ। ਫ਼ਿਰ ਮੈਂ ਉਨ੍ਹਾਂ ਨੂੰ ਪੁੱਛਦਾ ਹਾਂ ਕਿ ਜਦ ਹੋ ਜਾਂਦਾ ਹੈ, ਤਦ ਤੁਸੀਂ ਕੀ ਕਰਦੇ ਹੋ? ਉਹ ਕਹਿੰਦੇ ਹਨ ਕਿ ਜਦ ਹੋ ਜਾਂਦਾ ਹੈ, ਫ਼ਿਰ ਅਸੀਂ ਪਛਤਾਉਂਦੇ ਹਾਂ। ਫ਼ਿਰ ਅਸੀਂ ਦੁਖੀ ਹੁੰਦੇ ਹਾਂ। ਤਾਂ ਮੈਂ ਉਨ੍ਹਾਂ ਨੂੰ ਕਹਿੰਦਾ ਹਾਂ ਕਿ ਤੁਸੀਂ ਇੱਕ ਕੰਮ ਕਰੋ। ਗੁੱਸੇ ਦੀ ਤਾਂ ਫ਼ਿਕਰ ਛੱਡੋ, ਤੁਸੀਂ ਪਛਤਾਉਣਾ ਛੱਡ ਦਿਓ ਘੱਟੋ-ਘੱਟ। ਇਹ ਤਾਂ ਕਰ ਸਕਦੇ ਹੋ। ਉਹ ਕਹਿੰਦੇ ਹਨ, ਤੁਸੀਂ ਕਿਹੋ ਜਿਹੀ ਉਲਟੀ ਸਿੱਖਿਆ ਦੇ ਰਹੇ ਹੋ। ਪਛਤਾ-ਪਛਤਾ ਕੇ ਅਸੀਂ ਗੁੱਸਾ ਛੱਡ ਨਹੀਂ ਸਕੇ ਅਤੇ ਜੇਕਰ ਪਛਤਾਉਣਾ ਛੱਡ ਦਿਆਂਗੇ, ਫ਼ੇਰ ਗੁੱਸਾ ਕਿਵੇਂ ਛੁਟੇਗਾ?

ਮੈਂ ਕਿਹਾ ਕਿ ਤੁਸੀਂ ਆਪਣੀ ਹੀ ਜ਼ਿੰਦਗੀ ਨੂੰ ਵੇਖੋ, ਪਛਤਾ-ਪਛਤਾ ਕੇ ਤੁਸੀਂ ਛੱਡ ਨਹੀਂ ਸਕੇ, ਹੁਣ ਮੈਂ ਤੁਹਾਨੂੰ ਕਹਿੰਦਾ ਹਾਂ ਕਿ ਤੁਸੀਂ ਬਿਨਾਂ ਪਛਤਾਉਣ ਤੋਂ ਪ੍ਰਯੋਗ ਕਰਕੇ ਵੇਖ ਲਓ। ਘੱਟੋ-ਘਟ ਆਦਤ ਦਾ ਅੱਧਾ ਹਿੱਸਾ ਤਾਂ ਤੋੜੋ। ਗੁੱਸਾ ਕਰਦੇ ਹੋ, ਫ਼ੇਰ ਪਛਤਾਉਂਦੇ ਹੋ, ਇਹ ਪੂਰੀ ਆਦਤ ਹੈ ਤੁਹਾਡੀ। ਗੁੱਸਾ ਕਰ ਕਰਕੇ ਤੁਸੀਂ ਕੋਸ਼ਿਸ਼ ਕਰ ਲਈ। ਉਹ ਨਹੀਂ ਛੁੱਟਿਆ। ਦੂਜੇ ਹਿੱਸੇ ਤੋਂ ਕੋਸ਼ਿਸ਼ ਕਰੋ। ਘੱਟੋ-ਘੱਟ ਪਛਤਾਉਣਾ ਤਾਂ ਛੱਡ ਦਿਓ, ਉਸ ਵਿੱਚ ਤਾਂ ਕੁਝ ਮਹਿੰਗਾ ਨਹੀਂ ਹੈ। ਗੁੱਸੇ ਵਿੱਚ ਤਾਂ ਸਮਝੋ ਕਿ ਮਹਿੰਗਾ ਹੈ। ਲੱਗਦਾ ਹੈ, ਕਈ ਵਾਰੀ ਕਰਨਾ ਜ਼ਰੂਰੀ ਹੈ। ਪਰ ਪਛਤਾਉਣਾ ਤਾਂ ਤੁਹਾਡਾ ਨਿਜੀ ਹੈ। ਇਸ ਵਿੱਚ ਤਾਂ ਕਿਸੇ ਦਾ ਕੋਈ ਲੈਣਾ-ਦੇਣਾ ਨਹੀਂ।

ਗੁੱਸੇ ਵਿੱਚ ਤਾਂ ਦੂਜਾ ਆਦਮੀ ਵੀ ਸ਼ਾਮਿਲ ਹੈ। ਕਿਸੇ ਨੇ ਗਾਲ੍ਹ ਕੱਢੀ, ਹੁਣ ਕਿਵੇਂ ਗੁੱਸਾ ਨਾ ਕਰੀਏ। ਅਤੇ ਨਾ ਕਰੀਏ ਤਾਂ ਲੋਕ ਕੀ ਕਹਿਣਗੇ? ਅਤੇ ਇਸ ਤਰ੍ਹਾਂ ਜੇਕਰ ਜਾਣ ਦਿੱਤਾ, ਇੱਕ ਆਦਮੀ ਨੂੰ ਗਾਲ੍ਹਾਂ ਕੱਢ ਕੇ ਅਤੇ ਪਿੰਡ ਵਿੱਚ ਖ਼ਬਰ ਹੋ ਗਈ ਤਾਂ ਹਰ ਕੋਈ ਗਾਲ੍ਹਾਂ ਕੱਢੇਗਾ। ਤਾਂ ਗੁੱਸਾ ਸਾਮੂਹਿਕ (ਇਕੱਠ ਵਿੱਚ) ਹੈ, ਪਛਤਾਵਾ ਤਾਂ

ਇਕੱਲਾ ਹੈ। ਇਸ ਵਿੱਚ ਤਾਂ ਕਿਸੇ ਦਾ ਕੁਝ ਲੈਣਾ-ਦੇਣਾ ਨਹੀਂ। ਉਸ ਵਿੱਚ ਤਾਂ ਦੂਜੇ ਦਾ ਕੋਈ ਵੀ ਸੰਬੰਧ ਨਹੀਂ ਹੈ। ਇਕੱਲੇ ਬਹਿ ਕੇ ਪਛਤਾਉਂਦੇ ਹੋ, ਕਿਰਪਾ ਕਰਕੇ ਉਸ ਨੂੰ ਛੱਡੋ। ਉਹ ਆਦਮੀ ਕੁਝ ਦਿਨਾਂ ਪਿਛੋਂ ਆਉਂਦਾ ਹੈ ਅਤੇ ਕਹਿੰਦਾ ਹੈ ਕਿ ਜਿੰਨੀ ਮੁਸੀਬਤ ਗੁੱਸਾ ਛੱਡਣ ਵਿੱਚ ਹੈ, ਓਨੀ ਹੀ ਮੁਸੀਬਤ ਪਛਤਾਵਾ ਛੱਡਣ ਵਿੱਚ ਵੀ ਹੈ।

ਇੱਕ ਇਸਤ੍ਰੀ ਮੇਰੇ ਕੋਲ ਆਉਂਦੀ ਹੈ। ਉਸਦੇ ਪਤੀ ਸ਼ਰਾਬੀ ਹਨ। ਅੱਜ ਵੀਹ ਸਾਲ ਤੋਂ ਉਹ ਉਨ੍ਹਾਂ ਦੇ ਪਿੱਛੇ ਪਈ ਹੈ, ਜਦੋਂ ਤੋਂ ਉਹ ਵਿਆਹੀ ਹੈ ਤਦੋਂ ਤੋਂ ਉਹ ਇਹ ਹੀ ਕੰਮ ਕਰ ਰਹੀ ਹੈ ਕਿ ਸ਼ਰਾਬ ਨਾ ਪੀਓ। ਉਹ ਸ਼ਰਾਬ ਪੀਵੀ ਹੀ ਜਾਂਦਾ ਹੈ, ਉਹ ਪਿੱਛੇ ਪਈ ਰਹਿੰਦੀ ਹੈ। ਉਸ ਨੇ ਮੈਨੂੰ ਕਿਹਾ ਕਿ ਉਨ੍ਹਾਂ ਦੀ ਆਦਤ ਨਹੀਂ ਛੁਟਦੀ, ਹੱਦ ਹੋ ਗਈ। ਉਨ੍ਹਾਂ ਨੂੰ ਕਿਸੇ ਤਰ੍ਹਾਂ ਸਮਝਾਓ। ਮੈਂ ਕਿਹਾ ਕਿ ਤੂੰ ਇੱਕ ਕੰਮ ਕਰ। ਤਿੰਨ ਮਹੀਨੇ ਤੂੰ ਉਸਦੇ ਪਿੱਛੇ ਨਾ ਪੈ। ਉਨ੍ਹਾਂ ਨੂੰ ਤਾਂ ਸ਼ਰਾਬ ਦੀ ਆਦਤ ਹੈ। ਸ਼ਰਾਬ ਤਾਂ ਜ਼ਰਾ ਕੈਮਿਕਲ ਮਾਮਲਾ ਹੈ। ਕਿਉਂਕਿ ਵੀਹਾਂ ਸਾਲਾਂ ਤੋਂ ਜਿਹੜਾ ਆਦਮੀ ਸ਼ਰਾਬ ਪੀ ਰਿਹਾ ਹੈ, ਉਸਦੇ ਸ਼ਰੀਰ ਦੇ ਰੋਮ-ਰੋਮ ਵਿੱਚ ਸ਼ਰਾਬ ਚਲੀ ਗਈ ਹੈ। ਉਸ ਦੇ ਖ਼ੂਨ ਵਿੱਚ ਸ਼ਰਾਬ ਹੈ ਅਤੇ ਹੁਣ ਇਹ ਉਸ ਦੇ ਵੱਸ ਦੀ ਗੱਲ ਨਹੀਂ ਹੈ, ਇੱਕ ਦਮ ਸ਼ਰਾਬ ਛੱਡ ਦੇਣਾ। ਖ਼ੈਰ, 'ਉਨ੍ਹਾਂ ਦੀ ਮੈਂ ਪਿੱਛੋਂ ਫ਼ਿਕਰ ਕਰ ਲਵਾਂਗਾ। ਪਹਿਲਾਂ ਤੂੰ ਸਬੂਤ ਦੇ ਇੱਕ ਗੱਲ ਦਾ ਕਿ ਤੂੰ ਤਿੰਨ ਮਹੀਨੇ ਉਨ੍ਹਾਂ ਨੂੰ ਕੁਝ ਨਹੀਂ ਕਹੇਂਗੀ। ਤੀਸਰੇ ਦਿਨ ਆ ਕੇ ਉਸ ਨੇ ਕਿਹਾ ਕਿ ਇਹ ਮੇਰੇ ਕੋਲੋਂ ਨਹੀਂ ਹੋ ਸਕਦਾ, ਮੈਨੂੰ ਵੀ ਆਦਤ ਪੈ ਗਈ ਹੈ।

ਤਾਂ ਮੈਂ ਉਸ ਨੂੰ ਕਿਹਾ ਕਿ ਹੁਣ ਤੂੰ ਸਮਝ ਕਿ ਇਸ ਤੇਰੇ ਪਤੀ ਦੀ ਕਿੰਨੀ ਮੁਸੀਬਤ ਹੈ। ਤੂੰ ਕਹਿਣਾ ਤੱਕ ਨਹੀਂ ਛੱਡ ਸਕਦੀ। ਕਹਿਣ ਦਾ ਕਿਹੜਾ ਨਸ਼ਾ ਹੈ? ਕਹਿਣ ਦਾ ਕੋਈ ਕੈਮੀਕਲ—ਕੋਈ ਵੀ ਤਾਂ ਨਹੀਂ ਹੈ। ਕਹਿਣਾ ਹੀ ਛੱਡ ਦੇਣਾ ਹੈ। ਵੀਹ ਸਾਲ ਕਹਿ ਕੇ ਵੀ ਸ਼ਰਾਬ ਬੰਦ ਨਹੀਂ ਹੋਈ ਹੈ, ਸਿਰਫ਼ ਤਿੰਨ ਮਹੀਨਿਆਂ ਦੀ ਗੱਲ ਹੈ। ਤੂੰ ਤਿੰਨ ਮਹੀਨੇ ਉਨ੍ਹਾਂ ਨੂੰ ਨਾ ਕਹਿ। ਤਾਂ ਤੂੰ ਇੱਕ ਸਬੂਤ ਦੇਵੇਂਗੀ ਕਿ ਤੂੰ ਆਦਤ ਛੱਡ ਸਕਦੀ ਹੈਂ, ਤਾਂ ਫ਼ਿਰ ਮੈਂ ਉਨ੍ਹਾਂ ਦੇ ਵੀ ਪਿੱਛੇ ਪਵਾਂ ਕਿ ਜਦ ਤੇਰੀ ਪਤਨੀ ਆਦਤ ਛੱਡ ਸਕਦੀ ਹੈ। ਪਰ ਉਹ ਤਿੰਨ ਮਹੀਨੇ ਪੂਰੇ ਨਹੀਂ ਕਰ ਪਾਉਂਦੀ। ਮੈਂ ਕਿਹਾ ਕਿ ਜਦ ਤੱਕ ਤੂੰ ਤਿੰਨ ਮਹੀਨੇ ਪੂਰੇ ਨਹੀਂ ਕਰੇਂਗੀ, ਮੈਂ ਤੇਰੇ ਪਤੀ ਨੂੰ ਕੁਝ ਕਹਿਣ ਵਾਲਾ ਨਹੀਂ।

ਹੁਣ ਤਾਂ ਉਹ ਸਮਝ ਗਈ ਕਿ ਮੁਸ਼ਕਿਲ ਹੈ, ਕਿਉਂਕਿ ਉਹ ਕਹਿੰਦੀ ਹੈ ਦਿਨ ਭਰ ਵੀ ਬੀਤਣਾ ਮੁਸ਼ਕਿਲ ਹੋ ਜਾਂਦਾ ਹੈ। ਦਿਨ ਵਿੱਚ ਘੱਟੋ-ਘੱਟ ਅੱਠ-ਦਸ ਵਾਰੀ ਟੋਕਣ ਦੀ ਆਦਤ ਹੈ। ਪਤੀ ਦਿਨ ਵਿੱਚ ਦੋ ਵਾਰੀ ਸ਼ਰਾਬ ਪੀਂਦੇ ਹਨ। ਉਹ ਦਸ ਵਾਰੀ ਟੋਕਦੀ ਹੈ, ਉਹ ਵੀ ਸ਼ਰਾਬ ਹੈ। ਆਦਤਾਂ ਸਾਰੀਆਂ ਸ਼ਰਾਬ ਹਨ ਅਤੇ ਜਦੋਂ ਤੁਸੀਂ

ਪੁਨਰੁਕਤੀ (ਮੁੜ-ਮੁੜ ਕੇ) ਕਰਦੇ ਹੋ, ਤਾਂ ਤੁਸੀਂ ਉਨ੍ਹਾਂ ਨੂੰ ਮਜ਼ਬੂਤ ਕਰਦੇ ਹੋ।

ਕਰਮ ਦਾ ਸਿਧਾਂਤ ਸਿਰਫ਼ ਏਨਾ ਹੀ ਕਹਿੰਦਾ ਹੈ ਕਿ ਜੋ ਤੁਸੀਂ ਕਰਦੇ ਹੋ, ਉਨ੍ਹਾਂ ਨੂੰ ਕਰਨ ਦੀ ਸੰਭਾਵਨਾ ਵਧ ਜਾਂਦੀ ਹੈ। ਜੋ ਤੁਸੀਂ ਨਹੀਂ ਕਰਦੇ, ਉਸ ਨੂੰ ਨਾ ਕਰਨ ਦੀ ਸੰਭਾਵਨਾ ਵਧ ਜਾਂਦੀ ਹੈ। ਠਹਿਰੇ ਹੋ ਧਰਮਸ਼ਾਲਾ ਵਿੱਚ ਅਤੇ ਵਰਤਾਓ ਅਜਿਹਾ ਕਰ ਰਹੇ ਹੋ, ਜਿਵੇਂ ਘਰ ਵਿੱਚ ਹੋਵੋ। ਇਹ ਗ਼ਲਤ ਆਦਤ ਬਣਾ ਰਹੇ ਹੋ। ਧਰਮਸ਼ਾਲਾ ਛੁਟੇਗੀ, ਉਹ ਤੁਹਾਡੀ ਹੈ ਹੀ ਨਹੀਂ। ਪਰ ਜੋ ਤੁਸੀਂ ਧਰਮਸ਼ਾਲਾ ਵਿੱਚ ਕੀਤਾ, ਉਹ ਨਾਲ ਚਲਾ ਜਾਏਗਾ, ਉਹ ਤੁਹਾਡਾ ਹੈ। ਕਰਮ ਤੋਂ ਇਲਾਵਾ ਤੁਹਾਡੇ ਨਾਲ ਕੁਝ ਵੀ ਨਹੀਂ ਜਾਂਦਾ ਹੈ। ਇਸ ਲਈ ਸੋਚ-ਸਮਝ ਕੇ ਕਰਨਾ।

ਤੁਸੀਂ ਕਿਸੇ ਦਾ ਹੀਰਾ ਚੁੱਕ ਲਿਆ, ਉਹ ਹੀਰਾ ਤਾਂ ਪਿਆ ਰਹਿ ਜਾਏਗਾ, ਜਦ ਤੁਸੀਂ ਮਰੋਗੇ। ਪਰ ਤੁਸੀਂ ਚੁੱਕਿਆ ਸੀ, ਉਹ ਕ੍ਰਿਤਯ ਤੁਹਾਡੇ ਨਾਲ ਚਲਾ ਜਾਏਗਾ। ਤੁਸੀਂ ਜੋ ਕਰ ਰਹੇ ਹੋ ਉਹ ਹੀ ਤੁਹਾਡੀ ਪੂੰਜੀ ਬਣ ਜਾਏਗੀ। ਜੇਕਰ ਤੁਸੀਂ ਗ਼ਲਤ ਕਰ ਰਹੇ ਹੋ, ਤਾਂ ਤੁਸੀਂ ਆਪਣੇ ਭਵਿੱਖ ਨੂੰ ਗ਼ਲਤ ਦਿਸ਼ਾ ਵਿੱਚ ਮੋੜਣ ਦੇ ਉਪਾਅ ਕਰ ਰਹੇ ਹੋ। ਜੇਕਰ ਤੁਸੀਂ ਠੀਕ ਕਰ ਰਹੇ ਹੋ ਤਾਂ ਠੀਕ ਦਿਸ਼ਾ ਵਿੱਚ ਮੋੜਣ ਦੇ ਉਪਾਅ ਕਰ ਰਹੇ ਹੋ।

ਅਤੇ ਜੇਕਰ ਤੁਸੀਂ ਸਜਗ ਹੋ ਕੇ ਜੀ ਰਹੇ ਹੋ, ਤਾਂ ਤੁਸੀਂ ਮੁਕਤ ਹੋਣ ਦਾ ਉਪਾਅ ਕਰ ਰਹੇ ਹੋ। ਕਿਉਂਕਿ ਜਿੰਨਾ ਆਦਮੀ ਸਜਗ ਹੁੰਦਾ ਹੈ, ਓਨੀ ਹੀ ਆਦਤ ਟੁੱਟਦੀ ਹੈ। ਤਦ ਉਹ ਆਦਤ ਨਾਲ ਨਹੀਂ ਜੀਉਂਦਾ। ਤਦ ਉਹ ਹੋਸ਼ ਨਾਲ ਜੀਉਂਦਾ ਹੈ। ਤਦ ਉਹ ਹਰ ਇੱਕ ਹਾਲਤ ਵਿੱਚ ਹੋਸ਼ ਨਾਲ ਫ਼ੈਸਲਾ ਲੈਂਦਾ ਹੈ। ਅਤੀਤ ਦੀ ਆਦਤ ਨਾਲ ਨਹੀਂ। ਕਿਸੇ ਨੇ ਗਾਲ੍ਹ ਕੱਢੀ, ਤੁਹਾਡੀ ਪੁਰਾਣੀ ਆਦਤ ਹੈ ਕਿ ਜਦ ਵੀ ਕੋਈ ਗਾਲ੍ਹ ਕੱਢੇ, ਬੱਸ ਖੜ੍ਹੇ ਹੋ ਜਾਓ ਲੜਣ ਲਈ।

ਇੱਕ ਹਵਾਈ ਜਹਾਜ਼ ਵਿੱਚ ਪਾਇਲਟ ਅਤੇ ਇੱਕ ਯਾਤਰੀ ਦਾ ਝਗੜਾ ਹੋ ਗਿਆ। ਗਾਲ੍ਹੀ-ਗਲੋਚ ਦੀ ਹਾਲਤ ਹੋ ਗਈ। ਪਾਇਲਟ ਬਹੁਤ ਬੇਹੁਦੇ ਸ਼ਬਦ ਬੋਲਣ ਲੱਗਾ। ਉਹ ਯਾਤਰੀ ਵੀ ਬੋਲਣ ਲੱਗਾ। ਦੂਜੇ ਹੋਰ ਯਾਤਰੀ ਨੇ ਕਿਹਾ ਕਿ ਭਰਾਵੋ, ਇਹ ਵੀ ਤਾਂ ਖ਼ਿਆਲ ਰੱਖੋ ਕਿ ਏਥੇ ਇਜ਼ਤਦਾਰ ਇਸਤ੍ਰੀਆਂ ਵੀ ਬੈਠੀਆਂ ਹਨ। ਉਹ ਯਾਤਰੀ ਨੇ ਕਿਹਾ ਕਿ ਇਜ਼ਤਦਾਰ ਇਸਤ੍ਰੀਆਂ ਭਾਵੇਂ ਹੇਠਾਂ ਉਤਰ ਜਾਣ, ਪਰ ਇਹ ਲੜਾਈ ਹੋ ਕੇ ਰਹੇਗੀ। ਉਡਦੇ ਹਵਾਈ ਜਹਾਜ਼ ਵਿੱਚ, ਆਕਾਸ਼ ਵਿੱਚ, ਉਹ ਆਦਮੀ ਕਹਿ ਰਿਹਾ ਹੈ ਕਿ ਇਜ਼ਤਦਾਰ ਇਸਤ੍ਰੀਆਂ ਭਾਵੇਂ ਹੇਠਾਂ ਉਤਰ ਜਾਣ।

ਉਹ ਆਪਣੇ ਹੋਸ਼ ਵਿੱਚ ਨਹੀਂ ਹੈ। ਉਹ ਕੀ ਕਹਿ ਰਿਹਾ ਹੈ, ਉਸ ਨੂੰ ਪਤਾ ਨਹੀਂ ਹੈ। ਪਰ ਲੜਾਈ ਹੋ ਕੇ ਰਹੇਗੀ। ਉਹ ਆਪਣੇ ਵੱਸ 'ਚ ਨਹੀਂ ਹੈ। ਕੋਈ ਵੀ ਆਪਣੇ

ਵੱਸ 'ਚ ਨਹੀਂ ਹੈ। ਜਿਹੜਾ ਬੇਹੋਸ਼ ਹੈ, ਉਹ ਆਪਣੇ ਵੱਸ ਵਿੱਚ ਨਹੀਂ ਹੈ। ਤੁਸੀਂ ਜੋ ਵੀ ਕਰ ਰਹੇ ਹੋ, ਬੇਬਸ ਕਰ ਰਹੇ ਹੋ, ਕੀਤੀ ਜਾ ਰਹੇ ਹੋ। ਤੁਹਾਨੂੰ ਸਾਫ਼ ਨਹੀਂ ਹੈ ਤੁਸੀਂ ਕੀ ਕਰ ਰਹੇ ਹੋ, ਕਿਉਂ ਕਰ ਰਹੇ ਹੋ।

ਜ਼ਰਾ ਜਾਗੋ। ਪਹਿਲਾ ਜਾਗਰਣ ਇਸ ਗੱਲ ਦਾ ਕਿ ਇਹ ਸੰਸਾਰ ਏਨਾ ਮੱਲਵਾਨ ਹੀ ਨਹੀਂ ਹੈ ਕਿ ਉਸ ਵਿੱਚ ਤੁਸੀਂ ਏਨੇ ਪ੍ਰੇਸ਼ਾਨ ਹੋਵੋ। ਕੋਈ ਆਦਮੀ ਤੁਹਾਨੂੰ ਗਾਲ੍ਹੀ ਕੱਢਦਾ ਹੈ, ਨਾ ਤਾਂ ਉਹ ਆਦਮੀ ਏਨਾ ਕੀਮਤੀ ਹੈ, ਨਾ ਗਾਲ੍ਹੀ ਏਨੀ ਕਿ ਤੁਸੀਂ ਪ੍ਰੇਸ਼ਾਨ ਹੋਵੋ। ਨਾ ਹੀ ਤੁਹਾਡਾ ਹੰਕਾਰ ਏਨਾ ਮੁੱਲਵਾਨ ਹੈ ਕਿ ਉਸ ਦੇ ਲਈ ਤੁਸੀਂ ਉਪੱਦਰ ਖੜ੍ਹਾ ਕਰੋ। ਇਹ ਧਰਮਸ਼ਾਲਾ ਹੈ। ਕਿਸੇ ਦਾ ਪੈਰ ਤੁਹਾਡੇ ਪੈਰ ਤੇ ਪੈ ਗਿਆ, ਪ੍ਰੇਸ਼ਾਨ ਨਾ ਹੋਵੋ।

ਮੁੱਲਾ ਨਸਰੂਦੀਨ ਇੱਕ ਸਿਨਮੇ ਚੋਂ ਇੰਟਰਵਲ ਵੇਲੇ ਬਾਹਰ ਆ ਰਿਹਾ ਸੀ। ਇੱਕ ਆਦਮੀ ਦੇ ਪੈਰ ਉਤੇ ਉਸਦਾ ਪੈਰ ਪੈ ਗਿਆ। ਉਹ ਆਦਮੀ ਤਿਲਮਿਲਾ ਗਿਆ, ਲੇਕਿਨ ਉਸ ਨੇ ਸੋਚਿਆ ਕਿ ਹਨੇਰਾ ਹੈ, ਹੁਣੇ-ਹੁਣੇ ਪ੍ਰਕਾਸ਼ ਹੋਇਆ ਹੈ, ਇੱਕ ਦਮ ਤਾਂ ਲੋਕਾਂ ਨੂੰ ਵਿਖਾਈ ਵੀ ਨਹੀਂ ਦਿੰਦਾ ਹਨੇਰੇ ਵਿੱਚ ਰਹਿਣ ਤੋਂ ਬਾਦ, ਹੋ ਗਈ ਹੋਣੀ ਭੁੱਲ। ਫ਼ਿਰ ਮੁੜ ਕੇ ਨਸਰੂਦੀਨ ਆਇਆ। ਉਸ ਆਦਮੀ ਦੇ ਕੋਲ ਆ ਕੇ ਪੁੱਛਿਆ ਕਿ ਕੀ ਭਾਈ ਸਾਹਿਬ, ਤੁਹਾਡੇ ਪੈਰ ਉਤੇ ਮੇਰਾ ਪੈਰ ਪੈ ਗਿਆ ਸੀ, ਉਸ ਆਦਮੀ ਨੇ ਸੋਚਿਆ ਕਿ ਇਹ ਮਾਫ਼ੀ ਮੰਗਣ ਆਇਆ ਹੈ। ਉਸ ਨੇ ਕਿਹਾ ਕਿ ਹਾਂ। ਮੁੱਲਾ ਨੇ ਪਿੱਛੇ ਮੁੜ ਕੇ ਆਪਣੀ ਪਤਨੀ ਨੂੰ ਕਿਹਾ, 'ਆ ਜਾਓ, ਇਹ ਹੀ ਆਪਣੀ ਲਾਇਨ ਹੈ।' ਉਹ ਲਾਇਨ ਬਨਾਉਣ ਲਈ ਪੈਰ 'ਤੇ ਪੈਰ ਰੱਖ ਗਿਆ ਸੀ।

ਤਾਂ ਜਿਹੜਾ ਆਦਮੀ ਤੁਹਾਨੂੰ ਗਾਲ੍ਹਾਂ ਕੱਢ ਰਿਹਾ ਹੈ, ਉਸਦੇ ਆਪਣੇ ਮਤਲਬ ਹੋਣਗੇ। ਤੁਹਾਨੂੰ ਉਸ ਦੇ ਨਾਲ ਪ੍ਰੇਸ਼ਾਨ ਹੋਣ ਦੀ ਕੋਈ ਜ਼ਰੂਰਤ ਨਹੀਂ ਹੈ। ਭੀੜ ਭੜੱਕਾ ਹੈ ਏਥੇ। ਬਹੁਤੇ ਲੋਕ ਹਨ, ਸਭ ਆਪਣੀ-ਆਪਣੀ ਭਾਲ ਕਰ ਰਹੇ ਹਨ। ਕਿਸੇ ਨਾਲ ਤੁਹਾਨੂੰ ਨਾ ਕੋਈ ਮਤਲਬ ਹੈ, ਨਾ ਕਿਸੇ ਨੂੰ ਤੁਹਾਡੇ ਨਾਲ ਕੋਈ ਮਤਲਬ ਹੈ। ਕਿਸੇ ਦਾ ਕਿਸੇ ਨਾਲ ਕੁਝ ਲੈਣਾ-ਦੇਣਾ ਨਹੀਂ ਹੈ। ਇਥੇ ਹਰ ਆਦਮੀ ਆਪਣੀ ਖੇਡ ਖੇਡ ਰਿਹਾ ਹੈ ਅਤੇ ਥੋੜ੍ਹੇ ਧੱਕੇ ਮੁੱਕੇ ਹੋਣਗੇ ਹੀ। ਕਿਉਂਕਿ ਏਨੀ ਭੀੜ ਹੈ। ਰਸਤਾ ਹੈ, ਏਨੀ ਟ੍ਰੈਫਿਕ ਹੈ।

ਜੇਕਰ ਤੁਸੀਂ ਥੋੜ੍ਹਾ ਜਿਹਾ ਵੇਖ ਸਕੋ ਅਤੇ ਤੁਸੀਂ ਇਸ ਬੋਧ ਨੂੰ ਰੱਖ ਸਕੋ, ਗੁੱਸਾ ਡਿੱਗੇਗਾ, ਨਫ਼ਰਤ ਟੁੱਟੇਗੀ। ਈਰਖਾ ਮਿਟੇਗੀ, ਜਲਨ ਅਤੇ ਉਸ ਤੋਂ ਪੈਦਾ ਹੋਣ ਵਾਲੇ ਕ੍ਰਿਤਘ ਵਿਦਾ ਹੋ ਜਾਣਗੇ। ਜਿਸ ਦਿਨ ਤੁਹਾਡੀ ਨਫ਼ਰਤ ਨਾਲੋਂ ਸੰਬੰਧਿਤ ਕ੍ਰਿਤਘ ਮੁਕ ਜਾਣਗੇ, ਉਸੇ ਦਿਨ ਤੁਹਾਨੂੰ ਲੋਕਾਂ ਉਤੇ ਦਇਆ ਆਉਣ ਲੱਗੇਗੀ। ਕਿਉਂਕਿ ਹਰ

ਆਦਮੀ ਬੇਹੋਸ਼ ਹੈ। ਕੱਲ੍ ਗੁੱਸਾ ਆਉਂਦਾ ਸੀ, ਹੁਣ ਦਇਆ ਆਏਗੀ ਅਤੇ ਤੁਹਾਨੂੰ ਲੱਗੇਗਾ ਹਰ ਆਦਮੀ ਭਟਕਿਆ ਹੋਇਆ ਹੈ। ਲੋਕ ਹਨੇਰੇ ਵਿੱਚ ਜੀ ਰਹੇ ਹਨ। ਕਿਸੇ ਦਾ ਕੋਈ ਕਸੂਰ ਨਹੀਂ ਹੈ। ਲੋਕ ਸੁੱਤੇ ਹੋਏ ਹਨ। ਸੁੱਤਾ ਹੋਇਆ ਆਦਮੀ ਬੜਬੜਾ ਰਿਹਾ ਹੋਵੇ, ਗਾਲ੍ਹੀਆਂ ਬਕ ਰਿਹਾ ਹੋਵੇ, ਤਾਂ ਵੀ ਤੁਸੀਂ ਕੁਝ ਨਹੀਂ ਕਹੋਗੇ। ਨੀਂਦ ਵਿੱਚ ਹੈ, ਤੁਸੀਂ ਕਹੋਗੇ। ਪਰ ਇਹ ਹੀ ਹਾਲਤ ਸਭ ਦੀ ਹੈ।

ਇੱਕ ਸ਼ਰਾਬੀ ਗਾਲ੍ਹੀਆਂ ਕੱਢ ਰਿਹਾ ਹੋਵੇ ਤਾਂ ਤੁਸੀਂ ਕਹਿੰਦੇ ਹੋ ਸ਼ਰਾਬੀ ਹੈ, ਪੀ ਲਈ ਹੈ ਬਹੁਤੀ। ਪਰ ਇਹ ਹੀ ਹਾਲਤ ਸਭ ਦੀ ਹੈ। ਜਨਮਾਂ-ਜਨਮਾਂ ਦੇ ਕਰਮਾਂ ਦੀ ਸ਼ਰਾਬ ਹੈ। ਡੂੰਘੀ ਨੀਂਦ ਹੈ। ਤੁਹਾਨੂੰ ਦਇਆ ਆਏਗੀ। ਜੇਕਰ ਤੁਸੀਂ ਥੋੜ੍ਹੇ ਜਿਹੇ ਵੀ ਜਾਗੋਗੇ, ਤਾਂ ਤੁਹਾਨੂੰ ਦਇਆ ਆਏਗੀ ਕਿ ਚਾਰੇ ਪਾਸੇ ਲੋਕ ਕਿੰਨੀ ਪ੍ਰੇਸ਼ਾਨੀ ਚੁੱਕ ਰਹੇ ਹਨ। ਧਰਮਸ਼ਾਲਾ ਨੂੰ ਘਰ ਸਮਝਿਆ ਹੋਇਆ ਹੈ। ਅਦਾਲਤਾਂ ਵਿੱਚ ਮੁਕੱਦਮੇ ਲੜ ਰਹੇ ਹਨ ਕਿ ਧਰਮਸ਼ਾਲਾ ਕਿਸ ਦੀ ਹੈ। ਤੁਹਾਨੂੰ ਦਇਆ ਆਉਣੀ ਸ਼ੁਰੂ ਹੋਏਗੀ ਅਤੇ ਤੁਹਾਡੀ ਦਇਆ ਦੇ ਨਾਲ, ਤੁਹਾਡੇ ਕ੍ਰਿਤਿਆਂ ਦਾ ਰੂਪ ਬਦਲੇਗਾ। ਜਿੱਥੇ ਕ੍ਰਿਤਿਯ ਪਾਪ ਸਨ, ਉਥੇ ਪੁੰਨ ਹੋਣ ਲੱਗੇਗਾ। ਜਿੱਥੇ ਤੁਸੀਂ ਦੂਜੇ ਨੂੰ ਨੁਕਸਾਨ ਪਹੁੰਚਾਉਣ ਨੂੰ ਤਿਆਰ ਹੋ ਜਾਂਦੇ ਸੀ, ਉਥੇ ਦੂਜੇ ਨੂੰ ਸਹਾਰਾ ਦੇਣ ਨੂੰ ਉਤਾਵਲੇ ਹੋ ਜਾਓਗੇ। ਜਿਹੜਾ ਤੁਹਾਨੂੰ ਗਾਲ੍ਹੀਆਂ ਕੱਢੇਗਾ, ਉਸ ਨੂੰ ਵੀ ਸਹਾਰਾ ਦੇਣ ਦੀ ਦਇਆ ਤੁਹਾਡੇ ਅੰਦਰ ਹੋਏਗੀ।

ਇਸ ਲਈ ਤਾਂ ਨਾਨਕ ਕਹਿੰਦੇ ਹਨ, 'ਗਿਆਨ ਅਤੇ ਦਇਆ'। ਗਿਆਨ ਯਾਨੀ ਜਾਗਰਣ, ਅਤੇ ਦਇਆ ਯਾਨੀ, ਤੁਹਾਡੇ ਕੰਮਾਂ ਵਿੱਚ ਜਾਗਰਣ ਦੇ ਕਾਰਣ ਹੋਇਆ ਬਦਲਾਓ। ਅਗਿਆਨ ਅੰਦਰ, ਅਹਿੰਸਾ ਬਾਹਰ। ਉਨ੍ਹਾਂ ਦੋਹਾਂ ਦਾ ਸੰਗ ਹੈ। ਗਿਆਨ ਅੰਦਰ, ਕਰੁਣਾ ਬਾਹਰ, ਇਨ੍ਹਾਂ ਦੋਹਾਂ ਦਾ ਸੰਗ ਹੈ। "ਕਰਮ ਦੇ ਅਨੁਸਾਰ ਵਿਚਾਰ ਹੋਵੇਗਾ।"

ਹੁਣ ਇਹ ਬਹੁਤ ਮਜ਼ੇ ਦੀ ਗੱਲ ਹੈ ਕਿ ਤੁਸੀਂ ਚੰਗੀਆਂ-ਚੰਗੀਆਂ ਗੱਲਾਂ ਸੋਚਦੇ ਹੋ ਅਤੇ ਬੁਰੀਆਂ-ਬੁਰੀਆਂ ਗੱਲਾਂ ਕਰਦੇ ਹੋ। ਕਰਦੇ ਤੁਸੀਂ ਬੁਰਾ ਹੋ, ਸੋਚਦੇ ਬਹੁਤ ਚੰਗਾ। ਪਰ ਤੁਹਾਡੇ ਸੋਚਣ ਦਾ ਕੋਈ ਵਿਚਾਰ ਹੋਣ ਵਾਲਾ ਨਹੀਂ ਹੈ। ਤੁਸੀਂ ਕੀ ਸੋਚਿਆ, ਇਸ ਨਾਲ ਕੁਝ ਹਿਸਾਬ ਨਹੀਂ ਹੈ। ਤੁਸੀਂ ਕੀ ਕੀਤਾ, ਉਹ ਹੀ ਤੁਹਾਡਾ ਪ੍ਰਮਾਣ ਹੈ, ਕਰਮ ਤੁਹਾਡਾ ਪ੍ਰਮਾਣ ਹੈ। ਤੁਹਾਡਾ ਵਿਚਾਰ ਨਹੀਂ, ਵਿਚਾਰ ਤਾਂ ਪਾਪੀ ਵੀ ਬਹੁਤ ਚੰਗੇ-ਚੰਗੇ ਕਰਦੇ ਹਨ। ਜੇਲ੍ਹਾਂ ਵਿੱਚ ਜਾ ਕੇ ਅਪਰਾਧੀਆਂ ਨੂੰ ਵੇਖੋ, ਉਹ ਵੀ ਵੱਡੇ ਉੱਚੇ ਵਿਚਾਰ ਕਰਦੇ ਹਨ। ਉੱਚਾ ਵਿਚਾਰ ਕਰਨਾ ਤਾਂ ਇੱਕ ਤਰਕੀਬ ਹੈ। ਬੁਰਾ ਕੰਮ ਕਰਨ ਦੀ ਤਰਕੀਬ ਹੈ ਉੱਚਾ ਵਿਚਾਰ ਕਰਨਾ।

ਇਸ ਨੂੰ ਥੋੜ੍ਹਾ ਜਿਹਾ ਸਮਝਣਾ। ਇਹ ਜ਼ਰਾ ਬਾਰੀਕ ਹੈ। ਜਦ ਆਦਮੀ ਬੁਰਾ ਕੰਮ ਕਰਦਾ ਹੈ ਤਾਂ ਉਸਦੇ ਅੰਦਰ ਪਛਤਾਵਾ ਹੁੰਦਾ ਹੈ। ਜਦ ਆਦਮੀ ਕਿਸੇ ਉਤੇ ਕਰੜਾ ਹੋ ਜਾਂਦਾ ਹੈ, ਗੁੱਸਾ ਕਰਦਾ ਹੈ, ਅਪਮਾਨ ਕਰਦਾ ਹੈ, ਤਾਂ ਅੰਦਰ ਪਛਤਾਉਂਦਾ ਹੈ। ਅੰਦਰ ਲੱਗਦਾ ਹੈ, ਇਹ ਠੀਕ ਨਹੀਂ ਹੋਇਆ। ਤਾਂ ਅੰਦਰ ਚੰਗੇ-ਚੰਗੇ ਵਿਚਾਰ ਕਰਦਾ ਹੈ, ਕਰੁਣਾ ਦੇ, ਦਇਆ ਦੇ ਕਿ ਦੋਬਾਰਾ ਮੌਕਾ ਆਉਣ 'ਤੇ ਦਇਆ ਕਰਾਂਗਾ। ਪਛਤਾਉਂਦਾ ਹੈ ਕਿ ਜੋ ਕੀਤਾ, ਉਹ ਬੁਰਾ ਕੀਤਾ। ਇਸ ਤਰ੍ਹਾਂ ਜਿਹੜਾ ਬੈਲੰਸ ਗੁਆਚ ਗਿਆ ਹੈ ਅੰਦਰ, ਜਿਹੜਾ ਸੰਤੁਲਨ ਗੁੰਮ ਹੋ ਗਿਆ ਹੈ ਬੁਰਾ ਕਰਕੇ, ਉਸ ਪਲੜੇ ਨੂੰ ਉਹ ਭਾਰੀ ਕਰ ਦਿੰਦਾ ਹੈ ਵਿਚਾਰ ਕੇ। ਸ਼ੁਭ ਧਾਰਣਾਵਾਂ ਦੇ ਕਾਰਣ। ਤੁਸੀਂ ਚੰਗਾ-ਚੰਗਾ ਸੋਚਦੇ ਹੋ ਤਾਂ ਕਿ ਤੁਹਾਡੀ ਨਜ਼ਰ ਵਿੱਚ ਜੋ ਤੁਸਾਂ ਨੇ ਬੁਰਾ ਕੀਤਾ ਹੈ ਉਹ ਢਕਿਆ ਜਾਏ। ਬੁਰੇ ਆਦਮੀ ਹਮੇਸ਼ਾਂ ਅੱਛਾ ਵਿਚਾਰ ਕਰਦੇ ਹਨ।

ਅਤੇ ਇਸ ਤੋਂ ਉਲਟਾ ਵੀ ਸਹੀ ਹੈ। ਚੰਗੇ ਕੰਮ ਕਰਨ ਵਾਲੇ ਲੋਕ ਬੁਰਾ ਵੀ ਵਿਚਾਰਦੇ ਹਨ। ਅਤੇ ਜੇਕਰ ਤੁਸੀਂ ਜਾਗ ਜਾਓਗੇ ਤਾਂ ਤੁਸੀਂ ਪਾਓਗੇ ਕਿ ਇਹ ਦੋਵੇਂ ਹਾਲਤਾਂ ਹੀ ਭਰਮ ਹਨ। ਚੋਰ ਅਕਸਰ ਸੋਚਦਾ ਹੈ ਕਿ ਦਾਨ ਕਰਾਂ। ਇਸ ਲਈ ਤੁਸੀਂ ਚੋਰਾਂ ਨੂੰ ਦਾਨ ਕਰਦੇ ਵੀ ਵੇਖੋਗੇ। ਚੋਰ ਅਕਸਰ ਸੋਚਦਾ ਹੈ ਕਿ ਮੰਦਰ ਬਣਾ ਦਿਆਂ ਕਿ ਗਰੀਬਾਂ ਨੂੰ ਭੋਜਨ ਕਰਾ ਦਿਆਂ, ਕਿ ਸਰਦੀ ਆ ਗਈ ਕੰਬਲ ਵੰਡ ਦਿਆਂ ਅਤੇ ਤੁਸੀਂ ਚੋਰਾਂ ਨੂੰ ਕੰਬਲ ਵੀ ਵੰਡਦੇ ਵੇਖੋਗੇ। ਕਿਉਂਕਿ ਚੋਰੀ ਦੀ ਕਚੋਟ ਉਪਰ ਹੁੰਦੀ ਹੈ। ਲੱਖਾਂ ਰੁਪਇਆਂ ਦੀ ਚੋਰੀ ਕੀਤੀ ਤਾਂ ਹਜ਼ਾਰ ਰੁਪਏ ਦਾ ਦਾਨ ਕਰਨ ਦਾ ਮਨ ਤਾਂ ਹੁੰਦਾ ਹੀ ਹੈ। ਉਸ ਨਾਲ ਆਦਮੀ ਸੋਚਦਾ ਹੈ ਕਿ ਸੰਤੁਲਨ ਹੋ ਜਾਏਗਾ। ਪਾਪੀ ਗੰਗਾ ਇਸ਼ਨਾਨ ਕਰਨ ਜਾਂਦਾ ਹੈ। ਉਥੇ ਥੋੜ੍ਹੀ ਦਾਨ-ਦੱਖਣਾ ਕਰਦਾ ਹੈ, ਸੋਚਦਾ ਹੈ, ਸਭ ਨਿਬੜ ਗਿਆ। ਘਰ ਹਲਕਾ ਹੋ ਕੇ ਪਰਤਦਾ ਹੈ। ਹਲਕੇ ਹੋ ਕੇ, ਪਰ ਤੁਸੀਂ ਕਰੋਗੇ ਕੀ? ਕਰੋਗੇ ਤੁਸੀਂ ਉਹ ਹੀ, ਜੋ ਤੁਸੀਂ ਕੱਲ੍ਹ ਕੀਤਾ ਸੀ। ਹੁਣ ਤੁਸੀਂ ਹਲਕੇ ਮਨ ਨਾਲ ਕਰੋਗੇ। ਇਹ ਹੋਰ ਖ਼ਤਰਾ ਹੈ। ਹੁਣ ਤੁਸੀਂ ਨਿਸ਼ਚਿੰਤ ਭਾਵ ਨਾਲ ਕਰੋਗੇ।

ਇੱਕ ਮਹਿਲਾ ਇੱਕ ਡਾਕਟਰ ਕੋਲ ਜਾ ਰਹੀ ਸੀ। ਇੱਕ ਮਨਸਵਿਦ ਦੇ ਕੋਲ। ਉਸ ਦੇ ਹੱਥੋਂ ਭਾਂਡੇ ਛੁੱਟ ਜਾਣ ਦੀ ਉਸ ਨੂੰ ਬੀਮਾਰੀ ਸੀ। ਭਾਂਡੇ ਟੁੱਟ ਜਾਂਦੇ, ਡਿੱਗ ਪੈਂਦੇ ਅਤੇ ਉਸ ਨਾਲ ਉਹ ਬਹੁਤੀ ਨਰਵਸ, ਬਹੁਤ ਬੇਚੈਨ, ਵਿਆਕੁਲ, ਕੰਬ ਜਾਂਦੀ ਸੀ। ਬਹੁਤ ਦੁਖੀ ਹੁੰਦੀ ਸੀ। ਛੇ ਮਹੀਨਿਆਂ ਦੀ ਮਨੋਚਿਕਿਤਸਾ ਦੇ ਪਿਛੋਂ ਉਸ ਦੇ ਮਨੋਵਿਗਿਆਨਿਕ ਨੇ ਪੁੱਛਿਆ ਕਿ ਹੁਣ ਤਾਂ ਸਭ ਠੀਕ ਹੈ? ਹੁਣ ਘਬਰਾਹਟ ਤਾਂ ਨਹੀਂ ਹੁੰਦੀ? ਭਾਂਡੇ ਤਾਂ ਨਹੀਂ ਡਿੱਗਦੇ? ਉਸ ਇਸਤ੍ਰੀ ਨੇ ਕਿਹਾ, ਭਾਂਡੇ ਤਾਂ ਹੁਣ ਵੀ ਡਿੱਗਦੇ ਹਨ, ਬਾਕੀ ਸਭ ਠੀਕ ਹੈ? ਡਾਕਟਰ ਨੇ ਕਿਹਾ ਕਿ ਫ਼ੇਰ ਬਾਕੀ ਸਭ ਠੀਕ ਦਾ ਕੀ

ਅਰਥ ਹੈ? ਉਸ ਨੇ ਕਿਹਾ, ਹੁਣ ਤੁਹਾਡੇ ਸਮਝਾਉਣ ਨਾਲ ਘਬਰਾਹਟ ਬਿਲਕੁਲ ਨਹੀਂ ਹੁੰਦੀ।

ਜਿਹੜਾ ਆਦਮੀ ਕੁਝ ਪੁੰਨ ਕਰ ਲੈਂਦਾ ਹੈ, ਪੁੰਨ ਦੇ ਕਾਰਣ ਹੁਣ ਘਬਰਾਹਟ ਬਿਲਕੁਲ ਨਹੀਂ ਹੁੰਦੀ ਅਤੇ ਸੋਚਦਾ ਹੈ ਕਿ ਪੁੰਨ ਕਰਕੇ ਨਿਪਟ ਗਏ, ਪਾਪ ਤਾਂ ਮੁੱਕ ਗਿਆ, ਹੁਣ ਫਿਰ ਕੀਤਾ ਜਾ ਸਕਦਾ ਹੈ ਅਤੇ ਇੱਕ ਤਰਕੀਬ ਵੀ ਹੱਥ ਲੱਗ ਗਈ: ਜਦ ਵੀ ਪਾਪ ਕਰੋ, ਪੁੰਨ ਕਰ ਲੈਣਾ।

ਇਸ ਲਈ ਤਾਂ ਇਹ ਮੁਲਕ ਏਨਾ ਪਾਪੀ ਹੋਇਆ ਹੈ, ਕਿਉਂਕਿ ਇਸ ਮੁਲਕ ਨੂੰ ਪੁੰਨ ਦੀ ਤਰਕੀਬ ਹੱਥ ਲੱਗ ਗਈ। ਅੱਜ ਭਾਰਤ ਵਰਗਾ ਪਾਪੀ ਮੁਲਕ ਲੱਭਣਾ ਮੁਸ਼ਕਿਲ ਹੈ ਅਤੇ ਉਸ ਦਾ ਕਾਰਣ ਇਹ ਹੈ ਕਿ ਗੰਗਾ ਇਥੇ ਵਗਦੀ ਹੈ। ਗਏ ਇਸ਼ਨਾਨ ਕਰਕੇ ਆ ਗਏ। ਪਾਪ ਕੀਤਾ ਮੰਦਰ ਵਿੱਚ ਜਾ ਕੇ ਪ੍ਰਸ਼ਾਦ ਚੜ੍ਹਾ ਆਏ। ਪਾਪ ਕੀਤਾ, ਹਨੂੰਮਾਨ ਜੀ ਅੱਗੇ ਇੱਕ ਨਾਰੀਅਲ ਭੰਨ ਦਿੱਤਾ। ਹਨੂੰਮਾਨ ਜੀ ਦਾ ਕੋਈ ਸੰਬੰਧ ਵੀ ਨਹੀਂ ਹੈ। ਕੋਈ ਉਨ੍ਹਾਂ ਦਾ ਕਸੂਰ ਵੀ ਨਹੀਂ ਹੈ। ਤੁਹਾਡੇ ਪਾਪ ਵਿੱਚ ਕੁਝ ਲੈਣਾ-ਦੇਣਾ ਨਹੀਂ ਹੈ ਅਤੇ ਤੁਸੀਂ ਉਨ੍ਹਾਂ ਨੂੰ ਵੀ ਹਿੱਸੇਦਾਰ ਬਣਾ ਰਹੇ ਹੋ।

ਏਧਰ ਭੁੱਲ ਕੀਤੀ, ਉਧਰ ਜਾ ਕੇ ਸੁਧਾਰ ਆਏ। ਫੇਰ ਭੁੱਲ ਕਰਨ ਨੂੰ ਤਿਆਰ ਹੋ ਕੇ ਵਾਪਸ ਪਰਤ ਆਏ। ਜਦ ਵੀ ਤੁਸੀਂ ਬੁਰਾ ਕਰਦੇ ਹੋ, ਤਦ ਤੁਸੀਂ ਭਲੇ ਵਿਚਾਰ ਕਰਦੇ ਹੋ ਤਾਂ ਕਿ ਭੁੱਲ ਦਾ ਜਿਹੜਾ ਤੁਹਾਡੇ ਅੰਦਰ ਡੰਗ, ਕੰਡਾ ਲੱਗ ਗਿਆ, ਉਹ ਨਿਕਲ ਜਾਏ ਅਤੇ ਤੁਹਾਡੀ ਜਿਹੜੀ ਮੂਰਤੀ ਚੰਗੇ ਆਦਮੀ ਦੀ ਅੰਦਰ ਟੁੱਟ ਗਈ ਹੈ ਅਤੇ ਉਹ ਫ਼ੇਰ ਤੋਂ ਅਖੰਡ ਹੋ ਜਾਏ।

ਪਰ ਤੁਹਾਡੇ ਵਿਚਾਰਾਂ ਦਾ ਕੋਈ ਹਿਸਾਬ ਹੋਣ ਵਾਲਾ ਨਹੀਂ ਹੈ। ਤੁਸੀਂ ਕੀ ਕਰਦੇ ਹੋ, ਉਹ ਹੀ ਤੁਸੀਂ ਬਣਦੇ ਹੋ, ਤੁਸੀਂ ਕੀ ਸੋਚਦੇ ਹੋ, ਇਸ ਨਾਲ ਕੋਈ ਸੰਬੰਧ ਨਹੀਂ ਹੈ ਅਤੇ ਬਹੁਤ ਅਸਚਰਜ ਦੀ ਗੱਲ ਹੈ ਕਿ ਜਦ ਵੀ ਕੋਈ ਸ਼ੁਭ ਕੰਮ ਕਰਨਾ ਹੋਵੇ ਤਾਂ ਤੁਸੀਂ ਟਾਲਦੇ ਹੋ, ਪੋਸਟਪੋਨ ਕਰਦੇ ਹੋ। ਤੁਸੀਂ ਕਹਿੰਦੇ ਹੋ ਕੱਲ੍ਹ ਕਰਾਂਗੇ, ਕਾਹਲੀ ਕੀ ਏ? ਅਤੇ ਜਦ ਵੀ ਕੋਈ ਬੁਰਾ ਕੰਮ ਕਰਨਾ ਹੁੰਦਾ ਹੈ ਤਾਂ ਤੁਸੀਂ ਕਦੇ ਨਹੀਂ ਕਹਿੰਦੇ ਕਿ ਕੱਲ੍ਹ ਕਰਾਂਗੇ। ਤੁਸੀਂ ਕਹਿੰਦੇ ਹੋ ਹੁਣੇ ਹੋ ਜਾਵੇ, ਇਸੇ ਵੇਲੇ। ਜਦ ਤੁਹਾਨੂੰ ਕਿਸੇ ਦੀ ਹੱਤਿਆ ਕਰਨੀ ਹੁੰਦੀ ਹੈ ਤਾਂ ਤੁਸੀਂ ਉਸੇ ਵੇਲੇ ਕਰਦੇ ਹੋ। ਕਿਉਂ? ਕਿਉਂਕਿ ਤੁਸੀਂ ਵੀ ਚੰਗੀ ਤਰ੍ਹਾਂ ਜਾਣਦੇ ਹੋ ਕਿ ਜੋ ਟਾਲਿਆ, ਉਹ ਸਦਾ ਦੇ ਲਈ ਟਲ ਜਾਏਗਾ, ਉਹ ਕਦੇ ਨਹੀਂ ਹੋਏਗਾ। ਗੁੱਸਾ ਕਰਨਾ ਹੋਵੇ ਤਾਂ ਉਸੇ ਵੇਲੇ ਕਰਦੇ ਹੋ। ਤੁਸੀਂ ਕੋਈ ਆਦਮੀ ਵੇਖਿਆ ਜਿਹੜਾ ਕਹੇ ਕਿ ਚੰਗਾ ਭਾਈ, ਹੁਣ ਅਸੀਂ ਜ਼ਰਾ ਕੰਮ ਵਿੱਚ ਹਾਂ, ਕੱਲ੍ਹ ਆ ਕੇ ਗੁੱਸਾ ਕਰਾਂਗੇ। ਤੁਸੀਂ ਗਾਲ੍ਹ ਕੱਢੀ, ਉਹ ਹਜ਼ਾਰ ਕੰਮ ਛੱਡ ਕੇ ਦਿੰਦਾ ਹੈ।

ਘਰ ਪਤਨੀ ਮਰ ਰਹੀ ਹੋਵੇ, ਉਹ ਦਵਾਈ ਲੈਣ ਜਾ ਰਿਹਾ ਹੈ। ਉਹ ਕਹਿੰਦਾ ਹੈ, ਮਰ ਜਾਏ ਕੱਲ੍ਹ ਦੀ ਮਰਦੀ ਅੱਜ, ਪਰ ਪਹਿਲਾਂ ਇਹ ਨਿਪਟਾਰਾ ਕਰਨਾ ਹੈ। ਕਿਉਂਕਿ ਤੁਸੀਂ ਵੀ ਭਲੀ-ਭਾਂਤ ਜਾਣਦੇ ਹੋ ਕਿ ਕੱਲ੍ਹ ਤੇ ਟਾਲਿਆ ਤਾਂ ਸਦਾ ਲਈ ਟਲ ਜਾਏਗਾ। ਫ਼ਿਰ ਕਦੇ ਨਹੀਂ ਕਰ ਪਾਓਗੇ।

ਗੁਰਜ਼ਿਏਫ਼ ਦਾ ਪਿਓ ਮਰਿਆ, ਤੇ ਉਸ ਨੇ ਉਸ ਨੂੰ ਕਿਹਾ ਕਿ ਸਿਰਫ਼ ਇੱਕ ਗੱਲ ਤੂੰ ਧਿਆਨ ਰੱਖੀਂ ਕਿ ਜਦ ਵੀ ਗੁੱਸਾ ਕਰਨਾ ਹੋਵੇ ਚੌਵੀ ਘੰਟੇ ਠਹਿਰ ਕੇ ਕਰਨਾ। ਕੋਈ ਗਾਲ੍ਹੀ ਕੱਢੇ, ਉਸ ਨੂੰ ਕਹਿ ਆਉਣਾ ਕਿ ਭਾਈ ਚੌਵੀ ਘੰਟਿਆਂ ਬਾਅਦ ਆ ਕੇ ਜਵਾਬ ਦਿਆਂਗਾ। ਕਿਉਂਕਿ ਕੀ ਕਰਾਂ, ਪਿਓ ਮਰਨ ਵੇਲੇ ਇਹ ਵਚਨ ਲੈ ਗਿਆ ਹੈ। ਨੌਂ ਸਾਲ ਦਾ ਸੀ ਗੁਰਜ਼ਿਏਫ਼। ਕੁਝ ਸਮਝਦਾ ਵੀ ਨਹੀਂ ਸੀ। ਵਚਨ ਦੇ ਦਿੱਤਾ।

ਗੁਰਜ਼ਿਏਫ਼ ਨੇ ਲਿਖਿਆ ਹੈ ਬਾਅਦ ਵਿੱਚ ਕਿ ਮੇਰੀ ਪੂਰੀ ਜ਼ਿੰਦਗੀ ਉਸ ਵਚਨ ਦੇ ਕਾਰਨ ਬਦਲ ਗਈ। ਕਿਉਂਕਿ ਚੌਵੀਂ ਘੰਟੇ ਬਾਅਦ ਕਦੇ ਕਿਸੇ ਨੇ ਗੁੱਸਾ ਕੀਤਾ ਹੈ? ਚੌਵੀ ਘੰਟਿਆਂ ਵਿੱਚ ਤਾਂ ਨੜ੍ਹਿਨਵੇਂ ਮੌਕਿਆਂ ਉਤੇ ਤਾਂ ਇਹ ਵੀ ਸਮਝ 'ਚ ਆਉਂਦਾ ਹੈ ਕਿ ਉਸ ਆਦਮੀ ਨੇ ਜੋ ਕਿਹਾ ਹੈ। ਉਹ ਠੀਕ ਹੀ ਕਿਹਾ ਹੈ। ਉਹ ਗਾਲ੍ਹੀ ਨਹੀਂ ਹੈ, ਠੀਕ ਮੇਰਾ ਵਰਨਣ ਹੈ। ਜੇਕਰ ਉਸ ਨੇ ਕਿਹਾ ਚੋਰ, ਤਾਂ ਚੌਵੀ ਘੰਟਿਆਂ ਵਿੱਚ ਖੁਦ ਹੀ ਸਮਝ ਜਾਂਦਾ ਹੈ ਕਿ ਗੱਲ ਤਾਂ ਠੀਕ ਹੀ ਹੈ, ਹਾਂ ਤਾਂ ਬੇਈਮਾਨ। ਇਹ ਤਾਂ ਵਰਨਣ ਹੋਇਆ, ਗਾਲ੍ਹੀ ਕਿੱਥੇ ਹੋਈ।

ਤਾਂ ਗੁਰਜਿਏਫ ਬਹੁਤ ਬਾਰ ਤਾਂ ਜਾ ਕੇ ਧੰਨਵਾਦ ਦੇ ਆਇਆ ਕਿ ਜੋ ਕਿਹਾ ਸੀ, ਬਿਲਕੁਲ ਠੀਕ ਕਿਹਾ ਸੀ। ਗੁੱਸੇ ਦਾ ਤਾਂ ਕੋਈ ਸਵਾਲ ਹੀ ਨਹੀਂ ਹੈ। ਤੁਹਾਡੀ ਬਹੁਤ ਕਿਰਪਾ ਕਿ ਤੁਸੀਂ ਦਸਿਆ ਜੋ ਮੈਨੂੰ ਨਹੀਂ ਦਿਸਦਾ, ਤੁਸੀਂ ਸਮਝਾਇਆ। ਜਿਹੜਾ ਬੀਮਾਰੀ ਦੱਸ ਦੇਵੇ ਉਹ ਡਾਕਟਰ ਹੈ। ਦੁਸ਼ਮਣ ਥੋੜ੍ਹੀ ਹੈ। ਨਿਦਾਨ ਕਰ ਦਿੱਤਾ 'ਡਾਈਗਨੋਸਿਸ' ਹੋ ਗਈ।

ਜਾਂ ਚੌਵੀਂ ਘੰਟਿਆਂ ਪਿਛੋਂ ਜਾ ਕੇ ਫ਼ਿਰ ਕਹਿ ਆਉਂਦਾ ਕਿ ਭਾਈ, ਮੈਂ ਬਹੁਤ ਸੋਚਿਆ, ਪਰ ਤੇਰੀ ਗੱਲ ਬਿਲਕੁਲ ਹੀ ਗ਼ਲਤ ਜਾਪਦੀ ਹੈ, ਮੇਰੇ ਉਤੇ ਲਾਗੂ ਨਹੀਂ ਹੁੰਦੀ ਅਤੇ ਜਦ ਲਾਗੂ ਹੀ ਨਹੀਂ ਹੁੰਦੀ ਤਾਂ ਅਸੀਂ ਕਾਹਦੇ ਲਈ ਗੁੱਸਾ ਕਰੀਏ? ਸਾਨੂੰ ਉਸ ਨਾਲ ਕੁਝ ਲੈਣਾ-ਦੇਣਾ ਨਹੀਂ। ਤੂੰ ਕਿਸੇ ਹੋਰ ਦੇ ਸੰਬੰਧ ਵਿੱਚ ਕਹਿ ਰਿਹਾ ਹੈਂ। ਇਸ ਦੀ ਕੋਈ ਸੰਗਤਿ ਹੀ ਨਹੀਂ ਹੈ। ਜੇ ਸੰਗਤਿ ਪਾਈ, ਤਦ ਧੰਨਵਾਦ ਦੇ ਆਉਂਦਾ, ਜਾਂ ਜਦ ਅਸੰਗਤਿ ਵੇਖੀ ਤਾਂ ਝੂਠ ਦੇ ਲਈ ਕੋਈ ਗੁੱਸੇ ਹੁੰਦਾ ਹੈ? ਤੁਸੀਂ ਕਦੇ ਖ਼ਿਆਲ ਕੀਤਾ? ਤੁਸੀਂ ਜਦ ਵੀ ਗੁੱਸਾ ਕਰਦੇ ਹੋ ਤਾਂ ਕੋਈ ਸੱਚੀ ਗੱਲ ਕਹਿੰਦਾ ਹੈ, ਤਦ ਹੀ

ਗੁੱਸੇ 'ਚ ਹੁੰਦੇ ਹੋ। ਤੁਸੀਂ 'ਚੋਰ' ਹੋ ਅਤੇ ਕੋਈ ਕਹਿ ਦਿੰਦਾ ਹੈ ਚੋਰ। ਤੁਸੀਂ ਜੇਕਰ ਚੋਰ ਨਹੀਂ ਹੋ, ਤਾਂ ਕੋਈ ਕਿੰਨਾ ਹੀ ਚੋਰ ਕਹੇ, ਗੁੱਸਾ ਨਹੀਂ ਹੁੰਦਾ, ਕਿਉਂਕਿ ਕੀ ਗੁੱਸਾ ਕਰਨਾ। ਉਹ ਆਦਮੀ ਗੱਲ ਹੀ ਝੂਠ ਕਹਿ ਰਿਹਾ ਹੈ। ਉਹ ਕਿਸੇ ਹੋਰ ਦੇ ਸੰਬੰਧ ਵਿੱਚ ਕਹਿ ਰਿਹਾ ਹੋਏਗਾ। ਉਸ ਦੇ ਨਾਲ ਮੇਰਾ ਕੋਈ ਲੈਣਾ-ਦੇਣਾ ਨਹੀਂ। ਉਸਦੀ ਸੱਟ ਹੀ ਨਹੀਂ ਵੱਜਦੀ।

ਪਰ ਤੁਸੀਂ ਲੁਕਾਈ ਰੱਖਦੇ ਹੋ ਕਿ ਤੁਸੀਂ ਚੋਰ ਹੋ। ਤੁਸੀਂ ਹਰ ਪਾਸੇ ਸਾਧੂ ਦਾ ਭੇਸ਼ ਧਾਰ ਕੇ ਮੰਦਰ ਜਾਂਦੇ ਸੀ, ਮਾਲਾ ਜਪਦੇ ਸੀ। ਤੁਹਾਡਾ ਭੇਸ਼ ਧੋਖੇ ਦਾ ਸੀ ਅਤੇ ਇਸ ਆਦਮੀ ਨੇ ਅਸਲੀ ਗੱਲ ਫੜ ਲਈ, ਉਸ ਨੇ ਕਹਿ ਦਿੱਤਾ ਕਿ ਚੋਰ, ਸੱਟ ਲੱਗਦੀ ਹੈ। ਧਿਆਨ ਰੱਖਣਾ, ਸਤਯ ਨਾਲ ਸੱਟ ਵੱਜਦੀ ਹੈ, ਝੂਠ ਨਾਲ ਕਿਵੇਂ ਸੱਟ ਲੱਗੇਗੀ? ਝੂਠ ਦੀ ਕੋਈ ਤਾਕਤ ਹੈ? ਝੂਠ ਵਿੱਚ ਕੋਈ ਬੱਲ ਹੈ? ਲੇਕਿਨ ਅਸੀਂ ਬੁਰਾਈ ਨੂੰ ਉਸੇ ਵੇਲੇ ਕਰਦੇ ਹਾਂ ਅਤੇ ਭਲਾਈ ਨੂੰ ਅਸੀਂ ਕਹਿੰਦੇ ਹਾਂ, ਕੱਲ੍ਹ ਆਉਣਾ। ਕੋਈ ਦੋ ਪੈਸੇ ਵੀ ਮੰਗੇ ਤਾਂ ਤੁਸੀਂ ਟਾਲਦੇ ਹੋ। ਕੋਈ ਦੋ ਰੋਟੀਆਂ ਵੀ ਮੰਗਣ ਆ ਜਾਏ ਤਾਂ ਤੁਸੀਂ ਪੂਰੇ ਪ੍ਰਾਣਾਂ ਨਾਲ ਲੱਗ ਜਾਂਦੇ ਹੋ ਕਿ ਕਿਵੇਂ ਟਲੇ। ਚੰਗਾ ਕਰਨ ਦੀ ਹਿੰਮਤ ਹੀ ਨਹੀਂ ਹੁੰਦੀ ਅਤੇ ਬੁਰਾ ਕਰਨ ਨੂੰ ਤੁਸੀਂ ਬਿਲਕੁਲ ਹੀ ਕਮਰ ਕੱਸ ਕੇ ਖਲੋਤੇ ਹੋ। ਜਿਵੇਂ ਕਿ ਉਡੀਕ ਹੀ ਕਰ ਰਹੇ ਸੀ ਕਿ ਆਓ।

ਇੱਕ ਮਾਰਵਾੜੀ ਗਰਮੀਆਂ ਦੇ ਦਿਨਾਂ ਵਿੱਚ ਆਪਣੀ ਖੱਸ ਦੀ ਟੱਟੀ ਦੇ ਪਿੱਛੇ ਬੈਠਾ ਹੋਇਆ ਹਿਸਾਬ-ਕਿਤਾਬ ਕਰ ਰਿਹਾ ਸੀ। ਇੱਕ ਭਿਖਾਰੀ ਮੰਗਣ ਆਇਆ। ਉਹ ਕਹਿੰਦਾ, ਮਿਲ ਜਾਣ ਚਾਰ ਪੈਸੇ। ਉਸ ਮਾਰਵਾੜੀ ਨੇ ਕਿਹਾ ਕਿ ਜਾ ਪੈਸੇ ਵੈਸੇ ਏਥੇ ਨਹੀਂ ਹਨ। ਉਸ ਨੇ ਕਿਹਾ, ਤਾਂ ਦੋ ਰੋਟੀਆਂ ਮਿਲ ਜਾਣ। ਉਸ ਮਾਰਵਾੜੀ ਨੇ ਕਿਹਾ, ਭੱਜ ਇਥੋਂ, ਏਥੇ ਰੋਟੀ ਵੋਟੀ ਕੋਈ ਨਹੀਂ ਹੈ। ਉਸ ਨੇ ਕਿਹਾ, ਕੁਝ ਕੱਪੜਾ ਲੱਤਾ? ਜਿਵੇਂ ਕਿ ਭਿਖਾਰੀ ਅੜਿਅਲ ਹੁੰਦੇ ਨੇ, ਪਰ ਮਾਰਵਾੜੀਆਂ ਤੋਂ ਕੋਈ ਜਿਤਿਆ? ਉਸ ਮਾਰਵਾੜੀ ਨੇ ਕਿਹਾ ਕਿ ਏਥੇ ਕੁਝ ਨਹੀਂ ਹੈ, ਅੱਗੇ ਵਧ। ਉਸ ਭਿਖਾਰੀ ਨੇ ਕਿਹਾ, "ਫਿਰ ਅੰਦਰ ਬੈਠਾ ਕੀ ਕਰ ਰਿਹਾ ਹੈਂ?" ਚਲ ਮੇਰੇ ਨਾਲ ਹੀ ਚਲਾ ਚਲ। ਜੋ ਵੀ ਮਿਲੇਗਾ, ਅੱਧਾ-ਅੱਧਾ ਵੰਡ ਲਵਾਂਗੇ।

ਬੁਰੇ ਨੂੰ ਟਾਲਨਾ ਅਤੇ ਭਲੇ ਨੂੰ ਨਾ ਟਾਲਨਾ, ਤੁਹਾਡਾ ਜੀਵਨ ਬਦਲ ਜਾਏਗਾ। ਬੁਰੇ ਨੂੰ ਕਹਿਣਾ, ਕੱਲ੍ਹ ਕਰਾਂਗੇ। ਭਲੇ ਨੂੰ ਹੁਣੇ ਕਰ ਲੈਣਾ, ਕਿਉਂਕਿ ਕੱਲ੍ਹ ਦਾ ਕੀ ਭਰੋਸਾ ਹੈ? ਜੇਕਰ ਤੁਹਾਡੇ ਜੀਵਨ ਦਾ ਇਹ ਸੂਤਰ ਹੋ ਜਾਏ ਕਿ ਬੁਰੇ ਨੂੰ ਟਾਲਨਾ, ਬੁਰਾ ਹੋਏਗਾ ਹੀ ਨਹੀਂ। ਭਲੇ ਨੂੰ ਇਸੇ ਘੜੀ ਕਰਨਾ, ਬਹੁਤ ਭਲਾ ਹੋਏਗਾ, ਹੁਣ ਵੀ ਤੁਸੀਂ ਉਹ ਹੀ ਕਰ ਰਹੇ ਹੋ। ਉਲਟੇ ਢੰਗ ਨਾਲ ਅਤੇ ਤੁਸੀਂ। ਬੁਰਾ ਕਰਦੇ ਹੋ, ਭਲੇ ਨੂੰ ਟਾਲਦੇ

ਹੋ। ਭਲਾ ਫੇਰ ਕਦੇ ਨਹੀਂ ਹੁੰਦਾ, ਬੁਰਾ ਰੋਜ਼ ਹੁੰਦਾ ਹੈ। ਤੁਹਾਡੇ ਸਾਰੇ ਕਰਮਾਂ ਦੀ ਲੜੀ ਕੰਡਿਟਾ ਦੀ ਹੋ ਜਾਂਦੀ ਹੈ। ਉਸ ਵਿੱਚ ਫਿਰ ਫੁੱਲ ਨਹੀਂ ਆਉਂਦੇ।

ਨਾਨਕ ਕਹਿੰਦੇ ਹਨ, 'ਲੇਕਿਨ ਵਿਚਾਰ ਹੋਏਗਾ ਕਰਮ ਦਾ, ਉਹ ਪਰਮਾਤਮਾ ਸੱਚਾ ਹੈ ਅਤੇ ਉਸਦਾ ਦਰਬਾਰ ਵੀ ਸੱਚਾ ਹੈ ਅਤੇ ਧਿਆਨ ਰੱਖਣਾ, ਕਿ ਤੁਸੀਂ ਸੱਚੇ ਹੋਏ ਤਾਂ ਹੀ ਉਸਦੇ ਦਰਬਾਰ ਵਿੱਚ ਪ੍ਰਵੇਸ਼ ਪਾ ਸਕੋਗੇ। ਤੁਸੀਂ ਕਿਸ ਨੂੰ ਧੋਖਾ ਦੇ ਰਹੇ ਹੋ? ਤੁਸੀਂ ਸਾਰੇ ਸੰਸਾਰ ਨੂੰ ਧੋਖਾ ਦੇ ਸਕਦੇ ਹੋ। ਪਰ ਕਿ ਤੁਸੀਂ ਆਪਣੇ ਆਪ ਨੂੰ ਧੋਖਾ ਦੇ ਸਕਦੇ ਹੋ? ਤੁਸੀਂ ਤਾਂ ਜਾਣਦੇ ਹੀ ਹੋ ਕਿ ਤੁਸੀਂ ਕੀ ਹੋ। ਸਾਰੀ ਦੁਨੀਆਂ ਤੁਹਾਨੂੰ ਪੂਜੇ, ਕਹੇ ਕਿ ਤੁਸੀਂ ਸਾਧੂ ਹੋ, ਪਰ ਤੁਸੀਂ ਤਾਂ ਅੰਦਰ ਜਾਣਦੇ ਹੀ ਹੋ ਕਿ ਤੁਸੀਂ ਕੌਣ ਹੋ? ਉਸ ਅੰਦਰ ਲੁਕੇ ਹੋਏ ਨੂੰ ਕਿਵੇਂ ਧੋਖਾ ਦਿਓਗੇ? ਉਹ ਜਿਹੜਾ ਤੁਹਾਡੇ ਅੰਦਰ ਲੁਕਿਆ ਹੋਇਆ ਅਸਤਿਤਵ ਹੈ, ਉਹ ਹੀ ਤਾਂ ਪਰਮਾਤਮਾ ਹੈ। ਪਰਮਾਤਮਾ ਦੇ ਸਾਹਮਣੇ ਤੁਸੀਂ ਕਿਵੇਂ ਬਚੋਗੇ? ਉਥੇ ਤਾਂ ਤੁਸੀਂ ਨੰਗੇ ਹੋ। ਉਥੇ ਤਾਂ ਸਭ ਖੁੱਲ੍ਹਾ ਹੈ, ਉਥੇ ਤਾਂ ਕੁਝ ਵੀ ਢਕਿਆ ਨਹੀਂ ਹੋ ਸਕਦਾ। ਉਸ ਦਰਬਾਰ ਵਿੱਚ ਤਾਂ ਤੁਸੀਂ ਸੱਚੇ ਹੀ ਹੋ ਸਕੋਗੇ, ਤਾਂ ਹੀ ਪ੍ਰਵੇਸ਼ ਪਾ ਸਕੋਗੇ। ਲੋਕ ਪੁੱਛਦੇ ਹਨ, 'ਪਰਮਾਤਮਾ ਕਿਵੇਂ ਪਾਈਏ? ਲੋਕਾਂ ਨੂੰ ਪੁੱਛਣਾ ਚਾਹੀਦਾ ਹੈ ਕਿ ਸੱਚੇ ਕਿਵੇਂ ਹੋਈਏ? ਪਰਮਾਤਮਾ ਨੂੰ ਪਾਉਣ ਦੀ ਗੱਲ ਹੀ ਛੱਡ ਦੇਣੀ ਚਾਹੀਦੀ ਹੈ। ਜਿਵੇਂ ਲੋਕ ਪੁੱਛਦੇ ਹਨ, 'ਪਰਮਾਤਮਾ ਵਿਖਾਈ ਨਹੀਂ ਦਿੰਦਾ। ਉਨ੍ਹਾਂ ਨੂੰ ਪੁੱਛਣਾ ਚਾਹੀਦਾ ਹੈ, ਮੈਨੂੰ ਪਰਮਾਤਮਾ ਕਿਉਂ ਵਿਖਾਈ ਨਹੀਂ ਦਿੰਦਾ?'

ਝੂਠੀਆਂ ਅੱਖਾਂ ਉਸ ਨੂੰ ਨਹੀਂ ਵੇਖ ਸਕਦੀਆਂ। ਸਤਯ ਨੂੰ ਵੇਖਣਾ ਹੋਵੇ ਤਾਂ ਸੱਚੀਆਂ ਅੱਖਾਂ ਚਾਹੀਦੀਆਂ ਹਨ। ਸਤਯ ਨੂੰ ਅਨੁਭਵ ਕਰਨਾ ਹੋਵੇ ਤਾਂ ਸੱਚਾ ਹਿਰਦਾ ਹੋਣਾ ਚਾਹੀਦਾ, ਕਿਉਂਕਿ ਬਰਾਬਰ ਹੀ ਬਰਾਬਰ ਨੂੰ ਪਛਾਣ ਸਕਦਾ ਹੈ। ਤੁਸੀਂ ਅਜੇ ਜਿੱਥੇ ਖਲੋਤੇ ਹੋ, ਬਿਲਕੁਲ ਝੂਠ ਹੈ।

ਝੂਠ ਦਾ ਮਤਲਬ ਏਨਾ ਨਹੀਂ ਹੈ ਕਿ ਅਜੇ ਜਿੱਥੇ ਖਲੋਤੇ ਹੋ, ਉਹ ਝੂਠ ਹੈ। ਤੁਹਾਡਾ ਹੋਣਾ ਹੀ ਝੂਠਾ ਹੈ। ਤੁਹਾਡੇ ਚਿਹਰੇ ਝੂਠ ਹਨ। ਤੁਹਾਡਾ ਵਰਤਾਓ ਝੂਠ ਹੈ। ਤੁਸੀਂ ਕਹਿੰਦੇ ਕੁਝ ਹੋ। ਤੁਸੀਂ ਸੋਚਦੇ ਕੁਝ ਹੋ, ਤੁਸੀਂ ਕਰਦੇ ਕੁਝ ਹੋ। ਤੁਹਾਡੀ ਗੱਲ ਦਾ ਤੁਹਾਡੇ ਹੋਣ ਦਾ ਕੋਈ ਵੀ ਭਰੋਸਾ ਨਹੀਂ ਹੈ। ਤੁਹਾਨੂੰ ਖ਼ੁਦ ਹੀ ਭਰੋਸਾ ਨਹੀਂ ਹੈ ਕਿ ਤੁਸੀਂ ਕੀ ਕਰ ਰਹੇ ਹੋ? ਕੀ ਤੁਸੀਂ ਇਹ ਹੀ ਕਰਨਾ ਚਾਹੁੰਦੇ ਹੋ, ਤੁਸੀਂ ਕੀ ਕਹਿ ਰਹੇ ਹੋ। ਕੀ ਤੁਸੀਂ ਇਹ ਹੀ ਸੋਚਦੇ ਹੋ, ਜੋ ਤੁਸੀਂ ਕਹਿ ਰਹੇ ਹੋ? ਲੇਕਿਨ ਤੁਸੀਂ ਡਰੋਗੇ ਬਹੁਤ। ਕਿਉਂਕਿ ਜੇਕਰ ਤੁਸੀਂ ਸੱਚੇ ਹੋਣ ਲੱਗੇ ਤਾਂ ਧਰਮਸ਼ਾਲਾ ਵਿੱਚ ਜੋ ਤੁਸੀਂ ਘਰ ਬਣਾਇਆ ਹੈ, ਉਹ ਡਿੱਗਣ ਲੱਗੇਗਾ। ਕਿਉਂਕਿ ਇਸ ਧਰਮਸ਼ਾਲਾ ਵਿੱਚ ਧਰਮਸ਼ਾਲਾ ਦਾ ਅਰਥ

ਹੈ, ਉਥੇ ਪੜਾਓ ਹੈ, ਘਰ ਨਹੀਂ ਹੈ। ਵੱਡੇ ਤੋਂ ਵੱਡਾ ਝੂਠ ਤਾਂ ਤੁਸੀਂ ਇਹ ਖੜ੍ਹਾ ਕੀਤਾ ਹੈ ਕਿ ਤੁਸੀਂ ਘਰ ਬਣਾ ਲਿਆ ਹੈ। ਹੁਣ ਤੁਸੀਂ ਕਾਗਜ਼ ਦੀ ਬੇੜੀ ਵਿੱਚ ਬੈਠੇ ਹੋ ਅਤੇ ਯਾਤਰਾ ਕਰ ਰਹੇ ਹੋ। ਤੁਸੀਂ ਯਾਤਰਾ ਕਰੋਗੇ ਕਿਵੇਂ? ਕੰਢੇ ਉਤੇ ਹੀ ਬੈਠੇ ਰਹੋਗੇ? ਬੇੜੀ ਨੂੰ ਪਾਣੀ ਵਿੱਚ ਉਤਾਰਨਾ ਹੀ ਖ਼ਤਰਨਾਕ ਹੈ। ਕਿਉਂਕਿ ਕਾਗਜ਼ ਦੀ ਬੇੜੀ ਹੈ, ਉਤਰੀ ਕਿ ਡੁੱਬੀ। ਉਤਰੀ ਕਿ ਗਲੀ।

ਲੋਕ ਮੇਰੇ ਕੋਲ ਆਉਂਦੇ ਹਨ ਅਤੇ ਇਹ ਕਹਿੰਦੇ ਹਨ ਕਿ ਜੇਕਰ ਅਸੀਂ ਸੱਚੇ ਹੋ ਜਾਈਏ ਤਾਂ ਜੀਵਨ ਬਹੁਤ ਮੁਸ਼ਕਿਲ ਹੋ ਜਾਏਗਾ, ਹੋ ਹੀ ਜਾਏਗਾ। ਕਿਉਂਕਿ ਝੂਠ ਨਾਲ ਤੁਸੀਂ ਜੀਵਨ ਨੂੰ ਬਣਾਇਆ ਹੈ, ਇਸ ਲਈ ਸ਼ੁਰੂ ਵਿੱਚ ਤਾਂ ਬਹੁਤ ਮੁਸ਼ਕਿਲ ਹੋਏਗਾ। ਨਾ ਬਦਲੋ ਤਾਂ ਵੀ ਮੁਸ਼ਕਿਲ ਹੈ। ਕਿਹੜਾ ਸੁੱਖ ਤੁਸੀਂ ਜਾਣਿਆ ਹੈ? ਕਿਹੜੇ ਆਨੰਦ ਦਾ ਫੁੱਲ ਤੁਹਾਡੇ ਜੀਵਨ ਵਿੱਚ ਖਿੜਿਆ ਹੈ? ਕਿਹੜੀ ਸੁਗੰਧ ਆਈ ਹੈ? ਕੀ ਹੈ ਕਿ ਜਿਸ ਦੇ ਕਾਰਣ ਤੁਸੀਂ ਕਹਿ ਸਕੋ ਕਿ ਜੀਊਂਣਾ ਸਾਰਥਕ ਹੋਇਆ? ਕੁਝ ਵੀ ਤਾਂ ਵਿਖਾਈ ਨਹੀਂ ਦਿੰਦਾ।

ਔਖਾ ਤਾਂ ਹੁਣ ਵੀ ਹੈ। ਪਰ ਇਸ ਔਖਿਆਈ ਦੇ ਤੁਸੀਂ ਆਦੀ ਹੋ ਗਏ ਹੋ। ਜਦ ਤੁਸੀਂ ਸੱਚ ਵਿੱਚ ਹੀ ਬਦਲਣ ਦੀ ਕੋਸ਼ਿਸ਼ ਕਰੋਗੇ ਤਾਂ ਆਦਤਾਂ ਟੁੱਟਣਗੀਆਂ। ਜਿਸ ਆਦਮੀ ਨਾਲ ਤੁਹਾਨੂੰ ਕੁਝ ਪ੍ਰੇਮ ਨਹੀਂ ਹੈ, ਉਸ ਨੂੰ ਤੁਸੀਂ ਕਹਿੰਦੇ ਹੋ, 'ਤੁਸੀਂ ਆਏ, ਵੱਡੇ ਧੰਨਭਾਗ। ਅਤੇ ਅੰਦਰ ਸੋਚਦੇ ਹੋ ਕਿ ਇਸ ਦੁਸ਼ਟ ਦਾ ਸਵੇਰੇ ਚਿਹਰਾ ਕਿਵੇਂ ਵਿਖਾਈ ਪੈ ਗਿਆ। ਅੱਜ ਦਾ ਦਿਨ ਖ਼ਰਾਬ ਹੋ ਗਿਆ।

ਜੇਕਰ ਉਹ ਆਦਮੀ ਵੀ ਥੋੜ੍ਹਾ ਜਿਹਾ ਸਮਝਦਾਰ ਹੋਵੇ, ਥੋੜ੍ਹਾ ਜਿਹਾ ਸਜਗ ਹੋਵੇ ਤਾਂ ਉਹ ਤੁਹਾਨੂੰ ਝੂਠ ਨੂੰ ਵੇਖ ਲਵੇਗਾ। ਕਿਉਂਕਿ ਤੁਸੀਂ ਕੁਝ ਵੀ ਕਹੋ, ਤੁਹਾਡੀਆਂ ਅੱਖਾਂ ਦੱਸ ਦੇਣਗੀਆਂ। ਤੁਹਾਡਾ ਚਿਹਰਾ ਤੁਹਾਡਾ ਹਾਵ-ਭਾਵ ਪ੍ਰਸੰਨਤਾ ਪ੍ਰਗਟ ਨਹੀਂ ਕਰੇਗਾ। ਤੁਹਾਡੇ ਸ਼ਬਦ ਹੋਰ ਹੋਣਗੇ, ਤੁਹਾਡੇ ਹੋਂਠ ਹੋਰ ਹੋਣਗੇ। ਉਨ੍ਹਾਂ ਦੋਹਾਂ ਵਿੱਚ ਕੋਈ ਸੰਗਤਿ ਨਹੀਂ ਹੋਵੇਗੀ। ਕਿਉਂਕਿ ਜਦ ਕੋਈ ਆਦਮੀ ਸੱਚ-ਮੁੱਚ ਹੀ ਖੁਸ਼ ਹੁੰਦਾ ਹੈ, ਤਾਂ ਖੁਸ਼ੀ ਦੀ ਗੱਲ ਕਹਿੰਦਾ ਥੋੜ੍ਹੀ ਹੈ। ਉਸ ਦਾ ਤਾਂ ਰੋਮ-ਰੋਮ ਗੱਦ-ਗੱਦ ਹੋ ਉੱਠਦਾ ਹੈ। ਜਦ ਕੋਈ ਆਦਮੀ ਸੱਚ-ਮੁੱਚ ਹੀ ਖੁਸ਼ ਹੁੰਦਾ ਹੈ ਤਾਂ ਉਸ ਨੂੰ ਤੁਸੀਂ ਪਛਾਣ ਸਕਦੇ ਹੋ। ਪਰ ਦੂਜਾ ਵੀ ਸੁੱਤਾ ਹੋਇਆ ਹੈ। ਉਹ ਵੀ ਸੋਚਦਾ ਹੈ ਕਿ ਤੁਸੀਂ ਠੀਕ ਕਹਿ ਰਹੇ ਹੋ। ਇਸ ਲਈ ਤਾਂ ਖੁਸ਼ਾਮਦ ਦੁਨੀਆਂ ਵਿੱਚ ਸਫਲ ਹੁੰਦੀ ਹੈ। ਸਭ ਝੂਠੀ ਹੈ ਅਤੇ ਸੁਣਨ ਵਾਲਾ ਵੀ ਜੇਕਰ ਗ਼ੌਰ ਨਾਲ ਸੁਣੇ ਤਾਂ ਸਮਝੇਗਾ ਕਿ ਤੁਸੀਂ ਬਿਲਕੁਲ ਗ਼ਲਤ ਗੱਲ ਕਹਿ ਰਹੇ ਹੋ। ਇਹ ਹੈ ਹੀ ਨਹੀਂ।

ਇੰਗਲੈਂਡ ਵਿੱਚ ਕਵੀ ਹੋਇਆ, ਈਟਸ। ਉਸ ਨੂੰ ਨੋਬਲ ਪੁਰਸਕਾਰ ਮਿਲਿਆ।

ਉਸਦਾ ਸਵਾਗਤ ਕੀਤਾ ਗਿਆ। ਉਹ ਬਹੁਤ ਸੱਚਾ ਆਦਮੀ ਸੀ। ਬਹੁਤ ਸਰਲ ਆਦਮੀ ਸੀ। ਉਸਦੀ ਕਵਿਤਾ ਵਿੱਚ ਵੀ ਉਹੋ ਜਿਹੀ ਹੀ ਸਚਾਈ ਹੈ। ਜਦ ਉਸਦਾ ਸਵਾਗਤ ਕੀਤਾ ਗਿਆ ਤਾਂ ਸਵਾਗਤ ਵਿੱਚ ਤਾਂ ਜਿਵੇਂ ਹੁੰਦਾ ਹੈ, ਲੋਕ ਵਡਿਆਈ ਕਰਦੇ ਹਨ। ਜਿਹੜੇ ਸਦਾ ਗਾਲ੍ਹੀਆਂ ਕੱਢਦੇ ਸਨ। ਉਹ ਵੀ ਉਥੇ ਖਲੋ ਕੇ ਵਡਿਆਈ ਕਰਦੇ ਹਨ। ਉਹ ਬਹੁਤ ਹੈਰਾਨ ਹੋਇਆ ਅਤੇ ਉਸ ਨੂੰ ਬਹੁਤ ਸੰਕੋਚ ਹੋਣ ਲੱਗਾ ਕਿ ਇਹ ਸਭ ਝੂਠੀਆਂ ਗੱਲਾਂ ਮੇਰੇ ਸੰਬੰਧ ਵਿੱਚ ਕਹੀਆਂ ਜਾ ਰਹੀਆਂ ਹਨ। ਉਹ ਆਪਣੀ ਕੁਰਸੀ ਵਿੱਚ ਸੁੰਗੜਦਾ ਗਿਆ ਦੋ ਘੰਟੇ। ਜਦ ਵਡਿਆਈ ਖ਼ਤਮ ਹੋਈ ਤਾਂ ਲੋਕਾਂ ਨੇ ਵੇਖਿਆ ਕਿ ਉਹ ਕੁਰਸੀ ਵਿੱਚ ਬਿਲਕੁਲ ਦਬਿਆ ਬੈਠਾ ਹੈ ਕਿ ਜਿਵੇਂ ਹੁਣ ਉਸਦੀ ਬਰਦਾਸ਼ਤ ਤੋਂ ਬਾਹਰ ਹੈ। ਉਸ ਨੂੰ ਸਭਾਪਤੀ ਨੇ ਹਿਲਾਇਆ ਅਤੇ ਉਸ ਨੂੰ ਕਿਹਾ 'ਤੁਸੀਂ ਸੌਂ ਤਾਂ ਨਹੀਂ ਗਏ ਹੋ?' ਉਸ ਨੇ ਕਿਹਾ ਕਿ ਮੈਂ ਸੌਂ ਤਾਂ ਨਹੀਂ ਗਿਆ ਹਾਂ, ਪਰ ਜੇਕਰ ਮੈਨੂੰ ਪਤਾ ਹੁੰਦਾ ਤਾਂ ਮੈਂ ਨਾ ਆਉਂਦਾ। ਸਭਾਪਤੀ ਕੁਝ ਸਮਝਿਆ ਨਹੀਂ। ਉਸ ਨੇ ਖਲੋ ਕੇ ਐਲਾਨ ਕੀਤਾ ਕਿ ਪੱਚੀ ਹਜ਼ਾਰ ਪੌਂਡ ਅਸੀਂ ਪੂਰੇ ਮਿੱਤਰਾਂ ਨੇ ਇਕੱਠੇ ਕੀਤੇ ਹਨ, ਤੁਹਾਡੀ ਭੇਟਾ ਦੇ ਲਈ। ਸਾਰਿਆਂ ਨੇ ਸੋਚਿਆ ਕਿ ਉਹ ਬਹੁਤ ਖੁਸ਼ ਹੋਏਗਾ। ਉਸ ਨੇ ਖਲੋ ਕੇ ਕਿਹਾ ਕਿ "ਜੇਕਰ ਮੈਨੂੰ ਪਤਾ ਹੁੰਦਾ ਕਿ ਸਿਰਫ ਪੱਚੀ ਹਜ਼ਾਰ ਪੌਂਡ ਲਈ ਮੈਨੂੰ ਏਨਾ ਝੂਠ ਸੁਣਨਾ ਪੈਣਾ ਹੈ ਤਾਂ ਮੈਂ ਕਦੇ ਆਉਂਦਾ ਹੀ ਨਹੀਂ। ਕੇਵਲ ਪੱਚੀ ਹਜ਼ਾਰ ਪੌਂਡਾਂ ਲਈ ਏਨਾ ਝੂਠ। ਸੌਦਾ ਮਹਿੰਗਾ ਰਿਹਾ। ਦੋ ਘੰਟੇ।"

ਜੇਕਰ ਤੁਸੀਂ ਥੋੜ੍ਹੇ ਜਿਹੇ ਸਜਗ ਹੋ ਤਾਂ ਤੁਹਾਡੀ ਕੋਈ ਖੁਸ਼ਾਮਦ ਨਹੀਂ ਕਰ ਸਕੇਗਾ। ਕਿਉਂਕਿ ਤੁਸੀਂ ਪਾਓਗੇ ਕਿ ਇਹ ਆਦਮੀ ਝੂਠ ਬੋਲ ਰਿਹਾ ਹੈ। ਪਰ ਤੁਸੀਂ ਸਜਗ ਨਹੀਂ ਹੋ, ਲੋਕ ਝੂਠ ਬੋਲ ਰਹੇ ਹਨ ਚਾਰੇ ਪਾਸੇ, ਤੁਹਾਡੇ ਖ਼ਿਆਲ 'ਚ ਨਹੀਂ ਆਉਂਦਾ। ਤੁਸੀਂ ਖ਼ੁਦ ਝੂਠ ਬੋਲ ਰਹੇ ਹੋ, ਉਦੋਂ ਤੱਕ ਤੁਹਾਡੇ ਖ਼ਿਆਲ 'ਚ ਨਹੀਂ ਆਉਂਦਾ ਕਿ ਤੁਸੀਂ ਕੀ ਕਹਿ ਰਹੇ ਹੋ? ਅਤੇ ਤਦ ਤੁਸੀਂ ਬਹੁਤ ਝੰਝਟਾਂ ਵਿੱਚ ਫ਼ਸਦੇ ਹੋ। ਕਿਸੇ ਇਸਤ੍ਰੀ ਨੂੰ ਕਹਿ ਬਹਿੰਦੇ ਹੋ ਕਿ ਤੂੰ ਬਹੁਤ ਸੋਹਣੀ ਹੈਂ। ਤੇਰੇ ਨਾਲ ਮੈਨੂੰ ਬਹੁਤ ਪ੍ਰੇਮ ਹੈ। ਫ਼ੇਰ ਤੁਸੀਂ ਉਲਝਣ ਵਿੱਚ ਪਏ। ਤੁਸੀਂ ਸ਼ਾਇਦ ਝੂਠ ਹੀ ਕਹਿ ਰਹੇ ਸੀ। ਹੁਣ ਇਹ ਸਿਲਸਿਲਾ ਸ਼ੁਰੂ ਹੋਇਆ, ਕੱਲ੍ਹ ਤੁਸੀਂ ਪਛਤਾਓਗੇ।

ਮੁੱਲਾ ਨਸਰੂਦੀਨ ਦੀ ਪਤਨੀ ਨੇ ਇੱਕ ਦਿਨ ਸਵੇਰੇ ਉਸ ਨੂੰ ਚਾਹ ਪੀਂਦੇ ਵੇਲੇ ਕਿਹਾ ਕਿ ਤੂੰ ਹੀ ਮੇਰੇ ਪਿੱਛੇ ਪਿਆ ਸੀ। ਮੈਂ ਤੇਰੇ ਪਿੱਛੇ ਕਦੇ ਨਹੀਂ ਪਈ ਸੀ ਅਤੇ ਹੁਣ ਤੇਰੇ ਢੰਗ। ਜੇਕਰ ਇਹ ਹੀ ਸਲੂਕ ਕਰਨਾ ਸੀ ਤਾਂ ਮੇਰੇ ਪਿੱਛੇ ਕਿਉਂ ਪਿਆ ਸੀ? ਮੁੱਲਾ ਨਸਰੂਦੀਨ ਨੇ ਕਿਹਾ ਕਿ ਤੂੰ ਬਿਲਕੁਲ ਠੀਕ ਕਹਿ ਰਹੀ ਹੈਂ? ਕਦੇ ਕਿਸੀ ਚੂਹਾਦਾਨੀ ਨੂੰ, ਚੂਹੇ ਨੂੰ ਫੜਣ ਦੇ ਲਈ ਭੱਜਦੇ ਵੇਖਿਆ ਹੈ? ਚੂਹਾ ਖ਼ੁਦ ਹੀ ਫਸਦਾ ਹੈ। ਇਹ

ਗੱਲ ਸੱਚ ਹੈ, ਤੇਰਾ ਕਹਿਣਾ ਕਿ ਅਸੀਂ ਖ਼ੁਦ ਹੀ ਤੇਰੇ ਪਿੱਛੇ ਪਏ ਸੀ।

ਇਸਤ੍ਰੀਆਂ ਹੁਸ਼ਿਆਰ ਹਨ ਇਸ ਮਾਮਲੇ ਵਿੱਚ। ਇਸ ਲਈ ਕੋਈ ਪਤੀ ਉਨ੍ਹਾਂ ਨੂੰ ਇਹ ਨਹੀਂ ਕਹਿ ਸਕਦਾ ਕਿ ਤੂੰ ਮੇਰੇ ਪਿੱਛੇ ਪਈ ਸੀ। ਕੋਈ ਇਸਤ੍ਰੀ ਅਜਿਹੀ ਭੁੱਲ ਨਹੀਂ ਕਰਦੀ। ਕਿਉਂਕਿ ਇਹ ਝੰਝਟ ਅੱਜ ਨਹੀਂ, ਕੱਲ੍ਹ ਤਾਂ ਆਉਣ ਹੀ ਵਾਲੀ ਹੈ। ਹਮੇਸ਼ਾਂ ਆਦਮੀ ਹੀ ਫਸਦਾ ਹੈ। ਕਿਉਂਕਿ ਇਸਤ੍ਰੀ ਚੁੱਪ-ਚਾਪ ਵੇਖਦੀ ਹੈ। ਉਹ ਸੁਣਦੀ ਹੈ, ਉਹ ਰਾਜ਼ੀ ਹੁੰਦੀ ਹੈ। ਸਿਰ ਹਿਲਾਉਂਦੀ ਹੈ। ਬਾਕੀ ਕਦੇ ਇਨਿਸ਼ਿਏਟਿਵ ਨਹੀਂ ਲੈਂਦੀ। ਪਹਿਲ ਨਹੀਂ ਕਰਦੀ। ਨਸਰੁਦੀਨ ਠੀਕ ਕਹਿੰਦਾ ਹੈ ਕਿ ਕੋਈ ਪਿੰਜਰਾ ਚੂਹੇ ਦੇ ਪਿੱਛੇ ਨਹੀਂ ਭੱਜਦਾ। ਇਸਤ੍ਰੀਆਂ ਜ਼ਿਆਦਾ ਹੁਸ਼ਿਆਰ ਹਨ। ਉਹ ਆਪਣੇ ਆਪ ਹੀ.....।

ਜਦ ਨਸਰੁਦੀਨ ਮਰਨ ਲੱਗਾ ਤਾਂ ਉਸਦੇ ਪੁੱਤਰ ਨੇ ਪੁੱਛਿਆ ਕਿ ਕੋਈ ਸੂਤਰ ਜੀਵਨ ਦੇ ਅਨੁਭਵ ਦੇ? ਤਾਂ ਉਸ ਨੇ ਕਿਹਾ, ਤਿੰਨ ਗੱਲਾਂ ਸਿੱਖੀਆਂ ਹਨ, ਪੂਰੇ ਜੀਵਨ ਵਿੱਚ। ਇੱਕ ਇਹ ਕਿ ਜੇਕਰ ਲੋਕ ਜ਼ਰਾ ਧੀਰਜ ਰੱਖਣ ਤਾਂ ਫ਼ਲ ਆਪਣੇ ਆਪ ਹੀ ਪੱਕ ਜਾਂਦੇ ਹਨ ਅਤੇ ਡਿੱਗਦੇ ਹਨ। ਉਨ੍ਹਾਂ ਨੂੰ ਤੋੜਣ ਲਈ ਦਰੱਖਤ ਤੇ ਚੜ੍ਹਣ ਦੀ ਕੋਈ ਲੋੜ ਨਹੀਂ ਅਤੇ ਦੂਜੀ ਗੱਲ, ਕਿ ਲੋਕ ਜੇਕਰ ਧੀਰਜ ਰੱਖਣ ਤਾਂ ਲੋਕ ਆਪ ਹੀ ਮਰ ਜਾਂਦੇ ਹਨ। ਉਨ੍ਹਾਂ ਨੂੰ ਮਾਰਨ ਦੇ ਲਈ ਕੋਈ ਯੁੱਧ ਵਗੈਰਾ ਕਰਨ ਦੀ ਲੋੜ ਨਹੀਂ ਅਤੇ ਤੀਜੀ ਗੱਲ, ਜੇਕਰ ਲੋਕ ਸੱਚ-ਮੁੱਚ ਹੀ ਧੀਰਜ ਰੱਖਣ ਤਾਂ ਇਸਤ੍ਰੀਆਂ ਖ਼ੁਦ ਪੁਰਸ਼ਾਂ ਦੇ ਪਿੱਛੇ ਭੱਜਣਗੀਆਂ। ਉਨ੍ਹਾਂ ਦੇ ਪਿੱਛੇ ਭੱਜਣ ਦੀ ਕੋਈ ਜ਼ਰੂਰਤ ਨਹੀਂ ਹੈ। ਉਸ ਨੇ ਕਿਹਾ, ਤਿੰਨ ਚੀਜ਼ਾਂ ਮੈਂ ਜੀਵਨ ਦਾ ਸਾਰ ਅਨੁਭਵ ਕੀਤਾ ਹੈ। ਲੇਕਿਨ ਕੋਈ ਸਾਰ ਨਾਲ ਤਾਂ ਟੁਰਦਾ ਨਹੀਂ। ਨਾ ਕੋਈ ਅਨੁਭਵ ਨਾਲ ਟੁਰਦਾ ਹੈ।

ਕੀ ਤੁਸੀਂ ਬੋਲਦੇ ਹੋ? ਕੀ ਤੁਸੀਂ ਕਰਦੇ ਹੋ? ਹੋਸ਼ ਪੂਰਣ ਕਰੋਗੇ ਤਾਂ ਤੁਸੀਂ ਪਾਓਗੇ ਨੜ੍ਹਿਨਵੇਂ ਤਾਂ ਡਿੱਗ ਪਿਆ। ਨੜ੍ਹਿਨਵੇਂ ਫੀਸਦੀ ਤਾਂ ਢਹਿ ਪਿਆ। ਇੱਕ ਫੀਸਦੀ ਬਚਿਆ। ਉਹ ਇੱਕ ਫੀਸਦੀ ਧਰਮਸ਼ਾਲਾ ਲਈ ਕਾਫ਼ੀ ਹੈ। ਉਹ ਨੜ੍ਹਿਨਵੇਂ ਫੀਸਦੀ ਨਾਲ ਤੁਸੀਂ ਘਰ ਬਣਾ ਰਹੇ ਸੀ। ਉਹ ਜਿਹੜਾ ਇੱਕ ਫੀਸਦੀ ਬਚੇਗਾ ਉਹ ਹੀ ਸੰਨਿਆਸੀ ਦਾ ਜੀਵਨ ਹੈ। ਜੋ ਜ਼ਰੂਰੀ ਹੈ ਉਹ ਹੀ ਬਚੇਗਾ। ਜੋ ਆਦਰਣੀਏ ਹੈ ਉਹ ਹੀ ਤੁਸੀਂ ਕਰੋਗੇ। ਜਿਹੜਾ ਗ਼ੈਰ ਜ਼ਰੂਰੀ ਹੈ ਉਹ ਕੱਟ ਜਾਏਗਾ। ਗ਼ੈਰ ਜ਼ਰੂਰੀ ਹੀ ਤਾਂ ਗ੍ਰਹਿਸਥ ਦਾ ਉਪੱਦਰ ਹੈ, ਕਿੰਨੀਆਂ ਗ਼ੈਰ ਜ਼ਰੂਰੀ ਚੀਜ਼ਾਂ ਤੁਸੀਂ ਘਰ ਵਿੱਚ ਖ਼ਰੀਦ ਕੇ ਲੈ ਆਏ ਹੋ।

ਮੈਂ ਇੱਕ ਘਰ ਵਿੱਚ ਮਹਿਮਾਨ ਹੋਇਆ, ਤਾਂ ਉਥੇ ਏਨੀਆਂ ਚੀਜ਼ਾਂ ਸਨ ਕਿ ਉਸ ਘਰ ਵਿੱਚ ਟੁਰਨਾ-ਫਿਰਨਾ ਤੱਕ ਮੁਸ਼ਕਿਲ ਸੀ। ਉਹ ਅਮੀਰ ਹਨ, ਪਰ ਉਹ ਇਸ

ਤਰ੍ਹਾਂ ਰਹਿ ਰਹੇ ਹਨ ਕਿ ਗਰੀਬ ਦੀ ਝੋਂਪੜੀ ਵਿੱਚ ਵੀ ਬਹੁਤ ਥਾਂ ਹੁੰਦੀ ਹੈ। ਜੋ ਬਜ਼ਾਰੋਂ ਮਿਲਦਾ ਹੈ ਖ਼ਰੀਦ ਕੇ ਲਈ ਆਉਂਦੇ ਹਨ। ਜਿਹੜੀ ਵੀ ਚੀਜ਼ ਅਖਬਾਰ ਵਿੱਚ ਐਡਵਰਟਾਈਜ਼ ਹੁੰਦੀ ਹੈ, ਉਹ ਉਨ੍ਹਾਂ ਦੇ ਘਰ ਹੋਣੀ ਹੀ ਚਾਹੀਦੀ ਹੈ। ਘਰ ਭਰ ਗਿਆ ਹੈ ਚੀਜ਼ਾਂ ਨਾਲ। ਉਥੇ ਰਹਿਣਾ ਵੀ ਮੁਸ਼ਕਿਲ ਹੈ। ਉਥੇ ਟੁਰਨਾ ਮੁਸ਼ਕਿਲ ਹੈ। ਮੈਂ ਉਨ੍ਹਾਂ ਨੂੰ ਕਿਹਾ ਕਿ ਇਹ ਅਜੈਬਘਰ ਹੈ ਜਾਂ ਘਰ? ਜਿੱਥੇ ਤੁਸੀਂ ਰਹਿੰਦੇ ਹੋ, ਇਹ ਨੁਮਾਇਸ਼ ਹੈ? ਇਨ੍ਹਾਂ ਵਿੱਚ ਥਾਂ ਹੋਣੀ ਚਾਹੀਦੀ ਹੈ, ਥਾਂ ਦਾ ਨਾਮ ਘਰ ਹੈ। ਇਥੇ ਤਾਂ ਰਹਿਣਾ ਹੀ ਮੁਸ਼ਕਿਲ ਹੈ। ਥੋੜ੍ਹੇ ਦਿਨਾਂ ਵਿੱਚ ਤੁਹਾਨੂੰ ਬਾਹਰ ਰਹਿਣਾ ਪਏਗਾ, ਜੇਕਰ ਇਹ ਹੀ ਸਿਲਸਿਲਾ ਰਿਹਾ।

ਤੁਸੀਂ ਘਰ 'ਚ ਵੀ ਕਬਾੜ ਇਕੱਠਾ ਕਰਦੇ ਹੋ। ਚੀਜ਼ਾਂ ਵਿਅਰਥ ਹੋ ਜਾਂਦੀਆਂ ਹਨ ਤਾਂ ਵੀ ਲੋਕ ਰੱਖੀ ਛੱਡਦੇ ਹਨ ਕਿ ਸ਼ਾਇਦ ਕਦੇ ਕੰਮ ਪੈ ਜਾਣ। ਖ਼ਰਾਬ ਹੋ ਗਈਆਂ ਚੀਜ਼ਾਂ ਨੂੰ ਵੀ ਰੱਖੀ ਛੱਡੇਦੇ ਹਨ ਕਿ ਸ਼ਾਇਦ ਕਦੇ ਕੰਮ ਪਵੇ।

ਐਸਕੀਮੋਜ਼ ਇੱਕ ਨਿਯਮ ਮੰਨਦੇ ਹਨ ਅਤੇ ਉਨ੍ਹਾਂ ਦਾ ਨਿਯਮ ਜੇਕਰ ਸਾਰੀ ਦੁਨੀਆਂ ਮੰਨੇ ਤਾਂ ਦੁਨੀਆਂ ਵਿੱਚ ਬੜੀ ਸ਼ਾਂਤੀ, ਬੜਾ ਆਨੰਦ ਹੋ ਜਾਏ। ਹਰ ਸਾਲ, ਸਾਲ ਦੇ ਪਹਿਲੇ ਦਿਨ ਉਹ ਆਪਣੇ ਘਰ ਦੀਆਂ ਸਭ ਚੀਜ਼ਾਂ ਵੰਡ ਦਿੰਦੇ ਹਨ। ਫੇਰ ਤੋਂ ਆ, ਬਾ, ਸਾ, ਤੋਂ ਸ਼ੁਰੂ ਕਰਦੇ ਹਨ। ਤਾਂ ਐਸਕੀਮੋ ਦਾ ਨਿੱਕਾ ਜਿਹਾ ਘਰ ਜਿੰਨਾ ਸਾਫ਼-ਸੁਥਰਾ ਹੁੰਦਾ ਹੈ, ਦੁਨੀਆਂ ਵਿੱਚ ਕਿਸੇ ਹੋਰ ਦਾ ਨਹੀਂ ਹੁੰਦਾ। ਇਸ ਤਰ੍ਹਾਂ ਵੀ ਉਨ੍ਹਾਂ ਦੇ ਕੋਲ ਬਹੁਤਾ ਨਹੀਂ ਹੁੰਦਾ, ਪਰ ਹਰ ਸਾਲ ਦੀ ਪਹਿਲੀ ਤਾਰੀਖ਼ ਨੂੰ ਸਭ ਵੰਡ ਦੇਣਾ ਹੈ, ਤੁਸੀਂ ਵੀ ਸੋਚਦੇ, ਜੇਕਰ ਹਰ ਸਾਲ ਦੀ ਇੱਕ ਤਾਰੀਖ ਨੂੰ ਸਭ ਵੰਡ ਦੇਣਾ ਹੋਵੇ, ਤਾਂ ਕਿੰਨੀਆਂ ਚੀਜ਼ਾਂ ਤੁਸੀਂ ਲਿਆਏ ਹੋ, ਜਿਹੜੀਆਂ ਕਦੇ ਨਹੀਂ ਲਿਆਈਆਂ ਹੁੰਦੀਆਂ।

ਤੁਸੀਂ ਵਿਅਰਥ ਦੀਆਂ ਚੀਜ਼ਾਂ ਹੀ ਘਰ 'ਚ ਇਕੱਠੀਆਂ ਨਹੀਂ ਕਰਦੇ, ਉਸੇ ਤਰ੍ਹਾਂ ਤੁਸੀਂ ਵਿਅਰਥ ਦੇ ਵਿਚਾਰ ਵੀ ਇਕੱਠੇ ਕਰਦੇ ਹੋ। ਕੋਈ ਆਦਮੀ ਤੁਹਾਨੂੰ ਕੁਝ ਵੀ ਸੁਣਾ ਰਿਹਾ ਹੈ, ਤੁਸੀਂ ਸੁਣੀ ਜਾਂਦੇ ਹੋ। ਅਖ਼ਬਾਰ ਵਿੱਚ ਤੁਸੀਂ ਵਿਅਰਥ ਵੀ ਪੜ੍ਹਦੇ ਜਾਂਦੇ ਹੋ। ਤੁਸੀਂ ਇਹ ਹੀ ਨਹੀਂ ਪੁੱਛਦੇ ਕਿ ਇਹ ਵਿਚਾਰ ਇਕੱਠੇ ਕਰਨੇ ਹਨ? ਤੁਸੀਂ ਕਦੇ ਕਿਸੇ ਆਦਮੀ ਨੂੰ ਕਿਹਾ ਕਿ ਭਾਈ ਮੈਨੂੰ ਇਨ੍ਹਾਂ ਗੱਲਾਂ ਦੀ ਕੋਈ ਵੀ ਜ਼ਰੂਰਤ ਨਹੀਂ? ਕੋਈ ਆਦਮੀ ਕਿਸੇ ਦੀ ਨਿੰਦਾ ਕਰ ਰਿਹਾ ਹੈ, ਅਫਵਾਹ ਸੁਣਾ ਰਿਹਾ ਹੈ, ਤੁਸੀਂ ਕਦੇ ਵਿੱਚ ਟੋਕਿਆ ਕਿ ਇਸ ਦੀ ਮੈਨੂੰ ਕੋਈ ਵੀ ਜ਼ਰੂਰਤ ਨਹੀਂ? ਕਿਉਂ ਕੂੜਾ ਮੇਰਾ ਖੋਪੜੀ 'ਚ ਪਾ ਰਹੇ ਹੋ? ਪਾ ਦੇਣਾ ਸੌਖਾ, ਕੱਢਣਾ ਮੁਸ਼ਕਿਲ ਹੈ। ਧਿਆਨ ਕਰਨ ਵਾਲਿਆਂ ਤੋਂ ਪੁੱਛੋ। ਜਦ ਉਹ ਕੱਢਣ ਬਹਿੰਦੇ ਹਨ ਤਦ ਉਹ ਨਿਕਲਦਾ ਨਹੀਂ। ਉਸ

ਨੇ ਜੜ੍ਹਾਂ ਬਣਾ ਲਈਆਂ ਹਨ ਅਤੇ ਇਕੱਠਾ ਕਰਨ ਵੇਲੇ ਹੋਸ਼ ਨਹੀਂ ਰੱਖਿਆ। ਕ੍ਰਿਤਘ ਵੀ ਤੁਸੀਂ ਗ਼ਲਤ ਕਰਦੇ ਹੋ, ਵਿਅਰਥ ਦਾ ਸਾਮਾਨ ਇਕੱਠਾ ਕਰਦੇ ਹੋ। ਵਿਅਰਥ ਦੇ ਵਿਚਾਰ ਇਕੱਠੇ ਕਰ ਲੈਂਦੇ ਹੋ। ਤੁਸੀਂ ਹੌਲੀ- ਹੌਲੀ ਇੱਕ ਕਬਾੜਖ਼ਾਨਾ ਹੋ ਜਾਂਦੇ ਹੋ। ਕਬਾੜੀ ਦੀ ਦੁਕਾਨ ਵਿੱਚ ਅਤੇ ਤੁਹਾਡੇ ਜੀਵਨ ਵਿੱਚ ਕੋਈ ਅੰਤਰ ਨਹੀਂ ਹੈ। ਥੋੜ੍ਹਾ ਸਜਗ ਹੋਵੋ।

ਨਾਨਕ ਕਹਿੰਦੇ ਹਨ ਕਿ ਤੁਹਾਡੇ ਇੱਕ-ਇੱਕ ਕਰਮ ਨਾਲ ਤੁਹਾਡਾ ਜੀਵਨ ਨਿਰਮਿਤ ਹੋ ਰਿਹਾ ਹੈ। ਤਾਂ ਇੱਕ-ਇੱਕ ਕੰਮ ਨੂੰ ਬਹੁਤ ਵਿਚਾਰ ਕੇ ਕਰੋ। ਉਸ ਦੇ ਦਰਬਾਰ ਵਿੱਚ ਸੱਚਾ ਹੀ ਪੂੰਜ ਸਕੇਗਾ। ਉਸ ਵਿੱਚ ਪ੍ਰਮਾਣਿਕ ਪੰਚ ਸ਼ੋਭਾ ਪਾਉਂਦੇ ਹਨ। ਜਿਹੜੇ ਉਤਮ ਹਨ, ਜਿਹੜੇ ਪ੍ਰਮਾਣਿਕ ਹਨ, ਕੇਵਲ ਉਹ ਹੀ ਉਥੇ ਪਹੁੰਚ ਸਕਦੇ ਹਨ। ਉਸਦੀ ਕਿਰਪਾ- ਦ੍ਰਿਸ਼ਟੀ ਨਾਲ ਉਨ੍ਹਾਂ ਨੂੰ ਪ੍ਰਤੀਕ ਦੀ ਪ੍ਰਾਪਤੀ ਹੁੰਦੀ ਹੈ।

ਅਤੇ ਜਿਵੇਂ-ਜਿਵੇਂ ਤੁਹਾਡੇ ਵਿੱਚ ਸਚਾਈ ਆਏਗੀ, ਤੁਹਾਨੂੰ ਉਸ ਦੀ ਕਿਰਪਾ ਦੇ ਪ੍ਰਤੀਕ ਦਿੱਸਣੇ ਸ਼ੁਰੂ ਹੋ ਜਾਣਗੇ। ਤੁਸੀਂ ਥਾਂ-ਥਾਂ ਉਸਦਾ ਇਸ਼ਾਰਾ ਪਾਓਗੇ। ਅਜੇ ਤੁਹਾਨੂੰ ਉਸਦਾ ਕੋਈ ਇਸ਼ਾਰਾ ਵਿਖਾਈ ਨਹੀਂ ਦਿੰਦਾ। ਅਜੇ ਤੁਹਾਨੂੰ ਉਸਦੀ ਕੋਈ ਪਛਾਣ ਹੀ ਨਹੀਂ ਹੈ। ਪਰ ਤੁਸੀਂ ਏਧਰ ਸੱਚੇ ਹੋਣੇ ਸ਼ੁਰੂ ਹੋਏ ਅਤੇ ਤੁਸੀਂ ਪਾਓਗੇ ਤੁਹਾਡੇ ਅੰਤ:ਕਰਣ ਵਿੱਚ ਉਸ ਦੇ ਆਦੇਸ਼ ਆਉਣੇ ਸ਼ੁਰੂ ਹੋ ਗਏ। ਏਧਰ ਤੁਸੀਂ ਸੱਚੇ ਹੋਏ, ਤੁਸੀਂ ਪਾਓਗੇ, ਰੱਤੀ- ਰੱਤੀ ਪੱਤੇ-ਪੱਤੇ ਵਿੱਚ ਉਸਦੀ ਪਛਾਣ ਸ਼ੁਰੂ ਹੋ ਗਈ। ਉਹ ਤੁਹਾਨੂੰ ਚਲਾਉਣਾ ਚਾਹੁੰਦਾ ਹੈ। ਉਹ ਤੁਹਾਨੂੰ ਖ਼ਬਰ ਦੇਣੀ ਚਾਹੁੰਦਾ ਹੈ ਕੀ ਕਰੋ, ਕੀ ਨਾ ਕਰੋ। ਪਰ ਉਸ ਖ਼ਬਰ ਨੂੰ ਸੁਣਨ ਦੇ ਲਾਇਕ ਤੁਹਾਡੇ ਅੰਦਰ ਖ਼ਾਲੀਪਨ ਨਹੀਂ ਹੈ। ਤੁਹਾਡਾ ਆਪਣਾ ਸ਼ੋਰ-ਸ਼ਰਾਬਾ ਏਨਾ ਜ਼ਿਆਦਾ ਹੈ ਕਿ ਉਸ ਦੀ ਆਵਾਜ਼ ਤੁਹਾਨੂੰ ਸੁਣਾਈ ਨਹੀਂ ਦਿੰਦੀ। ਰੋਜ਼ ਤੁਹਾਨੂੰ ਉਸ ਦੀ ਕਿਰਪਾ-ਦ੍ਰਿਸ਼ਟੀ ਦੇ ਪ੍ਰਤੀਕ ਮਿਲਣਗੇ।

ਅਜੇ ਤੁਹਾਨੂੰ ਕੋਈ ਪ੍ਰਤੀਕ ਨਹੀਂ ਮਿਲਦਾ। ਅਜੇ ਆਪਣੇ ਹੀ ਸਹਾਰੇ ਜੀ ਰਹੇ ਹੋ ਅਤੇ ਆਪਣਾ ਸਹਾਰਾ ਵੀ ਕੋਈ ਸਹਾਰਾ ਹੈ? ਜ਼ਿਵੇਂ ਹੀ ਤੁਸੀਂ ਸੱਚੇ ਹੋਣੇ ਸ਼ੁਰੂ ਹੋਵੋਗੇ, ਉਸਦੇ ਸਹਾਰੇ ਜੀਉਂਣਾ ਸ਼ੁਰੂ ਹੋ ਜਾਏਗਾ। ਤਦ ਜੀਵਨ ਦੀ ਇੱਕ ਨਵੀਂ ਰਫ਼ਤਾਰ ਇੱਕ ਨਵਾਂ ਪੰਥ ਪ੍ਰਾਪਤ ਹੁੰਦਾ ਹੈ। ਉਥੇ ਹੀ ਕੱਚੇ ਅਤੇ ਪੱਕੇ ਦਾ ਨਿਰਣਾ ਹੁੰਦਾ ਹੈ। ਨਾਨਕ ਕਹਿੰਦੇ ਹਨ, ਉਥੇ ਪੂੰਜਣ 'ਤੇ ਹੀ ਲੋਕਾਂ ਦੀ ਪਰਖ਼ ਹੁੰਦੀ ਹੈ।

*ਰਾਤੀ ਰੁਤੀ ਥਿਤੀ ਵਾਰ॥ ਪਵਣ ਪਾਣੀ ਅਗਨੀ ਪਾਤਾਲ॥*
*ਤਿਸੁ ਵਿਚਿ ਧਰਤੀ ਥਾਪਿ ਰਖੀ ਧਰਮਸਾਲ॥ ਤਿਸੁ ਵਿਚਿ ਜੀਅ ਜੁਗਤਿ ਕੇ ਰੰਗ॥*
*ਤਿਨ ਕੇ ਨਾਮ ਅਨੇਕ ਅਨੰਤ॥ ਕਰਮੀ ਕਰਮੀ ਹੋਇ ਵੀਚਾਰੁ॥*
*ਸਚਾ ਆਪਿ ਸਚਾ ਦਰਬਾਰੁ॥ ਤਿਥੈ ਸੋਹਨਿ ਪੰਚ ਪਰਵਾਣੁ॥*

*ਨਦਰੀ ਕਰਮਿ ਪਵੈ ਨੀਸਾਣੁ॥ ਕਚ ਪਕਾਈ ਓਥੈ ਪਾਇ॥*
*ਨਾਨਕ ਗਇਆ ਜਾਪੈ ਜਾਇ॥ ੩੪॥*

ਸਿਰਫ਼ ਪਰਮਾਤਮਾ ਦੇ ਸਾਹਮਣੇ ਹੀ ਪਰਖ਼ ਹੁੰਦੀ ਹੈ ਕਿ ਕੌਣ ਕੱਚਾ ਹੈ, ਕੌਣ ਪੱਕਾ ਹੈ। ਕੀ ਅਰਥ ਹੈ ਕੱਚੇ ਅਤੇ ਪੱਕੇ ਦਾ? ਪਰਮਾਤਮਾ ਦੇ ਸਾਹਮਣੇ ਜਿਹੜਾ ਗਲ ਜਾਏ ਉਹ ਕੱਚਾ। ਉਸਦੇ ਅੱਗੇ ਜੋ ਬਚ ਜਾਏ ਉਹ ਪੱਕਾ। ਤੁਸੀਂ ਇਸ ਨੂੰ ਕਸੌਟੀ ਬਣਾ ਲਵੋ। ਕਿ ਤੁਸੀਂ ਜੋ ਵੀ ਕਰੋ ਇਹ ਸੋਚ ਕੇ ਕਰਨਾ ਕਿ ਕੀ ਇਸ ਕੰਮ ਨੂੰ ਮੈਂ ਪਰਮਾਤਮਾ ਦੇ ਮੁਹਰੇ ਪ੍ਰਗਟ ਕਰ ਸਕਾਂਗਾ? ਜਾਂ ਕਿ ਡਰਾਂਗਾ, ਜਾਂ ਲੁਕਾਉਣਾ ਚਾਹਾਂਗਾ? ਜਾਂ ਚਾਹਾਂਗਾ ਕਿ ਪਰਮਾਤਮਾ ਇਸ ਨੂੰ ਨਾ ਵੇਖ ਲਵੇ? ਜੇਕਰ ਤੁਸੀਂ ਡਰੋ, ਲੁਕਾਉਣਾ ਚਾਹੋ ਤਾਂ ਨਾ ਕਰਨਾ, ਕਿਉਂਕਿ ਉਸਦੇ ਮੁਹਰੇ ਕੁਝ ਵੀ ਲੁਕਾਇਆ ਨਹੀਂ ਜਾ ਸਕੇਗਾ। ਉਹ ਤੁਹਾਨੂੰ ਆਰ-ਪਾਰ ਵੇਖ ਲਵੇਗਾ। ਉਸ ਸ਼ੀਸ਼ੇ ਤੋਂ ਕੁਝ ਵੀ ਲੁਕ ਨਹੀਂ ਸਕਦਾ।

ਜੇਕਰ ਤੁਸੀਂ ਇਸ ਨੂੰ ਆਪਣੇ ਮਨ ਵਿੱਚ ਸਾਂਭ ਲਵੋ ਕਿ ਜੋ ਵੀ ਕਰੋ, ਜੋ ਵੀ ਸੋਚੋ, ਜੋ ਵੀ ਬੋਲੋ ਇੱਕ ਕਸੌਟੀ ਉਤੇ ਪਹਿਲਾਂ ਘਸਾ ਲਵੋ। ਜਿਵੇਂ ਸਵਰਨਕਾਰ, ਸੁਨਾਰ ਸੋਨਾ ਖਰੀਦਦਾ ਹੈ, ਤਾਂ ਪੱਥਰ ਕੋਲ ਰੱਖੀ ਰੱਖਦਾ ਹੈ ਪਹਿਲਾਂ ਘਸਾਉਂਦਾ ਹੈ। ਜਦ ਪੱਥਰ ਕਹਿ ਦਿੰਦਾ ਹੈ ਠੀਕ, ਤਦ ਹੀ ਅੱਗੇ ਵਧਦਾ ਹੈ। ਤੁਸੀਂ ਇਸ ਨੂੰ ਪੱਥਰ ਬਣਾ ਲਵੋ ਘਸਾਉਣ ਦਾ ਕਿ ਕੀ ਇਸ ਨੂੰ ਮੈਂ ਪਰਮਾਤਮਾ ਦੇ ਸਾਹਮਣੇ ਪ੍ਰਗਟ ਕਰ ਸਕਾਂਗਾ, ਜੋ ਵੀ ਮੈਂ ਕਰ ਰਿਹਾ ਹਾਂ? ਫ਼ਿਰ ਨਿਸ਼ਚਿੰਤ ਭਾਵ ਨਾਲ ਕਰੋ। ਜੇਕਰ ਅੰਦਰ ਮਨ ਡਰੇ, ਕੰਬੇ ਅਤੇ ਕਹੇ ਕਿ ਇਹ ਕਿਵੇਂ ਜ਼ਾਹਿਰ ਕਰ ਸਕਾਂਗਾ? ਤਾਂ ਨਾ ਕਰਨਾ। ਤੁਸੀਂ ਪੱਕੇ ਹੋਣ ਲਗੋਗੇ। ਘੁਮਾਰ ਘੜੇ ਪਕਾਉਂਦਾ ਹੈ, ਕੱਚੇ ਤਾਂ ਮੀਂਹ ਵਿੱਚ ਗਲ ਜਾਣਗੇ। ਪੱਕੇ ਪਾਣੀ ਨੂੰ ਭਰ ਲੈਣਗੇ। ਤੁਸੀਂ ਬਾਜ਼ਾਰ ਜਾਂਦੇ ਹੋ। ਦੋ ਪੈਸਿਆਂ ਦਾ ਘੜਾ ਖਰੀਦਦੇ ਹੋ। ਤਾਂ ਠੋਕ ਵਜਾ ਕੇ ਵੇਖਦੇ ਹੋ ਕਿ ਕੱਚਾ ਹੈ ਜਾਂ ਪੱਕਾ। ਕਿਉਂਕਿ ਪੱਕੇ ਦੀ ਆਵਾਜ਼ ਹੋਰ ਹੈ।

ਜਿਵੇਂ-ਜਿਵੇਂ ਤੁਸੀਂ ਪੱਕਣ ਲਗੋਗੇ, ਉਵੇਂ ਹੀ ਤੁਹਾਡੇ ਜੀਵਨ ਦੀ ਧੁਨੀ ਬਦਲਣ ਲੱਗੇਗੀ। ਤੁਸੀਂ ਆਪਣੇ ਅੰਦਰ ਅੰਤਰ-ਨਾਦ ਪਾਓਗੇ ਅਤੇ ਉਸਦੇ ਇਸ਼ਾਰੇ ਤੇ ਪ੍ਰਤੀਕ ਤੁਹਾਨੂੰ ਮਿਲਣ ਲੱਗਣਗੇ। ਉਸਦੇ ਇਸ਼ਾਰੇ ਹਨ ਤੁਸੀਂ ਬਹੁਤ ਸ਼ਾਂਤ ਹੋਣ ਲੱਗੋਗੇ। ਤੁਸੀਂ ਬਹੁਤ ਸੁਖੀ ਹੋਣ ਲਗੋਗੇ, ਤੁਸੀਂ ਜ਼ਿਆਦਾ ਆਨੰਦਿਤ ਆਪਣੇ ਆਪ ਨੂੰ ਪਾਓਗੇ। ਇੱਕ ਡੂੰਘੇ ਸੰਤੋਖ ਦੀ ਛਾਂ ਤੁਹਾਨੂੰ ਹਰ ਪਾਸਿਓਂ ਘੇਰੀ ਰੱਖੇਗੀ ਅਤੇ ਤੁਸੀਂ ਪਾਓਗੇ ਇੱਕ ਅਨੁਗ੍ਰਹਿ ਦਾ ਭਾਵ, ਇੱਕ ਅਹੋਭਾਵ ਬਿਨਾਂ ਕਾਰਣ ਤੋਂ। ਕੁਝ ਵੀ ਕਾਰਣ ਨਹੀਂ ਹੋਏਗਾ ਅਤੇ ਤੁਸੀਂ ਪਾਓਗੇ ਕਿ ਅੰਦਰ ਇੱਕ ਆਨੰਦ ਥਿਰਕ ਰਿਹਾ ਹੈ।

ਸਹਜੋਬਾਈ ਨੇ ਕਿਹਾ ਹੈ ਬਿਨ ਘਣ ਪਰਤ ਫੁਹਾਰ। ਕੋਈ ਬਦਲ ਵਿਖਾਈ ਨਹੀਂ

ਦਿੰਦਾ ਅਤੇ ਮੀਂਹ ਵਰ੍ਹ ਰਿਹਾ ਹੈ। ਕੋਈ ਕਾਰਣ ਵਿਖਾਈ ਨਹੀਂ ਦਿੰਦਾ। ਬਿਨਾਂ ਕਰਣ ਖੁਸ਼ ਹੋ। ਅਕਾਰਣ ਤੁਹਾਡਾ ਰੋਮ-ਰੋਮ ਮੁਸਕਰਾ ਰਿਹਾ ਹੈ। ਆਨੰਦਿਤ ਹੋ ਰਿਹਾ ਹੈ। ਕੁਝ ਮਿਲ ਨਹੀਂ ਗਿਆ ਖ਼ਜਾਨਾ, ਪਰ ਫ਼ਿਰ ਵੀ ਹਿਰਦਾ ਧੰਨਵਾਦ ਦੇ ਰਿਹਾ ਹੈ। ਇਹ ਪ੍ਰਤੀਕ ਹਨ।

ਜਿਵੇਂ-ਜਿਵੇਂ ਪੱਕੇ ਹੋਣ ਲਗੋਗੇ, ਤਿਵੇਂ-ਤਿਵੇਂ ਤੁਹਾਡੇ ਅੰਦਰ ਬਾਰਿਸ਼ ਦਾ ਪਾਣੀ ਭਰਨ ਲੱਗੋਗਾ। ਉਸ ਦਾ ਆਨੰਦ ਤਾਂ ਵਰ੍ਹ ਰਿਹਾ ਹੈ। ਉਹ ਫ਼ੁਹਾਰ ਤਾਂ ਹਰ ਵੇਲੇ ਪੈ ਰਹੀ ਹੈ। ਪਰ ਤੁਸੀਂ ਕੱਚੇ ਹੋ। ਤਾਂ ਗਲ ਜਾਂਦੇ ਹੋ। ਪਰਮਾਤਮਾ ਦਾ ਆਸ਼ੀਰਵਾਦ ਤੁਹਾਡੇ ਕੱਚੇ ਹੋਣ ਦੇ ਕਾਰਣ ਬੱਦਦੁਆ ਹੋ ਜਾਂਦਾ ਹੈ। ਤੁਸੀਂ ਪੱਕੇ ਹੋ ਜਾਓਗੇ ਤਾਂ ਜਿਨ੍ਹਾਂ ਨੂੰ ਕੱਲ੍ਹ ਤੱਕ ਤੁਸੀਂ ਸ਼ਰਾਪ ਜਾਣਿਆਂ ਸੀ, ਤੁਸੀਂ ਅਚਾਨਕ ਪਾਓਗੇ ਉਹ ਸਭੇ ਅਸੀਸਾਂ ਹਨ।

ਉਥੇ ਪੁੱਜਣ 'ਤੇ ਹੀ ਲੋਕਾਂ ਦੀ ਪਰਖ਼ ਹੈ। ਲੇਕਿਨ ਉਸ ਵੇਲੇ ਤੱਕ ਉਡੀਕ ਨਾ ਕਰੋ। ਕਿਉਂਕਿ ਤੁਸੀਂ ਹਰ ਘੜੀ ਬਣ ਰਹੇ ਹੋ। ਨਿਰਮਿਤ ਹੋ ਰਹੇ ਹੋ। ਅੱਜ ਸ਼ੁਰੂ ਕਰੋ ਤਾਂ ਹੀ ਉਸਦੇ ਮੁਹਰੇ ਪ੍ਰਗਟ ਹੋ ਸਕੋਗੇ। ਅੱਜ ਤੋਂ ਹੀ ਤਿਆਰੀ ਕਰੋ, ਇਸ ਤਰ੍ਹਾਂ ਵੀ ਬਹੁਤ ਸਮਾਂ ਗੁਆਇਆ ਹੈ, ਇਸ ਤਰ੍ਹਾਂ ਵੀ ਬਹੁਤ ਦੇਰ ਹੋ ਚੁੱਕੀ ਹੈ। ਇੱਕ ਪਲ ਵੀ ਨਾ ਗੁਆਓ ਹੁਣ। ਪਰਮਾਤਮਾ ਨੂੰ ਧਿਆਨ ਵਿੱਚ ਰੱਖ ਕੇ ਜੀਓ, ਕਿਉਂਕਿ ਉਹ ਘਰ ਹੈ ਅਤੇ ਸੰਸਾਰ ਧਰਮਸ਼ਾਲਾ ਹੈ।

ਅੱਜ ਏਨਾ ਹੀ।

# ੴ ਸਤਿਨਾਮੁ

## ਨਾਨਕ ਬਾਣੀ

ਓਸ਼ੋ ਨੇ ਨਾਨਕ ਬਾਣੀ-ਜਪੁਜੀ ਸਾਹਿਬ ਉਤੇ ਹਿੰਦੀ ਭਾਸ਼ਾ ਵਿੱਚ 20 ਪ੍ਰਵਚਨ ਦਿੱਤੇ ਸਨ। ਉਸ ਕਿਤਾਬ ਦਾ ਨਾਮ —ੴ ਸਤਿਨਾਮੁ ਹੈ। ਇਹ ਪੰਜਾਬੀ ਅਨੁਵਾਦ ਉਨ੍ਹਾਂ ਹੀ 20 ਪ੍ਰਵਚਨਾ ਦੀ ਲਫ਼ਜ਼-ਬ-ਲਫ਼ਜ਼ ਰਚਨਾ ਹੈ।




# ਨਾਨਕ ਅੰਤੁ ਨ ਅੰਤੁ

ਧਰਮ ਖੰਡ ਕਾ ਏਹੋ ਧਰਮੁ॥ ਗਿਆਨ ਖੰਡ ਕਾ ਆਖਹੁ ਕਰਮੁ॥
ਕੇਤੇ ਪਵਣ ਪਾਣੀ ਵੈਸੰਤਰ ਕੇਤੇ ਕਾਨ ਮਹੇਸ॥
ਕੇਤੇ ਬਰਮੇ ਘਾੜਤਿ ਘੜੀਅਹਿ ਰੂਪ ਰੰਗ ਕੇ ਵੇਸ॥
ਕੇਤੀਆ ਕਰਮ ਭੂਮੀ ਮੇਰ ਕੇਤੇ ਕੇਤੇ ਧੂ ਉਪਦੇਸ॥
ਕੇਤੇ ਇੰਦ ਚੰਦ ਸੂਰ ਕੇਤੇ ਕੇਤੇ ਮੰਡਲ ਦੇਸ॥
ਕੇਤੇ ਸਿਧ ਬੁਧ ਨਾਥ ਕੇਤੇ ਕੇਤੇ ਦੇਵੀ ਵੇਸ॥
ਕੇਤੇ ਦੇਵ ਦਾਨਵ ਮੁਨਿ ਕੇਤੇ ਕੇਤੇ ਰਤਨ ਸਮੁੰਦ॥
ਕੇਤੀਆ ਖਾਣੀ ਕੇਤੀਆ ਬਾਣੀ ਕੇਤੇ ਪਾਤ ਨਰਿੰਦ॥
ਕੇਤੀਆ ਸੁਰਤੀ ਸੇਵਕ ਕੇਤੇ ਨਾਨਕ ਅੰਤੁ ਨ ਅੰਤੁ॥ ੩੫॥

ਗਿਆਨ ਖੰਡ ਮਹਿ ਗਿਆਨੁ ਪਰਚੰਡੁ॥
ਤਿਥੈ ਨਾਦ ਬਿਨੋਦ ਕੋਡ ਅਨੰਦੁ॥
ਸਰਮ ਖੰਡ ਕੀ ਬਾਣੀ ਰੂਪੁ॥
ਤਿਥੈ ਘਾੜਤਿ ਘੜੀਐ ਬਹੁਤੁ ਅਨੂਪੁ॥
ਤਾ ਕੀਆ ਗਲਾ ਕਥੀਆ ਨਾ ਜਾਹਿ॥
ਜੇ ਕੋ ਕਹੈ ਪਿਛੈ ਪਛੁਤਾਇ॥
ਤਿਥੈ ਘੜੀਐ ਸੁਰਤਿ ਮਤਿ ਮਨਿ ਬੁਧਿ॥
ਤਿਥੈ ਘੜੀਐ ਸੁਰਾ ਸਿਧਾ ਕੀ ਸੁਧਿ॥ ੩੬॥

ਨਾਨਕ ਨੇ ਅਸਤਿਤਵ ਅਤੇ ਉਸਦੀ ਖੋਜ ਨੂੰ ਚਾਰ ਖੰਡਾਂ (ਹਿੱਸੇ) ਵਿੱਚ ਵੰਡਿਆ ਹੈ। ਉਨ੍ਹਾਂ ਚਾਰ ਖੰਡਾਂ ਨੂੰ ਥੋੜ੍ਹਾ ਸਮਝ ਲਓ। ਉਨ੍ਹਾਂ ਦੀ ਵੰਡ ਬਹੁਤ ਵਿਗਿਆਨਕ ਹੈ। ਪਹਿਲੇ ਖੰਡ ਨੂੰ ਉਹ ਧਰਮ ਖੰਡ ਕਹਿੰਦੇ ਹਨ। ਦੂਜੇ ਨੂੰ ਗਿਆਨ, ਤੀਜੇ ਨੂੰ ਲੱਜਾ (ਸ਼ਰਮ) ਅਤੇ ਚੌਥੇ ਨੂੰ ਕਿਰਪਾ।

ਧਰਮ ਤੋਂ ਅਰਥ ਹੈ, **The Law**, ਨਿਯਮ, ਜਿਸ ਨਾਲ ਅਸਤਿਤਵ ਚਲਦਾ ਹੈ। ਜਿਸ ਨੂੰ ਵੇਦ ਨੇ ਰਿੱਤ ਕਿਹਾ ਹੈ। ਰਿੱਤ ਦੇ ਕਾਰਣ ਹੀ ਤਾਂ ਅਸੀਂ ਬਦਲਾਹਟ ਨੂੰ ਮੌਸਮ ਦੀਆਂ ਰੁੱਤਾਂ ਕਹਿੰਦੇ ਹਾਂ। ਉਨ੍ਹਾਂ ਦਿਨਾਂ 'ਚ ਜਦੋਂ ਵੇਦ ਲਿਖੇ ਗਏ ਤਾਂ ਰੁੱਤਾਂ ਬਿਲਕੁਲ ਨਿਸ਼ਚਿਤ ਸਨ। ਰੱਤੀ-ਪਲ ਫ਼ਰਕ ਨਹੀਂ ਪੈਂਦਾ ਸੀ। ਹਰ ਸਾਲ ਬਸੰਤ ਉਸੇ ਦਿਨ ਆਉਂਦਾ ਸੀ, ਜਿਸ ਦਿਨ ਸਦਾ ਆਉਂਦਾ ਰਿਹਾ ਸੀ। ਹਰ ਸਾਲ ਬਰਸਾਤ ਉਸੇ ਦਿਨ ਸ਼ੁਰੂ ਹੁੰਦੀ ਸੀ, ਜਿਸ ਦਿਨ ਸਦਾ ਹੁੰਦੀ ਰਹੀ ਸੀ। ਆਦਮੀ ਨੇ ਪ੍ਰਕ੍ਰਿਤੀ ਨੂੰ ਅਸਤ-ਵਿਅਸਤ ਕਰ ਦਿੱਤਾ ਹੈ। ਇਸ ਲਈ ਰੁੱਤਾਂ ਵੀ ਹੁਣ ਰੁੱਤਾਂ ਨਹੀਂ ਹਨ, ਕਿਉਂਕਿ ਰਿੱਤ ਸ਼ਬਦ ਹੀ ਅਸੀਂ ਇਸ ਲਈ ਦਿੱਤਾ ਸੀ ਕਿ ਬਿਨਾਂ ਬਦਲਾਓ ਤੋਂ ਨਿਯਮ ਦੇ ਮੁਤਾਬਿਕ ਜੋ ਚਲਦੀਆਂ ਸਨ। ਇੱਕ ਅਨੁਸ਼ਾਸਨ ਸੀ। ਆਦਮੀ ਦੀ ਤਥਾ-ਕਥਿਤ ਸਮਝਦਾਰੀ ਦੇ ਕਾਰਣ ਸਭ ਅਸਤ-ਵਿਅਸਤ ਹੋ ਗਿਆ ਹੈ। ਰੁੱਤਾਂ ਨੇ ਵੀ ਆਪਣੀ ਪਟੜੀ ਛੱਡ ਦਿੱਤੀ।

ਹੁਣ ਪੱਛਮ ਵਿੱਚ ਇਸ ਉਤੇ ਬਹੁਤ ਚਿੰਤਾ ਪੈਦਾ ਹੋਈ ਹੈ। ਇੱਕ ਨਵਾਂ ਅੰਦੋਲਨ ਚਲਦਾ ਹੈ, 'ਇਕੋਲਾਜੀ'। ਉਹ ਕਹਿੰਦੇ ਹਨ ਕਿ ਪ੍ਰਕ੍ਰਿਤੀ ਨੂੰ ਨਾ ਛੂਹੋ। ਅਸੀਂ ਬਹੁਤ ਨੁਕਸਾਨ ਕਰ ਦਿੱਤਾ ਹੈ ਅਤੇ ਕੁਦਰਤ ਨੂੰ ਉਸਦੇ ਉਤੇ ਹੀ ਛੱਡ ਦਿਓ। ਉਸਦੇ ਵਿੱਚ ਕਿਸੇ ਤਰ੍ਹਾਂ ਦੀ ਮਨੁੱਖੀ ਦਖ਼ਲ-ਅੰਦਾਜ਼ੀ ਖ਼ਤਰਨਾਕ ਹੈ। ਉਸ ਦੇ ਨਾਲ ਨਾ ਕੇਵਲ ਪ੍ਰਕ੍ਰਿਤੀ, ਬਲਕਿ ਮਨੁੱਖ ਦਾ ਵੀ ਅੰਤ ਨੇੜੇ ਹੈ। ਵੇਦ ਨੇ ਜਦ ਮੌਸਮ ਦੇ ਪਰਿਵਰਤਨ ਨੂੰ ਰਿਤੂ, ਕਿਹਾ, ਤਾਂ 'ਰਿਤੂ' ਸ਼ਬਦ ਦੇ ਕਾਰਣ ਕਿਹਾ। ਰਿਤੂ ਦਾ ਅਰਥ ਹੁੰਦਾ ਹੈ ਨਾ ਬਦਲਿਆ ਹੋਇਆ ਨਿਯਮ, ਅਨਚੇਜਿੰਗ ਲਾ, ਜਿਸ ਨੂੰ ਲਾਓਤਸੇ ਨੇ 'ਤਾਓ' ਕਿਹਾ ਹੈ।

ਉਸ ਨਿਯਮ ਨੂੰ ਜਾਨਣ ਦੀ ਜੋ ਵਿਧੀ ਹੈ, ਉਹ ਧਰਮ ਹੈ। ਜੀਵਨ ਦਾ ਜਿਹੜਾ ਪਰਮ ਨਿਯਮ ਹੈ, ਜਿਹੜਾ ਉਸਦਾ ਡੂੰਘੇ ਤੋਂ ਡੂੰਘਾ ਅਨੁਸ਼ਾਸਨ ਹੈ, ਡਿਸਿਪਲਿਨ ਹੈ, ਉਸ ਨੂੰ ਪਛਾਣ ਲੈਣ ਦੀ ਕਲਾ ਦਾ ਨਾਮ ਧਰਮ ਹੈ। ਬੁੱਧ ਨੇ ਤਾਂ 'ਧੱਮ' ਜਾਂ ਧਰਮ ਸ਼ਬਦ ਦਾ ਅਰਥ ਨਿਯਮ ਦੀ ਤਰ੍ਹਾਂ ਹੀ ਉਪਯੋਗ ਕੀਤਾ ਹੈ। ਤਾਂ ਜਦੋਂ ਬੌਧ ਭਿਕਸ਼ੂ ਕਹਿੰਦੇ ਹਨ, 'ਧੱਮਮ ਸ਼ਰਣੱਮ ਗੱਛਾਮੀ'। ਤਦ ਉਹ ਇਹ ਕਹਿ ਰਹੇ ਹਨ ਕਿ ਹੁਣ ਅਸੀਂ ਨਿਯਮ ਦੀ ਸ਼ਰਣ ਜਾਂਦੇ ਹਾਂ। ਹੁਣ ਅਸੀਂ ਆਪਣੇ ਆਪ ਨੂੰ ਛੱਡਦੇ ਹਾਂ ਅਤੇ

ਅਸੀਂ ਉਸ ਪਰਮ ਨਿਯਮ ਦੀ ਸ਼ਰਣ ਹਾਂ, ਜਿਸ ਤੋਂ ਅਸੀਂ ਪੈਦਾ ਹੋਏ ਅਤੇ ਜਿਸ ਵਿੱਚ ਅਸੀਂ ਲੀਨ ਹੋ ਜਾਵਾਂਗੇ। ਹੁਣ ਅਸੀਂ ਉਸੇ ਦੇ ਸਹਾਰੇ ਚੱਲਾਂਗੇ। ਸਤਯ ਨੂੰ ਜਾਣ ਲੈਣਾ ਉਸ ਨਿਯਮ ਨੂੰ ਜਾਣ ਲੈਣਾ ਹੀ ਹੈ।

ਜੀਵਨ ਦਾ ਜਿਹੜਾ ਮੂਲ ਆਧਾਰ ਹੈ, ਉਸ ਨੂੰ ਪਛਾਣ ਲੈਣ ਲਈ ਨਾਨਕ ਕਹਿੰਦੇ ਹਨ। 'ਧਰਮ ਖੰਡ'। ਅਸੀਂ ਜੀਉਂਦੇ ਹਾਂ, ਪਰ ਵਿਚਾਰ ਨਾਲ ਜੀਉਂਦੇ ਹਾਂ। ਅਸੀਂ ਸੋਚ-ਸੋਚ ਕੇ ਕਦਮ ਰੱਖਦੇ ਹਾਂ ਅਤੇ ਜਿੰਨੇ ਸੋਚ-ਸੋਚ ਕੇ ਅਸੀਂ ਕਦਮ ਰੱਖਦੇ ਹਾਂ, ਓਨੇ ਹੀ ਸਾਡੇ ਕਦਮ ਗ਼ਲਤ ਪੈਂਦੇ ਹਨ। ਜੋ ਜੋ ਅਸੀਂ ਬਿਨਾਂ ਸੋਚੇ ਕਰਦੇ ਹਾਂ, ਉਹ ਹੀ ਉਹ ਹੀ ਠੀਕ ਕਦਮਾਂ 'ਤੇ ਲੈ ਜਾਂਦਾ ਹੈ। ਤੁਸੀਂ ਖਾਣਾ ਖਾਂਦੇ ਹੋ। ਫ਼ਿਰ ਉਸ ਨੂੰ ਪਚਾਉਣ ਲਈ ਤਾਂ ਤੁਸੀਂ ਨਹੀਂ ਸੋਚਦੇ। ਫ਼ਿਰ ਤਾਂ ਨਿਯਮ ਉਸ ਨੂੰ ਪਚਾਉਂਦਾ ਹੈ। ਕਿਸੇ ਦਿਨ ਕੋਸ਼ਿਸ਼ ਕਰਕੇ ਵੇਖੋ। ਭੋਜਨ ਕਰ ਲਓ, ਫ਼ਿਰ ਸੋਚੋ ਕਿ ਹੁਣ ਸ਼ਰੀਰ ਕਿਵੇਂ ਪਚਾਏਗਾ। ਫ਼ਿਰ ਚੌਵੀ ਘੰਟੇ ਪੇਟ ਦਾ ਖਿਆਲ ਰੱਖੋ ਕਿ ਪਚ ਰਿਹਾ ਹੈ ਕਿ ਨਹੀਂ ਪਚ ਰਿਹਾ ਹੈ? ਉਸੇ ਦਿਨ ਬਦਹਜ਼ਮੀ ਹੋ ਜਾਏਗੀ। ਕਿਉਂਕਿ ਜਿਵੇਂ ਹੀ ਵਿਚਾਰ ਅਚੇਤਨ ਨਿਯਮ ਵਿੱਚ ਰੁਕਾਵਟ ਪਾਉਂਦੇ ਹਨ, ਉਵੇਂ ਹੀ ਉਪੱਦਰ ਮਚ ਜਾਂਦਾ ਹੈ। ਤੁਸੀਂ ਰੋਜ਼ ਸ਼ਾਮ ਨੂੰ ਸੌਂਦੇ ਹੋ, ਇੱਕ ਦਿਨ ਸੌਣ ਵੇਲੇ ਸੋਚ ਕੇ ਸੌਵੋਂ ਕਿ ਕਿਵੇਂ ਸੌਂਦਾ ਹਾਂ, ਕਿਸ ਤਰ੍ਹਾਂ ਨੀਂਦ ਆਉਂਦੀ ਹੈ, ਵਿਚਾਰ ਕਰੋ, ਉਸ ਰਾਤ ਨੀਂਦ ਉਡ ਜਾਏਗੀ। ਇਸ ਲਈ ਜ਼ਿਆਦਾ ਵਿਚਾਰ ਕਰਨ ਵਾਲੇ ਲੋਕਾਂ ਨੂੰ ਜੇਕਰ ਅਨੀਂਦੇ ਦੀ ਬੀਮਾਰੀ ਹੋ ਜਾਂਦੀ ਹੈ, ਤਾਂ ਕੁਝ ਹੈਰਾਨਗੀ ਨਹੀਂ ਹੈ। ਜੀਵਨ ਤਾਂ ਚੱਲ ਰਿਹਾ ਹੈ। ਦਰੱਖਤ ਫ਼ੁੱਲ ਨੂੰ ਖਿੜਾਉਦੇ ਵੇਲੇ ਸੋਚਦਾ ਥੋੜ੍ਹੀ ਹੈ ਕਿ ਕਦੋਂ ਖਿੜਾਵਾਂ? ਕਿ ਸਮਾਂ ਪੱਕ ਗਿਆ ਜਾਂ ਨਹੀਂ? ਮੌਸਮ ਆ ਗਿਆ ਹੈ ਕਿ ਨਹੀਂ? ਦਰੱਖਤ ਜਾਣਦਾ ਹੈ ਆਪਣੀਆਂ ਜੜ੍ਹਾਂ ਨੂੰ, ਸੋਚ ਕੇ ਨਹੀਂ! ਇਹ ਉਸਦੇ ਵਿੱਚ ਅੰਤਰ-ਭਾਵ ਦੀ ਵਿਰਤੀ ਹੈ। ਨਦੀਆਂ ਸਾਗਰ ਵੱਲ ਵਗਦੀਆਂ ਹਨ, ਉਨ੍ਹਾਂ ਨੂੰ ਕੁਝ ਦਿਸ਼ਾ ਦਾ ਬੋਧ ਹੈ? ਉਨ੍ਹਾਂ ਦੇ ਕੋਲ ਕੋਈ ਨਕਸ਼ਾ ਹੈ ਕਿ ਮਾਰਗ ਕਿੱਥੇ ਹੈ? ਪਰ ਇੱਕ ਅਚੇਤਨ ਨਿਯਮ ਉਨ੍ਹਾਂ ਨੂੰ ਸਾਗਰ ਦੇ ਵੱਲ ਲੈ ਜਾਂਦਾ ਹੈ।

ਇਹ ਏਨਾ ਵਿਰਾਟ ਜਗਤ ਚੱਲ ਰਿਹਾ ਹੈ ਬਿਨਾਂ ਵਿਚਾਰ ਦੇ ਅਤੇ ਇਸ ਵਿਰਾਟ ਜਗਤ ਵਿੱਚ ਕਿਤੇ ਵੀ ਕੋਈ ਗ਼ਲਤੀ ਨਹੀਂ ਹੋ ਰਹੀ ਹੈ। ਕਿਤੇ ਕੋਈ ਭੁੱਲ ਚੁੱਕ ਨਹੀਂ ਹੋ ਰਹੀ, ਸਭ ਬਿਲਕੁਲ ਠੀਕ ਹੈ। ਸਿਰਫ਼ ਆਦਮੀ ਗ਼ਲਤ ਹੋ ਗਿਆ ਹੈ, ਕਿਉਂਕਿ ਆਦਮੀ ਨਿਯਮ ਨਾਲ ਨਹੀਂ ਚੱਲ ਰਿਹਾ ਹੈ। ਵਿਚਾਰ ਨਾਲ ਚੱਲ ਰਿਹਾ ਹੈ। ਆਦਮੀ ਸੋਚਦਾ ਹੈ, ਕਰਾਂ ਜਾਂ ਨਾ ਕਰਾਂ? ਠੀਕ ਹੈ ਜਾਂ ਗ਼ਲਤ? ਉਚਿਤ ਹੋਏਗਾ, ਕਿ ਅਨੁਚਿਤ? ਨਤੀਜਾ ਕੀ ਹੋਏਗਾ? ਫ਼ਲ ਮਿਲੇਗਾ ਕਿ ਨਹੀਂ ਮਿਲੇਗਾ? ਲਾਭ ਹੋਏਗਾ ਜਾਂ ਨੁਕਸਾਨ? ਲੋਕ ਕੀ ਕਹਿਣਗੇ? ਹਜ਼ਾਰ ਵਿਚਾਰ ਕਰਦਾ ਹੈ ਅਤੇ ਇਨ੍ਹਾਂ ਹਜ਼ਾਰ

ਵਿਚਾਰਾਂ ਦੇ ਧੂੰਏ ਵਿੱਚ ਹੀ ਜੀਵਨ ਦੇ ਨਿਯਮ ਦੀ ਸਿੱਧੀ ਲਕੀਰ ਉਲਝ ਜਾਂਦੀ ਹੈ ਅਤੇ ਗੁਆਚ ਜਾਂਦੀ ਹੈ। ਨਿਰਵਿਚਾਰ ਨਾਲ ਜੋ ਚਲਣ ਲੱਗਾ ਉਹ ਹੀ ਸਿੱਧ ਹੈ। ਨਿਰਵਿਚਾਰ ਨਾਲ ਜਿਹੜਾ ਜੀਊਂਣ ਲੱਗਾ, ਉਹ ਹੀ ਆ ਗਿਆ ਧਰਮ ਦੀ ਸ਼ਰਣ।

ਸੋ ਧਰਮ ਕੋਈ ਬੁੱਧੀਮਾਨੀ ਨਹੀਂ ਹੈ ਅਤੇ ਨਾ ਤੁਹਾਡੀ ਬੁੱਧੀ ਦਾ ਕੋਈ ਫ਼ੈਸਲਾ ਹੈ। ਧਰਮ ਤਾਂ ਬੁੱਧੀ ਤੋਂ ਥੱਕ ਗਏ ਆਦਮੀ ਦੀ, ਜਿਹੜਾ ਬੁੱਧੀ ਤੋਂ ਪ੍ਰੇਸ਼ਾਨ ਹੋ ਗਿਆ ਹੈ, ਜਿਸ ਨੇ ਆਪਣੇ ਵਲੋਂ ਸਾਰੇ ਹੱਥ-ਪੈਰ ਮਾਰ ਲਏ ਅਤੇ ਨਤੀਜਾ ਕੁਝ ਨਾ ਨਿਕਲਿਆ, ਜਿਹੜਾ ਸਾਰੇ ਪਾਸਿਆਂ ਤੋਂ ਥੱਕ ਗਿਆ ਅਤੇ ਲਾਚਾਰ ਹੋ ਗਿਆ, ਉਸ ਆਦਮੀ ਦੀ ਖੋਜ ਹੈ ਧਰਮ। ਉਹ ਬੁੱਧੀ ਨੂੰ ਛੱਡ ਦਿੰਦਾ ਹੈ। ਉਹ ਕਹਿੰਦਾ ਹੈ ਹੁਣ ਜਿਵੇਂ ਤੂੰ ਚਲਾਏਂ? ਉਸ ਨੂੰ ਹੀ ਨਾਨਕ 'ਹੁਕਮ' ਕਹਿੰਦੇ ਹਨ। ਉਹ ਕਹਿੰਦੇ ਹਨ, ਹੁਣ ਉਸਦੇ ਹੁਕਮ ਨਾਲ ਚਲਾਂਗਾ।

ਇਸ ਤੋਂ ਤੁਸੀਂ ਇਹ ਨਾ ਸਮਝਣਾ ਕਿ ਉਥੇ ਬੈਠਾ ਹੋਇਆ ਕੋਈ ਮਹਾਂਪੁਰਖ ਕੋਈ ਪਰਮ ਪਿਤਾ, ਕੋਈ ਪਰਮਾਤਮਾ ਹੁਕਮ ਦੇ ਰਿਹਾ ਹੈ। ਉਥੇ ਕੋਈ ਬੈਠਾ ਹੋਇਆ ਨਹੀਂ ਹੈ। ਹੁਕਮ ਚੱਲ ਰਿਹਾ ਹੈ ਬਿਨਾਂ ਹੁਕਮੀ ਦੇ। ਨਿਯਮ ਚੱਲ ਰਿਹਾ ਹੈ, ਨਿਯਮ ਹੀ ਪਰਮਾਤਮਾ ਹੈ। ਸਾਨੂੰ ਭਾਸ਼ਾ ਇਹੋ ਜਿਹੀ ਵਰਤਣੀ ਪੈਂਦੀ ਹੈ, ਜਿਸ ਨੂੰ ਆਦਮੀ ਸਮਝ ਲਵੇ। ਤਾਂ ਸਾਨੂੰ ਪ੍ਰਤੀਕ ਬਣਾਉਣੇ ਪੈਂਦੇ ਹਨ। ਕਈ ਵਾਰ ਨਾ-ਸਮਝ ਆਦਮੀ ਪ੍ਰਤੀਕਾਂ ਨੂੰ ਜਕੜ ਕੇ ਬਹਿ ਜਾਂਦਾ ਹੈ, ਉਹ ਸੋਚਦਾ ਹੈ ਕਿ ਪਰਮਾਤਮਾ ਦਾ ਕੋਈ ਮੂੰਹ ਹੈ, ਜਾਂ ਹੱਥ ਪੈਰ ਹਨ। ਉਹ ਕਿਸੇ ਸਿੰਘਾਸਣ ਉਤੇ ਬਹਿ ਕੇ ਹੁਕਮ ਚਲਾ ਰਿਹਾ ਹੈ। ਅਸੀਂ ਹੁਕਮ ਨੂੰ ਮੰਨੀਏ ਜਾਂ ਨਾ ਮੰਨੀਏ? ਨਾ ਮੰਨੀਏ ਤਾਂ ਅਧਾਰਮਿਕ, ਮੰਨ ਲਈਏ ਤਾਂ ਧਾਰਮਿਕ। ਨਹੀਂ ਮੰਨਾਂਗੇ ਤਾਂ ਪਰਮਾਤਮਾ ਨਾਰਾਜ਼ ਹੋਏਗਾ, ਗੁੱਸੇ ਹੋਏਗਾ, ਸਜ਼ਾ ਦੇਵੇਗਾ। ਮੰਨਾਂਗੇ ਤਾਂ ਇਨਾਮ ਬਖਸ਼ੇਗਾ।

ਇਹ ਸਭ ਵਿਅਰਥ ਦੀਆਂ ਗੱਲਾਂ ਹਨ। ਇਹ ਤੁਸੀਂ ਪ੍ਰਤੀਕ ਨੂੰ ਜਰੂਰਤ ਤੋਂ ਬਹੁਤਾ ਵੱਡਾ ਕਰ ਲਿਆ। ਨਿਯਮ ਹੈ। ਕੋਈ ਵਿਅਕਤੀ ਉਥੇ ਬੈਠਾ ਹੋਇਆ ਨਹੀਂ ਹੈ। ਉਸ ਨਿਯਮ ਦੀ ਸ਼ਰਣ ਜਦੋਂ ਤੁਸੀਂ ਚਲੇ ਜਾਂਦੇ ਹੋ ਤਾਂ ਤੁਹਾਡੇ ਕੋਲੋਂ ਗ਼ਲਤ ਹੋਣਾ ਬੰਦ ਹੋ ਜਾਂਦਾ ਹੈ। ਕਿਉਂਕਿ ਉਹ ਨਿਯਮ ਗ਼ਲਤ ਕਰਨਾ ਜਾਣਦਾ ਹੀ ਨਹੀਂ ਅਤੇ ਜਦ ਤੁਹਾਡੇ ਕੋਲੋਂ ਠੀਕ ਹੋਣ ਲੱਗਦਾ ਹੈ ਤਾਂ ਸੁੱਖ ਦਾ ਸੰਗੀਤ ਵੱਜਣ ਲੱਗਦਾ ਹੈ। ਠੀਕ ਦਾ ਅਰਥ ਹੀ ਇਹ ਹੈ ਕਿ ਜਦ ਸਭ ਠੀਕ ਹੋਏਗਾ ਤਾਂ ਤੁਹਾਡੇ ਚਾਰੇ ਪਾਸੇ ਸੁੱਖ ਦੀ ਸੁਗੰਧ ਹੋਏਗੀ। ਉਹ ਠੀਕ ਹੋਣ ਦੀ ਖਬਰ ਹੈ। ਜਦ ਕੁਝ ਗ਼ਲਤ ਹੋਏਗਾ ਤਾਂ ਤੁਹਾਡੇ ਕੋਲ ਦੁੱਖ ਦੀ ਛਾਂ ਹੋਏਗੀ। ਜਿੰਨਾਂ ਗ਼ਲਤ ਹੁੰਦਾ ਜਾਏਗਾ, ਓਨੀ ਹੀ ਚਿੰਤਾ ਗਹਿਰੀ ਹੋਏਗੀ। ਦੁੱਖ ਪੀੜਾ ਹੋਏਗੀ। ਤੁਸੀਂ ਦੁੱਖ ਨੂੰ ਸਜ਼ਾ ਨਾ ਸਮਝਣਾ। ਕੋਈ ਸਜ਼ਾ ਨਹੀਂ

ਦੇ ਰਿਹਾ ਹੈ। ਤੁਸੀਂ ਦੁੱਖ ਨੂੰ ਤਾਂ ਸਿਰਫ਼ ਗ਼ਲਤ ਹੋਣ ਦੀ ਖ਼ਬਰ ਸਮਝਣਾ।

ਜਿਵੇਂ ਕੋਈ ਆਦਮੀ ਸਿੱਧੇ-ਸਾਦੇ ਰਾਹ ਨੂੰ ਛੱਡ ਕੇ ਜੰਗਲ ਵਿੱਚ ਭਟਕ ਜਾਏ, ਕੰਡੇ ਚੁੱਭਣ ਲੱਗਣ, ਤਾਂ ਸਮਝ ਲੈਣਾ ਕਿ ਇਹ ਰਾਹ ਮਾਰਗ ਨਹੀਂ ਹੈ। ਇਸ ਉਤੇ ਕਦੇ ਕੋਈ ਟੁਰਿਆ ਨਹੀਂ। ਕੰਡੇ ਕੋਈ ਸਜ਼ਾ ਨਹੀਂ ਹਨ। ਜਿੱਥੇ ਕਦੇ ਕੋਈ ਨਹੀਂ ਟੁਰਿਆ ਹੈ, ਉਥੇ ਟੁਰਨ ਨਾਲ ਕੰਡੇ ਤਾਂ ਸੁਭਾਵਿਕ ਹੀ ਚੁੱਭਣਗੇ। ਉਹ ਆਦਮੀ ਰਾਹ ਲੱਭ ਕੇ ਠੀਕ ਥਾਂ 'ਤੇ ਮੁੜ ਆਉਂਦਾ ਹੈ। ਜਿਵੇਂ ਹੀ ਠੀਕ ਥਾਂ 'ਤੇ ਪਰਤਦਾ ਹੈ, ਕੰਡੇ ਚੁੱਭਣੇ ਬੰਦ ਹੋ ਜਾਂਦੇ ਹਨ, ਉਥੇ ਕੰਡੇ ਨਹੀਂ ਹਨ। ਤੁਸੀਂ ਜਦ ਕੰਧ ਨਾਲ ਟਕਰਾਉਂਦੇ ਹੋ ਤਾਂ ਸਿਰ ਵਿੱਚ ਸੱਟ ਲੱਗਦੀ ਹੈ। ਕੋਈ ਕੰਧ ਤੁਹਾਨੂੰ ਸਜ਼ਾ ਨਹੀਂ ਦੇ ਰਹੀ ਹੈ। ਕੰਧ ਨੂੰ ਤੁਹਾਡੇ ਨਾਲ ਮਤਲਬ ਕੀ ਹੈ? ਜਦ ਤੁਸੀਂ ਦਰਵਾਜ਼ਾ ਲੱਭ ਲੈਂਦੇ ਹੋ, ਸੱਟ ਬਾਹਰ ਨਹੀਂ ਨਿਕਲਦੀ, ਤੁਸੀਂ ਬਾਹਰ ਨਿਕਲ ਜਾਂਦੇ ਹੋ।

ਬੱਸ, ਅਜਿਹਾ ਹੀ ਹੈ। ਜਿਸ ਦਿਨ ਤੁਸੀਂ ਨਿਯਮ ਨੂੰ ਪਛਾਨਣ ਲੱਗਦੇ ਹੋ, ਤੁਹਾਨੂੰ ਦਰਵਾਜ਼ਾ ਮਿਲ ਗਿਆ ਅਤੇ ਜਦ ਤੱਕ ਤੁਸੀਂ ਨਿਯਮ ਨੂੰ ਨਹੀਂ ਪਛਾਣਦੇ, ਤਦ ਤੱਕ ਤੁਸੀਂ ਕੰਧਾਂ ਨਾਲ ਟਕਰਾਉਂਦੇ ਰਹਿੰਦੇ ਹੋ। ਕਿੰਨੀਆਂ ਸੱਟਾਂ ਹਨ ਤੁਹਾਡੇ ਸਿਰ ਉਤੇ। ਕਿੰਨੇ ਜ਼ਖਮ ਜਨਮਾਂ-ਜਨਮਾਂ ਤੋਂ ਤੁਸੀਂ ਇਕੱਠੇ ਕਰ ਲਏ ਹਨ। ਅਤੇ ਸਾਰੇ ਜ਼ਖਮ ਰਿਸਦੇ ਹਨ। ਸਾਰੇ ਜ਼ਖਮ ਤਕਲੀਫ਼ ਦਿੰਦੇ ਹਨ ਅਤੇ ਤੁਸੀਂ ਸੋਚਦੇ ਹੋ ਕਿ ਕੋਈ ਤੁਹਾਨੂੰ ਸਜ਼ਾ ਦੇ ਰਿਹਾ ਹੈ।

ਕੋਈ ਤੁਹਾਨੂੰ ਸਜ਼ਾ ਨਹੀਂ ਦੇ ਰਿਹਾ ਹੈ। ਤੁਸੀਂ ਆਪਣਾ ਕੀਤਾ ਹੀ, ਆਪਣਾ ਬੀਜਿਆ ਹੀ ਵੱਢਦੇ ਹੋ ਅਤੇ ਜੇਕਰ ਇਹ ਤੁਹਾਨੂੰ ਸਮਝ ਵਿੱਚ ਆ ਜਾਏ ਕਿ ਜਦ ਵੀ ਦੁੱਖ ਹੋਵੇ ਤਾਂ ਸਮਝ ਲੈਣਾ ਕਿ ਕਿਤੇ ਤੁਸੀਂ ਕੁਦਰਤ ਨਾਲੋਂ ਟੁੱਟੇ। ਜਦ ਵੀ ਕੋਈ ਬੀਮਾਰੀ ਤੁਹਾਨੂੰ ਫੜੇ ਤਾਂ ਉਸ ਦਾ ਅਰਥ ਇਹ ਹੈ ਕਿ ਤੁਸੀਂ ਪ੍ਰਕ੍ਰਿਤੀ ਤੋਂ ਇਧਰ-ਉਧਰ ਗਏ। ਬੀਮਾਰੀ ਕੇਵਲ ਖ਼ਬਰ ਦਿੰਦੀ ਹੈ ਅਤੇ ਖ਼ਬਰ ਹੋਣ ਦੇ ਕਾਰਣ ਹਿੱਤਕਰ ਹੈ, ਕਲਿਆਣਕਾਰੀ ਹੈ। ਕਿਉਂਕਿ ਤੁਹਾਨੂੰ ਜੇਕਰ ਬੀਮਾਰੀ ਹੀ ਨਾ ਹੋਵੇ ਤਾਂ ਤੁਸੀਂ ਜਾਣ ਹੀ ਨਾ ਸਕੋਗੇ ਕਿ ਤੁਸੀਂ ਨਿਯਮ ਤੋਂ ਹਟ ਗਏ ਹੋ। ਜੇਕਰ ਤੁਹਾਨੂੰ ਦੁੱਖ ਹੀ ਨਾ ਹੋਵੇ ਤਾਂ ਤੁਸੀਂ ਜਾਣ ਹੀ ਨਾ ਸਕੋਗੇ ਕਿ ਤੁਸੀਂ ਨਿਯਮ ਤੋਂ ਹਟ ਗਏ ਹੋ। ਜੇਕਰ ਤੁਹਾਨੂੰ ਦੁੱਖ ਹੀ ਨਾ ਹੋਵੇ ਤਾਂ ਤੁਸੀਂ ਜਾਣ ਹੀ ਨਾ ਪਾਓ ਕਿ ਤੁਸੀਂ ਜੀਵਨ ਦੀ ਸ਼ਾਸਵਤ-ਵਿਵਸਥਾ ਨਾਲੋਂ ਵਿਪਰੀਤ ਜਾ ਰਹੇ ਹੋ। ਤਦ ਤਾਂ ਤੁਸੀਂ ਭਟਕਦੇ ਹੀ ਚਲੇ ਜਾਓਗੇ। ਤੁਹਾਡੇ ਪਰਤਣ ਦਾ ਕੋਈ ਉਪਾਅ ਨਹੀਂ ਹੋਏਗਾ। ਦੁੱਖ ਤੁਹਾਨੂੰ ਪਰਤਾਉਂਦਾ ਹੈ, ਇਸ ਲਈ ਤਾਂ ਦੁੱਖ ਵਿੱਚ ਪਰਮਾਤਮਾ ਦੀ ਯਾਦ ਆਉਂਦੀ ਹੈ। ਸੁੱਖ ਵਿੱਚ ਤੁਸੀਂ ਭੁੱਲ ਜਾਂਦੇ ਹੋ।

ਸੰਤ ਪ੍ਰਾਰਥਨਾ ਕਰਦੇ ਰਹੇ ਹਨ, 'ਹੇ ਪਰਮਾਤਮਾ, ਥੋੜ੍ਹਾ ਜਿਹਾ ਦੁੱਖ ਤਾਂ ਹਮੇਸ਼ਾਂ

ਹੀ ਦਿੰਦੇ ਰਹਿਣਾ ਤਾਂ ਕਿ ਯਾਦ ਆਉਂਦੀ ਰਹੇ ਅਤੇ ਅਸੀਂ ਤੈਨੂੰ ਭੁੱਲ ਨਾ ਜਾਈਏ ਅਤੇ ਪ੍ਰਾਰਥਨਾ ਜਾਰੀ ਰਹੇ। ਅਸੀਂ ਤੈਨੂੰ ਪੁਕਾਰਦੇ ਰਹੀਏ। ਜੇਕਰ ਦੁੱਖ ਨਾ ਹੋਇਆ ਤਾਂ ਤੈਨੂੰ ਪੁਕਾਰਾਂਗੇ ਕਿਵੇਂ, ਸੁੱਖ ਵਿੱਚ ਅਸੀਂ ਭੁੱਲ ਜਾਵਾਂਗੇ ਅਤੇ ਗੁਆਚ ਜਾਵਾਂਗੇ।

ਦੁੱਖ ਦਾ ਇੱਕ ਹੀ ਅਰਥ ਹੈ ਕਿ ਤੁਸੀਂ ਧਰਮ ਤੋਂ ਕਿਤੇ ਡਗਮਗਾ ਗਏ ਹੋ। ਨਾ ਤਾਂ ਦੂਜੇ ਨੂੰ ਦੋਸ਼ ਦੇਣਾ, ਨਾ ਭਾਗ ਨੂੰ ਦੋਸ਼ ਦੇਣਾ, ਨਾ ਪਰਮਾਤਮਾ ਉਤੇ ਨਾਰਾਜ਼ ਹੋਣਾ। ਇਸ ਨੂੰ ਤੁਸੀਂ ਖ਼ਬਰ ਸਮਝਣਾ ਅਤੇ ਖੋਜ ਕਰਨਾ ਕਿ ਤੁਸੀਂ ਕੁਦਰਤ ਨਾਲੋਂ ਕਿੱਥੇ ਵਿਪਰੀਤ ਚਲੇ ਗਏ ਹੋ ਅਤੇ ਅਨੁਕੂਲ ਆਉਣ ਦੀ ਕੋਸ਼ਿਸ਼ ਕਰਨਾ। ਕੁਦਰਤ ਦੇ ਮੁਤਾਬਿਤ ਆਉਣਾ ਧਰਮ ਹੈ। ਨਾਨਕ ਪਹਿਲੇ ਖੰਡ ਨੂੰ ਧਰਮ ਖੰਡ ਕਹਿੰਦੇ ਹਨ।

ਦੂਜੇ ਖੰਡ ਨੂੰ ਗਿਆਨ ਖੰਡ ਕਹਿੰਦੇ ਹਨ। ਧਰਮ ਤਾਂ ਹੈ, ਜਿਸ ਦਿਨ ਤੁਸੀਂ ਉਸ ਨੂੰ ਪਛਾਣ ਲੈਂਦੇ ਹੋ, ਉਸ ਦਿਨ ਗਿਆਨ—ਧਰਮ ਤਾਂ ਮੌਜੂਦ ਹੈ, ਪਰ ਤੁਸੀਂ ਅੱਖਾਂ ਬੰਦ ਕੀਤੀਆਂ ਹੋਈਆਂ ਹਨ। ਸੂਰਜ ਤਾਂ ਨਿਕਲਿਆ ਹੈ, ਪਰ ਤੁਸੀਂ ਦੁਆਰ ਬੰਦ ਕਰੀ ਬੈਠੇ ਹੋ। ਦੀਵਾ ਤਾਂ ਬਲ ਰਿਹਾ ਹੈ, ਪਰ ਤੁਸੀਂ ਹੀ ਪਿੱਠ ਕੀਤੀ ਹੋਈ ਹੈ, ਦੀਵੇ ਦੇ ਵੱਲ। ਮੀਂਹ ਤਾਂ ਵਰ੍ਹ ਹੀ ਰਿਹਾ ਹੈ, ਪਰ ਤੁਸੀਂ ਭਿੱਜਣ ਤੋਂ ਵਾਂਝੇ ਹੋ। ਤੁਸੀਂ ਕਿਸੇ ਹਨੇਰੀ ਗੁਫਾ ਵਿੱਚ ਲੁੱਕੇ ਬੈਠੇ ਹੋ। ਧਰਮ ਤਾਂ ਚੱਲ ਰਿਹਾ ਹੈ, ਪਰ ਤੁਸੀਂ ਹੀ ਕਿਤੇ ਦੂਰ ਹਟ ਗਏ ਹੋ। ਵਾਪਸ ਪਰਤ ਆਉਣ ਦਾ ਨਾਮ ਗਿਆਨ ਹੈ ਅਤੇ ਹਰ ਮਨੁੱਖ ਨੂੰ ਵਾਪਸ ਪਰਤਣਾ ਪਏਗਾ, ਕਿਉਂਕਿ ਮਨੁੱਖ ਦੀ ਇਹ ਯੋਗਤਾ ਹੈ ਕਿ ਉਹ ਦੂਰ ਜਾ ਸਕਦਾ ਹੈ। ਪਸ਼ੂਆਂ ਵਿੱਚ ਕੋਈ ਧਰਮ ਨਹੀਂ ਹੈ। ਪੌਦਿਆਂ ਵਿੱਚ, ਪੰਛੀਆਂ ਵਿੱਚ ਕੋਈ ਧਰਮ ਨਹੀਂ ਹੈ, ਕਿਉਂਕਿ ਉਹ ਦੂਰ ਨਹੀਂ ਜਾ ਸਕਦੇ। ਉਹ ਕੁਝ ਵੀ ਕੁਦਰਤ ਦੇ ਖਿਲਾਫ ਕਰਨ ਵਿੱਚ ਅਸਮਰਥ ਹਨ। ਉਹ ਜੋ ਵੀ ਕਰਦੇ ਹਨ ਉਹ ਹੀ ਪ੍ਰਾਕ੍ਰਿਤਕ ਹੈ। ਉਨ੍ਹਾਂ ਵਿੱਚ ਤਾਂ ਏਨਾ ਵੀ ਬੋਧ ਨਹੀਂ ਕਿ ਭਟਕ ਸਕਣ। ਭਟਕਣ ਲਈ ਵੀ ਥੋੜ੍ਹੀ ਜਿਹੀ ਸਮਝ ਚਾਹੀਦੀ ਹੈ। ਗ਼ਲਤ ਜਾਣ ਲਈ ਵੀ ਥੋੜ੍ਹੀ ਹਿੰਮਤ ਚਾਹੀਦੀ ਹੈ। ਰਾਹ ਤੋਂ ਉਤਰਨ ਲਈ ਵੀ ਥੋੜ੍ਹਾ ਜਿਹਾ ਹੋਸ਼ ਚਾਹੀਦਾ ਹੈ। ਓਨਾਂ ਹੋਸ਼ ਤੁਹਾਡੇ ਵਿੱਚ ਹੈ, ਪਰ ਰਾਹ 'ਤੇ ਆਉਣ ਲਈ ਵਾਪਸ ਫੇਰ, ਹੋਰ ਵੀ ਜ਼ਿਆਦਾ ਹੋਸ਼ ਚਾਹੀਦਾ ਹੈ।

ਸੋ ਪਸ਼ੂ ਹਨ, ਉਹ ਭਟਕ ਨਹੀਂ ਸਕਦੇ, ਇਸ ਲਈ ਠੀਕ ਥਾਂ ਹਨ। ਉਹ ਕੋਈ ਬਹੁਤ ਮਹਿਮਾ ਵਾਲੀ ਹਾਲਤ ਨਹੀਂ ਹੈ। ਉਹ ਮਜ਼ਬੂਰੀ ਹੈ। ਫ਼ਿਰ ਸਾਧਾਰਨ ਮਨੁੱਖ ਹੈ: ਉਸ ਵਿੱਚ ਥੋੜ੍ਹਾ ਜਿੰਨਾ ਬੋਧ ਹੈ, ਉਹ ਭਟਕ ਸਕਦਾ ਹੈ ਇਸ ਲਈ ਭਟਕ ਗਿਆ ਹੈ। ਫੇਰ ਬੁੱਧ ਪੁਰਖ ਹਨ। ਨਾਨਕ ਅਤੇ ਕਬੀਰ ਹਨ। ਉਨ੍ਹਾਂ ਦੇ ਕੋਲ ਪਰਮ ਹੋਸ਼ ਹੈ। ਉਹ ਵਾਪਸ ਪਰਤ ਆਏ ਹਨ। ਪਸ਼ੂਆਂ ਨੂੰ ਜੋ ਸਹਿਜਤਾ ਨਾਲ ਪ੍ਰਾਪਤ ਹੈ, ਤੁਹਾਨੂੰ ਉਹ ਸਾਧਨਾ ਨਾਲ ਉਪਲਬਧ ਕਰਨਾ ਪਏਗਾ। ਬੁੱਧ ਉਥੇ ਹੀ ਪਰਤ ਆਉਂਦੇ ਹਨ,

ਜਿਥੇ ਪੌਦੇ ਸਦਾ ਤੋਂ ਹਨ। ਉਹ ਹੀ ਪਰਮ ਆਨੰਦ ਹੈ, ਜਿਹੜਾ ਸਾਧਾਰਨ ਪੌਦੇ ਨੂੰ ਉਪਲਬਧ ਹੈ। ਬੁੱਧ ਨੂੰ ਵੀ ਉਪਲਬਧ ਹੁੰਦਾ ਹੈ। ਲੇਕਿਨ ਇੱਕ ਬੁਨਿਆਦੀ ਫ਼ਰਕ ਹੁੰਦਾ ਹੈ। ਉਹ ਫ਼ਰਕ ਇਹ ਹੈ ਕਿ ਬੁੱਧ ਨੂੰ ਆਨੰਦ ਪਰਮ ਬੋਧ ਪੂਰਵਕ ਹੁੰਦਾ। ਉਹ ਹੋਸ਼ ਨਾਲ ਭਰੇ ਹੋਏ, ਉਸ ਆਨੰਦ ਨੂੰ ਭੋਗਦੇ ਹਨ। ਪੌਦੇ ਉਤੇ ਵੀ ਉਹ ਆਨੰਦ ਵਰ੍ਹ ਰਿਹਾ ਹੈ। ਉਹ ਭਟਕ ਵੀ ਨਹੀਂ ਸਕਦਾ, ਲੇਕਿਨ ਉਸਦੇ ਕੋਲ ਬੋਧ ਵੀ ਨਹੀਂ ਹੈ।

ਸੋ ਪ੍ਰਕ੍ਰਿਤੀ ਅਚੇਤਨ ਹੈ ਅਤੇ ਬੁੱਧ ਪੁਰਖ ਸੁਚੇਤਨ ਰੂਪ ਨਾਲ ਕੁਦਰਤੀ ਹਨ। ਅਤੇ ਦੋਹਾਂ ਦੇ ਵਿਚਾਲੇ ਅਸੀਂ ਹਾਂ। ਕੁਦਰਤ ਅਚੇਤਨ ਹੈ। ਉਥੇ ਸੁੱਖ ਸਹਿਜ ਹੈ। ਉਥੇ ਸੁੱਖ ਹੋ ਹੀ ਰਿਹਾ ਹੈ। ਪਰ ਉਥੇ ਕੋਈ ਜਾਨਣ ਵਾਲਾ ਨਹੀਂ, ਜਿਵੇਂ ਤੁਸੀਂ ਬੇਹੋਸ਼ ਪਏ ਹੋ ਅਤੇ ਤੁਹਾਡੇ ਚਾਰੇ ਪਾਸੇ ਰਤਨਾਂ ਦੀ ਬਾਰਿਸ਼ ਹੋ ਰਹੀ ਹੈ। ਪੱਥਰ ਵਰ੍ਹ ਰਹੇ ਹਨ ਜਾਂ ਰਤਨ, ਕੋਈ ਫ਼ਰਕ ਨਹੀਂ ਪੈਂਦਾ। ਕਿਉਂਕਿ ਤੁਸੀਂ ਬੇਹੋਸ਼ ਪਏ ਹੋ। ਫ਼ਿਰ ਤੁਸੀਂ ਅੱਖ ਖੋਲ੍ਹਦੇ ਹੋ। ਫ਼ਿਰ ਤੁਸੀਂ ਹੋਸ਼ ਨਾਲ ਭਰਦੇ ਹੋ ਅਤੇ ਤਦ ਤੁਸੀਂ ਪਛਾਣ ਪਾਉਂਦੇ ਹੋ ਕਿ ਕਿਹੋ ਜਿਹੀ ਅਪਰੰਪਾਰ ਬਾਰਿਸ਼ ਤੁਹਾਡੇ ਚੌਹੀਂ ਪਾਸੀਂ ਹੋ ਰਹੀ ਹੈ।

ਬੁੱਧ ਉਹ ਹੀ ਪਾਉਂਦੇ ਹਨ, ਜੋ ਕੁਦਰਤ ਵਿੱਚ ਸਹਿਜ ਹੀ ਉਪਲਬਧ ਪੱਥਰਾਂ ਨੂੰ ਮਿਲਿਆ ਹੋਇਆ ਹੈ, ਉਥੇ ਹੀ ਪਰਤ ਆਉਂਦੇ ਹਨ। ਪਰ ਪਰਤ ਕੇ ਆਉਣਾ ਬਹੁਤ ਨਵਾਂ ਹੈ। ਥਾਂ ਤਾਂ ਉਹ ਹੀ ਹੈ, ਜਿੱਥੇ ਚਟਾਨਾਂ ਖੜ੍ਹੀਆਂ ਹਨ। ਜਿਸ ਬਿਰਖ ਦੇ ਹੇਠਾਂ ਬੁੱਧ ਨੂੰ ਗਿਆਨ ਹੋਇਆ, ਉਹ ਬਿਰਖ ਵੀ ਉਥੇ ਹੀ ਹੈ, ਜਿੱਥੇ ਬੁੱਧ ਹਨ, ਹੋਏਗਾ ਹੀ, ਕਿਉਂਕਿ ਪਰਮਾਤਮਾ ਕਣ-ਕਣ ਵਿੱਚ ਲੁਕਿਆ ਹੈ।

ਪਰ ਉਸ ਬੋਧੀ ਬਿਰਖ ਵਿੱਚ ਅਤੇ ਬੁੱਧ ਵਿੱਚ ਕੀ ਫ਼ਰਕ ਹੈ? ਫ਼ਰਕ ਮਹਾਨ ਹੈ। ਥਾਂ ਤਾਂ ਇੱਕ ਹੈ ਅਤੇ ਫ਼ਰਕ ਅਨੰਤ ਹੈ। ਫ਼ਰਕ ਇਹ ਹੈ ਕਿ ਬੁੱਧ ਸਜਗ ਹੋ ਕੇ, ਹੋਸ਼ ਪੂਰਵਕ ਉਸ ਆਨੰਦ ਦਾ ਉਸ ਅਪਰੰਪਾਰ ਮਹਿਮਾ ਦਾ ਅਨੁਭਵ ਕਰ ਰਹੇ ਹਨ। ਉਹ ਮਹਿਮਾ ਬਿਰਖ ਉਤੇ ਵੀ ਵਰ੍ਹ ਰਹੀ ਹੈ, ਪਰ ਉਸ ਨੂੰ ਕੁਝ ਪਤਾ ਨਹੀਂ। ਉਹ ਮਹਿਮਾ ਤੁਹਾਡੇ ਉਤੇ ਵੀ ਵਰ੍ਹ ਰਹੀ ਹੈ, ਪਰ ਤੁਸੀਂ ਪਿੱਠ ਕਰਕੇ ਖਲੋਤੇ ਹੋ। ਬਿਰਖ ਦਾ ਮੂੰਹ ਉਸਦੇ ਵੱਲ ਹੈ। ਪਰ ਬਿਰਖ ਉਸ ਨੂੰ ਜਾਣ ਨਹੀਂ ਸਕਦਾ। ਤੁਸੀਂ ਜਾਣ ਸਕਦੇ ਹੋ, ਪਰ ਤੁਸੀਂ ਪਿੱਠ ਕਰਕੇ ਖਲੋਤੇ ਹੋ। ਜਿਸ ਦਿਨ ਤੁਸੀਂ ਸਨਮੁੱਖ ਹੋ ਜਾਓਗੇ, ਜਿਸ ਦਿਨ ਤੁਹਾਡੀਆਂ ਅੱਖਾਂ ਉਸ ਮਹਿਮਾ ਵੱਲ ਉਠਣਗੀਆਂ ਅਤੇ ਤੁਸੀਂ ਪਛਾਣੋਗੇ, ਉਸੇ ਨੂੰ ਨਾਨਕ ਗਿਆਨ ਕਹਿੰਦੇ ਹਨ।

ਗਿਆਨ ਖੰਡ ਮਨੁੱਖ ਦੀ ਉਪਲਬਧੀ ਹੈ। ਜੇਕਰ ਮਨੁੱਖ ਨਾ ਹੋਵੇ ਤਾਂ ਧਰਮ ਤਾਂ ਹੋਏਗਾ, ਗਿਆਨ ਨਹੀਂ ਹੋਏਗਾ। ਜਗਤ ਧਰਮ ਨਾਲ ਚਲਦਾ ਰਹੇਗਾ ਲੇਕਿਨ ਗਿਆਨ ਨਹੀਂ ਹੋਏਗਾ। ਇਸ ਦਾ ਇਹ ਅਰਥ ਹੋਇਆ ਕਿ ਅਸਤਿਤਵ ਨੇ ਮਨੁੱਖ ਦੇ ਅੰਦਰੋਂ

ਗਿਆਨ ਨੂੰ ਲੱਭਣ ਦੀ ਕੋਸ਼ਿਸ਼ ਕੀਤੀ ਹੈ। ਇਸ ਲਈ ਮਨੁੱਖ ਵੱਡੇ ਸ਼ਿਖਰ ਉਤੇ ਹੈ। ਤੁਹਾਨੂੰ ਪਤਾ ਹੀ ਨਹੀਂ ਕਿ ਤੁਹਾਨੂੰ ਕਿੰਨੀ ਮਹਿਮਾ ਸਹਿਜ ਹੀ ਪ੍ਰਾਪਤ ਹੋਣ ਦੀ ਸੰਭਾਵਨਾ ਹੈ। ਤੁਹਾਡੇ ਰਾਹੀਂ ਪਰਮਾਤਮਾ ਸਜਗ ਹੋਣਾ ਚਾਹੁੰਦਾ ਹੈ। ਤੁਹਾਡੇ ਮਾਧਿਅਮ ਨਾਲ ਜਾਗਣਾ ਚਾਹੁੰਦਾ ਹੈ।

ਕੁਦਰਤ ਵਿੱਚ ਪਰਮਾਤਮਾ ਸੁੱਤਾ ਹੋਇਆ ਹੈ। ਮਨੁੱਖ ਵਿੱਚ ਉਸ ਨੇ ਕਰਵਟ ਬਦਲੀ ਹੈ। ਉਹ ਮਨੁੱਖ ਵਿੱਚ ਹੋਸ਼ ਵਿੱਚ ਆਉਣਾ ਚਾਹੁੰਦਾ ਹੈ। ਕੁਦਰਤ ਵਿੱਚ ਅੱਧੀ ਹਨੇਰੀ ਰਾਤ ਹੈ, ਡੂੰਘੀ ਨੀਂਦ ਹੈ। ਮਨੁੱਖ ਵਿੱਚ ਸਵੇਰਾ ਹੋਣ ਦੇ ਨੇੜੇ ਦੀ ਘੜੀ ਹੈ। ਤੁਸੀਂ ਜੇਕਰ ਭੁੱਲੇ ਤਾਂ ਤੁਸੀਂ ਹਨੇਰੀ ਰਾਤ ਵਿੱਚ ਰਹਿ ਜਾਓਗੇ। ਤੁਸੀਂ ਜੇਕਰ ਅੱਖ ਖੋਲ੍ਹ ਕੇ ਵੇਖ ਲਵੋ ਤਾਂ ਤੁਸੀਂ ਵੀ ਬੁੱਧ, ਨਾਨਕ ਅਤੇ ਕਬੀਰ ਹੋ ਜਾਓਗੇ ਅਤੇ ਜਦ ਤੱਕ ਤੁਸੀਂ ਹੋ ਨਾ ਜਾਓ, ਤਦ ਤੱਕ ਪੀੜਾ ਬਣੀ ਰਹੇਗੀ, ਇਸ ਨੂੰ ਤੁਸੀਂ ਸ਼ਾਸ਼ਵਤ ਨਿਯਮ ਸਮਝਣਾ ਕਿ ਜੋ ਤੁਸੀਂ ਹੋ ਸਕਦੇ ਹੋ, ਜੇਕਰ ਨਾ ਹੋਏ, ਤਾਂ ਦੁੱਖ ਵਿੱਚ ਰਹੋਗੇ। ਤੁਸੀਂ ਜੋ ਹੋ ਸਕਦੇ ਹੋ ਜੇਕਰ ਹੋ ਗਏ, ਤਾਂ ਤੁਹਾਡੇ ਜੀਵਨ ਵਿੱਚ ਆਨੰਦ ਹੋ ਜਾਏਗਾ।

ਆਨੰਦ ਦਾ ਅਰਥ ਹੈ fulfilment ਉਹ ਉਸ ਨੂੰ ਪਾ ਲੈਣਾ ਹੈ, ਜੋ ਪਾਉਣ ਦੀ ਤੁਹਾਡੀ ਸ਼ਕਤੀ ਹੈ। ਜਿਹੜਾ ਤੁਹਾਡੇ ਬੀਜ ਵਿੱਚ ਲੁਕਿਆ ਸੀ, ਉਹ ਜਦ ਤੱਕ ਫੁੱਲ ਤੀਕਰ ਨਹੀਂ ਪੁੱਜ ਜਾਏਗਾ, ਤਦ ਤੱਕ ਅੰਦਰ ਇੱਕ ਤਣਾਓ ਬਣਿਆ ਰਹੇਗਾ। ਜਿਸ ਗੀਤ ਨੂੰ ਗਾਉਣ ਲਈ ਤੁਸੀਂ ਪੈਦਾ ਹੋਏ ਹੋ, ਜੇਕਰ ਬਿਨਾ ਗਾਉਣ ਤੋਂ ਹੀ ਮਰ ਗਏ, ਤਾਂ ਤੁਸੀਂ ਦੁੱਖ ਵਿੱਚ ਮਰੋਗੇ ਅਤੇ ਉਸ ਗੀਤ ਨੂੰ ਗਾਉਣ ਲਈ ਤੁਹਾਨੂੰ ਬਾਰ-ਬਾਰ ਜਨਮ ਲੈਣਾ ਪਏਗਾ, ਕਿਉਂਕਿ ਪ੍ਰਕ੍ਰਿਤੀ ਅਧੂਰੇ ਨੂੰ ਸਵੀਕਾਰ ਨਹੀਂ ਕਰਦੀ। ਜਿਸ ਦਿਨ ਤੁਸੀਂ ਪੂਰੇ ਹੋ ਜਾਓਗੇ, ਉਸ ਦਿਨ ਸਵੀਕਾਰ ਹੋ ਜਾਓਗੇ।

ਇਸ ਲਈ ਹਿੰਦੂ ਕਹਿੰਦੇ ਹਨ ਕਿ ਜੋ ਪੂਰਣ ਹੋ ਗਿਆ ਉਸ ਦਾ ਕੋਈ ਆਵਾਗਵਨ ਨਹੀਂ ਹੈ। ਆਵਾਗਵਨ ਇਸ ਲਈ ਨਹੀਂ ਕਿ ਉਸ ਨੇ ਉਹ ਗੀਤ ਗਾ ਲਿਆ ਜਿਹੜਾ ਗਾਉਣਾ ਸੀ। ਉਸ ਨੇ ਉਹ ਆਨੰਦ ਪਾ ਲਿਆ ਜਿਹੜਾ ਪਾਉਣਾ ਸੀ। ਉਸ ਦੀ ਸਰਿਤਾ ਸਾਗਰ ਵਿੱਚ ਪੁੱਜ ਗਈ। ਹੁਣ ਪਰਤ ਕੇ ਆਉਣ ਦੀ ਕੋਈ ਵਜ੍ਹਾ ਨਾ ਰਹੀ। ਤੁਸੀਂ ਪਰਤਦੇ ਹੋ ਬਾਰ-ਬਾਰ, ਕਿਉਂਕਿ ਤੁਸੀਂ ਬਾਰ-ਬਾਰ ਅਸਫ਼ਲ ਹੋ ਰਹੇ ਹੋ। ਤੁਹਾਡੀ ਅਸਫ਼ਲਤਾ ਦੇ ਕਾਰਣ ਤੁਹਾਨੂੰ ਵਾਪਸ ਮੁੜਣਾ ਪੈਂਦਾ ਹੈ ਅਤੇ ਕੁਦਰਤ ਤੁਹਾਨੂੰ ਘੱਲਦੀ ਰਹੇਗੀ, ਉਸ ਨੂੰ ਕੋਈ ਛੇਤੀ ਨਹੀਂ ਹੈ। ਪ੍ਰਕ੍ਰਿਤੀ ਨੂੰ ਛੇਤੀ ਨਹੀਂ ਹੈ। ਅਨੰਤ ਸਮਾਂ ਹੈ ਉਸ ਦੇ ਕੋਲ। ਤੁਸੀਂ ਕਿੰਨੇ ਹੀ ਟਕਰਾਉਂਦੇ ਰਹੋ, ਉਹ ਤੁਹਾਨੂੰ ਪਰਤ ਕੇ ਘੱਲਦੀ ਹੀ ਰਹੇਗੀ।

ਮੈਂ ਸੁਣਿਆ ਹੈ, ਇੱਕ ਟ੍ਰੇਨ ਵਿੱਚ ਇੱਕ ਬੰਬਈ ਦੇ ਸੱਜਣ ਅਤੇ ਇੱਕ ਬਿਹਾਰੀ

ਸੱਜਣ ਦੀ ਮੁਲਾਕਾਤ ਹੋਈ। ਪੁੱਛਿਆ ਬਿਹਾਰੀ ਨੇ, 'ਤੁਹਾਡਾ ਨਾਉਂ? ਤਾਂ ਬੰਬਈ ਦੇ ਸੱਜਣ ਨੇ ਕਿਹਾ, 'ਵੀਨੂ'। ਬਿਹਾਰੀ ਨੂੰ ਪੁੱਛਿਆ, 'ਤੁਹਾਡਾ ਨਾਉਂ? ਉਸ ਨੇ ਕਿਹਾ, ਸ੍ਰੀ ਸ੍ਰੀ ਸਤਯਦੇਵ ਨਾਰਾਇਣ ਪ੍ਰਸਾਦ ਸਿਨਹਾ।' ਬੰਬਈ ਵਾਲੇ ਦੀਆਂ ਤਾਂ ਅੱਖਾਂ ਅੱਡੀਆਂ ਰਹਿ ਗਈਆਂ। ਉਸ ਨੇ ਕਿਹਾ, ਏਨਾ ਵੱਡਾ ਨਾਉਂ। ਬਿਹਾਰੀ ਨੇ ਕਿਹਾ, ਅਸੀਂ ਬੰਬਈ ਦੇ ਰਹਿਣ ਵਾਲੇ ਨਹੀਂ ਹਾਂ। ਸਾਡੇ ਕੋਲ ਇੱਕ ਦੂਜੇ ਦਾ ਨਾਉਂ ਲੈਣ ਲਈ ਕਾਫ਼ੀ ਸਮਾਂ ਹੈ।

ਪਰਮਾਤਮਾ ਬੰਬਈ ਦਾ ਨਿਵਾਸੀ ਨਹੀਂ ਹੈ। ਉਥੇ ਕਾਫੀ ਵਕਤ ਹੈ। ਕੁਦਰਤ ਨੂੰ ਕੋਈ ਛੇਤੀ ਨਹੀਂ ਹੈ। ਤੁਸੀਂ ਹਜ਼ਾਰ ਵਾਰ ਵਿਅਰਥ ਹੋ ਜਾਓ। ਅਸਫ਼ਲ ਹੋ ਜਾਓ, ਵਾਪਸ ਘੱਲ ਦਿੱਤੇ ਜਾਓਗੇ। ਪਰ ਤੁਸੀਂ ਅਨੰਤ ਦੁੱਖ ਭੋਗੋਗੇ, ਜਿੰਨੀ ਦੇਰ ਤੁਸੀਂ ਅਸਫ਼ਲ ਮੁੜੋਗੇ। ਜਦ ਤੁਹਾਨੂੰ ਜੋ ਗੀਤ ਗਾਉਣਾ ਹੈ, ਤੁਸੀਂ ਨਹੀਂ ਗਾ ਲਿਆ, ਜਦ ਤੱਕ ਤੁਸੀਂ ਆਪਣੀ ਹੋਣੀ ਨੂੰ ਪੂਰਾ ਨਹੀਂ ਕਰ ਲਿਆ, ਤਦ ਤੱਕ ਤੁਸੀਂ ਅੰਗੀਕਾਰ ਨਹੀਂ ਹੋਵੋਗੇ।

ਅਤੇ ਇੱਕ ਹੀ ਭਾਂ ਦੁੱਖ ਹੈ। ਇੱਕ ਹੀ ਪੀੜਾ ਹੈ ਕਿ ਇਹ ਅਸਤਿਤਵ ਤੁਹਾਨੂੰ ਅੰਗੀਕਾਰ ਨਹੀਂ ਕਰਦਾ। ਵਾਪਸ ਪਰਤਾ ਦਿੰਦਾ ਹੈ। ਜਦ ਇਹ ਅੰਗੀਕਾਰ ਕਰ ਲੈਂਦਾ ਹੈ, ਤਦ ਤੁਸੀਂ ਉਸ ਦੇ ਵਿੱਚ ਲੀਨ ਹੋ ਜਾਂਦੇ ਹੋ। ਫ਼ੇਰ ਕੋਈ ਵਾਪਸੀ ਨਹੀਂ ਹੈ। ਨਾਨਕ ਦੂਜੇ ਖੰਡ ਨੂੰ ਗਿਆਨ ਖੰਡ ਕਹਿੰਦੇ ਹਨ। ਜਾਗ ਕੇ ਜਾਣ ਲੈਣਾ, 'ਜੋ ਹੈ' ਉਹ ਚਾਰੇ ਪਾਸੇ ਮੌਜੂਦ ਹੈ, ਉਸ ਨੂੰ ਹੋਸ਼ ਪੂਰਵਕ ਜਾਣ ਲੈਣ ਦਾ ਨਾਉਂ ਗਿਆਨ ਹੈ।

ਤੀਜੇ ਖੰਡ ਨੂੰ ਨਾਨਕ ਲੱਜਾ ਖੰਡ ਕਹਿੰਦੇ ਹਨ। ਕਿਉਂਕਿ ਜਿਹੜਾ ਜਾਣ ਲੈਂਦਾ ਹੈ, ਉਸ ਨੂੰ ਹੀ ਪਤਾ ਲੱਗਦਾ ਹੈ ਕਿ ਕਿੰਨਾ ਅਗਿਆਨੀ ਹਾਂ। ਇਸ ਲਈ ਲੱਜਾ ਖੰਡ। ਅਗਿਆਨੀ ਤਾਂ ਆਕੜੇ ਫਿਰਦੇ ਹਨ। ਉਨ੍ਹਾਂ ਨੂੰ ਤਾਂ ਕੋਈ ਲਾਜ ਨਹੀਂ ਹੈ। ਉਨ੍ਹਾਂ ਨੂੰ ਤਾਂ ਪਤਾ ਹੀ ਨਹੀਂ ਹੈ ਕਿ ਉਹ ਕਿਸ ਤਰ੍ਹਾਂ ਅਗਿਆਨ ਨਾਲ ਭਰੇ ਹਨ। ਅਗਿਆਨੀ ਤਾਂ ਆਪਣੇ ਆਪ ਨੂੰ ਗਿਆਨੀ ਸਮਝ ਕੇ ਜੀਊਂਦਾ ਹੈ। ਸਿਰਫ਼ ਗਿਆਨੀ ਹੀ ਜਾਣ ਸਕਦਾ ਹੈ ਕਿ ਕਿਹੋ ਜਿਹਾ ਮਹਾਨ ਅਗਿਆਨ ਹੈ। ਕੀ ਮੈਂ ਜਾਣਦਾ ਹਾਂ? ਕੁਝ ਵੀ ਤਾਂ ਨਹੀਂ।

ਸੁਕਰਾਤ ਨੇ ਕਿਹਾ ਹੈ ਕਿ ਜਦ ਮੈਂ ਜਾਣਿਆ ਤਾਂ ਇੱਕ ਹੀ ਗੱਲ ਜਾਣੀ ਕਿ ਮੈਂ ਕੁਝ ਵੀ ਨਹੀਂ ਜਾਣਦਾ ਹਾਂ। ਜਦ ਗਿਆਨ ਪੂਰਾ ਹੁੰਦਾ ਹੈ। ਤਦ ਤੁਸੀਂ ਇਹ ਹੀ ਜਾਣਦੇ ਹੋ ਕਿ ਮੈਂ ਕੁਝ ਵੀ ਨਹੀਂ ਜਾਣਦਾ ਹਾਂ। ਨਾ ਕੇਵਲ ਇਹ ਹੀ, ਬਲਕਿ ਮੈਂ ਕੁਝ ਵੀ ਨਹੀਂ ਹਾਂ। ਮੈਂ ਨਾ ਕੁਝ ਹਾਂ। ਤੁਸੀਂ ਇੱਕ ਸ਼ੂਨਯ ਹੋ ਜਾਂਦੇ ਹੋ। ਉਸ ਸ਼ੂਨਯ ਨੂੰ ਨਾਨਕ ਕਹਿੰਦੇ ਹਨ ਲੱਜਾ ਖੰਡ। ਤਦ ਤੁਸੀਂ ਬਹੁਤ ਸ਼ਰਮ ਨਾਲ ਭਰ ਜਾਂਦੇ ਹੋ ਕਿ

ਮੈਂ ਕੁਝ ਵੀ ਤਾਂ ਨਹੀਂ ਹਾਂ। ਕਿੰਨਾ ਆਕੜਿਆ ਫਿਰਦਾ ਸੀ। ਪਾਣੀ ਦਾ ਬੁਲਬੁਲਾ ਕਿੰਨਾ ਫੁਲਿਆ-ਫੁਲਿਆ ਫਿਰਦਾ ਸੀ। ਕਿੰਨੀ ਅਤਿਕਥਨੀ ਕਰ ਰੱਖੀ ਸੀ ਤੁਸੀਂ ਆਪਣੇ ਸੰਬੰਧ ਵਿੱਚ ਅਤੇ ਅਤਿਕਥਨੀ ਕਰਨ ਲਈ ਹਜ਼ਾਰ-ਹਜ਼ਾਰ ਉਪਾਅ ਲੱਭ ਲੈਂਦੇ ਹੋ।

ਮੁੱਲਾ ਨਸਰੂਦੀਨ ਆਪਣੇ ਪਿਓ ਨੂੰ ਕਹਿ ਰਿਹਾ ਸੀ। ਨਦੀ ਤੋਂ ਯਾਤਰਾ ਕਰਕੇ ਮੁੜਿਆ ਸੀ। ਅਤੇ ਕਹਿਣ ਲੱਗਾ ਕਿ ਸੁਣੋ, ਅਜਿਹਾ ਤੂਫ਼ਾਨ ਆਇਆ ਕਿ ਨਦੀ ਵਿੱਚ ਪੰਜਾਹ-ਪੰਜਾਹ ਫੁੱਟ ਲਹਿਰਾਂ ਉਠਣ ਲੱਗੀਆਂ। ਨਸਰੂਦੀਨ ਦੇ ਪਿਓ ਨੇ ਕਿਹਾ, ਅਤਿਕਥਨੀ ਏਨੀ ਬਹੁਤੀ ਨਾ ਕਰ। ਮੈਂ ਵੀ ਉਸ ਨਦੀ ਤੋਂ ਪਰਚਿਤ ਹਾਂ, ਪੰਜਾਹ ਸਾਲ ਮੈਂ ਵੀ ਉਸ ਨਦੀ ਵਿੱਚ ਯਾਤਰਾ ਕੀਤੀ ਹੈ। ਅਜਿਹੀਆਂ ਲਹਿਰਾਂ ਉੱਠਦੀਆਂ ਮੈਂ ਕਦੇ ਨਹੀਂ ਵੇਖੀਆਂ ਅਤੇ ਪੰਜਾਹ ਫੁੱਟ ਲਹਿਰਾਂ ਨਦੀ ਵਿੱਚ ਉੱਠਦੀਆਂ ਵੀ ਨਹੀਂ। ਨਸਰੂਦੀਨ ਨੇ ਕਿਹਾ, 'ਅਜੀ' ਹੋਸ਼ ਦੀ ਗੱਲ ਕਰੋ! ਹਰ ਚੀਜ਼ ਵਧਦੀ ਜਾ ਰਹੀ ਹੈ। ਅਨਾਜ ਦੇ ਭਾਅ ਵੇਖੋ, ਕਿੰਨੇ ਵਧ ਗਏ ਹਨ।

ਆਦਮੀ ਆਪਣੀ ਅਤਿਕਥੱਨੀ ਲਈ ਸਾਰੇ ਪਾਸਿਆਂ ਤੋਂ ਸਹਾਰੇ ਲੱਭਦਾ ਰਹਿੰਦਾ ਹੈ ਅਤੇ ਇਨ੍ਹਾਂ ਸਹਾਰਿਆਂ ਦੇ ਆਧਾਰ 'ਤੇ ਸਭ ਤੋਂ ਵੱਡੀ ਅਤਿਕਥਨੀ ਖੜ੍ਹੀ ਹੁੰਦੀ ਹੈ ਅਤੇ ਉਹ ਹੈ ਕਿ 'ਮੈਂ ਹਾਂ'। ਮੇਰਾ ਹੋਣਾ ਇਸ ਜਗਤ ਵਿੱਚ ਸਭ ਤੋਂ ਵੱਡਾ ਝੂਠ ਹੈ। ਪਰਮਾਤਮਾ ਦਾ ਹੋਣਾ ਜੇਕਰ ਸਭ ਤੋਂ ਵੱਡਾ ਸੱਚ ਹੈ, ਤਾਂ ਮੇਰਾ ਹੋਣਾ ਸਭ ਤੋਂ ਵੱਡਾ ਝੂਠ ਹੈ, ਕਿਉਂਕਿ ਇਥੇ ਦੋ ਮੈਂ ਤਾਂ ਹੋ ਹੀ ਨਹੀਂ ਸਕਦੇ। ਕਿਉਂਕਿ ਅਸਤਿਤਵ ਤਾਂ ਇਹ ਹੈ। ਇੱਕ ਹੀ 'ਮੈਂ' ਹੋ ਸਕਦਾ ਹੈ। ਪੂਰਾ ਅਸਤਿਤਵ ਜੇਕਰ ਇੱਕ ਹੈ, ਤਾਂ ਇੱਕ ਦਾ ਇੱਕ ਹੀ ਕੇਂਦਰ ਹੋ ਸਕਦਾ ਹੈ। ਪਰ ਹਰ ਵਿਅਕਤੀ, ਹਰ ਬੂੰਦ ਘੋਸ਼ਣਾ ਕਰਦੀ ਹੈ ਆਪਣੇ 'ਮੈਂ' ਦੀ।

ਗਿਆਨੀ ਨੂੰ ਇਹ ਹੀ ਸ਼ਰਮ ਆਉਂਦੀ ਹੈ। ਉਹ ਸ਼ਰਮ ਨਾਲ ਭਰ ਜਾਂਦਾ ਹੈ। ਕਿੰਨੀ ਅਤਿਕਥਨੀ ਕੀਤੀ। ਕਿੰਨੀ ਆਪਣੀ ਘੋਸ਼ਣਾ ਕੀਤੀ, ਜਿੱਥੇ ਕੁਝ ਵੀ ਨਹੀਂ ਸੀ। ਪਾਣੀ ਦਾ ਬਬੂਲਾ ਸੀ। ਜ਼ਰਾ ਕੁ ਛੁਹਿਆ ਕਿ ਟੁੱਟ ਗਿਆ। ਕਾਗਜ਼ ਦੀਆਂ ਬੇੜੀਆ ਸਨ, ਵਗੀਆਂ ਨਹੀਂ ਕਿ ਡੁੱਬ ਗਈਆਂ। ਤਾਸ਼ ਦੇ ਪਤਿਆਂ ਦੇ ਘਰ ਸੀ। ਹਵਾ ਆਈ ਨਹੀਂ ਕਿ ਢਹਿ ਗਿਆ। ਪਰ ਕਿੰਨੇ-ਕਿੰਨੇ ਦਾਵੇ ਕੀਤੇ। ਕਿੰਨੇ ਐਲਾਨ ਕੀਤੇ।

ਇੱਕ ਅਦਾਲਤ ਵਿੱਚ ਮੁੱਲਾ ਨਸਰੂਦੀਨ ਨੂੰ ਫੜ ਕੇ ਲਿਆਂਦਾ ਗਿਆ। ਕਿਉਂਕਿ ਪਿੰਡ ਦੇ ਨੇਤਾ ਨੂੰ ਉਸ ਨੇ ਅਪਸ਼ਬਦ ਕਹਿ ਦਿੱਤੇ ਸਨ। ਕਹਿ ਦਿੱਤਾ ਸੀ ਕਿ ਤੂੰ ਮਹਾਂ ਗਧਾ ਹੈਂ। ਜੱਜ ਨੇ ਪੁੱਛਿਆ ਕਿ ਇਹ ਉਚਿਤ ਨਹੀਂ ਹੈ। ਪਿੰਡ ਦੇ ਆਦਰ ਸਨਮਾਨ ਵਾਲੇ ਆਦਮੀ ਨੂੰ, ਜਿਹੜਾ ਨੇਤਾ ਹੈ, ਜਿਸ ਨੂੰ ਹਜ਼ਾਰਾਂ ਲੋਕ ਵੋਟ ਦਿੰਦੇ ਹਨ, ਉਸ

ਨੂੰ ਤੂੰ ਇਸ ਤਰ੍ਹਾਂ ਦੇ ਅਪਮਾਨਜਨਕ ਅਪਸ਼ਬਦ ਕਹੇ? ਨਸਰੁਦੀਨ ਨੇ ਕਿਹਾ ਕਿ ਮੈਂ ਕੀ ਕਰਾਂ। ਮੇਰਾ ਕੋਈ ਕਸੂਰ ਨਹੀਂ ਹੈ। ਇਸੇ ਆਦਮੀ ਨੇ ਮੈਨੂੰ ਕਿਹਾ ਸੀ ਕਿ ਜਾਣਦਾ ਹੈਂ, ਮੈਂ ਕੌਣ ਹਾਂ? ਜਦ ਇਸੇ ਨੇ ਪੁੱਛਿਆ ਤਾਂ ਮੈਨੂੰ ਕਹਿਣਾ ਪਿਆ।

ਤੁਹਾਡੀ ਨਜ਼ਰ ਲੋਕਾਂ ਕੋਲੋਂ ਪੁੱਛਦੀ ਹੈ, 'ਜਾਣਦੇ ਹੋ ਮੈਂ ਕੌਣ ਹਾਂ?' ਵੇਖਿਆ, ਜ਼ਰਾ ਕਿਸੇ ਦੇ ਪੈਰ ਉਤੇ ਸੱਟ ਲੱਗ ਜਾਏ, ਜ਼ਰਾ ਕੁ ਧੱਕਾ ਲੱਗ ਜਾਏ, ਉਹ ਝੱਟ ਪਰਤ ਕੇ ਆਖਦਾ ਹੈ ਕਿ ਜਾਣਦੇ ਹੋ ਮੈਂ ਕੌਣ ਹਾਂ? ਖ਼ੁਦ ਹੀ ਨਹੀਂ ਜਾਣਦਾ। ਕੌਣ ਜਾਣਦਾ ਹੈ। ਜਿਹੜੇ ਜਾਣਦੇ ਹਨ ਉਨ੍ਹਾਂ ਦਾ ਤਾਂ 'ਮੈਂ' ਮਿਟ ਜਾਂਦਾ ਹੈ। ਜਦ ਤੱਕ ਨਹੀਂ ਜਾਣਦੇ ਤਦ ਤੱਕ ਤਾਂ 'ਮੈਂ' ਹੈ। ਤੁਸੀਂ ਉਸ ਨੂੰ ਇਹ ਪੁੱਛਣਾ ਕਿ ਤੁਸੀਂ ਜਾਣਦੇ ਹੋ ਕਿ ਤੁਸੀਂ ਕੌਣ ਹੋ?

ਲੇਕਿਨ ਉਹ ਆਕੜ ਦੀ ਗੱਲ ਕਰ ਰਿਹਾ ਹੈ। ਉਹ ਇਹ ਕਹਿ ਰਿਹਾ ਹੈ ਕਿ ਮੇਰਾ ਔਹਦਾ ਪਤਾ ਹੈ ਕੀ ਹੈ, ਮੇਰਾ ਧਨ ਪਤਾ ਹੈ, ਮੇਰੀ ਪ੍ਰਤਿਸ਼ਠਾ ਪਤਾ ਹੈ? ਉਹ ਇਹ ਕਹਿ ਰਿਹਾ ਹੈ ਕਿ ਮੈਂ ਤੁਹਾਨੂੰ ਨੁਕਸਾਨ ਪਹੁੰਚਾ ਸਕਦਾ ਹਾਂ। ਉਹ ਇਹ ਕਹਿ ਰਿਹਾ ਹੈ ਕਿ ਮੈਂ ਖ਼ਤਰਨਾਕ ਸਿੱਧ ਹੋ ਸਕਦਾ ਹਾਂ, ਪਤਾ ਹੈ? ਤੁਹਾਡਾ ਹੋਣਾ ਸਿਰਫ਼ ਨੁਕਸਾਨ ਪਹੁੰਚਾਉਣ ਦਾ ਦਾਵਾ ਹੈ। ਉਹ ਹਿੰਸਾ ਦੀ ਇੱਕ ਘੋਸ਼ਣਾ ਹੈ। ਤੁਸੀਂ ਉਸੇ ਵੇਲੇ ਕਹਿੰਦੇ ਹੋ—ਕਿ ਮੈਂ ਕੌਣ ਹਾਂ, ਜਾਣਦੇ ਹੋ—ਜਦ ਤੁਸੀਂ ਦਾਵਾ ਕਰਨਾ ਚਾਹੁੰਦੇ ਹੋ ਕਿ ਮੈਂ ਚਾਹਾਂ ਤਾਂ ਸਤਿਆਨਾਸ ਕਰ ਸਕਦਾ ਹਾਂ।

ਤੁਹਾਡੀ ਸਾਰੀ ਆਕੜ ਹਿੰਸਾ ਹੈ। ਹੰਕਾਰ ਹਿੰਸਾ ਦਾ ਸੂਤਰ ਹੈ। ਜਾਨਣ ਵਾਲਾ ਤਾਂ ਕਹਿੰਦਾ ਹੈ, ਮੈਂ ਕਿੱਥੇ ਹਾਂ, ਪਤਾ ਹੀ ਨਹੀਂ ਲੱਗਦਾ। ਮੈਂ ਕੌਣ ਹਾਂ ਕੁਝ ਪਤਾ ਨਹੀਂ ਲੱਗਦਾ। ਜਾਨਣ ਵਾਲਾ ਵਾਲਾ ਤਾਂ ਗੁਆਚ ਜਾਂਦਾ ਹੈ। ਅਗਿਆਨੀ ਆਕੜਿਆ ਰਹਿੰਦਾ ਹੈ। ਜੋ ਨਹੀਂ ਹੈ ਉਹ ਤਾਂ ਕਹਿੰਦਾ ਹੈ, 'ਮੈਂ ਹਾਂ'। ਅਤੇ ਜੋ ਹੋ ਜਾਂਦਾ ਹੈ, ਉਹ ਇਹ ਭਾਸ਼ਾ ਬੋਲਣੀ ਬੰਦ ਕਰ ਦਿੰਦਾ ਹੈ।

ਤਾਂ ਨਾਨਕ ਇਸ ਤੀਜੇ ਖੰਡ ਨੂੰ ਲੱਜਾ-ਖੰਡ ਕਹਿੰਦੇ ਹਨ। ਉਹ ਕਹਿੰਦੇ ਹਨ ਕਿ ਗਿਆਨੀ ਨੂੰ ਬਹੁਤ ਲਾਜ ਆਉਂਦੀ ਹੈ ਕਿ ਕੀ ਕਹਾਂ? ਕਿਸ ਨੂੰ ਕਹਾਂ? ਕੁਝ ਕਹਿਣ ਨੂੰ ਨਹੀਂ, ਕੋਈ ਦਾਵਾ ਨਹੀਂ। ਉਹ ਪਰਮਾਤਮਾ ਦੇ ਸਾਹਮਣੇ ਵੀ ਲੱਜਾ ਨਾਲ ਭਰ ਜਾਂਦਾ ਹੈ ਕਿ ਕਿੰਨੇ ਝੂਠੇ ਦਾਵੇ ਕੀਤੇ ਮੈਂ ਜਨਮਾਂ-ਜਨਮਾਂ ਤੋਂ। ਤੇਰੇ ਸਾਹਮਣੇ ਵੀ ਆਕੜ ਕੇ ਖਲੋਤਾ ਰਿਹਾ। ਤੇਰੇ ਸਾਹਮਣੇ ਵੀ ਮੇਰੀ ਆਕੜ ਇਹ ਹੀ ਸੀ ਕਿ ਤੂੰ ਵੀ ਮੈਨੂੰ ਸਵੀਕਾਰ ਕਰ। ਜੇਕਰ ਮੈਂ ਤੇਰੀ ਪ੍ਰਾਰਥਨਾ ਵੀ ਕੀਤੀ ਤਾਂ ਇਸ ਲਈ ਕਿ ਤੂੰ ਵੀ ਮੈਨੂੰ ਸਵੀਕਾਰ ਕਰ। ਜੇਕਰ ਮੈਂ ਪੁੰਨ ਕੀਤਾ ਤਾਂ ਵੀ ਇਸ ਲਈ, ਦਾਨ ਲਈ, ਦਾਨ ਦਿੱਤਾ ਤਾਂ ਵੀ ਇਸੇ ਲਈ, ਮੰਦਰ ਬਣਾਏ, ਮਸਜਿਦ ਖੜ੍ਹੀ ਕੀਤੀ, ਗੁਰੂਦੁਆਰੇ

ਬਣਾਏ ਤਾਂ ਵੀ ਇਸੇ ਲਈ ਕਿ ਤੂੰ ਵੀ ਜਾਣ ਲੈ ਕਿ ਮੈਂ ਕੌਣ ਹਾਂ।

ਗਿਆਨੀ ਬਹੁਤ ਸ਼ਰਮ ਨਾਲ ਭਰ ਜਾਂਦਾ ਹੈ। ਬਹੁਤ ਸ਼ਰਮ ਆਉਂਦੀ ਹੈ, ਕਿਵੇਂ ਮੂੰਹ ਵਿਖਾਏ। ਪਰਮਾਤਮਾ ਜਦ ਸਾਹਮਣੇ ਆਉਂਦਾ ਹੈ ਤਾਂ ਕਿਹੜਾ ਮੂੰਹ ਵਿਖਾਏ। ਤੁਹਾਡੇ ਸਾਰੇ ਮੂੰਹ ਤਾਂ ਝੂਠੇ ਹਨ। ਤੁਹਾਡੇ ਸਾਰੇ ਚਿਹਰੇ ਝੂਠੇ ਹਨ। ਦੂਜਿਆਂ ਨੂੰ ਵਿਖਾਉਣ ਲਈ ਤੁਸੀਂ ਰੰਗ-ਰੋਗਨ ਲਾ ਕੇ ਖੜ੍ਹਾ ਕਰ ਰੱਖਿਆ ਸੀ। ਥੋੜ੍ਹਾ ਸੋਚੋ ਜੇਕਰ ਅੱਜ ਪਰਮਾਤਮਾ ਮਿਲਦਾ ਹੋਵੇ ਤਾਂ ਤੁਸੀਂ ਕਿਹੜਾ ਚਿਹਰਾ ਲੈ ਕੇ ਉਸ ਦੇ ਕੋਲ ਜਾਓਗੇ? ਉਹ, ਜਿਹੜਾ ਤੁਸੀਂ ਆਪਣੀ ਪਤਨੀ ਨੂੰ ਵਿਖਾਉਂਦੇ ਹੋ ਕਿ ਉਹ ਜਿਹੜਾ ਤੁਸੀਂ ਆਪਣੇ ਮਾਲਿਕ ਨੂੰ ਵਿਖਾਉਂਦੇ ਹੋ ਕਿ ਉਹ ਜਿਹੜਾ ਤੁਸੀਂ ਆਪਣੇ ਨੌਕਰ ਦੇ ਸਾਹਮਣੇ ਓਡ ਲੈਂਦੇ ਹੋ? ਜਾਂ ਉਹ ਜਿਹੜਾ ਤੁਸੀਂ ਪ੍ਰੇਮਿਕਾ ਦੇ ਅੱਗੇ ਪ੍ਰਗਟ ਕਰਦੇ ਹੋ? ਜਾਂ ਉਹ, ਜਿਹੜਾ ਤੁਸੀਂ ਦੀਨ, ਦਰਿਦ੍ਰ ਗਰੀਬ ਦੇ ਸਾਹਮਣੇ ਵਿਖਾਉਂਦੇ ਹੋ? ਜਾਂ ਉਹ, ਜਿਹੜਾ ਸ਼ਕਤੀਸ਼ਾਲੀ ਦੇ ਸਾਹਮਣੇ ਵਿਖਾਉਂਦੇ ਹੋ? ਕਿਹੜਾ ਚਿਹਰਾ ਤੁਸੀਂ ਪਰਮਾਤਮਾ ਨੂੰ ਵਿਖਾਓਗੇ?

ਸ਼ਕਤੀਸ਼ਾਲੀ ਦੇ ਮੁਹਰੇ ਤੁਹਾਡੀ ਪੂਛਲ ਹਿਲਦੀ ਰਹਿੰਦੀ ਹੈ। ਤੁਸੀਂ ਉਸਦੀ ਖੁਸ਼ਾਮਦ ਕਰਦੇ ਰਹਿੰਦੇ ਹੋ? ਤੁਹਾਡੇ ਚਿਹਰੇ 'ਤੇ ਬਹੁਤਾ ਖੁਸ਼ਾਮਦ ਦਾ ਭਾਵ ਹੁੰਦਾ ਹੈ। ਗਰੀਬ ਦੇ ਮੁਹਰੇ ਤੁਸੀਂ ਇਸ ਤਰ੍ਹਾਂ ਆਕੜ ਕੇ ਖਲ੍ਹੋ ਜਾਂਦੇ ਹੋ, ਕਿਉਂਕਿ ਗਰੀਬ ਤੋਂ ਤੁਸੀਂ ਉਹ ਹੀ ਖੁਸ਼ਾਮਦ ਦੀ ਚਾਹ ਕਰਦੇ ਹੋ ਜੋ ਤੁਸੀਂ ਅਮੀਰ ਦੇ ਸਾਹਮਣੇ ਪ੍ਰਗਟ ਕਰਦੇ ਹੋ। ਤੁਸੀਂ ਚਾਹੁੰਦੇ ਹੋ ਕਿ ਉਹ ਭੂਛਲ ਹਿਲਾਏ। ਜਿਹੜਾ ਆਦਮੀ ਕਿਸੇ ਕੋਲੋਂ ਖੁਸ਼ਾਮਦ ਮੰਗਦਾ ਹੈ, ਉਹ ਆਦਮੀ ਖੁਸ਼ਾਮਦੀ ਹੋਵੇਗਾ। ਜਿਹੜਾ ਕਿਸੇ ਦੀ ਸਤੁਤੀ ਮੰਗਦਾ ਹੈ ਉਹ ਆਦਮੀ ਕਿਤੇ ਨਾ ਕਿਤੇ ਸਤੁਤੀ ਕਰ ਹੀ ਰਿਹਾ ਹੋਏਗਾ। ਉਹ ਅਸਲ ਵਿੱਚ ਬਦਲਾ ਚਾਹੁੰਦਾ ਹੈ। ਪਰ ਜਿਸ ਆਦਮੀ ਨੇ ਆਪਣੇ ਨੂੰ ਠੀਕ ਤਰ੍ਹਾਂ ਵੇਖਿਆ, ਨਾ ਉਹ ਸਤੁਤੀ ਕਰਦਾ ਹੈ ਕਿਸੇ ਦੀ ਤੇ ਨਾ ਹੀ ਸਤੁਤੀ ਚਾਹੁੰਦਾ ਹੈ। ਇੱਕ ਹੀ ਪਰਮਾਤਮਾ ਹੈ, ਉਸੇ ਦੀ ਉਸਤਤਿ ਹੋ ਜਾਏ ਤਾਂ ਕਾਫੀ ਹੈ। ਉਹ ਕਿਸ ਤੋਂ ਉਸਤਤਿ ਮੰਗੇ? ਕਿਉਂਕਿ ਉਹ ਹੀ ਚਾਰੇ ਪਾਸੇ ਹੈ।

ਨਾਨਕ ਕਹਿੰਦੇ ਹਨ ਬਹੁਤ ਸ਼ਰਮ ਆਉਂਦੀ ਹੈ। ਸਤਯ ਦੇ ਮੁਹਰੇ ਜਦ ਆਦਮੀ ਖਲੋਂਦਾ ਹੈ ਤਾਂ ਪਾਉਂਦਾ ਹੈ ਕਿ ਆਪਣੇ ਤਾਂ ਕੋਈ ਵੀ ਚਿਹਰੇ ਕੰਮ ਦੇ ਨਹੀਂ। ਸਾਰੇ ਹੀ ਗੰਦੇ ਹਨ, ਤੇ ਸਾਰੇ ਹੀ ਝੂਠੇ ਹਨ।

ਝੇਂਨ ਫ਼ਕੀਰ ਕਹਿੰਦੇ ਹਨ ਆਪਣੇ ਚੇਲਿਆਂ ਨੂੰ, ਕਿ ਜੇਕਰ ਤੁਸੀਂ ਆਪਣਾ ਅਸਲੀ ਚਿਹਰਾ ਲੱਭ ਲਿਆ ਤਾਂ ਖੋਜ ਪੂਰੀ ਹੋ ਗਈ। ਉਹ ਕਹਿੰਦੇ ਹਨ, ਕਿ ਲੱਭੋ ਉਸ ਚਿਹਰੇ ਨੂੰ, ਜਿਹੜਾ ਜਨਮ ਤੋਂ ਪਹਿਲਾਂ ਤੁਹਾਡੇ ਕੋਲ ਸੀ। ਲੱਭੋ ਉਸ ਚਿਹਰੇ ਨੂੰ

ਜਿਹੜਾ ਜਨਮ ਤੋਂ ਪਹਿਲਾਂ ਤੁਹਾਡੇ ਕੋਲ ਸੀ। ਲੱਭੋ ਉਸ ਚਿਹਰੇ ਨੂੰ ਜਿਹੜਾ ਮਰਨ ਤੋਂ ਬਾਦ ਤੁਹਾਡੇ ਨਾਲ ਹੋਏਗਾ। ਵਿਚਕਾਰਲੇ ਸਾਰੇ ਚਿਹਰੇ ਤਾਂ ਝੂਠੇ ਹਨ।

ਨਿੱਕੇ-ਨਿੱਕੇ ਬੱਚੇ ਵੀ ਝੂਠੇ ਚਿਹਰੇ ਓਡ ਲੈਂਦੇ ਹਨ। ਨਿੱਕੇ-ਨਿੱਕੇ ਬੱਚੇ ਵੀ। ਮਨਸਵਿੱਦ ਕਹਿੰਦੇ ਹਨ ਕਿ ਆਦਮੀ ਜੇਕਰ ਮੁੜ ਕੇ ਯਾਦਦਾਸ਼ਤ ਨੂੰ ਜਗਾਏ ਤਾਂ ਚਾਰ ਸਾਲ ਜਾਂ ਤਿੰਨ ਸਾਲ ਦੇ ਕਰੀਬ ਯਾਦਦਾਸ਼ਤ ਰੁਕ ਜਾਂਦੀ ਹੈ। ਤੁਸੀਂ ਵੀ ਯਾਦ ਕਰੋਗੇ ਤਾਂ ਬੱਸ, ਪੰਜ ਸਾਲ, ਚਾਰ ਸਾਲ, ਜਾਂ ਤਿੰਨ ਸਾਲ ਉਥੇ ਜਾ ਕੇ ਰੁਕ ਜਾਓਗੇ। ਤਿੰਨ ਸਾਲਾਂ ਤੱਕ ਦੀ ਕੋਈ ਯਾਦਦਾਸ਼ਤ ਨਹੀਂ ਹੁੰਦੀ। ਜਨਮ ਤੋਂ ਲੈ ਕੇ ਤਿੰਨ ਸਾਲ ਤੱਕ ਦੀ। ਕਿਉਂ? ਕਿਉਂਕਿ ਉਸ ਸਮੇਂ ਤੁਸੀਂ ਏਨੇ ਸਰਲ ਹੁੰਦੇ ਹੋ ਕਿ ਤੁਹਾਡੇ ਕੋਲ ਕੋਈ ਚਿਹਰਾ ਨਹੀਂ ਹੁੰਦਾ। ਯਾਦਦਾਸ਼ਤ ਕਾਹਦੀ ਬਣਾਉਣੀ ਹੈ? ਕੋਈ ਦਾਵਾ ਹੀ ਨਹੀਂ ਹੁੰਦਾ।

ਹੰਕਾਰ ਯਾਦਦਾਸ਼ਤ ਬਣਾਉਂਦਾ ਹੈ। ਸਾਰੀ ਯਾਦ ਹੰਕਾਰ ਦੀ ਹੈ। ਉਹ ਸਮਰਣ ਰੱਖਦਾ ਹੈ। ਉਹ ਹਿਸਾਬ-ਕਿਤਾਬ ਰੱਖਦਾ ਹੈ। ਤਿੰਨਾਂ ਸਾਲਾਂ ਤੱਕ ਤੁਸੀਂ ਭੋਲੇ-ਭਾਲੇ ਹੁੰਦੇ ਹੋ। ਤੁਹਾਨੂੰ ਪਤਾ ਹੀ ਨਹੀਂ ਹੁੰਦਾ ਕਿ ਤੁਸੀਂ ਕੌਣ ਹੋ? ਦਾਵਾ ਕੀ? ਤੁਹਾਡਾ ਕੋਈ ਦਾਵਾ ਹੀ ਨਹੀਂ ਹੁੰਦਾ ਹੈ। ਤਿੰਨਾਂ ਸਾਲਾਂ ਦਾ ਬੱਚਾ ਸਕੂਲੋਂ ਵੀ ਪ੍ਰਸੰਨ ਪਰਤਦਾ ਹੈ, ਕਿੰਡਰ ਗਾਰਡਨ ਸਕੂਲ ਤੋਂ ਹੱਸਦਾ ਹੋਇਆ, ਰੌਲਾ ਪਾਉਂਦਾ ਹੋਇਆ ਆਉਂਦਾ ਹੈ। ਕਿ ਮੈਂ ਕਲਾਸ ਵਿੱਚ ਸਭ ਤੋਂ ਆਖ਼ਰੀ ਆਇਆ। ਉਸ ਨੂੰ ਕੁਝ ਪਤਾ ਹੀ ਨਹੀਂ ਹੈ ਕਿ 'ਆਖ਼ਰੀ' ਦਾ ਕੀ ਮਤਲਬ ਹੈ? ਅਜੇ ਹੰਕਾਰ ਨਿਰਮਿਤ ਨਹੀਂ ਹੋਇਆ ਹੈ। ਅਜੇ ਜਾਤ ਪਾਤ ਦਾ ਪਤਾ ਨਹੀਂ ਹੈ। ਘਰ-ਦੁਆਰ ਦਾ ਪਤਾ ਨਹੀਂ ਹੈ। ਕੁਲੀਨਤਾ-ਅਕੁਲੀਨਤਾ ਦਾ ਪਤਾ ਨਹੀਂ ਹੈ। ਘਰ-ਦੁਆਰ ਦਾ ਪਤਾ ਨਹੀਂ ਹੈ। ਕੁਲੀਨਤਾ-ਅਕੁਲੀਨਤਾ ਦਾ ਪਤਾ ਨਹੀਂ ਹੈ। ਬ੍ਰਾਹਮਣ ਹੈ ਕਿ ਸ਼ੂਦਰ ਪਤਾ ਨਹੀਂ ਹੈ। ਅਜੇ ਕੁਝ ਵੀ ਪਤਾ ਨਹੀਂ ਹੈ। ਅਜੇ ਚਿਹਰਾ ਸਾਫ਼ ਹੈ। ਇਹ ਹੀ ਚਿਹਰਾ ਤੁਸੀਂ ਪਰਮਾਤਮਾ ਦੇ ਸਾਹਮਣੇ ਲੈ ਜਾ ਸਕੋਗੇ।

ਲੇਕਿਨ ਮਾਂ-ਪਿਓ ਪਹਿਲੇ ਹੀ ਦਿਨ ਤੋਂ ਝੂਠ ਨੂੰ ਉਡਾਉਣਾ ਸ਼ੁਰੂ ਕਰ ਦਿੰਦੇ ਹਨ। ਪਹਿਲੇ ਹੀ ਦਿਨ ਤੋਂ ਮਾਂ ਚਾਹੁੰਦੀ ਹੈ ਕਿ ਜਦ ਉਹ ਬੱਚੇ ਦੇ ਵੱਲ ਵੇਖੇ, ਤਾਂ ਉਹ ਮੁਸਕਰਾਏ। ਬੱਚੇ ਨੂੰ ਜੇਕਰ ਮੁਸਕਰਾਹਟ ਨਹੀਂ ਆ ਰਹੀ ਹੈ ਤਾਂ ਵੀ ਮੁਸਕਰਾਏ। ਜੇਕਰ ਬੱਚਾ ਨਹੀਂ ਮੁਸਕਰਾਉਂਦਾ ਤਾਂ ਮਾਂ ਨਾਰਾਜ਼ ਹੋ ਜਾਂਦੀ ਹੈ। ਮੁਸਕਰਾਉਂਦਾ ਹੈ ਤਾਂ ਖੁਸ਼ ਹੁੰਦੀ ਹੈ। ਥੋੜ੍ਹੇ ਹੀ ਦਿਨਾਂ ਵਿੱਚ ਬੱਚਾ ਸਮਝਣ ਲੱਗਦਾ ਹੈ ਕਿ ਚਾਹੇ ਮੁਸਕਰਾਹਟ ਅੰਦਰ ਹੋਵੇ ਜਾਂ ਨਾ ਹੋਵੇ, ਜਦੋਂ ਮਾਂ ਵੇਖੇ ਤਾਂ ਮੁਸਕਰਾਓ, ਝੂਠ ਸ਼ੁਰੂ ਹੋ ਗਿਆ। ਚਿਹਰਾ ਆਉਣਾ ਸ਼ੁਰੂ ਹੋ ਗਿਆ, ਫਿਰ ਝੂਠ ਉਤੇ ਝੂਠ ਇਕੱਠਾ ਹੁੰਦਾ ਜਾਂਦਾ ਹੈ।

ਇਹਨਾਂ ਝੂਠਿਆਂ ਚਿਹਰਿਆਂ ਨੂੰ ਲੈ ਕੇ ਤੁਸੀਂ ਪਰਮਾਤਮਾ ਦੇ ਸਾਹਮਣੇ ਜਾਓਗੇ? ਨਾਨਕ ਕਹਿੰਦੇ ਹਨ ਬਹੁਤ ਸ਼ਰਮ ਆਉਂਦੀ ਹੈ। ਜਦ ਕੋਈ ਜਾਣਦਾ ਹੈ ਤਦ ਉਹ ਸ਼ਰਮ ਨਾਲ ਭਰ ਜਾਂਦਾ ਹੈ। ਤਦ ਉਹ ਲੱਭਦਾ ਹੈ, ਲੱਭਦਾ ਹੈ ਅਤੇ ਪਾਉਂਦਾ ਹੀ ਨਹੀਂ ਕਿ ਕਿਹੜਾ ਚਿਹਰਾ ਅਸਲੀ ਹੈ ਅਤੇ ਜਿੰਨਾਂ ਉਹ ਲੱਭਦਾ ਹੈ ਓਨਾਂ ਹੀ ਪਾਉਂਦਾ ਹੈ। ਕਿ ਜਿਵੇਂ ਕੋਈ ਪਿਆਜ ਨੂੰ ਛਿਲਦਾ ਜਾਏ। ਜਿਵੇਂ-ਜਿਵੇਂ ਪਰਤ ਉਤਰਦੀ ਹੈ, ਨਵੀਂ ਪਰਤ ਸਾਹਮਣੇ ਆ ਜਾਂਦੀ ਹੈ। ਇੱਕ ਝੂਠ ਨੂੰ ਕੱਢੋ, ਦੂਜਾ ਝੂਠ। ਕਿਉਂਕਿ ਪਰਤ ਦਰ ਪਰਤ ਝੂਠ ਜੰਮਿਆ ਪਿਆ ਹੈ। ਜਨਮਾਂ ਦਾ ਝੂਠ ਜੰਮਿਆ ਹੈ। ਤੁਸੀਂ ਇਕੱਠਾ ਹੀ ਝੂਠ ਕੀਤਾ ਹੈ, ਕੁਝ ਹੋਰ ਤਾਂ ਇਕੱਠਾ ਕੀਤਾ ਨਹੀਂ ਹੈ। ਪਰ ਜਦੋਂ ਤੁਸੀਂ ਪਰਤ ਦਰ ਪਰਤ ਕੱਢਦੇ ਜਾਂਦੇ ਹੋ ਤਾਂ ਅਖ਼ੀਰ ਵਿੱਚ ਪਾਉਂਦੇ ਹੋ ਕਿ ਕੁਝ ਬਚਦਾ ਹੀ ਨਹੀਂ। ਪਿਆਜ ਦੀਆਂ ਸਾਰੀਆਂ ਪਰਤਾਂ ਨਿਕਲ ਜਾਂਦੀਆਂ ਹਨ। ਸ਼ੂਨਯ ਹੱਥ ਆਉਂਦਾ ਹੈ। ਨਾਨਕ ਕਹਿੰਦੇ ਹਨ, ਉਹ ਜਿਹੜਾ ਹੱਥ ਆਉਂਦਾ ਹੈ ਤਾਂ ਵੱਡੀ ਲਾਜ ਆਉਂਦੀ ਹੈ ਕਿ ਨਾ ਕੁਝ ਸੀ, ਅਤੇ ਸਭ ਕੁਝ ਹੋਣ ਦੇ ਦਾਵੇ ਕੀਤੇ, ਇਸ ਨੂੰ ਉਹ ਤੀਜਾ ਖੰਡ ਕਹਿੰਦੇ ਹਨ।

ਚੌਥਾ ਖੰਡ ਉਹ ਕਹਿੰਦੇ ਹਨ, ਕਿਰਪਾ ਖੰਡ। ਉਹ ਕਹਿੰਦੇ ਹਨ ਕਿ ਜਦ ਤੁਸੀਂ ਸ਼ਰਮ ਨਾਲ ਭਰ ਜਾਂਦੇ ਹੋ ਤਦ ਉਸਦੀ ਕਿਰਪਾ ਵਰ੍ਹਦੀ ਹੈ। ਜਦ ਤੁਸੀਂ ਸ਼ੂਨਯ ਹੋ ਜਾਂਦੇ ਹੋ ਤਦ ਪੂਰਣ ਉਤਰਦਾ ਹੈ ਉਸ ਤੋਂ ਪਹਿਲਾਂ ਨਹੀਂ। ਤੁਹਾਡੀ ਆਕੜ ਉਸਦੀ ਕਿਰਪਾ ਵਿੱਚ ਵਿਘਨ ਹੈ। ਤੁਸੀਂ ਜਦ ਤੱਕ ਆਕੜੇ ਹੋ, ਤਦ ਤੱਕ ਉਸ ਦੀ ਕਿਰਪਾ ਨਹੀਂ ਪਾ ਸਕੋਗੇ। ਉਹ ਤੁਹਾਨੂੰ ਜ਼ਰੂਰਤ ਹੀ ਨਹੀਂ ਹੈ। ਤੁਸੀਂ ਆਪਣੇ ਹੀ ਪੈਰਾਂ ਤੇ ਖਲ੍ਹੋਤੇ ਹੋ। ਤੁਹਾਨੂੰ ਸਹਾਰੇ ਦੀ ਜ਼ਰੂਰਤ ਹੀ ਨਹੀਂ ਹੈ। ਤੁਸੀਂ ਪ੍ਰਾਰਥਨਾ ਵੀ ਕਰ ਰਹੇ ਹੋ ਅਤੇ ਆਪਣੇ ਪੈਰਾਂ ਉਤੇ ਖਲ੍ਹੋਤੇ ਹੋ। ਤੁਸੀਂ ਮੰਗ ਵੀ ਉਸੇ ਕੋਲੋਂ ਰਹੇ ਹੋ। ਪਰ ਉਹ ਵੀ ਤੁਹਾਡੀ ਹੋਰ ਬਹੁਤ ਕੋਸ਼ਿਸ਼ਾਂ ਵਿਚੋਂ ਇੱਕ ਕੋਸ਼ਿਸ਼ ਹੈ ਕਿ ਸ਼ਾਇਦ ਕੌਣ ਜਾਣੇ, ਸਹਾਰਾ ਉਪਰੋਂ ਵੀ ਮਿਲ ਜਾਏ ਅਤੇ ਜਦ ਕੁਝ ਮਿਲ ਜਾਏਗਾ, ਤਦ ਤੁਸੀਂ ਦਾਵਾ ਇਹ ਹੀ ਕਰੋਗੇ ਕਿ ਮੈਂ ਪਾਇਆ।

ਮੁੱਲਾ ਇੱਕ ਦਰੱਖਤ 'ਤੇ ਚੜ੍ਹ ਰਿਹਾ ਸੀ। ਬੇਰ ਪੱਕ ਗਏ ਸਨ। ਜਿਵੇਂ-ਜਿਵੇਂ ਮੁੱਲਾ ਉਪਰ ਚੜ੍ਹਣ ਲੱਗਾ ਉਸ ਨੂੰ ਡਰ ਲੱਗਣ ਲੱਗਾ। ਕਿਉਂਕਿ ਬੇਰ ਬਿਲਕੁਲ ਉਪਰਲੀ ਡਾਲ੍ਹੀ ਉਤੇ ਸਨ। ਤਾਂ ਉਸ ਨੇ ਪਰਮਾਤਮਾ ਨੂੰ ਕਿਹਾ ਕਿ ਦੇਖ, ਜੇਕਰ ਮੈਂ ਬਿਨਾਂ ਡਿੱਗੇ ਇਨ੍ਹਾਂ ਬੇਰਾਂ ਨੂੰ ਤੋੜ ਸਕਿਆ ਤਾਂ ਇੱਕ ਪੈਸਾ ਮਸਜਿਦ ਵਿੱਚ ਚੜ੍ਹਾਵਾਂਗਾ। ਤੂੰ ਬਿਲਕੁਲ ਪੱਕਾ ਭਰੋਸਾ ਰੱਖ। ਜਿਵੇਂ-ਜਿਵੇਂ ਡਾਲ੍ਹੀ ਦੇ ਨੇੜੇ ਪੁੱਜਣ ਲੱਗਾ, ਉਸ ਨੇ ਸੋਚਿਆ, ਏਨੇ ਕੁ ਬੇਰਾਂ ਦੇ ਲਈ ਇੱਕ ਪੈਸਾ ਜ਼ਰਾ ਬਹੁਤਾ ਹੈ। ਅਤੇ ਮੈਂ ਆਪਣੀ ਹੀ ਕੋਸ਼ਿਸ਼ ਨਾਲ

ਤਾਂ ਪੁੱਜ ਰਿਹਾ ਹਾਂ। ਬਿਨਾਂ ਕਾਰਣ ਮੈਂ ਪਰਮਾਤਮਾ ਨੂੰ ਵਿਚਕਾਰ ਲਿਆਇਆ। ਜਦ ਬੇਰਾਂ 'ਤੇ ਉਸਦਾ ਹੱਥ ਹੀ ਪੈ ਗਿਆ ਤਾਂ ਉਸ ਨੇ ਕਿਹਾ, ਇੱਕ ਪੈਸੇ ਵਿੱਚ ਤਾਂ ਇਨ੍ਹਾਂ ਤੋਂ ਬਹੁਤੇ ਬਾਜ਼ਾਰ ਵਿਚੋਂ ਖਰੀਦ ਲਵਾਂਗਾ ਅਤੇ ਤੂੰ ਤਾਂ ਕੁਝ ਕੀਤਾ ਹੀ ਨਹੀਂ ਹੈ। ਕੁਝ ਬੇਰ ਹੀ ਚੜ੍ਹਾ ਦਿਆਂਗਾ। ਜਦ ਉਹ ਅਜਿਹਾ ਸੋਚ ਹੀ ਰਿਹਾ ਸੀ—ਸੋਚਣ ਵਿੱਚ ਹੱਥ ਉਕ ਗਿਆ, ਪੈਰ ਸਰਕ ਗਿਆ ਤੇ ਧੜਾਮ ਕਰਕੇ ਹੇਠਾਂ ਡਿੱਗ ਪਿਆ। ਉਹ ਬੇਰ ਤਾਂ ਹੱਥ ਆਏ ਹੀ ਨਹੀਂ। ਹੇਠਾਂ ਡਿੱਗ ਕੇ ਉਸ ਨੇ ਚੀਖ ਕੇ ਕਿਹਾ, 'ਕਿ ਮਾਮਲਾ ਹੈ? ਕੀ ਤੂੰ ਜ਼ਰਾ ਕੁ ਜਿੰਨੀ ਮਜ਼ਾਕ ਵੀ ਨਹੀਂ ਸਮਝਦਾ? ਜ਼ਰਾ ਕੁ ਧੀਰਜ ਰੱਖਦਾ ਤਾਂ ਮੈਂ ਇੱਕ ਪੈਸਾ ਚੜ੍ਹਾਉਂਦਾ ਹੀ।'

ਤੁਸੀਂ ਪ੍ਰਾਰਥਨਾ ਵੀ ਕਰੋ, ਤੁਸੀਂ ਪੂਜਾ ਵੀ ਕਰੋ ਤਾਂ ਵੀ ਤੁਹਾਡੀ ਆਕੜ ਦਾ ਹੀ ਸ਼ਿੰਗਾਰ ਹੈ ਤੁਹਾਡੀ ਪੂਜਾ। ਤੁਹਾਡੇ ਹੰਕਾਰ ਦਾ ਹੀ ਗਹਿਣਾ ਹੈ ਅਤੇ ਪੂਜਾ ਤਾਂ ਤਦ ਹੀ ਹੁੰਦੀ ਹੈ ਜਦ ਤੁਸੀਂ ਨਹੀਂ ਹੋ। ਜਦ ਪੁਜਾਰੀ ਮਿਟ ਜਾਂਦਾ ਹੈ। ਤਦ ਹੀ ਪੂਜਾ ਸ਼ੁਰੂ ਹੁੰਦੀ ਹੈ। ਨਾਨਕ ਕਹਿੰਦੇ ਹਨ, ਸ਼ਰਮ ਵਿੱਚ ਤੁਸੀਂ ਤਾਂ ਪਿਘਲ ਜਾਂਦੇ ਹੋ। ਲੱਜਾ ਵਿੱਚ ਤੁਸੀਂ ਤਾਂ ਮਿਟ ਜਾਂਦੇ ਹੋ, ਤੁਸੀਂ ਤਾਂ ਬਚਦੇ ਹੀ ਨਹੀਂ ਅਤੇ ਤਦ ਅਚਾਨਕ, ਜਿਵੇਂ ਹੀ ਤੁਸੀਂ ਏਥੇ ਗੁਆਚਦੇ ਹੋ, ਤੁਸੀਂ ਪਾਉਂਦੇ ਹੋ ਕਿ ਉਥੇ ਮੀਂਹ ਵਰ੍ਹ ਰਿਹਾ ਹੈ, ਆਨੰਦ ਦਾ। ਉਹ ਸਦਾ ਹੀ ਵਰ੍ਹ ਰਿਹਾ ਸੀ। ਤੁਸੀਂ ਆਪਣੀ ਆਕੜ ਨਾਲ ਏਨੇ ਭਰੇ ਸੀ ਕਿ ਤੁਹਾਡੇ ਅੰਦਰ ਕੋਈ ਥਾਂ ਹੀ ਨਹੀਂ ਸੀ ਕਿ ਉਹ ਪ੍ਰਵੇਸ਼ ਪਾ ਸਕੇ। ਕੋਈ ਅਜਿਹਾ ਨਹੀਂ ਹੈ ਕਿ ਤੁਸੀਂ ਜਦ ਸ਼ਰਮ ਨਾਲ ਭਰਦੇ ਹੋ, ਤਦ ਉਸਦੀ ਕਿਰਪਾ ਤੁਹਾਡੇ ਉਤੇ ਵਰ੍ਹਦੀ ਹੈ। ਕਿਰਪਾ ਤਾਂ ਵਰ੍ਹ ਹੀ ਰਹੀ ਹੈ। ਤੁਸੀਂ ਜਦ ਸ਼ਰਮ ਨਾਲ ਭਰਦੇ ਹੋ ਤਦ ਤੁਸੀਂ ਖ਼ਾਲੀ ਹੁੰਦੇ ਹੋ ਅਤੇ ਤੁਹਾਡੇ ਅੰਦਰ ਪ੍ਰਵੇਸ਼ ਹੋ ਸਕਦਾ ਹੈ।

ਇਹ ਚਾਰ ਖੰਡ ਹਨ ਨਾਨਕ ਦੇ ਅਤੇ ਇਨ੍ਹਾਂ ਚੋਹਾਂ ਦੀ ਵੰਡ ਬਹੁਤ ਕੀਮਤੀ ਹੈ। ਅੱਜ ਦੂਜੇ ਖੰਡ ਦੀ ਗੱਲ ਹੈ।

*"ਧਰਮ ਖੰਡ ਕਾ ਏਹੋ ਧਰਮੁ॥*
*ਗਿਆਨ ਖੰਡ ਕਾ ਆਖਹੁ ਕਰਮੁ॥*
*ਕੇਤੇ ਪਵਣ ਪਾਣੀ ਵੈਸੰਤਰ ਕੇਤੇ ਕਾਨ ਮਹੇਸ॥*
*ਕੇਤੇ ਬਰਮੇ ਘਾੜਤਿ ਘੜੀਅਹਿ ਰੂਪ ਰੰਗ ਕੇ ਵੇਸ॥*
*ਕੇਤੀਆ ਕਰਮ ਭੂਮੀ ਮੇਰ ਕੇਤੇ ਕੇਤੇ ਧੂ ਉਪਦੇਸ॥*
*ਕੇਤੇ ਇੰਦ ਚੰਦ ਸੂਰ ਕੇਤੇ ਕੇਤੇ ਮੰਡਲ ਦੇਸ॥*
*ਕੇਤੇ ਸਿਧ ਬੁਧ ਨਾਥ ਕੇਤੇ ਕੇਤੇ ਦੇਵੀ ਵੇਸ॥*

*ਕੇਤੇ ਦੇਵ ਦਾਨਵ ਮੁਨਿ ਕੇਤੇ ਕੇਤੇ ਰਤਨ ਸਮੁੰਦ॥*
*ਕੇਤੀਆ ਖਾਣੀ ਕੇਤੀਆ ਬਾਣੀ ਕੇਤੇ ਪਾਤ ਨਰਿੰਦ॥*
*ਕੇਤੀਆ ਸੁਰਤੀ ਸੇਵਕ ਕੇਤੇ ਨਾਨਕ ਅੰਤੁ ਨ ਅੰਤੁ॥ ੩੫॥*

ਜਿਵੇਂ ਹੀ ਕੋਈ ਵਿਅਕਤੀ ਜਾਗਦਾ ਹੈ ਅਸਤਿਤਵ ਦੇ ਪ੍ਰਤੀ, ਪਰਮ ਅਚੰਭੇ ਨਾਲ ਭਰ ਜਾਂਦਾ ਹੈ। ਮਹਾਨ ਅਸ਼ਚਰਜ ਘੇਰ ਲੈਂਦਾ ਹੈ। ਤੁਹਾਨੂੰ ਤਾਂ ਕੋਈ ਅਚੰਭਾ ਫੜਦਾ ਹੀ ਨਹੀਂ। ਤੁਸੀਂ ਤਾਂ ਇਸ ਤਰ੍ਹਾਂ ਚਲਦੇ ਹੋ ਜਿਵੇਂ ਤੁਸੀਂ ਜਾਣਦੇ ਹੋ। ਪੰਡਿਤ ਨੂੰ ਹੈਰਾਨਗੀ ਹੁੰਦੀ ਹੀ ਨਹੀਂ। ਉਹ ਸਾਰੀਆਂ ਚੀਜ਼ਾਂ ਦੇ ਜਵਾਬ ਜਾਣਦਾ ਹੈ, ਅਚੰਭਾ ਕੇਹਾ? ਅਚੰਭਾ ਤਾਂ ਬਾਲਕ ਨੂੰ ਹੁੰਦਾ ਹੈ। ਟੁਰਦਾ ਹੈ ਤਾਂ ਹਰ ਚੀਜ਼ ਦੇ ਸੰਬੰਧ ਵਿੱਚ ਸਵਾਲ ਪੁੱਛਦਾ ਹੈ। ਤੁਸੀਂ ਇਹ ਨਾ ਸਮਝਣਾ ਕਿ ਉਹ ਜਵਾਬ ਜਾਨਣ ਲਈ ਸਵਾਲ ਪੁੱਛਦਾ ਹੈ। ਸਵਾਲ ਤਾਂ ਕੇਵਲ ਉਸ ਦੇ ਅਚੰਭੇ ਨੂੰ ਪ੍ਰਗਟ ਕਰਨ ਦਾ ਢੰਗ ਹੈ। ਇਸ ਲਈ ਤੁਹਾਡੇ ਜਵਾਬ ਲਈ ਰੁਕਦਾ ਵੀ ਨਹੀਂ। ਦੂਜਾ ਸਵਾਲ ਪਾ ਦਿੰਦਾ ਹੈ। ਤੁਹਾਡੇ ਜਵਾਬ ਦੀ ਫ਼ਿਕਰ ਵੀ ਨਹੀਂ ਕਰਦਾ। ਕਿਉਂਕਿ ਜਵਾਬ ਦੀ ਉਤਸੁਕਤਾ ਹੀ ਨਹੀਂ ਹੈ।

ਤਿੱਤਲੀ ਨਿਕਲੀ ਜਾਂਦੀ ਹੈ ਅਤੇ ਉਹ ਪੁੱਛਦਾ ਹੈ ਕਿ ਤਿੱਤਲੀ 'ਤੇ ਏਨੇ ਰੰਗ ਕਿਉਂ। ਉਹ ਇਹ ਨਹੀਂ ਕਹਿ ਰਿਹਾ ਹੈ ਕਿ ਤੁਸੀਂ ਜਵਾਬ ਦਿਓ, ਤਿੱਤਲੀ 'ਤੇ ਏਨੇ ਰੰਗ ਕਿਉਂ ਹਨ, ਉਹ ਸਿਰਫ਼ ਏਨਾ ਕਹਿ ਰਿਹਾ ਹੈ ਕਿ ਮੈਂ ਅਵਾਕ ਹਾਂ। ਮੈਂ ਹੈਰਾਨੀ ਨਾਲ ਭਰ ਗਿਆ ਹਾਂ। ਇਹ ਦਰੱਖ਼ਤ ਹਰੇ ਕਿਉਂ? ਫੁੱਲ ਰੰਗੀਨ ਕਿਉਂ? ਆਕਾਸ਼ ਵਿੱਚ ਬਦਲ ਕਿਉਂ? ਸੂਰਜ ਰੋਜ਼ ਸਵੇਰੇ ਵਕਤ ਸਿਰ ਕਿਉਂ ਨਿਕਲ ਆਉਂਦਾ ਹੈ? ਇਹ ਬੱਚਾ ਪੁੱਛ ਰਿਹਾ ਹੈ। ਇਹ ਕੇਵਲ ਅਸਚਰਜ ਖੜ੍ਹਾ ਕਰ ਰਿਹਾ ਹੈ। ਉਸਦੇ ਸਵਾਲ ਜਵਾਬ ਦੀ ਮੰਗ ਨਹੀਂ ਕਰਦੇ। ਇਹ ਤਾਂ ਪੁੱਛ ਰਿਹਾ ਹੈ ਇਸ ਲਈ, ਕਿਉਂਕਿ ਹਰ ਚੀਜ਼ ਉਸ ਨੂੰ ਅਸਚਰਜ ਨਾਲ ਭਰ ਦਿੰਦੀ ਹੈ।

ਪੰਡਿਤ ਕੋਈ ਸਵਾਲ ਨਹੀਂ ਪੁੱਛਦਾ, ਕਿਉਂਕਿ ਉਸ ਦੇ ਕੋਲ ਸਾਰੀਆਂ ਚੀਜ਼ਾਂ ਦੇ ਜਵਾਬ ਹਨ। ਪੰਡਿਤ ਦਾ ਅਰਥ ਹੈ, ਜਿਸ ਦੇ ਕੋਲ ਸਵਾਲ ਹੈ ਹੀ ਨਹੀਂ, ਜਵਾਬ ਹਨ ਅਤੇ ਗਿਆਨੀ ਦਾ ਅਰਥ ਹੈ, ਜਿਸ ਦੇ ਕੋਲ ਸਵਾਲ ਹਨ ਅਤੇ ਜਵਾਬ ਨਹੀਂ ਹਨ। ਇਸ ਨੂੰ ਥੋੜ੍ਹਾ ਜਿਹਾ ਖ਼ਿਆਲ ਵਿੱਚ ਸਮਝ ਲੈਣਾ। ਗਿਆਨੀ ਬੱਚਿਆਂ ਵਰਗਾ ਅਵਾਕ ਰਹਿ ਜਾਂਦਾ ਹੈ। ਹੋਰ ਵੀ ਬਹੁਤਾ ਅਵਾਕ, ਕਿਉਂਕਿ ਬੱਚੇ ਕੀ। ਤਿੱਤਲੀ ਵੇਖ ਸਕਦੇ ਹਨ, ਫੁੱਲ ਵੇਖ ਸਕਦੇ ਹਨ। ਗਿਆਨੀ ਵੇਖਦਾ ਹੈ ਪੂਰੇ ਅਸਤਿੱਤਵ ਨੂੰ ਬੱਚਿਆਂ ਦੀ ਨਜ਼ਰ ਕਿੰਨੀ ਦੂਰ ਜਾਂਦੀ ਹੈ। ਗਿਆਨੀ ਦੀ ਨਜ਼ਰ ਜਾਂਦੀ ਹੈ ਆਰ-ਪਾਰ ਅਤੇ ਉਹ ਜੋ ਵੇਖਦਾ ਹੈ। ਉਹ ਉਸ ਨੂੰ ਅਸਚਰਜ ਨਾਲ ਮੋਹਿਤ ਕਰ ਦਿੰਦਾ ਹੈ।

ਨਾਨਕ ਦੇ ਇਹ ਵਚਨ ਉਨ੍ਹਾਂ ਦੀ ਹੈਰਾਨੀ ਦੇ ਸੂਚਕ ਹਨ। ਉਹ ਕਹਿੰਦੇ ਹਨ, ਕਿੰਨੇ ਪਵਨ, ਕਿੰਨੇ ਪਾਣੀ, ਕਿੰਨੇ ਅਗਨੀ ਦੇ ਦੇਵਤਾ, ਕਿੰਨੇ ਕ੍ਰਿਸ਼ਨ, ਕਿੰਨੇ ਮਹੇਸ਼, ਕਿੰਨੇ ਬ੍ਰਹਮਾ, ਕਿੰਨੀਆਂ ਉਨ੍ਹਾ ਦੀਆਂ ਰਚਨਾਵਾਂ, ਕਿੰਨੇ ਰੰਗ, ਰੂਪ-ਭੇਸ, ਕਿੰਨੀਆਂ ਕਰਮ ਭੂਮੀਆਂ ਕਿੰਨੇ ਸੁਮੇਰ ਪਰਵਤ, ਕਿੰਨੇ ਧ੍ਰੁਵ, ਕਿੰਨੇ ਉਪਦੇਸ਼, ਕਿੰਨੇ ਇੰਦਰ, ਚੰਦ੍ਰਮਾ, ਸੂਰਜ, ਕਿੰਨੇ ਮੰਡਲ, ਕਿੰਨੇ ਦੇਸ਼, ਕਿੰਨੇ ਹੀ ਸਿੱਧ, ਕਿੰਨੇ ਹੀ ਬੁੱਧ, ਕਿੰਨੇ ਹੀ ਨਾਥ, ਕਿੰਨੇ ਹੀ ਦੇਵੀਆਂ ਦੇ ਭੇਸ, ਕਿੰਨੇ ਹੀ ਦੇਵਤਾ, ਕਿੰਨੇ ਹੀ ਦਾਨਵ, ਕਿੰਨੇ ਹੀ ਮੁਨੀ, ਕਿੰਨੇ ਹੀ ਰਤਨ, ਕਿੰਨੇ ਸਮੁੰਦਰ, ਕਿੰਨੀਆਂ ਖੋਨੀਆਂ, ਕਿੰਨੀਆਂ ਬਾਣੀਆਂ, ਕਿੰਨੇ ਬਾਦਸ਼ਾਹ, ਕਿੰਨੇ ਬਾਦਸ਼ਾਹਾਂ ਦੇ ਬਾਦਸ਼ਾਹ-ਸ਼ਹਿਨਸ਼ਾਹ, ਕਿੰਨੀਆਂ ਸੁਰਤੀਆਂ, ਕਿੰਨੇ ਹੀ ਸੇਵਕ। ਨਾਨਕ ਕਹਿੰਦੇ ਹਨ, ਇਨ੍ਹਾਂ ਦਾ ਅੰਤ ਨਹੀਂ ਹੈ, ਇਸ ਦਾ ਅੰਤ ਨਹੀਂ ਹੈ।

ਇਹ ਵਿਸਮਯ ਬੋਧ ਹੈ। ਨਾਨਕ ਕਹਿੰਦੇ ਹਨ, ਇਸ ਦਾ ਜਵਾਬ ਮੇਰੇ ਕੋਲ ਨਹੀਂ ਹੈ। ਇਹ ਗਿਆਨੀ ਦਾ ਲੱਖਣ ਹੈ। ਤੁਸੀਂ ਤਾਂ ਗਿਆਨੀ ਦਾ ਲੱਖਣ ਤਦ ਸਮਝੋਗੇ ਜਦ ਤੁਹਾਨੂੰ ਨਾਨਕ ਜਵਾਬ ਦੇਣ। ਤੁਸੀਂ ਪਰਤ ਹੀ ਗਏ ਹੁੰਦੇ ਨਾਨਕ ਦੇ ਕੋਲੋਂ ਕਿ ਇਸ ਨੂੰ ਕੁਝ ਆਉਂਦਾ ਹੀ ਨਹੀਂ। ਕਿੰਨੇ, ਕਿੰਨੇ ਦਾ ਕੀ ਰਾਗ ਲਾ ਰੱਖਿਆ ਹੈ? ਕੁਝ ਜਵਾਬ ਦਿਓ। ਤੁਸੀਂ ਪੁੱਛਣ ਆਏ ਹੋ? 'ਕਿਉਂ ਹੈ' ਅਤੇ ਉਹ ਗਿਣਾ ਰਹੇ ਹਨ, 'ਕਿੰਨੇ ਹਨ'।

ਤੁਸੀਂ ਜਵਾਬ ਚਾਹੁੰਦੇ ਹੋ, ਤੁਸੀਂ ਜਾਣਕਾਰੀ ਚਾਹੁੰਦੇ ਹੋ, ਕਿਉਂਕਿ ਜਾਣਕਾਰੀ ਦੇ ਤੁਸੀਂ ਮਾਲਿਕ ਹੋ ਸਕਦੇ ਹੋ, ਅਚੰਭੇ ਨਾਲ ਤਾਂ ਤੁਸੀਂ ਭਰ ਜਾਓਗੇ, ਅਚੰਭਾਂ ਤਾਂ ਤੁਹਾਡਾ ਮਾਲਿਕ ਹੋ ਜਾਏਗਾ। ਅਚੰਭੇ ਦੇ ਤੁਸੀਂ ਮਾਲਿਕ ਨਹੀਂ ਹੋ ਸਕਦੇ। ਅਚੰਭੇ ਵਿੱਚ ਤੁਸੀਂ ਘਿਰ ਜਾਓਗੇ, ਅਚੰਭਾ ਤੁਹਾਨੂੰ ਡੋਬ ਲਵੇਗਾ। ਅਚੰਭੇ ਵਿੱਚ ਤੁਸੀਂ ਨਹੀਂ ਬਚੋਗੇ, ਮਿਟ ਜਾਓਗੇ। ਜਵਾਬ ਚਾਹੁੰਦੇ ਹੋ ਤੁਸੀਂ, ਕਿਉਂਕਿ ਜਵਾਬ ਨੂੰ ਤੁਸੀਂ ਆਪਣੀ ਮੁੱਠ ਵਿੱਚ ਰੱਖ ਸਕਦੇ ਹੋ। ਜਵਾਬ ਦੀ ਤੁਸੀਂ ਵਰਤੋਂ ਕਰ ਸਕਦੇ ਹੋ। ਜਵਾਬ ਨਾਲ ਤੁਸੀਂ ਦੂਜਿਆਂ ਨੂੰ ਹਰਾ ਸਕਦੇ ਹੋ, ਪਰਾਜਿਤ ਕਰ ਸਕਦੇ ਹੋ। ਜਵਾਬ ਨਾਲ ਤੁਸੀਂ ਦੂਜਿਆਂ ਦੇ ਸਵਾਲਾਂ ਨੂੰ ਚੁੱਪ ਕਰਾ ਸਕਦੇ ਹੋ। ਜਵਾਬ ਨਾਲ ਤੁਹਾਡੀ ਆਕੜ ਵਧੇਗੀ। ਲੋਕ ਗਿਆਨ ਦੀ ਭਾਲ ਵਿੱਚ ਨਹੀਂ ਹਨ, ਲੋਕ ਜਵਾਬਾਂ ਦੀ ਖੋਜ ਵਿੱਚ ਹਨ। ਲੋਕ ਚਾਹੁੰਦੇ ਹਨ ਕਿ ਸਾਰੇ ਜਵਾਬ ਸਾਨੂੰ ਪਤਾ ਲੱਗ ਜਾਣ, ਤਾਂ ਅਸੀਂ ਗਿਆਨੀ ਹੋ ਜਾਈਏ।

ਅਤੇ ਧਿਆਨ ਰੱਖਣਾ, ਗਿਆਨੀ ਜਵਾਬਾਂ ਦੀ ਭਾਲ ਨਾਲ ਹੁੰਦਾ ਹੀ ਨਹੀਂ ਕੋਈ ਕਦੇ। ਗਿਆਨੀ ਤਾਂ ਸਵਾਲ ਵਿੱਚ ਗਹਿਰੇ ਉਤਰਨ ਨਾਲ ਹੁੰਦਾ ਹੈ ਅਤੇ ਜਿੰਨਾਂ ਹੀ ਕੋਈ ਸਵਾਲ ਵਿੱਚ ਡੂੰਘਾ ਉਤਰਦਾ ਹੈ, ਓਨੇ ਹੀ ਅਚੰਭੇ ਨਾਲ ਭਰੇ ਦਰਵਾਜ਼ੇ ਖੁੱਲ੍ਹਦੇ ਜਾਂਦੇ ਹਨ। ਇੱਕ ਦਰਵਾਜ਼ੇ ਵਿੱਚ ਤੁਸੀਂ ਪ੍ਰਵੇਸ਼ ਕਰਦੇ ਹੋ ਅਤੇ ਹਜ਼ਾਰ ਦਰਵਾਜ਼ੇ ਖੁੱਲ੍ਹ

ਜਾਂਦੇ ਹਨ। ਨਾਨਕ ਉਸੇ ਅਚੰਭੇ ਦੀ ਗੱਲ ਕਰ ਰਹੇ ਹਨ।

ਨਾਨਕ ਤਾਂ ਪੇਂਡੂ ਹਨ। ਉਹ ਤਾਂ ਪਿੰਡ ਦੇ ਅਨਪੜ੍ਹ ਆਦਮੀ ਹਨ। ਇਸ ਲਈ ਉਨ੍ਹਾਂ ਦੀ ਭਾਸ਼ਾ ਦੀ ਚਿੰਤਾ ਨਾ ਕਰਨਾ। ਪਰ ਪੇਂਡੂ ਵੀ ਜਦ ਉਸ ਅਚੰਭੇ ਦੇ ਜਗਤ ਵਿੱਚ ਜਾਂਦਾ ਹੈ ਤਾਂ ਮੁਖਰ (ਬੋਲਣ ਵਾਲਾ) ਹੋ ਜਾਂਦਾ ਹੈ। ਏਨੇ ਅਚੰਭੇ ਵਿੱਚ ਉਹ ਇਹ ਹੀ ਕਹਿ ਰਹੇ ਹਨ। *'ਕੇਤੇ ਪਵਣ ਪਾਣੀ ਵੈਸੰਤਰ ਕੇਤੇ ਕਾਨ ਮਹੇਸ॥'*

ਕਿੰਨੇ ਕ੍ਰਿਸ਼ਨ! ਜਦ ਤੁਹਾਨੂੰ ਵਿਖਾਈ ਪਏਗਾ, ਤਦ ਤੁਸੀਂ ਪਾਓਗੇ ਕਿ ਕਿੰਨੀਆਂ ਬੰਸਰੀਆਂ ਵੱਜ ਰਹੀਆਂ ਹਨ। ਕਿੰਨੀਆਂ ਗੋਪੀਆਂ ਦਾ ਰਾਸ ਚੱਲ ਰਿਹਾ ਹੈ। ਅਨੰਤ ਹੈ ਇਹ ਅਸਤਿੱਤਵ। ਤੁਹਾਡੀ ਧਰਤੀ ਉਤੇ ਇਹ ਸੀਮਿਤ ਨਹੀਂ ਹੈ ਅਤੇ ਤੁਸੀਂ ਤਾਂ ਇਸ ਆਕੜ ਨਾਲ ਭਰੇ ਹੋ ਕਿ ਸ਼ਾਇਦ ਇਹ ਤੁਹਾਡੇ ਉਤੇ ਹੀ ਸੀਮਿਤ ਹੈ। ਤੁਸੀਂ ਤਾਂ ਸੋਚਦੇ ਹੋ, ਸ਼ਾਇਦ ਸਾਰਾ ਨਾਚ ਤੁਹਾਡੇ ਲਈ ਹੀ ਚੱਲ ਰਿਹਾ ਹੈ।

ਅਜਿਹਾ ਹੋਇਆ ਕਿ ਇੱਕ ਪੇਂਡੂ ਨੂੰ ਗੱਡੀ ਵਿੱਚ ਬਿਨਾਂ ਟਿਕਟ ਤੋਂ ਫੜ ਲਿਆ ਅਤੇ ਉਹ ਜਿਹੜਾ ਟਿਕਟ ਚੈਕਰ ਸੀ, ਉਹ ਅੜੀਅਲ ਸੀ, ਪੇਂਡੂ ਨੇ ਬਹੁਤ ਤਰਲੇ ਮਿਨਤਾਂ ਕੀਤੀਆਂ ਤੇ ਆਪਣੀ ਪੋਟਲੀ ਖੋਲ੍ਹ ਕੇ ਵੀ ਵਿਖਾ ਦਿੱਤੀ ਕਿ ਮੇਰੇ ਕੋਲ ਕੁਝ ਨਹੀਂ ਹੈ। ਤਾਂ ਵੀ ਟਿਕਟ ਚੈਕਰ ਨੇ ਉਥੇ ਹੀ ਜ਼ੰਜੀਰ ਖਿੱਚ ਦਿੱਤੀ ਵਿਚਕਾਰ ਜੰਗਲ ਦੇ ਅਤੇ ਕਿਹਾ, ਫਿਰ ਤੂੰ ਏਥੇ ਹੀ ਉਤਰ ਜਾ। ਉਸਨੇ ਬਹੁਤ ਹੱਥ-ਪੈਰ ਜੋੜੇ ਕਿ ਮੈਨੂੰ ਅੱਗੇ ਸਟੇਸ਼ਨ 'ਤੇ ਉਤਾਰ ਦੇਣਾ। ਜਿਹੜਾ ਵੀ ਸਟੇਸ਼ਨ ਆਵੇ, ਉਤਾਰ ਦੇਣਾ। ਏਥੇ ਵਿਚਾਲੇ ਜੰਗਲ ਵਿੱਚ ਤਾਂ ਨਾ ਉਤਾਰੋ। ਲੇਕਿਨ ਉਹ ਅੜੀਅਲ ਸੀ। ਉਸ ਨੇ ਕਿਹਾ, 'ਉਤਰਨਾ ਹੀ ਪਏਗਾ'। ਆਪਣੀ ਪੋਟਲੀ ਸਾਂਭ ਕੇ, ਮੋਢੇ ਉਤੇ ਰੱਖ ਕੇ ਪੇਂਡੂ ਉਤਰ ਗਿਆ ਅਤੇ ਜਿਸ ਪਾਸੇ ਗੱਡੀ ਨੂੰ ਜਾਣਾ ਸੀ, ਉਸੇ ਪਟੜੀ 'ਤੇ ਟੂਰਨ ਲੱਗ ਪਿਆ। ਡਰਾਈਵਰ ਨੇ ਵੇਖਿਆ ਕਿ ਇੱਕ ਆਦਮੀ ਪੋਟਲੀ ਲਈ ਪਟੜੀ ਉਤੇ ਹੀ ਟੁਰਿਆ ਜਾ ਰਿਹਾ ਹੈ ਤਾਂ ਉਹ ਸੀਟੀਆਂ ਵਜਾਉਣ ਲੱਗਾ। ਪੇਂਡੂ ਨੇ ਪਿੱਛੇ ਮੁੜ ਕੇ ਜ਼ੋਰ ਨਾਲ ਕਿਹਾ, 'ਹੁਣ ਕਿੰਨੀਆਂ ਹੀ ਸੀਟੀਆਂ ਮਾਰੋ, ਮੈਂ ਚੜ੍ਹਣ ਵਾਲਾ ਨਹੀਂ। ਪਹਿਲਾਂ ਹੀ ਕਿਉਂ ਉਤਾਰਿਆ ਸੀ?

ਪੇਂਡੂ ਸੋਚ ਰਿਹਾ ਹੈ ਕਿ ਸ਼ਾਇਦ ਸੀਟੀਆਂ ਉਸ ਨੂੰ ਚੜ੍ਹਾਉਣ ਲਈ ਵਜਾਈਆਂ ਜਾ ਰਹੀਆਂ ਹਨ। ਸੀਟੀਆਂ ਤਾਂ ਹਟਾਉਣ ਲਈ ਵਜਾਈਆਂ ਜਾ ਰਹੀਆਂ ਸਨ। ਪੇਂਡੂ ਸੋਚ ਰਿਹਾ ਹੈ ਕਿ ਚੜ੍ਹਾਉਣ ਲਈ ਵਜਾਈਆਂ ਜਾ ਰਹੀਆਂ ਹਨ। ਤੁਸੀਂ ਹਟੋ, ਪਰ ਤੁਸੀਂ ਸੋਚ ਰਹੇ ਹੋ ਕਿ ਜਮੇ ਰਹੋ ਤੇ ਚੜ੍ਹ ਜਾਓ। ਤੁਸੀਂ ਮਿਟੋ, ਇਸ ਲਈ ਸੀਟੀਆਂ ਵਜਾਈਆਂ ਜਾ ਰਹੀਆਂ ਹਨ। ਤੁਸੀਂ ਰਾਹ ਵਿੱਚ ਨਾ ਆਓ। ਇਸ ਲਈ ਸੀਟੀਆਂ ਵਜਾਈਆਂ ਜਾ ਰਹੀਆਂ ਹਨ।

ਲੇਕਿਨ ਹਰ ਆਦਮੀ ਇਹ ਹੀ ਸੋਚਦਾ ਹੈ ਕਿ ਸਾਰੇ ਗੀਤ ਉਸੇ ਦੇ ਲਈ ਚੱਲ ਰਹੇ ਹਨ। ਹਰ ਆਦਮੀ ਸੋਚਦਾ ਹੈ, ਮੈਂ ਕੇਂਦਰ ਹਾਂ ਅਤੇ ਪੂਰਾ ਅਸਤਿੱਤਵ ਮੇਰੇ ਆਲੇ-ਦੁਆਲੇ ਘੁੰਮ ਰਿਹਾ ਹੈ। ਇਸ ਲਈ ਤਾਂ ਪੁਰਾਣੇ ਲੋਕਾਂ ਨੂੰ ਪਸੰਦ ਸੀ ਕਿ ਧਰਤੀ ਕੇਂਦਰ ਹੈ ਅਤੇ ਸੂਰਜ ਘੁੰਮ ਰਿਹਾ ਹੈ।

ਬਰਨਾਡ ਸ਼ਾਹ ਨੇ ਪਿੱਛੇ ਇੱਕ ਮਖੌਲ ਕੀਤਾ ਅਤੇ ਉਸ ਨੇ ਕਿਹਾ ਕਿ ਮੈਂ ਇਹ ਸਿਧਾਂਤ ਮੰਨ ਨਹੀਂ ਸਕਦਾ ਕਿ ਧਰਤੀ ਸੂਰਜ ਦਾ ਚੱਕਰ ਲਾਉਂਦੀ ਹੈ, ਮੰਨ ਹੀ ਨਹੀਂ ਸਕਦਾ। ਇਹ ਸਿਧਾਂਤ ਗ਼ਲਤ ਹੈ। ਕਿਸੇ ਨੇ ਸਭਾ ਵਿੱਚ ਖਲੋ ਕੇ ਪੁੱਛਿਆ ਕਿ ਵੀਹਵੀਂ ਸਦੀ ਵਿੱਚ ਨਿੱਕੇ-ਨਿੱਕੇ ਬੱਚੇ ਵੀ ਜਾਣਦੇ ਹਨ ਕਿ ਧਰਤੀ ਚੱਕਰ ਲਾ ਰਹੀ ਹੈ ਅਤੇ ਤੁਹਾਡੇ ਕੋਲ ਕੀ ਪ੍ਰਮਾਣ ਹੈ? ਵਿਗਿਆਨ ਨੇ ਇਹ ਸਿੱਧ ਕਰ ਦਿੱਤਾ ਹੈ। ਬਰਨਾਡ ਸ਼ਾਹ ਨੇ ਕਿਹਾ, ਪ੍ਰਮਾਣ ਦੀ ਕੌਣ ਫ਼ਿਕਰ ਕਰਦਾ ਹੈ? ਪ੍ਰਮਾਣ ਇਹ ਹੈ ਕਿ ਬਰਨਾਡ ਸ਼ਾਹ ਜਿੱਥੇ ਰਹਿੰਦਾ ਹੈ, ਉਹ ਧਰਤੀ ਕਿਸੇ ਚੀਜ਼ ਦੇ ਚੱਕਰ ਨਹੀਂ ਲਾ ਸਕਦੀ। ਸੂਰਜ ਹੀ ਚੱਕਰ ਲਾ ਰਿਹਾ ਹੈ।

ਉਹ ਮਜ਼ਾਕ ਸਾਡੇ ਸਾਰਿਆਂ ਦੇ ਹੰਕਾਰ ਵੱਲ ਕਰ ਰਿਹਾ ਹੈ। ਤੁਸੀਂ ਵੀ ਮੰਨ ਨਹੀਂ ਸਕਦੇ ਕਿ ਤੁਹਾਡੇ ਧਰਤੀ ਅਤੇ ਚੱਕਰ ਲਾ ਸਕਦੀ ਹੈ।

ਇਸ ਲਈ ਆਦਮੀ ਨੇ ਬਹੁਤ ਉਪੱਦਰ ਮਚਾਇਆ, ਚਰਚਾਂ ਨੇ ਬਹੁਤ ਵਿਰੋਧ ਕੀਤਾ, ਪਾਦਰੀ ਬਹੁਤ ਖਿਲਾਫ਼ ਹੋਏ, ਪੋਪਾਂ ਨੇ ਬਹੁਤ ਨਕਾਰਿਆ, ਕਿ ਨਹੀਂ। ਇਹ ਸਿਧਾਂਤ ਅਸੀਂ ਮੰਨ ਨਹੀਂ ਸਕਦੇ। ਗਲੈਲਿਓ ਦੀ ਮਾਫ਼ੀ ਵੀ ਬਹੁਤ ਅਦਭੁੱਤ ਹੈ। ਉਸ ਨੇ ਮਾਫ਼ੀ ਮੰਗੀ। ਉਹ ਬਹੁਤ ਹੁਸ਼ਿਆਰ ਆਦਮੀ ਸੀ। ਬਹੁਤ ਸੱਚਾ ਆਦਮੀ ਸੀ ਅਤੇ ਸ਼ਹੀਦ ਹੋਣ ਦੀ ਉਸ ਨੂੰ ਵਿਅਰਥ ਕੋਈ ਚਿੰਤਾ ਨਹੀਂ ਸੀ। ਨਾ ਸ਼ਹੀਦ ਹੋਣਾ ਚਾਹੁੰਦਾ ਸੀ ਅਤੇ ਨਾ ਹੀ ਡਰਦਾ ਸੀ ਕਿ ਸ਼ਹੀਦ ਹੋ ਜਾਵਾਂ ਤਾਂ ਕੋਈ ਹਰਜ਼ਾ ਹੈ। ਉਸ ਨੇ ਕਿਹਾ, ਜੇਕਰ ਤੁਸੀਂ ਕਹਿੰਦੇ ਹੋ ਤਾਂ ਮੈਂ ਕਹਿ ਦਿੰਦਾ ਹਾਂ ਕਿ ਧਰਤੀ ਚੱਕਰ ਨਹੀਂ ਲਾਉਂਦੀ, ਸੂਰਜ ਹੀ ਧਰਤੀ ਦਾ ਚੱਕਰ ਲਾਉਂਦਾ ਹੈ, ਪਰ ਮੇਰੇ ਕਹਿਣ ਨਾਲ ਕੀ ਹੋਣ ਵਾਲਾ ਹੈ? ਇਸ ਨਾਲ ਕੀ, ਤੁਸੀਂ ਕਹੋ ਤਾਂ ਮੈਂ ਕਹਿ ਦੇਂਦਾ ਹਾਂ, ਲਿਖ ਕੇ ਦਸਖ਼ਤ ਕਰ ਦਿੰਦਾ ਹਾਂ, ਪਰ ਮੇਰੀ ਕੋਈ ਚੱਲਦੀ ਹੈ? ਅਤੇ ਇਹ ਕੋਈ ਸਿਧਾਂਤ ਮੈਂ ਥੋੜ੍ਹੇ ਹੀ ਘੜਿਆ ਹੈ ਕਿ ਮੈਂ ਨਾਂਹ ਕਰ ਦਿਆਂ ਤਾਂ ਸਿਧਾਂਤ ਟੁੱਟ ਜਾਏਗਾ। ਅਜਿਹਾ ਹੋ ਰਿਹਾ ਹੈ। ਇਹਦੇ ਵਿੱਚ ਹਜ਼ਾਰ ਗਲੈਲਿਓ ਵੀ ਕਹਿ ਦੇਣ ਕਿ ਨਹੀਂ, ਹੋ ਰਿਹਾ ਹੈ। ਕੋਈ ਫ਼ਰਕ ਨਹੀਂ ਪਏਗਾ।

ਕਾਰਣ ਇਹ ਸੀ ਕਿ ਆਦਮੀ ਨੇ ਸਦਾ ਇਹ ਹੀ ਸੋਚਿਆ ਹੈ ਅਤੇ ਕ੍ਰਿਸ਼ਚਿਯਨਿਟੀ ਇਸ ਸੰਬੰਧ ਵਿੱਚ ਹਿੰਦੂ-ਵਿਚਾਰ ਤੋਂ ਬਹੁਤ ਦੀਨ-ਦਰਿਦ੍ਰ ਹੈ।

ਹਿੰਦੂਆਂ ਦੀ ਵੱਡੀ ਪੁਰਾਣੀ ਧਾਰਣਾ ਇਹ ਹੀ ਹੈ ਕਿ ਅਨੰਤ ਧਰਤੀਆਂ ਹਨ। ਕੋਈ ਸਾਡੀ ਧਰਤੀ ਨੇ ਠੇਕਾ ਨਹੀਂ ਲੈ ਰੱਖਿਆ ਹੈ। ਹੁਣ ਤਾਂ ਵਿਗਿਆਨ ਵੀ ਕਹਿੰਦਾ ਹੈ ਕਿ ਘੱਟੋ ਘੱਟ ਪੰਜਾਹ ਹਜ਼ਾਰ ਧਰਤੀਆਂ ਹਨ, ਜਿਨ੍ਹਾਂ ਉਤੇ ਜੀਵਨ ਦੀ ਸੰਭਾਵਨਾ ਹੈ। ਪਰ ਹਿੰਦੂ ਸਦਾ ਤੋਂ ਕਹਿੰਦੇ ਰਹੇ ਹਨ, ਅਨੰਤ ਧਰਤੀਆਂ ਹਨ, ਅਨੰਤ ਜੂਨੀਆਂ ਹਨ ਅਤੇ ਏਥੇ ਹੀ ਸਭ ਕੁਝ ਸਮਾਪਤ ਨਹੀਂ ਹੋ ਜਾਂਦਾ ਹੈ। ਇਹ ਧਰਤੀ ਤਾਂ ਨਾ ਕੁਝ ਹੈ। ਸੂਰਜ ਇਸ ਤੋਂ ਸੱਠ ਹਜ਼ਾਰ ਗੁਣਾਂ ਵੱਡਾ ਹੈ ਅਤੇ ਸੂਰਜ ਹੋਰ ਦੂਜੇ ਸੂਰਜਾਂ ਦੇ ਸ਼ਾਹਮਣੇ ਨਾ ਕੁਝ ਹੈ। ਉਸ ਤੋਂ ਕਰੋੜਾਂ-ਕਰੋੜਾਂ ਗੁਣਾਂ ਵੱਡੇ ਸੂਰਜ ਹਨ। ਹੁਣ ਤਾਂ ਵਿਗਿਆਨ ਵੀ ਮਨਜ਼ੂਰੀ ਦਿੰਦਾ ਹੈ, ਕਿ ਸਾਡਾ ਸੂਰਜ ਬਹੁਤ ਮੀਡਿਯਾਕਰ, ਬਹੁਤ ਦਰਮਿਆਨੇ ਤਬਕੇ ਦਾ ਹੈ। ਕੋਈ ਬਹੁਤ ਵੱਡਾ ਸੂਰਜ ਨਹੀਂ ਹੈ। ਤਾਂ ਸਾਡੀ ਧਰਤੀ ਦੀ ਕੀ ਗਿਣਤੀ।

ਰਸਲ ਨੇ ਇੱਕ ਨਿੱਕੀ ਜਿਹੀ ਕਹਾਣੀ ਲਿਖੀ ਹੈ ਕਿ ਇੱਕ ਪਾਦਰੀ ਨੇ ਰਾਤ ਸੁਫ਼ਨਾ ਵੇਖਿਆ ਕਿ ਉਹ ਮਰ ਗਿਆ। ਤਾਂ ਉਸ ਨੇ ਜਾ ਕੇ ਸਵਰਗ ਦੇ ਦਰਵਾਜ਼ੇ 'ਤੇ ਦਸਤਕ ਦਿੱਤੀ। ਪਰ ਉਹ ਬਹੁਤ ਹੈਰਾਨ ਹੋਇਆ। ਉਸ ਨੇ ਸੋਚਿਆ ਸੀ ਕਿ ਉਹ ਏਨਾ ਧਰਮਾਤਮਾ ਹੈ। ਏਨੀ ਸੇਵਾ ਕੀਤੀ ਉਸ ਨੇ ਹਸਪਤਾਲਾਂ ਵਿੱਚ, ਸਕੂਲਾਂ ਵਿੱਚ, ਹਜ਼ਾਰ ਤਰ੍ਹਾਂ ਦੇ ਮਰੀਜ਼ਾਂ ਦੇ ਪੈਰ ਦੱਬੇ, ਤਾਂ ਪਰਮਾਤਮਾ ਤਾਂ ਦਰਵਾਜ਼ੇ ਉਤੇ ਜ਼ਰੂਰ ਖਲੋਤਾ ਹੋਏਗਾ ਸਵਾਗਤ ਲਈ। ਉਥੇ ਕੋਈ ਵੀ ਨਹੀਂ ਸੀ। ਦਰਵਾਜ਼ਾ ਬੰਦ ਸੀ ਅਤੇ ਦਰਵਾਜ਼ਾ ਏਨਾ ਵੱਡਾ ਸੀ ਕਿ ਉਸ ਨੇ ਬਹੁਤ ਵੇਖਣ ਦੀ ਕੋਸ਼ਿਸ਼ ਕੀਤੀ ਤਾਂ ਵੀ ਉਸ ਦਾ ਕੋਈ ਓਰ-ਛੋਰ ਵਿਖਾਈ ਨਹੀਂ ਦਿੱਤਾ। ਉਸ ਨੇ ਬਹੁਤ ਰੌਲਾ ਪਾਇਆ, ਪਰ ਦਰਵਾਜ਼ਾ ਏਨਾ ਵੱਡਾ ਸੀ ਕਿ ਉਸ ਨੂੰ ਸਾਫ਼ ਪਤਾ ਚੱਲ ਗਿਆ ਕਿ ਮੇਰੀ ਆਵਾਜ਼ ਅੰਦਰ ਪੁੱਜ ਨਹੀਂ ਸਕਦੀ, ਵੱਡਾ ਦਰਵਾਜ਼ਾ ਹੈ। ਉਸ ਨੂੰ ਖ਼ੁਦ ਨੂੰ ਹੀ ਆਪਣੀ ਆਵਾਜ਼ ਪਰਤਦੀ ਹੋਈ ਮਾਲੂਮ ਨਹੀਂ ਪਈ। ਆਵਾਜ਼ ਵਾਪਸ ਹੀ ਨਾ ਪਰਤੇ। ਸਿਰ ਮਾਰ ਕੇ ਥੱਕ ਗਿਆ। ਜਿਵੇਂ ਕੋਈ ਕੀੜੀ ਤੁਹਾਡੇ ਦਰਵਾਜ਼ੇ 'ਤੇ ਸਿਰ ਮਾਰ ਕੇ ਥੱਕ ਜਾਏ, ਕਿਤੇ ਆਵਾਜ਼ ਪੁੱਜਦੀ ਹੈ? ਸਾਰਾ ਹੰਕਾਰ ਮਿੱਟੀ ਵਿੱਚ ਮਿਲ ਗਿਆ। ਸੋਚਿਆ ਸੀ, ਸਵਰਗ ਦੇ ਦਰਵਾਜ਼ੇ 'ਤੇ ਪਰਮਾਤਮਾ ਸਵਾਗਤ ਦੇ ਲਈ ਮਿਲੇਗਾ। ਏਨਾ ਮੈਂ ਦਾਨ ਕੀਤਾ, ਪੁੰਨ ਕੀਤਾ, ਸੇਵਾ ਕੀਤੀ, ਧਰਮ ਕੀਤਾ, ਪੂਜਾ-ਪ੍ਰਾਰਥਨਾ ਕੀਤੀ, ਹਜ਼ਾਰਾਂ ਲੋਕਾਂ ਨੂੰ ਈਸਾਈ ਬਣਾਇਆ ਅਤੇ ਇਥੇ ਕੋਈ ਪੁੱਛ-ਗਿਛ ਹੀ ਨਹੀਂ ਹੈ। ਇਹ ਕੀ ਗ਼ਜ਼ਬ ਹੋ ਰਿਹਾ ਹੈ?

ਬੜੀ ਮੁਸ਼ਕਿਲ ਨਾਲ ਅਨੰਤ ਜਨਮ ਬੀਤ ਜਾਣ ਤੋਂ ਬਾਅਦ, ਤਦ ਤੱਕ ਤਾਂ ਉਹ ਭੁੱਲ ਹੀ ਚੁੱਕਿਆ ਸੀ, ਸੁਕੜਿਆ-ਮੁਕੜਿਆ ਉਥੇ ਹੀ ਬੈਠਾ ਸੀ—ਦਰਵਾਜ਼ਾ ਖੁੱਲ੍ਹਿਆ ਅਤੇ ਇੱਕ ਹਜ਼ਾਰ ਅੱਖਾਂ ਵਾਲਾ ਆਦਮੀ ਬੜੇ ਗ਼ੌਰ ਨਾਲ ਵੇਖਣ ਲੱਗਾ,

ਜਿਵੇਂ ਕੋਈ ਦੂਰਬੀਨ ਨਾਲ ਕੀੜੇ ਮਕੌੜੇ ਨੂੰ ਵੇਖੇ। ਉਹ ਹੋਰ ਵੀ ਸੁੰਗੜ ਗਿਆ। ਉਸ ਨੇ ਸਮਝਿਆ ਕਿ ਇਹ ਹੀ ਪਰਮਾਤਮਾ ਹੈ ਅਤੇ ਕਿਹਾ ਕਿ ਹੇ ਪਰਮਾਤਮਾ! ਏਨੇ ਜ਼ੋਰ ਨਾਲ ਨਾ ਵੇਖੋ, ਤੁਹਾਡੀਆਂ ਅੱਖਾਂ ਮੈਨੂੰ ਡਰਾਉਂਦੀਆਂ ਨੇ। ਕਿਉਂਕਿ ਇੱਕ-ਇੱਕ ਅੱਖ ਸੂਰਜ ਦੇ ਵਾਂਗ ਸੀ। ਵੇਖਣਾ ਮੁਸ਼ਕਿਲ ਸੀ। ਉਹ ਆਦਮੀ ਹੱਸਿਆ ਅਤੇ ਉਸ ਨੇ ਕਿਹਾ, "ਮੈਂ ਪਰਮਾਤਮਾ ਨਹੀਂ, ਇਥੇ ਦਾ ਪਹਿਰੇਦਾਰ ਹਾਂ ਅਤੇ ਤੂੰ ਇਥੇ ਕੀ ਕਰ ਰਿਹਾ ਹੈਂ?"

ਉਸ ਦੀ ਤਾਂ ਹਿੰਮਤ ਹੀ ਟੁੱਟ ਗਈ। ਇਹ ਪਹਿਰੇਦਾਰ ਹੈ। ਉਹ ਤਾਂ ਸਮਝਿਆ ਕਿ ਪਰਮਾਤਮਾ ਹੈ। ਹੁਣ ਪਰਮਾਤਮਾ ਦਾ ਸਾਹਮਣਾ ਕਰਨਾ ਤਾਂ ਮੁਸ਼ਕਿਲ ਮਾਮਲਾ ਹੈ। ਹਜ਼ਾਰ ਸੂਰਜ ਅੱਖਾਂ ਵਾਲਾ ਆਦਮੀ, ਹਜ਼ਾਰ ਅੱਖਾਂ ਵਾਲਾ ਇਹ ਆਦਮੀ ਪਹਿਰੇਦਾਰ ਹੈ। ਉਸ ਨੇ ਕਿਹਾ ਕਿ ਮੈਂ ਧਰਤੀ ਤੋਂ ਆਇਆ ਹਾਂ ਅਤੇ ਧਰਤੀ 'ਤੇ ਮੇਰੇ ਚਰਚ ਦੀ ਵੱਡੀ ਮਹਿਮਾ ਹੈ। ਮੈਂ ਜੀਸਸ ਨੂੰ ਮੰਨਣ ਵਾਲਾ ਹਾਂ, ਭਗਤ ਹਾਂ। ਹਿੰਮਤ ਤਾਂ ਟੁੱਟਦੀ ਜਾ ਰਹੀ ਸੀ ਉਸਦੀ, ਕਿਉਂਕਿ ਉਸਦੇ ਚਿਹਰੇ ਉਤੇ ਕੋਈ ਭਾਵ ਹੀ ਨਹੀਂ ਆ ਰਿਹਾ ਸੀ। ਉਹ ਕਹਿ ਰਿਹਾ ਸੀ, 'ਜੀਸਸ, ਧਰਤੀ.....?'

ਉਸ ਨੇ ਕਿਹਾ, ਤੂੰ ਕਿਹੜੀ ਧਰਤੀ ਦੀ ਗੱਲ ਕਰ ਰਿਹਾ ਹੈਂ? ਇਨਡੈਕਸ ਨੰਬਰ? ਧਰਤੀਆਂ ਅਨੰਤ ਹਨ। ਕਿਹੜੀ ਧਰਤੀ ਤੋਂ ਆ ਰਿਹਾ ਹੈਂ? ਅਤੇ ਕਿਹੜੇ ਜੀਸਸ ਦੀ ਗੱਲ ਕਰ ਰਿਹਾ ਹੈਂ? ਹਰ ਧਰਤੀ ਦੇ ਆਪਣੇ-ਆਪਣੇ ਜੀਸਸ ਹਨ।

ਸੋਚੋ ਤੁਸੀਂ ਉਸ ਪਾਦਰੀ ਦੀ ਕੀ ਗਤ ਹੋਈ ਹੋਵੇਗੀ। ਉਸ ਨੇ ਕਿਹਾ ਕਿ ਮੈਂ ਉਸੇ ਜੀਸਸ ਦੀ ਗੱਲ ਕਰ ਰਿਹਾ ਹਾਂ ਜਿਹੜਾ ਪਰਮਾਤਮਾ ਦਾ ਇਕਲੌਤਾ ਪੁੱਤਰ ਹੈ। ਉਸ ਨੇ ਕਿਹਾ ਕਿ ਤੂੰ ਪਾਗ਼ਲ ਹੋਇਆ ਹੈਂ? ਸਾਰੀਆਂ ਧਰਤੀਆਂ 'ਤੇ ਇਹੋ ਜਿਹੇ ਅਨੰਤ ਜੀਸਸ ਪੈਦਾ ਹੁੰਦੇ ਹਨ ਤੇ ਉਨ੍ਹਾਂ ਦੇ ਭਗਤ ਸਾਰੀਆਂ ਥਾਵਾਂ 'ਤੇ ਅਜਿਹਾ ਹੀ ਦਾਵਾ ਕਰਦੇ ਹਨ। ਪਰ ਹਿਸਾਬ ਮਿਲ ਜਾਏਗਾ, ਤੂੰ ਪਹਿਲਾਂ ਨੰਬਰ ਦੱਸ, ਉਸ ਨੇ ਕਿਹਾ, ਅਸੀਂ ਤਾਂ ਕਦੇ ਸੋਚਦੇ ਹੀ ਨਹੀਂ ਨੰਬਰ। ਅਸੀਂ ਤਾਂ ਸਮਝਦੇ ਰਹੇ ਕਿ ਇੱਕ ਹੀ ਧਰਤੀ ਹੈ। ਤਾਂ ਤੂੰ ਆਪਣੇ ਸੂਰਜ ਦਾ ਨੰਬਰ ਦੱਸ ਕਿ ਤੂੰ ਕਿਹੜੇ ਸੂਰਜ ਗ੍ਰਹਿ ਤੋਂ ਆ ਰਿਹਾ ਹੈਂ?

ਉਸ ਨੇ ਕਿਹਾ ਕਿ ਅਸੀਂ ਤਾਂ ਇੱਕ ਹੀ ਸੂਰਜ ਨੂੰ ਜਾਣਦੇ ਹਾਂ, ਔਖਿਆਈ ਹੈ, ਪਰ ਫ਼ਿਰ ਵੀ ਤੂੰ ਠਹਿਰ। ਖੋਜ-ਬੀਨ ਕਰਨ ਨਾਲ ਪਤਾ ਲੱਗ ਸਕੇਗਾ।

ਫ਼ਿਰ ਕਹਿੰਦੇ ਹਨ ਅਨੰਤ ਕਾਲ ਬੀਤ ਗਏ, ਉਹ ਆਦਮੀ ਪਰਤਿਆ ਹੀ ਨਹੀਂ। ਕਿਉਂਕਿ ਖੋਜ-ਬੀਨ ਕੋਈ ਨਿੱਕੀ ਹੈ। ਉਹ ਪਤਾ ਕਰੇਗਾ, ਜਾ ਕੇ ਲਾਏਬ੍ਰੇਰੀਅਨ ਨੂੰ ਮਿਲੇਗਾ, ਇੰਨਡੈਕਸ ਨੰਬਰ ਲੱਭੇਗਾ ਅਤੇ ਇਸ ਨੂੰ ਕੁਝ ਵੀ ਪਤਾ ਨਹੀਂ, ਇਹ

ਆਦਮੀ ਆਇਆ ਹੈ। ਪਰ ਉਸਦੀ ਆਸ ਤਾਂ ਮਿੱਟੀ 'ਚ ਮਿਲ ਗਈ ਕਿ ਹੁਣ ਇਥੇ ਕੁਝ ਪ੍ਰਵੇਸ਼ ਵਗੈਰਾ, ਸਵਾਗਤ ਬੈਂਡ ਵਾਜਾ ਜੋ ਉਸ ਨੇ ਸਭ ਸੋਚ ਰੱਖਿਆ ਸੀ, ਅਤੇ ਪਰਮਾਤਮਾ ਦੇ ਬਿਲਕੁਲ ਬਗਲ ਵਿੱਚ ਬੈਠਾਂਗਾ, ਸਭ ਜਾ ਚੁੱਕਿਆ। ਇਸੇ ਘਬਰਾਹਟ ਵਿੱਚ, ਪਸੀਨੇ ਨਾਲ ਲੱਥ-ਪੱਥ ਉਸਦੀ ਨੀਂਦ ਖੁੱਲ੍ਹ ਗਈ। ਇਹ ਤਾਂ ਸੁਫ਼ਨਾ ਸੀ। ਪਰ ਉਸ ਦਿਨ ਤੋਂ ਬਾਦ ਉਸ ਦੀ ਹਿੰਮਤ ਟੁੱਟ ਗਈ ਅਤੇ ਇਹ ਸੁਫ਼ਨਾ ਸੱਚ ਹੈ। ਇਸੇ ਸੁਫ਼ਨੇ ਦੀ ਸਚਾਈ ਦੀ ਗੱਲ ਨਾਨਕ ਕਰ ਰਹੇ ਹਨ।

ਨਾਨਕ ਕਹਿੰਦੇ ਹਨ ਕਿ ਕਿੰਨੇ ਪਵਣ, ਕਿੰਨੇ ਪਾਣੀ, ਕਿੰਨੀਆਂ ਅੱਗਾਂ, ਕਿੰਨੇ ਉਨ੍ਹਾਂ ਦੇ ਦੇਵਤੇ, ਕਿੰਨੇ ਕ੍ਰਿਸ਼ਨ, ਕਿੰਨੇ ਮਹੇਸ਼। ਜੇਕਰ ਨਾਨਕ ਤੋਂ ਪੁੱਛਿਆ ਹੁੰਦਾ ਉਹ ਪਾਦਰੀ ਨੇ ਤਾਂ ਉਹ ਕਹਿੰਦੇ, ਕਿੰਨੇ ਜੀਸਸ, ਕਿੰਨੇ ਕ੍ਰਿਸ਼ਨ, ਕਿੰਨੇ ਮਹੇਸ਼, ਕਿੰਨੇ ਬ੍ਰਹਮਾ, ਕਿੰਨੀਆਂ ਰਚਨਾਵਾਂ। ਕਿੰਨੇ ਰੰਗ-ਰੂਪ, ਭੇਸ਼, ਕਿੰਨੀਆਂ ਕਰਮ ਭੂਮੀਆਂ, ਕਿੰਨੇ ਸੁਮੇਰ ਪਰਬਤ, ਕਿੰਨੇ ਧ੍ਰੁਵ, ਕਿੰਨੇ ਉਪਦੇਸ਼, ਕਿੰਨੇ ਚੰਨ, ਕਿੰਨੇ ਸੂਰਜ, ਕਿੰਨੇ ਮੰਡਲ, ਕਿੰਨੇ ਦੇਸ। ਕਿੰਨੇ-ਸਿੱਧ, ਬੁੱਧ, ਕਿੰਨੇ ਨਾਥ, ਕਿੰਨੀਆਂ ਦੇਵੀਆਂ ਦੇ ਭੇਸ। ਕਿੰਨੇ ਦੇਵਤਾ-ਦਾਨਵ, ਕਿੰਨੇ ਮੁਨੀ, ਕਿੰਨੇ ਰਤਨ ਸਮੁੰਦ। ਕਿੰਨੀਆਂ ਹੀ ਜੂਨੀਆਂ। ਕਿੰਨੀਆਂ ਹੀ ਬਾਣੀਆਂ। ਕਿੰਨੇ ਬਾਦਸ਼ਾਹ, ਕਿੰਨੇ ਸਮਰਾਟ, ਕਿੰਨੀਆਂ ਸਰੂਤੀਆਂ, ਕਿੰਨੇ ਸੇਵਕ, ਨਾਨਕ ਕਹਿੰਦੇ ਹਨ, ਇਸ ਦਾ ਅੰਤ ਨਹੀਂ ਹੈ, ਅੰਤ ਨਹੀਂ ਹੈ।

*"ਕੇਤੀਆ ਸੁਰਤੀ ਸੇਵਕ ਕੇਤੇ ਨਾਨਕ ਅੰਤੁ ਨ ਅੰਤੁ॥"*

ਨਾਨਕ ਸਿਰਫ ਆਪਣੀ ਹੈਰਾਨਗੀ ਨੂੰ ਪ੍ਰਗਟ ਕਰ ਰਹੇ ਹਨ। ਇਸੇ ਹੈਰਾਨਗੀ ਤੋਂ ਲੱਜਾ ਪੈਦਾ ਹੋਏਗੀ, ਦਾਵੇ ਮਿਟ ਜਾਣਗੇ, ਕੀ ਦਾਵਾ ਕਰੀਏ?

ਬਹੁਤ ਪ੍ਰਸਿੱਧ ਘਟਨਾ ਹੈ ਕਿ ਇੱਕ ਬਹੁਤ ਅਮੀਰ ਆਦਮੀ, ਯੂਨਾਨ ਦਾ ਸਭ ਤੋਂ ਵੱਡਾ ਅਮੀਰ ਆਦਮੀ, ਸੁਕਰਾਤ ਨੂੰ ਮਿਲਣ ਗਿਆ, ਤਾਂ ਉਹ ਹੀ ਆਕੜ! ਉਸਦੀ ਆਕੜ ਤਾਂ ਸੁਭਾਵਿਕ ਸੀ। ਜਿਸਦੇ ਕੋਲ ਕੁਝ ਨਹੀਂ ਹੈ ਆਕੜਦੇ ਉਹ ਹੀ ਹਨ। ਉਸਦੇ ਕੋਲ ਤਾਂ ਬਹੁਤ ਕੁਝ ਸੀ। ਏਥੈਂਸ ਵਿੱਚ ਉਹ ਸਭ ਤੋਂ ਵੱਡਾ ਅਮੀਰ ਸੀ। ਸੁਕਰਾਤ ਨੇ ਕੁਝ ਖਾਸ ਧਿਆਨ ਹੀ ਨਹੀਂ ਦਿੱਤਾ। ਤਾਂ ਉਸ ਨੇ ਕਿਹਾ, 'ਜਾਣਦੇ ਹੋ ਮੈਂ ਕੌਣ ਹਾਂ?' ਸੁਕਰਾਤ ਨੇ ਕਿਹਾ, 'ਬੈਠੋ, ਸਮਝਣ ਦੀ ਕੋਸ਼ਿਸ਼ ਕਰੀਏ'। ਉਸ ਨੇ ਸਾਰੀ ਦੁਨੀਆਂ ਦਾ ਨਕਸ਼ਾ ਸਾਹਮਣੇ ਰਖਵਾ ਲਿਆ।

ਫਿਰ ਉਸ ਅਮੀਰ ਆਦਮੀ ਨੂੰ ਕਿਹਾ, "ਏਥੈਂਸ ਕਿੱਥੇ ਹੈ?" ਤਾਂ ਏਥੈਂਸ ਤਾਂ ਇੱਕ ਬਿੰਦੂ ਹੈ ਦੁਨੀਆਂ ਦੇ ਨਕਸ਼ੇ 'ਤੇ। ਅਮੀਰ ਨੇ ਟੋਲ੍ਹ-ਟਾਲ ਕੇ ਏਥੈਂਸ ਦੇ ਬਿੰਦੂ ਉਤੇ ਉਂਗਲੀ ਰੱਖੀ ਅਤੇ ਕਿਹਾ, ਇਹ ਰਿਹਾ ਏਥੈਂਸ।' ਇਸ ਏਥੈਂਸ ਵਿੱਚ ਤੇਰਾ ਮਹਿਲ ਕਿੱਥੇ ਹੈ? ਉਹ ਤਾਂ ਬਿੰਦੂ ਹੀ ਸੀ, ਉਸਦੇ ਵਿੱਚ ਮਹਿਲ ਕਿੱਥੇ ਦੱਸੇ। ਉਸ ਨੇ ਕਿਹਾ, ਇਸਦੇ

ਵਿੱਚ ਮਹਿਲ ਕਿੱਥੇ ਦੱਸਾਂ? ਸੁਕਰਾਤ ਨੇ ਕਿਹਾ, ਇਸ ਮਹਿਲ ਵਿੱਚ ਤੂੰ ਕਿੱਥੇ ਹੈਂ? ਅਤੇ ਇਹ ਨਕਸ਼ਾ ਕੇਵਲ ਧਰਤੀ ਦਾ ਹੈ। ਅਨੰਤ ਧਰਤੀਆਂ ਹਨ, ਅਨੰਤ ਸੂਰਜ ਹਨ, ਤੁਸੀਂ ਹੋ ਕੌਣ, ਕਹਿੰਦੇ ਹਨ, ਜਦ ਉਹ ਜਾਣ ਲੱਗਾ, ਤਾਂ ਸੁਕਰਾਤ ਨੇ ਨਕਸ਼ਾ ਉਸ ਨੂੰ ਭੇਟ ਕਰ ਦਿੱਤਾ ਕਿ ਇਸ ਨੂੰ ਸਦਾ ਆਪਣੇ ਕੋਲ ਰੱਖੀਂ ਅਤੇ ਜਦ ਵੀ ਆਕੜ ਫੜੇ ਕਿ ਮੈਂ ਕੌਣ ਹਾਂ, ਨਕਸ਼ਾ ਖੋਲ੍ਹ ਕੇ ਵੇਖ ਲੈਣਾ—ਕਿੱਥੇ ਏਥੈਂਸ, ਕਿੱਥੇ ਮੇਰਾ ਮਹਿਲ? ਮੈਂ ਕੌਣ ਹਾਂ? ਆਪਣੇ ਕੋਲੋਂ ਪੁੱਛ ਲੈਣਾ।

ਅਸੀਂ ਨਾ ਕੁਝ ਹਾਂ। ਸਭ ਕੁਝ ਹੋਣ ਦੀ ਆਕੜ ਨੇ ਸਾਨੂੰ ਫੜਿਆ ਹੈ। ਉਹ ਹੀ ਸਾਡਾ ਦੁੱਖ ਹੈ, ਉਹ ਹੀ ਸਾਡਾ ਨਰਕ ਹੈ। ਜਿਸ ਦਿਨ ਤੁਸੀਂ ਜਾਗੋਗੇ ਅਤੇ ਚਾਰੇ ਪਾਸੇ ਵੇਖੋਗੇ, ਕੀ ਕਹਿ ਸਕੋਗੇ ਕੌਣ ਹੋ ਤੁਸੀਂ? ਤੁਸੀਂ ਗੁਆਚਦੇ ਜਾਓਗੇ, ਗੁਆਚਦੇ ਜਾਓਗੇ, ਤੁਸੀਂ ਇਧਰ ਛੋਟੇ ਹੋਵੋਗੇ, ਉਧਰ ਪਰਮਾਤਮਾ ਦੀ ਵਿਰਾਟਤਾ ਪ੍ਰਗਟ ਹੋਏਗੀ। ਉਧਰ ਉਸਦਾ ਵਿਰਾਟ ਰੂਪ ਪ੍ਰਗਟ ਹੋਏਗਾ। ਇਧਰ ਤੁਸੀਂ ਸ਼ੂਨਯ ਹੁੰਦੇ ਜਾਓਗੇ। ਉਹ ਤਦੇ ਪ੍ਰਗਟ ਹੋਏਗਾ, ਜਦ ਤੁਸੀਂ ਬਿਲਕੁਲ ਸ਼ੂਨਯ ਹੋ ਜਾਓਗੇ।

ਅਤੇ ਹੈਰਾਨਗੀ ਤੁਹਾਨੂੰ ਮਿਟਾਏਗੀ। ਹੈਰਾਨਗੀ ਆਤਮ ਘਾਤ ਹੈ। ਸ਼ਰੀਰ ਦਾ ਹੀ ਨਹੀਂ, ਪੂਰਾ ਹੀ ਆਤਮ ਘਾਤ ਹੈ। ਪੂਰੇ ਹੰਕਾਰ ਦੀ ਮੌਤ ਹੋ ਜਾਂਦੀ ਹੈ। ਇਸ ਲਈ ਤੁਸੀਂ ਜਵਾਬ ਚਾਹੁੰਦੇ ਹੋ। ਗਿਆਨੀ ਤੁਹਾਨੂੰ ਸਵਾਲ ਦਿੰਦੇ ਹਨ ਅਤੇ ਗਿਆਨੀ ਤੁਹਾਨੂੰ ਅਜਿਹੇ ਸਵਾਲ ਦਿੰਦੇ ਹਨ, ਜਿਨ੍ਹਾਂ ਦੇ ਜਵਾਬ ਹੋ ਹੀ ਨਹੀਂ ਸਕਦੇ। ਤਾਂ ਕਿ ਤੁਸੀਂ ਕਦੇ ਆਕੜ ਨਾ ਕਰ ਸਕੋ।

ਜ਼ਰਾ ਜਾਗ ਕੇ, ਅੱਖਾਂ ਦੀ ਧੂੜ ਝਾੜ ਕੇ ਵੇਖੋ ਚਾਰੇ ਪਾਸੇ, ਕੀ ਜਵਾਬ ਆਦਮੀ ਦੇ ਕੋਲ ਹੈ? ਵਿਗਿਆਨ ਨੇ ਏਨੇ ਜਵਾਬ ਲੱਭੇ ਹਨ, ਪਰ ਕਿਹੜਾ ਜਵਾਬ, ਜਵਾਬ ਹੈ? ਕੋਈ ਜਵਾਬ, ਜਵਾਬ ਨਹੀਂ ਹੈ। ਸਾਰੇ ਜਵਾਬ ਸਵਾਲ ਨੂੰ ਇੱਕ ਕਦਮ ਹੋਰ ਪਿੱਛੇ ਹਟਾ ਦਿੰਦੇ ਹਨ, ਹੋਰ ਕੁਝ ਵੀ ਨਹੀਂ ਹੁੰਦਾ।

ਇੱਕ ਬੱਚੇ ਨੇ ਬਗੀਚੇ ਵਿੱਚ ਘੁੰਮਦੇ ਵੇਲੇ ਡੀ. ਐਚ. ਲਾਰੰਸ ਕੋਲੋਂ ਪੁੱਛਿਆ, **Why are the trees green?** ਇਹ ਦਰੱਖਤ ਹਰੇ ਕਿਉਂ ਹਨ? ਡੀ. ਐਚ. ਲਾਰੰਸ ਨੂੰ ਜਵਾਬ ਨਹੀਂ ਪਤਾ ਸੀ, ਅਜਿਹਾ ਨਹੀਂ ਹੈ। ਜਵਾਬ ਸਾਧਾਰਣ ਹੈ। ਵਿਗਿਆਨ ਤੋਂ ਪੁੱਛੋ ਤਾਂ ਉਹ ਕਹਿੰਦਾ ਹੈ, ਕਲੋਰੋਫਿਲ ਦੇ ਕਾਰਣ ਹਰੇ ਹਨ। ਪਰ ਇਹ ਕੋਈ ਜਵਾਬ ਹੈ? ਸਵਾਲ ਤਾਂ ਉਥੇ ਦਾ ਉਥੇ ਖਲੋਤਾ ਹੈ। ਪੁੱਛਿਆ ਜਾ ਸਕਦਾ ਹੈ ਕਿ ਕਲੋਰੋਫਿਲ ਕਿਉਂ ਹੈ ਦਰੱਖਤਾਂ ਵਿੱਚ? ਕੀ ਜ਼ਰੂਰਤ ਹੈ ਕਲੋਰੋਫਿਲ ਨੂੰ ਉਥੇ ਹੋਣ ਦੀ? ਤੁਸੀਂ ਜੋ ਵੀ ਜਵਾਬ ਦਿਓਗੇ, ਸਵਾਲ ਉਸ ਤੋਂ ਪਿੱਛੇ ਹਟ ਜਾਂਦਾ ਹੈ। ਕੁਝ ਫ਼ਰਕ ਨਹੀਂ ਪੈਂਦਾ ਹੈ। ਡੀ.ਐਚ. ਲਾਰੰਸ ਨਿਸ਼ਚਿਤ ਹੀ ਬੁੱਧੀਮਾਨ ਆਦਮੀ ਸੀ। ਨਾਨਕ ਨਾਲ ਉਸਦੀ ਸੰਗਤ ਹੋ

ਜਾਂਦੀ। ਉਸ ਨੇ ਕਿਹਾ ਕਿ ਜੇਕਰ ਤੂੰ ਸਹੀ ਜਵਾਬ ਚਾਹੁੰਦਾ ਹੈ ਤਾਂ **Trees are green because they are green** ਦਰੱਖਤ ਹਰੇ ਹਨ, ਕਿਉਂਕਿ ਹਰੇ ਹਨ। ਬਹੁਤੀ ਬਕਵਾਸ ਵਿੱਚ ਮੈਂ ਨਹੀਂ ਪੈਂਦਾ।

ਇਹ ਇੱਕ ਕਵੀ ਦਾ ਜਵਾਬ ਹੈ। ਇਹ ਇੱਕ ਰਿਸ਼ੀ ਦਾ ਜਵਾਬ ਹੈ, ਜਿਹੜਾ ਤੁਹਾਡੇ ਅਚੰਭੇ ਨੂੰ ਬਰਬਾਦ ਨਹੀਂ ਕਰਦਾ, ਸਿਰਫ਼ ਅਚੰਭੇ ਨੂੰ ਵਧਾਉਂਦਾ ਹੈ। ਇਹ ਕੋਈ ਜਵਾਬ ਹੈ। ਇਹ ਜਵਾਬ ਹੈ ਹੀ ਨਹੀਂ। ਲਾਰੰਸ ਇਹ ਕਹਿ ਰਿਹਾ ਹੈ ਕਿ ਮੈਂ ਖ਼ੁਦ ਹੀ ਇਸ ਅਚੰਭੇ ਉਤੇ ਮੋਹਿਤ ਹਾਂ ਕਿ ਇਹ ਹਰੇ ਕਿਉਂ ਹਨ? ਏਨਾ ਹੀ ਕਹਿ ਸਕਦੇ ਹੋ, ਕਿ ਹਰੇ ਹਨ ਕਿਉਂਕਿ ਹਰੇ ਹਨ, ਹੋਰ ਜ਼ਿਆਦਾ ਕੀ ਕਹੀਏ? ਹੋਰ ਕੋਈ ਉਪਾਅ ਵੀ ਤਾਂ ਨਹੀਂ ਹੈ ਜਾਨਣ ਦਾ ਕਿ ਹਰੇ ਕਿਉਂ ਹਨ?

ਜਿਸ ਦਿਨ ਤੁਸੀਂ ਜਵਾਬ ਦੀ ਭਾਲ ਛੱਡ ਦਿਓਗੇ—ਕਿਉਂਕਿ ਸਾਰੇ ਜਵਾਬਾਂ ਦੀ ਭਾਲ ਸਿਰਫ਼ ਸਵਾਲ ਨੂੰ ਪਿੱਛੇ ਹਟਾਉਂਦੀ ਹੈ। ਇਸ ਲਈ ਤਾਂ ਦਰਸ਼ਨ-ਸ਼ਾਸਤ੍ਰ ਕਿਤੇ ਵੀ ਨਹੀਂ ਪੁੱਜਦਾ। ਪੁੱਛੀ ਜਾਂਦੀ ਹੈ, ਜਵਾਬ ਲੱਭਦਾ ਜਾਂਦਾ ਹੈ, ਹਰ ਜਵਾਬ ਨਵੇਂ ਸਵਾਲ ਖੜ੍ਹੇ ਕਰ ਦਿੰਦਾ ਹੈ। ਬਰਟ੍ਰਂਡ ਰਸੇਲ ਨੇ ਲਿਖਿਆ ਹੈ ਕਿ ਜਦ ਮੈਂ ਬੱਚਾ ਸੀ ਤਾਂ ਮੈਂ ਯੂਨੀਵਰਸਿਟੀ ਵਿੱਚ ਪੜ੍ਹਣ ਗਿਆ, ਤਾਂ ਮੈਂ ਦਰਸ਼ਨ ਸ਼ਾਸਤ੍ਰ, ਫਿਲਾਸਫੀ ਚੁਣੀ। ਸਿਰਫ ਇਸ ਲਈ, ਤਾਂ ਕਿ ਮੈਨੂੰ ਜੀਵਨ ਦੇ ਸਾਰੇ ਸਵਾਲਾਂ ਦੇ ਜਵਾਬ ਮਿਲ ਜਾਣ ਅਤੇ ਹੁਣ ਮਰਨ ਵੇਲੇ ਏਨਾ ਹੀ ਕਹਿ ਸਕਦਾ ਹਾਂ, ਕਿ ਜਵਾਬ ਤਾਂ ਮੈਨੂੰ ਇੱਕ ਨਹੀਂ ਮਿਲਿਆ, ਸਵਾਲ ਮੇਰੇ ਹਜ਼ਾਰ ਗੁਣਾ ਹੋ ਗਏ।

ਤਾਂ ਇੱਕ ਤਾਂ ਦਰਸ਼ਨ ਸ਼ਾਸਤ੍ਰੀ ਹੈ, ਉਹ ਜਵਾਬ ਦੀ ਖੋਜ ਵਿੱਚ ਜਾਂਦਾ ਹੈ। ਹਰ ਉਤਰ ਨਵੇਂ ਸਵਾਲ ਖੜ੍ਹੇ ਕਰਦਾ ਹੈ। ਉਨ੍ਹਾਂ ਵਿੱਚ ਜਿਹੜੇ ਬਹੁਤ ਕਮਜ਼ੋਰ ਹੁੰਦੇ ਹਨ, ਯਾਤਰਾ ਰੋਕ ਦਿੰਦੇ ਹਨ। ਜਵਾਬਾਂ ਨੂੰ ਫੜ ਕੇ ਬੈਠ ਜਾਂਦੇ ਹਨ। ਜਿਹੜੇ ਸਾਰਿਆਂ ਤੋਂ ਹਿੰਮਤ-ਵਰ ਹੁੰਦੇ ਹਨ, ਉਹ ਅਖ਼ੀਰ ਤੱਕ ਪਿੱਛੇ ਜਾਂਦੇ ਹਨ ਤੇ ਜੇਕਰ ਕੋਈ ਵੀ ਵਿਅਕਤੀ ਦਰਸ਼ਨ ਸ਼ਾਸਤ੍ਰ ਵਿੱਚ ਅੰਤ ਤੱਕ ਪਿੱਛੇ ਜਾਏ, ਤਾਂ ਇੱਕ ਨਾ ਇੱਕ ਦਿਨ ਉਸ ਨੂੰ ਇਹ ਭੁੱਲ ਵਿਖਾਈ ਪੈ ਜਾਏਗੀ ਕਿ ਯਾਤਰਾ ਵਿਅਰਥ ਹੈ ਅਤੇ ਤਦ ਹੀ ਧਰਮ ਦਾ ਜਨਮ ਹੁੰਦਾ ਹੈ ਅਤੇ ਤਦ ਹੀ ਰਹੱਸਯ (ਭੇਦ) ਫੜਦਾ ਹੈ। ਇਹ ਨਾਨਕ ਰਹੱਸਯ ਨਾਲ ਭਰਪੂਰ ਹੋ ਕੇ ਕਹਿ ਰਹੇ ਹਨ ਕਿ ਇਸ ਦਾ ਕੋਈ ਅੰਤ ਨਹੀਂ ਹੈ।

*ਗਿਆਨ ਖੰਡ ਮਹਿ ਗਿਆਨੁ ਪਰਚੰਡੁ॥ ਤਿਥੈ ਨਾਦ ਬਿਨੋਦ ਕੋਡ ਅਨੰਦੁ॥*
*ਸਰਮ ਖੰਡ ਕੀ ਬਾਣੀ ਰੂਪੁ॥ ਤਿਥੈ ਘਾੜਤਿ ਘੜੀਐ ਬਹੁਤੁ ਅਨੂਪੁ॥*
*ਤਾ ਕੀਆ ਗਲਾ ਕਥੀਆ ਨਾ ਜਾਹਿ॥ ਜੇ ਕੋ ਕਹੈ ਪਿਛੈ ਪਛੁਤਾਇ॥*
*ਤਿਥੈ ਘੜੀਐ ਸੁਰਤਿ ਮਤਿ ਮਨਿ ਬੁਧਿ॥ ਤਿਥੈ ਘੜੀਐ ਸੁਰਾ ਸਿਧਾ ਕੀ ਸੁਧਿ॥ ੩੬॥*

ਗਿਆਨ ਦੇ ਜਗਤ ਵਿੱਚ ਜਾਗਰਣ ਦੀ ਪ੍ਰਚੰਡਤਾ ਹੈ।

*ਗਿਆਨ ਖੰਡ ਮਹਿ ਗਿਆਨੁ ਪਰਚੰਡ ॥*

ਉਹ ਜਿਹੜਾ ਗਿਆਨ ਦਾ ਪੱਖ ਹੈ, ਉਥੇ ਹੋਸ਼, ਜਾਗਰਣ ਦੀ ਪ੍ਰਚੰਡਤਾ ਹੈ। ਉਸ ਦੀ ਬਹੁਤਾਤ ਹੈ। ਜਵਾਬ ਦਾ ਨਹੀਂ, ਸ਼ਾਸਤ੍ਰ ਦਾ ਨਹੀਂ, ਸਿਧਾਂਤ ਦਾ ਨਹੀਂ, ਹੋਸ਼ ਦਾ। ਗਿਆਨ ਦਾ ਅਰਥ ਹੀ ਹੋਸ਼ ਹੈ। ਗਿਆਨ ਦਾ ਅਰਥ ਸ਼ਾਸਤ੍ਰੀਏ ਗਿਆਨ ਨਹੀਂ, ਸੂਚਨਾਵਾਂ ਨਹੀਂ, ਸ਼ਬਦ ਨਹੀਂ। ਗਿਆਨ ਦਾ ਅਰਥ ਹੈ 'ਹੋਸ਼'।

ਗਿਆਨ ਦੇ ਖੰਡ ਵਿੱਚ ਗਿਆਨ ਦੀ ਪ੍ਰਚੰਡਤਾ ਹੈ। ਉਥੇ ਨਾਦ ਹੈ, ਵਿਨੋਦ ਹੈ, ਕੌਤੁਕ ਹੈ, ਆਨੰਦ ਹੈ। ਸ਼ਾਸਤ੍ਰ ਦੀ ਤਾਂ ਗੱਲ ਹੀ ਨਹੀਂ ਚੁੱਕਦੇ। ਸਿਧਾਂਤ ਦੀ ਤਾਂ ਗੱਲ ਹੀ ਨਹੀਂ ਹੈ ਉਥੇ। ਉਥੇ ਜਵਾਬ ਨਹੀਂ ਹੈ। ਕੀ ਹੈ ਉਥੇ? ਨਾਦ ਹੈ।

ਨਾਦ ਇੱਕ ਅਨੁਭਵ ਹੈ। ਜਿਵੇਂ-ਜਿਵੇਂ ਤੁਸੀਂ ਜਾਗਦੇ ਹੋ, ਜਿਵੇਂ ਸਵੇਰੇ ਤੁਸੀਂ ਸੁੱਤੇ ਸੀ ਗਹਿਰੀ ਨੀਂਦ ਵਿੱਚ, ਪੰਛੀ ਗੀਤ ਗਾਉਂਦੇ ਰਹੇ ਅਤੇ ਤੁਹਾਨੂੰ ਸੁਣਾਈ ਹੀ ਨਹੀਂ ਦਿੱਤੇ। ਤੇ ਤੁਸੀਂ ਜਾਗਣ ਲੱਗੇ, ਨੀਂਦ ਟੁੱਟਣ ਲੱਗੀ ਤੇ ਹੋਸ਼ ਆਉਣ ਲੱਗਾ, ਤੁਸੀਂ ਪਾਸਾ ਪਰਤਿਆ—ਅੱਖਾਂ ਅਜੇ ਵੀ ਬੰਦ ਹਨ—ਪਰ ਪੰਛੀਆਂ ਦੇ ਗੀਤ ਤੁਹਾਨੂੰ ਸੁਣਾਈ ਪੈਣ ਲੱਗੇ। ਸਵੇਰੇ ਦੀ ਤਾਜ਼ੀ ਹਵਾ ਤੁਹਾਨੂੰ ਛੂਹਣ ਲੱਗੀ, ਚਾਰੇ ਪਾਸੇ ਜੋ ਨਾਦ ਹੈ ਉਹ ਤੁਹਾਨੂੰ ਸਮਰਣ ਆਉਣ ਲੱਗਾ। ਜਿਵੇਂ-ਜਿਵੇਂ ਤੁਸੀਂ ਜਾਗੋਗੇ, ਤਿਵੇਂ-ਤਿਵੇਂ ਹੀ ਅਸਤਿੱਤਵ ਦਾ ਇੱਕ ਨਾਦ ਹੈ ਜਿਹੜਾ ਤੁਹਾਨੂੰ ਵਿਖਾਈ ਦੇਵੇਗਾ।

ਠੀਕ ਇਸੇ ਤਰ੍ਹਾਂ ਇੱਕ ਹੋਰ ਸਵੇਰ ਹੈ। ਇੱਕ ਹੋਰ ਜਾਗਰਣ ਹੈ। ਅਜੇ ਤੁਹਾਡਾ ਸਾਰਾ ਜੀਵਨ ਸੁੱਤਾ ਹੋਇਆ ਹੈ। ਅਜੇ ਤਾਂ ਤੁਸੀਂ ਨੀਂਦ ਵਿੱਚ ਚੱਲ ਰਹੇ ਹੋ। ਅਜੇ ਤਾਂ ਤੁਸੀਂ ਜੋ ਵੀ ਕਰ ਰਹੇ ਹੋ ਉਹ ਬੇਹੋਸ਼ੀ ਵਿੱਚ ਹੈ। ਲੜਾਈ ਕਰ ਰਹੇ ਹੋ ਬੇਹੋਸ਼ੀ ਵਿੱਚ, ਪ੍ਰੇਮ ਕਰ ਰਹੇ ਹੋ ਬੇਹੋਸ਼ੀ ਵਿੱਚ, ਮਿਲਣ, ਜੁਦਾਈ ਸਭ ਬੇਹੋਸ਼ੀ ਵਿੱਚ ਹੋ ਰਿਹਾ ਹੈ।

ਅਜਿਹਾ ਹੋਇਆ, ਇੱਕ ਪਿੰਡ ਦੇ ਅਖ਼ਬਾਰ ਦੇ ਸੰਪਾਦਕ ਨੇ ਸ਼ਰਾਬੀਆਂ ਦੇ ਖਿਲਾਫ਼ ਇੱਕ ਲੇਖ ਲਿੱਖ ਦਿੱਤਾ। ਸ਼ਰਾਬੀ ਬਹੁਤ ਨਾਰਾਜ਼ ਹੋ ਗਏ। ਇੱਕ ਲਠੈਤ ਸ਼ਰਾਬੀ ਲਾਠੀ ਲੈ ਕੇ ਟੁਰਿਆ ਉਸ ਸੰਪਾਦਕ ਨੂੰ ਲੱਭਣ ਲਈ, ਉਹ ਜਾ ਕੇ ਅੰਦਰ ਸੰਪਾਦਕ ਦੇ ਕਮਰੇ ਵਿੱਚ ਘੁੱਸ ਗਿਆ। ਦੁਬਲਾ ਪਤਲਾ ਸੰਪਾਦਕ ਅਤੇ ਇਹ ਮੁਸ਼ਟੰਡਾ ਲਠੈਤ ਸ਼ਰਾਬੀ। ਡੋਲ ਰਿਹਾ ਹੈ: ਉਸ ਨੇ ਕਿਹਾ, ਕਿੱਥੇ ਹੈ ਸੰਪਾਦਕ ਦਾ ਬੱਚਾ? ਉਸ ਸੰਪਾਦਕ ਨੇ ਕਿਹਾ ਤੁਸੀਂ ਬੈਠੋ, ਹੁਣੇ ਆਉਂਦੇ ਹਨ। ਉਹ ਬਾਹਰ ਆਇਆ ਤੇ ਵੇਖਿਆ ਦੂਜਾ ਲਠੈਤ ਟੁਰਿਆ ਆ ਰਿਹਾ ਹੈ। ਉਸ ਨੇ ਪੁੱਛਿਆ ਕਿੱਥੇ ਹਨ, ਸੰਪਾਦਕ ਜੀ? ਉਸ ਨੇ ਕਿਹਾ, ਅੰਦਰ ਬੈਠੇ ਹਨ, ਤੁਸੀਂ ਅੰਦਰ ਚਲੇ ਜਾਓ। ਫ਼ਿਰ ਜੋ ਅੰਦਰ ਹੋਇਆ ਤੁਸੀਂ ਜਾਣਦੇ ਹੋ।

ਉਹ ਹੀ ਹੋ ਰਿਹਾ ਹੈ। ਕੋਈ ਹੋਸ਼ ਵਿੱਚ ਨਹੀਂ ਹੈ। ਕੀ ਤੁਸੀਂ ਕਰ ਰਹੇ ਹੋ, ਇਸਦਾ ਤੁਹਾਨੂੰ ਠੀਕ-ਠੀਕ ਪਤਾ ਨਹੀਂ ਹੈ। ਕਿਉਂ ਕਰ ਰਹੇ ਹੋ, ਕਰਨ ਵਾਲੇ ਦਾ ਹੀ ਤੁਹਾਨੂੰ ਕੋਈ ਬੋਧ ਨਹੀਂ ਹੈ। ਪਰ ਤੁਸੀਂ ਕਰੀ ਜਾ ਰਹੇ ਹੋ। ਇੱਕ ਨੀਂਦ ਵਿੱਚ ਟੁਰਦੇ ਹੋਏ ਲੋਕਾਂ ਦੀ ਭੀੜ ਹੈ, ਇਸ ਭੀੜ ਵਿੱਚ ਦੁੱਖ ਨਾ ਹੋਵੇ ਤਾਂ ਹੋਰ ਕੀ ਹੋਏਗਾ? ਇਸ ਭੀੜ ਦੇ ਅੰਤਰ-ਸੰਬੰਧਾਂ ਵਿੱਚ ਨਰਕ ਨਾ ਆ ਜਾਏ ਤਾਂ ਹੋਰ ਕੀ ਹੋਏਗਾ?

ਨਾਨਕ ਕਹਿੰਦੇ ਹਨ, 'ਗਿਆਨ ਦੇ ਖੰਡ ਵਿੱਚ ਹੋਸ਼ ਦੀ ਪ੍ਰਚੰਡਤਾ ਹੈ। ਤੁਸੀਂ ਅਜੇ ਅਗਿਆਨ ਦੇ ਖੰਡ ਵਿੱਚ ਹੋ। ਉਥੇ ਬੇਹੋਸ਼ੀ ਦੀ ਪ੍ਰਚੰਡਤਾ ਹੈ। ਉਥੇ ਨੀਂਦ ਅਸਲੀ ਤੱਤਵ ਹੈ।'

ਉਥੇ ਨੀਂਦ ਹੈ। ਜੋ ਪਹਿਲੀ ਘਟਨਾ ਘਟਦੀ ਹੈ ਗਿਆਨੀ ਨੂੰ, ਉਹ ਨਾਦ ਹੈ; ਜਿਸ ਨੂੰ ੧ਓ ਕਿਹਾ ਹੈ, ਉਨ੍ਹਾਂ ਨੇ। ਜਿਸ ਨੂੰ ਨਾਨਕ ਕਹਿੰਦੇ ਹਨ, '੧ਓ ਸਤਿਨਾਮੁ'। ਉਹ ਨਾਦ ਦਾ ਨਾਉਂ ਹੈ। ਇਹ ੧ਓ ਤਾਂ ਸਿਰਫ਼ ਪ੍ਰਤੀਕ ਹੈ ਉਸ ਨੂੰ ਦੱਸਣ ਲਈ। ਕਿਉਂਕਿ ਅਸਤਿੱਤਵ ਇੱਕ ਡੂੰਘੇ ਸੰਗੀਤ ਨਾਲ ਨਿਰਮਿਤ ਹੈ। ਅਸਤਿਤਵ ਸੰਗੀਤ ਹੈ ਅਤੇ ਵੱਡਾ ਡੂੰਘਾ ਸੰਗੀਤ ਹੈ। ਅਨਾਹਤ ਸੰਗੀਤ ਹੈ। ਕੋਈ ਉਸ ਨੂੰ ਪੈਦਾ ਨਹੀਂ ਕਰ ਰਿਹਾ ਹੈ। ਕਿਸੇ ਚੀਜ਼ ਨਾਲ ਪੈਦਾ ਨਹੀਂ ਹੋ ਰਿਹਾ ਹੈ। ਉਸ ਦਾ ਕੋਈ ਕਾਰਣ ਨਹੀਂ ਹੈ। ਅਸਤਿੱਤਵ ਦੇ ਹੋਣ ਦਾ ਢੰਗ ਸੰਗੀਤ ਹੈ। ਇਸ ਲਈ ਤਾਂ ਸੰਗੀਤ ਵਿੱਚ ਤੁਸੀਂ ਲੀਨ ਹੋ ਜਾਂਦੇ ਹੋ ਅਤੇ ਜੇਕਰ ਤੁਸੀਂ ਸੰਗੀਤ ਵਿੱਚ ਲੀਨ ਹੁੰਦੇ ਹੋ, ਤਾਂ ਉਸ ਦਾ ਕੇਵਲ ਏਨਾ ਹੀ ਅਰਥ ਹੁੰਦਾ ਹੈ ਕਿ ਉਸ ਸੰਗੀਤ ਵਿੱਚ ਕਿਤੇ ਨਾਦ ਦੀ ਥੋੜ੍ਹੀ ਜਿਹੀ ਧੁਨੀ ਹੈ, ਕਿਤੇ ਨਾਦ ਦੀ ਥੋੜ੍ਹੀ ਜਿਹੀ ਪਰਛਾਈਂ ਹੈ।

ਮਹਾਨ ਸੰਗੀਤਕਾਰ ਦਾ ਇੱਕ ਹੀ ਅਰਥ ਹੈ ਕਿ ਉਹ ਉਸ ਨਾਦ ਨੂੰ ਸਾਜ ਵਿੱਚ ਫੜ ਲਵੇ। ਉਸ ੧ਓ ਨੂੰ ਥੋੜ੍ਹਾ ਜਿਹਾ ਤੁਹਾਡੇ ਲਈ, ਤੁਹਾਡੀ ਨੀਂਦ ਦੀ ਦੁਨੀਆਂ ਵਿੱਚ ਉਤਾਰ ਲਿਆਏ। ਸੰਗੀਤ ਦਾ ਅਰਥ ਤੁਹਾਡੀਆਂ ਵਾਸ਼ਨਾਵਾਂ ਨੂੰ ਉਤੇਜਿਤ ਕਰਨਾ ਨਹੀਂ ਹੈ। ਦੁਨੀਆਂ ਵਿੱਚ ਦੋ ਤਰ੍ਹਾਂ ਦੇ ਸੰਗੀਤ ਹਨ। ਇੱਕ ਪੂਰਬੀ ਸੰਗੀਤ ਹੈ, ਜਿਸ ਦੀ ਡੂੰਘੀ ਤੋਂ ਡੂੰਘੀ ਭਾਲ ਹਿੰਦੂਆਂ ਨੇ ਕੀਤੀ ਹੈ, ਉਨ੍ਹਾਂ ਨੇ ਨਾਦ ਉਤੇ ਉਸ ਨੂੰ ਆਧਾਰਿਤ ਕੀਤਾ। ਜਦ ਸੰਗੀਤ ਨਾਦ ਦੇ ਵੱਲ ਲੈ ਜਾਂਦਾ ਤਾਂ ਸੰਗੀਤ ਨੂੰ ਸੁਣਦੇ-ਸੁਣਦੇ ਧਿਆਨ ਨਿਰਮਿਤ ਹੋਣ ਲੱਗਦਾ ਹੈ।

ਅਤੇ ਫ਼ਰਕ ਸਮਝ ਲੈਣਾ। ਧਿਆਨ ਦਾ ਅਰਥ ਹੈ, ਤੁਸੀਂ ਬਹੁਤੇ ਜਾਗਣ ਲੱਗੋਗੇ। ਤੁਸੀਂ ਪੂਰੀ ਤਰ੍ਹਾਂ ਪੂਰਣ ਹੋਸ਼ ਨਾਲ ਭਰ ਜਾਓਗੇ, ਜਿਵੇਂ ਇੱਕ ਦੀਵਾ ਅਚਾਨਕ ਅੰਦਰ ਬਲ ਜਾਏ। ਤੁਸੀਂ ਸੁਣਿਆ ਹੋਏਗਾ ਕਿ ਸੰਗੀਤਕਾਰ ਆਪਣੇ ਸੰਗੀਤ ਨਾਲ ਬੁੱਝੇ ਹੋਏ ਦੀਵਿਆਂ ਨੂੰ ਜਗਾ ਸਕਦਾ ਹੈ। ਤੁਸੀਂ ਬਾਹਰ ਦੇ ਦੀਵਿਆਂ ਦਾ ਖ਼ਿਆਲ ਨਾ ਕਰਨਾ।

ਬਾਹਰ ਦੇ ਦੀਵਿਆਂ ਨਾਲ ਇਸ ਦਾ ਕੁਝ ਲੈਣਾ-ਦੇਣਾ ਨਹੀਂ ਹੈ। ਤੁਸੀਂ ਬੁਝੇ ਹੋਏ ਦੀਵੇ ਹੋ ਅਤੇ ਜੇਕਰ ਸੰਗੀਤਕਾਰ ਖ਼ੁਦ ਵੀ ਸਮਾਧੀ ਨੂੰ ਪ੍ਰਾਪਤ ਹੈ ਤਾਂ ਹੀ। ਕਿਉਂਕਿ ਉਹ ਸਮਾਧੀ ਨੂੰ ਪ੍ਰਾਪਤ ਹੋਵੇ, ਤਾਂ ਹੀ ੧ਓ ਦੀ ਧੁਨੀ ਨੂੰ ਸੰਗੀਤ ਵਿੱਚ ਪਰੋ ਸਕੇਗਾ ਅਤੇ ਤੁਹਾਡੇ ਜਗਤ ਵਿੱਚ ਲਿਆ ਪਾਏਗਾ। ਥੋੜ੍ਹੀ ਜਿਹੀ ਵੀ ਝਲਕ ਲੈ ਆਵੇ, ਇੱਕ ਬੂੰਦ ਵੀ ਲੈ ਆਵੇ ਉਸ ਅੰਮ੍ਰਿਤ ਦੀ ਤਾਂ ਤੁਸੀਂ ਪਾਓਗੇ ਕਿ ਤੁਸੀਂ ਜਾਗ ਗਏ ਹੋ, ਤੁਸੀਂ ਹੋਸ਼ ਨਾਲ ਭਰੇ ਹੋ, ਤੁਹਾਡੀ ਨੀਂਦ ਤੋਂ ਕਿਸੇ ਨੇ ਤੁਹਾਨੂੰ ਝੰਜੋੜ ਸੁਟਿਆ ਹੈ—ਅਤੇ ਇਹ ਸੰਗੀਤ ਧਿਆਨ ਬਣ ਜਾਏਗਾ।

ਫ਼ਿਰ ਇੱਕ ਦੂਜਾ ਸੰਗੀਤ ਹੈ, ਠੀਕ ਇਸ ਦੇ ਉਲਟ ਜੋ ਸੁਲਾਉਂਦਾ ਹੈ। ਜਿਹੜਾ ਤੁਹਾਨੂੰ ਹੋਰ ਤੰਦ੍ਰਾਂ ਵਿੱਚ ਲੈ ਜਾਂਦਾ ਹੈ। ਉਸ ਸੰਗੀਤ ਨੂੰ ਸੁਣ ਕੇ ਤੁਹਾਡੀ ਵਾਸਨਾ ਜਾਗੇਗੀ। ਇਸਲਾਮ ਨੇ ਉਸੇ ਸੰਗੀਤ ਦੇ ਕਾਰਣ ਸੰਗੀਤ ਦੀ ਮਨਾਹੀ ਕਰ ਦਿੱਤੀ, ਕਿਉਂਕਿ ਇਸਲਾਮ ਨੂੰ ਪਤਾ ਹੀ ਨਹੀਂ ਸੀ ਕਿ ਹਿੰਦੂਆਂ ਨੇ ਇੱਕ ਹੋਰ ਸੰਗੀਤ ਲੱਭ ਲਿਆ ਹੈ, ਜਿਹੜਾ ਸਹਸਤ੍ਰਾਰ ਨਾਲ ਸੰਬੰਧਿਤ ਹੈ। ਦੋ ਸੰਗੀਤ ਹਨ। ਇੱਕ ਤਾਂ ਕਾਮ-ਵਾਸ਼ਨਾ ਨਾਲ ਸੰਬੰਧਿਤ ਹੈ ਅਤੇ ਇੱਕ ਸੰਗੀਤ ਹੈ, ਜਿਹੜਾ ਸਹਸਤ੍ਰਾਰ ਨਾਲ ਸੰਬੰਧਿਤ ਹੈ। ਸਹਸਤ੍ਰਾਰ ਨਾਲ ਸੰਬੰਧਿਤ ਸੰਗੀਤ ਤਾਂ ਨਾਦ ਹੈ। ਸੈਕਸ ਸੈਂਟਰ ਨਾਲ, ਕਾਮ-ਵਾਸਨਾ ਨਾਲ ਸੰਬੰਧਿਤ ਤਾਂ ਕੇਵਲ ਵਾਸਨਾ ਨੂੰ ਫੁਸਲਾਉਂਦਾ ਹੈ। ਇਸਲਾਮ ਨੂੰ ਉਸਦਾ ਹੀ ਪਤਾ ਸੀ। ਜਿੱਥੇ ਇਸਲਾਮ ਪੈਦਾ ਹੋਇਆ, ਉਥੇ ਇੱਕ ਹੀ ਸੰਗੀਤ ਦਾ ਬੋਧ ਸੀ, ਸੰਗੀਤ ਲੋਕਾਂ ਨੂੰ ਵਾਸਨਾ ਵਿੱਚ ਲੈ ਜਾਂਦਾ ਹੈ, ਕਾਮਵਾਸਨਾ ਵਿੱਚ ਲੈ ਜਾਂਦਾ ਹੈ, ਰਾਗ-ਰੰਗ ਵਿੱਚ ਲੈ ਜਾਂਦਾ ਹੈ। ਇਸ ਲਈ ਇਸਲਾਮ ਨੇ ਤਾਂ ਬਿਲਕੁਲ ਹੀ ਇਨਕਾਰ ਕਰ ਦਿੱਤਾ ਤੇ ਸੰਗੀਤ ਨੂੰ ਥਾਂ ਹੀ ਨਹੀਂ ਦਿੱਤੀ ਹੈ। ਮਸਜਿਦ ਦੇ ਸਾਹਮਣੇ ਬੈਂਡ-ਵਾਜਾ ਤੱਕ ਨਹੀਂ ਵਜਾਉਣਾ।

ਅਤੇ ਇਹ ਵੀ ਠੀਕ ਹੈ। ਕਿਉਂਕਿ ਦੁਨੀਆਂ ਵਿੱਚ ਚੱਲ ਰਿਹਾ ਨਿਨ੍ਵਾਨਵੇਂ ਫੀਸਦੀ ਅਜਿਹਾ ਹੀ ਸੰਗੀਤ ਹੈ, ਜਿਹੜਾ ਤੁਹਾਨੂੰ ਮੰਦਰ ਵਿੱਚ ਨਹੀਂ ਲਿਜਾ ਸਕਦਾ, ਮੰਦਰ ਤੋਂ ਦੂਰ ਲੈ ਜਾਏਗਾ। ਪੱਛਮ ਵਿੱਚ ਸੰਗੀਤ ਦੀਆਂ ਹਜ਼ਾਰਾਂ ਨਵੀਆਂ ਧਾਰਾਵਾਂ ਹਨ। ਉਹ ਸਾਰੀਆਂ ਦੀਆਂ ਸਾਰੀਆਂ ਭ੍ਰਿਸ਼ਟ ਹਨ। ਉਸ ਸੰਗੀਤ ਵਿੱਚ ਤੁਸੀਂ ਆਪਣਾ ਹੋਸ਼ ਗੁਆ ਦਿਓਗੇ। ਉਹ ਸ਼ਰਾਬ ਵਰਗਾ ਹੈ। ਉਸ ਦੇ ਨਾਲ ਤੁਸੀਂ ਜਾਗੋਗੇ ਨਹੀਂ, ਤੁਸੀਂ ਉਸ ਨਾਲ ਹੋਰ ਵਾਸਨਾ ਵਿੱਚ ਲੀਨ ਹੋ ਜਾਓਗੇ। ਵੇਸਵਾ ਉਸ ਸੰਗੀਤ ਦੀ ਵਰਤੋਂ ਕਰਦੀ ਹੈ। ਸੰਤਾਂ ਨੇ ਵੀ ਉਸ ਸੰਗੀਤ ਦੀ ਵਰਤੋਂ ਕੀਤੀ ਹੈ। ਸੰਗੀਤ ਉਹ ਹੀ ਹੈ। ਪਰ ਉਹ ਹੀ ਵਿਅਕਤੀ ਉਸ ਨੂੰ ਨਾਦ ਬਣਾ ਸਕਦਾ ਹੈ ਜਿਸ ਨੂੰ ਨਾਦ ਦਾ ਅਨੁਭਵ ਹੋਇਆ ਹੈ।

ਨਾਨਕ ਤਾਂ ਸੰਗੀਤਕਾਰ ਹਨ। ਉਹ ਤਾਂ ਬੋਲਦੇ ਨਹੀਂ ਗਾਉਂਦੇ ਹਨ। ਉਹ ਤਾਂ ਜਵਾਬ ਵੀ ਦਿੰਦੇ ਹਨ ਤਾਂ ਗੀਤ ਗਾ ਕੇ ਦਿੰਦੇ ਹਨ ਅਤੇ ਇਹ ਗੀਤ ਕੋਈ ਬਣਾਏ ਹੋਏ ਗੀਤ ਨਹੀਂ ਹਨ। ਇਹ ਸਹਿਜ ਹਨ। ਕਿਸੇ ਨੇ ਕੁਝ ਪੁੱਛਿਆ ਅਤੇ ਨਾਨਕ ਮਰਦਾਨੇ ਵੱਲ ਇਸ਼ਾਰਾ ਕਰਨਗੇ ਅਤੇ ਉਹ ਵਜਾਉਣ ਲੱਗਦਾ ਹੈ ਤੇ ਨਾਨਕ ਗੀਤ ਗਾਉਣ ਲੱਗਦੇ ਹਨ। ਗਾ ਕੇ ਹੀ ਉਨ੍ਹਾਂ ਨੇ ਕਿਹਾ ਹੈ। ਕਿਉਂਕਿ ਪੂਰਾ ਅਸਤਿੱਤਵ ਗੀਤ ਦੀ ਭਾਸ਼ਾ ਨੂੰ ਸਮਝਦਾ ਹੈ ਅਤੇ ਜਦ ਕੋਈ ਵਿਅਕਤੀ ਖ਼ੁਦ ਸਮਾਧੀ ਨੂੰ ਪ੍ਰਾਪਤ ਹੋਵੇ ਤਾਂ ਉਸਦੇ ਸੰਗੀਤ ਵਿੱਚ ਨਾਦ ਉਤਰ ਆਉਂਦਾ ਹੈ।

ਨਾਦ ਦਾ ਅਰਥ ਹੈ, ਉਹ ਪਰਮ ਧੁਨੀ ਜਿਹੜੀ ਅਸਤਿੱਤਵ ਵਿੱਚ ਚੁੱਪ-ਚਾਪ ਪੈਦਾ ਹੋ ਰਹੀ ਹੈ। ਜਿਵੇਂ ਕਦੇ ਰਾਤ ਦੇ ਸੰਨਾਟੇ ਵਿੱਚ ਤੁਹਾਨੂੰ ਸੁਣਾਈ ਪੈਂਦੀ ਹੈ, ਸੰਨਾਟੇ ਦੀ ਆਵਾਜ਼। ਠੀਕ ਉਸੇ ਤਰ੍ਹਾਂ ਦਾ ਹੀ ਚੌਵੀ ਘੰਟੇ ਇੱਕ ਨਾਦ ਚਲਦਾ ਹੈ। ਇੱਕ 'ਰਿਦਮ' ਕੁਦਰਤ ਦਾ ਹੈ। ਜਦ ਕੁਝ ਵੀ ਨਹੀਂ ਹੋ ਰਿਹਾ ਹੈ, ਤਦ ਵੀ ਉਹ ਚੱਲ ਰਿਹਾ ਹੈ। ਪਰ ਉਸਦੇ ਲਈ ਤੁਹਾਨੂੰ ਬਹੁਤ ਸ਼ਾਂਤ ਹੋ ਜਾਣਾ ਪਏਗਾ, ਤਦ ਤੁਸੀਂ ਸਮਝ ਪਾਓਗੇ। ਤੁਹਾਡੇ ਅੰਦਰ ਜੋ ਸਾਰੀ ਆਵਾਜ਼ ਬੰਦ ਹੋ ਜਾਏ, ਤਦ ਤੁਸੀਂ ਸਮਝ ਸਕੋਗੇ। ਅਜੇ ਤਾਂ ਤੁਸੀਂ ਹਜ਼ਾਰ ਤਰ੍ਹਾਂ ਦੇ ਬਾਜ਼ਾਰ ਨਾਲ ਭਰੇ ਹੋ। ਅਜੇ ਤੁਹਾਡੇ ਅੰਦਰ ਬਹੁਤ ਹੱਲਾ-ਗੁੱਲਾ ਹੈ। ਇਸੇ ਸ਼ੋਰ-ਸ਼ਰਾਬੇ ਵਿੱਚ ਤੁਹਾਨੂੰ ਜੋ ਪਸੰਦ ਆਉਂਦਾ ਹੈ, ਸੰਗੀਤ ਉਹ ਵੀ ਸ਼ੋਰ ਨੂੰ ਵਧਾਉਣ ਵਾਲਾ ਹੀ ਹੋਏ ਤਾਂ ਹੀ ਪਸੰਦ ਆਉਂਦਾ ਹੈ। ਉਹ ਵੀ ਅਰਾਜਿਕ ਹੋਵੇ, ਉਪੱਦਰ ਹੋਵੇ। ਤੁਹਾਡੇ ਪਾਗਲਪਨ ਨੂੰ ਪ੍ਰਗਟ ਕਰਦਾ ਹੋਵੇ, ਤਾਂ ਹੀ ਪਤਾ ਚੱਲਦਾ ਹੈ।

ਮੁੱਲਾ ਨਸਰੂਦੀਨ ਦੇ ਗੁਆਂਢ ਵਿੱਚ ਕੋਈ ਅਲਾਪ ਭਰ ਰਿਹਾ ਸੀ। ਅੱਧੀ ਰਾਤ ਨੂੰ ਨਸਰੂਦੀਨ ਉਸਦੇ ਕੋਲ ਗਿਆ ਅਤੇ ਉਸ ਨੇ ਕਿਹਾ ਕਿ ਤੁਹਾਨੂੰ ਤਾਂ ਆਪਣੇ ਸੰਗੀਤ ਦਾ ਪ੍ਰੋਗਰਾਮ ਲੰਡਨ, ਮਾਸਕੋ, ਪੀਕਿੰਗ ਵਿੱਚ ਦੇਣਾ ਚਾਹੀਦਾ ਹੈ। ਉਸ ਆਦਮੀ ਨੇ ਕਿਹਾ ਕਿ ਨਸਰੂਦੀਨ, ਮੈਂ ਕਦੇ ਸੋਚਿਆ ਵੀ ਨਹੀਂ ਕਿ ਤੂੰ ਸੰਗੀਤ ਦਾ ਏਨਾ ਪ੍ਰੇਮੀ ਹੈਂ ਕਿ ਤੈਨੂੰ ਮੇਰਾ ਸੰਗੀਤ ਏਨਾ ਪਸੰਦ ਆਉਂਦਾ ਹੈ? ਉਸ ਨੇ ਕਿਹਾ ਕਿ ਨਹੀਂ। ਘੱਟੋ-ਘੱਟ ਉਦੋਂ ਤੁਹਾਡੀ ਆਵਾਜ਼ ਤਾਂ ਸੁਣਾਈ ਨਹੀਂ ਦੇਵੇਗੀ।

ਤੁਹਾਡੇ ਚਾਰੇ ਪਾਸੇ ਜੋ ਸੰਗੀਤ ਦੇ ਨਾਂ 'ਤੇ ਚੱਲ ਰਿਹਾ ਹੈ। ਉਹ ਵਿਸੰਗੀਤ ਹੈ, ਉਸ ਦੀ ਆਵਾਜ਼ ਤੁਹਾਨੂੰ ਸੁਣਾਈ ਨਾ ਪਵੇ, ਤਾਂ ਹੀ ਚੰਗਾ ਹੈ। ਤੁਸੀਂ ਉਵੇਂ ਹੀ ਵਿਸੰਗੀਤ ਨਾਲ ਭਰੇ ਹੋਏ ਹੋ। ਤੁਹਾਡੇ ਵਿੱਚ ਉਵੇਂ ਹੀ ਕਾਫ਼ੀ ਜ਼ਹਿਰ ਭਰਿਆ ਹੈ ਅਤੇ ਉਸ ਜ਼ਹਿਰ ਨੂੰ ਚੁੱਕਣ ਦੀਆਂ ਕੋਸ਼ਿਸ਼ਾਂ ਚੱਲ ਰਹੀਆਂ ਹਨ। ਨੱਚ ਰਹੇ ਹਨ ਲੋਕ, ਤਾਂ ਵਾਸਨਾ ਨੂੰ ਜਗਾਉਣ ਦੇ ਲਈ, ਗਾ ਰਹੇ ਹਨ ਲੋਕ, ਤਾਂ ਵਾਸਨਾ ਨੂੰ ਜਗਾਉਣ ਦੇ ਲਈ।

ਪਰ ਜਿਸ ਚੀਜ਼ ਨਾਲ ਵਾਸਨਾ ਜਾਗ ਸਕਦੀ ਹੈ ਉਹ ਚੀਜ਼ ਨਾਲ ਵਾਸਨਾ ਸੌਂ ਵੀ ਸਕਦੀ ਹੈ। ਇਸ ਨੂੰ ਚੇਤੇ ਰੱਖਣਾ। ਜੋ ਚੀਜ਼ ਜ਼ਹਿਰ ਹੈ, ਉਹ ਹੀ ਅੰਮ੍ਰਿਤ ਹੋ ਸਕਦੀ ਹੈ, ਇਸ ਨੂੰ ਚੇਤੇ ਰੱਖਣਾ। ਉਪਯੋਗ ਉਤੇ ਨਿਰਭਰ ਹੈ। ਉਪਯੋਗ ਉਤੇ ਹੀ ਨਤੀਜਾ ਨਿਰਭਰ ਹੈ। ਜ਼ਹਿਰ ਦਵਾਈ ਬਣ ਸਕਦੀ ਹੈ ਅਤੇ ਜ਼ਹਿਰ ਮੌਤ ਵੀ ਬਣ ਜਾਂਦੀ ਹੈ। ਜ਼ਹਿਰ ਮੌਤ ਕੋਲੋਂ ਬਚਾਉਂਦਾ ਵੀ ਹੈ, ਮੌਤ ਵਿੱਚ ਲੈ ਵੀ ਜਾਂਦਾ ਹੈ।

ਨਾਨਕ ਕਹਿੰਦੇ ਹਨ, ਜਿਹੜਾ ਪਹਿਲਾ ਅਨੁਭਵ ਹੁੰਦਾ ਹੈ, ਗਿਆਨ-ਖੰਡ ਵਿੱਚ ਉਹ ਨਾਦ ਹੈ। ਦੂਜਾ ਅਨੁਭਵ ਵਿਨੋਦ ਹੈ। ਇਹ ਬਹੁਤ ਸਮਝ ਲੈਣ ਵਾਲੀ ਗੱਲ ਹੈ। ਕਿਉਂਕਿ ਤੁਸੀਂ ਸੋਚ ਹੀ ਨਹੀਂ ਸਕਦੇ ਕਿ ਸੰਤ ਅਤੇ ਵਿਨੋਦ ਦਾ ਕੀ ਸੰਬੰਧ? ਵਿਨੋਦ ਦਾ ਮਤਲਬ ਹੈ ਕਿ ਜ਼ਿੰਦਗੀ ਗੰਭੀਰ ਨਹੀਂ ਰਹਿ ਜਾਂਦੀ। ਇੱਕ ਹੱਸਣਾ-ਖੁਸ਼ ਹੋਣਾ ਹੋ ਜਾਂਦੀ ਹੈ। ਵਿਨੋਦ ਦਾ ਅਰਥ ਹੈ, ਜ਼ਿੰਦਗੀ ਇੱਕ ਹਲਕਾ ਆਨੰਦ ਹੋ ਜਾਂਦੀ ਹੈ। ਨਿਰਭਾਰ, ਜਿਸ ਵਿੱਚ ਕੋਈ ਵਜ਼ਨ ਨਹੀਂ। ਤੁਸੀਂ ਸਾਧੂ-ਸੰਤਾਂ ਨੂੰ ਵੇਖਦੇ ਹੋ ਜਿਹੜੇ ਗੰਭੀਰ ਹਨ, ਵੱਡੇ ਚਿਹਰੇ ਵਾਲੇ ਹਨ। ਜਿਨ੍ਹਾਂ ਦੇ ਚਿਹਰੇ 'ਤੇ ਅਜਿਹਾ ਲੱਗਦਾ ਹੈ ਕਿ ਜਿਵੇਂ ਦੁਨੀਆਂ ਭਰ ਦੀ ਮੁਸੀਬਤ ਇਨ੍ਹਾਂ ਦੇ ਉਪਰ ਹੀ ਆ ਪਈ ਹੈ।

ਨਾਨਕ ਕਹਿੰਦੇ ਹਨ, ਜਿਸਨੇ ਨਾਦ ਸੁਣ ਲਿਆ, ਉਹ ਕਿਵੇਂ ਉਦਾਸ ਹੋਏਗਾ? ਉਸ ਦੇ ਜੀਵਨ ਵਿੱਚ ਉਦਾਸੀ ਨਹੀਂ ਹੋਏਗੀ, ਵਿਨੋਦ ਹੋਏਗਾ। ਉਹ ਹੱਸੇਗਾ। ਉਹ ਹੀ ਹੱਸ ਸਕੇਗਾ। ਉਹ ਹੀ ਹੱਸ ਸਕਦਾ ਹੈ। ਤੁਸੀਂ ਤਾਂ ਹੱਸੋਗੇ ਕਿਵੇਂ? ਤੁਹਾਡਾ ਤਾਂ ਹਾਸਾ ਹੀ ਝੂਠਾ ਹੈ। ਤੁਹਾਡੇ ਪ੍ਰਾਣਾਂ ਵਿੱਚ ਪ੍ਰਫੁੱਲਤਾ ਨਹੀਂ ਹੈ। ਤੁਹਾਡੇ ਬੁਲ੍ਹਾਂ 'ਤੇ ਹਾਸਾ ਕਿਵੇਂ ਹੋਏਗਾ? ਜਿਸ ਨੇ ਜਾਣਿਆ, ਉਹ ਹੱਸ ਸਕਦਾ ਹੈ। ਉਹ ਹੀ ਹੱਸ ਸਕਦਾ ਹੈ।

ਨਾਨਕ ਕਹਿੰਦੇ ਹਨ, ਜਿਸ ਨੇ ਨਾਦ ਨੂੰ ਪਛਾਣ ਲਿਆ, ਉਸ ਦੇ ਜੀਵਨ ਦਾ ਢੰਗ ਵਿਨੋਦ ਦਾ ਹੋਏਗਾ। ਉਸਦੇ ਜੀਵਨ ਵਿੱਚ ਤੁਸੀਂ ਗੰਭੀਰਤਾ ਨਹੀਂ ਪਾਓਗੇ। ਸਚਾਈ ਪਾਓਗੇ। ਗੰਭੀਰਤਾ ਨਹੀਂ ਪਾਓਗੇ। ਉਸਦੇ ਜੀਵਨ ਵਿੱਚ ਹਾਸਾ, ਖੁਸ਼ ਹੋਣਾ, ਖੇਡਣਾ ਪਾਓਗੇ, ਉਦਾਸੀ ਨਹੀਂ ਪਾਓਗੇ। ਉਸ ਦੀਆਂ ਅੱਖਾਂ ਵਿੱਚ ਕਾਲਕ ਨਹੀਂ ਹੋਏਗੀ। ਉਸ ਦੀਆਂ ਅੱਖਾਂ ਵਿੱਚ ਇੱਕ ਉਤਸਵ ਹੋਵੇਗਾ। ਤੀਜੀ ਚੀਜ਼ ਹੈ ਕੌਤੁਕ। ਉਸਦੇ ਜੀਵਨ ਵਿੱਚ ਅਚੰਭਾ ਹੋਏਗਾ, ਜਵਾਬ ਨਹੀਂ। ਜਵਾਬ ਉਹ ਜਾਣਦਾ ਨਹੀਂ। ਜਿਹੜੇ ਜਵਾਬ ਦੂਜੇ ਵੀ ਜਾਣਦੇ ਹਨ, ਉਹ ਵੀ ਉਸਦੇ ਲਈ ਨਹੀਂ ਰਹੇ। ਉਸ ਦਾ ਕੌਤੁਕ ਜਾਗ ਗਿਆ। ਉਹ ਆਨੰਦ ਨਾਲ ਭਰਿਆ ਹੈ। ਉਹ ਨਿੱਕੇ ਬੱਚੇ ਦੇ ਵਾਂਗ ਖਿੜਖਿੜਾਉਂਦਾ ਹੈ। ਹਰ ਚੀਜ਼ ਰਹੱਸਯ ਦੱਸਦੀ ਹੈ। ਉਹ ਜਿੱਥੇ ਵੀ ਵੇਖਦਾ ਹੈ, ਪਾਉਂਦਾ ਹੈ ਅਨੰਤ ਰਹੱਸਯ ਹਨ। ਕਿਤੇ ਕੋਈ ਜਵਾਬ ਨਹੀਂ ਹੈ। ਕਿਤੇ ਵੀ ਜਵਾਬ ਮਿਲ ਜਾਏ, ਹੰਕਾਰ ਨੂੰ ਪੈਰ ਰੱਖਣ ਦੀ ਥਾਂ ਮਿਲ ਗਈ ਅਤੇ ਜਦ ਕਿਤੇ ਵੀ ਕੋਈ

ਜਵਾਬ ਨਹੀਂ ਮਿਲਦਾ ਤਾਂ ਹੰਕਾਰ ਆਪਣੇ ਆਪ ਵਿਸਰਜਿਤ ਹੋ ਜਾਂਦਾ ਹੈ। ਥਾਂ ਨਾ ਬਚੀ ਖੜ੍ਹੇ ਹੋਣ ਦੀ।

ਰਹੱਸਯ ਹੈ! ਰਹੱਸਯ ਦਾ ਅਰਥ ਹੋਇਆ ਕਿ ਤੁਹਾਡੇ ਹੱਥ ਦੇ ਅੰਦਰ ਤੁਹਾਡੀ, ਮੁੱਠ ਦੇ ਅੰਦਰ ਕੁਝ ਵੀ ਨਹੀਂ ਆ ਸਕਦਾ ਹੈ। ਹਾਂ ਤੁਸੀਂ ਚਾਹੋ ਤਾਂ ਰਹੱਸਯ ਦੇ ਅੰਦਰ ਜਾ ਸਕਦੇ ਹੋ। ਰਹੱਸਯ ਨੂੰ ਤੁਸੀਂ ਮੁੱਠ ਵਿੱਚ ਰੱਖ ਕੇ ਕਬਜ਼ਾ ਨਹੀਂ ਕਰ ਸਕਦੇ। ਤਿਜੋਰੀ 'ਚ ਬੰਦ ਨਹੀਂ ਕਰ ਸਕਦੇ। ਸ਼ਾਸਤ੍ਰ ਵਿੱਚ ਕੈਦ ਨਹੀਂ ਕਰ ਸਕਦੇ। ਰਹੱਸਯ ਮੁੱਠੀ ਵਿੱਚ ਨਹੀਂ ਆਉਂਦਾ। ਉਸ ਉਤੇ ਕੋਈ ਕਬਜ਼ਾ ਨਹੀਂ ਹੋ ਸਕਦਾ। ਹਾਂ, ਤੁਸੀਂ ਚਾਹੋ ਤਾਂ ਉਸਦੇ ਵਿੱਚ ਜਾ ਸਕਦੇ ਹੋ। ਜਿਵੇਂ ਕੋਈ ਸਾਗਰ ਵਿੱਚ ਉਤਰ ਜਾਵੇ, ਅਜਿਹਾ ਕੋਈ ਰਹੱਸਯ ਵਿੱਚ ਉਤਰ ਸਕਦਾ ਹੈ। ਪਰ ਮੁੱਠ ਵਿੱਚ ਬੰਦ ਨਹੀਂ ਹੁੰਦਾ ਰਹੱਸਯ। ਰਹੱਸਯ ਆਕਾਸ਼ ਵਰਗਾ ਹੈ।

ਤਾਂ ਨਾਨਕ ਕਹਿੰਦੇ ਹਨ, ਪਹਿਲਾਂ ਤਾਂ ਨਾਦ, ਵਿਨੋਦ, ਕੌਤੁਕ ਅਤੇ ਆਨੰਦ। ਵਿਨੋਦ ਆਨੰਦ ਦੀ ਸਤਹ ਹੈ ਅਤੇ ਆਨੰਦ ਵਿਨੋਦ ਦੀ ਡੂੰਘਾਈ ਹੈ। ਵਿਨੋਦ ਸਤਹ ਹੈ, ਜਿਵੇਂ ਲਹਿਰਾਂ ਉੱਠਦੀਆਂ ਹਨ ਸਾਗਰ ਵਿੱਚ ਅਤੇ ਆਨੰਦ ਸਾਗਰ ਦੀ ਗਹਿਰਾਈ ਹੈ। ਮੁਸਕਰਾਹਟ, ਪ੍ਰਸੰਨਤਾ, ਉਸ ਆਨੰਦ ਦੀਆਂ ਪੁਲਕਾਂ ਹਨ, ਜਿਹੜੀਆਂ ਤੁਹਾਡੇ ਬੁੱਲ੍ਹਾਂ ਤੱਕ ਆ ਜਾਂਦੀਆਂ ਹਨ। ਤੁਸੀਂ ਹੱਸ ਸਕਦੇ ਹੋ, ਕਿਉਂਕਿ ਤੁਹਾਡੇ ਅੰਦਰ ਪਰਮ ਆਨੰਦ ਭਰਿਆ ਹੈ। ਵਿਨੋਦ ਸਤਹ ਹੈ, ਆਨੰਦ ਗਹਿਰਾਈ ਹੈ ਅਤੇ ਜਦ ਆਨੰਦ ਵਿਨੋਦ ਦੇ ਨਾਲ ਜੁੜਦਾ ਹੈ ਤਾਂ ਜੀਵਨ ਵਿੱਚ ਪਰਮ ਧੰਨਤਾ ਆ ਜਾਂਦੀ ਹੈ।

ਤੁਹਾਡਾ ਵਿਨੋਦ ਵੀ ਰੋਗੀ ਹੈ। ਜਦ ਤੱਕ ਕੋਈ ਗੰਦੀ ਮਜ਼ਾਕ ਨਾ ਕਰੇ, ਤੁਸੀਂ ਹੱਸ ਵੀ ਨਹੀਂ ਸਕਦੇ। ਤੁਹਾਨੂੰ ਹੱਸਣ ਦੇ ਲਈ ਵੀ ਕੋਈ ਗੰਦਗੀ ਚਾਹੀਦੀ ਹੈ। ਇਸ ਲਈ ਤਾਂ ਦੁਨੀਆਂ ਵਿੱਚ ਨਿਨ੍ਹਾਨਵੇਂ ਪਰਸੈਂਟ ਮਜ਼ਾਕ ਸੈਕਸ ਨਾਲ ਸੰਬੰਧਿਤ ਹੁੰਦੇ ਹਨ। ਗੰਦੇ ਹੁੰਦੇ ਹਨ, ਅਸ਼ਲੀਲ ਹੁੰਦੇ ਹਨ, ਜਦ ਤੱਕ ਕੋਈ ਅਸ਼ਲੀਲ ਗੱਲ ਨਾ ਕਹੇ, ਤੁਸੀਂ ਹੱਸ ਹੀ ਨਹੀਂ ਸਕਦੇ। ਤੁਹਾਡਾ ਹਾਸਾ ਰੋਗੀ ਹੈ।

ਜਦ ਤੱਕ ਕੋਈ ਆਦਮੀ ਰਾਹ ਉਤੇ ਡਿੱਗ ਹੀ ਨਾ ਪਏ, ਪੈਰ ਨਾ ਫਿਸਲ ਜਾਏ ਕੇਲੇ ਦੇ ਛਿਲਕੇ ਤੋਂ, ਤਦ ਤੱਕ ਤੁਸੀਂ ਹੱਸ ਹੀ ਨਹੀਂ ਸਕਦੇ। ਜਿੱਥੇ ਕਰੁਣਾ ਚਾਹੀਦੀ ਸੀ, ਉਥੇ ਤੁਹਾਨੂੰ ਹਾਸਾ ਆਉਂਦਾ ਹੈ। ਜਿੱਥੇ ਉਸ ਆਦਮੀ ਨੂੰ ਸਹਾਰਾ ਦੇਣਾ ਸੀ, ਉਥੇ ਤੁਸੀਂ ਵਿਅੰਗ ਕਰਦੇ ਹੋ। ਤੁਹਾਡਾ ਹੱਸਣਾ ਰੋਗੀ ਹੈ। ਤੁਹਾਡਾ ਹਾਸਾ ਤੰਦਰੁਸਤ ਨਹੀਂ ਹੈ। ਇੱਕ ਆਦਮੀ ਜੇਕਰ ਡਿੱਗ ਪਿਆ ਹੈ ਤਾਂ ਉਸ ਵਿੱਚ ਹੱਸਣ ਵਾਲਾ ਕੀ ਹੈ? ਉਸ ਨੂੰ ਸਹਾਰਾ ਚਾਹੀਦਾ ਹੈ, ਪਰ ਤੁਸੀਂ ਹੱਸ ਰਹੇ ਹੋ।

ਕਿਉਂ, ਕਿਉਂਕਿ ਤੁਹਾਡੇ ਅੰਦਰ ਤੁਸੀਂ ਦੂਜਿਆਂ ਨੂੰ ਡਿੱਗਾਉਣਾ ਚਾਹੁੰਦੇ ਹੋ ਹਰ

ਹਾਲਤ ਵਿੱਚ ਅਤੇ ਜਿਨ੍ਹਾਂ ਨੂੰ ਤੁਸੀਂ ਬਹੁਤਾ ਡਿਗਾਉਣਾ ਚਾਹੁੰਦੇ ਹੋ, ਜੇਕਰ ਉਹ ਡਿੱਗਣਗੇ। ਤਾਂ ਤੁਸੀਂ ਬਹੁਤਾ ਹੱਸ ਸਕੋਗੇ। ਸਮਝੋ, ਕਿ ਭਿਖਾਰੀ ਡਿੱਗ ਪਏ, ਤੁਸੀਂ ਬਹੁਤਾ ਨਹੀਂ ਹੱਸੋਗੇ, ਇੰਦਰਾ ਗਾਂਧੀ ਡਿੱਗ ਪਏ ਤਾਂ ਤੁਸੀਂ ਬਹੁਤ ਖਿੜਖਿੜਾ ਕੇ ਹੱਸੋਗੇ। ਇੱਕ ਭਿਖਾਰੀ ਡਿੱਗਿਆ, ਇਸ ਵਿੱਚ ਹੱਸਣ ਦੀ ਕਿਹੜੀ ਗੱਲ ਹੈ? ਡਿੱਗਿਆ ਹੀ ਹੋਇਆ ਸੀ। ਉਸ ਨੂੰ ਤੁਸੀਂ ਡਿਗਾਉਣ ਦਾ ਕਦੇ ਸੋਚਿਆ ਹੀ ਨਹੀਂ ਸੀ। ਪਰ ਇੱਕ ਅਚੇਤਨ ਵਾਸਨਾ ਹੈ ਕਿ ਇੰਦਰਾ ਡਿੱਗ ਪਵੇ, ਤਾਂ ਤੁਹਾਨੂੰ ਹਾਸਾ ਆਏਗਾ। ਨੌਕਰ ਡਿੱਗੇ ਤਾਂ ਬਹੁਤਾ ਨਹੀਂ ਹੱਸੋਗੇ। ਮਾਲਿਕ ਡਿੱਗ ਪਵੇ ਤਾਂ ਹੱਸੋਗੇ।

ਤੁਹਾਡੀ ਅਚੇਤਨ ਹਿੰਸਾ ਹੀ ਤੁਹਾਡੇ ਹਾਸੇ ਤੱਕ ਵਿੱਚ ਭਰੀ ਹੈ। ਤੁਹਾਡਾ ਹੱਸਣਾ ਤੱਕ ਜ਼ਹਿਰ ਹੈ। ਇਸ ਲਈ ਤੁਹਾਡਾ ਵਿਨੋਦ, ਵਿਨੋਦ ਨਹੀਂ ਹੈ, ਵਿਅੰਗ ਹੈ ਅਤੇ ਵਿਅੰਗ ਵਿਨੋਦ ਦਾ ਉਹ ਹੀ ਫ਼ਰਕ ਹੈ। ਕੌੜਾ ਹੈ ਤੁਹਾਡਾ ਵਿਨੋਦ। ਉਸ ਵਿੱਚ ਡੰਗ ਹੈ, ਕੰਡੇ ਹਨ, ਫੁੱਲ ਨਹੀਂ ਹਨ।

ਸੰਤ ਵੀ ਹੱਸਦਾ ਹੈ। ਉਸਦੇ ਹਾਸੇ ਵਿੱਚ ਡੰਗ ਨਹੀਂ ਹੈ, ਕੰਡੇ ਨਹੀਂ ਹਨ ਅਤੇ ਅਕਸਰ ਉਹ ਆਪਣੇ 'ਤੇ ਹੱਸਦਾ ਹੈ, ਕਿਉਂਕਿ ਉਹ ਆਪਣੀ ਹਾਲਤ ਨੂੰ ਵੇਖਦਾ ਹੈ। ਜਦ ਉਹ ਤੁਹਾਡੇ ਉਤੇ ਵੀ ਹੱਸਦਾ ਹੈ ਤਦ ਵੀ ਉਹ ਆਪਣੇ ਉਤੇ ਹੀ ਹੱਸਦਾ ਹੈ, ਕਿਉਂਕਿ ਤੁਹਾਡੇ ਵਿੱਚ ਵੀ ਉਹ ਆਪਣੀ ਹੀ ਝਲਕ ਵੇਖਦਾ ਹੈ। ਜਦ ਇੱਕ ਆਦਮੀ ਡਿੱਗਦਾ ਹੈ ਤਾਂ ਉਹ ਆਦਮੀਅਤ ਨੂੰ ਡਿੱਗਦਿਆਂ ਵੇਖਦਾ ਹੈ। ਆਦਮੀ ਨੂੰ ਢਹਿੰਦੇ ਨਹੀਂ। ਤਦ ਉਹ ਜਾਣਦਾ ਹੈ ਕਿ ਆਦਮੀ ਬੇਸਹਾਰਾ ਹੈ, ਹੱਸਣ ਦੇ ਲਾਇਕ ਹੈ, **Ridiculous** ਹੈ। ਕਿੰਨੀ ਆਕੜ ਨਾਲ ਟੁਰਿਆ ਜਾ ਰਿਹਾ ਸੀ ਆਦਮੀ, ਟਾਈ-ਵਾਈ ਲਾਈ ਹੋਈ ਸੀ, ਸਭ ਤਰ੍ਹਾਂ ਸੱਜਿਆ-ਵੱਜਿਆ ਸੀ ਅਤੇ ਇੱਕ ਛਿਲਕੇ ਨੇ ਡਿੱਗਾ ਦਿੱਤਾ। ਇੱਕ ਕੇਲੇ ਦੇ ਛਿਲਕੇ ਨੇ ਮਜ਼ਾਕ ਕਰ ਦਿੱਤੀ।

ਜੇਕਰ ਉਹ ਇਸ ਆਦਮੀ ਨੂੰ ਵੇਖਦਾ ਹੈ ਤਾਂ ਉਸ ਨੂੰ ਵਿਖਾਈ ਦਿੰਦੀ ਹੈ ਆਦਮੀ ਦੀ ਲਾਚਾਰ ਅਵਸਥਾ। ਕਿੰਨਾ ਕਮਜ਼ੋਰ ਹੈ ਅਤੇ ਆਕੜ ਕਿੰਨੀ। ਇੱਕ ਕੇਲੇ ਦਾ ਛਿਲਕਾ ਡਿਗਾ ਦਿੰਦਾ ਹੈ ਅਤੇ ਹਿਮਾਲੀਆ 'ਤੇ ਚੜ੍ਹਣ ਦੀ ਆਕੜ ਲੈ ਕੇ ਟੁਰਦਾ ਹੈ ਆਦਮੀ। ਪਰਮਾਤਮਾ ਨੂੰ ਹਰਾਉਣ ਦਾ ਖਿਆਲ ਰੱਖਦਾ ਹੈ, ਕੇਲੇ ਦਾ ਛਿਲਕਾ ਡਿਗਾ ਦਿੰਦਾ ਹੈ। ਉਹ ਜੇਕਰ ਹੱਸਦਾ ਹੈ ਤਾਂ ਆਦਮੀਅਤ ਦੀ ਲਾਚਾਰ ਅਵਸਥਾ ਉਪਰ ਹੱਸਦਾ ਹੈ। ਆਪਣੀ ਲਾਚਾਰ ਅਵਸਥਾ 'ਤੇ ਹੱਸਦਾ ਹੈ, ਲੱਜਾ ਨਾਲ। ਪਰ ਕਿਸੇ ਨੂੰ ਨਿੰਦਣ ਨਾਲ, ਕਿਸੇ ਨੂੰ ਡਿਗਾਉਣ ਦੇ ਭਾਵ ਨਾਲ ਨਹੀਂ। ਉਸਦਾ ਵਿਨੋਦ ਹੈ। ਉਹ ਅੰਦਰ ਆਨੰਦਿਤ ਹੈ ਅਤੇ ਉਸ ਦੇ ਆਨੰਦ ਦੀਆਂ ਲਹਿਰਾਂ, ਉਸ ਦੇ ਬੁੱਲ੍ਹਾਂ ਤੱਕ ਆ ਜਾਂਦੀਆਂ ਹਨ।

ਲੱਜਾ ਜਾਂ ਸ਼ੀਲ, ਗਿਆਨ ਖੰਡ ਦੀ ਵਾਣੀ ਰੂਪ ਹੈ। ਜਿੰਨਾਂ-ਜਿੰਨਾਂ ਗਿਆਨ ਡੂੰਘਾ ਹੁੰਦਾ ਹੈ, ਜਾਗਰੂਕਤਾ ਵਧਦੀ ਹੈ, ਓਨੀ-ਓਨੀ ਸ਼ਰਮ। ਨਾਨਕ ਕਹਿੰਦੇ ਹਨ, ਸ਼ਰਮ ਖੰਡ ਕੀ ਵਾਣੀ ਰੂਪ ਅਤੇ ਉਹ ਜਿਹੜੀ ਸ਼ਰਮ ਹੈ ਉਹ ਹੀ ਵਾਣੀ ਹੈ।

ਬੁੱਧ ਪੁਰਖ ਝਿਜਕ ਕੇ ਬੋਲਦੇ ਹਨ। ਬੁੱਧੂ ਮੇਜ ਠੋਕ ਕੇ ਬੋਲਦੇ ਹਨ। ਇਸ ਲਈ ਬੁੱਧੂ ਬਹੁਤ ਸਾਰੇ ਪੈਰੋਕਾਰ ਇਕੱਠੇ ਕਰ ਲੈਂਦੇ ਹਨ। ਅਨੁਯਾਈ ਤਾਂ ਵੇਖਦੇ ਹਨ ਕਿ ਕੌਣ ਜ਼ੋਰ ਨਾਲ ਬੋਲ ਰਿਹਾ ਹੈ। ਜੇਕਰ ਕੋਈ ਆਦਮੀ ਝਿਜਕ ਕੇ ਬੋਲ ਰਿਹਾ ਹੈ ਤਾਂ ਤੁਸੀਂ ਉਸ ਦੇ ਪਿੱਛੇ ਜਾਓਗੇ ਹੀ ਨਹੀਂ, ਇਹ ਆਦਮੀ ਖੁਦ ਹੀ ਸ਼ੱਕੀ ਹੈ, ਤੁਸੀਂ ਸਮਝੋਗੇ। ਉਹ ਸ਼ੱਕ ਦੇ ਕਾਰਣ ਨਹੀਂ ਝਿਜਕ ਰਿਹਾ ਹੈ, ਉਹ ਸ਼ਰਮ ਦੇ ਕਾਰਣ ਝਿਜਕ ਰਿਹਾ ਹੈ। ਉਹ ਇਸ ਲਈ ਝਿਜਕ ਰਿਹਾ ਹੈ ਕਿ ਕਹਿਣਾ ਕਿੰਨਾ ਮੁਸ਼ਕਿਲ ਹੈ।

ਬੁੱਧ ਦੇ ਕੋਲ ਬਹੁਤ ਲੋਕ ਆਉਂਦੇ ਸੀ, ਨਵੇਂ-ਨਵੇਂ ਸਵਾਲ, ਵੱਖਰੇ-ਵੱਖਰੇ ਸਵਾਲ ਲੈ ਕੇ। ਬੁੱਧ ਜਵਾਬ ਤਾਂ ਘੱਟ ਦਿੰਦੇ ਸੀ। ਬਹੁਤ ਥੋੜ੍ਹੇ ਸਵਾਲਾਂ ਦੇ ਜਵਾਬ ਦਿੰਦੇ ਸੀ। ਖਾਸ ਸਵਾਲਾਂ ਦੇ ਜ਼ਵਾਬ ਤਾਂ ਦਿੰਦੇ ਹੀ ਨਹੀਂ ਸਨ। ਕਿਉਂਕਿ ਖਾਸ ਸਵਾਲਾਂ ਦੇ ਜਵਾਬ ਹੀ ਨਹੀਂ ਹੈ। ਸਿਰਫ਼ ਗੈਰ ਖਾਸ ਸਵਾਲਾਂ ਦਾ ਜਵਾਬ ਹੋ ਸਕਦਾ ਹੈ। ਜਿਹੜੀ ਮੁਸੀਬਤ ਆਦਮੀ ਨੇ ਖੁਦ ਪੈਦਾ ਕੀਤੀ ਹੈ, ਉਸ ਦਾ ਜਵਾਬ ਹੋ ਸਕਦਾ ਹੈ, ਪਰ ਜੋ ਰਹੱਸਯ ਪਰਮਾਤਮਾ ਦਾ ਹੈ, ਉਸ ਦਾ ਕੋਈ ਜਵਾਬ ਨਹੀਂ।

ਤਾਂ ਬੁੱਧ ਚੁੱਪ ਰਹਿ ਜਾਂਦੇ। ਬਹੁਤ ਲੋਕ ਇਹ ਹੀ ਸੋਚ ਕੇ ਮੁੜ ਜਾਂਦੇ ਕਿ ਅਜੇ ਇਸ ਨੂੰ ਪਤਾ ਨਹੀਂ ਹੈ, ਪਤਾ ਹੁੰਦਾ ਤਾਂ ਬੋਲਦਾ। ਤੁਸੀਂ ਚੁੱਪ ਨੂੰ ਸਮਝ ਹੀ ਨਾ ਸਕੋਗੇ। ਉਹ ਲੱਜਾ ਜਿਹੜੀ ਬੁੱਧ ਵਿੱਚ ਹੈ ਉਹ ਘੱਟ ਲੋਕਾਂ ਵਿੱਚ ਰਹੀ ਹੈ। ਸੋ ਬੁੱਧ ਦੇ ਵੇਲੇ ਵੀ ਬਹੁਤ ਸਾਰੇ ਮੱਤਵਾਦੀ ਸੀ, ਜਿਹੜੇ ਆਕੜ ਕੇ ਜਵਾਬ ਦਿੰਦੇ ਸੀ। ਲੋਕ ਉਨ੍ਹਾਂ ਦੇ ਪਿੱਛੇ ਇਕੱਠੇ ਹੋ ਜਾਂਦੇ ਸੀ। ਉਹ ਵੀ ਸਮਝਾਉਂਦੇ ਸੀ ਲੋਕਾਂ ਨੂੰ ਕਿ ਪੁੱਛ ਲਵੋ ਜਾ ਕੇ ਇਹ ਸਵਾਲ। ਜੇਕਰ ਗਿਆਨ ਹੋ ਗਿਆ ਹੈ ਤਾਂ ਜਵਾਬ ਚਾਹੀਦਾ। ਤੁਸੀਂ ਵੀ ਇਹ ਹੀ ਸੋਚਦੇ ਹੋ ਕਿ ਜਿਸ ਨੂੰ ਗਿਆਨ ਹੋ ਗਿਆ ਹੈ, ਉਸ ਦੇ ਕੋਲ ਸਭ ਜਵਾਬ ਹੋਣੇ ਚਾਹੀਦੇ ਨੇ।

ਜਿਸ ਨੂੰ ਗਿਆਨ ਹੋ ਜਾਂਦਾ ਹੈ ਉਸ ਦੇ ਸਾਰੇ ਜਵਾਬ ਗੁਆਚ ਜਾਂਦੇ ਹਨ। ਉਸ ਦੇ ਕੋਲ ਕੋਈ ਜਵਾਬ ਨਹੀਂ ਬਚਦਾ, ਉਸ ਨੂੰ ਬਹੁਤ ਸ਼ਰਮ ਆਉਂਦੀ ਹੈ ਕਿ ਕੀ ਤੁਹਾਨੂੰ ਕਹੇ? ਉਸ ਨੂੰ ਸ਼ਰਮ ਆਉਂਦੀ ਹੈ ਕਿ ਕੀ ਤੁਸੀਂ ਪੁੱਛ ਰਹੇ ਹੋ, ਉਸ ਦਾ ਵੀ ਤੁਹਾਨੂੰ ਪਤਾ ਨਹੀਂ। ਰਾਹ ਟੁਰਦਿਆਂ ਲੋਕਾਂ ਨੇ ਮੈਨੂੰ ਕਈ ਵਾਰੀ ਫੜ ਲਿਆ ਤੇ ਕਿਹਾ ਕਿ ਈਸ਼ਵਰ ਹੈ? ਰਾਹ ਉਤੇ ਮੈਂ ਟੁਰਿਆ ਜਾ ਰਿਹਾ ਹਾਂ, ਟ੍ਰੇਨ ਫੜਣ ਲਈ ਪਲੇਟਫਾਰਮ ਉਤੇ ਹਾਂ, ਕੋਈ ਆਦਮੀ ਵਿਚਾਲੇ ਰੋਕ ਲੈਂਦਾ ਹੈ, 'ਜ਼ਰਾ ਇੱਕ ਮਿੰਟ, ਧਿਆਨ ਕੀ ਹੈ?'

ਉਨ੍ਹਾਂ ਨੂੰ ਕੀ ਕਿਹਾ ਜਾਏ? ਇਹ ਕੀ ਪੁੱਛ ਰਹੇ ਹਨ, ਇਸ ਦਾ ਉਨ੍ਹਾਂ ਨੂੰ ਪਤਾ ਨਹੀਂ ਹੈ। ਇਹ ਜਵਾਬ ਚਾਹੁੰਦੇ ਹਨ। ਜੇਕਰ ਇਨ੍ਹਾਂ ਨੂੰ ਜਵਾਬ ਦੇ ਦਿੱਤਾ ਜਾਏ ਤਾਂ ਜਵਾਬ ਇਹ ਅਜਿਹਾ ਚਾਹੁੰਦੇ ਹਨ, ਜਿਵੇਂ ਦੋ ਅਤੇ ਦੋ ਚਾਰ। ਕਾਸ਼, ਜ਼ਿੰਦਗੀ ਹਿਸਾਬ ਹੁੰਦੀ। ਬਹੁਤ ਆਸਾਨ ਹੋ ਜਾਂਦਾ।

ਜ਼ਿੰਦਗੀ ਹਿਸਾਬ ਨਹੀਂ ਹੈ। ਜ਼ਿੰਦਗੀ ਇੱਕ ਕਵਿਤਾ ਹੈ, ਜਿਸ ਨੂੰ ਸਮਝਣ ਦੀ ਸ਼ਕਤੀ ਚਾਹੀਦੀ ਹੈ। ਜਿਸ ਨੂੰ ਮੌਨ ਵਿੱਚ ਸੁਣਨ ਦੀ ਕਾਬਲੀਅਤ ਚਾਹੀਦੀ ਹੈ ਅਤੇ ਕਵਿਤਾ ਦੇ ਜਵਾਬ ਹਿਸਾਬ ਵਰਗੇ ਦੋ ਅਤੇ ਦੋ ਚਾਰ ਵਰਗੇ ਨਹੀਂ ਹਨ। ਕਵਿਤਾ ਤਾਂ ਹੈਰਾਨੀ ਜਗਾਉਂਦੀ ਹੈ। ਉਹ ਤੁਹਾਨੂੰ ਚੁੱਕਦੀ ਹੈ, ਤੁਸੀਂ ਜਿੱਥੇ ਹੋ ਉਥੋਂ। ਉਹ ਤੁਹਾਨੂੰ ਜਵਾਬ ਦੇ ਕੇ ਉਥੇ ਹੀ ਸਥਾਪਤ ਨਹੀਂ ਕਰਦੀ। ਉਹ ਤੁਹਾਡੀਆਂ ਜੜ੍ਹਾਂ ਨੂੰ ਉਖਾੜਦੀ ਹੈ ਅਤੇ ਤੁਹਾਨੂੰ ਨਵੀਂ ਯਾਤਰਾ ਉਤੇ ਲੈ ਜਾਂਦੀ ਹੈ। ਅਸ਼ਚਰਜ ਤੋਂ ਹੋਰ ਅਸ਼ਚਰਜ ਦੇ ਵੱਲ। ਨਾਨਕ ਕਹਿੰਦੇ ਹਨ, ਇਸ ਦਾ ਅੰਤ ਹੀ ਨਹੀਂ। ਅੰਤ ਹੀ ਨਹੀਂ ਹੈ। ਲੱਜਾ ਜਾਂ ਸ਼ੀਲ ਵਾਣੀ ਰੂਪ ਹੈ।

ਬੁੱਧ ਚੁੱਪ ਰਹਿ ਜਾਂਦੇ ਹਨ। ਜਦ ਕੋਈ ਪੁੱਛਦਾ ਹੈ, 'ਈਸ਼ਵਰ ਹੈ'? ਤਾਂ ਬੁੱਧ ਚੁੱਪ ਰਹਿ ਜਾਂਦੇ ਹਨ। ਇਸ ਕਾਰਣ ਦੋ ਭਰਮ ਪੈਦਾ ਹੋਏ। ਹਿੰਦੂਆਂ ਨੇ ਤਾਂ ਸਮਝਿਆ ਕਿ ਇਸ ਆਦਮੀ ਨੂੰ ਪਤਾ ਹੀ ਨਹੀਂ ਹੈ। ਕਿਉਂਕਿ ਪਤਾ ਹੁੰਦਾ, ਪਿੰਡ ਦੇ ਸਾਧਾਰਣ ਪੰਡਿਤ ਤੋਂ ਪੁੱਛੋ, ਉਹ ਕਹਿੰਦਾ ਹੈ ਕਿ ਹਾਂ, ਈਸ਼ਵਰ ਹੈ ਅਤੇ ਪ੍ਰਮਾਣ ਦਿੰਦਾ ਹੈ। ਜਦ ਸਾਡਾ ਪੰਡਿਤ ਪ੍ਰਮਾਣ ਦੇ ਦਿੰਦਾ ਹੈ ਤਾਂ ਇਹ ਆਦਮੀ? ਪਿੰਡ ਦਾ ਸਾਧਾਰਣ ਪੰਡਿਤ ਜਾਣਦਾ ਹੈ।

ਮੈਂ ਸੁਣਿਆ ਹੈ ਕਿ ਅਜਿਹਾ ਹੋਇਆ ਕਿ ਇੱਕ ਮੂੜ੍ਹ ਦੇਸ਼ ਵਿੱਚ, ਇੱਕ ਮਹਾਂਮੂੜ੍ਹ ਨੇਤਾ ਹੋ ਗਿਆ। ਉਹ ਪ੍ਰਧਾਨ ਮੰਤਰੀ ਬਣ ਗਿਆ। ਉਹ ਬੋਲ ਲੈਂਦਾ ਸੀ। ਭਾਸ਼ਣ ਦੇਣ ਵਿੱਚ ਤੇਜ਼ ਸੀ। ਨੇਤਾ ਹੋਣ ਲਈ ਓਨੀ ਹੀ ਜ਼ਰੂਰਤ ਹੈ। ਹੋਰ ਕੋਈ ਲਿਆਕਤ ਚਾਹੀਦੀ ਵੀ ਨਹੀਂ। ਉਹ ਕਾਫ਼ੀ ਚੀਖ਼-ਚੀਖ਼ ਕੇ ਬੋਲਦਾ ਸੀ ਅਤੇ ਪ੍ਰਭਾਵਿਤ ਕਰ ਦਿੰਦਾ ਸੀ ਆਵਾਜ਼ ਨਾਲ ਅਤੇ ਕੋਈ ਏਨਾ ਚੀਖ਼ ਕੇ ਬੋਲਦਾ ਹੈ ਤਾਂ ਲੋਕਾਂ ਨੂੰ ਭਰੋਸਾ ਆ ਜਾਂਦਾ ਹੈ ਕਿ ਏਨਾ ਚੀਖ ਕੇ ਬੋਲ ਰਿਹਾ ਹੈ ਤਾਂ ਕੁਝ ਪਤਾ ਹੀ ਹੋਏਗਾ। ਪੜ੍ਹਿਆ-ਲਿਖਿਆ ਤਾਂ ਬਿਲਕੁਲ ਨਹੀਂ ਸੀ।

ਮੁਸੀਬਤ ਤਾਂ ਤਦ ਆਈ ਜਦ ਉਹ ਪ੍ਰਧਾਨ ਮੰਤਰੀ ਹੋ ਗਿਆ। ਕਿਉਂਕਿ ਨਿਯਮ ਤਾਂ ਇਹ ਸੀ ਕਿ ਪ੍ਰਧਾਨ ਮੰਤਰੀ ਭਾਸ਼ਣ ਨਾ ਦੇਵੇ ਪੜ੍ਹ ਕੇ ਬੋਲੇ। ਸੋ ਪੜ੍ਹ ਤਾਂ ਸਕਦਾ ਹੀ ਨਹੀਂ ਸੀ, ਪਰ ਆਦਮੀ ਹੁਸ਼ਿਆਰ ਸੀ, ਤੇ ਨੇਤਾ ਹੋਣ ਲਈ ਚਾਲਾਕੀ ਤਾਂ ਚਾਹੀਦੀ ਹੀ ਹੈ। ਤਾਂ ਉਸ ਨੇ ਸੋਚਿਆ, ਕੋਈ ਹਰਜ਼ਾ ਨਹੀਂ, ਤਾਂ ਉਹ ਕੋਟੀ ਵੀ ਕਾਗਜ਼

ਰੱਖ ਲੈਂਦਾ ਸੀ। ਅਖ਼ਬਾਰ ਦੀ ਕਟਿੰਗ ਕੱਟ ਲਈ, ਰੱਖ ਲਈ। ਭਾਸ਼ਣ ਤਾਂ ਜੋ ਉਸ ਨੇ ਦੇਣਾ ਸੀ ਉਹ ਹੀ ਦਿੰਦਾ ਸੀ, ਪਰ ਉਹ ਉਸਦੇ ਵਿਚੋਂ ਪੜ੍ਹ ਕੇ ਦਿੰਦਾ ਸੀ। ਪੜ੍ਹਿਆ ਲਿਖਿਆ ਤਾਂ ਸੀ ਨਹੀਂ, ਸੋ ਕਦੇ ਕਾਗਜ਼ ਨੂੰ ਪੁੱਠਾ ਵੀ ਫੜ੍ਹ ਲੈਂਦਾ ਸੀ। ਅਜਿਹਾ ਹੋਇਆ ਕਿ ਕੋਈ ਪਰਦੇਸ਼ ਤੋਂ ਆਦਮੀ ਆਇਆ ਹੋਇਆ ਸੀ, ਕਿਸੇ ਦਾ ਪ੍ਰਾਹੁਣਾ, ਉਸ ਨੇ ਉਸਦਾ ਵਖਿਆਨ ਸੁਣਿਆ। ਉਹ ਹੈਰਾਨ ਹੋਇਆ, ਕਿਉਂਕਿ ਅਖ਼ਬਾਰ ਦੀ ਕੋਈ ਪੁਰਾਣੀ ਕਟਿੰਗ ਰੱਖੀ ਹੋਈ ਸੀ ਅਤੇ ਉਹ ਵੀ ਪੁੱਠੀ ਫੜੀ ਹੋਈ ਸੀ। ਤਾਂ ਉਸ ਨੇ ਖਲੋ ਕੇ ਕਿਹਾ, ਕਿ ਇਹ ਤਾਂ ਹੱਦ ਹੋ ਗਈ। ਇਹ ਆਦਮੀ ਉਸ ਵਿੱਚ ਜੋ ਲਿਖਿਆ ਹੈ ਉਹ ਤਾਂ ਪੜ੍ਹ ਹੀ ਨਹੀਂ ਰਿਹਾ ਹੈ ਅਤੇ ਪੜ੍ਹ ਵੀ ਨਹੀਂ ਸਕਦਾ, ਕਿਉਂਕਿ ਉਸ ਨੂੰ ਪੁੱਠਾ ਗੱਖਿਆ ਹੋਇਆ ਹੈ। ਪਰ ਨੇਤਾ, ਜਿਵੇਂ ਕਿ ਨੇਤਾ ਚਾਲਾਕ ਹੁੰਦੇ ਹਨ—ਪਿੰਡ ਦੇ ਲੋਕਾਂ ਨੂੰ ਗੱਲ ਜਚੀ। ਉਨ੍ਹਾਂ ਮੂੜ੍ਹਾਂ ਨੂੰ ਗੱਲ ਜਚੀ, ਕਿ ਹੈ। ਇਹ ਬਿਲਕੁਲ ਅਨਪੜ੍ਹ ਆਦਮੀ ਹੈ। ਇਸ ਨੂੰ ਇਹ ਵੀ ਪਤਾ ਨਹੀਂ ਕਿ ਸਿੱਧਾ.....।

ਨੇਤਾ ਨੇ ਕਾਗਜ਼ ਹੇਠਾਂ ਰੱਖ ਕੇ ਕਿਹਾ, ਕਿ ਸੁਣੋ, ਜਿਸ ਨੂੰ ਪੜ੍ਹਣਾ ਆਉਂਦਾ ਹੈ, ਉਸ ਨੂੰ ਕੀ ਸਿੱਧਾ ਅਤੇ ਕੀ ਪੁੱਠਾ? ਇਹ ਪਿੰਡ ਦੇ ਲੋਕਾਂ ਨੂੰ ਬਿਲਕੁਲ ਜਚੀ ਕਿ ਗੱਲ ਬਿਲਕੁਲ ਠੀਕ ਹੈ। ਜਿਸ ਨੂੰ ਪੜ੍ਹਣਾ ਹੀ ਆਉਂਦਾ ਹੈ। ਉਸ ਨੇਤਾ ਨੇ ਕਿਹਾ ਕਿ, 'ਤੁਸੀਂ ਸੁਣੀ ਹੈ ਕਹਾਵਤ—ਨਾਚ ਨਾ ਆਵੇ ਆਂਗਨ ਟੇੜਾ'। ਆਂਗਨ ਟੇੜਾ ਹੋਣ ਨਾਲ ਕੀ ਹੁੰਦਾ ਹੈ? ਨਾਚ ਆਉਣਾ ਚਾਹੀਦਾ। ਪੜ੍ਹਣਾ ਆਉਣਾ ਚਾਹੀਦਾ, ਕਾਗਜ਼ ਭਾਵੇਂ ਕਿਹੋ ਜਿਹਾ ਹੋਵੇ। ਮੈਂ ਉਸ ਨੂੰ ਕਿਸੇ ਵੀ ਤਰ੍ਹਾਂ ਰੱਖਾਂ, ਹਰ ਹਾਲਤ ਵਿੱਚ ਪੜ੍ਹ ਸਕਦਾ ਹਾਂ। ਇਹ ਆਦਮੀ ਅਨਪੜ੍ਹ ਹੈ ਅਤੇ ਉਹ ਆਦਮੀ ਅਜੇ ਵੀ ਨੇਤਾ ਹੈ। ਪਿੰਡ ਦੇ ਲੋਕਾਂ ਨੂੰ ਗੱਲ ਜਚ ਗਈ।

ਬੁੱਧ ਕੋਲੋਂ ਲੋਕ ਪੁੱਛਦੇ, ਈਸ਼ਵਰ ਹੈ? ਉਹ ਚੁੱਪ ਰਹਿ ਜਾਂਦੇ। ਸੋ ਇੱਕ ਤਾਂ ਇਹ ਭਰਮ ਪੈਦਾ ਹੋਇਆ ਇਨ੍ਹਾਂ ਨੂੰ ਪਤਾ ਨਹੀਂ ਹੈ ਅਤੇ ਦੂਜਾ ਇਹ ਭਰਮ ਪੈਦਾ ਹੋਇਆ ਕਿ ਈਸ਼ਵਰ ਹੈ ਨਹੀਂ, ਇਸ ਲਈ ਬੁੱਧ ਚੁੱਪ ਹਨ। ਹਿੰਦੂਆਂ ਨੇ ਸਮਝਿਆ, ਇਸ ਆਦਮੀ ਨੂੰ ਪਤਾ ਨਹੀਂ ਹੈ, ਅਤੇ ਬੌਧਾਂ ਨੇ ਸਮਝਿਆ ਜਿਹੜੇ ਬੁੱਧ ਦੇ ਹੀ ਪੈਰੋਕਾਰ ਸਨ, ਕਿ ਈਸ਼ਵਰ ਹੈ ਨਹੀਂ, ਇਸ ਲਈ ਬੁੱਧ ਚੁੱਪ ਹਨ, ਨਹੀਂ ਤਾਂ ਕਿਉਂ ਚੁੱਪ ਰਹਿਣ? ਇਸ ਲਈ ਬੁੱਧ ਨੂੰ ਲੋਕ ਨਾਸਤਕ ਸਮਝਦੇ ਹਨ। ਖ਼ੁਦ ਉਨ੍ਹਾਂ ਦੇ ਮੰਨਣ ਵਾਲੇ ਨਾਸਤਕ ਸਮਝਦੇ ਹਨ ਅਤੇ ਉਨ੍ਹਾਂ ਤੋਂ ਮਹਾਨ ਆਸਤਕ ਅੱਜ ਤੱਕ ਕੋਈ ਕਦੇ ਧਰਤੀ 'ਤੇ ਹੋਇਆ ਨਹੀਂ।

ਨਾਨਕ ਦੀ ਗੱਲ ਤੋਂ ਤੁਹਾਨੂੰ ਸਮਝ ਵਿੱਚ ਆ ਜਾਏਗਾ, ਲੱਜਾ ਵਾਣੀ ਹੈ। ਜਦ ਤੁਸੀਂ ਪੁੱਛਦੇ ਹੋ, ਈਸ਼ਵਰ ਹੈ? ਤਾਂ ਬੁੱਧ ਚੁੱਪ ਰਹਿ ਜਾਂਦੇ ਹਨ। ਚੁੱਪ ਰਹਿੰਦੇ ਹਨ,

ਕਿ ਕਿਵੇਂ ਕਹਾਂ? ਕਿਸ ਮੂੰਹ ਨਾਲ ਕਹਾਂ? ਕੌਣ ਕਹੇ? ਰਹੱਸਯ ਏਨਾ ਵੱਡਾ ਹੈ, ਕਿ ਕਿਹਾ ਨਹੀਂ ਜਾ ਸਕਦਾ ਹੈ। ਬੁੱਧ ਚੁੱਪ ਰਹਿ ਕੇ ਕੁਝ ਕਹਿ ਰਹੇ ਹਨ ਅਤੇ ਤੁਸੀਂ ਸਮਝ ਹੀ ਨਹੀਂ ਪਾ ਰਹੇ ਹੋ। ਜਾਂ ਤੁਸੀਂ ਜੋ ਵੀ ਸਮਝ ਪਾ ਰਹੇ ਹੋ, ਉਹ ਗ਼ਲਤ ਹੈ।

ਨਾਨਕ ਕਹਿੰਦੇ ਹਨ, ਉਸਦੇ ਵਿੱਚ ਜੋ ਰਚਨਾ ਹੁੰਦੀ ਹੈ, ਉਹ ਅਤਿਅੰਤ ਅਨੂਪ ਅਤੇ ਅਨੂਪਮ ਹੈ। ਉਸ ਲੱਜਾ ਵਿੱਚ ਜਿਹੜੀਆਂ ਬੋਧ ਦੀਆਂ ਨਵੀਆਂ-ਨਵੀਆਂ ਰਚਨਾਵਾਂ ਹੁੰਦੀਆਂ ਹਨ, ਨਵੀਆਂ-ਨਵੀਆਂ ਤਰੰਗਾਂ ਆਉਂਦੀਆਂ ਹਨ, ਉਹ ਅਨੂਪਮ ਹਨ, ਅਨੋਖੀਆਂ ਹਨ। ਉਨ੍ਹਾਂ ਦਾ ਕੋਈ ਜੋੜ ਨਹੀਂ। ਬੇਜੋੜ ਹਨ। ਉਨ੍ਹਾਂ ਦੀ ਚਰਚਾ ਸ਼ਬਦਾਂ ਵਿੱਚ ਨਹੀਂ ਕੀਤੀ ਜਾ ਸਕਦੀ, ਅਤੇ ਜਿਹੜਾ ਅਜਿਹਾ ਕਰਨ ਦਾ ਪ੍ਰਯਾਸ (ਯਤਨ) ਕਰਦਾ ਹੈ, ਉਹ ਪਿੱਛੋਂ ਪਛਤਾਉਂਦਾ ਹੈ। ਕਿਉਂ, ਪਿੱਛੋਂ ਪਛਤਾਉਂਦਾ ਹੈ, ਜਿਹੜਾ ਯਤਨ ਕਰਦਾ ਹੈ? ਕਿਉਂਕਿ ਜਿਵੇਂ ਹੀ ਸ਼ਬਦ ਵਿੱਚ ਕੋਈ ਗੱਲ ਬੋਲੀ ਜਾਂਦੀ ਹੈ ਉਵੇਂ ਹੀ ਲੱਗਦਾ ਹੈ, ਜੋ ਕਹਿਣਾ ਸੀ ਉਹ ਤਾਂ ਕਿਹਾ ਨਹੀਂ ਗਿਆ। ਇਹ ਤਾਂ ਕੁਝ ਹੋਰ ਹੋ ਗਿਆ। ਜੋ ਕਹਿਣਾ ਸੀ ਉਹ ਤਾਂ ਪਿੱਛੇ ਰਹਿ ਗਿਆ ਅਤੇ ਜਦ ਉਹ ਸੁਣਨ ਵਾਲੇ ਦੀਆਂ ਅੱਖਾਂ ਨੂੰ ਵੇਖਦਾ ਹੈ ਤਦ ਉਸ ਨੂੰ ਲੱਗਦਾ ਹੈ, ਜੋ ਕਹਿਣਾ ਸੀ ਉਹ ਤਾਂ ਪੁੱਜਾ ਹੀ ਨਹੀਂ। ਨੱਬੇ ਪਰਸੈਂਟ ਤਾਂ ਪਹਿਲਾਂ ਹੀ ਛੁੱਟ ਗਿਆ, ਸ਼ਬਦ ਜਦੋਂ ਬਣਾਇਆ ਅਤੇ ਦਸ ਪਰਸੈਂਟ ਜੋ ਥੋੜ੍ਹਾ ਬਹੁਤਾ ਸ਼ਬਦ ਵਿੱਚ ਸੀ, ਉਹ ਵੀ ਸੁਣਨ ਵਾਲੇ ਤੱਕ ਨਹੀਂ ਪੁੱਜਾ। ਉਸ ਨੇ ਕੁਝ ਹੋਰ ਹੀ ਸੁਣਿਆ ਤੁਸੀਂ ਕੁਝ ਹੋਰ ਹੀ ਕਿਹਾ।

ਬੁੱਧ ਕੁਝ ਹੋਰ ਹੀ ਕਹਿੰਦੇ ਹਨ, ਅਗਿਆਨੀ ਕੁਝ ਹੋਰ ਹੀ ਸੁਣਦੇ ਹਨ ਅਤੇ ਜੋ ਅਗਿਆਨੀ ਸੁਣਦੇ ਹਨ, ਉਸ ਦੇ ਉਤੇ ਸੰਪ੍ਰਦਾਇ ਨਿਰਮਿਤ ਹੁੰਦੇ ਹਨ। ਇਸ ਲਈ ਬੁੱਧਾਂ ਨਾਲੋਂ ਉਨ੍ਹਾਂ ਸੰਪ੍ਰਦਾਵਾਂ ਦਾ ਸੰਬੰਧ ਬਿਲਕੁਲ ਹੀ ਟੁੱਟ ਜਾਂਦਾ ਹੈ। ਕੋਈ ਸੰਬੰਧ ਨਹੀਂ ਰਹਿ ਜਾਂਦਾ। ਇਸ ਲਈ ਪਿੱਛੋਂ ਪਛਤਾਉਂਦਾ ਹੈ, ਕਿ ਜੋ ਕਹੇਗਾ ਉਹ ਪਛਤਾਏਗਾ। ਇਸ ਲਈ ਜਿਨ੍ਹਾਂ ਨੇ ਵੀ ਕਹਿਣ ਦੀ ਕੋਸ਼ਿਸ਼ ਕੀਤੀ ਹੈ ਉਨ੍ਹਾਂ ਨੇ ਲਗਾਤਾਰ ਨਾਲ ਇਹ ਵੀ ਕਿਹਾ ਹੈ ਕਿ ਤੁਸੀਂ ਸ਼ਬਦ ਨੂੰ ਨਾ ਫੜ ਲੈਣਾ।

ਹੁਣ ਨਾਨਕ ਨੇ ਹੀ ਇਹ ਕਿਹਾ, ਹੁਣ ਉਹ ਪਛਤਾ ਰਹੇ ਹੋਣਗੇ। ਸਿੱਖਾਂ ਨੂੰ ਵੇਖਣਗੇ, ਪਛਤਾਉਣਗੇ। ਇਹ ਕਦੇ ਸੋਚਿਆ ਵੀ ਨਹੀਂ ਹੋਏਗਾ ਕਿ ਇਹ ਜਮਾਤ ਖੜ੍ਹੀ ਹੋਵੇਗੀ। ਬੁੱਧ ਪਛਤਾ ਰਹੇ ਹਨ ਕਿ ਜਿਹੜੀ ਬੋਧਾਂ ਦੀ ਜਮਾਤ ਖੜ੍ਹੀ ਹੋਈ ਹੈ, ਇਹ ਕਦੇ ਸੋਚਿਆ ਵੀ ਨਹੀਂ ਹੋਏਗਾ। ਮਹਾਂਵੀਰ ਪਛਤਾ ਰਹੇ ਹਨ। ਉਹ ਲੋਕ ਸਾਰੇ ਮੋਖਸ਼ ਵਿੱਚ ਮਿਲਦੇ ਹੋਣਗੇ ਤੇ ਆਪਣਾ ਆਪਣਾ ਰੋਣਾ ਰੋਂਦੇ ਹੋਣਗੇ। ਰੋਣਗੇ ਹੀ।

ਕਿਉਂਕਿ ਸੁਣ ਕੇ ਉਹ ਗੱਲ ਸਮਝੀ ਨਹੀਂ ਜਾ ਸਕਦੀ। ਸੁਣਨ ਵਾਲਾ ਸ਼ਬਦ ਫੜ ਲੈਂਦਾ ਹੈ। ਫੇਰ ਸ਼ਬਦਾਂ ਨੂੰ ਢੋਂਦਾ ਹੈ। ਫੇਰ ਸ਼ਬਦ ਦੇ ਆਲੇ-ਦੁਆਲੇ ਸੰਪ੍ਰਦਾਇ ਖੜ੍ਹਾ

ਹੁੰਦਾ ਹੈ। ਫਿਰ ਉਹ ਸੰਪ੍ਰਦਾਇ ਹਜ਼ਾਰਾਂ-ਹਜ਼ਾਰਾਂ ਸਾਲਾਂ ਤੱਕ ਟੁਰਦਾ ਹੈ ਅਤੇ ਹਜ਼ਾਰ ਤਰ੍ਹਾਂ ਦੀਆਂ ਭੁੱਲਾਂ ਉਸ ਸੰਪ੍ਰਦਾਇ ਦੇ ਕਾਰਣ ਪੈਦਾ ਹੁੰਦੀਆਂ ਹਨ ਤੇ ਹਜ਼ਾਰਾਂ ਕਿਸਮਾਂ ਦੀਆਂ ਬੁਰਾਈਆਂ। ਉਹ ਧਰਤੀ 'ਤੇ ਇੱਕ ਜ਼ਖਮ ਦੇ ਵਾਂਗ ਛੁਟ ਜਾਂਦਾ ਹੈ, ਮਨੁੱਖ ਦੀ ਚੇਤਨਾ ਉਤੇ ਇੱਕ ਰੋਗ ਦੇ ਵਾਂਗ। ਜਿਹੜਾ ਅਜਿਹਾ ਕਹਿਣ ਦਾ ਯਤਨ ਕਰਦਾ ਹੈ, ਉਹ ਪਿੱਛੋਂ ਪਛਤਾਉਂਦਾ ਹੈ। ਉਥੇ ਹੀ ਸਮ੍ਰਿਤੀ, ਮਤਿ, ਮਨ ਅਤੇ ਬੁੱਧੀ ਦੀ ਰਚਨਾ ਹੁੰਦੀ ਹੈ। ਉਸ ਗਿਆਨ ਖੰਡ ਵਿੱਚ, ਜਿੱਥੇ ਹੋਸ਼ ਜਾਗਦਾ ਹੈ, ਉਥੇ ਹੀ ਸਮ੍ਰਿਤੀ ਦੀਆਂ ਧਾਰਾਵਾਂ ਮਤਿ, ਮਨ ਅਤੇ ਬੁੱਧੀ ਦੀ ਰਚਨਾ ਹੁੰਦੀ ਹੈ। ਉਥੇ ਹੀ ਚੇਤਨਾ ਦੇ ਸਾਰੇ ਰੂਪ ਢਲਦੇ ਹਨ।

ਉਥੇ ਹੀ ਦੇਵਤਾ ਅਤੇ ਸਿੱਧ ਦੀ ਸੁਧਿ ਜਾਂ ਮਨੀਸ਼ਾ ਘੜੀ ਜਾਂਦੀ ਹੈ। ਉਸ ਹੋਸ਼ ਵਿੱਚ ਇਹ ਸਭ ਵਿਖਾਈ ਦਿੰਦਾ ਹੈ: ਇਹ ਸਾਰੇ ਰੂਪ ਜਿਵੇਂ ਮਿੱਟੀ ਤੋਂ ਕੋਈ ਹਜ਼ਾਰਾਂ ਚੀਜ਼ਾਂ ਬਣਾਏ, ਮੂਰਤੀਆਂ ਬਣਾਏ। ਇਸੇ ਤਰ੍ਹਾਂ ਹੀ ਚੇਤਨਾ ਦੇ ਸਾਰੇ ਰੂਪ ਹਨ: ਬੁੱਧੀ, ਮਨ, ਸੁਧਿ, ਸਮ੍ਰਿਤੀ, ਮਨੀਸ਼ਾ, ਪ੍ਰਤਿਭਾ, ਸਭ ਚੇਤਨਾ ਦੇ ਰੂਪ ਹਨ।

ਲੇਕਿਨ ਜਦ ਤੁਸੀਂ ਜਾਗ ਕੇ ਇਨ੍ਹਾਂ ਤੋਂ ਉਪਰ ਉੱਠਦੇ ਹੋ, ਤਦ ਤੁਹਾਨੂੰ ਪਤਾ ਲੱਗਦਾ ਹੈ ਕਿ ਇਹ ਸਭ ਤਾਂ ਚੇਤਨਾ ਦੇ ਰੂਪ ਹਨ ਅਤੇ ਇਨ੍ਹਾਂ ਤੋਂ ਜੋ ਵੀ ਜਾਣਿਆ ਜਾਂਦਾ ਹੈ, ਸੀਮਿਤ ਹੋਏਗਾ, ਕਿਉਂਕਿ ਰੂਪ ਤੋਂ ਤੁਸੀਂ ਅਰੂਪ ਨੂੰ ਨਹੀਂ ਜਾਣ ਸਕਦੇ। ਮਤਿ, ਬੁੱਧੀ, ਸੁਧਿ, ਪ੍ਰਤਿਭਾ ਇਨ੍ਹਾਂ ਸਭ ਦੇ ਪਿੱਛੇ ਜਿਹੜਾ ਅਰੂਪ ਲੁਕਿਆ ਹੈ, ਉਹ ਹੈ ਜਾਗਰਣ। ਉਹ ਹੈ ਬੋਧ। ਉਹ ਹੈ ਹੋਸ਼। ਉਹ ਹੈ ਚੇਤਨਾ। ਉਸ ਅਰੂਪ ਨੂੰ ਤੁਸੀਂ ਫੜ ਲੈਂਦੇ ਹੋ, ਉਵੇਂ ਹੀ ਸਾਰੇ ਜਗਤ ਵਿੱਚ ਨਿਰਾਕਾਰ ਦੀ ਪਛਾਣ ਸ਼ੁਰੂ ਹੋ ਜਾਂਦੀ ਹੈ। ਬੁੱਧੀ ਨਾਲ ਤੁਸੀਂ ਜੋ ਵੀ ਜਾਣੋਗੇ, ਉਹ ਸੀਮਿਤ ਹੋਏਗਾ। ਸਾਕਾਰ ਹੋਏਗਾ। ਬੁੱਧੀ ਤਾਂ ਇਵੇਂ ਹੀ ਹੈ ਜਿਵੇਂ ਕੋਈ ਘਰ ਦੀ ਖਿੜਕੀ ਉਤੇ ਖੜ੍ਹਾ ਹੋ ਕੇ ਆਕਾਸ਼ ਨੂੰ ਵੇਖੇ, ਤਾਂ ਖਿੜਕੀ ਦਾ ਜਿਹੜਾ ਚੌਖਟਾ ਹੈ, ਆਕਾਸ਼ ਓਨਾਂ ਹੀ ਵਿਖਾਈ ਪਏਗਾ, ਜਿੰਨਾਂ ਉਹ ਚੌਖਟਾ ਹੈ।

ਚੇਤਨਾ ਬਹੁਤ ਰੂਪ ਲੈਂਦੀ ਹੈ। ਜਿਵੇਂ ਪਦਾਰਥ ਨੇ ਬਹੁਤ ਰੂਪ ਲਏ ਹਨ, ਕਿਤੇ ਚੱਟਾਨ ਹੈ, ਕਿਤੇ ਬੱਦਲ ਹੈ, ਕਿਤੇ ਬਰਫ਼ ਹੈ, ਕਿਤੇ ਆਕਾਸ਼ ਹੈ। ਜਿਵੇਂ ਪਦਾਰਥ ਨੇ ਅਨੰਤ ਰੂਪ ਲਏ ਹਨ, ਇਸੇ ਤਰ੍ਹਾਂ ਚੇਤਨਾ ਨੇ ਵੀ ਅਨੰਤ ਰੂਪ ਲਏ ਹਨ। ਕਿਤੇ ਬੁੱਧੀ ਹੈ, ਕਿਤੇ ਸੁਧਿ ਹੈ। ਬੁੱਧੀਮਾਨ ਵਿੱਚ ਬੁੱਧੀ ਹੈ, ਪੰਡਿਤ ਵਿੱਚ ਬੁੱਧੀ ਹੈ। ਸੁਧਿਮਾਨ ਵਿੱਚ, ਸਾਧੂ ਵਿੱਚ ਸੁਧਿ ਹੈ। ਸਮਰਣ ਹੈ, ਸੁਰਤਿ ਹੈ। ਜਿਹੜੇ ਲੋਕ ਬਹੁਤ ਯਾਦਦਾਸ਼ਤ ਰੱਖਦੇ ਹਨ, ਚਾਹੇ ਉਨ੍ਹਾਂ ਵਿੱਚ ਬੁੱਧੀ ਨਾ ਹੋਵੇ, ਸਮ੍ਰਿਤੀ ਹੁੰਦੀ ਹੈ। ਅਕਸਰ ਅਜਿਹਾ ਹੁੰਦਾ ਹੈ ਕਿ ਬਹੁਤ ਬੁੱਧੀਮਾਨ ਲੋਕਾਂ ਵਿੱਚ ਸਮ੍ਰਿਤੀ ਨਹੀਂ ਹੁੰਦੀ ਅਤੇ ਬਹੁਤ ਸਮ੍ਰਿਤੀਵਾਨ ਲੋਕਾਂ ਵਿੱਚ ਬੁੱਧੀ ਨਹੀਂ ਹੁੰਦੀ। ਇਸ ਤਰ੍ਹਾਂ ਦੇ ਬਹੁਤ ਸਾਰੇ ਪ੍ਰਮਾਣ

ਹਨ, ਇਥੇ ਵੱਡੀ ਸਮ੍ਰਿਤੀ ਦੇ ਲੋਕ ਬੁੱਧੂ ਪਾਏ ਗਏ ਹਨ, ਕਿਉਂਕਿ ਸਮ੍ਰਿਤੀ ਦਾ ਕੰਮ ਹੀ ਵੱਖਰਾ ਹੈ। ਜੋ ਹੈ ਉਸ ਨੂੰ ਜਾਣ ਲਿਆ, ਉਸ ਦੀ ਯਾਦਦਾਸ਼ਤ। ਬੁੱਧੀ ਦਾ ਕੰਮ ਦੂਜਾ ਹੈ। ਜੋ ਨਹੀਂ ਜਾਣਿਆ ਹੈ। ਜਿਸ ਨਾਲ ਕੋਈ ਪਛਾਣ ਨਹੀਂ, ਉਸਦੇ ਵਿਚੋਂ ਰਾਹ ਬਨਾਉਣਾ। ਦੋਵੇਂ ਵੱਖਰੇ-ਵੱਖਰੇ ਹਨ। ਸਮ੍ਰਿਤੀ ਅਤੀਤ ਹੈ। ਤੇ ਬੁੱਧੀ ਦੀ ਖੋਜ ਭਵਿੱਖ ਵਿੱਚ ਹੈ। ਅਤੇ ਹੁਣ ਤਾਂ ਵਿਗਿਆਨਿਕ ਕਹਿੰਦੇ ਹਨ ਕਿ ਬਹੁਤ ਸਮ੍ਰਿਤੀ ਹੋਵੇ ਤਾਂ ਸਾਰੀ ਚੇਤਨਾ ਉਸੇ ਵਿੱਚ ਜਕੜ ਜਾਂਦੀ ਹੈ। ਤਾਂ ਬੁੱਧੀ ਬਹੁਤੀ ਨਹੀਂ ਵੱਧ ਪਾਉਂਦੀ ਅਤੇ ਹੁਣ ਸਾਰੀਆਂ ਸਿੱਖਿਆ ਦੀਆਂ ਸੰਸਥਾਵਾਂ ਸਮ੍ਰਿਤੀ ਉਤੇ ਹੀ ਜ਼ੋਰ ਦਿੰਦੀਆਂ ਹਨ। ਇਸ ਲਈ ਜੇਕਰ ਦੁਨੀਆਂ ਵਿੱਚ ਵੱਡਾ ਬੁੱਧੂਪਨ ਹੈ ਤਾਂ ਕੋਈ ਹੈਰਾਨੀ ਵਾਲੀ ਗੱਲ ਨਹੀਂ। ਕਿਉਂਕਿ ਸਮ੍ਰਿਤੀ ਦੀ ਸਿਖਿਆ ਹੁੰਦੀ ਹੈ, ਬੁੱਧੀਮਤਾ ਦੀ ਕੋਈ ਸਿਖਲਾਈ ਨਹੀਂ ਹੁੰਦੀ ਤਾਂ ਇੱਕ ਬੱਚਾ ਪੜ੍ਹ-ਲਿਖ ਕੇ ਮੁੜ ਆਉਂਦਾ ਹੈ, ਬਿਲਕੁਲ ਜੜ੍ਹ ਹੋ ਕੇ ਪਰਤਦਾ ਹੈ। ਸੋਭਾਗਸ਼ਾਲੀ ਹਨ ਉਹ ਲੋਕ ਜਿਹੜੇ ਵਿਸ਼ਵਵਿਦਿਆਲੇ ਤੋਂ ਆਪਣੀ ਬੁੱਧੀ ਬਚਾ ਕੇ ਪਰਤ ਆਉਂਦੇ ਹਨ। ਨਹੀਂ ਤਾਂ ਨਸ਼ਟ ਹੋ ਹੀ ਜਾਂਦੀ ਹੈ। ਯਾਦ ਕਰਦੇ-ਕਰਦੇ, ਕਰਦੇ- ਕਰਦੇ ਯਾਦ ਹੀ ਫੜ ਲੈਂਦੀ ਹੈ। ਸਮ੍ਰਿਤੀ ਵੱਖਰੀ ਹੈ, ਬੁੱਧੀ ਵੱਖਰੀ ਹੈ।

ਪ੍ਰਤਿਭਾ ਹੋਰ ਹੀ ਵੱਖਰੀ ਗੱਲ ਹੈ। ਪ੍ਰਤਿਭਾ ਦਾ ਅਰਥ ਹੈ, ਸਹਜ ਜੀਵਨ ਨੂੰ ਜਾਨਣ ਦੀ ਅਤੇ ਪਛਾਨਣ ਦੀ ਯੋਗਤਾ। ਬਿਨਾਂ ਕਿਸੇ ਤਰਕ ਦੇ ਜਵਾਬ ਦੀ ਝਲਕ ਨੂੰ ਪਾ ਲੈਣ ਦੀ ਸ਼ਕਤੀ ਦਾ ਨਾਮ ਪ੍ਰਤਿਭਾ ਹੈ। ਜੇਕਰ ਤੁਸੀਂ ਵੱਡੇ ਤੋਂ ਵੱਡੇ ਵਿਗਿਆਨਕ ਆਈਨਸਟੀਨ ਤੋਂ ਪੁੱਛੋ ਤਾਂ ਉਹ ਇਹ ਹੀ ਕਹੇਗਾ, ਜੋ ਵੀ ਮੈਂ ਜਾਣਿਆ ਹੈ, ਉਹ ਬੁੱਧੀ ਨਾਲ ਨਹੀਂ ਜਾਣਿਆ, ਪ੍ਰਤਿਭਾ ਨਾਲ। ਉਸ ਦੇ ਲਈ ਕੋਈ ਜਵਾਬ ਨਹੀਂ ਹੈ। ਅਨੇਕ-ਅਨੇਕ ਰੂਪਾਂ ਵਿੱਚ ਪ੍ਰਤਿਭਾ ਵਾਪਰਦੀ ਹੈ।

ਮੈਡਮ ਕਯੂਰੀ ਖੋਜ ਕਰ ਰਹੀ ਸੀ, ਜਿਸਦੇ ਲਈ ਉਸ ਨੂੰ ਨੋਬਲ ਪ੍ਰਾਈਜ਼ ਮਿਲਿਆ, ਉਹ ਥੱਕ ਗਈ ਵਰ੍ਹਿਆਂ ਤੱਕ ਭਾਲ ਕਰਦੇ-ਕਰਦੇ, ਕੁਝ ਨਾ ਕੁਝ। ਤੇ ਇੱਕ ਰਾਤ ਨੀਂਦ ਵਿੱਚ ਉੱਠ ਕੇ ਟੇਬਲ ਉਤੇ ਜਾ ਕੇ ਨੀਂਦ ਵਿੱਚ ਹੀ, ਉਸ ਨੇ ਜਵਾਬ ਲਿਖ ਦਿੱਤਾ। ਫੇਰ ਪਰਤ ਕੇ ਸੌਂ ਗਈ। ਸਵੇਰੇ ਤਾਂ ਹੈਰਾਨ ਹੀ ਹੋਈ ਕਿ ਜਵਾਬ ਆਇਆ ਕਿੱਥੋਂ? ਕਿਉਂਕਿ ਜਿੱਥੋਂ ਤੱਕ ਉਸ ਨੂੰ ਚੇਤੇ ਹੈ ਸ਼ਾਮ ਤੱਕ ਉਹ ਪ੍ਰੇਸ਼ਾਨ ਸੀ। ਜਵਾਬ ਨਹੀਂ ਮਿਲਿਆ। ਤਦ ਉਸ ਨੂੰ ਹੌਲੀ-ਹੌਲੀ ਚੇਤੇ ਆਇਆ ਕਿ ਜਿਵੇਂ ਉਸਨੇ ਕੋਈ ਸੁਫ਼ਨਾ ਵੇਖਿਆ। ਉਹ ਉੱਠੀ ਤੇ ਉਸ ਨੇ ਸੁਫ਼ਨੇ ਵਿੱਚ ਕੁਝ ਲਿਖਿਆ ਸੀ। ਫ਼ੇਰ ਉਸ ਨੇ ਆਪਣੇ ਅੱਖਰ ਵੀ ਪਛਾਣ ਲਏ ਅਤੇ ਰਾਤ ਵਿੱਚ ਉਸ ਨੇ ਜਵਾਬ ਲਿਖ ਦਿੱਤਾ, ਜਿਹੜਾ ਦਿਨ ਵਿੱਚ ਲੱਭ-ਲੱਭ ਕੇ ਥੱਕ ਗਈ ਸੀ। ਸਾਰੇ ਕਵੀਆਂ ਦਾ ਇਹ ਖ਼ਿਆਲ ਹੈ, ਕਿ ਜਦ ਤੱਕ ਤੁਸੀਂ ਕੋਸ਼ਿਸ਼ ਕਰੋ, ਤਦ ਤੱਕ ਕੁਝ ਨਹੀਂ ਹੁੰਦਾ। ਗੀਤ

ਉਤਰਦਾ ਹੈ ਉਹ ਪ੍ਰਤਿਭਾ ਦਾ ਹਿੱਸਾ ਹੈ।

ਲੇਕਿਨ ਨਾਨਕ ਕਹਿੰਦੇ ਹਨ ਕਿ ਇਹ ਸਭ, ਮਤਿ ਸਮ੍ਰਿਤੀ, ਮਨ, ਬੁੱਧੀ, ਪ੍ਰਤਿਭਾ, ਸੁਧਿ ਸਾਰੇ ਖੇਡ ਹਨ ਚੇਤਨਾ ਦੇ। ਵੱਖਰੇ-ਵੱਖਰੇ ਢਾਂਚੇ ਹਨ। ਇਨ੍ਹਾਂ ਢਾਂਚਿਆਂ ਨਾਲ ਤੁਸੀਂ ਜੋ ਵੀ ਜਾਣੋਗੇ, ਉਹ ਸੀਮਿਤ ਹੋਏਗਾ। ਇਨ੍ਹਾਂ ਢਾਂਚਿਆਂ ਤੋਂ ਵੀ ਉਪਰ ਜਾਣਾ ਹੈ। ਇੱਕ ਨੂੰ ਹੀ ਜਾਨਣਾ ਹੈ ਬਾਹਰ, ਇੱਕ ਨੂੰ ਹੀ ਜਾਨਣਾ ਹੈ ਅੰਦਰ ਅਤੇ ਜਦ ਤੁਸੀਂ ਇੱਕ ਨੂੰ ਅੰਦਰ ਪਛਾਣੋਗੇ, ਤਦ ਹੀ ਤੁਸੀਂ ਇੱਕ ਨੂੰ ਬਾਹਰ ਪਛਾਣੋਗੇ, ਕਿਉਂਕਿ ਅੰਦਰ ਜਦ ਤੁਸੀਂ ਇੱਕ ਹੋਵੋਗੇ, ਤਦ ਬਾਹਰ ਦੇ ਇੱਕ ਦੀ ਪਛਾਣ ਆ ਸਕਦੀ ਹੈ।

ਅਤੇ ਜਦ ਤੁਸੀਂ ਇੱਕ ਅੰਦਰ, ਇੱਕ ਬਾਹਰ ਨੂੰ ਪਛਾਣ ਲੈਂਦੇ ਹੋ, ਤਾਂ ਦੋ ਨਹੀਂ ਬਣਦੇ। ਅਚਾਨਕ ਤੁਸੀਂ ਪਾਉਂਦੇ ਹੋ ਕਿ ਜੋ ਅੰਦਰ ਹੈ, ਉਹ ਹੀ ਬਾਹਰ ਹੈ। ਤੁਸੀਂ ਅਚਾਨਕ ਪਾਉਂਦੇ ਹੋ ਕਿ ਅੰਦਰ ਬਾਹਰ ਵੀ ਫ਼ਾਸਲਾ ਸਾਡਾ ਨਿਰਮਿਤ ਕੀਤਾ ਹੋਇਆ ਹੈ।

ਜਿਹੜਾ ਆਕਾਸ਼ ਬਾਹਰ ਹੈ ਤੁਹਾਡੇ ਘਰ ਦੇ, ਉਹ ਹੀ ਅੰਦਰ ਹੈ। ਕੰਧਾਂ ਤੁਸੀਂ ਬਣਾਈਆਂ ਹੋਈਆਂ ਹਨ। ਦੁਆਰ ਦਰਵਾਜ਼ੇ ਤੁਸੀਂ ਲਾ ਰੱਖੇ ਹਨ। ਆਕਾਸ਼ ਨੂੰ ਤੁਸੀਂ ਵੱਖ- ਵੱਖ ਨਹੀਂ ਕਰ ਸਕਦੇ। ਤੁਸੀਂ ਸੋਚਦੇ ਹੋ ਕਿ ਆਕਾਸ਼ ਖਿੰਡ ਗਿਆ? ਕਿ ਤੁਸੀਂ ਕੰਧ ਖੜ੍ਹੀ ਕਰ ਦਿੱਤੀ ਤਾਂ ਆਕਾਸ਼ ਦੋ ਟੁਕੜਿਆਂ ਵਿੱਚ ਹੋ ਗਿਆ? ਆਕਾਸ਼ ਅਖੰਡ ਹੈ। ਤੁਹਾਡੀ ਕੰਧ ਬਣੇ ਨਾ ਬਣੇ, ਅੱਜ ਹੈ, ਕੱਲ੍ਹ ਢਹਿ ਜਾਏਗੀ, ਆਕਾਸ਼ ਜਿਹੋ ਜਿਹਾ ਹੈ, ਉਹੋ ਜਿਹਾ ਹੀ ਬਣਿਆ ਰਹੇਗਾ।

ਜਿਵੇਂ ਹੀ ਤੁਸੀਂ ਇੱਕ ਨੂੰ ਅੰਦਰ, ਇੱਕ ਬਾਹਰ ਪਛਾਣਦੇ ਹੋ। ਦੋਵੇਂ ਡਿੱਗ ਪੈਂਦੇ ਹਨ। ਅਦਵੈਤ ਦਾ ਜਨਮ ਹੁੰਦਾ ਹੈ। ਗਿਆਨ ਖੰਡ ਦੀ ਜਿਹੜੀ ਆਖ਼ਰੀ ਉਚਾਈ ਹੈ, ਉਹ ਅਦਵੈਤ ਦਾ ਅਨੁਭਵ ਹੈ। ਇੱਕ ਦਾ ਅਨੁਭਵ ਹੈ।

ਅੱਜ ਏਨਾ ਹੀ।

# ਸਚ ਖੰਡਿ ਵਸੈ ਨਿਰੰਕਾਰੁ

ਕਰਮ ਖੰਡ ਕੀ ਬਾਣੀ ਜੋਰੁ॥ ਤਿਥੈ ਹੋਰੁ ਨ ਕੋਈ ਹੋਰੁ॥
ਤਿਥੈ ਜੋਧ ਮਹਾਬਲ ਸੂਰ॥ ਤਿਨ ਮਹਿ ਰਾਮੁ ਰਹਿਆ ਭਰਪੂਰ॥
ਤਿਥੈ ਸੀਤੋ ਸੀਤਾ ਮਹਿਮਾ ਮਾਹਿ॥ ਤਾ ਕੇ ਰੂਪ ਨ ਕਥਨੇ ਜਾਹਿ॥
ਨਾ ਓਹਿ ਮਰਹਿ ਨ ਠਾਗੇ ਜਾਹਿ॥ ਜਿਨ ਕੈ ਰਾਮੁ ਵਸੈ ਮਨ ਮਾਹਿ॥
ਤਿਥੈ ਭਗਤ ਵਸਹਿ ਕੇ ਲੋਅ॥ ਕਰਹਿ ਅਨੰਦੁ ਸਚਾ ਮਨਿ ਸੋਇ॥
ਸਚ ਖੰਡਿ ਵਸੈ ਨਿਰੰਕਾਰੁ॥ ਕਰਿ ਕਰਿ ਵੇਖੈ ਨਦਰਿ ਨਿਹਾਲ॥
ਤਿਥੈ ਖੰਡ ਮੰਡਲ ਵਰਭੰਡ॥ ਜੇ ਕੌ ਕਥੈ ਤ ਅੰਤ ਨ ਅੰਤ॥
ਤਿਥੈ ਲੋਅ ਲੋਅ ਆਕਾਰ॥ ਜਿਵ ਜਿਵ ਹੁਕਮੁ ਤਿਵੈ ਤਿਵ ਕਾਰ॥
ਵੇਖੈ ਵਿਗਸੈ ਕਰਿ ਵੀਚਾਰੁ॥ ਨਾਨਕ ਕਥਨਾ ਕਰੜਾ ਸਾਰੁ॥ ੩੭॥

ਮਨੁੱਖ ਲਾਚਾਰ ਹੈ। ਪਰ ਤਦ ਤੱਕ ਹੀ ਜਦ ਤੱਕ ਪਰਮਾਤਮਾ ਤੋਂ ਦੂਰ ਹੈ। ਮਨੁੱਖ ਦੁਰਬਲ ਹੈ, ਦਰਿਦ੍ਰ ਹੈ, ਦੀਨ ਹੈ, ਲੇਕਿਨ ਤਦ ਤੱਕ ਜਦ ਤੱਕ ਪਰਮਾਤਮਾ ਤੋਂ ਦੂਰ ਹੈ। ਉਸ ਕੋਲੋਂ ਸਾਡੀ ਦੂਰੀ ਹੀ ਸਾਡੀ ਦਰਿਦ੍ਰਤਾ ਹੈ ਅਤੇ ਜਿੰਨੇ ਅਸੀਂ ਉਸ ਦੇ ਕੋਲੋਂ ਦੂਰ ਹੁੰਦੇ ਜਾਂਦੇ ਹਾਂ, ਓਨਾ ਹੀ ਜੀਵਨ ਅਰਥਹੀਨ ਹੁੰਦਾ ਜਾਂਦਾ ਹੈ।

ਪੱਛਮ ਵਿੱਚ ਇਸ ਸਦੀ ਵਿੱਚ ਬਹੁਤ ਸਾਰੇ ਵਿਚਾਰਕ ਹੋਏ, ਜਿੰਨ੍ਹਾਂ ਦੀ ਅਜਿਹੀ ਪ੍ਰਤੀਤੀ ਹੈ ਕਿ ਜੀਵਨ ਵਿੱਚ ਨਾ ਕੋਈ ਅਰਥ ਹੈ, ਨਾ ਕੋਈ ਮਤਲਬ ਹੈ, ਨਾ ਕੋਈ ਨੀਯਤੀ ਹੈ। ਜੀਵਨ ਇੱਕ ਵਿਅਰਥ ਦੀ ਕਥਾ ਹੈ। **A tale told by an idiot full of fury and noise signifying nothing.** ਜਿਵੇਂ ਕੋਈ ਮੂੜ੍ਹ ਕਹੇ ਇੱਕ ਕਹਾਣੀ, ਰੌਲਾ ਰੱਪਾ ਬਹੁਤ ਪਾਵੇ, ਪਰ ਅਰਥ ਉਸਦੇ ਵਿੱਚ ਬਿਲਕੁਲ ਨਾ ਹੋਵੇ।

ਅਜਿਹਾ ਲੱਗੇਗਾ ਹੀ। ਅਜਿਹੀ ਪ੍ਰਤੀਤ ਹੋਏਗੀ। ਤੁਸੀਂ ਆਪਣੇ ਜੀਵਨ ਨੂੰ ਵੇਖੋ, ਸ਼ੋਰ-ਗੁੱਲ ਬਹੁਤ ਹੈ। ਵੱਡੇ ਕੰਮ ਵਿੱਚ ਰੁਝੇ ਹੋਏ ਹੋ। ਟੁਰ ਹੀ ਨਹੀਂ ਰਹੇ, ਦੌੜ ਰਹੇ ਹੋ। ਪਰ ਕਦੇ ਪੁੱਛਿਆ ਆਪਣੇ ਕੋਲੋਂ ਕਿ ਕਿੱਥੇ ਪੁੱਜ ਰਹੇ ਹੋ? ਨੱਠ-ਨੱਠ ਕੇ ਵੀ ਉਥੇ ਹੀ ਖਲ੍ਹੋਤੇ ਹੋ, ਜਿੱਥੇ ਜਨਮ ਤੋਂ ਪਿੱਛੋਂ ਤੁਸੀਂ ਆਪਣੇ ਨੂੰ ਪਾਇਆ ਸੀ। ਰੱਤੀ ਭਰ ਵੀ ਪ੍ਰਾਪਤੀ ਨਹੀਂ ਹੋਈ। ਪਾਇਆ ਕੀ ਹੈ? ਜੇਕਰ ਹੱਥ ਵੇਖੋਗੇ ਤਾਂ ਖ਼ਾਲੀ ਹਨ। ਤਿਜੋਰੀ ਭਰ ਗਈ ਹੋਵੇ ਭਾਵੇਂ, ਪਰ ਇਹ ਤਿਜੋਰੀ ਏਥੇ ਹੀ ਪਈ ਰਹਿ ਜਾਏਗੀ। ਤੁਸੀਂ ਖ਼ਾਲੀ ਹੋ ਅਤੇ ਤੁਸੀਂ ਜਿੰਨੇ ਵੀ ਭਰੇਪਨ ਦੇ ਸੁਫ਼ਨੇ ਵੇਖ ਰਹੇ ਹੋ, ਉਨ੍ਹਾਂ ਵਿੱਚ ਸਚਾਈ ਜ਼ਰਾ ਵੀ ਨਹੀਂ ਹੈ।

ਤੁਸੀਂ ਕਿੰਨਾ ਹੀ ਇਕੱਠਾ ਕਰ ਲਵੋ ਸੰਸਾਰ ਦਾ ਲੇਕਿਨ ਮਰਨ ਵੇਲੇ ਸੰਸਾਰ ਛੁਟ ਜਾਏਗਾ ਅਤੇ ਜਿਹੜਾ ਛੁਟ ਹੀ ਜਾਣਾ ਹੈ, ਉਹ ਤੁਹਾਡਾ ਹੋ ਕੇ ਵੀ ਤੁਹਾਡਾ ਨਹੀਂ ਹੋ ਪਾਂਦਾ। ਜਿਨ੍ਹਾਂ ਨੇ ਇਸ ਜਗਤ ਦੀ ਸੰਪੱਤੀ ਨੂੰ ਆਪਣਾ ਆਧਾਰ ਬਣਾਇਆ, ਉਨ੍ਹਾਂ ਨੇ ਰੇਤ ਉਤੇ ਮਹਿਲ ਖੜ੍ਹੇ ਕੀਤੇ ਹਨ, ਉਹ ਢੱਠਣਗੇ ਅਤੇ ਤੁਸੀਂ ਕਿੰਨੀ ਦੇਰ ਆਪਣੇ ਆਪ ਨੂੰ ਧੋਖਾ ਦੇ ਸਕੋਗੇ? ਕਦੇ ਤਾਂ ਜਾਗੋਗੇ, ਕਦੇ ਤਾਂ ਹੋਸ਼ ਆਵੇਗਾ, ਕਦੇ ਤਾਂ ਵਿਚਾਰ ਕਰੋਗੇ ਕਿ ਏਨਾ ਟੁਰਿਆ, ਪਰ ਪੁੱਜਿਆ ਕਿਤੇ ਵੀ ਨਹੀਂ।

ਤੁਹਾਡੀ ਹਾਲਤ ਕੋਹਲੂ ਦੇ ਬੈਲ ਵਰਗੀ ਹੈ। ਟੁਰਦਾ ਬਹੁਤ ਹੈ। ਟੁਰਦਾ ਹੀ ਰਹਿੰਦਾ ਹੈ ਦਿਨ ਭਰ। ਰੌਲਾ ਰੱਪਾ ਵੀ ਪੈਂਦਾ ਹੈ ਉਸਦੇ ਆਲੇ-ਦੁਆਲੇ, ਕਿਉਂਕਿ ਤੇਲ ਨਿਕਲਦਾ ਹੈ, ਘਾਣੀ ਚਲਦੀ ਹੈ, ਪੁੱਜਦਾ ਕਿੱਥੇ ਹੈ? ਸ਼ਾਮ ਨੂੰ ਉਥੇ ਹੀ ਪਾਂਦਾ ਹੈ, ਜਿੱਥੇ ਸਵੇਰੇ ਆਪਣੇ ਆਪ ਨੂੰ ਪਾਇਆ ਸੀ। ਫ਼ਿਰ ਕੱਲ ਸਵੇਰੇ ਉਥੇ ਹੀ ਯਾਤਰਾ ਹੋਵੇਗੀ।

ਤੁਹਾਡਾ ਜੀਵਨ ਵੀ ਕੋਹਲੂ ਦੇ ਬੈਲ ਵਰਗਾ ਹੈ। ਤੁਸੀਂ ਕਿੰਨਾ ਹੀ ਸਜਾਓ, ਤੁਸੀਂ ਕਿੰਨਾ ਹੀ ਲੁਕਾਓ, ਤੁਸੀਂ ਕਿੰਨੇ ਹੀ ਉਪਰੋਂ ਰੰਗ-ਰੋਗਨ ਕਰੋ, ਅੰਦਰ ਤੁਹਾਨੂੰ ਵੀ ਪਤਾ ਹੈ ਕਿ ਭਿਖਾਰੀ ਦਾ ਕਟੋਰਾ ਹੈ ਤੁਹਾਡਾ ਹਿਰਦਾ। ਮੰਗਦਾ ਹੈ ਅਤੇ ਖ਼ਾਲੀ ਹੈ ਅਤੇ ਭਰਦਾ ਕਦੇ ਵੀ ਨਹੀਂ। ਜਿੰਨਾ ਦੂਰ ਆਦਮੀ ਹੁੰਦਾ ਜਾਂਦਾ ਹੈ, ਪਰਮਾਤਮਾ ਤੋਂ, ਓਨਾਂ ਹੀ ਦਰਿਦ੍ਰ ਹੁੰਦਾ ਜਾਂਦਾ ਹੈ। ਮਾਲਕੀਅਤ ਤਾਂ ਉਸ ਦੇ ਨਾਲ ਹੈ। ਅਤੇ ਅਸੀਂ ਕੇਵਲ ਦੂਰ ਹੀ ਹੁੰਦੇ ਤਾਂ ਠੀਕ ਸੀ, ਅਸੀਂ ਉਸ ਦੇ ਉਲਟ ਹਾਂ। ਦੂਰ ਹੋਣਾ ਵੀ ਏਨਾ ਬੁਰਾ ਨਹੀਂ ਜਿੰਨਾ ਉਲਟ ਹੋਣਾ ਹੈ। ਅਸੀਂ ਜੋ ਵੀ ਕਰ ਰਹੇ ਹਾਂ ਉਸ ਤੋਂ ਵਿਪਰੀਤ ਹੈ। ਦੂਰ ਹੋ ਕੇ ਵੀ ਜੇਕਰ ਅਸੀਂ ਉਸ ਦੇ ਨਾਲ ਹੋਈਏ ਤਾਂ ਉਸੇ ਪਲ ਕ੍ਰਾਂਤੀ ਹੋ ਜਾਏ।

ਜਿਵੇਂ ਕੋਈ ਆਦਮੀ ਨਦੀ ਵਿੱਚ ਪੁੱਠੀ ਧਾਰਾ 'ਚ ਵਗ ਰਿਹਾ ਹੋਵੇ, ਸਰੋਤ ਵੱਲ ਤੈਰਨ ਦੀ ਕੋਸ਼ਿਸ਼ ਕਰ ਰਿਹਾ ਹੋਵੇ, ਲੜਾਈ ਕਰ ਰਿਹਾ ਹੋਵੇ, ਉਹ ਨਦੀ ਤੋਂ ਦੂਰ ਹੀ ਨਹੀਂ ਹੈ, ਦੁਸ਼ਮਣ ਹੈ ਅਤੇ ਮਜ਼ਾ ਇਹ ਹੈ ਕਿ ਤੁਸੀਂ ਜਿੰਨਾ ਨਦੀ ਨਾਲ ਲੜੋਗੇ, ਓਨਾਂ ਹੀ ਤੁਸੀਂ ਪਾਓਗੇ, ਨਦੀ ਤੁਹਾਡੀ ਦੁਸ਼ਮਣ ਹੈ। ਨਦੀ ਨੂੰ ਕੀ ਲੈਣਾ-ਦੇਣਾ? ਤੁਸੀਂ ਪੁੱਜੋ ਜਾਂ ਨਾ ਪੁੱਜੋ। ਨਦੀ ਨੂੰ ਕੀ ਮਤਲਬ ਹੈ? ਨਦੀ ਦੁਸ਼ਮਣ ਨਹੀਂ ਹੈ। ਨਦੀ ਤਾਂ ਆਪਣੀ ਧਾਰ ਵਿੱਚ ਵਗੀ ਜਾ ਰਹੀ ਹੈ। ਆਪਣੀ ਮਸਤੀ ਵਿੱਚ। ਉਸ ਨੂੰ ਆਪਦਾ ਸਾਗਰ ਲੱਭਣਾ ਹੈ। ਤੁਸੀਂ ਉਸ ਤੋਂ ਪੁੱਠੇ ਵਗ ਰਹੇ ਹੋ। ਤੁਹਾਡੇ ਕਾਰਣ ਹੀ ਨਦੀ ਤੁਹਾਨੂੰ ਦੁਸ਼ਮਣ ਮਾਲੂਮ ਹੁੰਦੀ ਹੈ। ਤੁਹਾਡੇ ਕਾਰਣ ਹੀ ਸੰਸਾਰ ਵਿੱਚ ਤੁਹਾਨੂੰ ਸਭ ਪਾਸੇ ਦੁਸ਼ਮਣ ਵਿਖਾਈ ਦਿੰਦੇ ਹਨ ਅਤੇ ਜੀਉਣ ਦਾ ਮੌਕਾ ਕਿੱਥੇ ਮਿਲੇ? ਦੁਸ਼ਮਣਾਂ ਤੋਂ ਬਚਾਓ ਕਰਨ ਵਿੱਚ ਹੀ ਸਮਾਂ ਗੁਜ਼ਰ ਜਾਂਦਾ ਹੈ। ਕਿਵੇਂ ਆਪਣੇ ਆਪ ਨੂੰ ਬਚਾਈਏ, ਇਸ ਵਿੱਚ ਅਵਸਰ ਗੁਆਚ ਜਾਂਦਾ ਹੈ।

ਪਰਮਾਤਮਾ ਤੋਂ ਦੂਰ ਤਾਂ ਜੀਵਨ ਅਰਥਹੀਨ ਹੋਏਗਾ ਹੀ। ਪਰਮਾਤਮਾ ਤੋਂ ਉਲਟ ਜੀਵਨ ਨਾ ਕੇਵਲ ਅਰਥਹੀਨ ਹੋਵੇਗਾ, ਬਲਕਿ ਦੁੱਖ ਦਾ ਸੁਫ਼ਨਾ ਵੀ ਹੋਏਗਾ। ਦੂਰ ਸੁਫ਼ਨਾ ਹੋਏਗਾ ਉਲਟ, ਦੁੱਖ ਦਾ ਸੁਫ਼ਨਾ ਹੋ ਜਾਏਗਾ ਅਤੇ ਤੁਸੀਂ ਜਿਸ ਨੂੰ ਜੀਵਨ ਕਹਿੰਦੇ ਹੋ ਉਹ Nightmare ਹੈ, ਇੱਕ ਦੁੱਖ ਦਾ ਸੁਫ਼ਨਾ ਹੈ।

ਤੁਸੀਂ ਕਦੇ ਦੁੱਖ-ਸੁਫ਼ਨੇ ਦਾ ਵਿਚਾਰ ਕੀਤਾ? ਦੁੱਖ ਸੁਫ਼ਨੇ ਦਾ ਅਰਥ ਹੁੰਦਾ ਹੈ, ਤੁਸੀਂ ਜਾਗਣਾ ਚਾਹੁੰਦੇ ਹੋ, ਜਾਗ ਨਹੀਂ ਸਕਦੇ। ਦੁੱਖ-ਸੁਫ਼ਨੇ ਦਾ ਅਰਥ ਹੁੰਦਾ ਹੈ, ਛਾਤੀ ਉਤੇ ਕੋਈ ਚੜ੍ਹਿਆ ਹੋਇਆ ਹੈ। ਤੁਸੀਂ ਹਟਾਉਣਾ ਚਾਹੁੰਦੇ ਹੋ, ਪਰ ਹੱਥ ਨਹੀਂ ਹਿਲਦੇ। ਹਟਾਉਣਾ ਚਾਹੁੰਦੇ ਹੋ, ਪਰ ਕੋਈ ਸ਼ਕਤੀ ਨਹੀਂ ਹੈ। ਤੁਸੀਂ ਪਾਉਂਦੇ ਹੋ ਕਿ ਕੋਈ ਤੁਹਾਨੂੰ ਪਹਾੜਾਂ ਤੋਂ ਸੁੱਟ ਰਿਹਾ ਹੈ। ਪਰ ਤੁਹਾਡੇ ਕੋਲ ਕੁਝ ਵੀ ਉਪਾਅ ਨਹੀਂ ਕਿ ਆਪਣੇ ਆਪ ਬਚਾ ਸਕੋ। ਤੁਸੀਂ ਅੱਖ ਖੋਲ੍ਹਣਾ ਚਾਹੁੰਦੇ ਹੋ, ਪਰ ਅੱਖ ਨਹੀਂ ਖੁੱਲ੍ਹਦੀ।

ਤੁਸੀਂ ਹੱਥ ਹਿਲਾਉਣਾ ਚਾਹੁੰਦੇ ਹੋ ਕਿ ਰੋਕ ਦਿਆਂ, ਪਰ ਹੱਥ ਨਹੀਂ ਉੱਠਦਾ। ਤੁਸੀਂ ਚੀਕਾਂ ਮਾਰਨੀਆਂ ਚਾਹੁੰਦੇ ਹੋ, ਪਰ ਗਲੇ 'ਚੋਂ ਆਵਾਜ਼ ਨਹੀਂ ਨਿਕਲਦੀ ਹੈ। ਜਿਹੜੀ ਸੁਫ਼ਨੇ ਦੀ ਦਸ਼ਾ ਹੈ, ਉਹ ਦੁੱਖ-ਸੁਫ਼ਨਾ ਹੈ, ਨਾਈਟਮੇਅਰ ਹੈ।

ਪਰਮਾਤਮਾ ਤੋਂ ਦੂਰ ਜੋ ਹੈ, ਉਹ ਸੁਫ਼ਨੇ ਵਿੱਚ ਹੈ, ਉਲਟ ਜੋ ਹੈ, ਉਹ ਦੁੱਖ ਦੇ ਸੁਫ਼ਨੇ ਵਿੱਚ ਹੈ। ਤੁਸੀਂ ਆਪਣੇ ਜੀਵਨ ਨੂੰ ਵੇਖੋਗੇ ਤਾਂ ਅਜਿਹਾ ਹੀ ਪਾਓਗੇ। ਨਾ ਅੱਖ ਖੋਲ੍ਹਿਆਂ ਖੁੱਲ੍ਹਦੀ ਹੈ, ਨਾ ਹੱਥ ਹਿਲਾਇਆ ਹਿੱਲਦਾ ਹੈ। ਨਾ ਛਾਤੀ ਤੋਂ ਭਾਰ ਹਟਦਾ ਹੈ, ਅਤੇ ਫਿਰ ਵੀ ਜੀ ਰਹੇ ਹੋ। ਤਾਂ ਫਿਰ ਤੁਹਾਡਾ ਜੀਵਨ ਸਿਵਾਏ ਸੰਤਾਪ ਦੇ ਹੋਰ ਕੁਝ ਵੀ ਨਹੀਂ ਹੋ ਸਕਦਾ।

ਕੀਰਕਗਾਰਡ, ਸਾਤਰ, ਮਾਰਸ਼ੇਲ, ਹਾਏਡੇਗਰ ਪੱਛਮ ਦੇ ਵੱਡੇ ਵਿਚਾਰਕ ਕਹਿੰਦੇ ਹਨ ਕਿ ਜੀਵਨ ਸੰਤਾਪ ਹੈ, ਦੁੱਖ ਹੈ। ਇਸ ਵਿੱਚ ਚਿੰਤਾ ਤੋਂ ਮੁਕਤੀ ਦਾ ਕੋਈ ਉਪਾਅ ਨਹੀਂ ਹੈ। ਉਨ੍ਹਾਂ ਦੀ ਗੱਲ ਬਹੁਤ ਦੂਰ ਤੱਕ ਸੱਚ ਹੈ। ਜਿਸ ਤਰ੍ਹਾਂ ਦਾ ਤੁਹਾਡਾ ਜੀਵਨ ਹੈ, ਜੇਕਰ ਉਸਦਾ ਹੀ ਅਧਿਐਨ ਕੀਤਾ ਜਾਏ ਤਾਂ ਜੀਵਨ ਇੱਕ ਸੰਤਾਪ ਹੈ।

ਪਰ ਇੱਕ ਹੋਰ ਜੀਵਨ ਵੀ ਅਸੀਂ ਜਾਣਿਆ ਹੈ। ਨਾਨਕ ਦਾ, ਕਬੀਰ ਦਾ, ਬੁੱਧ ਦਾ, ਕ੍ਰਿਸ਼ਨ ਦਾ, ਕਰਾਈਸਟ ਦਾ ਸਾਡੇ ਤੋਂ ਬਿਲਕੁਲ ਉਲਟ। ਜਿੱਥੇ ਅਸੀਂ ਸੰਤਾਪ ਨਾਲ ਦੱਬੇ ਹੋਏ ਹਾਂ, ਉਥੇ ਉਨ੍ਹਾਂ ਦੇ ਜੀਵਨ ਵਿੱਚ ਇੱਕ ਨਾਚ ਹੈ ਅਤੇ ਜਿੱਥੇ ਸਾਡੇ ਅੰਦਰ ਸਿਵਾਏ ਦੁੱਖ ਦੇ ਹੋਰ ਕੁਝ ਵੀ ਨਹੀਂ ਗੂੰਜਦਾ, ਉਥੇ ਉਨ੍ਹਾਂ ਦੇ ਜੀਵਨ ਵਿੱਚ ਇੱਕ ਸੰਗੀਤ ਹੈ, ਇੱਕ ਨਾਦ ਹੈ। ਜਿੱਥੇ ਅਸੀਂ ਇਸ ਤਰ੍ਹਾਂ ਟੁਰਦੇ ਹਾਂ ਜਿਵੇਂ ਪੈਰਾਂ ਵਿੱਚ ਭਾਰੀਆਂ ਜੰਜੀਰਾਂ ਬਝੀਆਂ ਹੋਈਆਂ ਹੋਣ। ਉਥੇ ਉਨ੍ਹਾਂ ਦੇ ਪੈਰਾਂ ਵਿੱਚ ਨਾਚ ਹੈ ਅਤੇ ਪੁਲਕ ਹੈ। ਜਿੱਥੇ ਸਾਨੂੰ ਵੇਖ ਕੇ ਅਜਿਹਾ ਲੱਗਦਾ ਹੈ, ਕਿ ਹੋਣਾ ਇੱਕ ਮਹਾਂਪਾਪ ਦਾ ਫ਼ਲ ਹੈ, ਉਥੇ ਉਨ੍ਹਾਂ ਨੂੰ ਵੇਖਕੇ ਲੱਗਦਾ ਹੈ। ਹੋਣਾ ਇੱਕ ਆਸ਼ੀਰਵਾਦ ਹੈ।

ਇੱਕ ਹੋਰ ਵੀ ਢੰਗ ਹੈ ਜੀਉਣ ਦਾ। ਉਸ ਢੰਗ ਦੀ ਕੁੰਜੀ ਹੈ, ਈਸ਼ਵਰ ਤੋਂ ਦੂਰ ਨਹੀਂ, ਈਸ਼ਵਰ ਦੇ ਕੋਲ ਅਤੇ ਈਸ਼ਵਰ ਦੇ ਉਲਟ ਨਹੀਂ ਈਸ਼ਵਰ ਦੇ ਮੁਤਾਬਕ। ਜਿਹੜਾ ਧਰਮ ਦੇ ਮੁਤਾਬਕ ਵਗਣ ਲੱਗਦਾ ਹੈ, ਉਥੇ ਜੀਵਨ ਵਿੱਚ ਬਦਲਾਓ ਹੋ ਜਾਂਦਾ ਹੈ। ਜ਼ਰੂਰਤ ਵੀ ਨਹੀਂ ਹੈ ਕਿ ਤੁਸੀਂ ਉਲਟ ਲੜੋ, ਪਰ ਹੰਕਾਰ ਲੜਾਉਂਦਾ ਹੈ, ਕਿਉਂਕਿ ਹੰਕਾਰ ਮੰਨਦਾ ਹੈ ਕਿ ਜਿੰਨੇ ਤੁਸੀਂ ਜਿੱਤੋਗੇ, ਓਨੇ ਹੀ ਵੱਡੇ ਹੋ ਜਾਓਗੇ।

ਅਤੇ ਮਜ਼ਾ ਇਹ ਹੀ ਹੈ ਕਿ ਹੋ ਉਲਟਾ ਰਿਹਾ ਹੈ। ਜਿੰਨੇ ਤੁਸੀਂ ਜਿੱਤਦੇ ਹੋ, ਓਨੇ ਹੀ ਤੁਸੀਂ ਛੋਟੇ ਹੁੰਦੇ ਜਾਂਦੇ ਹੋ। ਗ਼ਰੀਬ ਆਦਮੀ ਦੇ ਕੋਲ ਤੁਸੀਂ ਵੱਡਾ ਦਿਲ ਵੀ ਪਾ ਲਓ, ਅਮੀਰ ਆਦਮੀ ਦੇ ਕੋਲ ਓਨਾ ਵੱਡਾ ਦਿਲ ਵੀ ਨਹੀਂ ਰਹਿ ਜਾਂਦਾ। ਹੋਰ ਛੋਟਾ ਹੋ ਗਿਆ। ਦਰਿਦ੍ਰ ਦਾਨ ਵੀ ਦੇ ਦੇਵੇ, ਅਮੀਰ ਦੀ ਦੇਣ ਦੀ ਹਿੰਮਤ ਹੀ ਗੁਆਚ

ਜਾਂਦੀ ਹੈ। ਗ਼ਰੀਬ ਜ਼ਰਾ ਪ੍ਰੇਮ ਵੀ ਕਰ ਲਵੇ, ਅਮੀਰਾਂ ਦੇ ਜੀਵਨ ਚੋਂ ਪ੍ਰੇਮ ਦੀ ਧੁੰਨ ਵੀ ਗੁਆਚ ਜਾਂਦੀ ਹੈ। ਪ੍ਰਾਰਥਨਾ ਤਾਂ ਬਹੁਤ ਦੂਰ, ਪਰਮਾਤਮਾ ਤਾਂ ਬਹੁਤ ਦੂਰ, ਸਾਧਾਰਣ ਸੁਭਾਵਕ ਪ੍ਰੇਮ ਦੀ ਧੁਨ ਵੀ ਗੁੰਮ ਹੋ ਜਾਂਦੀ ਹੈ।

ਜਿੰਨਾ ਤੁਸੀਂ ਇਸ ਸੰਸਾਰ ਵਿੱਚ ਇਕੱਠਾ ਕਰਦੇ ਹੋ, ਲੱਗਦਾ ਹੈ ਓਨੇ ਹੀ ਸੁੰਗੜਦੇ ਜਾਂਦੇ ਹੋ, ਛੋਟੇ ਹੁੰਦੇ ਜਾਂਦੇ ਹੋ। ਇਹ ਬਹੁਤ ਵਿਰੋਧਾਭਾਸ ਹੈ। ਜਿੰਨਾ ਤੁਹਾਡੇ ਕੋਲ ਹੁੰਦਾ ਹੈ। ਓਨੇ ਹੀ ਤੁਸੀਂ ਛੋਟੇ ਹੁੰਦੇ ਜਾਂਦੇ ਹੋ। ਤੁਹਾਡੇ ਅੰਦਰ ਦਾ ਆਕਾਸ਼ ਸੁੰਗੜ ਜਾਂਦਾ ਹੈ ਅਤੇ ਜੋ ਤੁਹਾਡੇ ਕੋਲ ਹੈ। ਤੁਸੀਂ ਉਸੇ ਦੇ ਲਈ ਡਰੇ ਹੁੰਦੇ ਹੋ, ਤੁਸੀਂ ਉਸੇ ਤੋਂ ਪ੍ਰੇਸ਼ਾਨ ਹੁੰਦੇ ਹੋ।

ਨਾਨਕ ਕਹਿੰਦੇ ਹਨ ਕਿ ਸ਼ਕਤੀ ਦਾ ਸੂਤਰ ਹੈ ਉਸ ਦੀ ਕਿਰਪਾ ਅਤੇ ਉਸਦੀ ਕਿਰਪਾ ਤਦ ਪ੍ਰਾਪਤ ਹੁੰਦੀ ਹੈ, ਜਦ ਤੁਸੀਂ ਆਪਣੇ ਆਪ ਨੂੰ ਬਿਲਕੁਲ ਬੇਆਸਰਾ, ਬੇਸਹਾਰਾ ਸਮਝ ਲੈਂਦੇ ਹੋ, ਬਿਲਕੁਲ **Total**, ਰੱਤੀ ਭਰ ਵੀ ਚਾਲਾਕੀ ਉਥੇ ਨਹੀਂ ਚੱਲੇਗੀ। ਤੁਸੀਂ ਐਵੇਂ ਹੀ ਉਪਰੋਂ ਥਾਣੀ ਕਹੋ ਕਿ ਮੈਂ ਬੇਸਹਾਰਾ ਹਾਂ, ਇਸ ਨਾਲ ਕੁਝ ਨਹੀਂ ਹੋਏਗਾ।

ਇਹ ਪ੍ਰਤੀਤੀ ਗਹਿਰੇ ਵਿੱਚ ਪ੍ਰਵੇਸ਼ ਹੋ ਜਾਏ। ਇਹ ਪ੍ਰਤੀਤੀ ਤੁਹਾਡੇ ਹਿਰਦੇ ਵਿੱਚ ਡੂੰਘੀ ਤੋਂ ਡੂੰਘੀ ਉਤਰ ਜਾਏ। ਇਹ ਪ੍ਰਤੀਤੀ ਤੁਹਾਡੇ ਰੋਮ-ਰੋਮ ਵਿੱਚ ਗੂੰਜੇ, ਇਹ ਬੁੱਲ੍ਹਾਂ ਦੀ ਪ੍ਰਾਰਥਨਾ ਨਾ ਹੋਵੇ, ਇਹ ਗਲੇ ਦਾ ਬੋਲ ਵਾਣੀ ਨਾ ਹੋਵੇ, ਇਹ ਹਿਰਦੇ ਦੀ ਪ੍ਰਤੀਤੀ ਹੋਵੇ। ਇਹ ਤੁਹਾਡੇ ਅੱਥਰੂਆਂ ਨਾਲ ਜ਼ਾਹਿਰ ਹੋਵੇ। ਇਹ ਤੁਹਾਡੇ ਸ਼ਬਦ-ਸ਼ਬਦ ਵਿੱਚ ਸਮਾ ਜਾਏ, ਇਹ ਤੁਹਾਡੇ ਨਿਃਸ਼ਬਦ ਵਿੱਚ ਵੀ ਗੂੰਜਦੀ ਰਹੇ। ਤੁਸੀਂ ਉੱਠੋ, ਬੈਠੋ ਅਤੇ ਇਸ ਤਰ੍ਹਾਂ ਜਿਵੇਂ ਕਿ ਤੁਸੀਂ ਪਰਮ ਲਾਚਾਰ ਹੋ। ਤੁਸੀਂ ਕਰ ਕੀ ਸਕਦੇ ਹੋ? ਤੁਹਾਡੇ ਕੀਤੇ ਕੁਝ ਵੀ ਤਾਂ ਨਹੀਂ ਹੁੰਦਾ। ਤੁਹਾਡਾ ਕੀਤਾ ਅਣਕੀਤਾ ਹੀ ਹੁੰਦਾ ਹੈ। ਤੁਸੀਂ ਜੋ ਕਰਦੇ ਹੋ, ਉਸ ਤੋਂ ਜੋ ਨਹੀਂ ਵਾਪਰਨਾ ਚਾਹੀਦਾ, ਉਹ ਹੀ ਵਾਪਰਦਾ ਹੈ। ਤੁਹਾਡੇ ਕੀਤੇ ਕੁਝ ਵੀ ਨਹੀਂ ਹੁੰਦਾ।

ਬਹੁਤ ਪ੍ਰਸਿੱਧ ਕਹਾਵਤ ਹੈ ਅਤੇ ਉਸੇ ਤਰ੍ਹਾਂ ਦੀਆਂ ਕਹਾਵਤਾਂ ਹਨ, ਸਾਰੀ ਦੁਨੀਆਂ ਦੀਆਂ ਵੱਖਰੀਆਂ-ਵੱਖਰੀਆਂ ਭਾਸ਼ਾਵਾਂ ਵਿੱਚ। ਲੋਕ ਕਹਿੰਦੇ ਹਨ—**Man Proposes and God disposes** ਇਸ ਤੋਂ ਗ਼ਲਤ ਕੋਈ ਕਹਾਵਤ ਨਹੀਂ ਹੋ ਸਕਦੀ ਕਿ ਮਨੁੱਖ ਪ੍ਰਸਤਾਵਨਾ ਕਰਦਾ ਹੈ। ਈਸ਼ਵਰ ਇਨਕਾਰ ਕਰ ਦਿੰਦਾ ਹੈ। ਹਾਲਤ ਬਿਲਕੁਲ ਉਲਟੀ ਹੈ। **God Proposes and man disposes** ਪਰਮਾਤਮਾ ਪ੍ਰਸਤਾਵ ਕਰਦਾ ਹੈ ਅਤੇ ਆਦਮੀ ਇਨਕਾਰ ਕਰਦਾ ਰਹਿੰਦਾ ਹੈ। ਪਰਮਾਤਮਾ ਤੁਹਾਨੂੰ ਸਾਰਾ ਕੁਝ ਦੇ ਦੇਣਾ ਚਾਹੁੰਦਾ ਹੈ।

ਇਹ ਅਸਤਿੱਤਵ ਤਾਂ ਤੁਹਾਡੇ ਲਈ ਲੁਟਿਆ ਜਾਣਾ ਚਾਹੁੰਦਾ ਹੈ। ਪਰ ਤੁਹਾਡੇ ਦਰਵਾਜ਼ੇ ਬੰਦ ਹਨ। ਇਹ ਅਸਤਿਤਵ ਤੁਹਾਡੇ ਉਤੇ ਵਰ੍ਹਨਾ ਚਾਹੁੰਦਾ ਹੈ, ਪਰ ਤੁਹਾਡਾ ਘੜਾ ਪੁੱਠਾ ਰੱਖਿਆ ਹੈ। ਇਹ ਅਸਤਿਤਵ ਹਰ ਪਾਸਿਓਂ ਤੁਹਾਡੇ ਅੰਦਰ ਆਉਣਾ ਚਾਹੁੰਦਾ ਹੈ। ਪਰ ਡਰ ਦੇ ਕਾਰਣ ਤੁਸੀਂ ਸੰਧ (ਦਰਾਰ) ਵੀ ਨਹੀਂ ਛੱਡੀ ਕਿ ਕੋਈ ਅੰਦਰ ਪ੍ਰਵੇਸ਼ ਕਰ ਸਕੇ ਅਤੇ ਅੰਦਰ ਤੁਸੀਂ ਏਨਾ ਕੂੜਾ-ਕਰਕਟ ਕਬਾੜ ਇਕੱਠਾ ਕਰ ਰੱਖਿਆ ਹੈ ਕਿ ਉਥੇ ਵੀ ਥਾਂ ਨਹੀਂ ਹੈ ਕਿ ਕੋਈ ਪ੍ਰਵੇਸ਼ ਕਰ ਸਕੇ ਤੇ ਬੈਠ ਸਕੇ। ਪਰਮਾਤਮਾ ਦੇ ਬੈਠਣ ਲਾਇਕ ਥਾਂ ਵੀ ਤੁਹਾਡੇ ਅੰਦਰ ਨਹੀਂ।

ਉਸਦੀ ਕਿਰਪਾ ਤਾਂ ਤਦ ਪ੍ਰਾਪਤ ਹੁੰਦੀ ਹੈ, ਜਦ ਤੁਸੀਂ ਬਿਲਕੁਲ ਬੇ-ਸਹਾਰੇ ਹੋ ਜਾਂਦੇ ਹੋ। ਅਤੇ ਲਾਚਾਰ ਅਵਸਥਾ ਦੀ ਪਰਿਪੂਰਣਤਾ ਹੀ ਲੱਜਾ ਹੈ। ਤਦ ਤੁਸੀਂ ਸ਼ਰਮਾਉਂਦੇ ਹੋ। ਤੁਸੀਂ ਮੈਂ ਤੱਕ ਕਹਿਣ ਵਿੱਚ ਸ਼ਰਮਾਉਂਦੇ ਹੋ। ਤੁਸੀਂ ਕਹਿੰਦੇ ਹੋ ਕਿ ਕਿਸ ਆਧਾਰ ਉਤੇ ਕਹਾਂ ਕਿ ਮੈਂ ਹਾਂ? ਕਿਹੜੀ ਬੁਨਿਆਦ ਉਤੇ ਕਹਾਂ, ਕਿ ਮੇਰੇ ਕੀਤੇ ਕੁਝ ਹੁੰਦਾ ਹੈ?

ਸਾਰਾ ਜੀਵਨ ਤਾਂ ਉਲਟੀ ਹੀ ਗੱਲ ਕਹਿ ਰਿਹਾ ਹੈ। ਤੁਸੀਂ ਜੋ ਕੀਤਾ ਸਭ ਅਸਫ਼ਲ ਹੋਇਆ। ਤੁਸੀਂ ਜੋ ਕੀਤਾ ਸਭ ਹਾਰ ਗਿਆ, ਸਭ ਮਿਟ ਗਿਆ। ਤੁਹਾਡੇ ਬਣਾਏ ਸਾਰੇ ਮਹਿਲ ਢੱਠ ਗਏ, ਫਿਰ ਵੀ ਤੁਸੀਂ ਚੇਤਦੇ ਨਹੀਂ। ਫਿਰ ਵੀ ਤੁਸੀਂ ਕਰਤਾ ਨੂੰ ਫੜੀ ਟੁਰੇ ਜਾਂਦੇ ਹੋ। ਜਦ ਤੱਕ ਤੁਸੀਂ ਕਹਿੰਦੇ ਹੋ, ਮੈਂ ਕਰਨ ਵਾਲਾ ਹਾਂ, ਤਦ ਤੱਕ ਤੁਸੀਂ ਸ਼ਰਮ ਨਾਲ ਨਹੀਂ ਭਰੋਗੇ ਅਤੇ ਨਾਨਕ ਕਹਿੰਦੇ ਹਨ, ਲੱਜਾ ਪ੍ਰਾਰਥਨਾ ਹੈ। ਤੁਸੀਂ ਕਹਿੰਦੇ ਹੋ, ਮੈਂ ਜਾਨਣ ਵਾਲਾ ਹਾਂ, ਤਦ ਤੱਕ ਤੁਸੀਂ ਝੁਕੋਗੇ ਨਹੀਂ, ਪੰਡਿਤ ਕਿਤੇ ਝੁੱਕ ਸਕਦਾ ਹੈ? ਉਸ ਦਾ ਮੱਥਾ ਝੁਕ ਨਹੀਂ ਸਕਦਾ। ਸ਼ਰੀਰ ਨੂੰ ਭਲੇ ਹੀ ਝੁਕਾ ਲਵੇ, ਮੱਥਾ ਆਕੜ ਕੇ ਖਲ੍ਹੋਤਾ ਰਹਿੰਦਾ ਹੈ।

ਬੜੀ ਪ੍ਰਸਿੱਧ ਘਟਨਾ ਹੈ। ਸੂਫੀਆਂ ਨੇ ਉਸ ਕਹਾਣੀ ਦੀ ਵਰਤੋਂ ਕੀਤੀ ਹੈ ਕਿ ਦੋ ਮਿੱਤਰ ਇੱਕ ਸਕੂਲ ਵਿੱਚ ਨਾਲ-ਨਾਲ ਹੀ ਪੜ੍ਹੇ ਅਤੇ ਵੱਡੇ ਹੋਏ। ਫਿਰ ਸੰਜੋਗ ਅਤੇ ਭਾਗ ਅਤੇ ਜੀਵਨ ਦੀ ਯਾਤਰਾ ਉਨ੍ਹਾਂ ਨੂੰ ਵੱਖਰੇ-ਵੱਖਰੇ ਲੈ ਗਈ। ਇੱਕ ਤਾਂ ਵੱਡਾ ਸਮਰਾਟ ਹੋ ਗਿਆ ਅਤੇ ਦੂਜਾ ਇੱਕ ਵੱਡਾ ਫ਼ਕੀਰ ਹੋ ਗਿਆ। ਸਮਰਾਟ ਤਾਂ ਰਾਜ ਮਹਿਲ ਵਿੱਚ ਰਹਿਣ ਲੱਗਾ ਅਤੇ ਫ਼ਕੀਰ ਪਿੰਡ-ਪਿੰਡ ਨੰਗਾ ਭਟਕਣ ਲੱਗਾ। ਸਮਰਾਟ ਦੀ ਬਹੁਤ ਮਸ਼ਹੂਰੀ ਸੀ। ਫ਼ਕੀਰ ਦੀ ਵੀ ਕੁਝ ਘੱਟ ਨਹੀਂ ਸੀ। ਆਖ਼ਰ ਇੱਕ ਵਾਰ ਫ਼ਕੀਰ ਰਾਜਧਾਨੀ ਆਇਆ ਤਾਂ ਸਮਰਾਟ ਨੇ ਵੱਡਾ ਪ੍ਰਬੰਧ ਕੀਤਾ। ਉਸ ਨੇ ਸਾਰਾ ਪਿੰਡ ਦੀਵਿਆਂ ਨਾਲ ਸਜਾ ਦਿੱਤਾ, ਫੁੱਲ ਵਰ੍ਹਾ ਦਿੱਤੇ। ਉਸ ਦਾ ਮਿੱਤਰ ਆ ਰਿਹਾ ਹੈ।

ਫ਼ਕੀਰ ਜਦ ਆ ਰਿਹਾ ਸੀ, ਰਾਹ ਵਿੱਚ ਕੁਝ ਯਾਤਰੀਆਂ ਨੇ ਉਸ ਨੂੰ ਕਿਹਾ, 'ਤੈਨੂੰ

ਕੁਝ ਪਤਾ ਹੈ? ਉਹ ਸਮਰਾਟ ਆਪਣੀ ਸ਼ਾਨ ਵਿਖਾਉਣਾ ਚਾਹੁੰਦਾ ਹੈ। ਹੰਕਾਰੀ ਹੈ। ਉਸ ਨੇ ਸਾਰੇ ਰਾਹ ਫੁੱਲਾਂ ਨਾਲ ਭਰ ਦਿੱਤੇ ਹਨ, ਘਰ-ਘਰ ਉਤੇ, ਇੰਚ-ਇੰਚ ਉਤੇ ਦੀਵੇ ਜਗਾ ਦਿੱਤੇ ਹਨ। ਸਾਰਾ ਪਿੰਡ ਦੀਵਾਲੀ ਮਨਾ ਰਿਹਾ ਹੈ। ਉਹ ਤੈਨੂੰ ਵਿਖਾਉਣਾ ਚਾਹੁੰਦਾ ਹੈ। ਜਿਨ੍ਹਾਂ ਪਉੜੀਆਂ ਰਾਹੀਂ ਤੁਸੀਂ ਮਹਿਲ ਵਿੱਚ ਜਾਓਗੇ, ਉਨ੍ਹਾਂ ਪਉੜੀਆਂ ਨੂੰ ਉਸ ਨੇ ਸੋਨੇ ਨਾਲ ਮੜ੍ਹ ਦਿੱਤਾ ਹੈ। ਉਨ੍ਹਾਂ ਉਤੇ ਬਹੁਤ ਕੀਮਤੀ ਹੀਰੇ ਜਵਾਹਰਾਤ ਜੜ੍ਹ ਦਿੱਤੇ ਹਨ। ਉਹ ਆਪਣੀ ਆਕੜ ਵਿਖਾਉਣਾ ਚਾਹੁੰਦਾ ਹੈ। ਉਹ ਵਿਖਾਉਣਾ ਚਾਹੁੰਦਾ ਹੈ ਕਿ ਵੇਖੋ ਤੁਸੀਂ ਕੀ ਹੋ? ਇੱਕ ਨੰਗੇ ਫ਼ਕੀਰ ਅਤੇ ਮੈਂ ਕੀ ਹਾਂ। ਉਹ ਫ਼ਕੀਰ ਨੇ ਕਿਹਾ, ਵੇਖ ਲਵਾਂਗੇ ਉਸ ਦੀ ਆਕੜ।

ਫ਼ਿਰ ਦਿਨ ਆਇਆ, ਫ਼ਕੀਰ ਪਿੰਡ ਵਿੱਚ ਪੁੱਜਾ, ਸਾਰੀ ਰਾਜਧਾਨੀ ਉਸ ਨੂੰ ਲੈਣ ਪੁੱਜੀ। ਪਰ ਸਮਰਾਟ ਹੈਰਾਨ ਹੋਇਆ। ਬਰਸਾਤ ਦੇ ਦਿਨ ਨਹੀਂ ਹਨ, ਪਰ ਫ਼ਕੀਰ ਦੇ ਗੋਡਿਆਂ ਤੱਕ ਚਿੱਕੜ ਲੱਗਾ ਹੋਇਆ ਹੈ। ਉਥੇ ਤਾਂ ਪੁੱਛਣਾ ਸ਼ੋਭਾ ਨਹੀਂ ਦਿੰਦਾ ਏਨੇ ਲੋਕਾਂ ਦੇ ਸਾਹਮਣੇ। ਜਦ ਉਹ ਪਉੜੀਆਂ ਪਾਰ ਕਰਕੇ ਮਹਿਲ ਦੇ ਇਕਾਂਤ ਵਿੱਚ ਪੁੱਜ ਗਏ ਅਤੇ ਜਿਹੜੇ ਬਹੁਤ ਕੀਮਤੀ ਗਦੇਲੇ, ਗਲੀਚੇ ਵਿਛਾਏ ਗਏ ਸੀ, ਉਹ ਸਾਰੇ ਉਸ ਫ਼ਕੀਰ ਨੇ ਆਪਣੇ ਪੈਰਾਂ ਦੇ ਚਿੱਕੜ ਨਾਲ ਗੰਦੇ ਕਰ ਦਿੱਤੇ, ਤਦ ਸਮਰਾਟ ਨੇ ਪੁੱਛਿਆ, "ਮੈਂ ਬਹੁਤ ਹੈਰਾਨ ਹਾਂ, ਕਿਉਂਕਿ ਬਾਰਿਸ਼ ਦਾ ਕੋਈ ਸਮਾਂ ਨਹੀਂ, ਰਾਹ ਸਾਰੇ ਸੁੱਕੇ ਪਏ ਹਨ, ਅਤੇ ਤੁਹਾਡੇ ਪੈਰਾਂ ਵਿੱਚ ਏਨੀ ਚਿੱਕੜ ਕਿਵੇਂ ਲੱਗ ਗਈ? ਕੀ ਹੋਇਆ?" ਉਸ ਫ਼ਕੀਰ ਨੇ ਕਿਹਾ, "ਜੇਕਰ ਤੂੰ ਆਪਣੀ ਆਕੜ ਵਿਖਾਉਣਾ ਚਾਹੁੰਦਾ ਹੈਂ ਤਾਂ ਮੈਂ ਵੀ ਆਪਣੀ ਫ਼ਕੀਰੀ ਵਿਖਾਉਣਾ ਚਾਹੁੰਦਾ ਹਾਂ।"

ਤਾਂ ਸਮਰਾਟ ਖਿੜ-ਖਿੜਾ ਕੇ ਹੱਸਣ ਲੱਗਾ ਅਤੇ ਉਸ ਨੇ ਕਿਹਾ ਕਿ ਫ਼ਿਰ ਆ ਅਸੀਂ ਗਲੇ ਮਿਲ ਲਈਏ। ਕਿਉਂਕਿ ਨਾ ਮੈਂ ਕਿਤੇ ਪੁੱਜਾ, ਨਾ ਤੂੰ ਕਿਤੇ ਪੁੱਜਾ। ਅਸੀਂ ਦੋਵੇਂ ਉਥੇ ਹੀ ਹਾਂ। ਜਿਵੇਂ ਅਸੀਂ ਸਕੂਲ ਤੋਂ ਵਿਦਾ ਹੋਏ ਸੀ। ਮੈਂ ਵੀ ਕਿਤੇ ਨਹੀਂ ਪੁਜਿਆ ਤੇ ਤੂੰ ਵੀ ਕਿਤੇ ਨਹੀਂ ਪੁੱਜਿਆ ਅਤੇ ਧਿਆਨ ਰੱਖਣਾ ਸਮਰਾਟ ਤਾਂ ਕਿਤੇ ਪੁੱਜ ਜਾਏਗਾ। ਇੱਕ ਨਾ ਇੱਕ ਦਿਨ ਇਹ ਫ਼ਕੀਰ ਦਾ ਪੁੱਜਣਾ ਬਹੁਤ ਮੁਸ਼ਕਿਲ ਹੈ। ਕਿਉਂਕਿ ਸਮਰਾਟ ਨੂੰ ਇਹ ਸਾਫ਼ ਹੋ ਰਿਹਾ ਹੈ ਮੈਂ ਕਿਤੇ ਨਹੀਂ ਪੁੱਜਾ।

ਤੁਸੀਂ ਧਨ ਨਾਲ ਵੀ ਆਕੜ ਨਾਲ ਭਰਦੇ ਹੋ, ਤੁਸੀਂ ਤਿਆਗ ਨਾਲ ਵੀ ਆਕੜ ਨਾਲ ਭਰਦੇ ਹੋ ਅਤੇ ਆਕੜ ਹੀ ਵਿਘਨ ਹੈ। ਆਕੜ ਮਿਟ ਜਾਏ ਉਸਦਾ ਨਾਉਂ ਲੱਜਾ ਹੈ।

ਤਾਂ ਨਾਨਕ ਕਹਿੰਦੇ ਹਨ। ਜੋ ਲੱਜਾ ਨਾਲ ਭਰ ਗਿਆ, ਉਸਦੇ ਉਤੇ ਪਰਮਾਤਮਾ ਦੀ ਮਿਹਰ ਵਰ੍ਹਨ ਲੱਗ ਪੈਂਦੀ ਹੈ। ਲੱਜਾ ਪਾਤਰਤਾ ਹੈ। ਜਦ ਤੱਕ ਤੁਸੀਂ ਆਕੜ ਨਾਲ

ਭਰੇ ਹੋ, ਤਦ ਤੱਕ ਤੁਹਾਨੂੰ ਪਰਮਾਤਮਾ ਦੀ ਜ਼ਰੂਰਤ ਹੀ ਨਹੀਂ ਅਤੇ ਜਿਸ ਦੀ ਤੁਹਾਨੂੰ ਲੋੜ ਨਹੀਂ। ਉਹ ਤੁਹਾਨੂੰ ਕਿਵੇਂ ਮਿਲ ਸਕੇਗਾ? ਤੁਸੀਂ ਕਦੇ ਉਸ ਨੂੰ ਬੁਲਾਇਆ ਨਹੀਂ, ਤੁਸੀਂ ਕਦੇ ਉਸ ਨੂੰ ਮੰਗਿਆ ਨਹੀਂ, ਤੁਸੀਂ ਕਦੇ ਉਸ ਨੂੰ ਚਾਹਿਆ ਨਹੀਂ ਅਤੇ ਕਦੇ ਤੁਸੀਂ ਉਸ ਨੂੰ ਬੁਲਾਇਆ ਵੀ ਤਾਂ ਕੁਝ ਹੋਰ ਚਾਹੁਣ ਲਈ। ਕਿ ਬੱਚਾ ਬੀਮਾਰ ਹੈ ਕਿ ਅਦਾਲਤ ਵਿੱਚ ਮੁਕੱਦਮਾ ਹੈ। ਤੁਸੀਂ ਉਸ ਨੂੰ ਕਦੇ ਨਹੀਂ ਮੰਗਿਆ ਕਿ ਅਸੀਂ ਤੈਨੂੰ ਹੀ ਚਾਹੁੰਦੇ ਹਾਂ। ਨਾ ਅਦਾਲਤ, ਨਾ ਬਾਜ਼ਾਰ, ਨਾ ਦੁਕਾਨ, ਨਾ ਬੀਮਾਰੀ, ਨਾ ਦੇਹ, ਅਸੀਂ ਕਿਸੇ ਹੋਰ ਕਾਰਣ ਨਾਲ ਨਹੀਂ ਚਾਹੁੰਦੇ, ਅਸੀਂ ਤੈਨੂੰ ਹੀ ਚਾਹੁੰਦੇ ਹਾਂ। ਜਦ ਤੱਕ ਤੁਸੀਂ ਉਸ ਨੂੰ ਹੀ ਨਹੀਂ ਪੁਕਾਰੋਗੇ ਸਿਰਫ਼ ਉਸੇ ਲਈ ਹੀ, ਤਦ ਤੱਕ ਤੁਹਾਡੀ ਪ੍ਰਾਰਥਨਾ ਝੂਠੀ ਹੈ। ਤੁਹਾਡੀ ਪ੍ਰਾਰਥਨਾ ਵੀ ਸੰਸਾਰ ਲਈ ਹੈ। ਉਸ ਪ੍ਰਾਰਥਨਾ ਦਾ ਪਰਮਾਤਮਾ ਨਾਲ ਕੋਈ ਲੈਣਾ-ਦੇਣਾ ਨਹੀਂ ਹੈ। ਤੁਸੀਂ ਕੁਝ ਮੰਗ ਰਹੇ ਹੋ, ਜੋ ਸੰਸਾਰ ਦਾ ਹੈ। ਸ਼ਾਇਦ ਪਰਮਾਤਮਾ ਕੋਲੋਂ ਮਿਲ ਜਾਏ।

ਇੱਕ ਅਮੀਰ ਆਦਮੀ ਮਰ ਰਿਹਾ ਸੀ। ਜਿਸ ਤਰ੍ਹਾਂ ਦਾ ਉਸਦਾ ਜ਼ਿੰਦਗੀ ਭਰ ਦਾ ਹਿਸਾਬ ਸੀ ਕਿ ਹਰ ਚੀਜ਼ ਧਨ ਨਾਲ ਮਿਲ ਜਾਂਦੀ ਹੈ ਤਾਂ ਉਸ ਨੇ ਆਪਣੇ ਪ੍ਰੋਹਿਤ ਨੂੰ ਬੁਲਾਇਆ ਅਤੇ ਕਿਹਾ ਕਿ ਜੇਕਰ ਮੈਂ ਦਸ ਕਰੋੜ ਰੁਪਿਆ ਤੇਰੇ ਮੰਦਰ ਨੂੰ ਦਾਨ ਦਿਆਂ, ਤਾਂ ਕੀ ਮੈਨੂੰ ਸਵਰਗ ਵਿੱਚ ਪ੍ਰਵੇਸ਼ ਮਿਲ ਸਕੇਗਾ? ਉਸ ਪ੍ਰੋਹਿਤ ਨੇ ਕਿਹਾ, ਕੋਸ਼ਿਸ਼ ਕਰ ਲੈਣ ਵਿੱਚ ਕੁਝ ਹਰਜ਼ ਨਹੀਂ ਹੈ, ਪਰ ਭਰੋਸਾ ਮੈਂ ਨਹੀਂ ਦੁਆ ਸਕਦਾ, ਕਿਉਂਕਿ ਮੈਂ ਕਦੇ ਸੁਣਿਆ ਨਹੀਂ ਕਿ ਕੋਈ ਧਨ ਨਾਲ ਸਵਰਗ ਵਿੱਚ ਪ੍ਰਵੇਸ਼ ਪਾ ਸਕਿਆ ਹੋਵੇ। ਪਰ ਕੋਸ਼ਿਸ਼ ਕਰ ਲੈਣ ਵਿੱਚ ਕੁਝ ਹਰਜ਼ ਨਹੀਂ ਹੈ, ਧਨ ਤਾਂ ਛੁਟ ਹੀ ਜਾਏਗਾ। ਇੱਕ ਆਖ਼ਰੀ ਕੋਸ਼ਿਸ਼ ਕਰਕੇ ਵੇਖ ਲਵੋ।

ਤੁਸੀਂ ਜੇਕਰ ਧਨ ਨਾਲ ਸਭ ਪਾਇਆ ਹੈ, ਤਾਂ ਤੁਸੀਂ ਕਿਤੇ ਨਾ ਕਿਤੇ ਮਨ ਵਿੱਚ ਇਹ ਭਾਵ ਸੰਜੋਇਆ ਹੀ ਹੋਇਆ ਹੈ ਕਿ ਪ੍ਰਾਰਥਨਾ ਵੀ, ਪੂਜਾ ਵੀ, ਧਿਆਨ ਵੀ ਧਨ ਦੇ ਨਾਲ ਪਾ ਲਵਾਂਗੇ। ਧਨ ਤਾਂ ਹੰਕਾਰ ਨਾਲ ਮਿਲਦਾ ਹੈ, ਉਹ ਤਾਂ ਪ੍ਰਬਲ ਇੱਛਾਵਾਂ ਨਾਲ ਮਿਲਦਾ ਹੈ ਅਤੇ ਪੂਜਾ, ਪ੍ਰਾਰਥਨਾ, ਧਿਆਨ ਲੱਜਾ ਨਾਲ ਮਿਲਦੇ ਹਨ। ਉਹ ਮਿਲਦਾ ਹੈ, ਜਿੱਥੇ ਸਭ ਮਹੱਤਵਕਾਂਕਸ਼ਾਵਾਂ ਛਾਵਾਂ ਗਿਰ ਗਈਆਂ, ਜਿੱਥੇ ਤੁਸੀਂ ਆਪਣੇ ਨੂੰ ਸਭ ਭਾਂਤੀ ਵਿਅਰਥ ਪਾਇਆ, ਜਿੱਥੇ ਤੁਹਾਡੇ ਕੀਤੇ ਕੁਝ ਵੀ ਨਹੀਂ ਹੁੰਦਾ, ਜਿੱਥੇ ਤੁਸੀਂ ਬਿਲਕੁਲ ਬੇ-ਸਹਾਰਾ ਹੋ, ਜਿੱਥੇ ਤੁਸੀਂ ਪਾਉਂਦੇ ਹੋ ਕਿ ਮੈਂ ਕੀ ਕਰ ਸਕਾਂਗਾ। ਬੱਸ, ਉਸੇ ਘੜੀ।

ਅਤੇ ਕਰਨ ਦਾ ਹੀ ਹੰਕਾਰ ਨਹੀਂ ਜਾਨਣ ਦਾ ਵੀ ਹੰਕਾਰ ਢਹਿ ਜਾਣਾ ਚਾਹੀਦਾ ਹੈ। ਤੁਸੀਂ ਵੇਦ ਦੇ ਗਿਆਤਾ ਹੋ, ਕਿ ਤੁਸੀਂ ਚਤੁਰਵੇਦੀ ਹੋ, ਕਿ ਤੁਸੀਂ ਚਾਰੇ ਵੇਦ

ਜਾਣਦੇ ਹੋ, ਕਿ ਤੁਸੀਂ ਕੁਰਾਨ ਨੂੰ ਕੰਠ ਕੀਤਾ ਹੋਇਆ ਹੈ। ਕਿ ਬਾਈਬਲ ਦਾ ਤੁਹਾਡੇ ਤੋਂ ਵੱਡਾ ਕੋਈ ਜਾਨਣ ਵਾਲਾ ਨਹੀਂ। ਨਹੀਂ, ਇਸ ਗਿਆਨ ਨਾਲ ਤੁਸੀਂ ਉਸ ਨੂੰ ਨਹੀਂ ਪਾ ਸਕੋਗੇ। ਕਿਉਂਕਿ ਗਿਆਨ ਵੀ ਬਰੀਕੀ ਵਿੱਚ ਕਰਤਾ ਦਾ ਹੀ ਭਾਵ ਹੈ। ਮੈਂ ਜਾਣਦਾ ਹਾਂ। ਨਾ ਤੁਹਾਡਾ ਜਾਨਣਾ, ਨਾ ਤੁਹਾਡਾ ਕਰਮ। ਉਹ ਦੋਵੇਂ ਹੀ ਤੁਹਾਡੇ ਹੰਕਾਰ ਦੇ ਪਹਿਲੂ ਹਨ। ਜਿੱਥੇ ਦੋਵੇਂ ਹੀ ਡਿੱਗ ਜਾਂਦੇ ਹਨ। ਕੀ ਜਾਣਦੇ ਹੋ ਤੁਸੀਂ? ਕਦੇ ਤੁਸੀਂ ਇਸ ਨੂੰ ਬਹੁਤ ਹੋਸ਼ ਪੂਰਵਕ ਪੁੱਛਿਆ ਹੈ, ਕਿ ਕੀ ਜਾਣਦਾ ਹਾਂ ਮੈਂ? ਦਰਵਾਜ਼ੇ ਉਤੇ ਪਏ ਪੱਥਰ ਨੂੰ ਵੀ ਤੁਸੀਂ ਠੀਕ ਤਰ੍ਹਾਂ ਨਹੀਂ ਪਛਾਣਦੇ ਅਤੇ ਦੂਰ ਪਰਮਾਤਮਾ ਨੂੰ ਜਾਨਣ ਦਾ ਤੁਸੀਂ ਦਾਵਾ ਕਰਦੇ ਹੋ। ਇੱਕ ਫੁੱਲ ਨੂੰ ਵੀ ਹੁਣ ਤੱਕ ਕੋਈ ਨਹੀਂ ਜਾਣ ਸਕਿਆ ਹੈ।

ਅੰਗਰੇਜ਼ ਕਵੀ ਟੈਨੀਸਨ ਨੇ ਇੱਕ ਬਹੁਤ ਮਹੱਤਵਪੂਰਣ ਗੱਲ ਕਹੀ ਹੈ। ਉਸ ਨੇ ਕਿਹਾ ਹੈ, ਕਿ ਜੇਕਰ ਮੈਂ ਇੱਕ ਨਿੱਕੇ ਜਿਹੇ ਫੁੱਲ ਨੂੰ ਪੂਰਾ ਜਾਣ ਲਵਾਂ, ਤਾਂ ਜਾਨਣ ਨੂੰ ਬਾਕੀ ਕੀ ਬਚਦਾ ਹੈ? ਸਾਰਾ ਕੁਝ ਜਾਣ ਲਿਆ। ਇੱਕ ਫੁੱਲ ਦੇ ਖਿੜਨੇ ਨੂੰ ਤੁਸੀਂ ਜਾਣ ਲਿਆ, ਤਾਂ ਤੁਸੀਂ ਇਸ ਪੂਰੇ ਅਸਤਿਤਵ ਦੀ ਖਿੜਾਵਨ ਪਛਾਣ ਲਈ। ਇੱਕ ਫੁੱਲ ਦੀ ਸਚਾਈ ਵਿੱਚ ਤੁਸੀਂ ਉਤਰ ਗਏ, ਤਾਂ ਬਚਦਾ ਕੀ ਹੈ? ਜਿਸ ਨੇ ਬੂੰਦ ਜਾਣ ਲਈ ਉਸ ਨੇ ਸਾਗਰ ਜਾਣ ਲਿਆ। ਕਿਉਂਕਿ ਗੁਣ ਧਰਮ ਤਾਂ ਦੋਹਾਂ ਦਾ ਇੱਕ ਹੀ ਹੈ। ਬੂੰਦ ਵਿੱਚ ਸਭ ਕੁਝ ਤਾਂ ਸਮਾਇਆ ਹੋਇਆ ਹੈ। ਉਹ ਤਾਂ ਸਾਗਰ ਦਾ ਹੀ ਨਿੱਕਾ ਰੂਪ ਹੈ। ਜਿਸ ਨੇ ਇੱਕ ਅਣੂ ਜਾਣ ਲਿਆ, ਉਸ ਨੇ ਸਭ ਜਾਣ ਲਿਆ।

ਲੇਕਿਨ ਅਸੀਂ ਜਾਣਦੇ ਕੀ ਹਾਂ? ਸਾਡੀ ਜਾਣਕਾਰੀ ਕੀ ਹੈ? ਉਧਾਰ ਹੈ, ਬੇਹੀ ਹੈ, ਪਰਾਈ ਹੈ। ਹਜ਼ਾਰਾਂ ਹੱਥਾਂ ਵਿਚੋਂ ਟੁਰ ਕੇ ਆਈ ਹੈ। ਜੇਕਰ ਹਜ਼ਾਰਾਂ ਲੋਕ ਜੁੱਤੀਆਂ ਨੂੰ ਪਾ ਚੁੱਕੇ ਹੋਣ ਤਾਂ ਤੁਸੀਂ ਉਨ੍ਹਾਂ ਜੁੱਤੀਆਂ ਵਿੱਚ ਪੈਰ ਪਾਉਣ ਨੂੰ ਰਾਜ਼ੀ ਨਹੀਂ ਹੋਵੋਗੇ। ਪਰ ਤੁਹਾਡਾ ਗਿਆਨ ਅਜਿਹਾ ਹੀ ਹੈ। ਪੈਰ ਹੀ ਨਹੀਂ ਪਾਏ ਹਨ ਤੁਸੀਂ, ਉਸ ਵਿੱਚ ਤੁਸੀਂ ਸਿਰ ਪਾ ਦਿੱਤਾ ਹੈ। ਉਧਾਰ ਹੈ, ਬੇਹਾ ਹੈ। ਕਿਸੇ ਨੇ ਜਾਣਿਆ ਹੋਏਗਾ, ਕਿ ਨਹੀਂ ਜਾਣਿਆ ਹੋਏਗਾ। ਤੁਹਾਨੂੰ ਕੁਝ ਪੱਕਾ ਪਤਾ ਨਹੀਂ ਹੈ ਬੱਸ, ਤੁਸੀਂ ਕਿਤਾਬ ਤੋਂ ਪੜ੍ਹਦੇ ਹੋ। ਕਿਸੇ ਤੋਂ ਮੁੱਲ ਲੈਂਦੇ ਹੋ। ਜਿਸ ਦੇ ਕੋਲੋਂ ਸੁਣਿਆ ਹੈ ਉਸ ਦਾ ਵੀ ਪੱਕਾ ਪਤਾ ਨਹੀਂ ਹੈ ਕਿ ਉਹ ਜਾਣ ਕੇ ਕਹਿ ਰਿਹਾ ਹੈ ਕਿ ਉਸ ਨੇ ਖ਼ੁਦ ਜਾਣਿਆ ਹੈ। ਇਹ ਵੀ ਹੋ ਸਕਦਾ ਹੈ। ਉਸ ਨੇ ਵੀ ਕਿਸੇ ਤੋਂ ਸੁਣਿਆ ਹੋਏਗਾ।

ਇੱਕ ਫਿਲਮ ਅਭਿਨੇਤ੍ਰੀ ਦੇ ਬਾਰੇ ਮੈਂ ਸੁਣਿਆ ਹੈ ਕਿ ਰਾਤ ਨੂੰ ਜਦ ਉਹ ਆਪਣੇ ਗਹਿਣੇ ਉਤਾਰ ਕੇ ਰੱਖਦੀ ਤਾਂ, ਬੜੀ ਹੁਸ਼ਿਆਰ ਸੀ, ਚਲਾਕ ਸੀ। ਇੱਕ ਚਿੱਟ ਗਹਿਣਿਆਂ ਦੇ ਕੋਲ ਰੱਖ ਦਿੰਦੀ, ਕਿ 'ਇਹ ਗਹਿਣੇ ਨਕਲੀ ਹਨ। ਅਸਲੀ ਗਹਿਣੇ ਤਾਂ ਬੈਂਕ ਵਿੱਚ ਹਨ।' ਲੇਕਿਨ ਇੱਕ ਸਵੇਰੇ ਜਾਗੀ ਤਾਂ ਵੇਖਿਆ, ਕਿ ਗਹਿਣੇ ਨਦਾਰਦ

ਹਨ ਅਤੇ ਟੇਬਲ ਉਤੇ ਇੱਕ ਦੂਜੀ ਚਿੱਟ ਰੱਖੀ ਹੈ ਜਿਸ ਉਤੇ ਲਿਖਿਆ ਹੈ, ਮੈਨੂੰ ਨਕਲੀ ਗਹਿਣਿਆਂ ਦੀ ਜ਼ਰੂਰਤ ਹੈ, ਕਿਉਂਕਿ ਮੈਂ ਨਕਲੀ ਚੋਰ ਹਾਂ, ਅਸਲੀ ਚੋਰ ਜੇਲ ਵਿੱਚ ਹੈ।

ਤੁਸੀਂ ਜਿਸ ਕੋਲੋਂ ਸੁਣ ਰਹੇ ਹੋ, ਤੁਸੀਂ ਜਿਸ ਕੋਲੋਂ ਸਮਝ ਰਹੇ ਹੋ, ਤੁਸੀਂ ਜਿਸਦੇ ਸ਼ਬਦਾਂ ਨੂੰ ਉਧਾਰ ਲੈ ਰਹੇ ਹੋ, ਉਹ ਵੀ ਅਸਲੀ ਹੈ? ਤੁਹਾਡੇ ਕੋਲ ਕੋਈ ਵੀ ਤਾਂ ਉਪਾਅ ਨਹੀਂ ਜਾਨਣ ਦਾ। ਕੋਈ ਵੀ ਤਾਂ ਕਸੌਟੀ ਨਹੀਂ, ਜਿਸ ਨਾਲ ਤੁਸੀਂ ਪਰਖ ਲਵੋ ਕਿ ਕੌਣ ਅਸਲੀ ਹੈ ਅਤੇ ਕਸੌਟੀ ਤਾਂ ਤਦ ਹੀ ਹੋਏਗੀ ਜਦ ਤੁਹਾਡਾ ਅਨੁਭਵ ਹੋਏਗਾ। ਪਰ ਜਦ ਤੁਹਾਡਾ ਅਨੁਭਵ ਹੋਏਗਾ, ਤਦ ਤਾਂ ਤੁਹਾਨੂੰ ਕਿਸੇ ਕੋਲੋਂ ਸੁਨਣ ਦੀ ਲੋੜ ਹੀ ਨਹੀਂ ਰਹਿ ਜਾਏਗੀ।

ਇਹ ਹੀ ਤਾਂ ਮੁਸੀਬਤ ਹੈ। ਜਦ ਹੱਥ ਵਿੱਚ ਸੋਨਾ ਹੁੰਦਾ ਹੈ, ਤਾਂ ਕਸੌਟੀ ਨਹੀਂ, ਜਦ ਕਸੌਟੀ ਆਉਂਦੀ ਹੈ ਤਾਂ ਸੋਨੇ ਨੂੰ ਘਿਸਾਉਣ ਦੀ ਲੋੜ ਨਹੀਂ ਹੁੰਦੀ। ਜਦ ਤੁਹਾਡੇ ਕੋਲ ਅਨੁਭਵ ਹੁੰਦਾ ਹੈ, ਜਿਸ ਉਤੇ ਤੁਸੀਂ ਘਿਸਾ ਸਕੋ, ਤਦ ਕੋਈ ਲੋੜ ਨਹੀਂ ਰਹਿ ਜਾਂਦੀ ਅਤੇ ਜਦ ਤੱਕ ਤੁਸੀਂ ਘਿਸਾ ਨਹੀਂ ਸਕਦੇ ਤਦ ਤੱਕ ਬਹੁਤ ਡੂੰਘੀ ਜ਼ਰੂਰਤ ਹੈ ਅਤੇ ਤੁਸੀਂ ਆਪਣੇ ਗਿਆਨ ਨੂੰ ਉਧਾਰ ਗਿਆਨ ਨਾਲ ਢੱਕਦੇ ਰਹਿੰਦੇ ਹੋ। ਫਿਰ ਉਸ ਤੋਂ ਆਕੜ ਪੈਦਾ ਹੁੰਦੀ ਹੈ ਕਿ ਮੈਂ ਜਾਣਦਾ ਹਾਂ। ਉਹ ਹੀ ਆਕੜ ਵਿਘਨ ਹੈ।

ਗਿਆਨ ਵੀ ਨਹੀਂ, ਕਰਨ ਵਾਲੇ ਵੀ ਨਹੀਂ, ਤੁਸੀਂ ਮਿਟ ਗਏ। ਤੁਹਾਡੇ ਦੋਵੇਂ ਆਧਾਰ ਡਿੱਗ ਪਏ। ਭਵਨ ਭੂਮੀ ਨਾਲ ਹੋ ਗਏ। ਇਸ ਭੂਮੀਸਾਤ (ਮਿੱਟੀ ਨਾਲ ਇੱਕ-ਮਿਕ) ਅਵਸਥਾ ਨੂੰ ਨਾਨਕ ਕਹਿੰਦੇ ਹਨ, ਸ਼ਰਮ! ਅਤੇ ਜਦ ਸ਼ਰਮ ਸੰਘਣੀ ਹੋ ਜਾਂਦੀ ਹੈ ਤਾਂ ਉਸਦੀ ਕਿਰਪਾ ਦੀ ਬਾਰਿਸ਼ ਸ਼ੁਰੂ ਹੋ ਜਾਂਦੀ ਹੈ। ਤੁਹਾਡੀ ਸ਼ਰਮ ਵਿੱਚ ਹੀ ਉਸਦੀ ਮਿਹਰ ਉਤਰੇਗੀ। ਤੁਹਾਡੀ ਲਾਜ ਹੀ ਉਸਦੀ ਮਿਹਰ ਨਾਲ ਮਿਲ ਸਕੇਗੀ। ਉਨ੍ਹਾਂ ਦੋਹਾਂ ਦਾ ਤਾਲ-ਮੇਲ ਹੈ। ਸ਼ਰਮ ਟੋਏ ਦੇ ਵਾਂਗ ਹੈ ਅਤੇ ਉਸਦੀ ਮਿਹਰ ਮੀਂਹ ਦੇ ਵਾਂਗ। ਮੀਂਹ ਤਾਂ ਪਹਾੜਾਂ 'ਤੇ ਵੀ ਵਰ੍ਹਦਾ ਹੈ, ਪਰ ਪਹਾੜ ਖ਼ਾਲੀ ਰਹਿ ਜਾਂਦੇ ਹਨ। ਟੋਇਆਂ ਵਿੱਚ ਪਾਣੀ ਭਰ ਜਾਂਦਾ ਹੈ। ਝੀਲਾਂ ਬਣ ਜਾਂਦੀਆਂ ਹਨ। ਮੀਂਹ ਤਾਂ ਸਭ ਉਤੇ ਹੀ ਵਰ੍ਹ ਰਿਹਾ ਹੈ। ਉਸਦੇ ਮੀਂਹ ਵਿੱਚ ਕੋਈ ਭੇਦ-ਭਾਵ ਨਹੀਂ।

ਨਾਨਕ ਕਹਿੰਦੇ ਹਨ, ਉਸਦੇ ਲਈ ਨਾ ਕੋਈ ਨੀਵਾਂ ਹੈ, ਨਾ ਕੋਈ ਉੱਚਾ ਹੈ। ਨਾ ਕੋਈ ਪਾਤਰ ਹੈ, ਨਾ ਕੋਈ ਅਪਾਤਰ। ਉਹ ਤਾਂ ਸਾਰਿਆਂ 'ਤੇ ਵਰ੍ਹ ਰਿਹਾ ਹੈ। ਲੇਕਿਨ ਕੁਝ ਟੋਇਆਂ ਦੇ ਵਾਂਗ ਹਨ, ਉਹ ਭਰ ਜਾਂਦੇ ਹਨ। ਕੁਝ ਪਹਾੜਾਂ ਦੇ ਸਿਖਰਾਂ ਦੇ ਵਾਂਗ ਹਨ, ਉਹ ਖ਼ੁਦ ਆਪਣੇ ਆਪ ਨਾਲ ਏਨੇ ਭਰੇ ਹਨ ਕਿ ਥਾਂ ਕਿੱਥੇ?

ਤੁਸੀਂ ਟੋਏ ਵਾਂਗ ਹੋ ਜਾਓ ਤਾਂ ਨਾਨਕ ਦੀ ਲੱਜਾ ਨੂੰ ਉਪਲਬਧ ਹੋਏ। ਏਧਰ ਲਾਜ

ਬਣੀ, ਟੋਇਆ ਤਿਆਰ ਹੋਇਆ ਮੀਂਹ ਤਾਂ ਵਰ੍ਹ ਹੀ ਰਿਹਾ ਹੈ, ਤੁਸੀਂ ਝੀਲ ਬਣ ਜਾਓਗੇ। ਤੁਸੀਂ ਜਾਨਣ ਦੀ ਝੀਲ ਬਣ ਜਾਓਗੇ, ਤੁਸੀਂ ਚੈਤਨਯ ਦੀ ਝੀਲ ਬਣ ਜਾਓਗੇ। ਤੁਹਾਡੇ ਹੋਣ ਦਾ ਸਾਰਾ ਢੰਗ ਬਦਲ ਜਾਏਗਾ। ਤੁਸੀਂ ਰਹੋਗੇ ਨਹੀਂ। ਟੋਏ ਦਾ ਮਤਲਬ ਹੈ ਤੁਸੀਂ ਮਿਟ ਗਏ। ਤੁਹਾਡੇ ਅੰਦਰ ਪਰਮਾਤਮਾ ਹੋ ਗਿਆ। ਤਦ ਤੁਸੀਂ ਬੇ-ਸਹਾਰੇ ਨਹੀਂ ਹੋ। ਤਦ ਤੁਹਾਡੇ ਨਾਲੋਂ ਬਹੁਤਾ ਸ਼ਕਤੀਸ਼ਾਲੀ ਕੋਈ ਵੀ ਨਹੀਂ। 'ਕਿਰਪਾ ਖੰਡ ਦੀ ਬਾਣੀ ਸ਼ਕਤੀ ਹੈ।'

*ਕਰਮ ਖੰਡ ਕੀ ਬਾਣੀ ਜੋਰੁ॥ ਤਿਥੈ ਹੋਰੁ ਨ ਕੋਈ ਹੋਰੁ॥*
*ਤਿਥੈ ਜੋਧ ਮਹਾਬਲ ਸੂਰ॥ ਤਿਨ ਮਹਿ ਰਾਮੁ ਰਹਿਆ ਭਰਪੂਰ॥*

ਕਿਰਪਾ ਦਾ ਜੋ ਖੰਡ ਹੈ, ਉਥੇ ਦੀ ਬਾਣੀ ਸ਼ਕਤੀ ਹੈ। ਇਸ ਨੂੰ ਛੱਡ ਕੇ ਉਸ ਵਿੱਚ ਦੂਜਾ ਕੁਝ ਵੀ ਨਹੀਂ ਹੈ। ਉਸ ਵਿੱਚ ਮਹਾਂਬਲੀ ਸੂਰਬੀਰ ਹਨ, ਜਿਨ੍ਹਾਂ ਸਾਰਿਆਂ ਵਿੱਚ ਰਾਮ ਹੀ ਭਰਪੂਰ ਸਮਾਇਆ ਹੋਇਆ ਹੈ। ਜਿਵੇਂ ਹੀ ਕੋਈ ਵਿਅਕਤੀ ਲੱਜਾ ਨੂੰ ਉਪਲਬਧ ਹੋਇਆ, ਕਿਰਪਾ ਵਰਗੀ ਸ਼ੁਰੂ ਹੋਈ, ਦੀਨ ਜੋ ਸੀ ਉਹ ਸਮਰਾਟ ਹੋ ਜਾਂਦਾ ਹੈ। ਸੰਤਾਂ ਨੇ ਕਿਹਾ ਹੈ, ਉਸਦੀ ਕਿਰਪਾ ਨਾਲ ਲੰਗੜੇ ਪਹਾੜ ਪਾਰ ਕਰ ਗਏ। ਉਸਦੀ ਕਿਰਪਾ ਨਾਲ ਅੰਨ੍ਹਿਆਂ ਨੇ ਵੇਖਿਆ। ਇਹ ਸਾਧਾਰਣ ਅੰਨ੍ਹੇ ਅਤੇ ਲੰਗੜਿਆਂ ਦੀਆਂ ਗੱਲਾਂ ਨਹੀਂ ਹਨ। ਇਹ ਤੁਹਾਡੇ ਸੰਬੰਧ ਵਿੱਚ ਗੱਲਾਂ ਹਨ।

ਬੋਲੇ ਸੁਣਨ ਲੱਗੇ। ਜਦ ਤੱਕ ਤੁਸੀਂ ਆਪਣੇ ਹੰਕਾਰ ਨਾਲ ਭਰੇ ਹੋ, ਤੁਹਾਡੇ ਕੰਨ ਬੋਲੇ ਰਹਿਣਗੇ, ਅੱਖਾਂ ਅੰਨ੍ਹੀਆਂ ਰਹਿਣਗੀਆਂ। ਤੁਹਾਡਾ ਹਿਰਦਾ ਪਥਰੀਲਾ ਰਹੇਗਾ—ਪਾਸ਼ਾਣ। ਉਸਦੇ ਵਿੱਚ ਕੁਝ ਵੀ ਪ੍ਰਤੀਤੀ ਨਹੀਂ ਹੋਏਗੀ। ਉਸਦੇ ਵਿੱਚ ਕੋਈ ਨਰਮੀ ਨਹੀਂ ਹੋਏਗੀ। ਤਦ ਤੱਕ ਤੁਸੀਂ ਕਰੀਬ-ਕਰੀਬ ਮਰੇ ਹੋਏ ਰਹੋਗੇ। ਤੁਹਾਡਾ ਜੀਵਨ ਇਸ ਤਰ੍ਹਾਂ ਦਾ ਰਹੇਗਾ ਜਿਵੇਂ ਦੀਵਾ ਬੁਝਿਆ, ਬੁਝਿਆ ਜਗਦਾ ਹੈ। ਆਖ਼ਰੀ ਤੇਲ ਮੁਕਦਾ ਜਾਂਦਾ ਹੈ। ਤੁਸੀਂ ਭਵਕ ਕੇ ਨਹੀਂ ਜੀਓਗੇ। ਤੁਹਾਡਾ ਜੀਵਨ ਅਜਿਹਾ ਨਹੀਂ ਹੋਏਗਾ ਕਿ ਜਿਸ ਵਿੱਚ ਇੱਕ ਤੇਜ਼ੀ ਹੋਵੇ। ਜਿਸ ਵਿੱਚ ਇੱਕ ਸੰਘਣਾਪਨ ਹੋਵੇ, ਜਿਸ ਵਿੱਚ ਨਰਮੀ ਦੀ ਇੱਕ ਗਹਿਰਾਈ ਹੋਵੇ। ਜਿਸ ਵਿੱਚ ਹਿਰਦਾ ਮੁਰਦਿਆਂ ਦੇ ਵਾਂਗ ਨਾ ਧੜਕਦਾ ਹੋਵੇ। ਜਿੱਥੇ ਜੀਵਨ ਵਿੱਚ ਇੱਕ ਹੜ੍ਹ ਹੋਵੇ। ਤੁਸੀਂ ਨਾ ਕੇਵਲ ਭਰੇ-ਪੂਰੇ ਹੋਵੋ, ਬਲਕਿ ਵੰਡ ਵੀ ਸਕੋ। ਐਸਾ ਤੁਹਾਡੇ ਕੋਲ ਹੋਵੇ। ਤੁਹਾਡੇ ਅੰਦਰ ਇੱਕ ਆਨੰਤਰਿਕ ਵੈਭਵ ਹੋਵੇ। ਇੱਕ ਸੁਗੰਧ ਹੋਵੇ। ਜਿਹੜੀ ਤੁਸੀਂ ਕਿੰਨੀ ਹੀ ਵੰਡੋ ਤੇ ਮੁੱਕੇ ਨਾ ਅਤੇ ਤੁਸੀਂ ਕਿੰਨਾ ਹੀ ਦਿਓ, ਵਧਦਾ ਜਾਏ। ਤੁਹਾਡੇ ਕੋਲ ਜੀਵਨ ਦਾ ਅਨੰਤ ਝਰਨਾ ਹੋਵੇ।

ਕਿਰਪਾ ਦੇ ਨਾਲ ਇਹ ਵਾਪਰਦਾ ਹੈ। ਇਹ ਵੱਡੀ ਉਲਟੀ ਬੁਝਾਰਤ ਹੈ। ਇਹ ਵੱਡੀ ਉਲਟਬਾਜ਼ੀ ਹੈ ਅਤੇ ਇਸ ਲਈ ਸੰਤਾਂ ਦੇ ਬਚਨ ਬਹੁਤ ਰਹੱਸਯਪੂਰਣ ਮਾਲੂਮ

ਹੁੰਦੇ ਹਨ। ਸਿੱਧੇ-ਸਾਦੇ, ਪਰ ਰਹਸਯਪੂਰਣ। ਕਿਉਂਕਿ ਬਹੁਤ ਉਲਟੀਆਂ ਗੱਲਾਂ ਕਹਿੰਦੇ ਮਾਲੂਮ ਹੁੰਦੇ ਹਨ। ਉਹ ਕਹਿੰਦੇ ਹਨ ਮਿਟੋ, ਤਾਂ ਕਿ ਹੋ ਸਕੋ। ਉਹ ਕਹਿੰਦੇ ਹਨ, ਗੁਆ ਦਿਓ ਆਪਣੇ ਆਪ ਨੂੰ ਤਾਂ ਕਿ ਤੁਸੀਂ ਪਾਉਣ ਦੇ ਹੱਕਦਾਰ ਹੋ ਜਾਓ। ਮਰ ਜਾਓ, ਤਾਂ ਕਿ ਤੁਹਾਨੂੰ ਅੰਮ੍ਰਿਤ ਜੀਵਨ ਉਪਲਬਧ ਹੋ ਸਕੇ।

ਤੁਸੀਂ ਬਚਾਉਂਦੇ ਹੋ, ਇਸ ਲਈ ਤੁਸੀਂ ਨਹੀਂ ਹੋ। ਤੁਸੀਂ ਜਿੰਨਾਂ ਆਪਣੇ ਆਪ ਨੂੰ ਫੜਦੇ ਹੋ, ਓਨੇ ਹੀ ਦਾਨ, ਦਰਿਦ੍ਰ ਓਨੇ ਹੀ ਅਰਥ ਹੀਨ। ਤੁਸੀਂ ਜਿੰਨਾ ਆਪਣੇ ਆਪ ਨੂੰ ਸਾਂਭੋਗੇ ਓਨੇ ਹੀ ਭਟਕੋਗੇ। ਬਹੁਤ ਉਲਟੀਆਂ ਗੱਲਾਂ ਹਨ। ਇੱਕ ਦਮ ਪਕੜ ਵਿੱਚ ਨਹੀਂ ਆਉਂਦੀਆਂ ਕਿਉਂਕਿ ਸਾਡੇ ਤਰਕ ਦੇ ਬਿਲਕੁਲ ਉਲਟ ਹਨ, ਕਿਉਂਕਿ ਸਾਡਾ ਤਰਕ ਕਹਿੰਦਾ ਹੈ ਬਚਣਾ ਹੈ ਤਾਂ ਆਪਣੇ ਆਪ ਨੂੰ ਬਚਾਓ। ਸੰਤਾਂ ਦਾ ਤਰਕ ਕਹਿੰਦਾ ਹੈ, ਬਚਣਾ ਹੈ? ਆਪਣੇ ਆਪ ਨੂੰ ਗੁਆ ਦਿਓ, ਬਚਾਉਣ ਵਾਲਾ ਕਦੇ ਆਪਣੇ ਆਪ ਨੂੰ ਬਚਾ ਸਕਿਆ ਹੈ? ਸਾਡਾ ਤਰਕ ਕਹਿੰਦਾ ਹੈ ਕਿਤੇ ਮੌਤ ਨਾ ਆ ਜਾਏ। ਇਸ ਲਈ ਅਸੀਂ ਜੀਵਨ ਨੂੰ ਜ਼ੋਰ ਨਾਲ ਫੜਿਆ ਹੈ ਅਤੇ ਸੰਤ ਕਹਿੰਦੇ ਹਨ, ਜਿਨ੍ਹਾਂ ਨੇ ਜ਼ੋਰ ਨਾਲ ਫੜਿਆ। ਉਨ੍ਹਾਂ ਦੀ ਮੌਤ ਤਾਂ ਪਹਿਲਾਂ ਆ ਗਈ। ਹੋਰ ਵੀ ਪਹਿਲਾਂ ਆ ਗਈ ਅਤੇ ਜਿਨ੍ਹਾ ਨੇ ਮਰਨ ਨੂੰ ਖ਼ੁਦ ਸਵੀਕਾਰ ਕਰ ਲਿਆ। ਜਿਹੜੇ ਖ਼ੁਦ ਮੌਤ ਨੂੰ ਮਿਲਣ ਚਲੇ ਗਏ, ਉਨ੍ਹਾਂ ਨੇ ਅੰਮ੍ਰਿਤ ਨੂੰ ਜਾਣਿਆ। ਉਨ੍ਹਾਂ ਨੇ ਪਾਇਆ, ਮੌਤ ਤਾਂ ਕੇਵਲ ਚਿਹਰਾ ਸੀ, ਪਿੱਛੇ ਤਾਂ ਅੰਮ੍ਰਿਤ ਲੁਕਿਆ ਹੈ। ਡਰ ਦੇ ਮਾਰੇ ਨੱਠਦੇ ਸੀ, ਮੌਤ ਤੋਂ ਨੱਠਦੇ ਸੀ। ਅੰਮ੍ਰਿਤ ਤੋਂ ਵਾਂਝੇ ਰਹਿ ਜਾਂਦੇ ਸੀ। ਮੌਤ ਦੇ ਨਾਲ ਜਾ ਕੇ ਗਲੇ ਲੱਗ ਗਏ, ਅੰਮ੍ਰਿਤ ਨਾਲ ਮਿਲਾਪ ਹੋ ਗਿਆ। ਕਿਰਪਾ, ਮਿਹਰ ਦਾ ਜੋ ਜੀਵਨ ਵਿੱਚ ਹਿੱਸਾ ਹੈ, ਉਥੇ ਸ਼ਕਤੀ ਲੱਖਣ ਹੈ।

ਕਾਰਲੋਜ਼ ਕੇਸਟਨੇਡਾ ਦੀ ਚੌਥੀ ਕਿਤਾਬ ਮੈਂ ਪੜ੍ਹ ਰਿਹਾ ਸੀ। ਕਿਤਾਬ ਦਾ ਨਾਉਂ ਹੈ, 'Tales of Power' ਉਹ ਇਸੇ ਚੌਥੇ ਖੰਡ ਦੇ ਸੰਬੰਧ ਵਿੱਚ ਲਿਖੀ ਗਈ ਕਿਤਾਬ ਹੈ। ਜਿਵੇਂ ਹੀ ਤੁਹਾਡੇ ਜੀਵਨ ਵਿੱਚ ਪ੍ਰਭੂ ਦੀ ਕਿਰਨ ਉਤਰਦੀ ਹੈ, ਤੁਸੀਂ ਅਨੰਤ ਸ਼ਕਤੀਸ਼ਾਲੀ ਹੋ ਜਾਂਦੇ ਹੋ। ਤੁਹਾਡੇ ਉਪਰ ਅਪਰੰਪਾਰ ਸ਼ਕਤੀ ਦੀ ਯੋਗਤਾ ਆ ਜਾਂਦੀ ਹੈ। ਤੁਸੀਂ ਮਿੱਟੀ ਛੂਹੋ, ਸੋਨਾ ਹੋਣ ਲੱਗਦੀ ਹੈ।

ਪਹਿਲਾਂ ਠੀਕ ਉਲਟਾ ਸੀ। ਤੁਸੀਂ ਸੋਨਾ ਛੂਹੰਦੇ ਸੀ, ਮਿੱਟੀ ਹੋ ਜਾਂਦਾ ਸੀ। ਕਿਉਂਕਿ ਤੁਸੀਂ ਸੀ। ਹੁਣ ਤੁਸੀਂ ਜਿਸ ਪਾਸੇ ਵੇਖੋ, ਉਥੇ ਹੀ ਸਵਰਗ ਨਜ਼ਰ ਆਉਂਦਾ ਹੈ। ਪਹਿਲਾਂ ਬਿਲਕੁਲ ਉਲਟਾ ਸੀ। ਤੁਹਾਡੀ ਨਜ਼ਰ ਜਿੱਥੇ ਜਾਂਦੀ ਸੀ, ਉਥੇ ਹੀ ਨਰਕ ਹੋ ਜਾਂਦਾ ਸੀ। ਜਿੱਥੇ ਤੁਹਾਡੇ ਪੈਰ ਪੈ ਜਾਂਦੇ ਸਨ, ਉਥੇ ਹੀ ਅਪਸ਼ਗਨ ਹੋ ਜਾਂਦਾ ਸੀ। ਜੋ ਤੁਸੀਂ ਕਰਦੇ ਸੀ, ਉਥੇ ਹੀ ਬਹੁਤ ਗਹਿਰਾ ਅਫਸੋਸ ਹੱਥ ਵਿੱਚ ਆਉਂਦਾ ਸੀ। ਤੁਸੀਂ

ਪ੍ਰੇਮ ਵੀ ਕਰਨ ਜਾਂਦੇ ਸੀ ਤਾਂ ਨਫ਼ਰਤ ਹੋ ਜਾਂਦੀ ਸੀ। ਤੁਸੀਂ ਮਿੱਤਰ ਬਨਾਉਣ ਜਾਂਦੇ ਸੀ ਅਤੇ ਦੁਸ਼ਮਣ ਪੈਦਾ ਹੋ ਜਾਂਦੇ ਸਨ। ਤੁਸੀਂ ਜੋ ਵੀ ਕਰਦੇ ਸੀ ਕਿਉਂਕਿ ਤੁਸੀਂ ਗ਼ਲਤ ਸੀ, ਇਸ ਲਈ ਨਤੀਜੇ ਉਲਟ ਹੁੰਦੇ ਸਨ ਤੇ ਤੁਸੀਂ ਪਰਮਾਤਮਾ ਦੇ ਉਲਟ ਟੁਰ ਰਹੇ ਸੀ, ਉਹ ਹੀ ਸ਼ਕਤੀ ਦਾ ਝਰਨਾ ਹੈ। ਤੁਸੀਂ ਉਸ ਵੱਲ ਪਿੱਠ ਕੀਤੀ ਹੋਈ ਸੀ। ਤੁਹਾਡੇ ਕਾਰਣ ਕੁਝ ਵੀ ਨਹੀਂ ਹੋ ਰਿਹਾ ਸੀ। ਹੁਣ ਤੁਸੀਂ ਨਹੀਂ ਹੋ। ਹੁਣ ਸਭ ਹੋ ਸਕਦਾ ਹੈ। ਹੁਣ ਤੁਹਾਡੀ ਛਾਂ ਵਿੱਚ ਜਾਦੂ ਹੋਏਗਾ। ਤੁਹਾਡੀ ਅੱਖ ਜਿਸ ਪਾਸੇ ਪਏਗੀ ਉਥੇ ਸਵਰਗ ਦੇ ਦਰਵਾਜ਼ੇ ਖੁੱਲ੍ਹ ਜਾਣਗੇ। ਤੁਸੀਂ ਜਿੱਥੇ ਜਾਓਗੇ, ਤੁਸੀਂ ਉਠੋਗੇ, ਬੈਠੋਗੇ ਉਥੋਂ ਦੀ ਹਵਾ ਬਦਲ ਜਾਏਗੀ। ਤੁਹਾਡੇ ਸੰਗ-ਸਾਥ ਵਿੱਚ ਜਿਹੜਾ ਖਲੋ ਜਾਏਗਾ ਉਹ ਵੀ ਤੁਹਾਡੀ ਮਹਿਮਾ ਨਾਲ ਭਰ ਜਾਏਗਾ। ਉਹ ਵੀ ਥੋੜ੍ਹੀ ਖੁਸ਼ਬੂ ਤੁਹਾਡੇ ਕੋਲੋਂ ਲੈ ਜਾਏਗਾ।

ਇਸ ਲਈ ਤਾਂ ਨਾਨਕ ਕਹਿੰਦੇ ਹਨ—'ਸਾਧ ਸੰਗਤ'। ਉਹ ਕਹਿੰਦੇ ਹਨ ਸਾਧੂਆਂ ਦੇ ਸੰਗ-ਸਾਥ 'ਚ ਰਹੋ। ਜਿਨ੍ਹਾਂ ਨੂੰ ਸ਼ਕਤੀ ਦਾ ਭੰਡਾਰ ਮਿਲ ਗਿਆ ਹੈ, ਉਨ੍ਹਾਂ ਦੇ ਨਾਲ ਰਹੋ, ਉਨ੍ਹਾਂ ਦੇ ਕੋਲ ਬੈਠੋ। ਉਨ੍ਹਾਂ ਦਾ ਸਤਸੰਗ ਮਹਿਮਾਵਾਨ ਹੈ। ਕਿਉਂਕਿ ਉਨ੍ਹਾਂ ਦੇ ਕੋਲ ਬੈਠਣ ਨਾਲ ਹੀ।

ਸ਼ਕਤੀ ਸੰਚਾਰੀ ਹੈ। ਤੰਦਰੁਸਤੀ ਸੰਚਾਰੀ ਹੈ। ਬੀਮਾਰੀ ਹੀ ਨਹੀਂ ਫੜਦੀ, ਧਿਆਨ ਰੱਖਣਾ ਤੰਦਰੁਸਤੀ ਵੀ ਫੜਦੀ ਹੈ। ਬੁਰਾਈ ਹੀ ਨਹੀਂ ਫੜਦੀ ਦੂਜੇ ਤੋਂ ਭਲਾਈ ਵੀ ਉਤਰਦੀ ਹੈ। ਤੁਹਾਡੇ ਵਿੱਚ ਹੋਰ ਵਗ ਜਾਂਦੀ ਹੈ। ਤਾਜ਼ੇ ਆਦਮੀ ਦੇ ਕੋਲ ਤੁਸੀਂ ਵੀ ਤਾਜ਼ਗੀ ਅਨੁਭਵ ਕਰਦੇ ਹੋ। ਬਾਸੇ, ਉਦਾਸ, ਮੁਰਦਾ ਆਦਮੀ ਦੇ ਕੋਲ ਥੋੜ੍ਹੀ ਦੇਰ ਵਿੱਚ ਤੁਸੀਂ ਵੀ ਮੁਰਦਾ ਹੋਣ ਲੱਗਦੇ ਹੋ। ਦਸ ਪੰਜੀ ਲੋਕ ਲੰਮੇ ਮੂੰਹਾਂ ਵਾਲੇ ਉਦਾਸ ਬੈਠੇ ਹੋਣ, ਉਨ੍ਹਾਂ ਦੇ ਕੋਲ ਜ਼ਰਾ ਜਾ ਕੇ ਬੈਠੋ, 'ਥੋੜ੍ਹੀ ਦੇਰ' 'ਚ ਹੀ ਤੁਸੀਂ ਪਾਓਗੇ ਕਿ ਤੁਸੀਂ ਆਏ ਕੁਝ ਹੋਰ ਸੀ, ਤੁਸੀਂ ਹੋ ਕੁਝ ਹੋਰ ਗਏ। ਤੁਸੀਂ ਵੀ ਉਦਾਸ ਹੋ। ਤੁਸੀਂ ਵੀ ਰੋ ਰਹੇ ਹੋ। ਜਿੱਥੇ ਲੋਕ ਹੱਸ ਰਹੇ ਹੋਣ, ਜਿੱਥੇ ਲੋਕ ਖਿੜ ਰਹੇ ਹੋਣ, ਉਨ੍ਹਾਂ ਦੇ ਕੋਲ ਥੋੜ੍ਹੀ ਦੇਰ ਬੈਠੋ। ਤੁਸੀਂ ਸ਼ਾਇਦ ਉਦਾਸ ਆਏ ਹੋ। ਰੋਂਦੇ ਹੋਏ ਆਏ ਹੋ। ਅੱਥਰੂ ਸੁੱਕ ਜਾਣਗੇ। ਮੁਸਕਰਾਹਟ ਆ ਜਾਏਗੀ।

ਆਦਮੀ ਏਨਾ ਵੱਖਰਾ-ਵੱਖਰਾ ਥੋੜ੍ਹੇ ਹੀ ਹੈ। ਅਸੀਂ ਸਾਰੇ ਅੰਦਰੋਂ ਜੁੜੇ ਹੋਏ ਹਾਂ ਅਤੇ ਅਸੀਂ ਸਾਰੇ ਅੰਦਰੋਂ ਇੱਕ ਦੂਜੇ ਵਿੱਚ ਵਗ ਰਹੇ ਹਾਂ।

ਸਾਧ ਸੰਗਤ 'ਤੇ ਨਾਨਕ ਦਾ ਬਹੁਤ ਜ਼ੋਰ ਹੈ। ਉਹ ਕਹਿੰਦੇ ਹਨ, ਤੁਹਾਡੇ ਕੀਤੇ ਕੀ ਹੋਏਗਾ? ਤੁਸੀਂ ਉਨ੍ਹਾਂ ਦੇ ਕੋਲ ਰਹੋ, ਜਿਨ੍ਹਾਂ ਨੇ ਉਸਦਾ ਸਹਾਰਾ ਪਾ ਲਿਆ ਹੈ। ਉਨ੍ਹਾਂ ਦੇ ਮਾਧਿਅਮ ਨਾਲ ਪਰਮਾਤਮਾ ਦਾ ਹੱਥ ਤੁਹਾਨੂੰ ਵੀ ਛੂਹੇਗਾ। ਉਨ੍ਹਾਂ ਦੇ ਮਾਧਿਅਮ ਨਾਲ ਉਸ ਦੀਆਂ ਹਵਾਵਾਂ ਤੁਹਾਡੇ ਹਿਰਦੇ ਤੱਕ ਵੀ ਪੁੱਜ ਜਾਣਗੀਆਂ।

ਫੁੱਲਾਂ ਦੇ ਬਗੀਚੇ ਵਿਚੋਂ ਕੋਈ ਇਵੇਂ ਵੀ ਲੰਘ ਜਾਏ ਤਾਂ ਵੀ ਥੋੜ੍ਹੀ ਜਿਹੀ ਸੁਗੰਧ ਉਸਦੇ ਕਪੜਿਆਂ ਵਿੱਚ ਰਚ ਜਾਂਦੀ ਹੈ। ਬੁੱਧਾਂ ਦੇ ਕੋਲੋਂ ਕੋਈ ਐਵੇਂ ਵੀ ਲੰਘ ਜਾਏ, ਅਕਾਰਣ ਵੀ, ਸੰਜੋਗਵਸ ਵੀ, ਤਾਂ ਵੀ ਬੁੱਧਤੱਵ ਦੀ ਖੁਸ਼ਬੂ ਕੱਪੜਿਆਂ ਨੂੰ ਫੜ ਲੈਂਦੀ ਹੈ। ਉਹ ਆਦਮੀ ਉਹ ਹੀ ਨਹੀਂ, ਕੁਝ ਬਦਲ ਜਾਂਦਾ ਹੈ।

ਸਾਧ ਸੰਗਤ ਬਹੁਤ ਕੀਮਤੀ ਹੈ। ਪਰਮਾਤਮਾ ਨਾਲ ਸੰਬੰਧ ਜੋੜਣਾ ਤਾਂ ਅੱਜ ਮੁਸ਼ਕਿਲ ਹੈ। ਮੁਸ਼ਕਿਲ ਇਸ ਲਈ ਹੈ ਕਿ ਤੁਹਾਨੂੰ ਉਸਦਾ ਕੁਝ ਵੀ ਪਤਾ-ਠਿਕਾਣਾ ਤਾਂ ਮਾਲੂਮ ਨਹੀਂ। ਸੰਤ ਉਸਦੇ ਪ੍ਰਤੀਕ ਹਨ। ਉਨ੍ਹਾਂ ਦਾ ਤੁਹਾਨੂੰ ਪਤਾ ਠਿਕਾਣਾ ਮਾਲੂਮ ਹੋ ਸਕਦਾ ਹੈ। ਤੁਸੀਂ ਉਨ੍ਹਾਂ ਨੂੰ ਆਸਾਨੀ ਨਾਲ ਲੱਭ ਸਕਦੇ ਹੋ। ਪਰਮਾਤਮਾ ਨੂੰ ਤੁਸੀਂ ਕਿੱਥੇ ਲੱਭੋਗੇ? ਅਤੇ ਸੰਤ ਦਾ ਅਰਥ ਹੈ, ਜਿਸ ਵਿਚ ਪਰਮਾਤਮਾ ਗਹਿਰਾ ਹੈ। ਜਿੱਥੇ ਪਰਮਾਤਮਾ ਦੀਆਂ ਕਿਰਨਾਂ ਸੰਘਣੀਆਂ ਹੋ ਕੇ ਪੈ ਰਹੀਆਂ ਹਨ। ਜਿੱਥੇ ਤਪਸ਼ ਡੂੰਘੀ ਹੈ।

ਜਿਵੇਂ ਸੰਤ ਨੇ ਆਪਣੇ ਵਿਅਕਤਿਤਵ ਵਿੱਚ ਪਰਮਾਤਮਾ ਨੂੰ ਇਸ ਤਰ੍ਹਾਂ ਇਕੱਠਾ ਕੀਤਾ, ਜਿਵੇਂ ਕੱਚ ਦੇ ਇੱਕ ਟੁਕੜੇ ਵਿਚੋਂ ਕਿਰਨਾਂ ਨੂੰ ਪਾਰ ਲੰਘਾਓ ਅਤੇ ਉਹ ਇਕੱਠੀਆਂ ਹੋ ਜਾਣ, ਇਕਾਗਰ ਹੋ ਜਾਣ। ਪਰਮਾਤਮਾ ਤੁਹਾਡੇ ਵਿੱਚ ਵੀ ਹੈ, ਪਰ ਵਿਰਲ (ਦੂਰੀ-ਦਰਾੜ) ਹੈ। ਉਸਦੇ ਨਾਲ ਅੱਗ ਪੈਦਾ ਨਹੀਂ ਹੁੰਦੀ। ਬੱਸ, ਕੁਨਕੁਨਾਪਨ, ਤੁਸੀਂ ਕਿਸੇ ਤਰ੍ਹਾਂ ਜੀਅ ਲੈਂਦੇ ਹੋ। ਸੰਤ ਵਿੱਚ ਅੱਗ ਹੈ। ਉਹ ਅਗਨੀ ਹੈ। ਉਸ ਦੇ ਕੋਲ ਤੁਹਾਨੂੰ ਵੀ ਸੇਕ ਲੱਗੇਗਾ। ਉਸਦੇ ਕੋਲ ਤੁਹਾਡੇ ਅੰਦਰ ਵੀ ਕੁਝ ਜਲੇਗਾ ਅਤੇ ਮਿਟੇਗਾ।

ਜਿਸ ਦਿਨ ਉਸਦੀ ਕਿਰਪਾ ਮਿਲਣੀ ਸ਼ੁਰੂ ਹੁੰਦੀ ਹੈ। ਉਸੇ ਦਿਨ ਤੁਸੀਂ ਸ਼ਕਤੀਸ਼ਾਲੀ ਹੋ ਜਾਂਦੇ ਹੋ। ਪਰ ਧਿਆਨ ਰੱਖਣਾ, ਉਹ ਸ਼ਕਤੀ ਤੁਹਾਡੀ ਨਹੀਂ ਹੈ। ਜੇਕਰ ਤੁਹਾਨੂੰ ਇਹ ਆਕੜ ਆ ਗਈ ਕਿ ਉਹ ਸ਼ਕਤੀ ਤੁਹਾਡੀ ਹੈ, ਤਾਂ ਮਿਲੀ ਹੋਈ ਕਿਰਪਾ ਵੀ ਗੁਆਚ ਜਾਂਦੀ ਹੈ ਅਤੇ ਅੰਤ ਤੱਕ ਡਿੱਗਣ ਦਾ ਡਰ ਹੈ, ਕਿਉਂਕਿ ਅੰਤ ਤੱਕ ਸੂਖਮ ਹੰਕਾਰ ਪਿੱਛਾ ਕਰਦਾ ਹੈ। ਉਹ ਆਖ਼ਰੀ ਚੀਜ਼ ਹੈ। ਜਿਸ ਤੋਂ ਮਨੁੱਖ ਦਾ ਛੁਟਕਾਰਾ ਹੁੰਦਾ ਹੈ। ਉਹ ਆਖ਼ਰੀ ਹੈ, ਅੰਤਿਮ ਹੈ। ਉਹ ਛਾਂ ਦੇ ਵਾਂਗ ਤੁਹਾਡੇ ਪਿੱਛੇ ਆਉਂਦਾ ਹੈ। ਨਾ ਤਾਂ ਉਸ ਦੇ ਪੈਰਾਂ ਦੀ ਆਵਾਜ਼ ਸੁਣਾਈ ਦਿੰਦੀ ਹੈ, ਨਾ ਕੋਈ ਹੋਰ ਆਵਾਜ਼ ਹੁੰਦੀ ਹੈ ਅਤੇ ਉਹ ਤੁਹਾਡੇ ਪਿੱਛੇ ਹੁੰਦਾ ਹੈ, ਇਸ ਲਈ ਤੁਹਾਨੂੰ ਵਿਖਾਈ ਵੀ ਨਹੀਂ ਦਿੰਦਾ। ਉਹ ਛਾਂ ਦੇ ਵਾਂਗ ਤੁਹਾਡੇ ਪਿੱਛੇ ਟੁਰਦਾ ਹੈ।

ਜਿਵੇਂ ਦੇਹ ਦੀ ਛਾਂ ਹੈ, ਐਵੇਂ ਹੀ ਚੇਤਨਾ ਦੀ ਛਾਂ ਹੰਕਾਰ ਹੈ। ਇਸ ਲਈ ਤੁਸੀਂ ਸੁਣੀ ਹੋਏਗੀ ਇਹ ਗੱਲ ਕਿ ਜੋ ਵਿਅਕਤੀ ਪਰਮਾਤਮਾ ਨੂੰ ਪਾ ਲੈਂਦਾ ਹੈ, ਉਸ ਦੀ

ਛਾਂ ਨਹੀਂ ਬਣਦੀ। ਇਸ ਤੋਂ ਤੁਸੀਂ ਇਹ ਨਾ ਸਮਝਣਾ ਕਿ ਜਦ ਉਹ ਧਰਤੀ 'ਤੇ ਟੁਰਦਾ ਹੈ ਅਤੇ ਸੂਰਜ ਚੜ੍ਹਿਆ ਹੁੰਦਾ ਹੈ ਤਾਂ ਧਰਤੀ ਉਤੇ ਉਸਦੀ ਛਾਂ ਨਹੀਂ ਬਣਦੀ। ਉਹ ਛਾਂ ਤਾਂ ਬਣਦੀ ਹੈ, ਕਿਉਂਕਿ ਸ਼ਰੀਰ ਹੈ, ਸ਼ਰੀਰ ਦੀ ਛਾਂ ਤਾਂ ਬਣੇਗੀ। ਪਰ ਉਸਦੇ ਅੰਦਰ ਦੀ ਛਾਂ ਗੁੰਮ ਹੋ ਜਾਂਦੀ ਹੈ। ਉਹ ਟੁਰਦਾ ਹੈ, ਉੱਠਦਾ ਹੈ, ਬੈਠਦਾ ਹੈ, ਕੰਮ ਕਰਦਾ ਹੈ, ਬੋਲਦਾ ਹੈ, ਸਾਰੀ ਜੀਵਨ ਦੀ ਕਿਰਿਆ ਚਲਦੀ ਰਹਿੰਦੀ ਹੈ, ਲੇਕਿਨ ਹੁਣ ਕੋਈ ਛਾਂ ਨਹੀਂ ਬਣਦੀ। ਹੁਣ ਚੇਤਨਾ ਪਾਰਦਰਸ਼ੀ ਹੋ ਗਈ। ਹੁਣ ਉਹ ਹੈ ਹੀ ਨਹੀਂ।

ਧਿਆਨ ਰੱਖਣਾ, ਤੁਸੀਂ ਇਹ ਨਾ ਸੋਚਣਾ ਕਿ ਤੁਸੀਂ ਸ਼ਕਤੀਸ਼ਾਲੀ ਹੋ ਜਾਓਗੇ। ਉਸਦੀ ਮਿਹਰ ਹੋਵੇਗੀ, ਵਰ੍ਹੇਗੀ, ਤੁਸੀਂ ਤਾਂ ਹੋਵੋਗੇ ਹੀ ਨਹੀਂ। ਉਹ ਹੀ ਹੋਏਗਾ। ਤੁਹਾਡੇ ਰਾਹੀਂ ਸ਼ਕਤੀਸ਼ਾਲੀ। ਤੁਸੀਂ ਨਿਮਿਤ ਹੋ ਜਾਓਗੇ। ਇਹ ਨਿਮਿਤ ਸ਼ਬਦ ਬਹੁਤ ਮਹੱਤਵਪੂਰਣ ਹੈ। ਜਿਵੇਂ ਬੰਸਰੀ ਤੋਂ ਕਿਸੇ ਗਾਇਕ ਦਾ ਸੁਰ ਨਿਕਲਦਾ ਹੈ, ਬੰਸਰੀ ਕੇਵਲ ਨਿਮਿਤ ਹੈ ਅਤੇ ਸੁਰ ਬੰਸਰੀ ਦਾ ਨਹੀਂ ਹੈ। ਸੁਰ ਤਾਂ ਗਾਇਕ ਦਾ ਹੈ, ਬੰਸਰੀ ਦੀ ਖੂਬੀ ਕੀ ਹੈ, ਕਦੇ ਤੁਸੀਂ ਖਿਆਲ ਕੀਤਾ? ਬੰਸਰੀ ਦੀ ਖੂਬੀ ਏਨੀ ਹੈ ਕਿ ਉਹ ਪੋਲੀ ਹੈ। ਉਸ ਦਾ ਪੋਲਾਪਨ ਉਸ ਦੀ ਸ਼ੂਨਯਤਾ ਹੀ ਉਸਦੀ ਖੂਬੀ ਹੈ। ਉਸੀ ਖੂਬੀ ਦੇ ਕਾਰਣ ਸੁਰ ਪ੍ਰਵਾਹਿਤ (ਵਗਣਾ) ਹੁੰਦਾ ਹੈ। ਜਿਸ ਦਿਨ ਵੀ ਪਰਮਾਤਮਾ ਦੀ ਮਿਹਰ ਤੁਹਾਡੇ ਉਤੇ ਵਰ੍ਹਦੀ ਹੈ, ਤੁਸੀਂ ਬੰਸਰੀ ਦੇ ਵਾਂਗ ਹੋ ਜਾਂਦੇ ਹੋ।

ਕਬੀਰ ਨੇ ਕਿਹਾ, ਮੈਂ ਤਾਂ ਬਾਂਸ ਦੀ ਪੋਂਗਰੀ ਹਾਂ। ਗੀਤ ਸਾਰੇ ਉਸ ਦੇ ਹਨ। ਉਹ ਹੀ ਗਾਉਂਦਾ ਹੈ। ਮੈਂ ਕੇਵਲ ਮਾਧਿਅਮ ਹਾਂ, ਵਾਹਣ ਹਾਂ ਅਤੇ ਵਾਹਣ ਦੀ ਵੀ ਖੂਬੀ ਏਨੀ ਕਿ ਮੈਂ ਪੋਲਾ, ਪੋਲੀ ਬਾਂਸ ਦੀ ਪੋਰੀ ਹਾਂ। ਕਿਰਪਾ ਖੰਡ ਦੀ ਬਾਣੀ ਸ਼ਕਤੀ ਹੈ। ਉਥੇ ਪਰਮ ਸ਼ਕਤੀ ਬੋਲਦੀ ਹੈ। ਇੱਕ ਵੱਡਾ ਸੰਘਣਾ ਮੈਗਨੇਟ੍ਰਿਜ਼ਮ, ਜਿਸ ਵਿਅਕਤੀ ਨੂੰ ਉਸਦੀ ਮਿਹਰ ਮਿਲੀ ਹੈ, ਉਸ ਨੂੰ ਪ੍ਰਾਪਤ ਹੋ ਜਾਂਦਾ ਹੈ। ਤੁਸੀਂ ਉਸਦੇ ਵੱਲ ਖਿੱਚੇ ਚਲੇ ਜਾਂਦੇ ਹੋ। ਤੁਸੀਂ ਆਪਣੇ ਆਪ ਨੂੰ ਰੋਕੋ ਤਾਂ ਵੀ ਨਹੀਂ ਰੋਕ ਸਕਦੇ ਹੋ। ਤੁਸੀਂ ਉਸ ਤੋਂ ਬਚਣਾ ਚਾਹੋ ਤਾਂ ਵੀ ਨਹੀਂ ਬਚ ਪਾਂਦੇ ਹੋ। ਤੁਸੀਂ ਖਿੱਚੇ ਜਾਂਦੇ ਹੋ। ਕੋਈ ਅਲੌਕਿਕ ਆਕਰਸ਼ਣ ਤੁਹਾਨੂੰ ਉਸ ਹੋਂਦ ਵੱਲ ਬਨ੍ਹੀ ਰੱਖਦਾ ਹੈ। ਤੁਸੀਂ ਆਪਣੀਆਂ ਸਾਰੀਆਂ ਕੋਸ਼ਿਸ਼ਾਂ ਦੇ ਬਾਵਜੂਦ ਵੀ ਪਾਉਂਦੇ ਹੋ ਕਿ ਤੁਸੀਂ ਖਿੱਚੇ ਜਾਂਦੇ ਹੋ।

ਬੋਲਣ ਦੀ ਸ਼ਕਤੀ ਦਾ, ਬਾਣੀ ਵਿੱਚ ਸ਼ਕਤੀ ਦੇ ਹੋਣ ਦਾ ਇਹ ਹੀ ਅਰਥ ਹੈ। 'ਇਸ ਨੂੰ ਛੱਡ ਕੇ ਉਸ ਵਿੱਚ ਦੂਜਾ ਕੁਝ ਵੀ ਨਹੀਂ ਹੈ। ਪਰਮਾਤਮਾ ਦੀ ਸ਼ਕਤੀ ਨੂੰ ਛੱਡ ਕੇ ਦੂਜਾ ਹੋਰ ਕੁਝ ਵੀ ਨਹੀਂ ਹੈ। ਉਸ ਵਿੱਚ ਮਹਾਂਬਲੀ, ਸੂਰਵੀਰ ਹਨ, ਜਿਨ੍ਹਾਂ ਸਾਰਿਆਂ ਵਿੱਚ ਰਾਮ ਹੀ ਭਰਪੂਰ ਸਮਾਇਆ ਹੋਇਆ ਹੈ।'

ਜਿਵੇਂ ਹੀ ਇਸ ਘੜੀ ਨੂੰ ਕੋਈ ਉਪਲੱਬਧ ਹੁੰਦਾ ਹੈ, ਉਹ ਮਹਾਂਵੀਰ ਹੋ ਜਾਂਦਾ ਹੈ। ਉਹ ਮਹਾਂਯੋਧਾ ਹੋ ਜਾਂਦਾ ਹੈ। ਆਪਣੇ ਸਹਾਰੇ ਅਸੀਂ ਦੀਨਹੀਨ ਸੀ, ਪਰਮਾਤਮਾ ਦੇ ਸਹਾਰੇ ਅਸੀਂ ਮਹਾਂਵੀਰ ਹੋ ਜਾਂਦੇ ਹਾਂ, ਪਰ ਉਹ ਸਾਰੀ ਊਰਜਾ ਉਸ ਦੀ ਹੈ। ਉਹ ਸਾਰਾ ਕੁਝ ਉਸ ਦਾ ਹੈ। ਅਸੀਂ ਵਿਚਕਾਰੋਂ ਬਿਲਕੁਲ ਹਟ ਜਾਂਦੇ ਹਾਂ। ਅਸੀਂ ਰਾਹ ਦੇ ਦਿੰਦੇ ਹਾਂ।

'ਜਿਨ੍ਹਾਂ ਸਾਰਿਆਂ ਵਿੱਚ ਰਾਮ ਹੀ ਭਰਪੂਰ ਸਮਾਇਆ ਹੋਇਆ ਹੈ। *'ਤਿਥੈ ਜੋਧ ਮਹਾਬਲ ਸੂਰ॥ ਤਿਨ ਮਹਿ ਰਾਮੁ ਰਹਿਆ ਭਰਪੂਰ॥ '* ਉਸ ਵਿੱਚ, ਉਸਦੀ ਮਹਿਮਾ ਵਿੱਚ ਸੀਤਾ ਹੀ ਸੀਤਾ ਸਮਾਈ ਹੋਈ ਹੈ। 'ਤਿਥੈ ਸੀਤੋ ਸੀਤਾ ਮਹਿਮਾ ਮਾਹਿ॥ ਤਾ ਕੇ ਰੂਪ ਨ ਕਥਨੇ ਜਾਹਿ॥'

ਇਸ ਬਚਨ ਨੂੰ ਵੱਡੀ ਡੂੰਘਾਈ ਨਾਲ ਸਮਝਣਾ ਜ਼ਰੂਰੀ ਹੈ। ਕਿਉਂਕਿ ਅਜਿਹਾ ਪ੍ਰਾਣੀ ਜਿਸ ਵਿੱਚ ਉਸਦੀ ਸ਼ਕਤੀ ਉਤਰਦੀ ਹੈ, ਇੱਕ ਦੋਹਰੀ ਊਰਜਾ ਨਾਲ ਭਰ ਜਾਂਦਾ ਹੈ, ਭਰਪੂਰ ਹੋ ਜਾਂਦਾ ਹੈ—ਦੋਹਰੀ ਊਰਜਾ ਨਾਲ। ਉਸਦੇ ਵਿੱਚ ਸਿਰਫ ਰਾਮ ਹੀ ਨਹੀਂ ਉਤਰ ਆਉਂਦਾ, ਉਸਦੇ ਵਿੱਚ ਸੀਤਾ ਵੀ ਉਤਰ ਆਉਂਦੀ ਹੈ।

ਇਹ ਤਾਂ ਪ੍ਰਤੀਕ ਹਨ ਰਾਮ ਅਤੇ ਸੀਤਾ। ਲੇਕਿਨ ਇਹ ਪ੍ਰਤੀਕ ਬਹੁਤ ਡੂੰਘੇ ਹਨ, ਕਿਉਂਕਿ ਜੇਕਰ ਸਿਰਫ਼ ਰਾਮ ਹੀ ਉਤਰੇ ਤਾਂ ਵਿਅਕਤੀ ਅਧੂਰਾ ਹੋਏਗਾ। ਅੱਧਾ ਹੋਏਗਾ। ਤਾਂ ਉਸਦੇ 'ਚ ਆਦਮੀ ਦੀ ਤਾਕਤ ਤਾਂ ਆ ਜਾਏਗੀ, ਲੇਕਿਨ ਆਦਮੀ ਦੀ ਸ਼ਕਤੀ ਅਧੂਰੀ ਹੋ ਕੇ ਨਾਸ਼ਵਾਨ ਹੈ। ਉਸ ਵਿੱਚ ਇਸਤ੍ਰੀ ਦੀ ਮਹਿਮਾ ਨਹੀਂ ਉਤਰੇਗੀ ਅਤੇ ਇਸਤ੍ਰੀ ਦਾ ਸ਼ੀਤਲ ਰੂਪ ਨਹੀਂ ਉਤਰੇਗਾ। ਰਾਮ ਇਕੱਲੇ ਬਿਲਕੁਲ ਅਧੂਰੇ ਹਨ। ਰਾਮ ਦੀ ਮੂਰਤੀ ਨੂੰ ਇਕੱਲਿਆਂ ਖੜ੍ਹੀ ਕਰਕੇ ਵੇਖਣਾ, ਬਹੁਤ ਅਧੂਰੇ ਲੱਗਣਗੇ। ਰਾਮ ਨੂੰ ਸੀਤਾ ਦੇ ਨਾਲ ਖੜ੍ਹੇ ਕਰਕੇ ਵੇਖਣਾ, ਤਦ ਹੀ ਉਹ ਪੂਰੇ ਲੱਗਣਗੇ।

ਕਿਉਂ, ਕਿਉਂਕਿ ਇਸਤ੍ਰੈਣ ਸ਼ਕਤੀ ਇੱਕ ਦੂਜਾ ਪੱਥ ਹੈ ਸ਼ਕਤੀ ਦਾ, ਜਿਹੜਾ ਸੰਤੁਲਨ (Balance) ਦਿੰਦਾ ਹੈ। ਆਦਮੀ ਦੀ ਸ਼ਕਤੀ ਇਕੱਲੀ ਹੋਵੇ ਤਾਂ ਹਿਟਲਰ ਪੈਦਾ ਹੋਏਗਾ। ਜਿਸ ਤੋਂ ਮਹਾਂਨਾਸ਼ ਹੋਵੇਗਾ। ਕਿਉਂਕਿ ਉਸ ਨੂੰ ਸੰਤੁਲਨ ਕਰਨ ਲਈ ਵਿਪਰੀਤ ਸ਼ਕਤੀ ਮੌਜੂਦ ਨਹੀਂ ਹੈ। ਸੀਤਾ ਮੌਜੂਦ ਨਹੀਂ ਹੈ। ਇਸਤ੍ਰੀ ਸਿਰਜਨਾਤਮਿਕ ਸ਼ਕਤੀ ਹੈ। ਉਹ ਮਾਂ ਹੈ, ਉਹ ਜਨਮਦਾਤੀ ਹੈ। ਉਹ ਜੀਵਨ ਦੇ ਮੂਲ ਸਰੋਤ ਨਾਲ ਜੁੜੀ ਹੈ ਅਤੇ ਸ਼ੀਤਲ ਹੈ। ਉਸਦੀ ਸ਼ਕਤੀ ਕਰੁਣਾ ਹੈ। ਉਸ ਦੀ ਸ਼ਕਤੀ ਮਮਤਾ ਹੈ। ਉਸਦੀ ਸ਼ਕਤੀ ਸੂਰਜ ਵਰਗੀ ਨਹੀਂ ਹੈ। ਉਸਦੀ ਸ਼ਕਤੀ ਚੰਨ ਵਰਗੀ ਹੈ, ਸ਼ੀਤਲ ਹੈ। ਸ਼ਕਤੀ ਹੈ, ਫ਼ਿਰ ਵੀ ਸ਼ੀਤਲ ਹੈ। ਹੋਰ ਜਿੱਥੇ ਸੂਰਜ ਅਤੇ ਚੰਨ ਦੋਵੇਂ ਮਿਲ ਜਾਂਦੇ ਹਨ, ਜਿੱਥੇ ਪ੍ਰਗਾੜਤਾ ਅਤੇ ਸੀਤਲਤਾ ਦੋਵੇਂ ਮਿਲਦੇ ਹਨ, ਜਿੱਥੇ ਪ੍ਰਚੰਡਤਾ ਅਤੇ ਵਿਨਮ੍ਰਤਾ

ਦੋਵੇਂ ਮਿਲ ਜਾਂਦੇ ਹਨ, ਉਥੇ ਰਾਮ ਅਤੇ ਸੀਤਾ ਹਨ। ਇਹ ਵੱਡੀ ਹਿੰਦੂ ਵਿਚਾਰਾਂ ਦੀ ਡੂੰਘੀ ਖੋਜ ਹੈ ਅਤੇ ਬਹੁਤਿਆਂ ਦੀ ਸਮਝ ਵਿੱਚ ਨਹੀਂ ਆਈ ਹੈ। ਇਸਾਈ, ਮੁਸਲਮਾਨ, ਜੈਨ, ਬੌਧ, ਸਾਰੇ ਇਸ ਹਿੰਦੂ ਵਿਚਾਰ ਦੀ ਡੂੰਘਾਈ ਨੂੰ ਸਮਝਣ ਵਿੱਚ ਅਸਮਰੱਥ ਰਹੇ ਹਨ। ਜੈਨ ਤਾਂ ਇਸ ਲਈ ਰਾਮ ਨੂੰ ਭਗਵਾਨ ਨਹੀਂ ਮੰਨ ਸਕਦੇ, ਕਿਉਂਕਿ ਸੀਤਾ ਖਲੋਤੀ ਹੈ। ਇਹ ਕਿਹੋ ਜਿਹੇ ਭਗਵਾਨ ਹਨ, ਜਿਨ੍ਹਾਂ ਦੇ ਕੋਲ ਇਸਤ੍ਰੀ ਖਲੋਤੀ ਹੈ। ਉਸਦਾ ਤਰਕ ਹੈ ਕਿ ਭਗਵਾਨ ਨੂੰ ਬਿਨਾਂ ਚਾਹ ਤੋਂ ਹੋਣਾ ਚਾਹੀਦਾ ਹੈ, ਵੈਰਾਗੀ ਹੋਣਾ ਚਾਹੀਦਾ ਹੈ ਤਾਂ ਮਹਾਂਵੀਰ ਤਾਂ ਭਗਵਾਨ ਹਨ, ਕਿਉਂਕਿ ਵੀਤਰਾਗ ਹਨ। ਕੋਈ ਇਸਤ੍ਰੀ ਨੇੜੇ-ਤੇੜੇ ਨਹੀਂ ਹੈ, ਦੂਰ-ਦੂਰ ਤੱਕ।

ਇਹ ਮਾਮਲਾ ਇਥੇ ਤੱਕ ਖਿਚਿਆ ਜੈਨੀਆਂ ਨੇ ਕਿ ਉਨ੍ਹਾਂ ਨੇ ਇਹ ਵੀ ਇਨਕਾਰ ਕਰ ਦਿੱਤਾ ਕਿ ਕਦੇ ਉਨ੍ਹਾਂ ਦੀ ਕੋਈ ਪਤਨੀ ਸੀ। ਉਨ੍ਹਾਂ ਨੇ ਇਹ ਵੀ ਇਨਕਾਰ ਕਰ ਦਿੱਤਾ ਕਿ ਉਨ੍ਹਾਂ ਦੇ ਬੱਚੇ ਪੈਦਾ ਹੋਏ ਸਨ, ਉਨ੍ਹਾਂ ਦਾ ਪੁੱਤਰ ਸੀ, ਪੁੱਤਰੀ ਸੀ। ਸਭ ਨਾਂਹ ਕਰ ਦਿੱਤੀ। ਉਨ੍ਹਾਂ ਨੇ ਇਤਿਹਾਸ ਹੀ ਬਦਲ ਦਿੱਤਾ। ਮਹਾਂਵੀਰ ਦੀ ਪਤਨੀ ਸੀ। ਉਨ੍ਹਾਂ ਦੇ ਘਰ ਇੱਕ ਕੁੜੀ ਵੀ ਹੋਈ। ਜਿਸ ਦਾ ਜੈਨ ਸ਼ਾਸਤ੍ਰਾਂ ਵਿੱਚ ਜ਼ਿਕਰ ਹੈ। ਉਸ ਕੁੜੀ ਦਾ ਵਿਆਹ ਵੀ ਹੋਇਆ। ਮਹਾਂਵੀਰ ਦਾ ਦਾਮਾਦ ਵੀ ਸੀ। ਲੇਕਿਨ ਸਭ ਪੂੰਛ ਸੁੱਟਿਆ। ਸਭ ਨੂੰ ਨਾਂਹ ਕਰ ਦਿੱਤੀ। ਕਿਉਂਕਿ ਇਹ ਗੱਲ ਹੀ ਉਨ੍ਹਾਂ ਦੀ ਸੋਚ ਤੋਂ ਬਾਹਰ ਹੋ ਗਈ ਕਿ ਮਹਾਂਵੀਰ ਕਿਵੇਂ ਇਸਤ੍ਰੀ ਦੇ ਨਾਲ, ਕਿਵੇਂ ਉਨ੍ਹਾਂ ਨੂੰ ਬੱਚਾ ਪੈਦਾ ਹੋਇਆ, ਮਹਾਂਵੀਰ ਅਤੇ ਸੰਭੋਗ ਕਰਦੇ ਹੋਏ? ਇਹ ਸੋਚਣਾ ਹੀ ਔਖਾ ਹੋਇਆ। ਕਹਾਣੀ ਨੂੰ ਹੀ ਬਦਲ ਛੱਡਿਆ, ਮਹਾਂਵੀਰ ਨੂੰ ਬਿਲਕੁਲ ਇਕੱਲਾ ਖੜ੍ਹਾ ਕਰ ਦਿੱਤਾ।

ਸੋ ਮਹਾਂਵੀਰ ਵਿੱਚ ਪ੍ਰਚੰਡਤਾ ਤਾਂ ਮਾਲੂਮ ਹੁੰਦੀ ਹੈ। ਲੇਕਿਨ ਇਕੱਠੇ ਸ਼ੀਤਲਤਾ ਨਹੀਂ ਹੋ ਸਕਦੀ। ਜੀਵਨ ਦਾ ਇੱਕ ਕਿਨਾਰਾ ਘੱਟ ਹੈ। ਇਸ ਲਈ ਜੈਨ ਵਿਚਾਰ ਬਹੁਤ ਦੂਰਗਾਮੀ ਨਹੀਂ ਹੋ ਸਕਿਆ ਅਤੇ ਜੈਨ ਵਿਚਾਰ ਦੇ ਮਾਧਿਅਮ ਨਾਲ ਕੋਈ ਸੰਸਕ੍ਰਿਤੀ ਖੜ੍ਹੀ ਨਹੀਂ ਹੋ ਸਕੀ। ਸਿਰਫ਼ ਇੱਕ **Ideology** ਰਹੀ। ਇੱਕ ਸਭਸ਼ਯਤਾ ਖੜ੍ਹੀ ਨਹੀਂ ਹੋਈ। ਜੇਕਰ ਜੈਨਾਂ ਨੂੰ ਕਹੋ ਕਿ ਇੱਕ ਪਿੰਡ ਵਸਾ ਕੇ ਦੱਸ ਦਿਓ ਸਿਰਫ ਜੈਨੀਆਂ ਦਾ, ਤਾਂ ਉਹ ਨਹੀਂ ਵਸਾ ਸਕਦੇ। ਕਿਉਂਕਿ ਕੌਣ ਚਮਾਰ ਦਾ ਕੰਮ ਕਰੇਗਾ? ਕੌਣ ਭੰਗੀ ਦਾ ਕੰਮ ਕਰੇਗਾ? ਕੌਣ ਸੜਕ ਸਾਫ਼ ਕਰੇਗਾ? ਕੌਣ ਨਾਈ ਦਾ ਕੰਮ ਕਰੇਗਾ? ਸੰਸਕ੍ਰਿਤੀ ਨਹੀਂ ਹੈ। ਇੱਕ ਪਿੰਡ ਨਹੀਂ ਵਸਾ ਸਕਦੇ ਆਪਣਾ। ਕਿਸ ਤਰ੍ਹਾਂ ਦੀ ਸੰਸਕ੍ਰਿਤੀ ਹੈ? ਦੂਜਿਆਂ 'ਤੇ ਨਿਰਭਰ ਰਹਿਣਾ ਪੈਂਦਾ ਹੈ। ਸਿਰਫ਼ **Ideology** ਹੈ। ਇੱਕ ਵਿਚਾਰ ਹੈ। ਪੰਗੂ ਹੈ।

ਅਤੇ ਉਸ ਪੰਗੂਤਾ ਦਾ ਡੂੰਘੇ ਤੋਂ ਡੂੰਘਾ ਕਾਰਣ ਇਹ ਹੈ ਕਿ ਇਸਤ੍ਰੀ ਅਸਵੀਕਾਰ

ਹੈ। ਉਸਦੇ ਨਾਲ ਪੰਗੂਤਾ ਪੈਦਾ ਹੋਈ ਹੈ। ਇਸਤ੍ਰੀ ਨੂੰ ਜੈਨ ਵਿਧਾਨ ਵਿੱਚ ਮੋਕਸ਼ ਜਾਣ ਦੀ ਸਹੂਲੀਅਤ ਨਹੀਂ ਹੈ। ਉਸ ਨੂੰ ਪਹਿਲਾਂ ਪੁਰਖ ਹੋਣਾ ਪਏਗਾ ਇੱਕ ਜਨਮ ਵਿੱਚ, ਤਦ ਉਹ ਸਵਰਗ ਜਾ ਸਕਦੀ ਹੈ। ਪਹਿਲਾਂ ਪੁਰਖ ਦਾ ਜਨਮ ਲੈਣਾ ਪਏਗਾ। ਇਸਤ੍ਰੀ ਨੂੰ ਸਮਾਨਤਾ ਨਹੀਂ ਹੈ ਜੈਨ ਵਿਚਾਰ ਵਿੱਚ, ਹੋ ਨਹੀਂ ਸਕਦੀ। ਪੁਰਖ ਹੀ ਪਾ ਸਕਦਾ ਹੈ।

ਅਤੇ ਤੁਸੀਂ ਹੈਰਾਨ ਹੋਵੋਗੇ, ਕਿ ਜੇਕਰ ਲੱਭਣ ਜਾਓਗੇ ਤਾਂ ਕਾਰਣ ਕੀ ਹੈ? ਕਿਉਂਕਿ ਕਾਰਣ ਇਹ ਹੈ ਕਿ ਪੁਰਖ ਤਾਂ ਬ੍ਰਹਮਚਰਯ ਨੂੰ ਪ੍ਰਾਪਤ ਹੋ ਜਾਂਦਾ ਹੈ, ਪਰ ਇਸਤ੍ਰੀ ਦਾ ਮਾਸਿਕ ਧਰਮ ਤਾਂ ਰੋਕਿਆ ਨਹੀਂ ਜਾ ਸਕਦਾ। ਉਹ ਬ੍ਰਹਮਚਾਰਣੀ ਵੀ ਹੋ ਜਾਏ, ਤਾਂ ਵੀ ਮਾਸਿਕ ਧਰਮ ਤਾਂ ਨਹੀਂ ਰੁਕ ਸਕਦਾ ਅਤੇ ਜਦ ਤੱਕ ਸੰਪੂਰਣ ਰੂਪ ਨਾਲ ਬ੍ਰਹਮਚਰਯ ਉਪਲਬਧ ਨਾ ਹੋ ਜਾਏ, ਤਦ ਤੱਕ ਕੋਈ ਕਿਵੇਂ ਮੁਕਤ ਹੋ ਸਕਦਾ ਹੈ?

ਲੇਕਿਨ ਹਿੰਦੂ ਵਿਚਾਰ ਦੀ ਬਹੁਤ ਗਹਿਣਤਾ ਹੈ। ਹਿੰਦੂ ਵਿਚਾਰ ਇਹ ਕਹਿ ਰਿਹਾ ਹੈ, ਸ਼ਕਤੀ ਦੇ ਦੋ ਰੂਪ ਹਨ। ਇੱਕ ਰੂਪ ਇਸਤ੍ਰੀ ਦੇ ਵੱਲ ਪ੍ਰਗਟ ਹੁੰਦਾ ਹੈ, ਇੱਕ ਰੂਪ ਪੁਰਖ ਦੇ ਵੱਲ। ਇਸਤ੍ਰੀ ਅਤੇ ਪੁਰਖ ਮਹੱਤਵਪੂਰਣ ਨਹੀਂ ਹਨ, ਸ਼ਕਤੀ ਦੇ ਦੋ ਰੂਪ ਹਨ, ਜਿਹੜੇ ਇੱਕ ਦੂਜੇ ਦਾ ਸੰਤੁਲਨ ਕਰਦੇ ਹਨ। ਪੁਰਖ ਵਿੱਚ ਪ੍ਰਚੰਡਤਾ ਹੈ, ਸੁਸ਼ੀਲਤਾ ਨਹੀਂ ਹੈ। ਇਸ ਲਈ ਸਾਰੇ ਸੁਸ਼ੀਲਤਾ ਦੇ ਗੁਣ ਇਸਤ੍ਰੈਣ ਹਨ। ਹੋਣੇ ਵੀ ਚਾਹੀਦੇ ਹਨ। ਇਸ ਲਈ ਜਦ ਕੋਈ ਵਿਅਕਤੀ ਠੀਕ ਪਰਮ ਸਥਿਤੀ ਨੂੰ ਉਪਲਬਧ ਹੁੰਦਾ ਹੈ, ਤਦ ਉਸ ਵਿੱਚ ਇਸਤ੍ਰੀ ਅਤੇ ਪੁਰਖ ਦੋਨਾਂ ਦਾ ਮਿਲਨ ਹੋ ਜਾਂਦਾ ਹੈ। ਉਹ ਪ੍ਰਚੰਡ ਹੁੰਦਾ ਹੈ, ਸ਼ੀਤਲ ਵੀ ਹੁੰਦਾ ਹੈ। ਉਥੇ ਸੂਰਜ ਅਤੇ ਚੰਨ ਦੋਵੇਂ ਮਿਲ ਜਾਂਦੇ ਹਨ। ਉਥੇ ਤਪਸ਼ ਵੀ ਹੁੰਦੀ ਹੈ ਅਤੇ ਬਹੁਤ ਡੂੰਘੀ ਸ਼ੀਤਲਤਾ ਵੀ ਹੁੰਦੀ ਹੈ ਅਤੇ ਜਦ ਇਹ ਦੋਵੇਂ ਰੂਪ ਇਕੱਠੇ ਹੋ ਜਾਂਦੇ ਹਨ, ਇੱਕ ਹੋ ਜਾਂਦੇ ਹਨ Integrated ਹੋ ਜਾਂਦੇ ਹਨ, ਪਰਮ ਪੁਰਖ ਦਾ ਜਨਮ ਹੁੰਦਾ ਹੈ। ਉਹ ਪਰਮ ਜੋ ਅਵਸਥਾ ਹੈ, ਇਸਤ੍ਰੀ ਪੁਰਖ ਦੇ ਪਾਰ ਹੈ। ਕਿਉਂਕਿ ਉਨ੍ਹਾ ਦੋਹਾਂ ਦੀ ਉਰਜਾ ਦਾ ਮਿਲਨ ਹੈ। ਉਥੇ 'ਇੱਕ ਪੈਦਾ' ਹੁੰਦਾ ਹੈ, ਪਰ ਜਦ ਦੋ ਵੱਡੇ ਡੂੰਘੇ ਮਿਲਨ ਵਿੱਚ ਡੁੱਬ ਜਾਂਦੇ ਹਨ, ਤਦ।

ਇਸ ਲਈ ਨਾਨਕ ਦਾ ਸੂਤਰ ਕਹਿੰਦਾ ਹੈ ਕਿ ਰਾਮ ਹੀ ਇਕੱਲੇ ਕਾਫ਼ੀ ਨਹੀਂ। ਰਾਮ ਭਰਪੂਰ ਸਮਾਇਆ ਹੋਇਆ ਹੈ ਉਸਦੇ ਵਿੱਚ। ਉਸਦੀ ਮਹਿਮਾ ਵਿੱਚ ਸੀਤਾ ਵੀ ਸਮਾਈ ਹੋਈ ਹੈ।

*ਤਿਨ ਮਹਿ ਰਾਮੁ ਰਹਿਆ ਭਰਪੂਰ॥*
*ਤਿਥੈ ਸੀਤੋ ਸੀਤਾ ਮਹਿਮਾ ਮਾਹਿ॥ ਤਾ ਕੇ ਰੂਪ ਨ ਕਥਨੇ ਜਾਹਿ॥*

ਅਤੇ ਫ਼ਿਰ ਉਸਦਾ ਰੂਪ ਕਹਿਣਾ ਅਸੰਭਵ ਹੈ, ਕਿਉਂਕਿ ਤੁਸੀਂ ਇਸਤ੍ਰੀ ਦੇ ਰੂਪ

ਦੀ ਚਰਚਾ ਕਰ ਸਕਦੇ ਹੋ, ਪੁਰਖ ਦੇ ਰੂਪ ਦੀ ਚਰਚਾ ਕਰ ਸਕਦੇ ਹੋ, ਪਰ ਜਿੱਥੇ ਰਾਮ ਅਤੇ ਸੀਤਾ ਦਾ ਮਿਲਨ ਹੋ ਗਿਆ, ਉਥੇ ਚਰਚਾ ਮੁਸ਼ਕਿਲ ਹੋ ਜਾਂਦੀ ਹੈ, ਕਿਉਂਕਿ ਵਿਪਰੀਤ ਗੁਣ ਮਿਲ ਗਏ। ਹੁਣ ਤੁਸੀਂ ਇਹ ਕਹੋ ਤਾਂ ਉਸ ਤੋਂ ਵਿਪਰੀਤ ਵੀ ਮੌਜੂਦ ਹੈ। ਤੁਸੀਂ ਉਹ ਕਹੋ, ਉਸਦਾ ਵੀ ਵਿਪਰੀਤ ਮੌਜੂਦ ਹੈ।

ਜਾਪਾਨ ਵਿੱਚ ਇੱਕ ਮੂਰਤੀ ਹੈ, ਜਿਸ ਦਾ ਅੱਧਾ ਚਿਹਰਾ ਬੁੱਧ ਦਾ ਹੈ ਅਤੇ ਉਸ ਚਿਹਰੇ ਕੋਲ ਜਿਹੜਾ ਹੱਥ ਹੈ ਉਸ ਵਿੱਚ ਇੱਕ ਜਗਦਾ ਹੋਇਆ ਦੀਵਾ ਹੈ। ਉਸ ਦੀਵੇ ਦੀ ਰੌਸ਼ਨੀ ਬੁੱਧ ਦੇ ਅੱਧੇ ਚਿਹਰੇ 'ਤੇ ਪੈਂਦੀ ਹੈ। ਉਹ ਬਹੁਤ ਸ਼ੀਤਲ ਚਿਹਰਾ ਹੈ ਇਸਤ੍ਰੈਣ। ਦੂਜੇ ਹੱਥ ਵਿੱਚ ਇੱਕ ਤਲਵਾਰ ਹੈ ਅਤੇ ਉਸ ਤਲਵਾਰ ਦੀ ਚਮਕ ਉਸ ਚਿਹਰੇ ਤੇ ਪੈਂਦੀ ਹੈ, ਚਿਹਰਾ ਉਹ ਹੀ ਹੈ, ਪਰ ਉਹ ਅਜਿਹਾ ਹੈ, ਜਿਵੇਂ ਉਹ ਅਰਜੁਨ ਦਾ ਚਿਹਰਾ ਹੋਵੇ ਇੱਕ ਯੋਧਾ ਦਾ।

ਅਤੇ ਉਸ ਨੂੰ ਜਾਪਾਨ ਵਿੱਚ ਸਮੁਰਾਈ ਪੂਜਦੇ ਹਨ। ਸਮੁਰਾਈ ਉਥੇ ਇੱਕ ਯੋਧਾਵਾਂ ਦਾ ਤਬਕਾ ਹੈ। ਉਥੋਂ ਦੇ ਛਤ੍ਰੀਆਂ ਦਾ ਵਰਗ ਹੈ। ਉਹ ਇਸ ਮੂਰਤੀ ਨੂੰ ਪੂਜਦੇ ਹਨ। ਅੱਧੀ ਬੁੱਧ ਦੀ ਅੱਧੀ ਅਰਜੁਨ ਦੀ। ਇਸਤ੍ਰੀ ਪੁਰਖ ਦੋਵੇਂ ਮਿਲ ਗਏ ਹਨ।

ਨੀਤਸੇ ਨੇ ਆਲੋਚਨਾ ਕੀਤੀ ਹੈ ਬੁੱਧ ਦੀ, ਕਿ ਬੁੱਧ ਇਸਤ੍ਰੈਣ ਹਨ। ਉਸਦੀ ਆਲੋਚਨਾ ਵਿੱਚ ਥੋੜ੍ਹੀ ਜਿਹੀ ਸਚਾਈ ਹੈ, ਕਿਉਂਕਿ ਬੁੱਧ ਵਿੱਚ ਸਾਰੀ ਇਸਤ੍ਰੀ ਦਾ ਪੂਰਣ ਰੂਪ ਪ੍ਰਗਟ ਹੋਇਆ ਹੈ। ਲੇਕਿਨ ਬੁੱਧ ਵਿੱਚ ਜਿਹੜੀ ਪੁਰਖ ਵਾਲੀ ਊਰਜਾ ਹੈ ਉਸਦੇ ਲੱਖਣ ਨਹੀਂ ਮਿਲਦੇ ਹਨ। ਬਿਲਕੁਲ ਸ਼ਾਂਤ ਹੋ ਗਏ ਹਨ। ਕਰੁਣਾ ਪੂਰਣ ਹਨ। ਚੈਨ ਹੋ ਗਏ ਹਨ। ਬਹੁਤ ਸ਼ੀਤਲ ਹਨ। ਲੇਕਿਨ ਸੂਰਜ ਗੁਆਚ ਗਿਆ ਹੈ। ਹਿੰਦੂ ਰਾਮ ਅਤੇ ਸੀਤਾ ਨੂੰ ਇਕੱਠਾ ਖੜ੍ਹਾ ਕਰਦੇ ਹਨ, ਕ੍ਰਿਸ਼ਨ ਅਤੇ ਰਾਧਾ ਨੂੰ ਇਕੱਠਾ ਖੜ੍ਹਾ ਕਰਦੇ ਹਨ। ਨਾ ਕੇਵਲ ਇਕੱਠਾ, ਬਲਕਿ ਜਦ ਵੀ ਉਹ ਨਾਉਂ ਲੈਂਦੇ ਹਨ, ਪਹਿਲਾਂ ਸੀਤਾ ਨੂੰ ਕਹਿੰਦੇ ਹਨ, 'ਸੀਤਾ ਰਾਮ'। 'ਰਾਧਾ ਕ੍ਰਿਸ਼ਨ' ਕਿਉਂਕਿ ਇਸਤ੍ਰੀ ਜਨਨੀ ਹੈ। ਉਹ ਪਹਿਲਾਂ ਹੈ। ਪੁਰਖ ਦੂਜੇ ਸਥਾਨ 'ਤੇ ਹੈ, ਪ੍ਰਚੰਡਤਾ ਦੂਜੇ ਸਥਾਨ 'ਤੇ ਹੈ। ਕਰੁਣਾ ਪ੍ਰਥਮ ਹੈ ਅਤੇ ਜਦ ਕਰੁਣਾ ਵਿੱਚ ਪ੍ਰਚੰਡਤਾ ਪ੍ਰਵੇਸ਼ ਕਰ ਜਾਂਦੀ ਹੈ ਤਾਂ ਉਸਦੀ ਸੁੰਦਰਤਾ ਅਪਰੰਪਾਰ ਹੈ ਅਤੇ ਜਦ ਮਮਤਾ ਵਿੱਚ ਲੁਕੀ ਹੋਈ ਊਰਜਾ ਹੁੰਦੀ ਹੈ ਤਦ ਕਿਵੇਂ ਉਸ ਦਾ ਵਰਨਣ ਕਰੀਏ? ਜਿਵੇਂ ਠੰਡੀ ਅੱਗ ਹੋਵੇ, ਉਸ ਦਾ ਕਿਵੇਂ ਵਰਨਣ ਕਰੀਏ? ਵਿਪਰੀਤ ਜਿੱਥੇ ਮਿਲ ਜਾਂਦੇ ਹਨ, ਉਥੇ ਵਰਨਣ ਅਸਮੱਰਥ ਹੋ ਜਾਂਦਾ ਹੈ।

ਇਸ ਲਈ ਨਾਨਕ ਕਹਿੰਦੇ ਹਨ *'ਤਾ ਕੇ ਰੂਪ ਨ ਕਥਨ ਜਾਹਿ'* ਉਸ ਦੇ ਰੂਪ ਦਾ ਵਰਨਣ ਨਹੀਂ ਹੋ ਸਕਦਾ। ਜਿਨ੍ਹਾਂ ਦੇ ਮਨ ਵਿੱਚ ਰਾਮ ਵਸਦੇ ਹਨ, ਨਾ ਉਹ ਮਰਦੇ

ਹਨ, ਨਾ ਠਗੇ ਜਾਂਦੇ ਹਨ। ਉਥੇ ਅਨੇਕ ਲੋਕਾਂ ਦੇ ਭਗਤ ਵਸਦੇ ਹਨ। ਸੱਚੇ ਨਾਉਂ ਨੂੰ ਮਨ ਵਿੱਚ ਵਸਾ ਕੇ ਉਹ ਆਨੰਦ ਮਨਾਉਂਦੇ ਹਨ।

*ਨਾ ਓਹਿ ਮਰਹਿ ਨ ਠਾਗੇ ਜਾਹਿ॥ ਜਿਨ ਕੈ ਰਾਮੁ ਵਸੈ ਮਨ ਮਾਹਿ॥*
*ਤਿਥੈ ਭਗਤ ਵਸਹਿ ਕੇ ਲੋਅ॥ ਕਰਹਿ ਅਨੰਦੁ ਸਚਾ ਮਨਿ ਸੋਇ॥*

'ਜਿਨ੍ਹਾਂ ਦੇ ਮਨ ਵਿੱਚ ਰਾਮ ਵਸ ਗਿਆ, ਜਿਨ੍ਹਾਂ ਦੇ ਮਨ 'ਚ ਪਰਮਾਤਮਾ ਆ ਗਿਆ ਅਤੇ ਜਿਨ੍ਹਾਂ ਦਾ ਹਿਰਦਾ ਪੂਰੀ ਤਰ੍ਹਾਂ ਉਸਦੇ ਨਾਲ ਭਰ ਗਿਆ, ਉਸਦੀ ਕੋਈ ਮੌਤ ਨਹੀਂ।

ਇਸ ਨੂੰ ਥੋੜ੍ਹਾ ਜਿਹਾ ਸਮਝ ਲਵੋ। ਤੁਹਾਡੀ ਮੌਤ ਹੈ। ਪਰਮਾਤਮਾ ਦੀ ਕੋਈ ਮੌਤ ਨਹੀਂ। ਲਹਿਰਾਂ ਬਣਦੀਆਂ ਹਨ, ਮਿਟਦੀਆਂ ਹਨ। ਸਾਗਰ ਸਦਾ ਹੈ। ਜਦ ਤੱਕ ਤੁਸੀਂ ਲਹਿਰ ਦੇ ਨਾਲ ਮੇਲ ਕੀਤਾ ਹੈ, ਤਦ ਤੱਕ ਮਰੋਗੇ। ਇਸ ਲਈ ਤਾਂ ਅਸੀਂ ਏਨੇ ਭੈਅ-ਭੀਤ ਹਾਂ ਮੌਤ ਤੋਂ। ਕਿਉਂਕਿ ਲਹਿਰ ਨਾਲ ਆਪਣੇ ਨੂੰ ਇੱਕ ਮੰਨ ਬੈਠੇ ਹਾਂ। ਮੌਤ ਸੁਨਿਸ਼ਚਿੱਤ ਹੈ। ਲਹਿਰ ਤਾਂ ਮਰੇਗੀ, ਤੁਹਾਡੀ ਇੱਕਸੁਰਤਾ ਮਰੇਗੀ। ਤੁਹਾਡੀ Identity ਮਰੇਗੀ। ਤੁਸੀਂ ਗ਼ਲਤ ਸੰਬੰਧ ਜੋੜ ਰਖਿਆ ਹੈ।

ਲੇਕਿਨ ਜੇਕਰ ਤੁਸੀਂ ਰਾਮ ਨਾਲ ਜੁੜ ਗਏ, ਤੁਸੀਂ ਪਰਮਾਤਮਾ ਨਾਲ ਜੁੜ ਗਏ, ਫ਼ਿਰ ਕਜਿਹੀ ਮੌਤ? ਇਸ ਲਈ ਗਿਆਨੀ ਮਰਨ ਤੋਂ ਪਹਿਲਾਂ ਮਰ ਜਾਂਦਾ ਹੈ। ਉਹ ਆਪਣਾ ਸੰਬੰਧ ਖ਼ੁਦ ਹੀ ਤੋੜ ਲੈਂਦਾ ਹੈ। ਉਹ ਇੱਕ ਸੁਰਤਾ ਨੂੰ ਵੱਖਰਾ ਕਰ ਲੈਂਦਾ ਹੈ। ਉਹ ਜਾਣ ਲੈਂਦਾ ਹੈ ਕਿ ਨਾ ਮੈਂ ਸ਼ਰੀਰ ਹਾਂ, ਨਾ ਮੈਂ ਮਨ ਹਾਂ। ਇਹ ਦੋਵੇਂ ਮਰਣਗੇ। ਨਾ ਮੈਂ ਹੰਕਾਰ ਹਾਂ। ਉਹ ਵੀ ਮਰੇਗਾ। ਉਹ ਮਰਣ-ਧਰਮਾ ਹੈ। ਉਹ ਤਾਂ ਨਿੱਕਾ ਜਿਹਾ ਲਹਿਰਾਂ ਵਿੱਚ ਉੱਠਿਆ ਹੋਇਆ ਰੂਪ ਹੈ ਅਤੇ ਲਹਿਰ ਕਿੰਨੀ ਹੀ ਸੋਹਣੀ ਮਾਲੂਮ ਹੋਵੇ ਅਤੇ ਕਿੰਨੀ ਹੀ ਉੱਚੀ ਉੱਠ ਜਾਏ, ਇੱਕ ਪਲ ਵਿੱਚ ਆਕਾਸ਼ ਨੂੰ ਛੂਹਣ ਦਾ ਦਮ ਭਰੇ, ਦੂਜੇ ਹੀ ਪਲ ਟੁੱਟਣਾ ਸ਼ੁਰੂ ਹੋ ਜਾਂਦਾ ਹੈ। ਜਵਾਨੀ ਵਿੱਚ ਸਾਰੀਆਂ ਲਹਿਰਾਂ ਆਕਾਸ਼ ਨੂੰ ਛੂਹਣ ਦਾ ਦਮ ਭਰਦੀਆਂ ਹਨ। ਬੁਢਾਪੇ ਵਿੱਚ ਉਨ੍ਹਾਂ ਤੋਂ ਪੁੱਛੋ। ਮੈਂ ਸੁਣਿਆ ਹੈ ਕਿ ਇੱਕ ਲੂਮੜੀ ਸਵੇਰੇ- ਸਵੇਰੇ ਉੱਠੀ। ਸਵੇਰ ਦੇ ਨਾਸ਼ਤੇ ਦੀ ਭਾਲ ਵਿੱਚ ਨਿਕਲੀ। ਪਿੱਛੋਂ ਸੂਰਜ ਚੜ੍ਹ ਰਿਹਾ ਸੀ। ਵਡੀ ਲੰਮੀ ਛਾਂ ਪਈ। ਉਸ ਲੂਮੜੀ ਨੇ ਆਪਣੀ ਛਾਂ ਵੇਖੀ ਅਤੇ ਉਸ ਨੇ ਕਿਹਾ ਕਿ ਅੱਜ ਤਾਂ ਨਾਸ਼ਤੇ ਵਿੱਚ ਘੱਟੋ ਘੱਟ ਇੱਕ ਊਂਠ ਦੀ ਜ਼ਰੂਰਤ ਪਏਗੀ। ਏਨੀ ਲੰਮੀ ਛਾਂ। ਤਾਂ ਜਿੰਨੀ ਵੱਡੀ ਛਾਂ ਓਨਾ ਵੱਡਾ 'ਮੈਂ'। ਅਤੇ ਲੂਬਮੜੀ ਦੇ ਕੋਲ ਹੋਰ ਕੋਈ ਉਪਾਅ ਵੀ ਤਾਂ ਨਹੀਂ ਹੈ ਆਪਣੇ ਨੂੰ ਜਾਨਣ ਦਾ। ਛਾਂ ਹੀ ਦਰਪਣ ਹੈ। ਏਨਾ ਵੱਡਾ ਮੇਰਾ ਸ਼ਰੀਰ, ਇੱਕ ਊਂਠ ਚਾਹੀਦਾ ਹੈ ਨਾਸ਼ਤੇ ਵਿੱਚ।

ਲੱਭਦੀ ਰਹੀ। ਦੁਪਹਿਰ ਹੋ ਗਈ, ਸੂਰਜ ਸਿਰ ਉਤੇ ਆ ਗਿਆ। ਛਾਂ ਸੁੰਗੜ ਕੇ ਨਿੱਕੀ ਹੋ ਗਈ। ਬਿਲਕੁਲ ਨਾਂਹ ਦੇ ਬਰਾਬਰ ਹੋ ਗਈ। ਦੁਪਹਿਰ ਤੱਕ ਊਂਠ ਨਹੀਂ ਲੱਭ ਸਕੀ। ਲੱਭਦੀ ਵੀ ਕਿਵੇਂ? ਲੂਮੜੀ ਊਂਠ ਨੂੰ ਪਾਉਂਦੀ ਵੀ ਕਿਵੇਂ? ਜੇਕਰ ਪਾ ਵੀ ਲੈਂਦੀ ਤਾਂ ਕਿਵੇਂ ਨਾਸ਼ਤਾ ਕਰਦੀ? ਭੁੱਖ ਵੱਧ ਗਈ, ਹੇਠਾਂ ਝੁਕ ਕੇ ਵੇਖਿਆ, ਛਾਂ ਬਹੁਤ ਛੋਟੀ ਹੋ ਗਈ ਹੈ। ਉਸ ਨੇ ਕਿਹਾ, ਹੁਣ ਤਾਂ ਇੱਕ ਕੀੜੀ ਵੀ ਮਿਲ ਜਾਵੇ ਤਾਂ ਵੀ ਕੰਮ ਚੱਲ ਜਾਏਗਾ।

ਜਵਾਨੀ ਵਿੱਚ ਲਹਿਰ ਬਹੁਤ ਉਪਰ ਹੁੰਦੀ ਹੈ। ਇਸ ਲਈ ਤਾਂ ਜਵਾਨੀ ਮੂੜ੍ਹ ਹੈ। ਇਸ ਲਈ ਪੂਰਬ ਨੇ ਜਵਾਨੀ ਉਤੇ ਕਦੇ ਭਰੋਸਾ ਨਹੀਂ ਕੀਤਾ। ਪੱਛਮ ਨੇ ਭਰੋਸਾ ਕੀਤਾ ਹੈ ਤਾਂ ਮੁਸੀਬਤ ਹੈ। ਮੁਸੀਬਤ ਰੋਜ਼ ਵੱਧਦੀ ਜਾਂਦੀ ਹੈ। ਪੂਰਬ ਨੇ ਜਵਾਨੀ ਉਤੇ ਕਦੇ ਭਰੋਸਾ ਨਹੀਂ ਕੀਤਾ। ਜਵਾਨੀ ਨੂੰ ਕਦੇ ਮਹੱਤਵਪੂਰਣ ਥਾਂ ਨਹੀਂ ਦਿੱਤੀ। ਕੀ ਮੂੜ੍ਹਤਾ ਨੂੰ ਥਾਂ ਦੇਣਾ? ਉਹ ਤਾਂ ਲਹਿਰ ਦੀ ਉਚਾਈ ਹੈ। ਛਾਂ ਵੱਡੀ ਪੈਂਦੀ ਹੈ ਉਸ ਵੇਲੇ। ਉਸ ਛਾਂ ਦੇ ਵੱਡੇ ਹੋਣ ਵਿੱਚ ਵੱਡੇ-ਵੱਡੇ ਸੁਫ਼ਨੇ ਉੱਠਦੇ ਹਨ। ਹਰ ਆਦਮੀ ਕੀ ਨਹੀਂ ਹੋਣਾ ਚਾਹੁੰਦਾ। ਪੂਰਬ ਨੇ ਬੁਢਾਪੇ ਨੂੰ ਆਦਰ ਦਿੱਤਾ ਹੈ, ਜਦ ਛਾਂ ਬਿਲਕੁਲ ਸੁੰਗੜ ਜਾਂਦੀ ਹੈ ਅਤੇ ਜੇਕਰ ਬੁਢਾਪੇ ਵਿੱਚ ਵੀ ਤੁਸੀਂ ਨਾ ਜਾਗੇ ਹੰਕਾਰ ਤੋਂ, ਤਾਂ ਫ਼ਿਰ ਤੁਸੀਂ ਕਦੋਂ ਜਾਗੋਗੇ? ਜਵਾਨੀ ਵਿੱਚ ਜਾਗ ਜਾਓ ਤਾਂ ਤੁਸੀਂ ਮਹਿਮਾਸ਼ਾਲੀ ਹੋ। ਬੁਢਾਪੇ ਵਿੱਚ ਤੁਸੀਂ ਨਾ ਜਾਗੋ, ਤਾਂ ਮਹਾਮੂੜ੍ਹ ਹੋ। ਜਵਾਨੀ ਵਿੱਚ ਮਾਫ਼ ਹੈ ਨਾ ਜਾਗ ਸਕੋ, ਬੁਢਾਪੇ ਵਿੱਚ ਮਾਫ਼ੀ ਵੀ ਨਹੀਂ ਦਿੱਤੀ ਜਾ ਸਕਦੀ।

ਜਿਵੇਂ ਹੀ ਕੋਈ ਜਾਗ ਕੇ ਜੀਵਨ ਨੂੰ ਵੇਖਣਾ ਸ਼ੁਰੂ ਕਰਦਾ ਹੈ, ਉਵੇਂ ਹੀ ਪਾਉਂਦਾ ਹੈ ਕਿ ਮੈਂ ਗ਼ਲਤ ਨਾਲ ਸੰਬੰਧ ਜੋੜ ਗੰਢਿਆ ਹੈ, ਸ਼ਰੀਰ ਨਾਲ। ਜੇਕਰ ਤੁਸੀਂ ਸ਼ਰੀਰ ਨੂੰ ਵੇਖੋ ਤਾਂ ਹਰ ਸੱਤਾਂ ਸਾਲਾਂ ਵਿੱਚ ਬਦਲ ਜਾਂਦਾ ਹੈ ਪੂਰੇ ਦਾ ਪੂਰਾ। ਤੁਸੀਂ ਤਾਂ ਫ਼ਿਰ ਵੀ ਕਹਿੰਦੇ ਹੋ। ਇੱਕ ਦਿਨ ਮਾਂ ਦੇ ਢਿੱਡ ਵਿੱਚ ਏਨੇ ਨਿੱਕੇ ਸੀ ਕਿ ਵੱਡੀ ਖ਼ੁਰਦਬੀਨ ਨਾਲ ਵੇਖਦੇ ਤਾਂ ਹੀ ਵੇਖ ਸਕਦੇ, ਉਹ ਵੀ ਤੁਹਾਡੀ ਦੇਹ ਸੀ। ਫ਼ਿਰ ਇੱਕ ਦਿਨ ਜਦੋਂ ਤੁਸੀਂ ਮਰ ਜਾਓਗੇ, ਸੁਆਹ ਦੀ ਨਿੱਕੀ ਜਿਹੀ ਪੋਟਲੀ ਲੈ ਕੇ ਤੁਹਾਡੇ ਪਰਿਵਾਰ ਦੇ ਲੋਕ ਗੰਗਾ ਜਾਣਗੇ ਫੁੱਲ ਚੜ੍ਹਾਉਣ। ਉਹ ਵੀ ਤੁਹਾਡੀ ਹੀ ਦੇਹ ਹੋਵੇਗੀ। ਫ਼ਿਰ ਵਿਚਾਲੇ ਕਿੰਨੇ ਉਤਾਰ ਚੜ੍ਹਾਅ ਵੇਖੇ। ਇਸ ਦੇਹ ਦੇ ਨਾਲ ਤੁਸੀਂ ਆਪਣੇ ਨੂੰ ਇੱਕ ਕਰ ਲਵੋਗੇ, ਤਾਂ ਮੌਤ ਕੋਲੋਂ ਡਰੋਗੇ, ਕੰਬੋਗੇ, ਭੈਅ-ਭੀਤ ਰਹੋਗੇ। ਇਸ ਲਈ ਗਿਆਨੀ ਮਰਨ ਤੋਂ ਪਹਿਲਾਂ ਮਰ ਜਾਂਦਾ ਹੈ। ਉਹ ਖ਼ੁਦ ਹੀ ਆਪਣੇ ਹੱਥੋਂ ਮਰ ਜਾਂਦਾ ਹੈ।

ਨਾਨਕ ਦੇ ਜੀਵਨ ਵਿੱਚ ਅਜਿਹਾ ਉਲੇਖ ਹੈ ਕਿ ਇੱਕ ਰਾਤ ਉਹ ਘਰੋਂ ਉੱਠੇ ਅਤੇ

ਸ਼ਮਸ਼ਾਨ ਪੁੱਜ ਗਏ। ਲੱਭਦੇ ਹੋਏ ਘਰ ਦੇ ਲੋਕ ਪੁੱਜੇ, ਉਨ੍ਹਾਂ ਨੇ ਕਿਹਾ, ਇਹ ਕੋਈ ਥਾਂ ਹੈ? ਜੇਕਰ ਧਿਆਨ ਹੀ ਕਰਨਾ ਹੈ ਤਾਂ ਘਰ 'ਚ, ਮੰਦਰ ਵਿੱਚ ਜਾਂਦੇ। ਸ਼ਮਸ਼ਾਨ ਆਏ! ਨਾਨਕ ਨੇ ਕਿਹਾ, ਮੈਂ ਸੋਚਿਆ, ਜਿੱਥੇ ਅਖ਼ੀਰ ਵਿੱਚ ਜਾਣਾ ਹੈ, ਉਥੇ ਕਿਸੇ ਦੇ ਮੋਢਿਆਂ 'ਤੇ ਚੜ੍ਹ ਕੇ ਕੀ ਜਾਣਾ। ਆਪਣੇ ਆਪ ਹੀ ਟੁਰ ਆਇਆ ਅਤੇ ਜਿੱਥੇ ਅੰਤ ਵਿੱਚ ਪੁੱਜਣਾ ਹੈ ਉਸ ਨੂੰ ਪਹਿਲਾਂ ਹੀ ਠੀਕ ਤਰ੍ਹਾਂ ਵੇਖ ਲੈਣਾ ਚਾਹੀਦਾ। ਇਥੇ ਹੀ ਧਿਆਨ ਕਰਾਂਗਾ। ਕਿਉਂਕਿ ਮੌਤ ਹੀ ਧਿਆਨ ਹੈ। ਹੋਰ ਕੀ ਧਿਆਨ ਹੈ? ਜੇਕਰ ਜਿਵੇਂ ਤਹਾਡਾ ਧਿਆਨ ਗਹਿਰਾਈ ਵਿੱਚ ਜਾਂਦਾ ਹੈ, ਤਿਵੇਂ-ਤਿਵੇਂ ਮੌਤ ਦੀ ਉਪਰੀ ਪਰਤ ਹਟ ਜਾਂਦੀ ਹੈ। ਅੰਦਰ ਤੁਸੀਂ ਅਮ੍ਰਿਤ ਨੂੰ ਲੁਕਿਆ ਹੋਇਆ ਪਾਉਂਦੇ ਹੋ। ਲਹਿਰ ਗੁਆਚ ਜਾਂਦੀ ਹੈ, ਸਾਗਰ ਮਿਲਦਾ ਹੈ।

ਬੁੱਧ ਆਪਣੇ ਭਿਕਸ਼ੂਆਂ ਨੂੰ ਮਰਘਟ ਭੇਜਦੇ ਹਨ ਕਿ ਉਥੇ ਚਲੇ ਜਾਓ, ਜੇਕਰ ਬੁੱਧਤੱਵ ਪਾਉਣਾ ਹੈ। ਸੜਦੇ ਹੋਏ ਮੁਰਦਿਆਂ ਨੂੰ ਵੇਖਣਾ। ਹੱਡੀਆਂ ਨੂੰ ਸੁਆਹ ਹੁੰਦੇ ਵੇਖਣਾ, ਚਮੜੀ ਤੋਂ ਧੂਆਂ ਉੱਠਦਾ ਹੋਇਆ, ਲਪਟਾਂ ਉਠਦੀਆਂ ਵੇਖਣਾ। ਵੇਖਣਾ ਆਪਣੇ ਹੀ ਸਗੇ ਸੰਬੰਧੀ.ਆ ਕੇ ਸਿਰ ਭੰਨ ਜਾਂਦੇ ਹਨ। ਵੇਖਣਾ ਜਿਨ੍ਹਾਂ 'ਤੇ ਏਨਾ ਭਰੋਸਾ ਕੀਤਾ ਸੀ, ਮਰਦੇ ਹੀ ਇੱਕ ਪਲ ਦੇਰ ਨਹੀਂ ਕਰਦੇ। ਛੇਤੀ ਦੇਣੀ ਅਰਥੀ ਚੁੱਕਦੇ ਹਨ ਤੇ ਭੱਜਦੇ ਹਨ। ਕਿਉਂਕਿ ਕੌਣ ਘਰ 'ਚ ਰਖੇਗਾ ਮੁਰਦੇ ਨੂੰ? ਜਿਨ੍ਹਾਂ ਨੇ ਕਿਹਾ ਸੀ, ਸਦਾ-ਸਦਾ ਨਾਲ ਰਹਾਂਗੇ, ਉਹ ਵੀ ਚੌਂਹਾਂ ਦਿਨਾਂ ਪਿਛੋਂ ਉਕਤਾ ਜਾਂਦੇ ਹਨ, ਰੋਣ ਤੋਂ ਅੱਕ ਜਾਂਦੇ ਹਨ। ਉਹ ਫ਼ੇਰ ਆਪਣੇ ਕੰਮ ਵਿੱਚ ਰੁੱਝ ਜਾਂਦੇ ਹਨ ਅਤੇ ਜਦ ਸਾਰੇ ਛੱਡ ਕੇ ਚਲੇ ਜਾਣ ਉਸ ਮੁਰਦੇ ਨੂੰ ਤਾਂ ਤੁਸੀਂ ਸ਼ਾਂਤ ਬਹਿ ਕੇ ਉਸ ਮੁਰਦੇ ਨੂੰ ਸੜਦੇ ਹੋਏ ਵੇਖਣਾ। ਇਹੋ ਤੁਹਾਡੀ ਵੀ ਹਾਲਤ ਹੋਵੇਗੀ। ਅੱਜ ਨਹੀਂ ਕੱਲ੍ਹ, ਸਮੇਂ ਦਾ ਫ਼ਾਸਲਾ ਹੈ। ਬੁੱਧ ਪਹਿਲਾਂ ਆਪਣੇ ਭਿਕਸ਼ੂਆਂ ਨੂੰ ਸ਼ਮਸ਼ਾਨ ਭੇਜ ਦਿੰਦੇ ਕਿ ਪਹਿਲਾਂ ਤੁਸੀਂ ਮਰਘਟ ਤੋਂ ਲੰਘ ਜਾਓ। ਉਹ ਇਸ ਲਈ ਭੇਜਦੇ ਕਿ ਤੁਸੀਂ ਮਰ ਕੇ ਜਾਓ ਤਾਂ ਕੰਮ ਇੱਕ ਦਮ ਆਸਾਨ ਹੋ ਜਾਏਗਾ।

ਇੱਕ ਤਿੰਨ ਮਹੀਨੇ ਭਿਕਸ਼ੂ ਦਿਨ ਅਤੇ ਰਾਤ ਮੌਤ ਵੇਖਦਾ, ਮੌਤ, ਹੋਰ ਮੌਤ, ਹੋਰ ਮੌਤ। ਮੌਤ ਸੰਘਣੀ ਹੋ ਜਾਂਦੀ ਚਾਰੇ ਪਾਸੇ, ਸਾਰੇ ਪਾਸਿਆਂ ਤੋਂ ਮੌਤ ਵਿਖਾਈ ਪੈਣ ਲੱਗਦੀ। ਹਰ ਚੀਜ਼ ਸੜਦੀ ਹੋਈ ਮਾਲੂਮ ਹੁੰਦੀ। ਫ਼ਿਰ ਵੀ ਉਹ ਪਾਉਂਦਾ ਕਿ ਅੰਦਰ ਕੋਈ ਸਜਗਤਾ ਹੈ, ਜਿਸ ਨੂੰ ਸਾੜਣ ਦਾ ਕੋਈ ਉਪਾਅ ਨਹੀਂ। ਜਿਹੜੀ ਸੜ ਨਹੀਂ ਸਕਦੀ। ਅੱਗ ਚੈਤਨਯ ਨੂੰ ਛੂ ਵੀ ਤਾਂ ਨਹੀਂ ਸਕਦੀ। ਚੇਤਨਾ ਅਤੇ ਅਗਨੀ ਦਾ ਕੋਈ ਲੈਣਾ-ਦੇਣਾ ਵੀ ਤਾਂ ਨਹੀਂ ਹੋ ਸਕਦਾ। ਕਿਤੇ ਰਾਹ ਵੀ ਤਾਂ ਇੱਕ ਦੂਜੇ ਦਾ ਨਹੀਂ ਕੱਟਦਾ। ਉਹ ਜ਼ਿਆਦਾ ਸਚੇਤਨ ਹੋ ਕੇ ਮੁੜਦਾ ਹੈ। ਉਹ ਆਪਣੀ ਪੁਰਾਣੀ ਪਛਾਣ

ਨੂੰ ਤੋੜ ਦਿੰਦਾ ਹੈ। ਤਦ ਬੁੱਧ ਕਹਿੰਦੇ ਹੁਣ ਆਸਾਨ ਹੈ।

ਇਬਰਾਹੀਮ ਇੱਕ ਸੂਫੀ ਫ਼ਕੀਰ ਹੋਇਆ। ਉਹ ਪਹਿਲਾਂ ਸਮਰਾਟ ਸੀ। ਫ਼ਿਰ ਜਦ ਫ਼ਕੀਰ ਹੋ ਗਿਆ ਤਾਂ ਪਿੰਡ ਤੋਂ ਬਾਹਰ ਹੀ ਰਹਿੰਦਾ ਸੀ ਆਪਣੀ ਰਾਜਧਾਨੀ ਤੋਂ। ਅਕਸਰ ਯਾਤਰੀ ਆਉਂਦੇ-ਜਾਂਦੇ ਪੁੱਛਦੇ ਉਸ ਤੋਂ, ਕਿ ਬਸਤੀ ਦਾ ਰਾਹ ਕਿੱਧਰ ਹੈ? ਤਾਂ ਉਹ ਕਹਿੰਦੇ, ਖੱਬੇ ਪਾਸੇ ਚਲੇ ਜਾਓ, ਭੁੱਲ ਕੇ ਸੱਜੇ ਪਾਸੇ ਨਾ ਜਾਣਾ। ਕਈ ਲੋਕ ਖੱਬੇ ਪਾਸੇ ਜਾ ਕੇ ਭਟਕ ਜਾਂਦੇ। ਸੱਜੇ ਬਸਤੀ ਹੈ ਤੇ ਖੱਬੇ ਸ਼ਮਸ਼ਾਨ ਹੈ। ਲੋਕ ਜਾਂਦੇ ਖੱਬੇ ਉਸਦੀ ਮੰਨ ਕੇ। ਦੋ ਚਾਰ ਮੀਲ ਟੁਰਦੇ ਤਾਂ ਵੇਖਕੇ ਸ਼ਮਸ਼ਾਨ ਪੁੱਜ ਗਏ। ਬਹੁਤ ਨਾਰਾਜ਼ ਹੋ ਕੇ ਮੁੜਦੇ ਕਿ ਤੇਰਾ ਦਿਮਾਗ ਤਾਂ ਠੀਕ ਹੈ? ਫੇਰ ਜਦੋਂ ਸੱਜੇ ਜਾਂਦੇ ਤਾਂ ਬਸਤੀ ਮਿਲਦੀ।

ਤਾਂ ਇਬਰਾਹੀਮ ਕਹਿੰਦਾ, 'ਮੈਂ ਵੀ ਉਸ ਬਸਤੀ ਵਿੱਚ ਸੀ। ਲੇਕਿਨ ਇਹ ਮੈਨੂੰ ਸਮਝ ਵਿੱਚ ਆ ਗਿਆ ਕਿ ਇਹ ਸ਼ਮਸ਼ਾਨ ਹੈ। ਏਥੇ ਸਾਰੇ ਹੀ ਮਰਨ ਦੀ ਉਡੀਕ ਕਰ ਰਹੇ ਹਨ। ਜਿੱਥੇ ਲੋਕ ਮਰਨ ਦੀ ਉਡੀਕ ਕਰ ਰਹੇ ਹੋਣ, ਜਿਹੜੀ ਮੌਤ ਦੀ ਉਡੀਕ ਕਰਨ ਵਾਲੀ ਥਾਂ ਹੋਵੇ, ਉਸ ਨੂੰ ਬਸਤੀ ਕੀ ਕਹਿਣਾ। ਜਿੱਥੇ ਸਭ ਉਜੱੜਣਗੇ, ਅੱਜ ਨਹੀਂ ਕੱਲ੍ਹ ਉਸ ਨੂੰ ਬਸਤੀ ਕੀ ਕਹਿਣਾ ਅਤੇ ਜਿੱਥੇ ਮਰਘਟ ਹੈ, ਜਿਸ ਨੂੰ ਲੋਕ ਸ਼ਮਸ਼ਾਨ ਕਹਿੰਦੇ ਹਨ, ਉਥੇ ਬਸਿਆ ਹੋਇਆ ਫ਼ੇਰ ਕਦੇ ਵੀ ਨਹੀਂ ਉਜੜਦਾ। ਉਥੇ ਜਿਹੜਾ ਬੱਸ ਗਿਆ, ਬੱਸ ਗਿਆ। ਉਸ ਨੂੰ ਮੈਂ ਬਸਤੀ ਕਹਿੰਦਾ ਹਾਂ।'

ਸਾਡੀਆਂ ਬਸਤੀਆਂ ਸ਼ਮਸ਼ਾਨ ਹਨ, ਸਾਡੇ ਮਰਘਟ ਆਖ਼ਰੀ ਬਸਤੀਆਂ ਹਨ। ਗਿਆਨੀ ਮਰਨ ਤੋਂ ਪਹਿਲਾਂ ਮਰ ਜਾਂਦਾ ਹੈ ਅਤੇ ਅਗਿਆਨੀ ਮਰਦੇ-ਮਰਦੇ ਤੱਕ ਆਖ਼ਰੀ ਕੋਸ਼ਿਸ਼ ਕਰਦਾ ਹੈ। ਬਚਿਆ ਰਹਾਂ, ਬਚਿਆਂ ਰਹਾਂ, ਬਚਿਆ ਰਹਾਂ। ਗਿਆਨੀ ਇੱਕ ਵਾਰੀ ਮਰਦਾ ਹੈ। ਅਗਿਆਨੀ ਲੱਖਾਂ ਵਾਰ ਮਰਦਾ ਹੈ, ਕਿਉਂਕਿ ਜਿੰਨਾਂ ਤੁਸੀਂ ਬਚਾਉਂਦੇ ਹੋ, ਫ਼ੇਰ ਮਰਨਾ ਪੈਂਦਾ ਹੈ। ਫੇਰ-ਫੇਰ ਮਰਨਾ ਪੈਂਦਾ ਹੈ। ਜਦ ਤੱਕ ਤੁਸੀਂ ਇਹ ਪਾਠ ਸਿੱਖ ਹੀ ਨਾ ਲਵੋ, ਤਦ ਤੱਕ ਤੁਹਾਨੂੰ ਬਾਰ-ਬਾਰ ਮਰਨਾ ਪਏਗਾ।

ਮੌਤ ਇੱਕ ਪੜ੍ਹਾਈ ਹੈ। ਜਿਵੇਂ ਕੋਈ ਬੱਚਾ ਸਕੂਲ ਜਾਵੇ ਅਤੇ ਇੱਕ ਹੀ ਕਲਾਸ ਵਿੱਚ ਫੇਲ੍ਹ ਹੁੰਦਾ ਰਹੇ, ਤਾਂ ਬਾਰ-ਬਾਰ ਉਸੇ ਕਲਾਸ ਵਿੱਚ ਭੇਜ ਦਿੱਤਾ ਜਾਂਦਾ ਹੈ। ਉਸੇ ਤਰ੍ਹਾਂ ਮੌਤ ਇੱਕ ਮਹਾਂ ਸਿੱਖਿਆ ਹੈ। ਉਸ ਦੇ ਰਾਹੀਂ ਜਦ ਤੱਕ ਤੁਸੀਂ ਅੰਮ੍ਰਿਤ ਨੂੰ ਨਹੀਂ ਪਛਾਣ ਲਵੋਗੇ, ਤਦ ਤੱਕ ਬਾਰ-ਬਾਰ ਪਰਤਦੇ ਰਹੋਗੇ।

ਇੱਕ ਸੰਗੀਤਕਾਰ ਗੀਤ ਗਾ ਰਿਹਾ ਸੀ। ਹਾਲ, ਬਾਰ-ਬਾਰ ਕਹਿੰਦਾ, ਫੇਰ ਤੋਂ Once more ਸਾਡੀ ਭੀੜ ਜ਼ੋਰ ਨਾਲ ਕਹਿੰਦੀ, ਫੇਰ ਤੋਂ। ਉਹ ਫ਼ੇਰ ਗਾਉਂਦਾ। ਇਸ ਤਰ੍ਹਾਂ ਹੁੰਦੇ- ਹੁੰਦੇ ਅੱਠਵੀਂ ਵਾਰ ਆ ਗਈ। ਉਸ ਦਾ ਗਲਾ ਤੱਕ ਰੁੱਕਣ ਲੱਗ ਪਿਆ,

ਥੱਕ ਗਿਆ। ਉਸਨੇ ਕਿਹਾ ਭਰਾਵੋ! ਬਹੁਤ-ਬਹੁਤ ਧੰਨਵਾਦ, ਕਿ ਤੁਸੀਂ ਏਨੀ ਵਾਰੀ ਮੇਰੇ ਗੀਤ ਦੀ ਮੰਗ ਕੀਤੀ। ਪਰ ਹੁਣ ਮੈਂ ਥੱਕ ਗਿਆ ਹਾਂ। ਆਖਰੀ ਬਾਰ ਗਾ ਦਿੰਦਾ ਹਾਂ। ਫ਼ੇਰ ਨਾ ਕਹਿਣਾ, ਫ਼ੇਰ ਹੋਰ ਦੁਬਾਰਾ ਨਾ ਕਹਿਣਾ Once more ਇੱਕ ਆਦਮੀ ਨੇ ਖਲ੍ਹੋ ਕੇ ਕਿਹਾ, ਕੌਣ ਤੁਹਾਡੇ ਗੀਤ ਲਈ ਕਹਿ ਰਿਹਾ ਹੈ Once more ? ਜਦ ਤੱਕ ਤੁਸੀਂ ਚੰਗੀ ਤਰ੍ਹਾਂ ਨਹੀਂ ਗਾਓਗੇ, ਤਦ ਤੱਕ ਅਸੀਂ ਕਹਿੰਦੇ ਹੀ ਰਹਾਂਗੇ। ਤੁਸੀਂ ਬਿਲਕੁਲ ਗ਼ਲਤ ਗਾ ਰਹੇ ਹੋ ਅਤੇ ਜਦ ਤੱਕ ਤੁਸੀਂ ਰਾਹ 'ਤੇ ਨਹੀਂ ਆਓਗੇ। ਤਦ ਤੱਕ ਅਸੀਂ ਬਾਰ-ਬਾਰ ਮੰਗ ਕਰਦੇ ਰਹਾਂਗੇ।

ਆਵਾਗਮਨ ਪਰਮਾਤਮਾ ਦੀ ਬਾਰ-ਬਾਰ ਤੁਹਾਡੇ ਕੋਲੋਂ ਮੰਗ ਹੈ ਕਿ ਠੀਕ ਗਾਓ। ਉਹ ਸਿੱਖਿਆ ਦਾ ਹਿੱਸਾ ਹੈ। ਉਸ ਵਿਚੋਂ ਲੰਘਣਾ ਜ਼ਰੂਰੀ ਹੈ। ਜਿਹੜਾ ਸਮਝ ਜਾਂਦਾ ਹੈ, ਉਹ ਮੌਤ ਦੇ ਨਾਲੋਂ ਆਪਣੀ ਇੱਕਸੁਰਤਾ ਤੋੜ ਲੈਂਦਾ ਹੈ।

ਨਾਨਕ ਕਹਿੰਦੇ ਹਨ, 'ਜਿੰਨ੍ਹਾਂ ਦੇ ਮਨ' ਵਿੱਚ ਰਾਮ ਵਸ ਗਿਆ, ਨਾ ਉਹ ਮਰਦੇ ਹਨ, ਨਾ ਠਗੇ ਜਾਂਦੇ ਹਨ। ਮਰਦੇ ਨਹੀਂ, ਠਗੇ ਵੀ ਨਹੀਂ ਜਾਂਦੇ ਹਨ। ਅਤੇ ਤੁਸੀਂ ਕਿੰਨੀ ਹੀ ਹੁਸ਼ਿਆਰੀ ਕਰੋ, ਤੁਸੀਂ ਕਿੰਨੀ ਹੀ ਕੁਸ਼ਲਤਾ ਵਰਤੋ, ਤੁਸੀਂ ਠਗੇ ਹੀ ਜਾਓਗੇ। ਕਿਉਂਕਿ ਕੋਈ ਦੂਜਾ ਥੋੜ੍ਹੀ ਤੁਹਾਨੂੰ ਠਗ ਰਿਹਾ ਹੈ।

ਤੁਸੀਂ ਖ਼ੁਦ ਹੀ ਠਗ ਰਹੇ ਹੋ। ਕੋਈ ਦੂਜਾ ਥੋੜ੍ਹੀ ਤੁਹਾਨੂੰ ਲੁਟ ਰਿਹਾ ਹੈ। ਕੋਈ ਦੂਜਾ ਤੁਹਾਨੂੰ ਲੁੱਟ ਹੀ ਨਹੀਂ ਸਕਦਾ। ਤੁਸੀਂ ਗ਼ਲਤ ਨਾਲ ਆਪਣੇ ਆਪ ਨੂੰ ਜੋੜਿਆ ਹੈ, ਇਸ ਲਈ ਦੂਜਾ ਲੁੱਟ ਸਕਦਾ ਹੈ ਅਤੇ ਤੁਹਾਡੀ ਦ੍ਰਿਸ਼ਟੀ ਅਜਿਹੀ ਭਰਮ ਨਾਲ ਭਰੀ ਹੈ ਕਿ ਉਸ ਭਰਮ ਦੇ ਕਾਰਣ ਚਾਰੇ ਪਾਸੇ ਤੁਹਾਨੂੰ ਦੁਸ਼ਮਣ ਵਿਖਾਈ ਦਿੰਦੇ ਹਨ। ਹਰ ਇੱਕ ਤੁਹਾਨੂੰ ਲੁੱਟਣ ਨੂੰ ਤਿਆਰ ਹੈ। ਰਾਮਕ੍ਰਿਸ਼ਨ ਕਹਿੰਦੇ ਹਨ ਕਿ ਇੱਕ ਇੱਲ ਇੱਕ ਮਾਸ ਦੇ ਟੁਕੜੇ ਨੂੰ ਲੈ ਕੇ ਉੜੀ। ਬਹੁਤ ਸਾਰੀਆਂ ਇੱਲਾਂ ਨੇ ਉਸਦਾ ਪਿੱਛਾ ਕੀਤਾ। ਇੱਲਾਂ ਉਸ ਨੂੰ ਚੁੰਝਾਂ ਮਾਰਨ ਲੱਗੀਆਂ। ਉਸ ਦੇ ਉਤੇ ਝੱਪਟੇ ਮਾਰਨ ਲੱਗੀਆਂ। ਉਹ ਵੀ ਆਪਣੇ ਮਾਸ ਦੇ ਟੁਕੜੇ ਨੂੰ ਬਚਾਉਣ ਲਈ ਬਹੁਤ ਕੋਸ਼ਿਸ਼ ਕਰਨ ਲੱਗੀ। ਪਰ ਇੱਲਾਂ ਦੀ ਬਹੁਤ ਭੀੜ ਸੀ। ਉਸ ਦੇ ਖੰਭ ਲਹੂ ਲੁਹਾਣ ਹੋ ਗਏ ਅਤੇ ਸਾਰੀਆਂ ਉਸ ਦੇ ਮਾਸ ਨੂੰ ਖੋਹ ਲੈਣ ਦੀ ਕੋਸ਼ਿਸ਼ ਵਿੱਚ ਸਨ। ਆਖਰਕਾਰ ਉਸ ਨੇ ਮਾਸ ਦਾ ਟੁਕੜਾ ਛੱਡ ਦਿੱਤਾ। ਮਾਸ ਦਾ ਟੁਕੜਾ ਛੱਡਦੇ ਹੀ ਸਾਰੀਆਂ ਇੱਲਾਂ ਉਸ ਨੂੰ ਛੱਡ ਕੇ ਚਲੀਆਂ ਗਈਆਂ। ਉਹ ਆਪਣੇ ਦੱਰਖ਼ਤ ਉਤੇ ਬਹਿ ਕੇ ਆਰਾਮ ਕਰਨ ਲੱਗੀ। ਰਾਮਕ੍ਰਿਸ਼ਨ ਕਹਿੰਦੇ ਸੀ, ਜਿਸ ਦਿਨ ਮੈਂ ਉਸ ਨੂੰ ਵੇਖਿਆ, ਮੈਂ ਵੀ ਮਾਸ ਦਾ ਟੁਕੜਾ ਛੱਡ ਦਿੱਤਾ। ਫ਼ਿਰ ਮੇਰਾ ਕੋਈ ਦੁਸ਼ਮਣ ਨਹੀਂ ਰਿਹਾ, ਦੁਸ਼ਮਣ ਮੇਰਾ ਕੋਈ ਨਹੀਂ ਸੀ। ਉਹ ਮਾਸ ਦਾ ਟੁਕੜਾ ਹੀ ਉਪੱਦਰ ਸੀ।

ਤੁਸੀਂ ਜਦ ਤੱਕ ਧਨ ਨੂੰ ਫੜਿਆ ਹੋਇਆ ਹੈ, ਤਦ ਤੱਕ ਕੋਈ ਦੁਸ਼ਮਣ ਹੋਏਗਾ। ਜਦ ਤੱਕ ਤੁਸੀਂ ਪਦ ਨੂੰ ਫੜਿਆ ਹੋਇਆ ਹੈ, ਤਦ ਤੱਕ ਕੋਈ ਦੁਸ਼ਮਣ ਹੋਏਗਾ। ਅਸਲ ਵਿੱਚ ਦੁਸ਼ਮਣ ਨਹੀਂ ਹੈ, ਤੁਹਾਡੀ ਪਕੜ ਵਿੱਚ ਕਿਤੇ ਭੁੱਲ ਹੈ ਅਤੇ ਜਦ ਤੱਕ ਤੁਸੀਂ ਕੁਝ ਫੜਿਆ ਹੋਇਆ ਹੈ, ਤੁਹਾਨੂੰ ਹਰ ਇੱਕ ਮਿੱਤਰ ਵੀ ਦੁਸ਼ਮਣ ਵਰਗਾ ਵਿਖਾਈ ਦੇਵੇਗਾ।

ਮੁੱਲਾ ਨਸਰੁਦੀਨ ਦੀ ਪਤਨੀ ਬਹੁਤ ਨਾਰਾਜ਼ ਸੀ ਅਤੇ ਅਰੜ-ਬਰੜ ਬੱਕ ਰਹੀ ਸੀ। ਮੁੱਲਾ ਸਿੱਧਾ-ਸਾਦਾ, ਆਪਣੀ ਪੈਂਟ ਦੇ ਦੋਵੇਂ ਖੀਸਿਆਂ ਵਿੱਚ ਹੱਥ ਪਾਈ ਖਲ੍ਹੋਤਾ ਸੀ। ਜਿਵੇਂ ਕਿ ਅਕਸਰ ਪਤੀ ਖਲ੍ਹੋਤੇ ਰਹਿੰਦੇ ਹਨ। ਪਤਨੀ ਨੇ ਆਖ਼ਰਕਾਰ ਕਾਫ਼ੀ ਗਾਲ੍ਹੀ-ਗਲੌਚ ਕਰਨ ਤੋਂ ਪਿਛੋਂ ਕਿਹਾ, ਕਿ ਬੰਦ ਕਰੋ ਇਹ। ਕਿਉਂ ਆਪਣੀ ਜੇਬਾਂ ਵਿੱਚ ਮੇਰੇ ਵੱਲ ਮੁੱਠੀਆਂ ਕੱਸ ਕੇ ਖਲੋਤੇ ਹੋ? ਜੇਬਾਂ ਵਿੱਚ ਮੁੱਠੀਆਂ, ਤਾਣੀ? ਉਹ ਵਿਚਾਰਾ ਸਿਰਫ਼ ਆਪਣੇ ਬਚਾਓ ਦੇ ਲਈ ਚੁੱਪ ਚਾਪ ਖਲੋਤਾ ਹੈ।

ਲੇਕਿਨ ਜੇਕਰ ਤੁਸੀਂ ਨਾਰਾਜ਼ ਹੋ ਤਾਂ ਸਾਰੀਆਂ ਮੁੱਠੀਆਂ ਤਣੀਆਂ ਹੋਈਆਂ ਮਾਲੂਮ ਹੁੰਦੀਆਂ ਹਨ। ਜੇਬਾਂ ਵਿੱਚ ਪਏ ਹੱਥ ਵੀ ਮੁੱਠੀਆਂ ਵਰਗੇ ਵਿਖਾਈ ਪੈਂਦੇ ਹਨ। ਤੁਹਾਡੀ ਦ੍ਰਿਸ਼ਟੀ ਹੀ ਤੁਹਾਡੀ ਸ੍ਰਿਸ਼ਟੀ ਬਣਦੀ ਹੈ। ਤੁਸੀਂ ਜਿਹੋ ਜਿਹਾ ਵੇਖਦੇ ਹੋ ਅਤੇ ਮਾਸ ਦਾ ਟੁਕੜਾ ਤੁਸੀਂ ਫੜਿਆ ਹੈ ਤਾਂ ਠਗੇ ਜਾਓਗੇ। ਮਾਸ ਦਾ ਟੁਕੜਾ ਯਾਨੀ ਦੇਹ। ਜਦ ਤੱਕ ਤੁਸੀਂ ਸ਼ਰੀਰ ਨੂੰ ਫੜਿਆ ਹੋਇਆ ਹੈ, ਤਦ ਤੱਕ ਠੱਗੇ ਜਾਓਗੇ। ਤਦ ਤੱਕ ਬਚਣ ਦਾ ਕੋਈ ਉਪਾਅ ਨਹੀਂ। ਕਿੰਨੀ ਹੀ ਕੁਸ਼ਲਤਾ ਕਰੋ।

ਕਬੀਰ ਕਹਿੰਦੇ ਹਨ, 'ਕਾਹੇ ਕੀ ਕੁਸ਼ਲਾਤ?' 'ਕਰ ਦੀਪਕ ਕੂੰਭੇ ਪੜੇ।' ਤੁਹਾਡੀ ਕੁਸ਼ਲਤਾ ਦਾ ਕੋਈ ਵੀ ਮੁੱਲ ਨਹੀਂ। ਦੋ ਕੌਡੀਆਂ ਦੀ ਵੀ ਤੁਹਾਡੀ ਕੁਸ਼ਲਤਾ ਨਹੀਂ ਹੈ। ਕਿਉਂਕਿ ਤੁਸੀਂ ਕਹਿੰਦੇ ਹੋ ਹੱਥ ਵਿੱਚ ਦੀਵਾ ਹੈ, ਫ਼ਿਰ ਵੀ ਤੁਸੀਂ ਖੂਹ ਵਿੱਚ ਡਿੱਗਦੇ ਹੋ। 'ਕਰ ਦੀਪਕ ਕੂੰਭੇ ਪੜੇ' ਕਜਿਹੀ ਤੁਹਾਡੀ ਕੁਸ਼ਲਤਾ ਹੈ ਕਿ ਚੇਤਨਾ ਦਾ ਦੀਪਕ ਹੈ, ਡਿਗਦੇ ਖੂਹ ਵਿੱਚ ਹੋ? ਨਹੀਂ, ਠਗੇ ਹੀ ਜਾਓਗੇ। ਕਿਉਂਕਿ ਤੁਸੀਂ ਠਗੇ ਜਾਣ ਦੀ ਹੀ ਤਿਆਰੀ ਕਰ ਰਹੇ ਹੋ? ਤੁਸੀਂ ਗ਼ਲਤ ਨਾਲ ਸੰਬੰਧ ਜੋੜਦੇ ਹੋ। ਜਿਸ ਨੇ ਗ਼ਲਤ ਨਾਲ ਸੰਬੰਧ ਜੋੜਿਆ ਉਸ ਨੇ ਆਪਣਾ ਹੀ ਰਾਹ ਬਣਾ ਦਿੱਤਾ ਕਿ ਠਗਿਆ ਜਾਏ। ਮਾਸ ਦੇ ਟੁਕੜੇ ਨੂੰ ਫੜਦੇ ਹੋ, ਫੇਰ ਇੱਲਾਂ ਝਪਟਣਗੀਆਂ।

ਜਿਸ ਦੇ ਮਨ ਵਿੱਚ ਰਾਮ ਵਸੇ ਹਨ, ਨਾ ਉਹ ਮਰਦਾ ਹੈ ਨਾ ਉਹ ਠਗਿਆ ਜਾਂਦਾ ਹੈ। ਉਹ ਜਿਹੜਾ ਲੋਕ ਹੈ, ਕਿਰਪਾ ਦਾ ਲੋਕ, ਕਿਰਪਾ ਦਾ ਖੰਡ, ਉਥੇ ਅਨੇਕ ਲੋਕਾਂ ਦੇ ਭਗਤ ਵਸਦੇ ਹਨ (ਏਥੇ ਲੋਕ ਤੋਂ ਭਾਵ ਹੈ, ਜਿਵੇਂ ਸਵਰਗ ਲੋਕ, ਨਰਕ ਲੋਕ ਆਦਿ) ਸੱਚੇ ਨਾਮ ਨੂੰ ਮਨ ਵਿੱਚ ਵਸਾਏ ਹੋਏ ਉਹ ਆਨੰਦ ਮਾਣਦੇ ਹਨ।

*ਸਚ ਖੰਡਿ ਵਸੈ ਨਿਰੰਕਾਰੁ॥ ਕਰਿ ਕਰਿ ਵੇਖੈ ਨਦਰਿ ਨਿਹਾਲ॥*
*ਤਿਥੈ ਖੰਡ ਮੰਡਲ ਵਰਭੰਡ॥ ਜੇ ਕੋ ਕਥੈ ਤ ਅੰਤ ਨ ਅੰਤ॥*
*ਤਿਥੈ ਲੋਅ ਲੋਅ ਆਕਾਰ॥ ਜਿਵ ਜਿਵ ਹੁਕਮੁ ਤਿਵੈ ਤਿਵ ਕਾਰ॥*
*ਵੇਖੈ ਵਿਗਸੈ ਕਰਿ ਵੀਚਾਰੁ॥ ਨਾਨਕ ਕਥਨਾ ਕਰੜਾ ਸਾਰੁ॥ ੩੭॥*

ਇਹ ਚਾਰ ਖੰਡ ਯਾਤਰਾ ਦੇ ਰਾਹ ਦੇ। ਧਰਮ-ਪ੍ਰਕ੍ਰਿਤੀ। ਗਿਆਨ, ਹੋਸ਼, ਜਾਗਰਣ ਉਸ ਪ੍ਰਕ੍ਰਿਤੀ ਦਾ। ਜੋ ਹੈ ਉਸਦੇ ਲਈ ਜਾਗਣਾ। ਲੱਜਾ, ਆਪਣੀ ਹਾਲਤ ਨੂੰ ਸਮਝ ਕੇ ਨਿਮਰਤਾਵਾਨ ਹੋ ਜਾਣਾ, ਲਾਚਾਰ, ਸ਼ੂਨਯ ਅਤੇ ਕਿਰਪਾ, ਉਸਦੀ ਮਿਹਰ ਨੂੰ ਆਪਣੇ ਅੰਦਰ ਉਤਰਨ ਦੇਣਾ। ਰੁਕਾਵਟ ਖੜ੍ਹੀ ਨਹੀਂ ਕਰਨਾ।

ਇਹ ਚਾਰ ਯਾਤਰਾ ਦੇ ਖੰਡ, ਪੰਜਵੀਂ ਮੰਜਿਲ ਹੈ। ਉਹ ਹੈ ਸਤਯ। ਸਤਯ ਖੰਡ ਵਿੱਚ ਨਿਰਾਕਾਰ ਪਰਮਾਤਮਾ ਦਾ ਨਿਵਾਸ ਹੈ। ਉਹ ਮੰਜਿਲ ਹੈ। ਉਹ ਸ਼੍ਰਿਸਟੀ ਦੀ ਰਚਨਾ ਕਰਕੇ ਉਸ ਨੂੰ ਆਪਣੀ ਦ੍ਰਿਸ਼ਟੀ ਨਾਲ ਨਿਹਾਲ ਕਰਦਾ ਹੈ।

ਉਸ ਨੂੰ ਮਾਰਗ ਦੇ ਖੰਡਾਂ ਵਿੱਚ ਵੰਡਣ ਦੀ ਕੋਈ ਜ਼ਰੂਰਤ ਨਹੀਂ ਹੈ। ਏਥੇ ਮਾਰਗ ਸਮਾਪਤ ਹੋ ਜਾਂਦਾ ਹੈ। ਜਦ ਉਸਦੀ ਮਿਹਰ ਤੁਹਾਡੇ ਵਿੱਚ ਪੂਰੀ ਭਰ ਜਾਂਦੀ ਹੈ, ਤੁਸੀਂ ਪੂਰੇ ਧੁਲ ਜਾਂਦੇ ਹੋ, ਤੁਹਾਡੇ ਕੋਲ ਆਪਣੀ ਕੁਝ ਵੀ ਸਥਿਤੀ ਨਹੀਂ ਬਚਦੀ। ਤੁਸੀਂ ਰੁਜ਼ ਹੀ ਜਾਂਦੇ ਹੋ ਪੂਰੇ। ਤੁਸੀਂ ਲੱਭਦੇ ਹੋ ਅਤੇ ਪਾਉਂਦੇ ਨਹੀਂ ਕਿ ਮੈਂ ਕਿੱਥੇ ਹਾਂ। ਤੁਹਾਨੂੰ ਕੁਝ ਪਤਾ ਨਹੀਂ ਚਲਦਾ ਕਿ ਮੈਂ ਕਿਥੇ ਖੋ ਗਿਆ। ਤੁਹਾਨੂੰ ਆਪਣਾ ਹੋਲਾ ਹੀ ਪਤਾ ਨਹੀਂ ਚਲਦਾ? ਬੋਧ ਪੂਰਾ ਹੁੰਦਾ ਹੈ ਤੇ ਆਪਣਾ ਕੋਈ ਪਤਾ ਨਹੀਂ ਲੱਗਦਾ। ਲੱਭਦੇ ਹੋ, ਲੱਭਦੇ ਹੋ ਅਤੇ ਪਾਉਂਦੇ ਹੋ ਕਿ ਉਹ ਹੀ ਹੈ, ਮੈਂ ਨਹੀਂ ਹਾਂ। ਅਜਿਹੀ ਪ੍ਰਤੀਤੀ ਜਿੱਥੇ ਸਮੱਗਰ ਹੋ ਜਾਂਦੀ ਹੈ। ਜਿੱਥੇ ਤੁਸੀਂ ਨਿਮਿਤ ਮਾਤ੍ਰ ਵੀ ਨਹੀਂ ਰਹਿ ਜਾਂਦੇ।

ਅਨੁਕੰਪਾ ਦੇ ਖੰਡ ਵਿੱਚ ਤੁਸੀਂ ਨਿਮਿਤ ਮਾਤ੍ਰ ਰਹੋਗੇ। ਬੰਸਰੀ, ਗੀਤ ਉਸਦੇ। ਹੁਣ ਬੰਸਰੀ ਵੀ ਨਹੀਂ ਰਹਿ ਜਾਂਦੀ ਹੈ। ਹੁਣ ਤੁਸੀਂ ਬਿਲਕੁਲ ਨਹੀਂ ਹੋ ਉਹ ਹੀ ਹੈ। ਹੁਣ ਇਹ ਕਹਿਣ ਵਾਲਾ ਵੀ ਨਹੀਂ ਬਚਦਾ ਕਿ 'ਤੂੰ ਹੀ ਹੈਂ। ਕਿਉਂਕਿ ਜਦ ਤੱਕ ਤੁਸੀਂ ਕਹਿੰਦੇ ਹੋ, 'ਤੂੰ ਹੀ ਹੈਂ ਤਦ ਤੱਕ ਤੁਸੀਂ ਥੋੜ੍ਹੇ ਬਹੁਤ ਬਚੇ ਹੋ। ਨਹੀਂ ਤਾਂ ਕੌਣ ਕਹੇਗਾ?'

ਇਹ ਸਤਯ-ਖੰਡ ਹੈ। ਏਥੇ ਨਿਰਾਕਾਰ ਪਰਮਾਤਮਾ ਦਾ ਨਿਵਾਸ ਹੈ। ਉਹ ਸ਼੍ਰਿਸਟੀ ਦੀ ਰਚਨਾ ਕਰਕੇ ਉਸ ਨੂੰ ਆਪਣੀ ਦ੍ਰਿਸ਼ਟੀ ਨਾਲ ਨਿਹਾਲ ਕਰਦਾ ਹੈ। ਉਸ ਦੇ ਵਿੱਚ ਖੰਡ ਮੰਡਲ ਅਤੇ ਬ੍ਰਹਮੰਡ ਹੈ, ਜਿਨ੍ਹਾਂ ਦੇ ਵਰਨਣ ਦਾ ਅੰਤ ਨਹੀਂ ਹੈ। ਉਥੇ ਲੋਕਾਂ ਤੋਂ ਬਾਅਦ ਲੋਕ ਹਨ। ਸ਼੍ਰਿਸ਼ਟੀ ਤੋਂ ਪਿੱਛੋਂ ਸ਼੍ਰਿਸ਼ਟੀਆਂ ਹਨ। ਉਸ ਦਾ ਜੋ ਹੁਕਮ ਹੈ ਉਸਦੇ

ਅਨੁਸਾਰ ਸਾਰਾ ਕੰਮ ਚਲਦਾ ਹੈ। ਉਸਦਾ ਵਿਚਾਰ ਕਰਕੇ ਉਹ ਵੇਖਦਾ ਹੈ ਤੇ ਖੁਸ਼ ਹੁੰਦਾ ਹੈ। ਨਾਨਕ ਕਹਿੰਦੇ ਹਨ, ਉਸ ਦਾ ਵਰਨਣ ਕਰਨਾ, ਲੋਹੇ ਦੇ ਚਨੇ ਚਬਾਉਣ ਵਰਗਾ ਹੈ।

ਇੱਕ ਬਹੁਤ ਹੀ ਮਹੱਤਵਪੂਰਣ ਗੱਲ ਉਸ ਨੂੰ ਗੰਢ ਬੰਨ੍ਹ ਕੇ ਰੱਖ ਲੈਣਾ। ਨਾਨਕ ਉਸ ਦੇ ਉਤੇ ਬਾਰ-ਬਾਰ ਜ਼ੋਰ ਦਿੰਦੇ ਹਨ ਅਤੇ ਉਹ ਇਹ ਹੈ ਕਿ ਪਰਮਾਤਮਾ ਸ੍ਰਿਸ਼ਟੀ ਨੂੰ ਬਣਾ ਕੇ ਵੱਖਰਾ ਨਹੀਂ ਹੋ ਗਿਆ ਹੈ। ਪਰਮਾਤਮਾ ਸ੍ਰਿਸ਼ਟੀ ਨੂੰ ਬਣਾ ਕੇ ਬੇ-ਮੁੱਖ ਨਹੀਂ ਹੋ ਗਿਆ ਹੈ। ਪਰਮਾਤਮਾ ਸ੍ਰਿਸ਼ਟੀ ਨੂੰ ਬਣਾ ਕੇ ਆਰਾਮ ਕਰਨ ਨਹੀਂ ਗਿਆ ਹੈ। ਪਰਮਾਤਮਾ ਸ੍ਰਿਸ਼ਟੀ ਨੂੰ ਬਣਾ ਕੇ ਭੁੱਲ ਨਹੀਂ ਗਿਆ ਹੈ। ਪਰਮਾਤਮਾ ਸ੍ਰਿਸ਼ਟੀ ਨੂੰ ਹਰ ਪਲ ਬਣਾ ਰਿਹਾ ਹੈ। ਬਨਾਉਣ ਦੀ ਘਟਨਾ ਕਦੇ ਘਟੀ, ਤੇ ਬੰਦ ਨਹੀਂ ਹੋ ਗਈ ਹੈ। ਸਿਰਜਨ ਸ਼ਾਸਵਤ ਚੱਲ ਰਿਹਾ ਹੈ। ਅਸਲ ਵਿੱਚ ਸਿਰਜਨ ਪਰਮਾਤਮਾ ਦੇ ਹੋਣ ਦਾ ਢੰਗ ਹੈ। ਉਹ ਹਰ ਪਲ ਬਣਾ ਰਿਹਾ ਹੈ। ਉਹ ਬਣਾਉਂਦਾ ਹੀ ਚਲਾ ਜਾਂਦਾ ਹੈ ਅਤੇ ਉਹ ਦੂਰ ਨਹੀਂ ਹੋ ਗਿਆ ਹੈ। ਉਹ ਜੋ ਬਣਾਉਂਦਾ ਹੈ ਉਸ ਵਿੱਚ ਉਸਦਾ ਰਸ ਹੈ।

ਹੁਣ ਇਹ ਬਹੁਤ ਮਹੱਤਵਪੂਰਣ ਗੱਲ ਹੈ। ਸਾਧਕ ਨੂੰ ਅਸੀਂ ਕਹਿੰਦੇ ਹਾਂ ਕਿ ਤੁਸੀਂ ਅਨਾਸਕਤ (ਬਿਨਾਂ ਇੱਛਾ ਤੋਂ) ਹੋ ਜਾਓ ਤਾਂ ਪਰਮਾਤਮਾ ਮਿਲੇਗਾ। ਲੇਕਿਨ ਪਰਮਾਤਮਾ ਖ਼ੁਦ ਅਨਾਸਕਤ ਨਹੀਂ ਹੈ। ਅਨਾਸਕਤ ਹੋਵੇ ਤਾਂ ਸ੍ਰਿਸ਼ਟੀ ਦੀ ਤਰਤੀਬ ਟੁੱਟ ਜਾਏ। ਸਭ ਰੁਕ ਜਾਏ। ਕਿਉਂ ਕਰ ਜੀਵਨ ਟੁਰੇ? ਅਸੀਂ ਸਾਧਕ ਨੂੰ ਕਹਿੰਦੇ ਹਾਂ ਤੁਸੀਂ ਅਨਾਸਕਤ ਹੋ ਜਾਓ। ਕਿਉਂਕਿ ਜਦ ਤੱਕ ਤੁਸੀਂ ਆਸਤਕ (ਇਛਾਵਾਂ ਨਾਲ ਭਰੇ ਹੋਏ) ਹੋ, ਤੁਸੀਂ ਪਰਮਾਤਮਾ ਨੂੰ ਨਹੀਂ ਜਾਣ ਸਕੋਗੇ। ਜਿਵੇਂ ਹੀ ਤੁਸੀਂ ਪਰਮਾਤਮਾ ਦੇ ਨਾਲ ਇੱਕ ਹੋ ਜਾਂਦੇ ਹੋ, ਤਦ ਇੱਕ ਨਵੀਂ ਆਸਕਤੀ, ਇੱਕ ਨਵੇਂ ਰਸ ਦਾ ਉਜਾਗਰ ਹੁੰਦਾ ਹੈ। ਜਿੱਥੇ ਰਾਗ ਅਤੇ ਵੈਰਾਗ ਵਿੱਚ ਕੋਈ ਭੇਦ ਨਹੀਂ ਹੈ ਜਿੱਥੇ ਆਸਕਤ ਅਤੇ ਅਨਾਸਕਤ ਵਿੱਚ ਕੋਈ ਭੇਦ ਨਹੀਂ ਹੈ, ਜਿੱਥੇ ਸਾਰੇ ਭੇਦ ਡਿੱਗ ਜਾਂਦੇ ਹਨ।

ਪਰਮਾਤਮਾ ਬਣਾਉਂਦਾ ਹੈ। ਪਰਿਪੂਰਣ ਆਸਕਤ ਫ਼ਿਰ ਵੀ ਅਨਾਸਕਤ। ਇਸ ਨੂੰ ਤੁਸੀਂ ਕਿਵੇਂ ਸਮਝੋਗੇ? ਕਿਉਂਕਿ ਇਹ ਔਖਾ ਹੈ। ਇਸ ਲਈ ਨਾਨਕ ਕਹਿੰਦੇ ਹਨ, ਲੋਹੇ ਦੇ ਚਨੇ ਚਬਾਉਣ ਵਰਗਾ ਹੈ। ਪਰਮਾਤਮਾ ਬਣਾ ਰਿਹਾ ਹੈ, ਇਸ ਲਈ ਉਸ ਦਾ ਲਗਾਓ ਤਾਂ ਹੈ ਹੀ। ਲੇਕਿਨ ਉਸਦੇ ਲਗਾਓ ਵਿੱਚ ਉਹੋ ਜਿਹਾ ਅੰਨ੍ਹਾਪਨ ਨਹੀਂ ਹੈ, ਜਿਹੋ ਜਿਹਾ ਸਾਡੇ ਲਗਾਓ ਵਿੱਚ ਹੁੰਦਾ ਹੈ। ਉਸ ਲਗਾਓ ਵਿੱਚ 'ਪੋਜੈਸਿਵਨੈਸ' ਨਹੀਂ ਹੈ। ਉਸ ਲਗਾਓ ਵਿੱਚ ਮਾਲਕੀਅਤ ਦਾ ਦਾਵਾ ਨਹੀਂ ਹੈ। ਉਹ ਬਣਾਉਂਦਾ ਹੈ ਅਤੇ ਤੁਹਾਨੂੰ ਸੁਤੰਤਰ ਛੱਡਦਾ ਹੈ। ਇਸ ਲਈ ਤਾਂ ਤੁਸੀਂ ਭਟਕ ਸਕਦੇ ਹੋ। ਪਾਪ ਕਰ ਸਕਦੇ ਹੋ। ਬੁਰਾਈ ਵੱਲ ਜਾ ਸਕਦੇ ਹੋ। ਉਹ ਤੁਹਾਨੂੰ ਬੁਰਾਈ ਦੇ ਪਾਸਿਓਂ ਖਿੱਚ ਨਹੀਂ ਲੈਂਦੇ।

ਉਸ ਦਾ ਲਗਾਓ ਹੈ, ਲੇਕਿਨ ਉਹ ਤੁਹਾਡੀ ਸੁਤੰਤਰਤਾ ਵਿੱਚ ਰੁਕਾਵਟ ਨਹੀਂ ਪਾਉਂਦਾ। ਤੁਸੀਂ ਪਰਮਸੁਤੰਤਰ ਹੋ। ਅਜਿਹਾ ਵੀ ਨਹੀਂ ਹੈ ਕਿ ਉਹ ਤੁਹਾਡੇ ਵੱਲ ਬੇ-ਮੁੱਖ ਹੈ। ਇਹ ਹੀ ਜ਼ਰਾ ਔਖਿਆਈ ਹੈ।

ਸਮਝੋ, ਇੱਕ ਮਾਂ ਹੈ ਜਿਹੜੀ ਆਪਣੇ ਪੁੱਤਰ ਵਿੱਚ ਲਗਾਓ ਰੱਖਦੀ ਹੈ। ਲਗਾਓ ਰੱਖਦੀ ਹੈ ਤਾਂ ਸੁਤੰਤਰਤਾ ਨੂੰ ਮਾਰ ਸੁੱਟਦੀ ਹੈ, ਕਿਉਂਕਿ ਉਹ ਕਹਿੰਦੀ ਹੈ। ਉਥੇ ਨਾ ਜਾਓ। ਇਹ ਨਾ ਕਰੋ, ਇਸ ਤਰ੍ਹਾਂ ਉਠੋ, ਇਸ ਤਰ੍ਹਾਂ ਬੈਠੋ, ਕਿਉਂਕਿ ਉਸਦਾ ਲਗਾਓ ਹੈ। ਉਹ ਉਸ ਦੀ ਗਰਦਨ ਦਬਾਉਂਦੀ ਹੀ ਜਾਏਗੀ। ਪ੍ਰੇਮ ਵਿੱਚ ਉਹ ਉਸ ਨੂੰ ਮਿਟਾ ਸੁੱਟੇਗੀ। ਉਹ ਉਸ ਨੂੰ ਏਨੀ ਵੀ ਸੁਤੰਤਰਤਾ ਨਹੀਂ ਦੇਵੇਗੀ ਕਿ ਉਹ ਆਪਣੇ ਪੈਰਾਂ 'ਤੇ ਖੜ੍ਹਾ ਹੋ ਜਾਏ। ਉਹ ਉਸ ਨੂੰ ਏਨੀ ਵੀ ਦੂਰ ਨਹੀਂ ਜਾਣ ਦੇਵੇਗੀ, ਜਿੱਥੇ ਉਹ ਜੀਵਨ ਦਾ ਖ਼ੁਦ ਅਨੁਭਵ ਲੈ ਸਕੇ। ਉਹ ਉਸ ਬੱਚੇ ਨੂੰ ਅਪਾਹਜ ਕਰ ਦੇਵੇਗੀ। ਇਸ ਮਾਂ ਦੇ ਹੁੰਦਿਆਂ ਇਹ ਨੌਜਵਾਨ ਕਦੇ ਵੀ ਪ੍ਰੌੜ ਨਹੀਂ ਹੋ ਸਕੇਗਾ। ਜੇਕਰ ਇਹ ਮਾਂ ਚਲੀ ਵੀ ਜਾਏ ਦੁਨੀਆਂ ਤੋਂ ਤਾਂ ਵੀ ਉਸ ਨੌਜਵਾਨ ਦੀ ਪ੍ਰੌੜਤਾ ਵਿੱਚ ਬਹੁਤ ਕਠਿਨਾਈਆਂ ਹੋਣਗੀਆਂ। ਉਹ ਕਿਸੇ ਦੂਜੀ ਇਸਤ੍ਰੀ ਦੇ ਪਿਆਰ ਵਿੱਚ ਨਹੀਂ ਡਿੱਗ ਸਕੇਗਾ। ਔਖਾ ਹੋਵੇਗਾ, ਕਿਉਂਕਿ ਮਾਂ ਉਸ ਨੂੰ ਪਿੱਛੋਂ ਖਿੱਚੇਗੀ। ਉਹ ਮਾਂ ਤੋਂ ਇਲਾਵਾ ਕਿਸੇ ਨੂੰ ਵੀ ਪਿਆਰ ਕਰਨ ਵਿੱਚ ਅਪਰਾਧ ਅਨੁਭਵ ਕਰੇਗਾ।

ਇਸ ਮਾਂ ਵਿੱਚ ਲਗਾਓ ਤਾਂ ਸੀ, ਲੇਕਿਨ ਲਗਾਓ ਅੰਨ੍ਹਾਂ ਸੀ, ਅੱਖ ਵਾਲਾ ਨਹੀਂ ਸੀ। ਕਿਉਂਕਿ ਅੱਖ ਵਾਲਾ ਲਗਾਓ ਤੁਹਾਡੀ ਸੁਰੱਖਿਆ ਵੀ ਕਰਦਾ ਹੈ। ਲੇਕਿਨ ਤੁਹਾਡੀ ਸੁਤੰਤਰਤਾ ਦਾ ਅੰਤ ਨਹੀਂ ਕਰੇਗਾ। ਸੁਰੱਖਿਆ ਵੀ ਕਰਦਾ ਹੈ। ਲੇਕਿਨ ਤੁਹਾਡੀ ਸੁਤੰਤਰਤਾ ਦਾ ਅੰਤ ਨਹੀਂ ਕਰੇਗਾ। ਸੁਰੱਖਿਆ ਹੀ ਇਸ ਲਈ ਕਰਦਾ ਹੈ ਤਾਂ ਕਿ ਤੁਸੀਂ ਸੁਤੰਤਰ ਹੋ ਸਕੋ ਅਤੇ ਇਹ ਦੋਵੇਂ ਬਹੁਤ ਵਿਪਰੀਤ ਗੱਲਾਂ ਹਨ। ਤੁਹਾਨੂੰ ਰੋਕਦਾ ਵੀ ਇਸ ਲਈ ਹੈ ਤਾਂ ਕਿ ਤੁਸੀਂ ਜਾਣ ਦੇ ਲਾਇਕ ਹੋ ਸਕੋ। ਤੁਹਾਨੂੰ ਮਜ਼ਬੂਤ ਕਰਦਾ ਹੈ। ਤੁਹਾਡੀ ਹੌਲੀ-ਹੌਲੀ ਸਹਾਰਾ ਦਿੰਦਾ ਹੈ, ਲੇਕਿਨ ਸਹਾਰਾ ਇਸ ਲਈ ਦਿੰਦਾ ਹੈ ਤਾਂ ਕਿ ਕੱਲ੍ਹ ਤੁਸੀਂ ਆਪਣੇ ਸਹਾਰੇ ਖੜ੍ਹੇ ਹੋ ਸਕੋ। ਸਹਾਰੇ ਨੂੰ ਅਪਾਹਜ ਨਹੀਂ ਬਣਾਉਂਦਾ।

ਫਿਰ ਇੱਕ ਦੂਜੀ ਮਾਂ ਹੈ। ਜਿਸ ਨੂੰ, ਜੇਕਰ ਇਹ ਸਮਝਾਈਏ, ਕਿ ਇਹ ਖ਼ਤਰਨਾਕ ਹੈ ਤੁਹਾਡਾ ਲਗਾਓ, ਤਾਂ ਉਹ ਲਗਾਓ ਵੱਖਰਾ ਕਰ ਲੈਂਦੀ ਹੈ। ਪਰ ਲਗਾਓ ਵੱਖਰਾ ਕਰਦੇ ਹੀ ਉਹ ਸਵਛੰਦਤਾ (ਪੂਰਣ ਸੁਤੰਤਰਤਾ) ਦੇ ਦਿੰਦੀ ਹੈ। ਸੁਤੰਤਰਤਾ ਨਹੀਂ, ਸਵਛੰਦਤਾ। ਹੁਣ ਮੁੰਡਾ ਜਿੱਥੇ ਜਾਏ, ਤਾਂ ਸੁਤੰਤਰਤਾ ਦੇਣੀ ਹੈ। ਜੂਆ ਖੇਡੇ, ਚੋਰੀ ਕਰੇ, ਹੱਤਿਆ ਕਰੇ, ਸੁਤੰਤਰਤਾ ਦੇਣੀ ਹੈ। ਇਹ ਮਾਂ ਬੇ-ਮੁੱਖ ਹੋ ਗਈ, ਇਸ ਨੇ ਪਿੱਠ ਕਰ ਲਈ। ਪਹਿਲਾਂ ਲਗਾਓ ਸੀ, ਉਹ ਅੰਨ੍ਹਾ ਸੀ। ਹੁਣ

ਉਪੇਕਸ਼ਾ ਹੈ, ਉਹ ਅੰਨ੍ਹੀ ਹੈ ਅਤੇ ਸੰਤੁਲਨ ਦੋਹਾਂ ਦੇ ਵਿਚਾਲੇ ਹੈ।

ਉਹੀ ਸੰਤੁਲਨ ਪਰਮਾਤਮਾ ਦਾ ਸੁਭਾਅ ਹੈ। ਉਸ ਦੀ ਸ੍ਰਿਸ਼ਟੀ ਵੱਲ ਉਹ ਹੀ ਉਸਦੀ ਦ੍ਰਿਸ਼ਟੀ ਹੈ, ਤੁਹਾਡੀ ਸੁਰੱਖਿਆ ਕਰਦਾ ਹੈ ਤਾਂ ਕਿ ਤੁਸੀਂ ਸੁਤੰਤਰ ਹੋ ਸਕੋ। ਤੁਹਾਨੂੰ ਸੁਤੰਤਰਤਾ ਦਿੰਦਾ ਹੈ ਤਾਂ ਕਿ ਤੁਸੀਂ ਇੱਕ ਦਿਨ ਸਮਰਪਿਤ ਹੋ ਸਕੋ। ਇਹ ਬਹੁਤ ਵਿਪਰੀਤ ਗੱਲਾਂ ਹਨ। ਤੁਹਾਨੂੰ ਮੌਕਾ ਦਿੰਦਾ ਹੈ ਤਾਂ ਕਿ ਤੁਸੀਂ ਦੂਰ ਜਾਓ। ਕਿਉਂਕਿ ਤੁਸੀਂ ਦੂਰ ਨਾ ਜਾਓਗੇ ਤਾਂ ਨੇੜੇ ਕਿਵੇਂ ਆ ਸਕੋਗੇ? ਤੁਹਾਨੂੰ ਮੌਕਾ ਦਿੰਦਾ ਹੈ ਤਾਂ ਕਿ ਥੋੜ੍ਹਾ ਜਿਹਾ ਭਟਕੋ। ਕਿਉਂਕਿ ਤੁਸੀਂ ਭਟਕੋਗੇ ਨਹੀਂ ਤਾਂ ਤੁਸੀਂ ਪ੍ਰੌੜ੍ਹ ਕਿਵੇਂ ਹੋਵੋਗੇ? ਤੁਹਾਨੂੰ ਮੌਕਾ ਦਿੰਦਾ ਹੈ ਤਾਂ ਕਿ ਤੁਸੀਂ ਡਿੱਗੋ, ਕਿਉਂਕਿ ਤੁਸੀਂ ਡਿੱਗੋਗੇ ਨਹੀਂ, ਤਾਂ ਸੰਭਲੋਗੇ ਕਿਵੇਂ?

ਅਤੇ ਫ਼ਿਰ ਵੀ ਤੁਹਾਡੀ ਸੁਰੱਖਿਆ ਕਰਦਾ ਹੈ ਅਤੇ ਫ਼ਿਰ ਵੀ ਤੁਹਾਡਾ ਪਿੱਛਾ ਕਰਦਾ ਹੈ। ਸਾਰੇ ਪਾਸੇ ਉਸਦੀ ਨਜ਼ਰ ਹੈ। ਸਭ ਪਾਸੇ ਉਸ ਦੀ ਛਾਂ ਹੈ। ਸਾਰੇ ਪਾਸਿਆਂ ਤੋਂ ਉਸ ਨੇ ਤੁਹਾਨੂੰ ਘੇਰਿਆ ਹੋਇਆ ਹੈ। ਤੁਸੀਂ ਕਿੰਨੀ ਹੀ ਦੂਰ ਚਲੇ ਜਾਓ ਤਾਂ ਵੀ ਉਹ ਤੁਹਾਡੇ ਕੋਲ ਬਣਿਆ ਰਹਿੰਦਾ ਹੈ। ਤਾਂ ਕਿ ਜਦ ਵੀ ਤੁਹਾਨੂੰ ਲੋੜ ਹੋਵੇ, ਪਰਤੋ ਅਤੇ ਤੁਸੀਂ ਉਸ ਨੂੰ ਉਪਲਬਧ ਕਰ ਲਵੋ। ਜਦ ਜ਼ਰਾ ਗਰਦਨ ਝੁਕਾਈ, ਜਦ ਵੀ ਤੁਹਾਨੂੰ ਜ਼ਰਾ ਕੁ ਜਿੰਨੀ ਗਰਦਨ ਝੁਕਾਉਣ ਦੀ ਯਾਦ ਆ ਜਾਏ, ਤਦੋਂ ਹੀ ਤੁਸੀਂ ਉਸ ਨੂੰ ਵੇਖ ਸਕਦੇ ਹੋ।

*ਦਿਲ ਕੇ ਆਈਨੇ ਮੇਂ ਹੈ ਤਸਵੀਰੇ ਯਾਰ।*
*ਜਬ ਜ਼ਰਾ ਗਰਦਨ ਝੁਕਾਈ ਦੇਖ ਲੀ।*

ਤੁਸੀਂ ਕਿੰਨੇ ਹੀ ਦੂਰ ਜਾਓ, ਉਹ ਤੁਹਾਡੇ ਪਿੱਛੇ-ਪਿੱਛੇ ਟੁਰਦਾ ਹੈ। ਤੁਹਾਡੇ 'ਚ ਵਿਘਨ ਵੀ ਨਹੀਂ ਪਾਉਂਦਾ, ਤੁਹਾਨੂੰ ਰੋਕਦਾ ਵੀ ਨਹੀਂ। ਤੁਹਾਨੂੰ ਕਹਿੰਦਾ ਵੀ ਨਹੀਂ ਕਿ ਇਹ ਗ਼ਲਤ ਹੈ, ਏਥੇ ਨਾ ਜਾਓ। ਤੁਹਾਨੂੰ ਗ਼ਲਤ ਤੱਕ ਹੋਣ ਦਿੰਦਾ ਹੈ। ਫ਼ਿਰ ਵੀ ਆਪਣੀ ਊਰਜਾ ਨੂੰ ਤੁਹਾਡੇ ਕੋਲੋਂ ਖਿੱਚ ਨਹੀਂ ਲੈਂਦਾ। ਅਤੇ ਉਡੀਕ ਕਰਦਾ ਹੈ ਅਤੇ ਰਾਹ ਵੇਖਦਾ ਹੈ ਕਿ ਤੁਸੀਂ ਪਰਤ ਆਓਗੇ। ਜਦ ਤੁਸੀਂ ਪਰਤ ਆਉਂਦੇ ਹੋ ਤਾਂ ਪ੍ਰਸੰਨ ਹੁੰਦਾ ਹੈ। ਨਾਨਕ ਕਹਿੰਦੇ ਹਨ, ਉਸਦਾ ਵਿਚਾਰ ਕਰ, ਉਹ ਵੇਖਦਾ ਹੈ ਅਤੇ ਪ੍ਰਸੰਨ ਹੁੰਦਾ ਹੈ। ਉਸਦਾ ਵਰਨਣ ਕਰਨਾ ਲੋਹੇ ਦੇ ਚਨੇ ਚਬਾਉਣ ਵਰਗਾ ਹੈ।

ਨਿਸ਼ਚਿਤ ਹੀ! ਕਿਉਂਕਿ ਉਥੇ ਸਾਰੇ ਵਿਪਰੀਤ ਵਿਸ਼ਰਾਮ ਪਾਉਂਦੇ ਹਨ। ਉਥੇ ਸਭ ਕਾਂਟ੍ਰਾਡਿਕਸ਼ਨ ਇੱਕ ਹੋ ਜਾਂਦੇ ਹਨ। ਅਸੀਂ ਇੱਕ ਵਿਚੋਂ ਕੁਝ ਵੀ ਕਰ ਸਕਦੇ ਹਾਂ। ਮੈਂ ਬਹੁਤ ਲੋਕਾਂ ਦੇ ਜੀਵਨ ਨੂੰ ਅਧਿਐਨ ਕਰਕੇ ਨਤੀਜਾ ਪਾਇਆ ਕਿ ਅਸੀਂ ਕੋਈ ਵੀ ਇੱਕ ਅਤਿ ਕਰ ਸਕਦੇ ਹਾਂ ਅਤੇ ਹਰ ਅਤਿ ਖ਼ਤਰਨਾਕ ਹੈ।

ਇੱਕ ਪਤੀ ਹਨ, ਉਹ ਬਹੁਤ ਜ਼ਿਆਦਾ Possessive ਹਨ। ਆਪਣੀ ਪਤਨੀ ਦੇ ਪਿੱਛੇ ਉਹ ਛਾਂ ਦੀ ਤਰ੍ਹਾਂ ਭੂਤ-ਪ੍ਰੇਤ ਦੇ ਵਾਂਗ ਲੱਗੇ ਹਨ। ਪਤਨੀ ਕਿਸ ਦੇ ਨਾਲ ਬੋਲਦੀ ਹੈ, ਹੱਸਦੀ ਤਾਂ ਨਹੀਂ ਹੈ ਕਿਸੇ ਦੇ ਨਾਲ, ਕਿਤੇ ਜਾਂਦੀ ਤਾਂ ਨਹੀਂ ਹੈ, ਦਫ਼ਤਰ ਵਿੱਚ ਵੀ ਉਹ ਸੋਚ ਰਹੇ ਹਨ। ਵਿੱਚ-ਵਿੱਚ ਘਰ ਆ ਜਾਂਦੇ ਹਨ। ਪਤਨੀ ਜੇਕਰ ਕਿਸੇ ਦੇ ਨਾਲ ਹੱਸ ਵੀ ਲਵੇ 'ਤੇ ਉਨ੍ਹਾਂ ਲਈ ਭਾਰੀ ਕਸ਼ਟ ਹੋ ਜਾਂਦਾ ਹੈ। ਉਹ ਇਹ ਸੋਚ ਹੀ ਨਹੀਂ ਸਕਦੇ ਕਿ ਮੇਰੀ ਪਤਨੀ ਮੇਰੇ ਤੋਂ ਬਗ਼ੈਰ ਕਿਵੇਂ ਹੱਸ ਸਕਦੀ ਹੈ? ਇਹ ਅਸੰਭਵ ਹੈ। ਉਹ ਤਾਂ ਇਹ ਹੀ ਮੰਨ ਕੇ ਟੁਰਦੇ ਹਨ, ਜਿਵੇਂ ਕਾਲੀਦਾਸ ਵਰਨਣ ਕਰਦੇ ਹਨ। ਜੇਕਰ ਉਹ ਗਏ ਪੰਦਰਾਂ ਦਿਨਾਂ ਵਿੱਚ ਬਾਹਰ ਤਾਂ ਪਤਨੀ ਸੁੱਕ ਕੇ ਹੱਡੀ ਹੋ ਜਾਣੀ ਚਾਹੀਦੀ ਹੈ ਉਨ੍ਹਾਂ ਦੀ ਯਾਦ ਵਿੱਚ ਅਤੇ ਬੱਦਲਾਂ ਰਾਹੀਂ ਸੁਨੇਹਾ ਭੇਜਣਾ ਚਾਹੀਦਾ ਹੈ।

ਉਨ੍ਹਾਂ ਦਾ ਪਤਨੀ ਦੇ ਚਾਰੇ ਪਾਸੇ ਇਹ ਜਿਹੜਾ ਘਿਰਾਓ ਹੈ। ਇਸ ਘਿਰਾਓ ਨੇ ਪਤਨੀ ਨੂੰ ਉਨ੍ਹਾਂ ਦੇ ਪ੍ਰੇਮ ਨਾਲ ਨਹੀਂ ਭਰਿਆ ਹੈ, ਬਲਕਿ ਬੜੀ ਤੇਜ਼ ਊਬ ਅਤੇ ਸੂਖ਼ਮ ਨਫ਼ਰਤ ਨਾਲ ਭਰ ਦਿੱਤਾ ਹੈ ਅਤੇ ਪਤਨੀ ਉਨ੍ਹਾਂ ਦੇ ਪ੍ਰੇਮ ਵਿੱਚ ਸੀ। ਲੇਕਿਨ ਪ੍ਰੇਮ ਮਰ ਜਾਂਦਾ ਹੈ, ਜਦ ਸੁਤੰਤਰਤਾ ਮਰਦੀ ਹੈ। ਉਨ੍ਹਾਂ ਦੋਨਾਂ ਦਾ ਪ੍ਰੇਮ ਵਿਆਹ ਹੋਇਆ ਸੀ। ਮੈਂ ਉਨ੍ਹਾਂ ਨੂੰ ਭਲੀ ਭਾਤੀਂ ਅਧਿਐਨ ਕਰਦਾ ਰਿਹਾ ਹਾਂ, ਦੋਵੇਂ ਇੱਕ ਦੂਜੇ ਦੇ ਬਹੁਤ ਪ੍ਰੇਮ ਵਿੱਚ ਸਨ। ਪਰ ਪਤੀ ਦਾ ਪਿਆਰ ਜਦੋਂ ਏਨਾ ਵੱਧ ਗਿਆ ਕਿ ਗਲੇ ਦਾ ਹਾਰ ਨਾ ਰਹਿ ਕੇ ਗਲ ਦਾ ਫਾਹਾ ਬਣ ਗਿਆ। ਕਦੀ ਵੀ ਹਾਰ ਫੰਦਾ ਬਣ ਸਕਦਾ ਹੈ, ਧਿਆਨ ਰੱਖਣਾ। ਹੀਰੇ ਜਵਾਹਰਾਤ ਦਾ ਹਾਰ ਵੀ ਫੰਦਾ ਬਣ ਸਕਦਾ ਹੈ, ਫਾਂਸੀ ਲੱਗ ਸਕਦੀ ਹੈ। ਜਦ ਫੰਦਾ ਸੂੰਘੜ ਕੇ ਫਾਂਸੀ ਬਨਣ ਲੱਗਾ, ਤਾਂ ਪਤਨੀ ਦਾ ਪ੍ਰੇਮ ਸ਼ੂਨਯ ਹੁੰਦਾ ਗਿਆ। ਪਤਨੀ ਸੁਤੰਤਰਤ ਹੋਣ ਦੀ ਇੱਛਾ ਕਰਨ ਲੱਗੀ, ਜਿੰਨੀ ਪਤਨੀ ਨੇ ਸੁਤੰਤਰ ਹੋਣ ਦੀ ਇੱਛਾ ਕੀਤੀ, ਓਨਾ ਹੀ ਪਤੀ ਪਾਗਲ ਹੋ ਕੇ ਚਾਰੇ ਪਾਸੇ ਘੇਰੇ ਬੰਨ੍ਹਣ ਲੱਗਾ। ਮੈਂ ਪਤੀ ਨੂੰ ਬਹੁਤ ਸਮਝਾਇਆ ਕਿ ਇਹ ਪਾਗ਼ਲਪਨ ਹੈ। ਤੂੰ ਪ੍ਰੇਮ ਨੂੰ ਮਾਰ ਹੀ ਸੁੱਟ ਰਿਹਾ ਹੈਂ। ਪ੍ਰੇਮ ਨੂੰ ਵੀ ਸੁਤੰਤਰਤਾ ਚਾਹੀਦੀ ਹੈ। ਸੁਆਸ ਲੈਣ ਦਾ ਮੌਕਾ ਚਾਹੀਦਾ ਹੈ। ਪ੍ਰੇਮ ਨੂੰ ਵੀ ਜ਼ਰਾ ਦੂਰੀ ਚਾਹੀਦੀ ਹੈ। ਜ਼ਰਾ ਇਕੱਲਾਪਨ ਚਾਹੀਦਾ ਹੈ। ਪ੍ਰੇਮ ਨੂੰ ਵੀ ਜ਼ਰਾ ਨਿਜਾਤ ਚਾਹੀਦੀ ਹੈ। ਤੂੰ ਏਨਾ ਬਹੁਤਾ ਪਿੱਛੇ ਨਾ ਪੈ। ਤੂੰ ਆਪਣੇ ਹਥੀਂ ਹੀ ਆਤਮਘਾਤ ਕਰ ਰਿਹਾ ਹੈਂ।

ਬਹੁਤ ਸਮਝਾਉਣ ਨਾਲ ਸਮਝ ਵਿੱਚ ਆਇਆ। ਤਦ ਤੋਂ ਉਨ੍ਹਾਂ ਨੇ ਸਮਝ ਲਿਆ, ਤਦ ਉਨ੍ਹਾਂ ਨੇ ਉਪੇਖਿਆ ਕਰਨੀ ਸ਼ੁਰੂ ਕਰ ਦਿੱਤੀ। ਹੁਣ ਪਤਨੀ ਜੇਕਰ ਕਿਸੇ ਪਰਾਏ ਆਦਮੀ ਨਾਲ ਸੌਂ ਵੀ ਰਹੀ ਹੈ ਤਾਂ ਉਨ੍ਹਾਂ ਨੂੰ ਕੋਈ ਮਤਲਬ ਨਹੀਂ। ਹੁਣ ਉਹ

ਕਹਿੰਦੇ ਹਨ ਕਿ ਮੈਂ ਪਜੈਸ਼ਨ ਦਾ ਭਾਵ ਹੀ ਛੱਡ ਦਿੱਤਾ। ਹੁਣ ਮੈਨੂੰ ਕੁਝ ਲੈਣਾ-ਦੇਣਾ ਨਹੀਂ। ਹੁਣ ਜੋ ਉਸ ਨੂੰ ਕਰਨਾ ਹੈ, ਕਰੇ। ਹੁਣ ਮੇਰਾ ਕੋਈ ਰਿਸ਼ਤਾ ਹੀ ਨਹੀਂ ਹੈ ਉਸਦੇ ਨਾਲ। ਉਹ ਇੱਕ ਹੀ ਰਿਸ਼ਤਾ ਜਾਣਦੇ ਹਨ ਫੰਦੇ ਦਾ। ਸੁਭਾਵਿਕ ਹੈ ਮਨੁੱਖ ਦੇ ਲਈ ਇਹ ਹੀ। ਜਾਂ ਤਾਂ ਅਸੀਂ ਪੂਰੀ ਸੁਤੰਤਰਤਾ ਦੇ ਦਿੰਦੇ ਹਾਂ, ਜਿਹੜੀ ਸਵਛੰਦਤਾ ਬਣ ਜਾਏ, ਜਿਹੋ ਜਿਹਾ ਪੱਛਮ ਵਿੱਚ ਹੋ ਰਿਹਾ ਹੈ। ਜਾਂ ਅਸੀਂ ਪੂਰੀ ਪਰਤੰਤਰਤਾ (ਗ਼ੁਲਾਮੀ) ਖੜ੍ਹੀ ਕਰ ਦਿੰਦੇ ਹਾਂ। ਜਿਹੜੀ ਕੀ ਮੌਤ ਬਣ ਜਾਏ, ਜਿਸ ਤਰ੍ਹਾਂ ਦਾ ਪੂਰਬ ਵਿੱਚ ਹੋਇਆ ਹੈ।

ਪਰਮਾਤਮਾ ਦੇ ਸੰਬੰਧ ਵਿੱਚ ਕਹਿਣਾ ਚਨੇ ਚੱਬਣ ਵਰਗਾ ਹੀ ਔਖਾ ਹੈ। ਕਿਉਂਕਿ ਉਹ ਦੋਵੇਂ ਹੈ। ਉਹ ਤੁਹਾਨੂੰ ਪੂਰੀ ਸੁਤੰਤਰਤਾ ਦਿੰਦਾ ਹੈ ਅਤੇ ਪ੍ਰੇਮ ਇਸ ਸੁਤੰਤਰਤਾ ਦੇ ਕਾਰਣ ਰਤੀ ਭਰ ਘੱਟ ਨਹੀਂ ਹੁੰਦਾ। ਉਹ ਤੁਹਾਨੂੰ ਮੁਕਤ ਕਰਦਾ ਹੈ ਅਤੇ ਪ੍ਰੇਮ ਉਹ ਹੀ ਜਿਹੜਾ ਮੁਕਤ ਕਰੇ। ਉਸਦੇ ਪ੍ਰੇਮ ਵਿੱਚ ਅਤੇ ਉਸਦੀ ਸੁਤੰਤਰਤਾ ਵਿੱਚ, ਤੁਹਾਨੂੰ ਸੁਤੰਤਰਤਾ ਦੇਣ ਦੇ ਭਾਵ ਵਿੱਚ, ਕਿਤੇ ਕੋਈ ਵਿਰੋਧਾਭਾਸ ਨਹੀਂ ਹੈ। ਉਹ ਤੁਹਾਨੂੰ ਰੋਕਦਾ ਵੀ ਨਹੀਂ। ਤੁਸੀਂ ਬੁਰੇ ਦੇ ਵੱਲ ਜਾਂਦੇ ਹੋ, ਤਾਂ ਵੀ ਉਹ ਉਡੀਕ ਕਰਦਾ ਹੈ ਕਿ ਤੁਸੀਂ ਮੁੜ ਆਓਗੇ। ਜਦ ਤੁਸੀਂ ਮੁੜ ਆਉਂਦੇ ਹੋ, ਤਦ ਉਹ ਪ੍ਰਸੰਨ ਹੁੰਦਾ ਹੈ।

ਨਾਨਕ ਕਹਿੰਦੇ ਹਨ, *ਵੇਖੈ ਵਿਗਸੈ ਕਰਿ ਵੀਚਾਰੁ॥*

ਉਹ ਤੁਹਾਡੇ ਸੰਬੰਧ ਵਿੱਚ ਚਿੰਤਾ ਕਰਦਾ ਹੈ। ਤੁਹਾਡੇ ਸੰਬੰਧ ਵਿੱਚ ਵਿਚਾਰ ਕਰਦਾ ਹੈ। ਉਹ ਤੁਹਾਡੇ ਜੀਵਨ ਵਿੱਚ ਜਦੋਂ ਫੁੱਲ ਖਿੜਦੇ ਹਨ ਤਾਂ ਖੁਸ਼ ਹੁੰਦਾ ਹੈ। ਉਹ ਨਿਰਪੱਖ ਨਹੀਂ ਖਲੋਤਾ ਹੈ, ਉਸ ਦੀ ਅਨਾਸਕਤੀ ਉਸਦੇ ਡੂੰਘੇ ਆਸਕਤ ਭਾਵ ਨਾਲ ਭਰੀ ਹੈ, ਉਹ ਦੂਰ ਹੈ, ਫਿਰ ਵੀ ਕੋਲ ਹੈ। ਉਸਨੇ ਤੁਹਾਨੂੰ ਛੱਡਿਆ ਹੈ ਸੁਤੰਤਰਤਾ ਲਈ, ਫਿਰ ਵੀ ਕਦੇ ਛੱਡਿਆ ਨਹੀਂ ਹੈ। ਫਿਰ ਵੀ ਉਹ ਸਦਾ ਨਾਲ ਖਲੋਤਾ ਹੈ। ਤੁਹਾਡਾ ਦੁੱਖ ਤੁਹਾਡੀ ਪੀੜਾ ਉਸ ਨੂੰ ਛੂਹੰਦੀ ਹੈ। ਤੁਹਾਡੀ ਪ੍ਰਸੰਨਤਾ, ਤੁਹਾਡਾ ਆਨੰਦ ਵੀ ਉਸ ਨੂੰ ਆਲਾਹਦਿਤ (ਭਰਪੂਰ ਖੁਸ਼ੀ) ਕਰਦਾ ਹੈ। ਤੁਸੀਂ ਇਸ ਜਗਤ ਵਿੱਚ ਅਜਨਬੀ ਨਹੀਂ ਹੋ। ਇਹ ਤੁਹਾਡਾ ਘਰ ਹੈ, ਇਸ ਜਗਤ ਵਿੱਚ ਤੁਸੀਂ ਇਕੱਲੇ ਨਹੀਂ ਹੋ। ਪਰਮਾਤਮਾ ਤੁਹਾਡੇ ਨਾਲ ਹੈ।

ਭਗਤ ਲਈ ਇਹ ਤਸਲੀ ਬਹੁਤ ਗਹਿਰੀ ਹੈ। ਨਹੀਂ ਤਾਂ ਕੁਝ ਵੀ ਤਾਂ ਪਤਾ ਨਹੀਂ ਚਲਦਾ। ਜੇਕਰ ਤੁਸੀਂ ਪਰਮਾਤਮਾ ਦੇ ਖਿਆਲ ਨੂੰ ਛੱਡ ਦਿਓ, ਤਾਂ ਜਗਤ ਤਟਸਥ ਹੋ ਜਾਂਦਾ ਹੈ, ਤੁਸੀਂ ਕੀ ਕਰਦੇ ਹੋ ਜਗਤ ਨੂੰ ਕੁਝ ਲੈਣਾ ਦੇਣਾ ਨਹੀਂ, ਜਿੰਦਾ ਹੋ ਕਿ ਮਰਦੇ ਹੋ, ਕੁਝ ਮਤਲਬ ਨਹੀਂ। ਤੂਫਾਨ ਆਏ, ਮਿਟ ਜਾਓ, ਕੁਝ ਮਤਲਬ ਨਹੀਂ। ਕੋਈ ਹੈ ਹੀ ਨਹੀਂ ਉਥੇ। ਤੁਸੀਂ ਇੱਕ ਸੰਜੋਗ ਹੋ। ਲੇਕਿਨ ਭਗਤ ਦੇ ਲਈ ਵੱਡੀ ਤਸੱਲੀ

ਹੈ। ਉਹ ਸੰਜੋਗ ਨਹੀਂ ਹੈ, ਪਰਮਾਤਮਾ ਖੁਸ਼ ਹੋਏਗਾ। ਘਰ ਪਰਤ ਕੇ ਕੋਈ ਹੈ ਜਿਹੜਾ ਉਸਦੀ ਉਡੀਕ ਕਰਦਾ ਹੈ। ਘਰ ਨੂੰ ਖਾਲੀ ਨਹੀਂ ਪਾਇਆ ਜਾਏਗਾ। ਜਦ ਤੁਸੀਂ ਪਰਤੋਗੇ ਸੁਭਾਅ ਵਿੱਚ, ਤਾਂ ਤੁਸੀਂ ਉਥੇ ਪਰਮਾਤਮਾ ਨੂੰ ਉਡੀਕ ਕਰਦੇ ਪਾਓਗੇ। ਨਾ ਕੇਵਲ ਉਡੀਕ ਕਰਦੇ, ਬਲਕਿ ਤੁਹਾਡੇ ਪਰਤ ਆਉਣ ਨਾਲ ਸਮਾਰੋਹ, ਉਤਸਵ ਹੋਏਗਾ।

ਜੀਸਸ ਦੀ ਕਹਾਣੀ ਸਮਝ ਲੈਣ ਵਾਲੀ ਹੈ। ਜੀਸਸ ਨੇ ਕਈ ਵਾਰ ਕਹਾਣੀ ਦੁਹਰਾਈ ਹੈ। ਕਿ ਇੱਕ ਧਨੀ ਪਿਓ ਦੇ ਦੋ ਪੁੱਤਰ ਸਨ। ਇੱਕ ਪੁੱਤਰ ਵਿਗੜ ਗਿਆ, ਜਵਾਨ ਹੋਇਆ ਤਾਂ ਉਸ ਨੇ ਆਪਣੀ ਅੱਧੀ ਜਾਇਦਾਦ ਮੰਗ ਲਈ। ਜਾਇਦਾਦ ਲੈ ਕੇ ਉਹ ਸ਼ਹਿਰ ਚਲਾ ਗਿਆ। ਕਿਉਂਕਿ ਪਿੰਡ ਵਿੱਚ ਖਰਚ ਕਰਨ ਦੇ ਉਪਾਅ ਵੀ ਨਹੀਂ ਸਨ। ਨਾ ਜੂਆ ਘਰ ਸੀ, ਨਾ ਸ਼ਰਾਬ ਘਰ ਸੀ, ਨਾ ਵੇਸ਼ਵਾਵਾਂ ਸਨ। ਸ਼ਹਿਰ ਵਿੱਚ ਉਸ ਨੇ ਸਭ ਬਰਬਾਦ ਕਰ ਦਿੱਤਾ। ਸੜਕ ਦਾ ਭਿਖਾਰੀ ਹੋ ਗਿਆ, ਪਿਓ ਨੂੰ ਖ਼ਬਰ ਮਿਲਦੀ ਰਹੀ। ਪਿਓ ਦੁਖੀ ਅਤੇ ਪੀੜਤ ਵੀ ਹੋਇਆ। ਕਿਉਂਕਿ ਇਹ ਨਹੀਂ ਸੋਚਿਆ ਸੀ। ਲੇਕਿਨ ਪਿਓ ਜਾਣਦਾ ਸੀ ਕਿ ਜ਼ਬਰਦਸਤੀ ਤਾਂ ਕੀਤੀ ਵੀ ਨਹੀਂ ਜਾ ਸਕਦੀ। ਜਦ ਉਹ ਸਮਝੇਗਾ ਤਦ ਮੁੜ ਆਏਗਾ। ਉਸਦੀ ਸਮਝ ਹੀ ਮੋੜ ਸਕਦੀ ਹੈ। ਪਿਓ ਉਡੀਕ ਕਰ ਸਕਦਾ ਹੈ, ਹੁਕਮ ਨਹੀਂ ਦੇ ਸਕਦਾ। ਹੁਕਮ ਖ਼ਤਰਨਾਕ ਹੈ। ਹੁਕਮ ਹੋਰ ਦੂਰ ਲੈ ਜਾਏਗਾ।

ਵੱਡਾ ਪੁੱਤਰ ਘਰ ਹੀ ਰਿਹਾ। ਜਿਹੜੀ ਸੰਪਤੀ (ਜਾਇਦਾਦ) ਉਸ ਨੂੰ ਮਿਲੀ ਸੀ ਉਸ ਨੇ ਦੁਗਣੀ ਕਰ ਦਿੱਤੀ। ਉਹ ਖੇਤ ਵਿੱਚ ਕੰਮ ਕਰਦਾ, ਬਗੀਚੇ ਵਿੱਚ ਅੰਗੂਰ ਲਾਉਂਦਾ, ਬਹੁਤ ਮਿਹਨਤ ਕਰਦਾ। ਸਵੇਰ ਤੋਂ ਸ਼ਾਮ ਤੱਕ ਜੁਟਿਆ ਰਹਿੰਦਾ।

ਫਿਰ ਇੱਕ ਦਿਨ ਭਿਖਾਰੀ ਪੁੱਤਰ ਨੂੰ ਖਿਆਲ ਆਇਆ ਕਿ ਇਸ ਤਰ੍ਹਾਂ ਤਾਂ ਮੈਂ ਭਿੱਖਿਆ ਮੰਗ-ਮੰਗ ਕੇ ਮਰ ਜਾਵਾਂਗਾ। ਮੈਂ ਘਰ ਪਰਤ ਸਕਦਾ ਹਾਂ। ਮੇਰਾ ਪਿਓ ਅਜੇ ਵੀ ਜੀਉਂਦਾ ਹੈ। ਅਤੇ ਪਿਓ ਦੇ ਪ੍ਰੇਮ ਉਤੇ ਮੈਂ ਭਰੋਸਾ ਕਰ ਸਕਦਾ ਹਾਂ ਅਤੇ ਜਿਸ ਨੇ ਮੈਨੂੰ ਏਨੀ ਸੁਤੰਤਰਤਾ ਦਿੱਤੀ ਅਤੇ ਜਿਸ ਨੇ ਕਦੇ ਇਹ ਵੀ ਨਾ ਕਿਹਾ ਕਿ ਇਹ ਗ਼ਲਤ ਹੈ ਨਾ ਕਰ, ਜਿਸ ਨੇ ਮੈਨੂੰ ਮੌਕਾ ਦਿੱਤਾ, ਤਾਂ ਕਿ ਮੈਂ ਖੁਦ ਹੀ ਜਾਣ ਲਵਾਂ ਕਿ ਕੀ ਗ਼ਲਤ ਹੈ, ਉਸਦੀ ਕਰੁਣਾ ਮੈਨੂੰ ਨਾਂਹ ਨਹੀਂ ਕਰੇਗੀ। ਸਵੀਕਾਰ ਕਰ ਲਵੇਗੀ। ਉਸ ਨੂੰ ਆਪਣੇ ਪਿਓ ਉਤੇ ਭਰੋਸਾ ਹੈ।

ਉਸ ਨੇ ਇੱਕ ਦਿਨ ਖ਼ਬਰ ਭੇਜੀ ਕਿ ਮੈਂ ਵਾਪਸ ਆ ਰਿਹਾ ਹਾਂ। ਪਿਓ ਨੇ ਸੁਆਗਤ ਦਾ ਪ੍ਰਬੰਧ ਕੀਤਾ। ਜਿਹੜੀਆਂ ਤੰਦਰੁਸਤ ਤੋਂ ਤੰਦਰੁਸਤ ਭੇਡਾਂ ਸਨ, ਉਸ ਨੇ ਕਟਵਾਈਆਂ। ਸੁੰਦਰ ਸੁਆਦਲੇ ਭੋਜਨ ਬਣਵਾਏ। ਪੁੱਤਰ ਘਰ ਆ ਰਿਹਾ ਹੈ। ਪਿੰਡ

ਵਿੱਚ ਫੁੱਲਾਂ ਦੇ ਦਰਵਾਜ਼ੇ ਬਣਵਾਏ। ਸਾਰੇ ਪਿੰਡ ਨੂੰ, ਮਿੱਤਰਾਂ ਨੂੰ ਦਾਅਵਤ ਦਾ ਸੱਦਾ ਦਿੱਤਾ, ਕਿ ਮੇਰਾ ਪੁੱਤਰ ਘਰ ਆ ਰਿਹਾ ਹੈ। ਵੱਡੇ ਪੁੱਤਰ ਨੂੰ ਖੇਤਾਂ ਵਿੱਚ ਖ਼ਬਰ ਮਿਲੀ। ਕਿਸੇ ਨੇ ਦੱਸਿਆ ਕਿ ਹੱਦ ਹੋ ਗਈ। ਤੂੰ ਤਾਂ ਜੀਵਨ ਭਰ ਇਸ ਬੁੱਢੇ ਦੀ ਸੇਵਾ ਕਰਦਾ ਰਿਹਾ, ਕਦੇ ਉਸਦੇ ਉਲਟ ਨਹੀਂ ਗਿਆ। ਕਦੇ ਉਸ ਦੀ ਆਗਿਆ ਦਾ ਉਲੰਘਣ ਨਹੀਂ ਕੀਤਾ, ਧਨ ਨੂੰ ਤੂੰ ਦੁੱਗਣਾ ਕਰ ਦਿੱਤਾ। ਪਰ ਤੇਰੇ ਸਵਾਗਤ ਵਿੱਚ ਕਦੇ ਦਾਅਵਤਾਂ ਨਹੀਂ ਹੋਈਆਂ, ਕਦੇ ਭੇਡਾਂ ਨਹੀਂ ਵੱਢੀਆਂ ਗਈਆਂ, ਕਦੇ ਸੁਆਦਲੇ ਭੋਜਨ ਨਹੀਂ ਬਣੇ, ਕਦੇ ਪਿੰਡ ਨੂੰ ਬੁਲਾਵਾ ਨਹੀਂ ਦਿੱਤਾ ਗਿਆ ਅਤੇ ਅੱਜ ਉਹ ਭ੍ਰਿਸ਼ਟ, ਨਿਕੰਮਾਂ ਪੁੱਤਰ ਘਰ ਪਰਤ ਰਿਹਾ ਹੈ, ਜਿਸ ਨੇ ਸਭ ਬਰਬਾਦ ਕਰ ਦਿੱਤਾ ਵੇਸ਼ਵਾਵਾਂ ਵਿੱਚ, ਸ਼ਰਾਬ ਘਰਾਂ ਵਿੱਚ, ਜੂਆ ਘਰਾਂ ਵਿੱਚ, ਉਸਦੇ ਸਵਾਗਤ ਦਾ ਪ੍ਰਬੰਧ ਹੋ ਰਿਹਾ ਹੈ ਇਹ ਅਨਿਆਇ ਹੈ।

ਵੱਡੇ ਪੁੱਤਰ ਨੂੰ ਵੀ ਲੱਗਾ ਕਿ ਇਹ ਅਨਿਆਇ ਹੈ। ਉਹ ਉਦਾਸ ਅਤੇ ਦੁੱਖੀ ਘਰ ਪਰਤਿਆ। ਇਹ ਸਵਾਗਤ ਸਮਾਰੋਹ ਵੇਖ ਕੇ, ਜਗਦੇ ਦੀਵੇ ਵੇਖ ਕੇ, ਫੁੱਲ ਲੱਗੇ ਵੇਖ ਕੇ, ਉਸਦੀ ਛਾਤੀ ਉਤੇ ਵੱਡਾ ਭਾਰੀ ਬੋਝ ਹੋ ਗਿਆ। ਉਹ ਜਾ ਕੇ ਆਪਣੇ ਪਿਓ ਦੇ ਕੋਲ ਪੁੱਜਿਆ ਅਤੇ ਉਸ ਨੂੰ ਕਿਹਾ, ਇਹ ਅਨਿਆਇ ਹੈ। ਮੈਂ ਤੁਹਾਡੀ ਸੇਵਾ ਕਰ ਰਿਹਾ ਹਾਂ। ਮੇਰੇ ਲਈ ਕਦੇ ਕੋਈ ਵੰਦਰਵਾਰ ਨਾ ਲੱਗੇ, ਕਦੇ ਕੋਈ ਬੈਂਡ ਵਾਜੇ ਨਹੀਂ ਵੱਜੇ ਅਤੇ ਇਹ ਭ੍ਰਿਸ਼ਟ ਵਾਪਸ ਪਰਤ ਰਿਹਾ ਹੈ, ਉਸਦੇ ਸਵਾਗਤ ਦੀਆਂ ਇਹ ਤਿਆਰੀਆਂ ਹਨ। ਮੈਂ ਆਪਣੀਆਂ ਅੱਖਾਂ 'ਤੇ ਭਰੋਸਾ ਨਹੀਂ ਕਰ ਸਕਦਾ।

ਪਿਓ ਨੇ ਕਿਹਾ, ਤੂੰ ਤਾਂ ਮੇਰੇ ਕੋਲ ਹੀ ਹੈਂ। ਤੂੰ ਕਦੇ ਵਿਗੜਿਆ ਹੀ ਨਹੀਂ। ਤੂੰ ਕਦੇ ਗ਼ਲਤ ਰਾਹ 'ਤੇ ਨਹੀਂ ਗਿਆ। ਤੇਰੇ ਸਵਾਗਤ ਦਾ ਕੋਈ ਸਵਾਲ ਨਹੀਂ ਉੱਠਦਾ। ਤੂੰ ਮੇਰੇ ਕੋਲ ਹੀ ਹੈਂ। ਹਰ ਘੜੀ ਤੇਰਾ ਸਵਾਗਤ ਹੈ। ਤੂੰ ਮੇਰੇ ਹਿਰਦੇ ਦੇ ਨੇੜੇ ਹੈਂ। ਲੇਕਿਨ ਜਿਹੜਾ ਵਿਗੜ ਗਿਆ ਭ੍ਰਿਸ਼ਟ ਹੋ ਗਿਆ, ਜਿਸਦੇ ਲਈ ਮੈਂ ਬਹੁਤ ਚਿੰਤਾ ਕੀਤੀ, ਤੇਰੇ ਲਈ ਕਦੇ ਕੋਈ ਚਿੰਤਾ ਦਾ ਕਾਰਣ ਨਹੀਂ ਰਿਹਾ, ਤੇਰੇ ਕੋਲੋਂ ਮੈਂ ਸਦਾ ਖੁਸ਼ ਹਾਂ। ਇਸ ਲਈ ਖੁਸ਼ੀ ਤੋਂ ਸਿਵਾ ਹੋਰ ਕੋਈ ਵੀ ਜ਼ਰੂਰਤ ਨਹੀਂ ਹੈ। ਜਿਸ ਦੇ ਲਈ ਮੈਂ ਚਿੰਤਾ ਵਿੱਚ ਰਿਹਾ, ਰਾਤੀ ਸੌਂ ਨਹੀਂ ਸਕਿਆ, ਉਹ ਵਾਪਸ ਘਰ ਪਰਤ ਰਿਹਾ ਹੈ, ਉਸ ਨੂੰ ਸਵਾਗਤ ਦੀ ਲੋੜ ਹੈ।

ਜਦ ਭੁੱਲਾ ਭਟਕਿਆ ਵਾਪਸ ਆਉਂਦਾ ਹੈ, ਤਾਂ ਸਮਾਰੋਹ ਦੀ ਜ਼ਰੂਰਤ ਹੁੰਦੀ ਹੈ। ਜੀਸਸ ਕਹਿੰਦੇ ਸੀ, ਪੁੰਨਆਤਮਾ, ਸਾਧੂ ਅਤੇ ਸੰਤ ਵੱਡੇ ਪੁੱਤਰ ਦੇ ਵਾਂਗ ਹਨ। ਜਿਹੜੇ ਭਟਕ ਗਏ ਹਨ, ਦੂਰ ਨਿਕਲ ਗਏ ਹਨ, ਪਾਪੀ ਹਨ, ਅਪਰਾਧੀ ਹਨ, ਉਹ ਨਿੱਕੇ ਪੁੱਤਰ ਦੀ ਤਰ੍ਹਾਂ। ਹੋਰ ਜੀਸਸ ਨੇ ਇੱਕ ਵੱਡਾ ਅਨੋਖਾ ਸੂਤਰਪਾਤ ਕੀਤਾ। ਅਤੇ ਏਥੇ ਹੀ

ਯਹੂਦੀ ਧਰਮ ਨਾਲ ਉਨ੍ਹਾਂ ਦਾ ਵਿਰੋਧ ਹੋ ਗਿਆ। ਕਿਉਂਕਿ ਯਹੂਦੀ ਮੰਨਦੇ ਸੀ ਜਿਸ ਨੇ ਗ਼ਲਤੀ ਕੀਤੀ ਹੈ, ਪਰਮਾਤਮਾ ਉਸ ਨੂੰ ਸਜ਼ਾ ਦੇਵੇਗਾ ਅਤੇ ਜੀਸਸ ਨੇ ਕਿਹਾ ਉਹ ਉਸਦਾ ਸਵਾਗਤ ਕਰੇਗਾ, ਕਿਉਂਕਿ ਉਸ ਦਾ ਪ੍ਰੇਮ ਹੈ। ਤੁਸੀਂ ਕਿੰਨਾ ਹੀ ਗ਼ਲਤ ਕਰੋ, ਤੁਸੀਂ ਉਸਦੇ ਪ੍ਰੇਮ ਨੂੰ ਨਸ਼ਟ ਨਹੀਂ ਕਰ ਸਕਦੇ ਹੋ। ਤੁਸੀਂ ਕਿੰਨੇ ਹੀ ਦੂਰ ਜਾਓ। ਤੁਸੀਂ ਉਸਦੇ ਹਿਰਦੇ ਤੋਂ ਦੂਰ ਨਹੀਂ ਜਾ ਸਕਦੇ ਹੋ। ਤੁਸੀਂ ਪਿੱਠ ਕਰ ਸਕਦੇ ਹੋ, ਉਹ ਪਿੱਠ ਨਹੀਂ ਕਰੇਗਾ। ਉਹ ਪਿਤਾ ਹੈ।

ਅਸਤਿੱਤਵ ਨਾਲ ਸਾਡਾ ਇੱਕ ਡੂੰਘਾ ਸੰਬੰਧ ਹੈ ਅਤੇ ਅਸਤਿੱਤਵ ਖੁਸ਼ ਹੋਏਗਾ। ਹਿੰਦੂ ਇਸ ਗੱਲ ਨੂੰ ਬਹੁਤ ਪੁਰਾਣੇ ਵਕਤਾਂ ਤੋਂ ਜਾਣਦੇ ਰਹੇ ਹਨ। ਅਸੀਂ ਤਾਂ ਕਿਹਾ ਹੈ, ਜਦ ਬੁੱਧਤਵ ਨੂੰ ਕੋਈ ਉਪਲਬਧ ਹੁੰਦਾ ਹੈ, ਤਾਂ ਸਮੇਂ ਤੋਂ ਪਹਿਲਾਂ ਹੀ ਫੁੱਲ ਖਿੜ ਜਾਂਦੇ ਹਨ। ਜਿੱਥੇ ਵੀ ਬੁੱਧ ਲੰਘਦੇ ਹਨ, ਉਥੇ ਬਿਨਾਂ ਮੌਸਮ ਤੋਂ, ਅਜੇ ਫੁੱਲ ਖਿੜਣ ਦਾ ਮੌਕਾ ਨਹੀਂ ਸੀ, ਅਤੇ ਫੁੱਲ ਖਿੜ ਜਾਂਦੇ ਹਨ। ਕਿਉਂਕਿ ਅਸਤਿੱਤਵ ਖੁਸ਼ ਹੁੰਦਾ ਹੈ।

ਨਾਨਕ ਉਹ ਹੀ ਕਹਿ ਰਹੇ ਹਨ- *'ਵੇਖੈ ਵਿਗਸੈ ਕਰਿ ਵੀਚਾਰੁ॥'*

ਅਤੇ ਬਹੁਤ ਖੁਸ਼ ਹੁੰਦਾ ਹੈ ਪਰਮਾਤਮਾ, ਜਦ ਕੋਈ ਪਰਤਦਾ ਹੈ। ਸੁਤੰਤਰਤਾ ਅਤੇ ਪ੍ਰੇਮ ਦਾ ਸੰਜੋਗ। ਤੁਸੀਂ ਕੁਝ ਵੀ ਕਰੋ, ਤੁਸੀਂ ਉਸ ਨੂੰ ਨਾਰਾਜ਼ ਨਹੀਂ ਕਰ ਸਕੋਗੇ। ਉਸਦਾ ਲਗਾਵ ਤੁਹਾਡੇ ਸਭ ਕਰਨ ਨਾਲੋਂ ਡੂੰਘਾ ਹੈ। ਲੇਕਿਨ ਉਸਦੀ ਆਸਕਤੀ ਸਾਡੀ ਆਸਕਤੀ ਨਹੀਂ ਹੈ, ਕਿ ਤੁਹਾਡੀ ਗਰਦਨ ਨੂੰ ਫੜ ਲਵੇ, ਕਿ ਤੁਹਾਡੇ ਲਈ ਬੰਧਨ ਬਣ ਜਾਏ।

ਪਰਮਾਤਮਾ ਜੇਲ੍ਹਖਾਨਾ ਨਹੀਂ ਹੈ। ਪਰਮਾਤਮਾ ਪ੍ਰੇਮ ਹੈ। ਪ੍ਰੇਮ ਸੁਤੰਤਰਤਾ ਬੜੀ ਔਖੀ ਗੱਲ ਹੈ ਕਹਿਣੀ, ਕਿਉਂਕਿ ਦੋਵੇਂ ਵਿਪਰੀਤ ਗੱਲਾਂ ਹਨ। ਜਾਂ ਤਾਂ ਤੁਸੀਂ ਪ੍ਰੇਮ ਕਰਦੇ ਹੋ ਤਾਂ ਤੁਸੀਂ ਸੁਤੰਤਰਤਾ ਖੋਹ ਲੈਂਦੇ ਹੋ। ਤੁਸੀਂ ਸੁਤੰਤਰਤਾ ਦਿੰਦੇ ਹੋ ਤਾਂ ਪ੍ਰੇਮ ਨੂੰ ਵਿਦਾਇਗੀ ਦੇ ਦਿੰਦੇ ਹੋ। ਆਸਕਤ ਅਤੇ ਅਨਾਸਕਤ ਦੋਵੇਂ, ਰਾਗ ਅਤੇ ਵੈਰਾਗ ਦੋਵੇਂ ਜਿੱਥੇ ਸਾਰੇ ਵਿਪਰੀਤ ਇਕੱਠੇ ਹੋ ਜਾਂਦੇ ਹਨ। ਉਹ ਮਹਾਂਸੰਗਮ ਹੈ।

ਇਸ ਲਈ ਨਾਨਕ ਕਹਿੰਦੇ ਹਨ— *'ਨਾਨਕ ਕਥਨਾ ਕਰੜਾ ਸਾਰੁ॥'* ਉਸ ਦੇ ਸੰਬੰਧ ਵਿੱਚ ਕੁਝ ਵੀ ਕਹਿਣਾ ਲੋਹੇ ਦੇ ਚਨੇ ਚਬਾਉਣ ਵਰਗਾ ਹੈ।

*ਅੱਜ ਏਨਾ ਹੀ।*

# ਨਾਨਕ ਨਦਰੀ ਨਦਰਿ ਨਿਹਾਲ

ਜਤੁ ਪਾਹਾਰਾ ਧੀਰਜੁ ਸੁਨਿਆਰੁ॥ ਅਹਰਣਿ ਮਤਿ ਵੇਦੁ ਹਥੀਆਰੁ॥
ਭਉ ਖਲਾ ਅਗਨਿ ਤਪ ਤਾਉ॥ ਭਾਂਡਾ ਭਾਉ ਅੰਮ੍ਰਿਤੁ ਤਿਤੁ ਢਾਲਿ॥
ਘੜੀਐ ਸਬਦੁ ਸਚੀ ਟਕਸਾਲ॥ ਜਿਨ ਕਉ ਨਦਰਿ ਕਰਮੁ ਤਿਨ ਕਾਰ॥
ਨਾਨਕ ਨਦਰੀ ਨਦਰਿ ਨਿਹਾਲ॥ ੩੮॥

ਸਲੋਕੁ॥

ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ॥
ਦਿਵਸੁ ਰਾਤਿ ਦੁਇ ਦਾਈ ਦਾਇਆ ਖੇਲੈ ਸਗਲ ਜਗਤੁ॥
ਚੰਗਿਆਈਆ ਬੁਰਿਆਈਆ ਵਾਚੈ ਧਰਮੁ ਹਦੂਰਿ॥
ਕਰਮੀ ਆਪੋ ਆਪਣੀ ਕੇ ਨੇੜੈ ਕੇ ਦੂਰਿ॥
ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ॥
ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ॥ ੧॥

ਇੱਕ-ਇੱਕ ਸ਼ਬਦ ਸਮਝਣ ਵਰਗਾ ਹੈ। ਸੰਯਮ ਭੱਠੀ ਹੈ, ਧੀਰਜ ਸੁਨਿਆਰ ਹੈ, ਬੁੱਧੀ ਨਿਹਾਈ (ਛੀਣੀ) ਹੈ, ਅਤੇ ਗਿਆਨ ਹਥੌੜਾ ਹੈ। ਭੈਅ ਹੀ ਧੌਂਕਣੀ ਹੈ ਅਤੇ ਤਪੱਸਿਆ ਅਗਨੀ ਹੈ। ਭਾਵ ਹੀ ਪਾਤਰ ਹੈ, ਜਿਸ ਵਿੱਚ ਅੰਮ੍ਰਿਤ ਢਲਦਾ ਹੈ। ਸਤਯ ਦੀ ਟਕਸਾਲ ਨਾਲ ਸ਼ਬਦ ਦਾ ਸਿੱਕਾ ਘੜਿਆ ਜਾਂਦਾ ਹੈ। ਜਿਨ੍ਹਾਂ 'ਤੇ ਉਸਦੀ ਕਿਰਪਾ ਦ੍ਰਿਸ਼ਟੀ ਹੁੰਦੀ ਹੈ. ਉਹ ਹੀ ਇਹ ਕਰ ਸਕਦੇ ਹਨ। ਨਾਨਕ ਕਹਿੰਦੇ ਹਨ, ਉਹ ਉਸ ਕਿਰਪਾ ਦ੍ਰਿਸ਼ਟੀ ਨਾਲ ਨਿਹਾਲ ਹੋ ਉਠਦੇ ਹਨ।

ਸੰਯਮ ਦਾ ਅਰਥ ਹੈ ਜੀਵਨ ਨੂੰ ਦਿਸ਼ਾ ਦੇਣਾ, ਜੀਵਨ ਨੂੰ ਰਾਹ ਦੇਣਾ, ਜੀਵਨ ਨੂੰ ਨਿਸ਼ਾਨਾ ਦੇਣਾ, ਮੰਜ਼ਿਲ ਦੇਣਾ। ਬਿਨਾਂ ਸੰਯਮ ਤੋਂ ਆਦਮੀ ਅਜਿਹਾ ਹੈ, ਜਿਹੜਾ ਸਾਰੀਆਂ ਦਿਸ਼ਾਵਾਂ ਵਿੱਚ ਭੱਜ ਰਿਹਾ ਹੋਵੇ। ਜਿਸ ਨੂੰ ਠੀਕ ਪਤਾ ਨਾ ਹੋਵੇ ਕਿ ਕਿੱਥੇ ਜਾਣਾ ਹੈ, ਜਿਸ ਨੂੰ ਠੀਕ ਪਤਾ ਨਾ ਹੋਵੇ, ਕੀ ਪਾਉਣਾ ਹੈ, ਜਿਸ ਦਾ ਕੋਈ ਨਿਸ਼ਾਨਾ ਨਾ ਹੋਵੇ। ਬਿਨਾਂ ਸੰਯਮ ਤੋਂ ਜੀਵਨ ਅਜਿਹਾ ਹੈ, ਜਿਵੇਂ ਹਨੇਰੇ ਵਿੱਚ ਅੰਨ੍ਹਾਂ ਆਦਮੀ ਤੀਰ ਨੂੰ ਚਲਾ ਦੇਵੇ। ਸੰਯਮ ਦਾ ਜੀਵਨ ਹੈ, ਨਿਸ਼ਾਨੇ ਦਾ ਸਹੀ ਬੋਧ, ਨਿਸ਼ਾਨਾ ਤੀਰ ਨੂੰ ਉਸੇ ਦਿਸ਼ਾ ਵਿੱਚ ਛੱਡਣਾ ਹੈ ਜਿੱਥੇ ਲੱਕਸ਼ ਹੈ। ਜੇਕਰ ਤੁਸੀਂ ਕਿਤੇ ਵੀ ਤੀਰ ਨੂੰ ਛੱਡ ਦਿਓਗੇ, ਜੇਕਰ ਕਿਸੇ ਵੀ ਦਿਸ਼ਾ ਵਿੱਚ ਛੱਡ ਦਿਓਗੇ ਹਨੇਰੇ ਵਿੱਚ ਅਤੇ ਅੰਨ੍ਹੇ ਦੀ ਤਰ੍ਹਾਂ, ਤਾਂ ਕੋਈ ਸੰਭਾਵਨਾ (ਉਮੀਦ) ਨਹੀਂ ਹੈ ਕਿ ਤੁਸੀਂ ਕਿਸੇ ਸਥਿਤੀ ਨੂੰ ਉਪਲਬਧ ਹੋ ਸਕੋ। ਕੋਈ ਸਿੱਧੀ ਸੰਭਵ ਨਹੀਂ ਹੈ ਬਿਨਾਂ ਸੰਯਮ ਦੇ।

ਸੋ ਸੰਯਮ ਦਾ ਪਹਿਲਾ ਅਰਥ ਤਾਂ ਇਹ ਹੈ, ਇੱਕ ਦਿਸ਼ਾ, ਇੱਕ ਗੰਤਵੱਯ (ਮੰਜ਼ਿਲ)। ਗੰਤਵੱਯ ਜਿਵੇਂ ਹੀ ਤੁਸੀਂ ਫੜਿਆ। ਉਸ ਗੰਤਵਯ ਦੇ ਵਿਪਰੀਤ ਜੋ ਵੀ ਹੈ, ਉਸ ਨੂੰ ਛੱਡਣ ਦੀ ਸਮਰੱਥਾ ਇਕੱਠੀ ਕਰਨੀ ਪਏਗੀ। ਜੀਵਨ ਵਿੱਚ ਸਭ ਕੁਝ ਨਹੀਂ ਪਾਇਆ ਜਾ ਸਕਦਾ। ਜੇਕਰ ਤੁਸੀਂ ਇੱਕ ਚੀਜ਼ ਪਾਉਣਾ ਚਾਹੁੰਦੇ ਹੋ, ਹਜ਼ਾਰ ਚੀਜ਼ਾਂ ਛੱਡਣੀਆਂ ਪੈਣਗੀਆਂ। ਜਿਸ ਨੇ ਸਭ ਕੁਝ ਪਾਉਣ ਦੀ ਕੋਸ਼ਿਸ਼ ਕੀਤੀ, ਉਹ ਬਿਨਾਂ ਕੁਝ ਪਾਏ ਸਮਾਪਤ ਹੋ ਜਾਂਦਾ ਹੈ। ਪਾਉਣ ਦਾ ਅਰਥ ਹੀ ਹੈ ਕਿ ਤੁਸੀਂ ਚੁਣਾਓ ਕੀਤਾ।

ਤੁਸੀਂ ਮੈਨੂੰ ਸੁਣਨ ਆਏ ਹੋ। ਤੁਹਾਨੂੰ ਬਹੁਤ ਕੁਝ ਸੰਯਮ ਕਰਨਾ ਪਿਆ ਹੈ, ਇਸ ਚੋਣ ਲਈ। ਕੁਝ ਕੰਮ ਅਧੂਰਾ ਹੈ ਜਿਹੜਾ ਤੁਸੀਂ ਘਰ ਛੱਡ ਆਏ ਹੋ। ਇਸ ਵੇਲੇ ਦੀ ਦੂਜੀ ਵਰਤੋਂ ਵੀ ਹੋ ਸਕਦੀ ਸੀ। ਤੁਸੀਂ ਬਾਜ਼ਾਰ ਵਿੱਚ ਧਨ ਕਮਾ ਸਕਦੇ ਸੀ। ਇਸ ਸਮੇਂ ਦੀ ਉਪਯੋਗਤਾ ਬਹੁਤ ਸੀ, ਪਰ ਤੁਸੀਂ ਇੱਕ ਨਿਸ਼ਚਾ ਕੀਤਾ ਹੈ, ਤੁਸੀਂ ਏਥੇ ਟੂਰ ਆਏ ਹੋ। ਇਸਦਾ ਅਰਥ ਹੈ ਤੁਸੀਂ ਕੁਝ ਛੱਡਿਆ ਹੈ। ਇਸ ਸਮੇਂ ਤੋਂ ਜੋ ਜੋ ਸੰਭਾਵਨਾਵਾਂ ਸਨ,

ਉਹ ਸਾਰੀਆਂ ਤੁਸੀਂ ਛੱਡੀਆਂ ਅਤੇ ਇੱਕ ਸੰਭਾਵਨਾ ਨੂੰ ਚੁਣਿਆ ਹੈ। ਹਰ ਇੱਕ ਪਲ ਦੀਆਂ ਅਨੰਤ ਸੰਭਾਵਨਾਵਾਂ ਹਨ। ਇੱਕ ਇੱਕ ਪਲ ਹਜ਼ਾਰਾਂ ਦਿਸ਼ਾਵਾਂ ਵਿੱਚ ਲਿਜਾ ਸਕਦਾ ਹੈ। ਜਿਹੜਾ ਆਦਮੀ ਵੇਸਵਾ ਦੇ ਘਰ ਗਿਆ ਹੈ, ਉਹ ਮੰਦਰ ਦਾ ਤਿਆਗ ਕਰਕੇ ਗਿਆ ਹੈ। ਉਹ ਮੰਦਰ ਵੀ ਜਾ ਸਕਦਾ ਸੀ। ਉਸ ਨੇ ਸੰਯਮ ਰੱਖਿਆ ਹੈ ਮੰਦਰ ਨਾ ਜਾਣ ਦਾ। ਜਿਹੜਾ ਮੰਦਰ ਗਿਆ ਹੈ, ਉਹ ਹੀ ਵੇਸਵਾ ਦੇ ਘਰ ਜਾ ਸਕਦਾ ਸੀ। ਉਸ ਨੇ ਵੀ ਸੰਯਮ ਰੱਖਿਆ ਹੈ, ਵੇਸਵਾ ਦੇ ਘਰ ਨਾ ਜਾਣ ਦਾ। ਹੋਰ ਹਜ਼ਾਰ ਸੰਭਾਵਨਾਵਾਂ ਸਨ। ਇੱਕ-ਇੱਕ ਕਦਮ ਤੁਸੀਂ ਚੁੱਕਦੇ ਹੋ, ਤਦ ਤੁਸੀਂ ਹਜ਼ਾਰਾਂ ਕਦਮ ਛੱਡਦੇ ਹੋ। ਜਿਹੜਾ ਟੁਰਦਾ ਹੀ ਨਹੀਂ ਹੈ, ਉਸੇ ਨੂੰ ਸੰਯਮ ਦੀ ਲੋੜ ਨਹੀਂ ਹੈ। ਜੋ ਵੀ ਟੁਰੇਗਾ ਉਸ ਨੂੰ ਤਾਂ ਹੋਸ਼ ਨਾਲ ਚੋਣ ਇੱਕ-ਇੱਕ ਕਦਮ ਲਈ ਕਰਨੀ ਹੋਵੇਗੀ।

ਤਾਂ ਦਿਸ਼ਾ, ਮਾਰਗ, ਲੱਕਸ਼, ਜਦ ਇਨ੍ਹਾਂ ਤਿੰਨਾਂ ਦਾ ਤਾਲ-ਮੇਲ ਬੈਠ ਜਾਂਦਾ ਹੈ। ਜਦ ਤੁਹਾਡੇ ਜੀਵਨ ਵਿੱਚ ਸੰਯਮ ਦੀ ਉਪਲਬਧੀ ਹੁੰਦੀ ਹੈ। ਨਾਨਕ ਕਹਿੰਦੇ ਹਨ, ਸੰਯਮ ਭੱਠੀ ਹੈ। ਜਿਸ ਵਿੱਚ ਸੋਨਾ ਨਿਖਰਦਾ ਹੈ, ਕੂੜਾ ਸੜ ਜਾਂਦਾ ਹੈ। ਸਚੇਤਨ ਰੂਪ ਵਿੱਚ ਲੱਕਸ਼ ਨੂੰ ਚੁਣ ਲੈਣਾ, ਤੁਹਾਡੇ ਜੀਵਨ ਦਾ ਤੀਰ ਬਣ ਜਾਂਦਾ ਹੈ। ਤਦ ਤੁਸੀਂ ਕਿਤੇ ਜਾ ਰਹੇ ਹੋ। ਤੁਸੀਂ ਇਵੇਂ ਹੀ ਠੋਕਰਾਂ ਖਾ ਕੇ ਇਸ ਕੋਨੇ ਤੋਂ ਉਸ ਕੋਨੇ ਤੱਕ ਨਹੀਂ ਡਿੱਗ ਰਹੇ ਹੋ। ਤੁਸੀਂ ਇਵੇਂ ਹੀ ਭੀੜ ਦੇ ਧੱਕੇ ਵਿੱਚ ਕਿਤੇ ਨਹੀਂ ਟੁਰੇ ਜਾ ਰਹੇ ਹੋ। ਤੁਸੀਂ ਇਵੇਂ ਹੀ ਵਾਸ਼ਨਾਵਾਂ ਦੇ ਰਾਹੀਂ ਕਿਤੇ ਵੀ ਨਹੀਂ ਲਿਜਾਏ ਜਾ ਰਹੇ ਹੋ।

ਅਤੇ ਵਾਸਨਾ ਵਿੱਚ ਖੁੱਭੇ ਹੋਏ ਆਦਮੀ ਤੇ ਸੰਯਮੀ ਆਦਮੀ ਦਾ ਇਹ ਹੀ ਬੁਨਿਆਦੀ ਭੇਦ ਹੈ। ਵਾਸਨਾ ਵਿੱਚ ਡੁੱਬਿਆ ਹੋਇਆ ਆਦਮੀ ਹਜ਼ਾਰ ਦਿਸ਼ਾਵਾਂ ਵਿੱਚ ਇਕੱਠਾ ਭੱਜਦਾ ਹੈ। ਇਸ ਲਈ ਵਾਸਨਾ 'ਚ ਡੁੱਬਿਆ ਹੋਇਆ ਹੌਲੀ-ਹੌਲੀ ਪਾਗ਼ਲ ਹੋ ਜਾਂਦਾ ਹੈ। ਹੋ ਹੀ ਜਾਏਗਾ। ਜਿਸ ਦੇ ਜੀਵਨ ਵਿੱਚ ਦਿਸ਼ਾ ਨਾ ਹੋਵੇ, ਉਹ ਪਾਗ਼ਲ ਹੋ ਹੀ ਜਾਏਗਾ। ਕਿਉਂਕਿ ਉਹ ਹਜ਼ਾਰ ਕੰਮ ਨਾਲ-ਨਾਲ ਕਰਨਾ ਚਾਹੁੰਦਾ ਹੈ। ਏਧਰ ਬਹਿ ਕੇ ਭੋਜਨ ਕਰਦਾ ਹੈ, ਉਹ ਵੀ ਪੂਰਾ ਨਹੀਂ ਕਰ ਸਕਦਾ, ਉਸ ਦੇ ਮਨ 'ਚ ਦੁਕਾਨ ਚੱਲਦੀ ਰਹਿੰਦੀ ਹੈ। ਦੁਕਾਨ ਉਤੇ ਬਹਿ ਕੇ ਉਹ ਹਜ਼ਾਰ ਦੂਜੇ ਕੰਮ ਮਨ ਵਿੱਚ ਕਰਦਾ ਰਹਿੰਦਾ ਹੈ। ਉਸਦੇ ਹਜ਼ਾਰ ਹੱਥ ਹੁੰਦੇ, ਹਜ਼ਾਰ ਪੈਰ ਹੁੰਦੇ, ਹਜ਼ਾਰ ਸ਼ਰੀਰ ਹੁੰਦੇ, ਤਾਂ ਤੁਸੀਂ ਉਸਦੀ ਅਸਲੀ ਹਾਲਤ ਵੇਖ ਸਕਦੇ ਉਹ ਹਜ਼ਾਰ ਪਾਸੇ ਇਕੱਲਾ ਹੀ ਟੁਰ ਗਿਆ ਹੁੰਦਾ। ਦੁਬਾਰਾ ਉਨ੍ਹਾਂ ਹਜ਼ਾਰ ਆਦਮੀਆਂ ਦਾ ਕਦੇ ਵੀ ਮਿਲਨ ਨਹੀਂ ਹੁੰਦਾ। ਪਰ ਇਹ ਹੀ ਅੰਦਰੂਨੀ ਹਾਲਤ ਹੈ। ਤੁਹਾਡਾ ਮਨ ਤਾਂ ਬਿਨਾਂ ਹੱਥ, ਬਿਨਾਂ ਪੈਰਾਂ ਤੋਂ ਹਜ਼ਾਰ ਦਿਸ਼ਾਵਾਂ ਵਿੱਚ ਇਕੱਠਾ ਚਲਾ ਜਾਂਦਾ ਹੈ। ਤੁਸੀਂ ਇਸ ਲਈ ਤਾਂ ਖਿੰਡੇ ਹੁੰਦੇ ਹੋ, ਟੁੱਕੜੇ-ਟੁੱਕੜੇ ਹੋ ਅਤੇ ਜਦ ਤੱਕ ਤੁਸੀਂ ਅਖੰਡ ਨਾ ਹੋ ਜਾਓ, ਤਦ ਤੱਕ ਪ੍ਰਭੂ ਦੇ ਚਰਨਾਂ

ਵਿੱਚ ਚੜ੍ਹਣ ਦੇ ਲਾਇਕ ਨਹੀਂ ਹੋ ਸਕੋਗੇ। ਉਥੇ ਤਾਂ ਅਖੰਡ ਹੀ ਚੜ੍ਹੇਗਾ।

ਇਸ ਅਖੰਡਤਾ ਦੇ ਕਾਰਣ ਹੀ ਤਾਂ ਬਹੁਤ ਪੁਰਾਣੀਆਂ ਪ੍ਰਚਲਿਤ ਧਾਰਣਾਵਾਂ ਹਨ। ਇਸਲਾਮ ਵਿੱਚ ਇੱਕ ਧਾਰਣਾ ਹੈ ਕਿ ਜੇਕਰ ਕੋਈ ਆਦਮੀ ਮਰ ਜਾਏ ਅਤੇ ਮਰਨ ਤੋਂ ਪਹਿਲਾਂ ਉਸਦਾ ਹੱਥ ਟੁੱਟ ਗਿਆ ਹੋਵੇ ਜਾਂ ਉਂਗਲੀ ਕੱਟੀ ਗਈ ਹੋਵੇ ਜਾਂ ਕੋਈ ਅਪਰੇਸ਼ਨ ਹੋਇਆ ਹੋਵੇ ਤਾਂ ਉਹ ਪਰਮਾਤਮਾ ਦੇ ਚਰਨਾਂ 'ਚ ਪੁੱਜਣ ਦੇ ਲਾਇਕ ਨਹੀਂ ਰਹਿ ਜਾਏਗਾ। ਇਸ ਲਈ ਮੁਸਲਮਾਨ ਅਪਰੇਸ਼ਨ ਕਰਾਉਣ ਤੋਂ ਡਰਦਾ ਹੈ। ਕਰਾਉਂਦਾ ਵੀ ਹੈ ਤਾਂ ਵੀ ਅਪਰਾਧ ਭਾਵ ਮਹਿਸੂਸ ਕਰਦਾ ਹੈ। ਕਿਉਂਕਿ ਉਹ ਪਰਮਾਤਮਾ ਦੇ ਲਾਇਕ ਨਹੀਂ ਰਹਿ ਸਕਿਆ। ਪਖਤੂਨਿਸਤਾਨ ਵਿੱਚ ਪਖਤੂਨ ਆਪਰੇਸ਼ਨ ਵੀ ਕਰਦੇ ਹਨ, ਜੇਕਰ ਉਨ੍ਹਾਂ ਦਾ ਹੱਥ ਕੱਟਿਆ ਗਿਆ ਤਾਂ ਹੱਥ ਨੂੰ ਸਾਂਭ ਕੇ ਰੱਖਦੇ ਹਨ। ਮਰਨ ਵੇਲੇ ਉਨ੍ਹਾਂ ਦੀ ਕਬਰ ਵਿੱਚ ਉਹ ਹੱਥ ਨਾਲ ਰੱਖ ਦਿੱਤਾ ਜਾਂਦਾ ਹੈ ਤਾਂ ਕਿ ਪਰਮਾਤਮਾ ਦੇ ਸਾਹਮਣੇ ਜਦ ਉਹ ਜਾਣ ਤਾਂ ਅਧੂਰੇ ਨਾ ਹੋਣ। ਇਹ ਗੱਲ ਤਾਂ ਬਹੁਤ ਮਹੱਤਵਪੂਰਣ ਹੈ, ਪਰ ਇਸਦਾ ਅਰਥ ਬਹੁਤ ਗ਼ਲਤ ਲੈ ਲਿਆ ਗਿਆ ਹੈ। ਪਰਮਾਤਮਾ ਦੇ ਸਾਹਮਣੇ ਤੁਸੀਂ ਅਖੰਡ ਹੀ ਪੁੱਜ ਸਕੋਗੇ, ਅਜਿਹੀ ਧਾਰਣਾ ਹਿੰਦੂਆਂ ਵਿੱਚ ਵੀ ਹੈ। ਤੁਸੀਂ ਕਹਾਣੀਆਂ ਸੁਣੀਆਂ ਹੋਣਗੀਆਂ ਕਿ ਜੇਕਰ ਯੱਗ ਵਿੱਚ, ਜਦ ਆਦਮੀ ਦੀ ਬਲੀ ਦਿੱਤੀ ਜਾਂਦੀ ਸੀ, ਤਾਂ ਸਰਵਾਂਗ (ਸਾਰੇ ਅੰਗਾਂ ਵਾਲਾ) ਆਦਮੀ ਲੱਭਿਆ ਜਾਂਦਾ ਸੀ। ਜੇਕਰ ਜ਼ਰਾ ਕੁ ਜਿੰਨੀ ਉਂਗਲੀ ਵੀ ਕੱਟੀ ਹੋਈ ਹੋਵੇ ਤਾਂ ਯੱਗ ਵਿੱਚ ਆਹੁਤੀ ਦੇ ਲਾਇਕ ਨਹੀਂ ਸੀ। ਇੱਕ ਰਾਜਕੁਮਾਰ ਦਾ ਹੱਥ ਦਰਵਾਜ਼ੇ ਵਿੱਚ ਆ ਕੇ ਦੱਬਿਆ ਗਿਆ। ਉਂਗਲੀ ਟੁੱਟ ਗਈ। ਉਹ ਇੱਕ ਭਗਤ ਸੀ। ਉਸ ਨੇ ਆਪਣੇ ਨੌਕਰ ਨੂੰ ਪਿੱਛੇ ਮੁੜ ਕੇ ਕਿਹਾ, 'ਪਰਮਾਤਮਾ ਦੀ ਬਹੁਤ ਕਿਰਪਾ ਹੈ, ਉਂਗਲੀ ਹੀ ਟੁੱਟੀ ਹੈ ਫਾਂਸੀ ਵੀ ਲੱਗ ਸਕਦੀ ਸੀ।' ਉਸ ਨੌਕਰ ਨੇ ਕਿਹਾ, ਇਹ ਭਗਤੀ ਮੇਰੀ ਸਮਝ ਵਿੱਚ ਨਹੀਂ ਆਉਂਦੀ। ਨੌਕਰ ਤਰਕਨਿਸ਼ਠ ਸੀ। ਬੁੱਧੀਮਾਨ ਸੀ। ਉਸ ਨੇ ਕਿਹਾ, 'ਇਹ ਜ਼ਰਾ ਬਹੁਤ ਜ਼ਿਆਦਾ ਹੈ। ਇਹ ਸ਼ਰਧਾ ਮੇਰੀ ਪਕੜ ਵਿੱਚ ਨਹੀਂ ਆਉਂਦੀ। ਉਂਗਲੀ ਕੱਟੀ ਗਈ, ਖ਼ੂਨ ਵਗ ਰਿਹਾ ਹੈ, ਸੱਟ ਲੱਗੀ ਹੈ। ਤੁਸੀਂ ਧੰਨਵਾਦ ਦੇ ਰਹੇ ਹੋ। ਇਹ ਧੋਖਾ ਹੈ। ਇਹ ਤੁਸੀਂ ਆਪਣੇ ਆਪ ਨੂੰ ਸਮਝਾ ਰਹੇ ਹੋ।

ਉਸ ਰਾਜ ਕੁਮਾਰ ਨੇ ਕਿਹਾ, 'ਰੁਕੋ, ਇਹ ਵਕਤ ਹੀ ਦੱਸੇਗਾ।' ਕਿਉਂਕਿ ਸ਼ਰਧਾ ਲਈ ਕੋਈ ਵੀ ਤਰਕ ਨਹੀਂ ਦਿੱਤਾ ਜਾ ਸਕਦਾ। ਸਿਰਫ਼ ਵਕਤ ਹੀ ਦੱਸੇਗਾ। ਵਕਤ ਹੀ ਦੱਸ ਸਕਦਾ ਹੈ ਕਿ ਸ਼ਰਧਾਵਾਨ ਸਹੀ ਸੀ ਜਾਂ ਗ਼ਲਤ ਸੀ। ਕੋਈ ਹੋਰ ਦੂਜਾ ਪ੍ਰਮਾਣ ਨਹੀਂ ਹੋ ਸਕਦਾ। ਸ਼ਿਕਾਰ ਖੇਡਣ ਦੋਵੇਂ ਗਏ ਸਨ, ਰਾਹ ਭਟਕ ਗਏ ਅਤੇ ਜੰਗਲ ਵਿੱਚ ਕੁਝ ਅਵਧੂਤਾਂ ਨੇ ਉਨ੍ਹਾਂ ਨੂੰ ਫੜ ਲਿਆ। ਜਿਹੜੇ ਆਦਮੀ ਦੀ ਬਲੀ ਦੇਣਾ ਚਾਹੁੰਦੇ

ਸੀ। ਜਦ ਉਨ੍ਹਾਂ ਨੇ ਰਾਜਕੁਮਾਰ ਨੂੰ ਬਲੀ ਦੇ ਲਈ ਖੜ੍ਹਾ ਕੀਤਾ ਤਾਂ ਵੇਖਿਆ ਕਿ ਉਸਦੀ ਇੱਕ ਉਂਗਲੀ ਕੱਟੀ ਹੋਈ ਹੈ। ਤਾਂ ਉਨ੍ਹਾਂ ਨੇ ਕਿਹਾ, ਇਹ ਆਦਮੀ ਬੇਕਾਰ ਹੈ, ਇਹ ਸਾਡੇ ਕਿਸੇ ਕੰਮ ਦਾ ਨਹੀਂ, ਨੌਕਰ ਪੂਰੇ ਅੰਗਾਂ ਵਾਲਾ ਸੀ, ਉਨ੍ਹਾਂ ਨੇ ਉਸਦੀ ਬਲੀ ਦੇ ਦਿੱਤੀ। ਜਦ ਉਸਦੀ ਬਲੀ ਦਿੱਤੀ ਜਾ ਰਹੀ ਸੀ ਤਾਂ ਰਾਜ ਕੁਮਾਰ ਨੇ ਕਿਹਾ, 'ਯਾਦ ਕਰ' ਮੈਂ ਕਿਹਾ ਸ੍ਰੀ ਕਿ ਪਰਮਾਤਮਾ ਦੀ ਕਿਰਪਾ ਹੈ, ਮੇਰੀ ਉਂਗਲੀ ਟੁੱਟ ਗਈ। ਫਾਂਸੀ ਵੀ ਹੋ ਸਕਦੀ ਸੀ ਅਤੇ ਵਕਤ ਹੀ ਦੱਸ ਸਕਦਾ ਹੈ ਕਿ ਮੈਂ ਸਹੀ ਸੀ ਜਾਂ ਗ਼ਲਤ ਸੀ ਅਤੇ ਵਕਤ ਹੁਣ ਦੱਸ ਰਿਹਾ ਹੈ।

ਯੱਗ ਵਿੱਚ ਵੀ ਪੂਰੇ ਆਦਮੀ ਦੀ ਬਲੀ ਦਿੱਤੀ ਜਾਂਦੀ ਸੀ। ਪਰ ਇਹ ਗੱਲ ਵੀ ਨਾਸਮਝੀ ਦੀ ਹੋ ਗਈ। ਮਤਲਬ ਸਿਰਫ਼ ਏਨਾ ਹੈ ਕਿ ਪਰਮਾਤਮਾ ਵਿੱਚ ਉਹ ਹੀ ਆਦਮੀ ਪ੍ਰਵੇਸ਼ ਪਾ ਸਕਦਾ ਹੈ, ਜਿਹੜਾ ਅਖੰਡ ਹੋਵੇ। ਜਿਹੜਾ ਕੋਈ ਵੀ ਟੁਕੜਾ ਇਧਰ-ਉਧਰ ਨਾ ਪਿਆ ਹੋਵੇ। ਜਿਹੜਾ ਪੂਰਾ ਹੋਵੇ, ਇੰਟੀਗਰੇਟਿਡ ਹੋਵੇ। ਪੂਰੇ ਤੁਸੀਂ ਤਦ ਹੀ ਹੋਵੋਗੇ। ਉਂਗਲੀ ਕੱਟੀ ਜਾਣ ਨਾਲ ਕੋਈ ਅਧੂਰਾ ਨਹੀਂ ਹੁੰਦਾ। ਸਿਰ ਵੀ ਕੱਟ ਜਾਏ ਤਾਂ ਵੀ ਅਧੂਰਾ ਨਹੀਂ ਹੁੰਦਾ। ਲੇਕਿਨ ਚੇਤਨਾ ਜਦ ਕੱਟ ਜਾਂਦੀ ਹੈ, ਤਦ ਆਦਮੀ ਅਧੂਰਾ ਹੋ ਜਾਂਦਾ ਹੈ, ਤੁਹਾਡਾ ਮਨ ਜਦੋਂ ਖਿੰਡ ਜਾਂਦਾ ਹੈ। ਅਤੇ ਤੁਹਾਡਾ ਮਨ ਇਸ ਤਰ੍ਹਾਂ ਹੈ ਜਿਵੇਂ ਪਾਰਾ ਹੋਵੇ। ਪਾਰੇ ਨੂੰ ਛੱਡ ਦਿਓ ਹਜ਼ਾਰ ਟੁਕੜੇ ਹੋ ਜਾਂਦੇ ਹਨ ਝਟਪਟ। ਉਸ ਨੂੰ ਫੜਣਾ ਮੁਸ਼ਕਿਲ ਹੋ ਜਾਏਗਾ। ਤੁਸੀਂ ਫੜਣ ਜਾਓਗੇ, ਜਿਸ ਪਾਰੇ ਦੇ ਕਣ ਨੂੰ ਫੜੋਗੇ ਉਹ ਹੀ ਦਸ ਕਣਾਂ ਵਿੱਚ ਟੁੱਟ ਜਾਏਗਾ। ਤੁਹਾਡਾ ਮਨ ਪਾਰੇ ਦੇ ਵਾਂਗ ਹੈ। ਕਿੰਨੇ ਟੁਕੜੇ ਉਸਦੇ ਹੋ ਗਏ ਹਨ ਅਤੇ ਸਾਰੇ ਟੁਕੜੇ ਵੱਖਰੇ-ਵੱਖਰੇ ਜਾ ਰਹੇ ਹਨ। ਜੇਕਰ ਤੁਸੀਂ ਠੀਕ ਤਰ੍ਹਾਂ ਆਪਣੇ ਅੰਦਰ ਜਾਗਰੂਕ ਹੋ ਜਾਓ ਤਾਂ ਤੁਸੀਂ ਵੇਖੋਗੇ, ਇੱਕ ਮਨ ਪੂਰਬ ਜਾ ਰਿਹਾ ਹੈ, ਇੱਕ ਮਨ ਪੱਛਮ ਜਾ ਰਿਹਾ ਹੈ, ਇੱਕ ਉੱਤਰ ਜਾ ਰਿਹਾ ਹੈ, ਇੱਕ ਦੱਖਣ ਜਾ ਰਿਹਾ ਹੈ। ਇੱਕ ਧਨ ਚਾਹੁੰਦਾ ਹੈ, ਇੱਕ ਧਰਮ ਪਾਉਣਾ ਚਾਹੁੰਦਾ ਹੈ। ਸਾਰੇ ਪਾਸਿਆਂ ਵੱਲ ਜਾ ਰਿਹਾ ਹੈ।

ਮੁੱਲਾ ਨਸਰੂਦੀਨ ਪਤਨੀ ਦੀ ਤਲਾਸ਼ ਵਿੱਚ ਸੀ। ਚਾਹੁੰਦਾ ਸੀ ਬਹੁਤ ਸੋਹਣੀ ਇਸਤ੍ਰੀ ਮਿਲ ਜਾਏ। ਪਰ ਜਦ ਵਿਆਹ ਕਰਕੇ ਪਰਤਿਆ ਤਾਂ ਇੱਕ ਕਰੂਪ ਇਸਤ੍ਰੀ ਲੈ ਆਇਆ। ਤਾਂ ਦੋਸਤਾਂ ਨੇ ਉਸ ਕੋਲੋਂ ਪੁੱਛਿਆ ਇਹ ਤੂੰ ਕੀ ਕੀਤਾ? ਉਸ ਨੇ ਕਿਹਾ, ਬਹੁਤ ਮੁਸੀਬਤ ਹੋ ਗਈ। ਜਿਸ ਆਦਮੀ ਦੇ ਘਰ ਮੈਂ ਕੁੜੀ ਵੇਖਣ ਗਿਆ ਸੀ। ਉਸ ਆਦਮੀ ਨੇ ਕਿਹਾ ਕਿ ਮੇਰੀਆਂ ਚਾਰ ਕੁੜੀਆਂ ਹਨ। ਪਹਿਲੀ ਕੁੜੀ ਦੀ ਉਮਰ ਪੱਚੀ ਸਾਲ ਹੈ ਅਤੇ ਉਸ ਲਈ ਮੈਂ ਪੱਚੀ ਹਜ਼ਾਰ ਦਾ ਦਾਜ ਦੇਣ ਦਾ ਪ੍ਰਬੰਧ ਕਰ ਰੱਖਿਆ ਹੈ। ਉਹ ਕੁੜੀ ਬਹੁਤ ਸੋਹਣੀ ਸੀ। ਪਰ ਮੈਂ ਉਸ ਨੂੰ ਪੁੱਛਿਆ, ਕਿ ਤੇਰੀਆਂ ਬਾਕੀ

ਕੁੜੀਆਂ ਦੇ ਸੰਬੰਧ ਵਿੱਚ ਕਿ ਖ਼ਿਆਲ ਹੈ? ਤਾਂ ਕਿਹਾ ਦੂਜੀ ਕੁੜੀ ਦੀ ਉਮਰ ਤੀਹ ਸਾਲ ਹੈ, ਉਸ ਲਈ ਤੀਹ ਹਜ਼ਾਰ ਦਾ ਪ੍ਰਬੰਧ ਕਰ ਰੱਖਿਆ ਹੈ। ਤੀਸਰੀ ਦੀ ਉਮਰ ਪੈਂਤੀ ਸਾਲ ਹੈ, ਉਸ ਲਈ ਪੈਂਤੀ ਹਜ਼ਾਰ ਦਾ ਪ੍ਰਬੰਧ ਕਰ ਰੱਖਿਆ ਹੈ, ਅਤੇ ਉਹ ਆਦਮੀ ਚੌਥੀ ਦੀ ਉਮਰ ਦੱਸਣ ਵਿੱਚ ਡਰਿਆ। ਪਰ ਮੈਂ ਪੁੱਛਿਆ, ਤੁਸੀਂ ਚੌਥੀ ਦੇ ਸੰਬੰਧ ਵਿੱਚ ਵੀ ਬਿਨਾਂ ਸੰਕੋਚ ਕਹੋ। ਉਸਨੇ ਕਿਹਾ ਉਸ ਦੀ ਉਮਰ ਪੰਜਾਹ ਸਾਲ ਹੈ ਅਤੇ ਉਸ ਲਈ ਪੰਜਾਹ ਹਜ਼ਾਰ ਦਾ ਪ੍ਰਬੰਧ ਕਰ ਰੱਖਿਆ ਹੈ। ਤਾਂ ਮੁੱਲਾ ਨੇ ਕਿਹਾ ਮੈਨੂੰ ਪਤਾ ਹੀ ਨਹੀਂ ਕਿ ਕਿਵੇਂ ਮੇਰੇ ਮੂੰਹੋਂ ਨਿਕਲ ਗਿਆ—ਕਿ ਕੋਈ ਹੋਰ ਕੁੜੀ ਨਹੀਂ ਹੈ ਤੁਹਾਡੀ, ਜਿਸ ਦੀ ਉਮਰ ਸੱਠ ਸਾਲ ਹੋਵੇ ਅਤੇ ਪੰਜਾਹ ਸਾਲ ਦੀ ਜਨਾਨੀ ਨਾਲ ਵਿਆਹ ਕਰਕੇ ਘਰ ਮੁੜ ਆਇਆ, ਇਹ ਤਾਂ ਮੈਨੂੰ ਰਾਹ ਵਿੱਚ ਹੀ ਪਤਾ ਲੱਗਾ ਕਿ ਇਹ ਮੈਂ ਕੀ ਕੀਤਾ। ਪਰ ਮਨ ਬਹੁਤ ਖੰਡ ਹੈ। ਇੱਕ ਖੰਡ ਖੂਬਸੂਰਤੀ ਨੂੰ ਮੰਗਦਾ ਹੈ, ਇੱਕ ਖੰਡ ਧਨ ਨੂੰ ਮੰਗਦਾ ਹੈ। ਇਸ ਲਈ ਆਪਣੇ ਮਨ 'ਤੇ ਭਰੋਸਾ ਨਹੀਂ ਕਰਨਾ। ਤੁਸੀਂ ਕੁਝ ਲੈਣ ਜਾਓਗੇ, ਕੁਝ ਲੈ ਕੇ ਮੁੜ ਆਓਗੇ ਅਤੇ ਤੁਹਾਨੂੰ ਅਜਿਹਾ ਬਹੁਤ ਵਾਰੀ ਹੋਇਆ ਹੈ ਕਿ ਬਾਜ਼ਾਰ ਤੁਸੀਂ ਲੈਣ ਕੁਝ ਗਏ ਸੀ ਅਤੇ ਲੈ ਕੇ ਤੁਸੀਂ ਕੁਝ ਹੋਰ ਪਰਤ ਆਏ। ਇਸ ਧਰਤੀ 'ਤੇ ਵੀ ਤੁਸੀਂ ਕੁਝ ਹੋਰ ਹੀ ਲੈਣ ਆਏ ਹੋ ਅਤੇ ਕੁਝ ਹੋਰ ਹੀ ਲੈ ਕੇ ਮੁੜ ਜਾਂਦੇ ਹੋ। ਤੁਸੀਂ ਆਪਣੇ ਮਨ 'ਤੇ ਭਰੋਸਾ ਨਾ ਕਰਨਾ। ਤੁਸੀਂ ਜੇਕਰ ਆਪਣੇ ਮਨ 'ਤੇ ਭਰੋਸਾ ਕੀਤਾ, ਤਾਂ ਤੁਸੀਂ ਕਿਤੇ ਦੇ ਨਾ ਰਹਿ ਜਾਓਗੇ, ਮਨ 'ਤੇ ਜੇਕਰ ਭਰੋਸਾ ਕੀਤਾ ਤਾਂ ਤੁਸੀਂ ਖੰਡ- ਖੰਡ ਹੋ ਜਾਓਗੇ, ਪਾਰੇ ਦੇ ਵਾਂਗ ਟੁੱਟ ਜਾਓਗੇ।

ਸੰਯਮ ਦਾ ਅਰਥ ਹੈ, ਮਨ ਦਾ ਭਰੋਸਾ ਛੱਡ ਦੇਣਾ। ਮਨ ਦੀ ਕਦੇ ਨਾ ਸੁਣਨਾ। ਮਨ ਦੇ ਪਿੱਛੇ ਜੋ ਸਾਖ਼ਸ਼ੀ ਛੁਪਿਆ ਹੈ ਉਸਦੀ ਸੁਣਨਾ ਅਤੇ ਸਾਖ਼ਸ਼ੀ ਦੀ ਤੁਸੀਂ ਸੁਣੋਗੇ ਤਾਂ ਯਾਦ ਰੱਖ ਸਕੋਗੇ ਕਿ ਤੁਸੀਂ ਕੀ ਪ੍ਰਾਪਤ ਕਰਨ ਵਿੱਚ ਸੰਸਾਰ ਵਿੱਚ ਆਏ ਹੋ। ਕੀ ਖਰੀਦਣ ਆਏ ਹੋ ਬਾਜ਼ਾਰ ਵਿੱਚ। ਉਹ ਯਾਦ ਤੁਹਾਡਾ ਨਿਸ਼ਾਨਾ ਬਣੇਗੀ। ਤਦ ਤੁਸੀਂ ਬਹੁਤ ਸਾਰੇ ਰਾਹ, ਜਿਹੜੇ ਟੁੱਟਦੇ ਹਨ, ਵੱਖਰੀਆਂ-ਵੱਖਰੀਆਂ ਦਿਸ਼ਾਵਾਂ ਵਿੱਚ, ਉਨ੍ਹਾਂ ਨੂੰ ਛੱਡਣ ਦੀ ਹਿੰਮਤ ਰੱਖ ਸਕੋਗੇ। ਸੰਯਮ ਦਾ ਅਰਥ ਹੈ, ਸਾਰ ਲਈ ਅਸਾਰ ਨੂੰ ਛੱਡਣ ਦੀ ਤਾਕਤ। ਵਿਅਰਥ ਲਈ, ਜਿਸਦਾ ਕੋਈ ਮੁੱਲ ਨਹੀਂ ਹੈ, ਜਿਸ ਨਾਲ ਅੰਤਿਮ ਕੋਈ ਸਿੱਧੀ ਪੂਰੀ ਨਹੀਂ ਹੋਏਗੀ। ਜਿਸ ਨਾਲ ਜੀਵਨ ਵਿੱਚ ਕੋਈ ਸ਼ਾਂਤੀ, ਕੋਈ ਆਨੰਦ, ਕੋਈ ਸਤਯ ਨਹੀਂ ਫਲੇਗਾ।

ਉਸਦਾ ਵੀ 'ਟੇਮਪਟੇਸ਼ਨ' ਹੈ, ਉਸ ਦੀ ਵੀ ਵੱਡੀ ਉਤੇਜਨਾ ਹੈ। ਉਹ ਵੀ ਆਕਰਸ਼ਿਤ (ਖਿਚਾਵ) ਕਰਦਾ ਹੈ ਅਤੇ ਤੁਸੀਂ ਕਈ ਬਾਰ ਕਹਿੰਦੇ ਹੋ ਕਿ ਕੀ ਹਰਜ਼ਾ ਹੈ? ਰਾਹ ਵਿੱਚ ਉਤਰ ਕੇ ਥੋੜ੍ਹੇ ਜਿਹੇ ਫੁੱਲ ਤੋੜ ਲਈਏ, ਫਿਰ ਰਾਹ ਉਤੇ ਆ ਜਾਵਾਂਗੇ।

ਪਰ ਫੁੱਲ ਨੂੰ ਤੋੜਣ ਜਦ ਤੁਸੀਂ ਉਤਰਦੇ ਹੋ ਅਤੇ ਚਾਰ ਕਦਮ ਤੁਸੀਂ ਫੁੱਲ ਦੇ ਵੱਲ ਟੁਰਦੇ ਹੋ, ਤਦ ਹੋਰ ਵੀ ਫੁੱਲ ਹਨ ਅੱਗੇ। ਅਤੇ ਤੁਹਾਡੀ ਯਾਤਰਾ ਬਦਲ ਗਈ। ਤੁਸੀਂ ਜ਼ਰਾ ਇੰਚ ਭਰ ਏਧਰ-ਉਧਰ ਹਟੇ, ਤੁਸੀਂ ਜ਼ਰਾ ਕੁ ਜਿੰਨਾ ਖਿਨ ਭਰ ਦਾ ਮੋਹ ਆਪਣੇ ਅੰਦਰ ਬਚਾਇਆ, ਤੁਸੀਂ ਜ਼ਰਾ ਝੁਕੇ ਕਿ ਤੁਸੀਂ ਗਏ। ਤੁਹਾਡੇ ਭਟਕਣ ਲਈ ਹਜ਼ਾਰ ਰਾਹ ਹਨ ਅਤੇ ਪੁੱਜਣ ਲਈ ਇੱਕ ਰਾਹ ਹੈ। ਇਸ ਲਈ ਵੱਡੀ ਯਾਦਦਾਸ਼ਤ ਦੀ ਲੋੜ ਹੈ। ਲਗਾਤਾਰ ਸਮਰਣ ਦੀ ਜ਼ਰੂਰਤ ਹੈ ਕਿ ਭਟਕਣ ਲਈ ਹਜ਼ਾਰ ਉਪਾਅ ਹਨ ਪਰ ਪਹੁੰਚਣ ਲਈ ਇੱਕ ਉਪਾਅ ਹੈ। ਭਟਕਾਉਣ ਵਾਲੇ ਕਰੋੜ ਹਨ, ਪਹੁੰਚਾਉਣ ਵਾਲਾ ਇੱਕ ਹੈ। ਭਟਕਣਾ ਚਾਹੋ ਤਾਂ ਕੋਈ ਅੰਤ ਨਹੀਂ ਹੈ। ਜਨਮਾਂ-ਜਨਮਾਂ ਤੱਕ ਭਟਕਦੇ ਰਹੋ। ਉਹ ਹੀ ਤੁਸੀਂ ਕੀਤਾ ਹੈ, ਉਹ ਹੀ ਤੁਸੀਂ ਹੁਣ ਵੀ ਕਰ ਰਹੇ ਹੋ। ਪਹੁੰਚਣਾ ਹੋਵੇ ਤਾਂ ਇੱਕ ਰਾਹ ਹੈ।

ਸਮਰਣ ਰੱਖਣਾ, ਸਤਯ ਅਨੰਤ ਨਹੀਂ ਹੈ, ਸਤਯ ਇੱਕ ਹੈ। ਅਸਤਯ ਅਨੰਤ ਹਨ। ਉਨ੍ਹਾਂ ਦੀ ਕੋਈ ਗਿਣਤੀ ਕਰਨੀ ਸੰਭਵ ਨਹੀਂ ਹੈ। ਪ੍ਰਾਪਤ ਕਰਨ ਲਾਇਕ ਇੱਕ ਹੈ। ਛੱਡਣ ਲਾਇਕ ਅਨੰਤ ਹਨ। ਤੁਸੀਂ ਕਦੇ ਜੇਕਰ ਬੱਚਿਆਂ ਦੀਆਂ ਬੁਝਾਰਤਾਂ ਵੇਖੀਆਂ ਹਨ— 'ਪਜ਼ਲਸ' ਜਿਨ੍ਹਾਂ ਵਿੱਚ ਬੱਚਿਆਂ ਲਈ ਬਹੁਤ ਸਾਰੇ ਰਾਹ ਹੁੰਦੇ ਹਨ। ਦਰਵਾਜ਼ਾ ਇੱਕ ਹੁੰਦਾ ਹੈ ਨਿਕੱਲਣ ਦਾ, ਜਾ ਪਾਉਣ ਦਾ, ਭਟਕਣ ਲਈ ਬਹੁਤ ਸਾਰੇ ਰਾਹ ਹੁੰਦੇ ਹਨ। ਜਿਹੜੇ ਲੱਗਦੇ ਬਿਲਕੁਲ ਰਾਹਾਂ ਵਰਗੇ ਹਨ, ਪਰ ਤੁਸੀਂ ਜਦੋਂ ਟੁਰਦੇ ਹੋ ਉਨ੍ਹਾਂ 'ਤੇ, ਤਾਂ ਤੁਸੀਂ ਪਾਉਂਦੇ ਹੋ ਅੱਗੇ ਆ ਕੇ ਦਰਵਾਜ਼ਾ ਬੰਦ ਹੋ ਗਿਆ। ਕਿਤੇ ਨਿੱਕਲ ਨਹੀਂ ਸਕਦੇ।

ਜ਼ਿੰਦਗੀ ਵੀ ਉਹੋ ਜਿਹੀ ਹੀ ਇੱਕ ਬੁਝਾਰਤ ਹੈ ਅਤੇ ਬੱਚਿਆਂ ਦੀਆਂ ਬੁਝਾਰਤਾਂ ਤਾਂ ਬਹੁਤ ਨਿੱਕੀਆਂ ਹੁੰਦੀਆਂ ਹਨ। ਇੱਕ ਕਾਗਜ਼ ਉਤੇ ਬਣੀ ਹੁੰਦੀ ਹੈ। ਜ਼ਿੰਦਗੀ ਦੀ ਬੁਝਾਰਤ ਅੰਤਹੀਨ ਹੈ। ਨਾ ਉਸ ਦਾ ਕੋਈ ਆਦਿ ਹੈ ਨਾ ਕੋਈ ਅੰਤ ਹੈ। ਵੱਡੀ ਬੁਝਾਰਤ ਹੈ। ਇਸ ਲਈ ਤਾਂ ਗੁਰੂ ਦਾ ਮੁੱਲ ਹੈ, ਕਿਉਂਕਿ ਬੁਝਾਰਤ ਏਨੀ ਵੱਡੀ ਹੈ। ਜੇਕਰ ਤੁਸੀਂ ਆਪਣੇ ਹੀ ਸਹਾਰੇ ਲੱਭਣ ਦੀ ਕੋਸ਼ਿਸ਼ ਕੀਤੀ ਅਤੇ ਜੇਕਰ ਤੁਸੀਂ ਆਪਣੇ ਹੀ ਹੱਥ ਨਾਲ ਟੁਰਦੇ ਰਹੇ, ਤਾਂ ਤੁਸੀਂ ਹਜ਼ਾਰਾਂ ਵਾਰੀ ਭਟਕੋਗੇ।

ਅਤੇ ਤਦ ਖ਼ਤਰਾ ਇਹ ਹੈ ਕਿ ਕਿਤੇ ਹਜ਼ਾਰਾਂ ਵਾਰੀ ਭਟਕ ਕੇ ਤੁਸੀਂ ਇਹ ਨਾ ਸਮਝ ਲਓ, ਕਿ ਨਿੱਕਲਣ ਦਾ ਕੋਈ ਰਾਹ ਹੀ ਨਹੀਂ ਹੈ। ਕਿਤੇ ਤੁਸੀਂ ਨਾ ਉਮੀਦ ਨਾ ਹੋ ਜਾਓ, ਕਿਤੇ ਤੁਸੀਂ ਥੱਕ-ਟੁੱਟ ਕੇ ਬਹਿ ਹੀ ਨਾ ਜਾਓ। ਖ਼ਤਰਾ ਇਹ ਵੀ ਹੈ ਕਿ ਕਿਤੇ ਭਟਕਦੇ- ਭਟਕਦੇ, ਭਟਕਣਾ ਤੁਹਾਡੀ ਆਦਤ ਨਾ ਹੋ ਜਾਵੇ ਕਿਉਂਕਿ ਜਿਹੜੇ ਕੰਮ ਨੂੰ ਅਸੀਂ ਬਹੁਤ ਵਾਰੀ ਕਰਦੇ ਹਾਂ, ਉਸ ਨੂੰ ਕਰਨ ਵਿੱਚ ਅਸੀਂ ਕੁਸ਼ਲ ਹੋ ਜਾਂਦੇ ਹਾਂ।

ਉਹ ਕੰਮ ਕੋਈ ਵੀ ਹੋਵੇ। ਜੇਕਰ ਤੁਸੀਂ ਬਹੁਤ ਵਾਰੀ ਭਟਕਦੇ ਹੋ, ਤਾਂ ਤੁਸੀਂ ਭਟਕਣ ਵਿੱਚ ਕੁਸ਼ਲ ਹੋ ਜਾਂਦੇ ਹੋ। ਤੁਸੀਂ ਏਨੇ ਕੁਸ਼ਲ ਹੋ ਜਾਓਗੇ ਭਟਕਣ ਵਿੱਚ, ਕਿ ਠੀਕ ਰਾਹ ਵੀ ਤੁਹਾਡੇ ਸਾਹਮਣੇ ਹੋਏਗਾ, ਤਾਂ ਤੁਸੀਂ ਉਸ ਤੋਂ ਬਚ ਹੀ ਜਾਓਗੇ।

ਗੁਰੂ ਦਾ ਅਰਥ ਕੇਵਲ ਏਨਾ ਹੀ ਹੈ ਕਿ ਜਿਸ ਨੇ ਦਰਵਾਜ਼ਾ ਪ੍ਰਾਪਤ ਕਰ ਲਿਆ ਹੋਵੇ ਅਤੇ ਜੋ ਤੁਹਾਨੂੰ ਭਟਕਣ ਤੋਂ ਰੋਕੇ ਅਤੇ ਜੋ ਤੁਹਾਨੂੰ ਕਹੇ ਕਿ ਇਹ ਰਾਹ ਕਿੰਨਾ ਹੀ ਪ੍ਰਲੋਭਨ ਵਾਲਾ ਵਿਖਾਈ ਦਿੰਦਾ ਹੋਵੇ ਕਿਤੇ ਪੁਜਾਉਂਦਾ ਨਹੀਂ ਹੈ। ਅਖ਼ੀਰ ਵਿੱਚ ਤੁਸੀਂ ਕੰਧ ਪਾਓਗੇ। ਉਥੇ ਕੋਈ ਦਰਵਾਜ਼ਾ ਨਹੀਂ ਹੈ। ਤੁਸੀਂ ਧਨ ਨੂੰ ਕਿੰਨਾ ਹੀ ਪ੍ਰਾਪਤ ਕਰ ਲਓ, ਕੀ ਪਾਓਗੇ? ਅਖ਼ੀਰ ਵਿੱਚ ਪਾਓਗੇ, ਰਾਹ ਗੁਆਚ ਗਿਆ। ਤੁਸੀਂ ਪ੍ਰਤਿਸ਼ਠਾ ਸਾਂਭੋ, ਕਿੰਨੀ ਹੀ ਪ੍ਰਤਿਸ਼ਠਾ ਇਕੱਠੀ ਕਰ ਲਓ, ਕੀ ਮਿਲੇਗਾ, ਜਿਨ੍ਹਾਂ ਕੋਲੋਂ ਤੁਸੀਂ ਪ੍ਰਤਿਸ਼ਠਾ ਪਾਈ ਉਨ੍ਹਾਂ ਦੇ ਕੋਲ ਹੀ ਕੁਝ ਨਹੀਂ ਹੈ। ਉਹ ਤੁਹਾਨੂੰ ਕੀ ਦੇ ਸਕਣਗੇ? ਜਿਨ੍ਹਾਂ ਦਾ ਖ਼ੁਦ ਕੋਈ ਮੁੱਲ ਨਹੀਂ ਹੈ, ਉਨ੍ਹਾਂ ਦੇ ਵਿਚਾਰਾਂ ਦਾ ਕੀ ਮੁੱਲ ਹੋਵੇਗਾ? ਤੁਸੀਂ ਕਿਸਦੇ ਕੋਲੋਂ ਪੁੱਛਦੇ ਫ਼ਿਰ ਰਹੇ ਹੋ, ਤੁਸੀਂ ਕਿਸ ਦੀਆਂ ਅੱਖਾਂ ਵਿੱਚ ਪ੍ਰਤਿਸ਼ਠਾ ਪਾਉਣ ਲਈ ਉਤਾਵਲੇ ਹੋ? ਜਿਸਦੇ ਕੋਲ ਆਪਣੀਆਂ ਅੱਖਾਂ ਨਹੀਂ, ਜਿਹੜੇ ਅੰਨ੍ਹੇ ਹਨ, ਉਨ੍ਹਾਂ ਨੇ ਜੇਕਰ ਤੁਹਾਡਾ ਸਨਮਾਨ ਵੀ ਕੀਤਾ, ਤਾਂ ਸਨਮਾਨ ਵਿੱਚ ਕੀ ਮੁੱਲ ਹੋਏਗਾ? ਉਹ ਪਾਣੀ ਦਾ ਬੁਲਬੁਲਾ ਹੈ। ਮਿਲੇਗਾ ਵੀ ਨਹੀਂ ਅਤੇ ਫੁੱਟ ਜਾਏਗਾ।

ਨਾਨਕ ਕਹਿੰਦੇ ਹਨ, ਸੰਯਮ ਭੱਠੀ ਹੈ। 'ਭੱਠੀ' ਵੀ ਬਹੁਤ ਵਿਚਾਰ ਕਰਕੇ ਕਹਿੰਦੇ ਹਨ। ਕਿਉਂਕਿ ਸੰਯਮ ਕੋਈ ਫੁੱਲਾਂ ਦੀ ਸੇਜ ਨਹੀਂ ਹੈ, ਅੱਗ ਹੈ। ਮਨ ਤਾਂ ਚਾਹੇਗਾ ਫੁੱਲਾਂ ਦੀ ਸੇਜ ਅਤੇ ਸੰਯਮ ਤਾਂ ਅਗਨੀ ਹੈ। ਇਸ ਲਈ ਮਨ ਸੰਯਮ ਤੋਂ ਬਚਦਾ ਹੈ। ਮਨ ਅਸੰਯਮ ਦੇ ਲਈ ਸਾਰੇ ਤਰਕ ਲੱਭਦਾ ਹੈ ਅਤੇ ਸੰਯਮ ਦੇ ਵਿਰੋਧ ਵਿੱਚ ਤਰਕ ਲੱਭਦਾ ਹੈ। ਮਨ ਅਸੰਯਮ ਨੂੰ ਕਹਿੰਦਾ ਹੈ ਭੋਗ, ਸੰਯਮ ਨੂੰ ਕਹਿੰਦਾ ਹੈ ਦੁੱਖ, ਜਦ ਕਿ ਸਥਿਤੀ ਬਿਲਕੁਲ ਉਲਟੀ ਹੈ।

ਭੋਗ ਦੁੱਖ ਹੈ, ਕਿਉਂਕਿ ਜਿੰਨਾਂ ਤੁਸੀਂ ਭੋਗਦੇ ਹੋ ਓਨਾਂ ਹੀ ਤੁਸੀਂ ਸੜਦੇ ਹੋ। ਹਰ ਭੋਗ ਤੁਹਾਨੂੰ ਗਹਿਰੇ ਅਫ਼ਸੋਸ ਵਿੱਚ ਛੱਡ ਜਾਂਦਾ ਹੈ। ਹਰ ਭੋਗ ਤੋਂ ਪਿਛੋਂ ਤੁਸੀਂ ਪਾਉਂਦੇ ਹੋ ਕਿ ਤੁਸੀਂ ਹੋਰ ਵੀ ਟੁੱਟ ਗਏ। ਤੁਸੀਂ ਹੋਰ ਵੀ ਭ੍ਰਿਸ਼ਟ ਹੋ ਗਏ। ਪਹਿਲਾਂ ਹੀ ਤੁਹਾਡੇ ਕੋਲ ਕੁਝ ਨਹੀਂ ਸੀ। ਜੋ ਸੀ ਉਹ ਵੀ ਹੁਣ ਖੋਹ ਲਿਆ ਗਿਆ। ਹਰ ਭੋਗ ਤੁਹਾਨੂੰ ਭਿਖਾਰੀ ਬਣਾ ਜਾਂਦਾ ਹੈ, ਫ਼ੇਰ ਵੀ ਮਨ ਕਹਿੰਦਾ ਹੈ ਭੋਗ ਲਵੋ, ਵਕਤ ਭੱਜਦਾ ਜਾ ਰਿਹਾ ਹੈ। ਕੌਣ ਜਾਣੇ ਫੇਰ ਸਮਾਂ ਮਿਲੇ ਜਾਂ ਨਾ ਮਿਲੇ। ਮਨ ਕਹਿੰਦਾ ਹੈ ਭੋਗ ਲਵੋ। ਇਹ ਜੀਵਨ ਦਾ ਅਵਸਰ ਫੇਰ ਆਏ ਨਾ ਆਏ।

ਲੇਕਿਨ ਮਨ ਇਹ ਨਹੀਂ ਕਹਿੰਦਾ ਕਿ ਸੰਯਮ ਕਰ ਲਵੋ, ਜੀਵਨ ਦਾ ਅਵਸਰ ਫੇਰ

ਆਵੇ ਨਾ ਆਵੇ, ਸੰਯਮ ਕਰ ਲਵੋ, ਜੀਵਨ ਭਜਿਆ ਜਾ ਰਿਹਾ ਹੈ। ਸਮਾਂ ਹਰ ਪਲ ਮੁਕਦਾ ਜਾ ਰਿਹਾ ਹੈ। ਨਹੀਂ, ਮਨ ਸਮਝਾਉਂਦਾ ਹੈ ਸੰਯਮ ਦੇ ਉਲਟ। ਕਿਉਂਕਿ ਮਨ ਹਮੇਸ਼ਾਂ ਸੁੱਖ ਦੀ ਇੱਛਾ ਕਰਦਾ ਹੈ। ਇਸ ਨੂੰ ਥੋੜ੍ਹਾ ਗਹਿਰਾ ਸਮਝ ਲਵੋ। ਮਨ ਸਦਾ ਸੁੱਖ ਦੀ ਇੱਛਾ ਕਰਦਾ ਹੈ, ਲੇਕਿਨ ਪਾਉਂਦਾ ਸਦਾ ਦੁੱਖ ਹੈ। ਅਜਿਹਾ ਲੱਗਦਾ ਹੈ ਕਿ ਹਰ ਥਾਂ ਸੁੱਖ ਦੇ ਦਰਵਾਜ਼ੇ 'ਤੇ ਦੁੱਖ ਲਿਖਿਆ ਹੈ। ਸੁੱਖ ਵੇਖ ਕੇ ਮਨ ਪ੍ਰਵੇਸ਼ ਕਰ ਜਾਂਦਾ ਹੈ ਅਤੇ ਅੰਦਰ ਦੁੱਖ ਪਾਉਂਦਾ ਹੈ ਅਤੇ ਅਜਿਹਾ ਲੱਗਦਾ ਹੈ, ਹਰ ਦੁੱਖ ਦੇ ਦਰਵਾਜ਼ੇ ਉਤੇ ਜਿਵੇਂ ਸੁੱਖ ਲਿਖਿਆ ਹੈ, ਏਸੇ ਤਰ੍ਹਾਂ ਹੀ ਹਰ ਸੁੱਖ ਦੇ ਦਰਵਾਜ਼ੇ 'ਤੇ ਦੁੱਖ ਲਿਖਿਆ ਹੈ।

ਜਿਬ੍ਰਾਨ ਦੀ ਇੱਕ ਬਹੁਤ ਪ੍ਰੀਤਿਕਰ ਕਹਾਣੀ ਹੈ। ਕਿ ਸੰਸਾਰ ਦੇ ਜਨਮ ਸਮੇਂ ਪਰਮਾਤਮਾ ਨੇ ਜਦ ਸਭ ਬਣਾਇਆ, ਤਦ ਉਸ ਨੇ ਇੱਕ ਸੁੰਦਰਤਾ ਦੀ ਦੇਵੀ ਅਤੇ ਇੱਕ ਕਰੂਪਤਾ ਦੀ ਦੇਵੀ ਵੀ ਬਣਾਈ। ਉਨ੍ਹਾਂ ਦੋਹਾਂ ਨੂੰ ਉਸ ਨੇ ਧਰਤ 'ਤੇ ਭੇਜਿਆ। ਰਾਹ ਲੰਮਾ ਹੈ ਅਕਾਸ਼ ਤੋਂ ਧਰਤੀ ਤੱਕ ਆਉਣ ਦਾ, ਧੂੜ ਨਾਲ ਭਰ ਗਏ ਉਨ੍ਹਾਂ ਦੇ ਸ਼ਰੀਰ ਅਤੇ ਕਪੜੇ, ਲੰਮੀ ਯਾਤਰਾ ਸੀ। ਤਾਂ ਉਹ ਦੋਵੇਂ ਇੱਕ ਝੀਲ ਦੇ ਕੰਢੇ 'ਤੇ ਉਤਰੀਆਂ। ਝੀਲ ਵਿੱਚ ਇਸ਼ਨਾਨ ਕਰਨ ਲਈ ਦੋਹਾਂ ਨੇ ਆਪਣੇ ਕਪੜੇ ਝੀਲ ਦੇ ਕੰਢੇ 'ਤੇ ਰੱਖ ਦਿੱਤੇ। ਕੋਈ ਨੇੜੇ-ਤੇੜੇ ਵੀ ਨਹੀਂ ਸੀ। ਦੋਹਾਂ ਨੇ ਨੰਗੀਆਂ ਹੋ ਕੇ ਝੀਲ ਵਿੱਚ ਇਸ਼ਨਾਨ ਕੀਤਾ। ਸੁੰਦਰਤਾ ਦੀ ਦੇਵੀ ਤੈਰਦੀ ਹੋਈ ਦੂਰ ਤੱਕ ਨਿਕਲ ਗਈ। ਤਦੇ ਕਰੂਪਤਾ ਦੀ ਦੇਵੀ ਬਾਹਰ ਨਿਕਲੀ ਉਸ ਨੇ ਸੁੰਦਰਤਾ ਦੀ ਦੇਵੀ ਦੇ ਕਪੜੇ ਪਾ ਲਏ ਤੇ ਭੱਜ ਗਈ। ਸੁੰਦਰਤਾ ਦੀ ਦੇਵੀ ਨੇ ਪਿੱਛੇ ਮੁੜ ਕੇ ਵੇਖਿਆ ਤਾਂ ਉਹ ਬਹੁਤ ਹੈਰਾਨ ਹੋਈ। ਵੇਖਿਆ ਕਿ ਕਪੜੇ ਤਾਂ ਜਾ ਚੁਕੇ। ਸਵੇਰਾ ਹੁੰਦਾ ਜਾ ਰਿਹਾ ਸੀ। ਪਿੰਡ ਦੇ ਲੋਕ ਜਾਗਣ ਲੱਗ ਪਏ ਸਨ ਅਤੇ ਆਲੇ- ਦੁਆਲੇ ਦੇ ਲੋਕਾਂ ਦੇ ਆਉਣ ਦੀ ਚਹਿਲ ਪਹਿਲ ਸ਼ੁਰੂ ਹੋ ਗਈ ਸੀ। ਮਜਬੂਰੀ ਵਿੱਚ ਸੁੰਦਰਤਾ ਦੀ ਦੇਵੀ ਨੂੰ ਕਰੂਪਤਾ ਦੀ ਦੇਵੀ ਦੇ ਕਪੜੇ ਪਾ ਲੈਣੇ ਪਏ ਅਤੇ ਜਿਬ੍ਰਾਨ ਨੇ ਕਿਹਾ ਹੈ, ਤਦੋਂ ਤੋਂ ਸੁੰਦਰਤਾ ਦੀ ਦੇਵੀ ਕਰੂਪਤਾ ਦੀ ਦੇਵੀ ਦੇ ਕਪੜੇ ਪਾ ਕੇ ਘੁੰਮ ਰਹੀ ਹੈ। ਕਰੂਪਤਾ ਦੀ ਦੇਵੀ ਸੁੰਦਰਤਾ ਦੀ ਦੇਵੀ ਦੇ ਕਪੜੇ ਪਾਈ ਘੁੰਮ ਰਹੀ ਹੈ।

ਅਜਿਹਾ ਹੀ ਕੁਝ ਹੋਇਆ ਹੈ। ਦੁੱਖ, ਸੁੱਖ ਦੇ ਕਪੜੇ ਪਾਈ ਘੁੰਮ ਰਿਹਾ ਹੈ। ਅਸਤਯ, ਸਤਯ ਦੇ ਕਪੜੇ ਪਾਈ ਘੁੰਮ ਰਿਹਾ ਹੈ ਅਤੇ ਮਨ ਉਥੇ ਹੀ ਧੋਖਾ ਖਾ ਜਾਂਦਾ ਹੈ। ਕਪੜਿਆਂ ਦੇ ਅੰਦਰ ਵਿਪਰੀਤ ਹੈ। ਸੰਯਮ ਦਾ ਅਰਥ ਹੈ, ਪਹਿਲਾਂ ਤਾਂ ਤੁਹਾਨੂੰ ਦੁੱਖ ਮਾਲੂਮ ਹੋਏਗਾ। ਸੰਯਮ ਦਾ ਅਰਥ ਹੈ, ਪਹਿਲਾਂ ਤਾਂ ਬਹੁਤ ਔਖਿਆਈ ਮਾਲੂਮ ਹੋਵੇਗੀ। ਸਵੇਰੇ ਪੰਜ ਵਜੇ ਹੀ ਉਠਣਾ ਚਾਹੋ ਤਾਂ ਕਿੰਨੀ ਔਖਿਆਈ ਹੋ ਜਾਂਦੀ ਹੈ। ਸਾਰੀ

ਦੇਹ ਬਗ਼ਾਵਤ ਕਰਦੀ ਹੈ, ਸਾਰਾ ਮਨ ਨਾਂਹ ਕਰਦਾ ਹੈ। ਕਹਿੰਦਾ ਹੈ ਉੱਠ ਜਾਈਂ ਕੱਲ੍ਹ, ਛੇਤੀ ਕੀ ਹੈ, ਅੱਜ ਬਹੁਤ ਸਰਦੀ ਹੈ ਅਤੇ ਸੌਂਣਾ ਕਿੰਨਾ ਸੁਖਦਾਈ ਹੈ। ਸੌਂਣ ਨਾਲ ਕੁਝ ਮਿਲਿਆ ਵੀ ਨਹੀਂ ਹੈ ਅਤੇ ਸੌਣਾ ਕਿੰਨਾ ਸੁਖਦਾਈ ਹੈ, ਮਨ ਸਮਝਾਉਂਦਾ ਹੈ।

ਤੁਹਾਨੂੰ ਉਸ ਸੁੱਖ ਦਾ ਕੁਝ ਵੀ ਪਤਾ ਨਹੀਂ ਹੈ, ਜਿਹੜਾ ਬਾਹਰ ਉਜਾਗਰ ਹੋ ਰਿਹਾ ਹੈ ਸੂਰਜ ਦੇ ਰੂਪ ਵਿੱਚ। ਤੁਹਾਨੂੰ ਉਸ ਸੁੱਖ ਦਾ ਵੀ ਪਤਾ ਨਹੀਂ ਹੈ, ਜੋ ਬਾਹਰ ਪੰਛੀ ਗੀਤ ਗਾ ਰਹੇ ਹਨ, ਜਿਹੜਾ ਫੁੱਲਾਂ ਦੇ ਖਿੜਾਓ ਵਿੱਚ ਲੁਕਿਆ ਹੈ, ਜਿਹੜਾ ਸਵੇਰੇ ਦੀ ਤਰੇਲ ਵਿੱਚ ਲੁਕਿਆ ਹੈ। ਜਿਹੜਾ ਸਵੇਰ ਦੇ ਹੋਣ ਵਿੱਚ ਲੁਕਿਆ ਹੈ। ਕਿਉਂਕਿ ਸਵੇਰ ਤੋਂ ਬਹੁਤ ਸੋਹਣੀ ਹੋਰ ਕੋਈ ਘੜੀ ਨਹੀਂ ਹੈ। ਓਨੀ ਤਾਜ਼ੀ ਘੜੀ ਫੇਰ ਕਿੱਥੋਂ ਲੱਭੇਗੇ? ਜਿਹੜਾ ਸਵੇਰ ਨੂੰ ਭੁੱਲ ਗਿਆ, ਉਹ ਦਿਨ ਭਰ ਤਾਜ਼ਗੀ ਦੀ ਤਲਾਸ਼ ਕਰੇਗਾ, ਪਰ ਪਾ ਨਹੀਂ ਸਕੇਗਾ। ਪਰ ਮਨ ਕਹਿੰਦਾ ਹੈ ਥੋੜ੍ਹੀ ਦੇਰ ਹੋਰ ਸੌਂ ਲਵੋ, ਥੋੜ੍ਹੀ ਦੇਰ ਹੋਰ ਵਿਸ਼ਰਾਮ ਕਰ ਲਵੋ, ਇੱਕ ਕਰਵਟ ਹੋਰ।

ਅਤੇ ਇਹ ਹਰ ਤਰ੍ਹਾਂ ਦੀ ਨੀਂਦ ਦੇ ਸੰਬੰਧ ਵਿੱਚ ਮਨ ਦੀ ਦਲੀਲ ਹੈ। ਜਾਗਣਾ ਕਸ਼ਟ ਪੂਰਣ ਮਾਲੂਮ ਹੁੰਦਾ ਹੈ। ਸੌਂਣਾ ਸੁਖਦਾਈ ਮਾਲੂਮ ਹੁੰਦਾ ਹੈ ਅਤੇ ਜਾਗਣ ਨਾਲ ਹੀ ਸੁੱਖ ਮਿਲਦਾ ਹੈ। ਮਹਾਂ ਸੁੱਖ ਮਿਲਦਾ ਹੈ, ਸੌਂਣ ਨਾਲ ਆਦਮੀ ਸਿਰਫ਼ ਗੁਆਉਂਦਾ ਹੈ।

ਇਸ ਲਈ ਨਾਨਕ ਕਹਿੰਦੇ ਹਨ, ਸੰਯਮ ਭੱਠੀ ਹੈ। ਸੋਨਾ ਉਸਦੇ ਵਿੱਚ ਨਿਖਰੇਗਾ। ਲੇਕਿਨ ਅੱਗ ਵਿਚੋਂ ਲੰਘਣ ਦੀ ਸਮਰੱਥਤਾ, ਤਿਆਰੀ ਚਾਹੀਦੀ ਏ। ਕਸ਼ਟ ਵਿਚੋਂ ਲੰਘ ਕੇ ਹੀ ਕੋਈ ਮਹਾਂ ਸੁੱਖ ਨੂੰ ਪੁੱਜਦਾ ਹੈ। ਦੁੱਖ ਵਿੱਚੋਂ ਤਾਂ ਤੁਸੀਂ ਵੀ ਲੰਘਦੇ ਹੋ, ਪਰ ਬੇ-ਮਨ ਨਾਲ ਲੰਘਦੇ ਹੋ। ਤਦ ਉਹ ਸੰਯਮ ਨਹੀਂ ਹੈ। ਜਦ ਤੁਸੀਂ ਦੁੱਖ ਦੇ ਨਾਲ ਹੋਸ਼ਪੂਰਣ ਲੰਘਦੇ ਹੋ, ਜਦ ਤੁਸੀਂ ਦੁੱਖ ਨੂੰ ਅੰਗੀਕਾਰ ਕਰ ਲੈਂਦੇ ਹੋ, ਮਾਰਗ ਮਨ ਲੈਂਦੇ ਹੋ ਅਤੇ ਦੁੱਖ ਨੂੰ ਸਮਝ ਲੈਂਦੇ ਹੋ ਕਿ ਇਹ ਬਹੁਤ ਜ਼ਰੂਰੀ ਭੱਠੀ ਹੈ ਜੀਵਨ ਦੀ, ਜਿਸ ਵਿਚੋਂ ਲੰਘ ਕੇ ਮੈਂ ਨਿਖਰਾਂਗਾ, ਸਾਫ਼ ਹੋਵਾਂਗਾ। ਸ਼ੁੱਧ ਹੋਵਾਂਗਾ, ਤਦ ਦੁੱਖ ਦੀ ਪੂਰੀ ਕੀਮੀਆਂ ਬਦਲ ਜਾਂਦੀ ਹੈ।

ਦੁੱਖ ਵਿਚੋਂ ਤਾਂ ਸਾਰੇ ਹੀ ਲੰਘਦੇ ਹਨ। ਸੰਸਾਰੀ ਵੀ ਅਤੇ ਸੰਨਿਆਸੀ ਵੀ। ਸੰਸਾਰੀ ਬੇ-ਮਨ ਨਾਲ ਲੰਘਦਾ ਹੈ, ਰੋਂਦਾ ਹੋਇਆ ਲੰਘਦਾ ਹੈ, ਭੁੱਲ ਜਾਂਦਾ ਹੈ। ਇਸ ਲਈ ਜਿਹੜਾ ਜਾਗ ਕੇ ਲੰਘਦਾ ਹੈ, ਸਵੀਕਾਰ ਦੇ ਭਾਵ ਨਾਲ ਲੰਘਦਾ ਹੈ, ਦੁੱਖ ਨੂੰ ਅੰਗੀਕਾਰ ਕਰ ਲੈਂਦਾ ਹੈ, ਉਹ ਦੁੱਖ ਨੂੰ ਪਉੜੀ ਬਣਾ ਲੈਂਦਾ ਹੈ। ਉਹ ਦੁੱਖ ਦੇ ਪਾਰ ਚਲਾ ਜਾਂਦਾ ਹੈ। ਸੰਯਮ ਦਾ ਅਰਥ ਹੈ, ਦੁੱਖ ਨੂੰ ਰਾਹ ਬਣਾ ਲੈਣਾ, ਸਾਧਨ ਬਣਾ

ਲੈਣਾ। ਦੁੱਖ ਨਾਲ ਔਤ-ਪਰੋਤ ਨਾ ਹੋਣਾ, ਬਲਕਿ ਦੁੱਖ ਨੂੰ ਪੌੜੀ ਬਣਾ ਕੇ ਉਸ ਤੋਂ ਪਾਰ ਉੱਠ ਜਾਣਾ। ਭੱਠੀ ਵਰਗਾ ਹੈ।

ਅਤੇ ਧੀਰਜ ਸੁਨਾਰ ਹੈ। ਭੱਠੀ ਵਿੱਚ ਜਦ ਸੋਨੇ ਨੂੰ ਪਾਇਆ ਜਾਂਦਾ ਹੈ, ਤਾਂ ਬਹੁਤ ਧੀਰਜ ਰੱਖਣਾ ਪੈਂਦਾ ਹੈ। ਜਲਦਬਾਜ਼ੀ ਉਥੇ ਨਹੀਂ ਚਲੇਗੀ। ਜਿਸ ਨੇ ਛੇਤੀ ਕੀਤੀ, ਉਹ ਭੁੱਲਿਆ ਅਤੇ ਜਿਸ ਨੇ ਛੇਤੀ ਨਹੀਂ ਕੀਤੀ ਉਹ ਹਮੇਸ਼ਾਂ ਪੂੱਜ ਗਿਆ ਹੈ। ਛੇਤੀ ਦਾ ਅਰਥ ਹੀ ਇਹ ਹੈ ਕਿ ਤੁਸੀਂ ਦੁੱਖ ਨੂੰ ਸਵੀਕਾਰ ਨਹੀਂ ਕੀਤਾ। ਇਸ ਲਈ ਤੁਸੀਂ ਛੇਤੀ ਕਰ ਰਹੇ ਹੋ। ਤੁਸੀਂ ਦੁੱਖ ਦੀ ਮਹਿਮਾ ਨਹੀਂ ਜਾਣੀ ਕਿ ਦੁੱਖ ਨਿਖਾਰਦਾ ਹੈ, ਕਿ ਦੁੱਖ ਸੰਵਾਰਦਾ ਹੈ. ਕਿ ਦੁੱਖ ਵਿਅਰਥ ਤੋਂ ਛੁਟਕਾਰਾ ਦਿੰਦਾ ਹੈ। ਤੁਸੀਂ ਅਜੇ ਦੁੱਖ ਦਾ ਮਿਤ੍ਰਤਾ ਵਾਲਾ ਭਾਵ ਨਹੀਂ ਪਛਾਣਿਆ। ਜਿਸ ਨੇ ਦੁੱਖ ਵਿੱਚ ਮਿੱਤਰ ਨੂੰ ਵੇਖ ਲਿਆ, ਉਹ ਸੰਯਮੀ ਹੈ ਅਤੇ ਜਿਸ ਨੇ ਮਿੱਤਰ ਨੂੰ ਵੇਖ ਲਿਆ, ਛੇਤੀ ਕੀ ਹੈ? ਉਹ ਹੀ ਧੀਰਜ ਰੱਖ ਸਕਦਾ ਹੈ ਅਤੇ ਪਰਮਾਤਮਾ ਦੀ ਪ੍ਰਾਪਤੀ ਧੀਰਜ ਨਾਲ ਹੁੰਦੀ ਹੈ। ਅਨੰਤ ਉਡੀਕ ਚਾਹੀਦੀ ਹੈ। ਇਹ ਕੋਈ ਤੁੱਛ ਨਹੀਂ ਹੈ ਕਿ ਤੁਸੀਂ ਹੁਣੇ ਹੀ ਪਾ ਲਵੋ।

ਤੁਸੀਂ ਬੀ ਬੀਜਦੇ ਹੋ। ਮੌਸਮੀ ਫੁੱਲਾਂ ਦੇ ਬੀ, ਦੋ ਹਫ਼ਤਿਆਂ ਜਾਂ ਤਿੰਨ ਹਫ਼ਤਿਆਂ ਵਿੱਚ ਫੁੱਟ ਪੈਂਦੇ ਹਨ। ਛੇਵੇਂ ਹਫਤੇ ਵਿੱਚ ਤਾਂ ਫੁੱਲ ਲੱਗ ਜਾਂਦੇ ਹਨ। ਲੇਕਿਨ ਬਾਰ੍ਹਵਾਂ ਹਫ਼ਤਾ ਪੂਰਾ ਹੁੰਦੇ-ਹੁੰਦੇ ਪੌਦਾ ਨਸ਼ਟ ਹੋ ਜਾਂਦਾ ਹੈ। ਫ਼ਿਰ ਤੁਸੀਂ ਦੇਵਦਾਰ ਦੇ ਦਰੱਖ਼ਤ ਲਗਾਉਂਦੇ ਹੋ। ਜਿਹੜੇ ਸੌ ਸਾਲ ਜੀਉਂਣਗੇ, ਦੋ ਸੌ ਸਾਲ ਜੀਉਂਣਗੇ, ਫ਼ਿਰ ਅਮਰੀਕਾ ਵਿੱਚ ਅਜਿਹੇ ਦਰੱਖ਼ਤ ਹਨ, ਜਿਹੜੇ ਪੰਜ ਹਜ਼ਾਰ ਸਾਲ ਪੁਰਾਣੇ ਹਨ, ਉਨ੍ਹਾਂ ਨੂੰ ਵਧਣ ਵਿੱਚ ਬਹੁਤ ਵਕਤ ਲੱਗਦਾ ਹੈ। ਸਾਲਾਂ ਬੀ ਦੱਬਿਆ ਰਹਿੰਦਾ ਹੈ। ਤਦ ਕਿਤੇ ਜਾ ਕੇ ਫੁੱਟਦਾ ਹੈ। ਮੌਸਮੀ ਫੁੱਲ ਛੇਤੀ ਖਿੜ ਜਾਂਦੇ ਹਨ। ਇਸ ਜੀਵਨ ਦੇ ਜਿਹੜੇ ਤੁੱਛ ਸੁੱਖ ਹਨ। ਲੇਕਿਨ ਓਨੇ ਹੀ ਛੇਤੀ ਗੁੰਮ ਹੋ ਜਾਂਦੇ ਹਨ। ਧਿਆਨ ਰੱਖਣਾ, ਇਸ ਹਿਸਾਬ ਨੂੰ, ਜਿੰਨੀ ਛੇਤੀ ਮਿਲੇਗਾ, ਓਨੀ ਛੇਤੀ ਹੀ ਗੁਆਚ ਜਾਏਗਾ। ਜੇਕਰ ਪਰਮਾਤਮਾ ਨੂੰ ਹੀ ਪਾਉਣਾ ਹੈ, ਜੋ ਸਦਾ ਰਹੇਗਾ, ਤਾਂ ਅਨੰਤ ਧੀਰਜ ਦੀ ਜ਼ਰੂਰਤ ਹੈ।

ਇਸ ਦਾ ਇਹ ਅਰਥ ਨਹੀਂ ਹੈ ਕਿ ਅਨੰਤ ਕਾਲ ਬੀਤੇਗਾ ਤਦ ਤੁਹਾਨੂੰ ਮਿਲੇਗਾ। ਮਿਲ ਤਾਂ ਇੱਕ ਵੀ ਪਲ 'ਚ ਸਕਦਾ ਹੈ। ਲੇਕਿਨ ਤੁਹਾਨੂੰ ਅਨੰਦ ਧੀਰਜ ਰੱਖਣ ਦੀ ਸ਼ਕਤੀ ਚਾਹੀਦੀ ਹੈ।

ਅਤੇ ਇਸ ਗੱਲ ਨੂੰ ਵੀ ਠੀਕ ਤਰ੍ਹਾਂ ਸਮਝ ਲਵੋ। ਜਿੰਨਾਂ ਤੁਸੀਂ ਧੀਰਜ ਰੱਖ ਸਕੋਗੇ, ਓਨੀ ਛੇਤੀ ਮਿਲ ਜਾਏਗਾ ਅਤੇ ਜਿੰਨੀ ਤੁਸੀਂ ਜਲਦਬਾਜ਼ੀ ਕਰੋਗੇ, ਓਨੀ ਹੀ ਦੇਰ ਲੱਗ ਜਾਏਗੀ। ਕਿਉਂ? ਕਿਉਂਕਿ ਜਿੰਨਾਂ ਤੁਸੀਂ ਧੀਰਜ ਰੱਖਦੇ ਹੋ। ਓਨੇ ਹੀ ਤੁਸੀਂ ਡੂੰਘੇ ਹੋ ਜਾਂਦੇ ਹੋ। ਜਲਦਬਾਜ਼ੀ ਹੋਛੇ ਆਦਮੀ ਦਾ ਲੱਖਣ ਹੈ। ਜਲਦਬਾਜ਼ੀ ਬਚਕਾਨੇ ਸੁਭਾਅ ਦੀ

ਨਿਸ਼ਾਨੀ ਹੈ। ਨਿੱਕੇ ਬੱਚੇ ਅੰਬ ਦੇ ਬੀ ਬੀਜ ਦਿੰਦੇ ਹਨ ਅਤੇ ਘੜੀ ਕੁ ਪਿਛੋਂ ਫੇਰ ਕੱਢ ਕੇ ਵੇਖ ਲੈਂਦੇ ਹਨ, ਹੁਣ ਤੱਕ ਫੁਟਿਆ ਕਿ ਨਹੀਂ ਫੁਟਿਆ? ਇਹ ਫੁਟਾਓ ਕਦੇ ਵੀ ਨਹੀਂ ਹੋਏਗਾ। ਤੁਸੀਂ ਬਾਰ-ਬਾਰ ਉਘਾੜ ਕੇ ਵੇਖੋਗੇ, ਫੁਟਾਓ ਕਿਵੇਂ ਆਏਗਾ। ਧੀਰਜ ਤਾਂ ਰੱਖੋ ਥੋੜ੍ਹਾ।

ਤੁਸੀਂ ਵੇਖਿਆ ਪਿੰਡ ਵਿੱਚ ਕਿਸਾਨ ਹੈ, ਉਸ ਵਿੱਚ ਧੀਰਜ ਬਹੁਤਾ ਹੁੰਦਾ ਹੈ। ਉਸ ਵਿੱਚ ਸ਼ਾਂਤੀ ਵੀ ਵੱਖਰੀ ਹੀ ਹੁੰਦੀ ਹੈ। ਸ਼ਹਿਰ ਦਾ ਦੁਕਾਨਦਾਰ ਹੈ, ਉਸ ਵਿੱਚ ਧੀਰਜ ਘੱਟ ਹੁੰਦਾ ਹੈ। ਸ਼ਾਂਤੀ ਵੀ ਓਨੀ ਹੀ ਮਿਕਦਾਰ ਵਿੱਚ ਘੱਟ ਹੁੰਦੀ ਹੈ। ਜਿੰਨੇ ਤੁਸੀਂ ਡੂੰਘੇ ਪਿੰਡਾਂ ਵਿੱਚ ਪ੍ਰਵੇਸ਼ ਕਰੋਗੇ ਓਨਾਂ ਹੀ ਤੁਸੀਂ ਲੋਕਾਂ ਨੂੰ ਸ਼ਾਂਤ ਪਾਓਗੇ। ਉਸ ਦਾ ਕਾਰਣ ਹੈ ਕਿ ਕੁਦਰਤ ਦੇ ਨਾਲ ਉਨ੍ਹਾਂ ਨੂੰ ਧੀਰਜ ਰੱਖਣਾ ਪੈਂਦਾ ਹੈ। ਤੁਸੀਂ ਅੱਜ ਬੀਜ ਦਿੱਤੀ ਤਾਂ ਕੱਲ੍ਹ ਹੀ ਫ਼ਸਲ ਨਹੀਂ ਕੱਟ ਲਵੋਗੇ। ਤੁਹਾਨੂੰ ਧੀਰਜ ਰੱਖਣਾ ਪਏਗਾ। ਉਹ ਧੀਰਜ ਦੇ ਰਾਹ ਤੋਂ ਲੰਘ-ਲੰਘ ਕੇ ਸ਼ਾਂਤ ਹੋ ਜਾਂਦੇ ਹਨ। ਪਰ ਜਿਸ ਨੂੰ ਪਰਮਾਤਮਾ ਦੇ ਫੁੱਲ ਪਾਉਣੇ ਹਨ, ਉਸ ਨੇ ਤਾਂ ਅਨੰਤ ਦੀ ਖੇਤੀ ਕਰਨ ਦਾ ਵਿਚਾਰ ਕੀਤਾ ਹੈ।

ਨਾਨਕ ਨੂੰ ਉਨ੍ਹਾਂ ਦੇ ਪਿਤਾ ਬਾਰ-ਬਾਰ ਕਹਿੰਦੇ ਸੀ ਕਿ ਕੁਝ ਕੰਮ ਕਰੋ। ਕੁਝ ਨਹੀਂ ਬਣ ਸਕੇ ਤਾਂ ਤੁਸੀਂ ਖੇਤੀਬਾੜੀ ਸ਼ੁਰੂ ਕਰੋ। ਨਾਨਕ ਨੇ ਕਿਹਾ, ਖੇਤੀਬਾੜੀ ਤਾਂ ਮੈਂ ਕਰਦਾ ਹਾਂ। ਪਿਓ ਨੇ ਕਿਹਾ, ਹੁਣ ਤੇਰਾ ਦਿਮਾਗ਼ ਬਿਲਕੁਲ ਖਰਾਬ ਹੋ ਗਿਆ ਹੈ। ਤੂੰ ਕਿਥੇ ਅਤੇ ਕਦੋਂ ਖੇਤੀਬਾੜੀ ਕੀਤੀ? ਕਿੱਥੇ ਹੈ ਫ਼ਸਲ? ਕੀ ਕਮਾਇਆ। ਮੈਂ ਤਾਂ ਤੈਨੂੰ ਘਰ ਬੈਠਿਆਂ ਹੀ ਵੇਖਦਾ ਹਾਂ। ਨਾਨਕ ਨੇ ਕਿਹਾ, 'ਉਹ ਤਾਂ ਤੁਸੀਂ ਠੀਕ ਹੀ ਵੇਖਦੇ ਹੋ। ਮੈਂ ਜ਼ਰਾ ਦੂਜੇ ਢੰਗ ਦੀ ਖੇਤੀਬਾੜੀ ਕਰਦਾ ਸੀ। ਅਤੇ ਜੋ ਮੈਂ ਕਮਾਇਆ ਹੈ, ਉਹ ਮੇਰੇ ਅੰਦਰ ਹੈ ਅਤੇ ਹੋਰ ਪਰਮਾਤਮਾ ਦੀ ਕਿਰਪਾ ਹੋਵੇ, ਤੁਹਾਨੂੰ ਅੱਖਾਂ ਮਿਲਣ, ਤਾਂ ਉਹ ਵਿਸਾਖੀ ਪੈ ਸਕਦਾ ਹੈ। ਕਮਾਇਆ ਤਾਂ ਮੈਂ ਬਹੁਤ ਹੈ। ਫ਼ਸਲ ਵੀ ਬਹੁਤ ਕੱਟੀ ਹੈ ਲੇਕਿਨ ਫ਼ਸਲ ਅੰਦਰੂਨੀ ਹੈ, ਜ਼ਰਾ ਸੂਖਮ ਹੈ। ਸਾਧਾਰਣ ਅੱਖਾਂ ਨਾਲ ਵਿਖਾਈ ਨਹੀਂ ਪਏਗੀ।

ਜਿਹੜਾ ਆਦਮੀ ਧਰਮ ਦੀ ਰਾਹ 'ਤੇ ਗਿਆ ਹੈ ਉਸ ਨੇ ਅਨੰਤ ਦੀ ਫ਼ਸਲ ਵੱਢਣੀ ਚਾਹੀ ਹੈ। ਓਨਾਂ ਹੀ ਧੀਰਜ ਵੀ ਚਾਹੀਦਾ ਹੈ। ਧੀਰਜ ਦਾ ਅਰਥ ਇਹ ਹੈ ਕਿ ਤੁਸੀਂ ਉਪੇਕਸ਼ਾ ਨਾ ਕਰਨਾ। ਧੀਰਜ ਦਾ ਅਰਥ ਇਹ ਹੈ ਕਿ ਕਦ ਹੋਏਗਾ ਇਹ ਨਹੀਂ ਪੁੱਛਣਾ। ਜਦ ਹੋਵੇਗਾ, ਉਸਦੀ ਮਰਜ਼ੀ। ਜਦ ਹੋ ਜਾਏਗਾ ਤਦ ਸਵੀਕਾਰ ਹੈ। ਅਨੰਤ ਕਾਲ ਲੰਘ ਜਾਣ ਤਾਂ ਵੀ ਤੁਸੀਂ ਇਹ ਨਾ ਕਹਿਣਾ ਕਿ ਮੈਂ ਏਨੀ ਦੇਰ ਤੋਂ ਉਡੀਕ ਕਰ ਰਿਹਾ ਹਾਂ, ਹੁਣ ਤੱਕ ਨਹੀਂ ਹੋਇਆ।

ਇੱਕ ਬਹੁਤ ਪੁਰਾਣੀ ਹਿੰਦੂ ਕਹਾਣੀ ਮੈਨੂੰ ਬਹੁਤ ਪ੍ਰੀਤਿਕਰ ਰਹੀ ਹੈ ਕਿ ਨਾਰਦ

ਸਵਰਗ ਜਾ ਰਹੇ ਸਨ ਅਤੇ ਉਨ੍ਹਾਂ ਨੇ ਇੱਕ ਬੁੱਢੇ ਸੰਨਿਆਸੀ ਨੂੰ ਪੁੱਛਿਆ ਕਿ ਕੁਝ ਖਬਰ-ਦਬਰ ਤਾਂ ਨਹੀਂ ਪੁੱਛਣੀ ਹੈ? ਤਾਂ ਉਸ ਬੁੱਢੇ ਸੰਨਿਆਸੀ ਨੇ ਕਿਹਾ ਕਿ ਪਰਮਾਤਮਾ ਨਾਲ ਮਿਲਣ ਹੋਇਆ ਤਾਂ ਜ਼ਰਾ ਪੁੱਛ ਲੈਣਾ ਕਿ ਕਿੰਨੀ ਦੇਰ ਹੋਰ ਹੈ? ਕਿਉਂਕਿ ਮੈਂ ਤਿੰਨਾਂ ਜਨਮਾਂ ਤੋਂ ਸਾਧਨਾ ਕਰ ਰਿਹਾ ਹਾਂ। ਉਹ ਬਹੁਤ ਪੁਰਾਣਾ ਤਪਸਵੀ ਸੀ। ਨਾਰਦ ਨੇ ਕਿਹਾ ਜ਼ਰੂਰ ਪੁੱਛ ਲਵਾਂਗਾ। ਉਸੇ ਦੇ ਕੋਲ ਇੱਕ ਦੂਜੇ ਰੁੱਖ ਹੇਠਾਂ ਇੱਕ ਨੌਜਵਾਨ ਬੈਠਾ ਹੋਇਆ ਸੀ, ਆਪਣਾ ਇੱਕ ਤਾਰਾ ਬਜਾ ਰਿਹਾ ਸੀ। ਗੀਤ ਗਾ ਰਿਹਾ ਸੀ। ਨਾਰਦ ਨੇ ਉਸ ਨੂੰ ਮਜ਼ਾਕ ਵਿੱਚ ਪੁੱਛਿਆ, ਕਿ ਕਿਉਂ ਭਾਈ, ਤੈਨੂੰ ਵੀ ਤਾਂ ਨਹੀਂ ਕੋਈ ਗੱਲ ਪੁੱਛਣੀ ਹੈ ਭਗਵਾਨ ਦੇ ਕੋਲੋਂ? ਮੈਂ ਸਵਰਗ ਜਾ ਰਿਹਾ ਹਾਂ। ਉਹ ਆਪਣਾ ਗੀਤ ਹੀ ਗਾਉਂਦਾ ਰਿਹਾ। ਉਸ ਨੇ ਨਾਰਦ ਦੇ ਵੱਲ ਅੱਖ ਚੁੱਕ ਕੇ ਵੀ ਨਹੀਂ ਵੇਖਿਆ। ਨਾਰਦ ਨੇ ਉਸ ਨੂੰ ਹਿਲਾਇਆ ਤਾਂ ਉਸ ਨੇ ਕਿਹਾ ਕਿ ਨਹੀਂ ਉਸਦੀ ਕਿਰਪਾ ਅਪਰੰਪਾਰ ਹੈ। ਜੋ ਚਾਹੀਦਾ ਹੈ, ਉਹ ਹਮੇਸ਼ਾਂ ਮੈਨੂੰ ਮਿਲਿਆ ਹੀ ਹੋਇਆ ਹੈ। ਕੁਝ ਪੁੱਛਣਾ ਨਹੀਂ ਹੈ। ਮੇਰੀ ਵਲੋਂ ਉਸ ਨੂੰ ਕੋਈ ਤਕਲੀਫ਼ ਨਹੀਂ ਦੇਣਾ। ਮੇਰੀ ਗੱਲ ਹੀ ਨਾ ਕਰਨਾ। ਮੈਂ ਰਾਜ਼ੀ ਹਾਂ ਅਤੇ ਸਭ ਕੁਝ ਮਿਲਿਆ ਹੋਇਆ ਹੈ। ਹੋ ਸਕੇ ਤਾਂ ਮੇਰੇ ਵਲੋਂ ਧੰਨਵਾਦ ਦੇ ਦੇਣਾ।

ਨਾਰਦ ਵਾਪਸ ਸਵਰਗ ਤੋਂ ਪਰਤੇ। ਉਸ ਬੁੱਢੇ ਸੰਨਿਆਸੀ ਨੂੰ ਜਾ ਕੇ ਕਿਹਾ ਕਿ ਮਾਫ਼ ਕਰਨਾ ਭਾਈ! ਮੈਂ ਪੁੱਛਿਆ, ਉਨ੍ਹਾਂ ਨੇ ਕਿਹਾ ਕਿ ਉਹ ਬੁੱਢਾ ਸੰਨਿਆਸੀ ਜਿਸ ਰੁੱਖ ਦੇ ਹੇਠਾਂ ਬੈਠਾ ਹੈ, ਉਸ ਰੁੱਖ ਦੇ ਜਿੰਨੇ ਪੱਤੇ ਹਨ, ਓਨੇ ਹੀ ਜਨਮ ਹਾਲੀ ਹੋਰ ਲੱਗਣਗੇ। ਬੁੱਢਾ ਤਾਂ ਬਹੁਤ ਖਫ਼ਾ ਹੋ ਗਿਆ। ਉਹ ਜਿਹੜੀ ਪੋਥੀ ਪੜ੍ਹ ਰਿਹਾ ਸੀ, ਸੁੱਟ ਦਿੱਤੀ। ਮਾਲਾ ਤੋੜ ਸੁੱਟੀ, ਗੁੱਸੇ ਵਿੱਚ ਚੀਖਿਆ, ਕਿ ਹੱਦ ਹੋ ਗਈ। ਅਨਿਆਇ ਹੈ। ਇਹ ਕਜਿਹਾ ਨਿਆਇ? ਤਿੰਨ ਜਨਮਾਂ ਤੋਂ ਤਪ ਰਿਹਾ ਹਾਂ, ਕਸ਼ਟ ਪਾ ਰਿਹਾ ਹਾਂ, ਵਰਤ ਕਰ ਰਿਹਾ ਹਾਂ, ਅਜੇ ਹੋਰ ਏਨੇ? ਇਹ ਨਹੀਂ ਹੋ ਸਕਦਾ।

ਉਸ ਨੌਜਵਾਨ ਦੇ ਕੋਲ ਵੀ ਜਾ ਕੇ ਨਾਰਦ ਨੇ ਕਿਹਾ ਕਿ ਮੈਂ ਪੁੱਛਿਆ ਸੀ, ਤੂੰ ਨਹੀਂ ਚਾਹਿਆ ਸੀ, ਪਰ ਫ਼ੇਰ ਵੀ ਮੈਂ ਪੁੱਛ ਲਿਆ। ਉਨ੍ਹਾਂ ਨੇ ਕਿਹਾ ਕਿ ਉਹ ਜਿਸ ਦਰੱਖਤ ਦੇ ਹੇਠਾਂ ਬੈਠਾ ਹੈ, ਉਸ ਵਿੱਚ ਜਿੰਨੇ ਪੱਤੇ ਹਨ, ਉਹ ਨੌਜਵਾਨ ਉਠਿਆ ਝੱਟ ਪੱਟ, ਆਪਣਾ ਇੱਕ ਤਾਰਾ ਲੈ ਕੇ ਨੱਚਣ ਲੱਗਾ ਅਤੇ ਉਸ ਨੇ ਕਿਹਾ? 'ਗਜ਼ਬ ਹੋ ਗਿਆ। ਮੇਰੀ ਏਨੀ ਪਾਤਰਤਾ ਕਿੱਥੇ? ਏਨੀ ਛੇਤੀ? ਧਰਤੀ ਉਤੇ ਕਿੰਨੇ ਦਰੱਖਤ ਹਨ, ਉਨ੍ਹਾਂ ਦਰੱਖਤਾਂ ਵਿੱਚ ਕਿੰਨੇ ਪੱਤੇ ਹਨ, ਸਿਰਫ ਇਸ ਦਰੱਖਤ ਦੇ ਪੱਤੇ? ਬੱਸ ਏਨੇ ਹੀ ਜਨਮਾਂ ਵਿੱਚ ਹੋ ਜਾਏਗਾ? ਇਹ ਤਾਂ ਬਹੁਤ ਛੇਤੀ ਹੋ ਗਿਆ। ਇਹ ਮੇਰੀ ਪਾਤਰਤਾ ਤੋਂ ਮੈਨੂੰ ਬਹੁਤਾ ਦੇਣਾ ਹੈ। ਇਸ ਨੂੰ ਮੈਂ ਕਿਵੇਂ ਝੱਲ ਸਕਾਂਗਾ?'

ਇਸ ਅਨੁਕੰਪਾ ਨੂੰ ਮੈਂ ਕਿਵੇਂ ਪ੍ਰਗਟ ਕਰ ਸਕਾਂਗਾ? ਉਹ ਖੁਸ਼ੀ ਵਿੱਚ ਨੱਚਣ ਲੱਗਾ ਅਤੇ ਕਹਾਣੀ ਕਹਿੰਦੀ ਹੈ ਕਿ ਉਹ ਉਸੇ ਤਰ੍ਹਾਂ ਨੱਚਦੇ-ਨੱਚਦੇ ਸਮਾਧੀ ਨੂੰ ਉਪਲਬਧ ਹੋ ਗਿਆ। ਉਸਦੀ ਦੇਹ ਛੁੱਟ ਗਈ। ਜੋ ਅਨੰਤ ਜਨਮਾਂ ਵਿੱਚ ਹੋਣ ਵਾਲਾ ਸੀ, ਉਹ ਉਸੇ ਘੜੀ ਹੋ ਗਿਆ। ਜਿਸਦੀ ਏਨੀ ਉਡੀਕ ਹੋਵੇ, ਉਸੇ ਘੜੀ ਹੋ ਹੀ ਜਾਏਗਾ।

ਨਾਨਕ ਕਹਿੰਦੇ ਹਨ ਧੀਰਜ ਸੁਨਿਆਰਾ ਹੈ, ਬੁੱਧੀ ਨਿਹਾਈ, (ਛੀਣੀ) ਹੈ। ਗਿਆਨ ਹਥੌੜਾ। ਬੁੱਧੀ ਦੇ ਨਾਲ ਅਸੀਂ ਦੋ ਕੰਮ ਕਰ ਸਕਦੇ ਹਾਂ ਅਤੇ ਇੱਕ ਕੰਮ ਅਸੀਂ ਕੀਤਾ ਹੈ। ਅਸੀਂ ਬੁੱਧੀ ਦੀ ਝੋਲ਼ੇ ਦੇ ਵਾਂਗ ਵਰਤੋਂ ਕਰਦੇ ਹਾਂ, ਨਿਹਾਈ ਦੀ ਤਰ੍ਹਾਂ ਨਹੀਂ। ਬੁੱਧੀ ਦੀ ਅਸੀਂ ਝੋਲ਼ੇ ਦੇ ਵਾਂਗ ਵਰਤੋਂ ਕਰਦੇ ਹਾਂ ਅਤੇ ਗਿਆਨ ਦੀ ਥਾਂ, ਖ਼ਬਰਾਂ ਇਸ ਝੋਲ਼ੇ ਵਿੱਚ ਭਰਦੇ ਹਾਂ। ਸ਼ਾਸਤ੍ਰ ਪੜ੍ਹਦੇ ਹਾਂ, ਸਤਿਗੁਰੂਆਂ ਨੂੰ ਸੁਣਦੇ ਹਾਂ। ਜੋ ਵੀ ਜਿੱਥੋਂ ਮਿਲਦਾ ਹੈ, ਸਭ ਉਸਦੇ ਵਿੱਚ ਭਰਦੇ ਜਾਂਦੇ ਹਾਂ। ਇੱਕ ਥੈਲੇ ਦੀ ਤਰ੍ਹਾਂ ਅਤੇ ਉਹ ਝੋਲ਼ਾ ਵੀ ਭਿਖਾਰੀ ਦਾ। ਉਸਦੇ ਵਿੱਚ ਸਾਰਾ ਕੂੜਾ-ਕਬਾੜ ਵੀ। ਅਖ਼ਬਾਰ ਵੀ ਉਸੇ ਵਿੱਚ ਹਨ, ਵੇਦ ਵੀ ਉਸੇ ਵਿੱਚ ਨੇ, ਰੇਡਿਓ ਵੀ ਉਸੇ ਵਿੱਚ ਪਿਆ ਹੈ। ਕਿਸੇ ਨੇ ਗਾਲ਼ ਕੱਢੀ, ਉਹ ਹੀ ਉਸੇ ਵਿੱਚ ਹੈ ਅਤੇ ਹੋਰ ਕਿਸੇ ਨੇ ਮੰਤਰ ਦਿੱਤਾ ਉਹ ਵੀ ਉਸੇ ਵਿੱਚ ਹੈ। ਉਹ ਝੋਲ਼ਾ ਹੈ। ਉਸ ਦੇ ਵਿੱਚ ਸਭ ਖਿਚੜੀ ਹੈ। ਉਸ ਦੇ ਵਿੱਚ ਮੰਤਰ, ਗਾਲ਼ੀ ਦੇ ਨਾਲ ਮਿਲ ਜਾਂਦਾ ਹੈ, ਉਸ ਦੇ ਵਿੱਚ ਵੇਦ ਅਖ਼ਬਾਰ ਵਿੱਚ ਗੁਆਚ ਗਿਆ ਹੈ ਅਤੇ ਉਸ ਝੋਲ਼ੇ ਨੂੰ ਅਸੀਂ ਢੋਂਦੇ ਹਾਂ।

ਇਸ ਨੂੰ ਅਸੀਂ ਸ੍ਰਿਸ਼ਟੀ ਕਹਿੰਦੇ ਹਾਂ। ਇਹ ਗਿਆਨ ਨਹੀਂ ਹੈ। ਇਹ ਕੇਵਲ ਕੂੜਾ, ਕਚਰਾ, ਕਬਾੜ ਹੈ। ਕਿਉਂਕਿ ਗਿਆਨ ਤਾਂ ਉਹ ਹੀ ਹੈ ਜਿਹੜਾ ਆਪਣੇ ਅਨੁਭਵ ਨਾਲ ਮਿਲਦਾ ਹੈ। ਇਸ ਵਿੱਚ ਕੁਝ ਵੀ ਤੁਹਾਡਾ ਅਨੁਭਵ ਨਹੀਂ ਹੈ, ਇਹ ਸਭ ਬਾਸਾ ਹੈ, ਉਧਾਰ ਹੈ। ਤੁਸੀਂ ਬੁੱਧੀ ਦੀ ਵਰਤੋਂ ਝੋਲ਼ੇ ਦੀ ਤਰ੍ਹਾਂ ਕੀਤੀ ਹੈ ਅਤੇ ਨਾਨਕ ਕਹਿੰਦੇ ਹਨ, ਬੁੱਧੀ ਛੀਣੀ ਹੈ ਅਤੇ ਗਿਆਨ ਹਥੌੜਾ ਹੈ।

ਨਾਨਕ ਕਹਿੰਦੇ ਹਨ ਗਿਆਨ ਤਾਂ ਚੋਟ ਹੈ, ਹਥੌੜਾ ਹੈ ਅਤੇ ਜਦ ਵੀ ਤੁਹਾਨੂੰ ਗਿਆਨ ਹੋਵੇਗਾ, ਕੋਈ ਵੀ ਨਿੱਕਾ ਜਿਹਾ ਵੀ ਗਿਆਨ ਹੋਵੇਗਾ, ਤਾਂ ਤੁਹਾਡਾ ਰੋਮ-ਰੋਮ ਕੰਬ ਜਾਏਗਾ ਉਸ ਸੱਟ ਦੇ ਨਾਲ। ਇਸ ਲਈ ਤਾਂ ਅਸੀਂ ਗਿਆਨ ਤੋਂ ਬਚਦੇ ਹਾਂ, ਕਿਉਂਕਿ ਉਹ ਸ਼ਾਕ ਹੈ। ਉਸ ਧੱਕੇ ਨੂੰ ਅਸੀਂ ਸਹਿਣਾ ਨਹੀਂ ਚਾਹੁੰਦੇ। ਅਸੀਂ ਤਾਂ ਖ਼ਬਰਾਂ ਇਕੱਠੀਆਂ ਕਰਦੇ ਹਾਂ। ਖ਼ਬਰਾਂ ਇਕੱਠੀਆਂ ਕਰਨ ਵਿੱਚ ਕੋਈ ਵੀ ਧੱਕਾ ਨਹੀਂ ਹੈ।

ਤੁਸੀਂ ਸ਼ਾਸਤ੍ਰ ਵਿੱਚ ਪੜ੍ਹ ਲੈਂਦੇ ਹੋ ਕਿ ਪਰਮਾਤਮਾ ਪਰਮ ਸਤਯ ਹੈ, ਇਸ ਵਿੱਚ ਕਿਹੜਾ ਧੱਕਾ ਹੈ? ਤੁਸੀਂ ਸਾਸਤ੍ਰ ਵਿੱਚ ਪੜ੍ਹ ਲੈਂਦੇ ਹੋ, ਧਿਆਨ ਮਾਰਗ ਹੈ ਇਸ ਵਿੱਚ ਕਿਹੜਾ ਧੱਕਾ ਹੈ? ਪੜ੍ਹ ਲਿਆ, ਚੇਤੇ ਕਰ ਲਿਆ, ਦੂਜੇ ਨੂੰ ਦਿੱਤਾ।

ਇੱਕ ਨਿੱਕੀ ਬੱਚੀ, ਉਸ ਦੀ ਮਾਂ ਪਉੜੀਆਂ ਉਤੇ ਖਲੋਤੀ ਉਸ ਨੂੰ ਬੁਲਾ ਰਹੀ ਸੀ ਅਤੇ ਉਹ ਉਪਰ ਨਹੀਂ ਜਾ ਰਹੀ ਸੀ। ਉਹ ਹੇਠਾਂ ਵੇਹੜੇ ਵਿੱਚ ਖੇਡ ਰਹੀ ਸੀ। ਬੱਚੀ ਦੀ ਦਾਦੀ ਵੀ ਹੇਠਾਂ ਧੁੱਪ ਸੇਕ ਰਹੀ ਸੀ। ਉਸ ਨੇ ਕਈ ਵਾਰੀ ਕਿਹਾ ਕਿ ਖੇਡਣ ਵੀ ਦੇ, ਬਾਅਦ ਵਿੱਚ ਨੁਵਾ ਧੁਆ ਦੇਈਂ। ਪਰ ਮਾਂ ਜਿੱਦ ਉਤੇ ਅੜੀ ਹੋਈ ਸੀ। ਉਸ ਨੇ ਬਾਰ-ਬਾਰ ਕਿਹਾ ਕਿ ਚੱਲ ਉਪਰ ਅਤੇ ਇਸ਼ਨਾਨ ਕਰ। ਮਜ਼ਬੂਰੀ ਵਿੱਚ ਬੱਚੀ ਨੇ ਆਪਣਾ ਖਿਡੌਣਾ ਛੱਡਿਆ ਤੇ ਉਪਰ ਗਈ। ਉਪਰ ਚੜ੍ਹਦੇ ਵੇਲੇ ਉਸ ਨੇ ਕਿਹਾ ਕਿ ਇਹ ਕਿਹੋ ਜਿਹਾ ਅਸ਼ਚਰਜ ਹੈ ਕਿ ਤੂੰ ਸਦਾ ਮੈਨੂੰ ਕਹਿੰਦੀ ਹੈ ਕਿ ਆਪਣੀ ਮਾਂ ਦੀ ਸੁਣੋ ਅਤੇ ਤੂੰ ਆਪਣੀ ਮਾਂ ਦੀ ਜ਼ਰਾ ਵੀ ਨਹੀਂ ਸੁਣ ਰਹੀ।

ਤੁਸੀਂ ਜਿਸ ਗਿਆਨ ਨੂੰ ਦੂਜੇ ਨੂੰ ਦਿੰਦੇ ਹੋ, ਉਸਦੀ ਤੁਸੀਂ ਕਦੇ ਖ਼ੁਦ ਸੁਣੀ ਹੈ? ਤੁਸੀਂ ਜੋ ਸਲਾਹ ਦੂਜੇ ਨੂੰ ਦਿੰਦੇ ਹੋ, ਉਹ ਤੁਹਾਡੇ ਜੀਵਨ ਵਿੱਚ ਕਦੇ ਆਈ ਹੈ? ਨਹੀਂ ਤੁਸੀਂ ਵੀ ਬਹੀ ਪਾਈ ਹੈ ਅਤੇ ਤੁਸੀਂ ਦੂਜੇ ਨੂੰ ਵੀ ਦੇਈ ਜਾਂਦੇ ਹੋ। ਦੇਣ ਨਾਲ ਤੁਹਾਡਾ ਛੁਟਕਾਰਾ ਹੁੰਦਾ ਹੈ। ਝੰਝਟ ਮਿਟਦੀ ਹੈ। ਉਹ ਨਾ ਤਾਂ ਤੁਹਾਡੇ ਲਈ ਧੱਕਾ ਸੀ ਅਤੇ ਨਾ ਦੂਜੇ ਦੇ ਲਈ ਧੱਕਾ ਹੋਵੇਗੀ।

ਇਸ ਲਈ ਸਲਾਹ ਦੁਨੀਆਂ ਵਿੱਚ ਸਭ ਤੋਂ ਬਹੁਤੀ ਦਿੱਤੀ ਜਾਂਦੀ ਹੈ ਅਤੇ ਸਭ ਤੋਂ ਘੱਟ ਲਈ ਜਾਂਦੀ ਹੈ। ਗਿਆਨ ਲੋਕ ਮੁਫਤ ਵੰਡਦੇ ਹਨ, ਕੌਣ ਲੈਂਦਾ ਹੈ? ਅਜਿਹੇ ਗਿਆਨੀਆਂ ਤੋਂ ਲੋਕ ਬਚ ਕੇ ਭੱਜਦੇ ਹਨ। ਕਿਉਂਕਿ ਅਜਿਹਾ ਗਿਆਨੀ ਤੁਹਾਨੂੰ ਉਬਾ ਦਿੰਦਾ ਹੈ। ਤੁਸੀਂ ਨਹੀਂ ਵੀ ਚਾਹੁੰਦੇ, ਉਹ ਤਾਂ ਵੀ ਆਪਣਾ ਝੋਲ੍ਹਾ ਤੁਹਾਡੇ ਉਤੇ ਉਡੇਲ ਦਿੰਦਾ ਹੈ। ਉਹ ਭਾਰ ਢੋਅ ਰਿਹਾ ਹੈ, ਉਹ ਵੰਡਣਾ ਚਾਹੁੰਦਾ ਹੈ। ਉਹ ਕੁੜਾ ਸਾਂਭੀ ਬੈਠਾ ਹੈ। ਉਸ ਨੇ ਖ਼ੁਦ ਵੀ ਉਸ ਦੀ ਕੋਈ ਵਰਤੋਂ ਨਹੀਂ ਕੀਤੀ ਹੈ।

ਗਿਆਨ ਤਾਂ ਚੋਟ ਹੈ। ਕਿਉਂਕਿ ਸੱਚਾ ਗਿਆਨ ਜੀਵਨ ਦੇ ਅਨੁਭਵ ਤੋਂ ਪੈਦਾ ਹੁੰਦਾ ਹੈ। ਜੀਵਨ ਦੇ ਘਰਸ਼ਣ (ਰਗੜ-ਘਿਸ਼ਣ) ਤੋਂ। ਅਸਤਿੱਤਵ ਵਿੱਚ ਜਦ ਤੁਸੀਂ ਛਲਾਂਗ ਲੈਂਦੇ ਹੋ, ਤਦ ਗਿਆਨ ਉਤਪੰਨ ਹੁੰਦਾ ਹੈ। ਸ਼ਾਸ਼ਤ੍ਰਾਂ ਤੋਂ ਨਹੀਂ ਸ਼ਬਦਾਂ ਤੋਂ ਨਹੀਂ, ਅਨੁਭਵ ਨਾਲ, ਅਨੁਭਵ ਚੋਟ ਹੈ। ਇਸ ਲਈ ਅਸੀਂ ਅਨੁਭਵ ਤੋਂ ਤਾਂ ਬਚਦੇ ਹਾਂ, ਗੁਰਜ਼ਿਏਫ਼ ਕਹਿੰਦਾ ਸੀ, ਜਿਵੇਂ ਰੇਲ ਗੱਡੀਆਂ ਵਿੱਚ ਬਫ਼ਰ ਲੱਗੇ ਹੁੰਦੇ ਹਨ, ਹਰ ਦੋ ਡੱਬਿਆਂ ਦੇ ਵਿਚਕਾਰ ਤੁਸੀਂ ਵੇਖੋ ਬਫ਼ਰ ਲੱਗੇ ਹੁੰਦੇ ਹਨ। ਬਫ਼ਰ ਲਾਉਂਦੇ ਹਨ ਇਸ ਲਈ ਕਿ ਜੇਕਰ ਧੱਕਾ ਲੱਗੇ ਤਾਂ ਦੋਵੇਂ ਡੱਬੇ ਟਕਰਾ ਨਾ ਜਾਣ। ਜਾਂ, ਜਿਸ ਤਰ੍ਹਾਂ ਕਾਰ ਦੇ ਹੇਠਾਂ ਸਪਰਿੰਗ ਲੱਗੇ ਹੁੰਦੇ ਹਨ, 'ਸ਼ਾਕ ਅਬਜ਼ਾਰਬਰ' ਅਜਿਹਾ ਗੁਰਜ਼ਿਏਫ਼ ਕਹਿੰਦਾ ਸੀ ਕਿ ਸਾਡਾ ਗਿਆਨ ਸ਼ਾਕ ਅਬਜ਼ਾਰਬਰ ਦਾ ਕੰਮ ਕਰਦਾ ਹੈ। ਜਦ ਕਿ ਸੱਚਾ ਗਿਆਨ ਸ਼ਾਕ ਦਾ ਕੰਮ ਕਰਦਾ ਹੈ।

ਤੁਹਾਡੇ ਘਰ ਵਿੱਚ ਕੋਈ ਮਰ ਗਿਆ ਹੈ ਤਾਂ ਤੁਸੀਂ ਕਹਿੰਦੇ ਹੋ, ਆਤਮਾ ਤਾਂ ਅਮਰ ਹੈ। ਇਸ ਗਿਆਨ ਦਾ ਤੁਹਾਡੇ ਜੀਵਨ ਵਿੱਚ ਕਦੇ ਕੋਈ ਧੱਕਾ ਨਹੀਂ ਲੱਗਾ। ਇਸ ਦੀ ਤੁਸੀਂ ਵਰਤੋਂ ਸ਼ਾਕ ਅਬਜ਼ਾਰਬਰ ਦੀ ਤਰ੍ਹਾਂ ਕਰ ਰਹੇ ਹੋ।

ਜਿਨ੍ਹਾਂ ਗਿਆਨੀਆਂ ਨੇ ਇਹ ਕਿਹਾ ਹੈ ਕਿ ਆਤਮਾ ਅਮਰ ਹੈ, ਉਨ੍ਹਾਂ ਨੇ ਬਹੁਤ ਸੰਯਮ, ਵੱਡੀ ਤਪੱਸਿਆ, ਵੱਡੀਆਂ ਭੱਠੀਆਂ 'ਚੋਂ ਲੰਘ ਕੇ ਕਿਹਾ ਹੈ। ਬਹੁਤ ਅੱਗਾਂ ਵਿਚੋਂ ਲੰਘ ਕੇ ਕਿਹਾ ਹੈ। ਉਨ੍ਹਾਂ ਲਈ ਇਹ ਗਿਆਨ ਤਾਂ ਹਥੌੜੀ ਦੀ ਤਰ੍ਹਾਂ ਛੀਣੀ ਉਤੇ ਪਿਆ ਹੈ। ਇਸ ਗਿਆਨ ਵਿੱਚ ਤਾਂ ਉਹ ਚਕਨਾਚੂਰ ਹੋ ਗਏ ਹਨ। ਇਸ ਗਿਆਨ ਨੇ ਤਾਂ ਉਨ੍ਹਾਂ ਦੀ ਖੋਪੜੀ ਤੋੜ ਸੁੱਟੀ। ਉਨ੍ਹਾਂ ਦੇ ਹੰਕਾਰ ਨੂੰ ਮਿੱਟੀ ਵਿੱਚ ਮਿਲਾ ਦਿੱਤਾ ਹੈ। ਏਸ ਗਿਆਨ ਨੇ ਤਾਂ ਉਨ੍ਹਾਂ ਦੇ ਸਾਰੇ ਸ਼ਰੀਰ ਤੋਂ ਸਭ ਸੰਬੰਧ ਫ਼ਿਰ ਭਿੰਨ ਕਰ ਦਿੱਤੇ ਹਨ। ਇਸ ਗਿਆਨ ਨਾਲ ਉਨ੍ਹਾਂ ਦਾ ਸਾਰਾ ਸੰਸਾਰ ਡਗਮਗਾ ਕੇ ਡਿੱਗ ਪਿਆ ਹੈ, ਟੁੱਟ ਗਿਆ ਹੈ। ਇਸ ਗਿਆਨ ਤੋਂ ਤਾਂ ਉਹ ਸੰਨਿਆਸੀ ਹੋਏ ਹਨ। ਇਸ ਗਿਆਨ ਨੇ ਤਾਂ ਉਨ੍ਹਾਂ ਨੂੰ ਕਿਤੇ ਦਾ ਵੀ ਨਹੀਂ ਰੱਖਿਆ। ਇਸ ਗਿਆਨ ਨੇ ਤਾਂ ਉਨ੍ਹਾਂ ਦੀਆਂ ਏਥੋਂ ਜੜ੍ਹਾਂ ਪੁੱਟ ਦਿੱਤੀਆਂ ਹਨ। ਇਹ ਗਿਆਨ ਉਨ੍ਹਾਂ ਲਈ ਝੱਖੜ ਦੀ ਤਰ੍ਹਾਂ ਆਇਆ ਸੀ।

ਅਤੇ ਤੁਹਾਡੇ ਲਈ? ਤੁਹਾਡੇ ਲਈ ਲੋਰੀ ਵਾਂਗ, ਜਦ ਵੀ ਤੁਹਾਨੂੰ ਨੀਂਦ ਨਹੀਂ ਆਉਂਦੀ ਤਦ ਤੁਸੀਂ ਇਹ ਗਿਆਨ ਗੁਣ ਗੁਣਾ ਲੈਂਦੇ ਹੋ ਅਤੇ ਸੌਂ ਜਾਂਦੇ ਹੋ। ਘਰ ਵਿੱਚ ਕੋਈ ਮਰ ਗਿਆ, ਤੁਸੀਂ ਕਹਿੰਦੇ ਹੋ ਆਤਮਾ ਤਾਂ ਅਮਰ ਹੈ। ਤੁਸੀਂ ਮੌਤ ਅਤੇ ਆਪਣੇ ਵਿਚਕਾਰ ਸ਼ਾਕ ਅਬਜ਼ਾਰਬਰ ਦੀ ਤਰ੍ਹਾਂ ਉਸ ਦੀ ਵਰਤੋਂ ਕਰ ਰਹੇ ਹੋ। ਮੌਤ ਤੁਹਾਨੂੰ ਘਬਰਾ ਦੇਵੇਗੀ।

ਇਹ ਹੋ ਵੀ ਸਕਦਾ ਸੀ ਕਿ ਤੁਹਾਡੇ ਘਰ 'ਚ ਕੋਈ ਮਰਦਾ ਤੇ ਤੁਸੀਂ ਉਸਦੀ ਮੌਤ ਦਾ ਪੂਰਾ ਅਨੁਭਵ ਕਰਦੇ ਤਾਂ ਗਿਆਨ ਉਪਲਬਧ ਹੁੰਦਾ। ਕਿਉਂਕਿ ਉਹ ਮੌਤ ਦੀ ਘਟਨਾ ਹਥੌੜੀ ਬਣ ਜਾਂਦੀ ਹੈ, ਤੁਸੀਂ ਛੀਣੀ ਬਣ ਜਾਂਦੇ ਅਤੇ ਉਹ ਸੱਟ ਤੁਹਾਡੇ ਉਤੇ ਵੱਜਦੀ ਤਾਂ ਤੁਸੀਂ ਜਾਗਦੇ। ਦੁਨੀਆਂ ਵਿੱਚ ਕੋਈ ਬਿਨਾਂ ਸੱਟ ਤੋਂ ਨਹੀਂ ਜਾਗਦਾ ਹੈ ਅਤੇ ਤੁਸੀਂ ਸਾਰੀਆਂ ਸੱਟਾਂ ਤੋਂ ਬਚਣ ਦਾ ਉਪਾਅ ਕਰ ਲਿਆ ਹੈ। ਤੁਸੀਂ ਚਾਰੇ ਪਾਸੇ ਸ਼ਾਕ ਅਬਜ਼ਾਰਬਰ ਲਗਾ ਰੱਖੇ ਹਨ। ਕੋਈ ਵੀ ਸੱਟ ਤੁਹਾਨੂੰ ਲੱਗ ਨਹੀਂ ਸਕਦੀ। ਤੁਸੀਂ ਅੰਦਰ ਹਿਫਾਜ਼ਤ ਵਿੱਚ ਹੋ।

ਕੋਈ ਮਰਦਾ ਹੈ ਤੁਸੀਂ ਕਹਿੰਦੇ ਹੋ ਆਤਮਾ ਅਮਰ ਹੈ। ਸੜਕ ਉਤੇ ਕੋਈ ਭਿੱਖਿਆ ਮੰਗਦਾ ਹੈ, ਤੁਸੀਂ ਕਹਿੰਦੇ ਹੋ ਬਿਚਾਰਾ! ਆਪਣੇ ਕਰਮਾਂ ਦੇ ਫਲ ਭੋਗ ਰਿਹਾ ਹੈ। ਤੁਸੀਂ ਦੋ ਪੈਸੇ ਦੇਣੇ ਨਹੀਂ ਚਾਹੁੰਦੇ। ਜੇਕਰ ਉਹ ਕਰਮਾਂ ਦਾ ਫ਼ਲ ਨਹੀਂ ਭੋਗ ਰਿਹਾ ਹੈ, ਤਾਂ ਤੁਸੀਂ ਵੀ ਜ਼ਿੰਮੇਵਾਰ ਮਾਲੂਮ ਹੋਵੋਗੇ। ਤੁਸੀਂ ਉਸ ਸਮਾਜ ਦੇ ਹਿੱਸੇ ਹੋ, ਜਿਹੜਾ ਉਸ

ਨੂੰ ਦਰਿਦ੍ਰ ਬਣਾ ਰਿਹਾ ਹੈ। ਭਿਖਾਰੀ ਬਣਾ ਰਿਹਾ ਹੈ। ਤੁਸੀਂ ਉਸ ਸਮਾਜ ਦੇ ਭਾਗੀਦਾਰ ਹੋ, ਜਿਸਨੇ ਉਸ ਨੂੰ ਇਸ ਦੀਨਤਾ ਵਿੱਚ ਪਟਕ ਦਿੱਤਾ ਹੈ। ਤੁਹਾਡੇ ਉਤੇ ਵੀ ਥੋੜ੍ਹੀ ਜ਼ਿੰਮੇਵਾਰੀ ਹੈ। ਉਹ ਜ਼ਿੰਮੇਵਾਰੀ ਚੋਟ ਕਰਦੀ ਹੈ। ਤੁਸੀਂ ਇੱਕ ਸ਼ਾਕ ਅਬਜ਼ਾਰਬਰ ਬਣਾ ਲਿਆ। ਤੁਸੀਂ ਕਹਿੰਦੇ ਹੋ ਬਿਚਾਰਾ! ਆਪਣੇ ਕਰਮਾਂ ਦਾ ਫ਼ਲ ਭੋਗ ਰਿਹਾ ਹੈ। ਆਪਣੇ ਰਾਹ ਉਤੇ ਟੁਰ ਜਾਂਦੇ ਹੋ। ਤੁਹਾਡੇ ਮਨ 'ਚ ਇਸ ਨਾਲ ਕੋਈ ਚਿੰਤਾ ਪੈਦਾ ਨਹੀਂ ਹੁੰਦੀ।

ਤੁਸੀਂ ਬਹੁਤ ਕੁਸ਼ਲ ਹੋ। ਤੁਹਾਡੀ ਚਾਲਾਕੀ ਦੀ ਕੋਈ ਹੱਦ ਨਹੀਂ ਹੈ। ਗਿਆਨੀਆਂ ਨੂੰ ਗਿਆਨ ਧੱਕੇ ਨਾਲ ਮਿਲਦਾ ਹੈ। ਤੁਸੀਂ ਉਸੇ ਧੱਕੇ ਦੀ ਵਰਤੋਂ ਸ਼ਾਕ ਅਬਜ਼ਾਰਬਰ ਦੇ ਵਾਂਗ ਕਰ ਲੈਂਦੇ ਹੋ। ਕੁਝ ਵੀ ਹੋ ਜਾਏ, ਤੁਸੀਂ ਆਪਣੇ ਆਪ ਨੂੰ ਸਾਂਭ ਲੈਂਦੇ ਹੋ। ਤੁਸੀਂ ਡਿੱਗਦੇ ਨਹੀਂ। ਤੁਸੀਂ ਆਪਣੇ ਹੰਕਾਰ ਨੂੰ ਬਚਾ ਲੈਂਦੇ ਹੋ ਅਤੇ ਉਹ ਹੀ ਹੰਕਾਰ ਹੈ, ਜਿਹੜਾ ਟੁੱਟਣਾ ਚਾਹੀਦਾ ਹੈ। ਬੁੱਧੀ ਛੀਣੀ ਹੈ ਅਤੇ ਗਿਆਨ ਹਥੌੜਾ ਹੈ, ਪਏਗਾ ਕਿਸ ਉਤੇ ਇਸ ਛੀਣੀ ਅਤੇ ਹਥੌੜੇ ਦੇ ਵਿਚਾਲੇ ਤੁਸੀਂ ਆ ਜਾਓ, ਤਾਂ ਹੀ ਤੁਹਾਡੇ ਜੀਵਨ ਵਿੱਚ ਗਿਆਨ ਪੈਦਾ ਹੋਏਗਾ। ਜੇਕਰ ਤੁਸੀਂ ਖਿੰਡ ਜਾਓ ਤਾਂ ਹੀ! ਲੇਕਿਨ ਤੁਸੀਂ ਖਿੰਡਦੇ ਨਹੀਂ। ਤੁਸੀਂ ਤਾਂ ਬਹੁਤ ਤਰੀਕਿਆਂ ਨਾਲ ਆਪਣੇ ਨਾਲ ਸੰਭਾਲਦੇ ਹੋ।

ਇੱਕ ਦਿਨ ਸਵੇਰੇ-ਸਵੇਰੇ ਮੈਂ ਮੁੱਲਾਂ ਨਸਰੂਦੀਨ ਦੇ ਘਰ ਗਿਆ। ਖੰਘ ਰਿਹਾ ਸੀ। ਡਾਕਟਰ ਹਜ਼ਾਰਾਂ ਬਾਰ ਕਹਿ ਚੁੱਕੇ ਸਨ, ਸਿਗਰੇਟ ਪੀਣਾ ਬੰਦ ਕਰੋ। ਉਹ ਬੰਦ ਕਰਦਾ ਨਹੀਂ। ਉਸ ਨੂੰ ਮੈਂ ਕਿਹਾ ਏਨੀ ਤਕਲੀਫ਼ ਪਾ ਰਿਹਾ ਹੈਂ, ਬੰਦ ਹੀ ਕਰ ਦੇ। ਉਸ ਨੇ ਕਿਹਾ, ਕਿ ਜਦ ਤੁਸੀਂ ਪੁੱਛ ਹੀ ਲਿਆ ਅਤੇ ਤੁਸੀਂ ਕਹਿੰਦੇ ਹੋ ਤਾਂ ਅਸਲੀਅਤ ਦੱਸ ਦਿੰਦਾ ਹਾਂ। ਬੰਦ ਤਾਂ ਮੈਂ ਵੀ ਕਰਨਾ ਚਾਹੁੰਦਾ ਹਾਂ, ਲੇਕਿਨ ਡਰਦਾ ਹਾਂ। ਮੈਂ ਕਿਹਾ, ਕੀ ਕਾਰਣ ਹੈ ਡਰਨ ਦਾ? ਏਨਾ ਕਸ਼ਟ ਭੋਗਦਾ ਹੈਂ, ਏਨੀ ਤਕਲੀਫ਼ ਕਿ ਰਾਤ ਸੌਂ ਨਹੀਂ ਸਕਦਾ, ਸਾਰੀ ਰਾਤ ਖੰਘਦਾ, ਖੰਘਾਰਦਾ ਰਹਿੰਦਾ ਹੈਂ।

ਉਸ ਨੇ ਕਿਹਾ, ਪਹਿਲੀ ਵਾਰੀ ਜਦ ਮੈਂ ਬੰਦ ਕੀਤੀ ਸੀ, ਤਾਂ ਉਸੇ ਦਿਨ ਦੂਜਾ ਮਹਾਂਯੁੱਧ ਸ਼ੁਰੂ ਹੋਇਆ ਸੀ, ਉਸੇ ਦਿਨ! ਇਨ੍ਹਾਂ ਦੀ ਸਿਗਰੇਟ ਬੰਦ ਕਰਨ ਦੀ ਵਜ੍ਹਾ ਨਾਲ। ਦੂਜਾ ਮਹਾਂਯੁੱਧ ਸ਼ੁਰੂ ਹੋ ਗਿਆ ਸੀ ਉਸੇ ਦਿਨ। ਇਸ ਡਰ ਨਾਲ ਹੁਣ ਸਿਗਰੇਟ ਪੀਣਾ ਬੰਦ ਨਹੀਂ ਕਰਦਾ ਕਿ ਕਿਤੇ ਫੇਰ ਯੁੱਧ ਨਾ ਹੋ ਜਾਏ।

ਤੁਸੀਂ ਆਪਣੇ ਹੰਕਾਰ ਲਈ ਬਹੁਤ ਅਨੋਖੀਆਂ ਤਰਕੀਬਾਂ ਲੱਭਦੇ ਹੋ। ਤੁਸੀਂ ਅਜਿਹਾ ਸੋਚ ਕੇ ਚਲਦੇ ਹੋ ਕਿ ਸਾਰਾ ਜਗਤ ਤੁਹਾਡੇ ਲਈ ਚੱਲ ਰਿਹਾ ਹੈ ਅਤੇ ਤੁਸੀਂ ਖਾਸ ਹੋ। ਤੁਸੀਂ ਖਿੰਡ ਜਾਓਗੇ ਤਾਂ ਸਭ ਖਿੰਡ ਜਾਏਗਾ। ਤੁਸੀਂ ਮਰੋਗੇ ਤਾਂ ਸਭ ਮਰ ਜਾਏਗਾ। ਤੁਸੀਂ ਨਹੀਂ ਰਹੋਗੇ ਤਾਂ ਦੁਨੀਆਂ ਕਿਵੇਂ ਚੱਲੇਗੀ? ਤੁਹਾਡੇ ਸਿਗਰੇਟ ਪੀਣ ਜਾਂ ਨਾ ਪੀਣ ਨਾਲ ਯੁੱਧ ਹੋ ਜਾਂਦੇ ਹਨ। ਤੁਹਾਡੇ ਉਤੇ ਸਾਰਾ ਕੁਝ ਨਿਰਭਰ ਹੈ। ਤੁਸੀਂ ਜੇਕਰ

ਗੌਰ ਕਰੋਗੇ ਤਾਂ ਤੁਹਾਡੇ ਆਲੇ-ਦੁਆਲੇ ਇਸੇ ਤਰ੍ਹਾਂ ਦੀਆਂ ਬੇਕਾਰ ਗੱਲਾਂ ਇਕੱਠੀਆ ਹੋਈਆਂ ਪਾਓਗੇ।

ਬੁੱਧੀ ਛੀਣੀ ਹੈ ਅਤੇ ਗਿਆਨ ਹਥੌੜਾ ਹੈ। ਤੁਸੀਂ ਬੁੱਧੀ ਦੀ ਵਰਤੋਂ ਝੋਲ਼ੇ ਦੇ ਵਾਂਗ ਨਾ ਕਰੋ। ਨਹੀਂ ਤਾਂ ਝੋਲ਼ਾ ਵੱਡਾ ਹੁੰਦਾ ਜਾਏਗਾ, ਤੁਸੀਂ ਛੋਟੇ ਹੁੰਦੇ ਜਾਓਗੇ ਅਤੇ ਇੱਕ ਦਿਨ ਅਜਿਹਾ ਆ ਜਾਏਗਾ ਕਿ ਤੁਸੀਂ ਆਪਣੇ ਹੀ ਝੋਲ਼ੇ ਵਿੱਚ ਗੁਆਚ ਜਾਓਗੇ। ਤੁਸੀਂ ਉਸੇ ਦੇ ਹੇਠਾਂ ਦੱਬਕੇ ਮਰੋਗੇ। ਪੰਡਿਤ ਇਵੇਂ ਹੀ ਮਰਦੇ ਹਨ। ਆਪਣੇ ਹੀ ਗਿਆਂਨ ਦੇ ਹੇਠਾਂ ਦੱਬ ਕੇ। ਸਮਾਪਤ ਹੋ ਜਾਂਦੇ ਹਨ।

ਬੁੱਧੀ ਨੂੰ ਨਿਹਾਈ ਬਣਾਓ। ਬੁੱਧੀ ਓਨੀ ਹੀ ਚਮਕਦੀ ਹੈ, ਜਿੰਨੇ ਹੀ ਜੀਵਨ ਦੇ ਅਨੁਭਵ ਉਸਦੇ ਉਤੇ ਪੈਂਦੇ ਹਨ। ਹਰ ਸੱਟ ਉਸ ਨੂੰ ਨਿਖ਼ਾਰ ਜਾਂਦੀ ਹੈ ਅਤੇ ਤੁਸੀਂ ਕਦੇ ਖ਼ਿਆਲ ਕੀਤਾ ਹੈ? ਨਹੀਂ ਤਾਂ ਜਾਓ ਕਦੇ ਲੁਹਾਰ ਦੇ ਕੋਲ ਜਾਂ ਸੁਨਾਰ ਦੇ, ਜਿੱਥੇ ਛੀਣੀ ਗੱਡੀ ਹੁੰਦੀ ਹੈ, ਤੁਸੀਂ ਬਹੁਤ ਹੈਰਾਨ ਹੋਵੋਗੇ। ਹਥੌੜਾ ਸੱਟ ਮਾਰਦਾ ਹੈ। ਸੈਂਕੜੇ ਹਥੌੜੇ ਟੁੱਟ ਜਾਂਦੇ ਹਨ, ਇੱਕ ਛੀਣੀ ਚਲਦੀ ਰਹਿੰਦੀ ਹੈ। ਤੁਸੀਂ ਹੈਰਾਨ ਹੋਵੋਗੇ ਕਿ ਹਥੌੜੇ ਟੁੱਟ ਜਾਂਦੇ ਹਨ, ਜਿਹੜੇ ਸੱਟ ਮਾਰਦੇ ਹਨ, ਛੀਣੀ ਬਚੀ ਰਹਿੰਦੀ ਹੈ, ਅਤੇ ਨਿਖਰਦੀ ਜਾਂਦੀ ਹੈ। ਛੀਣੀ ਵਿੱਚ ਇੱਕ ਚਮਕ ਆ ਜਾਂਦੀ ਹੈ।

ਲਾਓਤਸੇ ਨੇ ਕਿਹਾ ਹੈ ਕਿ ਛੀਣੀ ਕਿਉਂ ਨਹੀਂ ਟੁੱਟਦੀ? ਕਿਉਂਕਿ ਉਹ ਝੱਲ ਲੈਂਦੀ ਹੈ। ਹਥੌੜਾ ਟੁੱਟ ਜਾਂਦਾ ਹੈ ਕਿਉਂਕਿ ਉਹ ਹਮਲਾ ਕਰਦਾ ਹੈ। ਹਮਲਾ ਟੁੱਟ ਜਾਏਗਾ ਆਪਣੇ ਆਪ। ਤੁਸੀਂ ਇਸ ਦੀ ਚਿੰਤਾ ਨਾ ਕਰੋ। ਤੁਸੀਂ ਸਿਰਫ਼ ਝੱਲਣ ਵਿੱਚ ਸਮਰੱਥ ਹੋ ਜਾਓ। ਹਰ ਹਮਲੇ ਦੀ ਹਾਲਤ, ਹਰ ਘਟਨਾ ਜੋ ਤੁਹਾਨੂੰ ਹਿਲਾ ਜਾਂਦੀ ਹੈ, ਤੁਹਾਨੂੰ ਹੋਰ ਮਜਬੂਤ ਕਰ ਜਾਏਗੀ। ਪੁਛੋ ਸੁਨਾਰ ਤੋਂ ਇੱਕ ਛੀਣੀ ਅਤੇ ਕਿੰਨੇ ਹਥੌੜੇ? ਤਾਂ ਉਹ ਕਹੇਗਾ ਸੈਂਕੜੇ ਹਥੌੜੇ ਟੁੱਟ ਗਏ, ਛੀਣੀ ਇੱਕ ਟਿਕੀ ਹੈ। ਟੁੱਟਣਾ ਸੀ ਛੀਣੀ ਨੂੰ, ਕਿਉਂਕਿ ਕਿੰਨੇ ਹਮਲੇ ਹੋਏ। ਪਰ ਤੋੜਣ ਵਾਲੇ ਟੁੱਟ ਜਾਂਦੇ ਹਨ, ਸਹਿਣ ਵਾਲੇ ਬਚ ਜਾਂਦੇ ਹਨ। ਛੀਣੀ ਵਿੱਚ ਪੂਰਾ ਰਾਜ਼ ਲੁਕਿਆ ਹੈ।

ਨਾਨਕ ਕਹਿੰਦੇ ਹਨ ਬੁੱਧੀ ਛੀਣੀ ਹੈ। ਬੁੱਧੀ ਟੁੱਟੇਗੀ ਨਹੀਂ, ਡਰੋ ਨਾ। ਖੋਲ੍ਹੋ ਅਨੁਭਵ ਲਈ, ਪੈਣ ਦਿਓ ਸੱਟਾਂ। ਜਿੰਨੀਆਂ ਸੱਟਾਂ ਪੈਣਗੀਆਂ ਤੁਹਾਡੀ ਜੀਵਨ ਚੇਤਨਾ ਉਤੇ, ਓਨੇ ਹੀ ਤੁਸੀਂ ਨਿਖਰੋਗੇ। ਜੀਵਨ ਨੂੰ ਇੱਕ ਯੁੱਧ ਯਾਤਰਾ ਬਣਾਓ, ਇੱਕ ਐਡਵੈਂਚਰ।

ਅਤੇ ਜਿੱਥੇ ਵੀ ਸੱਟ ਪੈ ਸਕਦੀ ਹੋਵੇ ਉਥੇ ਭੱਜੋ ਨਾ। ਜਿਸ ਨੇ ਭੱਜਣ ਦਾ ਭਾਵ ਕੀਤਾ, ਉਹ ਹਾਰਨ ਤੋਂ ਪਹਿਲਾਂ ਹੀ ਹਾਰ ਗਿਆ। ਉਸ ਨੇ ਚੁਨੌਤੀ ਸਵੀਕਾਰ ਹੀ ਨਹੀਂ ਕੀਤੀ। ਉਹ ਭੱਜ ਖਲੋਤਾ। ਭਗੌੜੇ ਕਦੇ ਨਾ ਬਣੋ। ਜੀਵਨ ਦੇ ਸੰਘਰਸ਼ ਤੋਂ ਭੱਜੋ ਨਾ ਕਦੇ। ਇਸ ਲਈ ਮੈਂ ਉਸ ਨੂੰ ਸੰਨਿਆਸੀ ਨਹੀਂ ਕਹਿੰਦਾ ਜਿਹੜਾ ਭੱਜ ਗਿਆ।

ਕਿਉਂਕਿ ਉਹ ਤਾਂ ਹਥੌੜਿਆਂ ਕੋਲੋਂ ਹੀ ਭੱਜ ਗਿਆ। ਉਸ ਦੀ ਛੀਣੀ ਤੇ ਹਿਮਾਲਿਆ ਵਿੱਚ ਜੰਗ ਲਗੇਗੀ, ਹੋਰ ਕੁਝ ਨਹੀਂ ਹੋ ਸਕਦਾ। ਤੁਸੀਂ ਵੇਖੋ ਆਪਣੇ ਸੰਨਿਆਸੀਆਂ ਨੂੰ ਜਾਓ ਹਿਮਾਲੀਆ। ਤੁਸੀਂ ਉਨ੍ਹਾਂ ਵਿੱਚ ਬੁੱਧ ਦਾ ਨਿਖਾਰ ਨਹੀਂ ਪਾਓਗੇ। ਤੁਸੀਂ ਉਨ੍ਹਾਂ ਵਿੱਚ ਚਮਕ ਨਹੀਂ ਪਾਓਗੇ। ਤੁਸੀਂ ਉਨ੍ਹਾਂ ਉਤੇ ਪਾਓਗੇ ਜੰਗ ਲੱਗ ਗਿਆ। ਜੇਕਰ ਤੁਹਾਡੇ ਕੋਲ ਅੱਖਾਂ ਹਨ ਤਾਂ ਤੁਸੀਂ ਵੇਖੋਗੇ, ਉਨ੍ਹਾਂ ਦੀ ਪ੍ਰਤਿਭਾ ਦੀਨ ਹੋ ਗਈ, ਛੀਣ ਹੋ ਗਈ। ਉਹ ਮੁਰਦੇ ਵਾਂਗ ਹੋਏ ਹੋਏ ਹਨ। ਉਨ੍ਹਾਂ ਦੇ ਅੰਦਰ ਜੀਵਨ ਦੀ ਜੋਤ ਗਹਿਰਾਈ ਨਾਲ ਨਹੀਂ ਜਗਦੀ ਹੈ। ਉਨ੍ਹਾਂ ਦੇ ਅੰਦਰ ਸਭ ਫਿਕਾ-ਫਿਕਾ, ਉਦਾਸ-ਉਦਾਸ ਹੋ ਗਿਆ ਹੈ, ਕਿਉਂਕਿ ਜੀਵਨ ਦੀ ਜੋਤ ਜਗਾਉਣ ਦੇ ਲਈ ਸੰਘਰਸ਼ ਚਾਹੀਦਾ ਹੈ। ਸੰਘਰਸ਼ ਭੋਜਨ ਹੈ। ਉਸ ਤੋਂ ਭੱਜੋ ਨਾ।

ਨਾਨਕ ਕਹਿੰਦੇ ਹਨ ਬੁੱਧੀ ਛੀਣੀ ਹੈ ਅਤੇ ਗਿਆਨ ਹਥੌੜਾ ਹੈ ਅਤੇ ਜਦ ਵੀ ਤੁਹਾਡੇ ਜੀਵਨ ਵਿੱਚ ਸੱਟ ਪਵੇ, ਤਦ ਗਿਆਨ ਦਾ ਇੱਕ ਛਿੰਨ ਉਤਪੰਨ ਹੁੰਦਾ ਹੈ। ਉਸ ਨੂੰ ਤੁਸੀਂ ਭੁੱਲ ਨਾ। ਜਿਵੇਂ ਰਾਤ, ਕਦੇ ਹਨੇਰੀ ਰਾਤ ਵਿੱਚ ਬਿਜਲੀ ਚਮਕਦੀ ਹੈ। ਇਵੇਂ ਤਾਂ ਤੁਸੀਂ ਕੰਬ ਜਾਂਦੇ ਹੋ, ਪਰ ਉਸੇ ਕਾਂਬੇ ਵਿੱਚ ਇੱਕ ਪ੍ਰਕਾਸ਼ ਹੁੰਦਾ ਹੈ ਅਤੇ ਸਾਰਾ ਹਨੇਰਾ ਗੁਆਚ ਜਾਂਦਾ ਹੈ। ਇੱਕ ਪਲ ਲਈ ਸਾਰੇ ਰਾਹ ਸਾਫ਼ ਹੋ ਜਾਂਦੇ ਹਨ।

ਗਿਆਨ ਦੀ ਹਰ ਸੱਟ ਬਿਜਲੀ ਦੀ ਚਮਕ ਹੈ। ਬੱਦਲਾਂ ਵਿੱਚ ਘਰਸ਼ਣ (ਮੀਂਹ ਤੇ ਹਨੇਰੀ ਦੀ ਗਰਜਨਾ) ਪੈਦਾ ਹੁੰਦਾ ਹੈ ਤਦ ਚਮਕ ਪੈਦਾ ਹੁੰਦੀ ਹੈ ਅਤੇ ਜਦ ਜੀਵਨ ਵਿੱਚ ਘਰਸ਼ਣ ਪੈਦਾ ਹੁੰਦਾ ਹੈ ਤਦ ਚਮਕ ਪੈਦਾ ਹੁੰਦੀ ਹੈ। ਸੋ ਜੀਵਨ ਦੀ ਕਿਸੇ ਵੀ ਸਥਿਤੀ ਤੋਂ ਭੱਜੋ ਨਾ। ਰੁਕੋ, ਅਤੇ ਉਸ ਵਿੱਚੋਂ ਲੰਘੋ। ਉਸ ਨਾਲ ਪ੍ਰੌੜ੍ਹਤਾ ਅਤੇ 'ਮੈਚਯੋਰਟੀ' ਆਏਗੀ। ਉਸੇ ਤੋਂ ਸਮਝ ਦਾ ਜਨਮ ਹੋਏਗਾ। ਅੰਡਰਸਟੈਂਡਿੰਗ ਪੈਦਾ ਹੋਏਗੀ।

ਇਸ ਲਈ ਨਾਨਕ ਨੇ ਆਪਣੇ ਸਿੱਖਾਂ ਨੂੰ ਸੰਸਾਰ ਤੋਂ ਭੱਜਣ ਲਈ ਨਹੀਂ ਕਿਹਾ, ਕਿਉਂਕਿ ਉਹ ਹਥੌੜੀਆਂ ਕੋਲੋਂ ਭੱਜਣਾ ਹੈ। ਉਥੇ ਹੀ ਤਾਂ ਸਾਰਾ ਗਿਆਨ ਪੈਦਾ ਹੋਏਗਾ। ਤੁਸੀਂ ਪਤਨੀ ਕੋਲੋਂ ਭੱਜ ਜਾਓਗੇ, ਤੁਸੀਂ ਬਚਕਾਨੇ ਰਹਿ ਜਾਓਗੇ। ਕਿਉਂਕਿ ਪਤਨੀ ਦੇ ਨਾਲ ਸੰਘਰਸ਼ ਵਿੱਚ ਇੱਕ ਪ੍ਰੌੜ੍ਹਤਾ ਹੈ। ਤੁਸੀਂ ਆਪਣੇ ਬੱਚਿਆਂ ਕੋਲੋਂ ਭੱਜ ਜਾਓਗੇ, ਪਰ ਤੁਸੀਂ ਬਚਕਾਨੇ ਰਹਿ ਜਾਓਗੇ। ਕਿਉਂਕਿ ਬੱਚਿਆਂ ਦੇ ਨਾਲ, ਜੀਵਨ ਨੂੰ ਵੱਡਾ ਕਰਨ ਵਿੱਚ ਤੁਹਾਡੀ ਇੱਕ ਪ੍ਰੌੜ੍ਹਤਾ ਹੈ। ਜਿਹੜੀ ਵਿਕਸਿਤ ਹੁੰਦੀ ਹੈ।

ਤੁਸੀਂ ਕਦੇ ਖਿਆਲ ਕੀਤਾ ਹੈ? ਜਿਵੇਂ ਹੀ ਇੱਕ ਬੱਚਾ ਪੈਦਾ ਹੁੰਦਾ ਹੈ ਕਿਸੇ ਇਸਤ੍ਰੀ ਨੂੰ ਉਹ ਇਸਤ੍ਰੀ ਉਹ ਹੀ ਨਹੀਂ ਰਹਿ ਜਾਂਦੀ, ਜਿਹੜੀ ਬੱਚੇ ਤੋਂ ਪਹਿਲਾਂ ਸੀ। ਕਿਉਂਕਿ ਬੱਚਾ ਹੀ ਪੈਦਾ ਨਹੀਂ ਹੁੰਦਾ, ਮਾਂ ਵੀ ਪੈਦਾ ਹੁੰਦੀ ਹੈ ਉਸੇ ਦੇ ਨਾਲ। ਉਸ ਤੋਂ ਪਹਿਲਾਂ

ਉਹ ਇੱਕ ਸਾਧਾਰਣ ਇਸਤ੍ਰੀ ਸੀ, ਹੁਣ ਉਹ ਮਾਂ ਹੈ ਅਤੇ ਮਾਂ ਹੋਣਾ ਇੱਕ ਵੱਖਰਾ ਗੁਣ ਧਰਮ ਹੈ। ਜਿਸਦਾ ਸਾਧਾਰਣ ਇਸਤ੍ਰੀ ਨੂੰ ਕੋਈ ਵੀ ਪਤਾ ਨਹੀਂ। ਜਦ ਇੱਕ ਬੱਚਾ ਪੈਦਾ ਹੁੰਦਾ ਹੈ, ਹੁਣ ਤੱਕ ਜਿਹੜਾ ਇੱਕ ਜਵਾਨ ਆਦਮੀ ਸੀ, ਹੁਣ ਪਿਓ ਬਣ ਗਿਆ। ਉਹ ਦੂਜਾ ਆਦਮੀ ਹੈ ਕਿਉਂਕਿ ਪਿਓ ਬਨਣ ਵਿੱਚ ਇੱਕ ਪ੍ਰੌੜ੍ਹਤਾ ਹੈ। ਪਿਓ ਹੋਣ ਦਾ ਖਿਆਲ, ਪਿਓ ਹੋਣ ਦੀ ਸਥਿਤੀ, ਇੱਕ ਨਵੇਂ ਅਨੁਭਵ ਦੀ ਸ਼ੁਰੂਆਤ ਹੈ। ਤੁਸੀਂ ਭੱਜੋ ਨਾ। ਜੀਵਨ ਨੇ ਜਿੰਨੇ ਦਰਵਾਜ਼ੇ ਖੋਲ੍ਹੇ ਹਨ ਉਨ੍ਹਾਂ ਸਾਰਿਆਂ ਦੀ ਵਰਤੋਂ ਕਰੋ।

ਇਸ ਲਈ ਨਾਨਕ ਨੇ ਆਪਣੇ ਭਗਤਾਂ ਨੂੰ ਜੰਗਲ ਵਿੱਚ ਭੱਜ ਜਾਣ ਲਈ ਨਹੀਂ ਕਿਹਾ। ਕਿਹਾ, ਕਿ ਜੀਵਨ ਵਿੱਚ ਰੁਕਣਾ। ਪੈਣ ਦੇਣਾ ਹਥੌੜੀਆਂ, ਡਰਨਾ ਨਹੀਂ। ਕਿਉਂਕਿ ਬੁੱਧੀ ਛੀਣੀ ਹੈ ਅਤੇ ਗਿਆਨ ਹਥੌੜਾ ਹੈ। ਭੈਅ ਧੌਂਕਣੀ ਹੈ ਅਤੇ ਤਪੱਸਿਆ ਅਗਨੀ ਹੈ। ਭੈਅ ਦੀ ਵਰਤੋਂ ਵੀ ਤੁਸੀਂ ਦੋ ਤਰ੍ਹਾਂ ਨਾਲ ਕਰ ਸਕਦੇ ਹੋ। ਇੱਕ ਤਾਂ ਤੁਸੀਂ ਕਰ ਹੀ ਰਹੇ ਹੋ। ਉਹ ਉਪਯੋਗ ਹੈ ਕਿ ਜਿੱਥੇ-ਜਿੱਥੇ ਤੁਸੀਂ ਭੈਅਭੀਤ ਹੋ ਜਾਂਦੇ ਹੋ, ਉਨ੍ਹਾਂ ਥਾਵਾਂ ਤੋਂ ਤੁਸੀਂ ਭੱਜ ਖਲੌਂਦੇ ਹੋ। ਤੁਸੀਂ ਸ਼ੁਤੁਰਮੁਰਗ ਦਾ ਤਰਕ ਮੰਨਦੇ ਹੋ, ਵੇਖਦਾ ਹੈ ਦੁਸ਼ਮਣ ਨੂੰ, ਰੇਤ ਵਿੱਚ ਸਿਰ ਗੱਡ ਕੇ ਖੜ੍ਹਾ ਹੋ ਜਾਂਦਾ ਹੈ। ਨਾ ਵਿਖਾਈ ਦਿੰਦਾ ਹੈ ਵੈਰੀ, ਸੋਚਦਾ ਹੈ ਨਹੀਂ ਰਿਹਾ। ਜਿਹੜਾ ਵਿਖਾਈ ਨਹੀਂ ਪੈਂਦਾ ਉਹ ਹੋਏਗਾ ਕਿਵੇਂ? ਤੁਸੀਂ ਜਿੱਥੇ ਜਿੱਥੇ ਭੈਅ ਵੇਖਦੇ ਹੋ ਉਥੋਂ ਹੀ ਹਟ ਜਾਂਦੇ ਹੋ। ਤਾਂ ਤੁਸੀਂ ਕਿਵੇਂ ਵਧੋਗੇ। ਭੈਅ ਮੌਕਾ ਹੈ। ਭੈਅ ਕੀ ਹੈ? ਭੈਅ ਇੱਕ ਹੀ ਹੈ ਕਿ ਤੁਸੀਂ ਮਿਟ ਨਾ ਜਾਓ, ਜਿੱਥੇ-ਜਿੱਥੇ ਤੁਸੀਂ ਭੈਅ ਖਾਂਦੇ ਹੋ, ਉਥੋਂ ਹੀ ਤੁਸੀਂ ਹਟ ਜਾਂਦੇ ਹੋ ਅਤੇ ਜੇਕਰ ਤੁਸੀਂ ਮਿਟਣ ਨੂੰ ਰਾਜ਼ੀ ਨਹੀਂ ਹੋ, ਤਾਂ ਪਰਮਾਤਮਾ ਹੋਏਗਾ ਕਿਵੇਂ?

ਭੈਅ ਕੀ ਹੈ? ਇੱਕ ਹੀ ਭੈਅ ਹੈ ਕਿ ਮੈਂ ਮਰ ਨਾ ਜਾਵਾਂ, ਸਮਾਪਤ ਨਾ ਹੋ ਜਾਵਾਂ। ਮੌਤ ਤੋਂ ਇਲਾਵਾ ਕੋਈ ਵੀ ਡਰ ਨਹੀਂ ਹੈ ਅਤੇ ਜਿਹੜਾ ਮਰਨ ਨੂੰ ਰਾਜ਼ੀ ਨਹੀਂ ਹੈ। ਉਹ ਪਰਮਾਤਮਾ ਵਿੱਚ ਲੀਨ ਹੋਣ ਨੂੰ ਕਿਵੇਂ ਰਾਜ਼ੀ ਹੋਏਗਾ। ਜਿਹੜਾ ਮਰਨ ਲਈ ਰਾਜ਼ੀ ਨਹੀਂ ਹੈ ਉਹ ਪ੍ਰੇਮ 'ਚ ਜਾਣ ਨੂੰ ਕਿਵੇਂ ਰਾਜ਼ੀ ਹੋਵੇਗਾ? ਜਿਹੜਾ ਮਰਨ ਲਈ ਰਾਜ਼ੀ ਨਹੀਂ ਹੈ ਉਹ ਪ੍ਰਾਰਥਨਾ ਵਿੱਚ ਕਿਵੇਂ ਪ੍ਰਵੇਸ਼ ਕਰੇਗਾ?

ਸੋ ਭੈਅ ਦੀਆਂ ਦੋ ਸੰਭਾਵਨਾਵਾਂ ਹਨ। ਜਾਂ ਤਾਂ ਤੁਸੀਂ ਭੱਜ ਜਾਓ, ਜਾਂ ਤੁਸੀਂ ਸਮਰੱਪਣ ਕਰ ਦਿਓ। ਤੁਸੀਂ ਰਾਜ਼ੀ ਹੋ ਜਾਓ ਕਿ ਠੀਕ ਹੈ, ਮੌਤ ਹੈ। ਸਵੀਕਾਰ ਕਰ ਲਓ ਅੱਖਾਂ ਨਾ ਲੁਕਾਓ ਅਤੇ ਜਿਸ ਦਿਨ ਤੁਸੀਂ ਮੌਤ ਨੂੰ ਖੁੱਲ੍ਹੀ ਅੱਖ ਨਾਲ ਵੇਖੋਗੇ, ਸਵੀਕਾਰ ਕਰਕੇ ਵੇਖੋਗੇ, ਉਸੇ ਦਿਨ ਤੁਸੀਂ ਪਾਓਗੇ ਕਿ ਮੌਤ ਅਲੋਪ ਹੋ ਜਾਂਦੀ ਹੈ, ਤੁਸੀਂ ਉਸ ਨੂੰ ਕਦੇ ਖੁੱਲ੍ਹੀ ਅੱਖ ਨਾਲ ਵੇਖਿਆ ਨਹੀਂ ਸੀ। ਤੁਸੀਂ ਕਦੀ ਆਮ੍ਹਣਾ-ਸਾਹਮਣਾ ਕੀਤਾ ਨਹੀਂ ਸੀ। ਇਸ ਲਈ ਮੌਤ ਸੀ। ਜੀਵਨ ਦੇ ਸਾਰੇ ਭੈਅ ਹੌਲੀ-ਹੌਲੀ

ਅਲੋਪ ਹੋ ਜਾਂਦੇ ਹਨ। ਜੇਕਰ ਤੁਸੀਂ ਜਾਗ ਕੇ ਵੇਖਣਾ ਸ਼ੁਰੂ ਕਰੋ। ਨਾਨਕ ਕਹਿੰਦੇ ਹਨ, ਭੈਅ ਫੂਕਨੀ ਹੈ। ਤੁਸੀ ਭੈਅ ਤੋਂ ਡਰੋ ਨਾ। ਕਿਉਂਕਿ ਤੁਸੀਂ ਭੈਅ ਤੋਂ ਜਿੰਨੇ ਨੱਠੋਗੇ, ਡਰੋਗੇ, ਓਨੀ ਹੀ ਤੁਹਾਡੀ ਜੀਵਨ ਦੀ ਤਪੱਸਿਆ ਦੀ ਅੱਗ ਹੋਰ ਘੱਟ ਹੋ ਜਾਏਗੀ ਕਿਉਂਕਿ ਭੈਅ ਤਾਂ ਫੂਕਨੀ ਹੈ। ਉਸ ਦੇ ਨਾਲ ਤਾਂ ਅਗਨੀ ਤੇਜ਼ ਹੁੰਦੀ ਹੈ। ਜਿੱਥੇ-ਜਿੱਥੇ ਭੈਅ ਹੋਵੇ, ਉਥੇ ਹੀ ਚੁਨੌਤੀ ਨੂੰ ਸਵੀਕਾਰ ਕਰਕੇ ਪ੍ਰਵੇਸ਼ ਕਰੋ।

ਉਸੇ ਤੋਂ ਤਾਂ ਯੋਧਾ ਪੈਦਾ ਹੁੰਦਾ ਹੈ। ਜਿੱਥੇ ਭੈਅ ਹੈ, ਉਥੇ ਹੀ ਪ੍ਰਵੇਸ਼ ਕਰਦਾ ਹੈ। ਜਿੱਥੇ ਮੌਤ ਹੈ ਉਸੇ ਨੂੰ ਸੱਦਾ ਮੰਨ ਲੈਂਦਾ ਹੈ। ਜਿੱਥੇ ਖ਼ਤਰਾ ਹੈ, ਉਥੇ ਸੁਚੇਤ ਹੋ ਕੇ ਟੁਰਦਾ ਹੈ, ਲੇਕਿਨ ਟੁਰਦਾ ਹੈ। ਅੰਦਰ ਜਾਂਦਾ ਹੈ ਅਤੇ ਜਿੰਨੇ ਅੰਦਰ ਤੁਸੀਂ ਭੈਅ ਦੇ ਜਾਓਗੇ, ਓਨੀ ਹੀ ਨਿਡਰਤਾ ਪੈਦਾ ਹੁੰਦੀ ਹੈ। ਜਿੰਨਾ ਭੱਜੋਗੇ ਓਨਾ ਭੈਅ ਇਕੱਠਾ ਹੁੰਦਾ ਹੈ। ਜਿਹੜਾ ਭੈਅ ਦੀ ਵਰਤੋਂ ਕਰਨਾ ਸਿੱਖ ਲੈਂਦਾ ਹੈ, ਨਾਨਕ ਕਹਿੰਦੇ ਹਨ, ਉਸਦੇ ਲਈ ਭੈਅ ਫੂਕਨੀ ਹੋ ਜਾਂਦਾ ਹੈ ਅਤੇ ਹਰ ਭੈਅ ਦੀ ਅਵਸਥਾ ਤਪੱਸਿਆ ਦੀ ਅਗਨੀ ਨੂੰ ਤੇਜ ਕਰਦੀ ਹੈ।

ਭਗਤ ਵਿੱਚ ਭੈਅ ਹੈ। ਪਰ ਉਸ ਨੇ ਆਪਣੇ ਭੈਅ ਨੂੰ ਭਗਤੀ ਵਿੱਚ ਬਦਲ ਦਿੱਤਾ। ਹੁਣ ਉਹ ਸਿਰਫ਼ ਪਰਮਾਤਮਾ ਤੋਂ ਭੈਅਭੀਤ ਹੈ। ਹੋਰ ਕਿਸੇ ਕੋਲੋਂ ਵੀ ਨਹੀਂ ਅਤੇ ਪਰਮਾਤਮਾ ਤੋਂ ਕਿਉਂ ਭੈਅਭੀਤ ਹੈ? ਪਰਮਾਤਮਾ ਤੋਂ ਸਿਰਫ਼ ਇਸ ਲਈ ਭੈਅ-ਭੀਤ ਹੈ ਕਿ ਉਸ ਭੈਅ ਦੇ ਰਾਹੀਂ ਉਹ ਆਪਣੇ ਜੀਵਨ ਵਿੱਚ ਸੰਯਮ ਰੱਖ ਸਕੇਗਾ। ਉਸ ਭੈਅ ਦੇ ਰਾਹੀਂ ਉਹ ਆਪਣੇ ਜੀਵਨ ਨੂੰ ਗ਼ਲਤ ਜਾਣ ਤੋਂ ਬਚਾ ਸਕੇਗਾ। ਇਹ ਸਾਧਾਰਣ ਭੈਅ ਨਹੀਂ ਹੈ। ਤੁਸੀਂ ਜਿਸ ਕੋਲੋਂ ਵੀ ਡਰਦੇ ਹੋ, ਉਸਦੇ ਵੈਰੀ ਹੋ ਜਾਂਦੇ ਹੋ।

ਪਰਮਾਤਮਾ ਦਾ ਭੈਅ ਬਹੁਤ ਅਨੋਖਾ ਹੈ। ਤੁਸੀਂ ਉਸ ਤੋਂ ਡਰਦੇ ਹੋ, ਓਨੇ ਹੀ ਉਸਦੇ ਪ੍ਰੇਮ ਵਿੱਚ ਡਿਗਦੇ ਜਾਂਦੇ ਹੋ। ਕਿਉਂਕਿ ਡਰਨ ਦਾ ਕੁਲ ਏਨਾ ਹੀ ਅਰਥ ਹੈ ਕਿ ਕਿਤੇ ਮੈਂ ਤੈਨੂੰ ਭੁੱਲ ਨਾ ਜਾਵਾਂ, ਕਿਤੇ ਅਜਿਹਾ ਨਾ ਹੋਵੇ ਕਿ ਮੈਂ ਭਟਕ ਜਾਵਾਂ। ਤੁਹਾਡਾ ਭੈਅ ਕੇਵਲ ਏਨਾ ਹੀ ਦੱਸਦਾ ਹੈ ਕਿ ਮੇਰੇ ਭਟਕਣ ਦੀ ਵੀ ਸੰਭਾਵਨਾ ਹੈ। ਤੂੰ ਮੈਨੂੰ ਭਟਕਣ ਨਾ ਦੇਵੀਂ। ਤੇਰੀ ਯਾਦ ਕਿਤੇ ਮੈਨੂੰ ਭੁੱਲ ਨਾ ਜਾਏ। ਕਿਉਂਕਿ ਤੇਰੀ ਮਿਹਰ ਨਾ ਹੋਵੇ ਤਾਂ ਮੈਂ ਤੇਰੀ ਯਾਦ ਵੀ ਤਾਂ ਲਗਾਤਾਰ ਨਹੀਂ ਰੱਖ ਸਕਾਂਗਾ। ਮੈਂ ਤੈਨੂੰ ਲੱਭਦਾ ਹਾਂ। ਪਰ ਤੇਰਾ ਸਹਾਰਾ ਨਾ ਹੋਵੇ ਤਾਂ ਮੈਂ ਤੈਨੂੰ ਲੱਭ ਵੀ ਤਾਂ ਨਹੀਂ ਸਕਾਂਗਾ। ਭੈਅ ਦਾ ਅਰਥ ਹੈ ਮੇਰੀ ਦੀਨਤਾ। ਮੇਰੀ ਲਾਚਾਰ ਅਵਸਥਾ।

ਭਗਤ ਭੈਅ ਨੂੰ ਪ੍ਰਾਰਥਨਾ ਬਣਾ ਲੈਂਦਾ ਹੈ। ਉਹ ਭੱਜਦਾ ਨਹੀਂ। ਉਹ ਹਰ ਭੈਅ ਨੂੰ ਪ੍ਰਾਰਥਨਾ ਬਣਾ ਲੈਂਦਾ ਹੈ। ਜਿੱਥੇ-ਜਿੱਥੇ ਭੈਅ ਉਸ ਨੂੰ ਫੜਦਾ ਹੈ। ਉਥੇ-ਉਥੇ ਉਹ ਉਸਦੀ ਪ੍ਰਾਰਥਨਾ ਦਾ ਮੌਕਾ ਪਾਉਂਦਾ ਹੈ। ਭੈਅ ਫੂਕਨੀ ਹੈ, ਤਪੱਸਿਆ ਅਗਨੀ ਹੈ।

ਜਦ ਵੀ ਤੁਸੀਂ ਨਿੱਕਾ ਜਿਹਾ ਕੰਮ ਵੀ ਸੰਕਲਪਪੂਰਣ ਕਰਦੇ ਹੋ, ਤਾਂ ਤੁਹਾਡੇ ਅੰਦਰ ਇੱਕ ਅਨੋਖਾ ਤਾਪ ਪੈਦਾ ਹੁੰਦਾ ਹੈ। ਇਸ ਨੂੰ ਸ਼ਾਇਦ ਤੁਸੀਂ ਕਦੇ ਨਰੀਖਿਆ ਨਹੀਂ। ਪਰ ਜੇਕਰ ਤੁਸੀਂ ਨਿੱਕਾ ਜਿਹਾ ਕੰਮ ਵੀ ਸੰਕਲਪਪੂਰਣ ਕਰੋ — ਤਪੱਸਿਆ ਦਾ ਉਹ ਹੀ ਅਰਥ ਹੈ।

ਸਮਝੋ ਕਿ ਤੁਸੀਂ ਅੱਜ ਵਰਤ ਕਰ ਲਓ। ਵਰਤ ਕਿਸੇ ਸਵਰਗ ਨੂੰ ਪਾਉਂਣ ਲਈ ਨਹੀਂ। ਕਿਉਂਕਿ ਭੁੱਖੇ ਰਹਿਣ ਨਾਲ ਜੇਕਰ ਸਵਰਗ ਮਿਲਦਾ ਹੁੰਦਾ ਤਾਂ ਵੱਡੀ ਆਸਾਨ ਗੱਲ ਸੀ। ਵਰਤ ਕਿਸੇ ਪੁੰਨ ਲਈ ਵੀ ਨਹੀਂ। ਕਿਉਂਕਿ ਭੁੱਖੇ ਰਹਿਣ ਨਾਲ ਪੁੰਨ ਦਾ ਕਿਵੇਂ ਸੰਬੰਧ ਹੋ ਸਕਦਾ ਹੈ? ਕੋਈ ਸੰਬੰਧ ਨਹੀਂ। ਵਰਤ ਤਾਂ ਸੰਕਲਪ ਦੀ ਤਪੱਸਿਆ ਦੀ ਇੱਕ ਪ੍ਰਕ੍ਰਿਆ ਹੈ। ਤੁਸੀਂ ਸੰਕਲਪ ਕੀਤਾ ਕਿ ਅੱਜ ਮੈਂ ਭੁੱਖਾ ਰਹਾਂਗਾ। ਸ਼ਰੀਰ ਮੰਗ ਕਰੇਗਾ ਰੋਜ਼ ਦੀ ਆਦਤ ਦੇ ਮੁਤਾਬਿਕ, ਭੋਜਨ ਚਾਹੀਦਾ ਹੈ। ਭੋਜਨ ਦਾ ਵੇਲਾ ਹੋਏਗਾ, ਸ਼ਰੀਰ ਆਖੇਗਾ ਭੁੱਖ ਲੱਗੀ ਹੈ। ਤੁਸੀਂ ਇਹ ਸਭ ਸੁਣੋਗੇ। ਤੁਸੀਂ ਇਸ ਨੂੰ ਝੁਠਲਾਓਗੇ ਨਹੀਂ। ਤੁਸੀਂ ਇਹ ਨਹੀਂ ਕਹੋਗੇ ਕਿ ਭੁੱਖ ਨਹੀਂ ਲੱਗੀ ਹੈ। ਤੁਸੀਂ ਸ਼ਰੀਰ ਨੂੰ ਕਹੋਗੇ, ਭੁੱਖ ਲੱਗੀ ਹੈ। ਬਿਲਕੁਲ ਠੀਕ ਹੈ, ਵਰਤ ਵੀ ਹੋਇਆ ਹੈ ਇਹ ਵੀ ਠੀਕ ਹੈ। ਪਰ ਮੈਂ ਫ਼ੈਸਲਾ ਕੀਤਾ ਹੈ ਕਿ ਮੈਂ ਅੱਜ ਭੁੱਖਾ ਰਹਾਂਗਾ। ਸੋ ਅੱਜ ਭੁੱਖਿਆਂ ਰਹਿਣਾ ਪਏਗਾ। ਮੈਂ ਆਪਣੇ ਫ਼ੈਸਲੇ ਨੂੰ ਸ਼ਰੀਰ ਲਈ ਨਹੀਂ ਝੁਕਾਵਾਂਗਾ। ਲੇਕਿਨ ਇਸ ਨੂੰ ਸਜਗਤਾ ਨਾਲ। ਸ਼ਰੀਰ ਦੀ ਮੰਗ ਸਹੀ ਹੈ। ਲੇਕਿਨ ਅੱਜ ਮੈਂ ਆਪਣੇ ਫ਼ੈਸਲੇ ਨਾਲ ਜੀਊਂਗਾ।

ਇਸ ਦਾ ਕੀ ਅਰਥ ਹੈ? ਇਸ ਦਾ ਅਰਥ ਹੈ ਕਿ ਤੁਸੀਂ ਆਪਣੇ ਆਪ ਨੂੰ ਸ਼ਰੀਰ ਤੋਂ ਉਪਰ ਚੁੱਕ ਰਹੇ ਹੋ। ਤੁਸੀਂ ਸ਼ਰੀਰ ਤੋਂ ਵੱਡੇ ਹੋ ਰਹੇ ਹੋ। ਤੁਸੀਂ ਸ਼ਰੀਰ ਨੂੰ ਅਨੁਗਾਮੀ ਬਣਾ ਰਹੇ ਹੋ। ਮਨ ਭੋਜਨ ਦੀ ਯਾਦ ਕਰੇਗਾ, ਉਸ ਨੂੰ ਕਰਨ ਦੇਣਾ, ਤੁਸੀਂ ਉਸਨੂੰ ਵੀ ਕਹੋਗੇ, ਕਿ ਠੀਕ ਹੈ, ਕਿ ਤੂੰ ਸੋਚਣਾ ਹੈ ਸੋਚ। ਮੈਂ ਸਾਖ਼ਸ਼ੀ ਰਹਾਂਗਾ, ਮੈਂ ਸਾਥੀ ਨਹੀਂ ਹਾਂ। ਮੈਂ ਆਪਣੇ ਫੈਸਲੇ ਨਾਲ ਜੀਊਂਗਾ। ਮੇਰਾ ਸੰਕਲਪ ਹੈ ਅਤੇ ਤਦ ਤੁਸੀਂ ਪਾਓਗੇ ਤੁਹਾਡੇ ਅੰਦਰ ਇੱਕ ਤਾਪ, ਇੱਕ ਅਗਨੀ, ਇੱਕ ਊਰਜਾ ਪੈਦਾ ਹੋ ਰਹੀ ਹੈ। ਇੱਕ ਅਨੋਖੀ ਊਰਜਾ ਜਿਹੜੀ ਤੁਸੀਂ ਕਦੇ ਨਹੀਂ ਜਾਣੀ ਸੀ। ਉਹ ਊਰਜਾ ਸੰਕਲਪ ਦੀ ਮਾਲਕੀਅਤ ਨਾਲ ਆਈ ਹੈ। ਤੁਸੀਂ ਆਪਣੇ ਮਾਲਿਕ ਹੋ।

ਕੱਲ੍ਹ ਸਵੇਰੇ ਤੁਸੀਂ ਉਠੋਗੇ, ਹੋਰ ਹੀ ਤਰ੍ਹਾਂ ਉਠੋਗੇ। ਸਵੇਰੇ ਤੁਸੀਂ ਪਾਓਗੇ ਕਿ ਮੈਂ ਸ਼ਰੀਰ ਤੋਂ ਉੱਪਰ ਉੱਠ ਸਕਦਾ ਹਾਂ। ਇੱਕ ਨਵਾਂ ਅਨੁਭਵ ਹੋਇਆ ਕਿ ਮੈਂ ਮਨ ਤੋਂ ਵੀ ਉਪਰ ਉੱਠ ਸਕਦਾ ਹਾਂ। ਇੱਕ ਨਵੀਂ ਪ੍ਰਤੀਤੀ ਹੋਈ, ਇੱਕ ਸਾਖ਼ਸ਼ਾਤਕਾਰ ਹੋਇਆ ਕਿ ਮੈਂ ਸ਼ਰੀਰ ਅਤੇ ਮਨ ਤੋਂ ਭਿੰਨ ਹਾਂ। ਇਸ ਦੀ ਇੱਕ ਨਿੱਕੀ ਜਿਹੀ ਝਲਕ ਮਿਲੀ।

ਇਹ ਹੀ ਤਪੱਸਿਆ ਹੈ। ਤਪੱਸਿਆ ਨਾ ਤਾਂ ਪੁੰਨ ਲਈ ਹੈ। ਨਾ ਮੋਕਸ਼ ਜਾਣ ਲਈ ਹੈ। ਤਪੱਸਿਆ ਤਾਂ ਖ਼ੁਦ ਦੀ ਜੀਵਨ ਚੇਤਨਾ ਨੂੰ ਸ਼ਰੀਰ ਅਤੇ ਮਨ ਦੇ ਉਪਰ ਜਾਨਣ ਲਈ ਹੈ। ਲੇਕਿਨ ਜਿਸ ਨੇ ਉਸ ਨੂੰ ਉਪਰ ਕਰ ਲਿਆ, ਉਸ ਲਈ ਅਚਾਨਕ ਹੀ ਮੋਕਸ਼ ਦੇ ਦਰਵਾਜ਼ੇ ਖੁੱਲ੍ਹ ਜਾਂਦੇ ਹਨ।

ਨਾਨਕ ਕਹਿੰਦੇ ਹਨ, ਤਪੱਸਿਆ ਅਗਨੀ ਹੈ। ਭੈਅ ਫੂਕਨੀ ਹੈ। ਨਾਨਕ ਇਹ ਕਹਿ ਰਹੇ ਹਨ, ਕਿ ਤੁਸੀਂ ਕਿਸੇ ਵੀ ਚੀਜ਼ ਤੋਂ ਭੱਜੋ ਨਾ, ਉਸਦੀ ਵਰਤੋਂ ਲੱਭੋ ਅਤੇ ਹਰ ਚੀਜ਼ ਦਾ ਸਦਉਪਯੋਗ ਹੈ। ਅਜਿਹੀ ਕੋਈ ਵੀ ਚੀਜ ਜੀਵਨ ਵਿੱਚ ਨਹੀਂ ਹੈ ਜਿਸ ਦਾ ਉਪਯੋਗ ਨਾ ਹੋ ਸਕੇ। ਕਾਮਵਾਸਨਾ ਬ੍ਰਹਮਚਰਯ ਬਣ ਜਾਂਦੀ ਹੈ। ਕ੍ਰੋਧ ਕਰੁਣਾ ਹੋ ਜਾਂਦਾ ਹੈ। ਭੈਅ ਪ੍ਰਾਰਥਨਾ ਬਣ ਜਾਂਦਾ ਹੈ। ਦੁੱਖ ਤਪੱਸਿਆ ਹੋ ਜਾਂਦਾ ਹੈ। ਕਲਾਕਾਰ ਚਾਹੀਦਾ, ਕੁਸ਼ਲਤਾ ਚਾਹੀਦੀ ਏ। ਅਤੇ ਨਹੀਂ ਤਾਂ ਜੀਵਨ ਵਿੱਚ ਜੋ ਮਹਿਲ ਬਣ ਸਕਦਾ ਸੀ, ਉਹ ਹੀ ਤੁਹਾਡੇ ਲਈ ਜੇਲ੍ਹਖ਼ਾਨਾ ਬਣ ਜਾਂਦਾ ਹੈ। ਤੁਹਾਡੇ ਉਤੇ ਸਭ ਨਿਰਭਰ ਹੈ।

ਤੁਹਾਡੇ ਕੋਲ ਸਭ ਕੁਝ ਮੌਜੂਦ ਹੈ। ਉਸਦੀ ਠੀਕ ਸੰਭਾਲ ਚਾਹੀਦੀ ਹੈ। ਉਸ ਦਾ ਨਾਮ ਸੰਯਮ ਹੈ। ਤੁਹਾਡੇ ਅੰਦਰ ਸਭ ਮੌਜੂਦ ਹੈ। ਪਰ ਤੁਸੀਂ ਉਸ ਨੂੰ ਕਦੇ ਸੰਜੋਇਆ ਨਹੀਂ। ਉਸ ਨੂੰ ਠੀਕ ਵਿਵਸਥਾ ਲੈਅ ਅਤੇ ਸੰਗੀਤ ਨਹੀਂ ਦਿੱਤਾ। ਚੀਜ਼ਾਂ ਪਈਆਂ ਹਨ, ਤੁਸੀਂ ਜਾਣਦੇ ਨਹੀਂ, ਕੀ ਕਰੀਏ? ਤੁਹਾਡੇ ਘਰ ਦੇ ਸਾਹਮਣੇ ਇੱਕ ਪੱਥਰ ਪਿਆ ਹੈ। ਤੁਸੀਂ ਸੋਚਦੇ ਹੋ। ਇਹ ਵਿਘਨ ਹੈ, ਦੂਜਾ ਆਦਮੀ ਉਸ ਉਤੇ ਪੈਰ ਰੱਖ ਕੇ ਅੱਗੇ ਲੰਘ ਜਾਂਦਾ ਹੈ। ਉਹ ਪਉੜੀ ਬਣ ਜਾਂਦਾ ਹੈ। ਸਭ ਮੌਜੂਦ ਹੈ, ਪਰਮਾਤਮਾ ਮਨੁੱਖ ਨੂੰ ਪੂਰਾ ਹੀ ਬਣਾਉਂਦਾ ਹੈ, ਅਧੂਰਾ ਨਹੀਂ। ਪਰ ਸੰਯੋਜਨ ਦੀ ਸੁਵਿਧਾ ਹੈ, ਸੁਤੰਤਰਤਾ ਹੈ।

ਤੁਸੀਂ ਜੇਕਰ ਗ਼ੌਰ ਕਰੋਗੇ, ਅਧਿਐਨ ਕਰੋਗੇ, ਤਾਂ ਜਿਨ੍ਹਾਂ ਨੂੰ ਤੁਸੀਂ ਅਪਰਾਧੀ ਕਹਿੰਦੇ ਹੋ ਅਤੇ ਜਿਨ੍ਹਾਂ ਨੂੰ ਤੁਸੀਂ ਪਾਪੀ ਜਾਂ ਪੁੰਨਆਤਮਾ ਕਹਿੰਦੇ ਹੋ ਜਿਨ੍ਹਾਂ ਨੂੰ ਬੁਰੇ ਅਤੇ ਚੰਗੇ ਲੋਕ ਕਹਿੰਦੇ ਹੋ। ਤੁਸੀਂ ਉਨ੍ਹਾਂ ਵਿੱਚ ਉਹ ਹੀ ਚੀਜ਼ਾਂ ਪਾਓਗੇ, ਉਹ ਹੀ ਚੀਜ਼ਾਂ, ਕੇਵਲ ਸੰਯੋਜਨ ਦਾ ਫ਼ਰਕ ਹੈ। ਇੱਕ ਚੋਰ ਹੈ ਉਹ ਰਾਤ ਦੂਜੇ ਦੇ ਘਰ ਪ੍ਰਵੇਸ਼ ਕਰਦਾ ਹੈ। ਆਸਾਨ ਕੰਮ ਨਹੀਂ ਹੈ। ਉਸ ਨੇ ਵੀ ਆਪਣੇ ਭੈਅ ਨੂੰ ਬਦਲਿਆ ਹੈ। ਦੂਜੇ ਦੇ ਘਰ ਵਿੱਚ ਉਹ ਇਵੇਂ ਪ੍ਰਵੇਸ਼ ਕਰਦਾ ਹੈ। ਰਾਤ ਜਿਵੇਂ ਕੋਈ ਭੈਅ ਨਹੀਂ। ਕੰਧ ਵਿੱਚ ਮੋਰੀ ਕਰਦਾ ਹੈ, ਸੰਨ੍ਹ ਲਾਉਂਦਾ ਹੈ। ਏਨੇ ਢੰਗ ਨਾਲ ਅਤੇ ਸ਼ਾਂਤੀ ਨਾਲ ਕਰਦਾ ਹੈ, ਜ਼ਰਾ ਵੀ ਖਟਰ-ਪਟਰ ਨਹੀਂ ਹੁੰਦੀ। ਫ਼ਿਰ ਇਸ ਤਰ੍ਹਾਂ ਪ੍ਰਵੇਸ਼ ਕਰਦਾ ਹੈ ਅਤੇ ਏਨੀ ਸਜਗਤਾ ਰੱਖਦਾ ਹੈ ਦੂਜੇ ਦੇ ਘਰ ਵਿੱਚ ਹਨੇਰੇ ਵਿੱਚ ਘੁਸਣਾ ਕਿ ਕੋਈ ਚੀਜ਼ ਡਿੱਗ ਨਾ ਪਵੇ, ਕਿਸੇ ਚੀਜ ਨਾਲ ਟਕਰਾ ਨਾ ਜਾਏ। ਬੜੀ ਇਕਾਗਰਤਾ ਨਾਲ, ਬੜੇ ਹੋਸ਼ ਨਾਲ।

ਏਂਨ ਫ਼ਕੀਰ ਕਹਿੰਦਾ ਹੈ ਕਿ ਪਰਮਾਤਮਾ ਦੇ ਘਰ ਵਿੱਚ ਜਾਣਾ ਹੋਵੇ ਤਾਂ ਚੋਰ ਵਾਲੀ ਕਲਾ ਸਿੱਖਣੀ ਪੈਂਦੀ ਹੈ। ਕਿਉਂਕਿ ਉਥੇ ਵੀ ਏਨਾ ਹੀ ਹੋਸ਼ ਚਾਹੀਦਾ ਹੈ ਜਿਵੇਂ ਚੋਰ ਘੁਸਦਾ ਹੈ ਦੂਜੇ ਦੇ ਘਰ ਵਿੱਚ, ਕਿ ਟਕਰਾ ਨਾ ਜਾਏ ਅਤੇ ਭੈਅ ਨੂੰ ਉਥੇ ਵੀ ਬਦਲਣਾ ਜ਼ਰੂਰੀ ਹੈ। ਜਿਵੇਂ ਆਪਣਾ ਹੀ ਘਰ ਹੈ, ਇਸ ਤਰ੍ਹਾਂ ਚੋਰ ਘੁਸਦਾ ਹੈ।

ਏਂਨ ਕਥਾ ਹੈ, ਇੱਕ ਬਹੁਤ ਵੱਡਾ ਚੋਰ ਸੀ। ਜਦ ਉਹ ਬੁੱਢਾ ਹੋਇਆ ਤਾਂ ਉਸਦੇ ਪੁੱਤਰ ਨੇ ਕਿਹਾ ਕਿ ਹੁਣ ਮੈਨੂੰ ਵੀ ਆਪਣੀ ਕਲਾ ਸਿੱਖਾ ਦਿਓ। ਕਿਉਂਕਿ ਹੁਣ ਕੀ ਭਰੋਸਾ?

ਉਹ ਚੋਰ ਏਨਾ ਵੱਡਾ ਚੋਰ ਸੀ ਕਿ ਕਦੇ ਫੜਿਆ ਨਹੀਂ ਗਿਆ ਅਤੇ ਸਾਰੀ ਦੁਨੀਆਂ ਜਾਣਦੀ ਸੀ ਕਿ ਉਹ ਚੋਰ ਹੈ। ਉਸ ਦੀ ਖ਼ਬਰ ਸਮ੍ਰਾਟ ਤੱਕ ਨੂੰ ਸੀ। ਸਮ੍ਰਾਟ ਨੇ ਉਸ ਨੂੰ ਇੱਕ ਵਾਰੀ ਬੁਲਾ ਕੇ ਸਨਮਾਨ ਵੀ ਦਿੱਤਾ ਸੀ। ਕਿ ਤੂੰ ਅਨੋਖਾ ਆਦਮੀ ਹੈਂ। ਦੁਨੀਆਂ ਜਾਣਦੀ ਹੈ ਅਸੀਂ ਵੀ ਜਾਣਦੇ ਹਾਂ ਕਿ ਤੂੰ ਚੋਰ ਹੈਂ। ਤੂੰ ਇਸ ਨੂੰ ਕਦੇ ਛਿਪਾਇਆ ਵੀ ਨਹੀਂ, ਤੂੰ ਕਦੀ ਪਕੜ ਵਿੱਚ ਵੀ ਨਹੀਂ ਆਇਆ। ਤੇਰੀ ਕਲਾ ਅਦਭੁਤ ਹੈ।

ਸੋ ਬੁਢੇ ਪਿਓ ਨੇ ਕਿਹਾ ਕਿ ਇਹ ਕਲਾ ਤੂੰ ਜਾਨਣੀ ਚਾਹੁੰਦਾ ਹੈਂ, ਤਾਂ ਸਿਖਾ ਦਿਆਂਗਾ। ਕੱਲ੍ਹ ਰਾਤ ਨੂੰ ਮੇਰੇ ਨਾਲ ਚਲੀਂ। ਉਹ ਦੂਜੇ ਦਿਨ ਆਪਣੇ ਪੁੱਤਰ ਨੂੰ ਲੈ ਗਿਆ। ਉਸ ਨੇ ਸੰਨ੍ਹ ਲਾਈ। ਪੁੱਤਰ ਖਲੋਤਾ ਵੇਖਦਾ ਰਿਹਾ। ਉਹ ਇਸ ਤਰ੍ਹਾਂ ਸੰਨ੍ਹ ਲਾ ਰਿਹਾ ਸੀ। ਏਨੇ ਤਨ ਮਨ ਨਾਲ ਅਜਿਹਾ ਲੀਨ ਕਿ ਜਿਵੇਂ ਕੋਈ ਚਿੱਤ੍ਰਕਾਰ ਚਿੱਤ੍ਰ ਬਣਾਉਂਦਾ ਹੋਵੇ। ਕੋਈ ਮੂਰਤੀਕਾਰ ਜਿਵੇਂ ਮੂਰਤੀ ਬਣਾਉਂਦਾ ਹੋਵੇ। ਜਿਵੇਂ ਕੋਈ ਭਗਤ ਮੰਦਰ ਵਿੱਚ ਪੂਜਾ ਕਰਦਾ ਹੋਵੇ, ਏਨੀ ਮਗਨਤਾ ਅਤੇ ਏਨਾ ਲੀਨ। ਇਸ ਤੋਂ ਘੱਟ ਵਿੱਚ ਕੰਮ ਵੀ ਨਹੀਂ ਚੱਲੇਗਾ। ਉਹ 'ਮਾਸਟਰ ਥੀਫ' ਸੀ। ਉਹ ਕੋਈ ਸਾਧਾਰਣ ਚੋਰ ਨਹੀਂ ਸੀ। ਸੈਂਕੜੇ ਚੋਰਾਂ ਦਾ ਗੁਰੂ ਸੀ।

ਮੁੰਡਾ ਕੰਬ ਰਿਹਾ ਹੈ ਖਲੋਤਾ ਹੋਇਆ। ਰਾਤ ਠੰਡੀ ਨਹੀਂ ਹੈ, ਪਰ ਫੇਰ ਵੀ ਕਾਂਬਾ ਛਿੜਿਆ ਹੋਇਆ ਹੈ। ਉਸਦੀ ਰੀੜ੍ਹ ਵਿੱਚ ਤਾਂ ਬਾਰ-ਬਾਰ ਘਬਰਾਹਟ ਫੜ ਰਹੀ ਹੈ। ਉਹ ਚਾਰੇ ਪਾਸੇ ਝੁਬਕ-ਝੁਬਕ ਕੇ ਵੇਖਦਾ ਹੈ। ਪਰ ਪਿਓ ਆਪਣੇ ਕੰਮ ਵਿੱਚ ਲੀਨ ਹੈ। ਉਸ ਨੇ ਇੱਕ ਵਾਰੀ ਵੀ ਅੱਖ ਚੁੱਕ ਕੇ ਏਧਰ-ਉਧਰ ਨਹੀਂ ਵੇਖਿਆ।

ਚੋਰੀ ਦੀ ਸੰਨ੍ਹ ਤਿਆਰ ਹੋ ਗਈ। ਪਿਓ ਪੁੱਤਰ ਨੂੰ ਲੈ ਕੇ ਅੰਦਰ ਗਿਆ। ਪੁੱਤਰ ਦੇ ਤਾਂ ਹੱਥ ਪੈਰ ਕੰਬ ਰਹੇ ਹਨ। ਜ਼ਿੰਦਗੀ ਵਿੱਚ ਅਜਿਹੀ ਘਬਰਾਹਟ ਉਸ ਨੇ ਕਦੇ ਨਹੀਂ ਜਾਣੀ ਅਤੇ ਪਿਓ ਇਸ ਤਰ੍ਹਾਂ ਟੁਰ ਰਿਹਾ ਹੈ, ਜਿਵੇਂ ਆਪਣਾ ਘਰ ਹੋਵੇ। ਉਹ ਪੁੱਤਰ ਨੂੰ ਅੰਦਰ ਲੈ ਗਿਆ. ਉਸਨੇ ਦਰਵਾਜ਼ੇ ਦੇ ਜੰਦਰੇ ਤੋੜੇ, ਫ਼ਿਰ ਇੱਕ ਬਹੁਤ ਵੱਡੀ

ਅਲਮਾਰੀ ਵਿੱਚ, ਕਪੜਿਆਂ ਦੀ ਅਲਮਾਰੀ ਦਾ ਤਾਲਾ ਖੋਲ੍ਹਿਆ ਅਤੇ ਪੁੱਤਰ ਨੂੰ ਕਿਹਾ ਕਿ ਤੂੰ ਅੰਦਰ ਜਾ। ਪੁੱਤਰ ਅਲਮਾਰੀ ਵਿੱਚ ਅੰਦਰ ਗਿਆ, ਪਿਓ ਨੇ ਤਾਲਾ ਮਾਰ ਕੇ ਚਾਬੀ ਆਪਣੇ ਖੀਸੇ ਵਿੱਚ ਪਾ ਲਈ। ਮੁੰਡਾ ਅੰਦਰ, ਚਾਬੀ ਖੀਸੇ 'ਚ ਪਾ ਕੇ ਬਾਹਰ ਗਿਆ, ਕੰਧ ਦੇ ਕੋਲ ਜਾ ਕੇ ਜ਼ੋਰ ਨਾਲ ਰੋਲਾ ਪਾਇਆ, 'ਚੋਰ 'ਚੋਰ ਅਤੇ ਸੰਨ੍ਹ ਵਿਚੋਂ ਨਿਕਲ ਕੇ ਆਪਣੇ ਘਰ ਚਲਾ ਗਿਆ। ਸਾਰਾ ਘਰ ਜਾਗ ਪਿਆ। ਗੁਆਂਢੀ ਜਾਗ ਪਏ। ਮੁੰਡੇ ਨੇ ਤਾਂ ਆਪਣਾ ਸਿਰ ਪਿੱਟ ਲਿਆ ਅੰਦਰ ਕਿ ਇਹ ਕੀ ਸਿਖਾਉਣਾ ਹੋਇਆ? ਮਾਰੇ ਗਏ। ਕੋਈ ਨਿੱਕਲਣ ਦਾ ਉਪਾਅ ਵੀ ਨਹੀਂ, ਪਿਓ ਛੱਡ ਗਿਆ। ਚਾਬੀ ਵੀ ਨਾਲ ਲੈ ਗਿਆ। ਜੰਦਰਾ ਵੀ ਮਾਰ ਗਿਆ। ਘਰ ਭਰ ਵਿੱਚ ਲੋਕ ਘੁੰਮ ਰਹੇ ਹਨ। ਸੰਨ੍ਹ ਲੱਗ ਗਈ ਹੈ। ਪੈਰਾਂ ਦੇ ਨਿਸ਼ਾਨ ਹਨ। ਨੌਕਰਾਨੀ ਉਸ ਥਾਂ ਤੱਕ ਆਈ, ਜਿੱਥੇ ਅਲਮਾਰੀ ਵਿੱਚ ਚੋਰ ਬੰਦ ਹੈ।

ਉਸ ਨੂੰ ਕੁਝ ਨਹੀਂ ਸੁਝ ਰਿਹਾ, ਕੀ ਕਰੇ। ਬੁੱਧੀ ਕੰਮ ਨਹੀਂ ਦਿੰਦੀ। ਬੁੱਧੀ ਤਾਂ ਉਥੇ ਹੀ ਕੰਮ ਦਿੰਦੀ ਹੈ ਜੇਕਰ ਜਾਣਿਆ-ਮਾਣਿਆ ਹੋਵੇ, ਕੀਤਾ ਹੋਇਆ ਹੋਵੇ। ਬੁੱਧੀ ਤਾਂ ਹਮੇਸ਼ਾਂ ਬਾਸੀ ਹੈ ਤਾਜ਼ੇ ਨਾਲ ਬੁੱਧੀ ਦਾ ਕੋਈ ਸੰਬੰਧ ਨਹੀਂ। ਇਹ ਘਟਨਾ ਅਜਿਹੀ ਹੈ, ਏਨੀ ਨਵੀਂ ਹੈ, ਕਿ ਨਾ ਤਾਂ ਕਦੇ ਕੀਤੀ, ਨਾ ਕਦੇ ਸੁਣੀ, ਨਾ ਕਦੇ ਪੜ੍ਹੀ, ਨਾ ਕਦੇ ਕਿਸੇ ਚੋਰ ਨੇ ਪਹਿਲਾਂ ਕਦੇ ਕੀਤੀ ਹੈ ਕਿ ਸ਼ਾਸਤ੍ਰਾਂ ਵਿੱਚ ਉਸਦਾ ਉਲੇਖ ਹੋਵੇ। ਕੁਝ ਸੁੱਝ ਨਹੀਂ ਰਿਹਾ। ਬੁੱਧੀ ਬਿਲਕੁਲ ਨਿਕੰਮੀ ਹੋ ਗਈ। ਜਿੱਥੇ ਬੁੱਧੀ ਨਿਕੰਮੀ ਹੋ ਜਾਂਦੀ ਹੈ ਉਥੇ ਅੰਦਰ ਦੀ ਚੇਤਨਾ ਜਾਗਦੀ ਹੈ।

ਅਚਾਨਕ ਜਿਵੇਂ ਉਸ ਨੂੰ ਕਿਸੇ ਊਰਜਾ ਨੇ ਫੜ ਲਿਆ ਅਤੇ ਉਸ ਨੇ ਇਸ ਤਰ੍ਹਾਂ ਆਵਾਜ਼ ਕੀਤੀ ਜਿਵੇਂ ਚੂਹਾ ਕਪੜੇ ਨੂੰ ਕੁਤਰਦਾ ਹੋਵੇ। ਇਹ ਉਸ ਨੇ ਕਦੇ ਕੀਤੀ ਵੀ ਨਹੀਂ ਜ਼ਿੰਦਗੀ ਵਿੱਚ। ਉਹ ਖੁਦ ਵੀ ਹੈਰਾਨ ਹੋਇਆ ਆਪਣੇ ਉਤੇ। ਨੌਕਰਾਣੀ ਚਾਬੀਆਂ ਲੱਭ ਕੇ ਲਿਆਈ, ਉਸ ਨੇ ਦਰਵਾਜ਼ਾ ਖੋਲਿਆ ਅਤੇ ਦੀਵਾ ਲੈ ਕੇ ਅੰਦਰ ਝਾਤੀ ਮਾਰੀ ਕਿ ਸ਼ਾਇਦ ਚੂਹਾ ਹੈ। ਜਿਵੇਂ ਹੀ ਉਸ ਨੇ ਦੀਵਾ ਲੈ ਕੇ ਝਾਕਿਆ। ਉਸ ਨੇ ਦੀਵੇ ਨੂੰ ਫੂਕ ਮਾਰ ਕੇ ਬੁਝਾ ਦਿੱਤਾ ਅਤੇ ਧੱਕਾ ਦੇ ਕੇ ਭੱਜਿਆ। ਸੰਨ ਵਿੱਚੋਂ ਨਿਕਲ ਗਿਆ। ਦਸ ਵੀਹ ਆਦਮੀ ਉਸਦੇ ਪਿੱਛੇ ਭੱਜੇ, ਵੱਡਾ ਰੌਲਾ ਰੱਪਾ ਮਚ ਗਿਆ। ਸਾਰੇ ਗੁਆਂਢੀ ਜਾਗ ਪਏ। ਉਹ ਜਾਨ ਛੁੜਾ ਕੇ ਭੱਜਿਆ ਅਜਿਹਾ ਉਹ ਕਦੇ ਨਹੀਂ ਸੀ ਭੱਜਿਆ। ਉਸ ਨੂੰ ਇਹ ਸਮਝ ਵਿੱਚ ਹੀ ਨਹੀਂ ਆਇਆ ਕਿ ਭੱਜਣ ਵਾਲਾ ਮੈਂ ਹਾਂ। ਜਿਵੇਂ ਕੋਈ ਹੋਰ ਹੀ ਭੱਜ ਰਿਹਾ ਹੈ। ਇੱਕ ਖੂਹ ਦੇ ਕੋਲ ਪੁੱਜਾ, ਇੱਕ ਚੱਟਾਨ ਨੂੰ ਚੁੱਕ ਕੇ ਉਸ ਨੇ ਖੂਹ ਵਿੱਚ ਸੁਟਿਆ। ਉਸ ਨੂੰ ਇਹ ਵੀ ਪਤਾ ਨਹੀਂ ਕਿ ਇਹ ਮੈਂ ਕਰ ਰਿਹਾ ਹਾਂ? ਜਿਵੇਂ ਕੋਈ ਹੋਰ ਕਰਵਾ ਰਿਹਾ ਹੈ। ਚੱਟਾਨ ਖੂਹ ਵਿੱਚ ਡਿੱਗੀ, ਸਾਰੀ ਭੀੜ ਖੂਹ

ਦੇ ਕੋਲ ਇਕੱਠੀ ਹੋ ਗਈ। ਸਮਝੇ, ਕਿ ਚੋਰ ਖੂਹ ਵਿੱਚ ਕੁੱਦ ਗਿਆ।

ਉਸ ਨੇ ਝਾੜੀਆਂ ਦੇ ਪਿੱਛੇ ਖਲ੍ਹੋ ਕਿ ਸਾਹ ਲਿਆ। ਫਿਰ ਘਰ ਗਿਆ। ਦਰਵਾਜਾ ਖੜਕਾਇਆ, ਉਸ ਨੇ ਕਿਹਾ, ਅੱਜ ਇਸ ਪਿਓ ਨੂੰ ਠੀਕ ਕਰਨਾ ਹੀ ਪਏਗਾ। ਇਹ ਸਿਖਾਉਣਾ ਹੋਇਆ। ਅੰਦਰ ਗਿਆ। ਪਿਓ ਕੰਬਲ ਮੂੰਹ 'ਤੇ ਲੈ ਕੇ ਆਰਾਮ ਨਾਲ ਸੁੱਤਾ ਪਿਆ ਹੈ। ਉਸ ਨੇ ਕੰਬਲ ਖਿਚਿਆ ਅਤੇ ਕਿਹਾ, ਕੀ ਕਰ ਰਹੇ ਹੋ? ਉਹ ਤਾਂ ਘੁਰਾੜੇ ਮਾਰ ਰਿਹਾ ਸੀ।

ਉਸ ਨੇ ਜਗਾਇਆ। ਉਸ ਨੇ ਕਿਹਾ, ਕਿ ਇਹ ਕੀ ਕੀਤਾ? ਮੈਨੂੰ ਮਾਰ ਸੁੱਟਣਾ ਚਾਹੁੰਦੇ ਸੀ? ਪਿਓ ਨੇ ਕਿਹਾ, ਤੂੰ ਆ ਗਿਆ, ਬਾਕੀ ਕਹਾਣੀ ਸਵੇਰੇ ਸੁਣ ਲਵਾਂਗਾ। ਪਰ ਤੂੰ ਸਿੱਖ ਗਿਆ, ਹੁਣ ਸਿਖਾਉਣ ਦੀ ਕੋਈ ਲੋੜ ਨਹੀਂ। ਪੁੱਤਰ ਨੇ ਕਿਹਾ, ਕੁਝ ਤਾਂ ਕਹੋ। ਕੁਝ ਤਾਂ ਪੁਛੋ ਮੇਰਾ ਹਾਲ। ਕਿਉਂਕਿ ਮੈਂ ਸੌਂ ਨਹੀਂ ਸਕਾਂਗਾ। ਤਾਂ ਪੁੱਤਰ ਨੇ ਸਾਰਾ ਹਾਲ ਦੱਸਿਆ ਕਿ ਅਜਿਹਾ ਹੋਇਆ। ਪਿਓ ਨੇ ਕਿਹਾ, ਬੱਸ ਤੈਨੂੰ ਕਲਾ ਆ ਗਈ। ਇਹ ਸਿਖਾਈ ਨਹੀਂ ਜਾ ਸਕਦੀ। ਲੇਕਿਨ ਆਖ਼ਰ ਤੂੰ ਮੇਰਾ ਹੀ ਪੁੱਤਰ ਹੈਂ। ਮੇਰਾ ਖੂਨ ਹੀ ਤੇਰੇ ਸ਼ਰੀਰ ਵਿੱਚ ਦੌੜਦਾ ਹੈ। ਬੱਸ ਹੋ ਗਿਆ। ਤੈਨੂੰ ਰਾਜ ਮਿਲ ਗਿਆ। ਕਿਉਂਕਿ ਚੋਰ ਜੇਕਰ ਬੁੱਧੀ ਨਾਲ ਟੁਰੇ ਤਾਂ ਫਸੇਗਾ। ਉਥੇ ਤਾਂ ਬੁੱਧੀ ਛੱਡ ਦੇਣੀ ਪੈਂਦੀ ਹੈ, ਕਿਉਂਕਿ ਹਰ ਘੜੀ ਨਵੀਂ ਹੈ। ਹਰ ਵਾਰੀ ਨਵੇਂ ਲੋਕਾਂ ਦੀ ਚੋਰੀ ਹੈ। ਹਰ ਮਕਾਨ ਨਵੇਂ ਢੰਗ ਦਾ ਹੈ। ਪੁਰਾਣਾ ਤਜ਼ਰਬਾ ਕੁਝ ਕੰਮ ਨਹੀਂ ਆਉਂਦਾ। ਉਥੇ ਤਾਂ ਬੁੱਧੀ ਨਾਲ ਟੁਰੇ ਕਿ ਉਪੱਦਰ ਵਿੱਚ ਪੈ ਜਾਓਗੇ। ਉਥੇ ਤਾਂ ਅੰਤ:ਚੇਤਨਾ ਦੇ ਨਾਲ ਟੁਰਨਾ ਪੈਂਦਾ ਹੈ।

ਝੰਨ ਫ਼ਕੀਰ ਇਸ ਕਹਾਣੀ ਦਾ ਉਲੇਖ ਕਰਦੇ ਹਨ ਕਿ ਧਿਆਨ ਦੀ ਕਲਾ ਵੀ ਚੋਰੀ ਵਰਗੀ ਹੈ। ਉਥੇ ਏਨਾ ਹੀ ਹੋਸ਼ ਚਾਹੀਦਾ ਹੈ। ਬੁੱਧੀ ਵੱਖਰੀ ਹੋ ਜਾਏ। ਸਜਗਤਾ ਹੋ ਜਾਏ। ਜਿੱਥੇ ਭੈਅ ਹੋਏਗਾ, ਉਥੇ ਸਜਗਤਾ ਹੋ ਸਕਦੀ ਹੈ। ਜਿੱਥੇ ਖ਼ਤਰਾ ਹੁੰਦਾ ਹੈ, ਉਥੇ ਤੁਸੀਂ ਜਾਗ ਜਾਂਦੇ ਹੋ। ਜਿੱਥੇ ਖ਼ਤਰਾ ਹੁੰਦਾ ਹੈ, ਉਥੇ ਵਿਚਾਰ ਆਪਣੇ ਆਪ ਬੰਦ ਹੋ ਜਾਂਦੇ ਹਨ।

ਇਸ ਲਈ ਨਾਨਕ ਕਹਿੰਦੇ ਹਨ, ਭੈਅ ਫੂਕਨੀ ਹੈ, ਭੈਅ ਦੀ ਵਰਤੋਂ ਕਰੋ। ਭੈਅ ਹੈ, ਤਾਂ ਜਾਗੋ। ਭੈਅ ਤੋਂ ਸੁਰੱਖਿਆ ਨਾ ਕਰੋ। ਅਸੀਂ ਕੀ ਕਰਦੇ ਹਾਂ? ਜਿੱਥੇ ਭੈਅ ਹੁੰਦਾ ਹੈ, ਉਥੇ ਸੁਰੱਖਿਆ ਕਰਦੇ ਹਾਂ। ਜੇਕਰ ਭੈਅ ਹੈ ਕਿਤੇ, ਤਾਂ ਅਸੀਂ ਤਲਵਾਰ ਲੈ ਕੇ ਜਾਂਦੇ ਹਾਂ। ਬੰਦੂਕ ਨਾਲ ਰੱਖ ਲੈਂਦੇ ਹਾਂ, ਚਾਰ ਨੌਕਰ ਰੱਖ ਲੈਂਦੇ ਹਾਂ, ਕਿ ਜਿਹੜੇ ਸਾਡੀ ਸੁਰੱਖਿਆ ਕਰਨ। ਜੇਕਰ ਭੈਅ ਹੈ, ਤਾਂ ਅਸੀਂ ਵੱਡੀ ਕੰਧ ਬਣਾਉਂਦੇ ਹਾਂ, ਪਹਾੜ ਖੜ੍ਹਾ ਕਰ ਦਿੰਦੇ ਹਾਂ ਕੰਧਾਂ ਦਾ, ਕਿ ਕੋਈ ਅੰਦਰ ਨਾ ਆ ਸਕੇ। ਅਸੀਂ ਭੈਅ ਤੋਂ ਸੁਰੱਖਿਆ ਕਰਦੇ ਹਾਂ। ਨਹੀਂ, ਭੈਅ ਤੋਂ ਸੁਰੱਖਿਆ ਕਰਨ ਵਿੱਚ ਤਾਂ ਸਾਡੀ ਚੇਤਨਾ ਹੋਰ ਵੀ ਘਟ

ਹੋ ਜਾਏਗੀ। ਅਸੀਂ ਤਾਂ ਹੋਰ ਵੀ ਬੇਹੋਸ਼ ਹੋ ਜਾਵਾਂਗੇ। ਇਸ ਲਈ ਜਿੰਨੇ ਹਿਫਾਜ਼ਤੀ ਲੋਕ ਤੁਸੀਂ ਪਾਓਗੇ, ਓਨੇ ਹੀ ਨਿਰਬੁੱਧੀ ਪਾਓਗੇ। ਧਨੀ ਆਦਮੀ ਵਿੱਚ ਬੁੱਧੀ ਪਾਉਣੀ ਜ਼ਰਾ ਮੁਸ਼ਕਿਲ ਹੈ। ਉਸ ਕੋਲ ਸੁਰੱਖਿਆ ਦਾ ਇੰਤਜ਼ਾਮ ਹੈ, ਇਸ ਲਈ ਬੁੱਧੀ ਦੀ ਲੋੜ ਨਹੀਂ, ਦੂਜੇ ਲੋਕ ਉਸਦੀ ਸੇਵਾ ਕਰ ਰਹੇ ਹਨ।

ਬੁੱਧੀ ਦਾ ਕੰਮ ਉਹ ਕਰ ਰਹੇ ਹਨ। ਉਸ ਨੂੰ ਕੀ ਲੋੜ ਹੈ। ਇਸ ਲਈ ਧਨੀ ਘਰਾਂ ਵਿੱਚ ਜਦ ਪੁੱਤਰ ਪੈਦਾ ਹੁੰਦੇ ਹਨ। ਤਦ ਤੁਸੀਂ ਉਨ੍ਹਾਂ ਨੂੰ ਹਮੇਸ਼ਾਂ ਮੰਦਬੁੱਧੀ ਪਾਓਗੇ। ਉਹ 'ਮਿਡੀਆਕਰ' ਹੋਣਗੇ। ਉਨ੍ਹਾਂ ਵਿੱਚ ਕਦੇ ਤੁਸੀਂ ਚੇਤਨਾ ਦੀ ਝਲਕ ਨਹੀਂ ਪਾਓਗੇ। ਤੁਸੀਂ ਅਜਿਹਾ ਨਹੀਂ ਪਾਓਗੇ ਕਿ ਉਨ੍ਹਾਂ ਦੇ ਅੰਦਰ ਪ੍ਰਤਿਭਾ ਜਾਗਦੀ ਹੈ। ਕੋਈ ਲੋੜ ਹੀ ਨਹੀਂ ਪ੍ਰਤਿਭਾ ਦੀ। ਨੌਕਰਾਂ ਚਾਕਰਾਂ ਵਿੱਚ ਪ੍ਰਤਿਭਾ ਚਾਹੀਦੀ ਹੈ ਉਨ੍ਹਾਂ ਨੂੰ ਪ੍ਰਤਿਭਾ ਦੀ ਕੀ ਲੋੜ ਹੈ?

ਨਾਨਕ ਕਹਿੰਦੇ ਹਨ, ਭੈਅ ਨੂੰ ਫੂਕਨੀ ਬਣਾ ਲਓ। ਭੈਅ ਤੋਂ ਜਾਗੋ। ਭੈਅ ਵੱਡੀ ਅਨੋਖੀ ਹਾਲਤ ਹੈ। ਕੰਬਣੀ ਛਿੜੇਗੀ, ਰੋਮ-ਰੋਮ ਥਰ-ਥਰ ਕੰਬੇਗਾ। ਉਥੇ ਹੀ ਤਾਂ ਮੌਕਾ ਹੈ ਕਿ ਜਦ ਸਾਰਾ ਸ਼ਰੀਰ ਕਬੰਦਾ ਜਾਂਦਾ ਹੋਵੇ, ਤਦ ਵੀ ਤੁਹਾਡੀ ਚੇਤਨਾ ਨਾ ਕੰਬੇ। ਤਦ ਚੇਤਨਾ ਅਕੰਪ ਰਹੇ ਤਾਂ ਭੈਅ ਫੂਕਨੀ ਹੋ ਗਈ।

ਤਪੱਸਿਆ ਅਗਨੀ ਹੈ। ਅਜੇ ਜੀਵਨ ਵਿੱਚ ਜਿੱਥੇ-ਜਿੱਥੇ ਦੁੱਖ ਹੈ, ਉਥੇ-ਉਥੇ ਦੁੱਖ ਨੂੰ ਤੁਸੀਂ ਤਪੱਸਿਆ ਸਮਝਣਾ ਤੇ ਸੰਕਲਪ ਪੂਰਣ ਉਸ ਨੂੰ ਸਵੀਕਾਰ ਕਰ ਲੈਣਾ। ਲੜਨਾ ਨਹੀਂ ਅਤੇ ਤਦ ਤੁਸੀਂ ਪਾਓਗੇ, ਬੀਮਾਰੀ ਤੋਂ ਪਿਛੋਂ ਸ਼ਰੀਰ ਹੀ ਤੰਦਰੁਸਤ ਨਹੀਂ ਹੋਇਆ, ਚੇਤਨਾ ਵੀ ਇੱਕ ਨਵੀਂ ਤੰਦਰੁਸਤੀ ਨੂੰ ਪ੍ਰਾਪਤ ਹੋਈ ਹੈ। ਜਦ ਬੀਮਾਰੀ ਆਏ ਤਾਂ ਤੁਸੀਂ ਉਸ ਨੂੰ ਵੇਖਣਾ ਅਤੇ ਸਵੀਕਾਰ ਕਰਨਾ ਕਿ ਠੀਕ ਹੈ। ਲੜਣਾ ਨਹੀਂ ਘਬਰਾਉਣਾ ਨਹੀਂ। ਮਨ ਨੂੰ ਇਥੇ ਉਥੇ ਨਹੀਂ ਲਾਉਣਾ। ਨਹੀਂ ਤਾਂ ਤੁਸੀਂ ਬੀਮਾਰੀ ਦੇ ਮੌਕੇ ਤੋਂ ਚੂਕ ਗਏ। ਇਹ ਸਾਰੀਆਂ ਜੀਵਨ ਦੀਆਂ ਸਥਿਤੀਆਂ ਪਰਮਾਤਮਾ ਤੱਕ ਪੁੱਜਣ ਦਾ ਰਾਹ ਬਣ ਸਕਦੀਆਂ ਹਨ, ਚੇਤੇ ਰੱਖਣਾ। ਹਰ ਘਟਨਾ ਉਸ ਦੇ ਦਰਵਾਜ਼ੇ ਦੀ ਪਉੜੀ ਹੈ। ਜੇਕਰ ਤੁਸੀਂ ਜਾਣਦੇ ਹੋ, ਜੇਕਰ ਤੁਸੀਂ ਸਮਝਦੇ ਹੋ, ਤਾਂ ਉਸਦੀ ਵਰਤੋਂ ਕਰ ਲਓਗੇ।

ਭਾਵ ਹੀ ਪਾਤਰ ਹੈ ਜਿਸ ਵਿੱਚ ਅੰਮ੍ਰਿਤ ਢਲਣਾ ਹੈ ਅਤੇ ਨਾਨਕ ਕਹਿੰਦੇ ਹਨ, ਵਿਚਾਰ ਤੋਂ ਨਹੀਂ ਭਾਵ ਨਾਲ। ਭਾਵ ਦਾ ਅਰਥ ਹੈ, ਜਿਹੜੀ ਵਿਚਾਰ ਤੋਂ ਪਾਰ ਤੁਹਾਡੀ ਚੇਤਨਾ ਹੈ। ਵਿਚਾਰ ਤਾਂ ਮਸਤਿਕ ਵਿੱਚ ਹਨ, ਭਾਵ ਤੁਹਾਡੇ ਹਿਰਦੇ ਵਿੱਚ ਹਨ। ਭਾਵ ਤਰਕ ਨਹੀਂ ਹੈ। ਪ੍ਰੇਮ ਹੈ। ਉਸ ਦੇ ਨਾਲ ਤੁਸੀਂ ਹਿਸਾਬ ਨਹੀਂ ਲਾ ਸਕਦੇ।

ਲੇਕਿਨ ਭਾਵ ਇੱਕ ਗਹਿਰਾਈ ਦੀ ਅਵਸਥਾ ਹੈ। ਹਰਸ਼ੋਉਨਮਾਦ (ਖੁਸ਼ੀ ਦਾ

ਨਸ਼ਾ) ਦੀ ਅਵਸਥਾ ਹੈ ਅਤੇ ਜਦ ਤੁਸੀਂ ਭਾਵ ਨਾਲ ਭਰੇ ਹੁੰਦੇ ਹੋ, ਤਦ ਤੁਸੀਂ ਜਗਤ ਨਾਲ, ਉਸ ਦੀ ਡੂੰਘਾਈ ਨਾਲ ਜੁੜੇ ਹੁੰਦੇ ਹੋ। ਵਿਚਾਰ ਤਾਂ ਤੁਹਾਡੀ ਸਭ ਤੋਂ ਉਪਰਲੀ ਸਤਹ ਹੈ। ਜੇਕਰ ਠੀਕ ਤਰ੍ਹਾਂ ਸਮਝੋ ਤਾਂ ਉਹ ਘਰ ਦੇ ਚਾਰੇ ਪਾਸੇ ਲਾਈ ਹੋਈ, 'ਫੇਸਿੰਗ' ਹੈ। ਉਹ ਘਰ ਥੋੜ੍ਹੀ ਹੈ, ਉਹ ਘਰ ਦਾ ਅੰਦਰੂਨੀ ਹਿੱਸਾ ਥੋੜ੍ਹੀ ਹੈ। ਵਿਚਾਰ ਤਾਂ ਫੇਸਿੰਗ ਹੈ। ਉਹ ਤਾਂ ਅਸੀਂ ਗੁਆਢੀਆਂ ਤੋਂ ਸੁਰੱਖਿਆ ਦੇ ਲਈ ਲਾ ਰੱਖੀ ਹੈ। ਉਹ ਤਾਂ ਹੱਦਾਂ ਬਣਾਉਂਦੀ ਹੈ। ਤੁਸੀਂ ਨਹੀਂ ਹੋ ਉਹ, ਤੁਸੀਂ ਤਾਂ ਤੁਹਾਡਾ ਭਾਵ ਹੋ। ਲੇਕਿਨ ਭਾਵ ਤੋਂ ਅਸੀਂ ਡਰ ਗਏ ਹਾਂ ਅਤੇ ਅਸੀਂ ਹੌਲੀ-ਹੌਲੀ ਭਾਵ ਨੂੰ ਰੋਕ ਹੀ ਦਿੱਤਾ ਹੈ। ਆਪਣੇ ਆਪ ਨੂੰ ਭਾਵ ਨਾਲੋਂ ਕੱਟ ਹੀ ਛੱਡਿਆ ਹੈ। ਅਸੀਂ ਹਿਰਦੇ ਦੀ ਗੱਲ ਸੁਣਦੇ ਹੀ ਨਹੀਂ। ਅਸੀਂ ਤਾਂ ਬੁੱਧੀ ਦੀ ਗੱਲ ਸੁਣਦੇ ਹਾਂ। ਅਸੀਂ ਤਾਂ ਬੁੱਧੀ ਦੇ ਤਰਕ ਨਾਲ ਟੁਰਦੇ ਹਾਂ। ਬੁੱਧੀ ਜਿੱਥੇ ਲੈ ਜਾਂਦੀ ਹਾਂ ਉਥੇ ਅਸੀਂ ਜਾਂਦੇ ਹਾਂ।

ਬੁੱਧੀ ਕਿੱਥੇ ਲੈ ਜਾ ਸਕਦੀ ਹੈ? ਬੁੱਧੀ ਸਭ ਤੋਂ ਉਥਲੀ (ਹੋਪਲੈਸ) ਚੀਜ਼ ਹੈ ਤੁਹਾਡੇ ਅੰਦਰ, ਇਸ ਲਈ ਉਥਲੇ ਤੱਕ ਲੈ ਜਾਂਦੀ ਹੈ। ਇਸ ਲਈ ਤੁਸੀਂ ਧਨ ਇਕੱਠਾ ਕਰਦੇ ਹੋ। ਇਸ ਲਈ ਤੁਸੀਂ ਕੂੜਾ ਇਕੱਠਾ ਕਰਦੇ ਹੋ। ਇਸ ਲਈ ਤੁਸੀਂ ਪਦ-ਪ੍ਰਤਿਸ਼ਠਾ ਦੀ ਚਿੰਤਾ ਕਰਦੇ ਹੋ।

ਨਾਨਕ ਕਹਿੰਦੇ ਹਨ, ਭਾਵ ਪੰਾਤਰ ਹੈ, ਜਿਸ ਵਿੱਚ ਅੰਮ੍ਰਿਤ ਢਲਦਾ ਹੈ। ਤੁਸੀਂ ਵਿਚਾਰ ਤੋਂ ਥੋੜ੍ਹੇ ਜਿਹੇ ਹਟੇ ਤੇ ਭਾਵ ਵਿੱਚ ਥੋੜ੍ਹੇ ਜਿਹੇ ਡੁੱਬੇ। ਬਹੁਤ ਮੁਸ਼ਕਿਲ ਹੈ। ਕੀ ਕਰੋਗੇ, ਜਿਸ ਨਾਲ ਤੁਸੀਂ ਭਾਵ ਵਿੱਚ ਡੁੱਬ ਜਾਓ? ਸਵੇਰੇ ਤੁਸੀਂ ਉੱਠੇ ਹੋ, ਹਿੰਦੂ ਉਠਦੇ ਸੀ, ਪੁਰਾਣੇ ਦਿਨਾਂ ਵਿੱਚ, ਸੂਰਜ ਦੇ ਚੜ੍ਹਦੇ ਹੀ ਉਹ ਸੂਰਜ-ਨਮਸਕਾਰ ਕਰਨਗੇ। ਉਹ ਝੁਕਣਗੇ ਸੂਰਜ ਦੇ ਸਾਹਮਣੇ। ਉਹ ਸੂਰਜ ਦੀ ਮਿਹਰ ਸਵੀਕਾਰ ਕਰਣਗੇ: ਉਹ ਧੰਨਵਾਦ ਦੇਣਗੇ ਕਿ ਤੁਸੀਂ ਫੇਰ ਆ ਗਏ। ਇੱਕ ਦਿਨ ਹੋਰ ਮਿਲਿਆ। ਫ਼ਿਰ ਤੂੰ ਪ੍ਰਕਾਸ਼ ਕੀਤਾ। ਫ਼ਿਰ ਫੁੱਲ ਖਿੜਣਗੇ, ਫ਼ਿਰ ਪੰਛੀ ਗੀਤ ਗਾਉਣਗੇ। ਫ਼ਿਰ ਜੀਵਨ ਦੀ ਕਥਾ ਚਲੇਗੀ। ਤੁਹਾਡਾ ਧੰਨਵਾਦ ਹੈ। ਤੁਹਾਡੀ ਕਿਰਪਾ ਹੈ। ਉਹ ਸੂਰਜ ਦੇ ਮੁਹਰੇ ਹੱਥ ਜੋੜੀ ਸੂਰਜ ਦਾ ਪ੍ਰਕਾਸ਼ ਪੀਂਦੇ ਸਨ ਅਤੇ ਉਹ ਜਿਹੜਾ ਭਾਵ, ਧੰਨਵਾਦ ਦਾ ਭਾਵ ਸੀ। ਉਹ ਉਨ੍ਹਾਂ ਦੇ ਹਿਰਦੇ ਵਿੱਚ ਇੱਕ ਪੁਲਕ ਭਰ ਦਿੰਦਾ ਸੀ। ਨਦੀ ਤੇ ਜਾਣਗੇ ਤਾਂ ਇਸ਼ਨਾਨ ਕਰਨ ਤੋਂ ਪਹਿਲਾਂ ਪ੍ਰਣਾਮ ਕਰਨਗੇ। ਇੱਕ ਭਾਵ ਦਾ ਸੰਬੰਧ ਜੋੜਣਗੇ ਨਦੀ ਦੇ ਨਾਲ। ਤਦ ਦੇਹ ਤਾਂ ਨਦੀ ਧੋਏਗੀ ਹੀ। ਉਹ ਤਾਂ ਤੁਹਾਡੀ ਦੇਹ ਵੀ ਧੋਂਦੀ ਹੈ, ਲੇਕਿਨ ਅੰਦਰ ਵੀ ਕੁਝ ਧੋਤਾ ਜਾਏਗਾ। ਕਿਉਂਕਿ ਉਹ ਇਸ਼ਨਾਨ ਕਰਦੇ ਸਮੇਂ ਕੇਵਲ ਇਸ਼ਨਾਨ ਹੀ ਨਹੀਂ ਕਰ ਰਹੇ ਹਨ, ਨਦੀ ਪਵਿੱਤਰ ਹੈ, ਉਹ ਪਰਮਾਤਮਾ ਦੀ ਹੈ, ਇੱਕ ਅੰਦਰ ਭਾਵ ਸੰਘਣਾ ਹੋ ਰਿਹਾ ਹੈ। ਉਹ ਭੋਜਨ ਕਰਨਗੇ

ਤਾਂ ਵੀ ਪਹਿਲਾਂ ਪਰਮਾਤਮਾ ਨੂੰ ਚੇਤੇ ਕਰਨਗੇ, ਪਹਿਲਾਂ ਭੋਗ ਲਗਾਉਣਗੇ। ਪਹਿਲਾਂ ਉਸ ਨੂੰ ਪਿੱਛੋਂ ਆਪ ਨੂੰ।

ਅੰਨ ਨੂੰ ਹਿੰਦੂਆਂ ਨੇ ਬ੍ਰਹਮ ਕਿਹਾ ਹੈ। ਉਹ ਹੈ ਵੀ। ਕਿਉਂਕਿ ਤੁਹਾਨੂੰ ਜੀਵਨ ਦਿੰਦਾ ਹੈ। ਹਿੰਦੂਆਂ ਨੇ ਹਰ ਚੀਜ਼ ਨੂੰ ਪਰਮਾਤਮਾ ਦੀ ਸਮ੍ਰਿਤੀ ਬਣਾ ਲਿਆ। ਹਰ ਥਾਂ ਤੇ ਉਸਦੇ ਭਾਵ ਦੀ ਸੱਟ ਪੈਣੀ ਚਾਹੀਦੀ। ਉਠਦੇ, ਬੈਹਿੰਦੇ, ਸੋਂਦੇ ਹਰ ਚੀਜ਼ ਹਰ ਥਾਂ ਉਸ ਦੀ ਯਾਦ। ਅਸੀਂ ਸਭ ਇਨਕਾਰ ਕਰ ਦਿੱਤਾ। ਅਸੀਂ ਕਿਹਾ, ਇਹ ਤੁਸੀਂ ਕੀ ਕਰਦੇ ਰਹੇ ਹੋ? ਨਦੀ ਵਿੱਚ ਨਹਾ ਰਹੇ ਹੋ, ਨਦੀ ਸਿਰਫ਼ ਪਾਣੀ ਹੈ। ਅਤੇ ਪਾਣੀ ਵਿੱਚ ਕੀ ਹੈ? ਸਿਰਫ $H_2O$. ਕਿਥੋਂ ਦਾ ਭਗਵਾਨ? ਸੂਰਜ ਨੂੰ ਪ੍ਰਣਾਮ ਕਰ ਰਹੇ ਹੋ? ਸੂਰਜ ਕੁਝ ਵੀ ਨਹੀਂ ਹੈ। ਅੱਗ ਦਾ ਗੋਲਾ ਹੈ, ਨਦੀ ਸਿਰਫ $H_2O$, ਤਾਂ ਫ਼ਿਰ ਤੁਸੀਂ ਕਿੱਥੇ ਭਗਵਾਨ ਨੂੰ ਪਾਓਗੇ। ਫ਼ਿਰ ਪਤਨੀ ਕੀ ਹੈ। ਪਤਨੀ ਵੀ ਕੁਝ ਨਹੀਂ ਹੈ, ਹੱਡ ਮਾਸ ਦੀ। ਫ਼ਿਰ ਪੁੱਤਰ ਕੀ ਹੈ? ਮਾਸ-ਮੱਜਾ। ਫ਼ਿਰ ਤੁਸੀਂ ਕਿੱਥੇ ਭਾਵ ਨੂੰ ਜਗਾਓਗੇ।

ਭਾਵ ਨੂੰ ਜਗਾਉਣ ਦਾ ਅਰਥ ਹੈ, ਕਿ ਜਗਤ ਸਚੇਤਨ ਹੈ। ਜੋ ਵਿਖਾਈ ਪੈਂਦਾ ਹੈ, ਉਥੇ ਸਮਾਪਤ ਨਹੀਂ ਹੈ, ਉਸ ਤੋਂ ਅੰਦਰ ਹੈ। ਬਹੁਤ ਡੂੰਘਾ ਹੈ। ਭਾਵ ਦਾ ਅਰਥ ਹੈ ਕਿ ਜਗਤ ਵਿੱਚ ਵਿਅਕਤਿੱਤਵ ਹੈ, ਇੱਕ ਆਤਮਾ ਹੈ। ਮੰਨਿਆ ਕਿ ਬੱਚਾ ਹੱਡ ਮਾਸ ਹੈ। ਉਹ ਹੱਡ ਮਾਸ ਹੀ ਨਹੀਂ ਹੈ। ਉਸਦੇ ਅੰਦਰ ਕੁਝ ਉਤਰਿਆ ਹੈ। ਉਸਦੇ ਅੰਦਰ ਭਗਵਾਨ ਆਇਆ ਹੈ। ਉਹ ਪਰਾਹੁਣਾ ਹੈ ਸਾਡੇ ਘਰ 'ਚ।

ਦਰੱਖਤ ਮੰਨਿਆ ਕਿ ਦਰੱਖਤ ਹੈ, ਲੇਕਿਨ ਦਰੱਖਤ ਹੀ ਨਹੀਂ ਹੈ, ਉਸ ਦੇ ਅੰਦਰ ਵੀ ਕੋਈ ਵਧ ਰਿਹਾ ਹੈ। ਉਸ ਦੇ ਅੰਦਰ ਵੀ ਕੋਈ ਆਨੰਦਿਤ ਹੁੰਦਾ ਹੈ, ਦੁਖੀ ਹੁੰਦਾ ਹੈ। ਉਸਦੇ ਅੰਦਰ ਵੀ ਮੂਡ, ਭਾਵ, ਸੰਵੇਗ ਆਉਂਦੇ ਹਨ। ਉਸਦੇ ਅੰਦਰ ਵੀ ਜਾਗਰਣ ਤੰਦ੍ਰਾ ਆਉਂਦੀ ਹੈ। ਹੁਣੇ ਵਿਗਿਆਨਕਾਂ ਨੇ ਬਹੁਤ ਖੋਜ-ਬੀਨ ਕੀਤੀ ਹੈ, ਕਿ ਦਰੱਖਤ ਵੀ ਓਨਾਂ ਹੀ ਅਨੁਭਵ ਕਰਦੇ ਹਨ, ਜਿੰਨੇ ਮਨੁੱਖ ਅਤੇ ਦਰੱਖਤ ਦੀ ਅਨੁਭੂਤੀ ਬਹੁਤ ਡੂੰਘੀ ਹੈ। ਉਸਦੀ ਪ੍ਰਤੀਤੀ ਡੂੰਘੀ ਹੈ। ਉਹ ਓਨਾਂ ਹੀ ਸੰਵੇਦਨਸ਼ੀਲ ਹੈ, ਜਿੰਨੇ ਅਸੀਂ। ਚੱਟਾਨਾਂ ਵੀ ਸੰਵੇਦਨਸ਼ੀਲ ਹਨ।

ਹਰ ਥਾਂ 'ਤੇ ਸੰਵੇਦਨਾ ਹੈ ਅਤੇ ਤੁਸੀਂ ਸੰਵੇਦਨਾ ਗੁਆ ਦਿੱਤੀ ਹੈ। ਭਾਵ ਗੁਆ ਦਿੱਤੇ ਹਨ। ਇਸ ਲਈ ਜਗਤ ਬਿਲਕੁਲ ਉਦਾਸ, ਰੋਣਕਹੀਣ, ਅਰਥਹੀਣ ਮਾਲੂਮ ਪੈਂਦਾ ਹੈ। ਜਿਵੇਂ ਹੀ ਤੁਹਾਡਾ ਭਾਵ ਜਾਗੇਗਾ, ਤਿਵੇਂ ਹੀ ਜਗਤ ਬਦਲ ਜਾਂਦਾ ਹੈ। ਜਗਤ ਤਾਂ ਇਹ ਹੀ ਰਹਿੰਦਾ ਹੈ, ਫ਼ੇਰ ਵੀ ਸਭ ਬਦਲ ਜਾਂਦਾ ਹੈ, ਕਿਉਂਕਿ ਤੁਸੀਂ ਬਦਲ ਜਾਂਦੇ ਹੋ।

ਭਾਵ ਹੀ ਪਾਤਰ ਹੈ, ਜਿਸ ਵਿੱਚ ਅੰਮ੍ਰਿਤ ਢਲਦਾ ਹੈ ਅਤੇ ਨਾਨਕ ਕਹਿੰਦੇ ਹਨ, ਤੁਹਾਡਾ ਭਾਵ ਹੀ ਪਾਤਰ ਬਣੇਗਾ। ਜਿਸ ਵਿੱਚ ਪਰਮਾਤਮਾ ਦਾ ਅੰਮ੍ਰਿਤ ਢਲੇਗਾ। ਜੇਕਰ ਤੁਹਾਡੇ ਕੋਲ ਭਾਵ ਨਹੀਂ ਤਾਂ ਤੁਸੀਂ ਪਰਮਾਤਮਾ ਤੋਂ ਵਾਂਝੇ ਰਹਿ ਜਾਓਗੇ। ਭਾਵ ਨੂੰ ਜਗਾਓ।

ਲੇਕਿਨ ਭਾਵ ਨੂੰ ਜਗਾਉਣ ਲਈ ਇੱਕ ਹੀ ਰੁਕਾਵਟ ਹੈ ਕਿ ਭਾਵ ਬੁੱਧੀ ਤੋਂ ਉਲਟ ਹਨ। ਬੁੱਧੀ ਤੋਂ ਭਿੰਨ ਹਨ। ਸੰਸਾਰ ਵਿੱਚ ਬੁੱਧੀ ਕਾਰਗਰ ਹੈ, ਭਾਵ ਕਾਰਗਰ ਨਹੀਂ ਹੈ। ਧਨ ਕਮਾਉਣਾ ਹੋਵੇ, ਤਾਂ ਭਾਵ ਨਾਲ ਨਹੀਂ ਕਮਾ ਸਕੋਗੇ। ਲੁਟ ਜਾਓਗੇ। ਬੁੱਧੀ ਕਹੇਗੀ ਕੋਈ ਵੀ ਲੁਟ ਲਵੇਗਾ। ਜੇਕਰ ਰਾਜਨੀਤੀ ਦੇ ਸ਼ਿਖਰ 'ਤੇ ਚੜ੍ਹਣਾ ਹੋਵੇ ਤਾਂ ਭਾਵ ਨਾਲ ਨਹੀਂ ਚੜ੍ਹ ਸਕੋਗੇ। ਉਥੇ ਤਾਂ ਕਠੋਰਤਾ (ਸਖਤੀ) ਚਾਹੀਦੀ ਹੈ। ਉਥੇ ਤਾਂ ਬਹੁਤ ਗੂੜ੍ਹੇ ਹਮਲਾ ਕਰਨ ਵਾਲੇ ਵਿਚਾਰ ਚਾਹੀਦੇ ਨੇ। ਉਥੇ ਸ਼ਾਂਤੀ ਅਤੇ ਮੌਨ ਕੰਮ ਨਹੀਂ ਦੇਣਗੇ। ਉਥੇ ਹਿਰਦੇ ਨੂੰ ਤਾਂ ਭੁੱਲ ਹੀ ਜਾਣਾ ਕਿ ਜਿਵੇਂ ਹੈ ਹੀ ਨਹੀਂ।

ਮੈਂ ਸੁਣੀ ਹੈ ਭਵਿੱਖ ਦੀ ਇੱਕ ਕਹਾਣੀ, ਕਿ ਅਜਿਹਾ ਹੋਇਆ—ਭਵਿੱਖ ਵਿੱਚ, ਕਿ ਆਦਮੀ ਦੇ ਸਾਰੇ ਸ਼ਰੀਰ ਦੇ ਅੰਗ, ਹਿਰਦੇ ਸਿਰ, ਫੇਫੜੇ, ਗੁਰਦੇ, ਸਭ ਸਪੇਅਰ-ਪਾਰਟਸ ਦੀ ਤਰ੍ਹਾਂ ਮਿਲਣ ਲੱਗੇ। ਮਿਲਨ ਹੀ ਲੱਗਣਗੇ ਇੱਕ ਦਿਨ। ਕਿ ਤੁਹਾਡਾ ਗੁਰਦਾ ਖ਼ਰਾਬ ਹੋ ਗਿਆ ਹੈ, ਤੁਸੀਂ ਗਏ ਵਰਕਸ਼ਾਪ ਵਿੱਚ ਅਤੇ ਤੁਸੀਂ ਆਪਣਾ ਗੁਰਦਾ ਬਦਲਵਾ ਲਿਆ ਤੇ ਟੁਰ ਗਏ। ਜਿਵੇਂ ਕਿ ਮੋਟਰ ਨੂੰ ਲੈ ਜਾਂਦੇ ਹਨ। ਚੀਜ਼ ਵਿਗੜ ਗਈ, ਬਦਲ ਗਈ, ਚਲ ਪਏ।

ਇੱਕ ਆਦਮੀ ਦਾ ਹਿਰਦਾ ਖਰਾਬ ਹੋ ਗਿਆ ਤਾਂ ਉਹ ਦੁਕਾਨ ਉਤੇ ਗਿਆ। ਜਿੱਥੇ ਦਿਲ ਵਿਕਦੇ ਸਨ। ਕਈ ਤਰ੍ਹਾਂ ਦੇ ਦਿਲ ਸੀ, ਉਥੇ ਤਾਂ ਉਸ ਨੇ ਪੁੱਛਿਆ ਕਿ ਇਨ੍ਹਾਂ ਦਾ ਮੁੱਲ ਅਤੇ ਇਨ੍ਹਾਂ ਦੇ ਭੇਦ ਕੀ ਹਨ? ਤਾਂ ਉਸ ਆਦਮੀ ਨੇ ਕਈ ਤਰ੍ਹਾਂ ਦੇ ਹਿਰਦੇ ਦੱਸੇ। ਕਿ ਇਹ ਇੱਕ ਮਜ਼ਦੂਰ ਦਾ ਹਿਰਦਾ ਹੈ, ਇੱਕ ਕਿਸਾਨ ਦਾ ਹਿਰਦਾ ਹੈ, ਸੈਕੇਸੈਟੀਸ਼ਿਅਨ ਦਾ ਹਿਰਦਾ ਹੈ, ਇਹ ਇੱਕ ਰਾਜਨੀਤਕ ਦਾ ਹਿਰਦਾ ਹੈ ਅਤੇ ਇਸ ਦਾ ਮੁੱਲ ਸਭ ਤੋਂ ਬਹੁਤਾ ਹੈ। ਤਾਂ ਉਸ ਆਦਮੀ ਨੇ ਕਿਹਾ, ਇਸ ਦਾ ਕੀ ਮਤਲਬ, ਤਾਂ ਉਸ ਨੇ ਕਿਹਾ, ਇਸ ਦੀ ਵਰਤੋਂ ਕਦੇ ਨਹੀਂ ਹੋਈ ਹੈ 'ਬ੍ਰੈਂਡ ਨਿਉ'। ਇਹ ਬਗ਼ੈਰ ਵਰਤਣ ਤੋਂ ਪਿਆ ਹੈ ਇਸ ਲਈ ਇਸ ਦੀ ਕੀਮਤ ਬਹੁਤੀ ਹੈ। ਇਹ ਇੱਕ ਕਵੀ ਦਾ ਦਿਲ ਹੈ, ਇਸ ਦੀ ਕੀਮਤ ਸਭ ਤੋਂ ਘੱਟ ਹੈ। ਇਸ ਦੀ ਬਹੁਤ ਵਰਤੋਂ ਹੋ ਗਈ ਹੈ। ਬਿਲਕੁਲ ਸੈਕਿੰਡ ਹੈਂਡ ਹੈ। ਰਾਜਨੀਤਕ ਨੂੰ ਹਿਰਦੇ ਦੀ ਜ਼ਰੂਰਤ ਕੀ ਹੈ? ਉਸਦੀ ਵਰਤੋਂ ਖ਼ਤਰਨਾਕ ਹੈ ਉਥੇ।

ਤੁਸੀਂ ਆਪਣੇ ਹਿਰਦੇ ਦੀ ਵਰਤੋਂ ਹੌਲੀ-ਹੌਲੀ ਸ਼ੁਰੂ ਕਰੋ, ਹੌਲੀ-ਹੌਲੀ ਹੀ ਹੋ

ਸਕਦਾ ਹੈ। ਇੱਕ ਹੀ ਗੱਲ ਯਾਦ ਰੱਖੋ ਕਿ ਵਿਚਾਰ ਨੂੰ ਥੋੜ੍ਹਾ ਹਟਾਓ, ਭਾਵ ਨੂੰ ਲਿਆਓ। ਦਰੱਖਤ ਦੇ ਕੋਲ ਬੈਠੋ। ਵਿਚਾਰ ਨਾ ਕਰੋ। ਕਿ ਇਹ ਗੁਲਾਬ ਹੈ। ਨਾਉਂ ਤੋਂ ਕੀ ਲੈਣਾ-ਦੇਣਾ। ਇਹ ਵਿਚਾਰ ਨਾ ਕਰੋ, ਕਿ ਵੱਡਾ ਗੁਲਾਬ ਹੈ, ਵੱਡੇ-ਛੋਟੇ ਤੋਂ ਕੀ ਲੈਣਾ-ਦੇਣਾ। ਉਸ ਵਿੱਚ ਇੱਕ ਲੁਕੀ ਹੋਈ ਸੁੰਦਰਤਾ ਹੈ। ਤੁਸੀਂ ਉਸ ਨੂੰ ਪੀਓ। ਸੋਚੋ ਨਾ ਉਸਦੇ ਸੰਬੰਧ ਵਿੱਚ। ਤੁਸੀਂ ਫੁੱਲ ਦੇ ਕੋਲ ਬੈਠ ਕੇ ਮੌਨ, ਫੁੱਲ ਦੇ ਨਾਲ ਰਹੋ।

ਛੇਤੀ ਹੀ ਤੁਸੀਂ ਪਾਓਗੇ ਕਿ ਤੁਹਾਡੇ ਹਿਰਦੇ ਵਿੱਚ ਜੋ ਕਿਰਿਆ ਚੱਲ ਰਹੀ ਹੈ, ਉਸਨੇ ਤੁਹਾਡੇ ਦਿਮਾਗ ਦੀ ਕਿਰਿਆ ਨੂੰ ਬੰਦ ਕਰ ਦਿੱਤਾ ਹੈ ਕਿਉਂਕਿ ਦੋ ਵਿਚੋਂ ਇੱਕ ਹੀ ਥਾਂ ਜੀਵਨ ਊਰਜਾ ਚੱਲ ਸਕਦੀ ਹੈ। ਜਿਵੇਂ ਹੀ ਤੁਹਾਡੇ ਦਿਲ ਵਿੱਚ ਪੁਲਕ ਆਏਗੀ ਅਤੇ ਉਹ ਪੁਲਕ ਅਨੁਭਵ ਨਾਲ ਹੀ ਜਾਣੀ ਜਾ ਸਕਦੀ ਹੈ। ਕੋਈ ਨਹੀਂ ਕਹਿ ਸਕਦਾ ਕਿ ਕੀ ਹੈ ਉਹ ਪੁਲਕ। ਉਹ ਗੂੰਗੇ ਦਾ ਗੁੜ ਹੈ। ਕਿਉਂਕਿ ਹਿਰਦੇ ਦੇ ਕੋਲ ਕੋਈ ਭਾਸ਼ਾ ਨਹੀਂ ਹੈ।

ਤੁਸੀਂ ਬੈਠੋ ਫੁੱਲ ਦੇ ਕੋਲ, ਤੁਸੀਂ ਸੁਣੋ ਪੰਛੀਆਂ ਦੇ ਗੀਤ। ਤੁਸੀਂ ਦਰੱਖਤ ਨਾਲ ਪਿੱਠ ਟੇਕ ਕੇ ਬਹਿ ਜਾਓ, ਅੱਖਾਂ ਬੰਦ ਕਰ ਲਓ, ਰੇਤ ਦੀ ਸ਼ੀਤਲ ਛੋਹ ਨੂੰ ਮਹਿਸੂਸ ਕਰੋ। ਤੁਸੀਂ ਝਰਨੇ ਵਿੱਚ ਬੈਠ ਜਾਓ, ਵਗਣ ਦਿਓ ਪਾਣੀ ਨੂੰ ਆਪਣੇ ਸਿਰ ਉਪਰੋਂ ਦੀ ਅਤੇ ਉਸਦੀ ਪ੍ਰੀਤਿਕਰ ਛੋਹ ਨੂੰ ਆਪਣੇ ਵਿੱਚ ਡੁੱਬਣ ਦਿਓ। ਤੁਸੀਂ ਸੂਰਜ ਦੇ ਸਾਹਮਣੇ ਖੜ੍ਹੇ ਹੋ ਜਾਓ, ਅੱਖਾਂ ਬੰਦ ਕਰ ਲਓ, ਛੂਹਣ ਦਿਓ ਉਸ ਦੀਆਂ ਕਿਰਨਾਂ ਨੂੰ ਤੁਹਾਨੂੰ।

ਅਤੇ ਤੁਸੀਂ ਕੇਵਲ ਅਨੁਭਵ ਕਰੋ, ਸੋਚੋ ਨਾ, ਕਿ ਕੀ ਹੋ ਰਿਹਾ ਹੈ? ਤੁਸੀਂ ਸਿਰਫ਼ ਅਨੁਭਵ ਕਰੋ। ਜੋ ਹੋ ਰਿਹਾ ਹੈ ਉਸ ਨੂੰ ਹੋਣ ਦਿਓ ਅਤੇ ਹਿਰਦੇ ਨੂੰ ਪੁਲਕਿਤ ਹੋਣ ਦਿਓ। ਤੁਸੀਂ ਛੇਤੀ ਹੀ ਪਾਓਗੇ ਕਿ ਇੱਕ ਨਵੀਂ ਗਤੀਵਿਧੀ ਸ਼ੁਰੂ ਹੁੰਦੀ ਹੈ ਹਿਰਦੇ ਵਿੱਚ। ਜਿਵੇਂ ਇੱਕ ਨਵਾਂ ਯੰਤਰ ਜਿਹੜਾ ਹੁਣ ਤੱਕ ਬੰਦ ਪਿਆ ਸੀ ਚਾਲੂ ਹੋ ਗਿਆ। ਇੱਕ ਨਵੀਂ ਧੁਨ ਵੱਜਦੀ ਹੈ ਤੁਹਾਡੇ ਜੀਵਨ ਵਿੱਚ। ਤੁਹਾਡੇ ਜੀਵਨ ਦਾ ਕੇਂਦਰ ਬਦਲ ਜਾਂਦਾ ਹੈ। ਉਸੇ ਬਦਲੇ ਹੋਏ ਕੇਂਦਰ ਉਤੇ ਅੰਮ੍ਰਿਤ ਦੀ ਵਰਖਾ ਹੁੰਦੀ ਹੈ। 'ਸਤਯ ਦੀ ਟਕਸਾਲ ਵਿੱਚ ਸ਼ਬਦ ਦਾ ਸਿੱਕਾ ਘੜਿਆ ਜਾਂਦਾ ਹੈ।'

ਨਾਨਕ ਜਿਸ ਨੂੰ ਸ਼ਬਦ ਕਹਿੰਦੇ ਹਨ ਉਹ '੧ਓ' ਤੁਹਾਡੇ ਸ਼ਬਦ ਨਹੀਂ। 'ਸਤਯ ਦੀ ਟਕਸਾਲ ਵਿੱਚ' ਅਤੇ ਤੁਹਾਡੇ ਜੀਵਨ ਵਿੱਚ ਜਿੰਨੀ ਸਚਾਈ ਆਉਂਦੀ ਜਾਏਗੀ ਓਨਾਂ '੧ਓ' ਢਲੇਗਾ। ਓਨਾਂ ਹੀ ਤੁਸੀਂ '੧ਓ' ਦੇ ਰੂਪ ਵਿੱਚ ਲੀਨ ਹੁੰਦੇ ਜਾਓਗੇ। ਝੂਠ ਦੇ ਨਾਲ ਤੁਸੀਂ ਦੂਜੇ ਨੂੰ ਨੁਕਸਾਨ ਪਹੁੰਚਾਉਂਦੇ ਹੋ, ਉਹ ਵੱਡਾ ਨੁਕਸਾਨ ਨਹੀਂ ਹੈ। ਝੂਠ ਦੇ ਨਾਲ ਤੁਸੀਂ ਸਤਯ ਦੀ ਟਕਸਾਲ ਨਹੀਂ ਬਣ ਸਕਦੇ। ਜਿੱਥੇ ਕਿ ਜੀਵਨ ਦਾ ਪਰਮ ਅਨੁਭਵ ਢਲੇਗਾ, ਜਿਥੇ ੧ਓ ਦੀ ਧੁਨ ਵਜੇਗੀ। ਉਹ ਹੀ ਅਸਲੀ ਨੁਕਸਾਨ ਹੈ।

ਜਿਨ੍ਹਾਂ 'ਤੇ ਉਸਦੀ ਕਿਰਪਾ ਦ੍ਰਿਸ਼ਟੀ ਹੁੰਦੀ ਹੈ ਉਹ ਹੀ ਇਹ ਕੰਮ ਕਰ ਪਾਉਂਦੇ ਹਨ। ਲੇਕਿਨ ਨਾਨਕ ਹਰ ਪਦ ਤੋਂ ਪਿੱਛੋਂ ਇਹ ਗੱਲ ਭੁੱਲਦੇ ਨਹੀਂ ਹਨ ਦੋਹਰਾਉਣਾ ਕਿ ਚੇਤੇ ਰੱਖਣਾ ਤੁਹਾਡੀ ਵਜ੍ਹਾ ਨਾਲ ਇਹ ਨਹੀਂ ਹੋਏਗਾ। ਤੁਸੀਂ ਕਿਤੇ ਨਾ ਆਕੜ ਜਾਣਾ ਕਿ ਮੈਂ ਵੱਡਾ ਭਗਤ, ਕਿ ਮੈਂ ਵੱਡਾ ਭਾਵੁਕ, ਕਿ ਮੇਰਾ ਹਿਰਦੇ ਬਹੁਤ ਤਰੰਗਿਤ, ਕਿ ਮੈਂ ਵੱਡਾ ਤਪੱਸਵੀ, ਕਿ ਮੈਂ ਵੱਡੀ ਸੰਯਮੀ। ਨਹੀਂ, ਨਾਨਕ ਕਹਿੰਦੇ ਹਨ, ਇਹ ਤਾਂ ਤੁਸੀਂ ਚੇਤੇ ਹੀ ਰੱਖਣਾ, ਕਿ ਜਿਨ੍ਹਾਂ 'ਤੇ ਉਸਦੀ ਕਿਰਪਾ ਦ੍ਰਿਸ਼ਟੀ ਹੁੰਦੀ ਹੈ, ਉਹ ਹੀ ਇਹ ਕੰਮ ਕਰ ਸਕਦੇ ਹਨ।

*ਜਿਨ ਕਉ ਨਦਰਿ ਕਰਮੁ ਤਿਨ ਕਾਰ॥ ਨਾਨਕ ਨਦਰੀ ਨਦਰਿ ਨਿਹਾਲ॥*

ਨਾਨਕ ਕਹਿੰਦੇ ਹਨ, ਉਹ ਕਿਰਪਾ ਦ੍ਰਿਸ਼ਟੀ ਨਾਲ ਨਿਹਾਲ ਹੋ ਉੱਠਦੇ ਹਨ। ਪਵਨ ਗੁਰੂ ਹੈ, ਪਾਣੀ ਪਿਤਾ ਹੈ ਅਤੇ ਮਹਾਨ ਧਰਤੀ ਮਾਤਾ ਹੈ। ਰਾਤ ਅਤੇ ਦਿਨ ਦਾਈ ਅਤੇ ਸੇਵਕ। ਉਨ੍ਹਾਂ ਦੇ ਨਾਲ ਸਾਰਾ ਜਗਤ ਖੇਡ ਰਿਹਾ ਹੈ। ਸ਼ੁਭ-ਅਸ਼ੁਭ ਕਰਮ ਉਸਦੇ ਦਰਬਾਰ ਵਿੱਚ ਧਰਮ ਦੇ ਰਾਹੀਂ ਵਾਚੇ ਜਾਂਦੇ ਹਨ। ਸਾਰਿਆਂ ਦੇ ਆਪਣੇ-ਆਪਣੇ ਕਰਮ ਹਨ, ਜਿਨ੍ਹਾਂ ਦੇ ਨਾਲ ਕੋਈ ਉਸਦੇ ਨੇੜੇ ਹੈ, ਕੋਈ ਉਸ ਤੋਂ ਦੂਰ ਹੈ।

ਨਾਨਕ ਕਹਿੰਦੇ ਹਨ, ਜਿਨ੍ਹਾਂ ਨੇ ਉਸ ਦੇ ਨਾਉਂ ਦਾ ਧਿਆਨ ਕੀਤਾ ਅਤੇ ਸਚਾਈ ਨਾਲ ਮਿਹਨਤ ਕੀਤੀ ਉਨ੍ਹਾਂ ਦੇ ਮੁਖੜੇ ਉਜਲੇ ਹੁੰਦੇ ਹਨ। ਉਨ੍ਹਾਂ ਦੇ ਨਾਲ ਅਨੇਕਾਂ ਮੁਕਤ ਹੋ ਜਾਂਦੇ ਹਨ।

*ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ॥*
*ਦਿਵਸੁ ਰਾਤਿ ਦੁਇ ਦਾਈ ਦਾਇਆ ਖੇਲੈ ਸਗਲ ਜਗਤੁ॥*
*ਚੰਗਿਆਈਆ ਬੁਰਿਆਈਆ ਵਾਚੈ ਧਰਮੁ ਹਦੂਰਿ॥*
*ਕਰਮੀ ਆਪੋ ਆਪਣੀ ਕੇ ਨੇੜੈ ਕੇ ਦੂਰਿ॥*
*ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ॥*
*ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ॥ ੧॥*

ਨਾਨਕ ਦੇ ਪ੍ਰਤੀਕ ਮੁੱਲਵਾਨ ਹਨ। ਬਹੁਤ ਭਾਵ ਨਾਲ ਚੁਣੇ ਹਨ। 'ਪਵਣ ਗੁਰੂ' ਕਹਿੰਦੇ ਹਨ, ਗੁਰੂ ਤਾਂ ਪਵਣ ਦੇ ਵਾਂਗ ਹੈ। ਵਿਖਾਈ ਨਹੀਂ ਦਿੰਦਾ, ਅਨੁਭਵ ਕੀਤਾ ਜਾ ਸਕਦਾ ਹੈ। ਜਿਹੜੇ ਵੇਖਣ ਜਾਣਗੇ, ਉਹ ਚੂਕ ਜਾਣਗੇ, ਪਵਣ ਵਿਖਾਈ ਨਹੀਂ ਦਿੰਦਾ, ਮਹਿਸੂਸ ਕੀਤਾ ਜਾ ਸਕਦਾ ਹੈ। ਉਸਦੀ ਛੋਹ ਹੀ ਜਾਣੀ ਜਾ ਸਕਦੀ ਹੈ। ਤੁਸੀਂ ਉਸ ਨੂੰ ਮੁੱਠੀ ਵਿੱਚ ਬੰਦ ਨਹੀਂ ਕਰ ਸਕਦੇ। ਗੁਰੂ ਨੂੰ ਮੁੱਠੀ ਵਿੱਚ ਬੰਦ ਨਹੀਂ ਕੀਤਾ ਜਾ ਸਕਦਾ ਅਤੇ ਜੋ ਗੁਰੂ ਸ਼ਿਸ਼ਿਆਂ ਦੀ ਮੁੱਠੀ ਵਿੱਚ ਬੰਦ ਹੋਵੇ, ਜਾਣ ਲੈਣਾ ਗੁਰੂ ਨਹੀਂ। ਤੁਸੀਂ ਸੌ ਵਿਚੋਂ ਨਿਨ੍ਹਾਨਵੇਂ ਗੁਰੂ ਸ਼ਿਸ਼ਿਆਂ ਦੀ ਮੁੱਠ ਵਿੱਚ ਬੰਦ ਪਾਓਗੇ। ਸ਼ਿਸ਼ ਉਨ੍ਹਾਂ ਨੂੰ

ਚਲਾ ਰਹੇ ਹਨ। ਸ਼ਿੱਸ਼ ਦੱਸਦੇ ਹਨ, ਕੀ ਕਰਨਾ ਠੀਕ ਹੈ, ਕੀ ਕਰਨਾ ਠੀਕ ਨਹੀਂ। ਸ਼ਿਸ ਤੈਅ ਕਰਦੇ ਹਨ, ਕਿ ਕੀ ਆਚਰਣ, ਕੀ ਅਨਾਚਰਣ। ਸ਼ਿਸ਼ਿਆਂ ਦੀ ਪੰਚਾਇਤਾਂ ਹਨ, ਜਿਹੜੀਆਂ ਸਾਧੂਆਂ ਨੂੰ ਚਲਾਉਂਦੀਆਂ ਹਨ। ਪੰਚਾਇਤ ਤੈਅ ਕਰਦੀ ਹੈ ਕਿ ਕਿਹੜਾ ਸਾਧੂ ਕਾਬਿਲ, ਕੌਣ ਨਾਕਾਬਿਲ, ਪੰਚਾਇਤ ਤੈਅ ਕਰਦੀ ਹੈ, ਕਿਹੜੇ ਸਾਧੂ ਨੂੰ ਪੂੱਜਣਾ ਹੈ, ਤੇ ਕਿਹੜੇ ਨੂੰ ਬਾਹਰ ਕੱਢ ਦੇਣਾ ਹੈ। ਬਹੁਤ ਉਲਟੀ ਦੁਨੀਆਂ ਹੈ ਸਾਡੀ। ਗੁਰੂਆਂ ਦਾ ਅਸੀਂ ਫੈਸਲਾ ਕਰਦੇ ਹਾਂ। ਤੁਸੀਂ ਇਸ ਤਰ੍ਹਾਂ ਬੈਠੋ, ਇਸ ਤਰ੍ਹਾਂ ਉਠੋ, ਇਵੇਂ ਟੁਰੋ ਅਤੇ ਜਿਹੜੇ ਗੁਰੂ ਇਸ ਨਾਲ ਰਾਜੀ ਹੋ ਜਾਂਦੇ ਹਨ, ਉਹ ਗੁਰੂ ਨਹੀਂ ਹਨ, ਇਸ ਲਈ ਰਾਜ਼ੀ ਹੋ ਜਾਂਦੇ ਹਨ।

ਤੁਸੀਂ ਆਪਣੇ ਮੱਠਾਂ ਵਿੱਚ, ਆਸ਼ਰਮਾਂ ਵਿੱਚ ਗੁਰੂਆਂ ਨੂੰ ਨਾ ਪਾਓਗੇ। ਗੁਰੂਆਂ ਦੇ ਨਾਮ ਨਾਲ ਚਲਦੇ ਝੂਠੇ ਸਿੱਕੇ ਪਾਓਗੇ। ਗੁਰੂ ਨੂੰ ਕੋਈ ਮੁੱਠ ਵਿੱਚ ਨਹੀਂ ਬੰਨ੍ਹ ਸਕਦਾ। ਤੁਸੀਂ ਮਹਾਂਵੀਰ ਨੂੰ, ਬੁੱਧ ਨੂੰ, ਨਾਨਕ ਨੂੰ ਚਲਾ ਨਹੀਂ ਸਕਦੇ। ਉਹ ਆਪਣੀ ਮਰਜ਼ੀ ਨਾਲ ਚਲਦੇ ਹਨ। ਪਵਣ ਆਪਣੀ ਮਰਜ਼ੀ ਨਾਲ ਵਗਦੀ ਹੈ। ਜਦ ਵਗਦੀ ਹੈ, ਵਗਦੀ ਹੈ, ਜਦ ਨਹੀਂ ਵਗਦੀ, ਨਹੀਂ ਵਗਦੀ। ਅਤੇ ਤੁਸੀਂ ਮੁੱਠ ਬੰਨ੍ਹੋਗੇ, ਤਾਂ ਪਵਣ ਤੁਹਾਡੇ ਹੱਥ ਵਿੱਚ ਸੀ ਉਹ ਵੀ ਬਾਹਰ ਹੋ ਜਾਏਗਾ। ਜਿਹੜੇ ਮੁਕਤ ਕਰਨ ਆਏ ਹਨ। ਉਨ੍ਹਾਂ ਨੂੰ ਬੰਨ੍ਹਿਆ ਨਹੀਂ ਜਾ ਸਕਦਾ। ਜਿਨ੍ਹਾਂ ਕੋਲੋਂ ਤੁਸੀਂ ਮੁਕਤੀ ਲੱਭ ਰਹੇ ਹੋ, ਉਨ੍ਹਾਂ ਨੂੰ ਤੁਸੀਂ ਕਿਵੇਂ ਬੰਨ੍ਹ ਸਕਦੇ ਹੋ।

ਇਸ ਲਈ ਨਾਨਕ ਕਹਿੰਦੇ ਹਨ, ਪਵਣ ਗੁਰੂ, ਪਾਣੀ ਪਿਤਾ, ਮਾਤਾ ਧਰਤੀ। ਧਰਤੀ ਤੋਂ ਬਿਨਾਂ ਤੁਹਾਡੀ ਦੇਹ ਨਹੀਂ ਹੋ ਸਕਦੀ, ਇਸ ਲਈ ਮਾਤਾ ਬਹੁਤ ਜ਼ਰੂਰੀ ਹੈ। ਉਸ ਦੇ ਬਿਨਾਂ ਕੋਈ ਜਨਮ ਨਹੀਂ ਹੈ। ਲੇਕਿਨ ਸਭ ਤੋਂ ਸਥੂਲ (ਠੋਸ) ਹੈ ਧਰਤੀ। ਇਸ ਲਈ ਮਾਤਾ ਤਾਂ ਪਸ਼ੂ ਪੰਛੀਆਂ ਵਿੱਚ ਵੀ ਹੁੰਦੀ ਹੈ, ਪਿਤਾ ਨਹੀਂ ਹੁੰਦਾ। ਪਿਤਾ ਲਈ ਤਾਂ ਬਹੁਤ ਸਭਿਅਤਾ ਦੀ, ਸੰਸਕਾਰਾਂ ਦੀ ਅਵਸਥਾ ਚਾਹੀਦੀ ਹੈ। ਪਿਤਾ ਮਨ ਹੈ, ਮਾਤਾ ਦੇਹ ਹੈ। ਜਿੱਥੇ-ਜਿੱਥੇ ਦੇਹ ਹੈ, ਉਥੇ-ਉਥੇ ਮਾਂ ਹੈ, ਲੇਕਿਨ ਪਿਤਾ ਨਹੀਂ ਹੈ। ਜਿੱਥੇ ਮਨ ਦਾ ਜਨਮ ਹੋਇਆ, ਉਥੋਂ ਪਿਤਾ ਸ਼ੁਰੂ ਹੁੰਦਾ ਹੈ। ਤਾਂ ਪਿਤਾ ਵੱਡੀ ਨਵੀਂ ਘਟਨਾ ਹੈ।

ਸਿਰਫ਼ ਮਨੁੱਖਾਂ ਵਿੱਚ ਪਿਤਾ ਹੈ ਅਤੇ ਉਹ ਵੀ ਬਹੁਤ ਪ੍ਰਾਚੀਨ ਨਹੀਂ ਹੈ। ਕੋਈ ਪੰਜ ਹਜ਼ਾਰ ਸਾਲ ਜ਼ਿਆਦਾ ਤੋਂ ਜ਼ਿਆਦਾ। ਉਸ ਤੋਂ ਪਹਿਲਾਂ ਪਿਤਾ ਨਹੀਂ ਸੀ। ਕਿਉਂਕਿ ਇਸਤ੍ਰੀ ਸਮਾਜਿਕ ਜਾਇਦਾਦ ਸੀ। ਅਨੇਕ ਲੋਕ ਉਸ ਨੂੰ ਭੋਗਦੇ ਸਨ। ਪਿਤਾ ਦਾ ਪਤਾ ਲਗਾਉਣਾ ਮੁਸ਼ਕਿਲ ਸੀ। ਉਹ ਠੀਕ ਪਸ਼ੂਆਂ ਵਰਗੀ ਹੀ ਹਾਲਤ ਸੀ। ਤਾਂ ਇਹ ਜਾਣ ਕੇ ਤੁਹਾਨੂੰ ਹੈਰਾਨੀ ਹੋਵੇਗੀ, ਦਾਦਾ, (ਤਾਓ) ਅੰਕਲ ਤਾਂ ਪੁਰਾਣਾ ਸ਼ਬਦ ਹੈ

ਪਿਤਾ ਤੋਂ। ਉਨ੍ਹਾਂ ਦਿਨਾਂ 'ਚ ਕਾਕਾ ਤਾਂ ਹੁੰਦਾ ਸੀ ਅੰਕਲ ਤਾਂ ਹੁੰਦਾ ਸੀ, ਲੇਕਿਨ ਪਿਤਾ ਨਹੀਂ ਸੀ। ਕਿਉਂਕਿ ਜਿੰਨੇ ਵੀ ਵੱਡੀ ਉਮਰ ਦੇ ਲੋਕ ਹੁੰਦੇ ਸੀ। ਪਿਤਾ ਹੋਣ ਦੀ ਯੋਗਤਾ ਦੇ ਲੋਕ ਹੁੰਦੇ ਸੀ. ਉਹ ਸਾਰੇ ਕਾਕਾ, (ਚਾਚਾ) ਸੀ ਅਤੇ ਪਤਾ ਨਹੀਂ ਉਨ੍ਹਾਂ ਵਿੱਚ ਕੌਣ ਪਿਤਾ ਸੀ, ਇਸ ਦਾ ਕੋਈ ਪਤਾ ਨਹੀਂ ਸੀ।

ਪਿਤਾ ਬਹੁਤ ਬਾਅਦ ਵਿੱਚ ਆਇਆ। ਕਿਉਂਕਿ ਪਿਤਾ ਮਨ ਹੈ, ਸੰਸਕਾਰ ਹੈ, ਸਭਿਅਤਾ ਹੈ। ਇਸ ਲਈ ਪਿਤਾ ਇੱਕ ਸਮਾਜਿਕ ਪ੍ਰਾਪਤੀ ਹੈ, ਕੁਦਰਤੀ ਨਹੀਂ। ਕੁਦਰਤ ਵਿੱਚ ਪਿਤਾ ਦੀ ਕੋਈ ਵੀ ਪਛਾਣ ਨਹੀਂ ਹੈ। ਸਿਰਫ਼ ਸਮਾਜ ਜਦ ਬਹੁਤ ਵਿਕਸਿਤ ਹੁੰਦਾ ਹੈ ਤਦ ਪਿਤਾ ਆਉਂਦਾ ਹੈ। ਇਸ ਲਈ ਨਾਨਕ ਕਹਿੰਦੇ ਹਨ, ਮਾਂ ਤਾਂ ਧਰਤੀ ਵਰਗੀ ਹੈ, ਉਸਦੇ ਬਿਨਾਂ ਤਾਂ ਕੋਈ ਹੋ ਨਹੀਂ ਸਕਦਾ। ਸਭ ਤੋਂ ਠੋਸ ਹੈ ਉਹ। ਪਾਣੀ ਪਿਤਾ ਅਤੇ ਪਿਤਾ ਦਾ ਸੰਬੰਧ ਜ਼ਿਆਦਾ ਤਰਲ ਹੈ। ਮਾਂ ਦਾ ਸੰਬੰਧ ਜ਼ਿਆਦਾ ਸਥੂਲ ਹੈ। ਤਰਲਤਾ ਦੀ ਖ਼ਬਰ ਦੇਣ ਦੇ ਲਈ ਉਹ ਕਹਿੰਦੇ ਹਨ, ਪਾਣੀ। ਅਤੇ ਪਵਣ ਗੁਰੂ। ਇਹ ਤਿੰਨ ਪੌੜੀਆਂ ਹਨ, ਮਾਂ ਧਰਤੀ, ਬਹੁਤ ਸਥੂਲ ਮਟੀਰੀਅਲ, ਪਦਾਰਥ। ਇਸ ਲਈ ਇਸਤ੍ਰੀ ਨੂੰ ਅਸੀਂ ਪ੍ਰਕ੍ਰਿਤਿ ਕਿਹਾ ਹੈ। ਉਸ ਤੋਂ ਬਾਅਦ ਦੀ ਉੱਚੀ ਸਥਿਤੀ ਹੈ ਜਿੱਥੇ ਪਿਤਾ ਦਾ ਸੰਬੰਧ ਸ਼ੁਰੂ ਹੁੰਦਾ ਹੈ, ਸੱਭਿਅਤਾ, ਸਮਾਜ, ਸੰਸਕ੍ਰਿਤੀ ਅਤੇ ਉਸ ਤੋਂ ਵੀ ਉੱਚੀ ਇੱਕ ਸਥਿਤੀ ਹੈ ਜਿੱਥੇ ਗੁਰੂ ਦਾ ਸੰਬੰਧ ਸ਼ੁਰੂ ਹੁੰਦਾ ਹੈ, ਧਰਮ, ਯੋਗ, ਤੰਤਰ।

ਜੇਕਰ ਤੁਸੀਂ ਮਾਂ ਉਤੇ ਹੀ ਰੁਕ ਗਏ, ਤਾਂ ਕਰੀਬ ਪਸ਼ੂ ਵਰਗੇ ਰਹਿ ਜਾਓਗੇ। ਜੇਕਰ ਪਿਤਾ ਉਤੇ ਰੁਕ ਗਏ, ਤਾਂ ਮਾਤਰ ਮਨੁੱਖ ਰਹਿ ਜਾਓਗੇ। ਜਦ ਤੱਕ ਤੁਸੀਂ ਗੁਰੂ ਤੱਕ ਨਾ ਪੁੱਜੋ, ਤਦ ਤੱਕ ਤੁਹਾਡੇ ਆਤਮਵਾਨ ਹੋਣ ਦੀ ਸਥਿਤੀ ਬਣਦੀ ਨਹੀਂ।

ਤੁਹਾਡੇ ਜੀਵਨ ਦੀਆਂ ਤਿੰਨ ਪਉੜੀਆਂ ਹਨ। ਮਾਂ ਤੱਕ ਤਾਂ ਸਾਰੇ ਪਸ਼ੂ ਵੀ ਪੁੱਜ ਜਾਂਦੇ ਹਨ, ਪਿਤਾ ਤੱਕ ਸਾਰੇ ਮਨੁੱਖ ਪੁੱਜ ਜਾਂਦੇ ਹਨ। ਗੁਰੂ ਤੱਕ ਬਹੁਤ ਥੋੜ੍ਹੇ ਜਿਹੇ ਲੋਕ ਪੁੱਜ ਪਾਂਦੇ ਹਨ ਅਤੇ ਜਦ ਤੱਕ ਤੁਸੀਂ ਗੁਰੂ ਤੱਕ ਨਹੀਂ ਪੁੱਜੇ। ਤਦ ਤੱਕ ਤੁਹਾਡੇ ਵਿੱਚ ਪੂਰੀ ਉਚਾਈ ਨਹੀਂ ਆਏਗੀ। ਕਿਉਂਕਿ ਮਾਂ ਸ਼ਰੀਰ ਦਾ ਸੰਬੰਧ, ਪਿਤਾ ਮਨ ਦਾ ਸੰਬੰਧ, ਗੁਰੂ ਆਤਮਾ ਦਾ ਸੰਬੰਧ ਹੈ।

ਉਹ ਇਸ ਜਗਤ ਵਿੱਚ ਸਭ ਤੋਂ ਵੱਡਾ ਸੰਬੰਧ ਹੈ। ਉਸ ਤੋਂ ਨਾ ਤਾਂ ਕੋਈ ਗਹਿਰਾ ਸੰਬੰਧ ਹੈ, ਨਾ ਉਚਾ ਕੋਈ ਸੰਬੰਧ ਹੈ। ਇਸ ਲਈ ਜੋ ਲੋਕ ਬਿਨਾਂ ਗੁਰੂ ਤੋਂ ਹਨ, ਕਰੀਬ-ਕਰੀਬ ਅਧੂਰੇ ਹਨ। ਗੁਰੂ ਦੇ ਨਾਲ ਹੀ ਤੁਸੀਂ ਪੂਰੇ ਹੁੰਦੇ ਹੋ। ਇਸ ਜਗਤ ਦੀ ਯਾਤਰਾ ਪੂਰੀ ਹੁੰਦੀ ਹੈ ਅਤੇ ਦੂਸਰੇ ਜਗਤ ਦੀ ਯਾਤਰਾ ਪ੍ਰਾਰੰਭ ਹੁੰਦੀ ਹੈ। ਗੁਰੂ ਇਸ ਜਗਤ ਦਾ ਅੰਤ ਅਤੇ ਦੂਜੇ ਜਗਤ ਦਾ ਪ੍ਰਾਰੰਭ ਹੈ। ਉਹ ਦੁਆਰ ਹੈ। ਇਸ ਲਈ ਤਾਂ

ਨਾਨਕ ਨੇ ਆਪਣੇ ਮੰਦਰ ਨੂੰ ਗੁਰੂਦੁਆਰਾ ਕਿਹਾ। ਦੁਆਰ ਦਾ ਮਤਲਬ ਹੁੰਦਾ ਹੈ ਇੱਕ ਦੁਨੀਆਂ ਸਮਾਪਤ, ਦੂਜੀ ਦੁਨੀਆਂ ਸ਼ੁਰੂ। ਇਸ ਪਾਸੇ ਇੱਕ ਦੁਨੀਆਂ, ਉਸ ਪਾਸੇ ਦੂਜੀ ਦੁਨੀਆਂ। ਗੁਰੂ ਵਿਚਕਾਰ ਹੈ।

ਰਾਤ ਅਤੇ ਦਿਨ ਦਾਈ ਅਤੇ ਸੇਵਕ ਹਨ, ਉਨ੍ਹਾਂ ਦੇ ਨਾਲ ਸਾਰਾ ਜਗਤ ਖੇਡ ਰਿਹਾ ਹੈ।

ਸਮੇਂ ਦੇ ਨਾਲ ਸਾਰਾ ਜਗਤ ਖੇਡ ਰਿਹਾ ਹੈ। ਖੇਡਣ ਵਾਲੇ ਦੋ ਤਰ੍ਹਾਂ ਦੇ ਹਨ। ਇੱਕ, ਜਿਨ੍ਹਾਂ ਨੇ ਨੌਕਰ ਨੂੰ ਸੇਵਕ ਨੂੰ ਮਾਲਿਕ ਬਣਾ ਲਿਆ ਹੈ ਅਤੇ ਇੱਕ ਜਿਨ੍ਹਾਂ ਨੇ ਨੌਕਰ ਨੂੰ ਸੇਵਕ ਨੂੰ ਨੌਕਰ ਹੀ ਸਮਝਿਆ ਹੈ। ਸਮਾਂ ਤੁਹਾਡਾ ਮਾਲਿਕ ਨਹੀਂ ਹੈ, ਤੁਹਾਡਾ ਗ਼ੁਲਾਮ ਹੈ, ਤੁਸੀਂ ਉਸ ਦੀ ਵਰਤੋਂ ਕਰੋ। ਲੇਕਿਨ ਸਮੇਂ ਨੂੰ ਤੁਸੀਂ ਆਪਣੀ ਵਰਤੋਂ ਨਾ ਕਰਨ ਦੇਣਾ। ਹਾਲਤ ਬਿਲਕੁਲ ਉਲਟੀ ਹੈ। ਸਮਾਂ ਤੁਹਾਡੀ ਵਰਤੋਂ ਕਰ ਰਿਹਾ ਹੈ।

ਲੋਕ ਮੇਰੇ ਕੋਲ ਆਉਂਦੇ ਹਨ। ਉਹ ਕਹਿੰਦੇ ਹਨ, ਧਿਆਨ ਕਰਨਾ ਹੈ, ਪਰ ਵਕਤ ਨਹੀਂ ਹੈ। ਧਿਆਨ ਕਰਨ ਦੇ ਲਈ ਵਕਤ ਨਹੀਂ ਹੈ? ਵਕਤ ਤੁਹਾਡਾ ਮਾਲਿਕ ਹੈ, ਜਾਂ ਤੁਸੀਂ ਵਕਤ ਦੇ ਮਾਲਿਕ ਹੋ! ਜੇਕਰ ਤੁਸੀਂ ਵਕਤ ਦੇ ਮਾਲਿਕ ਹੋ ਤਾਂ ਬਹੁਤ ਵਕਤ ਹੈ ਧਿਆਨ ਕਰਨ ਲਈ। ਜੇਕਰ ਤੁਸੀਂ ਗੁਲਾਮ ਹੋ ਤਾਂ ਕੋਈ ਵਕਤ ਨਹੀਂ ਹੈ। ਕਿਉਂਕਿ ਸਿਨੇਮਾ ਵੇਖਣ ਲਈ ਤੁਹਾਡੇ ਕੋਲ ਬਹੁਤ ਵਕਤ ਹੈ। ਸਰਕਸ ਜਾਣ ਲਈ ਵਕਤ ਹੈ। ਸਭ ਚੀਜ਼ਾਂ ਲਈ ਵਕਤ ਹੈ। ਬਹੁਤ ਮਜੇ ਦੀ ਗੱਲ ਹੈ ਇਹ ਹੀ ਆਦਮੀ ਸਵੇਰੇ ਬੈਠਾ ਅਖ਼ਬਾਰ ਪੜ੍ਹ ਰਿਹਾ ਹੈ, ਘਰ ਵਿੱਚ ਇਸ ਕੋਲੋਂ ਪੁੱਛੋ ਕੀ ਕਰ ਰਹੇ ਹੋ, ਵਕਤ ਕੱਟ ਰਿਹਾ ਹਾਂ, ਇਹ ਹੀ ਆਦਮੀ ਵਕਤ ਕੱਟਦਾ ਹੈ, ਜ਼ਿਆਦਾ ਵਕਤ ਹੈ। ਵਕਤ ਕੱਟਿਆ ਨਹੀਂ ਕਟਦਾ, ਲੋਕ ਕਹਿੰਦੇ ਹਨ। ਅਤੇ ਜਦ ਧਿਆਨ ਦੀ ਗੱਲ ਆਉਂਦੀ ਹੈ ਤਾਂ ਲੋਕ ਕਹਿੰਦੇ ਹਨ, ਵਕਤ ਕਿੱਥੇ? ਉਹੀ ਦੇ ਉਹੀ ਲੋਕ। ਇਸ ਤਰ੍ਹਾਂ ਵਕਤ ਬਹੁਤ ਹੈ, ਕੱਟਿਆ ਨਹੀਂ ਕੱਟਦਾ। ਟੈਲੀਵਿਜ਼ਨ ਵੇਖੋ, ਕਲੱਬ ਜਾਓ, ਫ਼ਿਰ ਵੀ ਬਚਿਆ ਰਹਿੰਦਾ ਹੈ, ਕਿੱਥੇ ਬਿਤਾਉਣ। ਇਹ ਸਵਾਲ ਉੱਠਦਾ ਹੈ।

ਛੁੱਟੀ ਦੇ ਦਿਨ ਲੋਕ ਬਹੁਤ ਔਖਿਆਈ ਵਿੱਚ ਹੁੰਦੇ ਹਨ, ਕੀ ਕਰੋ? ਛੁੱਟੀ ਦੇ ਦਿਨ ਬਿਲਕੁਲ ਥੱਕ ਜਾਂਦੇ ਹਨ, ਕੁਝ ਨਾ ਕਰ-ਕਰਕੇ। ਸੋਮਵਾਰ ਨੂੰ ਉਹ ਬਹੁਤ ਖੁਸ਼ ਹੁੰਦੇ ਹਨ। ਜਦ ਸਵੇਰੇ ਉਹ ਦਫ਼ਤਰ ਵੱਲ ਜਾ ਰਹੇ ਨੇ, ਤਦ ਬੜੇ ਖੁਸ਼ ਹਨ। ਕਿ ਕਿਸੇ ਤਰ੍ਹਾਂ ਐਤਵਾਰ ਟਲ ਗਿਆ। ਜਾਂ ਐਤਵਾਰ ਨੂੰ ਕੁਝ ਉਪੱਦਰ ਕਰ ਲੈਂਦੇ ਹਨ। ਦਸ ਪੰਜਾਹ ਸੌ ਮੀਲ ਦਾ ਚੱਕਰ ਲਾ ਆਉਣਗੇ। ਸਮੁੰਦਰ ਦੇ ਕੰਢੇ ਜਾ ਰਹੇ ਨੇ, ਪਹਾੜੀ 'ਤੇ ਜਾ ਰਹੇ ਹਨ। ਉਹ ਜਿਹੜਾ ਇੱਕ ਦਿਨ ਵਿਸ਼ਰਾਮ ਦਾ ਮਿਲਿਆ ਸੀ ਉਸ ਨੂੰ ਵੀ ਕੰਮ ਵਿੱਚ—ਅਮਰੀਕਾ ਵਿੱਚ ਕਹਾਵਤ ਹੈ ਕਿ ਛੁੱਟੀ ਦੇ ਦਿਨ ਲੋਕ ਏਨੇ ਥੱਕ ਜਾਂਦੇ

ਹਨ, ਜਿੰਨੇ ਕਿ ਕਦੇ ਵੀ ਕੰਮ ਦੇ ਦਿਨ ਨਹੀਂ ਬੱਕਦੇ।

ਵਕਤ ਤੁਹਾਡੀ ਵਰਤੋਂ ਕਰ ਰਿਹਾ ਹੈ। ਜੇਕਰ ਤੁਸੀਂ ਮਾਲਿਕ ਹੋ ਤਾਂ ਵਕਤ ਬਹੁਤ ਹੈ। ਜੇਕਰ ਤੁਸੀਂ ਗ਼ੁਲਾਮ ਹੋ ਤਾਂ ਵਕਤ ਬਿਲਕੁਲ ਨਹੀਂ ਹੈ। ਗ਼ੁਲਾਮ ਦੇ ਕੋਲ ਕੀ ਹੋ ਸਕਦਾ ਹੈ? ਵਕਤ ਵੀ ਨਹੀਂ ਹੈ।

ਨਾਨਕ ਕਹਿੰਦੇ ਹਨ, ਉਨ੍ਹਾਂ ਦੇ ਨਾਲ ਸਾਰਾ ਜਗਤ ਖੇਡ ਖੇਡ ਰਿਹਾ ਹੈ। ਖਿਡਾਰ ਦੋ ਤਰ੍ਹਾਂ ਦੀ ਚੱਲ ਰਹੀ ਹੈ। ਇੱਕ ਜੋ ਮਾਲਿਕ ਹਨ, ਉਹ ਵਕਤ ਦੀ ਵਰਤੋਂ ਕਰ ਲੈਂਦੇ ਹਨ, ਉਹ ਇਸ ਵਕਤ ਵਿਚੋਂ ਹੀ ਉਸ ਨੂੰ ਜਾਨਣ ਦਾ ਰਾਹ ਬਣਾ ਲੈਂਦੇ ਹਨ। ਜਿਹੜਾ ਵਕਤ ਤੋਂ ਬਾਹਰ ਹੈ, ਉਹ ਹੀ ਧਿਆਨ ਹੈ। ਨਹੀਂ ਤਾਂ ਦੂਜੇ ਲੋਕ ਹਨ, ਜਿਹੜੇ ਵਕਤ ਦੇ ਰਾਹੀਂ ਉਪਯੋਗ ਕਰ ਲਏ ਜਾਂਦੇ ਹਨ।

ਮੈਂ ਸੁਣਿਆ ਹੈ, ਇੱਕ ਭਿੱਖ ਮੰਗਾ ਅਨਾਜ ਦੀ ਦੁਕਾਨ 'ਤੇ ਗਿਆ ਅਤੇ ਉਸਨੇ ਕਿਹਾ, ਕਿ ਮੇਰੇ ਕੋਲ ਬਿਲਕੁਲ ਪੈਸੇ ਨਹੀਂ ਹਨ, ਅਤੇ ਅੱਜ ਤਾਂ ਤੁਹਾਨੂੰ ਅਨਾਜ ਉਧਾਰ ਹੀ ਦੇਣਾ ਪਏਗਾ। ਦੁਕਾਨਦਾਰ ਨੂੰ ਤਰਸ ਆ ਗਿਆ। ਉਸ ਨੇ ਕਿਹਾ, ਠੀਕ ਹੈ, ਅਨਾਜ ਤਾਂ ਮੈਂ ਦੇ ਦਿੰਦਾ ਹਾਂ, ਲੇਕਿਨ ਇੱਕ ਗੱਲ ਖਿਆਲ ਰੱਖਣਾ। ਮੈਨੂੰ ਥੋੜ੍ਹਾ ਸ਼ੱਕ ਹੁੰਦਾ ਹੈ। ਪਿੰਡ ਵਿੱਚ ਸਰਕਸ ਆਈ ਹੋਈ ਹੈ। ਤੂੰ ਇਸ ਨੂੰ ਵੇਚ ਕੇ ਸਰਕਸ ਨਾ ਵੇਖ ਲਵੀਂ। ਉਸ ਆਦਮੀ ਨੇ ਕਿਹਾ, ਤੁਸੀਂ ਇਸ ਦੀ ਬਿਲਕੁਲ ਫ਼ਿਕਰ ਨਾ ਕਰੋ। ਸਰਕਸ ਵੇਖਣ ਲਈ ਤਾਂ ਪਹਿਲਾਂ ਤੋਂ ਹੀ ਪੈਸੇ ਬਚਾ ਰੱਖੇ ਹਨ। ਵਿਅਰਥ ਲਈ ਤਾਂ ਤੁਸੀਂ ਪਹਿਲਾਂ ਹੀ ਵਕਤ ਬਚਾ ਰੱਖਿਆ ਹੈ। ਸਾਰਥਕ ਲਈ ਵਕਤ ਨਹੀਂ ਬਚਦਾ। ਵਕਤ ਦੇ ਮਾਲਿਕ ਬਣੋ, ਤਾਂ ਹੀ ਵਕਤ ਤੋਂ ਪਾਰ ਜਾ ਸਕੋਗੇ।

ਸ਼ੁਭ-ਅਸ਼ੁਭ ਕਰਮ ਉਸਦੇ ਦਰਬਾਰ ਵਿੱਚ ਧਰਮ ਦੇ ਦੁਆਰਾ ਵਾਚੇ ਜਾਂਦੇ ਹਨ। ਸਭ ਦੇ ਆਪਣੇ-ਆਪਣੇ ਕਰਮ ਹਨ, ਜਿਸ ਨਾਲ ਕੋਈ ਉਸ ਦੇ ਨੇੜੇ ਹੈ ਅਤੇ ਕੋਈ ਉਸ ਤੋਂ ਦੂਰ ਹੈ।

ਪਰਮਾਤਮਾ ਸਭ ਦੇ ਕੋਲ ਹੈ। ਉਸ ਦੇ ਵਲੋਂ ਤਾਂ ਨਾ ਤੁਸੀਂ ਦੂਰ ਹੋ, ਨਾ ਤੁਸੀਂ ਕੋਲ ਹੋ। ਉਹ ਸਾਰਿਆਂ ਦੇ ਕੋਲ ਇਕੋ ਜਿਹਾ ਹੈ। ਲੇਕਿਨ ਤੁਹਾਡੀ ਤਰਫੋਂ ਤੁਸੀਂ ਦੂਰ ਹੋ ਜਾਂ ਕੋਲ ਤੁਹਾਡੇ ਕਰਮ ਦੇ ਕਾਰਣ—

*ਕਰਮੀ ਆਪੋ ਆਪਣੀ ਕੇ ਨੇੜੈ ਕੇ ਦੂਰਿ॥*

ਤੁਸੀਂ ਜੇਕਰ ਅਜਿਹੇ ਕਰਮ ਕੀਤੇ ਹਨ, ਜਿਹੜੇ ਤੁਹਾਨੂੰ ਸੁਲਾਉਂਦੇ ਹਨ, ਬੇਹੋਸ਼ ਕਰਦੇ ਹਨ, ਤਾਂ ਤੁਸੀਂ ਪਿੱਠ ਕਰਕੇ ਖਲੋਤੇ ਹੋ। ਸੂਰਜ ਉਥੇ ਹੀ ਹੈ, ਤੁਸੀਂ ਪਿੱਠ ਕਰਕੇ ਖਲੋਤੇ ਹੋ। ਤੁਸੀਂ ਜੇਕਰ ਅਜਿਹੇ ਕਰਮ ਕੀਤੇ ਹਨ, ਜਿਹੜੇ ਤੁਹਾਨੂੰ ਜਗਾਉਂਦੇ ਹਨ,

ਹੋਸ਼ ਨਾਲ ਭਰਦੇ ਹਨ, ਤਾਂ ਤੁਸੀਂ ਸੂਰਜ ਵੱਲ ਮੂੰਹ ਕਰ ਲਿਆ। ਖਲੋਤੇ ਉਥੇ ਹੀ ਹੋ। ਸੂਰਜ ਵੀ ਉਥੇ ਹੀ ਹੈ, ਫ਼ਰਕ ਸਿਰਫ਼ ਪੈ ਜਾਂਦਾ ਹੈ ਕਿ ਤੁਹਾਡੀ ਪਿੱਠ ਸੂਰਜ ਵੱਲ ਹੈ, ਤਾਂ ਬਹੁਤ ਦੂਰ, ਮੂੰਹ ਸੂਰਜ ਵੱਲ ਹੈ ਤਾਂ ਬਹੁਤ ਨੇੜੇ।

ਪਰਮਾਤਮਾ ਸਦਾ ਤੁਹਾਡੇ ਇਕੋ ਜਿਹਾ ਹੀ ਕੋਲ ਹੈ। ਉਸ ਦੀ ਨਜ਼ਰ ਵਿੱਚ ਨਾਨਕ ਕਹਿੰਦੇ ਹਨ, ਨਾ ਕੋਈ ਉਚਾ ਹੈ ਨਾ ਕੋਈ ਨੀਵਾਂ ਹੈ। ਨਾ ਕੋਈ ਪਾਤਰ, ਨਾ ਕੋਈ ਅਪਾਤਰ। ਜੇਕਰ ਤੁਸੀਂ ਅਪਾਤਰ ਹੋ ਤਾਂ ਆਪਣੇ ਹੀ ਕਾਰਣ। ਆਪਣੇ ਵਿੱਚ ਥੋੜ੍ਹਾ ਜਿਹਾ ਫ਼ਰਕ ਕਰੋ ਅਤੇ ਤੁਸੀਂ ਪਾਤਰ ਹੋ ਜਾਓਗੇ। ਕਿਉਂਕਿ ਜੋ ਪਾਤਰ ਹੈ, ਉਨ੍ਹਾਂ ਵਿੱਚ ਅਤੇ ਤੁਹਾਡੇ ਵਿੱਚ ਇੱਕ ਹੀ ਫ਼ਰਕ ਹੈ, ਉਹ ਪਰਮਾਤਮਾ ਵੱਲ ਸਨਮੁਖ ਹਨ, ਤੁਸੀਂ ਪਰਮਾਤਮਾ ਵੱਲ ਬੇਮੁਖ ਹੋ।

ਨਾਨਕ ਕਹਿੰਦੇ ਹਨ, ਜਿਨ੍ਹਾਂ ਨੇ ਉਸ ਦੇ ਨਾਉਂ ਦਾ ਧਿਆਨ ਕੀਤਾ, ਅਤੇ ਸਚਾਈ ਨਾਲ ਮਿਹਨਤ ਕੀਤੀ ਉਨ੍ਹਾਂ ਦੇ ਮੁੱਖ ਉੱਜਲੇ ਹੁੰਦੇ ਹਨ। ਅਤੇ ਉਨ੍ਹਾਂ ਦੇ ਨਾਲ ਅਨੇਕਾਂ ਮੁਕਤ ਹੁੰਦੇ ਹਨ। ਨਾਨਕ ਕਹਿੰਦੇ ਹਨ, ਜਦ ਵੀ ਕੋਈ ਮੁਕਤ ਹੁੰਦਾ ਹੈ, ਇਕੱਲਾ ਹੀ ਮੁਕਤ ਨਹੀਂ ਹੁੰਦਾ। ਕਿਉਂਕਿ ਮੁਕਤੀ ਏਨੀ ਪਰਮਘਟਨਾ ਹੈ, ਅਤੇ ਮੁਕਤੀ ਇੱਕ ਅਜਿਹਾ ਮਹਾਨ ਮੌਕਾ ਹੈ—ਇੱਕ ਵਿਅਕਤੀ ਦੀ ਮੁਕਤੀ ਵੀ— ਜੋ ਵੀ ਉਸਦੇ ਨੇੜੇ ਆਉਂਦੇ ਹਨ, ਉਹ ਵੀ ਉਸ ਸੁਗੰਧ ਨਾਲ ਭਰ ਜਾਂਦੇ ਹਨ। ਉਨ੍ਹਾਂ ਦੀ ਜੀਵਨ ਯਾਤਰਾ ਵੀ ਬਦਲ ਜਾਂਦੀ ਹੈ। ਜੋ ਵੀ ਉਸਦੇ ਕੋਲ ਆ ਜਾਂਦੇ ਹਨ ਉਹ ਵੀ ਉਸ '੧ਓ' ਦੀ ਧੁਨ ਨਾਲ ਭਰ ਜਾਂਦੇ ਹਨ। ਉਨ੍ਹਾਂ ਨੂੰ ਵੀ ਮੁਕਤੀ ਦਾ ਰਸ ਲੱਗ ਜਾਂਦਾ ਹੈ। ਉਨ੍ਹਾਂ ਨੂੰ ਵੀ ਥੋੜ੍ਹਾ ਜਿਹਾ ਸੁਆਦ ਮਿਲ ਜਾਂਦਾ ਹੈ ਅਤੇ ਉਹ ਸਵਾਦ ਉਨ੍ਹਾਂ ਦੇ ਪੂਰੇ ਜੀਵਨ ਨੂੰ ਬਦਲ ਦਿੰਦਾ ਹੈ।

ਜਿਨ੍ਹਾਂ ਨੇ ਉਸਦਾ ਧਿਆਨ ਕੀਤਾ, ਸਚਾਈ ਨਾਲ ਉਸਦੇ ਲਈ ਮਿਹਨਤ ਕੀਤੀ, ਉਨ੍ਹਾਂ ਦੇ ਮੁੱਖ ਉੱਜਲੇ ਹੁੰਦੇ ਹਨ। ਉਨ੍ਹਾਂ ਦੇ ਅੰਦਰ ਇੱਕ ਪ੍ਰਕਾਸ਼ ਜਾਗਦਾ ਹੈ। ਜੋ, ਜੇਕਰ ਤੁਸੀਂ ਪ੍ਰੇਮ ਨਾਲ ਵੇਖਿਆ ਤਾਂ ਤੁਹਾਨੂੰ ਵਿਖਾਈ ਪੈ ਸਕਦਾ ਹੈ। ਤੁਸੀਂ ਜੇਕਰ ਪੂਜਾ ਦੇ ਭਾਵ ਨਾਲ ਪਛਾਣੋਂ ਤਾਂ ਉਸੇ ਘੜੀ ਪਛਾਣ 'ਚ ਆ ਸਕਦਾ ਹੈ। ਉਨ੍ਹਾਂ ਦੇ ਅੰਦਰ ਇੱਕ ਦੀਵਾ ਜਗਦਾ ਹੈ ਅਤੇ ਉਸ ਦੀਵੇ ਦੀ ਰੋਸ਼ਨੀ ਉਨ੍ਹਾਂ ਦੇ ਚੌਹੀਂ ਪਾਸੀਂ ਪੈਂਦੀ ਹੈ।

ਇਸ ਲਈ ਤਾਂ ਅਸੀਂ ਸੰਤ ਪੁਰਖਾਂ, ਅਵਤਾਰਾਂ ਦੇ ਚਿਹਰੇ ਦੇ ਆਲੇ-ਦੁਆਲੇ ਆਭਾ ਦਾ ਮੰਡਲ ਬਣਾਇਆ ਹੈ। ਉਹ ਆਭਾ ਦਾ ਮੰਡਲ ਸਾਰਿਆਂ ਨੂੰ ਵਿਖਾਈ ਨਹੀਂ ਦਿੰਦਾ। ਉਹ ਉਨ੍ਹਾਂ ਨੂੰ ਹੀ ਵਿਖਾਈ ਦਿੰਦਾ ਹੈ, ਜਿਨ੍ਹਾਂ ਦੇ ਅੰਦਰ ਭਾਵ ਦੀ ਪਹਿਲੀ ਕਿਰਣ ਉਤਰ ਆਈ ਹੈ। ਉਨ੍ਹਾਂ ਨੂੰ ਹੀ ਵਿਖਾਈ ਦਿੰਦਾ ਹੈ ਜਿਨ੍ਹਾਂ ਦੇ ਕੋਲ ਸ਼ਰਧਾ ਹੈ।

ਜਿਨ੍ਹਾਂ ਦੇ ਕੋਲ ਸ਼ਰਧਾ ਦੀ ਪਛਾਣ ਹੈ ਅਤੇ ਜਿਨ੍ਹਾਂ ਨੂੰ ਇਹ ਵਿਖਾਈ ਦਿੰਦਾ ਹੈ, ਉਹ ਉਸ ਜਗੇ ਹੋਏ ਦੀਵੇ ਨਾਲ ਆਪਣਾ ਬੁਝਿਆ ਹੋਇਆ ਦੀਵਾ ਵੀ ਜਗਾ ਲੈਂਦੇ ਹਨ। ਜਦ ਵੀ ਕੋਈ ਇੱਕ ਮੁਕਤ ਹੁੰਦਾ ਹੈ। ਤਾਂ ਹਜ਼ਾਰਾਂ ਉਸ ਦੀ ਛਾਂ ਵਿੱਚ ਮੁਕਤ ਹੁੰਦੇ ਹਨ। ਇੱਕ ਵਿਅਕਤੀ ਦੀ ਮੁਕਤੀ ਕਦੇ ਵੀ ਇਕੱਲੀ ਨਹੀਂ ਵਾਪਰਦੀ। ਵਾਪਰ ਹੀ ਨਹੀਂ ਸਕਦੀ। ਕਿਉਂਕਿ ਜਦ ਏਨਾ ਪਰਮ ਅਵਸਰ ਮਿਲਦਾ ਹੈ, ਤਾਂ ਅਜਿਹਾ ਵਿਅਕਤੀ ਬਹੁਤਿਆਂ ਦੇ ਲਈ ਦੁਆਰ ਬਣ ਜਾਂਦਾ ਹੈ।

ਤੁਸੀਂ ਆਪਣੀ ਸ਼ਰਧਾ ਅਤੇ ਭਾਵ ਨੂੰ ਜਗਾਈ ਰੱਖਣਾ ਤਾਂ ਕਿ ਤੁਹਾਨੂੰ ਗੁਰੂ ਪਛਾਣ ਵਿੱਚ ਆ ਸਕੇ ਅਤੇ ਗੁਰੂ ਨੂੰ ਜਿਸ ਨੇ ਪਛਾਣ ਲਿਆ, ਉਸ ਨੇ ਇਸ ਜਗਤ ਵਿੱਚ ਪਰਮਾਤਮਾ ਦੇ ਹੱਥ ਨੂੰ ਪਛਾਣ ਲਿਆ। ਗੁਰੂ ਨੂੰ ਜਿਸ ਨੇ ਪਛਾਣ ਲਿਆ। ਉਸ ਨੇ ਇਸ ਜਗਤ ਵਿੱਚ ਇਸ ਜਗਤ ਦੇ ਜੋ ਬਾਹਰ ਹੈ, ਉਸ ਨੂੰ ਪਛਾਣ ਲਿਆ। ਉਸ ਨੂੰ ਦਰਵਾਜ਼ਾ ਮਿਲ ਗਿਆ।

ਅਤੇ ਦਰਵਾਜ਼ਾ ਮਿਲ ਜਾਏ ਤਾਂ ਸਭ ਮਿਲ ਗਿਆ। ਗੁਆਚਿਆ ਤਾਂ ਕਦੇ ਵੀ ਕੁਝ ਨਹੀਂ। ਦਰਵਾਜ਼ੇ ਤੋਂ ਲੰਘ ਕੇ ਤੁਹਾਨੂੰ ਆਪਣੀ ਪਛਾਣ ਆ ਜਾਂਦੀ ਹੈ। ਜਿਹੜਾ ਪ੍ਰਕਾਸ਼ ਸਦਾ ਤੋਂ ਤੁਹਾਡਾ ਹੈ, ਉਸਦੀ ਸੁਰਤਿ ਆ ਜਾਂਦੀ ਹੈ। ਜੋ ਸੰਪੱਤੀ ਸਦਾ ਤੋਂ ਤੁਹਾਡੇ ਕੋਲ ਹੈ, ਅਵਿਸ਼ਕਾਰ ਹੋ ਜਾਂਦਾ ਹੈ। ਜੋ ਤੁਸੀਂ ਸਦਾ ਤੋਂ ਹੀ ਸੀ, ਜਿਸ ਨੂੰ ਤੁਸੀਂ ਕਦੇ ਗੁਆਇਆ ਨਹੀਂ ਸੀ। ਗੁਰੂ ਤੁਹਾਨੂੰ ਉਸਦੀ ਪਛਾਣ ਕਰਾ ਦਿੰਦਾ ਹੈ।

ਕਬੀਰ ਨੇ ਕਿਹਾ ਹੈ, ਗੁਰੂ ਗੋਬਿੰਦ ਦੋਉ ਖੜੇ ਕਾਕੇ ਲਾਗੂੰ ਪਾਂਵ? ਕਿਸ ਦੇ ਛੂਹਾਂ ਚਰਣ? ਹੁਣ ਦੋਵੇਂ ਸਾਹਮਣੇ ਖਲੋਤੇ ਹਨ। ਕਬੀਰ ਵੱਡੀ ਦੁਵਿਧਾ ਵਿੱਚ ਪੈ ਗਏ ਹਨ, ਕਿਸ ਦੇ ਛੂਹਾਂ ਚਰਣ? ਜੇਕਰ ਪਰਮਾਤਮਾ ਦੇ ਚਰਣ ਪਹਿਲਾਂ ਛੂਹਾਂ, ਤਾਂ ਗੁਰੂ ਦਾ ਨਿਰਾਦਰ ਹੁੰਦਾ ਹੈ, ਜੇਕਰ ਗੁਰੂ ਦੇ ਚਰਣ ਛੂਹਾਂ ਤਾਂ ਪਰਮਾਤਮਾ ਦਾ ਨਿਰਾਦਰ ਹੁੰਦਾ ਹੈ, ਤਾਂ ਕਬੀਰ ਕਹਿੰਦੇ ਹਨ, ਕਿਸ ਦੇ ਚਰਣ ਛੂਹਾਂ? ਫਿਰ ਉਹ ਗੁਰੂ ਦੇ ਹੀ ਚਰਣ ਛੂਹੰਦੇ ਹਨ। ਕਿਉਂਕਿ ਉਹ ਕਹਿੰਦੇ ਹਨ।

*ਬਲਿਹਾਰੀ ਗੁਰੂ ਆਪ ਕੇ ਜਿਨ ਗੋਬਿੰਦ ਦੀਓ ਬਤਾਏ॥*

ਜਦ ਉਹ ਦੁਵਿਧਾ ਵਿੱਚ ਪਏ ਹਨ ਤਾਂ ਗੁਰੂ ਨੇ ਹੀ ਕਿਹਾ, ਕਿ ਤੂੰ ਗੋਬਿੰਦ ਦੇ ਹੀ ਚਰਣ ਛੂਹ। ਕਿਉਂਕਿ ਮੈਂ ਏਥੇ ਤੱਕ ਹੀ ਸੀ। ਇਹ ਬਹੁਤ ਮਿੱਠੀ ਗੱਲ ਹੈ। ਜਦ ਕਬੀਰ ਦੁਵਿਧਾ ਵਿੱਚ ਪਏ ਹਨ ਤਾਂ ਗੁਰੂ ਨੇ ਇਸ਼ਾਰਾ ਕੀਤਾ ਤੇ ਕਿਹਾ, ਕਿ ਤੂੰ ਗੋਬਿੰਦ ਦੇ ਚਰਣ ਛੂਹ, ਮੈਂ ਇਥੋਂ ਤੱਕ ਹੀ ਸੀ। ਮੇਰੀ ਗੱਲ ਏਥੇ ਹੀ ਸਮਾਪਤ ਹੋ ਗਈ। ਹੁਣ ਗੋਬਿੰਦ ਸਾਹਮਣੇ ਖਲੋਤੇ ਹਨ। ਉਨ੍ਹਾਂ ਦੇ ਹੀ ਚਰਣ ਛੂਹ।

*ਬਲਿਹਾਰੀ ਗੁਰੂ ਆਪ ਕੇ ਜਿਨ ਗੋਬਿੰਦ ਦੀਓ ਬਤਾਏ॥*

ਲੇਕਿਨ ਕਬੀਰ ਨੇ ਚਰਨ ਫਿਰ ਵੀ ਗੁਰੂ ਦੇ ਹੀ ਛੂਹੇ, ਕਿਉਂਕਿ ਉਸ ਦੀ ਬਲਿਹਾਰੀ ਹੈ, ਉਨ੍ਹਾਂ ਨੇ ਗੋਬਿੰਦ ਦੱਸਿਆ। ਸ਼ਰਧਾ ਹੋਵੇ ਤੁਹਾਡੇ ਕੋਲ, ਤਾਂ ਤੁਸੀਂ ਪਛਾਣ ਲਵੋਗੇ। ਬੱਸ! ਸ਼ਰਧਾ ਚਾਹੀਦੀ ਹੈ, ਭਾਵ ਚਾਹੀਦੇ ਹਨ। ਵਿਚਾਰ ਨਾਲ ਨਾ ਕਦੇ ਕੋਈ ਪੁੱਜਾ ਹੈ, ਨਾ ਕਦੇ ਕੋਈ ਪੁੱਜ ਸਕਦਾ ਹੈ। ਤੁਸੀਂ ਇਹ ਅਸਫ਼ਲ ਕੋਸ਼ਿਸ਼ ਨਾ ਕਰਨਾ। ਇਹ ਅਸੰਭਵ ਹੈ। ਇਹ ਕਦੇ ਵੀ ਨਹੀਂ ਹੋਇਆ ਅਤੇ ਤੁਸੀਂ ਵੀ ਅਪਵਾਦ ਨਹੀਂ ਹੋ ਸਕਦੇ।

ਅਤੇ ਗੁਰੂ ਸਦਾ ਮੌਜੂਦ ਹੈ। ਕਿਉਂਕਿ ਅਜਿਹਾ ਕਦੇ ਨਹੀਂ ਹੁੰਦਾ ਕਿ ਸੰਸਾਰ ਦੇ ਇਨ੍ਹਾਂ ਅਨੰਤ ਲੋਕਾਂ ਵਿੱਚ ਕੁਝ ਲੋਕ ਉਸ ਨੂੰ ਨਾ ਪਾ ਲੈਂਦੇ ਹੋਣ। ਕੁਝ ਲੋਕ ਹਮੇਸ਼ਾ ਹੀ ਉਸ ਨੂੰ ਪਾ ਲੈਂਦੇ ਹਨ। ਇਸ ਲਈ ਧਰਤੀ ਕਦੇ ਵੀ ਗੁਰੂ ਤੋਂ ਖ਼ਾਲੀ ਨਹੀਂ ਹੁੰਦੀ। ਬਦਕਿਸਮਤੀ ਅਜਿਹੀ ਕਦੇ ਨਹੀਂ ਆਉਂਦੀ ਕਿ ਧਰਤੀ ਗੁਰੂਆਂ ਤੋਂ ਖ਼ਾਲੀ ਹੋਵੇ। ਪਰ ਅਜਿਹੀ ਬਦਕਿਸਮਤੀ ਕਦੇ-ਕਦੇ ਆ ਜਾਂਦੀ ਹੈ ਕਿ ਪਛਾਨਣ ਵਾਲੇ ਨਹੀਂ ਹੁੰਦੇ।

ਅੱਜ ਏਨਾ ਹੀ।

# ਓਸ਼ੋ—ਇੱਕ ਪਰਿਚਯ

ਬੁੱਧਤਵ ਦੀ ਪ੍ਰਵਾਹਮਾਨ (ਵਗਦੀ ਰਹਿਣ ਵਾਲੀ) ਧਾਰਾ ਵਿੱਚ ਓਸ਼ੋ ਇੱਕ ਨਵਾਂ ਪ੍ਰਾਰੰਭ (ਸ਼ੁਰੂਆਤ) ਹਨ ਉਹ ਅਤੀਤ ਦੀ ਕਿਸੇ ਵੀ ਧਾਰਮਿਕ ਪਰੰਪਰਾ ਜਾਂ ਸ਼੍ਰੰਖਲਾ (ਲੜੀ) ਦੀ ਕੜੀ ਨਹੀਂ ਹਨ। ਓਸ਼ੋ ਦੇ ਨਾਲ ਇੱਕ ਨਵੇਂ ਯੁਗ ਦਾ ਸ਼ੁਭਾਰੰਭ (ਸ਼ੁਰੂਆਤ) ਹੁੰਦਾ ਹੈ ਅਤੇ ਉਨ੍ਹਾਂ ਦੇ ਨਾਲ ਹੀ ਸਮਯ, ਸੁੰਦਰ ਅਤੇ ਸਪੱਸ਼ਟ ਖੰਡਾਂ ਵਿੱਚ ਵਿਭਾਜਿਤ (ਵੰਡ) ਹੁੰਦਾ ਹੈ। ਓਸ਼ੋ ਤੋਂ ਪਹਿਲਾਂ ਤਥਾ ਓਸ਼ੋ ਤੋਂ ਪਿਛੋਂ।

ਓਸ਼ੋ ਦੇ ਆਗਮਨ ਨਾਲ ਇੱਕ ਨਵੇਂ ਮਨੁੱਖ ਦਾ, ਇੱਕ ਨਵੇਂ ਜਗਤ ਦਾ, ਇੱਕ ਨਵੇਂ ਯੁਗ ਦਾ ਸੂਤਰਪਾਤ ਹੋਇਆ ਹੈ, ਜਿਸ ਦੀ ਆਧਾਰਸ਼ਿਲਾ ਅਤੀਤ ਦੇ ਕਿਸੇ ਧਰਮ ਵਿੱਚ ਨਹੀਂ ਹੈ, ਕਿਸੇ ਦਾਰਸ਼ਨਿਕ ਵਿਚਾਰ-ਧਾਰਾ ਵਿੱਚ ਨਹੀਂ। ਓਸ਼ੋ ਖ਼ੁਦ ਆਪਣੇ ਆਪ ਵਿੱਚ ਇਸ਼ਨਾਨ ਕੀਤੀ ਹੋਈ ਧਾਰਮਿਕਤਾ ਦੇ ਪਹਿਲੇ ਪੁਰਸ਼ ਹਨ, ਸਦਾ ਹੀ ਅਨੋਖੇ ਸੰਬੁੱਧ ਰਹੱਸਯ-ਦਰਸ਼ੀ ਹਨ।

ਮੱਧਯ ਪ੍ਰਦੇਸ਼ ਦੇ ਕੁਛਵਾੜਾ ਪਿੰਡ ਵਿੱਚ 11 ਦਿਸੰਬਰ 1931 ਨੂੰ ਜਨਮੇਂ ਓਸ਼ੋ ਦਾ ਬਚਪਨ ਦਾ ਨਾਮ ਰਜਨੀਸ਼ ਚੰਦ੍ਰ ਮੋਹਨ ਸੀ। ਉਨ੍ਹਾਂ ਨੇ ਜੀਵਨ ਦੇ ਪ੍ਰਾਰੰਭਿਕ ਕਾਲ ਵਿੱਚ ਹੀ ਇੱਕ ਨਿਡਰ, ਸਵਤੰਤਰ ਆਤਮਾ ਦਾ ਪਰਿਚਯ ਦਿੱਤਾ। ਖਤਰਿਆਂ ਨਾਲ ਖੇਡਣਾ ਉਨ੍ਹਾਂ ਨੂੰ ਬਹੁਤ ਪ੍ਰੀਤਿਕਰ ਸੀ। 100 ਫੁੱਟ ਉੱਚੇ ਪੁਲ ਤੋਂ ਕੁੱਦ ਕੇ ਬਰਸਾਤ ਵਿੱਚ ਠਾਠਾਂ ਮਾਰਦੀ ਨਦੀ ਨੂੰ ਤੈਰਕੇ ਪਾਰ ਕਰਨਾ ਉਨ੍ਹਾਂ ਲਈ ਸਾਧਾਰਣ ਖੇਡ ਸੀ। ਯੁਵਾ (ਜੁਆਨ) ਓਸ਼ੋ ਨੇ ਆਪਣੀ ਅਲੌਕਿਕ ਬੁੱਧੀ ਤਥਾ ਦ੍ਰਿੜਤਾ ਨਾਲ ਪੰਡਿਤ-ਪਰੋਹਿਤਾਂ, ਮੁੱਲਾਂ, ਪਾਦਰੀਆਂ, ਸੰਤਾਂ-ਮਹਾਤਮਾਵਾਂ ਜਿਹੜੇ ਆਪਣੇ ਅਨੁਭਵ ਤੋਂ ਬਿਨਾਂ ਹੀ ਭੀੜ ਦੇ ਅਗੂਆ ਬਣੇ ਬੈਠੇ ਸਨ—ਦੀਆਂ ਮੂੜਤਾਵਾਂ ਅਤੇ ਪਖੰਡਾਂ ਦਾ ਪਰਦਾ ਫਾਸ਼ ਕੀਤਾ।

21 ਮਾਰਚ 1953 ਨੂੰ 21 ਵਰ੍ਹੇ ਦੀ ਉਮਰ ਵਿੱਚ ਓਸ਼ੋ ਸੰਬੋਧੀ (ਪਰਮ ਜਾਗਰਣ) ਨੂੰ ਉਪਲਬਧ ਹੋਏ। ਸੰਬੋਧੀ ਦੇ ਸੰਬੰਧ ਵਿੱਚ ਉਹ ਕਹਿੰਦੇ ਹਨ : ਹੁਣ ਮੈਂ ਕਿਸੇ ਵੀ ਤ੍ਰੁਟਾਂ ਦੀ ਖੋਜ ਵਿੱਚ ਨਹੀਂ ਹਾਂ। ਅਸਤਿੱਤਵ ਨੇ ਆਪਣੇ ਸਭ ਦਰਵਾਜ਼ੇ ਮੇਰੇ ਲਈ ਖੋਲ੍ਹ ਦਿੱਤੇ ਹਨ। ਉਨ੍ਹਾਂ ਦਿਨਾਂ ਵਿੱਚ ਉਹ ਜਬਲਪੁਰ ਦੇ ਇੱਕ ਕਾਲਜ ਵਿੱਚ ਦਰਸ਼ਨ ਸ਼ਾਸਤਰ ਦੇ ਵਿਦਿਆਰਥੀ ਸਨ। ਸੰਬੋਧੀ ਘਟਿਤ ਹੋਣ ਦੇ ਬਾਅਦ ਵੀ ਉਨ੍ਹਾਂ ਨੇ ਪੜ੍ਹਾਈ ਜਾਰੀ ਰੱਖੀ ਅਤੇ ਸੰਨ 1957 ਵਿੱਚ ਸਾਗਰ ਵਿਸ਼ਵਵਿਦਿਆਲੇ ਤੋਂ ਦਰਸ਼ਨ

ਸ਼ਾਸਤਰ ਵਿੱਚ ਪ੍ਰਥਮ (ਗੋਲਡ-ਮੈਡਲਿਸਟ) ਰਹਿ ਕੇ ਐਮ.ਏ. ਦੀ ਉਪਾਧੀ ਪ੍ਰਾਪਤ ਕੀਤੀ। ਇਸ ਤੋਂ ਬਾਅਦ ਉਹ ਜਬਲਪੁਰ ਵਿਸ਼ਵਵਿਦਿਆਲੇ ਵਿੱਚ ਦਰਸ਼ਨ ਸ਼ਾਸਤਰ ਦੇ ਪ੍ਰਧਾਨ ਅਧਿਆਪਕ ਪਦ ਉਤੇ ਕੰਮ ਕਰਨ ਲੱਗੇ। ਵਿਦਿਆਰਥੀਆਂ ਦੇ ਵਿਚਕਾਰ ਉਹ "ਆਚਾਰਯ ਰਜਨੀਸ਼" ਦੇ ਨਾਮ ਨਾਲ ਪਿਆਰੇ ਸਨ।

ਵਿਸ਼ਵਵਿਦਿਆਲੇ ਦੇ ਆਪਣੇ ਨੌ ਸਾਲਾਂ ਦੇ ਅਧਿਆਪਨ-ਕਾਲ ਦੇ ਦੌਰਾਨ ਉਹ ਪੂਰੇ ਭਾਰਤ ਵਿੱਚ ਭ੍ਰਮਣ (ਘੁੰਮਣਾ) ਵੀ ਕਰਦੇ ਰਹੇ। ਹਮੇਸ਼ਾਂ ਹੀ ਹਜ਼ਾਰਾਂ ਦੀ ਗਿਣਤੀ ਵਿੱਚ ਸੁਨਣ ਵਾਲੇ ਉਨ੍ਹਾਂ ਦੀਆਂ ਸਭਾਵਾਂ ਵਿੱਚ ਮੌਜੂਦ ਹੁੰਦੇ। ਉਹ ਅਧਿਆਤਮਿਕ ਜਨ-ਜਾਗਰਣ ਦੀ ਇੱਕ ਲਹਿਰ ਫੈਲਾ ਰਹੇ ਸਨ। ਉਨ੍ਹਾਂ ਦੀ ਵਾਣੀ ਵਿੱਚ ਅਤੇ ਉਨ੍ਹਾਂ ਦੀ ਮੌਜੂਦਗੀ ਵਿੱਚ ਉਹ ਜਾਦੂ ਸੀ, ਉਹ ਸੁਗੰਧ ਸੀ, ਜਿਹੜੀ ਕਿਸੇ ਪਾਰ ਦੇ ਲੋਕ ਤੋਂ ਆਉਂਦੀ ਸੀ।

ਸੰਨ 1966 ਵਿੱਚ ਓਸ਼ੋ ਨੇ ਵਿਸ਼ਵਵਿਦਿਆਲੇ ਦੇ ਪ੍ਰਧਾਨ ਅਧਿਆਪਕ ਪਦ ਤੋਂ ਅਸਤੀਫਾ ਦੇ ਦਿੱਤਾ। ਤਾਂਕਿ ਅਸਤਿੱਤਵ (ਕੁਦਰਤ) ਨੇ ਜਿਸ ਪਰਮ ਭਗਵੱਤਾ ਦਾ ਖਜ਼ਾਨਾ ਉਨ੍ਹਾਂ ਉਤੇ ਲੁਟਾਇਆ ਹੈ ਉਸ ਨੂੰ ਉਹ ਪੂਰੀ ਮਾਨਵਤਾ ਲਈ ਵੰਡ ਸਕਣ ਅਤੇ ਇੱਕ ਨਵੇਂ ਮਨੁੱਖ ਨੂੰ ਜਨਮ ਦੇਣ ਦੀ ਪ੍ਰਕ੍ਰਿਆ ਵਿੱਚ ਸਮਗ੍ਰਤਾ ਨਾਲ ਲੱਗ ਸਕਣ।

ਓਸ਼ੋ ਦਾ ਇਹ ਨਵਾਂ ਮਨੁੱਖ 'ਜੋਰਬਾ ਦਿ ਬੁੱਧਾ' ਇੱਕ ਅਜਿਹਾ ਮਨੁੱਖ ਹੈ ਜਿਹੜਾ ਜੋਰਬਾ ਦੀ ਤਰ੍ਹਾਂ ਭੌਤਿਕ ਜੀਵਨ ਦਾ ਪੂਰਾ ਆਨੰਦ ਮਨਾਉਣਾ ਜਾਣਦਾ ਹੈ ਅਤੇ ਜਿਹੜਾ ਗੌਤਮ ਬੁੱਧ ਦੇ ਵਾਂਗ ਮੌਨ ਹੋ ਕੇ ਧਿਆਨ ਵਿੱਚ ਉਤਰਨ ਲਈ ਪੂਰਣ ਹੈ। ਅਜਿਹਾ ਮਨੁੱਖ ਜਿਹੜਾ ਭੌਤਿਕ ਅਤੇ ਅਧਿਆਤਮਿਕ, ਦੋਹਾਂ ਤਰ੍ਹਾਂ ਨਾਲ ਸਮਰੱਥ (ਭਰਪੂਰ) ਹੈ। 'ਜੋਰਬਾ ਦਿ ਬੁੱਧਾ' ਇੱਕ ਸਮਗ੍ਰ ਅਤੇ ਅਨਵੰਡਿਆ ਮਨੁੱਖ ਹੈ। ਇਸ ਨਵੇਂ ਮਨੁੱਖ ਦੇ ਬਿਨਾਂ ਧਰਤੀ ਦਾ ਕੋਈ ਭਵਿੱਖ ਬਾਕੀ ਨਹੀਂ ਹੈ।

ਸੰਨ 1970 ਵਿੱਚ ਓਸ਼ੋ ਬੰਬਈ ਰਹਿਣ ਲਈ ਆ ਗਏ। ਹੁਣ ਪੱਛਮ ਤੋਂ ਸਤਯ ਦੇ ਖੋਜੀ ਵੀ ਜਿਹੜੇ ਇਕੱਲੀ ਭੌਤਿਕ ਸਮ੍ਰੱਧੀ (ਦੁਨਿਆਵੀ ਮਾਲ ਦੌਲਤ) ਤੋਂ ਊਬ ਗਏ ਸਨ ਅਤੇ ਜੀਵਨ ਦੇ ਕਈ ਹੋਰ ਗਹਿਰੇ ਰਹਸਿਯਾਂ ਨੂੰ ਜਾਨਣ ਅਤੇ ਸਮਝਣ ਲਈ ਉਤਾਵਲੇ ਸਨ, ਉਨ੍ਹਾਂ ਤੱਕ ਪਹੁੰਚਣ ਲੱਗੇ। ਓਸ਼ੋ ਨੇ ਉਨ੍ਹਾਂ ਨੂੰ ਦੱਸਿਆ ਕਿ ਅਗਲਾ ਕਦਮ ਧਿਆਨ ਹੈ। ਧਿਆਨ ਹੀ ਜੀਵਨ ਵਿੱਚ ਸਾਰਥਕਤਾ ਦੇ ਫੁੱਲ ਖਿੜਾਵਨ ਵਿੱਚ ਸਹਿਯੋਗੀ ਸਿੱਧ ਹੋਏਗਾ।

ਇਸੇ ਸਾਲ ਸਿਤੰਬਰ ਵਿੱਚ ਮਨਾਲੀ (ਹਿਮਾਲਯ) ਵਿੱਚ ਅਯੋਜਿਤ (ਪ੍ਰਬੰਧਿਤ)

ਆਪਣੇ ਇੱਕ ਸ਼ਿਵਿਰ ਵਿੱਚ ਓਸ਼ੋ ਨੇ ਨਵ-ਸੰਨਿਆਸ ਵਿੱਚ ਦੀਕਸ਼ਾ ਦੇਣਾ ਪ੍ਰਾਰੰਭ ਕੀਤਾ। ਇਸੇ ਸਮੇਂ ਦੇ ਆਸ-ਪਾਸ ਉਹ ਆਚਾਰਯ ਰਜਨੀਸ਼ ਤੋਂ ਭਗਵਾਨ ਸ਼੍ਰੀ ਰਜਨੀਸ਼ ਦੇ ਰੂਪ ਵਿੱਚ ਜਾਣੇ ਜਾਣ ਲੱਗੇ।

ਸੰਨ 1974 ਵਿੱਚ ਉਹ ਆਪਣੇ ਬਹੁਤ ਸਾਰੇ ਸੰਨਿਆਸੀਆਂ ਦੇ ਨਾਲ ਪੂਨਾ ਆ ਗਏ, ਜਿੱਥੇ 'ਸ਼੍ਰੀ ਰਜਨੀਸ਼ ਆਸ਼ਰਮ' ਦੀ ਸਥਾਪਨਾ ਹੋਈ। ਪੂਨਾ ਆਉਣ ਤੋਂ ਬਾਅਦ ਉਨ੍ਹਾਂ ਦੇ ਪ੍ਰਭਾਵ ਦਾ ਦਾਇਰਾ ਵਿਸ਼ਵਵਿਆਪੀ (ਪੂਰੀ ਦੁਨੀਆਂ ਵਿੱਚ) ਹੋਣ ਲੱਗਾ।

ਸ਼੍ਰੀ ਰਜਨੀਸ਼ ਆਸ਼ਰਮ ਪੂਨਾ ਵਿੱਚ ਹਰ ਰੋਜ਼ ਆਪਣੇ ਪ੍ਰਵਚਨਾਂ ਵਿੱਚ ਓਸ਼ੋ ਨੇ ਮਾਨਵ-ਚੇਤਨਾ ਦੇ ਵਿਕਾਸ ਦੇ ਹਰ ਪਹਿਲੂ ਨੂੰ ਉਜਾਗਰ ਕੀਤਾ। ਬੁੱਧ, ਮਹਾਂਵੀਰ, ਕ੍ਰਿਸ਼ਨ, ਸ਼ਿਵ, ਸ਼ਾਂਡਿਲਯ, ਨਾਰਦ, ਗੋਰਖ, ਕਬੀਰ, ਨਾਨਕ, ਮਲੂਕਦਾਸ, ਰੈਦਾਸ, ਦਰਿਆ ਦਾਸ, ਮੀਰਾ ਆਦਿ ਉਤੇ ਉਨ੍ਹਾਂ ਦੇ ਹਜ਼ਾਰਾਂ ਪ੍ਰਵਚਨ ਉਪਲਬਧ ਹਨ। ਜੀਵਨ ਦਾ ਅਜਿਹਾ ਕੋਈ ਵੀ ਆਯਾਮ (ਪਹਿਲੂ) ਨਹੀਂ ਹੈ, ਜਿਹੜਾ ਉਨ੍ਹਾਂ ਦੇ ਪ੍ਰਵਚਨਾਂ ਤੋਂ ਅਨਛੁਹਿਆ ਰਿਹਾ ਹੋਵੇ। ਯੋਗ, ਤੰਤ੍ਰ, ਤਾਓ? ਝੇਨ, ਹਸੀਦ, ਸੂਫੀ ਵਰਗੀਆਂ ਵੱਖ-ਵੱਖ ਸਾਧਨਾਵਾਂ-ਪਰੰਪਰਾਵਾਂ ਦੇ ਗੂੜ੍ਹ ਰਹਸਿਯਾਂ ਉਤੇ ਉਨ੍ਹਾਂ ਨੇ ਪੂਰੀ ਤਰ੍ਹਾਂ ਵਿਸਤਾਰ (ਖੋਲ੍ਹ ਕੇ) ਨਾਲ ਪ੍ਰਕਾਸ਼ ਪਾਇਆ ਹੈ। ਨਾਲ ਹੀ ਰਾਜਨੀਤੀ, ਕਲਾ, ਵਿਗਿਆਨ, ਮਨੋਵਿਗਿਆਨ, ਦਰਸ਼ਨ, ਸ਼ਿਕਸ਼ਾ, ਪਰਿਵਾਰ, ਸਮਾਜ, ਗਰੀਬੀ, ਜਨ ਸੰਖਿਆ-ਵਿਸਫੋਟ, ਪਰਿਯਾਵਰਣ ਅਤੇ ਸੰਭਾਵਿਤ ਪ੍ਰਮਾਣੂ ਯੁੱਧ ਦੇ—ਉਸ ਤੋਂ ਵੀ ਵਧ ਕੇ ਏਡਸ, ਮਹਾਂਮਾਰੀ ਦੇ ਵਿਸ਼ਵ-ਸੰਕਟ ਵਰਗੇ ਅਨੇਕ ਵਿਸ਼ਿਆਂ ਉਪਰ ਵੀ ਉਨ੍ਹਾਂ ਦੀ ਕ੍ਰਾਂਤੀ-ਕਾਰੀ ਜੀਵਨ ਦ੍ਰਿਸ਼ਟੀ ਉਪਲਬਧ ਹੈ।

ਸ਼ਿਸ਼ਿਆਂ ਅਤੇ ਸਾਧਕਾਂ ਦੇ ਵਿਚਕਾਰ ਦਿੱਤੇ ਗਏ ਉਨ੍ਹਾਂ ਦੇ ਪ੍ਰਵਚਨ ਛੇ ਸੌ ਪੰਜਾਹ (650) ਤੋਂ ਵੀ ਵਧ ਕਿਤਾਬਾਂ ਦੇ ਰੂਪ ਵਿੱਚ ਪ੍ਰਕਾਸ਼ਿਤ ਹੋ ਚੁੱਕੇ ਹਨ ਅਤੇ ਤੀਹ (30) ਤੋਂ ਵੀ ਵੱਧ ਭਾਸ਼ਾਵਾਂ ਵਿੱਚ ਅਨੁਵਾਦਿਤ ਹੋ ਚੁੱਕੇ ਹਨ। ਉਹ ਕਹਿੰਦੇ ਹਨ, ਮੇਰਾ ਸੰਦੇਸ਼ ਕੋਈ ਸਿਧਾਂਤ, ਕੋਈ ਚਿੰਤਨ ਨਹੀਂ ਹੈ। ਮੇਰਾ ਸੰਦੇਸ਼ ਤਾਂ ਰੂਪਾਂਤਰਣ ਦੀ ਇੱਕ ਕੀਮਿਆ, ਇੱਕ ਵਿਗਿਆਨ ਹੈ।

ਓਸ਼ੋ ਆਪਣੀ ਰਿਹਾਇਸ਼ਗਾਹ ਵਿਚੋਂ ਦਿਨ ਵਿੱਚ ਕੇਵਲ ਦੋ ਵਾਰ ਬਾਹਰ ਆਉਂਦੇ, ਸਵੇਰੇ ਪ੍ਰਵਚਨ ਦੇਣ ਲਈ ਅਤੇ ਸ਼ਾਮ ਵੇਲੇ ਸਤਯ ਦੀ ਯਾਤਰਾ ਉਤੇ ਨਿਕਲੇ ਹੋਏ ਸਾਧਕਾਂ ਨੂੰ ਮਾਰਗ ਦਰਸ਼ਨ ਅਤੇ ਨਵੇਂ ਪ੍ਰੇਮੀਆਂ ਨੂੰ ਸੰਨਿਆਸ ਦੀਕਸ਼ਾ ਦੇਣ ਲਈ।

ਸੰਨ 1980 ਵਿੱਚ ਕੱਟਰਪੰਥੀ ਹਿੰਦੂ ਸਮੁਦਾਇ ਦੇ ਇੱਕ ਸਦਸਯ (ਮੈਂਬਰ)

ਦੁਆਰਾ ਉਨ੍ਹਾਂ ਦੀ ਹੱਤਿਆ ਦਾ ਪ੍ਰਯਾਸ ਵੀ ਉਨ੍ਹਾਂ ਦੇ ਇੱਕ ਪ੍ਰਵਚਨ ਦੇ ਦੌਰਾਨ ਕੀਤਾ ਗਿਆ।

ਅਚਾਨਕ ਸਰੀਰਕ ਰੂਪ ਨਾਲ ਬੀਮਾਰ ਹੋ ਜਾਣ ਨਾਲ 1981 ਦੀ ਬਸੰਤ ਰਿਤੂ ਵਿੱਚ ਉਹ ਮੌਨ ਵਿੱਚ ਚਲੇ ਗਏ। ਡਾਕਟਰਾਂ ਦੀ ਸਲਾਹ-ਮਸ਼ਵਰੇ ਦੇ ਨਾਲ ਉਸੇ ਸਾਲ ਜੂਨ ਵਿੱਚ ਉਨ੍ਹਾਂ ਨੂੰ ਅਮਰੀਕਾ ਲੈ ਜਾਇਆ ਗਿਆ। ਉਨ੍ਹਾਂ ਦੇ ਅਮਰੀਕੀ ਸ਼ਿਸ਼ਿਆਂ ਨੇ ਔਰੇਗਨ ਰਾਜ ਦੇ ਮਧਯ ਭਾਗ ਵਿੱਚ 64,000 ਏਕੜ ਜ਼ਮੀਨ ਖਰੀਦੀ, ਜਿੱਥੇ ਉਨ੍ਹਾਂ ਨੇ ਓਸ਼ੋ ਨੂੰ ਰਹਿਣ ਲਈ ਆਮੰਤਰਿਤ (ਬੁਲਾਵਾ) ਕੀਤਾ। ਹੌਲੀ-ਹੌਲੀ ਇਹ ਰੇਗਿਸਤਾਨੀ ਜਗ੍ਹਾ ਇੱਕ ਫੁਲਦੇ-ਫਲਦੇ ਕਮਯੂਨ ਵਿੱਚ ਬਦਲਦੀ ਗਈ। ਉਥੇ ਲਗਭਗ 5000 ਮਿੱਤਰ ਪ੍ਰੇਮੀ ਮਿਲ-ਜੁਲ ਕੇ ਆਪਣੇ ਸਤਿਗੁਰੂ ਦੀ ਛਤਰ ਛਾਇਆ ਵਿੱਚ ਆਨੰਦ ਅਤੇ ਉਤਸਵ ਦੇ ਵਾਤਾਵਰਣ ਵਿੱਚ ਇੱਕ ਅਨੋਖੇ ਨਗਰ ਦੇ ਸ੍ਰਿਜਨ ਨੂੰ ਯਥਾਰਥ (ਸੱਚਾ ਰੂਪ) ਰੂਪ ਦੇ ਰਹੇ ਸਨ। ਛੇਤੀ ਹੀ ਇਹ ਨਗਰ ਰਜਨੀਸ਼ ਪੁਰਮ ਨਾਮ ਨਾਲ ਸੰਯੁਕਤ ਰਾਜਯ ਅਮਰੀਕਾ ਦਾਂ ਇੱਕ ਨਿਗਮੀਕ੍ਰਿਤ (ਇਨਕਾਰਪੋਰੇਟਿਡ) ਸ਼ਹਿਰ ਬਣ ਗਿਆ। ਪਰ ਕੱਟਰਪੰਥੀ ਇਸਾਈ ਪੋਪ ਵਗੇਰਾ ਦੇ ਦਬਾਓ ਵਿੱਚ ਅਤੇ ਰਾਜਨੀਤਿਕਾਂ ਦੇ ਨਿਹਿਤ ਸਵਾਰਥਾਂ ਵਸ ਪ੍ਰਾਰੰਭ (ਸ਼ੁਰੂ) ਤੋਂ ਹੀ ਕਮਯੂਨ ਦੇ ਇਸ ਪ੍ਰਯੋਗ ਨੂੰ ਨਸ਼ਟ ਕਰਨ ਲਈ ਅਮਰੀਕਾ ਦੀ ਸੰਘੀਯ, ਰਾਜਯ ਅਤੇ ਸਥਾਨੀਯ ਸਰਕਾਰਾਂ ਹਰ ਸੰਭਵ (ਮੁਮਕਿਨ) ਯਤਨ ਕਰ ਰਹੀਆਂ ਸਨ।

ਜਿਵੇਂ ਅਚਾਨਕ ਇੱਕ ਦਿਨ ਓਸ਼ੋ ਮੌਨ ਹੋ ਗਏ ਸਨ ਉਸੇ ਤਰ੍ਹਾਂ ਹੀ ਅਚਾਨਕ ਅਕਤੂਬਰ 1984 ਵਿੱਚ ਉਨ੍ਹਾਂ ਨੇ ਫਿਰ ਤੋਂ ਪ੍ਰਵਚਨ ਪ੍ਰਾਰੰਭ ਕਰ ਦਿੱਤਾ। ਜੀਵਨ ਸਤਯਾਂ (ਸਚਾਈਆਂ) ਦੇ ਇਨਾਂ ਸਪੱਸ਼ਟਵਾਦੀ ਅਤੇ ਮੁੱਖ ਤੋਂ ਉਚਾਰੇ ਗਏ ਵਚਨਾਂ ਰਾਹੀਂ ਨਿਹਿਤ ਸਵਾਰਥਾਂ ਦੀਆਂ ਜੜ੍ਹਾਂ ਹੋਰ ਵੀ ਤਿੜਕਨ ਲੱਗੀਆਂ।

ਅਕਤੂਬਰ 1985 ਵਿੱਚ ਅਮਰੀਕਾ ਸਰਕਾਰ ਨੇ ਮਨਘੜੰਤ ਆਰੋਪ (ਇਲਜ਼ਾਮ) ਲਗਾਏ। ਬਿਨਾਂ ਕਿਸੇ ਗ੍ਰਿਫਤਾਰੀ ਵਾਰੰਟ ਦੇ ਓਸ਼ੋ ਨੂੰ ਬੰਦੂਕ ਦੀ ਨੋਕ ਉਤੇ ਹਿਰਾਸਤ ਵਿੱਚ ਲੈ ਲਿਆ ਗਿਆ। 12 ਦਿਨਾਂ ਤੱਕ ਉਨ੍ਹਾਂ ਦੀ ਜ਼ਮਾਨਤ ਸਵੀਕਾਰ ਨਹੀਂ ਕੀਤੀ ਗਈ ਅਤੇ ਉਨ੍ਹਾਂ ਦੇ ਹੱਥਾਂ-ਪੈਰਾਂ ਵਿੱਚ ਬੇੜੀਆਂ ਪਾ ਕੇ ਉਨ੍ਹਾਂ ਨੂੰ ਇੱਕ ਜੇਲ੍ਹ ਤੋਂ ਦੂਜੀ ਜੇਲ੍ਹ ਵਿੱਚ ਘੁਮਾਉਂਦੇ ਹੋਏ ਪੋਰਟਲੈਂਡ (ਆਰੇਗਨ) ਲੈ ਜਾਇਆ ਗਿਆ। ਇਸ ਤਰ੍ਹਾਂ ਜਿਹੜੀ ਯਾਤਰਾ ਕੁੱਲ ਪੰਜ ਘੰਟਿਆਂ ਦੀ ਸੀ ਉਹ ਅੱਠ ਦਿਨਾਂ ਵਿੱਚ ਪੂਰੀ ਕੀਤੀ ਗਈ। ਜੇਲ੍ਹ ਵਿੱਚ ਉਨ੍ਹਾਂ ਦੇ ਸ਼ਰੀਰ ਨਾਲ ਬਹੁਤ ਬੁਰਾ ਸਲੂਕ ਕੀਤਾ ਗਿਆ ਅਤੇ ਇੱਥੇ ਹੀ ਸੰਘੀਯ ਸਰਕਾਰ ਨੇ ਉਨ੍ਹਾਂ ਨੂੰ 'ਥੇਲਿਯਮ' ਨਾਮਕ ਹੌਲੀ-ਹੌਲੀ ਅਸਰ ਵਾਲਾ ਜ਼ਹਿਰ ਦਿੱਤਾ।

14 ਨਵੰਬਰ 1985 ਨੂੰ ਅਮਰੀਕਾ ਛੱਡ ਕੇ ਓਸ਼ੋ ਭਾਰਤ ਆ ਗਏ। ਇਥੋਂ ਦੀ ਤਤਕਾਲੀਨ ਸਰਕਾਰ ਨੇ ਵੀ ਉਨ੍ਹਾਂ ਨੂੰ ਪੂਰੀ ਦੁਨੀਆਂ ਤੋਂ ਅਲੱਗ-ਥਲੱਗ ਕਰ ਦੇਣ ਦਾ ਪੂਰਾ ਯਤਨ ਕੀਤਾ। ਤਦ ਓਸ਼ੋ ਨੇਪਾਲ ਚਲੇ ਗਏ। ਨੇਪਾਲ ਵਿੱਚ ਵੀ ਉਨ੍ਹਾਂ ਨੂੰ ਬਹੁਤਾ ਸਮਾਂ ਰੁਕਣ ਦੀ ਇਜਾਜ਼ਤ ਨਹੀਂ ਦਿੱਤੀ ਗਈ।

ਫਰਵਰੀ 1986 ਵਿੱਚ ਉਹ ਦੁਨੀਆਂ ਦਾ ਦੌਰਾ ਕਰਨ ਲਈ ਨਿਕਲ ਪਏ, ਜਿਸ ਦੀ ਸ਼ੁਰੂਆਤ ਉਨ੍ਹਾਂ ਨੇ ਗਰੀਸ ਤੋਂ ਕੀਤੀ, ਲੇਕਿਨ ਅਮਰੀਕਾ ਦੇ ਦਬਾਵ ਹੇਠਾਂ 21 ਦੇਸ਼ਾਂ ਨੇ ਜਾਂ ਤਾਂ ਉਨ੍ਹਾਂ ਨੂੰ ਦੇਸ਼ ਤੋਂ ਨਿਸ਼ਕਾਸ਼ਿਤ (ਕੱਢ ਦੇਣਾ) ਕੀਤਾ, ਜਾਂ ਫ਼ਿਰ ਦੇਸ਼ ਵਿੱਚ ਪ੍ਰਵੇਸ਼ ਦੀ ਇਜਾਜ਼ਤ ਹੀ ਨਹੀਂ ਦਿੱਤੀ। ਇਨ੍ਹਾਂ ਤਥਾਕਥਿਤ ਸਵਤੰਤਰ ਅਤੇ ਲੋਕਤਾਂਤਰਿਕ ਦੇਸ਼ਾਂ ਵਿੱਚ ਗਰੀਸ, ਇਟਲੀ, ਸਵਿਟਰਜ਼ਰਲੈਂਡ, ਗਰੇਟ ਬ੍ਰਿਟੇਨ, ਪਛਮੀ ਜਰਮਨੀ, ਹਾਲੈਂਡ, ਕਨਾਡਾ, ਕਾਮਇਕਾ ਅਤੇ ਸਪੇਨ ਪ੍ਰਮੁੱਖ ਸਨ।

ਓਸ਼ੋ ਜੁਲਾਈ 1986 ਵਿੱਚ ਬੰਬਈ ਅਤੇ ਜਨਵਰੀ 1987 ਵਿੱਚ ਪੂਨਾ ਦੇ ਆਪਣੇ ਆਸ਼ਰਮ ਵਿੱਚ ਪਰਤ ਆਏ। ਜਿਹੜਾ ਹੁਣ ਓਸ਼ੋ ਕਮਯੂਨ ਇਟਰਨੈਸ਼ਨਲ ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਇਥੇ ਉਹ ਫ਼ਿਰ ਤੋਂ ਆਪਣੀ ਕ੍ਰਾਂਤੀਕਾਰੀ ਸ਼ੈਲੀ ਵਿੱਚ ਆਪਣੇ ਪ੍ਰਵਚਨਾਂ ਨਾਲ ਪੰਡਿਤ-ਪਰੋਹਤਾਂ ਅਤੇ ਰਾਜਨੀਤਕਾਂ ਦੇ ਪਾਖੰਡਾਂ ਤੇ ਮਾਨਵਤਾਂ ਲਈ ਉਨ੍ਹਾਂ ਦੇ ਜਾਲ ਵਿਛਾਣ ਦਾ ਪਰਦਾ ਫਾਸ਼ ਕਰਨ ਲੱਗੇ।

ਇਸੇ ਦੌਰਾਨ ਭਾਰਤ ਸਹਿਤ ਸਾਰੀ ਦੁਨੀਆਂ ਦੇ ਬੁੱਧੀ-ਜੀਵੀ ਵਰਗ (ਕੌਮ) ਅਤੇ ਸਮਾਚਾਰ ਮਾਧਿਅਮਾਂ ਨੇ ਓਸ਼ੋ ਦੇ ਪ੍ਰਤਿ (ਲਈ) ਗੈਰ-ਪੱਕਸ਼ਪਾਤ ਪੂਰਣ ਤੇ ਵਿਧਾਇਕ ਚਿੰਤਨ ਦਾ ਰੁਖ ਅਪਨਾਇਆ। ਛੋਟੇ-ਵੱਡੇ ਸਭ ਤਰ੍ਹਾਂ ਦੇ ਸਮਾਚਾਰ ਪੱਤਰਾਂ (ਅਖਬਾਰਾਂ ਤੇ ਰਸਾਲੇ ਆਦਿ) ਵਿੱਚ ਅਕਸਰ ਉਨ੍ਹਾਂ ਦੇ ਅੰਮ੍ਰਿਤ-ਵਚਨ ਅਤੇ ਉਨ੍ਹਾਂ ਦੇ ਸੰਬੰਧ ਵਿੱਚ ਮਾਨ-ਸਨਮਾਨ ਵਾਲੇ ਸੰਗੀਤਕਾਰ, ਨਰਤਕ, ਸਾਹਿਤਕਾਰ, ਕਵੀ ਤੇ ਸ਼ਾਇਰ ਓਸ਼ੋ ਕਮਯੂਨ ਇੰਟਰਨੈਸ਼ਨਲ ਆਦਿ ਅਕਸਰ ਆਉਣ ਲੱਗੇ। ਮਨੁੱਖ ਦੇ ਜੀਵਨ ਦਾ ਏਨਾ ਅਨੋਖਾ ਰੂਪ ਵੇਖ ਕੇ ਉਨ੍ਹਾਂ ਨੂੰ ਆਪਣੀਆਂ ਅੱਖਾਂ ਉਤੇ ਹੀ ਵਿਸ਼ਵਾਸ਼ ਨਾ ਹੁੰਦਾ।

26 ਦਸੰਬਰ 1988 ਨੂੰ ਓਸ਼ੋ ਨੇ ਆਪਣੇ ਨਾਮ ਦੇ ਅਗੋਂ ਭਗਵਾਨ ਸੰਬੋਧਨ ਹਟਾ ਦਿੱਤਾ। 27 ਫਰਵਰੀ 1989 ਨੂੰ ਓਸ਼ੋ ਕਮਯੂਨ ਇੰਟਰਨੈਸ਼ਨਲ ਦੇ ਬੁੱਧ ਸਭਾਗਾਰ ਵਿੱਚ ਸ਼ਾਮ-ਪ੍ਰਵਚਨ ਦੇ ਵੇਲੇ ਉਨ੍ਹਾਂ ਦੇ 10000 ਸ਼ਿਸ਼ਿਆਂ ਅਤੇ ਪ੍ਰੇਮੀਆਂ ਨੇ ਇਕਮਤ ਹੋ ਕੇ ਆਪਣੇ ਪਿਆਰੇ ਸਤਿਗੁਰੂ ਨੂੰ 'ਓਸ਼ੋ' ਨਾਮ ਦੇ ਨਾਲ ਬੁਲਾਉਣ ਦਾ ਫ਼ੈਸਲਾ ਕੀਤਾ।

ਅਕਤੂਬਰ 1985 ਵਿੱਚ ਜੇਲ੍ਹ ਵਿੱਚ ਅਮਰੀਕਾ ਦੀ ਰੀਗਨ ਸਰਕਾਰ ਰਾਹੀਂ ਓਸ਼ੋ ਨੂੰ ਥੇਲਿਯਮ ਨਾਮਕ ਹੌਲੀ ਅਸਰ ਕਰਨ ਵਾਲਾ ਜ਼ਹਿਰ ਦਿੱਤੇ ਜਾਣ ਅਤੇ ਸ਼ਰੀਰ ਨੂੰ

ਪ੍ਰਾਣਘਾਤਕ ਰੇਡਿਏਮਨ ਤੋਂ ਲੰਘਾਏ ਜਾਣ ਦੇ ਕਾਰਨ ਉਨ੍ਹਾਂ ਦਾ ਸਰੀਰ ਤਦੋਂ ਤੋਂ ਲਗਾਤਾਰ ਬੀਮਾਰ ਰਹਿਣ ਲੱਗਾ ਸੀ ਤੇ ਅੰਦਰ ਹੀ ਅੰਦਰ ਛੀਣ ਹੁੰਦਾ ਚਲਾ ਗਿਆ।

ਇਸ ਦੇ ਬਾਵਜੂਦ ਓਸ਼ੋ—ਓਸ਼ੋ ਕਮਯੂਨ ਇੰਟਰਨੈਸ਼ਨਲ, ਪੂਨਾ ਦੇ ਗੌਤਮ ਦਿ ਬੁੱਧਾ ਆਡਿਟੋਰਿਅਮ ਵਿੱਚ 10 ਅਪ੍ਰੈਲ 1989 ਤੱਕ ਹਰ ਰੋਜ਼ ਸ਼ਾਮ ਦਸ ਹਜ਼ਾਰ ਸ਼ਿਸ਼ਿਆਂ, ਖੋਜੀਆਂ ਅਤੇ ਪ੍ਰੇਮੀਆਂ ਦੀ ਸਭਾ ਵਿੱਚ ਪ੍ਰਵਚਨ ਦਿੰਦੇ ਰਹੇ ਅਤੇ ਉਨ੍ਹਾਂ ਨੂੰ ਧਿਆਨ ਵਿੱਚ ਡੁਬਾਉਂਦੇ ਰਹੇ। ਇਸਦੇ ਬਾਅਦ ਦੇ ਅਗਲੇ ਕਈ ਮਹੀਨੇ ਉਨ੍ਹਾਂ ਦਾ ਸਰੀਰਕ ਕਸ਼ਟ ਵਧ ਗਿਆ।

17 ਸਿਤੰਬਰ 1989 ਨੂੰ ਫਿਰ ਤੋਂ ਗੌਤਮ ਦੀ ਬੁੱਧਾ ਆਡਿਟੋਰਿਅਮ ਵਿੱਚ ਹਰ ਸ਼ਾਮ ਕੇਵਲ ਅੱਧੇ ਘੰਟੇ ਲਈ ਆ ਕੇ ਓਸ਼ੋ ਮੌਨ ਦਰਸ਼ਨ-ਸਤਸੰਗ ਦੇ ਸੰਗੀਤ ਅਤੇ ਮੌਨ ਵਿੱਚ ਸ਼ਿਸ਼ਿਆਂ ਨੂੰ ਡੁਬਾਉਂਦੇ ਰਹੇ। ਇਸ ਬੈਠਕ ਨੂੰ ਉਨ੍ਹਾਂ ਨੇ "ਓਸ਼ੋ ਵਾਇਟਰੋਬ ਬ੍ਰਦਰਹੁੱਡ" ਨਾਮ ਦਿੱਤਾ। ਓਸ਼ੋ 16 ਜਨਵਰੀ 1990 ਤੱਕ ਹਰ ਰੋਜ਼ ਸ਼ਾਮ ਸੱਤ ਵਜੇ "ਓਸ਼ੋ ਵਾਇਟਰੋਬ ਬ੍ਰਦਰਹੁੱਡ ਦੀ ਸਭਾ ਵਿੱਚ ਉਪਸਥਿਤ ਹੁੰਦੇ ਰਹੇ।

17 ਜਨਵਰੀ ਨੂੰ ਉਹ ਕੇਵਲ ਸਭਾ ਵਿੱਚ ਨਮਸਕਾਰ ਕਰਕੇ ਵਾਪਸ ਚਲੇ ਗਏ। 18 ਜਨਵਰੀ ਨੂੰ ਓਸ਼ੋ ਵਾਇਟਰੋਬ ਬ੍ਰਦਰਹੁਡ ਦੀ ਸ਼ਾਮ ਦੀ ਸਭਾ ਵਿੱਚ ਉਨ੍ਹਾਂ ਦੇ ਨਿਜੀ ਡਾਕਟਰ ਸਵਾਮੀ ਅਮ੍ਰਤੋ ਨੇ ਸੂਚਨਾ ਕੀਤੀ ਕਿ ਓਸ਼ੋ ਦੇ ਸ਼ਰੀਰ ਦਾ ਦਰਦ ਇਨਾ ਵਧ ਗਿਆ ਹੈ ਕਿ ਉਹ ਸਾਡੇ ਵਿਚਕਾਰ ਨਹੀਂ ਆ ਸਕਦੇ, ਲੇਕਿਨ ਉਹ ਆਪਣੇ ਕਮਰੇ ਵਿੱਚ ਹੀ ਸਤ ਵਜੇ ਸਾਡੇ ਨਾਲ ਧਿਆਨ ਵਿੱਚ ਬੈਠਣਗੇ। ਦੂਜੇ ਦਿਨ 19 ਜਨਵਰੀ 1990 ਨੂੰ, ਓਸ਼ੋ ਸ਼ਾਮ ਦੇ ਪੰਜ ਵਜੇ ਸ਼ਰੀਰ ਛੱਡ ਕੇ ਮਹਾਪਰਿਯਾਣ ਕਰ ਗਏ। ਇਸ ਦੀ ਘੋਸ਼ਣਾ ਸ਼ਾਮ ਦੀ ਸਭਾ ਵਿੱਚ ਕੀਤੀ ਗਈ। ਓਸ਼ੋ ਦੀ ਇੱਛਾ ਦੇ ਅਨੁਸਾਰ, ਓਸ਼ੋ ਸ਼ਾਮ ਦੀ ਸਭਾ ਵਿੱਚ ਉਨ੍ਹਾਂ ਦੀ ਦੇਹ ਗੌਤਮ ਦਿ ਬੁੱਧਾ ਆਡਿਟੋਰਿਅਮ ਵਿੱਚ 10 ਮਿੰਟ ਲਈ ਲਿਆ ਕੇ ਰੱਖੀ ਗਈ। 10 ਹਜ਼ਾਰ ਸ਼ਿਸ਼ ਅਤੇ ਪ੍ਰੇਮੀਆਂ ਨੇ ਉਨ੍ਹਾਂ ਦੇ ਆਖਰੀ ਦਰਸ਼ਨ ਕੀਤੇ। ਤੇ ਫਿਰ ਉਤਸਵ, ਸੰਗੀਤ-ਨਾਚ ਦੇ ਭਾਵਾਂ ਵਿੱਚ ਰਤ ਹੋਈ। ਫਿਰ ਉਨ੍ਹਾਂ ਦਾ ਸਰੀਰ ਦਾਹ ਸੰਸਕਾਰ ਲਈ ਲੈ ਜਾਇਆ ਗਿਆ।

21 ਜਨਵਰੀ 1990 ਦੀ ਸ਼ਾਮ ਢਲਣ ਵੇਲੇ ਉਨ੍ਹਾਂ ਦੇ ਅਸਥੀ-ਫੁੱਲਾਂ ਦਾ ਕਲਸ਼ ਮਹੋਤਸਵਪੂਰਵਕ ਕਮਯੂਨ ਵਿੱਚ ਲਿਆ ਕੇ ਚੁਆਂਗਤਸ੍ਰੂ ਹਾਲ ਵਿੱਚ ਨਿਰਮਿਤ ਸੰਗਮਰਮਰ ਦੀ ਸਮਾਧੀ ਭਵਨ ਵਿੱਚ ਸਥਾਪਿਤ ਕੀਤਾ ਗਿਆ।

ਓਸ਼ੋ ਦੀ ਸਮਾਧੀ ਉਤੇ ਸੁਨਹਿਰੇ ਅਖਰਾਂ ਵਿੱਚ ਉਕਰਿਆ ਹੈ।

**OSHO**

**Never Born**

**Never Died**

**Only Visited this**

**Planet Earth between**

**Dec. 11, 1931 - Jan 19, 1990**

ਧਿਆਨ ਅਤੇ ਸ੍ਰਜਨ ਦਾ ਇਹ ਅਨੋਖਾ ਨਵ ਸੰਨਿਆਸ ਉਪਵਨ, ਓਸ਼ੋ ਕਮਯੂਨ ਓਸ਼ੋ ਦੀ ਵਿਦੇਹ-ਉਪਸਥਿਤੀ ਵਿੱਚ ਅੱਜ ਪੂਰੀ ਦੁਨੀਆਂ ਲਈ ਇੱਕ ਅਜਿਹਾ ਪ੍ਰਬਲ ਚੁੰਬਕੀਯੋ ਆਕਰਸ਼ਣ-ਕੇਂਦਰ ਬਣ ਗਿਆ ਹੈ ਕਿ ਇਥੇ ਲਗਾਤਾਰ ਨਵੇਂ-ਨਵੇਂ ਲੋਕ ਆਤਮ-ਰੁਪਾਂਤਰਣ ਲਈ ਆ ਰਹੇ ਹਨ ਅਤੇ ਓਸ਼ੋ ਦੀ ਸਘਨ-ਜੀਵੰਤ ਉਪਸਥਿਤੀ ਵਿੱਚ ਸਾਧਨਾ ਕਰ ਰਹੇ ਹਨ।

नये मनुष्य के लिए एक नया दृष्टिकोण



3 पत्रिकाएं -
पथ में आपकी पाथेय...

1

OSHO TIMES INTERNATIONAL

अंग्रेजी, अब इंटरनेट में www.osho.com पर उपलब्ध

2

OSHO TIMES

अंग्रेजी, एशिया संस्करण (मासिक), मूल्य प्रति अंक: 30 रु.
वार्षिक सदस्यता शुल्क: 330 रु.* तथा 570 रु.**
अर्ध-वार्षिक सदस्यता शुल्क: 180 रु.*

* साधारण डाक से, ** रजिस्टर्ड डाक से

3

ओशो टाइम्स

हिंदी (मासिक), मूल्य प्रति अंक: 30 रु.
वार्षिक सदस्यता शुल्क: 330 रु.* तथा 570 रु.**
अर्ध-वार्षिक सदस्यता शुल्क: 180 रु.*

ओशो टाइम्स (हिंदी) का विशेष वार्षिकांक
...अब हर वर्ष 11 दिसम्बर पर उपलब्ध!!

संपर्क-सूत्र

ताओ पब्लिशिंग प्रा. लि.

50 कोरेगांव पार्क, पुणे-411001 फोन: 020-4019999 फैक्स: 020-4019990
E-MAIL: othsubs@osho.net INTERNET WEBSITE: www.osho.com

नये मनुष्य के लिए एक नया दृष्टिकोण

# ਨਾਨਕ ਨਾਉਂ ਹੈ ਨਾਦ

ਨਾਨਕ ਨੇ ਜੋਗ ਨਹੀਂ ਕੀਤਾ, ਤਪ ਨਹੀਂ ਕੀਤਾ, ਧਿਆਨ ਨਹੀਂ ਕੀਤਾ। ਨਾਨਕ ਨੇ ਸਿਰਫ਼ ਗਾਇਆ ਅਤੇ ਗਾ ਕੇ ਹੀ ਪਾ ਲਿਆ। ਪਰ ਗਾਇਆ ਉਨ੍ਹਾਂ ਨੇ ਪੂਰੇ ਪ੍ਰਾਣਾਂ ਨਾਲ ਕਿ ਗੀਤ ਹੀ ਧਿਆਨ ਹੋ ਗਿਆ, ਗੀਤ ਹੀ ਜੋਗ ਬਣ ਗਿਆ। ਗੀਤ ਹੀ ਤਪ ਹੋ ਗਿਆ।

ਜਦੋਂ ਵੀ ਕੋਈ ਸਮੱਗਰ ਪ੍ਰਾਣਾਂ ਨਾਲ ਕਿਸੇ ਵੀ ਕ੍ਰਿਤ ਨੂੰ ਕਰਦਾ ਹੈ ਉਹੀ ਕ੍ਰਿਤ ਮਾਰਗ ਬਣ ਜਾਂਦਾ ਹੈ। ਤੁਸੀਂ ਧਿਆਨ ਵੀ ਕਰੋ ਅਧੂਰਾ-ਅਧੂਰਾ ਤਾਂ ਵੀ ਪੁੱਜ ਨਹੀਂ ਸਕੋਗੇ। ਤੁਸੀਂ ਪੂਰਾ-ਪੂਰਾ ਪੂਰੇ ਹਿਰਦੇ ਨਾਲ, ਆਪਣੀ ਸਮੱਗਰਤਾ ਨਾਲ, ਇੱਕ ਗੀਤ ਵੀ ਗਾ ਦਿਓ, ਇਕ ਨਾਚ ਵੀ ਨੱਚ ਲਵੋ, ਤਾਂ ਵੀ ਪੁੱਜ ਜਾਓਗੇ। ਤੁਸੀਂ ਕੀ ਕਰਦੇ ਹੋ, ਇਹ ਸਵਾਲ ਨਹੀਂ। ਪੂਰੀ ਸਮੱਗਰਤਾ ਨਾਲ ਕਰਦੇ ਹੋ ਜਾਂ ਅਧੂਰੇ, ਇਹ ਹੀ ਸਵਾਲ ਹੈ।

ਪਰਮਾਤਮਾ ਦੇ ਰਾਹ ਤੇ ਨਾਨਕ ਲਈ ਗੀਤ ਅਤੇ ਫੁੱਲ ਹੀ ਵਿਛੇ ਹਨ। ਇਸ ਲਈ ਉਨ੍ਹਾਂ ਨੇ ਜੋ ਵੀ ਕਿਹਾ ਹੈ, ਗਾ ਕੇ ਕਿਹਾ ਹੈ। ਉਨ੍ਹਾਂ ਦਾ ਮਾਰਗ ਬਹੁਤ ਮਧੁਰ ਹੈ, ਰਸ ਭਰਿਆ! ਨਾਨਕ ਤਾਂ ਸੰਗੀਤਕਾਰ ਹਨ। ਉਹ ਤਾਂ ਬੋਲਦੇ ਨਹੀਂ ਗਾਉਂਦੇ ਹਨ। ਉਹ ਤਾਂ ਜਵਾਬ ਵੀ ਦਿੰਦੇ ਹਨ ਤਾਂ ਗੀਤ ਗਾ ਕੇ ਦਿੰਦੇ ਹਨ। ਹੋਰ ਇਹ ਗੀਤ ਕੋਈ ਬਣਾਏ ਹੋਏ ਗੀਤ ਨਹੀਂ ਹਨ, ਇਹ ਸਹਿਜ ਹਨ। ਕਿਸੇ ਨੇ ਕੁਝ ਪੁਛਿਆ, ਤੇ ਨਾਨਕ ਨੇ ਮਰਦਾਨੇ ਨੂੰ ਇਸ਼ਾਰਾ ਕੀਤਾ, ਉਹ ਰਬਾਬ ਵਜਾਉਣ ਲੱਗਦਾ ਹੈ, ਅਤੇ ਨਾਨਕ ਗੀਤ ਗਾਉਣ ਲਗ ਪੈਂਦੇ ਹਨ। ਉਨ੍ਹਾਂ ਨੇ ਗਾ ਕੇ ਕਿਹਾ ਹੈ, ਕਿਉਂਕਿ ਪੂਰਾ ਅਸਤਿਤਵ ਗੀਤ ਨੂੰ ਹੀ ਸਮਝਦਾ ਹੈ, ਅਤੇ ਜਦੋਂ ਕੋਈ ਮਨੁੱਖ ਖੁਦ ਸਮਾਧੀ ਨੂੰ ਪ੍ਰਾਪਤ ਹੋਵੇ, ਤਾਂ ਉਸਦੇ ਸੰਗੀਤ ਵਿਚ ਨਾਦ ਉਤਰ ਆਉਂਦਾ ਹੈ।

ਨਾਨਕ ਉਸ ਪਰਮਾਤਮਾ ਦੀ ਉਸਤਤ ਵਿੱਚ ਇਸ ਤਰ੍ਹਾਂ ਬੋਲਦੇ ਹਨ, ਜਿਵੇਂ ਇੱਕ ਮਦਹੋਸ਼ ਆਦਮੀ ਬੋਲਦਾ ਹੈ। ਇਹ ਕਿਸੇ ਪੰਡਿਤ ਦੇ ਵਚਨ ਨਹੀਂ ਹਨ; ਸਗੋਂ ਉਸ ਦੇ ਵਚਨ ਹਨ, ਜਿਹੜਾ ਪ੍ਰੇਮ ਦੀ ਸ਼ਰਾਬ ਵਿੱਚ ਪੂਰੀ ਤਰ੍ਹਾਂ ਡੁੱਬ ਗਿਆ ਹੈ। ਇਸ ਲਈ ਉਹ ਦੋਹਰਾਉਂਦੇ ਚਲੇ ਜਾਂਦੇ ਹਨ। ਮਸਤੀ ਵਿੱਚ ਬੋਲੇ ਗਏ ਸ਼ਬਦ ਹਨ। ਜਿਵੇਂ ਸ਼ਰਾਬੀ ਬੋਲਦਾ ਹੋਵੇ, ਰਾਹ ਦੇ ਕੰਡੇ ਉਤੇ ਖਲੋਕੇ ਬੋਲੀ ਚਲਾ ਜਾਂਦਾ ਹੈ। ਇੱਕ ਹੀ ਗਲ ਨੂੰ ਕਈ ਵਾਰੀ ਕਹੀ ਚਲਾ ਜਾਂਦਾ ਹੈ। ਅਜਿਹੀ ਹੀ ਕਿਸੇ ਗਹਿਰੀ ਸ਼ਰਾਬ ਵਿੱਚ ਡੁੱਬ ਕੇ ਉਹ ਬੋਲ ਰਹੇ ਹਨ।

ਬਾਬਰ ਨਾਨਕ ਦੇ ਸਮੇਂ ਭਾਰਤ ਆਇਆ। ਉਸ ਦੇ ਸਿਪਾਹੀਆਂ ਨੇ ਨਾਨਕ ਨੂੰ ਵੀ ਸ਼ੱਕ ਦੀ ਬਿਨਾਂ ਤੇ ਕੈਦ ਕਰ ਲਿਆ। ਪਰ ਹੌਲੀ-ਹੌਲੀ ਬਾਬਰ ਤੱਕ ਖ਼ਬਰ ਪੁਜੱਣ ਲਗੀ ਕਿ ਇਹ ਕੈਦੀ ਕੁੱਝ ਅਨੋਖਾ ਹੈ। ਅਤੇ ਇਸ ਕੈਦੀ ਦੇ ਆਲੇ-ਦੁਆਲੇ ਇਕ ਹਵਾ ਹੈ, ਜੋ ਸਾਧਾਰਣ ਮਨੁੱਖਾਂ ਦੀ ਨਹੀਂ ਹੈ। ਇੱਕ ਮਸਤੀ ਹੈ, ਤੇ ਇਹ ਕੈਦੀ ਜੇਲਖਾਨੇ ਵਿੱਚ ਵੀ ਗਾਉਂਦਾ ਰਹਿੰਦਾ ਹੈ। ਅਤੇ ਇਹ ਖਬਰ ਬਾਬਰ ਨੂੰ ਪਤਾ ਲੱਗੀ, ਕਿ ਇਹ ਕੁਝ ਅਜਿਹਾ ਆਦਮੀ ਹੈ ਕਿ ਇਸ ਨੂੰ ਕੈਦ ਨਹੀਂ ਕੀਤਾ ਜਾ ਸਕਦਾ ਹੈ। ਇਸ ਦੀ ਸੁਤੰਤਰਤਾ ਅੰਦਰੂਨੀ ਹੈ।

ਤਾਂ ਕਹਿੰਦੇ ਹਨ, ਸੁਨੇਹਾ ਭੇਜਿਆ ਨਾਨਕ ਨੂੰ, ਕਿ ਤੂੰ ਮੈਨੂੰ ਮਿਲਣ ਆ। ਨਾਨਕ ਨੇ ਕਿਹਾ, ਮਿਲਣ ਤਾਂ ਤੈਨੂੰ ਹੀ ਆਉਣਾ ਪਏਗਾ, ਕਿਉਂਕਿ ਨਾਨਕ ਉਥੇ ਹਨ, ਜਿਥੋਂ ਹੁਣ ਮਿਲਣ ਜਾਣ ਦਾ ਸਵਾਲ ਨਹੀਂ।

ਬਾਬਰ ਮਿਲਣ ਖੁਦ ਜੇਲਖਾਨੇ ਵਿੱਚ ਆਇਆ। ਨਾਨਕ ਤੋਂ ਬਹੁਤ ਪ੍ਰਭਾਵਿਤ ਹੋਇਆ। ਨਾਨਕ ਨੂੰ ਨਾਲ ਲੈ ਗਿਆ, ਆਪਣੇ ਮਹਿਲ ਵਿੱਚ ਅਤੇ ਉਸ ਨੇ ਬਹੁਤ ਕੀਮਤੀ ਤੋਂ ਕੀਮਤੀ ਸ਼ਰਾਬ ਨਾਨਕ ਨੂੰ ਪੀਣ ਲਈ ਸੱਦਾ ਦਿਤਾ। ਨਾਨਕ ਹੱਸੇ, ਅਤੇ ਉਨ੍ਹਾਂ ਨੇ ਇੱਕ ਗੀਤ ਗਾਇਆ। ਜਿਸ ਗੀਤ ਦਾ ਅਰਥ ਹੈ, ਕਿ ਮੈਂ ਪਰਮਾਤਮਾ ਦੀ ਸ਼ਰਾਬ ਪੀ ਚੁਕਿਆ ਹਾਂ, ਹੁਣ ਇਸ ਸ਼ਰਾਬ ਨਾਲ ਮੈਨੂੰ ਨਸ਼ਾ ਨਹੀਂ ਚੜ੍ਹੇਗਾ। ਆਖ਼ਰੀ ਨਸ਼ਾ ਚੜ੍ਹ ਗਿਆ ਹੈ, ਚੰਗਾ ਹੋਵੇ ਬਾਬਰ, ਕਿ ਤੂੰ ਹੀ ਮੇਰੀ ਸ਼ਰਾਬ ਪੀਵੇਂ, ਬਜਾਏ ਆਪਣੀ ਸ਼ਰਾਬ ਪਿਲਾਉਣ ਦੇ।

ਇਹ ਗੀਤ ਸ਼ਰਾਬੀ ਦੇ ਗੀਤ ਹਨ। ਨਾਨਕ ਕਹੀ ਚਲੇ ਜਾਂਦੇ ਹਨ। ਜਾਂ ਤਾਂ ਇੱਕ ਨਿੱਕੇ ਬੱਚੇ ਵਾਂਗ, ਜਾਂ ਇੱਕ ਸ਼ਰਾਬੀ ਦੇ ਵਾਂਗ। ਉਹ ਗੁਣਗੁਣਾਣ ਕਰਦੇ ਹਨ। ਉਸ ਵਿੱਚ ਬਹੁਤ ਹਿਸਾਬ ਨਹੀਂ ਹੈ। ਅਤੇ ਨਾ ਹੀ ਇਨ੍ਹਾਂ ਵਚਨਾਂ ਨੂੰ ਸਜਾਇਆ-ਸੰਵਾਰਿਆ ਗਿਆ ਹੈ, ਇਹ ਅਨਘੜਤ ਪਥੱਰਾਂ ਦੇ ਵਾਂਗ ਹਨ।

ਓਸ਼ੋ ਰਜਨੀਸ਼

ISBN 81-7601-497-4

Rs. 180/-